


ਸਿੰਘ ਗਰਜ

(ਵਿਆਖਿਆਨ ਤੇ ਮੁਲਾਕਾਤਾਂ ਸੰਤ ਜਰਨੈਲ ਸਿੰਘ)

ਸੰਪਾਦਕ
ਨਰਾਇਣ ਸਿੰਘ

ਸੰਪਾਦਕ ਸ. ਨਰਾਇਣ ਸਿੰਘ ਦਾ ਜਨਮ ੧੯੫੬ ਵਿੱਚ ਗੁਰਦਾਸਪੁਰ ਜ਼ਿਲ੍ਹੇ ਦੀ ਤਹਿਸੀਲ ਡੇਰਾ ਬਾਬਾ ਨਾਨਕ ਦੇ ਨਿੱਕੇ ਜਿਹੇ ਪਿੰਡ ਚੌੜਾ ਬਾਜਵਾ ਵਿਖੇ, ਪੰਜਾਬ ਦੀ ਵੰਡ ਕਾਰਨ ਮੁਲਤਾਨ ਜਿਲ੍ਹੇ ਤੋਂ ਆ ਕੇ ਵੱਸੇ ਕਿਸਾਨ ਪਰਿਵਾਰ ਵਿੱਚ ਹੋਇਆ। ਗੌਰਮੈਂਟ ਹਾਇਰ ਸੈਕੰਡਰੀ ਸਕੂਲ ਡੇਰਾ ਬਾਬਾ ਨਾਨਕ ਤੋਂ ਹਾਇਰ ਸੈਕੰਡਰੀ, ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਤੋਂ ਮਿਸ਼ਨਰੀ ਅਤੇ ਪੰਜਾਬ ਯੂਨੀਵਰਸਿਟੀ ਤੋਂ ਗਿਆਨੀ ਪਾਸ ਕੀਤੀ। ਬੀ.ਏ. ਦੀ ਡਿਗਰੀ ਗੁਰੂ ਨਾਨਕ ਕਾਲਜ ਗੁਰਦਾਸਪੁਰ ਤੋਂ ਅਤੇ ਐਮ.ਏ. ਪੋਲੀਟੀਕਲ ਸਾਇੰਸ ਅਤੇ ਐਮ.ਏ. ਪੰਜਾਬੀ ਦੀ ਡਿਗਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪ੍ਰਾਪਤ ਕੀਤੀ। ਕੁਝ ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਚਾਰਕ ਰਿਹਾ, ਪਰ ਪੁਲਿਸ ਵੱਲੋਂ ਭਾਲ ਕਰਨ ਤੇ ਸਰਵਿਸ ਛੱਡ ਦਿੱਤੀ ਅਤੇ ਅਕਾਲ ਫੈਡਰੇਸ਼ਨ ਦੇ ਐਕਟਿੰਗ ਕਨਵੀਨਰ ਵਜੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਤੰਬਰ ੧੯੯੫ ਵਿੱਚ ਪੁਲਿਸ ਨੇ ਅੰਮ੍ਰਿਤਸਰ ਤੋਂ ਹਿਰਾਸਤ ਵਿੱਚ ਲੈ ਲਿਆ ਅਤੇ 'ਟਾਡਾ' ਐਕਟ ਸਮੇਤ ਕਈ ਕੇਸ ਪਾ ਕੇ ਜੇਲ੍ਹ ਵਿੱਚ ਭੇਜ ਦਿੱਤਾ।

ਪੁਸਤਕ 'ਸਿੰਘ ਗਰਜ' ਵੀਹਵੀਂ ਸਦੀ ਦੇ ਮਹਾਨ ਸਿੱਖ, ਲਾਸਾਨੀ ਜਰਨੈਲ, ਸੁਹਿਰਦ ਆਗੂ, ਅਣਖੀਲੇ ਯੋਧੇ, ਸੰਤ ਸਿਪਾਹੀ ਸੰਤ ਜਰਨੈਲ ਸਿੰਘ ਦੇ ਵਿਆਖਿਆਨ ਹਨ। ਧਰਮ ਯੁੱਧ ਦੌਰਾਨ ਸਮੇਂ ਸਮੇਂ ਦਿੱਤੇ ਗਏ ਇਹ ਵਿਆਖਿਆਨ ਸਿਆਸੀ, ਧਾਰਮਿਕ ਅਤੇ ਕੌਮੀ ਵਿਸ਼ਿਆਂ ਦੀ ਸੰਪੂਰਨ ਜਾਣਕਾਰੀ ਦਿੰਦੇ ਹਨ। ਇਹਨਾਂ ਰਾਹੀਂ ਜਿੱਥੇ ਸੰਤ ਜਰਨੈਲ ਸਿੰਘ ਦੀ ਦ੍ਰਿੜਤਾ, ਦਲੇਰੀ, ਸੂਝ, ਸੁਹਿਰਦਤਾ, ਇਮਾਨਦਾਰੀ ਅਤੇ ਕੌਮ ਪ੍ਰਸਤੀ ਦਾ ਗਿਆਨ ਹੁੰਦਾ ਹੈ, ਉਥੇ ਅਕਾਲੀ ਆਗੂਆਂ ਦੀਆਂ ਕੰਮਜ਼ੋਰੀਆਂ, ਲਾਲਸਾਵਾਂ ਅਤੇ ਗਲਤੀਆਂ ਦੀ ਵੀ ਜਾਣਕਾਰੀ ਮਿਲਦੀ ਹੈ। ਭਾਰਤੀ ਹਕੂਮਤ ਦੀਆਂ ਧੱਕੇਸ਼ਾਹੀਆਂ, ਜ਼ਿਆਦਤੀਆਂ, ਸਾਜ਼ਿਸ਼ਾਂ, ਨੀਤੀਆਂ, ਫਿਰਕਾਪ੍ਰਸਤੀ ਅਤੇ ਵਿਤਕਰਿਆਂ ਦਾ ਪਾਜ ਵੀ ਉਘੜਦਾ ਹੈ। ਸਿੱਖ ਇੱਕ ਵੱਖਰੀ ਕੌਮ ਦੇ ਸਿਧਾਂਤ ਅਤੇ ਗੁਲਾਮੀ ਦੀਆਂ ਉਦਾਹਰਣਾਂ ਦਾ ਵੀ ਪਤਾ ਲੱਗਦਾ ਹੈ। ਸਰਕਾਰੀ ਜ਼ੁਲਮਾਂ, ਜ਼ਾਲਮ ਅਫਸਰਾਂ ਅਤੇ ਨਿਰਦਈ ਸਿਆਸਤਦਾਨਾਂ ਦੀ ਸੂਚੀ ਵੀ ਮਿਲਦੀ ਹੈ। ਯੋਧਿਆਂ ਦੇ ਕਾਰਨਾਮਿਆਂ ਅਤੇ ਕੁਰਬਾਨੀ 'ਤੇ ਵੀ ਚਾਨਣਾ ਪੈਂਦਾ ਹੈ।

ਮੈਂ ਸਰੀਰ ਦੇ ਮਰਨ ਨੂੰ ਮੌਤ ਨਹੀਂ ਗਿਣਦਾ, ਜ਼ਮੀਰ ਦੇ ਮਰਨ ਨੂੰ ਮੌਤ ਗਿਣਦਾ ਹਾਂ...

ਹਥਿਆਰ ਰੱਖ ਕੇ ਨਿਹੱਥੇ ਨੂੰ ਮਾਰਨਾ, ਗਰੀਬ ਨੂੰ ਲੁੱਟਣਾ ਤੇ ਧੀ - ਭੈਣ ਦੀ ਇਜ਼ਤ ਤੱਕਣੀ, ਸਿੱਖ ਲਈ ਵੱਡਾ ਪਾਪ ਹੈ ਪਰ ਹਥਿਆਰ ਰੱਖ ਕੇ ਆਪਣਾ ਹੱਕ ਨਾ ਲੈਣਾ ਵੀ ਪਾਪ ਹੈ...

ਸਿੰਘੋ ਸੋਚੋ, ਗ਼ੁਲਾਮ ਰਹਿ ਕੇ ਆਪਣੀ ਜ਼ਿੰਦਗੀ ਦੇ ਦਿਨ ਬਤੀਤ ਕਰਨੇ ਹਨ ਜਾਂ ਗ਼ੁਲਾਮੀ ਗਲੋਂ ਲਾਹ ਕੇ ਆਜ਼ਾਦ ਹੋ ਕੇ ਜਿਊਣਾ ਹੈ ...

ਜਦੋਂ ਤਕ ਮਰਨਾ ਨਹੀਂ ਮੰਡਦੇ, ਤਦੋਂ ਤਕ ਗ਼ੁਲਾਮੀ ਗਲੋਂ ਨਹੀਂ ਲਹਿਣੀ ਤੇ ਜਦੋਂ ਤਕ ਕੌਮ ਦੇ ਗਲੋਂ ਗ਼ੁਲਾਮੀ ਨਹੀਂ ਲਹਿੰਦੀ, ਉਦੋਂ ਤਕ ਸ਼ੰਘਰਸ਼ ਜਾਰੀ ਰਹੇਗਾ...

ਹਲੀਮੀ ਰਾਜ ਨੂੰ ਕਾਇਮ ਕਰਨ ਦਾ ਨਿਸ਼ਾਨਾ ਤਾਂ ਹੀ ਪ੍ਰਾਪਤ ਹੋਵੇਗਾ, ਜੇ ਕੇਸਰੀ ਨਿਸ਼ਾਨ ਸਾਹਿਬ ਥੱਲੇ ਇਕੱਠੇ ਰਹਾਂਗੇ...

ਗੁਰਮਤਿ ਪੁਸਤਕ ਭੰਡਾਰ
ਦੁਕਾਨ ਨੰ: 31, ਚੌਂਕ ਘੰਟਾ ਘਰ ਮਾਰਕੀਟ
ਅੰਮ੍ਰਿਤਸਰ। ਫ਼ੋਨ: 0183-5101231

ਸਿੰਘ ਗਰਜ

(ਵਿਆਖਿਆਨ ਤੇ ਮੁਲਾਕਾਤਾਂ ਸੰਤ ਜਰਨੈਲ ਸਿੰਘ ਖ਼ਾਲਸਾ)

ਸੰਪਾਦਕ
ਨਰਾਇਣ ਸਿੰਘ

ਪ੍ਰਕਾਸ਼ਕ
ਗੁਰਮਤਿ ਪੁਸਤਕ ਭੰਡਾਰ

SINGH GARJ

Editor
Naraien Singh M.A. (Pol.Sc. & Punjabi) Missionary, Gyani
Vill. Chaurra, P/O. Dera Baba Nanak,
Distt. Gurdaspur (Punjab) 143604
Phone: 01871-247598

ਪਹਿਲੀ ਵਾਰ : ਜੂਨ 2003 - 1000

ਕੀਮਤ : 250/-

ਪ੍ਰਕਾਸ਼ਕ :
ਗੁਰਮਤਿ ਪੁਸਤਕ ਭੰਡਾਰ,
ਦੁਕਾਨ ਨੰ: 31, ਚੌਂਕ ਘੰਟਾ ਘਰ ਮਾਰਕੀਟ,
ਅੰਮ੍ਰਿਤਸਰ
(0183-5101231)

Printed in India

ਛਾਪਕ :
ਦਸਮੇਸ਼ ਪ੍ਰਿੰਟਿੰਗ ਪ੍ਰੈਸ, ਜਲੰਧਰ

ਸਚ ਕੀ ਬਾਣੀ ਨਾਨਕੁ ਆਖੈ
ਸਚੁ ਸੁਣਾਇਸੀ ਸਚ ਕੀ ਬੇਲਾ ॥

(ਤਿਲੰਗ ਮਹਲਾ ੧, ੭੨੩)

ਸਮਰਪਣ

ਪੰਥ ਦੀ ਚੜ੍ਹਦੀ ਕਲਾ,
ਗੁਰ ਅਸਥਾਨਾਂ ਦੀ ਪਵਿੱਤਰਤਾ
ਅਤੇ
ਆਜ਼ਾਦੀ ਲਈ
ਸ਼ਹੀਦ ਹੋਣ ਵਾਲਿਆਂ ਨੂੰ

ਬ੍ਰਕਿਆ ਸਿੰਘ ਉਜਾੜ ਵਿਚ
ਸਥ ਮਿਤਗਾਵਲ ਭੰਨੀ ਜਾਈ॥

(ਵਾਰਾਂ ਭਾਈ ਗੁਰਦਾਸ ਜੀ, ੧-੩੪-੫)

ਤਤਕਰਾ

੧.	ਭੂਮਿਕਾ	੨੭
੨.	ਉਹਨਾਂ ਕਿਹਾ...	੬੬
੩.	ਵਿਆਖਿਆਨ ੧.	੬੫
	ਜਾਨਸ਼ੀਨ ਦੀ ਨਿਯੁਕਤੀ ਦਾ ਅਧਿਕਾਰ	੬੬
੪.	ਵਿਆਖਿਆਨ ੨.	੬੮
	ਨੌਜੁਆਨਾਂ ਤੋਂ ਸਾਬਤ ਸੂਰਤ ਰਹਿਣ ਦਾ ਪ੍ਰਣ ਕਰਾਉਣਾ	੬੯
	ਸਿੱਖਾਂ ਦੀ ਗ਼ੁਲਾਮੀ ਦੀਆਂ ਉਦਾਹਰਣਾਂ, ਲਾਲਾ ਕੇਸ ਅਤੇ ਮਹਿਤਾ ਕਾਂਡ	੧੦੧
	ਲਾਲਾ ਜਗਤ ਨਰਾਇਣ ਦੀ ਲਾਸ਼ ਅਤੇ ਸਿੱਖ ਸ਼ਹੀਦਾਂ ਦੀਆਂ ਲਾਸ਼ਾਂ	੧੦੨
	ਹਿੰਦੂ ਅਤੇ ਸਿੱਖ ਹਾਈਜੈਕਰਾਂ ਨਾਲ ਵੱਖਰਾ-ਵੱਖਰਾ ਵਰਤਾਉ	੧੦੩
	ਤੰਬਾਕੂ ਸੁੱਟਣ ਵਾਲੇ ਹਿੰਦੂ ਨੂੰ ਛੱਡਣਾ ਅਤੇ ਸਿੱਖ ਦੇ ਸਿਰ ਦਾ ਮੁੱਲ ਰੱਖਣਾ	੧੦੩
	ਸਿੱਖਾਂ ਨੂੰ ਹੱਕ ਦੇਣ ਵਿੱਚ ਹਿੰਦੂਆਂ ਨਾਲੋਂ ਵਿਤਕਰਾ	੧੦੪
	ਸਿੱਖਾਂ ਦੀ ਜਾਇਦਾਦ 'ਤੇ ਟੈਕਸ	੧੦੪
੫.	ਵਿਆਖਿਆਨ ੩	੧੦੬
	ਇੰਦਰਾ ਦੇ ਧਾਰਮਿਕ ਮੰਗਾਂ ਮੰਨ ਲੈਣ ਦੇ ਦਾਅਵੇ ਬਾਰੇ ਸੰਤਾਂ ਦਾ ਪ੍ਰਤੀਕਰਮ	੧੦੬
	ਜਹਾਂਗੀਰ ਦੀਆਂ ਪਾਬੰਦੀਆਂ ਅਤੇ ਛੇਵੇਂ ਪਾਤਿਸ਼ਾਹ	੧੦੭
	ਚੰਦੂ ਦੇ ਨੱਕ ਵਿੱਚ ਨਕੇਲ ਪਾਉਣ ਦਾ ਛੇਵੇਂ ਪਾਤਿਸ਼ਾਹ ਵੱਲੋਂ ਐਲਾਨ	੧੦੮
	ਭਾਈ ਗੁਰਦਿਆਲ ਸਿੰਘ ਦੀ ਸ਼ਹੀਦੀ ਅਤੇ ਵਜੀਦੇ ਨੂੰ ਸਜ਼ਾ ਦੇਣ ਦੀ ਸਾਖੀ	੧੧੦
	ਹਰਿਭਜਨ ਸਿੰਘ ਅਤੇ ਹਰਪ੍ਰੀਤ ਸਿੰਘ ਉੱਪਰ ਤਸ਼ੱਦਦ	੧੧੧
	ਜ਼ਾਲਮ ਪੁਲਿਸ ਅਫ਼ਸਰ	੧੧੨
	ਸੰਗਤ ਨੂੰ ਅਪੀਲ	੧੧੩

੬.	**ਵਿਆਖਿਆਨ ੪**	੧੧੪
	ਸਰਕਾਰ ਵੱਲੋਂ ਲੋਕਾਂ ਨੂੰ ਟਰੱਕਾਂ ਰਾਹੀਂ ਇੰਦਰਾ ਕੋਲ ਲਿਜਾਣ ਦਾ ਦਿਖਾਵਾ	੧੧੪
	ਦਰਬਾਰ ਸਾਹਿਬ ਤੋਂ ਕੀਰਤਨ ਰਿਲੇਅ ਕਰਨ ਦਾ ਸਰਕਾਰੀ ਡਰਾਮਾ	੧੧੫
	ਕਾਂਗਰਸੀ ਆਗੂ ਬੀਰ ਦਵਿੰਦਰ ਸਿੰਘ ਦੀ ਬਿਆਨਬਾਜ਼ੀ	੧੧੬
	ਅਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਤੱਕ ਮੋਰਚਾ ਜਾਰੀ ਰੱਖਣ ਦਾ ਵਿਸ਼ਵਾਸ਼	੧੧੭
	ਗਰੰਥੀ ਦੀ ਗ੍ਰਿਫ਼ਤਾਰੀ ਅਤੇ ਸਿੰਘਾਂ ਦੀ ਰਿਹਾਈ ਲਈ ਨੀਤੀ ਘੜਨ ਦੀ ਅਪੀਲ	੧੧੭
	ਪੁਲੀਸ ਵੱਲੋਂ ਜੱਜ ਦਾ ਹੁਕਮ ਮੰਨਣ ਤੋਂ ਇਨਕਾਰ ਪਰ ਜੱਜ ਬੇ-ਵੱਸ	੧੧੮
	ਅਖ਼ਬਾਰਾਂ ਦੀਆਂ ਭੁਲੇਖਾ ਪਾਊ ਖ਼ਬਰਾਂ ਤੋਂ ਬਚਣ ਦੀ ਅਪੀਲ	੧੧੮
੭.	**ਵਿਆਖਿਆਨ ੫**	੧੨੦
	ਹਿੰਦੂਆਂ ਵੱਲੋਂ ਸ੍ਰੀ ਗੁਰੂ ਗਰੰਥ ਸਾਹਿਬ ਅਤੇ ਨਿਸ਼ਾਨ ਸਾਹਿਬ ਦੀ ਬੇ-ਅਦਬੀ	੧੨੦
	ਗੁਰੂ ਗਰੰਥ ਸਾਹਿਬ ਜੀ ਦੀ ਬੇ-ਅਦਬੀ ਕਰਨ ਵਾਲਿਆਂ ਨੂੰ ਠੱਲ ਪਾਉਣ ਦੀ ਅਪੀਲ	੧੨੧
	ਜੁਝਾਰੂਆਂ ਨੂੰ ਸੰਭਾਲਣ ਦਾ ਵਾਅਦਾ	੧੨੧
	ਹਿੰਦੂਆਂ ਦਾ ਡੈਪੋਟੇਸ਼ਨ ਦਰਬਾਰ ਸਾਹਿਬ ਪਹੁੰਚਣਾ	੧੨੨
	ਸਿੱਖਾਂ ਨੂੰ ਹੱਕ ਵੀ ਨਾ ਮਿਲਣੇ ਪਰ ਹਿੰਦੂਆ ਦੀ ਹਰੇਕ ਮੰਗ ਮੰਨੀ ਜਾਣੀ	੧੨੩
	ਮੁੱਖ ਮੰਤਰੀ ਦਰਬਾਰਾ ਸਿੰਹੁ ਦਾ ਵਿਚੋਲਾ ਸੰਤਾਂ ਕੋਲ ਪਹੁੰਚਣਾ	੧੨੩
	ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋਣ ਦੀ ਅਪੀਲ	੧੨੪
	ਗੁਰੂ ਗਰੰਥ ਸਾਹਿਬ ਦੀ ਬੇ-ਅਦਬੀ ਕਰਨ ਵਾਲਿਆਂ ਨੂੰ ਸਜ਼ਾ ਦੇਣ ਦੀ ਅਪੀਲ	੧੨੫
	ਟਰਾਂਸਮੀਟਰ ਬਾਰੇ ਸਰਕਾਰੀ ਬਿਆਨ 'ਤੇ ਸੰਤਾਂ ਦਾ ਪ੍ਰਤੀਕਰਮ	੧੨੬
	੨੦੦ ਗਜ਼ ਇਲਾਕੇ ਨੂੰ ਪਵਿੱਤਰ ਕਰਾਰ ਦੇਣ ਦੇ ਸਰਕਾਰੀ ਐਲਾਨ 'ਤੇ ਪ੍ਰਤੀਕਰਮ	੧੨੬
	ਸ਼ਸ਼ਤਰਧਾਰੀ ਹੋਣ ਦੀ ਅਪੀਲ	੧੨੬
੮.	**ਵਿਆਖਿਆਨ ੬**	੧੨੮
	ਭਾਈ ਹਰਦੇਵ ਸਿੰਘ ਦੀ ਸ਼ਹਾਦਤ	੧੨੮
	ਦਰਬਾਰ ਸਾਹਿਬ 'ਤੇ ਹਮਲਾ ਹੋਣ 'ਤੇ ਢੁਕਵਾਂ ਜਵਾਬ ਦੇਣ ਦੀ ਅਪੀਲ	੧੩੧
	ਨੌਜੁਆਨਾਂ ਨੂੰ ਅਪੀਲ	੧੩੧
	ਖ਼ਾਲਿਸਤਾਨ ਬਾਰੇ ਵਿਚਾਰ	੧੩੨
	ਇੰਗਲੈਂਡ ਦੀ ਪਾਰਲੀਮੈਂਟ ਵਿ,ਚ 'ਸਿੱਖ ਇੱਕ ਵੱਖਰੀ ਕੌਮ' ਨੂੰ ਮਾਨਤਾ	੧੩੨

ਬੀਰ ਦਵਿੰਦਰ ਸਿੰਘ ਦੇ ਬਿਆਨ 'ਤੇ ਸੰਤਾਂ ਦਾ ਪ੍ਰਤੀਕਰਮ ੧੩੩
ਮੁੱਖ ਮੰਤਰੀ ਦਰਬਾਰਾ ਸਿੰਹੁ ਨੂੰ ਸਵਾਲ ੧੩੪
ਬੀਬੀ ਨਛੱਤਰ ਕੌਰ ਦਾ ਕੇਸ ੧੩੪
ਧਾਰਾ ੫੦੬ ਤਹਿਤ ਸੰਤਾਂ 'ਤੇ ਕੇਸ ੧੩੫
ਮੁੱਖ ਮੰਤਰੀ ਦਰਬਾਰਾ ਸਿੰਹੁ ਨੂੰ ਥਾਂ ਨਿਸ਼ਚਿਤ ਕਰਕੇ ਮੁਕਾਬਲਾ ਕਰਨ ਦਾ ਚੈਲੰਜ ੧੩੮

੯. ਵਿਆਖਿਆਨ ੭ ੧੪੦

ਕੁਰਬਾਨੀ ਸ਼ਾਂਤਮਈ ਰਹਿ ਕੇ, ਪਰ ਜ਼ੁਲਮ ਦਾ ਨਾਸ ਸ਼ਸ਼ਤਰ ਨਾਲ ੧੪੦
ਪੁਲਿਸ ਦੁਆਰਾ ਸਿੱਖ ਲੜਕੀਆਂ ਦੀ ਬੇ-ਇਜ਼ਤੀ ੧੪੧
ਸਿੱਖ ਦੀ ਆਵਾਜਾਈ ਅਤੇ ਕ੍ਰਿਪਾਨ 'ਤੇ ਪਾਬੰਦੀ ੧੪੨
ਸਿੱਖ ਹਾਈ-ਜੈਕਰ ਅਤੇ ਹਿੰਦੂ ਹਾਈਜੈਕਰ ੧੪੨
ਸਿੱਖਾਂ ਨੂੰ ਹੱਕ ਨਾ ਮਿਲਣੇ ਪਰ ਹਿੰਦੂਆਂ ਨੂੰ ਦਿਤੇ ਜਾਣੇ ੧੪੩
ਪ੍ਰਣ-ਪੱਤਰ ਭਰਨ ਵਾਲਿਆਂ ਨੂੰ ਹਦਾਇਤ ੧੪੩
ਸਰਕਾਰ ਦੀਆਂ ਨਜ਼ਰਾਂ ਵਿੱਚ ਅੰਮ੍ਰਿਤਧਾਰੀ ਅੱਤਵਾਦੀ ੧੪੩
ਪੁਲੀਸ ਤੇ ਸੀ.ਆਈ.ਡੀ. ਵਾਲਿਆਂ ਨੂੰ ਅਪੀਲ ੧੪੪
ਦਰਬਾਰ ਸਾਹਿਬ 'ਤੇ ਹਮਲੇ ਸਮੇਂ ਸਿੱਖਾਂ ਨੂੰ ਡਿਊਟੀ ਸੰਭਾਲਣ ਦੀ ਅਪੀਲ ੧੪੫

੧੦. ਵਿਆਖਿਆਨ ੮ ੧੪੬

ਸਾਰੇ ਹੀਲੇ ਫ਼ੇਲ੍ਹ ਹੋਣ 'ਤੇ ਸ੍ਰੀ ਸਾਹਿਬ ਉਠਾਉਣੀ ਜਾਇਜ਼ ੧੪੬

੧੧. ਵਿਆਖਿਆਨ ੯ ੧੪੭

ਵਾਜਪਾਈ ਵੱਲੋਂ ਹਿੰਦੂਆਂ ਦੀ ਰਾਖੀ ਦੀ ਮੰਗ ੧੪੭
ਖੋਜੀ ਕੁੱਤਿਆਂ ਦਾ ਥਾਣੇ ਵੜਨਾ ੧੪੯
ਸ਼ਸ਼ਤਰਧਾਰੀ ਹੋਣ ਦੀ ਅਪੀਲ ੧੫੦
ਸ੍ਰੀ ਦਰਬਾਰ ਸਾਹਿਬ 'ਚ ਪੁਲੀਸ ਭੇਜ ਕੇ ਸੰਤਾਂ ਨੂੰ ਫੜਨ ਦੀ ਸਕੀਮ ੧੫੧
ਪੁਲੀਸ ਦੇ ਸਿਪਾਹੀ ਨੇ ਲੜਕੀ ਦਾ ਕਾਂਟਾ ਲਾਹੁਣਾ ੧੫੨
ਇਜ਼ਤ ਲਾਹੁਣ ਵਾਲੇ ਨੂੰ ਸਜ਼ਾ ਦੇਣ ਦੀ ਅਪੀਲ ੧੫੨

੧੨. ਵਿਆਖਿਆਨ ੧੦ ੧੫੪

ਮੋਰਚੇ ਨੂੰ ਅਸਫ਼ਲ ਬਣਾਉਣ ਅਤੇ ਸਿੱਖਾਂ ਵਿੱਚ ਫੁੱਟ ਪਾਉਣ ਦੀ ਸਰਕਾਰੀ ਸਾਜ਼ਿਸ਼ ੧੫੪

ਹਰ ਕਾਂਡ ਨੂੰ ਹਰਿਮੰਦਰ ਸਾਹਿਬ ਦੇ ਨਾਂਅ ਨਾਲ ਜੋੜਨ ਦੀ ਸਰਕਾਰੀ ਸਾਜ਼ਿਸ਼ ੧੫੪
ਗ੍ਰਹਿ ਮੰਤਰੀ ਦੀ ਧਮਕੀ ੧੫੫
ਮਹਾਸ਼ਾ ਪ੍ਰੈਸ ਦਾ ਝੂਠਾ ਪ੍ਰਾਪੇਗੰਡਾ ੧੫੬
ਬਿੱਛੂ ਰਾਮ ਥਾਨੇਦਾਰ ਦਾ ਜ਼ੁਲਮ ੧੫੬
ਝੂਠੇ ਅਖ਼ਬਾਰੀ ਪ੍ਰਾਪੇਗੰਡੇ ਤੋਂ ਸੁਚੇਤ ਰਹਿਣ ਦੀ ਅਪੀਲ ੧੫੮
੧੩. ਵਿਆਖਿਆਨ ੧੧ ੧੬੦
ਮਰਜੀਵੜਿਆਂ ਦੀ ਭਰਤੀ ੧੬੦
ਸਿੱਖ ਕੌਮ ਦੀ ਗ਼ੁਲਾਮੀ ਦੀਆਂ ਉਦਾਹਰਣਾਂ ੧੬੧
ਸੁਆਮੀ ਸੁਬਰਾਮਨੀਅਮ ਦੇ ਸਵਾਲ ਦਾ ਜਵਾਬ ੧੬੯
੧੪. ਵਿਆਖਿਆਨ ੧੨ ੧੭੪
ਹਰਿਮੰਦਰ ਸਾਹਿਬ 'ਤੇ ਹਮਲਾ ਕਰਨ ਲਈ ਸੋਚਣ ਵਾਲਿਆਂ ਨੂੰ ਚਿਤਾਵਨੀ ੧੭੫
ਹਰਿਮੰਦਰ ਸਾਹਿਬ 'ਤੇ ਹਮਲੇ ਦੀ ਸੂਰਤ ਵਿੱਚ ਸਿੰਘਾਂ ਨੂੰ ਤਿਆਰ ਰਹਿਣ ਦੀ ਅਪੀਲ ੧੭੬
ਸਿੱਖ ਸਿਪਾਹੀਆਂ ਨੂੰ ਦਰਬਾਰ ਸਾਹਿਬ 'ਤੇ ਹਮਲੇ ਵਿੱਚ ਸ਼ਾਮਲ ਨਾ ਹੋਣ ਦੀ ਅਪੀਲ ੧੭੭
ਸੰਤ ਜਰਨੈਲ ਸਿੰਘ ਤੇ ਲੌਂਗੋਵਾਲ ਵਿੱਚ ਫੁੱਟ ਹੋਣ ਦਾ ਝੂਠਾ ਅਖ਼ਬਾਰੀ ਪ੍ਰਾਪੇਗੰਡਾ ੧੭੮
ਹਮਲਾਵਰ ਜ਼ਿੰਦਾ ਨਹੀਂ ਜਾਣ ਦਿੱਤਾ ਜਾਵੇਗਾ ੧੭੭
ਹਿੰਦੂ ਸਿੱਖ ਫਸਾਦ ਕਰਾਉਣ ਦੀ ਸਰਕਾਰੀ ਸਾਜ਼ਿਸ਼ ੧੭੭
ਹਥਿਆਰਾਂ ਦੇ ਲਾਇਸੈਂਸ ੧੭੭
ਆਜ਼ਾਦੀ ਤੱਕ ਸੰਘਰਸ਼ ਜਾਰੀ ਰੱਖਣ ਦਾ ਐਲਾਨ ੧੭੮
ਦੇਹਧਾਰੀ ਦੰਭ ੧੭੯
੧੫. ਵਿਆਖਿਆਨ ੧੩ ੧੮੦
ਨਾ-ਬਾਲਗ ਬੱਚੀ ਦੀ ਪੁਲਿਸ ਨੇ ਇਜ਼ਤ ਲੁੱਟਣੀ ੧੮੧
੧੬. ਵਿਆਖਿਆਨ ੧੪ ੧੮੨
ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਸਤਿਕਾਰ ਕਾਇਮ ਰੱਖਣ ਦੀ ਅਪੀਲ ੧੮੨
ਸਰਕਾਰ ਅਤੇ ਪੰਥ ਦੋਖੀਆਂ ਦੀਆਂ ਚਾਲਾਂ ੧੮੩
ਨਿਮਰਤਾ ਰੱਖਣ ਦੀ ਅਪੀਲ ੧੮੩
ਸਿੱਖ ਇੱਕ ਵੱਖਰੀ ਕੌਮ ੧੮੪

ਸੁਬਰਾਮਨੀਅਮ ਵੱਲੋਂ ਲੁਕਣ ਲਈ ਸਿੱਖੀ ਸਰੂਪ ਧਾਰਨਾ ੧੮੫
ਤਿਰੰਗੇ ਦਾ ਕੇਸਰੀ ਰੰਗ ਉੱਪਰ ਕਰਨਾ ੧੮੫
ਸ੍ਰੀ ਦਰਬਾਰ ਸਾਹਿਬ ਦੀ ਵਿਲੱਖਣਤਾ ੧੮੬
ਸਵਾਰਥੀ ਸਿਆਸਤਦਾਨਾਂ ਦਾ ਝੂਠਾ ਪ੍ਰਚਾਰ ੧੮੭
ਲੌਂਗੋਵਾਲ ਅਤੇ ਸੰਤ ਜਰਨੈਲ ਸਿੰਘ ਵਿੱਚ ਫੁੱਟ ਹੋਣ ਦਾ ਪ੍ਰਾਪੇਗੰਡਾ ੧੮੮
ਪੰਥਕ ਅਹੁਦਾ ਨਾ ਲੈਣ ਦਾ ਵਾਅਦਾ ਅਤੇ ਪੰਥ ਲਈ ਲਹੂ ਡੋਲ੍ਹਣ ਦਾ ਇਸ਼ਾਰਾ ੧੮੮
ਸ਼ਸ਼ਤਰਧਾਰੀ ਹੋਣ ਦੀ ਅਪੀਲ ੧੮੯
ਪ੍ਰੀਤਮ ਸਿੰਘ ਭੁੱਟੀ ਵੱਲੋਂ ਸ਼ਰਾਬ ਛੱਡਣ ਦਾ ਪ੍ਰਣ ੧੯੦

੧੭. ਵਿਆਖਿਆਨ ੧੫ ੧੯੨

ਇੰਦਰਾ ਤੇ ਚਰਨ ਸਿੰਹ ਵੱਲੋਂ ਮੋਰਚੇ ਵਿੱਚ ਪਾਕਿਸਤਾਨ ਦੇ ਹੱਥ ਦਾ ਦੋਸ਼ ੧੯੨
ਇੰਦਰਾ ਦੇ ਬਿਆਨ 'ਤੇ ਲੌਂਗੋਵਾਲ ਅਤੇ ਸੰਤ ਜਰਨੈਲ ਸਿੰਘ ਦਾ ਪ੍ਰਤੀਕਰਮ ੧੯੨
ਏਕਤਾ ਦੀ ਅਪੀਲ ੧੯੪
ਸਾਬਤ-ਸੂਰਤ ਰਹਿਣ ਦੀ ਅਪੀਲ ੧੯੫
ਝੂਠਾ ਪ੍ਰਾਪੇਗੰਡਾ ਕਰਨ ਵਾਲਿਆਂ ਨੂੰ ਚਿਤਾਵਨੀ ੧੯੫
ਭਾਈ ਬਲਵੰਤ ਸਿੰਘ ਮਕੋਰੀਆਂ ਦੇ ਘਰ ਦੀ ਕੁਰਕੀ ਰੱਖਣੀ ਅਤੇ ਕਣਕ ਵੱਢ ਲੈਣੀ ੧੯੫
ਸਿੱਖਾਂ ਨਾਲ ਧੱਕੇਸ਼ਾਹੀਆਂ ੧੯੬
ਬੂਆ ਸਿੰਘ ਤੇ ਨਰਿੰਦਰ ਸਿੰਘ ਦੀ ਦੋਬਾਰਾ ਨਜ਼ਰਬੰਦੀ, ਕੇਸਰੀ ਦਸਤਾਰ ਪਹਿਨਣ 'ਤੇ ਰੋਕ ੧੯੭
ਮਜ਼ਲੂਮ ਦੀ ਮਦਦ ਅਤੇ ਜ਼ਾਲਮ ਨੂੰ ਸੋਧਣ ਦਾ ਐਲਾਨ ੧੯੮
ਝੂਠੇ ਪ੍ਰਾਪੇਗੰਡੇ ਤੋਂ ਸੁਚੇਤ ਰਹਿਣ ਦੀ ਅਪੀਲ ੧੯੮
ਸਪੱਸ਼ਟੀਕਰਨ ਦੇਣ ਦੀ ਥਾਂ, ਹਿੰਦੂਆਂ ਤੋਂ ਸਪੱਸ਼ਟੀਕਰਨ ਲੈਣ ਦੀ ਸਲਾਹ ੧੯੯

੧੮. ਵਿਆਖਿਆਨ ੧੬ ੨੦੧

ਹਿੰਦੂ ਮਰੇ ਤਾਂ ਇਨਕੁਆਰੀ ਕਰਾਉਣੀ ਪਰ ਚੰਦੇ ਕਲਾਂ ਤੇ ਮਹਿਤੇ ਦੀ ਇਨਕੁਆਰੀ ਬੰਦ ਕਰਨੀ ੨੦੧
ਹਿੰਦੂ ਹਾਈਜੈਕਰਾਂ ਅਤੇ ਸਿੱਖ ਹਾਈਜੈਕਰਾਂ ਨਾਲ ਵੱਖਰਾ-ਵੱਖਰਾ ਵਰਤਾਉ ੨੦੨
ਜਲੰਧਰ ਟੀ.ਵੀ. ਟੀਮ ਨਾਲ ਗੱਲਬਾਤ ੨੦੨
ਤਿਰੰਗੇ ਦਾ ਕੇਸਰੀ ਰੰਗ ੨੦੫
ਸ਼ਾਂਤਮਈ ੨੦੫

ਲਾਲਾ ਜਗਤ ਨਰਾਇਣ ਦੀ ਮੌਤ ਦੇ ਕਾਰਨ ੨੦੬
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਫੋਟੋ ਨਾਲ ਲਾਲਾ ਜਗਤ ਨਰਾਇਣ ਦੀ ਫੋਟੋ ੨੦੭
ਸਿੱਖਾਂ ਨੂੰ ਕੇਸਾਧਾਰੀ ਹਿੰਦੂ ਕਹਿਣਾਂ ੨੦੭
੧੯. ਵਿਆਖਿਆਨ ੧੭ ੨੦੯
ਭਾਈ ਕੁਲਵੰਤ ਸਿੰਘ ਨਾਗੋਕੇ ਦੀ ਸ਼ਹਾਦਤ ੨੦੯
ਬ੍ਰਹਮ ਗਿਆਨੀ ੨੧੧
੨੦. ਵਿਆਖਿਆਨ ੧੮ ੨੧੫
ਤਰਨ ਤਾਰਨ ਵਿਖੇ ਕਾਰ ਸੇਵਾ ਵਾਲਿਆਂ 'ਤੇ ਗੋਲੀ ੨੧੬
ਸਮਾਂ ਆਉਣ 'ਤੇ ਸ਼ਹਾਦਤ ਤੋਂ ਟਾਲਾ ਨਹੀਂ ਕਰਨਾ ੨੧੭
ਬਾਬਾ ਬਕਾਲਾ ਵਿਖੇ ਪਹੁੰਚਣ ਦੀ ਅਪੀਲ ੨੧੮
੧੭ ਆਪੋਜੀਸ਼ਨ ਪਾਰਟੀਆਂ ਵੱਲੋਂ ਮੋਰਚੇ ਦੀ ਹਮਾਇਤ ੨੧੮
ਹਿੰਦੂ ਆਗੂਆਂ ਨੂੰ ਸਵਾਲ ੨੧੯
ਫੈਡਰੇਸ਼ਨ ਦੇ ਨੌਜੁਆਨਾਂ ਦੀ ਗ੍ਰਿਫ਼ਤਾਰੀ ੨੨੧
੨੧. ਵਿਆਖਿਆਨ ੧੯ ੨੨੨
ਸਿੰਘਾਂ ਨੂੰ ਦੁਰਗਿਆਣਾ ਮੰਦਰ ਦੇ ਗੇਟ 'ਤੇ ਰੋਕਣਾ ੨੨੨
ਗਿਆਨੀ ਜੈਲ ਸਿੰਘ ਦਾ ਭਾਸ਼ਣ ੨੨੩
ਨੌਵੇਂ ਪਾਤਿਸ਼ਾਹ ਜੀ ਦੀ ਸ਼ਹੀਦੀ ਬਾਰੇ ਹਿੰਦੂਆਂ ਦਾ ਦ੍ਰਿਸ਼ਟੀਕੋਣ ੨੨੩
ਬਾਬਾ ਬਕਾਲਾ ਕਾਂਡ ਬਾਰੇ ਰੇਡੀਉ ਤੋਂ ਝੂਠੀ ਖ਼ਬਰ ੨੨੪
ਤਿਆਰ-ਬਰ-ਤਿਆਰ ਹੋਣ ਦੀ ਅਪੀਲ ੨੨੪
੨੨. ਵਿਆਖਿਆਨ ੨੦ ੨੨੫
ਗਿਆਨੀ ਜੈਲ ਸਿੰਘ ਦਾ ਬਿਆਨ ੨੨੫
ਗਿਆਨੀ ਜੈਲ ਸਿੰਘ 'ਤੇ ਵਿਅੰਗ ੨੨੭
ਮਹਾਤਮਾ ਗਾਂਧੀ ਵੱਲੋਂ ਸਿੱਖਾਂ ਨੂੰ ਕੌਮੀਂ ਮਾਨਤਾ ੨੨੮
ਸੁਭਾਸ਼ ਚੰਦਰ ਵੱਲੋਂ ਸਿੱਖਾਂ ਨੂੰ ਕੌਮੀਂ ਮਾਨਤਾ ੨੨੮
ਗਾਂ ਦੀ ਚਰਬੀ ੨੨੮
ਸ਼ਸ਼ਤਰਧਾਰੀ ਹੋਣ ਦੀ ਅਪੀਲ ੨੨੯

ਪੁਲੀਸ ਨਾਲ ਟੱਕਰ ਲੈਣ ਦੀ ਅਪੀਲ ੨੨੯
ਜੁਝਾਰੂਆਂ ਨੂੰ ਸੰਭਾਲਣ ਦਾ ਐਲਾਨ ੨੩੧
ਪੁਲੀਸ ਅਫ਼ਸਰ ਇਕਬਾਲ ਸਿੰਘ ਵੱਲੋਂ ਗੋਲੀ ਚਲਾਉਣੀ ੨੩੩
ਤਿਆਰ-ਬਰ-ਤਿਆਰ ਰਹਿਣ ਦੀ ਅਪੀਲ ੨੩੩
੨੩. ਵਿਆਖਿਆਨ ੨੧ ੨੩੪
ਸਰਸੇ ਇਲਾਕੇ ਵਿੱਚ ਦੇਹਧਾਰੀ ਡੰਮ ੨੩੪
ਨੀਲੇ ਰੰਗ ਬਾਰੇ ਨਾਮਧਾਰੀਆਂ ਦਾ ਵਹਿਮ ੨੩੫
ਸਿੰਘਾਂ ਦੀਆਂ ਛਾਉਣੀਆਂ 'ਤੇ ਕਬਜ਼ਾ ਕਰਨ ਦੇ ਪੁਲੀਸ ਅਫ਼ਸਰਾਂ ਦੇ ਦਮਗਜੇ ੨੩੬
ਜ਼ਾਲਮ ਅਫ਼ਸਰਾਂ ਨੂੰ ਚਿਤਾਵਨੀ ੨੩੭
ਹਿੰਦੂਆਂ ਵੱਲੋਂ ਸਿੱਖਾਂ 'ਤੇ ਹਮਲੇ ੨੩੮
ਭੁਪਿੰਦਰ ਸਿੰਘ ਪੱਪੀ 'ਤੇ ਗੁਰੂ ਗਰੰਥ ਸਾਹਿਬ ਜੀ ਦੇ ਪੀੜੇ ਨੂੰ ਅੱਗ ਲਾਉਣ ਦਾ ਝੂਠਾ ਕੇਸ ੨੪੦
ਭਾਈ ਅਮਰੀਕ ਸਿੰਘ 'ਤੇ ਖ਼ਾਲਿਸਤਾਨ ਦਾ ਕੇਸ ੨੪੧
ਸਿੱਖਾਂ ਨੂੰ ਅਪੀਲ ੨੪੧
ਅਨੰਦਪੁਰ ਦਾ ਮਤਾ ਮਨਵਾਉਣ ਦਾ ਵਾਅਦਾ ੨੪੨
੨੪. ਵਿਆਖਿਆਨ ੨੨ ੨੪੩
ਤਿੰਨ ਸਿੰਘਾਂ ਦੀ ਗ੍ਰਿਫ਼ਤਾਰੀ ੨੪੩
ਭਾਈ ਅਮਰੀਕ ਸਿੰਘ ਤੇ ਬਾਬਾ ਠਾਰਾ ਸਿੰਘ ਦਾ ਪੈਰਵਾਈ ਲਈ ਜਾਣਾ ੨੪੪
ਭਾਈ ਅਮਰੀਕ ਸਿੰਘ ਤੇ ਬਾਬਾ ਠਾਰਾ ਸਿੰਘ ਦੀ ਗ੍ਰਿਫ਼ਤਾਰੀ ਅਤੇ ਮੋਰਚਾ ਆਰੰਭ ੨੪੫
ਸੰਤ ਜਰਨੈਲ ਸਿੰਘ ਦੀ ਲੌਂਗੋਵਾਲ ਨਾਲ ਮੀਟਿੰਗ ਅਤੇ ਧਰਮ ਯੁੱਧ ਮੋਰਚੇ ਦਾ ਐਲਾਨ ੨੪੫
ਜ: ਜਗਦੇਵ ਸਿੰਘ ਤਲਵੰਡੀ ਮੋਰਚੇ ਵਿੱਚ ਸ਼ਾਮਲ ੨੪੬
ਸ. ਸੁਖਜਿੰਦਰ ਸਿੰਘ ਮੋਰਚੇ ਵਿੱਚ ਸ਼ਾਮਲ ੨੪੬
ਗੁਰਦਾਸਪੁਰ ਜੇਲ੍ਹ ਵਿੱਚ ਮੰਦਰ ਦੀ ਉਸਾਰੀ ੨੪੮
ਪੁਲੀਸ ਨੂੰ ਚਿਤਾਵਨੀ ੨੪੮
ਜ਼ਮੀਰ ਮਰਨੀ ਮੌਤ ਹੈ ੨੪੮
ਫਤੂਢੀਂਗਾ ਕੇਸ ਵਿੱਚ ਗ੍ਰਿਫ਼ਤਾਰੀਆਂ ਅਤੇ ਪੁਲੀਸ ਵਲੋਂ ਲੁੱਟ ੨੪੯
ਸਮਾਨ ਵਾਪਸ ਦਿਵਾਉਣ ਦਾ ਵਾਅਦਾ ੨੫੦

ਲੌਂਗੋਵਾਲ ਨਾਲ ਫੁੱਟ ਦਾ ਖੰਡਨ ੨੫੧
ਗੰਗਾ ਨਗਰ ਦੀਆਂ ੬ ਤਹਿਸੀਲਾਂ ੨੫੨
ਭਾਈ ਅਮਰੀਕ ਸਿੰਘ 'ਤੇ ਖ਼ਾਲਿਸਤਾਨ ਦਾ ਕੇਸ ੨੫੨
ਰਹਿਤ 'ਚ ਪੱਕੇ ਰਹਿਣ ਤੇ ਸ਼ਸ਼ਤਰਧਾਰੀ ਹੋਣ ਦੀ ਅਪੀਲ ੨੫੩
੨੫. ਵਿਆਖਿਆਨ ੨੩ ੨੫੪
ਗ੍ਰਿਫ਼ਤਾਰੀਆਂ, ਘਰਾਂ ਦਾ ਉਜਾੜਾ ਅਤੇ ਅਮਰੀਕ ਸਿੰਘ 'ਤੇ ਖ਼ਾਲਿਸਤਾਨ ਦਾ ਕੇਸ ੨੫੪
੨੬. ਵਿਆਖਿਆਨ ੨੪ ੨੫੬
ਬੁਲਾਰਿਆਂ 'ਤੇ ਵਿਅੰਗ ੨੫੬
ਭਾਈ ਪਿਆਰਾ ਸਿੰਘ ਦੀ ਸ਼ਹਾਦਤ ੨੫੭
ਸਰਕਾਰੀ ਨੌਕਰੀਆਂ ਵਾਲੇ ਸਿੱਖਾਂ ਨੂੰ ਲਲਕਾਰ ੨੫੮
ਪੁਲਿਸ ਵਾਰਦਾਤਾਂ ੨੫੮
'ਸਿੱਖ ਇੱਕ ਵੱਖਰੀ ਕੌਮ' ਕਹਾਉਣ ਦੀ ਲੋੜ ਕਿਉਂ ? ੨੫੯
ਖ਼ਾਲਿਸਤਾਨ ਅਤੇ ਆਜ਼ਾਦੀ ੨੬੦
ਹਥਿਆਰ ਰੱਖਣ ਦੀ ਹਦਾਇਤ ੨੬੧
ਹਥਿਆਰਾਂ ਦੇ ਲਾਇਸੈਂਸ ੨੬੧
ਜੁਝਾਰੂਆਂ ਨੂੰ ਸੰਭਾਲਣ ਦਾ ਵਾਅਦਾ ੨੬੧
ਜ਼ਿੰਮੇਵਾਰੀ ਸੰਭਾਲਣ ਦੀ ਹਦਾਇਤ ੨੬੨
ਮਰਨ ਲਈ ਤਿਆਰ ਹੋਣ ਦੀ ਅਪੀਲ ੨੬੩
੨੭. ਵਿਆਖਿਆਨ ੨੫ ੨੬੪
ਗਿਆਨੀ ਜੈਲ ਸਿੰਘ ਦੀ ਬਿਆਨਬਾਜ਼ੀ ੨੬੪
ਅਕਾਲੀ ਆਗੂਆਂ 'ਤੇ ਵਿਅੰਗ ੨੬੬
ਇੰਦਰਾ ਗਾਂਧੀ ਦਾ ਚੰਡੀਗੜ੍ਹ ਆਉਣਾ ੨੬੭
ਨਰਕਧਾਰੀਆਂ ਦੇ ਐਲਾਨ 'ਤੇ ਪ੍ਰਤੀਕਰਮ ੨੬੭
ਰਾਜਿਸਥਾਨ ਦੀਆਂ ਨਹਿਰਾਂ ਵਿੱਚ ਸਿੱਖਾਂ ਦੀਆਂ ਲਾਸ਼ਾਂ ੨੬੯
ਹਥਿਆਰਬੰਦ ਹੋਣ ਦੀ ਅਪੀਲ ਅਤੇ ਜੁਝਾਰੂਆਂ ਨੂੰ ਸੰਭਾਲਣ ਦਾ ਵਿਸ਼ਵਾਸ ੨੬੯
ਵਿੰਗ ਕੱਢ ਅਕਾਲੀ ਦਲ ੨੬੯

੨੮. ਵਿਆਖਿਆਨ ੨੬ ੨੭੧
ਭਾਈ ਅਮਰੀਕ ਸਿੰਘ ਤੇ ਬਾਬਾ ਠਾਰਾ ਸਿੰਘ ਦੀ ਗ੍ਰਿਫ਼ਤਾਰੀ ਦੀ ਸਾਜ਼ਿਸ਼ ੨੭੨
ਭਾਈ ਅਮਰੀਕ ਸਿੰਘ ਤੇ ਬਾਬਾ ਠਾਰਾ ਸਿੰਘ ਦੀ ਗ੍ਰਿਫ਼ਤਾਰੀ ੨੭੨
ਮੋਰਚੇ ਦੀ ਅਰਦਾਸ ੨੭੩
ਸੰਤ ਹਰਚੰਦ ਸਿੰਘ ਲੌਂਗੋਵਾਲ ਮੋਰਚਾ ਡਿਕਟੇਟਰ ੨੭੩
ਭਾਈ ਅਮਰੀਕ ਸਿੰਘ ਦੀ ਰਿਹਾਈ 'ਤੇ ਮੋਰਚਾ ਜਾਰੀ ਰੱਖਣ ਦਾ ਐਲਾਨ ੨੭੪
ਬੁੰਗਾ ਮਸਤੂਆਣਾ, ਦਮਦਮਾ ਸਾਹਿਬ ਦੇ ਸਿੰਘਾਂ ਦੀ ਗ੍ਰਿਫ਼ਤਾਰੀ ੨੭੫
ਨਰਕਧਾਰੀਆਂ ਨੂੰ ਦਰਬਾਰ ਸਾਹਿਬ ਭੇਜਣ ਦੀ ਸਾਜ਼ਿਸ਼ ੨੭੬
੨੯. ਵਿਆਖਿਆਨ ੨੭ ੨੭੮
ਹਿੰਦੂਆਂ ਨੂੰ ਧਮਕੀਆਂ ਭਰੀਆਂ ਚਿੱਠੀਆਂ ਪਾਉਣ ਦੀ ਸਾਜ਼ਿਸ਼ ੨੭੯
ਨਰਕਧਾਰੀਆਂ ਦਾ ਸੁਆਗਤ ਕਰਨ ਬਾਰੇ ਝੂਠੀ ਖ਼ਬਰ ੨੮੧
੩੦. ਵਿਆਖਿਆਨ ੨੮ ੨੮੨
ਡਾ. ਗਿੱਲ ਸਮੇਤ ਅੱਠ ਸਿੰਘ ਗ੍ਰਿਫ਼ਤਾਰ ੨੮੨
ਕਤਿਆਂ ਵਾਲੇ ਪੁਲਸੀਏ ਦਾ ਜ਼ੁਲਮ ੨੮੩
ਭਾਈ ਬੋਤਾ ਸਿੰਘ ਤੇ ਭਾਈ ਗਰਜਾ ਸਿੰਘ ੨੮੩
ਜਾਨੀ ਖਾਂ ਤੇ ਮਾਨੀ ਖਾਂ ੨੮੪
ਦਰਬਾਰ ਸਾਹਿਬ ਕੰਪਲੈਕਸ ਦੀਆਂ ਫੋਟੋ ੨੮੪
ਸਿੱਖ ਇੱਕ ਵੱਖਰੀ ਕੌਮ ੨੮੫
ਕਕਾਰਾਂ ਦਾ ਫਲਸਫ਼ਾ ੨੮੫
ਦਰਬਾਰਾ ਸਿੰਹੁ ਦਾ ਬਿਆਨ ੨੮੭
ਦਰਬਾਰਾ ਸਿੰਹੁ ਦੀ ਸਾਜ਼ਿਸ਼ ੨੮੮
ਪੁਲਸ ਅਫ਼ਸਰਾਂ ਦੇ ਜ਼ੁਲਮ ੨੮੮
ਵਿੰਗ ਕੱਢ ਅਕਾਲੀ ਦਲ ੨੮੯
੩੧. ਵਿਆਖਿਆਨ ੨੯ ੨੯੦
ਰਾੜਾ ਸਾਹਿਬ ਨੇੜੇ ਚਾਰ ਸਿੰਘਾਂ ਦੀ ਸ਼ਹੀਦੀ ੨੯੦
ਗੁਰਦੁਆਰਾ ਐਕਟ ਖ਼ਤਮ ਕਰਨ ਦੀ ਸਾਜ਼ਿਸ਼ ੨੯੧

੩੨.	ਵਿਆਖਿਆਨ ੩੦	੨੯੩
	ਚੰਦੋ ਕਲਾਂ ਵਿੱਚ ਪੁਲੀਸ ਦਾ ਘੇਰਾ	੨੯੩
	ਸੰਤ ਜਰਨੈਲ ਸਿੰਘ ਦੀ ਗ੍ਰਿਫਤਾਰੀ	੨੯੪
	ਬੰਬਈ ਪੁਲੀਸ ਘੇਰੇ ਵਿੱਚੋਂ ਨਿਕਲਣਾ	੨੯੪
	ਸਰਕਾਰੀ ਫਿਰਕਾਪ੍ਰਸਤੀ ਦੀਆਂ ਉਦਾਹਰਣਾਂ	੨੯੫
	ਬੱਸ ਛੱਡਣ ਲਈ ਅਲਟੀਮੇਟਮ	੨੯੯
	ਲੌਂਗੋਵਾਲ ਨਾਲ ਲੜਾਈ ਝਗੜਾ ਨਾ ਪੈਣ ਦਾ ਵਿਸ਼ਵਾਸ	੩੦੧
	ਬੱਸ ਫੜਨ ਵਾਲੇ ਅਫਸਰਾਂ ਨੂੰ ਚਿਤਾਵਨੀ	੩੦੨
	ਦਸ ਲੱਖ ਰੁਪਏ ਤੱਕ ਦਾ ਨੁਕਸਾਨ ਪੂਰਾ ਕਰਨ ਦਾ ਵਾਅਦਾ	੩੦੨
	ਜ਼ਾਲਮਾਂ ਤੋਂ ਬਦਲਾ ਲੈਣ ਦਾ ਐਲਾਨ	੩੦੨
	ਹਥਿਆਰ ਰੱਖਣ ਦੀ ਅਪੀਲ	੩੦੩
੩੩.	ਵਿਆਖਿਆਨ ੩੧	੩੦੪
	ਅਕਾਲੀ ਐਮ.ਐਲ.ਏਜ਼ ਅਤੇ ਐਮ.ਪੀਜ਼ ਨੇ ਦਰਬਾਰਾ ਸਿੰਹੁ ਦੇ ਘਰ ਰੋਟੀ ਖਾਣੀ	੩੦੪
	ਸ਼ਾਂਤਮਈ ਅਤੇ ਸਿੱਖ ਇਤਿਹਾਸ	੩੦੫
	ਸੰਤ ਜਰਨੈਲ ਸਿੰਘ ਦਾ ਬਾਈਕਾਟ ਅਤੇ ਮੰਜੀ ਸਾਹਿਬ ਵਿਖੇ ਬੋਲਣ 'ਤੇ ਪਾਬੰਦੀ	੩੦੭
	ਗਿ: ਜੈਲ ਸਿੰਘ ਦੇ ਪ੍ਰਚਾਰ ਦਾ ਜਵਾਬ	੩੦੭
	ਸ਼ਸ਼ਤਰਧਾਰੀ ਹੋ ਕੇ ਜ਼ੁਲਮ ਵਿਰੁੱਧ ਜੂਝਣ ਦੀ ਅਪੀਲ	੩੦੯
	ਅਨੰਦਪੁਰ ਸਾਹਿਬ ਦੇ ਮਤੇ ਵਿੱਚ ਸ਼ਸ਼ਤਰਾਂ ਦੀ ਮਦ	੩੧੦
	ਔਰਤਾਂ ਦੀ ਇਜ਼ਤ ਕਰਨ ਦੀ ਤਾਕੀਦ	੩੧੨
	ਰਾਮ ਚੰਦਰ ਤੇ ਤੁਲਸੀ ਦੀ ਕਹਾਣੀ	੩੧੨
	ਕਾਂਗਰਸੀ ਏਜੰਟ ਕਹਿਣ ਵਾਲਿਆਂ ਨੂੰ ਜਵਾਬ	੩੧੨
	ਅਹੁਦਾ ਨਾ ਲੈਣ ਦਾ ਐਲਾਨ	੩੧੩
	ਕੁਰਬਾਨੀ ਦੇ ਜਜ਼ਬੇ ਨਾਲ ਅੱਗੇ ਆਉਣ ਦੀ ਅਪੀਲ	੩੧੩
	ਸਾਬਤ ਸੂਰਤ ਰਹਿਣ ਅਤੇ ਨਸ਼ੇ ਛੱਡਣ ਦੀ ਅਪੀਲ	੩੧੪
	ਗਦਾਰ ਕਹਿਣ ਵਾਲਿਆਂ ਨੂੰ ਸਟੇਜ 'ਤੇ ਨਾ ਬੋਲਣ ਦੇਣ ਦੀ ਅਪੀਲ	੩੧੪
	ਮੋਰਚਾ ਪੰਥ ਦਾ	੩੧੫

ਪੰਥ ਦੀ ਹਮਾਇਤ ਕਰਨ ਦੀ ਅਪੀਲ ੩੧੬
ਹਮਲੇ ਦਾ ਮੁਕਾਬਲਾ ਕਰਨ ਦੀ ਅਪੀਲ ੩੧੭
ਖ਼ਾਲਿਸਤਾਨ ੩੧੭
ਗਿਰੀ ਲਾਲ ਜੈਨ ੩੧੮
੧੨:੦੦ ਵਜੇ ਦਾ ਇਤਿਹਾਸ ੩੧੮
ਹਥਿਆਰਾਂ ਦੇ ਲਾਇਸੈਂਸ ੩੧੯
ਟੌਹੜਾ, ਲੌਂਗੋਵਾਲ, ਰਲਵੰਡੀ, ਉਮਰਾਨੰਗਲ ਅਤੇ ਕੋਹਲੀ ਦੀਆਂ ਨਿਰੰਕਾਰੀਆਂ ਨੂੰ ਚਿੱਠੀਆਂ ੩੨੧
ਫੈਡਰੇਸ਼ਨ ਵੱਲੋਂ ਪ੍ਰਣ ਕਰਨ ਦਾ ਸੱਦਾ ੩੨੧

੩੪. ਵਿਆਖਿਆਨ ੩੨ ੩੨੩

ਭਾਈ ਮਸੀਬਤ ਸਿੰਘ ਅਤੇ ਭਾਈ ਗੁਰਮੀਤ ਸਿੰਘ ਧੂਲਕੋਟ ਦੀ ਸ਼ਹਾਦਤ ੩੨੩
ਅਖ਼ਬਾਰਾਂ ਦੀ ਭੁਲੇਖਾ-ਪਾਊ ਨੀਤੀ ੩੨੫
ਥੱਸ ਥਾਨੇ ਬੰਦ ਕਰਨੀ ੩੨੬
ਸੰਗਤ ਲੁੱਟੀ ਜਾਣ 'ਤੇ ਦਸਮੇਸ਼ ਪਿਤਾ ਜੀ ਦਾ ਹੁਕਮ ੩੨੭
ਭਾਈ ਬਿਦੀ ਚੰਦ ਦੀਆਂ ਸਾਖੀਆਂ ੩੨੮
ਹਿੰਦੂ ਸਿੱਖ ਏਕਤਾ ਦੇ ਨਾਅਰੇ ੩੨੮
ਸਿੰਘਾਂ ਨੂੰ ਅਪੀਲ ੩੨੯
ਬਹੁਰੂਪੀਆਂ ਨੂੰ ਸਿਰੋਪੇ ਨਾ ਦੇਣ ਦੀ ਅਪੀਲ ੩੨੯
ਸ਼ਸ਼ਤਰਧਾਰੀ ਹੋਣ ਅਤੇ ਹੱਕ ਹਾਸਲ ਕਰਨ ਦੀ ਅਪੀਲ ੩੩੦
ਹਿੰਦੂ ਮਾਰਨ ਦਾ ਐਲਾਨ ਕਰਨ ਦਾ ਦੋਸ਼ ੩੩੦
ਭਾਈ ਗੁਰਚਰਨ ਸਿੰਘ ਦੀ ਰਿਹਾਈ ੩੩੧

੩੫. ਵਿਆਖਿਆਨ ੩੩ ੩੩੩

ਲਾਲਾ ਜਗਤ ਨਰਾਇਣ ਦੀ ਬਿਆਨਬਾਜ਼ੀ ੩੩੩
ਲਾਲਾ ਜਗਤ ਨਰਾਇਣ ਦੀ ਮੌਤ ਅਤੇ ਚੰਦੇ ਕਲਾਂ ਕਾਂਡ ੩੩੪
ਸਿੱਖ ਕੌਮ ਦੀ ਗ਼ੁਲਾਮੀ ਦੀਆਂ ਉਦਾਹਰਣਾਂ ੩੩੬
ਸਿੱਖ ਨੌਜੁਆਨਾਂ ਨੂੰ ਅਪੀਲ ੩੪੧
ਧਮਕੀ ਭਰੀਆਂ ਚਿੱਠੀਆਂ ੩੪੨

ਸਿੱਖਾਂ 'ਤੇ ਅੱਤਵਾਦੀ ਅਤੇ ਕਾਤਲ ਹੋਣ ਦਾ ਦੋਸ਼ ੩੪੨
ਜਸਵੰਤ ਸਿੰਘ ਠੇਕੇਦਾਰ ਦੀ ਬਿਆਨ ਬਾਜ਼ੀ ੩੪੨
ਕਦੇ ਵੀ ਕੋਈ ਅਹੁਦਾ ਨਾ ਲੈਣ ਦਾ ਐਲਾਨ ੩੪੩
ਅਨੰਦਪੁਰ ਸਾਹਿਬ ਦੇ ਮਤੇ ਤੋਂ ਘੱਟ ਫੈਸਲਾ ਨਾ ਮੰਨਣ ਦਾ ਭਰੋਸਾ ੩੪੪
ਜੁਝਾਰੂਆਂ ਨੂੰ ਸੰਭਾਲਣ ਦਾ ਯਕੀਨ ੩੪੪
ਪੰਜਾਬੀ ਬਾਰੇ ਸੰਤ ਜਰਨੈਲ ਸਿੰਘ ਦੇ ਵਿਚਾਰ ੩੪੫
ਭਾਈ ਰਣਜੀਤ ਸਿੰਘ ਨੂੰ ਸੋਨੇ ਨਾਲ ਤੋਲਣ ਦਾ ਵਾਅਦਾ ੩੪੬
ਨੌਜੁਆਨਾਂ ਨੂੰ ਅਪੀਲ ੩੪੬
੩੬. ਵਿਆਖਿਆਨ ੩੪ ੩੪੮
ਝੂਠਾ ਅਖ਼ਬਾਰੀ ਪ੍ਰਾਪੇਗੰਡਾ ੩੪੮
ਇੰਦਰਾ ਗਾਂਧੀ ਦੀ ਨੀਤੀ ਅਤੇ ਸੰਤਾਂ ਦੇ ਸਵਾਲ ੩੪੯
ਸੀਤਲ ਸਿੰਘ ਫੌਜੀ ਅਤੇ ਪਿਆਰਾ ਸਿੰਘ ਫੌਜੀ ਨੂੰ ਤਸੀਹੇ ਦੇ ਕੇ ਮਾਰਨਾ ੩੫੧
ਹਿੱਟ ਲਿਸਟ ਬਣਾਉਣ ਦਾ ਦੋਸ਼ ੩੫੧
ਸ਼ਸ਼ਤਰ ਰੱਖਣੇ ਗੁਰੂ ਦਾ ਹੁਕਮ ੩੫੨
ਲੌਂਗੋਵਾਲ ਨਾਲ ਮਤਭੇਦ ਦੀਆਂ ਝੂਠੀਆਂ ਖ਼ਬਰਾਂ ੩੫੩
ਮੰਦਰਾਂ ਵਿੱਚ ਹਥਿਆਰ ੩੫੪
ਰਾਸ਼ਟਰਪਤੀ ਰਾਜ ੩੫੪
ਗੁਰਦਾਸਪੁਰ ਜੇਲ੍ਹ ਵਿੱਚ ਮੰਦਰ ਬਣਾਉਣਾ ੩੫੪
ਕ੍ਰਿਪਾਨ ਅਤੇ ਕੈਂਚੀ ਵਿੱਚ ਫ਼ਰਕ ੩੫੫
ਜਥੇ ਵਿੱਚ ਜਾਣ ਵਾਲੇ ਸਿੰਘਾਂ ਨੂੰ ਅਪੀਲ ੩੫੬
੩੭. ਵਿਆਖਿਆਨ ੩੫ ੩੫੭
ਸ. ਜੱਸਾ ਸਿੰਘ ਆਹਲੂਵਾਲੀਆ ੩੫੭
ਗੁਰਮਤਿ ਦੇ ਧਾਰਨੀ ਹੋਣ ਦੀ ਅਪੀਲ ੩੬੦
ਭਾਈ ਬਿਦੀ ਚੰਦ ਜੀ ੩੬੨
ਮਾਨਾਂ ਵਾਲਾ ਗੋਲੀ ਕਾਂਡ ੩੬੨
ਭਾਈ ਬੇਂਤਾ ਸਿੰਘ ਤੇ ਭਾਈ ਗਰਜਾ ਸਿੰਘ ੩੬੩

ਕੇਸਰੀ ਨਿਸ਼ਾਨ ਸਾਹਿਬ ੩੬੩
ਪੰਜਾਬ ਸਰਕਾਰ ਤੋਤਨੀ ੩੬੬
ਸਿੱਖਾਂ 'ਤੇ ਮੁਕਦਮੇਂ ਪਰ ਹਿੰਦੂਆਂ 'ਤੇ ਨਹੀਂ ੩੬੬
ਸਰਕਾਰੀ ਵਿਤਕਰਾ ੩੬੮
ਐਮਰਜੈਂਸੀ ਦਾ ਮੋਰਚਾ ੩੬੮
ਸਿੱਖਾਂ ਦੇ ਸ਼ਸ਼ਤਰਾਂ 'ਤੇ ਇੰਦਰਾ ਨੂੰ ਇਤਰਾਜ਼ ੩੬੯
ਸ਼ਸ਼ਤਰ ਰੱਖ ਕੇ ਡਾਕੇ ਮਾਰਨੇ, ਇਜ਼ਤ ਲੁੱਟਣੀ ਅਤੇ ਹੱਕ ਨਾ ਲੈਣਾ ਪਾਪ ੩੭੧

੩੮. ਵਿਆਖਿਆਨ ੩੬ ੩੭੩

ਲਾਲਚੀ, ਧੋਖੇਬਾਜ਼ ਤੇ ਫਰੇਬੀ ਸਿਆਸਤਦਾਨਾਂ ਤੋਂ ਸਾਵਧਾਨ ਰਹਿਣ ਦੀ ਅਪੀਲ ੩੭੩
ਦਰਬਾਰ ਸਾਹਿਬ ਸਮੂਹ ਵਿੱਚ ਕਿਸੇ ਅੱਗੇ ਹੱਥ ਨਾ ਚੁੱਕਣ ਦਾ ਐਲਾਨ ੩੭੪
ਕੁਰਸੀ ਵਾਲੇ ਨਹੀਂ, ਸੱਚੇ ਹੀ ਸ਼ਹੀਦ ਹੁੰਦੇ ਨੇ ੩੭੫
ਚੰਬਲ ਦੀ ਘਾਟੀ ਦਾ ਡਾਕੂ ਹੋਣ ਦਾ ਦੋਸ਼ ੩੭੫

੩੯. ਵਿਆਖਿਆਨ ੩੭ ੩੭੭

ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਜਿਲ੍ਹਾ ਪੱਧਰ ਦਾ ਇਕੱਠ ੩੭੭
ਦਸਮੇਸ਼ ਪਿਤਾ ਜੀ ਦੇ ਮਾਤ ਲੋਕ ਵਿੱਚ ਆਉਣ ਦੀ ਕਥਾ ੩੭੭
ਭੀਖਣ ਸ਼ਾਹ ਜੀ ੩੭੯
ਗਾਗਰਾਂ ਭੰਨਣੀਆਂ ੩੮੦
ਕਸ਼ਮੀਰੀ ਪੰਡਿਤ ੩੮੧
ਨੌਵੇਂ ਪਾਤਿਸ਼ਾਹ ਜੀ ਦੀ ਦਿੱਲੀ ਵੱਲ ਰਵਾਨਗੀ ੩੮੧
ਭਾਈ ਮਤੀ ਦਾਸ ਜੀ ੩੮੩
ਖ਼ਾਲਸੇ ਦੀ ਸਾਜਨਾ ੩੮੫
ਗਾਂਧੀ ਨੂੰ ਬਾਪੂ ਕਹਿਣ ਵਾਲੇ ੩੮੬
ਦਸਮੇਸ਼ ਪਿਤਾ ਜੀ ਦਾ ਬਾਹਮਣ ਨੂੰ ਜਵਾਬ ੩੮੭
ਸੰਤ ਜਰਨੈਲ ਸਿੰਘ ਦਾ ਪ੍ਰੋਗਰਾਮ ੩੮੮
ਸੰਧੂ, ਜੀਰਾ, ਫੋਟੇਪੁਰ ਤੇ ਨਿਰਲੇਪ ਕੌਰ ਵਲੋਂ ਸੰਤਾਂ 'ਤੇ ਦੋਸ਼ ੩੯੦
ਭਾਈ ਕੁਲੰਵਤ ਸਿੰਘ ਨਾਰੋਕੇ ਦੀ ਸ਼ਹਾਦਤ ੩੯੦

ਅਕਾਲੀ ਵਿਰੋਧ ਦੇ ਬਾਵਜੂਦ ਜਥੇ ਲਿਜਾਣ ਦੀ ਹਦਾਇਤ ੩੯੧
ਮੋਰਚਾ ਅਰੰਭ ਕਰਨ ਸਮੇਂ ਕੀਤੀ ਗਈ ਅਰਦਾਸ ੩੯੧
ਜੂਸ ਪੀ ਕੇ ਮੋਰਚਾ ਨਹੀਂ ਛੱਡਿਆ ਜਾਵੇਗਾ ੩੯੧
ਹੱਕ ਲੈਣ, ਪਰ ਮਜ਼ਲੂਮਾਂ 'ਤੇ ਹੱਥ ਨਾ ਚੁੱਕਣ ਦੀ ਹਦਾਇਤ ੩੯੩
ਮਿਲ ਕੇ ਚੱਲਣ ਵਿੱਚ ਕਾਮਯਾਬੀ ਵਾਲੀ ਸਾਖੀ ੩੯੩
ਕਾਂਗਰਸੀ ਅਤੇ ਏਜੰਟ ਕਹਿਣ ਵਾਲਿਆਂ ਨੂੰ ਸਟੇਜਾਂ 'ਤੇ ਬੋਲਣ ਤੋਂ ਰੋਕਣ ਦੀ ਅਪੀਲ ੩੯੪
ਨਾਨਕ ਨਿਵਾਸ ਛੱਡਣਾ ੩੯੫
ਸਿੱਖਾਂ ਨਾਲ ਵਿਤਕਰਾ ੩੯੫
ਹਿੰਦੂ ਕੋਲੋਂ ਇੱਕ ਹਜ਼ਾਰ ਟਨ ਚਰਬੀ ਫੜੀ ਜਾਣੀ ੩੯੬
ਧਰਿੰਦਰ ਬ੍ਰਹਮਚਾਰੀ ਅਤੇ ਪਵਨ ਕੁਮਾਰ ੩੯੬
ਸਿੱਖਾਂ 'ਤੇ ਕੇਸ ਪਰ ਹਿੰਦੂਆਂ 'ਤੇ ਨਹੀਂ ੩੯੬
ਫ਼ੌਜੀ ਸੀਤਲ ਸਿੰਘ ਅਤੇ ਫ਼ੌਜੀ ਪਿਆਰਾ ਸਿੰਘ ੩੯੭
ਸ਼ਸ਼ਤਰਧਾਰੀ ਹੋਣ ਦੀ ਅਪੀਲ ੩੯੭
ਜੁਝਾਰੂਆਂ ਨੂੰ ਪਨਾਹ ਦੇਣ ਅਤੇ ੧੦ ਲੱਖ ਤੱਕ ਦਾ ਨੁਕਸਾਨ ਭਰਨ ਦਾ ਐਲਾਨ ੩੯੮
ਰਹਿਤ ਮਰਿਯਾਦਾ ਦੇ ਧਾਰਨੀ ਹੋਣ ਦੀ ਅਪੀਲ ੩੯੮
ਅਕਾਲੀਆਂ ਦੀ ਸ਼ਾਂਤਮਈ 'ਤੇ ਵਿਅੰਗ ੩੯੯
ਅਕਾਲੀ ਸ਼ਾਂਤਮਈ ਅਤੇ ਸਿੱਖ ਇਤਿਹਾਸ ੩੯੯
ਅਕਾਲੀ ਦਲ ਵੱਲੋਂ ਸੰਤ ਜਰਨੈਲ ਸਿੰਘ 'ਤੇ ਦੋਸ਼ ੪੦੦
ਤਿਆਰ ਬਰ ਤਿਆਰ ਹੋਣ ਦੀ ਅਪੀਲ ੪੦੦
ਵਿਅਕਤੀ ਦੀ ਨਹੀਂ, ਗੁਰੂ ਗਰੰਥ ਸਾਹਿਬ ਦੀ ਉਪਮਾ ਕਰਨ ਦੀ ਅਪੀਲ ੪੦੪

੪੦. ਵਿਆਖਿਆਨ ੩੮ ੪੦੫

ਹਿੰਦੁਸਤਾਨ ਵਿੱਚ ਸਿੱਖਾਂ ਦੀ ਗ਼ੁਲਾਮੀ ੪੦੫
ਸਿੱਖਾਂ 'ਤੇ ਕੇਸ ਦਰਜ ਕਰਨਾ ਪਰ ਹਿੰਦੂਆਂ 'ਤੇ ਨਹੀਂ ੪੦੬
ਸਿੱਖਾਂ 'ਤੇ ਅਤਿਆਚਾਰ ਅਤੇ ਸਰੂਪ ਸਾੜਨੇ ੪੦੮
ਅਕਾਲੀ ਦਲ ਵੱਲੋਂ ਜੁਝਾਰੂਆਂ ਨਾਲੋਂ ਨਾਤਾ ਤੋੜਨਾ ੪੦੯
ਹਿੰਦੂ ਹਾਈਜੈਕਰਾਂ ਨੂੰ ਇਨਾਮ ਅਤੇ ਸਿੱਖ ਹਾਈਜੈਕਰਾਂ ਨੂੰ ਸਜਾਵਾਂ ੪੦੯

ਹਿੰਦੂ ਸਿੱਖ ਏਕਤਾ ਦੇ ਨਾਹਰੇ ੪੧੦
ਹਿੰਦੂ ਅਫਸਰਾਂ ਵੱਲੋਂ ਸਿੱਖਾਂ 'ਤੇ ਜ਼ੁਲਮ ੪੧੧
ਫੈਡਰੇਸ਼ਨ ਦੇ ਮੈਂਬਰਾਂ ਨੂੰ ਤਸੀਹੇ ੪੧੧
ਸਿਪਾਹੀ ਸ਼ਿਆਮ ਸੁੰਦਰ ਦੇ ਜ਼ੁਲਮ ੪੧੧
ਭਾਈ ਕੁਲਵੰਤ ਸਿੰਘ ਨਾਗੋਕੇ ਦੀ ਸ਼ਹਾਦਤ ੪੧੨
ਭਾਈ ਗੁਰਮੀਤ ਸਿੰਘ ਦੀ ਸ਼ਹਾਦਤ ੪੧੨
ਭਾਈ ਦਹੇਰੂ, ਬਲਜੀਤ ਸਿੰਘ ਅਤੇ ਹੋਰ ਸਿੰਘਾਂ ਦੀ ਸ਼ਹੀਦੀ ਤੇ ਕਨੂੰਨ ਦੀ ਦੁਰਵਰਤੋਂ ੪੧੩
ਸਿੱਖਾਂ ਨੂੰ ਹੱਕ ਦੇਣ ਵਿੱਚ ਹਿੰਦੂਆਂ ਨਾਲੋਂ ਵਿਤਕਰਾ ੪੧੩
ਰਿਹਾਈ ਬਾਰੇ ਗ਼ਲਤ ਪ੍ਰਾਪੇਗੰਡਾ ੪੧੪
ਮੈਂ ਪੈਸੇ ਨਾਲ ਨਹੀਂ ਖਰੀਦਿਆ ਜਾ ਸਕਦਾ - ਸੰਤ ਜਰਨੈਲ ਸਿੰਘ ੪੧੫
ਹਿੰਦੂ ਤੇ ਮੁਸਲਮਾਨ ਦੇ ਲਖਣ ਅਤੇ ਸਿੱਖਾਂ ਦੀ ਵਿਸ਼ੇਸ਼ਤਾ ੪੧੫
ਹਿੰਦੂ ਦੇ ਲੱਖਣ ੪੧੬
ਮੁਸਲਮਾਨ ਦੇ ਲੱਖਣ ੪੧੭
ਸਿੱਖਾਂ ਦੀ ਲੜਾਈ ਕੁਰੀਤੀ ਨਾਲ ੪੧੭
ਫ਼ੋਟੇਪੁਰ, ਜ਼ੀਰਾ, ਸੰਧੂ ਅਤੇ ਜਸਵੰਤ ਸਿੰਘ ਐਡਵੋਕੇਟ ਵੱਲੋਂ ਦੋਸ਼ ੪੧੮

੪੧. ਵਿਆਖਿਆਨ ੩੯ ੪੧੯

ਹਿੰਦੂ ਅਫਸਰਾਂ ਦੀਆਂ ਨਿਯੁਕਤੀਆਂ ੪੧੯
ਸਿੱਖ ਸਟੂਡੈਂਟਸ ਫੈਡਰੇਸ਼ਨ ਉੱਪਰ ਪਾਬੰਦੀ ੪੨੦
ਚੌਧਰੀ ਚਰਨ ਸਿੰਹੁ ਅਤੇ ਵਰਿੰਦਰ ਦੇ ਬਿਆਨ ੪੨੦
ਧਾਰਾ ੨੫ ੪੨੦
ਸਿੱਖਾਂ ਨਾਲ ਵਾਅਦੇ ਕਰਕੇ ਮੁਕਰਨਾ ੪੨੧
ਮੰਗਾਂ ਮੰਨਣ ਦਾ ਝੂਠਾ ਪ੍ਰਾਪੇਗੰਡਾ ੪੨੨
ਸੰਤਾਂ 'ਤੇ ਮੋਰਚੇ ਦਾ ਵਿਰੋਧ ਕਰਨ ਦਾ ਦੋਸ਼ ੪੨੩
ਸ਼ਾਂਤਮਈ ਅਤੇ ਸਿੱਖ ਇਤਿਹਾਸ ੪੨੪
ਅਕਾਲੀ ਦਲ ਦੇ ਪ੍ਰਧਾਨਾਂ ਦਾ ਕੁਰਬਾਨੀ ਤੋਂ ਸੱਖਣਾ ਇਤਿਹਾਸ ੪੨੫

੪੨.	ਵਿਆਖਿਆਨ ੪੦	੪੩੪
	ਸ਼ਸ਼ਤਰਧਾਰੀ ਹੋ ਕੇ ਤਿਆਰ ਬਰ ਤਿਆਰ ਰਹਿਣ ਦੀ ਅਪੀਲ	੪੩੪
	ਦਰਬਾਰ ਸਾਹਿਬ 'ਤੇ ਹਮਲਾ ਹੋਣ ਸਮੇਂ ਜਵਾਬ ਦੇਣ ਦੀ ਅਪੀਲ	੪੩੪
	ਖੁਸ਼ਵੰਤ ਸਿੰਘ ਦੀ ਸਲਾਹ	੪੩੫
	ਸਰਕਾਰ ਅਤੇ ਅਕਾਲੀ ਦਲ ਵਿੱਚ ਸਮਝੌਤੇ ਦੀ ਚਰਚਾ	੪੩੭
	ਹਿੰਦੂ	੪੩੭
੪੩.	ਵਿਆਖਿਆਨ ੪੧	੪੪੦
	ਭਾਈ ਸੁਰਿੰਦਰ ਸਿੰਘ ਸੋਢੀ ਦੇ ਕਤਲ ਕਾਰਨ ਪੈਦਾ ਹੋਈ ਸਥਿਤੀ	੪੪੦
	ਲੌਂਗੋਵਾਲ ਦਾ ਸੰਤ ਜਰਨੈਲ ਸਿੰਘ 'ਤੇ ਝੂਠਾ ਦੋਸ਼	੪੪੨
	ਗੁਰਚਰਨ ਸਿੰਹੁ ਸਕੱਤਰ ਸ਼੍ਰੋਮਣੀ ਅਕਾਲੀ ਦਲ 'ਤੇ ਗੋਲੀ ਚੱਲਣ ਦਾ ਝੂਠਾ ਪ੍ਰਚਾਰ	੪੪੨
	ਸੰਤਾਂ ਨੂੰ ਮੰਜੀ ਸਾਹਿਬ ਵਿਖੇ ਬੋਲਣ ਤੋਂ ਰੋਕਣ ਲਈ ਲੌਂਗੋਵਾਲ ਦੀ ਅਪੀਲ	੪੪੨
	ਲੌਂਗੋਵਾਲ ਵੱਲੋਂ ਸੰਤ ਜਰਨੈਲ ਸਿੰਘ 'ਤੇ ਝੂਠਾ ਦੋਸ਼	੪੪੩
	ਸੰਧੂ, ਫੋਟੇਪੁਰ, ਜ਼ੀਰਾ, ਜਸਵੰਤ ਸਿੰਘ ਐਡਵੋਕੇਟ ਦਾ ਸੰਤ ਜਰਨੈਲ ਸਿੰਘ 'ਤੇ ਦੋਸ਼	੪੪੩
	ਸੁਰਿੰਦਰ ਸਿੰਘ ਸੋਢੀ ਦਾ ਕਤਲ	੪੪੪
	ਇਸ਼ਤਿਹਾਰ ਰਾਹੀਂ ਪੁੱਛੇ ਸਵਾਲਾਂ ਬਾਰੇ ਸੰਤ ਜਰਨੈਲ ਸਿੰਘ ਦਾ ਪ੍ਰਤੀਕਰਮ	੪੪੪
	ਬਾਦਲ ਦੀ ਲੜਕੀ ਦਾ ਕੈਰੋਂ ਪਰਿਵਾਰ ਨਾਲ ਵਿਆਹ	੪੪੬
	ਲੌਂਗੋਵਾਲ ਵੱਲੋਂ ਸੰਤ ਜਰਨੈਲ ਸਿੰਘ 'ਤੇ ਸਰਕਾਰੀ ਬੋਲੀ ਬੋਲਣ ਦਾ ਦੋਸ਼	੪੪੮
	'ਅਕਾਲੀ' ਤੇ 'ਕਾਲੀ' ਦਾ ਫਰਕ	੪੪੮
	ਅਕਾਲੀ ਲੀਡਰਾਂ ਨੇ ਗਾਂਧੀ ਦੀ ਸਮਾਧੀ 'ਤੇ ਸਹੁੰ ਚੁੱਕਣੀ	੪੪੯
	ਰਹਿਤ ਵਿੱਚ ਪਰਪੱਕ ਹੋਣ ਦੀ ਅਪੀਲ	੪੪੯
	ਸੋਢੀ ਕਤਲ ਕਾਂਡ ਵਿੱਚ ਭਾਟੀਏ ਦਾ ਹੱਥ	੪੫੦
	ਭਾਨ ਸਿੰਘ ਕਮੇਟੀ ਨੂੰ ਅਪੀਲ	੪੫੧
੪੪.	ਵਿਆਖਿਆਨ ੪੨	੪੫੩
	ਗੁਰੂ ਰਾਮਦਾਸ ਲੰਗਰ ਦੀ ਕੰਧ 'ਤੇ ਗੋਲੀ ਵੱਜਣੀ	੪੫੩
	ਦਰਬਾਰ ਸਾਹਿਬ 'ਤੇ ਹਮਲੇ ਦਾ ਜਵਾਬ ਦੇਣ ਦੀ ਅਪੀਲ	੪੫੩
	ਗੰਗਾ ਨਗਰ ਵਿੱਚ ਸਿੱਖਾਂ ਦੀ ਤਲਾਸ਼ੀ	੪੫੪

ਹੁਕਮਨਾਮੇ ਦੀ ਉਲੰਘਣਾ ਕਰਨ ਵਾਲਿਆਂ ਤੋਂ ਬਚ ਕੇ ਰਹਿਣ ਦੀ ਅਪੀਲ ੪੫੪
ਸੰਧੂ, ਜੀਰਾ, ਫੋਟੇਪੁਰ ਅਤੇ ਜਸਵੰਤ ਸਿੰਘ ਐਡਵੋਕੇਟ ਦਾ ਬਿਆਨ ੪੫੪
ਭਾਨ ਸਿੰਘ ਕਮੇਟੀ ਦੁਆਰਾ ਗੁਰਚਰਨ ਸਿੰਹੁ ਸਕੱਤਰ, ਸੋਢੀ ਕਤਲ ਕਾਂਡ ਵਿੱਚੋਂ ਬਰੀ ੪੫੫
ਇਕਬਾਲ ਸਿੰਘ ਫਾਜਲੇ 'ਤੇ ਏਜੰਟ ਹੋਣ ਦਾ ਦੋਸ਼ ੪੫੬
ਸਿੰਘ ਸਾਹਿਬਾਨ ਦੀ ਕਮੇਟੀ ਵੱਲੋਂ ਸੱਚ ਕਹਿਣ ਤੋਂ ਨਾਂਹ ੪੫੬
ਸਿੰਘ ਸਾਹਿਬਾਨ ਅਤੇ ਭਾਨ ਸਿੰਘ ਕਮੇਟੀ ਨੂੰ ਸਵਾਲ ੪੫੭
ਪਠਾਨਕੋਟ ਤੋਂ ਲੈ ਕੇ ਰਾਜਿਸਥਾਨ ਤੱਕ ਸਿੱਖਾਂ ਦੇ ਘਰਾਂ ਦੀ ਤਲਾਸ਼ੀ ਦੀ ਸਕੀਮ ੪੬੫
ਅਕਾਲੀ ਦਲ ਵੱਲੋਂ ਨਾ-ਮਿਲਵਰਤਣ ਪ੍ਰੋਗਰਾਮ ਦਾ ਐਲਾਨ ੪੬੬
ਮੰਜੀ ਸਾਹਿਬ ਦੀਵਾਨ ਹਾਲ ਵਿਖੇ ਬੋਲਣ 'ਤੇ ਪਾਬੰਦੀ ੪੬੮
ਭਾਨ ਸਿੰਘ ਦਾ ਝੂਠ ੪੬੯
ਸੁੱਖਾ ਸਿੰਘ ਨੂੰ ਮਾਰਨ ਦੀ ਸਾਜ਼ਿਸ਼ ਬਣਾਉਣ ਦਾ ਦੋਸ਼ ੪੬੯
ਗੁਰਚਰਨ ਸਿੰਹੁ ਸਕੱਤਰ ਦੀ ਸੰਤ ਜਰਨੈਲ ਸਿੰਘ ਨੂੰ ਮਰਵਾਉਣ ਦੀ ਸਾਜ਼ਿਸ਼ ੪੭੦
ਛਿੰਦੇ ਦੀ ਰਖੇਲ ਵੱਲੋਂ ਸੰਤ ਜਰਨੈਲ ਸਿੰਘ ਨੂੰ ਮਾਰਨ ਦੀ ਕੋਸ਼ਿਸ਼ ੪੭੦
੧੦੨ ਨੰਬਰ ਕਮਰਾ ਗੁਰਚਰਨ ਸਿੰਹੁ ਸਕੱਤਰ ਦੇ ਨਾਂਅ ੪੭੦
ਲੌਂਗੋਵਾਲ ਵੱਲੋਂ ਸੰਤ ਜਰਨੈਲ ਸਿੰਘ 'ਤੇ ਮਾਇਆ ਇਕੱਠੀ ਕਰਨ ਦਾ ਦੋਸ਼ ੪੭੧
ਭਾਈ ਤਲਵਿੰਦਰ ਸਿੰਘ ਦੀ ਗ੍ਰਿਫ਼ਤਾਰੀ ੪੭੧
ਸਿੰਘ ਸਾਹਿਬਾਨ ਦਾ ਝੂਠ ੪੭੨
ਸੰਤਾਂ ਦੀ ਪੰਜ ਸਿੰਘ ਸਾਹਿਬਾਨ ਨਾਲ ਗੱਲਬਾਤ ੪੭੩
ਸਿੰਘ ਸਾਹਿਬਾਨ ਵੱਲੋਂ ਝੂਠਾ ਬਿਆਨ ੪੭੩
ਚੇਤੋ ਮਸੰਦ ਨੂੰ ਸਜ਼ਾ ਵਾਲੀ ਸਾਖੀ ੪੭੪
ਭਜਨ ਲਾਲ ਬਾਰੇ ਸੰਤ ਜਰਨੈਲ ਸਿੰਘ ਦਾ ਐਲਾਨ ੪੭੫
ਦਰਬਾਰ ਸਾਹਿਬ 'ਤੇ ਹਮਲਾ ਹੋਣ ਸਮੇਂ ਬਦਲਾ ਲੈਣ ਦੀ ਅਪੀਲ ੪੭੬
੪੫. ਵਿਆਖਿਆਨ ੪੩ ੪੭੭
ਬੀਬੀ ਰਜਿੰਦਰ ਕੌਰ ਦਾ ਸੰਤਾਂ ਵਿਰੁੱਧ ਪ੍ਰਚਾਰ ੪੭੭
੪੬. ਵਿਆਖਿਆਨ ੪੪ ੪੮੬
ਭਾਈ ਅਮਰੀਕ ਸਿੰਘ ਦੀ ਰਿਹਾਈ ਸਮੇਂ ਮੋਰਚਾ ਜਾਰੀ ਰੱਖਣ ਦਾ ਐਲਾਨ ੪੮੬

ਅੰਮ੍ਰਿਤ ਇੱਕ ਹੀ ਹੈ ੪੮੭
ਸ਼ਹੀਦਾਂ ਅਤੇ ਜੇਲ੍ਹਾਂ 'ਚੋਂ ਆਏ ਸਿੰਘਾਂ ਦਾ ਧਨਵਾਦ ੪੮੭
ਵਧੀਆ ਕਵਿਤਾ ਸੁਣਾਉਣ ਵਾਲੇ ਦੇ ਸਨਮਾਨ ਦਾ ਐਲਾਨ ੪੮੮
ਸਾਬਤ ਸੂਰਤ ਰਹਿਣ ਅਤੇ ਨਸ਼ੇ ਛੱਡਣ ਦੀ ਅਪੀਲ ੪੮੯
੪੭. ਮੁਲਾਕਾਤ ੧ ੪੯੦
੪੮. ਮੁਲਾਕਾਤ ੨ ੫੦੪
੪੯. ਮੁਲਾਕਾਤ ੩ ੫੧੮
੫੦. ਮੁਲਾਕਾਤ ੪ ੫੨੨
੫੧. ਮੁਲਾਕਾਤ ੫ ੫੫੦
੫੨. ਅੰਤਿਕਾ ੧ ੫੫੨
੫੩. ਅੰਤਿਕਾ ੨ ੫੫੪
੫੪. ਅੰਤਿਕਾ ੩ ੫੭੯
੫੫. ਅੰਤਿਕਾ ੪ ੫੮੩
੫੬. ਅੰਤਿਕਾ ੫ ੫੮੪
੫੭. ਅੰਤਿਕਾ ੬ ੫੮੬
੫੮. ਅੰਤਿਕਾ ੭ ੫੮੭
੫੯. ਅੰਤਿਕਾ ੮ ੫੯੫
੬੦. ਅੰਤਿਕਾ ੯ ੫੯੮
੬੧. ਅੰਤਿਕਾ ੧੦ ੬੦੧
੬੨. ਟਿੱਪਣੀਆਂ ੬੦੪

15/8/1947 — ਦਿਨ - ਸ਼ੁੱਕਰਵਾਰ.

ਭੂਮਿਕਾ

ਸਿੱਖ ਕੌਮ ਦਾ ਇਤਿਹਾਸ, ਅਣਖੀਲੇ ਜਰਨੈਲਾਂ, ਸਿਰਲੱਥ ਯੋਧਿਆਂ, ਲਾਸਾਨੀ ਸ਼ਹੀਦਾਂ ਅਤੇ ਸੁਹਿਰਦ ਆਗੂਆਂ ਦਾ ਇਤਿਹਾਸ ਹੈ। ਕੌਮ ਦੀ ਤਕਦੀਰ ਘੜਨ ਅਤੇ ਵਤਨ ਦੀ ਤਸਵੀਰ ਸਵਾਰਨ ਲਈ, ਸਿੱਖ ਹਮੇਸ਼ਾਂ ਹੀ ਗਰਜਦੇ ਰਹੇ ਹਨ। ਸੰਵਾਦ ਅਤੇ ਹਥਿਆਰ ਦੋਹਾਂ ਸਾਧਨਾਂ ਨਾਲ ਮਾਰੀਆਂ ਮੱਲਾਂ ਇਤਿਹਾਸ ਦੇ ਸੁਨਾਹਿਰੀ ਕਾਂਡ ਹਨ। ਸਮੇਂ ਦੀ ਸਲਤਨਤ ਅਤੇ ਜਾਂ ਫਿਰ ਕਿਸੇ ਵਾਦ ਨੇ, ਜਦ ਵੀ ਇਸ ਕੌਮ ਦੀ ਅਣਖ ਨੂੰ ਵੰਗਾਰਿਆ ਅਤੇ ਧਰਮ ਵਿੱਚ ਦਖਲ ਦੇਣ ਦੀ ਕੋਸ਼ਿਸ਼ ਕੀਤੀ ਤਾਂ ਸਿੱਖ ਜਰਨੈਲ ਅਤੇ ਆਗੂ ਛਾਤੀਆਂ ਤਾਣ ਕੇ ਤੇ ਸਿਧਾਂਤ ਦਾ ਖੰਡਾ ਫੜ ਕੇ ਅੱਗੇ ਆਣ ਡਟੇ। ਸਰਬੱਤ ਦੇ ਭਲੇ, ਜ਼ੁਲਮ ਦੇ ਨਾਸ, ਮਜ਼ਲੂਮ ਦੀ ਰਾਖੀ, ਧਰਮ ਦੇ ਬੋਲ ਬਾਲੇ, ਕੌਮ ਦੀ ਚੜ੍ਹਦੀ ਕਲਾ ਅਤੇ ਪੰਥ ਦੀ ਗ਼ੈਰਤ ਨੂੰ ਕਾਇਮ ਰੱਖਣ ਲਈ ਅਤੇ ਸਿੱਖ ਸਭਿਆਚਾਰ ਉੱਤੇ ਹੋਏ ਬੇ-ਗਾਨੇ ਸਭਿਆਚਾਰ ਦੇ ਹਮਲੇ ਨੂੰ ਰੋਕਣ ਲਈ, ਸਿਰਲੱਥ ਯੋਧਿਆਂ ਅਤੇ ਵਿਚਾਰਵਾਨਾਂ ਦਾ ਕਾਫ਼ਲਾ ਹਮੇਸ਼ਾਂ ਹੀ ਜੂਝਦਾ ਰਿਹਾ ਹੈ। ਸੂਰਮਿਆਂ ਦੇ ਅਦੁੱਤੀ ਕਾਰਨਾਮਿਆਂ ਦੀਆਂ ਕਹਾਣੀਆਂ ਅਤੇ ਲਾ-ਮਿਸਾਲ ਕੁਰਬਾਨੀਆਂ ਦੇ ਕਿੱਸੇ, ਆਪਣੀ ਮਿਸਾਲ ਆਪ ਹੀ ਹਨ। ਕਦੇ ਬਾਬਾ ਬੰਦਾ ਸਿੰਘ ਬਹਾਦਰ ਨੇ ਤੇਗ਼ ਦਾ ਤੇਜ਼ ਦਿਖਾਇਆ ਅਤੇ ਕਦੇ ਬਾਬਾ ਦੀਪ ਸਿੰਘ ਨੇ ਆਣ ਖੰਡਾ ਖੜਕਾਇਆ। ਕਦੇ ਸ. ਕਪੂਰ ਸਿੰਘ ਨੇ ਕੁਫਰ ਦੇ ਗੜ੍ਹ ਤੋੜੇ ਅਤੇ ਕਦੇ ਸ. ਜੱਸਾ ਸਿੰਘ ਨੇ ਜੌਹਰ ਦਿਖਾਏ। ਕਦੇ ਸ. ਰਣਜੀਤ ਸਿੰਘ ਨੇ ਰਣ ਜਿੱਤਿਆ ਅਤੇ ਕਦੇ ਸ. ਫੂਲਾ ਸਿੰਘ ਅਕਾਲੀ ਫੌਲਾਦ ਬਣ ਕੇ ਆਣ ਡਟਿਆ। ਕਦੇ ਸ. ਹਰੀ ਸਿੰਘ ਨਲਵਾ ਨਿੱਤਰਿਆ ਅਤੇ ਕਦੇ ਸ. ਸ਼ਾਮ ਸਿੰਘ, ਸਮ੍ਹਾਂ 'ਤੇ ਆਣ ਪਹੁੰਚਿਆ। ਕਦੇ ਬੱਬਰ ਅਕਾਲੀ ਬੱਬਰ ਸ਼ੇਰ ਵਾਂਗ ਗਰਜੇ ਅਤੇ ਕਦੇ ਸ. ਉਦਮੇ ਸਿੰਘ ਲੰਦਨ ਜਾ ਉਮਡਿਆ। ਊਧਮ

ਨਾਦਰਸ਼ਾਹ ਵਰਗੇ ਨਿਰਦਈ, ਅਬਦਾਲੀ ਵਰਗੇ ਦਰਿੰਦੇ, ਜ਼ਕਰੀਏ ਵਰਗੇ ਜ਼ਰਵਾਣੇ, ਲੱਖਪਤ ਜਿਹੇ ਲਹੂ ਪੀਣੇ ਅਤੇ ਜੱਸਪਤ ਜਿਹੇ ਜ਼ਾਬਰ, ਸਿੰਘਾਂ ਦੀ ਸਿੰਘ ਗਰਜ ਨਾਲ ਗੁੰਮ ਹੋ ਗਏ। ਮੁਗਲੀਆ ਸਲਤਨਤ ਮਸਲੀ ਗਈ ਅਤੇ ਅੰਗਰੇਜ਼ ਸਾਮਰਾਜ ਸੁਨ ਹੋ ਗਿਆ। ਚਨੌਤੀ ਭਰੇ ਹਰ ਸਮੇਂ ਵਿੱਚ ਹੀ ਕਿਸੇ ਨਾ ਕਿਸੇ ਸੂਰਮੇ ਦੀ ਸਿੰਘ ਗਰਜ, ਗਰਜਦੀ ਹੀ ਰਹੀ। ਸੰਵਾਦ ਦੇ ਖੇਤਰ ਵਿੱਚ ਸੰਵਾਦ ਅਤੇ ਮੈਦਾਨੇ ਜੰਗ ਵਿੱਚ ਹਥਿਆਰ, ਮੱਲਾਂ ਮਾਰਦੇ ਹੀ ਰਹੇ।

ਜੇ ਜ਼ਾਲਮਾਂ ਦੀ ਲੜੀ ਵਿੱਚ ਬਾਹਮਣ ਸਾਮਰਾਜ ਬੜਕਾਂ ਮਾਰਨ ਲੱਗਾ ਤਾਂ ਸਿੰਘਾਂ ਦੀ ਕਤਾਰ ਵਿੱਚ ਸੰਤ ਜਰਨੈਲ ਸਿੰਘ ਖ਼ਾਲਸਾ ਆਣ ਗਰਜੇ। ਗ਼ੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜੀ ਅਤੇ ਅਵੇਸਲੇਪਣ ਦੀ ਘੂਕ ਨੀਂਦੇ ਸੁੱਤੀ, ਸਿੱਖ ਕੌਮ ਨੂੰ ਆਣ ਟੁੰਬਿਆ। ਮੈਦਾਨੇ ਜੰਗ ਵਿੱਚ ਜ਼ਾਲਮਾਂ ਦੇ ਆਹੂ ਲਾਹ ਸੁੱਟੇ ਅਤੇ ਸੰਵਾਦ ਦੇ ਖੇਤਰ ਵਿੱਚ ਕਾਇਲ ਕਰਨ ਆਏ, ਖੁਦ ਕਾਇਲ ਹੋ ਕੇ ਗਏ।

ਕੌਮ ਦੇ ਇਸ ਅਣਖ਼ੀਲੇ ਜਰਨੈਲ ਅਤੇ ਸੁਹਿਰਦ ਚਿੰਤਕ ਦਾ ਜਨਮ ੨ ਜੂਨ ੧੯੪੭ ਨੂੰ ਫਰੀਦਕੋਟ ਜ਼ਿਲ੍ਹੇ ਦੀ ਮੋਗਾ ਤਹਿਸੀਲ ਦੇ ਪਿੰਡ ਰੋਡੇ ਵਿੱਚ ਸ. ਜੋਗਿੰਦਰ ਸਿੰਘ ਅਤੇ ਬੀਬੀ ਨਿਹਾਲ ਕੌਰ ਦੇ ਘਰ ਹੋਇਆ। ਇਹ ਉਹ ਸਮਾਂ ਸੀ ਜਦ ਸਿੱਖਾਂ, ਮੁਸਲਮਾਨਾਂ ਅਤੇ ਹਿੰਦੂਆਂ ਦੇ ਸਿਆਸੀ ਭਵਿੱਖ ਦਾ ਫੈਸਲਾ ਹੋ ਰਿਹਾ ਸੀ। ਮਿਸਟਰ ਜਿਨਾਹ ਦੀ ਅਗਵਾਈ ਹੇਠ ਮੁਸਲਮਾਨ ਆਪਣੇ ਵੱਖਰੇ ਆਜ਼ਾਦ ਇਸਲਾਮੀ ਰਾਜ, 'ਪਾਕਿਸਤਾਨ' ਦੀ ਮੰਗ ਕਰ ਰਹੇ ਸਨ ਅਤੇ ਹਿੰਦੂ ਗਾਂਧੀ ਤੇ ਨਹਿਰੂ ਦੀ ਅਗਵਾਈ, ਹੇਠ ਪਾਕਿਸਤਾਨ ਦੀ ਸਥਾਪਨਾ ਦਾ ਵਿਰੋਧ ਕਰਕੇ ਮਜ਼ਬੂਤ ਬਾਹਮਣ ਸਾਮਰਾਜ 'ਹਿੰਦੁਸਤਾਨ' ਕਾਇਮ ਕਰਨਾ ਚਾਹੁੰਦੇ ਸਨ, ਪਰ ੮੫% ਕੁਰਬਾਨੀਆਂ ਕਰਨ ਵਾਲੀ ਸਿੱਖ ਕੌਮ, ਕਿਸੇ ਸੁਹਿਰਦ ਤੇ ਦੂਰ ਅੰਦੇਸ਼ ਆਗੂ ਤੋਂ ਸੱਖਣੀ, ਬੂਹੇ ਆਈ ਆਜ਼ਾਦੀ ਨੂੰ ਠੁਕਰਾ ਰਹੀ ਸੀ ਅਤੇ ਅੰਗਰੇਜ਼ ਸਾਮਰਾਜ ਦੇ ਜੂਲੇ ਵਿੱਚੋਂ ਨਿਕਲ ਕੇ ਬਾਹਮਣ ਸਾਮਰਾਜ ਦੀ ਪੰਜਾਲੀ ਵਿੱਚ ਸਿਰ ਦੇ ਰਹੀ ਸੀ। ਕੌਮ ਦੇ ਭਵਿੱਖ ਨੂੰ ਸੰਵਾਰਨ ਦੀ ਤਮੰਨਾ ਰੱਖਣ ਵਾਲਾ ਕੌਮ ਦਾ ਇਹ ਜਰਨੈਲ ਅਜੇ ਢਾਈ ਮਹੀਨੇ ਦਾ ਹੀ ਸੀ ਕਿ ਸਿੱਖ ਆਗੂਆਂ ਨੇ ਸਿੱਖ ਕੌਮ ਦੀ ਕਿਨਾਰੇ ਪਹੁੰਚੀ ਬੇੜੀ, ਤੂਫ਼ਾਨੀ ਘੁੰਮਣ ਘੇਰੀਆਂ ਵਿੱਚ ਫਸਾ ਕੇ ਡੋਬ ਦਿੱਤੀ ਅਤੇ ਸਿੱਖ ਗੋਰੇ ਦੀ ਗ਼ੁਲਾਮੀ ਵਿੱਚੋਂ ਨਿਕਲ ਕੇ, ਹਿੰਦੂ ਦੀ ਗ਼ੁਲਾਮੀ ਵਿੱਚ ਫਸ ਗਏ। ਸਦੀਆਂ ਤੋਂ ਗ਼ੁਲਾਮ ਚਲੇ ਆ ਰਹੇ ਹਿੰਦੂ ਨੇ ਸਤਾ ਸੰਭਾਲਦਿਆਂ ਹੀ ਸਿੱਖ ਕੌਮ ਨੂੰ ਜ਼ਰਾਇਮ ਪੇਸ਼ਾ ਕੌਮ ਹੋਣ ਦਾ ਫਤਵਾ ਦਿੱਤਾ ਅਤੇ ਕਾਂਗਰਸ ਦੇ ਲਾਰਿਆਂ ਅਤੇ ਲਾਲਚ ਵਿੱਚ ਆ ਕੇ ਕੌਮ ਦੇ ਪੈਰਾਂ 'ਤੇ ਕੁਹਾੜਾ ਮਾਰਨ ਵਾਲੇ ਸਿੱਖ ਆਗੂਆਂ ਨੂੰ ਮੁਸਲਮਾਨ ਆਗੂਆਂ ਦੀ ਕਹੀ ਹੋਈ ਗੱਲ, 'ਤੁਸੀਂ ਗ਼ੁਲਾਮ ਹਿੰਦੂ ਨੂੰ ਦੇਖਿਆ ਹੈ ਆਜ਼ਾਦ ਨੂੰ ਨਹੀਂ।' ਕੰਨਾਂ ਵਿੱਚ ਗੂੰਜਣ ਲੱਗੀ। ਰਹਿੰਦੀ ਕਸਰ ਉਸ ਦਿਨ ਨਿਕਲ ਗਈ ਜਦ ਨਹਿਰੂ ਨੂੰ ਸਿੱਖਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਲਈ ਕਹਿਣ ਤੇ ਜਵਾਬ ਮਿਲਿਆ, 'ਕਿ ਹੁਣ ਸਮਾਂ ਬਦਲ ਚੁੱਕਾ ਹੈ।' ਹਿੰਦੂ ਸਾਮਰਾਜ ਦੀ ਸਤਾ ਦਾ ਪੂਰਾ ਅਹਿਸਾਸ ਉਸ ਦਿਨ ਹੋਇਆ, ਜਦ ਸਿੱਖ ਆਗੂ ਮਾਸਟਰ ਤਾਰਾ ਸਿੰਘ ਨੂੰ ਰੋਸ-ਮੁਜ਼ਾਹਰਾ ਕਰਨ ਲਈ ਦਿੱਲੀ ਜਾਂਦਿਆਂ, 'ਨਾਰਲੇ' ਦੇ ਸਟੇਸ਼ਨ 'ਤੇ ਗੱਡੀ 'ਚੋ ਲਾਹ ਕੇ ਜੇਲ੍ਹ ਵਿੱਚ ਬੰਦ ਕਰ ਦਿੱਤਾ। ਫਿਰ 'ਤਾਲੂੰ ਖੁੱਥੀ ਤੂੰਬੜੀ ਬੋਲੇ ਤਾਲ ਬੇਤਾਲ' ਦੀ ਤਰ੍ਹਾਂ ਕਦੇ ਕਿਸੇ ਮੰਗ ਲਈ ਅਤੇ ਕਦੇ ਕਿਸੇ ਮੰਗ ਲਈ ਮੋਰਚੇ ਲਾ ਕੇ, ਕੌਮ ਦੀ ਸ਼ਕਤੀ ਨੂੰ

ਅਜਾਈਂ ਗੁਆਇਆ ਗਿਆ। ਕਦੇ ਜਨਸੰਘੀਆਂ ਨਾਲ ਅਤੇ ਕਦੇ ਕਮਿਊਨਿਸ਼ਟਾਂ ਨਾਲ ਗ਼ੈਰ ਸਿਧਾਂਤਿਕ ਸਮਝੌਤੇ ਤੇ ਸੰਧੀਆਂ ਕਰਕੇ, ਕੌਮ ਦੀ ਗ਼ੈਰਤ ਰੋਲੀ ਅਤੇ ਕਦੇ ਸਤਾ ਹਾਸਲ ਕਰਨ ਦੀ ਲਾਲਸਾ ਪੂਰੀ ਕਰਨ ਲਈ ਕੌਮ ਵਿੱਚ ਫੁੱਟ ਦਾ ਬੂਟਾ ਲਾਇਆ। ਖ਼ਾਲਸਾਈ ਸਿਧਾਂਤਾ ਅਤੇ ਪੰਥਕ ਰਵਾਇਤਾਂ ਨੂੰ ਤਿਲਾਂਜਲੀ ਦੇ ਕੇ, ਗਾਂਧੀਵਾਦੀ ਸਿਧਾਂਤਾ ਨੂੰ ਅਪਣਾ ਲਿਆ ਗਿਆ ਅਤੇ ਕਦੇ ਮਰਨ ਵਰਤ ਰੱਖ ਕੇ ਤੇ ਕਦੇ ਸੜ ਮਰਨ ਦੀਆਂ ਗੱਲਾਂ ਕਰਕੇ, ਅਰਦਾਸੇ ਤੋੜੇ ਅਤੇ ਕੌਮ ਦੀ ਖਿੱਲੀ ਉਡਾਈ ਗਈ। ਪੰਜਾਬੀ ਸੂਬਾ ਬਣਾਉਦੇ-ਬਣਾਉਦੇ, ਪੰਜਾਬ ਦੇ ਜ਼ਰਖੇਜ਼ ਇਲਾਕੇ ਵੀ ਹਿਮਾਚਲ, ਹਰਿਆਣੇ ਅਤੇ ਰਾਜਿਸਥਾਨ ਨੂੰ ਦੇ ਬੈਠੇ। ਹਰ ਮੋਰਚੇ ਵਿੱਚ ਹੀ ਜਿੱਤੀ ਬਾਜ਼ੀ ਹਾਰ ਕੇ ਕੌਮ ਦੀ ਸ਼ਕਤੀ ਅੰਜਾਈ ਗਵਾਉਦੇ ਤੇ ਖਵਾਰ ਕਰਦੇ ਰਹੇ। ਕੌਮ, ਅਕਾਲੀ ਆਗੂਆਂ ਦੀਆਂ ਚਾਲ-ਬਾਜ਼ੀਆਂ, ਲਾਲਸਾਵਾਂ, ਧੋਖੇ-ਬਾਜ਼ੀਆਂ, ਖਹਿ-ਬਾਜ਼ੀਆਂ ਤੇ ਮੌਕਾ ਪ੍ਰਸਤੀ ਤੋਂ ਨਿਰਾਸ਼ ਹੋ ਕੇ ਤੇ ਤੰਗ ਆ ਕੇ, ਦੇਹਧਾਰੀ ਦੰਭ ਵਿੱਚ ਫਸਣ ਅਤੇ ਨਾਸਤਿਕ ਸੋਚ ਅਪਨਾਉਣ ਲੱਗ ਪਈ। ਸਿੱਖ, ਧਾਰਮਿਕ, ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਹਰ ਖੇਤਰ ਵਿੱਚ ਪਛੜ ਗਏ ਅਤੇ ਗੁਰਮਤਿ ਦੀਆਂ ਉੱਚੀਆਂ ਸੁੱਚੀਆਂ ਕਦਰਾਂ ਕੀਮਤਾਂ ਨੂੰ ਹਿਰਦੇ ਵਿੱਚ ਵਸਾਉਣ ਦੀ ਥਾਂ, ਬੁਰਾਈਆਂ ਦਾ ਸ਼ਿਕਾਰ ਹੋਣ ਲੱਗ ਪਏ। ਕੌਮ ਦੀਆਂ ਨਜ਼ਰਾਂ ਵਿੱਚ ਸਿੱਖ ਸਿਆਸਤਦਾਨਾਂ ਅਤੇ ਧਾਰਮਿਕ ਆਗੂਆਂ ਦਾ ਵਕਾਰ ਡਿੱਗ ਪਿਆ ਅਤੇ ਭਵਿੱਖ ਧੁੰਦਲਾ ਹੋ ਗਿਆ।

ਕੌਮ ਦੇ ਹਰ ਖੇਤਰ ਵਿੱਚ ਆਈਆਂ ਕਮਜ਼ੋਰੀਆਂ, ਦੇਹਧਾਰੀ ਦੰਭ ਅਤੇ ਨਾਸਤਿਕਵਾਦ ਆਦਿ ਚਨੌਤੀਆਂ ਸੰਤ ਜਰਨੈਲ ਸਿੰਘ ਨੂੰ ਵਿਰਸੇ ਵਿੱਚ ਹੀ ਮਿਲੀਆਂ। ਕੌਮੀ ਕਮਜ਼ੋਰੀਆਂ ਨੂੰ ਦੂਰ ਕਰਨਾ ਅਤੇ ਦੇਹਧਾਰੀ ਦੰਭ ਤੇ ਨਾਸਤਿਕਵਾਦ ਦਾ ਮੁਕਾਬਲਾ ਕਰਨਾ, ਮਮੂਲੀ ਗੱਲਾਂ ਨਹੀਂ ਸਨ। ਇਸ ਕੌਮੀ ਕਾਰਜ ਨੂੰ ਸਿਰੇ ਚੜ੍ਹਾਉਣ ਲਈ ਮਰਨਾ ਮੰਡ ਕੇ ਤੁਰਨ ਦੀ ਲੋੜ ਸੀ। ਲੀਹੋਂ ਲੱਥੇ ਸਿੱਖ ਸਿਆਸਤਦਾਨ ਅਤੇ ਧਾਰਮਿਕ ਆਗੂ, ਪੈਰ-ਪੈਰ ਦਾ ਰੋੜਾ ਬਣ ਚੁੱਕੇ ਸਨ। ਬਾਹਮਣ ਸਾਮਰਾਜ, ਸਿੱਖ ਕੌਮ ਦੀ ਨਸਲਕੁਸ਼ੀ ਕਰਨ ਅਤੇ ਕਮਿਊਨਿਸਟ, ਧਰਮ ਨੂੰ ਨਿਗਲ ਜਾਣ 'ਤੇ ਤੁਲੇ ਹੋਏ ਸਨ। ਦੇਹਧਾਰੀ ਪਾਖੰਡੀ ਸਰਕਾਰ ਦੇ ਇਸ਼ਾਰੇ 'ਤੇ ਗੁਰਮਤਿ ਦੇ ਰਾਹਾਂ ਵਿੱਚ ਕੰਡੇ ਖਿਲਾਰਨ ਲਈ ਹਰ ਵੇਲੇ ਤਿਆਰ ਸਨ। ਕੌਮੀ ਦਰਦ ਰੱਖਣ ਵਾਲੇ ਸਿੱਖ ਆਗੂ ਨੂੰ ਬਦਨਾਮ ਕਰਨ ਦਾ ਸਰਕਾਰੀ ਜ਼ਾਲ੍ਹ ਵੀ ਪੈਰ-ਪੈਰ 'ਤੇ ਵਿਛਿਆ ਹੋਇਆ ਸੀ, ਪਰ ਸੰਤ ਜਰਨੈਲ ਸਿੰਘ ਨੇ ਇਹਨਾਂ ਸਾਰੀਆਂ ਚਨੌਤੀਆਂ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ ਅਤੇ ਸੰਘਰਸ਼ ਕਰਨ ਲਈ ਆਪਣੀ ਜ਼ਿੰਮੇਵਾਰੀ ਸੰਭਾਲ ਲਈ।

ਸੰਤ ਜਰਨੈਲ ਸਿੰਘ ਨੂੰ ਕੌਮ ਦੀ ਇਹ ਜ਼ਿੰਮੇਵਾਰੀ ਸੰਤ ਕਰਤਾਰ ਸਿੰਘ ਦੇ ਮਿਤੀ ੧੬-੦੮-੧੯੭੭ ਨੂੰ ਐਕਸੀਡੈਂਟ ਕਾਰਨ ਹੋਏ ਅਕਾਲ ਚਲਾਣੇ

ਸ਼ਹੀਦੀ

ਕਾਰਨ ਸੌਂਪੀ ਗਈ। ਮਿਤੀ ੨੦-੦੯-੧੯੬੭ ਨੂੰ ਦਮਦਮੀ ਟਕਸਾਲ ਦੀਆਂ ਰਵਾਇਤਾਂ ਅਨੁਸਾਰ ਸੰਤ ਜਰਨੈਲ ਸਿੰਘ ਦੀ ਦਸਤਾਰ ਬੰਦੀ ਹੋਈ ਅਤੇ ੩੦ ਸਾਲ ਦੀ ਉਮਰ ਵਿੱਚ ਦਮਦਮੀ ਟਕਸਾਲ ਦਾ ਮੁਖੀ ਥਾਪਿਆ ਗਿਆ। ਧਾਰਮਿਕ ਮਾਹੌਲ ਵਿੱਚ ਪਲਿਆ ਅਤੇ ਨਾਮ ਰੰਗ ਵਿੱਚ ਰੰਗਿਆ ਇਹ ਕੌਮੀ ਜਰਨੈਲ, ਸੰਤ ਸਿਪਾਹੀ ਦੇ ਰੂਪ 'ਚ ਮੈਦਾਨ ਵਿੱਚ ਨਿਤਰਿਆ ਅਤੇ ਸਿੱਖ ਕੌਮ ਦੇ ਹਰ ਖੇਤਰ ਵਿੱਚ ਆ ਚੁੱਕੀਆਂ ਕਮਜ਼ੋਰੀਆਂ ਨੂੰ ਦੂਰ ਕਰਨ ਦੀ ਮੁਹਿੰਮ ਸ਼ੁਰੂ ਕਰ ਦਿੱਤੀ।

(ਬਚਪਨ ਤੋਂ ਹੀ ਦਮਦਮੀ ਟਕਸਾਲ ਵਿੱਚ ਰਹਿ ਕੇ, ਸੰਤ ਗੁਰਬਚਨ ਸਿੰਘ ਅਤੇ ਸੰਤ ਕਰਤਾਰ ਸਿੰਘ ਤੋਂ ਧਾਰਮਿਕ ਵਿਦਿਆ ਪ੍ਰਾਪਤ ਕੀਤੀ ਹੋਣ ਸਦਕਾ, ਸੰਤ ਜਰਨੈਲ ਸਿੰਘ ਉੱਚ ਕੋਟੀ ਦਾ ਪ੍ਰਚਾਰਕ ਅਤੇ ਦਿਲਾਂ ਨੂੰ ਟੁੰਬਣ ਵਾਲਾ ਬੁਲਾਰਾ ਪਹਿਲਾਂ ਹੀ ਸੀ। ਟਕਸਾਲ ਦੇ ਮੁਖੀ ਦੀ ਜ਼ਿੰਮੇਵਾਰੀ ਸੰਭਾਲਦਿਆਂ ਹੀ ਸੰਤ ਜਰਨੈਲ ਸਿੰਘ ਨੇ ਸਿੱਖ ਕੌਮ ਵਿੱਚੋਂ ਪਤਿਤਪੁਣੇ ਦੀ ਬੁਰਾਈ ਨੂੰ ਦੂਰ ਕਰਨ ਲਈ ਪ੍ਰਚਾਰ ਵਹੀਰ ਆਰੰਭ ਦਿੱਤੀ।)

ਜਟਕੀ ਬੋਲੀ ਵਿੱਚ ਸੰਤ ਜਰਨੈਲ ਸਿੰਘ ਦੇ ਗੁਰਮਤਿ ਵਿਆਖਿਆਨ ਸਰੋਤਿਆਂ ਨੂੰ ਕੀਲ ਲੈਂਦੇ ਅਤੇ ਦਿਲ 'ਤੇ ਗਹਿਰਾ ਘਾਉ ਕਰਦੇ। ਵਿਆਖਿਆਨ ਸੁਣ ਕੇ ਸਰੋਤੇ ਪਤਿਤਪੁਣੇ ਦੀ ਜੂਠ ਉਤਾਰ ਕੇ ਅਤੇ ਨਸ਼ਿਆਂ ਦਾ ਤਿਆਗ ਕਰਕੇ ਵੱਡੀ ਗਿਣਤੀ ਵਿੱਚ ਅੰਮ੍ਰਿਤਪਾਨ ਕਰਨ ਲੱਗ ਪਏ। ੬ ਮਹੀਨਿਆਂ ਵਿੱਚ ਹੀ ਵੱਡੀ ਗਿਣਤੀ ਵਿੱਚ ਖੁੱਲੇ ਦਾਹੜੇ ਅਤੇ ਗਾਤਰੇ ਕ੍ਰਿਪਾਨਾਂ ਵਾਲੇ ਅੰਮ੍ਰਿਤਧਾਰੀ ਸਿੰਘ ਹਰ ਪਾਸੇ ਦਿਖਾਈ ਦੇਣ ਲੱਗ ਪਏ।

ਅੰਮ੍ਰਿਤ ਦੀ ਲਹਿਰ ਪ੍ਰਚੰਡ ਕਰਨ ਤੋਂ ਬਾਅਦ, ਸੰਤ ਜਰਨੈਲ ਸਿੰਘ ਨੇ ਦੇਹਧਾਰੀ ਦੰਭ ਅਤੇ ਨਾਸਤਿਕਵਾਦ ਦੇ ਵਧ ਰਹੇ ਪ੍ਰਭਾਵ ਨੂੰ ਠੱਲ ਪਾਉਣ ਦਾ ਪ੍ਰੋਗਰਾਮ ਉਲੀਕਿਆ। ਸਰਕਾਰੀ ਸ਼ਹਿ ਤੇ ਪਲ ਰਹੇ ਨਿਰੰਕਾਰੀ, ਸ਼ਬਦ ਗੁਰੂ ਦੇ ਸਿਧਾਂਤ, ਪੰਜ ਪਿਆਰਿਆਂ ਦੀ ਪ੍ਰੰਪਰਾ ਅਤੇ ਸਿੱਖ ਧਰਮ ਦਾ ਮਖੌਲ ਉਡਾ ਰਹੇ ਸਨ। ਨਿਰੰਕਾਰੀ ਮੁਖੀ ਗੁਰਬਚਨ ਸਿੰਘ ਨੇ ਸਿੱਖ ਧਰਮ ਵਿਰੋਧੀ ਆਪਣੇ ਪ੍ਰਪੰਚ ਨੂੰ ਅੱਗੇ ਵਧਾਉਂਦਿਆਂ ਸਿੱਖਾਂ ਦੇ ਧਾਰਮਿਕ ਸ਼ਹਿਰ ਅੰਮ੍ਰਿਤਸਰ ਅਤੇ ਇਤਿਹਾਸਕ ਦਿਨ ਵਿਸਾਖੀ ਨੂੰ ਚੁਣਿਆ। ਉਸ ਦੇ ਇਸ਼ਤਿਹਾਰ ਦਰਬਾਰ ਸਾਹਿਬ ਕੰਪਲੈਕਸ ਦੀਆਂ ਕੰਧਾਂ 'ਤੇ ਵੀ ਚਿਪਕਾਏ ਗਏ। ਜਦ ਇਹ ਇਸ਼ਤਿਹਾਰ ਸੰਤ ਜਰਨੈਲ ਸਿੰਘ ਦੀ ਨਜ਼ਰੀਂ ਪਏ ਤਾਂ ਉਹਨਾਂ ਦੇ ਦਿਲ ਵਿੱਚ ਰੋਹ ਜਾਗ ਪਿਆ। ਉਧਰੋਂ ਇੱਕ ਸਿੰਘ ਨੇ, ਨਿਰੰਕਾਰੀਆਂ ਵੱਲੋਂ ਅੰਮ੍ਰਿਤਸਰ ਸ਼ਹਿਰ ਵਿੱਚ ਜਲੂਸ ਕੱਢ ਕੇ ਸਿੱਖ ਪ੍ਰੰਪਰਾਵਾਂ ਦੇ ਕੀਤੇ ਜਾ ਰਹੇ ਨਿਰਾਦਰ ਬਾਰੇ ਵੀ ਸੰਤ ਜਰਨੈਲ ਸਿੰਘ ਨੂੰ ਆਣ ਦੱਸਿਆ। ਉਹ ਤੁਰੰਤ ਦੀਵਾਨ ਹਾਲ ਮੰਜੀ ਸਾਹਿਬ ਪੁੱਜੇ ਅਤੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਅਤੇ ਮਾਲ ਮੰਤਰੀ ਪੰਜਾਬ, ਜਥੇਦਾਰ ਜੀਵਨ ਸਿੰਘ ਉਮਰਾਨੰਗਲ ਤੋਂ ਮੰਗ

ਕੀਤੀ ਕਿ ਨਿਰੰਕਾਰੀਆਂ ਨੂੰ ਸਿੱਖ ਧਰਮ ਵਿਰੁੱਧ ਪ੍ਰਚਾਰ ਕਰਨ ਤੋਂ ਰੋਕਿਆ ਜਾਵੇ, ਪਰ ਉਮਰਾਨੰਗਲ ਨੇ ਜਵਾਬ ਦਿੱਤਾ ਕਿ ਨਿਰੰਕਾਰੀ ਸਰਕਾਰ ਤੋਂ ਆਗਿਆ ਲੈ ਕੇ ਹੀ ਸਮਾਗਮ ਕਰ ਰਹੇ ਹਨ ਅਤੇ ਮੈਂ ਇਸ ਨੂੰ ਨਹੀਂ ਰੋਕ ਸਕਦਾ। ਸੰਤ ਜਰਨੈਲ ਸਿੰਘ ਨੇ ਦੋਬਾਰਾ ਮਾਈਕ 'ਤੇ ਆ ਕੇ ਕਿਹਾ ਕਿ ਜੇ ਨਿਰੰਕਾਰੀਆਂ ਦੇ ਸਮਾਗਮ ਨੂੰ ਨਹੀਂ ਰੋਕਿਆ ਜਾ ਸਕਦਾ ਤਾਂ ਜ਼ਿਲ੍ਹਾ ਅਧਿਕਾਰੀ ਉਹਨਾਂ ਨੂੰ ਸਿੱਖੀ ਵਿਰੋਧੀ ਪ੍ਰਚਾਰ ਕਰਨ ਤੋਂ ਤਾਂ ਰੋਕ ਸਕਦੇ ਹਨ, ਪਰ ਉਮਰਾਨੰਗਲ ਨੇ ਜਵਾਬ ਦਿੱਤਾ ਕਿ ਜ਼ਿਲ੍ਹਾ ਅਧਿਕਾਰੀ ਮੇਰੀ ਗੱਲ ਹੀ ਨਹੀਂ ਮੰਨਦੇ। ਉਮਰਾਨੰਗਲ ਦਾ ਕੋਰਾ ਜਵਾਬ ਸੁਣ ਕੇ, ਸੰਤ ਜਰਨੈਲ ਸਿੰਘ ਦੀਵਾਨ 'ਚੋਂ ਉਠ ਪਏ ਅਤੇ ਇਹ ਕਹਿ ਕੇ ਕਿ, 'ਅਸੀਂ ਸਿੱਖ ਧਰਮ ਵਿਰੋਧੀ ਨਿਰੰਕਾਰੀ ਜਲੂਸ ਨੂੰ ਰੋਕਣ ਜਾ ਰਹੇ ਹਾਂ', ਗੁਰੂ ਰਾਮਦਾਸ ਨਿਵਾਸ ਵਿੱਚ ਪਹੁੰਚ ਗਏ। ਸਿੰਘਾਂ ਨਾਲ ਸਲਾਹ ਮਸ਼ਵਰਾ ਕਰਕੇ, ਸੰਤ ਜਰਨੈਲ ਸਿੰਘ ਨੇ ਨਿਰੰਕਾਰੀ ਪ੍ਰਪੰਚ ਨੂੰ ਰੋਕਣ ਲਈ ਜਾਣ ਵਾਲੇ ਜਥੇ ਦੀ ਅਗਵਾਈ ਖੁਦ ਕਰਨ ਦੀ ਇੱਛਾ ਪ੍ਰਗਟਾਈ, ਪਰ ਟਕਸਾਲ ਦੇ ਸੂਝਵਾਨ ਸਿੰਘਾਂ ਨੇ ਦੂਰ ਅੰਦੇਸ਼ੀ ਸੋਚ ਸੋਚਦਿਆਂ, ਸੰਤਾਂ ਨੂੰ ਖੁਦ ਜਾਣ ਤੋਂ ਰੋਕਿਆ। ਸੰਤ ਜਰਨੈਲ ਸਿੰਘ ਜਦ ਸਿੰਘਾਂ ਵੱਲੋਂ ਰੋਕਣ 'ਤੇ ਵੀ ਜਥੇ ਵਿੱਚ ਜਾਣ ਤੋਂ ਪਿੱਛੇ ਹਟਦੇ ਨਾ ਜਾਪੇ ਤਾਂ ਫਿਰ ਸਿੰਘਾਂ ਨੇ ਪੰਜਾਂ ਪਿਆਰਿਆ ਦੀ ਪ੍ਰੰਪਰਾ ਦੀ ਵਰਤੋਂ ਕਰਨ ਦਾ ਫੈਸਲਾ ਸੁਣਾਇਆ। ਜਿਸ 'ਤੇ ਸੰਤ ਜਰਨੈਲ ਸਿੰਘ ਨੂੰ ਆਪਣਾ ਫੈਸਲਾ ਤਿਆਗਣਾ ਪਿਆ ਅਤੇ ਦਮਦਮੀ ਟਕਸਾਲ ਤੇ ਅਖੰਡ ਕੀਰਤਨੀ ਜਥੇ ਦੇ ਸਿੰਘ, ਭਾਈ ਫੌਜਾ ਸਿੰਘ ਸਮੇਤ ਪੰਜ ਸਿੰਘਾਂ ਦੀ ਅਗਵਾਹੀ ਹੇਠ ਰੇਲਵੇ ਕਲੋਨੀ, ਬੀ-ਬਲਾਕ, ਜਿੱਥੇ ਨਿਰੰਕਾਰੀ ਸਮਾਗਮ ਹੋ ਰਿਹਾ ਸੀ, ਵੱਲ ਚੱਲ ਪਏ। ਜਦ ਸਿੰਘਾਂ ਦਾ ਇਹ ਜਥਾ ਨਿਰੰਕਾਰੀ ਸਮਾਗਮ ਨੇੜੇ ਪੁੱਜਾ ਤਾਂ ਸਿਟੀ ਇੰਸਪੈਕਟਰ ਅਨੂਪ ਸਿੰਘ ਅਤੇ ਡੀ.ਐੱਸ.ਪੀ. ਜੋਸ਼ੀ ਨੇ ਜਥੇ ਨੂੰ ਅੱਗੇ ਜਾਣ ਤੋਂ ਰੋਕ ਲਿਆ, ਪਰ ਨਿਰੰਕਾਰੀਆਂ ਨੇ ਇਸ ਜਥੇ 'ਤੇ ਗੋਲੀ ਚਲਾ ਦਿੱਤਾ, ਜਿਸ ਨਾਲ ਭਾਈ ਫੌਜਾ ਸਿੰਘ ਸਮੇਤ ੧੩ ਸਿੰਘ ਸ਼ਹੀਦ ਅਤੇ ੭੯ ਜ਼ਖ਼ਮੀ ਹੋ ਗਏ। ਇਸ ਕਤਲੇਆਮ ਤੋਂ ਬਾਅਦ ਵੀ ਨਿਰੰਕਾਰੀ ਸਮਾਗਮ ਤਿੰਨ ਘੰਟੇ ਚਲਦਾ ਰਿਹਾ ਅਤੇ ਪੁਲਿਸ ਇਸ ਖ਼ੂਨੀ ਕਾਂਡ ਦੇ ਮੁੱਖ ਦੋਸ਼ੀ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਨੂੰ ਗ੍ਰਿਫਤਾਰ ਕਰਨ ਦੀ ਥਾਂ, ਪੰਜਾਬ ਸਰਕਾਰ ਦੀ ਗੱਡੀ ਵਿੱਚ ਬੈਠਾ ਕੇ ਦਿੱਲੀ ਪਹੁੰਚਾ ਆਈ। ੧੩ ਅਪ੍ਰੈਲ ੧੯੭੯ ਦਾ ਸਾਕਾ, ੧੩ ਸਿੰਘਾਂ ਦੀ ਹੀ ਸ਼ਹੀਦੀ ਅਤੇ ੭੯ ਸਿੰਘਾਂ ਦੇ ਹੀ ਜ਼ਖ਼ਮੀ ਹੋਣ ਨਾਲ ਇਤਿਹਾਸਕ ਕਾਂਡ ਬਣ ਗਿਆ।

ਗੁਰੂ ਰਾਮਦਾਸ ਦੀ ਨਗਰੀ ਅੰਮ੍ਰਿਤਸਰ ਵਿੱਚ ਨਿਰੰਕਾਰੀਆਂ ਹੱਥੋਂ ਸਿੰਘਾਂ ਦੇ ਡੁੱਲ੍ਹੇ ਇਸ ਲਹੂ ਨੇ ਸਿੱਖ ਜਗਤ ਅੰਦਰ ਜੋਸ਼, ਗੁੱਸੇ ਅਤੇ ਗਮ ਦੀ ਲਹਿਰ ਪੈਦਾ ਕਰ ਦਿੱਤੀ ਅਤੇ ਸਿੱਖ ਇਸ ਭਿਆਨਕ ਖ਼ੂਨੀ ਸਾਕੇ ਨੂੰ ਨਾ

ਰੋਕਣ ਲਈ ਪੰਜਾਬ ਸਰਕਾਰ ਦੇ ਮਾਲ ਮੰਤਰੀ ਅਤੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਜੀਵਨ ਸਿੰਘ ਉਮਰਾਨੰਗਲ ਨੂੰ ਮੁੱਖ ਦੋਸ਼ੀ ਕਹਿਣ ਲੱਗ ਪਏ। ਉਮਰਾਨੰਗਲ ਨੇ ਆਪਣੀ ਇਸ ਬੱਜਰ ਗਲਤੀ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਵਿੱਚ, ਸੰਤ ਜਰਨੈਲ ਸਿੰਘ 'ਤੇ ਜਥਾ ਭੇਜ ਕੇ ਸਿੰਘਾਂ ਨੂੰ ਮਰਵਾਉਣ ਦਾ ਦੋਸ਼ ਲਾਉਣਾ ਸ਼ੁਰੂ ਕਰ ਦਿੱਤਾ ਅਤੇ ਪੰਜਾਬ ਸਰਕਾਰ ਵਿੱਚ ਭਾਈਵਾਲ ਜਨਤਾ ਪਾਰਟੀ ਦੇ ਆਗੂਆਂ ਤੇ ਫਿਰਕੂ ਮਹਾਸ਼ਾ ਪ੍ਰੈੱਸ ਨੇ ਘੱਟ ਗਿਣਤੀ ਦੇ ਧਰਮ ਵਿੱਚ, ਸੰਤ ਜਰਨੈਲ ਸਿੰਘ ਵੱਲੋਂ ਦਖਲ ਦੇਣ ਦੀ ਦੁਹਾਈ ਪਾ ਕੇ, ਉਮਰਾਨੰਗਲ ਦੀ ਪਿੱਠ ਠੋਕਣੀ ਸ਼ੁਰੂ ਕਰ ਦਿੱਤੀ। ਜਦ ਸਿੱਖ ਕੌਮ 'ਤੇ ਇਹਨਾਂ ਪੰਥ ਦੋਖੀਆਂ ਦੇ ਇਸ ਪ੍ਰਚਾਰ ਦਾ ਕੋਈ ਅਸਰ ਨਾ ਹੋਇਆ ਤਾਂ ਉਨ੍ਹਾਂ ਨੇ ਸਿੱਖ ਕੌਮ ਵਿੱਚ ਫੁੱਟ ਪਾਉਣ ਅਤੇ ਸੰਤ ਜਰਨੈਲ ਸਿੰਘ ਨੂੰ ਬਦਨਾਮ ਕਰਨ ਦੀ ਇੱਕ ਹੋਰ ਚਾਲ ਚੱਲੀ। ਸੰਤਾਂ 'ਤੇ ਖੁਦ ਸ਼ਹੀਦ ਹੋਣ ਵਾਲੇ ਸਿੰਘਾਂ ਦੇ ਜਥੇ ਵਿੱਚ ਨਾ ਜਾ ਕੇ ਅਰਦਾਸ ਭੰਗ ਕਰਨ ਦਾ ਦੋਸ਼ ਲਗਾਇਆ ਗਿਆ, ਪਰ ਅਜਿਹੇ ਲੋਕਾਂ ਦੇ ਕੂੜ ਪ੍ਰਚਾਰ ਦਾ ਵੀ ਸਿੱਖ ਸੰਗਤਾਂ 'ਤੇ ਕੋਈ ਅਸਰ ਨਾ ਹੋਇਆ।

੨੨ ਅਪ੍ਰੈਲ ੧੯੭੯ ਨੂੰ ਅੰਮ੍ਰਿਤਸਰ ਸਾਕੇ ਦੇ ੧੩ ਸ਼ਹੀਦ ਸਿੰਘਾਂ ਦੀ ਯਾਦ ਵਿੱਚ ਦੀਵਾਨ ਹਾਲ ਮੰਜੀ ਸਾਹਿਬ ਵਿਖੇ ਹੋਏ ਸਮਾਗਮ ਵਿੱਚ ਸੰਗਤਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ, ਆਪਣੇ ਸੰਖੇਪ ਭਾਸ਼ਨ ਵਿੱਚ ਸੰਤ ਜਰਨੈਲ ਸਿੰਘ ਨੇ ਐਲਾਨ ਕੀਤਾ ਕਿ, "ਪੰਜਾਬ ਸਰਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵਿਸਾਖੀ ਦੇ ਸ਼ਹੀਦੀ ਸਾਕੇ ਬਾਰੇ ਜੋ ਪ੍ਰੋਗਰਾਮ ਉਲੀਕਣਗੇ, ਅਸੀਂ ਉਸ ਨੂੰ ਦੇਖਾਂਗੇ, ਘੋਖਾਂਗੇ ਤੇ ਕੋਈ ਕਦਮ ਕਾਹਲੀ ਵਿੱਚ ਨਹੀਂ ਚੁੱਕਾਂਗੇ, ਪਰ ਨਾਲ ਹੀ ਇਹ ਵੀ ਕਹਿੰਦੇ ਹਾਂ ਕਿ ਸਮਾਂ ਐਵੇਂ ਅਜਾਈਂ ਹੀ ਨਾ ਲੰਘ ਜਾਵੇ। ਸਾਡੀ ਇਹ ਪ੍ਰਤਿੱਗਿਆ ਹੈ ਕਿ ਸ਼ਹੀਦਾਂ ਦਾ ਖ਼ੂਨ ਅਜਾਈਂ ਨਹੀਂ ਜਾਣ ਦਿਆਂਗੇ ਤੇ ਸ੍ਰੀ ਗੁਰੂ ਗਰੰਥ ਸਾਹਿਬ ਦਾ ਅਪਮਾਨ ਹਰਗਿਜ਼ ਨਹੀਂ ਸਹਾਰਾਂਗੇ।"

"ਅਸੀਂ ਮੰਗ ਕਰਦੇ ਹਾਂ ਕਿ ਪਖੰਡੀ ਨਿਰੰਕਾਰੀ ਮਿਸ਼ਨ 'ਤੇ ਪਾਬੰਦੀ ਲਾਈ ਜਾਏ, ਦੋਸ਼ੀਆਂ ਨੂੰ ਸਜਾਵਾਂ ਦਿੱਤੀਆਂ ਜਾਣ ਤੇ ਉਹਨਾਂ ਦਾ ਸਾਥ ਦੇਣ ਵਾਲੇ ਵਿਅਕਤੀਆਂ ਨੂੰ ਵੀ ਮੁਆਫ਼ ਨਾ ਕੀਤਾ ਜਾਏ। ਮੈਨੂੰ ਆਸ ਹੈ ਕਿ ਸੰਗਤਾਂ ਪੰਜਾਬ ਸਰਕਾਰ ਵੱਲੋਂ ਦਿਵਾਏ ਗਏ ਭਰੋਸੇ ਤੇ ਯਕੀਨ ਕਰਨਗੀਆਂ, ਪਰ ਫਿਰ ਵੀ ਮੈਂ ਚਿਤਾਵਨੀ ਦਿੰਦਾ ਹਾਂ ਕਿ ਜੇ ਸਰਕਾਰ ਨੇ ਸਮਾਂ ਲੈ ਕੇ ਵੀ ਕੁਝ ਨਾ ਕੀਤਾ ਤਾਂ ਅਸੀਂ ਸੰਗਤਾਂ 'ਤੇ ਕਾਬੂ ਨਹੀਂ ਪਾ ਸਕਾਂਗੇ।"

"ਆਸ ਹੈ ਕਿ ਸਰਕਾਰ ਤੇ ਅਕਾਲੀ ਦਲ ਸਾਨੂੰ ਨਿਆਂ ਦਿਵਾਉਣਗੇ, ਪਰ ਜੇਕਰ ਇਨਸਾਫ ਨਾ ਮਿਲਿਆ ਤਾਂ ਅਸੀਂ ਕੁਫ਼ਰ ਵਿਰੁੱਧ ਧਰਮ ਯੁੱਧ ਸ਼ੁਰੂ ਕਰ ਦਿਆਂਗੇ ਤੇ ਪਹਿਲੀ ਸ਼ਹੀਦੀ ਮੈਂ ਆਪ ਦਿਆਂਗਾ।"

ਸੰਤ ਜਰਨੈਲ ਸਿੰਘ ਨੇ ਆਪਣੇ ਇਸ ਭਾਸ਼ਨ ਰਾਹੀਂ ਇਹ ਜਾਣਦਿਆਂ ਹੋਇਆਂ ਵੀ ਕਿ ਜਿਹੜੀ ਸਰਕਾਰ ਸਿੰਘਾਂ ਦੇ ਕਾਤਲ ਨੂੰ ਗ੍ਰਿਫ਼ਤਾਰ ਕਰਨ ਦੀ ਥਾਂ ਆਪਣੀ ਗੱਡੀ ਵਿੱਚ ਬੈਠਾ ਕੇ ਪੰਜਾਬ ਤੋਂ ਬਾਹਰ ਭੇਜ ਸਕਦੀ ਹੈ, ਉਹ ਉਸ ਨੂੰ ਸਜ਼ਾ ਵੀ ਨਹੀਂ ਦਿਵਾ ਸਕੇਗੀ, ਪਰ ਫਿਰ ਵੀ ਉਸ ਨੇ ਕਨੂੰਨ ਅਨੁਸਾਰ ਸਿੱਖਾਂ ਨੂੰ ਇਨਸਾਫ ਦਿਵਾਉਣ ਦਾ ਸਰਕਾਰ ਨੂੰ ਪੂਰਾ ਪੂਰਾ ਮੌਕਾ ਦਿੱਤਾ। ਅਸਲ ਵਿੱਚ ਸੰਤ ਪੜਾਅ ਵਾਰ ਅੱਗੇ ਵਧਣਾ ਚਾਹੁੰਦੇ ਸਨ ਤਾਂ ਕਿ ਉਹਨਾਂ 'ਤੇ ਪਹਿਲਾਂ ਵਾਰ ਕਰਨ ਦਾ, ਕੋਈ ਵਿਰੋਧੀ ਵੀ ਦੋਸ਼ ਨਾ ਲਗਾ ਸਕੇ।

੧੭ ਅਪ੍ਰੈਲ ੧੯੭੯ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੀਵਾਨ ਹਾਲ ਮੰਜੀ ਸਾਹਿਬ, ਅੰਮ੍ਰਿਤਸਰ ਵਿਖੇ ਸਿੱਖ ਵਿਦਵਾਨਾਂ ਅਤੇ ਸੰਪਰਦਾਵਾਂ ਦੇ ਮੁਖੀਆਂ ਦੀ ਬੁਲਾਈ ਗਈ ਕਨਵੈਨਸ਼ਨ ਵਿੱਚ ਪਾਸ ਕੀਤੇ ਗਏ ਮਤੇ ਅਨੁਸਾਰ, ੧੦ ਜੂਨ ੧੯੭੯ ਨੂੰ ਪੰਚਮ ਪਾਤਸ਼ਾਹ ਦੇ ਸ਼ਹੀਦੀ ਦਿਹਾੜੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਨਿਰੰਕਾਰੀਆਂ ਵਿਰੁੱਧ ਹੁਕਮਨਾਮਾ ਜਾਰੀ ਕੀਤਾ ਗਿਆ। ਹੁਕਮਨਾਮੇ ਵਿੱਚ ਹੁਕਮ ਕੀਤਾ ਗਿਆ ਕਿ, 'ਇਸ ਧਰਮ-ਸ਼ਤਰੂ ਅਤੇ ਮਨੁੱਖ ਮਾਤਰ ਲਈ ਹਾਨੀਕਾਰਕ ਟੋਲੇ ਦਾ ਹਰ ਯੋਗ ਤਰੀਕੇ ਨਾਲ ਵਿਰੋਧ ਕੀਤਾ ਜਾਵੇ ਅਤੇ ਇਸ ਨੂੰ ਸਮਾਜ ਅਤੇ ਸੰਸਾਰ ਵਿੱਚ ਵਧਣ ਫੈਲਣ ਨਾ ਦਿੱਤਾ ਜਾਵੇ।'

ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਇਸ ਹੁਕਮਨਾਮੇ 'ਤੇ ਸਿੱਖ ਸੰਗਤਾਂ ਵੱਲੋਂ ਪੂਰੀ ਸ਼ਰਧਾ ਅਤੇ ਜਜ਼ਬੇ ਨਾਲ ਅਮਲ ਕੀਤਾ ਗਿਆ, ਪਰ ਬਾਦਲ ਸਰਕਾਰ ਵਿੱਚ ਭਾਈਵਾਲ ਜਨਤਾ ਪਾਰਟੀ ਦੇ ਆਗੂਆਂ ਵੱਲੋਂ ਹੁਕਮਨਾਮੇ ਪ੍ਰਤੀ ਆਪਣੀ ਨਰਾਜ਼ਗੀ ਦਾ ਪ੍ਰਗਟਾਵਾ ਕਰਨ 'ਤੇ ਪੰਜਾਬ ਮੰਤਰੀ ਮੰਡਲ ਨੇ ੧੭ ਜੂਨ ੧੯੭੯ ਨੂੰ ਆਪਣੀ ਮੀਟਿੰਗ ਬੁਲਾ ਕੇ ਹੁਕਮਨਾਮੇਂ ਪ੍ਰਤੀ ਇਹ ਸਪਸ਼ਟੀਕਰਨ ਦਿੱਤਾ ਕਿ, 'ਅਕਾਲ ਤਖ਼ਤ ਸਾਹਿਬ ਤੋਂ ਜਾਰੀ ਕੀਤਾ ਗਿਆ ਹੁਕਮਨਾਮਾ ਉਹਨਾਂ ਸਿੱਖਾਂ ਲਈ ਹੈ, ਜਿਹਨਾਂ ਦਾ ਅਕਾਲ ਤਖ਼ਤ ਸਾਹਿਬ 'ਤੇ ਵਿਸ਼ਵਾਸ ਹੈ। ਦੂਸਰੇ ਲੋਕਾਂ ਤੇ ਸਰਕਾਰੀ ਕੰਮਾਂ ਕਾਜਾਂ 'ਤੇ ਇਸ ਦਾ ਕੋਈ ਅਸਰ ਨਹੀਂ ਪਵੇਗਾ।'

ਅਸਲ ਵਿੱਚ ਬਾਦਲ ਸਰਕਾਰ ਜਨਤਾ ਪਾਰਟੀ ਅੱਗੇ ਝੁਕ ਗਈ ਸੀ ਅਤੇ ਉਸ ਨੇ ਹੁਕਮਨਾਮੇ ਦੇ ਖੇਤਰ ਨੂੰ ਸੀਮਤ ਕਰਨ ਦੀ ਅਵੱਗਿਆ ਕਰ ਦਿੱਤੀ ਸੀ। ਸੰਤ ਜਰਨੈਲ ਸਿੰਘ ਨੇ ਹੁਕਮਨਾਮੇ 'ਤੇ ਸਿੱਖੀ ਭਾਵਨਾ ਅਨੁਸਾਰ ਅਮਲ ਨਾ ਕਰਨ ਵਾਲੇ ਅਕਾਲੀ ਮੰਤਰੀਆਂ ਦੀ ਅਲੋਚਨਾ ਕੀਤੀ ਅਤੇ ੧੬ ਅਗਸਤ ੧੯੭੯ ਨੂੰ ਗੁ: ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਸੰਤ ਕਰਤਾਰ ਸਿੰਘ ਦੀ ਬਰਸੀ 'ਤੇ ਐਲਾਨ ਕਰ ਦਿੱਤਾ ਕਿ ਉਹ ਹੁਕਮਨਾਮੇ ਨੂੰ ਲਾਗੂ ਕਰਨ ਲਈ, ੨੦ ਅਗਸਤ ਨੂੰ ਅੰਮ੍ਰਿਤਸਰ ਦਾ ਨਿਰੰਕਾਰੀ ਭਵਨ ਬੰਦ ਕਰਾ ਕੇ, ਨਿਰੰਕਾਰੀ ਭਵਨ ਬੰਦ ਕਰਾਉਣ ਦੀ ਮੁਹਿੰਮ ਅਰੰਭ ਕਰ ਦੇਣਗੇ। ਇਸ

ਮੌਕੇ 'ਤੇ ਕੁਝ ਅਕਾਲੀ ਆਗੂ ਵੀ ਹਾਜ਼ਰ ਸਨ।

ਸੰਤ ਜਰਨੈਲ ਸਿੰਘ ਦੇ ਇਸ ਐਲਾਨ ਨਾਲ ਪੰਜਾਬ ਸਰਕਾਰ ਘਬਰਾ ਗਈ ਅਤੇ ਕੁਝ ਅਕਾਲੀ ਮੰਤਰੀਆਂ ਨੇ ਸੰਤ ਜਰਨੈਲ ਸਿੰਘ 'ਤੇ ਕਾਂਗਰਸ ਪਾਰਟੀ ਦੇ ਇਸ਼ਾਰੇ 'ਤੇ ਭਵਨ ਬੰਦ ਕਰਾਉਣ ਦਾ ਐਲਾਨ ਕਰਨ ਦਾ ਦੋਸ਼ ਲਾਉਣਾ ਸ਼ੁਰੂ ਕਰ ਦਿੱਤਾ। ਜੀਵਨ ਸਿੰਘ ਉਮਰਾਨੰਗਲ ਤਾਂ ਅਜਿਹੀ ਬਿਆਨਬਾਜ਼ੀ ਕਰਨ ਅਤੇ ਸੰਤ ਜਰਨੈਲ ਸਿੰਘ ਨੂੰ ਧਮਕੀਆਂ ਦੇਣ ਵਿੱਚ ਦਿਨੋ ਦਿਨ ਅੱਗੇ ਹੀ ਅੱਗੇ ਵਧਦਾ ਜਾ ਰਿਹਾ ਸੀ।

ਸੰਤ ਜਰਨੈਲ ਸਿੰਘ ਨੇ ਹਰ ਸਿੱਖ ਸਟੇਜ ਉੱਤੇ ਨਿਰੰਕਾਰੀ ਭਵਨ ਬੰਦ ਕਰਾਉਣ ਦਾ ਪ੍ਰਚਾਰ ਆਰੰਭ ਕਰ ਦਿੱਤਾ ਅਤੇ ੧੭ ਅਗਸਤ ਨੂੰ ਬਾਬਾ ਬਕਾਲਾ ਵਿਖੇ ਚੱਖੜ ਪੁੰਨਿਆ ਦੇ ਮੌਕੇ 'ਤੇ ਹੋ ਰਹੀ ਅਕਾਲੀ ਕਾਨਫਰੰਸ ਵਿੱਚ ਵੀ ੨੦ ਅਗਸਤ ਨੂੰ ਅੰਮ੍ਰਿਤਸਰ ਦਾ ਨਿਰੰਕਾਰੀ ਭੁੰਵਨ ਬੰਦ ਕਰਵਾਉਣ ਦਾ ਆਪਣਾ ਦ੍ਰਿੜ ਨਿਸਚਾ ਦੁਹਰਾਇਆ ਅਤੇ ਸੰਗਤਾਂ ਨੂੰ ਲਾਮ ਬੰਦ ਹੋਣ ਦਾ ਸੱਦਾ ਦਿੱਤਾ। ਇਸ ਮੌਕੇ 'ਤੇ ਸਟੇਜ 'ਤੇ ਹਾਜ਼ਰ ਉਮਰਾਨੰਗਲ ਨੇ ਐਲਾਨ ਕੀਤਾ ਕਿ 'ਮੈਂ ਜਰਨੈਲ ਸਿੰਘ ਨੂੰ ਕਹਿਨਾਂ ਕਿ ਤੂੰ ਭਵਨ ਬੰਦ ਕਰਾਈਂ ਤੇ ਮੈਂ ਭਵਨ ਖੁਲਾਵਾਂਗਾ ਤੇ ਗੋਲੀਆਂ ਨਾਲ ਉਡਾਵਾਂਗਾ।' ਉਮਰਾਨੰਗਲ ਦੇ ਪੰਥ ਵਿਰੋਧੀ ਇਸ ਐਲਾਨ 'ਤੇ ਦੀਵਾਨ ਵਿੱਚ ਹਾਜ਼ਰ ਸੰਗਤਾਂ ਜੋਸ਼ ਵਿਚ ਆ ਗਈਆਂ ਅਤੇ ਉਮਰਾਨੰਗਲ ਵਿਰੁੱਧ ਸਖ਼ਤ ਰੋਸ ਦਾ ਪ੍ਰਗਟਾਵਾ ਕਰਨ ਲੱਗ ਪਈਆਂ। ਇਸ ਤਰ੍ਹਾਂ ਅਕਾਲੀ ਮੰਤਰੀਆਂ ਦੇ ਪੰਥ ਵਿਰੋਧੀ ਮਨਸੂਬੇ ਸਾਫ਼ ਪ੍ਰਗਟ ਹੋ ਗਏ।

ਸੰਤ ਜਰਨੈਲ ਸਿੰਘ ਨੇ ਨਿਰੰਕਾਰੀ ਭਵਨ ਬੰਦ ਕਰਾਉਣ ਦੇ ਆਪਣੇ ਐਲਾਨ 'ਤੇ ਦ੍ਰਿੜਤਾ ਨਾਲ ਪਹਿਰਾ ਦਿੱਤਾ ਅਤੇ ਉਮਰਾਨੰਗਲ ਦੀਆਂ ਧਮਕੀਆਂ ਦੀ ਕੋਈ ਪਰਵਾਹ ਨਾ ਕਰਦਿਆਂ, ਬਾਬਾ ਉੱਤਮ ਸਿੰਘ ਖਡੂਰ ਸਾਹਿਬ, ਬਾਬਾ ਦਇਆ ਸਿੰਘ ਸੁਰ ਸਿੰਘ, ਬਾਬਾ ਬਿਕਰਮਜੀਤ ਸਿੰਘ ਅੰਮ੍ਰਿਤਸਰ ਅਤੇ ਜਥੇਦਾਰ ਮੋਹਨ ਸਿੰਘ ਤੁੜ ਸਾਬਕਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਸਮੇਤ, ਅੰਮ੍ਰਿਤਸਰ ਦੇ ਨਿਰੰਕਾਰੀ ਭਵਨ ਵਿੱਚ ਗਏ। ਐੱਸ.ਐੱਸ.ਪੀ. ਗੁਰਬਚਨ ਜਗਤ ਵੱਲੋਂ ਭਵਨ ਦੇ ਗੇਟ ਅੱਗੇ ਰੋਕਣ 'ਤੇ ਵੀ ਨਾ ਰੁਕੇ ਅਤੇ ਭਵਨ ਦੇ ਧੁਰ ਅੰਦਰ ਜਾ ਕੇ ਭਵਨ ਬੰਦ ਹੋਣ ਦੀ ਤਸੱਲੀ ਕੀਤੀ।

ਸੰਤ ਜਰਨੈਲ ਸਿੰਘ ਦੇ ਇਸ ਕਦਮ ਨੇ ਬਾਦਲ ਸਰਕਾਰ ਹਿਲਾ ਕੇ ਰੱਖ ਦਿੱਤੀ ਅਤੇ ਉਸ ਨੇ ਮਹਾਸ਼ਾ ਪ੍ਰੈੱਸ ਅਤੇ ਜਨਤਾ ਪਾਰਟੀ ਦੇ ਮੰਤਰੀਆਂ ਦੇ ਦਬਾਅ ਹੇਠ ਆ ਕੇ, ਆਪਣੀ ਸ਼ਾਖ ਦੇ ਜ਼ਿੰਦਾ ਹੋਣ ਦਾ ਦਿਖਾਵਾ ਕਰਨ ਲਈ ੨੫ ਅਗਸਤ ਨੂੰ ਐਲਾਨ ਕੀਤਾ ਕਿ ਸੰਤ ਜਰਨੈਲ ਸਿੰਘ ਨੂੰ ਰਾਜ ਵਿੱਚ ਕਨੂੰਨ ਹੱਥ 'ਚ ਨਹੀਂ ਲੈਣਾ ਦਿੱਤਾ ਜਾਵੇਗਾ। ਪੈਦਾ ਹੋਈ ਇਸ ਸਥਿਤੀ ਨੇ ਅਕਾਲੀ ਦਲ ਨੂੰ ਕੁੜਿੱਕੀ ਵਿੱਚ ਫਸਾ ਲਿਆ। ਜੇਕਰ ਬਾਦਲ ਸਰਕਾਰ

ਨਿਰੰਕਾਰੀ ਮੁੱਦੇ ਤੇ ਸੰਤ ਜਰਨੈਲ ਸਿੰਘ ਨੂੰ ਗ੍ਰਿਫ਼ਤਾਰ ਕਰਦੀ ਸੀ ਤਾਂ ਉਸ 'ਤੇ ਨਿਰੰਕਾਰੀਆਂ ਦੇ ਹੱਕ ਵਿੱਚ ਖੜਨ ਅਤੇ ਹੁਕਮਨਾਮੇ ਦੀ ਉਲੰਘਣਾ ਕਰਨ ਦਾ ਦੋਸ਼ ਲੱਗਦਾ ਸੀ ਅਤੇ ਜੇ ਉਹ ਸੰਤ ਜਰਨੈਲ ਸਿੰਘ ਨੂੰ ਨਿਰੰਕਾਰੀ ਭਵਨ ਬੰਦ ਕਰਾਉਣ ਦੀ ਖੁੱਲ੍ਹ ਦਿੰਦੀ ਸੀ ਤਾਂ ਉਸ ਦੀ ਭਾਈਵਾਲ ਜਨਤਾ ਪਾਰਟੀ ਵੀ ਨਰਾਜ਼ ਹੁੰਦੀ ਸੀ ਅਤੇ ਉਸ ਦੀ ਸ਼ਾਖ ਵੀ ਮਿੱਟੀ ਵਿਚ ਮਿਲਦੀ ਸੀ।

ਅਜਿਹੀ ਸਥਿਤੀ ਤੋਂ ਬਚਣ ਲਈ, ਪ੍ਰਮੁੱਖ ਅਕਾਲੀ ਆਗੂ ਜ. ਗੁਰਚਰਨ ਸਿੰਘ ਟੌਹੜਾ ਅਤੇ ਜ. ਜਗਦੇਵ ਸਿੰਘ ਤਲਵੰਡੀ ਸਲਾਹ ਲੈਣ ਵਾਸਤੇ ਸਿਰਦਾਰ ਕਪੂਰ ਸਿੰਘ ਪਾਸ ਗਏ ਅਤੇ ਪੁੱਛਿਆ ਕਿ ਜੇ ਨਿਰੰਕਾਰੀ ਭਵਨਾਂ ਦੇ ਮੁੱਦੇ 'ਤੇ ਸੰਤ ਜਰਨੈਲ ਸਿੰਘ ਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ ਤਾਂ ਇਸ ਦਾ ਕੀ ਪ੍ਰਤੀਕਰਮ ਹੋਵੇਗਾ। ਉਸ ਨੇ ਜਵਾਬ ਦਿੱਤਾ, 'ਸੰਤ ਜਰਨੈਲ ਸਿੰਘ ਨਾਲ ਹਜ਼ਾਰਾਂ ਸਿੱਖ ਗ੍ਰਿਫ਼ਤਾਰੀ ਦੇਣਗੇ, ਜੇ ਅਜਿਹਾ ਨਾ ਹੋਇਆ ਤਾਂ ਘੱਟੋ ਘੱਟ ਉਸ ਦੇ ਜਥੇ ਦੇ ਸਿੰਘ ਗ੍ਰਿਫ਼ਤਾਰੀ ਦੇਣਗੇ, ਜੇ ਅਜਿਹਾ ਵੀ ਨਾ ਹੋਇਆ ਤਾਂ ਉਹਨਾਂ ਦਾ ਗੜਵਈ, ਉਹਨਾਂ ਨਾਲ ਜ਼ਰੂਰ ਗ੍ਰਿਫ਼ਤਾਰੀ ਦੇਵੇਗਾ ਅਤੇ ਜੇ ਉਸ ਨੇ ਵੀ ਨਾ ਦਿੱਤੀ ਤਾਂ ਮੈਂ ਤਾਂ ਸੰਤਾਂ ਨਾਲ ਜ਼ਰੂਰ ਗ੍ਰਿਫ਼ਤਾਰੀ ਦੇਵਾਂਗਾ। ਸ. ਕਪੂਰ ਸਿੰਘ ਦੇ ਇਹ ਵਿਚਾਰ ਸੁਣ ਕੇ ਅਕਾਲੀ ਆਗੂ ਪੈਦਾ ਹੋ ਰਹੀ ਸਥਿਤੀ ਦਾ ਕੋਈ ਹੋਰ ਹੱਲ ਢੂੰਡਣ ਲੱਗੇ ਅਤੇ ਅਖੀਰ ਉਹਨਾਂ ਨੇ ਛਲ, ਕਪਟ ਅਤੇ ਧੋਖੇਬਾਜ਼ੀ ਦਾ ਸਹਾਰਾ ਲਿਆ। ਉਹਨਾਂ ਨੇ ਸੰਤ ਜਰਨੈਲ ਸਿੰਘ ਨੂੰ ਭਰੋਸਾ ਦਿੱਤਾ ਕਿ ਨਿਰੰਕਾਰੀਆਂ ਨੂੰ ੨੭ ਅਗਸਤ ਨੂੰ ਭਵਨ ਨਹੀਂ ਖੋਲਣ ਦਿੱਤਾ ਜਾਵੇਗਾ, ਪਰ ਤੁਸੀਂ ਵੀ ਭਵਨ ਬੰਦ ਹੋਣ ਦੀ ਤਸਦੀਕ ਕਰਨ ਲਈ ਅੰਮ੍ਰਿਤਸਰ ਨਾ ਜਾਉ। ਸੰਤ ਜਰਨੈਲ ਸਿੰਘ ਨੇ ਕਿਹਾ ਕਿ ਮੈਨੂੰ ਤਾਂ ਵਿਸ਼ਵਾਸ ਨਹੀਂ ਕਿ ਭਵਨ ਬੰਦ ਰਹੇਗਾ, ਪਰ ਜੇ ਤੁਸੀਂ ਕਹਿੰਦੇ ਹੋ ਤਾਂ ਮੈਂ ਭਵਨ ਵਿੱਚ ਤਾਂ ਕੀ ਅੰਮ੍ਰਿਤਸਰ ਵੀ ਨਹੀਂ ਜਾਂਦਾ। ਸੰਤ ਜਰਨੈਲ ਸਿੰਘ ਤਾਂ ਅਕਾਲੀ ਆਗੂਆਂ ਵੱਲੋਂ ਦਿਵਾਏ ਵਿਸ਼ਵਾਸ ਕਾਰਨ, ਉਹਨਾਂ ਨਾਲ ਕੀਤੇ ਵਾਅਦੇ ਅਨੁਸਾਰ ਅੰਮ੍ਰਿਤਸਰ ਨਾ ਗਏ, ਪਰ ਬਾਦਲ ਸਰਕਾਰ ਵਿੱਚ ਭਾਈਵਾਲ ਜਨਤਾ ਪਾਰਟੀ ਦੇ ਐੱਮ.ਐੱਲ.ਏ. ਹਰਬੰਸ ਲਾਲ ਖੰਨਾ ਨੇ ਨਿਰੰਕਾਰੀਆਂ ਦੇ ਨਾਲ ਆਪ ਜਾ ਕੇ ਨਿਰੰਕਾਰੀ ਭਵਨ ਖੁਲਵਾਇਆ।

ਅਸਲ ਵਿੱਚ ਬਾਦਲ ਸਰਕਾਰ ਇੱਕ ਪਾਸੇ ਨਿਰੰਕਾਰੀ ਭਵਨ ਬੰਦ ਕਰਾਉਣ ਦੀ ਸੰਤ ਜਰਨੈਲ ਸਿੰਘ ਦੀ ਮੁਹਿੰਮ ਨੂੰ ਕਾਂਗਰਸ ਦੀ ਸਾਜ਼ਿਸ਼ ਦੱਸ ਕੇ ਬਦਨਾਮ ਕਰ ਰਹੀ ਸੀ ਅਤੇ ਦੂਜੇ ਪਾਸੇ ਉਸ ਨੂੰ ਧੋਖੇ ਵਿੱਚ ਰੱਖ ਕੇ, ਭਵਨ ਖੁਲਵਾ ਕੇ ਇਹ ਪ੍ਰਚਾਰਨਾ ਚਾਹੁੰਦੀ ਸੀ ਕਿ ਸੰਤ ਜਰਨੈਲ ਸਿੰਘ ਗ੍ਰਿਫ਼ਤਾਰੀ ਤੋਂ ਡਰਦਾ, ਭਵਨ ਬੰਦ ਕਰਾਉਣ ਦੇ ਆਪਣੇ ਐਲਾਨ ਤੋਂ ਭੱਜ ਗਿਆ ਹੈ।

ਸਿੱਖਾਂ ਉੱਪਰ ਇਸ ਕੂੜ ਪ੍ਰਚਾਰ ਦਾ ਕੋਈ ਵੀ ਅਸਰ ਨਾ ਹੋਇਆ ਅਤੇ

ਉਹਨਾਂ ਨੇ ਸੰਤ ਜਰਨੈਲ ਸਿੰਘ ਵੱਲੋਂ ਅਰੰਭੀ ਨਿਰੰਕਾਰੀ ਭਵਨ ਬੰਦ ਕਰਾਉਣ ਦੀ ਮੁਹਿੰਮ ਨੂੰ ਭਰਵਾਂ ਹੁੰਗਾਰਾ ਦਿੱਤਾ। ੨੫ ਸਤੰਬਰ ੧੯੭੯ ਨੂੰ ਨਿਰੰਕਾਰੀਆਂ ਵੱਲੋਂ ਪੰਜਾਬ ਤੋਂ ਬਾਹਰ ਯੂ. ਪੀ. ਵਿੱਚ, ਆਜ਼ਮਗੜ੍ਹ ਅਤੇ ਇਲਾਹਾਬਾਦ ਦੇ ਸਥਾਨਾਂ 'ਤੇ ਵੀ ਨਿਰੰਕਾਰੀ ਸੰਮੇਲਨ ਨਾ ਹੋਣ ਦਿੱਤੇ। ੨੬ ਸਤੰਬਰ ੧੯੭੯ ਨੂੰ ਨਿਰੰਕਾਰੀ ਮੁਖੀ ਨੇ ਕਾਨ੍ਹਪੁਰ ਵਿਖੇ ਆਪਣਾ ਸੰਮੇਲਨ ਰੱਖਿਆ। ਇਸ ਸੰਮੇਲਨ ਵਿੱਚ ਸਿੱਖੀ ਵਿਰੋਧੀ ਹੋ ਰਹੇ ਪ੍ਰਚਾਰ ਨੂੰ ਰੋਕਣ ਲਈ ਸਿੱਖਾਂ ਨੇ ਰੋਸ ਪਰਗਟ ਕੀਤਾ, ਪਰ ਨਿਰੰਕਾਰੀਆਂ ਨੇ ਅੰਮ੍ਰਿਤਸਰ ਵਾਂਗ ਹੀ ਇਥੇ ਵੀ ਗੋਲੀ ਚਲਾ ਦਿੱਤੀ ਅਤੇ ਇੱਕ ਬੀਬੀ ਸਮੇਤ ੧੬ ਸਿੰਘ ਸ਼ਹੀਦ ਕਰ ਦਿੱਤੇ। ਇੱਕੋ ਸਾਲ ਵਿੱਚ ਹੀ ਵਾਪਰੇ ਇਸ ਦੂਜੇ ਸਾਕੇ ਨੇ ਸਿੱਖਾਂ ਅੰਦਰ ਰੋਹ ਪੈਦਾ ਕਰ ਦਿੱਤਾ ਅਤੇ ਉਹਨਾਂ ਨੇ ਦੁਨੀਆਂ ਭਰ ਵਿੱਚ ਪੁਰ ਅਮਨ ਜਲੂਸ ਕੱਢ ਕੇ ਨਿਰੰਕਾਰੀਆਂ ਅਤੇ ਇਹਨਾਂ ਦੀਆਂ ਕਿਤਾਬਾਂ 'ਤੇ ਪਾਬੰਦੀ ਲਾਉਣ ਦੀ ਮੰਗ ਕੀਤੀ। ਸਿੱਖਾਂ ਦੇ ਇਸ ਰੋਹ ਨੂੰ ਵੇਖ ਕੇ ਅਤੇ ਆਪਣੀ ਹੋ ਰਹੀ ਬਦਨਾਮੀ ਤੋਂ ਬਚਣ ਲਈ ਬਾਦਲ ਸਰਕਾਰ ਨੇ ਨਿਰੰਕਾਰੀ ਮੁਖੀ ਦੇ ਪੰਜਾਬ ਦਾਖਲੇ 'ਤੇ ਪਾਬੰਦੀ ਲਾ ਦਿੱਤੀ, ਪਰ ਨਿਰੰਕਾਰੀ ਮੁਖੀ ਇਸ ਫੈਸਲੇ ਦੇ ਵਿਰੁੱਧ ਸੁਪਰੀਮ ਕੋਰਟ ਵਿੱਚ ਪਹੁੰਚ ਗਿਆ ਅਤੇ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਵੱਲੋਂ ਉਸ ਦੇ ਪੰਜਾਬ ਦਾਖਲੇ 'ਤੇ ਲਾਈ ਗਈ ਪਾਬੰਦੀ ਰੱਦ ਕਰ ਦਿੱਤੀ। ਨਿਰੰਕਾਰੀ ਮੁਖੀ ਨੇ ੪, ੫ ਅਤੇ ੬ ਨਵੰਬਰ ਨੂੰ ਦਿੱਲੀ ਵਿਖੇ ਸੰਮੇਲਨ ਰੱਖ ਲਿਆ। ਦਿੱਲੀ ਦੇ ਸਿੱਖਾਂ ਅਤੇ ਕੇਂਦਰ ਦੀ ਮੁਰਾਰਜੀ ਡਿਸਾਈ ਸਰਕਾਰ ਵਿੱਚ ਭਾਈਵਾਲ ਅਕਾਲੀ ਦਲ ਨੇ ਸਰਕਾਰ ਤੋਂ ਇਸ 'ਤੇ ਪਾਬੰਦੀ ਲਾਉਣ ਦੀ ਮੰਗ ਕੀਤੀ, ਪਰ ਸਰਕਾਰ ਨੇ ਸਿੱਖਾਂ ਦੀ ਇਹ ਮੰਗ ਠੁਕਰਾ ਦਿੱਤੀ। ਨਿਰੰਕਾਰੀਆਂ ਨੇ ਇੰਡੀਆ ਗੇਟ ਦਿੱਲੀ ਵਿਖੇ ਆਪਣਾ ਤਿੰਨ ਦਿਨਾਂ ਸੰਮੇਲਨ ਕੀਤਾ। ਦਿੱਲੀ ਦੇ ਸਿੱਖਾਂ ਨੇ ਇਸ ਸਮਾਗਮ ਵਿਰੁੱਧ ਰੋਸ ਪ੍ਰਗਟ ਕੀਤਾ, ਪਰ ਪੁਲਿਸ ਵੱਲੋਂ ਰੋਸ ਪ੍ਰਗਟ ਕਰ ਰਹੇ ਇਹਨਾਂ ਸਿੱਖਾਂ ਉੱਪਰ ਲਾਠੀਚਾਰਜ, ਅੱਥਰੂ ਗੈਸ ਅਤੇ ਗੋਲੀ ਚਲਾਈ ਗਈ। ਜਿਸ ਵਿੱਚ ਦਿੱਲੀ ਅਕਾਲੀ ਦਲ ਦੇ ਪ੍ਰਧਾਨ ਅਵਤਾਰ ਸਿੰਘ ਕੋਹਲੀ ਸਮੇਤ ਤਿੰਨ ਸਿੰਘ ਸ਼ਹੀਦ ਅਤੇ ਬਹੁਤ ਸਾਰੇ ਜ਼ਖਮੀ ਹੋਏ। ਮੁਰਾਰਜੀ ਡਿਸਾਈ ਨੇ ਆਪਣੀ ਭਾਈਵਾਲ ਪਾਰਟੀ ਵੱਲੋਂ ੨੯ ਅਕਤੂਬਰ ਨੂੰ ਲੁਧਿਆਣੇ ਵਿਖੇ ਅਕਾਲੀ ਕਾਨਫਰੰਸ ਵਿੱਚ ਨਿਰੰਕਾਰੀਆਂ ਦੇ ਖੁੱਲ੍ਹੇ ਪ੍ਰਚਾਰ, ਜਲੂਸ ਅਤੇ ਪੁਸਤਕਾਂ 'ਤੇ ਪਾਬੰਦੀ ਲਾਉਣ ਲਈ ਪਾਸ ਕੀਤੇ ਮਤੇ ਵੱਲ ਵੀ ਕੋਈ ਧਿਆਨ ਨਾ ਦਿੱਤਾ।

ਬਾਦਲ ਸਰਕਾਰ, ਨਿਰੰਕਾਰੀ ਮੁਖੀ ਨੂੰ, ਅੰਮ੍ਰਿਤਸਰ ਸਾਕੇ ਦੇ ਕੇਸ ਵਿੱਚ ਅਦਾਲਤ 'ਚ ਭੁਗਤਾਉਣ ਲਈ ਬੁਰੀ ਤਰ੍ਹਾਂ ਫੇਲ੍ਹ ਹੋਈ ਅਤੇ ਨਿਰੰਕਾਰੀਆਂ ਨੇ ਅਦਾਲਤ ਰਾਹੀਂ ਇਸ ਕੇਸ ਨੂੰ ਅੰਮ੍ਰਿਤਸਰ ਦੀ ਅਦਾਲਤ ਤੋਂ ਹਰਿਆਣੇ ਦੀ ਕਰਨਾਲ ਅਦਾਲਤ ਵਿੱਚ ਬਦਲਵਾ ਲਿਆ। ਕਰਨਾਲ ਦੇ ਸ਼ੈਸ਼ਨਜ਼ ਜੱਜ ਆਰ. ਐਸ. ਗੁਪਤਾ ਨੇ ੪ ਜਨਵਰੀ ੧੯੮੦ ਨੂੰ ਨਿਰੰਕਾਰੀ ਮੁਖੀ ਗੁਰਬਚਨ ਸਿੰਹੁ

ਸਮੇਤ ਸਾਰੇ ਦੋਸ਼ੀਆਂ ਨੂੰ ਬਰੀ ਕਰ ਦਿੱਤਾ । ਬਰੀ ਹੋ ਜਾਣ ਤੋਂ ਬਾਅਦ ਨਿਰੰਕਾਰੀਆਂ ਨੇ ਗੁਰਬਚਨ ਸਿੰਹੁ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਵੀ ਵੱਧ ਮਹੱਤਤਾ ਦਿੰਦਿਆਂ, ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਸਿੱਖਾਂ ਦਾ ਗੁਰੂ ਤਾਂ ੫੨ ਬੰਦੀਆਂ ਨੂੰ ਰਿਹਾਅ ਕਰਾ ਕੇ ਲਿਆਇਆ ਸੀ, ਪਰ ਸਾਡੇ ਗੁਰੂ ਨੇ ੬੦ ਬੰਦੀ ਰਿਹਾਅ ਕਰਵਾਏ ਹਨ ।

੧੩ ਸਿੰਘਾਂ ਦੇ ਕਾਤਲਾਂ ਦਾ ਅਦਾਲਤ ਵੱਲੋਂ ਸਾਫ਼ ਬਰੀ ਹੋ ਜਾਣਾ ਅਤੇ ਪੰਜਾਬ ਸਰਕਾਰ ਵੱਲੋਂ ਕਰਨਾਲ ਅਦਾਲਤ ਦੇ ਇਸ ਫੈਸਲੇ ਵਿਰੁੱਧ ਹਾਈ ਕੋਰਟ ਵਿੱਚ ਅਪੀਲ ਵੀ ਨਾ ਕਰਨੀ, ਸਿੱਖਾਂ ਲਈ ਇਨਸਾਫ਼ ਦੇ ਕਾਨੂੰਨੀ ਦਰਵਾਜ਼ੇ ਬੰਦ ਹੋ ਜਾਣ ਦਾ ਸਾਫ ਸੰਕੇਤ ਸੀ ।

ਅਕਾਲੀ ਦਲ ਵੱਲੋਂ ਨਿਰੰਕਾਰੀਆਂ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮੇ ਦੀ ਵੀ ਖੁੱਲ੍ਹੇਆਮ ਅਵੱਗਿਆ ਹੋ ਰਹੀ ਸੀ ਅਤੇ ਸੰਤ ਜਰਨੈਲ ਸਿੰਘ ਨੂੰ ਬਦਨਾਮ ਕਰਨ ਦਾ ਵੀ ਪੂਰਾ ਪੂਰਾ ਜ਼ੋਰ ਲੱਗ ਰਿਹਾ ਸੀ । ਅਪਰੈਲ ੧੯੭੯ ਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਅਕਾਲੀ ਉਮੀਦਵਾਰ ਉਮਰਾਨੰਗਲ ਨੇ ਗੁ: ਚੋਣਾਂ ਵਿੱਚ ਨਿਰੰਕਾਰੀਆਂ ਦੀਆਂ ਵੋਟਾਂ ਬਣਾਈਆਂ ਅਤੇ ਹਾਸਲ ਕੀਤੀਆਂ ਸਨ ਤੇ ਬਾਦਲ ਸਰਕਾਰ ਨੇ ਸਰਕਾਰੀ ਮਸ਼ੀਨਰੀ ਦੀ ਗਲਤ ਵਰਤੋਂ ਕਰਕੇ, ਸੰਤ ਜਰਨੈਲ ਸਿੰਘ ਵੱਲੋਂ ਉਮਰਾਨੰਗਲ ਦੇ ਮੁਕਾਬਲੇ ਲਈ ਖੜੇ ਕੀਤੇ ਭਾਈ ਅਮਰੀਕ ਸਿੰਘ ਨੂੰ ਹਰਾ ਕੇ, ਸੰਤ ਜਰਨੈਲ ਸਿੰਘ ਦੀ ਗੁਰਦੁਆਰਾ ਪ੍ਰਬੰਧ ਦੇ ਸੁਧਾਰ ਲਈ ਸ਼ੁਰੂ ਕੀਤੀ ਮੁਹਿੰਮ ਨੂੰ ਵੀ ਇੱਕ ਵਾਰੀ ਦਬਾ ਦਿੱਤਾ ਸੀ ।

ਸੰਤ ਜਰਨੈਲ ਸਿੰਘ ਗੁਰਦੁਆਰਾ ਪ੍ਰਬੰਧ ਵਿੱਚ ਆ ਚੁੱਕੀਆਂ ਕਮਜ਼ੋਰੀਆਂ ਨੂੰ ਯੋਗ ਅੰਮ੍ਰਿਤਧਾਰੀ ਸਿੰਘਾਂ ਦੀ ਸ਼੍ਰੋਮਣੀ ਕਮੇਟੀ ਦੇ ਮੈਂਬਰ ਵਜੋਂ ਚੋਣ ਕਰਕੇ ਦੂਰ ਕਰਨਾ ਚਾਹੁੰਦਾ ਸੀ ਅਤੇ ਉਸ ਨੇ ਬਿਨਾਂ ਕੋਈ ਖਰਚ ਕੀਤੇ ਸ਼੍ਰੋਮਣੀ ਕਮੇਟੀ ਦੀਆਂ ਸਭ ਸੀਟਾਂ ਜਿੱਤ ਕੇ ਪੰਥ ਦੀ ਝੋਲੀ ਵਿੱਚ ਪਾਉਣ ਦੀ ਅਕਾਲੀ ਦਲ ਨੂੰ ਪੇਸ਼ਕਸ਼ ਵੀ ਕੀਤੀ ਸੀ, ਪਰ ਅਕਾਲੀ ਦਲ ਆਪਣੇ ਹੱਥ ਠੋਕਿਆਂ ਨੂੰ ਸ਼੍ਰੋਮਣੀ ਕਮੇਟੀ ਦੇ ਮੈਂਬਰ ਬਣਾ ਕੇ ਇਸ ਧਾਰਮਿਕ ਸੰਸਥਾ ਦੀ ਸਿਆਸੀ ਵਰਤੋਂ ਕਰਨ ਦੀ ਲਾਲਸਾ ਰੱਖਦਾ ਸੀ । ਇਸ ਲਈ ਉਸ ਨੇ ਸੰਤਾਂ ਦੀ ਇਸ ਸੋਚ ਨੂੰ ਵੀ ਕਾਂਗਰਸ ਦੇ ਦਿਮਾਗ ਦੀ ਸਾਜ਼ਿਸ਼ ਹੀ ਪ੍ਰਚਾਰਿਆ ਸੀ ਅਤੇ ਸੰਤ ਜਰਨੈਲ ਸਿੰਘ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਸੀ । ਸੰਤ ਜਰਨੈਲ ਸਿੰਘ ਨੇ ਇਸ ਸਥਿਤੀ ਦਾ ਕਾਂਗਰਸ ਪਾਰਟੀ ਨੂੰ ਵੀ ਕੋਈ ਸਿਆਸੀ ਲਾਹਾ ਨਾ ਉਠਾਉਣ ਦਿੱਤਾ ਅਤੇ ਸਾਬਕਾ ਕਾਂਗਰਸੀ ਮੰਤਰੀ ਜ: ਸੋਹਣ ਸਿੰਘ ਜਲਾਲਉਸਮਾਂ ਨੂੰ ਸਪੱਸ਼ਟ ਜੁਆਬ ਦਿੱਤਾ ਕਿ ਉਹ ਤਾਂ ਹੁਕਮਨਾਮੇ ਦੀ ਪਾਲਣਾ ਕਰਨ ਵਾਲੇ ਰਹਿਤਵਾਨ ਸਿੰਘ ਨੂੰ ਹੀ ਸ਼੍ਰੋਮਣੀ ਕਮੇਟੀ ਦਾ ਮੈਂਬਰ ਬਣਾਉਣਾ ਚਾਹੁੰਦੇ ਹਨ, ਕਿਸੇ ਨੂੰ ਸਿਆਸੀ ਲਾਹਾ ਨਹੀਂ ਦੇ ਸਕਦੇ ।

ਅਕਾਲੀ ਦਲ ਦੀ ਨਿਰੰਕਾਰੀਆਂ ਅਤੇ ਗੁਰਦੁਆਰਾ ਚੋਣਾਂ ਬਾਰੇ ਅਪਣਾਈ ਪੰਥ ਵਿਰੋਧੀ ਨੀਤੀ ਨੇ ਸਿੱਖ ਕੌਮ ਵਿੱਚ ਨਿਰਾਸ਼ਤਾ ਫੈਲਾਈ ਅਤੇ ਸੰਤ ਜਰਨੈਲ ਸਿੰਘ ਨੇ ਕੌਮ ਵਿੱਚ ਪੈਦਾ ਹੋਈ ਇਸ ਨਿਰਾਸ਼ਤਾ ਨੂੰ ਖਤਮ ਕਰਨ ਲਈ ਗੁਰ ਆਸ਼ੇ ਦਾ ਜ਼ੋਰਦਾਰ ਪ੍ਰਚਾਰ ਸ਼ੁਰੂ ਕਰ ਦਿੱਤਾ ਤੇ ਸਿੱਖਾਂ ਨੂੰ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਦੀ ਪਾਲਣਾ ਕਰਨ ਦੀ ਪ੍ਰੇਰਨਾ ਸ਼ੁਰੂ ਕਰ ਦਿੱਤੀ । ਸੰਤ ਜਰਨੈਲ ਸਿੰਘ ਦੇ ਪ੍ਰਚਾਰ ਨੇ ਸਿੱਖ ਕੌਮ ਦੀ ਜੁਆਨੀ ਨੂੰ ਅਜਿਹਾ ਹਲੂਣਿਆ ਕਿ ਉਹ ਦਸਮੇਸ਼ ਪਿਤਾ ਜੀ ਦੇ ਹੁਕਮ :

ਚੂ ਕਾਰ ਅਜ਼ ਹਮਹ ਹੀਲਤੇ ਦਰ ਗੁਜਸਤ ॥
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ ॥

ਦੀ ਪਾਲਣਾ ਕਰਨ ਲੱਗ ਪਏ ਅਤੇ ਭਾਰਤੀ ਕਾਨੂੰਨ ਪ੍ਰਣਾਲੀ ਵੱਲੋਂ ਰਿਹਾਅ ਕਰ ਦਿੱਤੇ ਗਏ ਸਿੰਘਾਂ ਦੇ ਕਾਤਲ ਨਿਰੰਕਾਰੀ ਮੁਖੀ ਗੁਰਬਚਨ ਸਿੰਹੁ ਨੂੰ ਮਿਤੀ ੨੪-੦੪-੧੯੮੦ ਨੂੰ ਨਿਰੰਕਾਰੀ ਭਵਨ ਵਿੱਚ ਹੀ ਗੋਲੀਆਂ ਨਾਲ ਉਡਾ ਦਿੱਤਾ । ਸਿੰਘਾਂ ਦੇ ਇਸ ਕਾਰਨਾਮੇ ਨੇ ਦੇਹਧਾਰੀ ਦੰਭ ਦਾ ਭਾਂਡਾ ਫੋੜ ਸੁੱਟਿਆ ਅਤੇ ਸਿੱਖ ਕੌਮ ਦੀ ਅਣਖ ਨੂੰ ਕਾਇਮ ਰੱਖਦਿਆਂ ਸ਼ਹੀਦਾਂ ਦੇ ਲਹੂ ਦਾ ਬਦਲਾ ਲੈਣ ਦੀ ਸਿੱਖ ਪ੍ਰੰਪਰਾ ਨੂੰ ਮੁੜ ਸੁਰਜੀਤ ਕਰ ਦਿੱਤਾ। ਸੰਤ ਜਰਨੈਲ ਸਿੰਘ ਨੇ ਇਹ ਕੰਮ ਕਰਨ ਵਾਲਿਆਂ ਨੂੰ ਕੌਮੀ ਯੋਧੇ ਐਲਾਨ ਕੇ ਉਹਨਾਂ ਦੀ ਪ੍ਰਸੰਸਾ ਕੀਤੀ ਅਤੇ ਰਿਹਾਅ ਹੋ ਕੇ ਆਉਣ 'ਤੇ ਸੋਨੇ ਨਾਲ ਤੋਲਣ ਦਾ ਐਲਾਨ ਕੀਤਾ। ।

ਨਿਰੰਕਾਰੀ ਮੁਖੀ ਦੇ ਕਤਲ ਨਾਲ ਸਿੱਖ ਵਿਰੋਧੀ ਤਾਕਤਾਂ ਹਿੱਲ ਗਈਆਂ ਅਤੇ ਉਹਨਾਂ ਨੇ ਸੰਤ ਜਰਨੈਲ ਸਿੰਘ 'ਤੇ ਇਸ ਕਤਲ ਦੀ ਸਾਜ਼ਿਸ਼ ਘੜਨ ਦਾ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ । ਸੀ. ਬੀ. ਆਈ. ਨੇ ਵੀ ਆਪਣੀ ਇਨਕੁਆਰੀ ਵਿੱਚ ਇਸ ਕਤਲ ਦੀ ਸਾਜ਼ਿਸ਼ ਪਿੱਛੇ ਸੰਤ ਜਰਨੈਲ ਸਿੰਘ ਦਾ ਨਾਂਅ ਲੈ ਆਂਦਾ ਅਤੇ ਡੀ. ਆਈ. ਜੀ. ਸ਼ੇਖਰ ਦੀ ਅਗਵਾਈ ਹੇਠ ਸੀ. ਬੀ. ਆਈ. ਦੇ ਸੀਨੀਅਰ ਅਧਿਕਾਰੀਆਂ ਨੇ ੦੫-੦੫-੧੯੮੦ ਨੂੰ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿੱਚ ਸੰਤ ਜਰਨੈਲ ਸਿੰਘ ਤੋਂ ਇਸ ਕੇਸ ਬਾਰੇ ਪੁੱਛਗਿੱਛ ਕੀਤੀ ।

ਸੰਤ ਜਰਨੈਲ ਸਿੰਘ ਦੀ ਗ੍ਰਿਫਤਾਰੀ ਦੀਆਂ ਵਧ ਰਹੀਆਂ ਸੰਭਾਵਨਾਵਾਂ ਨੇ ਸਿੱਖ ਕੌਮ ਅੰਦਰ ਗੁੱਸਾ ਪੈਦਾ ਕਰ ਦਿੱਤਾ, ਜਿਸ ਦਾ ਪ੍ਰਗਟਾਵਾ ਕੌਮ ਨੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਅਗਵਾਈ ਹੇਠ, ੭ ਜੂਨ ੧੯੮੦ ਨੂੰ ਅੰਮ੍ਰਿਤਸਰ ਵਿਖੇ ਮਿਸ਼ਾਲਾਂ ਲੈ ਕੇ ਕੱਢੇ ਵਿਸ਼ਾਲ ਜਲੂਸ ਰਾਹੀਂ ਕੱਤਾ । ਇਸ ਤਰ੍ਹਾਂ ਹੀ ਚੰਡੀਗੜ੍ਹ ਅਤੇ ਜੰਮੂ ਕਸ਼ਮੀਰ ਸਮੇਤ ਪੰਜਾਬ ਦੇ ਕਰੀਬ ਬਹੁਤੇ ਜ਼ਿਲ੍ਹਿਆਂ ਵਿੱਚ ਜਲੂਸ ਕੱਢ ਕੇ, ਸੰਤ ਜਰਨੈਲ ਸਿੰਘ ਦੀ ਗ੍ਰਿਫਤਾਰੀ ਦੀ ਸੰਭਾਵਨਾ ਵਿਰੁੱਧ ਆਪਣੇ ਰੋਸ ਅਤੇ ਗੁੱਸੇ ਨੂੰ ਪ੍ਰਗਟ ਕੀਤਾ ਗਿਆ। ਸਿੱਖਾਂ ਵਿੱਚ ਸੰਤ ਜਰਨੈਲ ਸਿੰਘ ਦੇ ਵਧ ਰਹੇ ਪ੍ਰਭਾਵ ਨੂੰ ਦੇਖ ਕੇ ਸਰਕਾਰ ਇਸ ਕੇਸ ਵਿੱਚ ਉਹਨਾਂ ਦੀ ਗ੍ਰਿਫਤਾਰੀ ਕਰਨ ਤੋਂ ਝਿਜਕ ਗਈ ਅਤੇ ਕੇਂਦਰੀ ਗ੍ਰਹਿ

ਮੰਤਰੀ ਗਿ: ਜ਼ੈਲ ਸਿੰਘ ਨੂੰ ਇੱਕ ਧਿਆਨ ਦੁਆਉ ਮਤੇ ਦਾ ਜਵਾਬ ਦਿੰਦਿਆਂ ਇਹ ਕਹਿਣਾ ਪਿਆ ਕਿ, "ਸੰਤ ਜਰਨੈਲ ਸਿੰਘ ਦਾ ਨਿਰੰਕਾਰੀ ਮੁਖੀ ਦੇ ਕਤਲ ਨਾਲ ਕੋਈ ਸੰਬੰਧ ਸਥਾਪਿਤ ਨਹੀਂ ਕੀਤਾ ਜਾ ਸਕਿਆ, ਸੰਤ ਜਰਨੈਲ ਸਿੰਘ ਨਿਰਦੋਸ਼ ਹਨ ਅਤੇ ਉਹਨਾਂ ਨੂੰ ਗ੍ਰਿਫ਼ਤਾਰ ਕਰਨ ਦਾ ਸਰਕਾਰ ਦਾ ਕੋਈ ਇਰਾਦਾ ਨਹੀਂ ਅਤੇ ਉਹ ਦੇਸ਼ ਦੇ ਕਿਸੇ ਵੀ ਕੋਨੇ ਵਿੱਚ ਪ੍ਰਚਾਰ ਕਰ ਸਕਦੇ ਹਨ।

ਸਰਕਾਰ ਨੂੰ ਤਾਂ ਸਿੱਖਾਂ ਦੇ ਰੋਹ ਅੱਗੇ ਝੁਕਦਿਆਂ, ਸੰਤ ਜਰਨੈਲ ਸਿੰਘ ਦੀ ਨਿਰੰਕਾਰੀ ਮੁਖੀ ਦੇ ਕਤਲ ਕੇਸ ਵਿੱਚ ਗ੍ਰਿਫ਼ਤਾਰੀ ਨਾ ਕਰਨ ਲਈ ਮਜ਼ਬੂਰ ਹੋਣਾ ਪਿਆ, ਪਰ ਅਕਾਲੀ ਦਲ ਵਿਚਲੇ ਟਕਸਾਲ ਵਿਰੋਧੀ ਧੜੇ ਨੇ ਇਸ ਗੱਲ ਨੂੰ ਅਧਾਰ ਬਣਾ ਕੇ ਸੰਤ ਜਰਨੈਲ ਸਿੰਘ ਦੇ ਕਾਂਗਰਸ ਨਾਲ ਸੰਬੰਧ ਹੋਣ ਦਾ ਝੂਠਾ ਪ੍ਰਚਾਰ ਕਰਨਾ ਆਰੰਭ ਕਰ ਦਿੱਤਾ। ਸੰਤਾਂ ਦੇ ਕਾਂਗਰਸ ਨਾਲ ਸੰਬੰਧ ਹੋਣ ਦਾ ਅਕਾਲੀ ਦਲ ਨੇ ਇਹ ਤੀਜੀ ਵਾਰ ਪ੍ਰਚਾਰ ਕੀਤਾ।

ਜਿਉਂ ਜਿਉਂ ਸੰਤ ਜਰਨੈਲ ਸਿੰਘ ਦਾ ਸਿੱਖ ਕੌਮ ਵਿੱਚ ਪ੍ਰਭਾਵ ਵਧਣ ਲੱਗਾ, ਤਿਉਂ ਤਿਉਂ ਹੀ ਮਹਾਸ਼ਾ ਪ੍ਰੈਸ ਨੇ ਸੰਤ ਜਰਨੈਲ ਸਿੰਘ 'ਤੇ ਵੱਖਵਾਦੀ ਵਿਚਾਰਧਾਰਾ ਦਾ ਪ੍ਰਚਾਰ ਕਰਨ, ਕਨੂੰਨ ਨੂੰ ਹੱਥ ਵਿੱਚ ਲੈਣ ਅਤੇ ਨਿਰੰਕਾਰੀ ਕਤਲਾਂ ਦੇ ਦੋਸ਼ ਲਾਉਣੇ ਸ਼ੁਰੂ ਕਰ ਦਿੱਤੇ। ਇਹਨਾਂ ਵਿੱਚ ਸਭ ਤੋਂ ਮੋਢੀ ਹਿੰਦ ਸਮਾਚਾਰ, ਪੰਜਾਬ ਕੇਸਰੀ ਅਤੇ ਜੱਗਬਾਣੀ ਅਖਬਾਰ ਦਾ ਮੁੱਖ ਸੰਪਾਦਕ ਲਾਲਾ ਜਗਤ ਨਰਾਇਣ ਸੀ। ਇਹ ੧੯੭੯ ਤੋਂ ਹੀ ਨਿਰੰਕਾਰੀਆਂ ਦੇ ਹੱਕ ਵਿੱਚ ਲਿਖਦਾ ਆ ਰਿਹਾ ਸੀ ਅਤੇ ਕਰਨਾਲ ਅਦਾਲਤ ਵਿੱਚ ਵੀ ਇਸ ਨੇ ਨਿਰੰਕਾਰੀਆਂ ਦੇ ਹੱਕ ਵਿੱਚ ਝੂਠੀ ਗਵਾਹੀ ਦਿੱਤੀ ਸੀ। ਇਸ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਦਿਆਲ ਸਿੰਘ ਅਜਨੋਹਾ ਨੂੰ ਵੀ ਗਦਾਰ ਕਿਹਾ ਸੀ ਅਤੇ ਤਿਲਕ ਜੰਞੂ ਦੀ ਰਾਖੀ ਲਈ ਨੌਵੇਂ ਪਾਤਿਸ਼ਾਹ ਵੱਲੋਂ ਦਿੱਤੀ ਸ਼ਹੀਦੀ ਨੂੰ ਵੀ ਘਰੋਗੀ ਝਗੜੇ ਕਾਰਨ ਮਿਲੀ ਸਜ਼ਾ ਕਹਿੰਦਾ ਸੀ। ੭ ਸਤੰਬਰ ੧੯੮੧ ਨੂੰ ਸਿੱਖਾਂ ਵੱਲੋਂ ਕੀਤੇ ਗਏ ਰੋਸ ਮਾਰਚ ਦਾ ਵੀ, ਇਸ ਨੇ ਡਟ ਕੇ ਵਿਰੋਧ ਕੀਤਾ ਸੀ। ਇਸ ਦੀਆਂ ਅਜਿਹੀਆਂ ਫਿਰਕਾਪ੍ਰਸਤ ਗਤੀਵਿਧੀਆਂ ਕਾਰਨ ਸਿੱਖ ਨੌਜੁਆਨਾਂ ਨੇ ਮਿਤੀ ੦੯-੦੯-੧੯੮੧ ਨੂੰ ਸ਼ਾਮ ਕਰੀਬ ੬:੧੫ ਵਜੇ ਲੁਧਿਆਣੇ ਨੇੜੇ ਕਾਰ ਵਿੱਚ ਆਉਂਦੇ ਨੂੰ ਗੋਲੀ ਮਾਰ ਦਿੱਤੀ। ਕਿਉਂਕਿ ਸੰਤ ਜਰਨੈਲ ਸਿੰਘ ੧੯੭੯ ਤੋਂ ਹੀ ਇਸ ਦੀਆਂ ਫਿਰਕਾਪ੍ਰਸਤ ਲਿਖਤਾਂ ਦਾ ਨੋਟਿਸ ਲੈਂਦੇ ਆ ਰਹੇ ਸਨ ਅਤੇ ਇਸ ਨੂੰ ਕਈ ਵਾਰੀ ਚਿਤਾਵਨੀ ਵੀ ਦੇ ਚੁੱਕੇ ਸਨ, ਇਸ ਲਈ ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਨੇ ਇਸ ਕਤਲ ਦਾ ਦੋਸ਼ ਸੰਤ ਜਰਨੈਲ ਸਿੰਘ 'ਤੇ ਲਾਇਆ। ਇਸ ਕੇਸ ਵਿੱਚ ਦਮਦਮੀ ਟਕਸਾਲ ਦੇ ਦਲਬੀਰ ਸਿੰਘ ਅਤੇ ਸੰਤ ਜਰਨੈਲ ਸਿੰਘ ਦੇ ਭਤੀਜੇ ਸਵਰਨ ਸਿੰਘ ਅਤੇ ਸੰਤਾਂ ਦੇ ਪਿੰਡ ਦੇ ਨੌਜੁਆਨ ਨਛੱਤਰ ਸਿੰਘ ਨੂੰ ਮੁੱਖ ਦੋਸ਼ੀ ਨਾਮਜ਼ਦ ਕੀਤਾ

ਗਿਆ ਅਤੇ ਸੰਤ ਜਰਨੈਲ ਸਿੰਘ 'ਤੇ ਇਸ ਕਤਲ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਾਇਆ ਗਿਆ ।

੧੨ ਸਤੰਬਰ ੧੯੮੧ ਨੂੰ ਸੰਤ ਜਰਨੈਲ ਸਿੰਘ ਦੇ ਇਸ ਕੇਸ ਵਿੱਚ ਗ੍ਰਿਫ਼ਤਾਰੀ ਵਰੰਟ ਜਾਰੀ ਕਰ ਦਿੱਤੇ ਗਏ ਅਤੇ ਇਹਨਾਂ ਲਈ ਅਧਾਰ ਸੰਤ ਜਰਨੈਲ ਸਿੰਘ ਦੇ ੨੬ ਜੁਲਾਈ ੧੯੮੧ ਨੂੰ ਦਿੱਤੇ ਉਸ ਭਾਸ਼ਨ ਨੂੰ ਬਣਾਇਆ ਗਿਆ, ਜਿਸ ਵਿੱਚ ਉਹਨਾਂ ਨੇ ਲਾਲੇ ਨੂੰ ਚਿਤਾਨਵੀ ਦਿੱਤੀ ਸੀ ਕਿ ਜੇਕਰ ਉਹ ਸਿੱਖਾਂ ਵਿਰੁੱਧ ਲਿਖਣ ਤੋਂ ਨਾ ਹਟਿਆ ਤਾਂ ਉਸ ਨੂੰ ਸਬਕ ਸਿਖਾਇਆ ਜਾਵੇਗਾ ।

ਸੰਤ ਜਰਨੈਲ ਸਿੰਘ ੧੨ ਸਤੰਬਰ ੧੯੮੧ ਨੂੰ ਹਰਿਆਣੇ ਦੇ ਪਿੰਡ ਚੰਦੋ ਕਲਾਂ ਸਮਾਗਮ ਕਰ ਰਹੇ ਸਨ । ਜਦ ਉਹਨਾਂ ਨੂੰ ਪਤਾ ਲੱਗਾ ਕਿ ਪੁਲਿਸ ਉਹਨਾਂ ਨੂੰ ਗ੍ਰਿਫਤਾਰ ਕਰਨਾ ਚਾਹੁੰਦੀ ਹੈ ਤਾਂ ਉਹ ਉਸੇ ਰਾਤ ਕਰੀਬ ੯-੦੦ ਵਜੇ ਚੰਦੋ ਕਲਾਂ ਤੋਂ ਚੱਲ ਪਏ ਅਤੇ ਪੁਲਿਸ ਨੂੰ ਚਕਮਾ ਦੇ ਕੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਚੌਕ ਮਹਿਤਾ ਆਪਣੇ ਹੈਡਕਵਾਟਰ ਪਹੁੰਚ ਗਏ । ਪੁਲਿਸ ਨੇ ੧੨ ਸਤੰਬਰ ੧੯੮੧ ਨੂੰ ਪਟਿਆਲਾ ਰੇਂਜ ਦੀ ਡੀ. ਆਈ. ਜੀ. ਡੀ. ਐਸ. ਮਾਂਗਟ ਦੀ ਅਗਵਾਹੀ ਹੇਠ, ਤੜਕੇ ਕਰੀਬ ੩-੦੦ ਵਜੇ ਚੰਦੋ ਕਲਾਂ ਪਿੰਡ ਨੂੰ ਘੇਰਾ ਪਾ ਲਿਆ । ਇਸ ਪੁਲਿਸ ਪਾਰਟੀ ਵਿੱਚ ਨਿਰੰਕਾਰੀ ਪੁਲਿਸ ਅਫ਼ਸਰ ਡੀ. ਆਰ. ਭੱਟੀ ਅਤੇ ਡੀ. ਐਸ. ਪੀ. ਮਨੋਹਰ ਸਿੰਘ ਸਮੇਤ ੬ ਪੁਲਿਸ ਕਪਤਾਨ, ੧੨ ਉਪ ਪੁਲਿਸ ਕਪਤਾਨ ਅਤੇ ੫੦੦ ਸਿਪਾਹੀ ਸ਼ਾਮਲ ਸਨ । ਪੁਲਿਸ ਨੇ ਜਾਂਦੇ ਸਾਰ ਹੀ ਪਹਿਲਾਂ ਫਾਇਰਿੰਗ ਸ਼ੁਰੂ ਕਰ ਦਿੱਤੀ ਅਤੇ ਫਿਰ ਅਨਾਊਂਸਮੈਂਟ ਕੀਤੀ ਕਿ 'ਜੇ ਸੰਤ ਜਰਨੈਲ ਸਿੰਘ ਨੂੰ ਸਾਡੇ ਹਵਾਲੇ ਨਾ ਕੀਤਾ ਤਾਂ ਸਾਰਾ ਪਿੰਡ ਤਬਾਹ ਕਰ ਦਿਆਂਗੇ ।' ਪਿੰਡ ਵਾਸੀਆਂ ਵੱਲੋਂ ਗੁਰਦੁਆਰੇ ਦੇ ਸਪੀਕਰ ਰਾਹੀਂ ਇਹ ਦੱਸਣ 'ਤੇ ਵੀ ਕਿ ਸੰਤ ਜਰਨੈਲ ਸਿੰਘ ਪਿੰਡ ਵਿੱਚ ਮੌਜੂਦ ਨਹੀਂ ਹਨ, ਪੁਲਿਸ ਨਾ ਟਲੀ ਅਤੇ ਉਸ ਨੇ ਘਰ ਘਰ ਦੀ ਤਲਾਸ਼ੀ ਦੇ ਬਹਾਨੇ ਪਿੰਡ ਦੇ ਲੋਕਾਂ ਦਾ ੩ ਲੱਖ ਰੁਪਏ ਦੀ ਕੀਮਤ ਦਾ ਸਮਾਨ ਲੁੱਟ ਲਿਆ, ਦਮਦਮੀ ਟਕਸਾਲ ਦੀਆਂ ੨ ਬੱਸਾਂ ਨੂੰ ਅੱਗ ਲਾ ਦਿੱਤੀ ਗਈ, ਜਿਸ ਨਾਲ ਗੁਰੂ ਗਰੰਥ ਸਾਹਿਬ ਦੀਆਂ ਸੈਂਚੀਆਂ ਸਮੇਤ ਟਕਸਾਲ ਦਾ ਕੀਮਤੀ ਸਾਹਿੱਤ ਸੜ ਗਿਆ। ਡੀ. ਐਸ. ਪੀ. ਮਨੋਹਰ ਸਿੰਘ ਨੇ ਥਾਨਾ ਰਤੀਆ ਵਿੱਚ ਭਾਰਤੀ ਦੰਡਵਾਲੀ ਦੀ ਧਾਰਾ ੩੦੭ ਅਤੇ ੩੫੩ ਤਹਿਤ ਐਫ. ਆਈ. ਆਰ. ਦਰਜ ਕਰਾਈ, ਜਿਸ ਵਿੱਚ ਪਿੰਡ ਵਾਸੀਆਂ ਉੱਪਰ ਪੁਲਿਸ 'ਤੇ ਗੋਲੀ ਚਲਾਉਣ ਦਾ ਝੂਠਾ ਦੋਸ਼ ਲਗਾਇਆ । ਇਸ ਐਫ. ਆਈ. ਆਰ. ਨੂੰ ਸਿੱਖਾਂ ਦੇ ਦੁਸ਼ਮਣ ਹਰਿਆਣੇ ਦੇ ਮੁੱਖ ਮੰਤਰੀ ਭਜਨ ਲਾਲ ਨੇ ਵੀ ਵਿਧਾਨ ਸਭਾ ਵਿੱਚ ਝੂਠੀ ਤੇ ਗਲਤ ਕਰੋਰ ਦਿੱਤਾ ।

ਸੰਤ ਜਰਨੈਲ ਸਿੰਘ ਨੂੰ ਮਹਿਤੇ ਵਿਖੇ ੧੬-੦੯-੧੯੮੧ ਨੂੰ 'ਲਾਲਾ

ਕਤਲ ਕੇਸ' ਵਿੱਚ ਵਰੰਟ ਦਿੱਤੇ ਗਏ ਅਤੇ ਉਹਨਾਂ ਨੇ ਐਲਾਨ ਕਰ ਦਿੱਤਾ, ਕਿ ਮੈਂ ੨੦ ਸਤੰਬਰ ੧੯੮੧ ਨੂੰ ਗ੍ਰਿਫ਼ਤਾਰੀ ਦੇ ਦੇਵਾਂਗਾ । ਸੰਤ ਜਰਨੈਲ ਸਿੰਘ ਦਾ ਇਹ ਐਲਾਨ ਸੁਣ ਕੇ, ਸਿੱਖ ਆਗੂਆਂ ਸਮੇਤ ਸਿੱਖ ਸੰਗਤਾਂ ਵੱਡੀ ਗਿਣਤੀ ਵਿੱਚ ਮਹਿਤੇ ਪਹੁੰਚ ਗਈਆਂ। ਸੰਤ ਜਰਨੈਲ ਸਿੰਘ ਨੇ ਸਿੱਖ ਆਗੂਆਂ ਦੇ ਲੈਕਚਰਾਂ ਦੇ ਬਾਅਦ, ਸੰਗਤਾਂ ਨੂੰ ਸੰਬੋਧਨ ਕੀਤਾ ਤੇ ਬਾਅਦ ਦੁਪਹਿਰ ਕਰੀਬ ੨-੩੦ ਵਜੇ ਗੁਰਦੁਆਰੇ ਤੋਂ ਬਾਹਰ ਆ ਕੇ ਗ੍ਰਿਫ਼ਤਾਰੀ ਦੇ ਦਿੱਤੀ ।

ਸੰਤ ਜਰਨੈਲ ਸਿੰਘ ਦੀ ਪੂਰ ਅਮਨ ਗ੍ਰਿਫ਼ਤਾਰੀ ਤੋਂ ਬਾਅਦ ਪੁਲਿਸ, ਸੰਗਤਾਂ ਦੇ ਜੋਸ਼ ਨੂੰ ਦੇਖ ਕੇ ਭੜਕਾਹਟ ਵਿੱਚ ਆ ਗਈ ਅਤੇ ਉਸ ਨੇ ਮੌਕੇ 'ਤੇ ਮੌਜੂਦ ਕਈ ਮੈਜਿਸਟਰੇਟਾਂ ਵਿੱਚੋਂ ਕਿਸੇ ਵੱਲੋਂ ਵੀ ਗੋਲੀ ਚਲਾਉਣ ਦਾ ਹੁਕਮ ਨਾ ਦੇਣ ਦੇ ਬਾਵਜੂਦ, ਸਿੱਖ ਸੰਗਤਾਂ 'ਤੇ ਗੋਲੀ ਚਲਾ ਦਿੱਤੀ । ਜਿਸ ਵਿੱਚ ੧੨ ਸਿੰਘ ਸ਼ਹੀਦ ਅਤੇ ਬਹੁਤ ਸਾਰੇ ਜ਼ਖਮੀ ਹੋ ਗਏ ।

ਸੰਤ ਜਰਨੈਲ ਸਿੰਘ ਨੂੰ ਅਗਲੇ ਦਿਨ ੨੧-੦੯-੧੯੮੧ ਨੂੰ ਬਸੀਆ ਰੈਸਟ ਹਾਊਸ ਵਿੱਚ ਸਪੈਸ਼ਲ ਅਦਾਲਤ 'ਚ ਪੇਸ਼ ਕੀਤਾ ਗਿਆ । ਮੈਜਿਸਟਰੇਟ ਨੇ ੨੪-੦੯-੧੯੮੧ ਤੱਕ ਪੁਲਿਸ ਰਿਮਾਂਡ ਦੇ ਦਿੱਤਾ, ਜੋ ੨੪ ਤਰੀਕ ਨੂੰ ੨੬-੦੯-੧੯੮੧ ਤੱਕ ਹੋਰ ਵਧਾ ਦਿੱਤਾ ਗਿਆ । ਪੁਲਿਸ ਰਿਮਾਂਡ ਵਿੱਚ ਸੰਤ ਜਰਨੈਲ ਸਿੰਘ ਤੋਂ 'ਲਾਲਾ ਕਤਲ ਕਾਂਡ' ਨਾਲ ਸੰਬੰਧਤ ਕਰੀਬ ੪੫੦ ਸੁਆਲ ਪੁੱਛੇ ਗਏ, ਜਿਹਨਾਂ ਦੇ ਸੰਤਾਂ ਨੇ ਬਾ-ਖੂਬੀ ਜੁਆਬ ਦਿੱਤੇ, ਪਰ ਪੁਲਿਸ ਇਸ ਲੰਬੀ ਪੁੱਛਗਿੱਛ ਦੌਰਾਨ ਵੀ ਸੰਤ ਜਰਨੈਲ ਸਿੰਘ ਦਾ 'ਲਾਲਾ ਕਤਲ ਕਾਂਡ' ਨਾਲ ਸੰਬੰਧ ਜੋੜਨ ਵਿੱਚ ਅਸਫਲ ਰਹੀ ।

ਸੰਤ ਜਰਨੈਲ ਸਿੰਘ ਦੀ ਗ੍ਰਿਫ਼ਤਾਰੀ ਅਤੇ ਮਹਿਤੇ ਵਿਖੇ ਸ਼ਹੀਦ ਹੋਏ ਸਿੰਘਾਂ ਦੀ ਸ਼ਹਾਦਤ ਨਾਲ ਸਿੱਖ ਕੌਮ ਵਿੱਚ ਰੋਹ ਜਾਗ ਪਿਆ ਅਤੇ ਸਿੱਖ ਨੌਜੁਆਨਾਂ ਨੇ ਪ੍ਰਤੀਕਰਮ ਵਜੋਂ ੨੦-੦੯-੧੯੮੧ ਨੂੰ ਜਲੰਧਰ ਅਤੇ ੨੧-੦੯-੧੯੮੧ ਨੂੰ ਤਰਨ ਤਾਰਨ ਵਿਖੇ ਗੋਲੀ ਚਲਾ ਕੇ ਕੁਝ ਹਿੰਦੂ ਮਾਰ ਦਿੱਤੇ ।

ਸੰਤ ਜਰਨੈਲ ਸਿੰਘ ਦੀ ਗ੍ਰਿਫ਼ਤਾਰੀ ਨਾਲ ਪੈਦਾ ਹੋਈ ਇਸ ਗੰਭੀਰ ਸਥਿਤੀ ਕਾਰਨ, ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਆਪਣਾ ਵਿਦੇਸ਼ੀ ਦੌਰਾ ਮੁਲਤਵੀ ਕਰਨਾ ਪਿਆ ਅਤੇ ਉਸ ਨੇ ੨੦-੦੯-੧੯੮੧ ਨੂੰ ਚੰਡੀਗੜ੍ਹ ਆਉਣ ਦਾ ਐਲਾਨ ਕਰਦਿਆਂ, ਅਕਾਲੀ ਆਗੂਆਂ ਨੂੰ ਗੱਲਬਾਤ ਦਾ ਸੱਦਾ ਦਿੱਤਾ । ਅਕਾਲੀ ਆਗੂਆਂ ਨੇ ਇੰਦਰਾ ਗਾਂਧੀ ਨਾਲ ਗੱਲਬਾਤ ਦੌਰਾਨ ਸੰਤ ਜਰਨੈਲ ਸਿੰਘ ਦੀ ਬਿਨਾਂ ਸ਼ਰਤ ਰਿਹਾਈ ਦੀ ਮੰਗ ਕੀਤੀ ।

੨੯-੦੯-੧੯੮੧ ਨੂੰ ਦਲ ਖ਼ਾਲਸਾ ਨੇ ਸ. ਗਜਿੰਦਰ ਸਿੰਘ ਦੀ ਅਗਵਾਈ ਹੇਠ ਭਾਰਤੀ ਹਵਾਈ ਜਹਾਜ਼ ਅਗਵਾਹ ਕਰ ਲਿਆ ਅਤੇ ਉਸ ਨੂੰ ਲਹੌਰ (ਪਾਕਿਸਤਾਨ) ਲੈ ਗਏ । ਸਿੱਖ ਹਾਈਜੈਕਰਾਂ ਨੇ ਸੰਤ ਜਰਨੈਲ ਸਿੰਘ ਦੀ ਰਿਹਾਈ ਦੀ ਸ਼ਰਤ ਰੱਖੀ, ਜਿਸ ਨਾਲ ਉਹਨਾਂ ਦੀ ਗ੍ਰਿਫ਼ਤਾਰੀ ਦਾ ਅੰਤਰ-

ਰਾਸ਼ਟਰੀ ਪੱਧਰ 'ਤੇ ਪ੍ਰਚਾਰ ਹੋਇਆ ।

ਅਖੀਰ ਸਿੱਖ ਸੰਗਤਾਂ ਵਿੱਚ ਸੰਤ ਜਰਨੈਲ ਸਿੰਘ ਦੀ ਗ੍ਰਿਫ਼ਤਾਰੀ ਪ੍ਰਤੀ ਪੈਦਾ ਹੋਏ ਰੋਹ ਨੂੰ ਮੁੱਖ ਰੱਖ ਕੇ ਸਰਕਾਰ ਨੂੰ ਉਹਨਾਂ ਦੀ ਰਿਹਾਈ ਦਾ ਫ਼ੈਸਲਾ ਲੈਣਾ ਪਿਆ ਅਤੇ ਮੈਜਿਸਟਰੇਟ ਸ੍ਰੀ ਜੇ. ਕੇ. ਰਾਏ ਜੇਲ੍ਹ ਵਿੱਚ ਗਏ ਅਤੇ ਇਹ ਆਰਡਰ ਕਰਕੇ ਕਿ 'ਪੁਲਿਸ ਨੂੰ ਲਾਲਾ ਜਗਤ ਨਰਾਇਣ ਕੇਸ ਵਿੱਚ ਸੰਤ ਜਰਨੈਲ ਸਿੰਘ ਦੀ ਲੋੜ ਨਹੀਂ', ਸੰਤ ਜਰਨੈਲ ਸਿੰਘ ਨੂੰ ਫਿਰੋਜਪੁਰ ਜੇਲ੍ਹ ਵਿੱਚੋਂ ਰਿਹਾਅ ਕਰ ਦਿੱਤਾ ।

ਰਿਹਾਈ ਤੋਂ ਬਾਅਦ ਸੰਤ ਜਰਨੈਲ ਸਿੰਘ ਨੇ ਸਿੱਖ ਹਾਈਜੈਕਰਾਂ ਅਤੇ ਰੋਹ ਦਾ ਪ੍ਰਗਟਾਵਾ ਕਰਨ ਵਾਲੇ ਸਿੱਖ ਨੌਜੁਆਨਾਂ ਸਮੇਤ, ਸਿੱਖ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਅਕਾਲੀ ਦਲ ਵੱਲੋਂ ਹਾਈਜੈਕਰਾਂ ਨਾਲ ਕੋਈ ਸੰਬੰਧ ਨਾ ਹੋਣ ਦੇ ਦਿੱਤੇ ਗਏ ਬਿਆਨ ਦੀ ਸਖਤ ਅਲੋਚਨਾ ਕੀਤੀ ਤੇ ਨਾਲ ਹੀ ਸ਼ਹੀਦਾਂ ਦੇ ਡੁੱਲੇ ਲਹੂ ਨੂੰ ਅਜਾਈਂ ਨਹੀਂ ਜਾਣ ਦਿੱਤਾ ਜਾਵੇਗਾ, ਦਾ ਐਲਾਨ ਵੀ ਕੀਤਾ ।

ਪਹਿਲਾਂ ਗ੍ਰਿਫ਼ਤਾਰੀ ਅਤੇ ਫਿਰ ਰਿਹਾਈ ਨੇ ਸੰਤ ਜਰਨੈਲ ਸਿੰਘ ਪ੍ਰਤੀ ਸਿੱਖ ਸੰਗਤਾਂ ਵਿੱਚ ਨਿੱਘਾ ਪਿਆਰ ਪੈਦਾ ਕਰ ਦਿੱਤਾ ਅਤੇ ਸੰਤ ਇੱਕ ਵਾਰੀ ਫਿਰ ਪੰਜਾਬ ਅਤੇ ਪੰਜਾਬ ਤੋਂ ਬਾਹਰ ਪ੍ਰਚਾਰ ਵਹੀਰ ਲੈ ਕੇ ਪ੍ਰਚਾਰ ਲਈ ਨਿਕਲ ਪਏ ਤੇ ਆਪਣੇ ਜੋਸ਼ੀਲੇ ਪ੍ਰਚਾਰ ਨਾਲ ਸਿੱਖ ਕੌਮ ਵਿੱਚ ਜੋਸ਼, ਹੌਸਲਾ ਅਤੇ ਦ੍ਰਿੜਤਾ ਭਰਨ ਲੱਗੇ ।

ਸੰਤ ਜਰਨੈਲ ਸਿੰਘ ਨੇ ਰਵਾਇਤੀ ਅਕਾਲੀਆਂ ਨਾਲੋਂ ਬਿਲਕੁਲ ਵੱਖਰਾ ਰਾਹ ਅਪਣਾਇਆ ਅਤੇ ਗਾਂਧੀਵਾਦੀ ਸਿਧਾਂਤ ਨੂੰ ਪੂਰੀ ਤਰ੍ਹਾਂ ਤਿਲਾਂਜ਼ਲੀ ਦੇ ਕੇ, ਖ਼ਾਲਸਈ ਸਿਧਾਂਤਾਂ 'ਤੇ ਪਹਿਰਾ ਦੇਣ 'ਤੇ ਜ਼ੋਰ ਦਿੱਤਾ । ਉਹਨਾਂ ਦੇ ਤੂਫ਼ਾਨੀ ਪ੍ਰਚਾਰ ਦੌਰਿਆਂ ਨੇ ਸਿੱਖ ਨੌਜੁਆਨਾਂ ਨੂੰ ਟੁੰਬ ਲਿਆ, ਅਤੇ ਉਹਨਾਂ ਨੇ ਕਨੂੰਨ ਦੀ ਜਕੜ ਵਿੱਚੋਂ ਬਚੇ ਕਈ ਪ੍ਰਮੁੱਖ ਨਿਰੰਕਾਰੀਆਂ ਨੂੰ ਹੱਥੀਂ ਸਜ਼ਾ ਦਿੱਤੀ ।

ਪੰਜਾਬ ਵਿਚਲੀ ਕਾਂਗਰਸ ਪਾਰਟੀ ਦੀ ਦਰਬਾਰਾ ਸਿੰਹੁ ਸਰਕਾਰ ਪੰਜਾਬ ਵਿੱਚ ਵਾਪਰੀ ਹਰ ਘਟਨਾ ਨੂੰ ਸੰਤ ਜਰਨੈਲ ਸਿੰਘ ਦੇ ਨਾਅ ਨਾਲ ਜੋੜਨ ਲੱਗੀ ਅਤੇ ਉਹਨਾਂ ਨੂੰ ਪੁਲਿਸ ਮੁਕਾਬਲੇ ਰਾਹੀਂ ਮਾਰ ਮੁਕਾਉਣ ਦੀਆਂ ਸਾਜ਼ਿਸ਼ਾਂ ਘੜਨ ਲੱਗੀ । ਇਸ ਸਾਜ਼ਿਸ਼ ਨੂੰ ਸਿਰੇ ਚੜ੍ਹਾਉਣ ਲਈ ਮਹਾਂਰਾਸ਼ਟਰ ਪ੍ਰਾਂਤ ਦੇ ਮਹਾਂਨਗਰ ਬੰਬਈ ਨੂੰ ਚੁਣਿਆ ਗਿਆ । ਸੰਤ ਜਰਨੈਲ ਸਿੰਘ ਆਪਣੀ ਪ੍ਰਚਾਰ ਮੁਹਿੰਮ ਦੌਰਾਨ ਦਾਦਰ ਦੇ ਗੁਰਦੁਆਰਾ ਸਾਹਿਬ ਵਿਖੇ ਠਹਿਰੇ ਹੋਏ ਸਨ, ਜਿੱਥੇ ਉਹਨਾਂ ਨੇ ੧੦ ਮਈ ੧੯੮੨ ਤੱਕ ਰਹਿਣਾ ਸੀ, ਪਰ ਦਰਬਾਰਾ ਸਿੰਹੁ ਸਰਕਾਰ ਨੇ ਕੌਮੀ ਸੁਰੱਖਿਆ ਐਕਟ ਅਧੀਨ ਸੰਤ ਜਰਨੈਲ ਸਿੰਘ ਦੇ ਗ੍ਰਿਫ਼ਤਾਰੀ ਵਰੰਟ ਕੱਢ ਦਿੱਤੇ ਅਤੇ ਬੰਬਈ ਵਿੱਚ ਹੀ ਉਹਨਾਂ ਨੂੰ ਗ੍ਰਿਫ਼ਤਾਰ ਕਰਨ ਲਈ ਪੁਲਿਸ ਫੋਰਸ ਭੇਜ ਦਿੱਤੀ । ਸੰਤ ਜਰਨੈਲ ਸਿੰਘ ਨੂੰ ਸਰਕਾਰ ਦੀ ਇਸ ਸਾਜ਼ਿਸ਼ ਦੀ ਪਹਿਲਾਂ ਹੀ ਸੂਹ ਮਿਲ ਗਈ ਅਤੇ ਉਹ ਆਪਣੇ ਕਮਰੇ ਵਿੱਚ,

ਆਪਣੀ ਥਾਂ, ਭਾਈ ਗੁਰਬਚਨ ਸਿੰਘ ਮਾਨੋਚਾਹਲ ਨੂੰ ਛੱਡ ਕੇ ਪੁਲਿਸ ਦਾ ਘੇਰਾ ਪੈਣ ਤੋਂ ਪਹਿਲਾਂ ਹੀ ਚੌਂਕ ਮਹਿਤਾ ਨੂੰ ਚੱਲ ਪਏ। ਰਸਤੇ ਵਿੱਚ ਨਾਕੇ 'ਤੇ ਪੁਲਿਸ ਵੱਲੋਂ ਰੋਕਣ ਤੇ ਪੁੱਛਗਿੱਛ ਕਰਨ ਦੇ ਬਾਵਜੂਦ ਉਹ ਪੁਲਿਸ ਨੂੰ ਚਕਮਾ ਦੇ ਗਏ ਅਤੇ ਡਰਾਈਵਰ ਦੀ ਹੁਸ਼ਿਆਰੀ ਨਾਲ ਚੌਂਕ ਮਹਿਤਾ ਪਹੁੰਚ ਗਏ ।

ਜਦ ਪੰਜਾਬ ਸਰਕਾਰ ਸੰਤ ਜਰਨੈਲ ਸਿੰਘ ਨੂੰ ਮਾਰ ਮੁਕਾਉਣ ਦੇ ਆਪਣੇ ਇਰਾਦੇ ਵਿੱਚ ਸਫ਼ਲ ਨਾ ਹੋ ਸਕੀ ਅਤੇ ਮਹਾਂਰਾਸ਼ਟਰ ਸਰਕਾਰ ਨੇ ਵੀ ਉਸ ਦੀ ਇਸ ਕਾਰਵਾਈ ਦੀ ਅਲੋਚਨਾ ਕੀਤੀ ਤਾਂ ਉਸ ਨੇ ਦਮਦਮੀ ਟਕਸਾਲ ਦੇ ਸਿੰਘਾਂ ਦੀ ਗ੍ਰਿਫ਼ਤਾਰੀ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਅਤੇ ਮਿਤੀ ੧੭-੦੭-੧੯੮੨ ਨੂੰ ਬਾਬਾ ਉਤਮ ਸਿੰਘ ਖੰਡੂਰ ਸਾਹਿਬ ਵਾਲਿਆਂ ਨੂੰ ਛੱਡ ਕੇ ਵਾਪਸ ਆ ਰਹੇ ਜਥੇ ਦੇ ਤਿੰਨ ਸਿੰਘ ਭਾਈ ਜਗੀਰ ਸਿੰਘ, ਭਾਈ ਅਜਾਇਬ ਸਿੰਘ ਅਤੇ ਭਾਈ ਨਰਿੰਦਰ ਸਿੰਘ ਗ੍ਰਿਫ਼ਤਾਰ ਕਰ ਲਏ । ਸੰਤ ਜਰਨੈਲ ਸਿੰਘ ਨੇ ਉਹਨਾਂ ਦੀ ਪੈਰਵਾਈ ਕਰਨ ਲਈ ਭਾਈ ਅਮਰੀਕ ਸਿੰਘ ਅਤੇ ਬਾਬਾ ਬਾਰਾ ਸਿੰਘ ਨੂੰ ਭੇਜਿਆ । ਉਹਨਾਂ ਨੇ ਅੰਮ੍ਰਿਤਸਰ ਆਏ ਹੋਏ ਪੰਜਾਬ ਦੇ ਰਾਜਪਾਲ ਡਾ. ਐਮ. ਚੈਨਾ ਰੈਡੀ ਨੂੰ ਮਿਲ ਕੇ ਟਕਸਾਲ ਦੇ ਸਿੰਘਾਂ ਦੀਆਂ ਨਜਾਇਜ਼ ਹੋ ਰਹੀਆਂ ਗ੍ਰਿਫ਼ਤਾਰੀਆਂ ਤੋਂ ਜਾਣੂੰ ਕਰਾਉਣਾ ਚਾਹਿਆ, ਪਰ ਉਸ ਨੇ ਪੰਜਾਬ ਸਰਕਾਰ ਦੇ ਮੰਤਰੀ ਹਰਚਰਨ ਸਿੰਘ ਅਜਨਾਲਾ ਦੀ ਸਲਾਹ ਮੰਨ ਕੇ, ਉਹਨਾਂ ਦੀ ਗੱਲ ਸੁਣਨ ਦੀ ਥਾਂ, ਉਲਟਾ ਉਹਨਾਂ ਨੂੰ ਵੀ ਗ੍ਰਿਫ਼ਤਾਰ ਕਰ ਲੈਣ ਦਾ, ਪੁਲਿਸ ਮੁਖੀ ਅੰਮ੍ਰਿਤਸਰ ਨੂੰ ਇਸ਼ਾਰਾ ਕਰ ਦਿੱਤਾ । ੧੯-੦੭-੧੯੮੨ ਨੂੰ ਭਾਈ ਅਮਰੀਕ ਸਿੰਘ ਅਤੇ ਬਾਬਾ ਬਾਰਾ ਸਿੰਘ ਨੂੰ ਕੁਝ ਹੋਰ ਸਿੰਘਾਂ ਸਮੇਤ ਅੰਮ੍ਰਿਤਸਰ ਕਚਹਿਰੀ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ । ਸੰਤ ਜਰਨੈਲ ਸਿੰਘ ਨੂੰ ਜਦ ਇਸ ਗ੍ਰਿਫ਼ਤਾਰੀ ਦਾ ਪਤਾ ਲੱਗਾ ਤਾਂ ਉਹ ਬਿਮਾਰੀ ਦੀ ਹਾਲਤ ਵਿੱਚ ਹੀ ਡਾਕਟਰ ਵੱਲੋਂ ਅਰਾਮ ਕਰਨ ਦੀ ਸਲਾਹ ਦੇਣ ਦੇ ਬਾਵਜੂਦ ਅੰਮ੍ਰਿਤਸਰ ਪਹੁੰਚ ਗਏ ਅਤੇ ਢਾਈ ਘੰਟੇ ਦੇ ਵਿੱਚ-ਵਿੱਚ ਹੀ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰਕੇ, ਸਿੰਘਾਂ ਦੀ ਰਿਹਾਈ ਲਈ ਮੋਰਚਾ ਸ਼ੁਰੂ ਕਰ ਦਿੱਤਾ । ਹਰ ਰੋਜ਼ ੫੧-੫੧ ਸਿੰਘਾਂ ਦੇ ਜਥੇ ਗ੍ਰਿਫ਼ਤਾਰੀ ਲਈ ਭੇਜਣੇ ਸ਼ੁਰੂ ਕਰ ਦਿੱਤੇ ਗਏ । ਅਕਾਲੀ ਦਲ ਜੋ ਲੰਮੇ ਸਮੇਂ ਤੋਂ ਮੋਰਚਾ ਲਾਉਣ ਦਾ ਐਲਾਨ ਕਰਨ ਦੇ ਬਾਵਜੂਦ ਸ਼ੁਰੂ ਕਰਨ ਤੋਂ ਟਾਲ ਮਟੋਲਾ ਕਰ ਰਿਹਾ ਸੀ ਅਤੇ ਕਪੂਰੀ ਵਿਖੇ ਨਹਿਰ ਰੋਕੂ ਮੋਰਚੇ ਵਿੱਚ ਸੰਗਤਾਂ ਵੱਲੋਂ ਪੂਰਾ ਸਹਿਯੋਗ ਨਾ ਮਿਲਣ ਕਾਰਨ, ਮੋਰਚਾ ਬੰਦ ਕਰਕੇ ਘਬਰਾਹਟ ਦੀ ਸਥਿਤੀ ਵਿੱਚੋਂ ਲੰਘ ਰਿਹਾ ਸੀ, ਨੇ ਸੰਤ ਜਰਨੈਲ ਸਿੰਘ ਦੁਆਰਾ ਸਿਰਜੇ ਇਸ ਮਹੌਲ ਦਾ ਲਾਹਾ ਲੈਣ ਲਈ, ੪ ਅਗਸਤ ੧੯੮੨ ਨੂੰ ਅਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਲਈ 'ਧਰਮ ਯੁੱਧ' ਮੋਰਚਾ ਸ਼ੁਰੂ ਕਰ ਦਿੱਤਾ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਇਸ ਮੋਰਚੇ ਦੇ ਡਿਕਟੇਟਰ ਬਣਾ ਦਿੱਤੇ ਗਏ ।

ਸੰਤ ਜਰਨੈਲ ਸਿੰਘ ਦੀਆਂ ਕੋਸ਼ਿਸ਼ਾਂ ਸਦਕਾ ਮਿਤੀ ੨੮-੦੯-੧੯੮੨ ਜ: ਜਗਦੇਵ ਸਿੰਘ ਤਲਵੰਡੀ ਅਤੇ ਸ. ਸੁਖਜਿੰਦਰ ਸਿੰਘ ਵੀ 'ਧਰਮ ਯੁੱਧ' ਮੋਰਚੇ ਵਿੱਚ ਆਣ ਸ਼ਾਮਲ ਹੋਏ ਅਤੇ ਸਮੁੱਚਾ ਪੰਥ ਇੱਕ ਮੁੱਠ ਹੋ ਕੇ ਸਿੱਖ ਕੌਮ ਦੇ ਹੱਕਾਂ ਲਈ ਸੰਘਰਸ਼ ਕਰਨ ਲੱਗ ਪਿਆ।

ਧਰਮ ਯੁੱਧ ਮੋਰਚੇ ਦੇ ਪਹਿਲੇ ਦਿਨ ਸਾਬਕਾ ਮੁੱਖ ਮੰਤਰੀ ਪੰਜਾਬ ਸ. ਪ੍ਰਕਾਸ਼ ਸਿੰਘ ਬਾਦਲ ਨੇ ੧੧੨੬ ਸਿੰਘਾਂ ਸਮੇਤ ਗ੍ਰਿਫ਼ਤਾਰੀ ਦਿੱਤੀ। ਹਰ ਰੋਜ਼ ਸੈਂਕੜਿਆਂ ਦੀ ਗਿਣਤੀ ਵਿੱਚ ਸਿੰਘ ਜੇਲ੍ਹ ਜਾਣ ਲਈ ਜਥੇ ਵਿੱਚ ਜਾਣੇ ਲੱਗ ਪਏ। ਮੁੱਖ ਮੰਤਰੀ ਦਰਬਾਰਾ ਸਿੰਘ ਨੇ ਮੋਰਚੇ ਨੂੰ ਸੱਟ ਮਾਰਨ ਲਈ ੨੬-੦੮-੧੯੮੨ ਨੂੰ ਪੰਜਾਬ ਭਰ ਵਿੱਚੋਂ ਛਾਪੇ ਮਰਵਾ ਕੇ ਵੱਡੀ ਗਿਣਤੀ ਵਿੱਚ ਸਿੱਖ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ, ਪਰ ਉਸ ਦੇ ਇਸ ਕਦਮ ਨਾਲ ਵੀ ਮੋਰਚੇ ਵਿੱਚ ਕਿਸੇ ਤਰ੍ਹਾਂ ਦੀ ਕਮਜ਼ੋਰੀ ਨਾ ਆਈ। ਸਿੰਘ ਪਹਿਲਾਂ ਵਾਂਗ ਹੀ ਸੈਂਕੜਿਆਂ ਦੀ ਗਿਣਤੀ ਵਿੱਚ ਹਰ ਰੋਜ਼ ਗ੍ਰਿਫ਼ਤਾਰੀ ਦਿੰਦੇ ਰਹੇ ਅਤੇ ਮੁੱਖ ਮੰਤਰੀ ਦੇ ਮੋਰਚੇ ਪ੍ਰਤੀ ਕੀਤੇ ਜਾ ਰਹੇ ਗੁੰਮਰਾਹਕੁੰਨ ਅਤੇ ਝੂਠੇ ਦਾਅਵਿਆਂ ਦਾ ਮਖੌਲ ਉੱਡਦਾ ਰਿਹਾ।

੧੧-੦੯-੧੯੮੨ ਨੂੰ ਸਰਕਾਰ ਦੀ ਅਣਗਹਿਲੀ ਕਾਰਨ ਤਰਨਤਾਰਨ ਫਾਟਕ 'ਤੇ ਬਹੁਤ ਵੱਡਾ ਹਾਦਸਾ ਵਾਪਰ ਗਿਆ ਅਤੇ ਜਥੇਦਾਰ ਬਚਨ ਸਿੰਘ ਦੀ ਅਗਵਾਹੀ ਹੇਠ ਗ੍ਰਿਫ਼ਤਾਰ ਹੋਏ ਜਥੇ ਨੂੰ ਰਾਤ ਸਮੇਂ ਬਠਿੰਡਾ ਜੇਲ੍ਹ ਲਿਜਾ ਰਹੀ ਬੱਸ, ਫਾਟਕ ਬੰਦ ਨਾ ਹੋਣ ਕਾਰਨ ਰੇਲ ਨਾਲ ਟਕਰਾ ਗਈ ਅਤੇ ਇਸ ਵਿੱਚ ਸਵਾਰ ੩੪ ਸਿੰਘ ਸ਼ਹੀਦ ਅਤੇ ਅਨੇਕਾਂ ਜ਼ਖ਼ਮੀ ਹੋ ਗਏ। ਇਹਨਾਂ ਸ਼ਹੀਦਾਂ ਦੀਆਂ ਅਸਥੀਆਂ ਜਲੂਸ ਦੀ ਸ਼ਕਲ ਵਿੱਚ ਪੂਰੇ ਪੰਜਾਬ ਦਾ ਚੱਕਰ ਲਗਾ ਕੇ ਮਿਤੀ ੧੬-੧੦-੧੯੮੨ ਨੂੰ ਪਾਰਲੀਮੈਂਟ ਦੇ ਸਾਹਮਣੇ ਦਿੱਲੀ ਲਿਜਾਈਆਂ ਗਈਆਂ, ਪਰ ਸਰਕਾਰ ਭੜਕਾਹਟ ਵਿੱਚ ਆ ਗਈ ਅਤੇ ਉਸ ਇਸ ਦੁਖਦਾਈ ਹਾਦਸੇ ਬਾਰੇ ਪਾਰਲੀਮੈਂਟ ਦੇ ਮੈਂਬਰਾਂ ਨੂੰ ਸ਼ਾਂਤਮਈ ਤਰੀਕੇ ਨਾਲ ਯਾਦ ਪੱਤਰ ਦੇਣ ਗਏ ਸਿੰਘਾਂ 'ਤੇ ਵੀ ਪਹਿਲਾਂ ਟੀਅਰ ਗੈਸ ਦੇ ਗੋਲੇ ਸੁੱਟੇ ਅਤੇ ਫਿਰ ਗੋਲੀਆਂ ਚਲਾ ਦਿੱਤੀਆਂ ਜਿਸ ਨਾਲ ੪ ਸਿੰਘ ਸ਼ਹੀਦ ਹੋ ਗਏ।

ਪੰਜਾਬ ਦੀਆਂ ਜੇਲ੍ਹਾਂ ਵਿੱਚ ਵੀ ਡਾਕਟਰੀ ਸਹੂਲਤਾਂ ਦੀ ਘਾਟ ਅਤੇ ਮਾੜੇ ਪ੍ਰਬੰਧਕ ਕਾਰਨ ਦੋ ਮਹੀਨਿਆਂ ਵਿੱਚ ਹੀ ਜੇਲ੍ਹਾਂ ਵਿੱਚਲੇ ਹੋਰ ੪੬ ਸਿੰਘ ਸ਼ਹੀਦ ਹੋ ਗਏ। ਦੋ ਮਹੀਨਿਆਂ ਦੇ ਅੰਦਰ ਅੰਦਰ ਪੰਜਾਬ ਦੀਆਂ ਸਭ ਜੇਲ੍ਹਾਂ ਭਰ ਗਈਆਂ ਅਤੇ ਸਰਕਾਰ ਨੂੰ ਮਜਬੂਰ ਹੋ ਕੇ ਹੱਥ ਖੜ੍ਹੇ ਕਰਨੇ ਪਏ। ਉਸ ਨੇ ਮਿਤੀ ੧੮-੧੦-੧੯੮੨ ਨੂੰ ਸਾਰੇ ਸਿੰਘਾਂ ਨੂੰ ਬਿਨਾ ਸ਼ਰਤ ਰਿਹਾ ਕਰ ਦਿੱਤਾ, ਪਰ ਸਿੰਘਾਂ ਦੇ ਜਥੇ ਪਹਿਲਾਂ ਵਾਂਗ ਹੀ ਗ੍ਰਿਫ਼ਤਾਰੀ ਦਿੰਦੇ ਰਹੇ ਅਤੇ ਸਰਕਾਰ ਉਹਨਾਂ ਨੂੰ ਸਿਰਫ ੨੪ ਘੰਟੇ ਹੀ ਜੇਲ੍ਹ ਵਿੱਚ

ਰੱਖ ਕੇ ਰਿਹਾ ਕਰਨ ਲੱਗ ਪਈ।

ਅਕਾਲੀ ਦਲ ਨੇ, ੪ ਨਵੰਬਰ ੧੯੮੨ ਤੋਂ ਦਿੱਲੀ ਵਿਖੇ ਹੋ ਰਹੀਆਂ ਏਸ਼ੀਆਈ ਖੇਡਾਂ ਸਮੇਂ ਦੁਨੀਆਂ ਨੂੰ ਸਿੱਖਾਂ ਦੀਆਂ ਮੰਗਾਂ ਤੋਂ ਜਾਣੂ ਕਰਾਉਣ ਲਈ, ਦਿੱਲੀ ਵਿਖੇ ਗ੍ਰਿਫ਼ਤਾਰੀਆਂ ਦੇਣ ਦਾ ਪ੍ਰੋਗਰਾਮ ਸ਼ੁਰੂ ਕੀਤਾ, ਪਰ ਹਰਿਆਣੇ ਦੇ ਮੁੱਖ ਮੰਤਰੀ ਭਜਨ ਲਾਲ ਨੇ ਵਹਿਸ਼ੀਆਨਾ ਤਰੀਕੇ ਨਾਲ ਸਿੱਖਾਂ ਨੂੰ ਹਰਿਆਣੇ ਅੰਦਰ ਰੋਕ ਕੇ ਜ਼ਲੀਲ ਕੀਤਾ। ਜਿਸ ਨਾਲ ਪਹਿਲਾਂ ਤੋਂ ਹੀ ਸਰਕਾਰੀ ਨੀਤੀ ਤੋਂ ਦੁਖੀ ਸਿੱਖ, ਆਪਣੇ ਨਾਲ ਹੋ ਰਹੀ ਅਜਿਹੀ ਧੱਕੇਸ਼ਾਹੀ, ਵਧੀਕੀ ਅਤੇ ਬੇ-ਇਜ਼ਤੀ ਤੋਂ ਹੋਰ ਵੀ ਰੋਹ ਵਿੱਚ ਆ ਗਏ ਅਤੇ ਸਿੱਖ ਆਗੂਆਂ ਤੋਂ ਕੋਈ ਫ਼ੈਸਲਾਕੁੰਨ ਕਦਮ ਚੁੱਕਣ ਦੀ ਮੰਗ ਕਰਨ ਲੱਗ ਪਏ।

ਸਿੱਖਾਂ ਵਿੱਚ ਪੈਦਾ ਹੋ ਰਹੇ ਇਸ ਰੋਹ ਨੂੰ ਧਿਆਨ ਵਿੱਚ ਰੱਖ ਕੇ ਮੋਰਚਾ ਡਿਕਟੇਟਰ ਲੌਂਗੋਵਾਲ ਨੇ ੨੩-੧੨-੧੯੮੨ ਨੂੰ ਸਾਬਕਾ ਫ਼ੌਜੀਆਂ ਦੀ ਅਤੇ ੦੯-੦੧-੧੯੮੩ ਨੂੰ ਸਿੱਖ ਬੁੱਧੀਜੀਵੀਆਂ ਦੀ ਕਨਵੈਨਸ਼ਨ ਬੁਲਾ ਕੇ ਅਗਲੀ ਰਣਨੀਤੀ ਤਿਆਰ ਕਰਨ ਲਈ ਵਿਚਾਰਾਂ ਕੀਤੀਆਂ। ਸਾਬਕਾ ਫ਼ੌਜੀਆਂ ਅਤੇ ਸਿੱਖ ਬੁੱਧੀਜੀਵੀਆਂ ਨੇ ਸਿੱਖ ਹੱਕਾਂ ਦੀ ਪ੍ਰਾਪਤੀ ਲਈ ਹਰ ਤਰ੍ਹਾਂ ਦਾ ਸਹਿਯੋਗ ਦੇਣ ਅਤੇ ਕੁਰਬਾਨੀ ਕਰਨ ਦਾ ਵਾਅਦਾ ਕੀਤਾ, ਪਰ ਲੌਂਗੋਵਾਲ ਸਿੱਖ ਹੱਕਾਂ ਦੀ ਪ੍ਰਾਪਤੀ ਲਈ ਕੋਈ ਕਾਰਗਰ ਤੇ ਅਸਰਦਾਰ ਪ੍ਰੋਗਰਾਮ ਨਾ ਦੇ ਸੱਕਿਆ। ਉਸ ਨੇ ਪ੍ਰੋਗਰਾਮ ਨੂੰ ਸਿਰਫ਼ ਅਕਾਲੀ ਐਮ.ਐਲ.ਏ. ਅਤੇ ਐਮ.ਪੀ. ਦੇ ਅਸਤੀਫ਼ੇ ਦੇਣ ਤੱਕ ਹੀ ਸੀਮਤ ਰੱਖਿਆ ਅਤੇ ਇਹ ਅਸਤੀਫ਼ੇ ੨੭-੦੧-੧੯੮੩ ਨੂੰ ਸੰਬੰਧਤ ਅਧਿਕਾਰੀਆਂ ਨੂੰ ਚੰਡੀਗੜ੍ਹ ਅਤੇ ਦਿੱਲੀ ਪਹੁੰਚ ਕੇ ਦੇ ਦਿੱਤੇ ਗਏ, ਪਰ ਸਰਕਾਰ ਨੇ ਅਸਤੀਫ਼ੇ ਮਨਜ਼ੂਰ ਨਾ ਕੀਤੇ। ਅਕਾਲੀ ਐਮ.ਐਲ.ਏ. ਅਤੇ ਐਮ.ਪੀ. ਅਸਤੀਫ਼ੇ ਦੇਣ ਦੇ ਬਾਵਜੂਦ ਵੀ ਤਨਖ਼ਾਹਾਂ, ਸਰਕਾਰੀ ਭੱਤੇ ਅਤੇ ਸਹੂਲਤਾਂ ਲੈਂਦੇ ਰਹੇ, ਜਿਸ ਦੀ ਸੰਤ ਜਰਨੈਲ ਸਿੰਘ ਨੇ ਆਲੋਚਨਾ ਕੀਤੀ।

ਸਿੱਖ ਕੌਮ ਵਿੱਚ, ਸਰਕਾਰ ਸਿੱਖ ਮਾਰੂ ਨੀਤੀਆਂ ਪ੍ਰਤੀ ਪੈਦਾ ਹੋ ਰਹੇ ਰੋਹ ਅਤੇ ਅਕਾਲੀ ਆਗੂਆਂ ਦੀ ਢਿੱਲੜ ਨੀਤੀ ਬਾਰੇ ਪੈਦਾ ਹੋ ਰਹੀ ਨਰਾਜ਼ਗੀ ਨੂੰ ਧਿਆਨ ਵਿੱਚ ਰੱਖ ਕੇ ਅਕਾਲੀ ਦਲ ਨੇ ਮਿਤੀ ੦੪-੦੪-੧੯੮੩ ਨੂੰ 'ਰਸਤਾ ਰੋਕੋ' ਪ੍ਰੋਗਰਾਮ ਦਿੱਤਾ। ਸਿੱਖਾਂ ਨੇ ਇਸ ਪੰਥਕ ਪ੍ਰੋਗਰਾਮ ਨੂੰ ਗੋਲੀਆਂ ਅੱਗੇ ਛਾਤੀਆਂ ਤਾਣ ਕੇ ਸਫਲ ਕੀਤਾ ਅਤੇ ੨੬ ਸਿੰਘਾਂ ਨੇ ਆਪਣੀਆਂ ਜਾਨਾਂ ਵਾਰੀਆਂ।

ਇੰਦਰਾ ਗਾਂਧੀ ਨੇ ਲੋਕਾਂ ਨੂੰ ਧਰਮ ਯੁੱਧ ਮੋਰਚੇ ਨਾਲੋਂ ਤੋੜਨ ਦੀ ਕੋਸ਼ਿਸ਼ ਵਜੋਂ ੨੯-੦੫-੧੯੮੩ ਨੂੰ ਗੁਰਦਾਸਪੁਰ, ਲੁਧਿਆਣਾ ਅਤੇ ਨਾਭਾ ਤਿੰਨ ਥਾਂਵਾਂ 'ਤੇ ਕਾਨਫ਼ਰੰਸਾਂ ਕੀਤੀਆਂ, ਪਰ ਉਸ ਨੂੰ ਹਰ ਥਾਂ ਸਿੱਖ

ਨੌਜੁਆਨਾਂ ਅਤੇ ਬੀਬੀਆਂ ਦੇ ਸਰਕਾਰ ਵਿਰੋਧੀ ਨਾਹਰੇ ਤੇ ਸਿੱਖਾਂ ਪ੍ਰਤੀ ਵਿਤਕਰੇ ਭਰੀਆਂ ਸਰਕਾਰੀ ਨੀਤੀਆਂ ਵਿਰੁੱਧ ਗੱਲਾਂ ਸੁਣਨੀਆਂ ਪਈਆਂ। ਇੰਦਰਾ ਗਾਂਧੀ, ਸਿੱਖਾਂ ਵੱਲੋਂ ਕੀਤੇ ਇਹਨਾਂ ਪ੍ਰਦਰਸ਼ਨਾਂ ਰਾਹੀਂ ਪ੍ਰਗਟ ਕੀਤੀ ਗਈ ਲੋਕ ਰਾਇ ਨੂੰ ਸਮਝਣ ਦੀ ਥਾਂ, ਆਪਣੇ ਮੁੱਖ ਮੰਤਰੀ ਦਰਬਾਰਾ ਸਿੰਘ ਦੀਆਂ ਧਰਮ ਯੁੱਧ ਪ੍ਰਤੀ ਭੇਜੀਆਂ ਗ਼ਲਤ ਰਿਪੋਰਟਾਂ ਅਤੇ ਦਿੱਤੀਆਂ ਗਈਆਂ ਪੰਥ ਵਿਰੋਧੀ ਸਲਾਹਾਂ 'ਤੇ ਹੀ ਇਤਬਾਰ ਕਰਦੀ ਰਹੀ ਤੇ ਆਪਣੀ ਫ਼ਿਰਕੂ ਸੋਚ ਤਹਿਤ ਸਿੱਖਾਂ ਨੂੰ ਦਬਾਉਣ ਲਈ ਪੂਰਾ ਜ਼ੋਰ ਲਗਾਉਂਦੀ ਰਹੀ। ਉਸ ਦੀਆਂ ਇਹਨਾਂ ਕਾਨਫ਼ਰੰਸਾਂ ਸਮੇਂ ਸਿੱਖ ਹੱਕਾਂ ਲਈ ਪ੍ਰਦਰਸ਼ਨ ਕਰਨ ਵਾਲੇ ਸਿੱਖ ਨੌਜੁਆਨਾਂ ਅਤੇ ਬੀਬੀਆਂ 'ਤੇ ਭਾਰੀ ਤਸ਼ੱਦਦ ਕੀਤਾ ਗਿਆ ਅਤੇ ਕਈਆਂ ਨੂੰ ਕੇਸ ਪਾ ਕੇ ਜੇਲ੍ਹਾਂ ਵਿੱਚ ਵੀ ਬੰਦ ਕਰ ਦਿੱਤਾ ਗਿਆ।

ਸਿੱਖਾਂ ਵਿੱਚ ਦਿਨੋਂ ਦਿਨ ਵੱਧ ਰਹੇ ਜੁਝਾਰੂ ਜਜ਼ਬੇ ਅਤੇ ਕੇਂਦਰ ਸਰਕਾਰ ਵੱਲੋਂ ਸਿੱਖਾਂ ਦੀਆਂ ਮੰਗਾਂ ਪ੍ਰਤੀ ਦਿਖਾਏ ਜਾ ਰਹੇ ਅਵੇਸਲੇ ਪਣ ਨੂੰ ਧਿਆਨ ਵਿੱਚ ਰੱਖ ਕੇ ਅਕਾਲੀ ਦਲ ਨੇ ੧੭ ਜੂਨ ੧੯੮੩ ਨੂੰ 'ਰੇਲ ਰੋਕੋ' ਪ੍ਰੋਗਰਾਮ ਦਾ ਐਲਾਨ ਕਰ ਦਿੱਤਾ, ਪਰ 'ਰਸਤਾ ਰੋਕੋ' ਪ੍ਰੋਗਰਾਮ ਦੀ ਸਫਲਤਾ ਤੋਂ ਜਾਣੋਂ ਸਰਕਾਰ ਨੇ ਪੰਜਾਬ ਵਿੱਚ ਇਸ ਦਿਨ ਖ਼ੁਦ ਹੀ ਰੇਲ ਆਵਾਜਾਈ ਰੋਕ ਦਿੱਤੀ।

ਇਸ ਧਰਮ ਯੁੱਧ ਮੋਰਚੇ ਵਿੱਚ ਕਰੀਬ ੨ ਲੱਖ ੩੦ ਹਜ਼ਾਰ ਗ੍ਰਿਫ਼ਤਾਰੀਆਂ ਦਿੱਤੀਆਂ ਗਈਆਂ ਅਤੇ ੨੦੦ ਦੇ ਕਰੀਬ ਸਿੰਘਾਂ ਨੇ ਜਾਨਾਂ ਵੀ ਵਾਰੀਆਂ, ਪਰ ਨਾ ਤਾਂ ਸਰਕਾਰ ਨੇ ਹੀ ਸਿੱਖਾਂ ਦੀ ਕੋਈ ਮੰਗ ਮੰਨੀ ਅਤੇ ਨਾ ਹੀ ਅਕਾਲੀ ਦਲ ਕੋਈ ਕਾਰਗਰ ਪ੍ਰੋਗਰਾਮ ਦੇ ਕੇ ਸਰਕਾਰ 'ਤੇ ਸਿੱਖਾਂ ਦੀਆਂ ਮੰਗਾਂ ਮੰਨਣ ਅਤੇ ਹੱਕ ਦੇਣ ਲਈ ਦਬਾਅ ਪਾ ਸਕਿਆ। ਸਿੱਖ, ਸਰਕਾਰ ਦੀ ਸਿੱਖਾਂ ਪ੍ਰਤੀ ਫ਼ਿਰਕੂ ਨੀਤੀ ਤੋਂ ਤੰਗ ਆ ਗਏ ਅਤੇ ਅਕਾਲੀ ਦਲ ਵੱਲੋਂ ਵੀ ਕੋਈ ਲੋਅਪ੍ਰੋਗਰਾਮ ਨਾ ਦਿੱਤੇ ਜਾਣ ਕਾਰਨ ਨਿਰਾਸ਼ ਹੋ ਗਏ। ਅਕਾਲੀ ਦਲ ਨੇ ਮਿਤੀ ੧੩-੦੪-੧੯੮੩ ਤੋਂ ਮਰਜੀਵੜਿਆਂ ਦੀ ਭਰਤੀ ਸ਼ੁਰੂ ਕੀਤੀ ਅਤੇ ੨੦ ਹਜ਼ਾਰ ਦੇ ਕਰੀਬ ਮਰਜੀਵੜਿਆਂ ਤੋਂ ਪ੍ਰਣ ਪੱਤਰ ਭਰਾਏ ਗਏ, ਪਰ ਨਾ ਤਾਂ ਅਕਾਲੀ ਦਲ ਨੇ ਹੀ ਮਰਜੀਵੜਿਆਂ ਨੂੰ ਖ਼ਾਲਸਈ ਜਜ਼ਬੇ ਨਾਲ ਆਪਣੇ ਇਤਿਹਾਸਕ ਚਿੰਨ੍ਹਾਂ 'ਤੇ ਚੱਲਣ ਲਈ ਕੋਈ ਪ੍ਰੋਗਰਾਮ ਦਿੱਤਾ ਅਤੇ ਨਾ ਹੀ ਇਹ ਮਰਜੀਵੜੇ ਕੌਮ ਦੀ ਤਕਦੀਰ ਘੜਨ ਲਈ ਖ਼ੁਦ ਕੋਈ ਕਾਰਨਾਮਾ ਕਰ ਸਕੇ। ਅਕਾਲੀ ਦਲ ਕਦੇ ਧਾਰਾ ੨੫ ਨੂੰ ਸੰਵਿਧਾਨ ਵਿੱਚੋਂ ਪਾੜ੍ਹਨ ਤੇ ਸਾੜਨ ਦਾ ਪ੍ਰੋਗਰਾਮ ਦਿੰਦਾ ਰਿਹਾ ਅਤੇ ਕਦੇ 'ਕੌਮ ਰੋਕੋ' ਤੇ 'ਆਜ਼ਾਦ ਹਫ਼ਤਾ' ਮਨਾਉਣ ਦੇ ਐਲਾਨ ਕਰਦਾ ਰਿਹਾ, ਪਰ ਉਸ ਨੇ ਕਦੇ ਵੀ ਆਪਣੇ ਇਹਨਾਂ ਐਲਾਨਾਂ 'ਤੇ ਗੰਭੀਰਤਾ ਤੇ ਸੱਚੇ ਮਨ ਨਾਲ ਅਮਲ ਨਾ ਕੀਤਾ। ਸਰਕਾਰ ਵੱਲੋਂ ਧਾਰਾ ੨੫ ਦੀ

ਮੰਗ ਨੂੰ ਮੰਨਣ ਲਈ ਵਿਚਾਰ ਕਰਨ ਦੇ ਮਾਮੂਲੀ ਬਿਆਨ 'ਤੇ ਹੀ ਭਰੋਸਾ ਕਰ ਲਿਆ ਅਤੇ 'ਆਜ਼ਾਦ ਹਫਤਾ' ਮਲਾਉਣ ਲਈ ਐਲਾਨੇ ਗਏ ਪ੍ਰੋਗਰਾਮ ਨੂੰ ਮੁਲਤਵੀ ਕਰ ਦਿੱਤਾ।

ਅਸਲ ਵਿਚ ਅਕਾਲੀ ਆਗੂ ਲੰਬੇ ਹੋ ਚੁੱਕੇ ਮੋਰਚੇ ਤੋਂ ਖਹਿੜਾ ਛੁਡਾਉਣ ਲਈ ਕੋਈ ਨਾ ਕੋਈ ਰਾਹ ਲੱਭਣ ਲੱਗ ਪਏ ਅਤੇ ਵਿਚੋਲਿਆਂ ਰਾਹੀਂ ਕਈ ਵਾਰ, ਕੌਮ ਤੋਂ ਚੋਰੀ ਇੰਦਰਾ ਗਾਂਧੀ ਅਤੇ ਉਸ ਦੇ ਮੰਤਰੀਆਂ ਨਾਲ ਗੱਲਬਾਤ ਕੀਤੀ, ਪਰ 'ਅੰਗੂਰ ਖੱਟੇ ਹਨ' ਦੀ ਕਹਾਵਤ ਵਾਂਗ ਹਰ ਵਾਰ ਉਹਨਾਂ ਦੇ ਪੱਲੇ ਨਿਰਾਸਤਾ ਹੀ ਪਈ।

ਅਕਾਲੀ ਆਗੂ ਇਸ ਮੋਰਚੇ ਤੋਂ ਆਪਣਾ ਛੁਟਕਾਰਾ ਕਰਾਉਣ ਲਈ ਉਹ ਸਭ ਕੁਝ ਕਰਨ ਲਈ ਤਰਲੋ ਮੱਛੀ ਸਨ, ਜੋ ਕੁਝ ਕਰਨ ਦੀ ਸਰਕਾਰੀ ਏਜੰਸੀਆਂ ਦੇ ਏਜੰਟ ਅਤੇ ਸਰਕਾਰੀ ਵਿਚੋਲੇ ਸਲਾਹ ਦੇ ਰਹੇ ਸਨ, ਪਰ ਉਹ ਸੰਤ ਜਰਨੈਲ ਸਿੰਘ ਨੂੰ ਮੋਰਚਾ ਛੱਡਣ ਦੇ ਰਾਹ ਵਿੱਚ ਸਭ ਤੋਂ ਵੱਡਾ ਅੜਿੱਕਾ ਸਮਝਦੇ ਸਨ। ਕਿਉਂਕਿ ਸੰਤ ਜਰਨੈਲ ਸਿੰਘ 'ਅਨੰਦਪੁਰ ਦੇ ਮਤੇ' ਦੇ ਅੱਖਰ ਅੱਖਰ ਦੀ ਪ੍ਰਾਪਤੀ ਤੱਕ ਮੋਰਚਾ ਜਾਰੀ ਰੱਖਣ ਲਈ ਦ੍ਰਿੜ ਸੰਕਲਪ ਸੀ ਅਤੇ ਉਸ ਦੇ ਜਿਉਂਦੇ ਜੀਅ ਅਕਾਲੀ ਆਗੂਆਂ ਲਈ ਮੋਰਚੇ ਤੋਂ ਖਹਿੜਾ ਛੁਡਾਉਣਾ ਮੁਸ਼ਕਲ ਸੀ। ਸੰਤ ਜਰਨੈਲ ਸਿੰਘ ਅਕਾਲੀ ਦਲ ਦੀ ਪਿੱਛੇ ਹਟਣ ਦੀ ਕਮਜ਼ੋਰੀ ਨੂੰ ਚੰਗੀ ਤਰ੍ਹਾਂ ਜਾਣਦੇ ਸਨ ਅਤੇ ਇਸ ਲਈ ਹੀ ਉਹ ਬਾਰ ਬਾਰ ਸਟੇਜ ਤੋਂ ਐਲਾਨ ਕਰਦੇ ਰਹਿੰਦੇ ਸਨ ਕਿ :

"ਐਤਕਾਂ ਜਾਂ ਭਾਂਡਿਆਂ ਵਾਲੀ ਰਹੇਗੀ ਜਾਂ ਟਾਂਡਿਆਂ ਵਾਲੀ।"

"ਐਤਕਾਂ ਜੂਸ ਮੂੰਹ ਨੂੰ ਲਾ ਕੇ ਮੋਰਚਾ ਨਹੀਂ ਛੱਡਣ ਦਿੱਤਾ ਜਾਵੇਗਾ।"

"ਜੇਕਰ ਫੈਸਲਾ ਅਨੰਦਪੁਰ ਸਾਹਿਬ ਦੇ ਮਤੇ ਤੋਂ ਘੱਟ ਹੋਇਆ ਤਾਂ ਸੰਗਤ ਨੂੰ ਜ਼ਰੂਰ ਜਾਣੂੰ ਕਰਾਵਾਂਗਾ।"

ਅਕਾਲੀ ਆਗੂ ਸੰਤ ਜਰਨੈਲ ਸਿੰਘ ਦੇ ਇਹਨਾਂ ਐਲਾਨਾਂ ਨੂੰ ਵੀ ਸੁਣਦੇ ਰਹਿੰਦੇ ਸਨ ਅਤੇ ਉਹਨਾਂ ਦੇ ਸੁਭਾਅ ਤੋਂ ਵੀ ਚੰਗੀ ਤਰ੍ਹਾਂ ਵਾਕਫ ਸਨ। ਸੰਤ ਜਰਨੈਲ ਸਿੰਘ ਵੱਲੋਂ ਨਿੱਤ ਅਕਾਲੀ ਆਗੂਆਂ ਪ੍ਰਤੀ ਸੁਚੇਤ ਕੀਤੀਆਂ ਜਾ ਰਹੀਆਂ ਸੰਗਤਾਂ ਦੇ ਰੋਹ ਤੋਂ ਬਚਣ ਲਈ, ਉਹਨਾਂ ਨੇ ਉਸ ਨੂੰ ਬਦਨਾਮ ਕਰਨ ਦਾ ਰਸਤਾ ਲੱਭ ਲਿਆ ਅਤੇ ਬਿਆਨ ਦੇਣੇ ਸ਼ੁਰੂ ਕਰ ਦਿੱਤੇ :

"ਸੰਤ ਜਰਨੈਲ ਸਿੰਘ ਮੋਰਚੇ ਨੂੰ ਢਾਹ ਲਾ ਰਿਹਾ ਹੈ।"

"ਸੰਤ ਜਰਨੈਲ ਸਿੰਘ ਸ਼ਹੀਦਾਂ ਦੇ ਨਾਂਅ 'ਤੇ ਆਏ ਫੰਡ ਦੀ ਗ਼ਲਤ ਵਰਤੋਂ ਕਰ ਰਿਹਾ ਹੈ।"

"ਸੰਤ ਜਰਨੈਲ ਸਿੰਘ ਕਾਂਗਰਸ ਦੀ ਬੋਲੀ ਬੋਲਦਾ ਹੈ।"

"ਸੰਤ ਜਰਨੈਲ ਸਿੰਘ ਨੇ ਅਕਾਲੀ ਦਲ ਨੂੰ ਹਥਿਆਰ ਖ਼ਰੀਦਣ ਅਤੇ

ਇੱਕ ਫ਼ਿਰਕੇ ਦੇ ਲੋਕਾਂ ਨੂੰ ਮਾਰਨ ਦੀ ਸਲਾਹ ਦਿੱਤੀ ਹੈ।''

''ਅਕਾਲੀ ਦਲ ਦਾ ਮੋਟਰ ਸਾਈਕਲ ਵਾਲੇ ਨੌਜੁਆਨਾਂ ਅਤੇ ਪੰਜਾਬ ਵਿੱਚ ਹੋ ਰਹੀਆਂ ਵਾਰਦਾਤਾਂ ਨਾਲ ਕੋਈ ਸੰਬੰਧ ਨਹੀਂ।''

''ਅਕਾਲੀ ਦਲ ਦਾ ਖ਼ਾਲਿਸਤਾਨ ਦੀ ਮੰਗ ਨਾਲ ਕੋਈ ਸੰਬੰਧ ਨਹੀਂ।''

ਅਕਾਲੀ ਆਗੂਆਂ ਨੇ ਸੰਤ ਜਰਨੈਲ ਸਿੰਘ 'ਤੇ ਅਜਿਹੇ ਦੋਸ਼ ਪਹਿਲਾਂ ਟੇਡੇ ਢੰਗ ਨਾਲ ਅਤੇ ਫਿਰ ਸਿਧੇ ਰੂਪ ਵਿੱਚ ਲਾਉਣੇ ਸ਼ੁਰੂ ਕਰ ਦਿੱਤੇ ਅਤੇ ਮੋਰਚੇ ਦੇ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਕਹਿ ਦਿੱਤਾ ਕਿ ਉਹ ਆਪਣੇ ਪ੍ਰਬੰਧ ਹੇਠਲੇ ਦੀਵਾਨ ਹਾਲ ਮੰਜੀ ਸਾਹਿਬ ਵਿਖੇ ਸੰਤ ਜਰਨੈਲ ਸਿੰਘ ਨੂੰ ਬੋਲਣ ਦੀ ਆਗਿਆ ਨਾ ਦੇਵੇ। ਅਕਾਲੀ ਆਗੂਆਂ ਨੇ ਸਰਕਾਰ ਨਾਲ ਸੁਖਾਵੇਂ ਸੰਬੰਧ ਬਣਾ ਕੇ ਕਿਸੇ ਸਮਝੌਤੇ 'ਤੇ ਪਹੁੰਚਣ ਲਈ ਇਸ ਤਰ੍ਹਾਂ ਦੇ ਬਿਆਨ ਵੀ ਦਿੱਤੇ :

''ਅਕਾਲੀ ਦਲ ਦੇਸ਼ ਦੀ ਏਕਤਾ ਤੇ ਅਖੰਡਤਾ ਵਿੱਚ ਯਕੀਨ ਰੱਖਦਾ ਹੈ ਅਤੇ ਉਸ ਦਾ ਵੱਖਵਾਦੀ ਵਿਚਾਰਧਾਰਾ ਨਾਲ ਕੋਈ ਸੰਬੰਧ ਨਹੀਂ।''

''ਅਕਾਲੀ ਦਲ ਦਾ ਪ੍ਰੋਗਰਾਮ ਪੁਰਅਮਨ, ਸ਼ਾਂਤਮਈ ਅਤੇ ਲੋਕਤੰਤਰਕ ਹੈ।''

''ਅਕਾਲੀ ਦਲ ਹਿੰਦੂ ਸਿੱਖ ਏਕਤਾ ਦਾ ਮੁਦਈ ਹੈ।''

ਇੰਦਰਾ ਗਾਂਧੀ ਤਾਂ ਪਹਿਲਾਂ ਹੀ ਸਿੱਖਾਂ ਨੂੰ ਕੁਚਲਣ ਦੀ ਨੀਤੀ ਤਿਆਰ ਕਰੀ ਬੈਠੀ ਸੀ, ਪਰ ਉਹ ਆਪਣੀ ਇਸ ਘਿਨਾਉਣੀ ਕਾਰਵਾਈ ਦੀ ਜ਼ਿੰਮੇਵਾਰੀ ਆਪਣੇ ਸਿਰ ਲੈਣ ਦੀ ਥਾਂ ਅਕਾਲੀ ਆਗੂਆਂ ਦੇ ਸਿਰ ਹੀ ਸੁੱਟਣੀ ਚਾਹੁੰਦੀ ਸੀ ਅਤੇ ਇਸ ਤਰ੍ਹਾਂ ਪੰਜਾਬ ਵਿੱਚ ਕਾਂਗਰਸ ਦੀ ਪ੍ਰਮੁੱਖ ਸ਼ਕਤੀਸ਼ਾਲੀ ਪਾਰਟੀ ਅਕਾਲੀ ਦਲ ਨੂੰ ਸਿੱਖ ਕੌਮ ਵਿੱਚ ਬਦਨਾਮ ਕਰਨਾ ਚਾਹੁੰਦੀ ਸੀ। ਅਕਾਲੀ ਆਗੂ ਉਸ ਦੀ ਇਸ ਘਿਨਾਉਣੀ ਨੀਤੀ ਨੂੰ ਸਮਝਣ ਵਿੱਚ ਅਸਫਲ ਰਹੇ ਅਤੇ ਉਹਨਾਂ ਨੇ ਸਿੱਖ ਕੌਮ ਦੀ ਗ਼ੁਲਾਮੀ ਦੂਰ ਕਰਨ ਲਈ ਜੂਝ ਰਹੇ ਕੌਮ ਦੇ ਅਣਖੀਲੇ ਜਰਨੈਲ, ਸੰਤ ਜਰਨੈਲ ਸਿੰਘ ਵਿਰੁੱਧ ਬਿਆਨਬਾਜ਼ੀ ਸ਼ੁਰੂ ਕਰ ਦਿੱਤੀ। ਅਕਾਲੀ ਆਗੂਆਂ ਦੀ ਇਸ ਬਿਆਨਬਾਜ਼ੀ ਨੇ ਇੰਦਰਾ ਗਾਂਧੀ ਲਈ ਆਪਣੀ ਸਿੱਖ ਵਿਰੋਧੀ ਨੀਤੀ ਨੂੰ ਲਾਗੂ ਕਰਨ ਲਈ ਸਾਜ਼ਗਾਰ ਮਾਹੌਲ ਪੈਦਾ ਕਰ ਦਿੱਤਾ। ਇਸ ਤਰ੍ਹਾਂ ਲੌਂਗੋਵਾਲ ਨੇ ਸੰਤ ਜਰਨੈਲ ਸਿੰਘ ਨੂੰ ਮਰਵਾਉਣ ਦਾ ਰਾਹ ਪੱਧਰਾ ਕਰ ਦਿੱਤਾ ਅਤੇ ਪੰਥ ਤੇ ਆਪਣੇ ਪੈਰਾਂ 'ਤੇ ਖ਼ੁਦ ਆਪ ਹੀ ਕੁਹਾੜਾ ਮਾਰ ਲਿਆ।

ਸਰਕਾਰ ਨੇ ਆਪਣੇ ਏਜੰਟਾਂ ਰਾਹੀਂ ਸੰਤ ਜਰਨੈਲ ਸਿੰਘ ਨੂੰ ਕਤਲ ਕਰਨ ਦੇ ਕਈ ਯਤਨ ਕੀਤੇ।

ਪਹਿਲੀ ਵਾਰ ਜਦ ਸੰਤ ਦਰਬਾਰ ਸਾਹਿਬ ਦੀਆਂ ਪਉੜੀਆਂ ਚੜ੍ਹ

ਰਹੇ ਸਨ ਤਾਂ ਇੱਕ ਬੰਦੇ ਨੇ ਘਾਤ ਲਾ ਕੇ ਉਹਨਾਂ ਨੂੰ ਗੋਲੀ ਮਾਰਨ ਦੀ ਕੋਸ਼ਿਸ਼ ਕੀਤੀ। ਸ਼ੱਕ ਪੈਣ 'ਤੇ ਜਦ ਉਸ ਦੀ ਤਲਾਸ਼ੀ ਲਈ ਗਈ ਤਾਂ ਉਸ ਕੋਲੋਂ ਪਿਸਟਲ ਨਿਕਲਿਆ। ਪੁੱਛਗਿੱਛ ਦੌਰਾਨ ਉਸ ਨੇ ਮੰਨਿਆ ਕਿ ਉਹ ਕਤਲ ਕਰਨ ਲਈ ਹੀ ਆਇਆ ਸੀ।

ਦੂਜੀ ਵਾਰ ਹਮਲਾਵਰ ਨੇ ਨਾਨਕ ਨਿਵਾਸ ਦੇ ਕਮਰਾ ਨੰਬਰ ੪੭ ਤੱਕ ਸੰਤ ਜਰਨੈਲ ਸਿੰਘ ਦਾ ਪਿੱਛਾ ਕੀਤਾ ਪਰ ਉਸ ਦਾ ਪਿਸਟਲ ਡਿੱਗ ਪੈਣ ਕਾਰਨ ਕਾਮਯਾਬੀ ਨਾ ਮਿਲੀ।

ਤੀਜੀ ਵਾਰ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਸੰਤ ਜਰਨੈਲ ਸਿੰਘ ਨੂੰ ਕਤਲ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਹਮਲਾਵਰ ਵੀ ਡਰ ਗਿਆ ਅਤੇ ਗੋਲੀ ਚਲਾਉਣ ਦੀ ਜੁਰਅਤ ਨਾ ਕਰ ਸਕਿਆ।

ਚੌਥੀ ਵਾਰ ਪੁਲਿਸ ਨੇ ਇਹ ਸਮਝ ਕੇ ਕਿ ਸੰਤ ਜਰਨੈਲ ਸਿੰਘ ਆਪਣੇ ਹੈਡ ਕਵਾਟਰ ਮਹਿਤਾ ਚੌਂਕ ਜਾ ਰਹੇ ਹਨ, ਮਾਨਾਂਵਾਲਾ ਚੌਂਕ ਨੇੜੇ ਟਕਸਾਲ ਦੀ ਜੀਪ 'ਤੇ ਰਾਕਟ ਲਾਂਚਰ ਨਾਲ ਗੋਲੇ ਸੁੱਟੇ। ਜਿਸ ਵਿੱਚ ਇੱਕ ਸਿੰਘ ਸ਼ਹੀਦ ਅਤੇ ਦੋ ਜ਼ਖ਼ਮੀ ਹੋ ਗਏ ਪਰ ਸੰਤਾਂ ਦੇ ਉਸ ਜੀਪ ਵਿੱਚ ਨਾ ਹੋਣ ਕਾਰਨ ਸਰਕਾਰ ਦੀ ਸਾਜ਼ਿਸ਼ ਸਿਰੇ ਨਾ ਚੜ੍ਹੀ।

ਸੰਤ ਜਰਨੈਲ ਸਿੰਘ ਨੂੰ ਕਤਲ ਕਰਨ ਦੀਆਂ ਸਭ ਸਾਜ਼ਿਸ਼ਾਂ ਅਸਫਲ ਹੋਣ ਤੋਂ ਬਾਅਦ ੧੪ ਅਪਰੈਲ ੧੯੮੪ ਨੂੰ ਉਹਨਾਂ ਦੀ ਸੱਜੀ ਬਾਂਹ ਅਤੇ ਕੌਮੀ ਯੋਧੇ ਸ. ਸੁਰਿੰਦਰ ਸਿੰਘ ਸੋਢੀ ਨੂੰ ਕਤਲ ਕਰ ਦਿੱਤਾ ਗਿਆ। ਇਹ ਕਤਲ ਸੁਰਿੰਦਰ ਸਿੰਹੁ ਛਿੰਦਾ ਅਤੇ ਉਸ ਦੀ ਰਖੇਲ ਬਲਜੀਤ ਕੌਰ ਨੇ, ਸੋਢੀ ਨੂੰ ਧੋਖੇ ਵਿੱਚ ਰੱਖ ਕੇ, ਗੋਲੀ ਮਾਰ ਕੇ ਕੀਤਾ। ਬਲਜੀਤ ਕੌਰ ਦੀ ਤਬਦੀਲ਼ ਕਰਨ ਤੋਂ ਇਸ ਸਾਜ਼ਿਸ਼ ਪਿੱਛੇ ਅਕਾਲੀ ਦਲ ਦੇ ਸਕੱਤਰ ਗੁਰਚਰਨ ਸਿੰਹੁ ਦਾ ਹੱਥ ਨਿਕਲਿਆ। ਸੁਰਿੰਦਰ ਸਿੰਹੁ ਛਿੰਦੇ ਨੂੰ ਸਿੰਘਾਂ ਨੇ ਜਾ ਦਬੋਚਿਆ ਅਤੇ ਉਸ ਨੂੰ ਸੋਧ ਕੇ ੨੪ ਘੰਟਿਆਂ ਦੇ ਅੰਦਰ ਹੀ ਸ. ਸੁਰਿੰਦਰ ਸਿੰਘ ਸੋਢੀ ਦੇ ਕਤਲ ਦਾ ਬਦਲਾ ਲੈ ਲਿਆ। ਇਸ ਕਾਂਡ ਵਿੱਚ ਸ਼ਾਮਲ ਮਲਕ ਸਿੰਘ ਭਾਟੀਆ ਅਤੇ ਚਾਹ ਦੀ ਦੁਕਾਨ ਚਲਾਉਣ ਵਾਲਾ ਬਾਜ਼ਾ ਵੀ ਮਾਰੇ ਗਏ, ਪਰ ਇਸ ਸਾਜ਼ਿਸ਼ ਦੇ ਮੁੱਖ ਦੋਸ਼ੀ ਗੁਰਚਰਨ ਸਿੰਹੁ ਸਕੱਤਰ ਨੂੰ ਲੌਂਗੋਵਾਲ ਲੇ ਆਪਣੀ ਪਨਾਂਹ ਵਿੱਚ ਰੱਖ ਕੇ ਬਚਾ ਲਿਆ।

ਸੁਰਿੰਦਰ ਸਿੰਘ ਸੋਢੀ ਦੇ ਕਤਲ ਨਾਲ ਸਥਿਤੀ ਬਹੁਤ ਹੀ ਗੰਭੀਰ ਹੋ ਗਈ, ਜਿਸ ਨੂੰ ਸ਼ਾਂਤ ਕਰਨ ਲਈ ਸ਼੍ਰੋਮਣੀ ਕਮੇਟੀ ਨੇ ਆਪਣੇ ਸਕੱਤਰ ਥਾਨ ਸਿੰਘ ਦੀ ਅਗਵਾਹੀ ਹੇਠ ਪੰਜ ਮੈਂਬਰੀ ਕਮੇਟੀ ਬਣਾਈ। ਇਸ ਕਮੇਟੀ ਨੇ ਆਪਣੀ ਇਨਕੁਆਰੀ ਉਪਰੰਤ ਸੰਤ ਜਰਨੈਲ ਸਿੰਘ ਕੋਲ ਤਾਂ ਗੁਰਚਰਨ ਸਿੰਹੁ ਸਕੱਤਰ ਨੂੰ ਦੋਸ਼ੀ ਮੰਨਿਆ, ਪਰ ਸੰਤ ਲੌਂਗੋਵਾਲ ਦੇ ਦਬਾਅ

ਕਾਰਨ ਜਾਰੀ ਕੀਤੀ ਰਿਪੋਰਟ ਵਿੱਚ ਉਸ ਨੂੰ ਸੋਢੀ ਕਤਲ ਕੇਸ ਵਿੱਚੋਂ ਬਰੀ ਕਰ ਦਿੱਤਾ। ਦਰਬਾਰ ਸਾਹਿਬ ਕੰਪਲੈਕਸ ਦੇ ਮਾਹੌਲ ਨੂੰ ਸ਼ਾਂਤ ਕਰਨ ਲਈ ਪੰਜ ਸਿੰਘ ਸਾਹਿਬਾਨ ਨੇ ਵੀ ਦੋ ਵਾਰੀ ਸੰਤ ਜਰਨੈਲ ਸਿੰਘ ਨਾਲ ਲੰਬੀ ਗੱਲਬਾਤ ਕੀਤੀ ਅਤੇ ਸਾਰੇ ਕੇਸ ਦੀ ਇਨਕੁਆਰੀ ਉਪਰੰਤ ਗੁਰਚਰਨ ਸਿੰਹੁ ਨੂੰ ਦੋਸ਼ੀ ਪਾਇਆ, ਪਰ ਸੰਤ ਜਰਨੈਲ ਸਿੰਘ ਦੀ ਮੰਗ ਅਨੁਸਾਰ ਇਸ ਸਚਾਈ ਨੂੰ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਬਿਆਨ ਕਰਨ ਤੋਂ ਕੰਨੀਂ ਕਤਰਾ ਗਏ। ਸੰਤ ਜਰਨੈਲ ਸਿੰਘ ਨੇ ਭਾਨ ਸਿੰਘ ਕਮੇਟੀ ਦੀ ਹਾਜ਼ਰੀ ਵਿੱਚ ਗੁਰੂ ਰਾਮ ਦਾਸ ਲੰਗਰ ਦੀ ਛੱਤ ਉਪਰ ਸੰਗਤਾਂ ਸਾਹਮਣੇ ਸਾਰੇ ਕਾਂਡ ਦੀ ਅਸਲੀਅਤ ਬਿਆਨ ਕੀਤੀ ਅਤੇ ਸਬਰ ਤੋਂ ਕੰਮ ਲੈਂਦਿਆਂ ਸਭ ਨੂੰ ਧਰਮ ਯੁੱਧ ਮੋਰਚੇ ਵਿੱਚ ਸਰਗਰਮੀ ਨਾਲ ਹਿੱਸਾ ਪਾਉਣ ਦੀ ਅਤੇ ਆਪਸੀ ਖਾਨਾਜੰਗੀ ਤੋਂ ਬਚਣ ਦੀ ਅਪੀਲ ਕੀਤੀ, ਪਰ ਸੰਤ ਲੌਂਗੋਵਾਲ ਨੇ ਗੁਰਚਰਨ ਸਿੰਹੁ ਸਕੱਤਰ ਨੂੰ ਆਪਣੀ ਗੋਦ ਵਿੱਚ ਬੈਠਾਈ ਰੱਖਿਆ ਅਤੇ ਸੰਤ ਜਰਨੈਲ ਸਿੰਘ ਦੀ ਮੰਗ ਅਨੁਸਾਰ ਅਕਾਲੀ ਦਲ ਵਿੱਚੋਂ ਕੱਢਣ ਤੋਂ ਇਨਕਾਰ ਕਰ ਦਿੱਤਾ।

ਅਕਾਲੀ ਦਲ ਦੀ ਸਮੁੱਚੀ ਕਾਰਗੁਜ਼ਾਰੀ ਤੋਂ ਸਿੱਖ ਸੰਗਤਾਂ ਨਿਰਾਸ਼ ਹੋ ਗਈਆਂ ਅਤੇ ਸੰਤ ਜਰਨੈਲ ਸਿੰਘ ਦੀ ਅਗਵਾਹੀ ਵਿੱਚ ਜੁੜਨ ਲੱਗ ਪਈਆਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਬਹੁ-ਗਿਣਤੀ ਵੀ ਸੰਤ ਜਰਨੈਲ ਸਿੰਘ ਪਾਸ ਚਲੀ ਗਈ ਅਤੇ ਅਕਾਲੀ ਆਗੂ ਘਬਰਾਹਟ ਵਿੱਚ ਆ ਗਏ।

ਇੰਦਰਾ ਗਾਂਧੀ ਨੇ ਇਸ ਸਾਰੇ ਮਾਹੌਲ ਦਾ ਫ਼ਾਇਦਾ ਉਠਾ ਕੇ ਸਿੱਖ ਕੌਮ ਨੂੰ ਕੁਚਲਣ ਦਾ ਵਧੀਆ ਮੌਕਾ ਸਮਝਿਆ। ਉਸ ਨੇ ੨੫-੦੫-੧੯੮੪ ਨੂੰ ਬੀ.ਐਸ.ਐਫ. ਦੇ ਸਪੈਸ਼ਲ ਹਵਾਈ ਜਹਾਜ਼ ਰਾਹੀਂ ਅਕਾਲੀ ਆਗੂਆਂ ਨੂੰ ਗੱਲਬਾਤ ਕਰਨ ਲਈ ਦਿੱਲੀ ਲਿਆਂਦਾ। ਅਸਲ ਵਿੱਚ ਇੰਦਰਾ ਗਾਂਧੀ ਇਹਨਾਂ ਆਗੂਆਂ ਨਾਲ ਪੰਜਾਬ ਸਮੱਸਿਆ ਨੂੰ ਹੱਲ ਕਰਨ ਲਈ ਗੱਲਬਾਤ ਨਹੀਂ ਸੀ ਕਰਨਾ ਚਾਹੁੰਦੀ, ਸੰਤ ਜਰਨੈਲ ਸਿੰਘ ਬਾਰੇ ਉਹਨਾਂ ਦੀ ਰਾਇ ਜਾਣਨਾ ਚਾਹੁੰਦੀ ਸੀ। ਉਹ ਇਹਨਾਂ ਨੂੰ ਮਿਲ ਕੇ ਜਾਣ ਗਈ ਸੀ ਕਿ ਅਕਾਲੀ ਆਗੂ ਹੁਣ ਸੰਤ ਜਰਨੈਲ ਸਿੰਘ ਵਿਰੁੱਧ ਕੀਤੀ ਜਾਣ ਵਾਲੀ ਕਾਰਵਾਈ ਵਿਰੁੱਧ ਬਹੁਤਾ ਪ੍ਰਤੀਕਰਮ ਨਹੀਂ ਕਰਨਗੇ। ਉਸ ਨੇ ਅਕਾਲੀ ਆਗੂਆਂ ਨੂੰ ਬਿਨਾਂ ਕੁਝ ਪੱਲੇ ਪਾਏ ਵਾਪਸ ਮੋੜ ਦਿੱਤਾ ਅਤੇ ੩੦ ਮਈ ੧੯੮੪ ਨੂੰ ਲੌਂਗੋਵਾਲ ਨਾਲ ਫ਼ੋਨ 'ਤੇ ਗੱਲ ਕੀਤੀ।* ਲੌਂਗੋਵਾਲ ਨੇ ਇੰਦਰਾ ਗਾਂਧੀ ਦੀ ਹਮਦਰਦੀ ਜਿੱਤਣ ਦੀ ਕੋਸ਼ਿਸ਼ ਕਰਦਿਆਂ ਕਿਹਾ ਕਿ, "ਮੋਰਚਾ ਮੇਰੇ ਹੱਥ 'ਚੋਂ ਨਿਕਲ ਚੁੱਕਾ ਹੈ, ਹੁਣ ਤੁਸੀਂ ਜੋ ਚਾਹੋ ਕਰੋ।" ਇੰਦਰਾ ਗਾਂਧੀ ਜੋ ਕਰਨਾ ਚਾਹੁੰਦੀ ਸੀ, ਲੌਂਗੋਵਾਲ ਨੇ ਉਸ ਲਈ ਹਰੀ ਝੰਡੀ ਦੇ

ਦਿੱਤੀ।

ਇੰਦਰਾ ਗਾਂਧੀ ਨੇ ਅਕਾਲੀ ਦਲ ਵੱਲੋਂ ੩ ਜੂਨ ੧੯੮੪ ਨੂੰ ਸ਼ੁਰੂ ਕੀਤੀ ਜਾਣ ਵਾਲੀ ਨਾ-ਮਿਲਵਰਤਣ ਲਹਿਰ, ਜਿਸ ਵਿੱਚ ਕਰਜ਼ੇ, ਬਿਜਲੀ ਪਾਣੀ ਦੇ ਬਿਲ ਤੇ ਮਾਲੀਆ ਨਾ ਅਦਾ ਕਰਨਾ, ਪੰਜਾਬ ਤੋਂ ਬਾਹਰ ਅਨਾਜ ਨਾ ਜਾਣ ਦੇਣਾ ਸ਼ਾਮਲ ਸੀ, ਨੂੰ ਅਧਾਰ ਬਣਾ ਕੇ ਪੰਜਾਬ ਅਤੇ ਚੰਡੀਗੜ੍ਹ ਨੂੰ ਫ਼ੌਜ ਦੇ ਹਵਾਲੇ ਕਰ ਦਿੱਤਾ। ਉਸ ਨੇ ੨ ਜੂਨ ੧੯੮੪ ਸ਼ਾਮ ਨੂੰ ਦੂਰਦਰਸ਼ਨ ਅਤੇ ਰੇਡੀਉ ਤੋਂ ਕੌਮ ਨੂੰ ਸੰਬੋਧਨ ਕਰਦਿਆਂ ਅਕਾਲੀ ਦਲ ਨੂੰ ਗੱਲਬਾਤ ਦਾ ਸੱਦਾ ਦਿੱਤਾ ਸੀ। ਉਸ ਨੇ ਕਿਹਾ ਸੀ ਕਿ, "ਜੇ ਕਿਸੇ ਸਵਾਲ ਬਾਰੇ ਕੋਈ ਗ਼ਲਤ-ਫ਼ਹਿਮੀਆਂ ਜਾਂ ਸ਼ੱਕ ਬਾਕੀ ਹਨ ਤਾਂ ਆਉ ਰਲ ਬੈਠੀਏ ਤੇ ਹੱਲ ਲੱਭ ਲਈਏ।" ਪਰ ਉਸ ਦੀਆਂ ਇਹ ਗੱਲਾਂ ਸਾਫ਼ ਦਿਲ ਨਾਲ ਨਹੀਂ, ਕਪਟੀ ਮਨ ਨਾਲ ਲੋਕਾਂ ਨੂੰ ਧੋਖੇ ਵਿੱਚ ਰੱਖਣ ਲਈ ਕਹੀਆਂ ਹੀ ਗਈਆਂ ਸਨ। ਉਹ ਤਾਂ ਆਪਣੀ ਇਸ ਤਕਰੀਰ ਤੋਂ ਪਹਿਲਾਂ ਹੀ ਪੰਜਾਬ ਅਤੇ ਚੰਡੀਗੜ੍ਹ ਨੂੰ ਫ਼ੌਜ ਦੇ ਹਵਾਲੇ ਕਰ ਕੇ ਸਿੱਖ ਕੌਮ ਨੂੰ ਕੁਚਲਣ ਦਾ ਹੁਕਮ ਦੇ ਚੁੱਕੀ ਸੀ। ਸਿੱਖਾਂ ਨੂੰ ਕੁਚਲਣ ਲਈ ਉਸ ਨੇ ਸ੍ਰੀ ਗੁਰੂ ਅਰਜਨ ਪਾਤਿਸ਼ਾਹ ਜੀ ਦਾ ਸ਼ਹੀਦੀ ਦਿਹਾੜਾ ਚੁਣਿਆ। ਸ਼ਾਇਦ ਗੰਗੂ ਦੀ ਵਾਰਸ, ਗੰਗੂ ਵੱਲੋਂ ਕਹਿਰ ਕਮਾਉਣ ਵਾਲੇ ਦਿਨ 'ਤੇ ਹੀ ਸਿੱਖ ਕੌਮ 'ਤੇ ਮੁੜ ਕਹਿਰ ਕਮਾਉਣਾ ਚਾਹੁੰਦੀ ਸੀ।

੩ ਜੂਨ ੧੯੮੪ ਦੀ ਰਾਤ ਨੂੰ ੯.੦੦ ਵਜੇ ਤੋਂ ਪੂਰੇ ਪੰਜਾਬ ਵਿੱਚ ਸਖ਼ਤ ਕਰਫ਼ਿਊ ਲਾ ਕੇ ਲੋਕਾਂ ਨੂੰ ਘਰਾਂ ਵਿੱਚ ਬੰਦ ਕਰ ਦਿੱਤਾ ਗਿਆ। ਟੈਂਕਾਂ ਅਤੇ ਤੋਪਾਂ ਨਾਲ ਲੈਸ ਹੋਈ ਹਿੰਦ ਫ਼ੌਜ ਨੇ ਲੈਫ਼ਟੀਨੈਂਟ ਜਨਰਲ ਬਰਾੜ ਦੀ ਅਗਵਾਈ ਹੇਠ ਦਰਬਾਰ ਸਾਹਿਬ ਨੂੰ ਘੇਰਾ ਪਾ ਲਿਆ ਅਤੇ ੪ ਜੂਨ ੧੯੮੪ ਨੂੰ ਅੰਮ੍ਰਿਤ ਵੇਲੇ ਕਰੀਬ ੪:੦੦ ਵਜੇ ਸੰਤ ਜਰਨੈਲ ਸਿੰਘ ਨੂੰ ਨਿਸ਼ਾਨਾ ਬਣਾ ਕੇ ਪਹਿਲਾ ਗੋਲਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸੁੱਟਿਆ। ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਅਤੇ ਦੁਸ਼ਮਣ ਦਾ ਮੁਕਾਬਲਾ ਕਰਨ ਲਈ ਡਟੇ ਸਿੰਘਾਂ ਨੇ ਸੰਤ ਜਰਨੈਲ ਸਿੰਘ ਦੀ ਅਗਵਾਈ ਅਤੇ ਜਨਰਲ ਸੁਬੇਗ ਸਿੰਘ ਦੀ ਕਮਾਂਡ ਹੇਠ, ੭੨ ਘੰਟੇ ਭਾਰਤੀ ਫ਼ੌਜ ਨਾਲ ਲੋਹਾ ਲਿਆ। ਸੰਤ ਜਰਨੈਲ ਸਿੰਘ ਨੇ ਆਪਣੇ ਕਹੇ ਹੋਏ ਵਾਕ: *"ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੇ ਨੂੰ ਲੋਹੇ ਦੇ ਚਣੇ ਚਬਾਵਾਂਗੇ ਅਤੇ ਲਾਸ਼ਾਂ ਦੇ ਢੇਰ ਲਗਾ ਦਿਆਂਗੇ"*

ਪੂਰੇ ਕੀਤੇ ਅਤੇ ਅਖ਼ੀਰ ੬ ਜੂਨ ੧੯੮੪ ਨੂੰ ਦਿਨੇ ਕਰੀਬ ੯:੦੦ ਵਜੇ ਆਖ਼ਰੀ ਅਰਦਾਸ ਕਰਨ ਉਪਰੰਤ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਦੇ ਦਰਮਿਆਨ ਨਿਸ਼ਾਨ ਸਾਹਿਬ ਦੇ ਹੇਠਾਂ ਘਮਸਾਨ ਦੀ ਟੱਕਰ ਲੈਂਦਿਆਂ ਸ਼ਹਾਦਤ ਦਾ ਪਿਰਮ ਪਿਆਲਾ ਪੀ ਲਿਆ, ਪਰ 'ਫ਼ੌਜ

ਸਾਡੀਆਂ ਲਾਸ਼ਾਂ ਉਪਰੋਂ ਲੰਘ ਕੇ ਆਵੇਗੀ' ਦਾ ਦਮਗਜ਼ਾ ਮਾਰਨ ਵਾਲਾ ਸੰਤ ਹਰਚੰਦ ਸਿੰਘ ਲੌਂਗੋਵਾਲ ਜਿਉਂਦੀ ਲਾਸ਼ ਬਣ ਕੇ, ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਉੱਪਰੋਂ ਲੰਘ ਕੇ ਫੌਜ ਦੀ ਗੱਡੀ ਵਿੱਚ ਬੈਠ ਗਿਆ ਅਤੇ ਧਰਮ ਯੁੱਧ ਮੋਰਚੇ ਤੋਂ ਖਹਿੜਾ ਛੁਡਾ ਕੇ ਸੁਰੱਖਿਅਤ ਜਗ੍ਹਾ ਪਹੁੰਚ ਗਿਆ।

ਸੰਤ ਜਰਨੈਲ ਸਿੰਘ ਕਹਿਣੀ ਅਤੇ ਕਰਨੀ ਵਿੱਚ ਪੂਰੇ ਉੱਤਰੇ। ਉਹਨਾਂ ਨੇ ਜੋ ਮੂੰਹ ਵਿੱਚੋਂ ਕੱਢਿਆ, ਉਸ ਨੂੰ ਪੂਰਾ ਕੀਤਾ। ਕੌਮ ਦੇ ਦਰਦ ਨੂੰ ਆਪਣੀ ਪੀੜਾ ਸਮਝਿਆ। ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਕੌਮ ਨੂੰ ਟੁੰਬਿਆ। ਦਸਮੇਸ਼ ਪਿਤਾ ਦੇ ਹੁਕਮ ਦੀ ਪਾਲਣਾ ਕਰਦਿਆਂ ਕੌਮ ਨੂੰ ਸ਼ਸ਼ਤਰਧਾਰੀ ਹੋ ਕੇ ਆਪਣੇ ਹੱਕ ਲੈਣ, ਮਜ਼ਲੂਮ ਦੀ ਰਾਖੀ ਕਰਨ, ਜ਼ਾਲਮਾਂ ਨੂੰ ਸੋਧਣ, ਧੀਆਂ ਭੈਣਾਂ ਦੀ ਇਜ਼ਤ ਬਚਾਉਣ, ਗੁਰੂ ਗਰੰਥ ਸਾਹਿਬ ਦਾ ਸਤਿਕਾਰ ਕਾਇਮ ਕਰਨ, ਗੁਰਧਾਮਾਂ ਦੀ ਪਵਿੱਤਰਤਾ ਲਈ ਜੂਝਣ ਅਤੇ ਹਲੀਮੀ ਰਾਜ ਕਾਇਮ ਕਰਨ ਲਈ ਪ੍ਰੇਰਿਆ। ਦੇਹਧਾਰੀ ਦੰਭ, ਪਖੰਡ, ਅਤੇ ਨਾਸਤਿਕਪੁਣੇ ਨੂੰ ਠੱਲ੍ਹ ਪਾਈ। ਪਤਿਤਪੁਣੇ ਅਤੇ ਨਸ਼ਿਆਂ ਦੀ ਬੁਰਾਈ ਨੂੰ ਦੂਰ ਕੀਤਾ। ਮੁਰਝਾਏ ਚਿਹਰਿਆਂ 'ਤੇ ਨੂਰ, ਡੌਲਿਆਂ 'ਚ ਬਲ ਅਤੇ ਦਿਲਾਂ 'ਚ ਜਜ਼ਬਾ ਭਰਿਆ। ਸੱਚ ਸੁਣਾਇਆ ਅਤੇ ਸੱਚ ਸੁਣਾਉਣ ਦੀ ਜੁਰਅਤ ਪੈਦਾ ਕੀਤੀ। ਨਾ ਕਿਸੇ ਦਾ ਭੈ ਮੰਨਿਆ ਅਤੇ ਨਾ ਕਿਸੇ ਨੂੰ ਭੈ ਦਿੱਤਾ। ਆਪ ਵਾਰ ਨਹੀਂ ਕੀਤਾ, ਪਰ ਵਾਰ ਦਾ ਜੁਆਬ ਜ਼ਰੂਰ ਦਿੱਤਾ।

ਕੌਮ ਲਈ ਸੋਚਣ, ਕੌਮ ਲਈ ਜਿਊਣ ਅਤੇ ਕੌਮ ਲਈ ਮਰਨ ਵਾਲੇ ਇਸ ਸਿਰਲੱਥ ਯੋਧੇ, ਕੌਮੀ ਜਰਨੈਲ, ਸੁਹਿਰਦ ਆਗੂ ਅਤੇ ਸੰਤ ਸਿਪਾਹੀ ਦੀ ਅਗਵਾਈ ਹੇਠ ਏਸ਼ੀਆ ਦੇ ਮਹਾਨ ਗੁਰੀਲੇ ਮੰਨੇ ਗਏ, ਜਨਰਲ ਸ਼ੁਬੇਗ ਸਿੰਘ ਜਿਹੇ ਜਰਨੈਲ, ਬੁੱਧੀਜੀਵੀ, ਨੌਜੁਆਨ ਅਤੇ ਸਿੱਖ ਸੰਗਤਾਂ ਹੁੰਮ-ਹੁਮਾ ਕੇ ਆਣ ਜੁੜੀਆਂ। ਇਸ ਸੂਰਮੇ ਨੇ ਕੌਮ ਲਈ ਕਾਰਨਾਮੇ ਦਿਖਾਏ, ਸੇਵਾ ਨਿਭਾਈ, ਕੁਰਬਾਨੀ ਕੀਤੀ ਅਤੇ ਸੁਨਹਿਰੀ ਇਤਿਹਾਸ ਸਿਰਜਿਆ।

ਸੰਤ ਜਰਨੈਲ ਸਿੰਘ ਵੀਹਵੀਂ ਸਦੀ ਦੇ ਨਾਇਕ ਸਨ। ਕਿਸੇ ਮਨੁੱਖ ਨੂੰ ਸਦੀ ਦੇ ਨਾਇਕ ਦਾ ਰੁਤਬਾ ਦੇਣ ਲਈ ਕਹਿਣੀ ਕਰਨੀ ਦੀ ਸਮੇਲਤਾ, ਸੱਚ ਕਹਿਣ ਦੀ ਜੁਰਅਤ, ਡਟ ਜਾਣ ਦੇ ਬਲ, ਕੁਰਬਾਨੀ ਦੇ ਜਜ਼ਬੇ, ਤਿਆਗ ਦੀ ਭਾਵਨਾ, ਸੇਵਾ ਦੀ ਲਗਨ, ਸਮੇਂ ਪ੍ਰਤੀ ਸੁਹਿਰਦਤਾ, ਨਿਸ਼ਾਨੇ ਪ੍ਰਤੀ ਦ੍ਰਿੜਤਾ, ਮਨੁੱਖਤਾ ਪ੍ਰਤੀ ਪਿਆਰ, ਗਰੀਬਾਂ ਦੀ ਸਹਾਇਤਾ, ਕੌਮ ਪ੍ਰਤੀ ਇਮਾਨਦਾਰੀ, ਦੇਸ਼ ਪ੍ਰਤੀ ਭਗਤੀ, ਆਜ਼ਾਦੀ ਦੀ ਖਿੱਚ ਅਤੇ ਆਪਾ ਨਿਸਾਵਰ ਕਰਨ ਦਾ ਚਾਅ ਆਦਿ ਮਿਆਰਾਂ 'ਤੇ ਪਰਖ ਕੇ ਹੀ, ਸਦੀ ਵਿੱਚ ਪੈਦਾ ਹੋਈਆਂ ਤੇ ਜਾਣੀਆਂ ਜਾਂਦੀਆਂ ਹੋਰ ਸਖਸ਼ੀਅਤਾਂ ਨਾਲ ਤੋਲਿਆ ਜਾਂਦਾ ਹੈ। ਵੀਹਵੀਂ ਸਦੀ ਵਿੱਚ ਅਨੇਕਾਂ ਹੀ ਆਗੂ ਪੈਦਾ ਹੋਏ, ਮੰਚ 'ਤੇ ਉੱਭਰੇ, ਕੌਮ ਨੂੰ ਲਲਕਾਰਿਆ, ਕੁਰਬਾਨੀ ਦਾ ਸੱਦਾ ਦਿੱਤਾ, ਰੋਲਿਆ ਤੇ

ਮਰਵਾਇਆ, ਮੁੱਲ ਵੱਟਿਆ, ਕੁਰਬਾਨੀ ਅਜਾਈਂ ਗਵਾਈ ਤੇ ਸਮੇਂ ਦੇ ਹਾਣੀ ਨਾ ਬਣ ਸਕੇ। ਦੂਰ-ਅੰਦੇਸ਼ੀ ਸੋਚ ਦੀ ਘਾਟ, ਕੁਰਸੀ ਦੀ ਲਾਲਸਾ, ਮੌਤ ਦਾ ਭੈਅ, ਫੋਕੀ ਸ਼ੋਹਰਤ ਅਤੇ ਝੋਲੀ ਚੁੱਕਣ ਦੀ ਪ੍ਰਵਿਰਤੀ ਦੀ ਧੂੜ ਬਣ ਕੇ ਉਡ ਗਏ ਅਤੇ ਸਦੀ ਦੇ ਨਾਇਕ ਦਾ ਰੁਤਬਾ ਪ੍ਰਾਪਤ ਨਾ ਕਰ ਸਕੇ।

ਇਹ ਮਹਾਨ ਰੁਤਬਾ ਵੀਹਵੀਂ ਸਦੀ ਦੇ ਮਹਾਨ ਜਰਨੈਲ ਤੇ ਸੰਤ ਸਿਪਾਹੀ, ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਵੰਡੇ ਹੀ ਆਇਆ ਹੈ, ਜਿਹਨਾਂ ਨੇ ਉਪਰੋਕਤ ਮਿਆਰਾਂ ਦੀਆਂ ਸੱਚੀਆਂ ਸੁੱਚੀਆਂ ਤੇ ਉੱਚੀਆਂ ਉਡਾਰੀਆਂ ਲਾ ਕੇ, ਭਰ ਜੁਆਨੀਂ ਵਿੱਚ ਖ਼ਾਲਸਾ ਪੰਥ ਦੀ ਵਾਗਡੋਰ ਸੰਭਾਲੀ, ਜੁਆਨੀਂ ਨੂੰ ਹਲੂਣਿਆ, ਸੁੱਤੀ ਕੌਮ ਨੂੰ ਜਗਾਇਆ, ਜ਼ੁਲਮ ਨੂੰ ਵੰਗਾਰਿਆ, ਦੁਸ਼ਟਾਂ ਨੂੰ ਸੋਧਿਆ, ਸੱਚ 'ਤੇ ਪਹਿਰਾ ਦਿੱਤਾ, ਕੂੜ ਦਾ ਭਾਂਡਾ ਫੋੜਿਆ, ਸੱਚੀ ਸੇਵਾ ਨਿਭਾਈ, ਤਿਆਗ ਦਿਖਾਇਆ, ਸੁਹਿਰਦਤਾ ਤੇ ਦੂਰ-ਅੰਦੇਸ਼ੀ ਨਾਲ ਸੋਚਿਆ, ਗਰੀਬਾਂ ਤੇ ਮਜ਼ਲੂਮਾਂ ਦੀ ਬਾਂਹ ਫੜੀ, ਮਨੁੱਖਤਾ ਨਾਲ ਪਿਆਰ ਕੀਤਾ, ਕੌਮ ਪ੍ਰਤੀ ਇਮਾਨਦਾਰੀ ਦਿਖਾਈ, ਵਤਨ ਦੀ ਆਜ਼ਾਦੀ ਦਾ ਝੰਡਾ ਚੁੱਕਿਆ। ਪੰਥ ਦੀ ਆਨ ਸ਼ਾਨ, ਧਰਮ ਦੀ ਰੱਖਿਆ, ਖ਼ਾਲਸੇ ਦੇ ਬੋਲਬਾਲੇ ਅਤੇ ਗੁਰਧਾਮਾਂ ਦੀ ਪਵਿੱਤਰਤਾ ਲਈ, ਸਿਰਲੱਥ ਯੋਧਿਆਂ ਤੇ ਸਰਦਾਰ ਸ਼ੁਬੇਗ ਸਿੰਘ ਜਿਹੇ ਜਰਨੈਲਾਂ ਦਾ ਜਥਾ ਤਿਆਰ ਕੀਤਾ ਅਤੇ ਅਖ਼ੀਰ ਜੂਝ ਮਰਨ ਦੇ ਚਾਉ ਨਾਲ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਦੇ ਐਨ ਵਿਚਕਾਰ ਕੇਸਰੀ ਨਿਸ਼ਾਨ ਸਾਹਿਬ ਦੀ ਪਵਿੱਤਰ ਛਾਂ ਹੇਠ, ਸਨਮੁਖ ਜੂਝਦਿਆਂ, ਲੱਖਾਂ ਦੇ ਮਾਣ ਤੋੜ ਕੇ, ਟੈਂਕਾਂ ਅਤੇ ਤੋਪਾਂ ਦਾ ਬੰਦੂਕ ਨਾਲ ਮੁਕਾਬਲਾ ਕਰਦਿਆਂ, ਛਾਤੀ ਵਿਚ ਗੋਲੀਆਂ ਖਾ ਕੇ ਜਾਨ ਦੀ ਬਾਜ਼ੀ ਲਾਈ ਅਤੇ ਏਸ਼ੀਆ ਦੀ ਉੱਚ ਸਲਤਨਤ ਹਿੰਦੁਸਤਾਨ ਦੇ ਤੌਰ ਹਿਲਾ ਸੁੱਟੇ। ਵੀਹਵੀਂ ਸਦੀ ਦੇ ਲਾਸਾਨੀ ਸਿੱਖ ਜਰਨੈਲ ਦਾ ਰੁਤਬਾ ਸਿਰਫ਼ ਤੇ ਸਿਰਫ਼ ਸੰਤ ਸਿਪਾਹੀ, ਕਹਿਣੀ ਤੇ ਕਰਨੀ ਦੇ ਪੂਰੇ, ਬੋਲ ਦੇ ਸੂਰੇ, ਨਿਰਭੈ ਯੋਧੇ, ਧਾਰਮਿਕ ਆਗੂ, ਸੱਚ ਦੇ ਪਹਿਰੇਦਾਰ, ਵਤਨ ਦੇ ਪਰਵਾਨੇ ਅਤੇ ਕੁਰਬਾਨੀ ਦੀ ਮੂਰਤ, ਸ਼ਹੀਦ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੂੰ ਹੀ ਮਿਲ ਸਕਦਾ ਹੈ ਕਿਸੇ ਹੋਰ ਨੂੰ ਨਹੀਂ।

ਵੀਹਵੀਂ ਸਦੀ ਦੇ ਸਿੰਘ ਜਰਨੈਲ ਬਾਂਕੇ,
ਨਾਲ ਭਬਕ ਦੇ ਮੁਲਕ ਹਿਲਾ ਦਿੱਤਾ।
ਹਿੰਦੀ ਹਿੰਦੂ ਤੇ ਹਿੰਦੁਸਤਾਨ ਵਾਲਾ,
ਮੋਢਾ ਯੋਧੇ ਨੇ ਹੇਠਾਂ ਲਵਾ ਦਿੱਤਾ।
ਹਰਿਮੰਦਰ ਸਾਹਿਬ ਦੀ ਰਾਖੀ ਲਈ ਡਟ ਅੱਗੇ,
ਲੱਖਾਂ ਫ਼ੌਜ ਦਾ ਮਾਣ ਗਵਾ ਦਿੱਤਾ।

ਜਰਨੈਲ ਸਿੰਘ ਜਰਨੈਲ ਲਾਸਾਨੀ ਯੋਧੇ,
ਸਿੱਖ ਪੰਥ ਦਾ ਨਾਂਅ ਚਮਕਾ ਦਿੱਤਾ।

ਵੀਹਵੀਂ ਸਦੀ ਦੇ ਮਹਾਨ ਸਿੱਖ, ਲਾਸਾਨੀ ਜਰਨੈਲ ਅਤੇ ਸ਼ਹਿਰਦ ਆਗੂ ਦਾ ਮਾਣ ਪ੍ਰਾਪਤ ਕਰ ਚੁੱਕੇ, ਇਸ ਕੌਮੀ ਜਰਨੈਲ ਦੇ ਵਿਰੁੱਧ ਗੁੰਮਰਾਹਕੁੰਨ ਪ੍ਰਚਾਰ ਦਾ ਸ਼ਿਕਾਰ ਹੋ ਕੇ ਤਰ੍ਹਾਂ ਤਰ੍ਹਾਂ ਦਾ ਪ੍ਰਾਪੇਗੰਡਾ ਵੀ ਕੀਤਾ ਗਿਆ। ਹਿੰਦੂਆਂ ਦਾ ਦੁਸ਼ਮਣ, ਵੱਖਵਾਦੀ, ਅੱਤਵਾਦੀ, ਕਾਂਗਰਸ ਦੀ ਉਪਜ, ਸਰਕਾਰ ਦਾ ਏਜੰਟ, ਵਿਦੇਸ਼ਾਂ ਦਾ ਏਜੰਟ ਅਤੇ ਖ਼ੂਨੀ ਹਤਿਆਰਾ ਆਦਿ ਅਨੇਕਾਂ ਦੋਸ਼ ਲਾਏ ਗਏ। ਦੋਸ਼ ਲਾਉਣ ਵਾਲਿਆਂ ਵਿੱਚ ਅਕਾਲੀ, ਕਾਂਗਰਸੀ, ਹਿੰਦੂ ਅਤੇ ਫਿਰਕਾ ਪ੍ਰਸਤ ਤੇ ਹਿੰਦੂ ਪ੍ਰਸਤ ਲੇਖਕ ਆਦਿ ਹਰ ਵਰਗ ਦੇ ਲੋਕ ਸ਼ਾਮਲ ਸਨ। ਜਿਹਨਾਂ ਨੇ ਆਪਣੀ ਸੌੜੀ ਸੋਚ ਅਤੇ ਈਰਖਾਲੂ ਬਿਰਤੀ ਕਾਰਨ ਕੌਮ ਦੇ ਇਸ ਅਣਖ਼ੀਲੇ ਜਰਨੈਲ ਵਿਰੁੱਧ ਪ੍ਰਚਾਰ ਕਰਨ ਲਈ ਆਪਣਾ ਪੂਰਾ ਜ਼ੋਰ ਲਗਾ ਦਿੱਤਾ।

ਸੰਤ ਜਰਨੈਲ ਸਿੰਘ 'ਤੇ ਕਾਂਗਰਸ ਦੀ ਉਪਜ ਅਤੇ ਸਰਕਾਰ ਦਾ ਏਜੰਟ ਹੋਣ ਦਾ ਦੋਸ਼ ਮੂਲੋਂ ਹੀ ਗ਼ਲਤ, ਅਧਾਰ-ਰਹਿਤ ਅਤੇ ਸਰਾਸਰ ਝੂਠਾ ਹੈ। ਉਹਨਾਂ 'ਤੇ ਇਹ ਦੋਸ਼ ਈਰਖਾ, ਬੇਸਮਝੀ, ਸ਼ਰਾਰਤ ਅਤੇ ਗੁਮਰਾਹ ਹੋ ਕੇ ਹੀ ਲਗਾਇਆ ਗਿਆ ਹੈ। ਜਿਹੜਾ ਆਗੂ ਇੰਦਰਾ ਗਾਂਧੀ ਨੂੰ ਜ਼ਾਲਮ, ਦਰਬਾਰਾ ਸਿੰਹੁ ਨੂੰ ਜ਼ਕਰੀਆ, ਗਿਆਨੀ ਜ਼ੈਲ ਸਿੰਹੁ ਨੂੰ ਬਹੁ-ਰੂਪੀਆ ਅਤੇ ਸਵਰਨ ਸਿੰਘ ਨੂੰ ਇੰਦਰਾ ਦਾ ਸਿੱਖ ਕਹਿੰਦਾ ਅਤੇ ਭਜਨ ਲਾਲ ਨੂੰ ਸਮੁੰਦਰ ਵਿਚ ਘਰ ਪਾ ਲੈਣ 'ਤੇ ਵੀ ਸੋਧਣ ਦਾ ਐਲਾਨ ਕਰਦਾ ਹੈ ਤੇ ਕਾਂਗਰਸ ਪਾਰਟੀ ਦੀ ਸਰਕਾਰ ਨਾਲ ਹਥਿਆਰ-ਬੰਦ ਟੱਕਰ ਲੈਂਦਾ ਹੈ, ਜੇ ਕੋਈ ਉਸ ਨੂੰ ਵੀ ਕਾਂਗਰਸ ਦੀ ਉਪਜ ਕਹੇ ਤਾਂ ਫਿਰ ਉਸਦੀ ਸੌੜੀ ਸੋਚ, ਬੇ-ਸਮਝੀ ਅਤੇ ਸ਼ਰਾਰਤ ਹੀ ਮੰਨੀ ਜਾ ਸਕਦੀ ਹੈ, ਸੱਚ ਨਹੀਂ। ਜਿਸ ਸੰਤ ਜਰਨੈਲ ਸਿੰਘ ਨੇ ਇੰਦਰਾ ਗਾਂਧੀ ਅਤੇ ਰਜੀਵ ਗਾਂਧੀ ਨੂੰ ਮਿਲਣ ਲਈ ਸਮਾਂ ਮੰਗਣ 'ਤੇ ਵੀ ਮਿਲਣ ਤੋਂ ਨਾਂਹ ਕਰ ਦਿੱਤੀ ਹੋਵੇ ਅਤੇ ਸਪਸ਼ਟ ਰੂਪ ਵਿੱਚ ਕਹਿ ਦਿੱਤਾ ਹੋਵੇ ਕਿ, *'ਜੇ ਮਿਲਣਾ ਹੈ ਤਾਂ ਗੁਰਦੁਆਰੇ ਮਿਲੋ ਅਤੇ ਜੇ ਗੱਲ ਕਰਨੀ ਹੈ ਤਾਂ ਸੰਗਤ ਦੇ ਸਾਹਮਣੇ ਕਰੋ'*, ਉਸ ਦੇ ਕਾਂਗਰਸ ਨਾਲ ਕੀ ਅਤੇ ਕਿਵੇਂ ਸੰਬੰਧ ਹੋ ਸਕਦੇ ਹਨ?

ਇਹ ਠੀਕ ਹੈ ਕਿ ਪੰਜਾਬ ਵਿੱਚ ਇੱਕੋ ਇੱਕ ਅਕਾਲੀ ਦਲ ਹੀ ਕਾਂਗਰਸ ਦੀ, ਸ਼ਕਤੀਸ਼ਾਲੀ ਵਿਰੋਧੀ ਪਾਰਟੀ ਸੀ ਅਤੇ ਉਸ ਨੂੰ ਸਿਆਸੀ ਤੌਰ 'ਤੇ ਕਮਜ਼ੋਰ ਕਰਨਾ ਕਾਂਗਰਸ ਦੀ ਨੀਤੀ ਵੀ ਸੀ। ਇਹ ਵੀ ਸੱਚ ਹੋ ਸਕਦਾ ਹੈ ਕਿ ਇਸ ਨੀਤੀ ਤਹਿਤ ਉਸ ਨੇ ਸਿੱਖ ਕੌਮ ਵਿੱਚ ਆਗੂ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਏ ਸੰਤ ਜਰਨੈਲ ਸਿੰਘ ਤੱਕ ਪਹੁੰਚ ਕਰਨ ਦੀ ਸੋਚ ਵੀ ਸੋਚੀ ਹੋਵੇਗੀ, ਪਰ ਕੀ ਕਾਂਗਰਸ ਦੀ ਇਹ ਸੋਚ

ਸੰਤ ਜਰਨੈਲ ਸਿੰਘ 'ਤੇ ਕੋਈ ਅਸਰ ਕਰ ਸਕੀ? ਬਿਲਕੁਲ ਨਹੀਂ, ਹਰਗਿਜ਼ ਨਹੀਂ। ਸੰਤ ਜਰਨੈਲ ਸਿੰਘ ਨੇ ਕਾਂਗਰਸ ਦੀ ਇਸ ਸੋਚ ਨੂੰ ਪੰਥਕ ਜਜ਼ਬੇ, ਸੁਹਿਰਦਤਾ, ਦੂਰ-ਅੰਦੇਸ਼ੀ ਅਤੇ ਦ੍ਰਿੜਤਾ ਨਾਲ ਇੰਦਰਾ ਗਾਂਧੀ ਅਤੇ ਰਜੀਵ ਨੂੰ ਮਿਲਣ ਅਤੇ ਗੱਲ ਤੋਂ ਇਨਕਾਰ ਕਰ ਕੇ, ਪਹਿਲੇ ਦਿਨ ਹੀ ਮਸਲ ਦਿੱਤਾ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਅਪਰੈਲ ੧੯੭੯ ਵਿੱਚ ਹੋਈਆਂ ਚੋਣਾਂ 'ਚ ਸੰਤ ਜਰਨੈਲ ਸਿੰਘ ਵੱਲੋਂ ਅਕਾਲੀ ਦਲ ਦੇ ਉਮੀਦਵਾਰ 'ਉਮਰਾਨੰਗਲ' ਦੇ ਵਿਰੁੱਧ ਭਾਈ ਅਮਰੀਕ ਸਿੰਘ ਨੂੰ ਖੜਾ ਕਰਨ ਦੇ ਕਦਮ ਨੂੰ ਵੀ, ਕਾਂਗਰਸ ਦੀ ਸਾਜ਼ਿਸ਼ ਪ੍ਰਚਾਰਿਆ ਜਾਂਦਾ ਹੈ, ਪਰ ਇਹ ਪ੍ਰਚਾਰ, ਧਰਮ ਅਤੇ ਰਾਜਨੀਤੀ ਦੀ ਸੰਮੇਲਤਾ ਅਤੇ ਸ਼ਬਦ ਗੁਰੂ ਦੇ ਸਿਧਾਂਤ ਨੂੰ ਤਿਲਾਂਜਲੀ ਦੇ ਕੇ, ਸਿੱਖ ਸਿਆਸਤ ਦੀ ਸ਼ੁੱਧ ਭਾਵਨਾ ਤੋਂ ਭਟਕ ਚੁੱਕੇ ਅਤੇ ਅਕਾਲੀ ਦਲ ਨੂੰ ਹੀ ਸਿੱਖਾਂ ਦੀ ਇੱਕੋ ਇੱਕ, ਵਾਹਿਦ, ਨੁਮਾਇੰਦਾ ਤੇ ਸ਼ਹੀਦਾਂ ਦੀ ਪਾਰਟੀ ਸਮਝਣ ਦਾ ਭਰਮ ਪਾਲੀ ਬੈਠੇ, ਕੁਝ ਅਕਾਲੀ ਆਗੂਆਂ ਦੀ ਕੂੜੀ ਸਿਆਸਤ ਦਾ ਗੁੰਮਰਾਹਕੁੰਨ ਪ੍ਰਚਾਰ ਤਾਂ ਹੋ ਸਕਦਾ ਹੈ, ਪਰ ਬਿਲਕੁਲ ਅਸਲੀਅਤ ਨਹੀਂ। ਸੰਤ ਜਰਨੈਲ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਦੀਆਂ ਇਹਨਾਂ ਚੋਣਾਂ ਵਿੱਚ ਲਿਆ ਗਿਆ ਹਿੱਸਾ, ਗੁਰਦੁਆਰਾ ਪ੍ਰਬੰਧ ਵਿੱਚ ਆ ਚੁੱਕੀਆਂ ਕੁਰੀਤੀਆਂ ਨੂੰ ਦੂਰ ਕਰਨ, ਪਨਪ ਰਹੀ ਮਹੰਤਸ਼ਾਹੀ, ਮਸੰਦ ਬਿਰਤੀ ਤੇ ਪੁਜਾਰੀਪੁਣੇ ਨੂੰ ਠੱਲ੍ਹ ਪਾਉਣ ਅਤੇ ਧਰਮ ਤੇ ਰਾਜਨੀਤੀ ਦੀ ਸੰਮੇਲਤਾ ਦੇ ਸਿੱਧਾਂਤ ਨੂੰ ਉਜਾਗਰ ਕਰਨ ਲਈ ਸੱਚੇ ਦਿਲੋਂ ਚੁੱਕਿਆ ਗਿਆ ਨਰੋਆ ਕਦਮ ਸੀ, ਜਿਸ ਨੂੰ ਅਕਾਲੀ ਦਲ ਨੇ ਆਪਣੀ ਸੌੜੀ ਸਿਆਸਤ ਕਾਰਨ ਦਬਾਉਣ ਲਈ ਹਰ ਹਰਬਾ ਵਰਤਿਆ।

ਅਕਾਲੀ ਆਗੂਆਂ ਨੇ ਸੰਤ ਜਰਨੈਲ ਸਿੰਘ ਉੱਪਰ ਇਹ ਦੋਸ਼ ਉਹਨਾਂ ਦੇ ਕੌਮ ਵਿੱਚ ਵਧ ਰਹੇ ਪ੍ਰਭਾਵ ਤੋਂ ਘਬਰਾ ਕੇ ਅਤੇ ਸਿੱਖਾਂ ਵਿੱਚ ਖੁਰ ਰਹੀ ਆਪਣੀ ਸਾਖ਼ ਤੋਂ ਡਰ ਕੇ ਲਾਇਆ। ਹਿੰਦੂ ਪ੍ਰਸਤਾਂ ਨੇ ਸਿੱਖਾਂ ਵਿੱਚ ਪੈਦਾ ਹੋ ਰਹੇ ਸਿੱਖੀ ਜਜ਼ਬੇ ਤੋਂ ਘਬਰਾ ਕੇ ਅਤੇ ਬੁਜ਼ਦਿਲਾਂ ਨੇ ਆਪਣੀ ਬੁਜ਼ਦਿਲੀ 'ਤੇ ਪਰਦਾ ਪਾਉਣ ਲਈ ਅਜਿਹਾ ਦੋਸ਼ ਲਗਾਉਣਾ ਸ਼ੁਰੂ ਕਰ ਦਿੱਤਾ।

(ਸੰਤ ਜਰਨੈਲ ਸਿੰਘ ਸਪਸ਼ਟ ਕਰਦੇ ਹਨ: ਮੈਂ ਉਪਜ ਹਾਂ ਤੇ ਇੱਕੋ ਇੱਕ ਗੁਰੂ ਗੋਬਿੰਦ ਮਹਾਰਾਜ ਦੀ ਅਤੇ ਝੋਲੀ ਪਿਆ ਹਾਂ ਪੰਜਾਂ ਪਿਆਰਿਆਂ ਦੀ, ਜਦੋਂ ਅੰਮ੍ਰਿਤ ਛਕਿਆ। ਮਤਾਂ ਖ਼ਿਆਲ ਕਰਿਉ ਕਿ ਕੋਈ ਪੈਸੇ ਵਾਲਾ, ਕੁਰਸੀ ਵਾਲਾ, ਲੀਡਰੀ ਵਾਲਾ ਤੇ ਵਜ਼ੀਰੀ ਵਾਲਾ ਮੈਨੂੰ ਖ਼ਰੀਦ ਲਵੇਗਾ।)

ਸੰਤ ਜਰਨੈਲ ਸਿੰਘ 'ਤੇ ਇੱਕ ਫ਼ਿਰਕੇ ਦੇ ਲੋਕਾਂ ਨੂੰ ਕਤਲ ਕਰਨ ਦਾ ਲਗਾਇਆ ਜਾਂਦਾ ਦੋਸ਼ ਵੀ ਅਸਲੀਅਤ ਸਮਝਣ ਤੋਂ ਪਾਸਾ ਮੋੜਨ

ਦਾ ਹੀ ਨਤੀਜਾ ਹੈ। ਸੰਤ ਜਰਨੈਲ ਸਿੰਘ, ਸਿੱਖ ਨੂੰ ਪੱਕਾ ਸਿੱਖ, ਹਿੰਦੂ ਨੂੰ ਪੱਕਾ ਹਿੰਦੂ ਅਤੇ ਮੁਸਲਮਾਨ ਨੂੰ ਪੱਕਾ ਮੁਸਲਮਾਨ ਦੇਖਣਾ ਚਾਹੁੰਦੇ ਸਨ। ਸੰਤ ਜਰਨੈਲ ਸਿੰਘ ਨੇ ਆਪਣਾ ਦਰਦ ਲੈ ਕੇ ਆਏ ਹਿੰਦੂ ਨੂੰ ਵੀ ਗਲ ਨਾਲ ਲਾਇਆ ਅਤੇ ਉਸ ਦੀ ਹਰ ਤਰ੍ਹਾਂ ਮਦਦ ਕੀਤੀ।

੧. *ਫ਼ਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਜਲਾਲਾਬਾਦ ਦੇ ਹਿੰਦੂ ਵੱਲੋਂ ਮਦਦ ਮੰਗਣ 'ਤੇ ਉਸ ਦੀ ਅਗਵਾਹ ਹੋਈ ਲੜਕੀ ਛੁਡਾ ਕੇ ਉਸ ਦੇ ਘਰ ਪਹੁੰਚਾਈ।*

੨. *ਸਹੁਰਿਆਂ ਵੱਲੋਂ, ਪੇਕਿਆਂ ਤੋਂ ਪੈਸੇ ਲਿਆ ਕੇ ਨਾ ਦੇਣ ਕਾਰਨ ਤੰਗ ਕੀਤੀ ਜਾ ਰਹੀ ਅੰਮ੍ਰਿਤਸਰ ਦੀ ਹਿੰਦੂ ਲੜਕੀ ਨੂੰ ਆਪਣੀ ਧੀ ਬਣਾ ਲਿਆ ਅਤੇ ਉਸੇ ਵੇਲੇ ਹੀ ਉਸ ਦੇ ਸਹੁਰਿਆਂ ਨੂੰ ਬੁਲਾ ਕੇ ਉਸ ਦੀਆਂ ਮੁਸ਼ਕਿਲਾਂ ਦੂਰ ਕੀਤੀਆਂ।*

੩. *ਹਿੰਦੂਆਂ ਦੀ ਰਮਾਇਣ ਦਾ ਕੋਲੋਂ ਫ਼ੀਸ ਦੇ ਕੇ ਕੇਸ ਲੜਿਆ।*

੪. *ਹਿੰਦੂਆਂ ਦੇ ਕਹਿਣ 'ਤੇ ਗੁਰਦਾਸਪੁਰ ਜੇਲ੍ਹ ਵਿੱਚ ਮੰਦਰ ਬਣਾਇਆ।*

੫. *'ਰਸਤਾ ਰੋਕੋ' ਪ੍ਰੋਗਰਾਮ ਦੌਰਾਨ ਮਾਰੇ ਗਏ ਹਿੰਦੂਆਂ ਦੇ ਪਰਿਵਾਰਾਂ ਦੀ ਆਰਥਿਕ ਮਦਦ ਕੀਤੀ।*

੬. *ਹਿੰਦੂ ਦੀ ਦੁਕਾਨ ਸੜ ਜਾਣ 'ਤੇ ਉਸ ਦੀ ਮੰਗ ਤੋਂ ਵੀ ਵੱਧ ਪੈਸੇ ਦਿੱਤੇ।*

ਸੰਤ ਜਰਨੈਲ ਸਿੰਘ ਸਪਸ਼ਟ ਕਰਦੇ ਹਨ ਕਿ, *"ਜ਼ਾਤੀ ਤੌਰ 'ਤੇ ਹਿੰਦੂ ਨਾਲ ਸਾਡਾ ਕੋਈ ਵੈਰ ਨਹੀਂ, ਪਰ ਜੇ ਹਿੰਦੂ ਸਾਮਰਾਜ ਦੀ ਗੌਰਮੈਂਟ ਨੇ ਇਹ ਨਿਸ਼ਾਨਾ ਬਣਾ ਲਿਆ ਕਿ ਸਿੱਖਾਂ ਦਾ ਧਾਰਮਿਕ ਅਸਥਾਨ ਢਾਹੁਣਾ ਤੇ ਸਿੱਖਾਂ ਨੂੰ ਖ਼ਤਮ ਕਰਨਾ, ਤਾਂ ਫਿਰ ਖੰਡਾ ਖੜਕਾਉਣਾ ਪਵੇਗਾ।"*

ਸੰਤ ਜਰਨੈਲ ਸਿੰਘ ਨੇ ਨਾ ਤਾਂ ਪਹਿਲਾਂ ਕਦੇ ਕਿਸੇ ਤੇ ਵਾਰ ਹੀ ਕੀਤਾ ਅਤੇ ਨਾ ਹੀ ਪਹਿਲਾਂ ਕਦੇ ਕਿਸੇ ਨੂੰ ਧਮਕੀ ਹੀ ਦਿੱਤੀ, ਉਹ ਹਮੇਸ਼ਾਂ ਹਮਲੇ ਦਾ ਜੁਆਬ ਹੀ ਦਿੰਦੇ ਸਨ। ਜੇ ਇੰਦਰਾ ਗਾਂਧੀ ਨੇ ਜ਼ਿੰਮੇਵਾਰ ਹੁੰਦਿਆਂ ਹੋਇਆਂ ਸਿੱਖਾਂ ਨੂੰ ਧਮਕੀ ਦਿੱਤੀ, *"ਸੋਚ ਲਉ ਬਾਹਰਲੇ ਸਿੱਖਾਂ ਦਾ ਕੀ ਬਣੇਗਾ"*, ਤਾਂ ਉਸ ਦੇ ਜਵਾਬ ਵਿੱਚ ਹੀ ਸੰਤ ਜਰਨੈਲ ਸਿੰਘ ਨੂੰ ਇਹ ਕਹਿਣ ਲਈ ਮਜ਼ਬੂਰ ਹੋਣਾ ਪਿਆ ਕਿ, *"ਬੀਬੀ ਜੇ ਤੇਰਾ ਪੱਗ ਤੇ ਦਾਹੜੇ ਵਾਲਿਆਂ ਵਾਸਤੇ ਇਹ ਨਜ਼ਰੀਆ, ਤਾਂ ਸਾਨੂੰ ਵੀ ੨੦-੨੦ ਹੀ ਆਉਂਦੇ ਹਨ।"*

ਸੰਤ ਜਰਨੈਲ ਸਿੰਘ ਨੇ ਹਿੰਦੂ ਸਿੱਖ ਫਸਾਦ ਕਰਾਉਣ ਦੀ ਫਿਰਕੂ ਸੋਚ ਦਾ ਸਦਾ ਵਿਰੋਧ ਕੀਤਾ ਅਤੇ ਉਹਨਾਂ ਦੇ ਨਾਂਅ ਤੇ ਕੁਝ ਹਿੰਦੂਆਂ ਨੂੰ ਲਿਖੀਆਂ ਧਮਕੀ ਭਰੀਆਂ ਚਿੱਠੀਆਂ ਦਾ ਸਖ਼ਤ ਨੋਟਿਸ ਲਿਆ।

ਹਿੰਦੂਆਂ ਵਲੋਂ ਸਿੱਖਾਂ ਨੂੰ ਆਪਣੇ ਵਿੱਚ ਜਜ਼ਬ ਕਰ ਲੈਣ ਦੇ ਖ਼ਤਰੇ ਨੂੰ ਹਮੇਸ਼ਾਂ ਲਈ ਦੂਰ ਕਰਨ ਵਾਸਤੇ, ਉਹ ਹਿੰਦੂ ਸਿੱਖਾਂ ਦਰਮਿਆਨ,

ਇੱਕ ਅਜਿਹੀ ਲਕੀਰ ਖਿੱਚਣੀ ਚਾਹੁੰਦੇ ਸਨ, ਜਿਸ ਨਾਲ ਸਿੱਖ ਆਪਣੀ ਵੱਖਰੀ ਹੋਂਦ ਹਸਤੀ, ਵਿਲੱਖਣਤਾ ਅਤੇ ਨਿਆਰੇਪਣ ਨੂੰ ਸਦੀਵੀ ਰੂਪ ਵਿੱਚ ਕਾਇਮ ਰੱਖ ਸਕਣ, ਪਰ ਅਲੋਚਕਾਂ ਨੇ ਸੰਤ ਜਰੈਨਲ ਸਿੰਘ ਦੇ ਇਸ ਕੌਮੀ ਜਜ਼ਬੇ ਅਤੇ ਫਰਜ਼ ਨੂੰ ਸਮਝਣ ਵਿੱਚ ਟਪਲਾ ਖਾ ਕੇ ਉਸ ਅਤੇ ਸੰਤ ਜਰਨੈਲ ਸਿੰਘ 'ਤੇ ਇੱਕ ਫਿਰਕੇ ਦੇ ਲੋਕਾਂ ਨੂੰ ਮਾਰਨ ਦਾ ਦੋਸ਼ ਲਗਾਇਆ ਹੈ। ਸੰਤ ਜਰਨੈਲ ਸਿੰਘ ਦਾ ਵਿਰੋਧ ਕਿਸੇ ਧਰਮ, ਕੌਮ ਜਾਂ ਫਿਰਕੇ ਨਾਲ ਨਹੀਂ, ਜ਼ੁਲਮ ਨਾਲ ਸੀ ਅਤੇ ਜ਼ਾਲਮ ਭਾਵੇਂ ਕਿਸੇ ਵੀ ਸਰੂਪ ਵਿੱਚ ਹੋਵੇ, ਉਸ ਦੇ ਜ਼ੁਲਮਾਂ ਨੂੰ ਠੱਲਣਾ ਸੰਤ ਜਰਨੈਲ ਸਿੰਘ ਦਾ ਨਿਸ਼ਾਨਾ ਸੀ। ਉਹ ਇੰਦਰਾਗਾਂਧੀ ਵੱਲੋਂ ਖੇਡੇ ਜਾ ਰਹੇ ਹਿੰਦੂ ਪੱਤੇ ਦੀ ਖੇਡ ਨੂੰ ਪੂਰੀ ਤਰ੍ਹਾਂ ਸਮਝਦੇ ਸਨ। ਇੰਦਰਾ ਗਾਂਧੀ ਆਪਣੀ ਗੱਦੀ ਨੂੰ ਕਾਇਮ ਰੱਖਣ ਲਈ ਹਿੰਦੂਸਤਾਨ ਦੀ ਏਕਤਾ ਤੇ ਅਖੰਡਤਾ ਅਤੇ ਹਿੰਦੂਆਂ ਦੀ ਰਾਖੀ ਦੀ ਦੁਹਾਈ ਪਾ ਕੇ, ਸਿੱਖ ਕੌਮ ਨੂੰ ਕੁਚਲਣਾ ਚਾਹੁੰਦੀ ਸੀ ਅਤੇ ਸੰਤ ਜਰਨੈਲ ਸਿੰਘ ਸਿੱਖ ਕੌਮ ਦੀ ਵੱਖਰੀ ਤੇ ਵਿਲੱਖਣ ਹੋਂਦ ਹਸਤੀ ਦਾ ਪ੍ਰਚਾਰ ਕਰ ਕੇ ਸਿੱਖਾਂ ਨੂੰ ਬਚਾਉਣ ਲਈ ਯਤਨਸ਼ੀਲ ਸਨ।

ਸੰਤ ਜਰਨੈਲ ਸਿੰਘ ਨੇ ਹਿੰਦੂਆਂ ਨੂੰ ਮਾਰਨ ਦੀ ਜਦ ਕਦੇ ਧਮਕੀ ਵੀ ਦਿੱਤੀ, ਉਦੋਂ ਵੀ ਉਹਨਾਂ ਦਾ ਮੰਤਵ ਇੱਕ ਫਿਰਕੇ ਦਾ ਕਤਲੇਆਮ ਨਹੀਂ, ਸਗੋਂ ਧਮਕੀ ਦੇ ਇਸ ਹਥਿਆਰ ਨੂੰ ਵਰਤ ਕੇ ਜ਼ੁਲਮ ਅਤੇ ਅਨਿਆਂ ਨੂੰ ਰੋਕਣਾ ਹੀ ਸੀ। ਸੰਤ ਜਰਨੈਲ ਸਿੰਘ ਨੇ ਇੱਕ ਘੰਟੇ ਵਿੱਚ ਪ ਹਜ਼ਾਰ ਹਿੰਦੂਆਂ ਨੂੰ ਮਾਰਨ ਦੀ ਧਮਕੀ ਦੇ ਕੇ, ਸੰਤ ਕਰਤਾਰ ਸਿੰਘ ਜੀ ਦੀ ਬਿਰਧ ਮਾਤਾ ਨੂੰ ਲੈ ਕੇ, ਸੰਗਤ ਸਮੇਤ ਆ ਰਹੀ, ਥਾਨੇ ਬੰਦ ਕਰ ਦਿੱਤੀ ਗਈ ਬੱਸ ਨੂੰ ਹੀ ਛਡਾਇਆ ਸੀ, ਹਿੰਦੂਆਂ ਨੂੰ ਨਹੀਂ ਸੀ ਮਾਰਿਆ।

ਸੰਤ ਜਰਨੈਲ ਸਿੰਘ ਦਾ ਇਹ ਐਲਾਨ ਵੀ ਕਿ ਜਿਸ ਦਿਨ ਦਰਬਾਰ ਸਾਹਿਬ 'ਤੇ ਹਮਲਾ ਹੋ ਜਾਵੇ, ਉਸ ਦਿਨ ਗੁਰੂ ਘਰ ਦੇ ਸਭ ਨਿੰਦਕ, ਦੋਖੀ ਅਤੇ ਛੱਲੀ ਰਾਮ ਗੁੱਲੀ ਰਾਮ ਚੁਣ ਦੇਣੇ ਚਾਹੀਦੇ ਹਨ, ਹਿੰਦੂ ਸਾਮਰਾਜ ਦੀ ਸੱਤਾ ਦੇ ਨਸ਼ੇ ਵਿੱਚ ਸਿੱਖਾਂ ਨੂੰ ਕੁਚਲਣ ਦੀ ਸਰਕਾਰ ਵੱਲੋਂ ਤਿਆਰ ਹੋ ਚੁੱਕੀ ਸਾਜ਼ਿਸ਼ ਨੂੰ ਹੀ ਰੋਕਣ ਦਾ ਹਥਿਆਰ ਹੀ ਸੀ, ਹਿੰਦੂਆਂ ਨੂੰ ਮਾਰ ਮੁਕਾਉਣ ਦਾ ਨਹੀਂ। ਸੰਤ ਜਰਨੈਲ ਸਿੰਘ ਭਲੀ ਭਾਂਤ ਸਮਝ ਗਏ ਸਨ ਕਿ ਹਿੰਦੂਸਤਾਨੀ ਹਾਕਮ ਹਿੰਦੂ ਨੂੰ ਬਚਾਉਣ ਲਈ ਹਰ ਸ਼ਰਤ ਮੰਨਣ ਲਈ ਤੁਰੰਤ ਤਿਆਰ ਹੋ ਜਾਂਦੇ ਅਤੇ ਉਹ ਹਾਕਮਾਂ ਦੀ ਇਸ ਫਿਤਰਤ ਨੂੰ ਸਮਝਦੇ ਹੋਏ ਹੀ ਕਦੇ ਕਦੇ ਹਿੰਦੂਆਂ ਨੂੰ ਮਾਰ ਦੇਣ ਦੀ ਧਮਕੀ ਦਿੰਦੇ ਸਨ ਅਤੇ ਉਹਨਾਂ ਦਾ ਇਹ ਹਥਿਆਰ ਮੋਰਚੇ ਦੌਰਾਨ ਕਾਮਯਾਬ ਵੀ ਰਿਹਾ ਸੀ।

ਸੰਤ ਜਰਨੈਲ ਸਿੰਘ ਦੇ ਹਿੰਦ ਸਰਕਾਰ ਵਲੋਂ ਸਿੱਖਾਂ ਨਾਲ ਕੀਤੇ

ਜਾ ਰਹੇ ਵਿਤਕਰਿਆਂ ਦੇ, ਸਭ ਗਿਲੇ ਸੱਚੇ ਸਨ :

!ਮੁਜ਼ਾਹਰਾ ਕਰਨ ਲਈ ਹਿੰਦੂ ਜਹਾਜ਼ ਅਗਵਾਹ ਲਵੇ ਤਾਂ ਦੇਸ਼ ਭਗਤੀ, ਵਿਧਾਨ ਸਭਾ ਦੀ ਮੈਂਬਰੀ ਲਈ ਟਿਕਟਾਂ ਅਤੇ ਰਹਾਇਸ਼ ਲਈ ਐੱਮ.ਐੱਲ.ਏ. ਹੋਸਟਲ ਵਿੱਚ ਕਮਰੇ ਦਿੱਤੇ ਜਾਂਦੇ ਹਨ, ਪਰ ਜੇ ਸਿੱਖ ਆਪਣੇ ਇਸ਼ਟ ਦੀ ਹੋਈ ਬੇ-ਹੁਰਮਤੀ ਵਿਰੁੱਧ ਰੋਸ ਮੁਜ਼ਾਹਰਾ ਕਰਨ ਅਤੇ ਆਪਣੇ ਤੇ ਹੋ ਰਹੇ ਜ਼ੁਲਮਾਂ ਵੱਲ ਦੁਨੀਆਂ ਦਾ ਧਿਆਨ ਖਿੱਚਣ ਲਈ ਹਵਾਈ ਜਹਾਜ਼ ਅਗਵਾਹ ਕਰ ਲੈਣ ਤਾਂ ਦੇਸ਼ ਨਾਲ ਗਦਾਰੀ, ਗੋਲੀ, ਤਸੀਹੇ, ਦੇਸ਼ ਨਿਕਾਲਾ ਅਤੇ ਸਜਾਵਾਂ।

ਜੇ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਅਤੇ ਹਿੰਦੂ ਸੁਰੱਖਿਆ ਸੰਮਤੀ ਦੇ ਆਗੂ ਸਿੱਖਾਂ ਨੂੰ ਧਮਕੀ ਦੇਣ ਤਾਂ ਕੋਈ ਕੇਸ ਨਹੀਂ ਤੇ ਜੇ ਭਿੰਡਰਾਂਵਾਲਾ ਜੁਆਬ ਵਿੱਚ ਹੀ ਕੁਝ ਕਹਿ ਦੇਵੇ ਤਾਂ ਕੇਸ ਦਰਜ।

ਜੇ ਹਿੰਦੂਆਂ ਦੇ ਮੁੰਡੇ ਤੋਂ ੨੩੦ ਗਰਨੇਡ ਫੜੇ ਜਾਣ ਉਹ ਤਾਂ ਵੀ ਬਰੀ ਤੇ ਜੇ ਸਿੱਖ ਤੋਂ ਕੁਝ ਫੜਿਆ ਵੀ ਨਾ ਜਾਵੇ ਉਸ ਨੂੰ ਤਾਂ ਵੀ ਸਜ਼ਾ।

ਜੇ ਹਿੰਦੂ ਇੱਕ ਵੀ ਮਰ ਜਾਵੇ ਤਾਂ ਲਾਸ਼ ਵਾਰਸਾਂ ਦੇ ਹਵਾਲੇ ਤੇ ਜੇ ਸਿੱਖ ਸੈਂਕੜੇ ਮਾਰ ਦਿੱਤੇ ਜਾਣ ਤਾਂ ਵੀ ਲਾਸ਼ਾਂ ਵਾਰਸਾਂ ਨੂੰ ਨਾ ਦਿੱਤੀਆਂ ਜਾਣ।

ਜੇ ਹਿੰਦੂ ਦਾ ਕਤਲ ਹੋ ਜਾਵੇ ਤਾਂ ਇਨਕੁਆਰੀ ਤਿੰਨ ਦਿਨਾਂ 'ਚ ਮੁਕੰਮਲ ਤੇ ਜੇ ਸਿੱਖ ਦਰਜਨਾਂ ਮਾਰੇ ਜਾਣ ਤਾਂ ਇਨਕੁਆਰੀ ਸ਼ੁਰੂ ਵੀ ਨਹੀਂ ਕੀਤੀ ਜਾਂਦੀ।

ਫ਼ੌਜ ਵਿੱਚੋਂ ਗਵਾਚਾ ਹਥਿਆਰ ਹਿੰਦੂ ਦੀ ਬਾਰਕ ਵਿੱਚੋਂ ਫੜਿਆ ਜਾਵੇ ਜਾਂ ਗੰਦੇ ਨਾਲੇ ਵਿੱਚੋਂ ਲੱਭ ਪਵੇ, ਪਰ ਮਾਰ ਦਿੱਤੇ ਜਾਣ ਸਿੱਖ ਫ਼ੌਜੀ ਸੀਤਲ ਸਿੰਘ ਤੇ ਪਿਆਰਾ ਸਿੰਘ।

ਹਿੰਦੂ, ਦਰਬਾਰ ਸਾਹਿਬ ਦੀ ਪਰਿਕਰਮਾਂ ਵਿੱਚ ਸਿਗਰਟਾਂ ਸੁੱਟਦਾ ਮੌਕੇ ਤੇ ਹੀ ਫੜਿਆ ਜਾਵੇ ਤਾਂ ਵੀ ਤੁਰੰਤ ਰਿਹਾ ਅਤੇ ਸਿੱਖ ਤੇ ਸਿਰਫ਼ ਸ਼ੱਕ ਹੀ ਹੋਵੇ ਤਾਂ ਵੀ ਉਸ ਦਾ ਇਨਾਮ।

ਹਿੰਦੂ ਮੰਗ ਵੀ ਨਾ ਕਰਨ ਤੇ ਉਹਨਾਂ ਨੂੰ ਹਰਿਆਣਾ ਤੇ ਹਿਮਾਚਲ ਬਣਾ ਦਿੱਤਾ ਜਾਵੇ ਤੇ ਸਿੱਖ ਪੰਜਾਬੀ ਸੂਬੇ ਦੀ ਮੰਗ ਲਈ ਮੋਰਚਾ ਲਾਉਣ ਤਾਂ ਵੀ ਪੰਜਾਬੀ ਸੂਬਾ ਮੁਕੰਮਲ ਰੂਪ ਵਿੱਚ ਨਾ ਮਿਲੇ।

ਹਿੰਦੂਆਂ ਦੇ ਮੰਦਰਾਂ ਦੇ ਨਾਂਅ 'ਤੇ ਬਿਨਾਂ ਮੰਗ ਕੀਤਿਆਂ ਹੀ ਗੱਡੀਆਂ ਦੇ ਨਾਂਅ ਰੱਖੇ ਜਾਣ, ਪਰ ਸਿੱਖਾਂ ਦੇ ਮੰਗ ਕਰਨ 'ਤੇ ਵੀ ਗੱਡੀ ਦਾ ਨਾਂਅ ਦਰਬਾਰ ਸਾਹਿਬ ਦੇ ਨਾਂਅ 'ਤੇ ਨਾ ਰੱਖਿਆ ਜਾਵੇ।

ਹਿੰਦੂਆਂ ਦੇ ਧਾਰਮਿਕ ਸ਼ਹਿਰਾਂ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦਿੱਤਾ

ਜਾਵੇ ਪਰ ਸਿੱਖਾਂ ਦੇ ਧਾਰਮਿਕ ਨਗਰ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਮੋਰਚਾ ਲਾਉਣ 'ਤੇ ਵੀ ਨਾ ਮਿਲੇ।

ਹਿੰਦੂ ਇੱਕ ਵੀ ਮਰ ਜਾਵੇ ਤਾਂ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਭੱਜੇ ਆਉਣ, ਪਰ ਸਿੱਖ ਸੈਂਕੜੇ ਮਰ ਜਾਣ ਤਾਂ ਵੀ ਕਿਸੇ ਦੇ ਕੰਨ 'ਤੇ ਜੂੰਅ ਨਾ ਸਰਕੇ।

ਸੰਤ ਜਰਨੈਲ ਸਿੰਘ ਦਾ ਨਿਸ਼ਾਨਾ ਸਿੱਖਾਂ ਨਾਂਲ ਹੋ ਰਹੇ ਇਹਨਾਂ ਵਿਤਕਰਿਆਂ ਨੂੰ ਦੂਰ ਕਰਾਉਣਾ ਅਤੇ ਬਰਾਬਰ ਦੇ ਸ਼ਹਿਰੀ ਬਣਾਉਣਾ ਸੀ ਉਹਨਾਂ ਦੇ ਇਸ ਨਿਸ਼ਾਨੇ ਅਤੇ ਧਮਕੀ ਦਾ ਜੁਆਬ ਦੇਣ ਦੇ ਹਥਿਆਰ ਨੂੰ ਜੇ ਕੋਈ ਇੱਕ ਫਿਰਕੇ ਦਾ ਕਤਲ ਸਮਝੀ ਜਾਵੇ ਤਾਂ ਗਲਤੀ ਉਸਦੀ ਸੋਚ ਵਿੱਚ ਹੈ, ਸੰਤ ਜਰਨੈਲ ਸਿੰਘ ਦੀ ਨਹੀਂ।

ਸੰਤ ਜਰਨੈਲ ਸਿੰਘ ਤੇ ਅਗਲਾ ਦੋਸ਼ ਹਥਿਆਰ ਰੱਖਣ ਦਾ ਲੱਗਦਾ ਹੈ। ਸੰਤ ਜਰਨੈਲ ਦੀ ਇਹ ਸੋਚ, ਦਸਮੇਸ਼ ਪਿਤਾ ਜੀ ਦੇ ਹੁਕਮ,

ਚੂੰ ਕਾਰ ਅਜ਼ ਹਮਹ ਹੀਲਤੇ ਦਰ ਗੁਜਸ਼ਤ॥
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥

ਦੀ ਪਾਲਣਾ ਕਰਦੀ ਹੈ। ਸੰਤ ਜਰਨੈਲ ਸਿੰਘ ਸ਼ਸ਼ਤਰ ਰੱਖਣ ਨੂੰ ਜ਼ੁਲਮ ਕਰਨ ਲਈ ਨਹੀਂ, ਜ਼ੁਲਮ ਨੂੰ ਰੋਕਣ ਲਈ ਜ਼ਰੂਰੀ ਸਮਝਦੇ ਹਨ।ਉਹ ਇਹ ਵੀ ਸਪਸ਼ਟ ਕਰਦੇ ਹਨ ਕਿ ਜਦੋਂ ਵਕੀਲ, ਦਲੀਲ ਤੇ ਅਪੀਲ ਦੀ ਕੋਈ ਸੁਣਵਾਈ ਨਾ ਹੋਵੇ। ਜੱਜਾਂ ਦੇ ਹੁਕਮ ਪੁਲਸ ਠੁਕਰਾ ਦੇਵੇ ਅਤੇ ਖਿਲਾਫ਼ ਸਿੱਖਾਂ ਨੂੰ ਕੁਚਲਣ ਅਤੇ ਬੇ-ਇੱਜ਼ਤ ਕਰਨਾ ਹੀ ਨਿਸ਼ਾਨਾ ਰਹਿ ਜਾਵੇ ਉਦੋਂ ਹਥਿਆਰ ਦੀ ਵਰਤੋਂ ਕਰਨਾ ਸਿੱਖ ਦਾ ਹੱਕ ਹੈ। ਉਹ ਹਥਿਆਰ ਦੇ ਫਲਸਫੇ ਨੂੰ ਸਪਸ਼ਟ ਕਰਦੇ ਹੋਏ ਕਹਿੰਦੇ ਹਨ, *"ਸ਼ਸ਼ਤਰਧਾਰੀ ਹੋ ਕੇ ਕਿਸੇ ਦੀ ਧੀ ਭੈਣ ਦੀ ਇਜ਼ਤ ਲੁੱਟਣੀ, ਜੀਵਘਾਤ ਕਰਨਾ, ਕਿਸੇ ਦਾ ਘਰ ਲੁੱਟਣਾ, ਦੁਕਾਨ ਲੁੱਟਣੀ ਅਤੇ ਕਿਸੇ ਦੀ ਬੇ-ਇਜ਼ਤੀ ਕਰਨੀ ਸਿੱਖ ਲਈ ਪਾਪ ਆ, ਪਰ ਹਥਿਆਰ ਰੱਖ ਕੇ ਆਪਣੀ ਹੋਈ ਬੇ-ਇਜ਼ਤੀ ਦਾ ਹੱਕ ਨਾ ਲੈਣਾ ਵੀ ਪਾਪ ਆ।"*

ਸੰਤ ਜਰਨੈਲ ਸਿੰਘ ਹਥਿਆਰ ਨੂੰ ਸ਼ਾਂਤੀ ਭੰਗ ਕਰਨ ਲਈ ਨਹੀਂ, ਸ਼ਾਂਤੀ ਨੂੰ ਕਾਇਮ ਰੱਖਣ ਲਈ ਰੱਖਣਾ ਜ਼ਰੂਰੀ ਸਮਝਦੇ ਸਨ। ਉਹ ਕਹਿੰਦੇ ਸਨ, *"ਜੇ ਹਥਿਆਰ ਰੱਖਣ ਨਾਲ ਸ਼ਾਂਤੀ ਭੰਗ ਹੁੰਦੀ ਹੈ ਤਾਂ ਫਿਰ ਸਰਹੱਦਾਂ 'ਤੇ ਤੋਪਾਂ ਕਿਉਂ ਬੀੜੀਆਂ ਨੇ।"*

ਸੰਤ ਜਰਨੈਲ ਸਿੰਘ ਵੱਲੋਂ ਬਿਨਾਂ ਲਾਇਸੈਂਸ ਹਥਿਆਰ ਰੱਖਣ ਦੀਆਂ ਮਿਹਤ ਨੂੰ ਕੀਤੀਆਂ ਅਪੀਲਾਂ ਵੀ ਸਰਕਾਰ ਦੇ ਵਿਤਕਰੇ ਭਰੇ ਵਤੀਰੇ ਦਾ ਨਤੀਜਾ ਹੀ ਹਨ। ਸਰਕਾਰ ਹਿੰਦੂਆਂ ਨੂੰ ਤਾਂ ਧੜਾ-ਧੜ ਹਥਿਆਰਾਂ ਦੇ ਲਾਇਸੈਂਸ ਦਿੰਦੀ ਹੈ ਪਰ ਸਿੱਖਾਂ ਨੂੰ ਨਵੇਂ ਲਾਇਸੈਂਸ ਤਾਂ ਦੇਣੇ ਹੀ ਕੀ,

ਆਪਣੀ ਸਵੈ-ਰੱਖਿਆ ਲਈ ਪਹਿਲਾਂ ਤੋਂ ਰੱਖੇ ਹਥਿਆਰਾਂ ਦੇ ਲਾਇਸੈਂਸ ਵੀ ਰੱਦ ਕਰ ਦਿੰਦੀ ਹੈ।

ਸੰਤ ਜਰਨੈਲ ਸਿੰਘ ਦੇ ਸ਼ਸ਼ਤਰਾਂ ਪ੍ਰਤੀ ਵਿਚਾਰ, ਧਰਿੰਦਰ ਬ੍ਰਹਮਚਾਰੀ, ਪਵਨ ਕੁਮਾਰ ਅਤੇ ਹਿੰਦੂ ਸੁਰੱਖਸ਼ਾ ਸੰਮਤੀ ਦੇ ਮੰਦਰਾਂ ਵਿੱਚ ਰੱਖੇ ਨਜਾਇਜ਼ ਹਥਿਆਰਾਂ ਦਾ ਹੀ ਪ੍ਰਤੀਕਰਮ ਹਨ। ਉਹ ਕਹਿੰਦੇ ਹਨ, *"ਜੇ ਇਹ ਲੋਕ ਬਿਨਾਂ ਲਾਇਸੈਂਸ ਹਥਿਆਰ ਰੱਖ ਸਕਦੇ ਹਨ ਤਾਂ ਸਿੱਖ ਕਿਉਂ ਨਹੀਂ।"* ਵਿਤਕਰੇ ਭਰੀ ਸਰਕਾਰ ਦੀ ਇਸ ਨੀਤੀ ਦੇ ਪ੍ਰਤੀਕਰਮ ਨੂੰ ਜੇ ਕੋਈ ਸੰਤ ਜਰਨੈਲ ਸਿੰਘ 'ਤੇ ਨਜਾਇਜ਼ ਹਥਿਆਰ ਰੱਖਣ ਦਾ ਦੋਸ਼ ਲਗਾਵੇ ਤਾਂ ਇਹ ਫਿਰ ਉਹਦੀ ਮਰਜ਼ੀ, ਪਰ ਉਹਨੂੰ ਇਸ ਗੱਲ ਵੱਲ ਵੀ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ ਕਿ ਜੇ ਸਿੱਖਾਂ ਨੂੰ ਜਾਣ ਬੁਝ ਕੇ, ਸੋਚੀ ਸਮਝੀ ਨੀਤੀ ਤਹਿਤ ਹੀ ਇਨਸਾਫ ਨਾ ਦਿੱਤਾ ਜਾ ਰਿਹਾ ਹੋਵੇ ਤਾਂ ਫਿਰ ਉਹ ਆਪਣੀ ਸਵੈ-ਰੱਖਿਆ ਅਤੇ ਇਜ਼ਤ ਮਾਣ ਨੂੰ ਕਾਇਮ ਕਿਵੇਂ ਰੱਖਣ? ਕੀ ਉਹ ਜ਼ਲੀਲ ਹੀ ਹੁੰਦੇ ਰਹਿਣ ਅਤੇ ਗ਼ੁਲਾਮੀ ਦੀਆਂ ਜੰਜ਼ੀਰਾਂ ਵਿੱਚ ਹੀ ਜਕੜੇ ਰਹਿਣ? ਸੰਤ ਜਰਨੈਲ ਸਿੰਘ ਕੌਮ ਦੇ ਗਲੋਂ ਗ਼ੁਲਾਮੀ ਦੀਆਂ ਜ਼ੰਜੀਰਾਂ ਕੱਟਣੀਆਂ ਚਾਹੁੰਦੇ ਸਨ।

ਸੰਤ ਜਰਨੈਲ ਸਿੰਘ 'ਤੇ ਅਗਲਾ ਦੋਸ਼ ਵੱਖਵਾਦੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਦਾ ਲਾਇਆ ਜਾਂਦਾ ਹੈ, ਪਰ ਅਜਿਹਾ ਦੋਸ਼ ਲਾਉਣ ਵਾਲੇ ਆਜ਼ਾਦੀ ਦੇ ਮੁੱਢਲੇ ਅਧਿਕਾਰ ਨੂੰ ਪਤਾ ਨਹੀਂ ਕਿਉਂ ਅੱਖੋਂ ਪਰੋਖੇ ਕਰ ਦਿੰਦੇ ਹਨ। ਜੇ ਅੰਗਰੇਜ਼ ਸਾਮਰਾਜ ਦੇ ਜੂਲ਼ੇ 'ਚੋਂ ਆਜ਼ਾਦ ਹੋਣ ਵਾਸਤੇ ਆਜ਼ਾਦੀ ਲਈ ਸੰਘਰਸ਼ ਕੀਤਾ ਜਾ ਸਕਦਾ ਸੀ ਤਾਂ ਫਿਰ ਹਿੰਦੂ ਸਾਮਰਾਜ ਦੀ ਗ਼ੁਲਾਮੀ ਵਿੱਚੋਂ ਨਿਕਲਣ ਲਈ ਸਿੱਖਾਂ ਨੂੰ ਸੰਘਰਸ਼ ਕਰਨ ਦਾ ਅਧਿਕਾਰ ਕਿਉਂ ਨਹੀਂ? ਸਰਕਾਰ ਵੱਲੋਂ ਸਿੱਖਾਂ ਨਾਲ ਭਾਰਤ ਵਿੱਚ ਦੂਜੇ ਦਰਜੇ ਦੇ ਸ਼ਹਿਰੀਆਂ ਵਾਲਾ ਵਰਤਾਉ ਕੀਤਾ ਜਾਂਦਾ ਹੈ ਅਤੇ ਸੰਤ ਕੌਮ ਨੂੰ ਬਰਾਬਰ ਦੇ ਸ਼ਹਿਰੀ ਦੇਖਣਾ ਚਾਹੁੰਦੇ ਸਨ। ਇਸ ਵਿਸ਼ੇ 'ਤੇ ਉਹਨਾਂ ਦੇ ਵਿਚਾਰ ਸਪਸ਼ਟ ਸਨ ਕਿ, *"ਨਾ ਖ਼ਾਲਿਸਤਾਨ ਦੀ ਹਮਾਇਤ ਕਰਦੇ ਹਾਂ ਤੇ ਨਾ ਵਿਰੋਧ। ਬਰਾਬਰ ਦੇ ਸ਼ਹਿਰੀ ਬਣ ਕੇ ਰਹਿਣਾ ਚਾਹੁੰਦੇ ਹਾਂ। ਇਹ ਸਰਕਾਰ ਦੱਸੇ ਕਿ ਉਹ ਸਾਨੂੰ ਨਾਲ ਰੱਖਣਾ ਚਾਹੁੰਦੀ ਹੈ ਜਾਂ ਨਹੀਂ ਜੇ ਨਾਲ ਰੱਖਣਾ ਚਾਹੁੰਦੀ ਹੈ ਤਾਂ ਸਾਡੇ ਬਣਦੇ ਹੱਕ ਸਾਨੂੰ ਦੇਵੇ ਤੇ ਜੇ ਨਹੀਂ ਰੱਖਣਾ ਚਾਹੁੰਦੀ ਤਾਂ ੯੦% ਕੁਰਬਾਨੀਆਂ ਸਿੱਖਾਂ ਨੇ ਕੀਤੀਆਂ ਹਨ। ੯੦ ਸਿਰਾਂ ਦਾ ਹਿੱਸਾ ਸਾਨੂੰ ਦੇ ਦੇਵੇ ਅਤੇ ੧੦ ਸਿਰਾਂ ਦੇ ਹਿੱਸੇ ਆਉਂਦੀ ਕੋਈ ਪਹਾੜੀ ਆਪ ਲੈ ਲਵੇ। ਅਸੀਂ ਮੁਲਕ ਵਿੱਚ ਰਹਿਣਾ ਚਾਹੁੰਦੇ ਹਾਂ ਪਰ ਜੇ ਸਰਕਾਰ ਨੇ ਐਤਕਾਂ ਖ਼ਾਲਿਸਤਾਨ ਦੇ ਦਿੱਤਾ ਤੇ ਲੈ ਜ਼ਰੂਰ ਲਵਾਂਗੇ। ੧੯੪੭ ਵਾਲੀ ਗ਼ਲਤੀ ਨਹੀਂ ਕਰਦੇ।"*

ਜੇ ਹਿੰਦੁਸਤਾਨ ਪਾਕਿਸਤਾਨ ਦੇ ਟੋਟੇ ਕਰਵਾ ਕੇ ਬੰਗਲਾ ਦੇਸ਼ ਨੂੰ ਆਜ਼ਾਦ ਕਰਵਾ ਸਕਦਾ ਹੈ ਤਾਂ ਫਿਰ ਸੰਤ ਜਰਨੈਲ ਸਿੰਘ ਅਜਿਹੀ ਸੋਚ ਰੱਖਦੇ ਹੋਣ ਤਾਂ ਉਹ ਹਿੰਦੂ ਪ੍ਰਸਤਾਂ ਦੇ ਭਗਤਾਂ ਦੀਆਂ ਨਜ਼ਰਾਂ ਵਿੱਚ ਦੋਸ਼ੀ ਕਿਉਂ ?

ਸੰਤ ਜਰਨੈਲ ਸਿੰਘ 'ਤੇ ਅੱਤਵਾਦੀ ਆਗੂ ਹੋਣ ਦਾ ਦੋਸ਼ ਵੀ ਲਗਾਇਆ ਜਾਂਦਾ ਹੈ, ਪਰ ਸੰਤ ਜਰਨੈਲ ਸਿੰਘ ਨੇ ਵਕੀਲ, ਦਲੀਲ ਅਤੇ ਅਪੀਲ ਦੇ ਰਸਤੇ ਅਪਨਾਉਣ ਤੋਂ ਬਾਅਦ ਹੀ ਖ਼ਾਲਸਈ ਸਿਧਾਂਤਾਂ 'ਤੇ ਰਵਾਇਤਾਂ ਮੁਤਾਬਕ ਚੱਲਣਾ ਸ਼ੁਰੂ ਕੀਤਾ ਸੀ। ਹਿੰਦੀ, ਹਿੰਦੂ ਤੇ ਹਿੰਦੁਸਤਾਨ ਦੇ ਗੀਤ ਗਾਉਣ ਵਾਲਿਆਂ ਨੂੰ ਇਸ ਰਸਤੇ 'ਤੇ ਚੱਲਣ ਵਾਲੇ ਸੰਤ ਜਰਨੈਲ ਸਿੰਘ ਅੱਤਵਾਦੀ ਦਿਖਾਈ ਦੇਣ ਲੱਗ ਪਏ। ਸੰਤ ਜਰਨੈਲ ਸਿੰਘ ਨੇ ਅਜਿਹੇ ਲੋਕਾਂ ਨੂੰ ਜੁਆਬ ਦਿੰਦਿਆਂ ਕਿਹਾ, *"ਜਿਹੜਾ ਅੰਮ੍ਰਿਤ ਛਕਾਵੇ ਤੇ ਜਿਸ ਨੇ ਆਪ ਅੰਮ੍ਰਿਤ ਛਕਿਆ ਹੋਵੇ। ਜਿਹੜਾ ਆਪ ਬਾਣੀ ਪੜ੍ਹਦਾ ਤੇ ਦੂਜਿਆਂ ਨੂੰ ਪੜ੍ਹਾਵੇ। ਆਪ ਕਥਾ ਕਰੇ ਤੇ ਦੂਜਿਆਂ ਤੋਂ ਕਥਾ ਕਰਵਾਏ। ਗੁਰੂ ਗਰੰਥ ਸਾਹਿਬ ਨੂੰ ਆਪਣਾ ਇਸ਼ਟ ਮੰਨਦਾ ਹੋਵੇ। ਧੀਆਂ ਭੈਣਾਂ ਦੀ ਇਜ਼ਤ ਕਾਇਮ ਰੱਖਣ ਦੀ ਪ੍ਰੇਰਨਾ ਦੇਵੇ। ਕੇਸਰੀ ਨਿਸ਼ਾਨ ਸਾਹਿਬ ਥੱਲੇ ਇਕੱਠੇ ਕਰੇ। ਗੁਰੂ ਗਰੰਥ ਸਾਹਿਬ ਦੇ ਲੜ ਲਾਵੇ। ਪੰਥ ਦੀ ਛਟ ਕੇ ਹਮਾਇਤ ਕਰੇ, ਜੇ ਗੌਰਮੈਂਟ ਉਸਨੂੰ ਅੱਤਵਾਦੀ ਕਹਿੰਦੀ ਹੈ ਤਾਂ ਮੈਂ ਅੱਤਵਾਦੀ ਹਾਂ ਤੇ ਤੁਹਾਨੂੰ ਵੀ ਇਹੋ ਜਿਹਾ ਅੱਤਵਾਦੀ ਬਣਨ ਦੀ ਪ੍ਰੇਰਨਾ ਕਰਦਾ ਹਾਂ।"*

ਸੰਤ ਜਰਨੈਲ ਸਿੰਘ ਗੁਰਮਤਿ ਦੇ ਅਸੂਲਾਂ, ਸਰਬੱਤ ਦੇ ਭਲੇ, ਮਜ਼ਲੂਮ ਦੀ ਰੱਖਿਆ ਅਤੇ ਜ਼ਾਲਮ ਦੀ ਭੱਖਿਆ ਤੇ ਪਹਿਰਾ ਦੇਣ ਵਾਲੇ ਯੋਧੇ ਸਨ ਜੇ ਅਜਿਹੇ ਯੋਧੇ, ਸੰਤ ਜਰਨੈਲ ਸਿੰਘ ਨੂੰ ਅੱਤਵਾਦੀ ਕਿਹਾ ਜਾਵੇ ਅਤੇ ਉਸ ਵੱਲੋਂ ਕੌਮੀ ਹਿੱਤ ਅਤੇ ਇਜ਼ਤ ਮਾਣ ਦੀ ਰਾਖੀ ਲਈ ਦਿੱਤੇ ਗਏ ਪਹਿਰੇ ਨੂੰ ਅੱਤਵਾਦ ਦਾ ਨਾਂਅ ਦਿੱਤਾ ਜਾਵੇ ਅਤੇ ਕਨੂੰਨ 'ਤੇ ਮਨੁੱਖੀ ਹੱਕਾਂ ਦੀਆਂ ਧੱਜੀਆਂ ਉਡਾ ਕੇ, ਨਿਰਦੋਸ਼ਾਂ 'ਤੇ ਜ਼ੁਲਮ ਕਰਨ ਵਾਲੇ, ਇਜ਼ਤਾਂ ਲਾਹੁਣ ਵਾਲੇ ਅਤੇ ਗੋਲੀਆਂ ਨਾਲ ਭੁੰਨਣ ਵਾਲੇ ਸਰਕਾਰੀ ਦਰਿੰਦਿਆਂ ਨੂੰ ਕਨੂੰਨ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਦੇ ਰਾਖੇ ਸਮਝਿਆ ਜਾਵੇ ਤਾਂ ਫਿਰ ਇਸ ਤੋਂ ਵੱਡਾ ਅੱਤਵਾਦ ਕਿਹੜਾ ਹੈ ਅਤੇ ਇਸ ਤੋਂ ਵੱਡੇ ਅੱਤਵਾਦ ਨੂੰ ਉਤਸ਼ਾਹਿਤ ਕਰਨ ਵਾਲੇ ਕੌਣ ਲੋਕ ਹਨ ?

ਸੰਤ ਜਰਨੈਲ ਸਿੰਘ ਨੇ ਬੰਦਾ ਸਿੰਘ ਬਹਾਦਰ ਦੇ ਚਿਨ੍ਹਾਂ ਤੇ ਚਲਦਿਆਂ ਕੌਮ ਨੂੰ ਇਹ ਕਹਿ ਕੇ ਟੁੰਬਿਆ ਸੀ, *"ਕਿ ਮੇਰੇ ਕੋਲ ਕੁੱਟ ਖਾ ਕੇ ਨਹੀਂ ਕੁੱਟ ਕੇ ਆਉ। ਪੱਗ ਲੁਹਾ ਕੇ ਨਹੀਂ ਟੋਪੀ ਲਾਹ ਕੇ ਆਉ।"*

ਕੌਮ ਦੀ ਆਨ ਸ਼ਾਨ, ਲੋਕਾਂ ਦੇ ਇਜ਼ਤ ਮਾਣ ਅਤੇ ਜ਼ਾਲਮਾਂ ਨਾਲ ਟੱਕਰ ਲੈਣ ਵਾਲੇ ਹਰ ਯੋਧੇ, ਜਰਨੈਲ ਤੇ ਆਗੂ ਨੂੰ ਸਮੇਂ ਦੀਆਂ ਸਰਕਾਰਾਂ

ਤੇ ਉਹਨਾਂ ਦੇ ਝੋਲੀ ਚੁੱਕ ਅੱਤਵਾਦੀ ਦੇ ਵਿਸ਼ੇਸ਼ਣ ਹੀ ਦਿੰਦੇ ਰਹੇ ਅਤੇ ਦਿੰਦੇ ਰਹਿਣਗੇ, ਪਰ ਆਜ਼ਾਦੀ ਤੋਂ ਬਾਅਦ ਉਹੋ ਹੀ ਸਿਰਲੱਥ ਯੋਧੇ, ਲਾਸਾਨੀ ਸ਼ਹੀਦ ਅਤੇ ਕੁਰਬਾਨੀ ਦੇ ਪੁੰਜ ਅਖਵਾਉਂਦੇ ਹਨ।

ਸੰਤ ਜਰਨੈਲ ਸਿੰਘ 'ਤੇ ਨਿਰੰਕਾਰੀਆਂ, ਹਿੰਦੂ ਲੀਡਰਾਂ, ਪੁਲਿਸ ਅਫ਼ਸਰਾਂ, ਸਰਕਾਰੀ ਅਧਿਕਾਰੀਆਂ ਅਤੇ ਸਿਆਸੀ ਆਗੂਆਂ ਦੀ ਹਿੱਟ ਲਿਸਟ ਬਣਾਉਣ ਦਾ ਦੋਸ਼ ਵੀ ਲੱਗਦਾ ਹੈ। ਇਸ ਦੋਸ਼ ਦੇ ਜੁਆਬ ਵਿੱਚ ਉਹ ਚੈਲੰਿਜ ਕਰਦੇ ਹਨ ਕਿ *"ਜੇ ਕੋਈ ਸਿੱਧ ਕਰ ਦੇਵੇ ਕਿ ਇਹ ਹਿੱਟ ਲਿਸਟ ਬਣਾਉਣ ਲਈ ਮੈਂ ਕਾਗ਼ਜ਼ ਸਿਆਹੀ ਅਤੇ ਕਲਮ ਕਿੱਥੋਂ ਲਿਆਂਦੀ ਹੈ ਅਤੇ ਹਿੱਟ ਲਿਸਟ ਬਣਾ ਕੇ ਕਿੱਥੇ ਰੱਖੀ ਹੈ ਤਾਂ ਮੈਂ ਆਪਣਾ ਸਿਰ ਵਢਵਾ ਲਊਂਗਾ, ਪਰ ਜੇ ਅਜਿਹਾ ਦੋਸ਼ ਲਾਉਣ ਵਾਲੀ ਬੀਬੀ ਇੰਦਰਾ ਗਾਂਧੀ ਸਾਬਤ ਨਹੀਂ ਕਰ ਸਕਦੀ ਤਾਂ ਫਿਰ ਉਹ ਆਪਣੇ ਆਹੁਦੇ ਤੋਂ ਅਸਤੀਫ਼ਾ ਦੇ ਦੇਵੇ।"* ਸੰਤ ਜਰਨੈਲ ਸਿੰਘ ਦੇ ਇਸ ਚੈਲੰਿਜ ਦਾ ਕਿਸੇ ਨੇ ਵੀ ਜੁਆਬ ਨਾ ਦਿੱਤਾ। ਜੂਝਾਰੂ ਜਥੇਬੰਦੀ ਬੱਬਰ ਖ਼ਾਲਸਾ ਲੇ ੪੫ ਕਤਲਾਂ ਦੀ ਜ਼ਿੰਮੇਵਾਰੀ ਲੈ ਕੇ ਸੰਤ ਜਰਨੈਲ ਸਿੰਘ 'ਤੇ ਲੱਗ ਰਹੇ ਇਸ ਦੋਸ਼ ਨੂੰ ਪੂਰੀ ਤਰ੍ਹਾਂ ਹੀ ਸਾਫ ਕਰ ਦਿੱਤਾ।

ਸੰਤ ਜਰਨੈਲ ਸਿੰਘ 'ਤੇ ਅਗਲਾ ਦੋਸ਼ ਪਾਕਿਸਤਾਨ ਨਾਲ ਸੰਬੰਧਾਂ ਦਾ ਲੱਗਦਾ ਹੈ, ਆਪਣੇ ਹੱਕਾਂ, ਮੰਗਾਂ ਅਤੇ ਸੁਰੱਖਿਆ ਲਈ ਜਿੱਥੋਂ ਵੀ ਮਦਦ ਮਿਲੇ ਲੈਣ ਦਾ ਹਰ ਵਿਅਕਤੀ ਨੂੰ ਅੰਤਰ-ਰਾਸ਼ਟਰੀ ਕਨੂੰਨੀ ਅਧਿਕਾਰ ਹੈ। ਲੋਕ ਦੂਜੇ ਮੁਲਕਾਂ ਵਿੱਚ ਪਨਾਹ ਲੈਂਦੇ, ਆਰਥਿਕ ਮਦਦ ਹਾਸਲ ਕਰਦੇ, ਪਾਰਲੀਮੈਂਟ ਦੇ ਜ਼ਰੀਏ ਦਬਾਅ ਪਾਉਂਦੇ ਆਏ ਅਤੇ ਪਾਉਂਦੇ ਰਹਿਣਗੇ, ਪਰ ਸੰਤ ਜਰਨੈਲ ਸਿੰਘ ਨੂੰ ਤਾਂ ਕਿਸੇ ਮੁਲਕ ਤੋਂ ਅਜਿਹੀ ਇਖਲਾਕੀ ਮਦਦ ਵੀ ਹਾਸਲ ਨਹੀਂ ਸੀ। ਸਰਕਾਰ ਸਿਰਫ਼ ਸਿੱਖ ਕੌਮ ਨੂੰ ਕੁਚਲਣ ਦੀ ਨੀਅਤ ਨਾਲ ਹੀ ਸੰਤ ਜਰਨੈਲ ਸਿੰਘ ਤੇ ਇਹ ਦੋਸ਼ ਲਗਾਉਂਦੀ ਸੀ ਅਤੇ ਅਖੀਰ ਚਿਰਾਂ ਤੋਂ ਰਚੀ ਜਾ ਰਹੀ ਸਿੱਖਾਂ ਨੂੰ ਕੁਚਲਣ ਦੀ ਸਾਜਿਸ਼ ਤਹਿਤ ਜੂਨ ੧੯੮੪ ਨੂੰ ਦਰਬਾਰ ਸਾਹਿਬ 'ਤੇ ਹੱਲਾ ਬੋਲ ਕੇ ਕੌਮ ਦਾ ਜਾਨੀ, ਮਾਲੀ, ਇਤਿਹਾਸਕ ਤੇ ਸਾਹਿਤਕ ਨੁਕਸਾਨ ਕਰ ਦਿੱਤਾ, ਪਰ ਸੰਤ ਜਰਨੈਲ ਸਿੰਘ ਦੇ ਵਿਦੇਸ਼ਾਂ ਨਾਲ ਸੰਬੰਧਾਂ ਦਾ ਫਿਰ ਵੀ ਕੋਈ ਠੋਸ ਸਬੂਤ ਪੇਸ਼ ਨਾ ਕਰ ਸਕੀ।

ਸੰਤ ਜਰਨੈਲ ਸਿੰਘ ਲੰਬੇ ਅਰਸੇ ਬਾਅਦ ਸਿੱਖ ਕੌਮ ਵਿੱਚ ਪੈਦਾ ਹੋਇਆ ਅਣਖ਼ੀਲਾ ਜਰਨੈਲ ਸੀ ਜਿਸਨੇ ਖੋਖਲੀ ਹੋ ਚੁੱਕੀ ਅਕਾਲੀ ਸਿਆਸਤ ਦੇ ਰਸਤੇ ਨੂੰ ਤਿਆਗ ਕੇ ਬੰਦਾ ਸਿੰਘ ਬਹਾਦਰ ਜਿਹੇ ਸਿਰਲੱਥ ਜਰਨੈਲਾਂ ਦਾ ਨਿਵੇਕਲਾ ਤੇ ਖ਼ਾਲਸਈ ਰਾਹ ਅਪਣਾਇਆ। ਅਕਾਲੀ ਆਗੂਆਂ ਦੀਆਂ ਫ਼ੋਕੀਆਂ ਗੱਲਾਂ, *"ਪੁਰਜ਼ੋਰ ਨਿਖੇਧੀ ਕਰਦੇ ਹਾਂ, ਸਿੱਟੇ ਗੰਭੀਰ ਨਿਕਲਣਗੇ,*

ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ, ਸਰਕਾਰ ਨੂੰ ਸਮਝ ਲੈਣਾ ਚਾਹੀਦਾ ਹੈ।'' ਤੇ ਵਿਅੰਗ ਕਰਦਿਆਂ ਤੁਰੰਤ ਢੁਕਵਾਂ ਜਵਾਬ ਦੇਣ, ਬਦਲਾ ਲੈਣ ਅਤੇ ਭਾਜੀ ਮੋੜਨ ਦਾ ਰਾਹ ਚੁਣਿਆਂ। ਸੰਤ ਜਰਨੈਲ ਸਿੰਘ ਵੱਲੋਂ ਅਪਣਾਇਆ ਗਿਆ ਇਹ ਰਾਹ ਕਈ ਦਹਾਕਿਆਂ ਤੋਂ ਅਕਾਲੀ ਸਭਿਆਚਾਰ ਵਿੱਚ ਵਿਚਰ ਰਹੇ ਸਧਾਰਨ ਲੋਕਾਂ ਅਤੇ ਪੰਥ ਵਿਰੋਧੀਆਂ ਲਈ ਬਿਲਕੁਲ ਹੀ ਨਵਾਂ ਸੀ ਅਤੇ ਉਹਨਾਂ ਦੀ ਸਮਝ ਵਿੱਚ ਸੰਤ ਜਰਨੈਲ ਸਿੰਘ ਦੀ ਵਿਚਾਰਧਾਰਾ ਆਉਣੀ ਕਠਿਨ ਸੀ। ਇਸ ਜੁਝਾਰੂ ਵਿਚਾਰਧਾਰਾ ਨੂੰ ਜਾਂ ਤਾਂ ਕੋਈ ਸਮੇਂ ਦਾ ਹਾਣੀ ਸਮਝ ਸਕਦਾ ਸੀ ਅਤੇ ਜਾਂ ਫਿਰ ਮਰਨਾ ਮੰਡ ਕੇ ਪਿੜ ਵਿੱਚ ਨਿੱਤਰੇ ਸੂਰਮੇ।

ਸੰਤ ਜਰਨੈਲ ਸਿੰਘ ਨੇ ੨੬-੦੭-੧੯੮੧ ਨੂੰ ਲੁਧਿਆਣੇ ਜ਼ਿਲ੍ਹੇ ਦੇ ਪਿੰਡ ਨਾਰੰਗਵਾਲ ਵਿਖੇ ਸੁਹਿਰਦ ਸਿੱਖਾਂ ਦੇ ਇਕੱਠ ਵਿੱਚ ਆਪਣੇ ਜਾਨਸ਼ੀਨ ਦੀ ਨਿਯੁਕਤੀ ਦਾ ਅਧਿਕਾਰ ਮੁਖੀ ਸੰਗਤਾਂ ਨੂੰ ਦੇ ਦਿੱਤਾ ਸੀ ਅਤੇ ਆਪ ਜੂਝ ਮਰਨ ਦੇ ਚਾਉ ਨਾਲ ਦਮਦਮੀ ਟਕਸਾਲ ਦੀਆਂ ਪ੍ਰੰਪਰਾਵਾਂ ਅਨੁਸਾਰ ਕੌਮ ਦਾ ਭਵਿੱਖ ਸਵਾਰਨ, ਪੰਥ ਦੋਖੀਆਂ ਅਤੇ ਜ਼ਾਲਮਾਂ ਨਾਲ ਟੱਕਰ ਲੈਣ ਤੇ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜ ਕੇ ਹਲੀਮੀ ਰਾਜ ਕਾਇਮ ਕਰਨ ਲਈ ਮੈਦਾਨ ਵਿੱਚ ਨਿਕਲ ਤੁਰੇ ਸਨ। ਉਹਨਾਂ ਨੇ ਕੌਮ ਦੀ ਤਕਦੀਰ ਸਵਾਰਨ ਲਈ ਕੁਝ ਨਿਸ਼ਾਨੇ ਮਿਥੇ ਸਨ ਅਤੇ ਉਹਨਾਂ ਨਿਸ਼ਾਨਿਆਂ ਨੂੰ ਪ੍ਰਾਪਤ ਕਰਨ ਲਈ ਕੌਮ ਨੂੰ ਹਲੂਣਿਆਂ ਸੀ। ਕੌਮ ਨੇ ਸੰਤ ਜਰਨੈਲ ਸਿੰਘ ਦੀ ਵਿਚਾਰਧਾਰਾ ਮੁਤਾਬਕ ਚਲਦਿਆਂ ਵੱਡੀਆਂ ਮੱਲਾਂ ਮਾਰੀਆਂ ਤੇ ਅਕਾਲੀ ਦਲ ਦੇ ਫੋਕੇ ਦਾਅਵਿਆਂ ਨੂੰ ਹੋਰ ਵੀ ਖੋਖਲਾ ਕਰ ਦਿੱਤਾ।

ਸੰਤ ਜਰਨੈਲ ਸਿੰਘ ਵੱਲੋਂ ਮਿਥੇ ਨਿਸ਼ਾਨੇ ਬੇਸ਼ਕ ਅਜੇ ਪੂਰਨ ਰੂਪ ਵਿੱਚ ਪੂਰੇ ਨਹੀਂ ਸਨ ਹੋਏ ਤੇ ਭਾਣਾ ਵਰਤ ਗਿਆ, ਪਰ ਉਹਨਾਂ ਵੱਲੋਂ ਜਗਾਈ ਆਜ਼ਾਦੀ ਦੀ ਸ਼ਮ੍ਹਾਂ 'ਤੇ ਪ੍ਰਵਾਨਿਆਂ ਨੇ ਵਹੀਰਾਂ ਘੱਤ ਦਿੱਤੀਆਂ ਅਤੇ ਆਪਣੇ ਕਾਰਨਾਮਿਆਂ ਤੇ ਕੁਰਬਾਨੀ ਨਾਲ ਨਵਾਂ ਇਤਿਹਾਸ ਸਿਰਜ ਦਿੱਤਾ।

ਕੌਮੀ ਦਰਦ ਸੰਤ ਜਰਨੈਲ ਸਿੰਘ ਦੇ ਲੂੰ ਲੂੰ ਵਿੱਚ ਸਮਾਇਆ ਹੋਇਆ ਸੀ ਅਮੇ ਉਹ ਗ਼ੁਲਾਮੀ ਦੀਆਂ ਜ਼ੰਜੀਰਾਂ ਕੱਟ ਕੇ ਇਸ ਪੀੜਾ ਦਾ ਸਦੀਵੀ ਇਲਾਜ ਕਰਨਾ ਚਾਹੁੰਦੇ ਸਨ। ਉਹਨਾਂ ਸਾਹਮਣੇ ਇਸ ਇਲਾਜ ਦਾ ਇੱਕੋ ਇੱਕ ਸਾਧਨ ਪੰਥਕ ਏਕਤਾ ਸੀ ਅਤੇ ਉਹਨਾਂ ਨੇ ਕੌਮ ਨੂੰ ਕੇਸਰੀ ਨਿਸ਼ਾਨ ਸਾਹਿਬ ਥੱਲੇ ਇਕੱਠਾ ਕਰਨ ਲਈ ਪੂਰਾ ਤਾਣ ਲਗਾ ਦਿੱਤਾ। ਅਕਾਲੀ ਆਗੂਆਂ ਦੇ ਉਕਸਾਉਣ 'ਤੇ ਵੀ ਸਬਰ ਰੱਖਿਆ ਅਤੇ ਧਰਮ ਯੁੱਧ ਮੋਰਚੇ ਦੀ ਸਫਲਤਾ ਲਈ ਕੌਮ ਨੂੰ ਏਕਤਾ ਰੱਖਣ ਦੀਆਂ ਅਪੀਲਾਂ ਕੀਤੀਆਂ। ਆਪਣੇ ਨਾਲ ਹੋਈਆਂ ਵਧੀਕੀਆਂ ਨੂੰ ਵਿਸ਼ਾਲ ਹਿਰਦੇ ਨਾਲ ਜਰਿਆ ਅਤੇ

ਗੰਭੀਰ ਸਥਿਤੀ ਪੈਦਾ ਹੋ ਜਾਣ 'ਤੇ ਵੀ ਇਹ ਹੀ ਕਿਹਾ :

"ਦਰਬਾਰ ਸਾਹਿਬ ਕੰਪਲੈਕਸ ਵਿੱਚ ਮੈਂ ਆਪਣਿਆਂ ਤੋਂ ਆਪਣਾ ਸਿਰ ਤਾਂ ਲੁਹਾ ਲਵਾਂਗਾ ਪਰ ਕਿਸੇ ਦਾ ਲਾਹਵਾਂਗਾ ਨਹੀਂ। ਇਸ ਜਗ੍ਹਾ 'ਤੇ ਆਪਣਿਆਂ ਲਈ ਮੇਰੇ ਹੱਥ ਵੱਢੇ ਹੋਏ ਨੇ।"

ਸੰਤ ਜਰਨੈਲ ਸਿੰਘ ਨੇ ਪਹਿਲਾਂ ਤੋਂ ਚੱਲੇ ਆ ਰਹੇ ਪੰਥ ਵਿਚਲੇ ਵਿਵਾਦ-ਗ੍ਰਸਤ ਮਾਮਲਿਆਂ ਉੱਤੇ ਵੀ ਕੋਈ ਵਿਵਾਦ ਪੈਦਾ ਨਾ ਹੋਣ ਦਿੱਤਾ ਅਤੇ ਇਹਨਾਂ ਮਾਮਲਿਆਂ 'ਤੇ ਵਿਹਲੇ ਸਮੇਂ ਤੇ ਸੁਖਾਵੇਂ ਮਾਹੌਲ ਵਿੱਚ ਵਿਚਾਰ ਕਰਨ ਦੀ ਹੀ ਬੇਨਤੀ ਕੀਤੀ ਅਤੇ ਧਰਮ ਯੁੱਧ ਮੋਰਚੇ ਦੀ ਸਫਲਤਾ ਲਈ ਜੁਟ ਜਾਣ ਦੀਆਂ ਕੌਮ ਨੂੰ ਅਪੀਲਾਂ ਕੀਤੀਆਂ।

ਸੰਤ ਜਰਨੈਲ ਸਿੰਘ ਨੇ ਨਾ ਸਿਰਫ਼ ਕੌਮ ਦੀ ਜੁਆਨੀ ਵਿੱਚ ਮਰ ਮਿਟਣ ਦਾ ਚਾਉ ਹੀ ਪੈਦਾ ਕੀਤਾ, ਸਗੋਂ ਉਹਨਾਂ ਨੂੰ ਪਨਾਹ ਦੇਣ, ਸੰਭਾਲਣ ਅਤੇ ੧੦ ਲੱਖ ਰੁਪੈ ਤੱਕ ਦੇ ਹੋਏ ਨੁਕਸਾਨ ਨੂੰ ਪੂਰਾ ਕਰਨ ਦਾ ਐਲਾਨ ਵੀ ਕੀਤਾ।

ਸੰਤ ਜਰਨੈਲ ਸਿੰਘ ਬੇ-ਖੌਫ਼ ਸ਼ਖ਼ਸੀਅਤ ਸਨ ਅਤੇ ਸਰਕਾਰ ਵੱਲੋਂ ਸਿਰਾਂ ਦਾ ਮੁੱਲ ਰੱਖੇ ਜਾਣ ਵਾਲੇ ਯੋਧਿਆਂ ਨੂੰ ਕੇਂਦਰ ਸਰਕਾਰ ਦੇ ਧੁਰ ਅੰਦਰ ਦਿੱਲੀ ਤੱਕ ਨਾਲ ਲਿਜਾਣ ਵਿੱਚ ਵੀ ਬੇ-ਝਿਜਕ ਸਨ। ਉਹ ਅਕਾਲੀ ਆਗੂਆਂ ਵਾਂਗ ਸਿਰਲੱਥ ਜੁਝਾਰੂ ਯੋਧਿਆਂ ਨਾਲੋਂ ਨਾਤਾ ਨਹੀਂ ਸਨ ਤੋੜਦੇ, ਸਗੋਂ ਉਹਨਾਂ ਨੂੰ ਗਲੇ ਲਗਾ ਕੇ, ਉਹਨਾਂ ਦਾ ਸਨਮਾਨ ਕਰਦੇ ਅਤੇ ਸੋਨੇ ਨਾਲ ਤੋਲਣ ਦਾ ਐਲਾਨ ਕਰਦੇ ਸਨ।

ਸੰਤ ਜਰਨੈਲ ਸਿੰਘ ਦੀ ਦਲੇਰੀ 'ਤੇ ਦ੍ਰਿੜਤਾ ਦਾ ਲੋਹਾ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੇ ਹਿੰਦੂ ਫ਼ੌਜ ਦੇ ਜਰਨੈਲਾਂ ਨੇ ਵੀ ਇਸ ਤਰ੍ਹਾਂ ਕਹਿ ਕੇ ਮੰਨਿਆ ਹੈ :

"ਉਹਨਾਂ ਕਿਆ ਜ਼ੋਰਦਾਰ ਮੁਕਾਬਲਾ ਕੀਤਾ। ਜੇ ਮੇਰੇ ਕੋਲ ਅਜਿਹੇ ਜੁਆਨਾਂ ਦੀਆਂ ਤਿੰਨ ਡਵੀਜ਼ਨਾਂ ਹੋਣ ਤਾਂ ਮੈਂ ਕਿਸੇ ਦਿਨ ਵੀ 'ਜ਼ਿਆ' ਦੇ ਛੱਕੇ ਛੁਡਾ ਦੇਵਾਂ।"

"ਮੈਂ ਬਹੁਤ ਲੜਾਈਆਂ ਵੇਖੀਆਂ ਹਨ, ਪਰ ਮੈਂ ਅਜਿਹਾ ਕੁਝ ਕਦੇ ਨਹੀਂ ਵੇਖਿਆ। ਉਹ ਬਹੁਤ ਵਚਨਬੱਧ ਸਨ।"

"ਉਹ ਸਾਨੂੰ ਅੰਦਰ ਵੜਨ ਹੀ ਨਹੀਂ ਸਨ ਦਿੰਦੇ।"

ਸੰਤ ਜਰਨੈਲ ਸਿੰਘ ਆਖ਼ਰੀ ਗੋਲੀ ਤੇ ਆਖ਼ਰੀ ਸਾਹ ਤੱਕ ਲੜੇ ਅਤੇ ਕੌਮ ਨਾਲ ਕੀਤੇ ਕੌਲਾਂ ਨੂੰ ਪੂਰਾ ਕਰਦਿਆਂ ਹਿੰਦ ਫ਼ੌਜ ਦੇ ਛੱਕੇ ਛੁਡਾ ਦਿੱਤੇ। ਉਹਨਾਂ ਵੱਲੋਂ ਪੈਦਾ ਕੀਤੇ ਕੌਮੀ ਜਜ਼ਬੇ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਹਿੰਦ ਦੇ ਚੀਫ਼ ਆਫ਼ ਆਰਮੀ ਸਟਾਫ ਜਨਰਲ ਵੈਦਿਆ ਨੂੰ ਖ਼ਤਮ ਕਰ ਦਿੱਤਾ। ਉਹਨਾਂ ਦੀ ਬਹਾਦਰੀ, ਦ੍ਰਿੜਤਾ ਅਤੇ ਵਚਨਬਧਤਾ

ਇਤਿਹਾਸ ਵਿੱਚ ਹਮੇਸ਼ਾਂ ਚਮਕਦੀ ਰਹੇਗੀ।

ਇਸ ਕੌਮੀ ਜਰਨੈਲ ਵੱਲੋਂ ਮਿਥੇ ਨਿਸ਼ਾਨਿਆਂ ਅਤੇ ਕੌਮ ਨਾਲ ਕੀਤੇ ਕੌਲਾਂ ਨੂੰ ਪੂਰਾ ਕਰਨਾ ਸਮੁੱਚੀ ਕੌਮ ਦਾ ਫ਼ਰਜ਼ ਹੈ। ਅੱਜ ਫਿਰ ਧਾਰਮਿਕ ਖੇਤਰ ਵਿੱਚ ਦੇਹਧਾਰੀ ਦੰਭ, ਮਸੰਦ ਪ੍ਰਥਾ, ਪੁਜਾਰੀਵਾਦ ਅਤੇ ਮਹੰਤਸ਼ਾਹੀ ਸਿਰ ਚੁੱਕ ਰਹੀ ਹੈ ਅਤੇ ਆਪਣੇ ਪ੍ਰਪੰਚ, ਪਾਖੰਡ ਅਤੇ ਵਹਿਮਾਂ ਭਰਮਾਂ ਨਾਲ ਲੋਕਾਂ ਨੂੰ ਕੁਰਾਹੇ ਪਾ ਕੇ ਲੁੱਟ ਤੇ ਸਿੱਖੀ ਨਾਲੋਂ ਤੋੜ ਰਹੀ ਹੈ। ਪਤਿਤਪੁਣੇ, ਬੇ-ਮੁਖਤਾ ਅਤੇ ਨਸ਼ਿਆਂ ਦੀਆਂ ਕੁਰੀਤੀਆਂ ਜ਼ੋਰ ਫੜ ਰਹੀਆਂ ਸਨ। ਸਿਆਸੀ ਖੇਤਰ ਵਿੱਚੋਂ ਸਿਆਸਤ ਦੀਆਂ ਉੱਚੀਆਂ ਸੁੱਚੀਆਂ ਕਦਰਾਂ ਕੀਮਤਾਂ ਅਲੋਪ ਹੋ ਚੁੱਕੀਆਂ ਹਨ ਅਤੇ ਕੌਮ ਲੋਟੂ ਸਿਆਸਤਦਾਨਾਂ ਦੀ ਮਾਰ ਹੇਠ ਆ ਕੇ ਕੁਰਲ੍ਹਾ ਰਹੀ ਹੈ। ਸਮਾਜਿਕ ਖੇਤਰ ਵਿੱਚ ਪ੍ਰਚਾਰ ਮਾਧਿਅਮ ਦੇ ਨਵੀਨ ਸਾਧਨਾਂ ਰਾਹੀਂ ਪੱਛਮੀ ਸਭਿਆਚਾਰ ਦਾ ਹਮਲਾ ਹੋ ਚੁੱਕਾ ਹੈ ਅਤੇ ਨਵੀਂ ਪੀੜੀ ਆਪਣੇ ਨਰੋਏ ਸਿੱਖ ਸਭਿਆਚਾਰ ਤੋਂ ਅਣਜਾਣ, ਪਛਮੀ ਸਭਿਆਚਾਰ ਦਾ ਸ਼ਿਕਾਰ ਹੋ ਚੁੱਕੀ ਹੈ। ਆਰਥਿਕ ਖੇਤਰ ਵਿੱਚ ਵੀ ਅੰਨੀ ਲੁੱਟ ਮੱਚ ਚੁੱਕੀ ਹੈ ਅਤੇ ਆਮ ਲੋਕਾਂ ਦਾ ਕਚੂੰਬਰ ਨਿਕਲ ਰਿਹਾ ਹੈ। ਕੌਮ ਦੇ ਗਲ ਪਿਆ ਗ਼ੁਲਾਮੀ ਦਾ ਜੂਲਾ ਪੈਰੋ ਪੈਰ ਹੋਰ ਵੀ ਕੱਸਿਆ ਜਾਣ ਕਾਰਨ ਸਾਹ ਘੁੱਟਿਆ ਜਾ ਰਿਹਾ ਹੈ।

ਇਸ ਸਾਰੀ ਸਥਿਤੀ ਨੂੰ ਧਿਆਨ ਵਿੱਚ ਰੱਖਣਾ ਅਤੇ ਸਿੱਖ ਕੌਮ ਦੀ ਵਿਲੱਖਣ ਤੇ ਨਿਰਾਲੀ ਹੋਂਦ ਹਸਤੀ ਨੂੰ ਬਚਾਉਣਾ ਤੇ ਗ਼ੁਲਾਮੀ ਦੀਆਂ ਜ਼ੰਜੀਰਾਂ ਕੱਟਣੀਆਂ ਸਮੇਂ ਦੀ ਮੁੱਖ ਲੋੜ ਹੈ। ਇਸ ਲੋੜ ਨੂੰ ਪੂਰਾ ਕਰਨ ਲਈ ਹੀ ਸੰਤ ਜਰਨੈਲ ਸਿੰਘ ਦੇ ਵਿਆਖਿਆਨਾਂ, ਮੁਲਾਕਾਤਾਂ ਅਤੇ ਸੁਆਲਾਂ ਜੁਆਬਾਂ ਨੂੰ ਇਕੱਠਿਆਂ ਕਰਕੇ 'ਸਿੰਘ ਗਰਜ' ਪੁਸਤਕ ਕੌਮ ਦੇ ਸਨਮੁੱਖ ਰੱਖਣ ਦਾ ਯਤਨ ਕੀਤਾ ਗਿਆ ਹੈ। ਉਮੀਦ ਹੈ ਕੌਮ ਇਸ ਤੋਂ ਨਿਰੋਈ ਸੋਧ ਲੈ ਕੇ ਸੰਤ ਜਰਨੈਲ ਸਿੰਘ ਦੇ ਮਿਥੇ ਨਿਸ਼ਾਨਿਆਂ ਨੂੰ ਪੂਰਾ ਕਰਨ ਲਈ ਹੰਭਲਾ ਮਾਰੇਗੀ।

ਮਿਤੀ ੦੧-੦੬-੨੦੦੩ **ਨਰਾਇਣ ਸਿੰਘ**

ਉਹਨਾਂ ਕਿਹਾ.....

ਵਿਆਖਿਆਨ ੧

* ਰਹਿਣਾ (ਜੀਣਾ) ਓਨਾ ਚਿਰ ਹੀ ਹੈ ਜਿੰਨਾ ਚਿਰ ਪਰਾਲਬਧ ਹੈ। ਸਰਕਾਰ ਆਪਣਾ ਜ਼ੋਰ ਲਾਵੇਗੀ, ਸਤਿਗੁਰੂ ਸਾਡੇ ਤੋਂ ਜੋ ਲਵਾਏਗਾ ਲਾਵਾਂਗੇ।

ਵਿਆਖਿਆਨ ੨

* ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਕੀਤਾ ਯਤਨ ਤਾਂ ਹੀ ਸਫਲ ਹੋ ਸਕੇਗਾ ਜੇ ਆਪਾਂ ਸਿੱਖੀ ਸਰੂਪ ਵਿਚ ਪ੍ਰਪੱਕ ਹੋਵਾਂਗੇ ਅਤੇ ਗੁਰਮਤਿ ਦੇ ਪਾਂਧੀ ਬਣਾਂਗੇ।
* ਜੋ ਇਨਸਾਨ ਪ੍ਰਚਾਰ ਕਰਦਾ ਹੈ, ਜੇ ਉਹ ਖ਼ੁਦ ਆਪ ਉਹਨਾਂ ਗੁਣਾਂ ਦਾ ਧਾਰਨੀ ਨਾ ਹੋਵੇ ਤਾਂ ਦੂਜੇ ਕਿਸੇ 'ਤੇ ਅਸਰ ਨਹੀਂ ਹੋ ਸਕਦਾ।
* ਦੁਨੀਆਂ ਦੇ ਲੋਕਾਂ ਦੀ ਜੁਰਅਤ ਨਹੀਂ ਕਿ ਸਿੱਖੀ ਨੂੰ ਖ਼ਤਮ ਕਰ ਸਕਣ, ਆਪਾਂ ਆਪਣੇ ਆਪ ਹੀ ਸਿੱਖੀ ਨੂੰ ਖ਼ਤਮ ਕਰ ਰਹੇ ਹਾਂ। ਸਿੱਖਾਂ ਦੇ ਪੁੱਤ ਹੋ ਕੇ ਦਾਹੜੀਆਂ ਕਟਾਈਏ ਤੇ ਉਲ੍ਹਾਮਾ ਕਿਹਨੂੰ ਦਿੰਦੇ ਹਾਂ।
* ਜੇ ਕੇਸ ਦਾਹੜਾ ਰੱਖਣ ਨੂੰ ਤਿਆਰ ਨਹੀਂ ਤਾਂ ਖ਼ਾਲਸਾ ਰਾਜ ਲਉਗੇ ਕਿਵੇਂ ?
* ੬੬ ਕਰੋੜ ਦੀ ਆਬਾਦੀ ਵਿਚੋਂ ੮੦ ਸਾਲ ਦੀ ਉਮਰ ਦਾ ਲਾਲਾ ਮਾਰਿਆ ਜਾਵੇ ਤਾਂ ਉਹਦੀ ਇਨਕੁਆਰੀ ੩ ਦਿਨ ਵਿਚ ਹੋ ਜਾਂਦੀ ਆ, ਪਰ ਜੇ ਮਹਿਤੇ ਚੌਕ 'ਚ ਸਿੱਖਾਂ ਦੇ ਡੇਢ ਦਰਜਨ ਮਾਰ ਦਿੱਤੇ ਜਾਣ ਤਾਂ ਉਹਦੀ ਇਨਕੁਆਰੀ ਸਾਲ ਵਿੱਚ ਵੀ ਪੂਰੀ ਨਹੀਂ ਹੁੰਦੀ।
* ੬੬ ਕਰੋੜ ਦੀ ਗਿਣਤੀ ਦੇ ਲੋਕਾਂ ਵਿੱਚੋਂ ਮਰੇ, ਲਾਲਾ ਜਗਤ ਨਰਾਇਣ ਦੇ ਸਰੀਰ ਦਾ ਪੋਸਟ ਮਾਰਟਮ ਕਰ ਕੇ ਲਾਸ਼ ਉਸ ਦੇ ਪੁੱਤਰ ਨੂੰ ਦਿੱਤੀ ਜਾਂਦੀ ਆ, ਪਰ ਪੱਗਾਂ ਵਾਲਿਆਂ ਦੀ ਇੱਕ ਵੀ ਲਾਸ਼ ਵਾਰਸਾਂ ਨੂੰ ਨਹੀਂ ਦਿੱਤੀ ਜਾਂਦੀ।
* ਪੰਡਿਤਾਂ ਦੀ ਕੁੜੀ ਵਾਸਤੇ ਜਹਾਜ਼ ਅਗਵਾ ਹੋਵੇ ਤਾਂ ਦੇਸ਼ ਭਗਤੀ ਤੇ ਜੇ ਸਿੱਖਾਂ ਦੇ ਇਸ਼ਟ ਵਾਸਤੇ ਜਹਾਜ਼ ਅਗਵਾ ਹੋਵੇ, ਤਾਂ ਦੇਸ਼ ਨਾਲ ਗਦਾਰੀ।
* ਹਿੰਦੂਆਂ ਦਾ ਮੁੰਡਾ ਹਰਿਮੰਦਰ ਸਾਹਿਬ 'ਚ ਤੰਬਾਕੂ ਸੁੱਟਦਾ ਫੜਿਆ ਜਾਵੇ ਤਾਂ ਕੋਈ ਕੇਸ ਨਹੀਂ ਤੇ ਜੇ ਸਿੱਖਾਂ 'ਤੇ (ਕਿਸੇ ਗੱਲ ਦਾ) ਸ਼ੱਕ ਹੀ ਪੈ ਜਾਵੇ

ਤਾਂ ਸਿਰਾਂ ਦੇ ਮੁੱਲ ਰੱਖੇ ਜਾਂਦੇ ਹਨ।

* ਕੀ ਹਿੰਦੀ ਬੋਲਣ ਵਾਸਤੇ, ਹਿੰਦੀ ਬੋਲੀ ਦਾ ਇਲਾਕਾ ਲੈਣ ਵਾਸਤੇ, ਹਿੰਦੂ ਮੰਦਰ ਦੇ ਨਾਂਅ ਉੱਪਰ ਗੱਡੀ ਦਾ ਨਾਂਅ ਰਖਾਉਣ ਵਾਸਤੇ, ਕੋਈ ਹਿੰਦੂ ਜੇਲ੍ਹ ਗਿਆ ? ਜੇ ਉਹਨਾਂ ਨੂੰ ਘਰੇ ਬੈਠਿਆਂ ਹੀ ਸਭ ਕੁਝ ਮਿਲ ਗਿਆ ਤੇ ਸਾਨੂੰ ਵੱਡੀ ਗਿਣਤੀ ਵਿੱਚ ਜੇਲ੍ਹ ਜਾਣ 'ਤੇ ਵੀ ਨਹੀਂ ਮਿਲਿਆ ਤਾਂ ਫਿਰ ਸਾਨੂੰ ਸੋਚਣਾ ਪਵੇਗਾ ਕਿ ਅਸੀਂ ਆਪਣੇ ਹੱਕ ਲੈਣੇ ਕਿਵੇਂ ਆਂ ?
* ਜੇ ੧੭ ਸਾਲ ਦੇ ਸਿੱਖ ਨੌਜਵਾਨ ਦਾ ਪਿਉ ਮਰ ਜਾਏ ਤਾਂ ਉਸ ਨੂੰ ਟੈਕਸ ਦੇਣਾ ਪੈਂਦਾ ਤੇ ਜੇ ਛੱਲੀ ਰਾਮ, ਗੁੱਲੀ ਰਾਮ ਜੰਮਦਾ ਹੀ ਆਪਣੇ ਪਿਉ ਦੀ ੪੦ ਲੱਖ ਦੀ ਜਾਇਦਾਦ ਦਾ ਮਾਲਕ ਬਣ ਜਾਵੇ ਤਾਂ ਉਸ ਨੂੰ ਕੋਈ ਟੈਕਸ ਨਹੀਂ।

ਵਿਆਖਿਆਨ ੩

* ਜਹਾਂਗੀਰ ਦੀ ਪਾਬੰਦੀ ਸੀ ਕਿ ਸਿੱਖ ਸ਼ਸ਼ਤਰ ਨਹੀਂ ਰੱਖ ਸਕਦਾ, ਘੋੜੇ 'ਤੇ ਨਹੀਂ ਚੜ੍ਹ ਸਕਦਾ, ਸਿਰ 'ਤੇ ਦਸਤਾਰ ਨਹੀਂ ਸਜਾ ਸਕਦਾ, ਧਾਤ ਦੇ ਭਾਂਡੇ ਵਿੱਚ ਲੰਗਰ ਨਹੀਂ ਖਾ ਸਕਦਾ, ਨਗਾਰਾ ਨਹੀਂ ਵਜਾ ਸਕਦਾ, ਨਿਸ਼ਾਨ ਨਹੀਂ ਝੁਲਾ ਸਕਦਾ, ਫ਼ੌਜ ਨਹੀਂ ਰੱਖ ਸਕਦਾ, ਪਰ ਮੀਰੀ-ਪੀਰੀ ਦੇ ਮਾਲਕ ਨੇ ਦੋ ਕ੍ਰਿਪਾਨਾਂ ਪਹਿਨੀਆਂ ਤੇ ਇਹ ਸਭ ਪਾਬੰਦੀਆਂ ਤੋੜੀਆਂ।
* ਪੁਲਿਸ ਵਾਲਿਉ, ਮੈਂ ਤੁਹਾਨੂੰ ਵਾਰਨਿੰਗ ਦੇਣੀ ਚਾਹੁੰਨਾਂ, ਤੁਹਾਡੇ ਹੱਥ ਵਿੱਚ ਆ ਹਰਿਭਜਨ ਸਿੰਘ ਤੇ ਹਰਪ੍ਰੀਤ ਸਿੰਘ ਦੋਵੇਂ ਬੱਚੇ, ਬੇਸ਼ੱਕ ਮਾਰ ਦਿਉ। ਜਿੱਥੇ ਅੱਗੇ ਦੂਜਿਆਂ ਨੂੰ ਸ਼ਰਧਾਂਜਲੀਆਂ ਦਿੱਤੀਆਂ, ਇਹਨਾਂ ਦੋਹਾਂ ਨੂੰ ਵੀ ਦੇ ਲਾਂਗੇ, ਪਰ ਆਪਣੇ ਪਰਿਵਾਰਾਂ ਦਾ ਬੰਦੋਬਸਤ ਕਰ ਰੱਖਿਉ। ਜੇ ਅਸੀਂ ਕਲਗੀਧਰ ਦੇ ਸਿੱਖ ਹੋਏ ਤਾਂ ਤੁਹਾਡਾ ਖ਼ਾਤਮਾ ਜ਼ਰੂਰ ਕਰਾਂਗੇ। ਮੈਂ ਨਾ ਕੀਤਾ ਤੇ ਪਿੱਛੋਂ ਕੌਮ ਜ਼ਰੂਰ ਕਰੇਗੀ।
* ਜੋ ਸਤਿਗੁਰੂ ਗਰੰਥ ਸਾਹਿਬ ਦੀ ਬੇ-ਅਦਬੀ ਕਰਦਾ ਤੇ ਨਿਰਦੋਸ਼ੇ ਸਿੰਘਾਂ ਦਾ ਖ਼ੂਨ ਪੀਂਦਾ ਤੇ ਧੀਆਂ ਭੈਣਾਂ ਦੀ ਇੱਜ਼ਤ ਲੁੱਟਦਾ, ਉਹਨੂੰ ਕਦੇ ਵੀ ਮੁਆਫ਼ ਨਹੀਂ ਕਰਨਾ ਤੇ ਜੇ ਕੋਈ ਗ਼ਰੀਬ ਬੰਦਾ ਗਾਲ੍ਹ ਵੀ ਕੱਢ ਜਾਂਦਾ, ਉਹਦਾ ਕਦੇ ਗੁੱਸਾ ਨਹੀਂ ਕਰਨਾ।

ਵਿਆਖਿਆਨ ੪

* ਇਹ ਨਾ ਕਹੀਏ ਕਿ ਸਾਨੂੰ ਫੜ ਲਿਆ, ਸੋਚਣਾ ਇਹ ਆ ਭਈ ਅਸੀਂ ਇਹਨਾਂ ਤੋਂ ਛੁੱਟਣਾ ਕਿਵੇਂ ਆ। ਫੜਿਆਂ ਨੂੰ ਛੁਡਾਉਣਾ ਕਿਵੇਂ ਆ ?
* ਹਰ ਇਕ ਨੌਜੁਆਨ, ਮਾਤਾ, ਬੀਬੀ ਤੇ ਬਜ਼ੁਰਗ ਦੇ ਹਿਰਦੇ ਵਿੱਚ ਇਹ ਗੱਲ ਘਰ ਕਰ ਜਾਣੀ ਚਾਹੀਦੀ ਆ ਕਿ ਅਸੀਂ ਗ਼ੁਲਾਮ ਹਾਂ ਤੇ ਆਜ਼ਾਦ ਹੋਣਾ।

ਵਿਆਖਿਆਨ ੫

* ਮੈਂ ਜ਼ਿੰਮੇਵਾਰੀ ਨਾਲ ਇਹ ਗੱਲ ਕਹਿਨਾਂ ਕਿ ਜਿਹੜਾ ਗੁਰੂ ਗਰੰਥ ਸਾਹਿਬ ਦੇ ਕਾਤਲ ਨੂੰ ਝਟਕਾ ਕੇ ਆਵੇਗਾ, ਮੈਂ ਉਹਨੂੰ ਸਾਂਭਾਂਗਾ ਤੇ ਉਹਦਾ ਮੁਕੱਦਮਾ ਵੀ ਲੜਾਂਗਾ।
* ਜਿਹਦੀ ਧੀ ਭੈਣ ਲੁੱਟੀ ਜਾਵੇ, ਜਿਹਦੇ ਇਸ਼ਟ ਦੀ ਬੇ-ਅਦਬੀ ਕੀਤੀ ਜਾਵੇ, ਉਹ ਕੇਵਲ ਗੱਲਾਂ ਈ ਪੁੱਛੀ ਜਾਵੇ, ਹੱਥੀਂ ਕਰੇ ਕੁਝ ਨਾ, ਉਹ ਗੁਰੂ ਦਾ ਪੁੱਤ ਅਖਵਾਉਣ ਦਾ ਹੱਕਦਾਰ ਨਹੀਂ।
* ਜਦੋਂ ਤਕ ਗੁਰਬਾਣੀ ਨਹੀਂ ਪੜ੍ਹਦੇ, ਦਿਲ ਠੋਸ ਨਹੀਂ ਬਣਦਾ। ਬਾਣੀ ਪੜ੍ਹਨ ਵਾਲਾ ਬੰਦ ਬੰਦ ਕਟਵਾ ਸਕਦਾ, ਸੀਸ ਤਲੀ 'ਤੇ ਰੱਖ ਸਕਦਾ, ਮਸਤ ਹਾਥੀ ਦੇ ਮੱਥੇ ਵਿੱਚ ਬਰਛੀ ਮਾਰ ਸਕਦਾ, ਸ਼ਰਾਬ ਪੀਣ ਵਾਲਾ ਨਹੀਂ।
* ਇਨਕੁਆਰੀਆਂ ਵਿੱਚ ਇਨਸਾਫ਼ ਖ਼ਾਲਸਾ ਜੀ ਉਥੇ ਮਿਲਦਾ, ਜਿੱਥੇ ਕੋਈ ਦਲੀਲ, ਵਕੀਲ ਤੇ ਅਪੀਲ ਹੋਵੇ। ਜਿੱਥੇ ਹੈ ਈ ਸਰਾਸਰ ਧੱਕਾ ਤੇ ਇਹ ਨਿਰਣਾ ਕੀਤਾ ਕਿ ਸਿੱਖਾਂ ਨੂੰ ਖ਼ਤਮ ਈ ਕਰਨਾ, ਉਥੇ ਫਿਰ ਵਕੀਲ ਤੇ ਦਲੀਲ ਕਰਨ ਦੀ ਕੀ ਲੋੜ ਆ ? ਜਦੋਂ ਗੁਰੂ ਦੀ ਬੇ-ਅਦਬੀ ਕਰਨ ਵਾਲੇ ਝਟਕਾਏ ਹੋਣਗੇ, ਵਕੀਲ ਉਹ ਭਾਲਦੇ ਫਿਰਨਗੇ, ਆਪਾਂ ਨੂੰ ਕੀ ਲੋੜ ਆ ?

ਵਿਆਖਿਆਨ ੬

* ਆਪਾਂ ਨੂੰ ਡਿਕਟੇਟਰ ਸਾਹਿਬ ਦਾ ਹੁਕਮ ਆ, ਸ਼ਾਂਤੀ ਰੱਖਣੀ ਆ ਤੇ ਸ਼ਾਂਤੀ ਚਾਹੀਦੀ ਵੀ ਆ, ਪਰ ਇਹੋ ਜਿਹੀ ਸ਼ਾਂਤੀ ਦਾ ਮੈਂ ਹਾਮੀ ਨਹੀਂ ਕਿ ਸਿੱਖ ਕੌਮ ਦੀ ਬਰਬਾਦੀ ਹੋ ਜਾਵੇ ਤੇ ਇੱਕ ਮਮੂਲੀ ਬੰਦਾ ਸਿੱਖਾਂ ਨੂੰ ਖ਼ਤਮ ਕਰਨ ਤੇ ਤੁਲ ਜਾਵੇ ਤੇ ਅਸੀਂ ਫਿਰ ਵੀ ਸ਼ਾਂਤੀ ਰੱਖੀਏ।
* ਜਿੱਦੇਂ ਤੁਹਾਨੂੰ ਪਤਾ ਲੱਗ ਜਾਏ ਕਿ ਚਾਰ ਦੀਵਾਰੀ ਦੇ ਅੰਦਰ ਆਕੇ ਇਹਨਾਂ ਨੇ ਹਮਲਾ ਕੀਤਾ (ਤਾਂ) ਤੁਹਾਡੀ ਜ਼ਿੰਮੇਵਾਰੀ ਬਣਦੀ ਆ ਕਿ ਹਰ ਥਾਂ 'ਤੇ ਬੈਠੇ ਜੋ ਗੁਰੂ ਕੇ ਨਿੰਦਕ ਤੇ ਸਿੱਖ ਕੌਮ ਦੇ ਉਲਟ ਆ, ਉਹਨਾਂ ਨੂੰ ਸੋਧ ਦਿਉ, ਉਦੋਂ ਢਿੱਲ ਨਹੀਂ ਹੋਣੀ ਚਾਹੀਦੀ।
* ਸ਼ਸ਼ਤਰਧਾਰੀ ਹੋ ਕੇ ਕਿਸੇ ਧੀ ਭੈਣ ਦੀ ਇਜ਼ਤ ਲੁੱਟਣੀ, ਜੀਵਘਾਤ ਕਰਨਾ, ਕਿਸੇ ਦਾ ਘਰ ਲੁੱਟਣਾ, ਦੁਕਾਨ ਲੁੱਟਣੀ ਅਤੇ ਕਿਸੇ ਦੀ ਬੇ-ਇਜ਼ਤੀ ਕਰਨੀ ਸਿੱਖ ਲਈ ਪਾਪ ਆ, ਪਰ ਹਥਿਆਰ ਰੱਖ ਕੇ ਆਪਣੀ ਹੋਈ ਬੇ-ਇੱਜ਼ਤੀ ਦਾ ਹੱਕ ਨਾ ਲੈਣਾ ਵੀ ਪਾਪ ਆ।
* ਜੇ ਹਿੰਦੂ ਪਵਨ ਕੁਮਾਰ ੨੩੦ ਗਰਨੇਡ ਰੱਖ ਲਏ, ਜਿਹਦਾ ਲਾਇਸੈਂਸ ਵੀ ਕਦੇ ਨਹੀਂ ਬਣ ਸਕਦਾ ਤਾਂ ਉਸ 'ਤੇ ਕੋਈ ਮੁਕੱਦਮਾ ਨਹੀਂ ਤੇ ਜੇ ਪੱਗ ਵਾਲਾ ਲਾਇਸੈਂਸੀ ਬੰਦੂਕ ਹੀ ਰੱਖ ਲਵੇ ਤਾਂ ਕਹਿੰਦੇ ਇਹ ਅੱਤਵਾਦੀ ਆ।

ਇਹਨੂੰ ਟੰਗ ਦਿਉ ਪੁੱਠਾ, ਇਹਨੂੰ ਫ਼ਾਂਸੀ ਲਾ ਦਿਉ, ਇੰਝ ਕਿੰਨਾ ਕੁ ਚਿਰ ਜੀਵਾਂਗਾ।

* ਜੇ ਤਾਂ ਪੱਗਾਂ ਸਿਰ 'ਤੇ ਰੱਖ ਕੇ, ਸਾਬਤ ਸੂਰਤ ਰਹਿ ਕੇ ਤੇ ਸਿੱਖ ਵੱਖਰੀ ਕੌਮ ਕਹਾ ਕੇ, ਆਪਣੇ ਧਾਰਮਿਕ ਚਿੰਨ੍ਹਾਂ ਸਹਿਤ ਸੰਸਾਰ ਵਿੱਚ ਵਿਚਰਨਾ ਤਾਂ ਫਿਰ ਬੱਚਾ ਬੱਚਾ, ਬਜ਼ੁਰਗ ਤੇ ਨੌਜੁਆਨ ਤਤਪਰ ਹੋਵੋ ਤੇ ਸੀਸ ਤਲੀ 'ਤੇ ਰੱਖ ਕੇ ਸੜਕਾਂ 'ਤੇ ਆ ਜਾਉ ਤੇ ਸ਼ਹੀਦੀ ਵਾਸਤੇ ਤਿਆਰ ਹੋਵੋ ਤੇ ਜੇ ਬੇ-ਗ਼ੈਰਤੀ ਤੇ ਬੇ-ਅਣਖੀ ਦੀ ਜ਼ਿੰਦਗੀ ਨਾਲ ਜਿਊਣਾ ਤੇ ਫਿਰ ਜਿੱਥੇ ਮਰਜ਼ੀ ਤੁਰੇ ਫਿਰੋ, ਕੋਈ ਹੱਥ ਨਹੀਂ ਲਾਏਗਾ।
* ਮੈਂ ਸਟੇਜ ਤੋਂ ਕਹਿਨਾਂ ਕਿ ਦਰਬਾਰਾ ਸਿੰਹੁ ਆਪਣੇ ਪੰਜ ਬੰਦਿਆਂ ਨੂੰ ਤਿਆਰ ਕਰਕੇ ਥਾਂ ਮੁਕੱਰਰ ਕਰ ਦੇਵੇ, ਮੈਂ ਆਪਣੇ ਵੱਲੋਂ ਇੱਕ ਸਿੰਘ ਭੇਜ ਦੇਨਾਂ, ਜੇ ਉਹਨੂੰ ਜਿਊਂਦੇ ਨੂੰ ਫੜ ਕੇ ਲੈ ਜਾਣ, ਮੈਂ ਗ੍ਰਿਫ਼ਤਾਰੀ ਦੇ ਦਿਉਂ। ਸਟੇਨ ਹੋਵੇ ਅੰਮ੍ਰਿਤਧਾਰੀ ਦੇ ਹੱਥ ਵਿੱਚ ਤੇ ਉਹ ਹੋਵੇ ਭਿੰਡਰਾਂਵਾਲੇ ਜਥੇ ਦਾ ਸਿੰਘ ਤੇ ਉਹ ਤੁਹਾਨੂੰ ਸਟੇਨ ਸੁੱਟ ਕੇ ਦੇ ਜਾਊ ?

ਵਿਆਖਿਆਨ ੭

* ਜਿਹੜਾ ਅੰਮ੍ਰਿਤ ਛਕਾਵੇ ਤੇ ਆਪ ਛਕਿਆ ਹੋਵੇ, ਜਿਹੜਾ ਆਪ ਬਾਣੀ ਪੜ੍ਹਦਾ ਤੇ ਦੂਜਿਆਂ ਨੂੰ ਪੜ੍ਹਾਵੇ, ਆਪ ਕਥਾ ਕਰੇ ਤੇ ਦੂਜਿਆਂ ਤੋਂ ਕਥਾ ਕਰਾਵੇ, ਗੁਰੂ ਗਰੰਥ ਸਾਹਿਬ ਨੂੰ ਆਪਣਾ ਬਾਪੂ, ਪਿਉ ਤੇ ਇਸ਼ਟ ਮੰਨਦਾ ਹੋਵੇ, ਧੀਆਂ ਭੈਣਾਂ ਦੀ ਇੱਜ਼ਤ ਰੱਖਣ ਦਾ ਸਾਂਝੀਵਾਲ ਹੋਣ ਦੀ ਪ੍ਰੇਰਨਾ ਦੇਵੇ, ਕੇਸਰੀ ਨਿਸ਼ਾਨ ਥੱਲੇ ਇਕੱਠੇ ਕਰੇ, ਪੰਥ ਦੀ ਛਟ ਕੇ ਹਮਾਇਤ ਕਰੇ, ਸਤਿਗੁਰੂ ਗਰੰਥ ਸਾਹਿਬ ਦੇ ਲੜ ਲਾਵੇ। ਗੌਰਮਿੰਟ ਨੇ ਉਸ ਦਾ ਨਾਂਅ ਅੱਤਵਾਦੀ ਰੱਖਿਆ ਤੇ ਮੈਂ ਵੀ ਫਿਰ ਅੱਤਵਾਦੀ ਹਾਂ ਤੇ ਤੁਹਾਨੂੰ ਵੀ ਇਹੋ ਜਿਹੇ ਅੱਤਵਾਦੀ ਬਣਨ ਦੀ ਬੇਨਤੀ ਕਰਦਾ ਹਾਂ।
* ਜਿੱਦੇਂ ਪਤਾ ਲੱਗੇ ਕਿ ਨਾਨਕ ਨਿਵਾਸ ਵਿੱਚ, ਇਥੇ ਚਾਰ-ਦੀਵਾਰੀ ਦੇ ਅੰਦਰ ਪੁਲਿਸ ਨੇ ਹੱਲਾ ਕੀਤਾ, ਉਦੇਂ ਦਾਸ ਦੇ ਤੇ ਲੌਂਗੋਵਾਲ ਦੇ ਸੁਨੇਹਾਂ ਦੀ ਉਡੀਕ ਨਾ ਕਰਿਉ, ਆਪੋ ਆਪਣੀ ਡਿਊਟੀ ਸੰਭਾਲ ਕੇ ਨਿੰਦਕ ਚੁਣ ਦਿਉ।

ਵਿਆਖਿਆਨ ੮

* ਜਦ ਸਾਰਿਆਂ ਪਾਸਿਆਂ ਤੋਂ ਹੀਲੇ ਖ਼ਤਮ ਹੋ ਜਾਣ ਤਾਂ ਉਸ ਵੇਲੇ ਸ੍ਰੀ ਸਾਹਿਬ ਦੀ ਵਰਤੋਂ ਕਰਨ ਦਾ ਹੱਕ ਸਿੱਖ ਨੂੰ ਮੀਰੀ ਪੀਰੀ ਦੇ ਮਾਲਕ ਨੇ ਦਿੱਤਾ।

ਵਿਆਖਿਆਨ ੯

* ਆਪਾਂ ਨੂੰ ਮਨ ਵਿੱਚੋਂ ਇਹ ਖ਼ਿਆਲ ਕੱਢ ਦੇਣਾ ਚਾਹੀਦਾ ਹੈ ਕਿ ਅਸੀਂ ਭਿੰਡਰਾਂਵਾਲੇ ਬਣਨਾ ਜਾਂ ਅਕਾਲੀ ਦਲ ਦੇ ਨਾਲ ਦੇ ਬਣਨਾ, ਸਾਰੇ ਸਿੱਖਾਂ ਦੇ ਮਨ ਵਿੱਚ ਇਹ ਅੱਖਰ ਉੱਕਰ ਜਾਣੇ ਚਾਹੀਦੇ ਆ ਕਿ ਅਸੀਂ ਸਤਿਗੁਰੂ ਗਰੰਥ ਸਾਹਿਬ ਜੀ ਵਾਲੇ ਬਣਨਾ।
* ਜਦੋਂ ਅਸੀਂ ਪਖੰਡੀਆਂ ਦੇਹਧਾਰੀਆਂ ਵੱਲੋਂ, ਮੱਠੀਆਂ ਤੇ ਮੜ੍ਹੀਆਂ ਮਸਾਣਾਂ ਕਬਰਾਂ ਤੇ ਜੰਡਾਂ ਨੂੰ ਸੰਪੂਰ ਭੁੱਕਣ ਵੱਲੋਂ ਤੇ ਰਾਜਨੀਤੀ ਦੀ ਕੁਰਸੀ ਦੇ ਹਿਰਸ ਵੱਲੋਂ ਆਪਣੀ ਬਿਰਤੀ ਤੋੜ ਕੇ, ਗੁਰੂ ਗਰੰਥ ਸਾਹਿਬ ਦੇ ਲੜ ਲਾ ਲਈ ਤਾਂ ਉਦੋਂ ਦੁਨੀਆਂ ਦੀ ਕੋਈ ਸ਼ਕਤੀ ਨਹੀਂ ਜਿਹੜੀ ਆਪਾਂ ਨੂੰ ਦਬਾਅ ਸਕੇਗੀ।
* ਜਿਹੜੀ ਪਾਰਟੀ ਦਾ ਯਕੀਨ ਹੀ ਕੁੱਤਿਆਂ 'ਤੇ ਹੋ ਜਾਵੇ, ਉਹਦੇ ਕੋਲੋਂ ਇਨਸਾਫ਼ ਕੀ ਲਵੋਗੇ ? ਜਿਹੜੀ ਪਾਰਟੀ ਚੱਲਦੀ ਹੀ ਕੁੱਤਿਆਂ ਦੇ ਕਹਿਣ 'ਤੇ ਆ, ਉਹਨੇ ਕੰਮ ਵੀ ਕੁੱਤੇ ਹੀ ਕਰਨੇ ਆ, ਬੰਦਿਆਂ ਵਾਲੇ ਨਹੀਂ।
* ਜਿਉਂਦੇ ਨੂੰ ਤਾਂ ਮੈਨੂੰ ਲਿਜਾ ਨਹੀਂ ਸਕਦੇ, ਮਰੇ ਨੂੰ ਲੈ ਜਾਣਗੇ ਤਾਂ ਤੁਸੀਂ ਮੈਥੋਂ ਕਰਾਉਣਾ ਵੀ ਕੀ ਆ ਮਰੇ ਤੋਂ। ਜਿਹੜਾ ਕੋਈ ਜਿਉਂਦਿਆਂ ਨੂੰ ਲਿਜਾਵੇਗਾ, ਉਹ ਸੋਚ ਕੇ ਆਵੇਗਾ ਤੇ ਨਾਲ ਗੱਡੀਆਂ ਲੈ ਕੇ ਆਵੇਗਾ। ਚੜ੍ਹਾਉਂਦੇ ਵੇਖਿਉ ਇਥੇ ਕਿਵੇਂ ਆ ?
* ਆਪਾਂ ੩੦-੩੦ ਹਜ਼ਾਰ ਛੁਡਾਉਂਦੇ ਰਹੇ ਤੇ ਆਪਣੀਆਂ ਭੈਣਾਂ ਨੂੰ ਦੋ ਦੋ ਹੀ ਫੜ ਕੇ ਨੰਗੀਆਂ ਕਰੀ ਫਿਰਨ। ਕੀ ਕਰਦੇ ਓ ਸਿੱਖੋ, ਪਿੰਡਾਂ ਵਿੱਚ ਬੈਠੇ ? ਜਿੱਥੇ ਇਹੋ ਜਿਹੀ ਹਰਕਤ ਹੁੰਦੀ ਆ, ਉਥੇ ਸ਼ਾਂਤੀ ਸ਼ੁਭ ਵੱਲ ਕਿਸੇ ਨਹੀਂ ਵੇਖਣਾ, ਉਹਨੂੰ ਚੰਗੀ ਤਰ੍ਹਾਂ ਸੋਧਾ ਲਾ ਦੇਣਾ, ਜੇ ਮਰ ਜਾਵਾਂਗੇ ਤੇ ਕੋਈ ਫ਼ਰਕ ਨਹੀਂ ਪੈਣ ਲੱਗਾ। ਮੱਸਿਆ ਲੱਗਣੋਂ ਨਹੀਂ ਕੋਈ ਹਟ ਜਾਣੀ।
* ਭਾਵੇਂ ਕਾਂਗਰਸੀਆਂ ਦੀ ਲੜਕੀ ਆ, ਅਕਾਲੀਆਂ ਦੀ ਲੜਕੀ ਆ, ਕਿਸੇ ਗ਼ਰੀਬ ਦੀ ਆ ਤੇ ਭਾਵੇਂ ਕਿਸੇ ਹੋਰ ਦੀ ਆ। ਜਿਹੜਾ ਕਿਸੇ ਧੀ ਭੈਣ ਦੀ ਇਜ਼ਤ ਲੁੱਟਦਾ, ਫੜਦਾ ਤੇ ਬੇ-ਇੱਜ਼ਤੀ ਕਰਦਾ, ਉਹ ਚਾਹੇ ਕੋਈ ਗੌਰਮੈਂਟ ਦਾ ਬੰਦਾ, ਚਾਹੇ ਕੋਈ ਦੂਜਾ, ਉਹਨੂੰ ਖ਼ਾਲਸਾ ਜੀ ਗੱਡੀ ਚੜ੍ਹਾ ਕੇ ਮੇਰੇ ਕੋਲ ਆਇਆ ਕਰੋ। ਇਥੇ ਆ ਕੇ ਇਹ ਨਾ ਕਿਹਾ ਕਰੋ, ਬਾਬਾ ਜੀ ਇਜ਼ਤ ਲੁੱਟੀ ਗਈ, ਗਹਿਣੇ ਲਾਹ ਲਏ।

ਵਿਆਖਿਆਨ ੧੦

* ਕਿਸੇ ਵੀ ਅਸਥਾਨ 'ਤੇ ਕੋਈ ਵੀ ਕਾਂਡ ਵਾਪਰਦਾ, ਉਹਦੇ ਸੰਬੰਧ ਵਿੱਚ ਹੋਰ ਕਿਸੇ ਅਸਥਾਨ ਦਾ ਨਾਂਅ ਆਵੇ ਜਾਂ ਨਾ ਆਵੇ (ਪਰ) ਹਰਿਮੰਦਰ ਸਾਹਿਬ ਤੇ ਨਾਨਕ ਨਿਵਾਸ ਦਾ ਨਾਂਅ ਜ਼ਰੂਰ ਆਉਂਦਾ। ਇਹ ਗੌਰਮੈਂਟ

ਅਤੇ ਫ਼ਿਰਕਾਪ੍ਰਸਤ ਮਹਾਸ਼ੇ ਅਖ਼ਬਾਰਾਂ ਦੀ ਸਾਜ਼ਿਸ਼ ਹੈ।

* ਸ਼ਾਂਤ ਰਹਿਣਾ ਤੇ ਸ਼ਾਂਤੀ ਦੇ ਆਪਾਂ ਵੀ ਹਾਮੀ ਹਾਂ, ਪਰ ਇਹੋ ਜਿਹੀ ਸ਼ਾਂਤੀ ਕਦੇ ਨਹੀਂ ਰੱਖਣੀ ਕਿ ਚਾਰ ਚੁਫੇਰਿਉਂ ਦਰਬਾਰ ਸਾਹਿਬ ਦੇ ਵਿੱਚ ਪੁਲਿਸ ਅੰਦਰ ਹੋ ਕੇ ਤੇ ਝੂਠੀਆਂ ਤੋਹਮਤਾਂ ਲਾ ਕੇ ਸਿੱਖਾਂ ਨੂੰ ਭੁੰਨਣ ਦੀ ਕੋਸ਼ਿਸ਼ ਕਰੇ ਤੇ ਆਪਾਂ ਸ਼ਾਂਤੀ 'ਚ ਹੀ ਗਰੱਸੇ ਰਹੀਏ।
* ਸਾਰੇ ਸਿੱਖ ਵੀ ਮਰ ਜਾਈਏ, ਸ਼ਾਇਦ ਕੋਈ ਨੁਕਸਾਨ ਨਹੀਂ ਹੋਵੇਗਾ, ਪਰ ਸਿੱਖ ਦੀ ਦਾਹੜੀ ਮੋਨਾ ਕੇ, ਕੋਲ ਬੈਠਾ ਕੇ ਬੈਠੇ ਰਹਿਣਾ, ਇਦੋਂ ਵੱਡੀ ਬੁਜ਼ਦਿਲੀ ਤੇ ਕਾਇਰਤਾ ਆਪਣੇ ਵਾਸਤੇ ਹੋਰ ਕੋਈ ਨਹੀਂ।
* ਜਦੋਂ ਤਕ ਸੈਂਟਰ ਦੀਆਂ ਲਕੀਰਾਂ ਨਹੀਂ ਨਿਕਲਦੀਆਂ, ਚੰਗੀ ਤਰ੍ਹਾਂ ਨੱਕ ਨਹੀਂ ਰਗੜਦੇ, ਇਹ ਮੋਰਚਾ ਤਦ ਤੱਕ ਬੰਦ ਨਹੀਂ ਹੋਣਾ।

ਵਿਆਖਿਆਨ ੧੧

* ਸੋਚਣਾ ਇਹ ਹੈ ਕਿ ਗ਼ੁਲਾਮ ਰਹਿ ਕੇ ਆਪਣੀ ਜ਼ਿੰਦਗੀ ਦੇ ਦਿਨ ਬਤੀਤ ਕਰਨੇ ਹਨ ਕਿ ਜਾਂ ਗ਼ੁਲਾਮੀ ਗਲੋਂ ਲਾਹ ਕੇ ਸੁਤੰਤਰ ਹੋ ਕੇ ਜਿਊਣਾ ਹੈ।
* ਪੰਡਿਤਾਂ ਦੀ ਬੀਬੀ ਵਾਸਤੇ ਜਹਾਜ਼ ਅਗਵਾਹ ਹੋ ਜਾਵੇ ਤਾਂ ਕੁਰਸੀ, ਸਿੱਖਾਂ ਦੇ ਇਸ਼ਟ ਵਾਸਤੇ ਜਹਾਜ਼ ਅਗਵਾਹ ਹੋ ਜਾਵੇ ਤਾਂ ਦੇਸ਼ ਨਿਕਾਲਾ।

ਵਿਆਖਿਆਨ ੧੨

* ਜੇ ਸਿੱਖ ਅੱਤਵਾਦੀ ਆ ਤਾਂ ਮੰਨੋ ਸਿੱਖ ਵੱਖਰੀ ਕੌਮ ਆ ਤੇ ਜੇ ਸਿੱਖ ਹਿੰਦੂਆਂ ਦਾ ਇੱਕ ਅੰਗ ਆ ਤੇ ਲਿਖੋ ਹਿੰਦੂ ਅੱਤਵਾਦੀ ਆ।

ਵਿਆਖਿਆਨ ੧੩

* ਗੁਰੂ ਕਾ ਸਿੰਘ ਕੁਤਰਾ ਕੁਤਰਾ ਹੋ ਜਾਵੇਗਾ, ਪਰ ਹਰਿਮੰਦਰ ਸਾਹਿਬ ਦੀ ਬੇ-ਅਦਬੀ ਨੂੰ ਬਰਦਾਸ਼ਤ ਨਹੀਂ ਕਰੇਗਾ।
* ਜਿਹੜਾ ਸਾਨੂੰ ਖ਼ਤਮ ਕਰਨ ਜਾਂ ਚੁੱਕਣ ਆਇਆ, ਉਹ ਆਪਣਾ ਕਫ਼ਨ ਜ਼ਰੂਰ ਸਿਰ 'ਤੇ ਬੰਨ੍ਹ ਕੇ ਆਵੇ, ਖ਼ਾਲੀ (ਜ਼ਿੰਦਾ) ਨਹੀਂ ਕਿਸੇ ਨੇ ਮੁੜਨਾ, ਇਹ ਚੇਤਾ ਰੱਖ ਲਿਉ।
* ਜਿਵੇਂ ਮੁਸਲਮਾਨ ਵਾਸਤੇ ਮੱਕੇ ਤੋਂ ਪਰੇ ਉਜਾੜ ਹੈ, ਇਸੇ ਤਰ੍ਹਾਂ ਗੁਰੂ ਕੇ ਸਿੱਖ ਵਾਸਤੇ ਹਰਿਮੰਦਰ ਸਾਹਿਬ ਤੋਂ ਪਰੇ ਉਜਾੜ ਹੈ।
* ਸਾਡਾ ਕਿਸੇ ਨਾਲ ਜ਼ਾਤੀ ਤੌਰ 'ਤੇ ਵੈਰ ਨਹੀਂ ਤੇ ਨਾ ਹੀ ਕਿਸੇ ਨਾਲ ਕੋਈ ਈਰਖਾ ਹੈ, ਪਰ ਜੇ ਸਾਡੇ ਧਰਮ ਨੂੰ ਕੋਈ ਨਾਸ ਕਰਨਾ ਚਾਹੇਗਾ ਤਾਂ ਹੱਕ ਜ਼ਰੂਰ ਲੈਣਾ।

ਵਿਆਖਿਆਨ ੧੪

* ਜਿਸ ਸਰਕਾਰ ਦੇ ਕੰਨ ਤੇ ਦਿਮਾਗ ਹੀ ਠੀਕ ਨਹੀਂ, ਉਸ ਨੂੰ ਇਹ ਕਹਿਣ ਨਾਲੋਂ ਕਿ ਸਰਕਾਰ ਨੂੰ ਸਮਝ ਲੈਣਾ ਚਾਹੀਦਾ, ਸਰਕਾਰ ਜ਼ਿੰਮੇਵਾਰ ਹੋਵੇਗੀ, ਸਗੋਂ ਸਮਝਾਉਣ ਵਾਸਤੇ ਕੁਝ ਕਰਨਾ ਪਵੇਗਾ।
* ਜਦ ਛਾਤੀ ਵਿੱਚ ਗੋਲੀ ਲੱਗਣ ਦਾ ਖ਼ਤਰਾ ਹੋਵੇ, ਉਦੋਂ ਤਾਂ ਸਿੱਖ ਕੌਮ ਬਹਾਦਰ ਹੈ, ਇਹ ਅੱਗੇ ਲੱਗੇ, ਪਰ ਜਦ ਕੁਰਸੀ ਸੰਭਾਲਣੀ ਹੋਵੇ, ਉਦੋਂ ਟੱਲੀ ਰਾਮ ਅੱਗੇ ਹੋਣਾ ਚਾਹੀਦਾ ਹੈ।
* ਗੁਰੂ ਗਰੰਥ ਸਾਹਿਬ ਵਿੱਚ ਤਾਂ ਸਭ ਜ਼ਾਤਾਂ ਦੇ ਭਗਤਾਂ ਦੀ ਬਾਣੀ ਦਰਜ ਹੈ, ਪਰ ਕੁਰਾਨ ਵਿੱਚ ਹਿੰਦੂ ਦੀ ਨਹੀਂ ਅਤੇ ਗੀਤਾ ਵਿੱਚ ਮੁਸਲਮਾਨ ਦੀ ਨਹੀਂ।
* ਦਰਬਾਰ ਸਾਹਿਬ ਵਿੱਚ ਤਾਂ ਹਰ ਕੋਈ ਮੱਥਾ ਟੇਕ ਸਕਦਾ ਹੈ, ਪਰ ਮਸੀਤ ਵਿੱਚ ਹਿੰਦੂ ਅਤੇ ਸ਼ਿਵਦੁਆਲੇ ਵਿੱਚ ਮੁਸਲਮਾਨ ਮੱਥਾ ਨਹੀਂ ਟੇਕ ਸਕਦਾ।
* ਜੇ ਹਥਿਆਰ ਰੱਖਣ ਨਾਲ ਸ਼ਾਂਤੀ ਭੰਗ ਹੁੰਦੀ ਆ ਤਾਂ ਬਾਰਡਰ 'ਤੇ ਤੋਪਾਂ ਕਿਉਂ ਬੀੜੀਆਂ ?
* ਜੇ ਪੂਰੇ ਪੂਰੇ ਹੱਕ ਹਾਸਲ ਕਰਨੇ ਹਨ ਤਾਂ ਇੱਕ ਥਾਂ ਰਹਿਣਾ ਪਵੇਗਾ।
* ਮੈਂ ਆਪਣੀ ਜ਼ਿੰਦਗੀ ਵਿੱਚ ਪੰਥ ਤੋਂ ਕੋਈ ਵੀ ਅਹੁਦਾ ਲਿਆ ਤਾਂ ਜੁੱਤੀਆਂ ਤੁਹਾਡੀਆਂ ਤੇ ਸਿਰ ਮੇਰਾ ਹੋਵੇਗਾ।
* ਪੰਥ ਲਈ ਕੁਤਰਾ ਕੁਤਰਾ ਹੋ ਜਾਵਾਂਗਾ ਤੇ ਖ਼ੂਨ ਦੀ ਇੱਕ ਇੱਕ ਬੂੰਦ ਡੋਲ੍ਹ ਦਿਆਂਗਾ।

ਵਿਆਖਿਆਨ ੧੫

* ਜਦੋਂ ਤੱਕ ਸਿੱਖ ਕੌਮ ਦੇ ਗਲ ਵਿੱਚੋਂ ਗ਼ੁਲਾਮੀ ਨਹੀਂ ਲਹਿੰਦੀ, ਉਦੋਂ ਤਕ ਇਹ ਸੰਘਰਸ਼ ਚੱਲਦਾ ਰਹਿਣਾ।
* ਅਸੀਂ ਮਦਦ ਕਰਾਂਗੇ ਸਿੱਖੀ ਸਰੂਪ ਦੀ ਤੇ ਮਜ਼ਲੂਮ ਦੀ, ਮਜ਼ਲੂਮ ਨੂੰ ਗਲ ਨਾਲ ਲਾਵਾਂਗੇ ਤੇ ਜ਼ਾਲਮ ਨੂੰ ਝਟਕਾਵਾਂਗੇ।

ਵਿਆਖਿਆਨ ੧੬

* ਜੇ ਗੌਰਮੈਂਟ ਸ਼ਾਂਤੀ ਚਾਹੁੰਦੀ ਆ ਤਾਂ ਅਨੰਦਪੁਰ ਦੇ ਮਤੇ ਦਾ ਐਲਾਨ ਕਰ ਦੇਵੇ। ਜਦ ਤਕ ਅਨੰਦਪੁਰ ਦੇ ਮਤੇ ਦਾ ਐਲਾਨ ਨਹੀਂ ਹੁੰਦਾ, ਤਦ ਤਕ ਸ਼ਾਂਤੀ ਨਹੀਂ ਹੋ ਸਕਦੀ।
* ਅਸੀਂ ਨਾ ਖ਼ਾਲਿਸਤਾਨ ਦੇ ਹਮਾਇਤੀ ਹਾਂ ਤੇ ਨਾ ਵਿਰੋਧੀ ਹਾਂ। ਦੇਸ਼ ਵਿੱਚ ਰਹਿਣਾ ਚਾਹੁੰਦੇ ਹਾਂ, ਸਾਨੂੰ ਸੈਂਟਰ ਗੌਰਮੈਂਟ ਦੱਸੇ ਨਾਲ ਰੱਖਣਾ ਜਾਂ ਨਹੀਂ।

ਜੇ ਖ਼ਾਲਿਸਤਾਨ ਐਤਕੀਂ ਦੇ ਦਿੱਤਾ ਤਾਂ ਜ਼ਰੂਰ ਲੈ ਲਵਾਂਗੇ, ੧੯੪੭ ਵਾਲੀ ਗ਼ਲਤੀ ਨਹੀਂ ਕਰਨੀ।

ਵਿਆਖਿਆਨ ੧੭

* ਸਿੱਖ ਲਈ ਬੰਦਾ ਮਾਰਨਾ ਪਾਪ ਹੈ, ਪਰ ਹੱਕ ਨਾ ਲੈਣਾ ਵੀ ਪਾਪ ਹੈ।

ਵਿਆਖਿਆਨ ੧੮

* ਅਸੀਂ ਸ਼ਹਾਦਤ ਦਾ ਜਾਮ ਪੀ ਕੇ, ਸ੍ਰੀ ਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਦੇ ਸਤਿਕਾਰ ਨੂੰ ਕਾਇਮ ਰੱਖਣ ਵਾਸਤੇ ਕੁਰਬਾਨੀ ਕਰਨੀ ਆ, ਜਿਸ ਦਿਨ, ਜਿਸ ਟਾਇਮ ਵਿੱਚ ਹੋਈ, ਉਹਦੇ ਤੋਂ ਅਸੀਂ ਟਾਲਾ ਨਹੀਂ ਕਰਨਾ, ਤਾਂ ਜਾ ਕੇ ਆਪਾਂ ਨੂੰ ਸਫਲਤਾ ਪ੍ਰਾਪਤ ਹੋਵੇਗੀ।

ਵਿਆਖਿਆਨ ੧੯

* ਪੰਜਵੇਂ ਪਾਤਿਸ਼ਾਹ ਨੂੰ ਤੱਤੀ ਤਵੀ 'ਤੇ ਬੈਠਾਉਣ ਵਾਲਾ, ਛੇਵੇਂ ਪਾਤਿਸ਼ਾਹ ਨੂੰ ਜ਼ਹਿਰ ਦੇਣ ਵਾਲਾ ਅਤੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਾਉਣ ਵਾਲਾ ਵੀ ਹਿੰਦੂ ਅਤੇ ਹਿੰਦੂਆਂ ਦੇ ਤਿਲਕ ਅਤੇ ਜੰਞੂ ਦੀ ਰਾਖੀ ਲਈ ਸੀਸ ਵਾਰਨ ਵਾਲੇ ਨੌਵੇਂ ਪਾਤਿਸ਼ਾਹ ਬਾਰੇ ਵੀ ਕਿਤਾਬਾਂ ਵਿੱਚ ਲਿਖ ਰਹੇ ਹਨ ਕਿ ਉਹਨਾਂ ਦਾ ਸੀਸ ਹਿੰਦੂਆਂ ਲਈ ਨਹੀਂ, ਘਰੋਗੀ ਝਗੜੇ ਵਿਚ ਲੱਗਾ।

ਵਿਆਖਿਆਨ ੨੦

* ਜੋ ਲੋਕ ਕੁਰਸੀਆਂ 'ਤੇ ਬੈਠ ਕੇ ਸਿੱਖ ਕੌਮ ਦੀ ਪੱਗ ਨੂੰ ਹੱਥ ਪਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ, ਉਹਨਾਂ ਤੋਂ ਆਪਣੀ ਦਸਤਾਰ ਬਚਾਉਣ ਲਈ ਕਮਰਕੱਸਾ ਕਰਨਾ ਪਵੇਗਾ।
* ਪੱਕਿਆਂ ਵਿੱਚ ਰਹਿਨੇ ਤਾਂ ਕੱਚਿਆਂ 'ਚ ਰਹੋ। ਕੱਚਿਆਂ 'ਚ ਰਹਿਨੇ ਤਾਂ ਕੁੱਲੀਆਂ 'ਚ ਰਹੋ। ਕੁੱਲੀਆਂ 'ਚ ਰਹਿਨੇ ਤਾਂ ਰੜੇ ਮੈਦਾਨ 'ਚ ਰਹਿਣਾ ਪਸੰਦ ਕਰ ਲਵੋ। ਅੱਠੀਂ ਪਹਿਰੀਂ ਰੋਟੀ ਖਾਣੀ ਸ਼ੁਰੂ ਕਰ ਦਿਉ, ਪਰ ਹਥਿਆਰ ਵਧੀਆ ਤੋਂ ਵਧੀਆ ਹਰ ਇੱਕ ਸਿੰਘ ਦੇ ਗਾਤਰੇ ਹੋਣਾ ਚਾਹੀਦਾ।
* ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੇ-ਅਦਬੀ ਕਰਨ ਵਾਲਾ, ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਨਿਵਾਸ ਅਸਥਾਨ ਗੁਰਦੁਆਰਾ ਸਾਹਿਬਾਨ ਦਾ ਅਪਮਾਨ ਕਰਨ ਵਾਲਾ ਤੇ ਧੀਆਂ ਭੈਣਾਂ ਦੀ ਇਜ਼ਤ ਲੁੱਟਣ ਵਾਲਾ, ਭਾਵੇਂ ਕੋਈ ਵੀ ਮਨੁੱਖ ਆ, ਉਸ ਮਨੁੱਖ ਨੂੰ ਗੱਡੀ ਚੜ੍ਹਾ ਕੇ ਆ ਜਾਉ, ਅਸੀਂ ਸਾਂਭਾਂਗੇ ਦੋਵੇਂ ਜਣੇ।

* ਪੱਗ ਲੁਹਾ ਕੇ ਨਾ ਆਇਆ ਕਰੋ (ਸਗੋਂ) ਜਿਹੜਾ ਪੱਗ ਲਾਹੁਣ ਆਉਂਦਾ (ਉਹਦੀ) ਟੋਪੀ ਲਾਹ ਕੇ ਲਿਆਇਆ ਕਰੋ।

ਵਿਆਖਿਆਨ ੨੧

* ਜਦੋਂ ਧਰਮ 'ਤੇ ਚੱਲਣਾ, ਸਤਿ ਕਹਿਣਾ ਅਤੇ ਮਰਨਾ ਮੰਡ ਲਈਏ, ਉਦੋਂ ਕਿਸੇ ਦੀ ਜੁਰਅਤ ਨਹੀਂ ਕਿ ਕੋਈ ਪ੍ਰਚਾਰ ਕਰਨੋਂ ਹਟਾ ਸਕੇ, ਪਰ ਜਦੋਂ ਕਿਸੇ ਨਾਲ ਨਫ਼ਰਤ ਕਰਾਂਗੇ ਤੇ ਆਪਣੀ ਈਨ ਮਨਾਉਣ ਦਾ ਯਤਨ ਕਰਾਂਗੇ, ਉਦੋਂ ਹਰ ਵਿਅਕਤੀ ਦੇ ਮਨ ਵਿੱਚ ਨਫ਼ਰਤ ਆਵੇਗੀ।
* ਸਿੱਖ ਦਾ ਕੰਮ ਆ ਅਣਖ਼ ਨਾਲ ਰਹਿਣਾ, ਅਣਖ਼ ਨਾਲ ਜਿਊਣਾ, ਮਜ਼ਲੂਮ ਤੇ ਤਰਸ ਕਰਨਾ, ਜ਼ਾਲਮ ਨੂੰ ਸੋਧਣਾ, ਆਪਣਾ ਹੱਕ ਪ੍ਰਾਪਤ ਕਰਨਾ ਤੇ ਕਿਸੇ ਦਾ ਹੱਕ ਨਹੀਂ ਖੋਹਣਾ।
* ਹੁਣ ਗੌਰਮੈਂਟ ਤੇ ਟੋਪੀਆਂ ਵਾਲੇ ਸਪਸ਼ਟੀਕਰਨ ਕਰਨ (ਕਿ) ਸਾਨੂੰ ਨਾਲ ਰੱਖਣਾ ਜਾਂ ਨਹੀਂ ਰੱਖਣਾ ? ਨਾਲ ਰੱਖਣਾ ਤੇ ਬਰਾਬਰ ਦੇ ਸ਼ਹਿਰੀ ਸਮਝੋ, ਨਹੀਂ ਨਾਲ ਰੱਖਣਾ ਤੇ ਜਿਹੜੀ ਜਗ੍ਹਾ ਦੇਨੇ ਆ, ਉਹ ਦਿਉ ਤੇ (ਇਹ) ਅਸੀਂ ਸੋਚਾਂਗੇ (ਕਿ) ਅਗਾਂਹ ਕਿਧਰ ਨੂੰ ਜਾਣਾ।
* ਧੀਆਂ ਭੈਣਾਂ ਦੀ ਇੱਜ਼ਤ ਲੁੱਟਣ ਵਾਲਾ, ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੇ-ਅਦਬੀ ਕਰਨ ਵਾਲਾ ਮਨੁੱਖ ਚਾਹੇ ਕਿਸੇ ਵੀ ਪਾਰਟੀ ਨਾਲ ਸੰਬੰਧਤ ਹੈ, ਉਸ ਨੂੰ ਗੱਡੀ ਚੜ੍ਹਾ ਕੇ ਆ ਜਾਉ, ਮੈਂ ਸਾਂਭਾਂਗਾ, ਜੋ ਸਜ਼ਾ ਮੈਨੂੰ ਭੁਗਤਣੀ ਪਈ, ਉਹ ਮੈਂ ਭੁਗਤੂੰਗਾ।
* ਨਸ਼ਾ ਇੱਕ ਵਰਤਣਾ, ਉਹ ਕੇਵਲ ਗੁਰਬਾਣੀ ਦਾ। ਜਿਹੜਾ ਨਸ਼ਾ ਵਰਤਣ ਦੇ ਨਾਲ, ਨਾ ਬੰਦ ਬੰਦ ਕੱਟਿਆਂ ਪੀੜ ਲੱਗਦੀ ਆ, ਨਾ ਸੀਸ 'ਤੇ ਆਰਾ ਧਰਿਆਂ ਪੀੜ ਲੱਗਦੀ ਆ, ਸੀਸ ਤਲੀ 'ਤੇ ਰੱਖਣਾ ਪਵੇ ਜਾਂ ਧੜ ਤੋਂ ਕੱਟਿਆ ਜਾਵੇ ਤਾਂ ਵੀ ਪੀੜ ਨਹੀਂ ਲੱਗਦੀ। ਜੇ ਉਬਲਦੇ ਦੇਗ਼ੇ ਵਿੱਚ ਬਹਿ ਜਾਈਏ ਤਾਂ ਵੀ ਪੀੜ ਨਹੀਂ ਲੱਗਦੀ। ਉਹ ਨਸ਼ਾ ਪੀ ਲਿਆ ਕਰੋ।
* ਰਹਿਤ ਵਿੱਚ ਪੱਕੇ ਹੋਵੋ, ਕੁਰੀਤੀਆਂ ਦਾ ਤਿਆਗ ਕਰੋ, ਪੰਥ ਦੀ ਹਮਾਇਤ ਕਰੋ, ਕੇਸਰੀ ਨਿਸ਼ਾਨ ਸਾਹਿਬ ਦੇ ਥੱਲੇ ਇਕੱਠੇ ਹੋਵੋ। ਗੁਰੂ ਗਰੰਥ ਸਾਹਿਬ ਨੂੰ ਗੁਰੂ ਮੰਨੋ ਤੇ ਸ਼ਸ਼ਤਰ ਨਵੇਂ ਤੇ ਚਾਉਂਦ ਵਧੀਆ ਤੇ ਜਿਹੜਾ ਸਿੱਖੀ 'ਤੇ ਵਾਧਾ ਕਰੇ, ਉਸ ਨੂੰ ਗੱਡੀ ਚੜ੍ਹਾਉ।

ਵਿਆਖਿਆਨ ੨੨

* ਮੈਂ ਸਰੀਰ ਦੇ ਮਰਨ ਨੂੰ ਮੌਤ ਨਹੀਂ ਗਿਣਦਾ, ਜ਼ਮੀਰ ਦੇ ਮਰਨ ਨੂੰ ਮੌਤ ਗਿਣਦਾ ਹਾਂ।

* ਜਿਹੜੇ ਸਿੰਘਾਂ ਦੇ ਘਰਾਂ ਨੂੰ ਗੌਰਮੈਂਟ ਸਾੜ ਰਹੀ ਤੇ ਲੁੱਟ ਰਹੀ ਆ, ਉਹ ਆਪਣੇ ਸਮਾਨ ਦੀ ਲਿਸਟ ਬਣਾ ਕੇ ਸਾਡੇ ਕੋਲ ਭੇਜ ਦਿਉ। ਜੇ ਤਾਂ ਮੇਰੀ ਜ਼ਿੰਦਗੀ ਰਹੀ ਤੇ ਤੁਹਾਨੂੰ ਉਹਨਾਂ ਹੀ ਹੱਥਾਂ ਨਾਲ, ਉਹਨਾਂ ਹੀ ਲੋਕਾਂ ਤੋਂ ਜ਼ਰੂਰ ਮੋੜਾਵਾਂਗਾ ਤੇ ਜੇ ਮੈਂ ਚੜ੍ਹਾਈ ਕਰ ਗਿਆ ਤੇ ਅਗਾਂਹ ਜਾ ਕੇ ਹਿਸਾਬ ਕਿਤਾਬ ਮੈਥੋਂ ਮੰਗਿਉ ਨਾ।
* ਜੇ ਤਾਂ ਪੁੱਤਰ ਹਾਂ ਆਪਾਂ (ਪੁੱਤਰਾਂ ਦੇ ਦਾਨੀ) ਉਸ ਗੁਰੂ ਦੇ ਤੇ ਫਿਰ ਤਾਂ ਘਰ ਦਾ ਛੱਡੋ ਮੋਹ ਤੇ ਇੱਕੋ ਗੱਲ ਚੇਤੇ ਰੱਖੋ ਕਿ ਜੇ ਜਿਊਣਾ ਤੇ ਅਣਖ ਨਾਲ ਤੇ ਜੇ ਮਰਨਾ ਤੇ ਧਰਮ ਵਾਸਤੇ।

ਵਿਆਖਿਆਨ ੨੩

* ਜਿਸ ਤਰ੍ਹਾਂ ਬਾਬਾ ਦੀਪ ਸਿੰਘ ਜੀ ਨੇ ਧਰਮ ਅਸਥਾਨ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਅਤੇ ਕੌਮ ਦੀ ਅਣਖ਼ ਨੂੰ ਜਗਾਉਣ ਵਾਸਤੇ ਕੁਰਬਾਨੀ ਕੀਤੀ ਸੀ, ਮੇਰੀ ਵੀ ਸਤਿਗੁਰੂ ਅੱਗੇ ਇਹ ਹੀ ਮੰਗ ਹੈ।

ਵਿਆਖਿਆਨ ੨੪

* ਟੋਪੀਆਂ ਵਾਲੇ ਸਾਨੂੰ ਦੱਸਣ ਕਿ ਪੱਗਾਂ ਵਾਲਿਆਂ ਨੂੰ ਹਿੰਦੁਸਤਾਨ ਵਿੱਚ ਰੱਖਣਾ ਕਿ ਨਹੀਂ। ਅਸੀਂ ਨਾਲ ਰਹਿਣਾ ਚਾਹੁੰਦੇ ਹਾਂ, ਪਰ ਦੋ ਨੰਬਰ ਦੇ ਸ਼ਹਿਰੀ ਬਣ ਕੇ ਨਹੀਂ, ਬਰਾਬਰ ਦੇ ਸ਼ਰੀਕ ਬਣ ਕੇ। ਆਪਣੀ ਜ਼ਮੀਰ ਨੂੰ ਆਜ਼ਾਦ ਕਰ ਕੇ ਜਿਊਣਾ।
* ਜੇ ਆਜ਼ਾਦੀ ਲਈ ੨ ਸਿਰ ਦੇਣ ਵਾਲੇ ਹਿੰਦੂਆਂ ਵਿੱਚੋਂ ਪਵਨ ਕੁਮਾਰ ੨੩੦ ਗਰਨੇਡ ਰੱਖ ਸਕਦਾ ਹੈ ਤਾਂ ਫਿਰ ੯੩ ਸਿਰ ਦੇਣ ਵਾਲੇ ਸਿੰਘ ਕਿਉਂ ਨਹੀਂ ਰੱਖ ਸਕਦੇ।
* ਹਥਿਆਰ ਰੱਖ ਕੇ ਧੀ ਭੈਣ ਦੀ ਇੱਜ਼ਤ ਲੁੱਟਣੀ, ਕਿਸੇ ਦਾ ਘਰ ਸਾੜਨਾ, ਕਿਸੇ ਨੂੰ ਗੁੰਮਰਾਹ ਕਰ ਕੇ ਤੰਗ ਕਰਨਾ, ਕਿਸੇ ਦਾ ਘਿਰਾਉ ਕਰ ਕੇ ਉਹਦੇ 'ਤੇ ਵਾਰ ਕਰਨਾ, ਕਿਸੇ ਦੀ ਬੇ-ਇੱਜ਼ਤੀ ਕਰਨੀ, ਸਿੱਖ ਵਾਸਤੇ ਬਹੁਤ ਹੀ ਵੱਡਾ ਪਾਪ ਆ, ਪਰ ਹਥਿਆਰ ਰੱਖ ਕੇ ਇੱਜ਼ਤ ਲੁਟਾਈ ਜਾਣਾ, ਉਹਦੇ ਤੋਂ ਵੀ ਵੱਡਾ ਪਾਪ ਆ।
* ਆਪਣੀ ਅਣਖ਼ ਤੇ ਗ਼ੈਰਤ ਨੂੰ ਸੰਭਾਲਣ ਵਾਸਤੇ ਆਪਣੀ ਇੱਜ਼ਤ ਤੇ ਧਰਮ ਨੂੰ ਬਰਕਰਾਰ ਰੱਖਣ ਵਾਸਤੇ, ਹਰ ਸਿੱਖ ਨੂੰ ਆਪਣੀ ਜ਼ਿੰਮੇਵਾਰੀ ਸੰਭਾਲਣੀ ਚਾਹੀਦੀ ਆ, ਤਾਂ ਕੁਝ ਬਣੇਗਾ।
* ਜੇ ਸ਼ੇਰ ਦਾ ਪੁੱਤ ਭੇਡ ਤੋਂ ਲੱਤਾਂ ਖਾ ਕੇ ਆ ਜਾਵੇ ਤਾਂ ਉਹਨੂੰ ਸ਼ਰਮ ਨਾਲ ਹੀ ਮਰ ਜਾਣਾ ਚਾਹੀਦਾ।

* ਜੇ ਤਾਂ ਪੁੱਤਰ ਆਂ ਗੁਰੂ ਦੇ ਤੇ ਸ਼ਹੀਦਾਂ ਦੇ ਡੁੱਲ੍ਹੇ ਖ਼ੂਨ ਨਾਲ ਪਿਆਰ ਆ ਤਾਂ ਫਿਰ ਬਾਣੀ ਪੜ੍ਹੋ ਅਤੇ ਕਰੜਾ ਪ੍ਰਚਾਰ ਕਰੋ ਤੇ ਸੱਚ 'ਤੇ ਪਹਿਰਾ ਦਿਉ।
* ਜਦੋਂ ਤਕ ਮਰਨਾ ਨਹੀਂ ਮੰਡਦੇ, ਤਦੋਂ ਤਕ ਗ਼ੁਲਾਮੀ ਗਲੋਂ ਲਹਿਣੀ ਨਹੀਂ ਤੇ ਤਦੋਂ ਤਕ ਕਿੰਨਾ ਕਹੀ ਚੱਲੋ ਕਿ ਅਸੀਂ ਵਾਰਨਿੰਗ ਦਿੰਦੇ ਆਂ, ਅਸੀਂ ਨਿਖੇਧੀ ਕਰਦੇ ਆਂ, ਇਹਦੇ ਗੰਭੀਰ ਸਿੱਟੇ ਨਿਕਲਣਗੇ, ਸਰਕਾਰ ਨੂੰ ਸੋਚ ਲੈਣਾ ਚਾਹੀਦਾ (ਉਹਦਾ ਕੋਈ ਅਸਰ ਨਹੀਂ)। ਸੋਚਣਾ ਤਾਂ ਸਾਨੂੰ ਚਾਹੀਦਾ ਕਿ ਅਸੀਂ ਜ਼ਲੀਲਗੀ ਤੋਂ ਬਚਣਾ ਕਿਵੇਂ ਆ। ਸਰਕਾਰ ਤਾਂ ਸੋਚੀ ਜਾਂਦੀ ਆ ਕਿ ਇਹਨਾਂ ਦੀ ਇਜ਼ਤ ਲੁੱਟੋ ਤੇ ਜ਼ਲੀਲ ਕਰੋ।

ਵਿਆਖਿਆਨ ੨੫

* ਕਿਸੇ ਸਿੱਖ ਦੀ ਜ਼ੁਰਅਤ ਨਹੀਂ ਕਿ ਨਰਕਧਾਰੀਏ ਆਏ ਹੋਣ ਤੇ ਗੁਰੂ ਕਾ ਸਿੱਖ ਹੁਕਮਨਾਮੇ ਦੀ ਉਲੰਘਣਾ ਕਰ ਕੇ ਉਹਨਾਂ ਨੂੰ ਫ਼ਤਹਿ ਬੁਲਾਏ।
* ਜੇ ਨਿਰੰਕਾਰੀਆਂ ਦੀ ਇੱਛਾ ਹੈ ਕਿ ਅਸੀਂ ਕੁਰਬਾਨੀ ਦੇਣੀ ਆਂ ਤੇ ਸਿੱਖ ਵੀ ਚਾਹੁੰਦੇ ਆ ਕਿ ਸਾਡਾ ਕਰਜ਼ਾ ਪੂਰਾ ਹੋਵੇ ਤੇ ਗਲੋਂ ਗਲਾਵਾਂ ਲੱਥੇ। ਉਹ ਆਈ ਜਾਣ ਤੇ ਸਿੱਖ ਕੁਰਬਾਨੀ ਲਈ ਜਾਣਗੇ, ਤੁਰਨ ਤੇ ਸਹੀ ਭਲਾ ਕਿਸੇ ਪਾਸੇ।
* ਜੇ ਰਾਜਿਸਥਾਨ ਦੀਆਂ ਨਹਿਰਾਂ ਵਿੱਚੋਂ ਮਿਲੀਆਂ ਸਾਰੀਆਂ ਲਾਸ਼ਾਂ ਸਿੱਖਾਂ ਦੀਆਂ ਈ ਆ ਤੇ ਫਿਰ ਸਿੰਘੋ ਸੋਚਣਾ ਪਊਗਾ ਆਪਾਂ ਨੂੰ ਕਿ ਉਧਰ ਨੂੰ ਜਾ ਰਹੀਆਂ ਸਿੰਘਾਂ ਦੀਆਂ ਲਾਸ਼ਾਂ ਆਪਾਂ ਮੋੜਨੀਆਂ ਕਿਵੇਂ ਆ ?

ਵਿਆਖਿਆਨ ੨੬

* ਸਾਡਾ ਵੈਰ ਕਿਸੇ ਨਾਲ ਹੈ ਨਹੀਂ, ਆਏ ਨੂੰ ਅਸੀਂ ਨਰਾਜ਼ ਮੋੜਦੇ ਨਹੀਂ ਤੇ ਜੇ ਸਰਕਾਰ ਦੇ ਹੱਥੀਂ ਚੜ੍ਹ ਕੇ ਜਾਣ-ਬੁਝ ਕੇ ਪੰਗਾ ਲੈਣਾ ਤਾਂ ਫਿਰ ਜੀਅ ਸਦਕੇ ਆਉਣ, ਜੋ ਹੁਕਮਨਾਮਾ ਜਾਰੀ ਹੋਇਆ, ਉਹਦੀ ਪੂਰੀ ਪਾਲਣਾ ਕਰਾਂਗੇ।

ਵਿਆਖਿਆਨ ੨੭

* ਜਥੇ ਨੂੰ ਬਦਨਾਮ ਕਰਨ ਵਾਸਤੇ ਗੌਰਮੈਂਟ ਨੇ ਆਪਣੇ ਕੁਝ ਟਾਊਟਾਂ ਰਾਹੀਂ ਸਿੰਘ ਦੇ ਨਾਂਅ 'ਤੇ ਹਿੰਦੂਆਂ ਨੂੰ ਧਮਕੀ ਭਰੀਆਂ ਚਿੱਠੀਆਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ ਨੇ, ਜੇ ਕਿਤੇ ਇਹ ਟਾਊਟ ਮੇਰੀ ਜਾੜ੍ਹ ਹੇਠ ਆ ਗਏ ਤੇ ਲਿਹਾਜ਼ ਮੈਥੋਂ ਵੀ ਨਹੀਂ ਹੋਣਾ।
* ਆਪਾਂ ਗਲ ਕਿਸੇ ਦੇ ਪੈਣਾ ਨਹੀਂ ਤੇ ਜੇ ਮੱਲੋ ਮੱਲੀ ਆਣ ਕੇ ਕੋਈ ਗਲ ਚੜ੍ਹੇਗਾ, ਫਿਰ ਲਾਹੁਣ ਤੋਂ ਟਲਣਾ ਨਹੀਂ।

ਵਿਆਖਿਆਨ ੨੮

* ਜਦੋਂ ਤੱਕ ਸ਼ਾਂਤਮਈ ਢੰਗ ਨਾਲ ਆਪਣਾ ਇਹ ਕੰਮ ਚੱਲਦਾ ਤੇ ਚੱਲਣਾ ਵੀ ਚਾਹੀਦਾ, ਪਰ ਗਰਮੀ ਵਾਸਤੇ ਵੀ ਤਿਆਰ ਰਹਿਣਾ ਚਾਹੀਦਾ। ਇਹ ਨਹੀਂ ਕਿ ਗਰਮੀ ਦਾ ਐਲਾਨ ਹੋ ਜਾਵੇ ਤੇ ਮੁੜ ਕੇ ਤੁਸੀਂ ਕੋਈ ਟਾਹਲੀਆਂ 'ਤੇ ਚੜ੍ਹ ਕੇ ਟੰਬੇ ਵੱਢਦੇ ਫਿਰੋ, ਮੌਕੇ 'ਤੇ ਗੱਲ ਨਹੀਂ ਬਣਨੀ। ਉਹ ਪਹਿਲਾਂ ਵੱਢ ਕੇ ਛਾਂਗ ਛੁੰਗ ਕੇ ਰੱਖੋ।
* ਜਿਹੜਾ ਜ਼ਮੀਰ ਕਰਕੇ ਆਜ਼ਾਦ ਨਹੀਂ, ਉਹ ਮਨੁੱਖ ਆਪਣਾ ਪ੍ਰਯੋਜਨ ਹੀ ਸੋਚਦਾ, ਕੌਮ ਦਾ ਕਦੇ ਨਹੀਂ ਸੋਚਦਾ। ਕੌਮ ਦਾ ਸੋਚਣ ਵਾਲੇ ਕਦੇ ਲਾਲਚ ਨਹੀਂ ਕਰਦੇ।
* ਕਿਸੇ ਮੁਸਲਮਾਨ ਨੇ ਆਪਣੇ ਰਾਜ ਵਿੱਚ ਕੁਰਾਨ ਨੂੰ ਅਤੇ ਕਿਸੇ ਹਿੰਦੂ ਨੇ ਆਪਣੇ ਰਾਜ ਵਿਚ ਗੀਤਾ ਨੂੰ ਅੱਗ ਨਹੀਂ ਲਵਾਈ, ਪਰ ਇੱਕੋ ਇੱਕ ਬਹੁਰੂਪੀਆ ਮੁੱਖ ਮੰਤਰੀ ਦਰਬਾਰਾ ਸਿਉਂ ਹੀ ਹੈ, ਜਿਸ ਨੇ ਗੁਰੂ ਗਰੰਥ ਸਾਹਿਬ ਨੂੰ ਅੱਗ ਲਵਾ ਕੇ ਵੀ ਕੁਰਸੀ ਦਾ ਤਿਆਗ ਨਹੀਂ ਕੀਤਾ।

ਵਿਆਖਿਆਨ ੨੯

* ਜਦੋਂ ਤਕ ਸਿੰਘੋ ਹਥਿਆਰ ਲੈ ਕੇ ਆਪੋ ਆਪਣੀ ਜ਼ਿੰਮੇਵਾਰੀ ਤੋਂ ਕੰਮ ਨਹੀਂ ਲੈਂਦੇ, ਤਦੋਂ ਤੱਕ ਆਪਣਾ ਗ਼ੁਲਾਮੀ ਤੋਂ ਛੁਟਕਾਰਾ ਨਹੀਂ ਹੋਣਾ।
* ਆਪਣਾ ਹੱਕ ਲੈਣ ਵਾਸਤੇ ਕਿਸੇ ਪ੍ਰਕਾਰ ਦੀ ਢਿੱਲ ਨਹੀਂ ਕਰਨੀ ਚਾਹੀਦੀ।

ਵਿਆਖਿਆਨ ੩੦

* ਜੋ ਅੱਤਿਆਚਾਰ ਗੌਰਮੈਂਟ ਨੇ ਅਰੰਭ ਕੀਤਾ, ਇਸ ਨੂੰ ਰੋਕਣ ਵਾਸਤੇ ਆਪਾਂ ਨੂੰ ਅੰਮ੍ਰਿਤ ਛਕ ਕੇ ਸ੍ਰੀ ਗੁਰੂ ਗਰੰਥ ਸਾਹਿਬ ਦੇ ਲੜ ਲੱਗ ਕੇ ਤਿਆਰ-ਬਰ-ਤਿਆਰ ਅਤੇ ਲਾਮਬੰਦ ਹੋਣਾ ਚਾਹੀਦਾ। ਆਪਣੇ ਹੱਕ ਵਾਸਤੇ ਜੂਝਣ ਲਈ ਤੇ ਹਰ ਮੋੜ ਦਾ ਮੁਕਾਬਲਾ ਕਰਨ ਲਈ ਢਿਲਆਈ, ਆਦਿ ਦਾ ਤਿਆਗ ਕਰ ਕੇ ਸ਼ਸਤਰਧਾਰੀ ਹੋਣਾ ਚਾਹੀਦਾ।
* ਗੱਡੀ ਕਿਤੇ ਕਿਸੇ ਨੂੰ ਕੋਈ ਚੜ੍ਹਾ ਦੇਵੇ ਤੇ ਕਹਿੰਦੇ ਨੇ ਮਾਰ ਦਿੱਤਾ ਭਿੰਡਰਾਂਵਾਲੇ ਨੇ।
* ਜੇ ਪੰਡਿਤਾਂ ਦੀ ਕੁੜੀ ਵਾਸਤੇ ਜਹਾਜ਼ ਅਗਵਾਹ ਹੋ ਜਾਵੇ ਤਾਂ ਦੇਸ਼ ਭਗਤੀ ਤੇ ਜੇ ਸਿੱਖ ਦੇ ਇਸ਼ਟ ਵਾਸਤੇ ਜਹਾਜ਼ ਅਗਵਾਹ ਹੋ ਜਾਵੇ ਤਾਂ ਦੇਸ਼ ਨਾਲ ਗ਼ਦਾਰੀ।
* ਕੋਠੀਆਂ ਤੇ ਪੈਲੀ ਖ਼ਰੀਦਣੀ ਬੰਦ ਕਰਕੇ ਇੱਕ ਇੱਕ ਮੋਟਰ ਸਾਈਕਲ ਤੇ ਇੱਕ ਇੱਕ ਵਧੀਆ ਰਿਵਾਲਵਰ ਖ਼ਰੀਦਣਾ ਸ਼ੁਰੂ ਕਰੋ।

* ਮੈਂ ਆਪਣੀ ਜ਼ਿੰਦਗੀ ਵਿੱਚ ਨਾ ਤਾਂ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਬਣਨਾ, ਨਾ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਨਾ, ਨਾ ਐਮ.ਐਲ.ਏ., ਐਮ.ਪੀ. ਤੇ ਵਜ਼ੀਰ ਬਣਨਾ ਤੇ ਨਾ ਸ਼ਾਇਦ ਮੈਂ ਚਾਰ ਆਨੇ ਦਾ ਮੈਂਬਰ ਬਣਨਾ ਤੇ ਜੇ ਕੁਰਸੀ ਲੈਣੀ ਹੀ ਕੋਈ ਨਹੀਂ ਤੇ ਸਾਡੀ ਲੜਾਈ ਪਉਗੀ ਕਿਵੇਂ ਭਲਾ ?
* ਜੇ ਮੇਰੀ ਜ਼ਿੰਦਗੀ ਰਹੀ ਤੇ ਮੈਂ ਬਾਹਰ ਆ ਗਿਆ ਤਾਂ ਇੱਕ ਮਹੀਨੇ ਦੇ ਵਿੱਚ ਵਿੱਚ ੧੦ ਲੱਖ ਤੱਕ ਜਿਹੜੇ ਸਿੱਖ ਦਾ ਨੁਕਸਾਨ ਪੁਲਿਸ ਨੇ ਕੀਤਾ ਹੋਇਆ, ਉਹ ਅਸੀਂ ਜ਼ਰੂਰ ਦੇਵਾਂਗੇ, ਚਾਹੇ ਕੋਲੋਂ ਦੇਈਏ ਤੇ ਚਾਹੇ ਉਹਨਾਂ ਦੀ ਧੌਣ 'ਤੇ ਗੋਡਾ ਰੱਖ ਕੇ ਉਹਨਾਂ ਤੋਂ ਤੁਹਾਨੂੰ ਵਾਪਸ ਦਿਵਾ ਦੇਈਏ।
* ਸਰੀਰ ਰਿਹਾ ਤਾਂ ਜ਼ਰੂਰ ਸਾਰਾ ਕੁਝ ਕਰੂੰ ਤੇ ਜੇ ਸਰੀਰ ਸ਼ਾਂਤ ਹੋ ਗਿਆ, ਕੋਈ ਭਾਣਾ ਵਰਤ ਗਿਆ ਤਾਂ ਪੁਲਿਸ ਵਾਲਿਓ ਕਿਤੇ ਇਹ ਨਾ ਖ਼ਿਆਲ ਕਰਿਓ ਕਿ ਬਾਕੀ ਪੱਗਾਂ ਵਾਲੇ ਸੌਂ ਜਾਣਗੇ, ਇਹ ਇੰਗਲੈਂਡ ਜਾ ਕੇ ਵੀ ਆਪਣਾ ਹੱਕ ਲੈਣਾ ਜਾਣਦੇ ਆ।
* ਹਥਿਆਰ-ਬੰਦ ਹੋਵੋ, ਦ੍ਰਿੜ੍ਹਤਾ ਸਹਿਤ ਚੱਲੋ, ਨਸ਼ਿਆਂ ਦਾ ਤਿਆਗ ਕਰੋ, ਕੇਸ ਦਾਹੜਾ ਸਾਬਤ ਰੱਖੋ, ਅੰਮ੍ਰਿਤ ਛਕੋ, ਗੁਰੂ ਵਾਲੇ ਬਣੋ, ਸ਼ਹੀਦਾਂ ਦੇ ਡੁੱਲ੍ਹੇ ਲਹੂ ਦਾ ਅਤੇ ਭੈਣਾਂ ਦੀ ਲੁੱਟੀ ਇੱਜ਼ਤ ਦਾ ਹੱਕ ਲੈਣ ਲਈ ਤਤਪਰ ਰਹੋ।

ਵਿਆਖਿਆਨ ੩੧

* ਉਹ ਸਿੱਖ ਦੇ ਕਾਤਲ ਦੇ ਘਰੋਂ ਰੋਟੀ ਖਾ ਕੇ ਵੀ ਅਕਾਲੀ, ਲਾਇਸੈਂਸ ਬਣਾ ਕੇ ਵੀ ਅਕਾਲੀ, ਇੰਦਰਾ ਨੂੰ ਮਿਲ ਕੇ ਵੀ ਅਕਾਲੀ ਤੇ ਮੋਰੀਆਂ ਬੱਸਾਂ ਸੜ ਜਾਣ ਤਾਂ ਵੀ ਕਾਂਗਰਸੀ, ਲਾਇਸੈਂਸ ਰੱਦ ਹੋ ਜਾਣ ਤਾਂ ਵੀ ਕਾਂਗਰਸੀ, ਸਿੰਘ ਸ਼ਹੀਦ ਹੋ ਜਾਣ ਤਾਂ ਵੀ ਕਾਂਗਰਸੀ, ਮੇਰੇ ਨਾਲ ਦੇ ਸਿੰਘਾਂ ਦੇ ਘਰਾਂ ਦੀ ਕੁਰਕੀ ਹੋ ਜਾਵੇ ਤਾਂ ਵੀ ਕਾਂਗਰਸੀ, ਅੱਗ ਲਾ ਕੇ ਸਾੜ ਦੇਣ ਮੈਂ ਤਾਂ ਵੀ ਕਾਂਗਰਸੀ।
* ਗੁਰ ਇਤਿਹਾਸ ਤੇ ਸਿੱਖ ਇਤਿਹਾਸ ਵਿੱਚ ਦੋ ਪੀੜ੍ਹੀਆਂ ਲਗਾਤਾਰ ਸ਼ਾਂਤਮਈ ਨਹੀਂ ਰਹੀ ਤੇ ਆਪਣੇ ਇਤਿਹਾਸ ਵਿੱਚ ਜਿਹੜਾ ਹੁਣ ਚੱਲ ਰਿਹਾ, ਇਹ ੧੪ ਪੀੜ੍ਹੀਆਂ ਸ਼ਾਂਤਮਈ ਦੀਆਂ ਹੋ ਗਈਆਂ। ਪੰਜਵੇਂ ਪਾਤਿਸ਼ਾਹ ਨੇ ਸ਼ਾਂਤਮਈ ਸ਼ਹੀਦੀ ਦਿੱਤੀ ਤੇ ਛੇਵੇਂ ਪਾਤਿਸ਼ਾਹ ਨੇ ਚੰਦੂ ਦੇ ਨੱਕ ਵਿੱਚ ਨਕੇਲ ਪਾ ਕੇ ਕੁੱਤਿਆਂ ਵਿੱਚ ਬੱਧਾ। ਨੌਵੇਂ ਪਾਤਿਸ਼ਾਹ ਨੇ ਸ਼ਾਂਤਮਈ ਸ਼ਹੀਦੀ ਦਿੱਤੀ ਤੇ ਦਸਵੇਂ ਪਾਤਿਸ਼ਾਹ ਨੇ ਬਦਲਾ ਲਿਆ।
* ਕਿਸੇ ਮਸੀਤ ਵਿੱਚ ਹਿੰਦੂ ਮੱਥਾ ਨਹੀਂ ਟੇਕ ਸਕਦਾ। ਕਿਸੇ ਸ਼ਿਵ ਦੁਆਲੇ

ਵਿੱਚ ਮੁਸਲਮਾਨ ਮੱਥਾ ਨਹੀਂ ਟੇਕ ਸਕਦਾ ਤੇ ਆਹ ਦਰਬਾਰ ਸਾਹਿਬ 'ਚ ਕਿਹੜੇ ਹਿੰਦੂ ਤੇ ਮੁਸਲਮਾਨ ਨੂੰ ਮੱਥਾ ਟੇਕਣੋਂ ਰੋਕਿਆ ਜਾਂਦਾ ?

* ਓ ਭੈਣਾਂ ਲੁੱਟੀਆਂ ਗਈਆਂ, ਇਸ਼ਟ ਸਾੜ ਦਿੱਤਾ, ਗੁਰਦੁਆਰਿਆਂ ਨੂੰ ਅੱਗਾਂ ਲਾਈਆਂ, ਸਿੱਖਾਂ ਦੀ ਇਜ਼ਤ ਲੁੱਟੀ ਗਈ ਤੇ ਤੁਹਾਡੇ ਕੰਨ 'ਤੇ ਜੂੰਅ ਨਹੀਂ ਸਰਕੀ।
* ਗੁਰੂ ਹਰਿਗੋਬਿੰਦ ਸਾਹਿਬ ਸੱਚੇ ਪਾਤਿਸ਼ਾਹ ਨੇ ਜਹਾਂਗੀਰ ਕੋਲੋਂ ਕਿੰਨੇ ਲਾਇਸੈਂਸ ਲਏ ਸੀ ? ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਕੋਲੋਂ ਕਿੰਨੇ ਲਾਇਸੈਂਸ ਲਏ ਸੀ ? ਆਪਾਂ ਸਿੱਖ ਹੋਈਏ ਦਸਵੇਂ ਪਾਤਿਸ਼ਾਹ ਦੇ ਤੇ ਲਾਇਸੈਂਸ ਮੰਗੀਏ ਮੋਨਿਆਂ ਤੋਂ, ਫਿਰ ਲੋਕ ਸਾਨੂੰ ਕੀ ਕਹਿਣਗੇ ?
* ਜੇ ਪਵਨ ਕੁਮਾਰ ੨੩੦ ਗਰਨੇਡ ਰੱਖ ਸਕਦਾ ਤੇ ਤੁਸੀਂ ਸਿੱਖਾਂ ਦੇ ਪੁੱਤ ਕਿਉਂ ਨਹੀਂ ਰੱਖ ਸਕਦੇ ?
* ਜੇ ਕਿਸੇ ਦੀ ਧੀ ਭੈਣ ਆਪਣੇ ਘਰ ਆ ਜਾਵੇ, ਭਾਵੇਂ ਨਰਕਧਾਰੀਆਂ ਦੀ ਵੀ ਕਿਉਂ ਨਾ ਹੋਵੇ, ਉਹਨੂੰ ਭੈਣ ਸਮਝ ਕੇ ਰੱਖਣਾ, ਉਹਦੀ ਇਜ਼ਤ ਨਹੀਂ ਲੁੱਟਣੀ।
* ਮੇਰੇ ਕੋਲ ਕੋਈ ਕਾਂਗਰਸੀ ਆ ਜਾਵੇ, ਕਾਮਰੇਡ ਆ ਜਾਵੇ, ਚਾਹੇ ਕੋਈ ਹੋਰ ਆ ਜਾਵੇ, ਮੇਰਾ ਕੰਮ ਤਾਂ ਗਾਤਰੇ ਕ੍ਰਿਪਾਨ ਪਵਾਉਣੀ ਤੇ ਉਹਦੇ ਨਸ਼ੇ ਛੁਡਾਉਣਾ।
* ਮੈਂ ਆਪਣੀ ਜ਼ਿੰਦਗੀ 'ਚ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ, ਸ਼੍ਰੋਮਣੀ ਕਮੇਟੀ ਦਾ ਪ੍ਰਧਾਨ, ਸ਼੍ਰੋਮਣੀ ਕਮੇਟੀ ਦਾ ਮੈਂਬਰ, ਐਮ.ਐਲ.ਏ., ਐਮ.ਪੀ., ਵਜ਼ੀਰ, ਕਿਸੇ ਵੀ ਮੁਰਾਤਬੇ 'ਤੇ ਬੈਠਾਂ, ਜੋ ਤੁਸੀਂ ਗੁਰੂ ਕੀ ਸੰਗਤ ਸਜ਼ਾ ਦਿਉਗੇ, ਮੈਂ ਭੁਗਤਾਂਗਾ।
* ਮੈਂ ਨਾ ਤਾਂ ਤੁਹਾਡਾ ਲੀਡਰ ਆਂ, ਨਾ ਤੁਹਾਡਾ ਸੰਤ ਆਂ, ਤੁਹਾਡਾ ਚੌਕੀਦਾਰ ਆਂ, ਨੌਕਰ ਆਂ ਤੇ ਤੁਹਾਡੇ ਜੋੜੇ ਝਾੜਨੇ ਆ।
* ਮੇਰੇ ਕੋਲ ਨਾਂਅ ਉਹ ਲਿਖਾਇਉ, ਜਿਹਨੂੰ ਫਾਂਸੀ ਦਾ ਰੱਸਾ ਚੰਗਾ ਲੱਗਦਾ, ਜਿਹਨੇ ਚਰਖੜੀ 'ਤੇ ਚੜ੍ਹਨਾ, ਜਿਹਨੂੰ ਉਬਲਦੇ ਦੇਗੇ ਨਾਲ ਪਿਆਰ ਆ, ਜਿਹਨੇ ਮੋਟਰ ਸਾਈਕਲ 'ਤੇ ਚੜ੍ਹ ਕੇ ਸ਼ਹੀਦਾਂ ਦਾ ਹੱਕ ਲੈਣਾ ਤੇ ਆਪਣਾ ਸੀਸ ਤਲੀ 'ਤੇ ਰੱਖ ਕੇ ਯਾਰ ਦੀ ਗਲੀ 'ਚ ਤੁਰਨਾ। ਜਿਹਨੇ ਕੁਰਸੀ ਲਈ ਟਿਕਟ ਲੈਣੀ ਆ ਤੇ ਮੁੰਡੇ ਕੁੜੀਆਂ ਨੂੰ ਨੌਕਰੀ 'ਤੇ ਲੁਆਉਣਾ, ਉਹ ਲਾਲਚ ਵਿੱਚ ਆ ਕੇ ਮੇਰੇ ਕੋਲ ਨਾਂਅ ਨਾ ਲਿਖਾਇਉ।
* ਮੈਂ ਤੁਹਾਨੂੰ ਆਪਣੇ ਭਰਾ ਬਣਾਉਣਾ। ਜੇ ਭਰਾ ਬਣਨਾ ਤਾਂ ਹਾਂ ਕਹਿ ਦਿਉ ਤੇ ਜੇ ਨਹੀਂ ਬਣਨਾ ਤੇ ਨਾਂਹ ਕਹਿ ਦਿਉ। ਹਾਂ ਤਾਂ ਕਹਿਉ ਜੇ ਮੈਨੂੰ ਚੰਗਾ ਸਮਝਦੇ ਓ, ਜੇ ਮਾੜਾ ਸਮਝਦੇ ਓ ਤੇ ਫਿਰ ਹਾਂ ਨਾ ਕਰਿਓ। ਜੇ ਭਰਾ

ਬਣਨਾ ਤਾਂ ਫਿਰ ਕੇਸ ਦਾਹੜਾ ਰੱਖਣਾ ਪੈਣਾ ਤੇ ਸ਼ਰਾਬ ਛੱਡਣੀ ਪੈਣੀ ਆ।

* ਜੇ ਕੇਸ ਦਾਹੜਾ ਰਖਵਾ ਕੇ ਤੁਹਾਨੂੰ ਕਹਾਂ ਮੈਨੂੰ ਸੰਤ ਮੰਨੋ ਤੇ ਮੱਥਾ ਟੇਕੋ ਜਾਂ ਕਹਾਂ ਮੇਰੇ ਚੇਲੇ ਬਣ ਜਾਉ ਤਾਂ ਜੋ ਮਰਜ਼ੀ ਕਰਿਓ। ਭਰਾ ਬਣਾ ਕੇ ਚੱਲਣਾ ਤੇ ਭਰਾ ਬਣ ਕੇ ਚੱਲਣਾ। ਨਾ ਤੁਹਾਡਾ ਮੈਂ ਚੇਲਾ ਤੇ ਨਾ ਤੁਸੀਂ ਮੇਰੇ ਚੇਲੇ ਓ।
* ਇਹ ਮੋਰਚਾ ਨਾ ਤਾਂ ਲੌਂਗੋਵਾਲ ਦਾ, ਨਾ ਇਹ ਭਿੰਡਰਾਂਵਾਲੇ ਦਾ ਤੇ ਨਾ ਇਹ ਕਿਸੇ ਹੋਰ ਲੀਡਰ ਦਾ, ਇਹ ਮੋਰਚਾ ਪੰਥ ਦਾ ਆ। ਇਸ ਮੋਰਚੇ ਦੀ ਸਫਲਤਾ ਹਰ ਹਾਲਤ ਤੇ ਹਰ ਕੀਮਤ 'ਤੇ ਕਰਨੀ ਆ ਤੇ ਕਰਨੀ ਵੀ ਅਨੰਦਪੁਰ ਦੇ ਮਤੇ 'ਤੇ ਆ।
* ਕੇਸਰੀ ਨਿਸ਼ਾਨ ਸਾਹਿਬ ਦਾ ਨਾਅ ਲੈ ਕੇ, ਸ੍ਰੀ ਗੁਰੂ ਗਰੰਥ ਸਾਹਿਬ ਦਾ ਵਾਸਤਾ ਪਾ ਕੇ, ਪੰਥ ਦੇ ਨਾਅ ਦੀ ਡੁਗਡੁਗੀ ਖੜਕਾ ਕੇ, ਹੁਕਮਨਾਮੇ ਦੀ ਉਲੰਘਣਾ ਕਰ ਕੇ, ਸ਼ਹੀਦਾਂ ਦਾ ਖ਼ੂਨ ਪੀ ਕੇ, ਨਰਕਧਾਰੀਆਂ ਨੂੰ ਬਾਪੂ ਕਹਿ ਕੇ, ਉਹਨਾਂ ਤੋਂ ਵੋਟਾਂ ਲੈ ਕੇ, ਕੁਰਸੀ ਨੂੰ ਕਾਇਮ ਜਿਹਨਾਂ ਨੇ ਰੱਖਿਆ ਜਾਂ ਅਗਾਂਹ ਨੂੰ ਰੱਖਣ ਦੇ ਇੱਛੁਕ ਆ, ਉਹਨਾਂ ਤੋਂ ਬਚ ਕੇ ਰਹਿਓ।
* ਜੇ ਤਾਂ ਮੈਂ ਨਰਕਧਾਰੀਆਂ ਦੇ ਘਰ ਜਾ ਕੇ ਵੋਟਾਂ ਮੰਗੀਆਂ ਜਾਂ ਮੰਗਾਂ ਤੇ ਮੇਰੇ ਕੋਲ ਜਿੰਨੇ ਤੁਸੀਂ ਹੁਣ ਬੈਠੇ ਹੋ, ਦੁਬਾਰਾ ਪੌੜੀਆਂ ਨਾ ਚੜ੍ਹਿਓ ਤੇ ਜੇ ਤੁਹਾਨੂੰ ਦਿਸਦਾ ਭਈ ਮੈਂ ਤੁਹਾਡਾ ਚੌਕੀਦਾਰ ਹਾਂ ਤੇ ਫਿਰ ਭਾਵੇਂ ਘਰ ਨੂੰ ਨਾ ਜਾਇਉ।
* ਕਈ ਪੁੱਛਦੇ ਕਰਨਾ ਕੀ ਆ, ਨਿਸ਼ਾਨਾ ਕੀ ਆ ? ਪ੍ਰਗਟ (ਸਪਸ਼ਟ) ਕਰ ਕੇ ਦੱਸਣਾ ਚਾਹੀਦਾ। ਪਰਗਟ ਇਹੋ ਹੀ ਆ ਕਿ ਜਿੱਦੇਂ ਹਰਿਮੰਦਰ ਸਾਹਿਬ 'ਤੇ ਪਤਾ ਲੱਗ ਜਾਏ ਕਿ ਪੁਲਿਸ ਨੇ ਹਮਲਾ ਕਰ ਦਿੱਤਾ, ਉਸ ਦਿਨ ਪੱਗ ਤੋਂ ਬਿਨਾਂ ਕੋਈ ਦਿਸਣਾ ਨਹੀਂ ਚਾਹੀਦਾ, ਮੁਸਲਮਾਨਾਂ 'ਤੇ ਤਰਸ ਕਰਿਓ। ਕਈ ਤਾਂ ਇਹ ਰੌਲਾ ਪਾਉਂਦੇ ਆ ਨਾ ਕਿ ਭਿੰਡਰਾਂਵਾਲਾ ਕਹਿੰਦਾ ਚੁੱਕ ਦਿਉ ਇੱਕ ਫ਼ਿਰਕੇ ਦੇ ਫੱਟੇ, ਇਸ ਤਰ੍ਹਾਂ ਨਹੀਂ, ਪਰ ਇਹਦੇ ਵਿੱਚ ਇਕ ਗੱਲ ਰੱਖੀ ਆ, ਭਈ ਜੇ ਇਥੇ ਹਮਲਾ ਹੋਵੇ ਤਾਂ।
* ੯੦ ਸਿਰ ਅਸੀਂ ਦਿੱਤੇ ਆ ਤੇ ੧੦ ਛੱਲੀ ਰਾਮ ਹੁਰਾਂ ਨੇ ਦਿੱਤੇ ਆ। ੯੦ ਸਿਰਾਂ ਦੀ ਧਰਤੀ ਸਾਨੂੰ ਦੇ ਦੇਣ ਤੇ ੧੦ ਸਿਰਾਂ ਦੀ ਜਿਹੜੀ ਪਹਾੜੀ ਇੱਕ ਅੱਧੀ ਮਿਲਦੀ ਆ ਲੈ ਲੈਣ।
* ਹਿੰਦੂ ਮਾਰੇ ਗਏ, ਗੌਰਮੈਂਟ ਨੇ ਉਹਨਾਂ ਨੂੰ ੧੦-੧੦ ਹਜ਼ਾਰ ਰੁਪਿਆ ਦਿੱਤਾ। ਸਿੱਖ ੨੦੦ ਤੋਂ ਉੱਪਰ ਮਾਰਿਆ ਗਿਆ, ਸਰਕਾਰ ਨੇ ਇੱਕ ਵੀ ਸਿੱਖ ਦੇ ਪੁੱਤਰ ਨੂੰ ਕੋਈ ਧੇਲਾ ਨਹੀਂ ਦਿੱਤਾ।

ਵਿਆਖਿਆਨ ੩੨

* ਜੇ ਕਥਾ ਕਰਦੇ ਅਸੀਂ ਕਾਤਲ ਆਂ, ਅੰਮ੍ਰਿਤ ਸੰਚਾਰ ਕਰਦੇ ਅਸੀਂ ਕਾਤਲ ਆਂ, ਆਪਣੀ ਮਾਤਾ ਨੂੰ ਲੈਣ ਗਏ ਵੀ ਅਸੀਂ ਕਾਤਲ ਆਂ, ਇਥੇ ਬੈਠ ਕੇ ਗੁਰਬਾਣੀ ਦੀ ਕਥਾ ਕਰੀਏ ਅਸੀਂ ਤਾਂ ਵੀ ਕਾਤਲ ਆਂ, ਸ਼ਹੀਦ ਦੀ ਅਰਥੀ ਨੂੰ ਮੋਢਾ ਦੇ ਦੇਈਏ ਜਾਂ ਅਸਥੀਆਂ ਲਿਜਾਈਏ ਤੇ ਅਸੀਂ ਤਾਂ ਵੀ ਕਾਤਲ ਆਂ ਤੇ ਫਿਰ ਸਾਨੂੰ ਸੋਚਣਾ ਪਵੇਗਾ ਕਿ ਜੇ ਅਸੀਂ ਝੂਠੇ ਹੀ ਕਾਤਲ ਆਂ ਤਾਂ ਸੱਚੇ ਬਣ ਕੇ ਚੱਜ ਨਾਲ ਵਿਖਾ ਦੇਈਏ।
* ਸਾਡਾ ਆਦਰਸ਼ ਹੈ, ਸਾਡਾ ਧਰਮ ਹੈ ਤੇ ਸਾਡਾ ਅਸੂਲ ਹੈ ਕਿ ਸਿੱਖ ਦੇ ਪੁੱਤ ਨੇ ਨਿਹੱਥੇ 'ਤੇ ਵਾਰ ਨਹੀਂ ਕਰਨਾ।
* ਸਿੱਖ ਦਾ ਧਰਮ ਆ ਕਿਸੇ ਦੀ ਧੀ ਭੈਣ ਦੀ ਇਜ਼ਤ ਨਹੀਂ ਲੁੱਟਣੀ। ਸਿੱਖ ਦਾ ਕਰਮ ਆ ਕਿਸੇ ਨੂੰ ਗਾਲ ਨਹੀਂ ਕੱਢਣੀ, ਪਰ ਸਿੱਖ ਦਾ ਕਰਮ ਇਹ ਨਹੀਂ ਕਿ ਭੈਣ ਨੂੰ ਨੰਗੀ ਤੋਰੀ ਫਿਰਨ ਤੇ ਸਿੱਖ ਨੀਵੀਂ ਪਾ ਕੇ, ਖੁਸਰਾ ਬਣ ਕੇ ਬੈਠਾ ਰਹੇ।
* ਕੇਸਰੀ ਨਿਸ਼ਾਨ ਸਾਹਿਬ ਦਾ ਨਾਂਅ ਲੈ ਕੇ, ਸ੍ਰੀ ਗੁਰੂ ਗਰੰਥ ਸਾਹਿਬ ਦਾ ਵਾਸਤਾ ਪਾ ਕੇ, ਪੰਥ ਦੇ ਨਾਂਅ ਦੀ ਡੁਗਡੁਗੀ ਖੜਕਾ ਕੇ, ਹੁਕਮਨਾਮੇ ਦੀ ਉਲੰਘਣਾ ਕਰ ਕੇ, ਸ਼ਹੀਦਾਂ ਦਾ ਖ਼ੂਨ ਪੀ ਕੇ, ਨਰਕਧਾਰੀਆਂ ਨੂੰ ਬਾਪੂ ਕਹਿ ਕੇ ਉਹਨਾਂ ਤੋਂ ਵੋਟਾਂ ਲੈ ਕੇ, ਕੁਰਸੀ ਨੂੰ ਕਾਇਮ ਰੱਖਣ ਦਾ ਕੋਈ ਇੱਛੁਕ ਹੋਵੇ, ਭਾਵੇਂ ਕਿੱਡਾ ਵੱਡੇ ਤੋਂ ਵੱਡਾ, ਛੋਟੇ ਤੋਂ ਛੋਟਾ, ਉਹਦੇ 'ਤੇ ਕਦੇ ਇਤਬਾਰ ਨਹੀਂ ਕਰਨਾ।
* ਜਿਹੜਾ ਗੁਰੂ ਗਰੰਥ ਸਾਹਿਬ ਜੀ ਦੀ ਚਲਾਈ ਹੋਈ ਮਰਿਯਾਦਾ ਨੂੰ, ਸਤਿਗੁਰੂ ਕਲਗੀਧਰ ਦੇ ਦਿੱਤੇ ਹੋਏ ਸਰੂਪ ਨੂੰ ਮੰਨਣ ਤੋਂ ਮੁਨਕਰ ਆ ਤੇ ਦਾਹੜੀਆਂ ਤੇ ਮੂੰਹ ਕਾਲਾ ਕਰਦਾ ਤੇ ਕਹਿੰਦਾ ਸਿੱਖ ਵੱਖਰੀ ਕੌਮ ਨਹੀਂ ਤੇ ਸਿੱਖਾਂ ਦੇ ਪੁੱਤ ਉੱਠ ਕੇ ਤੁਸੀਂ ਸਟੇਜਾਂ 'ਤੇ ਉਹਨਾਂ ਨੂੰ ਸਿਰੋਪਾ ਦੇਵੋ, ਸਿੱਖ ਅਖਵਾਉਣ ਦੇ ਹੱਕਦਾਰ ਹੋ ?
* ਸ਼ਸ਼ਤਰਧਾਰੀ ਹੋਵੋ, ਕੋਈ ਲਾਇਸੈਂਸਾਂ ਦੀ ਲੋੜ ਨਹੀਂ। ਜੇ ਹਿੰਦੂ ਦੇ ਪੁੱਤ ਨੂੰ ਗਰਨੇਡ ਲੈਣ ਵਾਸਤੇ ਲਾਇਸੈਂਸ ਦੀ ਲੋੜ ਨਹੀਂ, ਜੇ ਭੇਡ ਤੇ ਬੱਕਰੀ ਦੇ ਪੁੱਤ ਨੂੰ ਸ਼ਸ਼ਤਰ ਰੱਖਣ ਵਾਸਤੇ ਲਾਇਸੈਂਸ ਦੀ ਕੋਈ ਲੋੜ ਨਹੀਂ ਤਾਂ ਫਿਰ ਸ਼ੇਰ ਦਾ ਪੁੱਤ ਕਿਉਂ ਇਹਨਾਂ ਅੱਗੇ ਆ ਕੇ ਖੜਾ ਹੋ ਜਾਵੇ ਕਿ ਮੈਨੂੰ ਹਥਿਆਰ ਦਾ ਲਾਇਸੈਂਸ ਦਿਉ।
* ਲਾਹਨਤ ਆ ਆਪਣੇ ਜੀਵਨ ਨੂੰ, ਪੱਗ ਸਿਰ 'ਤੇ ਹੋਵੇ, ਦਾਹੜਾ ਸਾਬਤ ਹੋਵੇ ਤੇ ਟੋਪੀ ਵਾਲਾ ਆਉਂਦਾ ਹੋਵੇ ਤੇ ਚੁੱਪ ਕਰ ਕੇ ਉਹਨਾਂ ਨੂੰ ਹਥਿਆਰ ਫੜਾ ਦਿਉ ਤੇ ਕਹੋ ਲੈ ਬੱਚਿਆਂ ਵਾਲਿਆ ਲੈ ਜਾ। ਜੰਮੇ ਕਾਹਨੂੰ ਸਿੱਖਾਂ

ਦੇ ਘਰੇ ?

* ਅਨੰਦਪੁਰ ਦੇ ਮਤੇ ਦੀ ਪੂਰਤੀ, ਸਿੱਖ ਵੱਖਰੀ ਕੌਮ ਨਿਸਚੇ ਵਾਚਕ, ਜਦੋਂ ਤਕ ਕਲਮ ਨਾਲ ਲਿਖਵਾ ਨਹੀਂ ਲੈਂਦੇ, ਭਾਵੇਂ ਸਾਰੇ ਦਾ ਸਾਰਾ ਦੋ ਕਰੋੜ ਦਾ ਦੋ ਕਰੋੜ ਖ਼ਤਮ ਹੋ ਜਾਈਏ, ਤਦੋਂ ਤੱਕ ਇੱਕ ਇੰਚ ਵੀ ਪਿੱਛੇ ਨਹੀਂ ਹਟਣਾ ਤੇ ਜਿਹੜਾ ਹਟੇਗਾ, ਉਹਨੂੰ ਤੁਸੀਂ ਵੀ ਧਿਆਨ 'ਚ ਰੱਖਣਾ ਤੇ ਮੈਂ ਵੀ ਰੱਖਾਂਗਾ।
* ਜੇ ਤਾਂ ਮੈਂ ਗ਼ਲਤੀ ਕਰੂੰਗਾ ਤੇ ਮੇਰੇ ਨਾਲ ਕੋਈ ਲਿਹਾਜ਼ ਨਾ ਕਰਿਓ। ਕੋਈ ਸੰਤਪੁਣਾ ਮੇਰਾ ਨਾ ਵੇਖਿਓ ਤੇ ਜੇ ਕੋਈ ਹੋਰ ਕਰੂਗਾ ਤੇ ਉਹਦਾ ਵੀ ਨਹੀਂ ਵੇਖਣਾ।
* ਬੱਸਾਂ ਨਾ ਫੜਨ, ਜੀਪਾਂ ਕਾਰਾਂ ਨਾ ਫੜਨ। ਕਾਗ਼ਜ਼ ਗ਼ਲਤ ਆ, ਚਲਾਨ ਕਰਨ, ਭੁਗਤਾਂਗੇ। ਟੈਕਸ ਨਹੀਂ ਭਰਿਆ, ਭੁਗਤਾਂਗੇ। ਇਹ ਕੀ ਮਤਲਬ ਕਿ ਜਥੇ ਦੀ ਬੱਸ ਜਦੋਂ ਮਰਜ਼ੀ ਫੜ ਕੇ ਥਾਣੇ 'ਚ ਬੰਦ ਕਰ ਦਿਉ। ਖੁਸਰਿਆਂ ਦ. ਮਾਂ ਬੱਸਾਂ ? ਇਹੋ ਜਿਹਾ ਕੰਮ ਕੀਤਾ, ਜ਼ਰੂਰ ਟੱਕਰ ਹੋਵੇਗੀ ਤੇ ਨਹੀਂ ਅਸੀਂ ਤਾਂ ਸ਼ਾਂਤਮਈ ਚਾਹੁੰਨੇ ਆਂ।
* ਨਸ਼ਿਆਂ ਦਾ ਤਿਆਗ ਕਰਨਾ, ਪੰਥ ਦੀ ਛਟ ਕੇ ਹਮਾਇਤ ਕਰਨੀ ਆਂ, ਤੇ ਵਿਰੋਧੀਆਂ ਤੋਂ ਸਾਵਧਾਨ ਰਹਿਣਾ, ਦੇਹਧਾਰੀਆਂ ਨੂੰ ਪੂਰੀ ਸਿਕਸ਼ਤ ਦੇਣੀ ਆਂ ਤੇ ਜਿਹੜੇ ਗੁਰੂ ਕੇ ਨਿੰਦਕ ਆ, ਉਹਨਾਂ ਵੱਲ ਧਿਆਨ ਪੂਰਾ ਪੂਰਾ ਦੇਣਾ। ਹੁਕਮਨਾਮੇ ਦੀ ਪਾਲਣਾ ਕਰਨੀ ਆਂ, ਹਰ ਯੋਗ ਤਰੀਕੇ ਨਾਲ ਨਰਕਧਾਰੀਆਂ ਨੂੰ ਵਧਣੋਂ ਫੁੱਲਣੋਂ ਰੋਕਣਾ।
* ਇਥੇ ਕਾਗਜ਼ (ਇਸ਼ਤਿਹਾਰ) ਸਿੱਖ ਦਾ ਪੁੱਤ ਸੁੱਟ ਦੇਵੇ ਤੇ ਤਾਂ ਵੀ ਫ਼ਿਰਕਾਪ੍ਰਸਤੀ ਤੇ ਟੋਪੀ ਵਾਲਾ ਜਹਾਜ਼ ਲੈ ਜਾਵੇ ਤੇ ਤਾਂ ਵੀ ਦੇਸ਼ ਭਗਤੀ।

ਵਿਆਖਿਆਨ ੩੩

* ਗ਼ੁਲਾਮੀ ਹਮੇਸ਼ਾ ਉਦੋਂ ਗਲੋਂ ਲਹਿੰਦੀ ਆ ਜਦੋਂ ਮਨੁੱਖ ਅਹਿਸਾਸ ਕਰ ਲਵੇ ਕਿ ਮੈਂ ਗ਼ੁਲਾਮੀ ਦੀ ਜ਼ਿੰਦਗੀ ਨਾਲੋਂ ਮੌਤ ਨੂੰ ਪਸੰਦ ਕਰਦਾਂ।
* ਹਿੰਦੂ ਮਰ ਜਾਏ ਇਨਕੁਆਰੀ ਆ, ਸਿੱਖ ਮਰ ਜਾਏ ਇਨਕੁਆਰੀ ਨਹੀਂ। ਹਿੰਦੂ ਮਰ ਜਾਏ ਲਾਸ਼ ਵਾਪਸ ਆ, ਸਿੱਖ ਮਰ ਜਾਏ ਲਾਸ਼ ਵਾਪਸ ਨਹੀਂ। ਹਿੰਦੂ ਮਰ ਜਾਏ, ਸਿੱਖ ਨੂੰ ਸਜ਼ਾ ਹੈ ਪਰ ਸਿੱਖ ਮਰ ਜਾਏ ਉਹਦੀ ਇਨਕੁਆਰੀ ਵੀ ਖ਼ਤਮ।
* ਸਿੱਖ ਰੋਸ ਮੁਜ਼ਾਹਰੇ ਵਾਸਤੇ ਜਹਾਜ਼ ਲੈ ਜਾਏ ਤਾਂ ਦੇਸ਼ ਨਾਲ ਗ਼ਦਾਰੀ, ਹਿੰਦੂ ਸਿੱਖਾਂ ਦੀ ਕੁੜੀ ਨੰਗੀ ਕਰ ਦਏ ਤਾਂ ਦੇਸ਼ ਭਗਤੀ।
* ਅੰਮ੍ਰਿਤ ਛਕਾਉਣਾ, ਰਹਿਤ ਰਖਾਉਣੀ, ਬਾਣੀ ਪੜ੍ਹਾਉਣੀ, ਕੇਸਰੀ ਨਿਸ਼ਾਨ

ਸਾਹਿਬ ਦੇ ਥੱਲੇ ਇਕੱਠਿਆਂ ਕਰਨਾ, ਗੁਰੂ ਗਰੰਥ ਸਾਹਿਬ ਦੇ ਲੜ ਲਾਉਣਾ ਤੇ ਅਕਾਲ ਤਖ਼ਤ ਸਾਹਿਬ ਨਾਲ ਜੋੜਨਾ, ਧੀਆਂ ਭੈਣਾਂ ਦੀ ਲੁੱਟੀ ਇੱਜ਼ਤ, ਮਸੂਮਾਂ ਦੇ ਪੀਤੇ ਖ਼ੂਨ ਅਤੇ ਸਤਿਗੁਰਾਂ ਦੀ ਕੀਤੀ ਬੇ-ਅਦਬੀ ਦਾ ਹੱਕ ਲੈਣ ਦੇ ਇੱਛੁਕ ਰਹਿਣਾ ਤੇ ਪੰਥ ਦੀ ਨੰਗੇ ਧੜ ਹਮਾਇਤ ਕਰਨੀ, ਜੇ ਇਹ ਕੰਮ ਕਾਂਗਰਸ ਦੇ ਏਜੰਟਾਂ ਦਾ ਤਾਂ ਮੈਂ ਏਜੰਟ ਹਾਂ, ਜੇ ਭੈੜੇ ਬੰਦਿਆਂ ਦਾ ਤਾਂ ਮੈਂ ਭੈੜਾ ਹਾਂ, ਜੇ ਇਹ ਕੰਮ ਜਨਸੰਘੀਆਂ ਦਾ ਤਾਂ ਮੈਂ ਜਨਸੰਘੀ ਹਾਂ, ਜੇ ਕਾਲੀਆਂ ਦਾ ਤਾਂ ਮੈਂ ਕਾਲੀ ਹਾਂ ਅਤੇ ਜੇ ਅਕਾਲੀਆਂ ਦਾ ਤਾਂ ਮੈਂ ਅਕਾਲੀ ਹਾਂ।

* ਮੇਰੇ ਨਾਂਅ 'ਤੇ ਲੀਡਰਾਂ ਦੇ ਨਾਂਅ 'ਤੇ ਕਿਸੇ ਹੋਰ ਜ਼ਿੰਮੇਵਾਰ ਦੇ ਨਾਂਅ 'ਤੇ ਭੁਲੇਖਾ ਪਾਊ ਖ਼ਬਰਾਂ ਛਪਣ, ਤੁਸੀਂ ਅਖ਼ਬਾਰਾਂ ਵੱਲ ਧਿਆਨ ਨਹੀਂ ਦੇਣਾ। ਅਖਬਾਰਾਂ ਦਾ ਖਹਿੜਾ ਛੱਡ ਕੇ ਸ੍ਰੀ ਗੁਰੂ ਗਰੰਥ ਸਾਹਿਬ 'ਤੇ ਓਟ ਆਸਰਾ ਰੱਖਣਾ।

* ਮੈਂ ਆਪਣੀ ਜ਼ਿੰਦਗੀ ਵਿਚ ਅਕਾਲੀ ਦਲ ਦਾ ਪ੍ਰਧਾਨ ਬਣਾਂ, ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਾਂ, ਐਮ.ਐਲ.ਏ. ਬਣਾਂ, ਐਮ.ਪੀ. ਬਣਾਂ, ਵਜ਼ੀਰ ਬਣਾਂ ਤਾਂ ਜੁੱਤੀਆਂ ਤੁਹਾਡੀਆਂ ਤੇ ਸਿਰ ਮੇਰਾ ਹੋਵੇਗਾ।

* ਮੇਰਾ ਕੰਮ ਕੇਵਲ ਇਹ ਹੈ ਕਿ ਜਿੰਨੇ ਕੇਸ ਦਾਹੜੇ ਮੁੰਨਦੇ ਫਿਰਦੇ ਆ, ਦੇਹਧਾਰੀਆਂ ਦੇ ਮਗਰ ਲੱਗਦੇ ਆ, ਨਸ਼ੇ ਖਾਂਦੇ ਆ, ਪੁੱਠੇ ਪਾਸੇ ਤੁਰਦੇ ਆ, ਉਹਨਾਂ ਨੂੰ ਪੂਰ ਕੇ, ਹੱਥ ਜੋੜ ਕੇ, ਆਪਣੇ ਭਰਾ ਬਣਾ ਕੇ, ਗੁਰੂ ਗਰੰਥ ਸਾਹਿਬ ਦੇ ਲੜ ਲਾਉਣਾ ਤੇ ਪੰਥ ਨਾਲ ਜੋੜਨਾ।

* ਸਾਰੇ ਲੀਡਰਾਂ ਨੇ ਇਥੇ ਸਟੇਜ 'ਤੇ ਕਿਹਾ ਕਿ ਅਸੀਂ ਅਨੰਦਪੁਰ ਦੇ ਮਤੇ ਤੋਂ ਘੱਟ ਰੱਤੀ ਮਾਤਰ ਵੀ ਗੱਲ ਨਹੀਂ ਕਰਾਂਗੇ। ਜਿੰਨਾ ਕੁ ਕੰਮ ਤੁਰਦਾ ਤੁਰਨ ਦਿਉ। ਜਦੋਂ ਕੋਈ ਬੈਠੇਗਾ, ਲਿਟੂਗਾ, ਵਿਕੂਗਾ, ਮੈਂ ਤੁਹਾਡਾ ਚੌਕੀਦਾਰ ਆਂ, ਇੰਨਾ ਕੁ ਢੋਲ ਜ਼ਰੂਰ ਖੜਕਾਊਂ ਕਿ ਆਹ ਅਨੰਦਪੁਰ ਦੇ ਮਤੇ ਦੀ ਕਾਪੀ ਵਿੱਚ ਲਿਖਿਆ ਤੇ ਰੈਜੂਲੇਸ਼ਨ ਪਾਸ ਕਰਨ ਵਾਲੇ ਆਹ ਆਹ ਸੱਜਣ ਆ। ਇਥੋਂ ਤਕ ਕੰਮ ਸਾਡਾ ਮੁੱਕਿਆ, ਇਥੋਂ ਤਕ ਰਹਿੰਦਾ, ਹੁਣ ਤੁਸੀਂ ਦੱਸੋ ਕੀ ਕਰਨਾ ? ਉਦੋਂ ਜ਼ਿੰਮੇਵਾਰੀ ਤੁਹਾਡੀ ਹੋਵੇਗੀ, ਪਹਿਲਾਂ ਹੀ ਕਿਉਂ ਡਰੀ ਜਾਨੇ ਆਂ।

* ਜੇ ਗ਼ੁਲਾਮੀ ਗਲੋਂ ਲਾਹੁਣੀ ਆਂ ਤਾਂ ਪਹਿਲਾਂ ਅਨੰਦਪੁਰ ਘਰੇ ਵੜ ਜਾਉ ਤੇ ਫਿਰ ਇੱਕ ਪਿੰਡ ਵਿੱਚ ਇੱਕ ਇੱਕ ਮੋਟਰ ਸਾਈਕਲ, ਤਿੰਨ ਤਿੰਨ ਸਵਾਰ ਤੇ ਤਿੰਨ ਤਿੰਨ ਰਿਵਾਲਵਰ ਨਵੇਂ ਲਉ। ਜਿਹੜਾ ਕੇਸ ਮੇਰੇ 'ਤੇ ਬਣੂੰ, ਮੇਰੀ ਛਿੱਲ ਲਵੇ, ਬੰਦ ਬੰਦ ਕੱਟਿਆ ਜਾਵੇ, ਸਾੜਿਆ ਜਾਵਾਂ, ਮੈਂ ਝਲੂੰਗਾ।

* ਜਿਹਨਾਂ ਨੇ ਸ੍ਰੀ ਗੁਰੂ ਗਰੰਥ ਸਾਹਿਬ ਦੇ ਸਰੂਪ ਨੂੰ ਅੱਗ ਲਾਈ ਆ, ਧੀਆਂ ਭੈਣਾਂ ਦੀ ਇੱਜ਼ਤ ਰੋਲੀ ਆ, ਲੋਹੇ ਦੀਆਂ ਸੀਖਾਂ ਤੱਤੀਆਂ ਕਰ ਕੇ ਸਿੰਘਾਂ ਦੇ ਢਿੱਡ ਵਿੱਚ ਲੰਘਾਈਆਂ ਤੇ ਸਾੜਿਆ, ਜਿਹੜਾ ਇਹਨਾਂ ਦਾ ਹੱਕ ਲੈ ਕੇ ਆਵੇਗਾ, ਮੈਂ ਉਹਨੂੰ ਛਾਤੀ ਨਾਲ ਲਾਵਾਂਗਾ, ਉਥੋਂ ਨਿਕਲਣਾ ਤੁਹਾਡਾ ਕੰਮ, ਇਥੇ ਸੰਭਾਲਣਾ ਮੇਰਾ ਕੰਮ।
* ਜਦੋਂ ਤੱਕ ਕੇਸਰੀ ਨਿਸ਼ਾਨ ਸਾਹਿਬ ਥੱਲੇ ਖੜੋਂਦੇ ਨਹੀਂ ਤੇ ਗੁਰੂ ਗਰੰਥ ਸਾਹਿਬ 'ਤੇ ਅਡੋਲ ਨਿਸਚਾ ਨਹੀਂ ਰੱਖਦੇ, ਉਦੋਂ ਤੱਕ ਫੁੱਟ ਜ਼ਰੂਰ ਪਵੇਗੀ।
* ਜਿਹਨਾਂ ਨੇ ਗੁਰਬਚਨੇ ਨੂੰ ਗੱਡੀ ਚਾੜ੍ਹਿਆ, ਉਹਨਾਂ ਨੂੰ ਸੋਨੇ ਨਾਲ ਤੋਲਾਂਗਾ, ਪਰ ਤੋਲਾਂਗਾ ਕਦੋਂ, ਜਦੋਂ ਬਰੀ ਹੋ ਗਏ। ਜੋ ਕੋਈ ਮਾਈ ਦਾ ਲਾਲ ਕਹਿੰਦਾ ਛੇਤੀ ਤੋਲਣੇ ਚਾਹੀਦੇ ਆ ਤੇ ਜਿੱਥੇ ਉਹਨਾਂ ਕੋਲ ਹੈਗੇ, ਉਹ ਲੈ ਆਉਣ ਤੇ ਮੈਂ ਆਪਣੇ ਪਿਉ ਦਾ ਪੁੱਤ ਨਹੀਂ, ਜੇ ਸੱਤਾਂ ਦਿਨਾਂ ਵਿੱਚ ਸੋਨੇ ਨਾਲ ਨਾ ਤੋਲਾਂ।
* ਜਦੋਂ ਤੱਕ ਆਪਣੇ ਘਰੇ ਨਾ ਵੜੇ, ਗਾਤਰੇ ਕ੍ਰਿਪਾਨ, ਤੇੜ ਕਛਾਹਿਰਾ ਤੇ ਰਸਨਾ 'ਤੇ ਗੁਰਬਾਣੀ ਤੇ ਹੱਥ ਵਿੱਚ ਖੰਡਾ ਨਾ ਹੋਇਆ, ਉਦੋਂ ਤਕ ਆਪਣੇ 'ਤੇ ਕੁੱਟ ਪੈਣੀ ਆ। ਇਹ ਮਰਜ਼ੀ ਹੁਣ ਤੁਹਾਡੀ ਆ ਕਿ ਕੁੱਟ ਤੋਂ ਆਪਾਂ ਸਵੇਰੇ ਹੀ ਬਚਣਾ ਕਿ ਜਾਂ ਸਾਲ ਛੇ ਮਹੀਨੇ ਕੁੱਟ ਖਾ ਕੇ, ਫਿਰ ਸਿੱਧੇ ਰਸਤੇ ਪੈਣਾ।
* ਜੇ ਦਾਹੜੀ ਚੰਗੀ ਨਹੀਂ ਲੱਗਦੀ ਤੇ ਇਥੋਂ ਅਰਦਾਸ ਕਰੋ, ਸੱਚੇ ਪਾਤਿਸ਼ਾਹ ਸਾਨੂੰ ਬੀਬੀਆਂ ਬਣਾ ਦੇਹ ਤੇ ਬੀਬੀਆਂ ਨੂੰ ਮਰਦ ਬਣਾ ਦੇਹ। ਵਟਾਂਦਰਾ ਕਰ ਲਉ, ਨਾ ਦਾਹੜੀ ਮੂੰਹ 'ਤੇ ਆਏ ਤੇ ਨਾ ਨਾਈ ਛਿੱਤਰ 'ਤੇ ਪਛਣਾ ਘਸਾ ਕੇ ਤੁਹਾਡੇ ਮੂੰਹ 'ਤੇ ਮਲੇ ਤੇ ਨਾ ਸਾਨੂੰ ਪ੍ਰਚਾਰਕਾਂ ਨੂੰ ਸਿਰ ਖਪਾਈ ਕਰਨੀ ਪਵੇ।
* ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਇਹ ਹੀ ਹੋਵੇਗੀ ਕਿ ਜਿਹਨਾਂ ਨੇ ਉਹਨਾਂ ਨੂੰ ਗੋਲੀਆਂ ਨਾਲ ਭੁੰਨਿਆ, ਉਹਨਾਂ ਨੂੰ ਜਿੰਦੇਂ ਗੱਡੀ ਚੜ੍ਹਾ ਕੇ ਸੁਰਖ਼ਰੂ ਹੋਵਾਂਗੇ।

ਵਿਆਖਿਆਨ ੩੪

* ਜੇ ਸਿੱਖਾਂ ਦਾ ਖ਼ੂਨ ਡੁੱਲ੍ਹੇ ਤਾਂ ੧੬ ਮਹੀਨੇ ਵਿੱਚ ਵੀ ਬੰਦਾ (ਮੁੱਖ ਮੰਤਰੀ) ਨਹੀਂ ਬਦਲਿਆ ਜਾ ਸਕਦਾ, ਪਰ ਜੇ ਟੋਪੀਆਂ ਵਾਲਿਆਂ ਦਾ ਖ਼ੂਨ ਡੁੱਲ੍ਹੇ ਤਾਂ ਅੱਠ ਪਹਿਰ ਨਹੀਂ ਲੰਘ ਸਕਦੇ, ਸਾਰੀ ਮਨਿਸਟਰੀ ਤੋੜੀ ਜਾ ਸਕਦੀ ਆ।
* ਜੇ ਇੰਦਰਾ ਸਾਬਤ ਕਰ ਦੇਵੇ ਕਿ ਮੈਂ ਕੋਈ ਹਿੱਟ ਲਿਸਟ ਬਣਾਈ ਆ

ਤਾਂ ਮੈਂ ਜਾਂ ਤਾਂ ਆਪਣਾ ਸਿਰ ਵੱਢ ਕੇ ਸੰਗਤਾਂ ਨੂੰ ਦੇ ਦੇਵਾਂਗਾ ਅਤੇ ਜਾਂ ਹੱਥਕੜੀ ਲਵਾ ਕੇ ਨਾਨਕ ਨਿਵਾਸ ਵਿਚੋਂ ਬਾਹਰ ਆ ਜਾਵਾਂਗਾ ਤੇ ਜੇ ਇੰਦਰਾ ਕੋਲ ਸਬੂਤ ਨਹੀਂ ਅਤੇ ਅਣਖ ਤੇ ਗੈਰਤ ਹੈ ਤਾਂ ਉਹ ਪ੍ਰਧਾਨ ਮੰਤਰੀ ਦਾ ਅਹੁਦਾ ਛੱਡ ਕੇ ਲੋਕਾਂ ਦੇ ਸਾਹਮਣੇ ਆਵੇ।

* ਹਥਿਆਰ ਖੁਸਰਿਆਂ ਕੋਲ ਨਹੀਂ ਮਰਦਾਂ ਕੋਲ ਹੁੰਦੇ ਆ ਅਤੇ ਹਥਿਆਰ ਰੱਖਣੇ ਸਾਡੇ ਗੁਰੂ ਦਾ ਹੁਕਮ ਹੈ।
* ਕਦੇ ਕਿਤੇ ਸਿਪਾਹੀ ਮਾਰ ਦਿੱਤਾ, ਕਦੇ ਕਿਤੇ ਥਾਣੇਦਾਰ ਮਾਰ ਦਿੱਤਾ, ਕਦੇ ਕਿਸੇ ਮੰਦਰ ਵਿਚ ਬੰਬ ਸੁੱਟ ਦਿੱਤਾ, ਇਹ ਕੌਮ ਦੇ ਨਾਂਅ ਨੂੰ ਬਦਨਾਮ ਕਰਨ ਵਾਸਤੇ ਅਤੇ ਦਰਬਾਰ ਸਾਹਿਬ ਅੰਦਰ ਆਉਣ ਵਾਸਤੇ ਬਹਾਨੇ ਬਾਜ਼ੀ ਆ।
* ਇੰਦਰਾ ਕਹਿੰਦੀ ਆ ਭਿੰਡਰਾਂਵਾਲਾ ਮੰਦਰਾਂ ਨੂੰ ਪਸੰਦ ਨਹੀਂ ਕਰਦਾ, ਢਾਹੁਣਾ ਚਾਹੁੰਦਾ, ਪਰ ਜਿਹੜਾ ਭਿੰਡਰਾਂਵਾਲੇ ਦੇ ਨਾਲ ਜ਼ਿੰਮੇਵਾਰ ਸੱਜਣਾ 'ਚੋਂ ਆ, ਉਹ (ਜੇਲ੍ਹ 'ਚ) ਮੰਦਰ ਬਣਾਉਂਦਾ। ਇਹ ਅੰਦਾਜ਼ਾ ਹੁਣ ਤੁਸੀਂ ਆਪ ਲਾ ਲਉ ਕਿ ਮੈਂ ਮੰਦਰ ਢਾਹੁਣ ਦੇ ਹੱਕ ਵਿੱਚ ਆਂ ਜਾਂ ਰੱਖਣ ਦੇ।
* ਗੁਰਦੁਆਰਾ ਬਣਾ ਦਿਉ, ਮੰਦਰ ਬਣਾ ਦਿਉ ਤਾਂ ਵੀ ਅੱਤਵਾਦੀ। ਮੰਦਰ ਵਾਸਤੇ ਸਿਰ ਦੇ ਦਿਉ ਤਾਂ ਵੀ ਅੱਤਵਾਦੀ ਤੇ ਮੰਦਰ 'ਚ ੬ ਹਜ਼ਾਰ ਦੀ ਮੂਰਤੀ ਕੋਲੋਂ ਪੈਸੇ ਲਾ ਕੇ ਰੱਖ ਦਿਉ ਤਾਂ ਵੀ ਅੱਤਵਾਦੀ ਤੇ ਇਹ ਹੁਣ ਤੁਸੀਂ ਸੋਚ ਲਉ ਆਪਾਂ ਕਿਵੇਂ ਕਰਨਾ ?

ਵਿਆਖਿਆਨ ੩੫

* ਹਲੀਮੀ ਰਾਜ ਨੂੰ ਪ੍ਰਾਪਤ ਕਰਨ ਦਾ ਨਿਸ਼ਾਨਾ ਤਾਂ ਹੀ ਪ੍ਰਾਪਤ ਹੋਵੇਗਾ ਜੇ ਕੇਸਰੀ ਨਿਸ਼ਾਨ ਸਾਹਿਬ ਥੱਲੇ ਰਹਾਂਗੇ। ਜੇ ਕਦੇ ਚਿੱਟੀ ਝੰਡੀ ਥੱਲੇ, ਕਦੇ ਹਰੀ ਝੰਡੀ ਥੱਲੇ, ਕਦੇ ਲਾਲ ਝੰਡੀ ਥੱਲੇ ਤੁਰੇ ਫਿਰਦੇ ਰਹੇ ਤਾਂ ਫਿਰ ਘਾਟਾ ਹੀ ਪਵੇਗਾ।
* ਨਿਸ਼ਾਨ ਹਮੇਸ਼ਾ ਉਹਨਾਂ ਕੌਮਾਂ ਦੇ ਝੁਲਦੇ ਤੇ ਕਾਇਮ ਰਹਿੰਦੇ ਹਨ, ਜਿਹੜੀਆਂ ਕੌਮਾਂ ਆਪਣੇ ਨਿਸ਼ਾਨ ਨੂੰ ਕਾਇਮ ਰੱਖਣਾ ਜਾਣਦੀਆਂ ਹਨ। ਜਿਹਨਾਂ ਨੇ ਲਾਲਚ ਤੇ ਕੁਰਸੀ ਨੂੰ ਜ਼ਿੰਦਗੀ ਸਮਝਿਆ, ਉਹਨਾਂ ਦੇ ਨਿਸ਼ਾਨ ਕਦੇ ਵੀ ਕਾਇਮ ਨਹੀਂ ਰਹਿੰਦੇ। ਨਿਸ਼ਾਨ ਉਹਨਾਂ ਦੇ ਹੀ ਝੁਲਦੇ ਆ, ਜਿਹੜੇ ਮੌਤ ਨੂੰ ਜ਼ਿੰਦਗੀ ਅਤੇ ਆਪਣੀ ਖਿਡਾਵੀ ਸਮਝਦੇ ਆ।
* ਰਾਜ ਦੀ ਸਿਰਜਣਾ ਜਦੋਂ ਵੀ ਹੋਈ ਆ ਤੇਗ ਜਾਂ ਖੰਡੇ ਜਾਂ ਟੱਬੇ ਨਾਲ ਹੋਈ ਆ, ਸ਼ਾਂਤਮਈ ਢੰਗ ਨਾਲ ਤਾਂ ਕੁਰਬਾਨੀਆਂ ਈ ਹੋਈਆਂ।
* ਜ਼ਾਲਮ ਹਮੇਸ਼ਾ ਡੰਡੇ ਨਾਲ ਸੂਤ ਆਇਆ, ਨਿਰਮਤਾ ਨਾਲ ਨਹੀਂ।

* ਹਿੰਦੂ ੨ ਮਰ ਗਏ, ਅੱਠ ਪਹਿਰ ਨਹੀਂ ਲੰਘੇ, ਮਨਿਸਟਰੀ ਟੁੱਟ ਗਈ, ਰਾਸ਼ਟਰਪਤੀ ਰਾਜ ਲਾਗੂ ਹੋ ਗਿਆ, ਇਲਾਕਾ ਗੜਬੜ ਕਰਾਰ ਦੇ ਦਿੱਤਾ ਤੇ ਸਿੱਖ ੧੫੦ ਸ਼ਹੀਦ ਹੋ ਗਏ ਤੇ ਇੱਕ ਬੰਦਾ ਨਹੀਂ ਬਦਲਿਆ। ਇਹ ਹੁਣ ਤੁਸੀਂ ਸੋਚੋ ਸਾਰੇ ਸਿੱਖ ਬੈਠ ਕੇ ਕਿ ਹਿੰਦੂ ਸਾਮਰਾਜ ਦੀ ਗੌਰਮੈਂਟ ਦੇ ਮਨ ਵਿਚ ਆਹ ਪੱਗ ਤੇ ਦਾਹੜੇ ਪ੍ਰਤੀ ਕੀ ਖ਼ਿਆਲ ਆ।
* ਜੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਕਹਿ ਦੇਵੇ ਕਿ ਸੋਚ ਲਉ, ਬਾਹਰਲੇ ਸਿੱਖਾਂ ਦਾ ਕੀ ਬਣੇਗਾ ਤਾਂ ਕੋਈ ਮੁਕੱਦਮਾ ਦਰਜ ਨਹੀਂ ਤੇ ਜੇ ਮੈਂ ਤੁਹਾਡਾ ਚੌਕੀਦਾਰ ਕਹਿ ਦੇਵਾਂ ਕਿ ਬੀਬੀ, ਜੇ ਤੇਰਾ ਪੱਗ ਤੇ ਦਾਹੜੇ ਵਾਲਿਆਂ ਵਾਸਤੇ ਇਹ ਨਜ਼ਰੀਆ, ਤਾਂ ਸਾਨੂੰ ਵੀ ੨੦-੨੦ ਹੀ ਆਉਂਦੇ ਆ ਤਾਂ ਮੁਕੱਦਮਾ ੫੦੬ ਧਾਰਾ ਅਧੀਨ ਦਰਜ ਹੋ ਜਾਂਦਾ। ਜੇ ਵਿਧਾਨ ਸਾਰਿਆਂ ਵਾਸਤੇ ਇੱਕ ਆ ਤਾਂ ਮੇਰੇ 'ਤੇ ਮੁਕੱਦਮਾ ਦਰਜ ਕਿਉਂ ਤੇ ਇੰਦਰਾ 'ਤੇ ਕਿਉਂ ਨਹੀਂ?
* ਜੇ ਗ੍ਰਹਿ ਮੰਤਰੀ ਸੇਠੀ ਐਲਾਨ ਕਰ ਦਿੰਦਾ ਕਿ ਭਿੰਡਰਾਂਵਾਲੇ ਨੂੰ ਅੱਠਾਂ ਦਿਨਾਂ ਦੇ ਵਿੱਚ ਵਿੱਚ ਗੁਰੂ ਨਾਨਕ ਨਿਵਾਸ ਵਿੱਚੋਂ ਕੱਢ ਲਵਾਂਗੇ ਤਾਂ ਕੋਈ ਮੁਕੱਦਮਾ ਦਰਜ ਨਹੀਂ ਤੇ ਜੇ ਭਿੰਡਰਾਂਵਾਲਾ ਕਹਿ ਦੇਵੇ ਕਿ ਆਵੀਂ ਅੱਗੇ ਲੱਗ ਕੇ ਚਬਾਵਾਂਗੇ ਲੋਹੇ ਦੇ ਚਣੇ ਤੇ ਮੁਕੱਦਮਾ ਦਰਜ ਆ।
* ਜਿਸ ਦੇਸ਼ ਵਿੱਚ ਸਿੱਖ ਦੀ ਜ਼ਬਾਨ 'ਤੇ ਇੰਨੀ ਪਾਬੰਦੀ ਲੱਗ ਜਾਵੇ ਕਿ ਸਿੱਖ ਬੋਲ ਵੀ ਨਹੀਂ ਸਕਦਾ, ਉਹ ਸਿੱਖ ਕਿਵੇਂ ਕਹਿ ਸਕਦਾ, ਮੈਂ ਆਜ਼ਾਦ ਆਂ।
* ਸਿੱਖ ਕਿਸੇ ਨਾਲ ਵਾਧਾ ਨਹੀਂ ਕਰਦਾ, ਪਰ ਸਿੱਖ ਨੂੰ ਇਹ ਕਿੱਥੇ ਲਿਖ ਕੇ ਦਿੱਤਾ ਭਈ ਹਰ ਵੇਲੇ ਕੁੱਟ ਖਾਈ ਚੱਲੇ।
* ਆਪਣੀ ਈਰਖਾ ਵਿੱਚ ਆ ਕੇ ਘਰੀਂ ਬੈਠਣ ਦੀ ਕੋਸ਼ਿਸ਼ ਨਾ ਕਰਿਉ ਤੇ ਇਹ ਮਤਾ ਖ਼ਿਆਲ ਕਰਿਉ, ਭਈ ਮੋਰਚੇ 'ਚ ਘੱਟ ਸਿੰਘ ਗਏ ਤਾਂ ਆਪੇ ਲੌਂਗੋਵਾਲ ਦੀ ਬੇਇੱਜ਼ਤੀ ਹੋਵੇਗੀ ਜਾਂ ਭਿੰਡਰਾਂਵਾਲੇ ਦੀ, ਤਾਅਨੇ ਸਾਨੂੰ ਸਾਰਿਆਂ ਨੂੰ ਹੀ ਪੈਣਗੇ।
* ਹਥਿਆਰ ਰੱਖ ਕੇ ਨਿਹੱਥੇ ਨੂੰ ਮਾਰਨਾ, ਨਿਰਦੋਸ਼ੇ ਨੂੰ ਮਾਰਨਾ, ਦੁਕਾਨ ਲੁੱਟਣੀ, ਮਾਸੂਮ ਦਾ ਗਲਾ ਘੁੱਟਣਾ, ਧੀ ਭੈਣ ਦੀ ਇਜ਼ਤ ਤੱਕਣੀ, ਏਦੋਂ ਵੱਡਾ ਪਾਪ ਨਹੀਂ ਸਿੱਖ ਵਾਸਤੇ ਤੇ ਸ਼ਸ਼ਤਰਧਾਰੀ ਹੋ ਕੇ ਹੱਕ ਨਾ ਲੈਣਾ, ਇਦੋਂ ਵੱਡਾ ਵੀ ਪਾਪ ਕੋਈ ਨਹੀਂ।

ਵਿਆਖਿਆਨ ੩੬

* ਕੋਈ ਨੌਜੁਆਨ, ਕੋਈ ਲੀਡਰ, ਕੋਈ ਸਾਡਾ ਭਰਾ, ਮਾਈ ਭਾਈ, ਇੱਕ ਬੰਦਾ ਦੱਸੋ ਜਿਹਦੀ ਰਿਪੋਰਟ ਮੇਰੇ ਕੋਲ ਸਤਾਰਾਂ ਮਹੀਨਿਆਂ ਵਿੱਚ ਆਈ

ਹੋਵੇ ਕਿ ਮੈਨੂੰ ਪੁਲਿਸ ਤੰਗ ਕਰਦੀ ਆ, ਮੈਨੂੰ ਫਲਾਣਾ ਬਦਮਾਸ਼ ਤੰਗ ਕਰਦਾ ਤੇ ਜੇ ਮੈਂ ਉਹਦੇ ਘਰ ਦੀ ਸਾਰ ਨਾ ਲਈ ਹੋਵੇ ਤਾਂ ਮੈਂ ਗੁਰੂ ਕਾ ਦੇਣਦਾਰ ਹੋਵਾਂਗਾ।

* ਇਸ ਚਾਰ ਦੀਵਾਰੀ ਅੰਦਰ ਕਾਇਰ, ਬੁਜ਼ਦਿਲ, ਡਰਪੋਕ, ਜੋ ਵੀ ਦੂਸ਼ਣ ਮੇਰੇ 'ਤੇ ਲੱਗਣ, ਮੈਂ ਉਹ ਬਰਦਾਸ਼ਤ ਕਰਾਂਗਾ, ਪਰ ਆਪਸ ਵਿੱਚ ਨਹੀਂ ਲੜਾਂਗਾ। ਇਸ ਚਾਰ ਦੀਵਾਰੀ ਅੰਦਰ ਆਪਣਿਆਂ ਵਾਸਤੇ ਮੇਰੇ ਹੱਥ ਵੱਢੇ ਹੋਏ ਆ। ਗੌਰਮਿੰਟ ਚੜ੍ਹ ਕੇ ਆਈ ਤਾਂ ਟੱਕਰ ਪੂਰੀ ਲਵਾਂਗਾ ਤੇ ਜੇ ਇਹਨਾਂ ਵਿਚੋਂ ਕੋਈ ਆਏਗਾ ਤਾਂ ਮੈਂ ਗਲ ਲਹਾਊਂਗਾ, ਗਲ ਨਹੀਂ ਪਾਊਂਗਾ। ਸਦਾ ਵਾਸਤੇ ਨਹੀਂ, ਕੁਝ ਸਮੇਂ ਤਕ।
* ਆਪਾਂ ਇਹ ਸੋਚ ਕੇ ਚੱਲਣਾ ਕਿ ਸਿਰ 'ਤੇ ਪੱਗ ਰੱਖ ਕੇ, ਗਾਤਰੇ ਕ੍ਰਿਪਾਨ ਪਾ ਕੇ, ਸਾਬਤ ਦਾਹੜਾ ਰੱਖ ਕੇ ਵਿਚਰਨਾ ਜਾਂ ਕਿ ਮੂੰਹ ਸਿਰ ਮੋਨਾ ਕੇ, ਸਿਰ 'ਤੇ ਟੋਪੀ ਰੱਖ ਕੇ ਤੇ ਇੰਦਰਾ ਦੀ ਚਪਲੀ ਝਾੜ੍ਹ ਕੇ ਵਿਚਰਨਾ।
* ਜੇ ਸੱਚ ਕਮਾਉਣਾ, ਫਿਰ ਤਸ਼ੱਦਦ ਸਹਾਰਨਾ ਪਵੇਗਾ ਪਰ ਜੇ ਕੁਰਸੀ ਲੈਣੀ ਆਂ ਤੇ ਫਿਰ ਗੋਡੇ ਘੁੱਟ ਲਿਆ ਕਰੋ ਕਿਸੇ ਦੇ ਜਾ ਕੇ, ਕੁਝ ਨਹੀਂ ਹੁੰਦਾ।

ਵਿਆਖਿਆਨ ੩੭

* ਫ਼ਾਂਸੀ 'ਤੇ ਭਗਤ ਸਿੰਘ ਲਟਕਿਆ, ਓਡਵਾਇਰ ਨੂੰ ਮਾਰਨ ਵਾਸਤੇ ਉਧਮ ਸਿੰਘ ਪਹੁੰਚਿਆ। ਗੋਲੀਆਂ ਨਾਲ ਆਜ਼ਾਦੀ ਮਿਲੀ ਕਿ ਚਰਖੇ ਨਾਲ ? ਪਰ ਜਦ ਹਿੰਦੁਸਤਾਨ ਆਜ਼ਾਦ ਹੋਇਆ ਤੇ ਰਾਸ਼ਟਰੀ ਬਾਪੂ ਕਹਿ ਦਿੱਤਾ ਲਾਲਚੀਆਂ ਨੇ ਗਾਂਧੀ ਨੂੰ।
* ਮੈਂ ਤੁਹਾਡਾ ਸੰਤ ਨਹੀਂ, ਤੁਹਾਡਾ ਲੀਡਰ ਨਹੀਂ, ਤੁਹਾਡੇ ਦਰ ਦਾ ਕੁੱਤਾ ਹਾਂ, ਗੁਰੂ ਦੀ ਸੰਗਤ ਦੇ ਦਰ ਦਾ ਕੂਕਰ ਹਾਂ।
* ਐਤਕੀਂ ਜਾਂ ਟਾਂਡਿਆਂ ਆਲੀ ਰਹੂ ਜਾਂ ਭਾਂਡਿਆਂ ਵਾਲੀ। ਐਤਕੀਂ ਜੂਸ ਨਹੀਂ ਮੂੰਹ ਨੂੰ ਲੱਗਦਾ, ਨਿਸਚਾ ਰੱਖਿਉ।
* ਮੈਂ ਤੁਹਾਡਾ ਕਰਜ਼ਾਈ ਹਾਂ। ਤੁਸਾਂ ਮੇਰੇ ਸਿਰ ਕਰਜ਼ਾ ਚਾੜ੍ਹਿਆ ਖ਼ੂਨ ਦਾ, ਆਪਣੇ ਪੁੱਤਰ, ਭਰਾ, ਮਾਂਵਾਂ, ਭੈਣਾਂ, ਧੀਆਂ ਮਰਵਾ ਕੇ ਮੈਨੂੰ ਕਰਜ਼ਾਈ ਕੀਤਾ। ਜਿੰਨੇ ਮੇਰੇ ਸਰੀਰ 'ਤੇ ਰੋਮ ਆ, ਇੰਨੀ ਵਾਰ ਜਨਮ ਧਾਰ ਕੇ ਤੇ ਮੈਂ ਆਪਣਾ ਸਿਰ ਵੱਢ ਵੱਢ ਕੇ ਤੁਹਾਡੇ ਚਰਨਾਂ 'ਤੇ ਰੱਖੀ ਜਾਵਾਂ ਤਾਂ ਵੀ ਤੁਹਾਡਾ ਕਰਜ਼ਾ ਮੈਥੋਂ ਉਤਰਨਾ ਨਹੀਂ, ਪਰ ਕੋਸ਼ਿਸ਼ ਜਾਰੀ ਆ, ਗੁਰੂ ਕਿਰਪਾ ਕਰੇ ਸ਼ਾਇਦ ਲੱਥ ਜਾਵੇ।
* ਮੈਂ ਵਿਰੋਧਤਾ ਕਿਸੇ ਦੀ ਕਰਦਾ ਨਹੀਂ ਤੇ ਲਿਹਾਜ਼ ਮੈਥੋਂ ਹੁੰਦਾ ਨਹੀਂ।
* ਮੈਂ ਤਾਂ ਆਪਣੇ ਸਿਰ-ਧੜ ਦੀ ਬਾਜ਼ੀ ਲਾਊਂਗਾ। ਨਾ ਮੈਂ ਜੂਸ ਪੀ ਕੇ ਕੋਈ

ਗੱਲ ਕਰਾਂ ਤੇ ਨਾ ਸਰਕਾਰ ਦੇ ਪੈਰੀਂ ਪੈ ਕੇ ਗੱਲ ਕਰਾਂ। ਮੈਂ ਕਟਾਹਿਰੇ 'ਚ ਖੜਕਾ ਕੇ ਕਰੂੰ। ਨਿਉਂਦਾ ਹੈ ਨਹੀਂ, ਸਿਰ ਵੱਢਿਆ ਜਾਊ ਤਾਂ ਵੱਸ ਨਹੀਂ। ਸਰੀਰ ਨਾਸਵੰਤ ਹੈ।

* ਸਰਕਾਰ ਤਾਂ ਚਾਹੁੰਦੀ ਆ ਕਿ ਕਿਹੜਾ ਟਾਈਮ ਹੋਵੇ, ਮੰਜੀ ਸਾਹਿਬ 'ਤੇ ਆਹ ਸੜਕ ਜਿਹੜੀ ਆ ਸਮੁੰਦਰੀ ਹਾਲ ਦੇ ਅੱਗੋਂ ਦੀ, ਇਹਨਾਂ ਲੰਗਰਾਂ ਵਿੱਚ ਸਿੱਖਾਂ ਦਾ ਕਦੋਂ ਆਪਸ ਵਿੱਚ ਦੀ ਲਹੂ ਡੁੱਲ੍ਹੇ ਤੇ ਕਦੋਂ ਅਸੀਂ ਸੁਰਖ਼ਰੂ ਹੋਈਏ। ਕੀ ਆਪਾਂ ਗੌਰਮੈਂਟ ਸਫਲ ਕਰਨੀ ਆ ਕਿ ਆਪਣਾ ਇਰਾਦਾ ਸਫਲ ਕਰਨਾ।
* ਜਿਹੜਾ ਧਰਮ ਵਾਸਤੇ ਕੁਝ ਕਰੇਗਾ, ਜੇ ਉਹ ਮੇਰੇ ਕੋਲ ਪਹੁੰਚ ਗਿਆ, ਉਹਨੂੰ ਮੈਂ ਸੰਭਾਲੂੰਗਾ। ਧਰਮ ਲਈ ਕੰਮ ਕਰਨ ਵਾਲੇ ਕਿਸੇ ਸਿੱਖ ਦਾ ਪੰਜਾਬ ਵਿੱਚੋਂ ਜਾਂ ਹਿੰਦੁਸਤਾਨ ਵਿੱਚੋਂ, ੧੦ ਲੱਖ ਰੁਪਏ ਦਾ ਨੁਕਸਾਨ ਹੋ ਗਿਆ ਤਾਂ ਜੇ ਮੇਰੀ ਪਰਾਲਬਧ ਰਹੀ ਤਾਂ ਇੱਕ ਮਹੀਨੇ ਦੇ ਵਿੱਚ ਵਿੱਚ ਭਰੂੰਗਾ।

ਵਿਆਖਿਆਨ ੩੮

* ਮੈਂ ਸਟੇਜ 'ਤੇ ਬੋਲਦਾਂ ਤਾਂ ਅੱਗ ਲੱਗਦੀ ਆ ਪਾਰਲੀਮੈਂਟ ਵਿੱਚ ਤੇ ਜੇ ਹਿੰਦੂ ਸਟੇਜ 'ਤੇ ਬੋਲਦਾ ਤੇ ਕਹਿੰਦੇ ਸ਼ਾਂਤੀ ਵਰਤਦੀ ਆ। ਮੈਂ ਵੀ ਬਿਆਨ ਦਿੱਤਾ ਤੇ ਉਹਨਾਂ ਵੀ ਬਿਆਨ ਦਿੱਤਾ। ਉਹਨਾਂ ਪਹਿਲਾਂ ਬਿਆਨ ਦਿੱਤਾ, ਮੈਂ ਉੱਤਰ ਵਿੱਚ ਬਿਆਨ ਦਿੱਤਾ। ਕਾਰਨ ਇਹ ਆ ਕਿ ਉਹ ਹਿੰਦੂਆਂ ਦੇ ਘਰ ਜੰਮਿਆ, ਆਪਾਂ ਸਿੱਖ ਦੇ ਘਰ।
* ਸਿੱਖਾਂ ਦਾ ਪੁੱਤਰ ਕੋਈ ਕਦਮ ਚੁੱਕਦਾ ਤਾਂ ਪਾਰਟੀ (ਅਕਾਲੀ ਦਲ) ਕਹਿੰਦਾ ਸਾਡਾ ਇਹਨਾਂ ਨਾਲ ਕੋਈ ਸੰਬੰਧ ਨਹੀਂ ਪਰ ਜੇ ਹਿੰਦੂਆਂ ਦਾ ਪੁੱਤਰ ਕੋਈ ਮਾੜੇ ਤੋਂ ਮਾੜਾ ਕੰਮ ਕਰਦਾ ਤਾਂ ਹਿੰਦੂ ਕਦੇ ਨਹੀਂ ਕਹਿੰਦੇ ਕਿ ਸਾਡਾ ਇਹਦੇ ਨਾਲ ਕੋਈ ਸੰਬੰਧ ਨਹੀਂ। ਸਾਡਾ ਫਿਰ ਸੰਬੰਧ ਕਿਹਦੇ ਨਾਲ ਆ ?
* ਹਿੰਦੁਸਤਾਨ ਦੇ ਇੱਕ ਵੀ ਹਿੰਦੂ ਨੇ ਕਦੇ ਕਿਸੇ ਅਖ਼ਬਾਰ ਵਿੱਚ ਖ਼ਬਰ ਦਿੱਤੀ ਆ ਕਿ 'ਸਿੱਖ ਹਿੰਦੂ' ਏਕਤਾ ? 'ਹਿੰਦੂ ਸਿੱਖ' ਏਕਤਾ ਤਾਂ ਹੁੰਦਾ ਰਹਿੰਦਾ। ਜਿਹੋ ਜਿਹੀ ਗਊ ਮਾਰ ਦਿੱਤੀ, ਉਹੋ ਜਿਹਾ ਸਿੱਖ ਦਾ ਨਾਂਅ ਪਹਿਲਾਂ ਲਿਖ ਦਿੱਤਾ, ਇੰਨਾ ਮਾੜਾ ਸਮਝਦੇ ਆ।
* ਸਿੱਖਾਂ ਨੇ ਪਾਣੀ ਦੀ ਇੱਕ ਘੁੱਟ ਲੈਣੀ ਆ ਤਾਂ ਖ਼ੂਨ ਦਾ ਗਲਾਸ ਦੇਣਾ ਪੈਂਦਾ ਹਿੰਦੂਆਂ ਨੂੰ, ਪਰ ਹਿੰਦੂਆਂ ਨੇ ਖ਼ੂਨ ਦਾ ਗਲਾਸ ਲੈਣਾ ਹੋਵੇ ਤਾਂ ਪਾਣੀ ਦੀ ਘੁੱਟ ਨਹੀਂ ਦੇਣੀ ਪੈਂਦੀ।
* ਮੈਂ ਉਪਜ ਹਾਂ ਤੇ ਇੱਕੋ ਇੱਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ

ਉਪਜ ਹਾਂ, ਬਾਕੀ ਮਤਾਂ ਕੋਈ ਖ਼ਿਆਲ ਕਰੋ, ਕੋਈ ਲੀਡਰ, ਵਜ਼ੀਰ ਮੈਨੂੰ ਆਪਣਾ ਬਣਾ ਲਵੇਗਾ। ਮੈਂ ਝੋਲੀ 'ਚ ਪਿਆਂ ਪੰਜਾਂ ਪਿਆਰਿਆਂ ਦੀ 'ਚ, ਜਦੋਂ ਅੰਮ੍ਰਿਤ ਛਕਿਆ ਤੇ ਮੈਨੂੰ ਖ਼ਰੀਦਿਆ ਜਹਾਜ਼ ਅਗਵਾਹ ਕਰਨ ਵਾਲਿਆਂ, ਮੋਟਰ ਸਾਈਕਲ ਵਾਲਿਆਂ ਤੇ ਸ਼ਹੀਦਾਂ ਦਾ ਬਦਲਾ ਲੈਣ ਵਾਲਿਆਂ। ਪੈਸੇ ਵਾਲਿਉ ਮਤਾ ਖ਼ਿਆਲ ਕਰੋ, ਕੋਈ ਕੁਰਸੀ ਵਾਲਾ ਤੇ ਲੀਡਰੀ ਵਾਲਾ ਤੇ ਵਜ਼ੀਰੀ ਵਾਲਾ ਮੈਨੂੰ ਖ਼ਰੀਦ ਲਵੇਗਾ।

* ਇਹ ਟਕਸਾਲ ਜਿੱਦਣ ਖ਼ਰੀਦੀ ਗਈ, ਉਦੋਂ ਕੁਲ ਦੁਨੀਆਂ ਖ਼ਰੀਦੀ ਜਾਵੇਗੀ। ਰਾਜਨੀਤਕ ਬੰਦੇ ਕਿਹੜੇ ਬਾਗ਼ ਦੀ ਮੂਲੀ ਆ, ਜਿਹੜੇ ਭਿੰਡਰਾਂਵਾਲੇ ਨੂੰ ਖ਼ਰੀਦ ਲੈਣਗੇ।

ਵਿਆਖਿਆਨ ੩੯

* ਇਸ ਆਜ਼ਾਦੀ ਨੂੰ ਮੈਂ ਨਾ ਕਦੇ ਆਜ਼ਾਦੀ ਕਿਹਾ, ਨਾ ਕਹਿੰਦਾਂ ਤੇ ਨਾ ਅਜੇ ਕਹਿਣਾ, ਜਦੋਂ (ਆਜ਼ਾਦ) ਹੋਵਾਂਗੇ ਕਹਿ ਲਵਾਂਗੇ।
* ਲੀਡਰ ਹਮੇਸ਼ਾ ਫ਼ੈਸਲਾ ਆਪਣੇ ਹੱਥ ਰੱਖਦੇ ਆ ਤੇ ਮੈਂ ਫ਼ੈਸਲਾ ਤੁਹਾਡੇ ਹੱਥ ਦੇਨਾਂ। ਮੇਰੇ ਵਾਸਤੇ ਤੁਸੀਂ ਗੁਰੂ ਕੀ ਸੰਗਤ ਹੀ ਲੀਡਰ ਹੋ। ਮੈਂ ਨਾ ਤਾਂ ਤੁਹਾਡਾ ਲੀਡਰ ਆਂ ਤੇ ਨਾ ਹੀ ਤੁਹਾਡਾ ਸੰਤ ਆਂ। ਤੁਹਾਡਾ ਨੌਕਰ ਆਂ, ਚੌਂਕੀਦਾਰ ਆਂ, ਜਿਹੜੇ ਜੋੜੇ ਮੇਰੇ ਕੋਲੋਂ ਝੜ੍ਹਾਉਣੇ ਝੜ੍ਹਵਾ ਲਿਉ।
* ਸ਼੍ਰੋਮਣੀ ਅਕਾਲੀ ਦੇ ਸਕੱਤਰ ਦੇ ਲਾਇਸੈਂਸ ਬਣਦੇ ਆ, ਉਹ ਤਾਂ ਵੀ ਅਕਾਲੀ ਤੇ ਭਿੰਡਰਾਂਵਾਲੇ ਦੇ ਲਾਇਸੈਂਸ ਰੱਦ ਹੁੰਦੇ ਆ ਕਾਂਗਰਸ ਦੇ ਰਾਜ ਵਿੱਚ ਤੇ ਇਹ ਫਿਰ ਵੀ ਕਾਂਗਰਸੀ। ਉਮਰਾਨੰਗਲ ਦੀ ਕਾਰਬਾਈਨ ਦਾ ਲਾਇਸੈਂਸ ਬਣ ਗਿਆ ਤੇ ਉਹ ਅਕਾਲੀ ਤੇ ਭਿੰਡਰਾਂਵਾਲੇ ਦੇ ਲਾਇਸੈਂਸ ਰੱਦ ਹੋ ਗਏ ਤੇ ਉਹ ਕਾਂਗਰਸੀ। ਭਿੰਡਰਾਂਵਾਲਾ ਕਿਸੇ ਵੀ ਕਾਮਰੇਡ, ਅਕਾਲੀ, ਕਾਂਗਰਸੀ, ਸੋਸਲਿਸ਼ਟੀਏ, ਕਿਸੇ ਐਮ.ਐਲ.ਏ. ਦੇ ਘਰ ਨਾ ਵੜੇ, ਉਹ ਤਾਂ ਵੀ ਕਾਂਗਰਸੀ ਤੇ ਸਾਡੇ ਸਾਰੇ ਐਮ.ਐਲ.ਏ. ਭਰਾ, ਮੁੱਖ ਮੰਤਰੀ ਦਰਬਾਰੇ ਦੇ ਘਰ ਰੋਟੀ ਖਾ ਲੈਣ, ਉਹ ਤਾਂ ਵੀ ਅਕਾਲੀ।
* ਕੋਈ ਕਾਂਗਰਸ ਦਾ ਨੁਮਾਇੰਦਾ ਮੇਰੇ ਕੋਲੇ ਰੋਟੀ ਖਾ ਲਏ ਜਾਂ ਪ੍ਰੇਰਨਾ ਲੈ ਕੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਲਏ, ਉਹ ਤਾਂ ਭਿੰਡਰਾਂਵਾਲਾ ਨਹੀਂ ਬਣਦਾ ਤੇ ਅੰਮ੍ਰਿਤ ਛਕਾਉਣ ਵਾਲਾ ਭਿੰਡਰਾਂਵਾਲਾ ਕਾਂਗਰਸੀ ਬਣ ਜਾਂਦਾ।
* ਜੇ ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਲੀਡਰਾਂ ਵਿੱਚੋਂ ਲੀਡਰ ਆਪਣੀ ਲੜਕੀ ਕਾਂਗਰਸੀਆਂ ਦੇ ਮੁੰਡੇ ਨਾਲ ਵਿਆਹ ਦੇਣ ਤੇ ਉਹ ਤਾਂ ਵੀ ਅਕਾਲੀ ਰਹਿੰਦੇ ਆ ਤੇ ਕਾਂਗਰਸੀ ਆ ਭਿੰਡਰਾਂਵਾਲਾ।
* ਇੰਦਰਾ ਨੂੰ ਨਿੱਤ ਮਿਲਣ ਵਾਲੇ ਅਕਾਲੀ ਤੇ ਜਿਹਨੇ ਇੰਦਰਾ ਦੇ ਜ਼ੋਰ ਲਾਉਣ

'ਤੇ ਵੀ ਗਲ ਕਰਨ ਨੂੰ ਮਿੰਟ ਵੀ ਨਾ ਦਿੱਤਾ ਹੋਵੇ, ਉਹ ਕਾਂਗਰਸੀ।

* ਕਹਿੰਦੇ ਹਨ ਕਿ ਅਕਾਲੀ ਦਲ ਸ਼ਹੀਦਾਂ ਦੀ ਵਾਹਦ ਜਥੇਬੰਦੀ ਆ, ਪਰ ੧੪ ਪ੍ਰਧਾਨਾਂ ਵਿੱਚੋਂ ਇੱਕ ਵੀ ਸ਼ਹੀਦ ਹੋਇਆ ਪੰਥ ਦੇ ਨਾਂਅ 'ਤੇ ?
* ਮੈਂ ਸ਼ਾਂਤਮਈ ਦਾ ਹਾਮੀ ਨਹੀਂ ਹਾਂ, ਸ਼ਾਂਤਮਈ ਦੀ ਰੱਖਿਆ ਕਰਨ ਦਾ ਹਾਮੀ ਹਾਂ। ਸੁੱਕੀ ਸ਼ਾਂਤਮਈ ਚੁੱਕੀ ਫਿਰਨੀ, ਛਿੱਤਰ ਖਾਈ ਜਾਣੇ, ਕਿੱਥੇ ਦੀ ਸ਼ਾਂਤਮਈ ਆ ਇਹੈ ?
* ਹਰਿਆਣੇ ਵਿੱਚ ਜਿਹਨਾਂ ਸਾਡੇ ਇਸ਼ਟ ਨੂੰ ਅੱਗ ਲਾਈ ਆ, ਗੁਰਦੁਆਰਾ ਸਾੜਿਆ, ਭੈਣਾਂ ਦੀ ਇਜ਼ਤ ਲੁੱਟੀ ਆ, ਜਦੋਂ ਤੱਕ ਉਹਨਾਂ ਨੂੰ ਗੱਡੀ ਨਹੀਂ ਚੜ੍ਹਾਉਂਦੇ, ਤਦੋਂ ਤਕ ਹਿਰਦਾ ਸ਼ਾਂਤ ਨਹੀਂ ਹੋਵੇਗਾ ਤੇ ਮੁੱਢ ਭਜਨ ਲਾਲ ਆ ਤੇ ਉਹਨੂੰ ਸੁਨੇਹਾ ਭੇਜ ਦਿੱਤਾ ਕਿ ਬੱਚੂ ਭਾਵੇਂ ਸੱਤ ਸਮੁੰਦਰ 'ਚ ਘਰ ਪਾ ਲਈਂ, ਤੈਨੂੰ ਮਿਲਾਂਗੇ ਜ਼ਰੂਰ, ਸਮਾਂ ਤੇ ਭਾਵੇਂ ਵੱਧ ਘੱਟ ਲੱਗ ਜਾਏ।
* ਮੈਂ ਸਾਰਿਆਂ ਦੇ ਬਾਬਤ ਇਸ ਸਟੈਂਡ 'ਤੇ ਖੜਾਂ ਕਿ ਸਿਰ ਭਾਵੇਂ ਲੱਗ ਜਾਵੇ ਪਰ ਸਿੱਖਾਂ ਦੇ ਕੁੱਟ ਨਹੀਂ ਪੈਣ ਦੇਣੀ ਤੇ ਇਹ (ਅਕਾਲੀ ਭਾਈ) ਕਹਿਣ ਕਿ ਭਿੰਡਰਾਂਵਾਲਾ ਸਰਕਾਰ ਦਾ ਏਜੰਟ ਆ ਤੇ ਪੰਥ ਦਾ ਗ਼ਦਾਰ ਆ।
* ਕਿਸੇ ਦੇ ਘਰ ਪੁਲਿਸ ਗਈ ਹੋਵੇ ਤੇ ਮੈਨੂੰ ਸੁਨੇਹਾ ਆਇਆ ਹੋਵੇ ਤੇ ਦੋਬਾਰਾ ਪੁਲਿਸ ਘਰੇ ਵੜੀ ਹੋਵੇ ਤਾਂ ਕੋਈ ਦੱਸੇ।
* ਕਿਸੇ ਨੂੰ ਪੁਲਿਸ ਤੰਗ ਕਰਦੀ ਆ, ਸੁਨੇਹਾ ਜ਼ਰੂਰ ਦੇ ਦਿਉ ਇੱਕ ਵੇਰਾਂ ਤੇ ਫਿਰ ਉਹਦਾ ਨਜ਼ਾਰਾ ਵੇਖ ਲਿਉ। ਉਹਦਾ ਪੇਟੀ ਨੰਬਰ, ਨਾਂਅ ਅਤੇ ਪਿੰਡ ਦਾ ਪਤਾ ਲੱਗ ਜਾਏ ਤਾਂ ਛੇਤੀ ਹਿੰਮਤ ਹੋ ਜਾਉ, ਨਹੀਂ ਤੇ ਭਾਲਣ ਦੀ ਖੇਚਲ ਕਰਨੀ ਪੈਂਦੀ ਆ।
* ਪੰਥ ਦੇ ਨਾਂਅ 'ਤੇ, ਧਰਮ ਦੇ ਨਾਂਅ 'ਤੇ, ਸਿੱਖੀ ਸਰੂਪ ਦੇ ਨਾਂਅ 'ਤੇ, ਧੀਆਂ ਭੈਣਾਂ ਦੀ ਇੱਜ਼ਤ ਬਚਾਉਣ ਦੇ ਨਾਂਅ 'ਤੇ, ੧੦ ਲੱਖ ਰੁਪਏ ਤੱਕ ਪੰਜਾਬ ਦੇ ਕਿਸੇ ਸਿੱਖ ਦਾ ਨੁਕਸਾਨ ਹੋ ਗਿਆ, ਜਿੱਦੇਂ ਮੋਰਚਾ ਸਫਲ ਹੋ ਗਿਆ ਇੱਕ ਮਹੀਨੇ ਦੇ ਵਿੱਚ ਵਿੱਚ ਮੈਥੋਂ ਲੈ ਲਿਉ।
* ਜੇ ਅੰਮ੍ਰਿਤ ਛਕਾਉਣਾ, ਬਾਣੀ ਪੜ੍ਹਾਉਣੀ, ਰਹਿਤ ਰਖਾਉਣੀ ਇਹ ਕੰਮ ਕਾਂਗਰਸੀਆਂ ਦਾ ਤੇ ਤੁਸੀਂ ਅਕਾਲੀ ਦੱਸੋ ਤੁਹਾਡਾ ਕੀ ਕੰਮ ਆ ?
* ਪੁਲਿਸ ਤਿਆਰੀ ਕਰਦੀ ਫਿਰਦੀ ਆ, ਇਥੇ ਆਉਣ ਦੀ ਤੇ ਜੇ ਕਿਤੇ ਤੁਹਾਨੂੰ ਸੁਨੇਹਾ ਮਿਲ ਜਾਵੇ ਤੇ ਸੁੱਤੇ ਨਾ ਰਿਹੋ ਪਿੰਡਾਂ 'ਚ। ਪਹਿਲਾਂ ਕਿਸੇ ਨੂੰ ਕੁਝ ਕਹਿਣਾ ਨਹੀਂ ਤੇ ਭਾਜੀ ਕਿਸੇ ਦੀ ਸਿਰ ਰੱਖਣੀ ਨਹੀਂ। ਜੇ ਪਤਾ ਲੱਗ ਜਾਏ ਕਿ ਪੁਲਿਸ ਅੰਦਰ ਆ ਗਈ ਆ ਤੇ ਬਾਹਰ ਆਪੋ ਆਪਣੀ ਜ਼ਿੰਮੇਵਾਰੀ ਸੰਭਾਲ ਲਿਉ।

ਵਿਆਖਿਆਨ ੪੦

* ਚਾਹੇ ਹਿੰਦੂ ਆ, ਚਾਹੇ ਮੁਸਲਮਾਨ ਆ, ਚਾਹੇ ਕਿਸੇ ਸ਼੍ਰੇਣੀ ਦਾ, ਪਹਿਲਾਂ ਕਿਸੇ 'ਤੇ ਵਾਰ ਨਾ ਕਰਿਉ। ਜੇ ਹਰਿਮੰਦਰ ਸਾਹਿਬ ਵਿੱਚ ਪੁਲਿਸ ਆਵੇ ਤੇ ਫਿਰ ਢਿੱਲ ਨਾ ਕਰਿਉ। ਚਿੱਠੀ ਤੇ ਅਖ਼ਬਾਰ ਦੀ ਖ਼ਬਰ ਨਾ ਉਡੀਕਦੇ ਰਿਹੋ।
* ਸਿੱਖ ਕਾਤਲ ਨਹੀਂ, ਸਿੱਖ ਹੱਕ ਲੈਂਦਾ। ਕਾਤਲ ਉਹ ਹੈ ਜਿਹੜਾ ਪਹਿਲਾਂ ਵਾਰ ਕਰਦਾ। ਜਿਹੜਾ ਪਿੱਛੋਂ ਵਾਰ ਕਰ ਕੇ ਹੱਕ ਲੈਂਦਾ, ਉਹਨੂੰ ਕਾਤਲ ਨਹੀਂ ਕਿਹਾ ਜਾ ਸਕਦਾ।
* ਉਹ ਗਾਲ੍ਹਾਂ ਕੱਢਦੇ ਨੇ ਮੈਂ ਸੁਣੀ ਜਾਨਾਂ, ਉਹ ਗਾਲ੍ਹਾਂ ਕੱਢਣੋਂ ਹਟ ਜਾਣ ਗੱਲ ਮੁੱਕੀ, ਏਕਤਾ ਹੋਈ ਹੋਈ ਆ।
* ਔਤਕੀਂ ਜੂਸ ਨਹੀਂ ਮੂੰਹ ਨੂੰ ਲੱਗਦਾ। ਟਾਂਡਿਆਂ ਵਾਲੀ ਰਹੂ ਜਾਂ ਭਾਂਡਿਆਂ ਵਾਲੀ, ਅਪਵਾਦੇ ਜਿਹੇ ਕੰਮ ਨਹੀਂ ਖੜੋਂਦਾ, ਪਰ ਜੇ ਤੁਸੀਂ ਕਾਇਮ ਰਹੋਗੇ ਤੇ। ਜੇ ਤੁਸੀਂ ਵੀ ਲਕੀਰ ਦੇ ਫ਼ਕੀਰ ਬਣ ਕੇ ਦੋ ਕੁ ਘੁੱਟਾਂ ਪਾਣੀ, ਚੰਡੀਗੜ੍ਹ ਤੇ ਚਾਰ ਕੁ ਪਿੰਡ ਲੈ ਕੇ ਤੁਰਦੇ ਹੋਵੇ ਤਾਂ ਇਹਦੇ ਨਾਲ ਸਿੱਖੀ ਨਹੀਂ ਬਚਣੀ।

ਵਿਆਖਿਆਨ ੪੧

* ਹੈਂਡ ਗਰੰਥੀ ਮੋਨਿਆਂ ਘੋਨਿਆਂ, ਸ਼ਰਾਬੀਆਂ, ਕਬਾਬੀਆਂ ਦੀਆਂ ਲਾਵਾਂ ਪੜ੍ਹਾ ਦੇਣ ਤਾਂ ਮਰਿਯਾਦਾ ਕਾਇਮ ਆ ਤੇ ਜੇ ਮੈਂ ਇੱਕ ਅੰਮ੍ਰਿਤਧਾਰੀ ਦੀ ਮੰਗਣੀ ਦੀ ਅਰਦਾਸ, ਕਿਸੇ ਸਿੰਘ ਨੂੰ ਕਹਿ ਕੇ ਕਰਵਾ ਦਿਆਂ ਤਾਂ ਮਰਿਯਾਦਾ ਭੰਗ ਹੋ ਜਾਂਦੀ ਆ।
* 'ਕਾਲੀ' ਉਹ ਹੁੰਦਾ ਹੈ ਜਿਹੜਾ ਸਿੱਖੀ ਸਰੂਪ ਵਿੱਚ ਵੀ ਹੋਵੇ ਤੇ ਇਹਨਾਂ ਸਰਦਾਰਾਂ ਵਿੱਚ ਚੌਧਰੀ ਵੀ ਹੋਵੇ ਤੇ ਜਾ ਕੇ ਵੈਸ਼ਨੋ ਦੇਵੀ ਮੱਥਾ ਟੇਕ ਕੇ ਕਹੇ ਮਾਸੀ ਰੱਖ ਲਈ ਤੂੰ ਅਤੇ ਅਕਾਲੀ ਉਹ ਹੁੰਦਾ ਜਿਹੜਾ ਅਕਾਲ ਪੁਰਖ 'ਤੇ ਸ੍ਰੀ ਗੁਰੂ ਗਰੰਥ ਸਾਹਿਬ 'ਤੇ ਅਤੁੱਟ ਨਿਸਚਾ ਰੱਖੇ।

ਵਿਆਖਿਆਨ ੪੨

* ਤਖ਼ਤਾਂ ਤੋਂ ਕਦੇ ਅਪੀਲਾਂ ਨਹੀਂ ਹੋਈਆਂ, ਤਖ਼ਤਾਂ ਤੋਂ ਹਮੇਸ਼ਾ ਹੁਕਮ ਹੋਇਆ ਕਰਦੇ ਆ, ਪਰ ਇਥੇ ਦਿਲਾਂ 'ਚ ਖ਼ੁਸ਼ਾਮਦ ਤੇ ਗੋਡਿਆਂ 'ਚ ਮੂੰਗੀ ਦੀ ਦਾਲ ਉੱਤਰੀ ਆ, ਤਾਂ ਅਪੀਲਾਂ ਹੋਣੀਆਂ ਸ਼ੁਰੂ ਹੋ ਗਈਆਂ ਤਖ਼ਤਾਂ ਤੋਂ।
* ਹੁਕਮਨਾਮਾ ਇਥੋਂ ਜਾਰੀ ਹੋਵੇ ਤੇ ਤੁਸੀਂ (ਅਕਾਲੀ ਲੀਡਰ) ਉਹਦੀ ਉਲੰਘਣਾ ਕਰੋ ਤਾਂ ਤੁਹਾਨੂੰ ਕੋਈ ਸਜ਼ਾ ਨਹੀਂ, ਪਰ ਜੇ ਭਿੰਡਰਾਂਵਾਲਾ ਮੀਟਿੰਗ ਸੱਦ ਲਵੇ ਤਾਂ ਉਹਦਾ ਵੀ ਬਾਈਕਾਟ ਕਰ ਦਿਉ ਤੇ ਜੇ ਹੋਰ ਕੋਈ ਸਿੱਖ

ਸੱਚ ਦੀ ਗੱਲ ਕਰਨ ਦੀ ਜ਼ੁਰਅਤ ਕਰੇ ਤਾਂ ਉਹਨੂੰ ਵੀ ਇਥੇ ਤਲਬ ਕਰ ਲਵੋ। ਕੀ ਤੁਸੀਂ ਮੁਆਫ਼ੀਨਾਮੇ ਦਾ ਪਟਾ ਲਿਖਾ ਕੇ ਆਏ ਦਰਗਾਹ 'ਚੋਂ ?

* ਬਾਈਆਂ ਮਹੀਨਿਆਂ ਵਿੱਚ ਮੇਰੀ ਇੱਕ ਵੀ ਖ਼ਬਰ ਅਕਾਲੀ ਦਲ ਦੇ ਵਿਰੁੱਧ ਕੋਈ ਸਿੱਧ ਕਰੋ, ਮੈਂ ਸਜ਼ਾ ਭੁਗਤੂੰਗਾ। ਇਹ ਕੀ ਕਾਰਨ ਆਂ ਇੱਕ ਪਾਸੇ ਛਿੱਤਰ ਖੜਕੀ ਜਾਂਦੇ ਆ, ਦੂਜਾ ਕੁੱਟ ਖਾਈ ਜਾਂਦਾ ਤੇ ਕੁੱਟ ਖਾਣ ਵਾਲੇ ਨੂੰ ਫਿਰ ਤੁਸੀਂ ਕਹੀ ਜਾਂਦੇ ਕਿ ਤੂੰ ਠੰਡਾ ਰਹੁ।
* ੪੦੦ ਸਿੰਘਾਂ 'ਤੇ ਕੇਸ ਚੱਲਦਾ, ੩੭੫ ਦਾ ਇਕੱਲਾ ਲੜਦਾਂ, ੨੫ ਕੇਸ ਵੀ ਸਾਰਾ ਅਕਾਲੀ ਦਲ ਤੇ ਕਮੇਟੀ ਨਹੀਂ ਲੜਦੀ ਤੇ ਫਿਰ ਵੀ ਕਹੀ ਜਾਂਦੇ ਆ ਭਿੰਡਰਾਂਵਾਲਾ ਕਾਂਗਰਸੀ ਆ।
* ਸੈਂਤੀਆਂ ਸਾਲਾਂ ਵਿੱਚ ਕਿਸੇ ਇੱਕ ਸ਼ਹੀਦ ਦਾ ਅਕਾਲੀ ਦਲ ਨੇ ਬਦਲਾ ਲਿਆ ਤਾਂ ਦਸੋ ? ਅਕਾਲੀ ਦਲ ਦੇ ੧੪ ਪ੍ਰਧਾਨਾਂ ਵਿੱਚ ਪੰਥ ਵਾਸਤੇ ਇੱਕ ਵੀ ਸ਼ਹੀਦ ਨਹੀਂ ਹੋਇਆ, ਪੂਣ ਕਰ ਕੇ ਕਿਸੇ ਨੇ ਪੂਰਾ ਨਹੀਂ ਕੀਤਾ। ਕਿਹੜੇ ਸ਼ਹੀਦਾਂ ਦੀ ਜਥੇਬੰਦੀ ਇਹ ?

ਵਿਆਖਿਆਨ ੪੩

* ਜ਼ਾਤੀ ਤੌਰ 'ਤੇ ਆਪਣਾ ਹਿੰਦੂ ਨਾਲ ਕੋਈ ਵੈਰ ਨਹੀਂ, ਪਰ ਜੇ ਹਿੰਦੂ ਸਾਮਰਾਜ ਦੀ ਗੌਰਮਿੰਟ ਨੇ ਇਹ ਨਿਸ਼ਾਨਾ ਬਣਾ ਲਿਆ ਕਿ ਸਿੱਖਾਂ ਦਾ ਧਾਰਮਿਕ ਅਸਥਾਨ ਢਾਹੁਣਾ ਤੇ ਸਿੱਖਾਂ ਨੂੰ ਖ਼ਤਮ ਕਰਨਾ ਤਾਂ ਫਿਰ ਕੋਈ ਲੋੜ ਨਹੀਂ ਏਕਤਾ-ਊਕਤਾ ਦੀ, ਉਸ ਦਿਨ ਖੰਡਾ ਖੜਕਾ ਦਿਉ।
* ਜੇ ਅੰਮ੍ਰਿਤ ਛਕਾਉਣਾ, ਦਾਹੜੀਆਂ ਰਖਾਉਣੀਆਂ ਤੇ ਨਸ਼ੇ ਛੁਡਾਉਣੇ ਕਾਂਗਰਸੀਆਂ ਦਾ ਕੰਮ ਆ ਤਾਂ ਫਿਰ ਤੁਹਾਡਾ ਅਕਾਲੀਆਂ ਦਾ ਕੀ ਕੰਮ ਆ ?
* ਮੈਂ ਪਹਿਲਾਂ ਵਾਰ ਨਹੀਂ ਕਦੇ ਕੀਤਾ, ਨਾ ਕਰਦਾਂ ਤੇ ਨਾ ਕਰਨਾਂ, ਪਰ ਪਿੱਛੋਂ ਹੁਦਾਰ ਮੈਂ ਭਾਜੀ ਕਦੇ ਰੱਖੀ ਨਹੀਂ, ਮੋੜਨਾਂ ਜ਼ਰੂਰ ਆਂ। ਕਈ ਵਾਰੀ ਸਮਾਂ ਲੱਗ ਜਾਂਦਾ, ਕਈ ਵਾਰੀ ਤਾਜ਼ੀ ਤਾਜ਼ੀ ਮੋੜ ਦੇਈਦੀ ਆ, ਜਿਵੇਂ ਆਹ ਛਿੱਦੇ ਵਾਲੀ ਮੋੜੀ ਆ।
* ਇਕ ਬੰਦਾ ਮਰਨ ਵਾਸਤੇ ਤੁਰਿਆ ਫਿਰਦਾ ਤੇ ਉਲਟਾ ਕਹੀ ਜਾਂਦੇ, ਕਾਂਗਰਸ ਨਾਲ ਰਲਿਆ।
* ਮੇਰੀ ਜ਼ਿੰਦਗੀ 'ਚ ਮੇਰੇ ਪਰਿਵਾਰ ਵਿੱਚ, ਇੱਕ ਨਵੇਂ ਪੰਜ ਪੈਸੇ ਸੰਗਤ ਦੇ ਪੈਸਿਆਂ 'ਚੋਂ ਲੱਗੇ ਕੋਈ ਸਿੱਧ ਕਰ ਦੇਵੇ, ਮੂੰਹ ਕਾਲਾ ਕਰਾ ਕੇ, ਛਿੱਤਰਾਂ ਦਾ ਹਾਰ ਪਾ ਕੇ, ਮੁਆਫ਼ੀ ਮੰਗੂੰ ਕੌਮ ਤੋਂ।
* ਜ਼ੁਲਮ ਰਾਜ ਦੀਆਂ ਜਦੋਂ ਵੀ ਜੜ੍ਹਾਂ ਪੁੱਟੀਆਂ, ਕੁਲੀ ਵਾਲੇ ਨੇ ਪੁੱਟੀਆਂ,

ਕੋਠੀ ਵਾਲੇ ਨੇ ਕਦੇ ਜ਼ੁਲਮ ਰਾਜ ਦੀ ਜੜ੍ਹ ਨਹੀਂ ਪੁੱਟੀ।

* ਮੈਨੂੰ ਮੇਰੀ ਜ਼ਿੰਦਗੀ 'ਚ ਗੌਰਮੈਂਟ ਅੱਗੇ ਨਿਉਂਦਾ ਕਿਤੇ ਵਿਖਾ ਦਿਉ। ਸਿਰ ਤਾਂ ਕੱਟਿਆ ਜਾਏਗਾ ਪਰ ਗੌਰਮੈਂਟ ਅੱਗੇ ਨਿਉਂਦਾ ਨਹੀਂ।
* ਇੱਕ ਅਨੰਦਪੁਰ ਦੇ ਮਤੇ ਦੀ ਕਾਪੀ ਰੱਖਿਆ ਕਰੋ, ਇੱਕ ਕਾਰਬਾਈਨ ਰੱਖਿਆ ਕਰੋ, ਜੇ ਕੋਈ ਪੁਲਿਸ ਵਾਲਾ ਆਖੇ ਲਾਇਸੈਂਸ ? ਕਹੋ ਜੀ ਆਹ ਅਨੰਦਪੁਰ ਦਾ ਮਤਾ।
* ਹਿੰਦੂਆਂ ਨਾਲ ਸਾਡਾ ਕੋਈ ਵੈਰ ਨਹੀਂ, ਪਰ ਜੇ ਹਿੰਦੂ ਸਾਮਰਾਜ ਦੇ ਨਸ਼ੇ ਵਿੱਚ ਆ ਕੇ, ਦਰਬਾਰ ਸਾਹਿਬ 'ਤੇ ਚੜ੍ਹਾਈ ਕਰਨ ਦੀ ਗ਼ਲਤੀ ਕੀਤੀ ਤਾਂ ਲੋਹੇ ਦੇ ਚਣੇ ਚਬਾ ਦਿਆਂਗੇ, ਦੁਨੀਆਂ ਯਾਦ ਕਰੂਗੀ।
* ਮੈਂ ਸਵਾਸ ਸਵਾਸ ਤੇ ਰੋਮ ਰੋਮ ਕਰਕੇ ਧੰਨਵਾਦ ਕਰਦਾ ਹਾਂ, ਜਿਹਨਾਂ ਨੇ ਸਿੱਖੀ ਸ਼ਾਨ ਨੂੰ ਉੱਚਿਆਂ ਰੱਖਦਿਆਂ ਬੇਅੰਤ ਸਰੀਰਕ ਤਸੀਹੇ ਝੱਲੇ ਹਨ, ਪਰ ਸਰਕਾਰ ਅੱਗੇ ਨਿਉਏ ਨਹੀਂ, ਕਿਸੇ ਪ੍ਰਕਾਰ ਦੀ ਕਾਣ ਨਹੀਂ ਮੰਨੀ।
* ਜਿਹਨਾਂ ਨੂੰ ਦਾਹੜੀਆਂ ਭਾਰੀਆਂ ਲੱਗਦੀਆਂ, ਮਰਦਪੁਣਾ ਚੰਗਾ ਨਹੀਂ ਲੱਗਦਾ, ਉਹ ਇਥੇ ਅਰਦਾਸ ਕਰਨ ਕਿ ਸੱਚੇ ਪਾਤਿਸ਼ਾਹ ਸਾਨੂੰ ਮਾਰ ਕੇ ਤ੍ਰੀਮਤਾਂ ਬਣਾ ਦੇਹ ਤੇ ਬੀਬੀਆਂ ਨੂੰ ਮਰਦ ਬਣਾ ਦੇਹ, ਵਟਾਂਦਰੇ ਦੀ ਅਰਦਾਸ ਕਰ ਦਿਉ।

ਵਿਸ਼ੇਸ਼ ਧਿਆਨ ਯੋਗ

ਇਸ ਪੁਸਤਕ ਵਿੱਚ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਵਾਲਿਆਂ ਵੱਲੋਂ ਸਮੇਂ ਸਮੇਂ ਦਿੱਤੇ ਗਏ ਵਿਆਖਿਆਨ ਅਤੇ ਕੀਤੀਆਂ ਗਈਆਂ ਮੁਲਾਕਾਤਾਂ ਹੂ-ਬਹੂ ਦਿੱਤੇ ਗਏ ਹਨ। ਇਹਨਾਂ ਵਿਆਖਿਆਨਾਂ ਵਿਚਲੇ ਅਧੂਰੇ ਵਾਕਾਂ ਅਤੇ ਅਰਥਾਂ ਨੂੰ ਸਪਸ਼ਟ ਕਰਨ ਲਈ ਲੁੜੀਂਦੇ ਸ਼ਬਦ ਬਰੈਕਟਾਂ ਵਿੱਚ ਦਿੱਤੇ ਗਏ ਹਨ। ਅਧੂਰੇ ਵਾਕਾਂ ਅੱਗੇ ਵਾਕ ਨੂੰ ਪੂਰਾ ਕਰਨ ਲਈ ਉਹਨਾਂ ਅੱਗੇ '.....' ਵੀ ਲਾਏ ਗਏ ਹਨ। ਪਾਠਕ ਇਸ ਗੱਲ ਦਾ ਧਿਆਨ ਰੱਖਣ।

ਵੱਖ ਵੱਖ ਮੌਕਿਆਂ 'ਤੇ ਦਿੱਤੇ ਗਏ ਇਹਨਾਂ ਵਿਆਖਿਆਨਾਂ ਵਿੱਚ ਦੁਹਰਾਓ ਤਾਂ ਜ਼ਰੂਰ ਹੈ, ਪਰ ਉਹ ਮੌਕੇ ਅਤੇ ਪ੍ਰਕਰਣ ਅਨੁਸਾਰ ਹੋਣ ਕਰਕੇ ਬੋਝਲ ਨਹੀਂ ਬਣਦੇ ਅਤੇ ਸਰੋਤਿਆਂ ਵਿੱਚ ਉਤਸੁਕਤਾ ਬਣਾਈ ਰੱਖਦੇ ਹਨ। ਇਸ ਲਈ ਸਾਰੇ ਵਿਆਖਿਆਨਾਂ ਅਤੇ ਮੁਲਾਕਾਤਾਂ ਵਿੱਚ ਆਏ ਦੁਹਰਾਓ ਨੂੰ ਵੀ ਜਿਉਂ ਦਾ ਤਿਉਂ ਹੀ ਰੱਖਿਆ ਗਿਆ ਹੈ।

--ਸੰਪਾਦਕ

ਵਿਆਖਿਆਨ - ੧.

(ਨਾਰੰਗਵਾਲ, ਲੁਧਿਆਣਾ ੨੬-੦੨-੧੯੮੧)

ਸਤਿਗੁਰੂ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ ਜੀ ਦੀ ਪਵਿੱਤਰ ਗੋਦ ਵਿੱਚ ਸਜੀ ਹੋਈ ਗੁਰੂ ਰੂਪ ਸਾਧ ਸੰਗਤ ਜੀਉ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਖ਼ਾਲਸਾ ਜੀ ਇਹ ਜੋੜ ਮੇਲਾ ਮਨਾਉਣਾ ਬੜਾ ਜ਼ਰੂਰੀ ਸੀ ਕਿਉਂਕਿ ਜਦੋਂ ਤੋਂ ਸੰਤ ਵਿਛੜੇ ਆ ਪੂਰੀਆਂ ਤਿਆਰੀਆਂ ਸਹਿਤ ਹੋ ਕਰਕੇ, ਇਕੱਤਰਤਾ ਨਾਲ ਜੋੜ ਮੇਲਾ ਮਨਾਉਣ ਦਾ ਟਾਈਮ ਨਹੀਂ ਸੀ ਕਿਤੇ ਲੱਗਾ, ਉਹਦਾ ਕਾਰਨ ਸੀ...., ਪਹਿਲੀ ਬਰਸੀ ਮਨਾਈ ਉਦੋਂ ਬਿਅੰਤ ਇਕੱਠ ਹੋਇਆ । ਫਿਰ ਨਰਕਧਾਰੀਆਂ ਦਾ ਕਾਂਡ ਹੋ ਗਿਆ, ਉਥੇ ਤਾਂ ਵੀ ਸੰਗਤ ਦੀ ਇਕੱਤਰਤਾ ਪੂਰੀ ਨਾ ਅਸੀਂ ਕਰ ਸਕੇ । ਉਦੋਂ ਪਿੱਛੋਂ ਇਹ ਅਕਾਲੀ ਭਾਈਆਂ ਨਾਲ ਇਲੈਕਸ਼ਨ[1] ਦਾ ਕੰਮ ਚੱਲ ਪਿਆ ਤੇ ਉਸ ਟਾਈਮ ਦੇ ਵਿੱਚ ਵੀ ਥੋੜੀ ਇਹ ਗੜਬੜ ਰਹੀ ਤੇ ਉਦੋਂ ਪਿੱਛੋਂ ਫਿਰ ਇਹ ਗੁਰਬਚਨਾਂ[2] ਕਤਲ ਕੀਤਾ ਗਿਆ ਤੇ ਉਦੋਂ ਪਿੱਛੋਂ ਉਸ ਸਾਲ ਵੀ ਦਾਸ ਉਥੇ (ਸਮਾਗਮ 'ਤੇ) ਨਾ ਪਹੁੰਚ ਸਕਿਆ । ਐਤਕੀ ਦਾਸ ਸੁਰਖਰੂ ਸੀ ਤੇ ਮਹਾਰਾਜ ਨੇ ਕਿਰਪਾ ਕੀਤੀ । ਮੈਂ ਤਾਂ ਤੁਹਾਨੂੰ ਕਹਿੰਦਾ ਨਹੀਂ, ਜਿਹੜੀ ਸੰਗਤ ਉਥੇ ਗਈ ਸੀ, ਉਹਨੂੰ ਪੁੱਛੋ (ਕਿ) ਇਕੱਠ ਉਥੇ ਕਿੰਨਾ ਕੁ ਸੀ ਤੇ ਦੂਜਾ ਜ਼ਿਕਰ ਸੀ ਭਾਈ ਮਨਜੀਤ ਸਿੰਘ ਦੇ ਵਿਆਹ ਦਾ, ਉਹ ਵੀ ਬੜੀ ਭਾਰੀ ਜ਼ਿੰਮੇਵਾਰੀ ਸੀ, ਕਿਉਂਕਿ ਮਹਾਂਪੁਰਖਾਂ ਦਾ ਸਪੁੱਤਰ ਹੈ ਤੇ ਚੜ੍ਹਦੀ ਕਲਾ ਵਿੱਚ ਮਹਾਂਪੁਰਖਾਂ ਦਾ ਆਪਾਂ ਨੂੰ ਵਿਛੋੜਾ ਅਭਾਗਾ ਪੈ ਗਿਆ, ਤਾਂ ਗੁਰੂ ਕੇ ਪਿਆਰਿਓ ਉਸ ਪਰਿਵਾਰ ਦੀ ਗ੍ਰਿਹਸਤ ਮਾਰਗ ਵਿੱਚ ਚੱਲਣ ਤੇ ਚਲਾਉਣ ਦੀ ਜਿਹੜੀ ਜ਼ਿੰਮੇਵਾਰੀ ਆ, ਉਹ ਵਿਸ਼ੇਸ਼ ਤੌਰ 'ਤੇ ਕੋਈ ਵੀ ਕਾਰਜ ਭਾਵੇਂ ਹੁੰਦਾ, ਇਹ ਟਕਸਾਲ ਦੇ ਸੇਵਾਦਾਰ ਦੇ ਜ਼ਿੰਮੇ ਬਣਦੀ ਸੀ । ਉਹਦੀ ਜ਼ਿੰਮੇਵਾਰੀ ਪੜ੍ਹਾਈ ਦੀ ਸੀ, ਉਹ ਪੜ੍ਹ ਗਿਆ । ਚੰਗੀ ਮਾੜੀ ਨੌਕਰੀ 'ਤੇ ਵੀ ਲੱਗ ਗਿਆ । ਹੁਣ ਉਹਦੀ ਕੇਵਲ ਜ਼ਿੰਮੇਵਾਰੀ ਸੀ ਸ਼ਾਦੀ ਦੀ, ਵਿਆਹ ਦੀ । ਉਹਦੇ ਵਿੱਚ ਕੇਵਲ ਅੱਜ ਬਾਕੀ ਪੰਜ ਦਿਨ ਹਨ, ਸ਼ਾਇਦ ਮੈਂ ਗ਼ਲਤ ਨਾ ਹੋਵਾਂ ਕਿ ਪੰਦਰਾਂ ਭਾਦਰੋਂ ਨੂੰ ਅਨੰਦ ਕਾਰਜ ਦਾ ਦਿਨ ਹੈ ਤੇ ਗੌਰਮੈਂਟ ਵੀ ਇਸ ਪਾਸੇ ਤੁਰਨ ਦੀ ਕੋਸ਼ਿਸ਼ ਵਿੱਚ ਹੈ ਕਿ ਉਹਨਾਂ ਨੂੰ ਇਹ ਵਿਆਹ ਦੇ ਦਿਨਾਂ ਵਿੱਚ ਰੁਕਾਵਟ ਪਾਈ ਜਾਵੇ । ਇਹਦੇ ਸੰਬੰਧ ਵਿੱਚ ਬਹੁਤਾ ਬੋਲਣਾ ਇਸ ਵੇਲੇ ਮੈਂ ਠੀਕ ਨਹੀਂ ਸਮਝਦਾ, ਕਿਉਂਕਿ ਸ਼ਾਂਤੀ ਦਾ ਮਾਹੌਲ ਬਣਿਆਂ ਆਂ, ਪਰ ਇਹਨਾਂ ਲੋਕਾਂ ਨੂੰ ਜੋ ਸਿੱਖੀ ਰੂਪ ਵਿੱਚ ਬਹੁਰੂਪੀਏ ਹੋ ਕੇ ਤੇ ਕਾਂਗਰਸ ਦੇ ਹਮਾਇਤੀ ਬਣ ਕੇ, ਰਾਜ ਦੇ ਨਸ਼ੇ ਵਿੱਚ ਆ ਕਰਕੇ, ਇਹ ਜੋ ਉਪੱਦਰ ਕਰਨ 'ਤੇ ਤੁਲੇ ਹੋਏ ਆ, ਸਤਿਗੁਰੂ ਅੱਗੇ ਅਰਦਾਸ ਕਰੀਏ, ਮਹਾਰਾਜ ਕਿਰਪਾ ਕਰਨ । ਪੰਜਾਂ ਕੁ ਦਿਨਾਂ ਵਿੱਚ, ਮੈਂ ਵੀ ਵਿਹਲਾ ਹੋ ਜਾਵਾਂਗਾ ਤੇ ਇਹਨਾਂ ਦਾ ਤਾਂ ਪਤਾ ਹੀ ਏ,

ਵਿਹਲੇ ਹੋਣਗੇ ਜਾਂ ਹੋਰ ਕਿਸੇ ਪਾਸੇ ਤੁਰਨਗੇ। ਮੈਂ ਤਾਂ ਉਸ ਦਿਨ ਤੋਂ ਸੁਰਖਰੂ ਹੋਵਾਂਗਾ। ਸੋ ਸਤਿਗੁਰ ਕਰਨ ਕਿਰਪਾ, ਕਲਗੀਧਰ ਦਸਮੇਸ਼ ਪਿਤਾ ਜੀ ਮਿਹਰ ਭਰਿਆ ਸਿਰ 'ਤੇ ਹੱਥ ਰੱਖਣ। ਇਸ ਵਿਆਹ ਤੋਂ ਪਿੱਛੋਂ ਵੀ ਐਸੀ ਹਰਕਤ ਤੋਂ ਬਾਜ ਨਾ ਆਏ ਤੇ ਉਹਦੇ ਸੰਬੰਧ ਵਿੱਚ ਅਗਲੀ ਗੱਲ ਮੈਂ ਕਹਿਣ ਸੰਕੋਚ ਕਰਾਂਗਾ। ਹੁਣ ਜਿਹੜਾ ਉਹਦਾ ਸਿੱਟਾ ਨਿਕਲੇਗਾ, ਫਲ ਭੁਗਤਣਾ ਪਵੇਗਾ, ਉਹਦੀ ਸਾਰੇ ਜ਼ਿੰਮੇਵਾਰੀ ਗੌਰਮੈਂਟ ਦੇ ਜ਼ਿੰਮੇ ਹੋਵੇਗੀ।

ਜਾਨਸ਼ੀਨ ਦੀ ਨਿਯੁਕਤੀ ਦਾ ਅਧਿਕਾਰ ਦੇਣਾ

ਮੈਂ ਭਰੇ ਦਿਵਾਨ ਵਿੱਚ ਬਾਬਾ ਠਾਕੁਰ ਸਿੰਘ ਜੀ ਨੂੰ ਬੇਨਤੀ ਕਰਦਾ ਹਾਂ, ਹੱਥ ਜੋੜ ਕੇ, ਭਾਵੇਂ ਉ ਮਹਿਸੂਸ ਕਰਨਗੇ ਕਾਫ਼ੀ ਜ਼ਿਆਦਾ, ਪਰ ਮੈਂ ਉਹਨਾਂ ਦਾ ਬੱਚਾ ਹਾਂ, ਉਹਨਾਂ ਨੂੰ ਕਰਨਾ ਨਹੀਂ ਚਾਹੀਦਾ ਅਗਲਾ ਜਿਹੜਾ ਪ੍ਰੋਗਰਾਮ ਕੌਮ ਦਾ ਹੋਵੇਗਾ, ਸੋ ਬਾਬਾ ਜੀ ਜਾਣਨ ਤੇ ਜਥੇ ਵਾਲੇ ਸਿੰਘ ਜਾਣਨ। ਸਕਦਾ ਵਿਆਹ ਤੋਂ ਪਿੱਛੋਂ ਸਮੇਂ ਦੀ ਮਜ਼ਬੂਰੀ ਦੇ ਕਾਰਨ ਜਾਂ ਪ੍ਰਾਲਬਧ ਦੇ ਕਾਰਨ ਕੋਈ ਵੀ ਤਬਦੀਲੇ ਹੋਵੇ, ਉਸ ਤਬਦੀਲੀ ਨੂੰ ਮੁੱਖ ਰੱਖ ਕੇ ਅਗਲੇ ਪ੍ਰੋਗਰਾਮ ਦੀ ਜਿਹੜੀ ਸੰਭਾਲ ਹੋਵੇਗੀ। ਸਭ ਤੋਂ ਮੁੱਖ ਪ੍ਰਧਾਨਗੀ ਦੇ ਇਕੱਠ ਵਿੱਚ ਅੱਜ ਜੋ ਬੜਾ ਵੱਡਾ ਬਣਿਆ ਹੋਇਆ ਹੈ, ਉਹ ਬਾਬਾ ਠਾਕੁਰ ਸਿੰਘ ਜੀ ਨੇ ਹੋਵੇਗੀ ਤੇ ਜਿਹੜਾ ਬਾਕੀ ਪ੍ਰੋਗਰਾਮ ਹੈ, ਉਹ ਸਾਰੇ ਸਹਿਯੋਗੀਆਂ ਦੇ ਸਹਿਯੋਗ ਨਾਲ ਹੋਵੇਗਾ। ਮਹਾਰਥ ਚੋਜੀ ਪ੍ਰੀਤਮ ਜੀ ਕਿਰਪਾ ਕਰਨ। ਇਹ ਸਮਾਂ ਵੀ ਲੰਘ ਜਾਣਾ, ਇਹ ਤੇ ਨਹੀਂ ਭਈ ਨਹੀਂ ਲੰਘਣਾ ਦਿਨ ਤੇ ਪੰਜ ਹੀ ਰਹਿ ਗਏ ਆ, ਲੰਘੇਗਾ ਵੀ ਚੜ੍ਹਦੀ ਕਲਾ ਵਿੱਚ। ਸੋ ਅਗਲਾ ਸਮਾਂ ਜਿਹੜਾ ਉਸ ਹੋਵੇਗਾ। ਉਸ ਸਮੇਂ ਦੇ ਅਸਾਰ ਨੂੰ ਵੇਖ ਕੇ ਮੈਂ ਬੇਨਤੀ ਕੀਤੀ ਆ, ਕਿਤੇ ਅੰਤਰਜਾਮਤਾ ਨਾ ਸਮਝ ਲਿਓ ਜਾਂ ਕੋਈ ਭਵਿੱਖਬਾਣੀ ਦੇ ਰੂਪ ਵਿੱਚ ਐਵੇਂ ਕੋਈ ਵਿਚਾਰ ਲੈ ਲਿਉ। ਪੂਰਾ ਵਗਦਾ ਹੋਵੇ ਤਾਂ ਜ਼ਿਮੀਦਾ ਅੰਦਾਜ਼ਾ ਲਾ ਲੈਂਦੇ ਹਨ ਕਿ ਬੱਦਲ ਹੋਵੇਗਾ। ਪੈਣਾ ਨਾ ਪੈਣਾ ਤਾਂ ਬੱਦਲ ਦੀ ਮਰਜ਼ੀ ਹੁੰਦੀ ਆ ਨਾ, ਇੰ ਜਿਹੀ ਪੌਣ ਨੂੰ ਵਗਦਿਆਂ ਦੇਖ ਕੇ ਮੈਂ ਬੇਨਤੀ ਕੀਤੀ ਆ, ਕਿਉਂਕਿ ਸਰੀਰਾਂ ਦਾ ਕੋਈ ਪਤਾ ਨਹੀਂ ਹੁੰਦ, ਕਿਹੜੇ ਟਾਈਮ 'ਤੇ ਕਿਹੜੇ ਢੰਗ ਨਾਲ, ਕਿਸ ਤਰ੍ਹਾਂ ਦਾ ਸਮਾਂ ਵਰਤਿਆ ਜਾਵੇ ਤੇ ਉਹਦਾ ਅੱਗੇ ਇਲਾ ਨਾ ਹੋਵੇ ਤਾਂ ਕਈ ਵਾਰੀ ਖਲਬੀ ਪੈਦਾ ਹੋ ਜਾਂਦੀ ਆ।

ਮੈਂ ਸੰਗਤਾਂ ਨੂੰ ਬੇਨਤੀ ਕਰਾਂਗਾ ਕੋਈ ਸਮਾਂ ਐਸਾ ਬਣ ਜਾਵੇ ਤੇ ਸਾਰੀਆਂ ਸੰਗਤਾਂ ਨੇ ਬਾਬਾ ਠਾਕੁ ਸਿੰਘ ਜੀ ਨੂੰ ਸਹਿਯੋਗ ਦੇਣਾ। ਜਥੇ ਵਾਲਿਆਂ ਦੀ ਸੇਵਾ ਵਿੱਚ ਮੈਂ ਬੇਨਤੀ ਕਰਾਂਗਾ (ਕਿ) ਕਿਸੇ ਨੇ ਪਾਰਟੀਬਾਜੀ ਵਿੱਚ ਮਾਮੂਲੀ ਜਿਹੀ ਗੱਲ ਤੋਂ ਪੈ ਕੇ ਬਾਬਾ ਠਾਕੁਰ ਸਿੰਘ ਨੂੰ ਗਰੱਸਣਾ ਨਹੀਂ। ਜਿਨ੍ਹੂੰ ਉਹ ਯੋਗ ਤੇ ਲਾਈਕ ਸਮਝਣਗੇ, ਉਹਦੇ ਨਾਲ ਮਿਲ ਕਰਕੇ ਸਾਰੇ ਜਥੇ ਨੇ ਚੱਲਣ ਦੀ ਕੋਸ਼ਿਸ਼ ਕਰਨੀ ਆਂ। ਕੋਸ਼ਿਸ਼ ਹੀ ਨਹੀਂ ਕਰਨੀ ਬਲਕਿ ਚੱਲਣਾ ਹੈ, ਜੇ ਦਾਸ ਨਾਲ ਪਿਆਰ ਆ ਤੇ ਜੇ ਕੇਵਲ ਮੇਰੇ ਨਾਲ ਹੀ ਪਿਆਰ ਆ ਤੇ ਗੁਰੂ ਕੀ ਬਾਣੀ ਤੇ ਟਕਸਾਲ ਨਾਲ ਤੁਹਾਡਾ ਪਿਆਰਾ ਸਿੰਘੋਂ ਨਹੀਂ, ਫਿ ਤੁਹਾਡੀ ਆਪਣੀ ਮਰਜ਼ੀ ਹੋਵੇਗੀ। ਇਹ ਮੈਂ ਬੇਨਤੀ ਅੱਜ ਜ਼ਰੂਰ ਕਰਾਂਗਾ, ਜਿਹਦੀ ਚੋਣ ਸੰਗਤ ਤੇ ਬਾਬਾ ਠਾਕੁਰ ਸਿੰਘ ਜੀ ਕਰ ਦੇਣਗੇ, ਉਹ ਹਾਰੇਗਾ ਨਹੀਂ ਕਦੇ। ਭਾਵੇਂ ਲੱਖਾਂ, ਨਾਲ ਦੇ ਜਥੇ ਵਾਲੇ ਸਿੰਘ ਜੇ ਬਣਾ ਲੈਣ ਤੇ ਜੇ ਇੱਕ ਥਾਂ ਮਿਲ ਕੇ ਚੱਲਾਂਗੇ ਤੇ ਪੂਰੀ ਚੜ੍ਹਦੀ ਕਲਾ ਹੋਵੇਗੀ।

ਵੇਖ ਲਉ ਭਾਵੇਂ, ਕੁਝ ਪਿਆਰਿਆਂ ਦੇ ਮਨਾਂ ਵਿੱਚ ਇਹ ਸਵਾਲ ਸੀ ਕਿ ਇਹਨਾਂ ਨੂੰ ਕੀ ਲੱਭਿਆ ਨਹੀਂ, ਇਹ ਮੂਰਖ ਤੇ ਅਨਪੜ੍ਹ ਜਿਹਾ ਚੁਣ ਲਿਆ, ਕੇਵਲ ਇਸ ਵਾਸਤੇ ਕਿ ਸਾਡੀ ਭੰਡੀ ਨਾ

ਹੋਵੇ । ਇਹ (ਵਿਚਾਰ) ਕਈਆਂ ਪ੍ਰੇਮੀਆਂ ਦੇ ਮਨਾਂ ਵਿੱਚ ਸਨ, ਪਰ ਇਹਨਾਂ ਤਿੰਨਾਂ ਚੌਂਹਾਂ ਸਾਲਾਂ ਵਿੱਚ ਉਹਨਾਂ ਦੇ ਜਿਹੜੇ ਖਿਆਲ ਸੀ, ਖਿਆਲ ਤਾਂ ਅਜੇ ਪਤਾ ਨਹੀਂ ਪ੍ਰਮੇਸ਼ਰ ਨੇ ਕਿਉਂ ਝੂਠੇ ਕਰ ਦਿੱਤੇ ਆ, ਇਹ ਸਤਿਗੁਰੂ ਜਾਣੇ । ਜਿਹੜੇ ਉਹਨਾਂ ਦੇ ਖਿਆਲ ਸੀ (ਕਿ) ਅਨਪੜ੍ਹ (ਆ), ਉਹ ਠੀਕ ਸਨ (ਕਿਉਂਕਿ) ਮੈਂ ਪੜ੍ਹਿਆ ਕੱਖ ਨਹੀਂ । ਜਿਹੜਾ ਸੀ ਕਿ ਮੂਰਖ ਦੀ ਚੋਣ ਕਰ ਲਈ, ਉਹ ਵੀ ਠੀਕ ਆ । ਮੇਰੇ ਵਰਗਾ ਨਾ ਕੋਈ ਮੂਰਖ ਜੰਮਿਆ, ਨਾ ਜੰਮਣ ਦੀ ਸੰਭਾਵਨਾ ਕਿਸੇ ਦੀ । ਸੋ ਇਹ ਬਖ਼ਸ਼ਸ਼ ਕਿਹਦੀ ਆ, ਬ੍ਰਹਮ ਗਿਆਨੀ ਸਿੱਖੀ ਦਾ ਪ੍ਰਚਾਰ ਕਰਨ ਵਾਲੇ ਪੂਰਨ ਗੁਰਸਿੱਖ ਸੰਤ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਅਤੇ ਸਿੱਖੀ ਨਾਲ ਪਿਆਰ ਕਰਕੇ ਸੇਵਾ ਨਿਭਾਉਣ ਵਾਲੇ ਗੁਰਮੁਖ ਪਿਆਰੇ ਬਾਬਾ ਠਾਕੁਰ ਸਿੰਘ ਜੀ, ਇਹਨਾਂ ਦੀ ਤੇ ਸਭ ਤੋਂ ਵਿਸ਼ੇਸ਼ ਜਿਹੜੀ ਕਿਰਪਾ ਹੈ, ਉਹ ਹੈ ਗੁਰੂ ਗੋਬਿੰਦ ਸਿੰਘ ਸਾਹਿਬ ਤੇ ਬਾਬਾ ਦੀਪ ਸਿੰਘ ਜੀ ਦੀ, ਜਿਹਨਾਂ ਤੋਂ ਅੱਗੇ ਇਸ ਸੰਸਥਾ ਦਾ ਆਰੰਭ ਹੋਇਆ ਹੈ ।

ਸੋ ਗੁਰੂ ਕੇ ਪਿਆਰਿਓ ਇਹਨਾਂ ਅੱਖਰਾਂ ਤੋਂ ਬਾਅਦ ਮੈਂ ਦੋਬਾਰਾ ਬੇਨਤੀ ਕਰਾਂਗਾ (ਕਿ) ਕੋਈ ਖਿਆਲ ਨਾ ਕਰਿਉ ਕਿ ਸ਼ਾਇਦ ਪਤਾ ਵੀ ਨਹੀਂ ਜਿਹੜੀਆਂ ਗੱਲਾਂ ਕਹਿ ਦਿੱਤੀਆਂ ਖੋਰੇ ਕਿੰਨਾ ਕੁ ਚਿਰ ਰਹੋਗਾ । ਰਹਿਣਾ ਤੇ ਓਨਾ ਚਿਰ ਹੀ ਹੈ, ਜਿੰਨਾ ਚਿਰ ਪਰਾਲਬਧ ਹੈ । ਇਸ ਨੂੰ ਪੁੱਠੇ ਪਾਸੇ ਨਹੀਂ ਕਿਸੇ ਸਿੰਘ ਨੇ ਵਰਤਣਾ । ਇਹ ਸਮੇਂ ਦੀ ਨੀਤੀ ਤੇ ਚਾਲ ਵੇਖ ਕਰਕੇ ਇੰਨੀ ਕੁ ਬੇਨਤੀ ਕਰਦਾਂ, ਤਾਂ ਇਹ ਖਿਆਲ ਪ੍ਰਗਟ ਹੋਇਆ, ਭਾਵੇਂ ਇਹੋ ਜਿਹੇ ਬਚਨ ਅਯੋਗ ਹੋਇਆ ਕਰਦੇ ਆ ਪਹਿਲਾਂ ਸਮੇਂ ਤੋਂ, ਪਰ ਕਈ ਵਾਰੀ ਇਹੋ ਜਿਹੀਆਂ ਇਕੱਤਰਤਾਵਾਂ ਵਿੱਚ ਭਾਗ ਘੱਟ ਮਿਲਦਾ ਹੈ, ਕਿਉਂਕਿ ਇਥੇ ਪੜ੍ਹੇ ਲਿਖੇ ਸਿਆਣੇ ਤੇ ਪਤਵੰਤੇ ਸੱਜਣ ਜੁੜੇ ਹੋ । ਸ਼ਾਂਤੀ ਵਿੱਚ ਬੈਠ ਕੇ ਤੁਸਾਂ ਇਹ ਵਿਚਾਰ ਸਰਵਣ ਕੀਤਾ ਹੈ । ਇਸ ਗੱਲ ਵੱਲ ਖਾਸ਼ ਕਰਕੇ ਧਿਆਨ ਰੱਖਣਾ ਕਿ ਬਾਬਾ ਠਾਕੁਰ ਸਿੰਘ ਜੀ ਜੋ ਵੀ ਕਿਸੇ ਨੂੰ ਕਹਿਣਗੇ, ਉਹਦੇ 'ਤੇ ਸਾਰਿਆਂ ਨੇ ਫੁੱਲ ਚੜ੍ਹਾਉਣ ਦੀ ਕ੍ਰਿਪਾਲਤਾ ਕਰਨੀ ਹੈ ।

ਸੋ ਮਹਾਰਾਜ ਕਿਰਪਾ ਕਰੇ ਦਾਸ ਤੇ ਪੰਜਾਂ ਦਿਨਾਂ ਵਿੱਚ ਵਿਹਲਾ ਹੋ ਜਾਵੇਗਾ । ਗੌਰਮੈਂਟ ਵੇਖੋ ਕੈਸੀ ਵਿਹਲੀ ਹੁੰਦੀ ਆ ਤੇ ਉਹ ਆਪਣਾ ਵਿਹਲਾ ਹੋ ਕੇ ਜ਼ੋਰ ਲਾਵੇਗੀ । ਆਪਾਂ ਜ਼ੋਰ ਤਾਂ ਕੀ....., ਨਾ ਲਾਉਣ ਜੋਗੇ ਆਂ, ਨਾ ਲਾਉਣਾ, ਨਾ ਕਦੀ ਲਾਇਆ, ਪਰ ਗੁਰੂ ਗਰੰਥ ਸਾਹਿਬ ਜੀ ਜੋ ਕਿਸੇ ਤੋਂ ਲਗਾਉਣਗੇ ਉਹ ਜ਼ਰੂਰ ਲਾਵੇਗਾ । ਉਹ ਪਤਾ ਨਹੀਂ ਕਿਹਦੇ ਤੋਂ ਲਵਾਉਣ ਤੇ ਕਿਹਦੇ ਸਿਰ 'ਤੇ ਹੱਥ ਰੱਖਣ । ਇਹ ਸਤਿਗੁਰੂ ਦੀ ਆਪਣੀ ਮਰਜੀ ਹੈ । ਇੰਨੀ ਬੇਨਤੀ ਕਰਦਾਂ ਮੈਂ ਖਿਮਾਂ ਮੰਗਦਾ ਹਾਂ । ਬੋਲਦਿਆਂ ਗ਼ਲਤੀ ਹੋਈ ਹੋਵੇ ਤਾਂ ਸੰਗਤ ਮੁਆਫ਼ ਕਰਿਉ ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੨.

(ਦੀਵਾਨ ਹਾਲ ਮੰਜੀ ਸਾਹਿਬ, ਅੰਮ੍ਰਿਤਸਰ, ਫ਼ਰਵਰੀ ੧੯੮੩)

ਸਟੇਜ ਸੈਕਟਰੀ - ਬੇਨਤੀ ਕਰ ਰਿਹਾਂ ਹੁਣ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਨੂੰ ਕਿ ਉਹ ਤੁਹਾਨੂੰ ਦਰਸ਼ਨ ਦੇਣ ਤੇ ਸੰਗਤਾਂ ਦੇ ਦਰਸ਼ਨ ਕਰਨ। ਜੈਕਾਰਿਆਂ ਵਿੱਚ ਉਹਨਾਂ ਦਾ ਸਨਮਾਨ ਕਰੀਏ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸਤਿਗੁਰੂ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ ਜੀ ਦੀ ਸਾਜ਼ੀ-ਨਿਵਾਜ਼ੀ ਗੁਰੂ ਰੂਪ ਗੁਰੂ ਖ਼ਾਲਸਾ ਸਾਧ ਸੰਗਤ ਜੀਉ, ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਗੁਰੂ ਪਿਆਰੇ ਖ਼ਾਲਸਾ ਜੀ, ਸ੍ਰੀ ਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ, ਪਵਿੱਤਰ ਗੋਦ ਵਿੱਚ ਸੱਜ ਕੇ ਆਪਾਂ ਸਾਰੇ ਹੀ ਅਨੰਦ ਮਾਣ ਰਹੇ ਹਾਂ। ਜੋ ਸਿੱਖ ਨੌਜੁਆਨ ਵਿਦਿਆਰਥੀਆਂ ਨੇ ਬੜਾ ਭਾਰੀ ਸਲਾਘਾਯੋਗ, ਇਹ ਕਦਮ ਉਠਾ ਕੇ, ਮੋਰਚੇ ਨਾਲ ਆਪਣੀ ਸਹਿਮਤੀ ਦਾ ਪ੍ਰਗਟਾਵਾ ਕੀਤਾ ਹੈ, ਉਹਦੀ ਜਿੰਨੀ ਵੀ ਸਿਫ਼ਤ ਕੀਤੀ ਜਾਵੇ ਉਹ ਕਮ ਹੈ। ਨੌਜੁਆਨ ਵਿਦਿਆਰਥੀਆਂ ਨੂੰ ਦਾਸ ਬਹੁਤ ਨਿਮਰਤਾ ਸਹਿਤ ਬੇਨਤੀ ਕਰੇਗਾ ਕਿ ਜੋ ਤੁਸਾਂ ਇਹ ਇਕੱਠ ਕਰਕੇ, ਆਉਣ ਵਾਲੇ ਸਮੇਂ ਵਿੱਚ, ਦੱਬੀ ਹੋਈ ਕੌਮ ਨੂੰ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜ ਕੇ, ਲਾਂਭੇ ਕਰਕੇ, ਸੁਤੰਤਰ ਕਰਨ ਵਾਸਤੇ ਯਤਨ ਕੀਤਾ ਹੈ, ਇਹ ਤਾਂ ਹੀ ਸਫਲ ਹੋ ਸਕੇਗਾ, ਜੇ ਆਪਾਂ ਆਪ ਸਤਿਗੁਰੂ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ ਜੀ ਦੇ ਕਹੇ ਹੋਏ ਬਚਨਾਂ ਦੇ ਅਨੁਸਾਰ, ਸਿੱਖੀ ਰੂਪ ਵਿੱਚ ਪੂਰਨ ਪ੍ਰਪੱਕ ਹੋਵਾਂਗੇ ਅਤੇ ਗੁਰਮਤਿ ਰਸਤੇ ਦੇ ਪਾਂਧੀ ਬਣਾਂਗੇ। ਜੋ ਇਨਸਾਨ ਪ੍ਰਚਾਰ ਕਰਦਾ ਹੈ, ਜੇ ਉਹ ਖੁਦ ਆਪ ਉਹਨਾਂ ਗੁਣਾਂ ਦਾ ਧਾਰਨੀ ਨਾ ਹੋਵੇ ਤੇ ਦੂਜੇ ਕਿਸੇ 'ਤੇ ਅਸਰ ਨਹੀਂ ਹੋ ਸਕਦਾ।

ਦਾਸ ਨੇ ਉਥੇ ਗਏ ਹੋਏ ਵਿਦਿਆਰਥੀਆਂ ਨੂੰ ਜੋ ਆਸਣ 'ਤੇ ਮਿਲੇ ਸੀ, ਇੱਕ ਬੇਨਤੀ ਕੀਤੀ ਸੀ ਤੇ ਇਥੇ ਵੀ ਕਰਨੀ ਯੋਗ ਸਮਝਦਾ ਹਾਂ, ਕਿ ਤੁਸੀਂ ਜਿਤਨੇ ਵੀ ਸਿੰਘ ਅੱਜ ਇਕੱਤਰ ਹੋਏ ਹੋ ਗੁਰੂ ਦੀ ਕਿਰਪਾ ਨਾਲ। ਇੱਕ ਵੀ ਸਿੰਘ ਤੁਹਾਡੇ ਵਿੱਚੋਂ ਕੋਈ ਪ੍ਰਣ ਕਰੋ ਜਾਂ ਉਦਮ ਕਰੋ ਕਿ ਅੱਜ ੫ ਹਜ਼ਾਰ ਰੁਪਇਆ ਅਸੀਂ ਇਥੋਂ ਤੁਹਾਨੂੰ ਦੇ ਦਿੰਦੇ ਹਾਂ। ਤੁਸੀਂ ਬਜ਼ਾਰ ਵਿੱਚ ਜਾਂ ਕਿਸੇ ਸ਼ਹਿਰ ਵਿੱਚ, ਕਿਸੇ ਵੀ ਇਲਾਕੇ ਵਿੱਚ ਜਾ ਕੇ, ਇੱਕ ਵੀ ਹਿੰਦੂ ਦੇ ਪੁੱਤਰ ਨੂੰ, ਉਹ ਪੈਸੇ ਦੇ ਕੇ, ਸਾਬਤ ਸੂਰਤ ਰਹਿਣ ਵਾਸਤੇ ਪੁੱਛ ਕੇ ਦੇਖੋ, ਉਹ ਤੁਹਾਡੇ ਕਦੇ ਆਖੇ ਨਹੀਂ ਲੱਗੇਗਾ। ੫ ਹਜ਼ਾਰ ਰੁਪਇਆ ਤੁਹਾਡੇ ਕੋਲੋਂ ਲੈ ਕੇ ਸਿੱਖੀ ਸਰੂਪ ਨੂੰ, ਜਿਹੜਾ ਉਪਰਲਾ ਸਰੀਰ ਦਾ ਸਰੂਪ ਹੈ, ਕੇਸ ਦਾਹੜਾ, ਇਹਨੂੰ ਸਾਬਤ ਨਹੀਂ ਰੱਖੇਗਾ। ਇਹਦੇ ਰੱਖਣ ਵਾਸਤੇ ਕਦੇ ਵੀ ਮੰਨੇਗਾ ਨਹੀਂ। (ਤੁਹਾਨੂੰ) ਕਹੇਗਾ ਇਹ ਤਾਂ ਨਾ-ਮੁਮਕਨ ਗੱਲ ਹੈ, ਇਹ

ਨਹੀਂ ਹੋ ਸਕਦੀ। ਕਿਉਂ ਨਹੀਂ ਹੋ ਸਕਦੀ ? ਕਿਉਂਕਿ ਉਹ ਆਪਣੇ ਵਡੇਰਿਆਂ ਦੇ ਕਾਰਨਾਂ ਤੋਂ, ਆਪਣੇ ਵਡੇਰਿਆਂ ਦੀ ਕੀਤੀ ਹੋਈ ਗੱਲ ਤੋਂ ਪਾਸੇ ਜਾ ਰਿਹਾ, ਪਰ ਫਿਰ ਵੀ ਉਸਨੂੰ ਆਪਣੇ ਆਪ 'ਤੇ ਫ਼ਖ਼ਰ ਹੈ ਕਿ ਸਾਡੇ ਵਡੇਰਿਆਂ ਨੇ ਸਾਨੂੰ ਭਾਵੇਂ ਸਜ਼ਾ ਦਿੱਤੀ ਸੀ। ਕ੍ਰਿਸ਼ਨ ਭਗਵਾਨ ਜੀ ਨੇ, ਭਾਵੇਂ ਹੱਥੀਂ ਰੁਕਮਣੀਏ ਦੇ ਕੇਸ ਕੱਟੇ ਸਨ, ਜਦੋਂ ਰੁਕਮਣੀ ਨੂੰ ਵਿਆਹ ਕੇ ਲੈ ਗਏ ਆ ਤੇ ਨੂੰ ਮਾਰਿਆ, ਪਰ ਉਹਨਾਂ ਨੇ ਕਦੇ ਵੀ, ਕ੍ਰਿਸ਼ਨ ਭਗਵਾਨ ਜੀ ਦੇ ਉੱਪਰ ਕਿੰਤੂ ਪ੍ਰੰਤੂ ਨਹੀਂ ਕੀਤਾ। ਇਹ ਨਹੀਂ ਕਦੇ ਕਿਹਾ ਕਿ ਸਾਡੇ ਭਗਵਾਨ ਨੇ ਸਾਨੂੰ ਗ਼ਲਤ ਰਸਤੇ ਪਾ ਦਿੱਤਾ, ਕਿਉਂਕਿ ਭਾਵੇਂ ਪ੍ਰਮੇਸ਼ਰ ਦੀ ਅਮਾਨਤ ਵਿੱਚ ਖਿਆਨਤ ਪਾਉਣੀ ਪੈ ਗਈ ਆ, ਪਰ ਸਾਡੇ ਰਹਿਬਰ ਨੇ ਜੋ ਕੁਝ ਕੀਤਾ ਠੀਕ ਕੀਤਾ। ਜਿਸ ਵੇਲੇ ਰੁਕਮਣੀਏ ਦੇ ਕੇਸ ਕ੍ਰਿਸ਼ਨ ਭਗਵਾਨ ਜੀ ਨੇ ਕੱਟੇ ਸਨ, ਉਸ ਵੇਲੇ ਬਲ ਭੱਦਰ ਜੀ ਨੇ, ਛੋਟੇ ਭਾਈ ਸ੍ਰੀ ਕ੍ਰਿਸ਼ਨ ਜੀ ਦੇ, ਉਹਨਾਂ ਦਾ ਨਾਂਅ ਬਲਰਾਮ ਜੀ ਵੀ ਆਉਂਦਾ ਗਰੰਥਾਂ ਵਿੱਚ...., ਉਹਨਾਂ ਨੇ ਕਿਹਾ ਸੀ ਭਗਵਾਨ ਜੀ ਤੁਸਾਂ ਠੀਕ ਨਹੀਂ ਕੀਤਾ। ਜੇ ਖੁਦਾ ਨੇ, ਪ੍ਰਮੇਸ਼ਵਰ ਨੇ, ਅੱਲਾ ਨੇ, ਤੁਹਾਨੂੰ ਅਕਾਲ ਪੁਰਖ ਨੇ ਭੇਜਿਆ ਹੈ (ਤਾਂ) ਤੁਸੀਂ ਉਹਦੀ ਦਿੱਤੀ ਹੋਈ ਅਮਾਨਤ ਵਿੱਚ ਖਿਆਨਤ ਕਿਉਂ ਪਾਈ ਆ ? ਤਾਂ ਕ੍ਰਿਸ਼ਨ ਭਗਵਾਨ ਜੀ ਨੇ ਗ਼ਲਤੀ ਮਹਿਸੂਸ ਕੀਤੀ ਸੀ। ਉਸ ਵੇਲੇ ਕਿਹਾ ਸੀ ਬਲਭੱਦਰ ਜੀ, ਜੋ ਕੁਝ ਹੋ ਗਿਆ (ਸੋ) ਹੋ ਗਿਆ.....ਅੱਗੇ ਵਾਸਤੇ ਮੈਂ ਨਹੀਂ ਕਰਾਂਗਾ, ਪਰ ਉਸ ਦਿੱਤੀ ਹੋਈ ਸਜ਼ਾ ਨੂੰ, ਉਹਨਾਂ ਦੇ ਪੈਰੋਕਾਰਾਂ ਨੇ, ਉਹਨੂੰ ਇੱਕ ਫਾਰਮੂਲਾ ਮੰਨ ਲਿਆ। ਉਹਨੂੰ ਇੱਕ ਅਸੂਲ ਮੰਨ ਲਿਆ ਤੇ ਸੁਭਾਵਕ ਮੰਨ ਲਿਆ ਤੇ ਉਹਦੇ 'ਤੇ ਚੱਲ ਰਹੇ ਹਨ, ਪਰ ਨੌਜੁਆਨ ਵੀਰੋ ਬਹੁਤ ਅਫਸੋਸ ਹੈ ਕਿ ਜਿਸ ਗੁਰੂ ਦੀ ਸ਼ਰਨ ਵਿੱਚ ਅੱਜ ਆਪਾਂ ਬੈਠੇ ਹਾਂ, ਜਿਸ ਬਾਰੇ ਕਿਹਾ ਗਿਆ ਹੈ ਕਿ :

ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥ ਨਉ ਨਿਧਿ ਤੇਰੈ ਅਖੁਟ ਭੰਡਾਰਾ ॥

(ਮਾਝ ਮ: ੫, ੯੭)

ਜਿਹੜਾ ਐਸਾ ਸਾਂਝਾ ਉਪਦੇਸ਼ ਦੇ ਕੇ, ਸਾਂਝੀਵਾਲਤਾ ਦੇ ਭਾਈਵਾਲ ਬਣਾਉਣ ਵਾਲੇ ਗੁਰੂ ਹਨ। ਐਸੇ ਮੇਰੇ ਚੋਜੀ ਪ੍ਰੀਤਮ ਜੀ ਨੇ ਦਰਜ ਕਰ ਦਿੱਤਾ ਹੈ,

ਸਾਬਤ ਸੂਰਤਿ ਦਸਤਾਰ ਸਿਰਾ ॥

(ਮਾਰੂ ਸੋਹਲੇ ਮ: ੫, ੧੦੮੪)

ਸਾਬਤ ਸੂਰਤ ਰੱਖੋ ਤੇ ਸਿਰ ਤੇ ਦਸਤਾਰ ਰੱਖੋ।

ਨੌਜੁਆਨਾਂ ਤੋਂ ਸਾਬਤ ਸੂਰਤ ਰਹਿਣ ਦਾ ਪ੍ਰਣ ਕਰਾਉਣਾ

ਨੌਜੁਆਨ ਵੀਰਾਂ ਨੂੰ ਮੈਂ ਪਹਿਲਾਂ ਬੇਨਤੀ ਤਾਂ ਕਰਨੀ ਯੋਗ ਸਮਝੀ ਆ ਕਿ ਇਦੋਂ ਅੱਗੇ ਜਿਹੜਾ ਕੁਝ ਦੱਸਣਾ, ਉਹਦਾ ਅਸਰ ਤਾਂ ਹੋਵੇਗਾ, ਜੇ ਤੁਸੀਂ ਇਹ ਕਬੂਲ ਲਵੋਗੇ ਤੇ ਜੇ ਇਹ ਹੀ ਨਹੀਂ ਕਬੂਲਣਾ ਤੇ ਫਿਰ ਕੋਈ ਪ੍ਰਚਾਰ ਦਾ ਬਹੁਤਾ, ਖ਼ੈਰ ਜ਼ਿਆਦਾ ਫਾਇਦਾ ਨਹੀਂ ਹੋਵੇਗਾ। ਦਾਸ ਤੁਹਾਡੇ ਕੋਲੋਂ ਨਿਯਮ ਕਰਾਉਣਾ ਚਾਹੁੰਦਾ ਆਹ ਬਾਹਾਂ ਖੜੀਆਂ ਕਰਵਾ ਕੇ.....। ਉਹਨਾਂ ਵੀਰਾਂ ਤੋਂ, ਜਿਹਨਾਂ ਨੇ ਕੇਸ ਤੇ ਦਾਹੜੇ ਨੂੰ ਬਰਬਾਦ ਕੀਤਾ, ਸਿੱਖੀ ਤੋਂ ਖੋਟੀ ਕੁਸੰਗਤ ਦੇ ਕਾਰਨ ਦੂਰ ਜਾ ਚੁੱਕੇ ਹਨ। ਜਿਹਨਾਂ ਵੀਰਾਂ ਨੇ ਕੇਸ ਤੇ ਦਾਹੜੀਆਂ ਕਟਾਈਆਂ, ਉਹਨਾਂ ਨੂੰ ਹੱਥ ਜੋੜ ਕੇ ਨਿਮਰਤਾ ਸਹਿਤ ਬੇਨਤੀ ਆ, ਜੇ ਤੁਹਾਨੂੰ ਪੰਥ ਪਿਆਰਾ, ਜੇ ਆਪਾਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਿੱਖ ਹਾਂ, ਕਿਸੇ ਸੰਤ ਦੇ ਨਹੀਂ, ਕਿਸੇ ਮਨੁੱਖ ਦੇ ਨਹੀਂ। ਜੇ ਆਪਾਂ ਨੂੰ ਸਾਬਤ ਸੂਰਤ ਚੰਗੀ ਲੱਗਦੀ ਆ, ਜੇ ਧਰਮ ਨਾਲ ਪਿਆਰ ਹੈ ਤੇ ਪੰਥ ਨਾਲ

ਪਿਆਰ ਹੈ ਤੇ ਤੁਸੀਂ ਪ੍ਰਧਾਨਾਂ ਨਾਲ ਤੇ ਸੰਤਾਂ ਮਹਾਤਮਾ ਨਾਲ ਪਿਆਰ ਰੱਖਣਾ ਯੋਗ ਸਮਝਦੇਹੋ ਤੇ ਜਿਹਨਾਂ ਨੇ ਕੇਸ ਤੇ ਦਾਹੜਾ ਮੋਨਾਇਆ ਤੇ ਅੱਜ ਉਹ ਪ੍ਰਣ ਕਰਦੇ ਆ ਕਿ ਅਸੀਂ ਅੱਗੇ ਵਾਸਤੇ ਕਦੇਨਹੀਂ ਮੋਨਾਵਾਂਗੇ ਤੇ ਸ਼ਰਾਬ ਨਹੀਂ ਪੀਵਾਂਗੇ। ਉਹ ਇਕੱਲੇ ਦਾਹੜੀ ਕੱਟਿਆਂ ਵਿੱਚੋਂ, ਦੂਜੇ ਨਹੀਂ। ਦਾਹੜੀ ਕੱਟਿਆਂ ਵਿੱਚੋਂ ਭਲਾ ਬਾਹਾਂ ਖੜੀਆਂ ਕਰੋ ਖਾਂ (ਕਿ) ਕਿੰਨੇ ਕੁ ਅੱਜ ਆਪਾਂ ਇਸ ਅਸੂਲ ਨੂੰ ਕਬੂਲਦੇ ਹਾਂ। ਜਿਹਨਾਂ ਕੇਸ ਤੇ ਦਾਹੜੇ ਕਟਾਏ ਆ ਤੇ ਅੱਜ ਤੋਂ ਪ੍ਰਣ ਕਰਦੇ ਆ ਕਿ ਅਸੀਂ ਰੱਖਾਂਗੇ ਤੇਸਾਨੂੰ ਇਸ਼ਟ ਨਾਲ ਪਿਆਰ ਆ ਤੇ ਪੰਥ ਨਾਲ ਪਿਆਰ ਆ, ਉਹ ਬਾਹਾਂ ਖੜੀਆਂ ਕਰੋ, ਸਿੰਘ ਨਾਂਅ ਵਾਲੇ ਹੀ ਕਰੋ, ਭਾਈ ਕਿੰਨੇ ਕੁ ਆਂ ਸੰਗੋ ਨਾ। ਕੀ ਕਰੀ ਜਾਂਦੇ ਆਂ, ਸੰਗੋ ਨਾ ਕਰੋ ਬਾਹਾਂ ਖੜੀਆਂ। ਨਹੀਂ, ਜਿਹਨਾਂ ਦੇ ਕੇਸ ਦਾਹੜੇ ਰੱਖੇ ਆ, ਉਹ ਨਾ ਕਰਿਉ। ਆਪਾਂ ਕੋਈ ਗਿਣਤੀ ਨਹੀਂ ਕਰਨੀ, ਕੋਈ ਪਖੰਡਨਹੀਂ ਬਣਾਉਣਾ, ਇਥੇ ਸੱਚ ਪਾਲਣਾ ਤੇ ਜੇ ਭਾਈ ਤੁਸੀਂ ਕੇਸ ਦਾਹੜਾ ਰੱਖਣ ਨੂੰ ਹੀ ਤਿਆਰ ਨਹੀਂ ਤੁਸੀਂ ਇਹ ਦੱਸੋਗੇ ਕਿ ਖ਼ਾਲਸਾ ਰਾਜ ਲਉਗੇ ਕਿਵੇਂ ? ਹੁਣ ਆਪਾਂ ਇਥੇ ਪ੍ਰਚਾਰ ਸੁਣਿਆ....., ਸਾਰਿਆਂ ਦਾ ਪ੍ਰਚਾਰ ਤਾਂ ਮੈਂ ਮੰਨਦਾ ਨਹੀਂ। ਪ੍ਰਚਾਰ ਧਰਮ ਹਿੱਤ ਹੈ, ਕੌਮ ਦੇ ਭਲੇ ਵਾਸਤੇ ਆ, ਦੱਬੀ ਹੋਈ ਨੀਰੀ ਨੂੰ, ਨਰਕ ਵਿੱਚੋਂ ਕੱਢਣ ਵਾਸਤੇ ਆ। ਇਹ ਹਿੰਦੂ ਸਾਮਰਾਜ ਦੇ ਡੰਡੇ ਬੱਲਿਓਂ ਸੁਤੰਤਰ ਕਰਨ ਵਾਸਤੇ ਪ੍ਰਚਾਰ ਕੀਤਾ। ਪੰਗਤੀਆਂ ਪੜ੍ਹਨੀਆਂ ਆਪਾਂ ਪਿੱਛੋਂ, ਜਦੋਂ ਅਰਦਾਸ ਹੋਵੇਗੀ :

ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ ॥

ਖ਼ਾਲਸਾ ਬਣਾਂਗੇ ਤੇ ਰਾਜ ਕਰਾਂਗੇ, ਜੇ ਖ਼ਾਲਸੇ ਬਣੇ ਨਾ ਤੇ ਰਾਜ ਹੋਵੇਗਾ ਕਾਹਦਾ ? ਖ਼ਾਲਸੇ ਬਾਰੇਬਚਨ ਕਹੇ ਹਨ,

ਖਾਲਸਾ ਖਾਸ ਕਹਾਵੈ ਸੋਈ ॥ ਜਾ ਕੈ ਹਿਰਦੇ ਭਰਮ ਨ ਹੋਈ ॥

ਜਿਹਦੇ ਹਿਰਦੇ 'ਚ ਭਰਮ ਨਹੀਂ, ਖ਼ਾਲਸਾ ਉਹ ਹੈ ਤੇ ਸਾਨੂੰ ਇਹ ਭਰਮ ਪੈ ਗਿਆ ਕਿ ਅਸੀਂ ਬੰਬੀਆਂ ਬਣੀਏ ਕੇ ਮਰਦ ਬਣੀਏ ? ਕਿੱਡਾ ਵੱਡਾ ਭਰਮ ਆ ਇਹ ? ਕਦੇ ਕਿਸੇ ਬੀਬੀ ਦੇ ਦਾਹੜੀ ਅਈ ਆ ਤੇ ਜੇ ਆ ਜਾਵੇ ਭੁਲੇਖੇ ਨਾਲ ਕਿਸੇ ਮਾਈ ਦੇ ਤੇ ਕਿੰਨੀ ਨਫ਼ਰਤ ਕਰਦੇ ਆ ਲੋਕ। ਉਹ ਸਿੱਖਾਂ ਤੇ ਪੁੱਤ ਹੋ ਕੇ ਨੌਜੁਆਨੋਂ ਦਾਹੜੀਆਂ ਕਟਾਈਏ, ਕਿਹਨੂੰ ਅਲਾਮਾਂ ਦਿੰਨੇ ਆਂ ? ਆਪਾਂ ਆਪਣੇ ਆਪ ਸਿੱਖੀ ਨੂੰ ਖਤਮ ਕਰ ਰਹੇਂ....., ਸਿੱਖੀ ਨੂੰ ਕਿਸੇ ਦੁਨੀਆਂ ਦੇ ਲੋਕਾਂ ਦੀ ਜ਼ੁਰਅਤ ਨਹੀਂ ਕਿ ਕੋਈ ਸਿੱਖੀ ਨੂੰਖਤਮ ਕਰ ਸਕੇ। ਜਿਹਨਾਂ ਵੀਰਾਂ ਨੇ ਬਾਹਾਂ ਖੜੀਆਂ ਕੀਤੀਆਂ। ਕਈ ਮਹਿਸੂਸ ਕਰਦੇ ਬੈਠੇ ਬੈਠੇ, ਅਖੇ ਜੀ ਬਾਹਾਂ ਘੱਟ ਖੜੀਆਂ ਹੋਈਆਂ ? ਜਿੰਨੇ ਕੁ ਮੋਨੇ ਆਏ ਉਹਨਾਂ ਨੇ ਕਰਨੀਆਂ ਕਿ ਸਾਰਿਆਂ ਨੇ ਮੁਨਾਈਆਂ ? ਮੈਂ ਵੇਹਨਾ ਜਿਹਨਾਂ ਜਿਹਨਾਂ ਬਾਹਾਂ ਖੜੀਆਂ ਕੀਤੀਆਂ, ਕੇਸ ਉਹਨਾਂ ਨੇ ਕੱਟੇ ਆ ਤੇ ਜਿਹਨਾਂ ; ਨਹੀਂ ਕੀਤੀਆਂ ਉਹਨਾਂ ਸਾਰਿਆਂ ਨੇ ਦਾਹੜੀਆਂ ਰੱਖੀਆਂ। ਜਿਹਨਾਂ ਵੀਰਾਂ ਨੇ ਪ੍ਰਣ ਕੀਤਾ ਉਹਨਾਂ ਨੂੰਬੇਨਤੀ ਕਰਾਂਗਾ ਕਿ ਇਹ ਹਜ਼ੂਰ ਦੀ ਹਜ਼ੂਰੀ 'ਚ ਬੈਠੇ ਆਂ, ਕਿਸੇ ਸਾਧ ਦਾ ਤੇ ਲੀਡਰ ਦਾ ਦਿਵਾਨ ਨਹੀਂ, ਨਾ ਕਿਸੇ ਫੈਡਰੇਸ਼ਨ ਦੇ ਵਿਦਿਆਰਥੀ ਦਾ ਕੇਵਲ ਦਿਵਾਨ ਆ। ਇਹ ਦਿਵਾਨ ਆ ਗੁਰੂ ਕੀ ਹਜੂਰੀਵਿੱਚ। ਇਕੱਤਰਤਾ, ਸੰਗਤ ਰੂਪ ਵਿੱਚ ਬੈਠੇ ਆਂ। ਉਹ ਆਪਣੇ ਪ੍ਰਣ ਤੇ ਪੂਰਾ ਰਹਿਉ ਤੇ ਜੇ ਪੂਰੇ ਰਾਂਗੇ ਤੇ ਗੁਰੂ ਸਾਹਿਬ ਕਿਰਪਾ ਕਰਨਗੇ।

ਗ਼ੁਲਾਮੀਂ ਦੇ ਲੱਛਣ ਤੁਸਾਂ ਸੁਣ ਲਏ ਆ। ਨਵੇਂ ਭੁਝੰਗੀ ਬਹੁਤ ਆਏ ਹਨ। ਉਹਨਾਂ ਨੂੰ ਮੁੱਖਰੱਖ ਕੇ ਮੈਂ ਕੁਝ ਕੁ..... । ਪਹਿਲਾਂ ਭਾਵੇਂ ਕਈ ਸਟੇਜਾਂ 'ਤੇ ਬੋਨਤੀਆਂ ਕੀਤੀਆਂ ਤੇ ਅੱਜ ਵੀ ਕਰਨੀਆਂ ਯੋਗ ਸਮਝਦਾ ਹਾਂ। ਕਾਮਰੇਡਾਂ ਨੇ ਸਕੂਲਾਂ ਵਿੱਚ ਨੌਜੁਆਨ ਵਿਦਿਆਰਥੀਆਂ ਨੂੰ ਇਹ ਪੁੱਛਣਾ ਸ਼ੁਰੂ ਕਰ

ਦਿੱਤਾ ਕਿ ਤੁਸੀਂ ਕੇਵਲ ਲੌਂਗੋਵਾਲ ਤੇ ਭਿੰਡਰਾਂਵਾਲੇ ਦੇ ਆਖੇ ਲੱਗ ਕੇ ਕਹੀ ਜਾਨੇ ਆਂ, ਆਪਾਂ ਕਿਹੜੇ ਪਾਸਿਉਂ ਗ਼ੁਲਾਮ ਹਾਂ ? ਮੈਂ ਤੁਹਾਨੂੰ ਕੁਝ ਕੁ ਮੁੱਖ-ਮੁੱਖ ਚੀਜਾਂ ਦੱਸਾਂਗਾ, ਕਿਉਂਕਿ ਮਹਾਂਪੁਰਖਾਂ ਨੇ ਸੰਤ ਬਾਬਾ ਹਰਚੰਦ ਸਿੰਘ ਜੀ ਨੇ ਜਾਣਾ ਹੈ, ਬਾਹਰ, ਇਥੋਂ ਜਥਾ ਤੋਰਨਾ ਤੇ ਟਾਈਮ ਬਹੁਤ ਨਹੀਂ ਲਵਾਂਗਾ, ਥੋੜੇ ਟਾਈਮ ਵਿੱਚ ਹੀ ਸਮਾਪਤੀ ਕਰਾਂਗਾ । ਗ਼ੁਲਾਮ ਆਪਾਂ ਕਿਵੇਂ ਹਾਂ ? ਤੇ ਇੱਕ ਜਿਹੜਾ ਘੱਟ ਗਿਣਤੀ ਦਾ ਆਪਾਂ ਉੱਤੇ ਗਲਬਾ ਪੈ ਚੁੱਕਿਆ ਇਹਨੂੰ ਜ਼ਰੂਰ ਦੂਰ ਕਰਨਾ । ਇੱਕ ਬੇਨਤੀ ਕਰਾਂ ਪੜ੍ਹੇ-ਲਿਖੇ ਵੀਰ ਬੈਠੇ (ਨੇ), ਜਿਹੜੇ ਮੈਨੂੰ ਪੜ੍ਹਾਉਂਦੇ ਰਹਿੰਦੇ ਆ.....। ਆਪਾਂ (ਆਪਣੇ ਆਪ ਨੂੰ) ਘੱਟ ਨਾ ਸਮਝਿਉ । ਘੱਟ, ਘਾਟੇ ਵਿੱਚ ਉਹ ਹੁੰਦਾ ਜਿਹਦਾ ਪਿਉ ਕਮਜ਼ੋਰ ਹੋਵੇ, ਜਿਹਦਾ ਪਿਉ ਬਲੀ ਹੋਵੇ ਉਹ ਕਦੇ ਘਾਟੇ 'ਚ ਨਹੀਂ ਹੁੰਦਾ । ਘਾਟੇ 'ਚ ਉਹ ਹੁੰਦਾ ਜਿਹਨੂੰ ਕਿਤੋਂ ਸੌਦਾ ਨਾ ਮਿਲੇ ਤੇ ਜਿਹੜਾ ਆਪ ਸੌਦੇ ਦਾ ਮਾਲਕ ਹੋਵੇ ਤੇ ਜੇ ਉਹ ਹੀ ਘਾਟੇ 'ਚ ਜਾਵੇ ਤੇ ਫਿਰ ਨਫ਼ੇ 'ਚ ਕਿਹੜਾ ਹੋਵੇਗਾ ? ਸਾਨੂੰ ਸਾਡੇ ਪਿਤਾ ਦਾ ਹੁਕਮ ਹੈ ਕਿ :

ਸਵਾ ਲਾਖ ਸੇ ਏਕ ਲੜਾਊਂ ॥
ਤਬੈ ਗੋਬਿੰਦ ਸਿੰਘ ਨਾਮ ਕਹਾਊਂ ॥

ਇਡਾ ਵੱਡਾ ਬਚਨ ਕੀਤਾ ਕਿ ਮੇਰਾ ਇੱਕ ਸਿੱਖ ਸਵਾ ਲੱਖ ਨਾਲ ਲੜੇਗਾ । ਉਹ ਬਚਨ ਨਿਭਾਉਣਾ ਤੇ ਕਿਸ ਤਰ੍ਹਾਂ ਕੁਰਬਾਨੀ ਦੇ ਕੇ ਅਸੀਂ ਕੁਝ ਲੈਣਾ । ਹਰ ਵੇਲੇ ਵੀ ਕੇਵਲ ਸ਼ਾਂਤੀ ਦਾ ਖੰਡਣ ਕਰਨਾ ਠੀਕ ਨਹੀਂ, ਪਰ ਹਰ ਵੇਲੇ ਸ਼ਾਂਤ ਰਹਿਣਾ ਵੀ ਠੀਕ ਨਹੀਂ । ਬਹੁਤਾ ਸ਼ਾਂਤ ਰਹੀਏ ਫਿਰ ਵੀ ਬਰਫ਼ ਜੰਮ ਜਾਂਦੀ ਆ ਤੇ ਕਣਕ ਪੱਠਾ ਮਾਰਿਆ ਜਾਂਦਾ ਤੇ ਜੇ ਬਹੁਤੀ ਗਰਮੀ ਪਵੇ ਤੇ ਮੀਂਹ ਨਾ ਪਵੇ ਤਾਂ ਵੀ ਸੁੱਕ ਜਾਂਦਾ । ਜ਼ਿੰਮੇਵਾਰ ਦੀ ਬੜੀ ਭਾਰੀ ਜ਼ਿੰਮੇਵਾਰੀ ਹੁੰਦੀ ਆ । ਸਤਿਗੁਰੂ ਕਿਰਪਾ ਕਰਨ, ਮੈਨੂੰ ਉਹਨਾਂ ਦਾ ਇੱਕ ਦਿਨ ਦਾ, ਬਾਬਾ ਜੀ ਹੁਰਾਂ ਦਾ ਬਿਆਨ ਯਾਦ ਆ.....। ਇਹਨਾਂ ਨੇ ਸਟੇਜ 'ਤੇ ਕਿਹਾ ਸੀ ਕਿ ਸਿੰਘੋ ਤੁਸੀਂ ਸਾਨੂੰ ਪੁੱਛਦੇ ਹੋਂ ਕਿ,

ਦੇਖੇ ਬਾਜ ਨਾ ਜਾਇਆ ॥

ਇੱਕ ਵੀਰ ਨੇ ਇਹ ਵੀ ਪ੍ਰਚਾਰ ਕੀਤਾ ਸੀ (ਕਿ) ਬਾਬਾ ਜੀ ਸਾਨੂੰ ਹੁਣ ਸ਼ਾਂਤੀ ਤੋਂ ਛਡਾ ਦਿਉ । ਇਹ ਵੀ ਪ੍ਰਚਾਰ ਕੀਤਾ ਸੀ.....(ਪਰ) ਉਹਨਾਂ ਇੱਕ ਦਿਨ ਸਟੇਜ 'ਤੇ ਕਿਹਾ ਸੀ, ਸੰਤ ਬਾਬਾ ਹਰਚੰਦ ਸਿੰਘ ਜੀ ਲੌਂਗੋਵਾਲ ਨੇ ਕਿ ਸਿੰਘੋਂ ਜੇਰਾ ਰੱਖੋ, ਜਦੋਂ ਫੈਸਲਾ ਕਰਨ ਲੱਗੇ ਸਾਨੂੰ ਪੁੱਛ ਲਿਉ, ਭਈ ਫੈਸਲਾ ਕੀਤਾ ਕੀ ਆ ? ਅਜੇ ਤਾਂ ਚੱਲ ਰਹੀ ਆ ਨਾ ਗੱਲ । ਜਦੋਂ ਫੈਸਲਾ ਹੋਵੇਗਾ ਤੁਹਾਨੂੰ ਦੱਸਾਂਗੇ ਭਈ ਆਹ ਫੈਸਲਾ.....। ਮਨਜ਼ੂਰ ਹੋਵੇਗਾ ਮੰਨ ਲਿਉ, ਨਾ ਹੋਵੇਗਾ ਨਾ ਮੰਨਿਉ । ਇਦੋਂ ਪਹਿਲਾਂ ਹਰ ਟਾਈਮ 'ਤੇ ਇਹੋ ਜਿਹਾ ਕੋਈ ਅੱਖਰ ਵਰਤਣਾ, ਮੈਂ ਸਮਝਨਾ ਬਹੁਤਾ ਕੋਈ ਯੋਗ ਨਹੀਂ ਹੁੰਦਾ ।

ਸਿੱਖਾਂ ਦੀ ਗ਼ੁਲਾਮੀ ਦੀਆਂ ਉਦਾਹਰਣਾਂ, ਲਾਲਾ ਕਤਲ ਕੇਸ ਅਤੇ ਮਹਿਤਾ ਗੋਲੀ ਕਾਂਡ

੩੫ ਤੋਂ ਵੱਧ ਆਪਾਂ ਨੂੰ ਕੋਈ ਨਹੀਂ ਆਉਂਦਾ ਤੇ ੩੫ ਵਿੱਚੋਂ ਇੱਕ ਦਿਨ ਮੈਨੂੰ ਪਤਾ ਲੱਗਾ ਕਿ ੧੫ ਕੁ ਮੁਸਲਮਾਨ ਵੀ ਆ ਪਰ ਗ਼ੁਲਾਮੀ ਦੀ ਜਿਹੜੀ ਜ਼ੰਜੀਰੀ ਆ, ਉਹ ਕਿਵੇਂ ਆਪਣੇ ਗਲ ਵਿੱਚ ਪਈ ਆ, ਆਪਾਂ ਕਿਹੜੇ ਪੱਖ ਤੋਂ ਗ਼ੁਲਾਮ ਆਂ ? ਉਹ ਮੈਂ ਪੜ੍ਹੇ-ਲਿਖੇ ਵਿਦਿਆਰਥੀਆਂ

ਨੂੰ ਜ਼ਰੂਰ ਜਾਣੂ ਕਰਾਉਣਾ ਯੋਗ ਸਮਝਨਾਂ, ਕਿਉਂਕਿ ਅਖ਼ਬਾਰਾਂ ਵਿੱਚ ਵੀ ਖ਼ਬਰ ਆਉਂਦੀ ਤੇ ਉਹ ਟੂਕ ਆ ਜਾਂਦੀ, ਨਿਸ਼ਾਨ ਜਿਹਾ, ਬਹੁਤੀ ਦਿੰਦੇ ਨਹੀਂ। ੬੬ ਕਰੋੜ ਦੀ ਬਹੁ-ਗਿਣਤੀ ਵਿੱਚੋਂ ੮੦ ਸਾਲ ਦੀ ਉਮਰ ਦਾ ਲਾਲਾ ਜਗਤ ਨਰਾਇਣ ਮਾਰਿਆ ਜਾਵੇ, ਉਹਦੀ ਇਨਕੁਆਰੀ ਨੌਜੁਆਨ ਵੀਰੋ ਤਿੰਨਾਂ ਦਿਨਾਂ ਵਿੱਚ ਹੋ ਜਾਂਦੀ ਆ, ਪਰ ਜੇ ਤੁਹਾਡੀ ਉਮਰ ਦੇ ਨੌਜੁਆਨ ਬੱਚਿਆਂ ਵਿੱਚੋਂ ਤੇ ਵੀਰਾਂ ਵਿੱਚੋਂ ਡੇਢ ਦਰਜਨ ਤੋਂ ਵੱਧ ਮਾਰੇ ਜਾਣ, ਉਹਦੀ ਸਾਲ ਵਿੱਚ ਵੀ ਇਨਕੁਆਰੀ ਪੂਰੀ ਨਹੀਂ ਹੁੰਦੀ। ਮਹਿਤੇ ਚੌਂਕ ਜੇ ਗੋਲੀ ਚੱਲੀ ਸੀ, ਡੇਢ ਦਰਜਨ ਤੋਂ ਵੱਧ ਮਰੇ ਸਿੰਘ ਉਥੇ, ਸ਼ਹੀਦ ਹੋਏ ਆ ਤੇ ਉਸ ਇਨਕੁਆਰੀ ਦੀ ਜ਼ਿੰਮੇਵਾਰੀ ਸੀ ਭਾਈ ਅਮਰੀਕ ਸਿੰਘ ਦੇ ਉੱਪਰ ਤੇ ਬਾਬਾ ਠਾਰਾ ਸਿੰਘ ਦੇ ਉੱਪਰ, ਜਦੋਂ ਪਤਾ ਲੱਗਾ ਕਿ ਇਥੋਂ ਦੇ ਬੁੱਚੜ....., ਮੈਂ ਪਹਿਲਾਂ ਕਹਿ ਲਵਾਂ ਕਿ ਸੁਆਲ ਕਿਤੇ ਮੈਂ ਗ਼ਲਤ ਨਾ ਕਵਾਂ.....ਠੀਕ ਈ ਹੋਵੇਗਾ। ਜਿਹੜੇ ਕਰਮਚਾਰੀ ਆ ਗੌਰਮੈਂਟ ਦੇ, ਉਹਨਾਂ ਨੂੰ ਪਤਾ ਲੱਗਾ ਕਿ ਸਾਡੀ ਜਾਨ ਕੜਿਕੀ ਵਿੱਚ ਆਵੇਗੀ, ...ਅਸੀਂ ਫਸਾਂਗੇ। ਉਹਨਾਂ ਨੂੰ ਹੋਰ ਤੇ ਕੁਝ ਸੁੱਝਿਆ ਨਾ ਤੇ ਇਹ ਖਿਆਲ ਕੀਤਾ ਕਿ ਇਹਨਾਂ ਪੰਜਾਂ-ਚੌਹਾਂ ਨੂੰ ਜਿੰਮੇਵਾਰਾਂ ਨੂੰ ਫੜ੍ਹ ਕੇ ਜੇਲ੍ਹ ਵਿੱਚ ਦੇ ਦੇਈਏ, ਸ਼ਾਇਦ ਸਾਡਾ ਕਿਤੇ ਮੁਕਦਮਾਂ ਜਿਹੜਾ ਚੱਲ ਰਿਹਾ, ਇਹ ਖੁਰਦ ਬੁਰਦ ਹੋ ਜਾਵੇਗਾ। ਮੁਆਫ਼ ਕਰਿਉ ਮੈਨੂੰ, ਮੈਂ ਮੁਕਦਮੇਂ 'ਚ ਬਹੁਤਾ ਕਦੀ ਯਕੀਨ ਨਹੀਂ ਕੀਤਾ। ਕਿਉਂਕਿ ਜਿਸ ਦੇਸ਼ ਵਿੱਚ, ਜਿਸ ਰਾਜ ਵਿੱਚ, ਜਿਸ ਕਚਹਿਰੀ ਵਿੱਚ, ਸੱਚ ਦੀ ਸੁਣਵਾਈ ਹੈ ਈ ਕੋਈ ਨਹੀਂ, ਉਥੇ ਸੱਚ ਨੂੰ ਮਿਲਣਾ ਕੀ ਆ ? ਪਰ ਫਿਰ ਵੀ ਲੋਕਾਂ ਵਾਸਤੇ ਕਿ ਇਹ ਨਾ ਕਹਿਣ ਭਈ ਅਕਾਲੀ ਦਲ ਨੇ ਨੌਜੁਆਨਾਂ ਨੂੰ ਭੜਕਾ ਦਿੱਤਾ ਤੇ ਐਵੇਂ ਫਰੂਰ ਪੈਦਾ ਕਰ ਦਿੱਤਾ। ਇਹਨੂੰ ਮੁੱਖ ਰੱਖ ਕੇ ਆਪਾਂ ਇਹ ਰਾਹ ਵੀ, ਇਹ ਰਸਤਾ ਵੀ ਜ਼ਰੂਰ ਅਖ਼ਤਿਆਰ ਕਰਨਾ, ਪਰ ਗੁਰੂ ਕੇ ਸਿੱਖ ਵਾਸਤੇ ਤਾਂ, ਆਪਣੇ ਹੱਕ ਲੈਣ ਵਾਸਤੇ ਤੇ ਸਤਿਗੁਰੂ ਗਰੰਥ ਸਾਹਿਬ ਵਿਧਾਨ ਦੇ ਵਿੱਚ ਆਪਾਂ ਨੂੰ ਆਸਰਾ ਲੈਣਾ ਪਵੇਗਾ

ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥

(ਆਸਾ ਵਾਰ ਮ: ੧, ੪੭੪)

ਇਦੋਂ ਬਿਨਾ ਸਿੱਖ ਨੂੰ ਕਦੇ ਕੁਝ ਨਹੀਂ ਮਿਲਿਆ। ਠੀਕ ਆ ਆਪਾਂ ਕਾਨੂੰਨ ਆ ਜਿਹੜਾ ਦੁਨਿਆ ਦਾ, ਉਹਨੂੰ ਮੰਨ ਰਹੇ ਆਂ। ਮਾੜਾ ਮੋਟਾ ਮੰਨੋ ਜਿੰਨਾ ਕੁ ਚਿਰ ਪ੍ਰਧਾਨ ਵੱਲੋਂ ਆਗਿਆ ਨਹੀਂ।

ਲਾਲਾ ਜਗਤ ਨਰਾਇਣ ਦੀ ਲਾਸ਼ ਅਤੇ ਸਿੱਖ ਸ਼ਹੀਦਾਂ ਦੀਆਂ ਲਾਸ਼ਾਂ ਵਿੱਚ ਅੰਤਰ

ਪਰ ਖ਼ਾਲਸਾ ਜੀ, ੬੬ ਕਰੋੜ ਦੀ ਗਿਣਤੀ 'ਚੋਂ ੮੦ ਸਾਲ ਦਾ ਮਰਿਆ ਬੁੱਢਾ, ਉਹਦੀ ਇਨਕੁਆਰੀ ਤਿੰਨਾ ਦਿਨਾਂ 'ਚ ਤੇ ਘੱਟ ਗਿਣਤੀ ਦੇ ਲੋਕਾਂ ਵਿੱਚੋਂ ਡੇਢ ਦਰਜਨ ਮਰਿਆ ਤੇ ਉਹਦੀ ਇਨਕੁਆਰੀ ਸਵਾ ਸਾਲ ਵਿੱਚ ਵੀ ਨਹੀਂ। ੬੬ ਕਰੋੜ ਦੀ ਗਿਣਤੀ ਦੇ ਲੋਕਾਂ ਵਿੱਚੋਂ ਮਰਿਆ ਲਾਲਾ ਜਗਤ ਨਰਾਇਣ, ਉਹਦੇ ਸਰੀਰ ਦਾ ਪੋਸਟ ਮਾਰਟਮ ਕਰਕੇ ਉਹਦੇ ਪੁੱਤਰ ਰਮੇਸ਼ ਨੂੰ ਦਿੱਤਾ ਗਿਆ। ਸੰਤਾਂ (ਲੌਂਗੋਵਾਲ) ਨੂੰ ਵੀ ਪਤਾ, ਪ੍ਰਧਾਨ ਸਾਹਿਬ ਹੁਰਾਂ ਨੂੰ, ਬਾਕੀ ਜਨਤਾ ਨੂੰ ਪਤਾ ਕਿ ਆਹ ਤੁਹਾਡੇ ਵਿੱਚੋਂ, ਪੱਗਾਂ ਵਾਲਿਆਂ ਦੇ ਸਰੀਰ ਦੀ ਇੱਕ ਵੀ ਲਾਸ਼ ਵਾਪਸ ਨਹੀਂ ਦਿੱਤੀ ਕਿਸੇ ਨੇ। ਕੀ ਇਹ ਗ਼ੁਲਾਮੀਂ ਦੀ ਜ਼ੰਜੀਰੀ ਨਹੀਂ ?

ਹਿੰਦੂ ਅਤੇ ਸਿੱਖ ਹਾਈਜੈਕਰਾਂ ਨਾਲ ਵੱਖਰਾ-ਵੱਖਰਾ ਵਰਤਾਉ

ਪੰਡਿਤਾਂ ਦੇ ਘਰੇ ਜੰਮੀਂ ਬੀਬੀ, ਜਨਤਾ ਦੀਆਂ ਲੈ ਕੇ ਵੋਟਾਂ, ਹਿੰਦੁਸਤਾਨ ਦੀ ਬਣੀ ਪ੍ਰਾਈਮ ਮਨਿਸਟਰ, ਇੰਦਰਾ ਗਾਂਧੀ। ਇਹਦੇ ਕੀਤੇ ਕਰਮ ਅਨੁਸਾਰ ੧੯੭੭ ਵਿੱਚ, ਉਹਨੂੰ ਇੱਕ ਦਿਨ ਦੀ ਸਜ਼ਾ ਜਾਂ ਦੋ ਦਿਨ ਦੀ ਸਜ਼ਾ ਮਿਲੀ । ਤਿਹਾੜ ਜੇਲ੍ਹ ਵਿੱਚ ਗਈ । ਉਹਦੇ ਸਹਿਯੋਗੀ ਪਾਂਡੇ ਹੁਰਾਂ ਨੇ, ਜਹਾਜ ਉਡਾ ਲਿਆ ਰੋਸ ਮੁਜ਼ਾਹਰਾ ਕਰਨ ਵਾਸਤੇ ਤੇ ਖ਼ਾਲਸਾ ਜੀ ਉਹਨਾਂ ਨੂੰ ਗੱਦੀਆਂ ਮਿਲੀਆਂ, ਕੁਰਸੀਆਂ ਮਿਲੀਆਂ ਅਸੈਂਬਲੀ ਵਿੱਚ ਪਰ ਜੇ ਮੇਰੇ ਪਿਤਾ ਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਚਵਰ ਤਖ਼ਤ ਛਤਰ ਦੇ ਮਾਲਕ ਜੋਤੀ ਸਰੂਪ ਨੂੰ ਅੱਗ ਲਾ ਦਿੱਤੀ, ਜ਼ਾਲਮ ਭੱਟੀ ਨੇ ਤੇ ਮਾਂਗਟ ਨੇ (ਦੋਵਾਂ ਪੁਲੀਸ ਅਫ਼ਸਰਾਂ ਨੇ) ਤੇ ਪੰਜਾਬ ਦੇ ਮੁੱਖ ਮੰਤਰੀ ਜ਼ਕਰੀਏ ਦੀ ਪ੍ਰੇਰਨਾ ਨਾਲ ਤੇ ਉਹਦੇ ਸੰਬੰਧ ਵਿੱਚ ਸਾਡੇ ਵੀਰ ਗਜਿੰਦਰ ਸਿੰਘ ਹੁਰਾਂ ਨੇ, ਸਿੱਖਾਂ ਦੇ ਪੁੱਤਰਾਂ ਨੇ, ਰੋਸ ਮੁਜਾਹਰਾ ਕਰਨ ਵਾਸਤੇ (ਜਹਾਜ਼ ਅਗਵਾ ਕਰ ਲਿਆ) ਤੇ ਜੇ ਇੱਕ ਪੰਡਿਤਾਂ ਦੀ ਲੜਕੀ ਵਾਸਤੇ ਰੋਸ ਮੁਜਾਹਰਾ ਹੋ ਸਕਦਾ ਤੇ ਸਿੱਖਾਂ ਦੇ ਇਸ਼ਟ ਵਾਸਤੇ ਜਹਾਜ਼ ਅਗਵਾਹ ਤੇ ਰੋਸ ਮੁਜਾਹਰਾ ਕਿਉਂ ਨਹੀਂ ਹੋ ਸਕਦਾ ? ਪਰ ਉਹ ਅੱਜ ਪਾਕਿਸਤਾਨ ਵਿੱਚ ਆ, ਦੇਸ਼ ਨਿਕਾਲਾ ਉਹਨਾਂ ਨੂੰ । ਇਹ ਗ਼ੁਲਾਮੀ ਦੀ ਜ਼ੰਜੀਰੀ ਆ ਆਪਣੇ ਗਲ਼ ਵਿੱਚ । ਪੰਡਿਤਾਂ ਦੀ ਲੜਕੀ ਵਾਸਤੇ ਜਹਾਜ ਉੱਡੇ ਤਾਂ ਦੇਸ਼ ਭਗਤੀ ਤੇ ਸਿੱਖਾਂ ਦੇ ਇਸ਼ਟ ਵਾਸਤੇ ਜਹਾਜ ਉੱਡੇ ਤਾਂ ਦੇਸ਼ ਨਾਲ ਗਦਾਰੀ । ਸਿੱਖ ਦੇ ਪੁੱਤ ਦੀ ਲੱਤ ਵਿੱਚ ਟੀਕਾ ਲਾ ਕੇ ਲੱਤ ਗਾਲ਼ੀ ਜਾਂਦੀ ਭਾਈ ਗੁਰਬਖਸ਼ ਸਿੰਘ ਦੀ । ਜਿੱਦੇਂ ੪ ਅਗਸਤ ਨੂੰ ਇਥੇ ਮੋਰਚਾ ਸਾਂਝਾ ਹੋ ਕੇ ਚੱਲਿਆ, ਸੰਤਾਂ ਨੇ ਡਿਕਟੇਟਰੀ ਆਰੰਭ ਕੀਤੀ, ਸੰਭਾਲ ਲਈ । ਮੋਰਚੇ ਦੀ ਵਾਗ-ਡੋਰ ਆਪਣੇ ਹੱਥ ਵਿੱਚ ਲਈ । ਇਥੋਂ ਜਥਾ ਚੱਲਿਆ ਤੇ ਨੌਜੁਆਨ ਵੀਰ ਕੋਲੋਂ ਨਾ ਰਿਹਾ ਗਿਆ । ਉਹਨੇ ਰੋਸ ਮੁਜ਼ਾਹਰੇ ਦੇ ਰੂਪ ਵਿੱਚ ਕਿ ਸਾਡੀਆਂ ਧੀਆਂ ਭੈਣਾਂ ਦੀ ਇੱਜ਼ਤ ਲੁੱਟੀ ਜਾ ਰਹੀ ਆ, ਇਹ ਲੋਕਾਂ ਦਾ ਧਿਆਨ ਉਸ ਪਾਸੇ ਦੁਆਉਣ ਵਾਸਤੇ, ਗੌਰਮੈਂਟ ਦੇ ਕੰਨਾਂ ਵਿੱਚ ਅਵਾਜ਼ ਪਹੁੰਚਾਉਣ ਵਾਸਤੇ, ਮਨਜੀਤ ਸਿੰਘ ਉਰਫ ਮਸੀਬਤ ਸਿੰਘ ਨੇ ਜਹਾਜ ਉਡਾਇਆ ਤੇ ਉਹਨੂੰ ਗੋਲੀ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ । ਉਹਦਾ ਹੱਕ ਲਉਗੇ ਕਿਵੇਂ ? ਕੇਵਲ ਕਾਗਜ਼ ਤੇ ਕਲਮ ਨਾਲ ਨਹੀਂ ਮਿਲਣਾ, ਸਾਵਧਾਨਤਾ ਨਾਲ ਮਿਲਣਾ । ਇਹ ਗ਼ੁਲਾਮੀ ਦੀ ਜ਼ੰਜੀਰੀ ਆਪਣੇ ਗਲ਼ ਵਿੱਚ ਹੈ ।

ਤੰਬਾਕੂ ਸੁੱਟਣ ਵਾਲੇ ਹਿੰਦੂ ਨੂੰ ਛੱਡਣਾ ਅਤੇ ਸਿੱਖਾਂ ਦਾ ਮੁੱਲ ਰੱਖਣਾ

ਹਰਿਮੰਦਰ ਸਾਹਿਬ ਵਿੱਚ ਤੰਬਾਕੂ ਸੁੱਟਿਆ ਜਾਵੇ । ਹਿੰਦੂਆਂ ਦਾ ਮੁੰਡਾ ਫੜਿਆ ਜਾਵੇ ਤੇ ਖ਼ਾਲਸਾ ਜੀ ਉਹਦੇ 'ਤੇ ਇੱਕ ਘੰਟੇ ਦਾ ਵੀ ਕੇਸ ਨਹੀਂ । ਆਹ ਆਪਣਾ ਰਜਿੰਦਰ ਸਿੰਘ ਮਹਿਤਾ ਤੁਹਾਡੇ ਕੋਲ ਹੈਠਾ, ਜਸਵੰਤ ਸਿੰਘ ਠੇਕੇਦਾਰ ਬਾਹਰ ਚਲਿਆ ਗਿਆ । ਬਾਕੀ ਹੋਰ ਵਿਦਿਆਰਥੀਆਂ 'ਤੇ ਕੇਸ.....। ਗਊ ਦਾ ਸਿਰ ਰੱਖਣ ਦੇ ਆਪਾਂ ਭਾਵੇਂ ਹੱਕ ਵਿੱਚ ਨਹੀਂ, ਕੋਈ ਸਿੱਖ ਮੰਦਰਾਂ 'ਚ, ਭਾਵੇਂ ਗਊ ਦੇ ਮਾਰਨ ਦੇ ਹੱਕ ਵਿੱਚ ਵੀ ਆਪਾਂ ਨਹੀਂ, ਪਰ ਆਪਾਂ ਗਊ ਨੂੰ ਕੋਈ ਗੁਰੂ ਨਹੀਂ ਮੰਨਦੇ (ਸਿਰਫ਼) ਇੱਕ ਚੰਗਾ ਪਸ਼ੂ ਮੰਨਦੇ ਹਾਂ । ਉਹਦਾ ਸਿਰ ਰੱਖਣ ਲੱਗਿਆਂ ਕਿਸੇ ਕਰਮਚਾਰੀ ਨੇ, ਕਿਸੇ ਹਿੰਦੂ ਪੁਜਾਰੀ ਨੇ, ਬੰਦਾ ਨਹੀਂ ਵੇਖਿਆ, ਪਰ ੨੫ ਹਜ਼ਾਰ ਇਹਦੇ ਸਿਰ ਦਾ ਵੀ ਮੁੱਲ ਪਿਆ ਮਹਿਤੇ ਦਾ ਤੇ ੮੦ ਹਜ਼ਾਰ ਦੇ ਲੱਗਭਗ ਉਹਨਾਂ ਵੀਰਾਂ ਦਾ ਮੁੱਲ ਪਾਇਆ ਗਿਆ.....। ਹਿੰਦੂ ਤੰਬਾਕੂ ਸੁੱਟ ਦੇਏ ਸਿੱਖਾਂ ਦੇ ਮੰਦਰ (ਗੁਰਦੁਆਰੇ)

ਵਿੱਚ ਤਾਂ ਦੇਸ਼ ਭਗਤੀ ਤੇ ਜੇ ਸਿੱਖ ਦਾ ਪੁੱਤ ਫੜਿਆ ਵੀ ਨਾ ਜਾਵੇ, ਕੇਵਲ ਸ਼ੱਕ ਈ ਪੈ ਜਾਵੇ ਤਾਂ ਦੇਸ਼ ਦਾ ਗ਼ਦਾਰ। ਉਹ ਗ਼ਦਾਰੀ ਦਾ ਕਲੰਕ ਕਿਵੇਂ ਲਾਹਵਾਂਗੇ ?

ਸਿੱਖਾਂ ਨੂੰ ਹੱਕ ਦੇਣ ਵਿੱਚ ਹਿੰਦੂਆਂ ਨਾਲੋਂ ਵਿਤਕਰਾ

ਜੇ ਤੁਸੀਂ ਪੰਜਾਬੀ ਬੋਲੀ ਬੋਲਣੀ ਆਂ, ਤੁਸੀਂ ਪੰਜਾਬੀ ਸੂਬੇ ਦੀ ਲਕੀਰ ਖਿਚਣੀ ਆਂ ਤੇ ਗੱਡੀ ਦਾ ਨਾਂਅ ਹਰਿਮੰਦਰ ਸਾਹਿਬ ਦੇ ਨਾਂਅ ਉੱਤੇ ਰੱਖਣਾ, ਇਸ ਸ਼ਹਿਰ ਨੂੰ ਪਵਿੱਤਰ ਦਰਜਾ ਕਰਾਰ ਦਿਵਾਉਣਾ। ੮੦ ਨਹੀਂ, ੮੫ ਹਜ਼ਾਰ, ੯੬ ਹਜ਼ਾਰ ਜੇਲ੍ਹਾਂ 'ਚ ਜਾਉ। ੧੧੩ ਆਪਣਾ ਖ਼ੂਨ ਡੋਲਣ ਤੇ ਤਾਂ ਵੀ ਇੰਦਰਾ ਵੱਲੋਂ ਐਲਾਨ ਨਹੀਂ,.....ਕਿੰਨੀ ਕੁ ਪਖੰਡਣ ਆਂ। ਅੱਜ ਫਿਰ ਅਖ਼ਬਾਰ ਵਿੱਚ ਕਹਿ ਦਿੱਤਾ, ਅਖੇ ਜੀ ਸਿੱਖਾਂ ਦੀਆਂ ਧਾਰਮਿਕ ਮੰਗਾਂ ਮੰਨ ਲਈਆਂ ਹਨ। ਜੇ ਉਹਨੇ ਇਹ ਮੰਗਾਂ ਮੰਨ ਲਈਆਂ ਨੇ ਫਿਰ ਉਹ ਐਲਾਨ ਕਿਉਂ ਨਹੀਂ ਕਰਦੀ ? ਕੀ ਉਹਨੂੰ ਅਜਿਹਾ ਕਰਨ ਵਿੱਚ ਕੋਈ ਸ਼ਰਮ ਆਉਂਦੀ ਆ ? ਕਿੰਨੇ ਸਮੇਂ ਤੋਂ ਇਹ ਮੋਰਚਾ ਚੱਲ ਰਿਹਾ ? ਇਹ ਸੱਤਾਂ ਮਹੀਨਿਆਂ ਤੋਂ ਚੱਲ ਰਿਹਾ। ਹਰ ਪੰਜਵੇਂ ਦਿਨ ਇਹ ਖ਼ਬਰ ਆ ਜਾਂਦੀ ਆ ਕਿ ਲੌਂਗੋਵਾਲ ਜੀ ਮੈਂ ਧਾਰਮਿਕ ਮੰਗਾਂ ਮੰਨ ਲਈਆਂ ਨੇ, ਪਰੰਤੂ ਦੂਜੀਆਂ ਬਾਰੇ ਕੁਝ ਅੜਚਣਾ.....। ਉਹਨੂੰ ਉਹਨਾਂ ਮੰਗਾਂ ਦਾ ਐਲਾਨ ਕਰਨਾ ਚਾਹੀਦਾ, ਜਿਹਨਾਂ ਬਾਰੇ ਕੋਈ ਰੁਕਾਵਟ ਨਹੀਂ। ਸਿੱਖ ਕੌਮ ਵਾਸਤੇ ਇਹ ਲੋਕ ਟੇਡਾ ਰਸਤਾ ਅਖ਼ਤਿਆਰ ਕਰਦੇ ਨੇ, ਜਿਹਦੇ ਨਾਲ ਸਿੱਖ ਕੌਮ ਨੂੰ ਮੰਦੇ ਨਾਂਅ ਦਿੰਦੇ ਹਨ। ਕੀ ਹਿੰਦੀ ਬੋਲਣ ਵਾਸਤੇ, ਹਿੰਦੀ ਬੋਲੀ ਦਾ ਇਲਾਕਾ ਲੈਣ ਵਾਸਤੇ, ਹਿੰਦੂ ਮੰਦਰ ਦੇ ਨਾਂਅ ਉੱਪਰ ਗੱਡੀ ਦਾ ਨਾਂਅ ਰਖਵਾਉਣ ਵਾਸਤੇ, ਕੋਈ ਹਿੰਦੂ ਜੇਲ੍ਹ ਵਿੱਚ ਗਿਆ ? ਜੇ ਉਹਨਾਂ ਨੂੰ ਘਰੇ ਬੈਠਿਆਂ ਈ ਸਭ ਕੁਝ ਮਿਲ ਗਿਆ ਤੇ ਸਾਨੂੰ ਵੱਡੀ ਗਿਣਤੀ ਵਿੱਚ ਜੇਲ੍ਹ ਜਾਣ 'ਤੇ ਵੀ ਨਹੀਂ ਮਿਲਿਆ, ਤਾਂ ਫਿਰ ਸਾਨੂੰ ਸੋਚਣਾ ਪਵੇਗਾ ਕਿ ਅਸੀਂ ਆਪਣੇ ਹੱਕ ਲੈਣੇ ਕਿਵੇਂ ਆਂ ? ਇਹ ਬੰਦਿਆਂ ਵਾਲਾ ਕੰਮ ਨਹੀਂ ਕਿ ਅਸੀਂ ਆਪਣੇ ਹੱਥ ਬਨ੍ਹਾ ਕੇ ਹੀ ਬੈਠੇ ਰਹੀਏ ਤੇ ਕੁੱਟ ਈ ਖਾਈ ਜਾਈਏ। ਸਾਨੂੰ ਇਸ ਪਾਸੇ ਪੂਰਾ ਪੂਰਾ ਧਿਆਨ ਦੇਣਾ ਪੈਣਾ।

ਸਿੱਖਾਂ ਦੀ ਜਾਇਦਾਦ 'ਤੇ ਟੈਕਸ

ਜੇ ਸਿੰਘ ਨਾਂਅ ਵਾਲੇ ਸਿੱਖ ਦਾ ਪੁੱਤ ੧੭ ਸਾਲ ਦਾ ਹੋਵੇ ਤੇ ਉਹਦਾ ਪਿਉ ਮਰ ਜਾਏ ਤਾਂ ਉਹਨੂੰ ਟੈਕਸ ਦੇਣਾ ਪੈਂਦਾ ਤੇ ਜੇ ਛੱਲੀ ਰਾਮ ਤੇ ਗੁੱਲੀ ਰਾਮ ਜੰਮਦਾ ਈ ਆਪਣੇ ਪਿਉ ਦੀ ੪੦ ਲੱਖ ਦੀ ਜਾਇਦਾਦ ਦਾ ਮਾਲਕ ਬਣ ਜਾਂਦਾ, ਉਹਨੂੰ ਕੋਈ ਟੈਕਸ ਨਹੀਂ। ਆਪਾਂ ਪੱਗਾਂ ਵਾਲੇ ੧੭ ਸਾਲ ਦੇ ਹੋਈਏ ਤਾਂ ਵੀ ਆਪਣੇ ਪਿਉ ਦੀ ਜਮੀਨ ਦੇ ਮਾਲਕ ਨਹੀਂ ਬਣ ਸਕਦੇ, ਖ਼ਾਲਸਾ ਜੀ ਇਹ ਵਿਤਕਰਾ ਕਿਉਂ ? ਮੈਂ ਇਹ ਸੁਣੀ ਸੁਣਾਈ ਗੱਲ ਨਹੀਂ ਕਰ ਰਿਹਾ। ਅਸੀਂ ੧੭ ਸਾਲ ਦੇ ਹੋਣ 'ਤੇ ਵੀ ਆਪਣੇ ਪਿਉ ਦੀ ਜਾਇਦਾਦ ਦੇ ਮਾਲਕ ਨਹੀਂ ਬਣ ਸਕਦੇ ਪਰ ਹਿੰਦੂ ਦੇ ਘਰੇ ਜੰਮਿਆਂ ਬੱਚਾ ਜੰਮਦਾ ਈ ਆਪਣੇ ਪਿਉ ਦੀ ਜਾਇਦਾਦ ਦਾ ਮਾਲਕ ਹੈ, ਕਿਉਂਕਿ ਉਹ ਹਿੰਦੂ ਦੇ ਘਰੇ ਜੰਮਿਆ। ਇਹ ਗੱਲ ਮੈਂ ਤਾਂ ਕਹੀ ਆ ਕਿਉਂਕਿ ਇਹ ਮੇਰੇ ਆਪਣੇ ਪਰਿਵਾਰ ਨਾਲ ਵਾਪਰੀ ਆ। ਮੇਰੇ ਭਣਵਈਏ ਦਾ ਪਿਤਾ ਚੜਾਈ ਕਰ ਗਿਆ ਤੇ ਉਹਦੀ ਜਾਇਦਾਦ ਦਾ ਟੈਕਸ ਮੇਰੇ ਭਣਵਈਏ ਨੂੰ ਦੇਣਾ ਪਿਆ। ਮੇਰੇ ਭਣਵਈਏ ਦੀ ਮੌਤ ੨੮ ਸਾਲ ਦੀ ਉਮਰ ਵਿੱਚ ਡੂਬਈ ਵਿਖੇ ਹੋ ਗਈ। ਉਹਦੇ ਲੜਕੇ ਦੀ ਉਮਰ ੧੧ ਸਾਲ ਹੈ। ਉਹਨੂੰ ਆਪਣੇ ਪਿਉ ਦੀ ਜਾਇਦਾਦ ਦਾ ਟੈਕਸ ਦੇਣਾ ਪਿਆ। ਹਿੰਦੂ ਨਾਲ ਇੰਝ ਨਹੀਂ ਹੁੰਦਾ। ਕੀ ਇਹ ਸਾਡੇ ਨਾਲ ਧੋਖਾ ਨਹੀਂ ?

ਜਿਵੇਂ ਕਿ ਅਸੀਂ ਹੀ ਬਹੁਤੇ ਵੱਡੇ ਚੌਧਰੀ ਬਣ ਗਏ ਹਾਂ, ਵੱਡੇ ਸਰਦਾਰ । ਅਸੀਂ ਸਰਦਾਰ ਆਂ ਪਰ ਅਸੀਂ ਆਪਣੀ ਸਰਦਾਰੀ ਮੰਨੀ ਨਹੀਂ । ਅਸੀਂ ਇਹਦਾ ਦਾਅਵਾ ਨਹੀਂ ਕਰਦੇ । ਸਾਨੂੰ ਹਿੰਦੂਆਂ ਦਾ ਇੱਕ ਅੰਗ ਸਮਝਿਆ ਜਾ ਰਿਹਾ ।

ਇਹਨਾਂ ਨੇ ਤਾਂ ਇਹ ਸੁਭਾਅ ਹੀ ਅਪਣਾ ਲਿਆ ਕਿ ਜੇ ਤੁਸੀਂ ਗੁਰਬਾਣੀ ਪੜ੍ਹੋ, ਜੇ ਤੁਸੀਂ ਪੰਥ ਦੀ ਗੱਲ ਕਰੋ, ਜੇ ਤੁਸੀਂ ਨਿਸ਼ਾਨ ਸਾਹਿਬ ਬਾਰੇ ਗੱਲ ਕਰੋ, ਜੇ ਤੁਸੀਂ ਆਪਣੇ ਧਾਰਮਿਕ ਗਰੰਥ ਸ੍ਰੀ ਗੁਰੂ ਗਰੰਥ ਸਾਹਿਬ ਬਾਰੇ ਗੱਲ ਕਰੋ ਤਾਂ ਤੁਸੀਂ ਅੱਤਵਾਦੀ ਹੋ । ਮੈਂ ਇਸ ਬਾਰੇ ਬਿਆਨ ਦਿੱਤਾ ਸੀ, ਨਾ ਇੰਦਰਾ ਨੇ ਤੇ ਨਾ ਜ਼ਕਰੀਏ ਨੇ ਮੈਨੂੰ ਇਹਦਾ ਕੋਈ ਜੁਆਬ ਦਿੱਤਾ ਅਤੇ ਨਾ ਹੀ ਕਿਸੇ ਹੋਰ ਨੇ । ਜਾਂ ਤਾਂ ਉਹ ਪੜ੍ਹਦੇ ਹੀ ਨਹੀਂ ਤੇ ਜਾਂ ਅੜੀਅਲ ਰਾਹ ਅਪਣਾਇਆ ਹੋਇਆ । ਮੈਨੂੰ ਕੁਝ ਗੱਲਾਂ ਨੀਤੀ ਤੌਰ 'ਤੇ ਕਹਿਣੀਆਂ ਪਈਆਂ । ਮੈਂ ਸਮਝਦਾਂ ਹਾਂ ਕਿ ਜਿਹੜੇ ਲੋਕ ਸਤਾ 'ਤੇ ਕਾਬਜ਼ ਹਨ, ਉਹ ਆਪਣੇ ਆਪ ਨੂੰ ਪਵਿੱਤਰ ਤੇ ਸਤੀਵਤ ਸਮਝਦੇ ਹਨ । ਇਸ ਬਾਰੇ ਮੈਂ ਕਹਿ ਸਕਦਾ ਹਾਂ । ਭਗਤ ਫਰੀਦ ਜੀ ਦਾ ਫ਼ੁਰਮਾਨ ਹੈ:

ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ ॥

(ਸਲੋਕ ਫਰੀਦ, ੧੩੭੯)

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੩.

(ਦੀਵਾਨ ਹਾਲ ਮੰਜੀ ਸਾਹਿਬ, ਅੰਮ੍ਰਿਤਸਰ, ੨੭-੦੨-੧੯੮੩)

ਸਟੇਜ ਸੈਕਟਰੀ - ਬੇਨਤੀ ਹੈ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਸੇਵਾ ਵਿੱਚ ਕਿ ਉਹ ਆਪਣੇ ਵਿਚਾਰ ਰੱਖਣ ਅਤੇ ਜਾਣ ਵਾਲੇ ਜਥੇ ਨੂੰ ਵਦਾਇਗੀ ਦੇਣ। ਆਉ ਹੁਣ ਸੰਤ ਜੀ ਦਾ ਸਨਮਾਨ ਕਰੀਏ ਤੇ ਫਿਰ ਉਹਨਾਂ ਦੇ ਪੰਥਕ ਵਿਚਾਰ ਸੁਣੀਏ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥
ਸ਼੍ਰੋਮਣੀ ਅਕਾਲੀ ਦਲ ॥ ਜ਼ਿੰਦਾਬਾਦ ॥
ਸ਼੍ਰੋਮਣੀ ਅਕਾਲ ਦਲ ॥ ਜ਼ਿੰਦਾਬਾਦ ॥
ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸਤਿਗੁਰੂ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ ਜੀ ਦੀ ਸਾਜ਼ੀ ਨਿਵਾਜ਼ੀ ਗੁਰੂ ਰੂਪ ਗੁਰੂ ਖ਼ਾਲਸਾ ਸਾਧ ਸੰਗਤ ਜੀਉ, ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਪਿਆਰੇ ਖ਼ਾਲਸਾ ਜੀ ਜੋ ਧਰਮ ਯੁੱਧ ਮੋਰਚੇ ਦੇ ਨਾਂਅ ਉੱਪਰ, ਕਾਫੀ ਸਮੇਂ ਤੋਂ ਇਹ ਸੰਘਰਸ਼ ਜਾਰੀ ਹੈ। ਬੇਅੰਤ ਇਸ ਵਿੱਚ ਗ੍ਰਿਫ਼ਤਾਰੀਆਂ ਤੇ ਸ਼ਹੀਦੀਆਂ ਹੋ ਚੁੱਕੀਆਂ ਹਨ। ਸਮੇਂ ਸਮੇਂ ਮੁਤਾਬਿਕ ਗੌਰਮੈਂਟ ਨੇ ਇਸ ਨੂੰ ਫੇਲ੍ਹ ਕਰਨ ਵਾਸਤੇ ਆਪਣਾ ਪੂਰਾ ਯਤਨ ਕੀਤਾ ਹੈ। ਸਤਿਗੁਰੂ ਜੀ ਦੀ ਦਿਆਲਤਾ ਦਾ ਸਦਕਾ, ਮੁੜ ਰਹੇ ਮੋੜ ਮੁ-ਬਕ, ਪੰਥ ਵੀ ਸਾਵਧਾਨਤਾ ਸਹਿਤ ਚਲ ਰਿਹਾ ਹੈ।

ਇੰਦਰਾ ਗਾਂਧੀ ਵੱਲੋਂ ਸਿੱਖਾਂ ਦੀਆਂ ਧਾਰਮਿਕ ਮੰਗਾਂ ਮੰਨ ਲੈਣ ਦੇ ਦਾਅਵੇ ਬਾਰੇ ਸੰਤਾਂ ਦਾ ਪ੍ਰਤੀਕਰਮ

ਹੁਣੇ ਹੁਣੇ ਜੋ ਤੁਸੀਂ ਭਾਈ ਬਲਵੰਤ ਸਿੰਘ ਜੀ ਪਾਸੋਂ ਸੁਣਿਆ ਸੀ ਕਿ ਹਿੰਦੂ ਟੇਡੇ ਢੰਗ ਦੇ ਨਾਲ, ਬੀਬੀ ਇੰਦਰਾ ਆਪਣੇ ਵੱਲੋਂ ਕੁਝ ਗੱਲਾਂ ਕਹਿ ਰਹੀ ਹੈ। ਜਿਸ ਤਰ੍ਹਾਂ ਕਿ ਸ਼ਹਿਰ (ਨੂੰ ਪਵਿੱਤਰ ਦਰਜਾ ਦੇਣ) ਬਾਰੇ ਦੱਸ ਦਿੱਤਾ, ਪਰ ਇਹਦਾ ਖਾਂ ਟਿਕਾਣਾ ਕੋਈ ਨਹੀ ਦੱਸਿਆ। ਲਾਗੇ ਲਾਗੇ ਕਿਹਾ, ਪਤਾ ਨਹੀਂ ਲਾਗਾ ਕਿੱਥੇ ਕੁ ਉਹਨਾਂ ਦਾ ਹੋਵੇਗਾ ? ਦੂਜਾ ਕ੍ਰਿਪਾਨ ਦੀ ਗੱਲ ਕੀਤੀ ਗਈ ਆ, ਇਹ ਗੱਲ ਕਦੇ ਵੀ ਕਿਸੇ ਸਿੱਖ ਨੇ ਪ੍ਰਵਾਨ ਨਹੀਂ ਕਰਨੀ। ਇਹ ਅਫ਼ਸੋਸ ਵੀ ਆ, ਮਨ ਵਿੱਚ ਜਿਤਨੀ ਕੁ ਜਾਣਕਾਰੀ ਦਾਸ ਨੂੰ ਹੈ, ਇਤਿਹਾਸ ਦੁਆਰਾ ਤੇ ਮਹਾਂਪੁਰਖਾਂ ਦੀ ਰਸਨਾ ਦੁਆਰਾ (ਕਿ) ਕਦੇ ਵੀ ਕਿਸੇ ਧਰਮ ਦੇ ਉੱਪਰ ਚੱਲਣ ਵਾਲੇ ਕਿਸੇ ਵਿਅਕਤੀ ਨੇ, ਆਪਣੇ

ਧਾਰਮਿਕ ਚਿੰਨ 'ਤੇ ਪਾਬੰਦੀ ਨਹੀਂ ਲਵਾਈ। ਜੇ ਕਿਸੇ ਨੇ ਜ਼ਬਰਦਸਤੀ ਲਾਈ ਆ ਤੇ ਉਸ ਨੇ ਸਹਿਣ ਨਹੀਂ ਕੀਤਾ। ਭਾਵੇਂ ੬ ਇੰਚੀ ਕਹਿ ਦੇਵੋ, ੯ ਇੰਚੀ ਕਹਿ ਦੇਵੋ, ਸਿੱਖ ਬਰਦਾਸ਼ਤ ਨਹੀਂ ਕਦੇ ਕਰੇਗਾ ਇਸ ਨੂੰ, ਕਿਉਂਕਿ ਇਹ ਸਾਡਾ ਇੱਕ ਅਭੁੱਟ ਅੰਗ ਹੈ। ਕ੍ਰਿਪਾਨ ਮੁੰਗਫਲੀ ਵੱਟੇ ਨਹੀਂ ਆਈ ਤੇ ਮੂੰਗੀ ਵੇਚ ਕੇ ਨਹੀਂ ਲਿਆਂਦੀ, ਇਹ ਸਿਰ ਦੇ ਕੇ ਲਈ ਆ। ਜਿਹੜੀ ਚੀਜ਼ ਸਿਰ ਦੇ ਕੇ ਲਈ ਹੋਵੇ ਤੇ ਉਹ ਸਾਡੇ ਉੱਪਰ ਪਾਬੰਦੀ ਲਾਉਂਦੇ ਹੋਣ, ਜਿਹੜੇ ਟੋਪੀਆਂ ਲਾਹ ਕੇ ਤੇ ਨੌਰੰਗੇ ਦੀ ਪੈਂਦ ਤੇ ਰੱਖਦੇ ਹੋਣ। ਉਹਨਾਂ ਨੂੰ ਹੱਕ ਕੀ ਆ ਸਾਡੀ ਕ੍ਰਿਪਾਨ ਤੇ ਪਾਬੰਦੀ ਲਾਉਣ ਦਾ ? ਕ੍ਰਿਪਾਨ ਜਿਤਨੀ ਸਿੱਖ ਰੱਖ ਸਕੇ, ਉਤਨੀ ਵੱਡੀ ਰੱਖਣੀ ਚਾਹੀਦੀ ਆ। ੬ ਇੰਚੀ, ੯ ਇੰਚੀ ਜਿਹੜੀ ਕਹਿੰਦੇ, ੯ ਇੰਚੀ ਦਾ ਅਰਥ ਹੁੰਦਾ ਕਿ ਘੱਟ ਤੋਂ ਘੱਟ ਸਿੱਖ ਇੰਨੀ ਰੱਖੇਗਾ, ਇਹਦਾ ਕਾਰਨ ਆ ਕੋਈ। ਕੰਘੇ ਵਾਲੀ ਕ੍ਰਿਪਾਨ ਭਾਵੇਂ ਕਈ ਵਾਰੀ ਰੱਖ ਲੈਨੇ ਆਂ, ਚਿੰਨ ਵਜੋਂ। ਘੱਟ ਤੋਂ ਘੱਟ ੯ ਇੰਚ ਕਹਿਣ ਦੇ ਵਿੱਚ ਕੁਝ ਰਾਜ਼ ਹੈ, ਭੇਦ ਆ ਕੁਝ। ੯ ਇੰਚੀ ਕ੍ਰਿਪਾਨ ਗਾਤਰੇ ਹੋਵੇ, ਛੋਟੇ ਤੋਂ ਛੋਟਾ ਹਥਿਆਰ ਹੈ। ਰਾਹ ਵਿੱਚ ਜਾ ਰਹੇ ਹਾਂ, ਕੋਈ ਡਾਂਗ ਸੋਟਾ, ਕੋਈ ਬਰਛਾ, ਕੋਈ ਰਾਈਫਲ ਕੋਲ ਨਹੀਂ। ਅਚਾਨਕ ਰਸਤੇ ਵਿੱਚ ਕੋਈ ਭੈੜੇ ਖਿਆਲਾਂ ਦਾ ਬੰਦਾ ਮਿਲ ਜਾਂਦਾ, ਉਹ ਇਜ਼ਤ ਲੁੱਟਣੀ ਚਾਹੇ। ਉਸ ਵੇਲੇ ਜੇ ੯ ਇੰਚੀ ਦੀ ਕ੍ਰਿਪਾਨ ਹੋਵੇਗੀ, ਘੱਟ ਤੋਂ ਘੱਟ ਆਪਣੇ ਸਰੀਰ ਦੀ ਰਾਖੀ ਜ਼ਰੂਰ ਬੰਦਾ ਕਰ ਲਵੇਗਾ, ਮੁੱਖ ਮੰਤਵ ਇਹ ਵੀ ਆ ਨਾਲ। ਕ੍ਰਿਪਾਨ ਦੇ ਅਰਥ ਆ, ਕ੍ਰਿਪਾ+ਆਨ। ਮਜ਼ਲੂਮ 'ਤੇ ਕ੍ਰਿਪਾ ਕਰਨੀ, ਆਪਣੀ ਆਨ ਸ਼ਾਨ ਨੂੰ ਉਚਿਆਂ ਰੱਖਣਾ, ਇਹਨੂੰ ਕ੍ਰਿਪਾਨ ਕਿਹਾ। ਕੰਘੇ ਵਾਲੀ ਨਾਲ ਇਹ ਦੋ ਚੀਜਾਂ ਨਹੀਂ ਹੋ ਸਕਦੀਆਂ, ਨਾ ਤਾਂ ਕ੍ਰਿਪਾ ਹੀ ਕਿਸੇ 'ਤੇ ਕੀਤੀ ਜਾਣੀ ਆਂ। ਕ੍ਰਿਪਾ ਤਾਂ ਹੀ ਕਰੇਗਾ ਨਾ....., ਕਿਸੇ ਨੂੰ ਕੋਈ ਤੰਗ ਕਰਦਾ, ਧੀ ਭੈਣ ਦੀ ਇਜ਼ਤ ਲੁੱਟਦਾ, ਉਹਨੂੰ ਬਚਾਉਣਾ ਹੋਵੇ, ਕੰਘੇ ਵਾਲੀ ਨਾਲ ਕਿਵੇਂ ਬਚਾਵਾਂਗੇ ? ਇਸ ਵਾਸਤੇ ਘੱਟ ਤੋਂ ਘੱਟ ੯ ਇੰਚ ਦੀ ਕਿਹਾ ਤੇ ਜੇ ਗੌਰਮੈਂਟ ਨੇ ਇਹ ਵੀ ਕਹਿ ਦੇਣਾ ਕਿ ੯ ਇੰਚੀ ਤੋਂ ਉੱਪਰ ਪਾ ਈ ਨਹੀਂ ਸਕਦਾ ਤੇ ਜਥੇਬੰਦੀਆਂ ਨੂੰ ਇਹਦਾ ਕੀ ਫਾਇਦਾ ਹੋਵੇਗਾ ? ਸਾਡੇ ਵਰਗਿਆਂ ਨੇ ਫੁੱਟ ਤਾਂ ਘੱਟੋ ਘੱਟ ਪਾਉਣ ਲੱਗਿਆਂ ਵੀ ਨਹੀਂ ਰੱਖਣੀ ਤੇ ਜਹਾਜ ਤੇ ਚੜ੍ਹਨ ਲੱਗਿਆਂ ਸਾਡੇ ਤਿੰਨ ਫੁੱਟੀ ਨਾਲ ਰੱਖਣੀ ਆਂ। ਇਹ ਫਾਰਮੂਲਾ ਉਦੋਂ ਕਿਵੇਂ ਸੂਤ ਆਵੇਗਾ ? ਸਿੰਘੋ ਕ੍ਰਿਪਾਨ 'ਤੇ ਪਾਬੰਦੀ ਲਵਾਉਣੀ, ਮੈਂ ਸਮਝਦਾ ਹਾਂ ਆਪਣੇ ਧਰਮ 'ਤੇ ਪਾਬੰਦੀ ਲੱਗਣੀ ਆਂ।

ਜਹਾਂਗੀਰ ਦੀਆਂ ਪਾਬੰਦੀਆਂ ਅਤੇ ਛੇਵੇਂ ਪਾਤਿਸ਼ਾਹ

ਤੱਤੀ ਤਵੀ 'ਤੇ ਪਹਿਲਾਂ ਬਹਿਣਾ ਪਿਆ। ਤੱਤੀ ਤਵੀ 'ਤੇ ਬੈਠ ਕੇ ਸੀਸ ਦੇਣਾ ਪਿਆ। ਸੀਸ ਦੇਣ ਤੋਂ ਪਿੱਛੋਂ ਮੀਰੀ ਪੀਰੀ ਦੇ ਮਾਲਕ ਨੇ ਦੋ ਪਹਿਨੀਆਂ। ਕਿਹੜੀ ਪਾਬੰਦੀ ਸੀ ਉਦੋਂ ? ਇਹ ਹੀ ਪਾਬੰਦੀ ਸੀ ਨਾ ਉਦੋਂ ਜਹਾਂਗੀਰ ਦੀ ਕਿ ਸਿੱਖ ਸ਼ਸ਼ਤਰ ਨਹੀਂ ਰੱਖ ਸਕਦਾ ? ਸਿੱਖ ਘੋੜੇ 'ਤੇ ਨਹੀਂ ਚੜ੍ਹ ਸਕਦਾ, ਸਿੱਖ ਸਿਰ 'ਤੇ ਦਸਤਾਰ ਨਹੀਂ ਸਜਾ ਸਕਦਾ। ਸਿੱਖ ਧਾਂਤ ਦੇ ਭਾਂਡੇ ਵਿੱਚ ਲੰਗਰ ਪਾਣੀ ਨਹੀਂ ਪਾ-ਪਕਾ ਸਕਦਾ। ਸਿੱਖ ਨਗਾਰਾ ਨਹੀਂ ਵਜਾ ਸਕਦਾ। ਸਿੱਖ ਨਿਸ਼ਾਨ ਨਹੀਂ ਝੁਲਾ ਸਕਦਾ। ਸਿੱਖ ਫੌਜ ਨਹੀਂ ਰੱਖ ਸਕਦਾ। ਇਹ ਸਾਰੀਆਂ ਜ਼ੰਜੀਰਾਂ ਜਹਾਂਗੀਰ ਨੇ ਸਿੱਖਾਂ ਦੇ ਗਲਾਂ ਵਿੱਚ ਪਾਈਆਂ ਹੋਈਆਂ ਸੀ। ਕੌਮ ਦੇ ਗਲ਼ ਵਿੱਚ ਪਾਈ ਹੋਈ ਸੀ ਜ਼ੰਜੀਰੀ।

ਚੰਦੂ ਦੇ ਨੱਕ ਵਿੱਚ ਨਕੇਲ ਪਾਉਣ ਦਾ ਛੇਵੇਂ ਪਾਤਿਸ਼ਾਹ ਵੱਲੋਂ ਐਲਾਨ

ਇਸ ਜ਼ੰਜੀਰੀ ਨੂੰ ਤੋੜਨ ਵਾਸਤੇ ਮੀਰੀ ਪੀਰੀ ਦੇ ਮਾਲਕ,

ਦਲ ਭੰਜਨ ਗੁਰ ਸੂਰਮਾਂ ਵਡ ਜੋਧਾ ਬਹੁ ਪਰਉਪਕਾਰੀ ॥

ਜੀ ਨੇ ੧੧ ਸਾਲ ਦੀ ਉਮਰ ਵਿੱਚ ਪ੍ਰਣ ਕੀਤਾ । ਪ੍ਰਣ ਕਰਨ ਦੇ ਟਾਈਮ 'ਤੇ ਕਹਿ ਦਿੱਤਾ, ਕਿ ਕੁਕਰਮੀ, ਵਿਭਚਾਰੀ, ਵਿਸ਼ਵਾਸ਼ਘਾਤੀ, ਮਿੱਤਰ ਧਰੋਹੀ, ਝੂਠਾ ਤੇ ਡਾਕੂ, ਚੋਰ, ਯਾਰ, ਠੱਗ, ਇਹਨਾਂ ਲੋਕਾਂ ਨੂੰ ਜਿੰਨੇ ਪਾਪ ਲੱਗਦੇ ਆ, ਭੈੜੀ ਕਮਾਈ ਕਰਨ ਵਾਲਿਆਂ ਨੂੰ, ਉਹ ਸਾਰੇ ਦੋਸ਼, ਉਹ ਸਾਰੇ ਪਾਪ, ਸਾਨੂੰ ਲੱਗਣ, ਜੇ ਅਸੀਂ ਆਪਣੇ ਪਿਤਾ ਗੁਰੂ ਅਰਜਨ ਦੇਵ ਜੀ ਦਾ ਹੱਕ ਚੰਦੂ ਦੇ ਨੱਕ 'ਚ ਨਕੇਲ ਪਾ ਕੇ ਨਾ ਲਈਏ ਤਾਂ । ਜਦੋਂ ਇਹ ਬਚਨ ਕੀਤੇ ਤੇ ਉਸ ਵੇਲੇ....., ਅੱਜ ਵੀ ਜਿਵੇਂ ਕਈਆਂ ਨੂੰ ਜਰਾ ਕੁ ਪ੍ਰਚਾਰ, ਥੋੜਾ ਜਿਹਾ ਸਲੂਣਾ ਜਿਹਾ ਹੋਵੇ ਨਾ ਬਹੁਤਾ ਤੇ ਨਹੀਂ । ਥੋੜਾ ਜਿਹਾ ਗਰਮ ਹੋਵੇ, ਮਾੜਾ ਜਿਹਾ, ਮੁੜ੍ਹਕਾ ਆਉਣ ਲੱਗ ਪੈਂਦਾ । ਇਹ ਜੀ ਬੜਾ ਕੰਮ ਗਰਮ ਹੋ ਗਿਆ । ਤਲਖ਼ੀ ਪੈਦਾ ਹੁੰਦੀ ਆ । ਇਹ ਠੀਕ ਨਹੀਂ । ਇੱਕ ਪਾਸੇ ਗੌਰਮੈਂਟ ਆ, ਇੱਕ ਪਾਸੇ ਅਸੀਂ ਮਮੂਲੀ ਜਿਹੇ ਸਿੱਖ ਹਾਂ, ਅਸੀਂ ਜਨਤਾ ਹਾਂ । ਉਸ ਵੇਲੇ ਵੀ ਮਾਤਾ ਗੰਗਾ ਜੀ ਦੇ ਗੋਡੇ ਨਾਲ ਲੱਗ ਕੇ, ਵੱਡੇ ਵੱਡੇ ਢਿੱਡਾਂ ਵਾਲਿਆਂ ਨੇ, ਜਿਹੜੇ ਸਾਡੇ ਵਰਗੇ ਪ੍ਰਸਾਦਿ ਛਕਣ ਵਾਲੇ ਸੀ । ਉਹਨਾਂ ਨੇ ਜਾ ਕੇ ਕਿਹਾ ਮਾਤਾ ਜੀ, ਆਪ ਜੀ ਦੇ ਲਾਲ ਨੂੰ ਕੀ ਹੋ ਗਿਆ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ? ਛੋਟੀ ਜਿਹੀ ਉਮਰ ਹੈ, ਨਾ ਪੈਸਾ ਕੋਲ, ਨਾ ਹਥਿਆਰ ਕੋਲ, ਨਾ ਕੋਈ ਫ਼ੌਜ ਕੋਲ ਤੇ ਐਲਾਨ ਕਰ ਦਿੱਤਾ, ਚੰਦੂ ਦੇ ਨੱਕ 'ਚ ਨਕੇਲ ਪਾਵਾਂਗੇ । ਕਹਿੰਦੇ (ਚੰਦੂ) ਜਹਾਂਗੀਰ ਦਾ ਵਜ਼ੀਰ ਸੀ, ਬਹੁਤ ਨਿਕਟਵਰਤੀ ਸੀ ਤੇ ਮਾਤਾ ਜੀ ਇਹ ਬੜਾ ਧੋਖਾ ਹੋਵੇਗਾ । ਸਾਹਿਬਜ਼ਾਦਾ ਜੀ ਨੇ ਜੋਸ਼ ਵਿੱਚ ਕਹਿ ਦਿੱਤਾ । ਕਈ ਵਾਰੀ ਸਿੰਘ ਕਹਿੰਦੇ, ਅਖੇ ਤੈਨੂੰ ਕਹਿੰਦੇ, ਕਿ ਜੋਸ਼ ਨਾਲ ਬੋਲਦਾ, ਹੋਸ਼ ਨਾਲ ਨਹੀਂ । ਜੇ ਸਿੱਖ ਅਲਪਗਤਾ ਵਿੱਚ ਆ ਕੇ, ਅਗਿਆਨਤਾ ਵਿੱਚ ਆ ਕੇ, ਆਪਣੇ ਗੁਰੂ ਨੂੰ ਕਹਿਣ ਤੋਂ ਸੰਕੋਚ ਨਹੀਂ ਕਰਦਾ ਕਿ ਜੋਸ਼ ਨਾਲ ਬੋਲਦੇ, ਭੁਲੇਖੇ 'ਚ ਪੈ ਗਏ ਸਿੱਖ ਤੇ ਮੇਰੇ ਵਰਗੇ ਵਾਸਤੇ ਕਹਿ ਦੇਣਾ ਤੇ ਇੱਕ ਬਹੁਤ ਮਮੂਲੀ ਜਿਹੀ ਗੱਲ ਆ । ਛੇਵੇਂ ਪਾਤਿਸ਼ਾਹ ਬਾਰੇ ਵੀ ਕਿਹਾ ਸੀ, ਜੀ ਇਹ ਜੋਸ਼ ਨਾਲ ਬੋਲਦੇ ਆ, ਗ਼ੌਰ ਜ਼ਿੰਮੇਵਾਰੀ ਨਾਲ ਬੋਲਦੇ ਆ । ਐਲਾਨ ਸਟੇਜ 'ਤੇ, ਅਕਾਲ ਤਖ਼ਤ ਸਾਹਿਬ 'ਤੇ ਕਰ ਦਿੱਤਾ (ਪਰ) ਜਹਾਂਗੀਰ ਨਾਲ ਜੰਗ ਕਿਵੇਂ ਹੋਵੇਗਾ ? ਸਤਿਗੁਰੂ ਜੀ ਸ਼ਾਮ ਨੂੰ ਘਰੇ ਗਏ, ਮਹਿਲਾਂ ਵਿੱਚ ਗਏ । ਜਗਤ ਮਾਤਾ ਗੰਗਾ ਜੀ ਨੇ ਪੁੱਛਿਆ ਲਾਲ ਜੀ, ਤੁਹਾਡੇ 'ਤੇ ਸ਼ਿਕਾਇਤ ਆਈ ਆ, ਸਿੱਖਾਂ ਨੇ ਆਹ ਬੇਨਤੀ ਕੀਤੀ ਆ । ਦੱਸੋ ਮਾਤਾ ਜੀ ਕੀ ਆ ? ਤੁਸਾਂ ਐਲਾਨ ਕਰ ਦਿੱਤਾ ਕਿ ਚੰਦੂ ਦੇ ਨੱਕ 'ਚ ਨਕੇਲ ਨਾ ਪਾਈਏ ਤੇ ਆਹ ਦੋਸ਼ ਸਾਨੂੰ ਲੱਗਣ ? ਹਾਂ ਮਾਤਾ ਜੀ ਕਿਹਾ ਆ, ਇਹ ਖਤਰਨਾਕ ਗੱਲ ਆ ਮਾਤਾ ਜੀ ਉਹਨਾਂ ਵਾਸਤੇ, ਜਿਹਨਾਂ ਨੂੰ ਸ਼ਰਧਾ ਨਹੀਂ । ਜਿਹੜੇ ਨਿਸਚੇ ਤੋਂ ਥਿੜਕੇ ਹੋਏ ਲੋਕ ਹਨ । ਸਮਾਂ ਆਵੇਗਾ, ਜਿਹੜਾ ਬਚਨ ਰਸਨਾ ਤੋਂ ਕੱਢਿਆ ਪੂਰਾ ਕਰਾਂਗੇ । ਨੱਕ ਵਿੱਚ ਨਕੇਲ ਜ਼ਰੂਰ ਪਾਵਾਂਗੇ ।

ਖ਼ਾਲਸਾ ਜੀ ਸਮਾਂ ਆਇਆ, ਮੇਰੇ ਚੋਜੀ ਪ੍ਰੀਤਮ ਨੂੰ ਸ਼ਹੀਦ ਕਰਨ ਵਾਸਤੇ ਚੰਦੂ ਨੇ ਪੂਰਾ ਯਤਨ ਕੀਤਾ । ਜਹਾਂਗੀਰ ਨੂੰ ਪ੍ਰੇਰ ਕੇ, ਜੋਤਸ਼ੀਆਂ ਦੁਆਰਾ ਕਹਾ ਕੇ, ਮੀਰੀ ਪੀਰੀ ਦੇ ਮਾਲਕ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਸਦ ਲਿਆ । ਉਥੇ ਪੁੱਛਿਆ, ਭਾਈ ਕਿਸ ਵਾਸਤੇ ਸਾਨੂੰ ਬੁਲਾਇਆ ? ਅਖੇ ਜੀ ਸਾੜ ਸਤੀ ਚੜ੍ਹੀ ਆ, ਤੁਸੀਂ ਉਥੇ ਕੋਈ ਤਪੱਸਿਆ ਕਰੋ, ਜਾਪ ਕਰੋ, ਜਹਾਂਗੀਰ ਦੀ ਸਾੜ ਸਤੀ ਟਲ ਜਾਵੇ ।

ਮਹਾਰਾਜ ਜੀ ਕੁਝ ਕੁ ਮੁਸਕਰਾ ਕੇ....., ਨੂਰੀ ਚਿਹਰਾ ਮੇਰੇ ਚੋਜੀ ਪ੍ਰੀਤਮ ਦਾ। ਹੱਸ ਕੇ ਕਹਿਣ ਲੱਗੇ, ਜਿਹਦੇ 'ਤੇ ਚੜ੍ਹੀ ਆ, ਉਸੇ 'ਤੇ ਚੜੀ ਆ, ਤੇਰੇ 'ਤੇ ਤਾਂ ਨਹੀਂ ਜਹਾਂਗੀਰ। ਇੰਨੀ ਗੱਲ ਸਤਿਗੁਰੂ ਕਹਿ ਕੇ ਉਥੇ ਰਹਿਣ ਲੱਗ ਪਏ। ਉਥੇ ਰਹਿ ਕੇ ਸਮਾਂ ਬਤੀਤ ਕੀਤਾ। ਭਾਈ ਜੇਠਾ ਤੇ ਭਾਈ ਪਰਾਣਾ ਜੀ, ਦਿੱਤੇ ਹੋਏ ਸਮੇਂ ਤੋਂ ਉੱਪਰੰਤ, ਸ਼ੇਰ ਦਾ ਰੂਪ ਧਾਰ ਕੇ ਛਾਤੀ ਤੇ ਚੜ੍ਹੇ, ਜਹਾਂਗੀਰ ਨੂੰ ਨੀਂਦ ਨਹੀਂ ਆਉਂਦੀ। ਪੰਚ ਦੇਵ ਨੂੰ ਸਤਿਗੁਰੂ ਦੇ ਪਾਸ ਭੇਜਿਆ, ਨਾਲ ਵਜ਼ੀਰ ਖਾਨ ਨੂੰ ਵੀ ਭੇਜਿਆ। ਸਤਿਗੁਰੂ ਦੇ ਦਰਸ਼ਨ ਕੀਤੇ, ਮੁਲਾਕਾਤਾਂ ਕੀਤੀਆਂ, ਗੱਲ ਕੀਤੀ,..... ਜੀ ਆਪ ਜੀ ਕਿਰਪਾ ਕਰੋ ਕਿਲ੍ਹਾ ਛੱਡ ਦਿਉ। ਸਤਿਗੁਰੂ ਕਹਿਣ ਲੱਗੇ ਇਕੱਲੇ ਨਹੀਂ ਛੱਡਾਂਗੇ, ਆਹ ਜਿਹੜੇ ਪਹ ਪਹਿਲਾਂ ਕੈਦ ਕੀਤੇ ਆ, ਇਹਨਾਂ ਨੂੰ ਵੀ ਛੱਡੋ। ਵਾਪਸ ਚਲੇ ਗਿਆ ਪੰਚ ਦੇਵ। ਜਾ ਕੇ ਕਹਿਣ ਲੱਗਾ, ਬਾਦਸ਼ਾਹ, ਗੁਰੂ ਸਾਹਿਬ ਤੇ ਆਹ ਕਹਿੰਦੇ ਆ। ਉਹ ਕਹਿਣ ਲੱਗਾ ਕਿ ਬੜਾ ਦੁਬਿਧਾ 'ਚ ਫਸਿਆਂ। ਜੇ ਤਾਂ ਰਾਜੇ ਛੱਡਦਾਂ ਤਾਂ ਨੀਤੀ ਤੋਂ ਉਲਟ ਆ ਤੇ ਜੇ ਗੁਰੂ ਸਾਹਿਬ ਨੂੰ ਨਹੀਂ ਛੱਡਦਾ ਤੇ ਰਾਤ ਨੂੰ ਸ਼ੇਰਾਂ ਨੇ ਫਿਰ ਛਾਤੀ 'ਤੇ ਚੜ੍ਹ ਜਾਣਾ। ਮਸਾਂ ਮਸਾਂ ਰਾਤ ਇੱਕ ਕੱਟੀ ਆ। ਉਸ ਵੇਲੇ ਪੰਚ ਦੇਵ ਨੇ ਸਲਾਹ ਦਿੱਤੀ ਕਿ ਜੇ ਸਰੀਰ ਹੈ ਤੇ ਸਾਰਾ ਕੁਝ ਹੈ। ਤੇਰਾ, ਰਾਜਿਆਂ ਨਾਲ, ਗੁਰੂ ਸਾਹਿਬ ਸਮਝੌਤਾ ਕਰਾ ਦੇਣਗੇ। ਜਾ ਕੇ ਚਰਨ ਪਕੜ ਲਾ, ਰਾਜਿਆਂ ਨੂੰ ਵੀ ਛੱਡ ਦੇਹ ਤੇ ਗੁਰੂ ਨੂੰ ਵੀ ਛੱਡ ਦੇਹ, ਨਹੀਂ ਤੇ ਰਾਤ ਨੂੰ ਤੇਰਾ ਮੱਕੂ ਬਨ੍ਹ ਦੇਣਾ। ਸੁਣ ਕੇ ਸਤਿਗੁਰੂ ਦੇ ਪਾਸ ਗਿਆ, ਬੇਨਤੀ ਕੀਤੀ, 'ਸਤਿਗੁਰੂ ਜੀ ਆਪ ਇਥੋਂ ਨਿਕਲ ਜਾਵੋ। ਜਿਹੜੇ ਚੋਲੇ ਦੀ ਤਣੀ ਪਕੜ ਕੇ ਨਿਕਲ ਜਾਣਗੇ, ਉਹਨਾਂ ਨੂੰ ਨਾਲ ਲੈ ਜਾਉ।' ਸ਼ੈਤਾਨੀ ਕਰਦਾ, ਚਲਾਕੀ ਕਰਦਾ, ਪਰ ਗੁਰੂ ਪੂਰਾ ਹੋਵੇ, ਠੱਗੇ ਗਾ ਕੌਣ ? ਇਥੇ ਨਰਕਧਾਰੀਆ ਤੇ ਭਾਵੇਂ ਗੱਡੀ ਚੜ੍ਹ ਜਾਵੇ, ਠੱਗਿਆ ਜਾਵੇ, ਪੂਰਨ ਗੁਰੂ ਨਹੀਂ ਠੱਗਿਆ ਜਾਂਦਾ। ਖ਼ਾਲਸਾ ਜੀ ਪਹ ਕਲੀਆਂ ਦਾ ਚੋਲਾ ਪਾਇਆ। ਚੋਲਾ ਪਵਾ ਕੇ ਪਹ ਦੇ ਪਹ ਰਾਜੇ ਕਢਵਾ ਕੇ ਬੰਦੀ ਛੋੜ ਨਾਂਅ ਪਿਆ। ਉਹ ਚੋਜੀ ਪ੍ਰੀਤਮ ਉਥੋਂ ਆਏ, ਜਹਾਂਗੀਰ ਨਾਲ ਗੱਲ ਹੋਈ। ਜਹਾਂਗੀਰ ਕਹਿਣ ਲੱਗਾ, ਹੱਥ ਜੋੜ ਕੇ ਜੀ ਮੈਂ ਤੇ ਕੁਝ ਨਹੀਂ ਕਿਹਾ, ਮੇਰੇ 'ਤੇ ਤਰਸ ਕਰੋ। ਮਹਾਰਾਜ ਹੱਸ ਪਏ, ਕਹਿਣ ਲੱਗੇ ਇੰਨਾ ਕੁ ਤਰਸ ਤੇਰੇ 'ਤੇ ਜ਼ਰੂਰ ਕਰ ਲੈਨੇ ਆਂ, ਤੈਨੂੰ ਇਥੇ ਕੁਝ ਨਹੀਂ ਕਹਿੰਦੇ। ਕੰਮ ਸਾਰਾ ਤੂੰ ਕਰਾਇਆ, ਪਰ ਜਿਸ ਦੁਸ਼ਟ ਨੇ ਸਾਡੇ ਪਿਤਾ ਦੇ ਕੋਲ ਖੜੋ ਕੇ, ਸੀਸ ਵਿੱਚ ਰੇਤਾ ਪਵਾਇਆ, ਉਹ ਤਾਂ ਹਾਜ਼ਰ ਅੱਜ ਈ ਕਰਦੇ। ਸਾਡੇ ਪੇਸ਼ ਕਰਦੇ ਅੱਜ, ਹੁਣੇ ਈਂ ਤੇ ਤੇਰੇ ਨਾਲ ਨਬੇੜਾਂਗੇ ਪ੍ਰਲੋਕ ਵਿੱਚ, ਮੁਆਫ਼ੀ ਤੈਨੂੰ....., ਇਥੇ ਤਾਂ ਚੁੱਪ ਜ਼ਰੂਰ ਆਂ ਪਰ ਪ੍ਰਲੋਕ 'ਚ ਤੈਥੋਂ ਹਿਸਾਬ ਕਿਤਾਬ ਜ਼ਰੂਰ ਲੈਣਾ। ਹਿੰਦੁਸਤਾਨ ਦੇ ਰਾਜੇ ਨੂੰ ਇਹ ਗੱਲ ਕਹਿ ਸਕਦਾ ਕੋਈ ਤੇ ਗੁਰੂ ਈ ਕਹਿ ਸਕਦਾ। ਪੂਰਨ ਗੁਰੂ ਕਹਿ ਸਕਦਾ, ਅਧੂਰਾ ਗੁਰੂ ਨਹੀਂ। ਆਹ ਗੁਰਬਚਨੇ ਦੇ ਮੁੰਡੇ ਵਾਂਗੂੰ ਜਾ ਕੇ ਇੰਦਰਾ ਦੀਆਂ ਚਪਲੀਆਂ ਝਾੜੀ ਜਾਵੇ, ਪਰ ਉਹ ਪੂਰਨ ਗੁਰੂ ਨੇ ਕਿਹਾ। ਜਹਾਂਗੀਰ ਨੇ ਘਿੜਕ ਕੇ, ਕੰਬ ਕੇ, ਜੋਦੜੀਆਂ ਕਰਕੇ, ਲੇਲੜੀਆਂ ਕੱਢ ਕੇ ਮੀਰੀ ਪੀਰੀ ਦੇ ਮਾਲਕ ਦੇ ਪਾਸ ਚੰਦੂ ਨੂੰ ਲਿਆ ਬੈਠਾਇਆ। ਆਹ ਜੀ ਤੁਹਾਡੇ ਗੁਰੂ ਘਰ ਦਾ ਦੋਖੀ ਆ.....। ਭਾਈ ਬਿਦੀ ਚੰਦ ਨੇ ਖਿਆਲ ਕੀਤਾ, ਮਹਾਰਾਜ ਦਿਆਲੂ ਵੀ ਬਹੁਤ ਆ ਕਿਤੇ ਬਖ਼ਸ਼ ਈ ਨਾ ਦੇਣ। ਉਸੇ ਵੇਲੇ ਭਾਈ ਜੇਠੇ ਨੂੰ ਇਸ਼ਾਰਾ ਕੀਤਾ ਕਿ ਭਾਈ ਜੇਠਾ ਜੀ ਇਹਦੇ ਗਲ਼ 'ਚ ਸੰਗਲੀ ਪਾ ਲਾ ਤੇ ਪਿੱਛੇ ਜਿਹੜੇ ਕੁੱਤਿਆਂ ਨੂੰ ਸਾਂਭਦੇ ਆ, ਉਹਨਾਂ ਨੂੰ ਫੜਾ ਦੇਹ ਇਸ ਨੂੰ। ਉਹਦੇ ਨੱਕ 'ਚ ਨਕੇਲ ਪਾ ਕੇ, ਖ਼ਾਲਸਾ ਜੀ ਦਿੱਲੀ ਤੇ ਲਾਹੌਰ ਦੀ ਗਲੀ ਗਲੀ 'ਚ ਫੇਰਿਆ ਸੀ, ਪਰ ਜਿਸ ਦਿਨ ਬਚਨ ਕੀਤਾ ਸੀ, ਉਸ ਦਿਨ ਕਹਿੰਦੇ ਸਨ, ਇਹ

ਤਾਂ ਨਾ ਮੁਮਕਨ ਹੈ। ਇਹ ਨਹੀਂ ਕਦੇ ਹੋ ਸਕਦਾ ਤੇ ਕਈ ਵਾਰੀ ਸਟੇਜਾਂ ਤੇ ਜਿਹੜਾ ਕੋਈ ਖਿਆਲ ਕਿਸੇ ਨੂੰ ਪ੍ਰਗਟ ਕੀਤਾ ਜਾਵੇ (ਤਾਂ ਕਈ ਕਹਿੰਦੇ ਨੇ) ਇਹ ਜੀ ਮੁੰਡਾ ਜਿਹਾ ਬੋਲੀ ਜਾਂਦਾ, ਨਾ ਇਹਨੂੰ ਅਕਲ ਆ, ਪੰਥ ਵਿੱਚ ਫੁੱਟ ਪਾਉਂਦਾ, ਨਾ ਇਹਨੂੰ ਕੋਈ ਪੜ੍ਹਾਈ ਆ, ਨਾ ਇਹ ਨੀਤੀ ਜਾਣਦਾ ਤੇ ਜਦੋਂ ਸਮਾਂ ਆਉਣ ਤੇ ਕੰਨ 'ਤੇ ਵੱਜਦੀ ਆ, (ਫਿਰ ਕਹਿੰਦੇ ਨੇ) ਗੱਲ ਤਾਂ ਠੀਕ ਸੀ, ਜੇ ਮੰਨੀ ਜਾਂਦੀ ਸੀ ਤਾਂ ਚੰਗਾ ਈ।

(ਖ਼ਾਲਸਾ ਜੀ) ਜਦੋਂ ਤੱਕ ਆਪਾਂ ਇੱਕ ਥਾਂ ਨਹੀਂ ਬਹਿੰਦੇ ਟਿਕ ਕੇ, ਜਦੋਂ ਤੱਕ ਇੱਕ ਦੂਜੇ 'ਤੇ ਚਿੱਕੜ ਸੁਟਣੋਂ ਨਹੀਂ ਹਟਦੇ। ਜਦੋਂ ਤੱਕ ਗੁਰੂ ਗਰੰਥ ਸਾਹਿਬ ਤੇ ਪੂਰਨ ਨਿਸਚਾ ਨਹੀਂ, ਸਿੱਖੀ ਵਿੱਚ ਪ੍ਰਪੱਕ ਨਹੀਂ, ਬਾਣੀ 'ਤੇ ਅਭਿਆਸ ਨਹੀਂ, ਉਦੋਂ ਤੱਕ ਖ਼ਾਲਸਾ ਜੀ ਕੁੱਟ ਪਵੇਗੀ।

ਭਾਈ ਗੁਰਦਿਆਲ ਸਿੰਘ ਦੀ ਸ਼ਹੀਦੀ ਅਤੇ ਵਜੀਦੇ ਨੂੰ ਸਜ਼ਾ ਦੇਣ ਦੀ ਸਾਖੀ

ਆਹ ਹੁਣੇ ਹੁਣੇ ਤੁਸੀਂ ਸੁਣਿਆ ਸੀ, ਭਾਈ ਗੁਰਦਿਆਲ ਸਿੰਘ ਨੂੰ ਗੋਲੀ ਨਾਲ ਮਾਰ ਦਿੱਤਾ। ਕੋਈ ਗੱਲ ਨਹੀਂ, ਪਿੱਛੇ ਵੀ ਬਹੁਤ ਮਰੇ ਆ। ਬੰਦਾ ਸਿੰਘ ਬਹਾਦਰ ਦੇ ਟਾਈਮ 'ਤੇ ਲਾਈਨ 'ਚ ਖੜ੍ਹਿਆਂ ਕਰਕੇ, ਕਤਾਰ 'ਚ ਖੜਿਆਂ ਕਰਕੇ ਵੱਢੇ ਸੀ, ਪਰ ਜਿਹਨਾਂ ਨੇ ਬੰਦਾ ਸਿੰਘ ਬਹਾਦਰ ਨੂੰ ਵੱਢਿਆ, ਉਹਨਾਂ ਦੀ ਹਾਲਤ ਕੀ ਹੋਈ ਸੀ ? ਗੌਰਮੈਂਟ ਵਾਲਿਉਂ ਤੁਹਾਡੇ ਹੱਥ ਵਿੱਚ ਤਾਕਤ ਆ, ਚਾਰ ਕੁ ਦਿਨ ਦੀ, ਬਹੁਤੀ ਨਹੀਂ। ਜਿੰਨੀ ਵਰਤੀ ਦੀ ਆ, ਦੁਰਵਰਤੋਂ ਇਹਦੀ ਕਰੀਦੀ ਆ, ਤੁਸੀਂ ਕਰੋ, ਪਰ ਇਹ ਚੇਤਾ ਰੱਖਿਉ ਜਿਹਨਾਂ ਜਿਹਨਾਂ ਨੇ ਮਾਰਨੇ ਸ਼ੁਰੂ ਕੀਤੇ ਆ।..... ਸਮਾਂ ਆਵੇਗਾ, ਜਦੋਂ ਵਜੀਦੇ ਨੇ ਸਾਹਿਬਜ਼ਾਦਿਆਂ 'ਤੇ ਵਾਰ ਕੀਤਾ ਤੇ ਆਪਾਂ ਤਾਂ ਹੁਣ ਸਵਾਏ ਕੁ ਬੈਠੇ ਆਂ ਨਾ, ਬਹੁਤ ਵੱਡੀ ਸਭਾ ਉਹਦੀ ਉਦੋਂ ਭਰੀ ਸੀ ਤੇ ਕੋਈ ਮੂੰਹ ਨਹੀਂ ਸੀ ਉਤਾਂਹ ਚੁੱਕਦਾ ਕਿ ਕਿਤੇ ਮੇਰੇ ਵੱਲ ਇਸ਼ਾਰਾ ਨਾ ਹੋ ਜਾਵੇ। ਸਾਹਿਬਜ਼ਾਦੇ ਸ਼ਹੀਦ ਹੋ ਗਏ। ਸਮਾਂ ਆਇਆ ਮੇਰੇ ਚੋਜੀ ਪ੍ਰੀਤਮ ਨੇ, ਮਾਧੋਦਾਸ ਵੈਰਾਗੀ ਨੂੰ, ਬੰਦਾ ਸਿੰਘ ਬਹਾਦਰ ਦਾ ਨਾਂਅ ਦੇ ਕੇ, ਹਜ਼ੂਰ ਸਾਹਿਬ ਤੋਂ ਪੰਜ ਤੀਰ ਦੇ ਕੇ ਭੇਜਿਆ ਤੇ ਜਦੋਂ ਵਜੀਦੇ ਨੂੰ ਪਕੜ ਕੇ, ਉਹਨੂੰ ਲੰਮਿਆਂ ਪਾ ਕੇ, ਉਹਦੀ ਛਾਤੀ 'ਤੇ ਘੋੜਾ ਚੜ੍ਹਾਇਆ, ਇਹ ਦਿਨ ਵਜੀਦੇ ਨੂੰ ਉਦੋਂ ਪਤਾ (ਲੱਗਾ) ਕਿ ਮੈਂ ਪਾਪ ਕਰ ਬੈਠਾਂ। ਜੋ ਸੁੱਚਾ ਨੰਦ ਸੀ, ਜਿਹਨੂੰ ਗੁਰੂ ਕਾ ਖ਼ਾਲਸਾ ਝੂਠਾ ਨੰਦ ਕਹਿੰਦਾ। ਉਹ ਦੀ ਲੜਕੀ ਸੀ ੮ ਸਾਲ ਦੀ, ਉਹਨੂੰ ਪਕੜ ਲਿਆ, ਉਹਦੇ ਪਰਿਵਾਰ ਨੂੰ ਪਕੜਿਆ ਗਿਆ। ਬੰਦਾ ਸਿੰਘ ਦੇ ਸਾਹਮਣੇ ਲਿਆ ਕੇ ਪੇਸ਼ ਕੀਤੇ ਗਏ। ਪੇਸ਼ ਕਰਨ 'ਤੇ ਬੰਦਾ ਸਿੰਘ ਨੇ ਕਿਹਾ ਕਿ ਇਹਨੂੰ ਵੀ ਇਸੇ ਰਾਹ ਲੰਘਾਇਆ ਜਾਵੇ, ਜਿਸ ਰਸਤੇ ਸਾਹਿਬਜ਼ਾਦਿਆਂ ਨੂੰ ਲੰਘਾਇਆ ਗਿਆ। ਉਥੇ ਕੁਝ ਕੁ ਸਿੰਘਾਂ ਨੇ ਵਿੱਚੋਂ ਰਾਇ ਦਿੱਤੀ, ਬੰਦਾ ਸਿੰਘ ਜੀ, ਸਿੰਘ ਗੁਰੂ ਕਾ ਬੀਬੀ 'ਤੇ ਵਾਰ ਨਹੀਂ ਕਰਦਾ, ਨਾਲੇ ਇਹ ਨਿ-ਬਾਲਕ ਹੈ। ਜਦੋਂ ਇੰਨੀ ਗਲ ਕਹੀ, ਖ਼ਾਲਸਾ ਜੀ ਆਪਣੇ ਆਪ ਮੁਛਾਹਿਰਿਆਂ ਨੂੰ ਤਾਅ ਆ ਗਿਆ, ਵੱਟ ਆਉਣ ਲੱਗ ਪਿਆ। ਚਿਹਰੇ 'ਤੇ ਲਾਲੀ ਆ ਗਈ, ਨੇਤਰਾਂ 'ਚ ਲਾਲੀ ਛਾ ਗਈ। ਬੀਰ ਰਸ ਵਿੱਚ ਆਣ ਕੇ ਬੰਦਾ ਸਿੰਘ ਬਹਾਦਰ ਕਹਿਣ ਲੱਗਾ, 'ਉਏ ਸਿੰਘੋ, ਇਹ ਜਿਸ ਗੱਲ ਵੱਲ ਤੁਸੀਂ ਇਸ਼ਾਰਾ ਕੀਤਾ ਕਿ ਉਮਰ ਛੋਟੀ ਆ, ਬਾਬਾ ਫ਼ਤਹਿ ਸਿੰਘ ਦੀ ਉਮਰ ਦੱਸੋ ਕਿੰਨੀ ਸੀ ?' ਕਹਿੰਦੇ ਜੀ ੭ ਸਾਲ ਦੀ ਸੀ। ਇਹਦੀ ਉਮਰ ਕਿਨੀ ਆਂ ? ਇਹ ਜੀ ੮ ਸਾਲ ਦੀ। ਬਾਬਾ ਫਤਹਿ ਸਿੰਘ ਨੇ ਕੀ ਗੁਨਾਹ ਕੀਤਾ ਸੀ ? ਕਹਿੰਦਾ ਤੁਸਾਂ ਖ਼ਾਲਸੇ ਨੇ ਕਹਿ ਦਿੱਤਾ, ਇੰਨਾ ਕੁ ਤਰਸ ਮੈਂ ਜ਼ਰੂਰ ਕਰ ਲਾਂਗਾ, ਕਿ ਇਹਨੂੰ ਝਟਕਾਉਂਦੇ ਨਹੀਂ, ਜਾਉ ਜਾ ਕੇ ਚੰਡਾਲਾਂ ਦੇ ਨਾਲ ਇਸ ਨੂੰ ਵਿਆਹ ਦਿਉ। ਜਦੋਂ ਸੁੱਚਾ ਨੰਦ ਦੀ ਲੜਕੀ

ਨੂੰ ਚੰਡਾਲਾ ਨਾਲ ਵਿਆਹਿਆ ਤੇ ਉਹਨੂੰ ਚੰਗੀ ਤਰਾਂ ਦੰਡ ਦਿੱਤਾ, ਉਦੋਂ ਉਹਨੂੰ ਚੇਤੇ ਆਇਆ ਸੀ ਕਿ ਕਾਹਨੂੰ ਪੰਗਾ ਲੈਣਾ ਸੀ।

ਹਰਿਭਜਨ ਸਿੰਘ ਅਤੇ ਹਰਪ੍ਰੀਤ ਸਿੰਘ ਉੱਪਰ ਤਸ਼ੱਦਦ

ਮੈਨੂੰ ਰਾਤ ਦਾ ਪਤਾ ਲੱਗਾ, ਖਾਸ ਕਰਕੇ ਅੱਜ ਦਿਨੇ ਰਿਪੋਰਟ ਮਿਲੀ ਆ। ਗੁਰਬਚਨ ਸਿੰਘ ਡੀ. ਐਸ. ਪੀ. ਆ ਜਿਹੜਾ ਇਥੋਂ ਦਾ, ਉਹਨੇ ਬੜੀ ਭਾਰੀ ਅੱਤ ਚੁੱਕੀ ਆ ਬੜੇ ਸਮੇਂ ਤੋਂ। ਬਹੁਤੀ ਗਰਮ ਗੱਲ ਤੇ ਮੈਂ ਨਾ ਕਹਾਂ, ਪਰ ਉਹਨੂੰ ਰਾਤ ਦੀ ਇਹ ਪਹੁੰਚ ਗਈ ਹੋਵੇਗੀ ਜਾਂ ਸੀ. ਆਈ. ਡੀ. ਵਾਲਿਉ ਪਹੁੰਚਾ ਦਿਉ ਤੁਸੀਂ। ਉਹਨੂੰ ਇਹ ਦੱਸ ਦਿਉ ਭਈ, ਚੇਤਾ ਰੱਖ ਲਾ, ਇਹ ਖ਼ਾਲਸਾ ਉਹ ਆ, ਜਿਸ ਖ਼ਾਲਸੇ ਨੇ ਜਸਪਤ ਤੇ ਲਖਪਤ ਵਰਗਿਆਂ ਨੂੰ, ਹਾਥੀ 'ਤੇ ਚੜ੍ਹਿਆਂ ਨੂੰ, ਫੌਜ ਦੇ ਘੇਰੇ ਵਿੱਚੋਂ, ਹਾਥੀ ਦੀ ਪੂਛ ਪਕੜ ਕੇ, ਉਹਦੇ ਉੱਪਰ ਚੜ੍ਹਕੇ, ਜਿਵੇਂ ਕੱਦੂ ਦੀ ਵੱਲ ਨਾਲੋਂ ਕੱਦੂ ਵੱਢੀ ਦਾ ਨਾ, ਇਸ ਤਰ੍ਹਾਂ ਵੱਢਿਆ ਸੀ। ਇੰਝ ਤੈਨੂੰ ਮਿਲੂਗਾ ਕੋਈ ਗੁਰੂ ਕਾ ਖ਼ਾਲਸਾ। ਯਾਦ ਰੱਖੀਂ ਤੂੰ ਹਰਿਭਜਨ ਸਿੰਘ, ਹਰਪ੍ਰੀਤ ਸਿੰਘ, ਭਾਈ ਮਨਮੋਹਣ ਸਿੰਘ ਦੇ ਭਰਾ.....। ਜਿੰਨਾ ਜਲੀਲ ਇਸ ਪਰਿਵਾਰ ਨੂੰ ਇਸ ਮਨੁੱਖ ਨੇ ਕੀਤਾ, ਸੁਣ ਕੇ ਹਿਰਦਾ ਦੁਖੀ ਹੋਇਐ। ੧੦੦ ਤੋਂ ਵੱਧ ਸਿੰਘ ਗਿਆ ਉਹਦੇ ਕੋਲੇ। ਭਈ ਜੇ ਸਾਡੇ ਭੁਝੰਗੀਆਂ ਦਾ ਗੁਨਾਹ ਆਂ, ਜੋ ਮਰਜ਼ੀ ਸਜਾ ਦੇਹ ਪਰ ਪੇਸ਼ ਤੇ ਕਰ। ੧੩ ਦਿਨ ਹੋ ਗਏ ਪਕੜਿਆਂ ਨੂੰ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਟੈਲੀਫ਼ੋਨ ਕੀਤਾ, ਬੰਦੇ ਭੇਜੇ। ਬੰਦਿਆਂ ਨੇ ਲਿਆ ਕੇ ਰਿਪੋਰਟ ਦਿੱਤੀ। ਬੰਦਿਆਂ ਨੂੰ ਕਿਹਾ ਕਿ ਅਸੀਂ ਛੱਡ ਦਿੰਦੇ ਹਾਂ। ਆਹ ਬਲਵੰਤ ਸਿੰਘ ਰਾਮੂਵਾਲੀਆ ਵੀ ਹੁਣੇ ਬੋਲਿਆ ਸੀ, ਜੀ ਸਾਨੂੰ ਭਰੋਸਾ ਦਿਵਾਉਂਦੇ ਆ। ਗੁਰੂ ਕੇ ਸਿੰਘੋ ਮੈਨੂੰ ਮੁਆਫ਼ ਕਰਿਉ, ਸੱਪ 'ਤੇ ਭਰੋਸਾ ਕਰਨਾ, ਕਿੱਥੇ ਦੀ ਸਿਆਣਪ ਆ ? ੧੩ ਦਿਨ ਪਕੜ ਕੇ ਛਿੱਲ ਲਾਹੀ ਜਾਣੀ ਤੇ ਉਹਨਾਂ ਦਾ ਪਰਿਵਾਰ ਗਿਆ ਤੇ ਬਚਨਾ, ਗੁਰਬਚਨ ਸਿੰਘ ਨਾਂਅ ਜਿਹਦਾ, ਉਹ ਪਰਿਵਾਰ ਦੇ ਜੀਆਂ ਨੂੰ ਕਹਿੰਦਾ, ਜੇ ਤੁਸੀਂ ਛਡਾਉਣਾ ਚਹੁੰਨੇ ਉਂ ਤੇ ਝੋਲੀ ਪਕੜ ਕੇ ਮੇਰੇ ਅੱਗੇ ਅੱਡੋ ਕਿ ਭਿਖਿਆ ਪਾ ਦੇਹ, ਪਰ ਮੈਂ ਹੁਣ ਕੀ ਕਹਾਂ, ਉਹਨਾਂ ਦੇ ਬੱਚੇ ਸੀ, ਹੋ ਸਕਦਾ ਮੋਹ 'ਚ ਆ ਗਏ ਹੋਣ ਤੇ ਜੇ ਮੇਰੇ ਵਰਗੇ ਨਾਲ ਪੰਗਾ ਪਿਆ ਤੇ ਪਤਾ ਲਗੂ। ਉਹ ਵਿਚਾਰੇ ਦੁਖੀ ਹੋਏ ਪਰਿਵਾਰ ਵਿੱਚੋਂ, ਇੱਕ ਜੀਅ ਨੇ ਝੋਲੀ ਅੱਡ ਦਿੱਤੀ, ਸਾਡੀ ਝੋਲੀ 'ਚ ਖ਼ੈਰ ਪਾ ਦੇਹ। ਉਹਨੂੰ ਕਹਿਣ ਲੱਗਾ ਕਿ ਚੰਗਾ ੩:੦੦ ਵਜੇ ਆ ਜਾਇਉ। ੩:੦੦ ਵਜੇ ਉਹ ਪਰਿਵਾਰ ਦੇ ਜੀਅ ਗਏ (ਤਾਂ) ਕਹਿੰਦਾ ਅਖੇ ਸ਼ਾਮ ਨੂੰ ਆ ਜਾਇਉ। ੧੧:੦੦ ਵੱਜ ਗਏ ਰਾਤ ਦੇ ਤੇ ਕਹਿੰਦਾ ਜੀ ਘਰਿੰਡੇ ਥਾਨੇ 'ਚ ਆ। ਜਦੋਂ ਘਰਿੰਡੇ ਥਾਨੇ ਰਾਤ ਨੂੰ ਵਿਚਾਰੇ ਕਾਰ ਲੈ ਕੇ ਪਹੁੰਚੇ (ਪਰ) ਉਦੋਂ ਪਹਿਲਾਂ ਪਰਿਵਾਰ ਦੇ ਜੀਆਂ ਨੂੰ ਕਹਿਣ ਲੱਗਾ, ਮਨਮੋਹਣ ਸਿੰਘ ਦੇ ਪਿਤਾ ਨੂੰ, ਅਖੇ ਦੱਸੋ ਵੱਡਾ ਬੱਚਾ ਛੱਡਣਾ ਕਿ ਛੋਟਾ ਬੱਚਾ ? ਹੁਣ ਪਿਉ ਕਿਹਨੂੰ ਕਹੇ ਭਈ ਛੋਟਾ ਛੱਡ ਜਾਂ ਵੱਡਾ ਛੱਡ ? ਪਿਉ ਵਾਸਤੇ ਤਾਂ ਦੋਵੇਂ ਪੁੱਤਰ ਇੱਕੋ ਜਿਹੇ ਆ, ਭੈੜ ਕੀ ਕਿ ਘਰ ਵਿੱਚ ਫੂੱਟ ਪਾਈ ਜਾਵੇ ਤੇ ਜਦੋਂ ੧੧:੦੦ ਵਜੇ ਕਾਰ ਲੈ ਕੇ ਉਥੇ ਪਹੁੰਚੇ ਉਹ, ਤਾਂ ਕਹਿੰਦੇ ਜੀ ਜਲੰਧਰ ਸੁੱਚਾ ਸਿੰਹੁ ਲੈ ਗਿਆ। ਉਹ ਵਿਚਾਰੇ ਉਥੋਂ ਮੁੜ ਆਏ ਚੁੱਪ ਕਰਕੇ। ਇਥੇ ਆ ਕੇ ਜਦੋਂ ਫਿਰ ਮਿਲੇ ਤੇ ਬੜਾ ਖਪੇ ਹੋਇਆ, ਗੁੱਸੇ ਹੋਇਆ, ਕਹਿੰਦਾ ਮੇਰੇ ਪੁੱਛੇ ਬਿਨਾ ਜਲੰਧਰ ਦਾ ਐਸ. ਐਸ. ਪੀ. ਜਾਂ ਜਲੰਧਰ ਦਾ ਇੰਸਪੈਕਟਰ ਜਾਂ ਡੀ. ਐਸ. ਪੀ., ਉਹ ਕਿਵੇਂ ਲੈ ਗਏ ? ਮੁੜ ਕੇ ਸੁਰਜੀਤ ਸਿੰਘ ਬੈਂਸ ਕੋਲੇ ਗਏ (ਐਸ.ਐਸ.ਪੀ. ਅੰਮ੍ਰਿਤਸਰ), ਉਹਨੇ ਵੀ ਮੂੰਹ ਉਹੋ ਜਿਹਾ ਬਣਾ ਲਿਆ। ਇਹ ਸਾਰੀ ਜੁੰਡਲੀ ਇੱਕੋ ਜਿਹੀ ਆ।

੧੬-੧੭ ਬੰਦੇ ਆ ਪੰਜਾਬ ਵਿੱਚ ਜਿਹਨਾਂ ਨੇ ਸਿੱਖਾਂ ਦਾ ਖ਼ੂਨ ਪੀਤਾ। ਸੁਰਜੀਤ ਸਿੰਘ ਬੈਂਸ, ਹਰਜੀਤ ਸਿੰਘ ਇੰਸਪੈਕਟਰ, ਇਸੇ ਤਰ੍ਹਾਂ ਕੇਹਰ ਸਿੰਘ ਮਹਿਮਾ ਸੰਗੀਏ ਦਾ ਭਰਾ, ਨਰਕਧਾਰੀ ਦਾ, ਇਥੇ ਲੱਗਾ ਜਿਹੜਾ ਸਿੰਘਾਂ ਨੂੰ ਮਾਰਨ ਉੱਤੇ। ਡੀ. ਐਸ. ਪੀ. ਗੁਰਬਚਨ ਸਿੰਘ, ਮੱਖਣ ਸਿੰਘ ਹੌਲਦਾਰ, ਬੂਟਾ ਸਿੰਘ ਸਿਪਾਹੀ, ਇੱਕ ਦਰਸ਼ਨ ਸਿੰਘ, ਇਥੇ ਆਹ ਜਿਹਨਾਂ ਨੇ ਮੁਕਦਮੇ ਵਿੱਚ ਕੁਝ ਗੜਬੜ ਕੀਤੀ ਆ, ਇਹਨਾਂ ਵਾਲੇ ਵਿੱਚ। ਇੱਕ ਗੁਰਦਰਸ਼ਨ ਸਿੰਘ ਰਈਏ ਵਾਲਾ, ਇੱਕ ਗੁਰਚਰਨ ਸਿੰਘ ਸਾਂਸੀ ਜਿਹੜਾ ਫਰੀਦਕੋਟ ਦਾ। ਇੱਕ ਸੁੱਚਾ ਸਿੰਘ, ਇੱਕ ਸਿਆਮ ਸੁੰਦਰ ਮੋਗੇ ਦਾ, ਇੱਕ ਆਹ ਭੱਟੀ ਤੇ ਨਾਂਅ ਕੀ ਆ ਪੰਜਾਬ ਦਾ ਮੁੱਖ ਮੰਤਰੀ। ਇਹਨਾਂ ਨੇ ਇਹ ਨਿਯਮ ਕੀਤਾ ਕਿ ਚਾਹੇ ਸਿੱਖ ਸੱਚਾ ਤੇ ਚਾਹੇ ਸਿੱਖ ਝੂਠਾ, ਆਪਣੀ ਕੁਰਸੀ ਨੂੰ ਕਾਇਮ ਰੱਖਣ ਵਾਸਤੇ, ਕਿਸੇ ਸਿੱਖ ਦੇ ਗਾਤਰੇ ਕ੍ਰਿਪਾਨ ਨਹੀਂ ਰਹਿਣ ਦੇਣੀ। ਸਿਰ 'ਤੇ ਪੱਗ ਨਹੀਂ ਰਹਿਣ ਦੇਣੀ ਪਰ ਇਹਨ੍ਹਾਂ ਭੋਲਿਆਂ ਨੂੰ ਇਹ ਨਹੀਂ ਪਤਾ ਕਿ ਇਹ ਸਿੱਖ ਕੌਮ ਦੀ ਪੱਗ ਨੂੰ, ਖਤਮ ਕਰਨ ਵਾਸਤੇ, ਨੌਰੰਗੇ ਵਰਗੇ ਹੋ ਗੁਜਰੇ ਆ, ਅਖੀਰ ਉਹਨਾਂ ਨੂੰ ਚੀਕਾਂ ਮਾਰ ਕੇ ਇਥੋਂ ਨਿਕਲਣਾ ਪਿਆ ਸੀ, ਤੁਸੀਂ ਕਿਹੜੇ ਬਾਗ਼ ਦੀ ਮੂਲੀ ਉਂ ? ਇਥੇ ਕਹਿੰਦਾ ਜੀ ਸਾਨੂੰ ਦੁੱਖ ਆ। ਅਖੇ ਆਈ. ਜੀ ਨੂੰ ਟੈਲੀਫ਼ੋਨ ਕੀਤਾ, ਜੀ ਸਾਡੇ ਪੁੱਛੇ ਬਿਨਾ ਸੁੱਚਾ ਸਿੰਘ ਕਿਸ ਤਰ੍ਹਾਂ ਲੈ ਗਿਆ ? ਤੁਸੀਂ ਦੱਸੋ ਭਈ ਐਸ. ਐਸ. ਪੀ. ਦੇ ਅਧੀਨ ਕੇਸ ਹੋਵੇ ਤੇ ਇੰਸਪੈਕਟਰ ਇਥੋਂ ਬੰਦਿਆਂ ਨੂੰ ਕਿਵੇਂ ਲਿਜਾ ਸਕਦਾ, ਰਾਇ ਤੋਂ ਬਿਨਾ ? ਹੁਣ ਕਹਿੰਦੇ ਆ,.....ਪਹਿਲੇ ਦਿਨ ਬੰਦੇ ਮਿਲੇ ਅਖੇ ਤੁਸੀਂ ਉਹਨਾਂ ਦੇ ਦਰਸ਼ਨ ਕਰਨਾ ਚਹੁੰਨੇ ਆਂ, ਕੀ ਲੈਣਾ ਦਰਸ਼ਨਾਂ ਤੋਂ ਤੁਸੀਂ ਬਚਾ ਲਉ ਤੇ ਚੰਗਾ ? ਪੁਲੀਸ ਵਾਲਿਉ ਮੈਂ ਤੁਹਾਨੂੰ ਵਾਰਨਿੰਗ ਦੇਣੀ ਚਹੁੰਨਾ, ਤੁਹਾਡੇ ਹੱਥ ਵਿੱਚ ਆ ਦੋਵੇਂ ਬੱਚੇ ਇਹਨਾਂ ਦੇ, ਬੇਸ਼ਕ ਮਾਰ ਦਿਉ। ਜਿੱਥੇ ਅੱਗੇ ਦੂਜਿਆਂ ਨੂੰ ਸ਼ਰਧਾਂਜਲੀਆਂ ਦਿੱਤੀਆਂ, ਇਹਨਾਂ ਨੂੰ ਵੀ ਦੋਹਾਂ ਨੂੰ ਦੇ ਲਾਂਗੇ, ਪਰ ਇਹ ਆਪਣੇ ਪਰਿਵਾਰਾਂ ਦਾ ਤੇ ਆਪਣੇ ਬੱਚਿਆਂ ਦਾ, ਬੰਦੋਬਸਤ ਰੱਖਿਉ ਜਿੰਨਾਂ ਹੋ ਸਕਿਆ ਤੇ ਜੇ ਇਹਨਾਂ ਦੋਨਾਂ ਮੁੰਡਿਆਂ ਨੂੰ ਮਾਰਿਆ, ਗੋਲੀ ਦੇ ਨਾਲ ਤੇ ਤਸੀਹੇ ਦੇ ਕੇ ਤੇ ਜੇ ਅਸੀਂ ਕਲਗੀਧਰ ਦੇ ਸਿੱਖ ਹੋਏ ਤੇ ਤੁਹਾਡੇ ਇਹਨਾਂ ਪਰਿਵਾਰਾਂ ਦਾ ਖਾਤਮਾ ਜ਼ਰੂਰ ਕਰਾਂਗੇ। ਮੈਂ ਨਾ ਕੀਤਾ ਤੇ ਪਿੱਛੇ ਕੌਮ ਜ਼ਰੂਰ ਕਰੇਗੀ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਤੇ ਜਾਂ ਬੰਦੇ ਦੇ ਪੁੱਤ ਬਣ ਕੇ ਇਹਨਾਂ ਨੂੰ ਕਚਹਿਰੀ ਦੇ ਵਿੱਚ ਪੇਸ਼ ਕਰੋ, ਜੇ ਇਹ ਕਸੂਰਵਾਰ ਆ, ਬੇਸ਼ਕ ਮੁਕਦਮਾ ਚਲਾਉ ਤੇ ਨਾਲੇ ਕਹੀ ਜਾਂਦੇ ਇਥੇ ਟੈਲੀਫ਼ੋਨ 'ਤੇ ਪ੍ਰਧਾਨ ਸਾਹਿਬ ਨੂੰ, ਜੀ ਕਸੂਰ ਤੇ ਕੋਈ ਨਹੀਂ ਤੇ ਕਸੂਰ ਕੋਈ ਨਹੀਂ ਤੇ ਇਹਨਾਂ ਨੂੰ ਰੋਕਿਆ ਕਿਉਂ ? ਇਥੇ ਕਾਹਦੇ ਵਾਸਤੇ ਰੱਖੇ ਹੋਏ ਆ ? ਇੰਨਾ ਅਤਿਆਚਾਰ.....? ਕਿੱਥੋਂ ਕੁ ਤੱਕ ਸ਼ਾਂਤੀ ਆ। ਮੈਂ ਆਪਣੇ ਬੁਲਾਰਿਆਂ ਨੂੰ ਵੀ ਬੇਨਤੀ ਕਰਾਂਗਾ, ਸ਼ਾਂਤੀ ਰੱਖਣੀ ਆਂ, ਮੈਂ ਸ਼ਾਂਤੀ ਦਾ ਹਾਮੀ ਵੀ ਆਂ, ਪਰ ਇਹ ਕੀ (ਕਿ) ਇੱਕ ਪਾਸੇ ਬੱਚਿਆਂ ਨੂੰ ਕੁੱਟੀ ਜਾਣ ਤੇ ਸਿੰਘਾਂ ਨੂੰ ਮਾਰੀ ਜਾਣ ਤੇ ਦੂਜੇ ਪਾਸੇ ਜੀ ਸਾਡੇ ਕੋਲੇ ਆ ਕੇ ਕਹਿੰਦੇ ਆ ਕਸੂਰ ਤੇ ਕੋਈ ਨਹੀਂ। ਜਿਹੜੇ ਆਣ ਕੇ ਕਹਿੰਦੇ ਆ, ਫੜ ਕੇ ਉਹਨਾਂ ਨੂੰ ਵੀ ਵਿਛਾ ਲਉ ਤੇ ਜਦੋਂ ਬੈਠੇ ਹੋਣਗੇ, ਕਹਿਉ ਜੀ ਕਸੂਰ ਤੇ ਤੁਹਾਡਾ ਵੀ ਕੋਈ ਨਹੀਂ, ਤੁਸੀਂ ਸਾਡੇ

ਛੱਡ ਦਿਉ, ਅਸੀਂ ਤੁਹਾਡੇ ਛੱਡ ਦਿਆਂਗੇ, ਆਪੇ ਹਟ ਜਾਣਗੇ ਤੇ ਕੋਲੇ ਆ ਕੇ ਕਹਿੰਦੇ ਕਸੂਰ ਕੋਈ ਨਹੀਂ। ਮੁੜਕੇ ਮੁਰਦੇ ਨੂੰ ਛੱਡਣ ਕਿਵੇਂ ਉਹ ?

ਸੰਗਤ ਨੂੰ ਅਪੀਲ

ਸਿੱਖੀ ਨਾਲ ਪਿਆਰ ਕਰੋ, ਮਿਲ ਕੇ ਚੱਲੋ। ਜੋ ਪੰਥ ਦੇ ਡਿਕਟੇਟਰ ਦਾ ਹੁਕਮ ਆਂ, ਉਹਨੂੰ ਆਪਾਂ ਜ਼ਰੂਰ ਮੰਨਣਾ ਤੇ ਸ਼ਸ਼ਤਰਧਾਰੀ ਹੋਵੋ।

'ਹੱਥਾਂ ਬਾਜ ਕਰਾਰਿਆਂ ਵੈਰੀ ਨਹੀਂ ਹੁੰਦਾ ਮਿੱਤ ॥'

ਵਾਲੀ ਹਾਲਤ ਆ। ਜੋ ਸਤਿਗੁਰੂ ਗਰੰਥ ਸਾਹਿਬ ਦੀ ਬੇ-ਅਦਬੀ ਕਰਦਾ ਤੇ ਨਿਰਦੋਸ਼ੇ ਸਿੰਘਾਂ ਦਾ .ਖੂਨ ਪੀਂਦਾ ਤੇ ਧੀਆਂ ਭੈਣਾਂ ਦੀ ਇੱਜ਼ਤ ਲੁੱਟਦਾ, ਉਹਨੂੰ ਕਦੇ ਵੀ ਮੁਆਫ਼ ਨਹੀਂ ਕਰਨਾ ਤੇ ਜੇ ਕੋਈ ਗਰੀਬ ਬੰਦਾ ਗਾਲ਼ ਕੱਢ ਜਾਂਦਾ, ਉਹਦਾ ਕਦੇ ਗੁੱਸਾ ਨਹੀਂ ਕਰਨਾ ਹੈਗਾ। ਉਥੇ ਸ਼ਾਂਤੀ ਪੂਰੀ-ਪੂਰੀ ਰੱਖਣੀ ਆਂ। ਮੈਂ ਆਪਣੇ ਵੱਲੋਂ ਸਤਿਕਾਰ ਯੋਗ ਗੁਰਮੁਖ ਪਿਆਰੇ ਮਹਾਂਪੁਰਖ, ਬਾਬਾ ਨਾਮ ਸਿੰਘ ਜੀ ਕਿਸ਼ਨਪੁਰੇ ਵਾਲੇ, ਜੋ ਦਾਸ ਨਾਲ ਬੜਾ ਭਾਰੀ ਪਿਆਰ ਵੀ ਕਰਦੇ ਤੇ ਬੱਚਿਆਂ ਦੀ ਤਰ੍ਹਾਂ ਪਾਲਦੇ ਆ। ਉਹਨਾਂ ਦੇ ਨਾਲ ਜਾਣ ਵਾਲੇ ਜਥੇਦਾਰ ਸਭਰਾਵਾਂ ਤੋਂ, ਬਾਕੀ ਸਾਰੇ ਜਥੇ ਵਿੱਚ ਜਾਣ ਵਾਲੇ ਮੈਂਬਰ ਸਾਹਿਬਾਨਾਂ ਦਾ, ਬਹੁਤ ਬਹੁਤ ਧੰਨਵਾਦ ਕਰਦਾਂ ਤੇ ਵਧਾਈ ਦਿੰਦਾ ਹਾਂ। ਸਤਿਗੁਰੂ ਕਿਰਪਾ ਕਰਨ, ਸਦਾ ਲਈ ਸਾਨੂੰ ਏਕਤਾ ਤੇ ਇਤਫਾਕ ਬਖਸ਼ਣ।

ਬਾਕੀ ਆਹ ਜਿਹੜੀਆਂ ਛੋਟੀਆਂ-ਛੋਟੀਆਂ ਗੱਲਾਂ, ਇਹ ਜੀ ਪਵਿੱਤਰਤਾ ਹੋ ਗਈ, ਇਹ ਜੀ ਕ੍ਰਿਪਾਨ 'ਤੇ ੯ ਇੰਚੀ ਦਾ ਕਹਿ ਦਿੱਤਾ। ਇਹਨਾਂ ਗੱਲਾਂ ਨਾਲ ਸਿੱਖਾਂ ਦੀ ਤਸੱਲੀ ਨਹੀਂ ਹੋਣੀ, ਜਦੋਂ ਤੱਕ ਅਨੰਦਪੁਰ ਦਾ ਮਤਾ ਸਿੱਧੇ ਹੱਥ ਨਾਲ ਨਹੀਂ ਮੰਨਦੀ, ਤਦੋਂ ਤੱਕ ਆਪਾਂ ਵੀ ਤੁਰੇ ਚੱਲੋ, ਉਹ ਵੀ ਤੁਰੇ ਚੱਲਣ। ਭੱਜਿਆਂ ਨੂੰ ਵਾਹਣ ਇੱਕੋ ਜਿਹਾ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਿਹ ॥

* * *

ਵਿਆਖਿਆਨ - ੪.

(ਦੀਵਾਨ ਹਾਲ ਮੰਜੀ ਸਾਹਿਬ, ਅੰਮ੍ਰਿਤਸਰ, ੦੧-੦੩-੧੯੯੩)

ਸਟੇਜ ਸੈਕਟਰੀ - ਹੁਣ ਅੱਤ ਨਿਮਰਤਾ ਸਹਿਤ ਅਤੇ ਸਤਿਕਾਰ ਸਹਿਤ ਬੇਨਤੀ ਕਰ ਰਿਹਾਂ, ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਸੇਵਾ ਵਿੱਚ ਕਿ ਉਹ ਸੰਗਤ ਨੂੰ ਸੰਬੋਧਨ ਕਰਨ ਅਤੇ ਜਥੇ ਨੂੰ ਵਦਾਇਗੀ ਦੇਣ । ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥
ਸ਼੍ਰੋਮਣੀ ਅਕਾਲੀ ਦਲ ॥ ਜ਼ਿੰਦਾਬਾਦ ॥
ਸ਼੍ਰੋਮਣੀ ਅਕਾਲੀ ਦਲ ॥ ਜ਼ਿੰਦਾਬਾਦ ॥
ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸਤਿਗੁਰੂ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ ਜੀ ਦੀ ਸਾਜ਼ੀ ਨਿਵਾਜ਼ੀ ਗੁਰੂ ਰੂਪ ਗੁਰੂ ਖ਼ਾਲਸਾ ਸਾਧ ਸੰਗਤ ਜੀਉ, ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਗੁਰੂ ਪਿਆਰੇ ਖ਼ਾਲਸਾ ਜੀ, ਆਪ ਜੀ ਨੇ, ਜੋ ਧਰਮ ਯੁੱਧ ਮੋਰਚਾ ਚੱਲ ਰਿਹਾ ਹੈ, ਉਹਦੇ ਸੰਬੰਧ ਵਿੱਚ ਜਾਣ ਵਾਲੇ ਜਥਿਆਂ ਦੇ ਜਥੇਦਾਰਾਂ ਪਾਸੋਂ ਅਤੇ ਹੋਰ ਮੁਖੀ ਸੱਜਣਾਂ ਦੇ ਪਾਸੋਂ ਸੋਹਣੇ ਵਿਚਾਰ ਸੁਣੇ ਹਨ ।

ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਟਰੱਕਾਂ ਰਾਹੀਂ ਇੰਦਰਾ ਕੋਲ ਲਿਜਾਣ ਦਾ ਦਿਖਾਵਾ

ਜਿਸ ਤਰੀਕੇ ਦੇ ਨਾਲ ਗੌਰਮੈਂਟ ਨੇ, ਸਿੱਖਾਂ ਦੇ ਵਿੱਚ ਫੁੱਟ ਪਾਉਣ ਵਾਸਤੇ, ਦਾਣਾ ਸੁੱਟ ਕੇ ਵੇਖਿਆ ਹੈ ਅਤੇ ਨਾਲ-ਨਾਲ ਹੀ ਦੂਜੇ ਪਾਸੇ ਤੋਂ, ਕੁਝ ਕੁ ਭੁਲੇਖਾ ਪਾਉਣ ਵਾਸਤੇ, ਪਿੰਡਾਂ ਵਿੱਚ ਰਹਿ ਰਹੇ ਵੀਰਾਂ ਨੂੰ ਪ੍ਰੇਰ ਕੇ, ਇੰਦਰਾ ਦੀਆਂ ਚਪਲਾਂ ਝਾੜਨ ਵਾਸਤੇ ਯਤਨ ਵਿੱਚ ਲੱਗੇ ਹੋਏ ਹਨ, ਉਹਨਾਂ ਵੱਲ ਵੀ ਆਪਾਂ ਨੂੰ ਧਿਆਨ ਰੱਖਣਾ ਪੈਣਾਂ । ਹੁਣੇ-ਹੁਣੇ ਦੱਸਿਆ ਸੀ ਬਲਵੰਤ ਸਿੰਘ ਰਾਮੂਵਾਲੀਏ ਨੇ ਕਿ ਕੁਝ ਟਰੱਕ (ਲੋਕਾਂ ਨਾਲ ਭਰਕੇ) ਇਕੱਠੇ ਕਰਕੇ, ਇੰਦਰਾ ਨੂੰ ਵਧਾਈ ਦੇਣ ਵਾਸਤੇ ਜਾ ਰਹੇ ਹਨ । ਇਸ ਗੱਲ ਦਾ ਸਾਨੂੰ ਕੋਈ ਗਿਲਾ ਨਹੀਂ, ਕਿਉਂਕਿ ਜਿਸ ਸਿੱਖ ਦਾ ਇਸ਼ਟ ਨਾਲ ਪਿਆਰ ਹੈ, ਉਹ ਕਦੇ ਵੀ ਨਹੀਂ ਜਾਂਦਾ (ਪਰ) ਜਿਹਦਾ ਚਪਲੀ ਤੇ ਕੁਰਸੀ ਨਾਲ ਪਿਆਰ ਹੈ, ਉਹਨੂੰ ਆਪਾਂ ਰੋਕ ਨਹੀਂ ਸਕਦੇ । ਜੇ ਉਸ ਤਰ੍ਹਾਂ

ਰੁਕਣ ਵਾਲਾ ਕੋਈ ਹੋਵੇ ਤਾਂ ਵੱਖਰੀ ਗੱਲ ਆ, ਪਰ ਉਹਨੇ ਜਾਣਾ ਈ ਜਾਣਾ ਹੁੰਦਾ, ਕਿਉਂਕਿ ਜਿਹੜੇ ਵਧਾਈ ਦੇਣ ਵਾਸਤੇ ਜਾ ਰਹੇ ਆ, ਮੈਂ ਇਹ ਕਹਾਂਗਾ ਕਿ ਉਹਨਾਂ ਲੋਕਾਂ 'ਚੋਂ ਸ਼ਾਇਦ ਹੋ ਸਕਦਾ ਕਿ ਅਣਖ਼ ਦਾ ਜਜ਼ਬਾ ਮੁੱਕ ਚੁੱਕਿਆ (ਤੇ ਉਹ) ਆਪਣੀ ਗ਼ੈਰਤ ਤੇ ਜ਼ਮੀਰ ਤੋਂ ਡਿੱਗ ਚੁੱਕੇ ਹਨ। ਜੇ ਉਹਨਾਂ ਵਿੱਚ ਕੋਈ ਸ਼ਰਮ ਦੀ ਕਣੀ ਹੋਵੇ ਤਾਂ ਉਹ ਕਦੇ ਜਾ ਨਹੀਂ ਸਕਦੇ, ਕਿਉਂਕਿ ਜਿਸ ਰਾਜ ਵਿੱਚ ਕੇਵਲ ਸਿੱਖਾਂ ਦੀਆਂ ਲੜਕੀਆਂ ਨੰਗੀਆਂ ਕੀਤੀਆਂ ਗਈਆਂ। ਜਿਸ ਰਾਜ ਵਿੱਚ ਕੇਵਲ ਸਿੱਖਾਂ ਦੇ ਇਸ਼ਟ ਨੂੰ ਅੱਗ ਲਾਈ ਗਈ। ਜਿਸ ਰਾਜ ਵਿੱਚ ਕੇਵਲ ਸਿੱਖਾਂ ਦੇ ਘਰਾਂ ਨੂੰ ਅੱਗਾਂ ਲਾ ਕੇ ਤਬਾਹ ਕੀਤਾ ਗਿਆ। ਜਿਸ ਰਾਜ ਵਿੱਚ ਕੇਵਲ ਸਿੱਖੀ ਸਰੂਪ ਵਾਲਿਆਂ ਦੇ, ਨੌਕਰੀਆਂ ਦੇ ਅਹੁਦਿਆਂ ਨੂੰ ਸੱਟ ਮਾਰੀ ਗਈ, ਬੇਘਰੇ ਕੀਤਾ ਗਿਆ । ਜਿਸ ਰਾਜ ਵਿੱਚ ਕੇਵਲ ਸਿੱਖਾਂ ਦੇ ਧਾਰਮਿਕ ਅਸਥਾਨ ਦਾ ਅਪਮਾਨ ਕਰਨ ਵਾਲਿਆਂ ਨੂੰ ਮੁਆਫ਼ੀ ਦਿੱਤੀ ਗਈ ਤੇ ਹਿੰਦੂ ਧਾਰਮਿਕ ਮੰਦਰਾਂ ਦੇ ਅਪਮਾਨ ਕਰਨ ਵਾਲਿਆਂ ਨੂੰ ਬਿਨਾ ਜਾਣੇ ਜਾਣ ਤੋਂ, ਬਿਨਾ ਗਿਆਤ ਤੋਂ, ੫੦-੫੦ ਹਜ਼ਾਰ ਸਿਰਾਂ ਦਾ ਮੁੱਲ ਪਾਇਆ ਗਿਆ। ਉਸ ਰਾਜ ਦੇ ਵਿੱਚ ਇੱਕ ਛੋਟੀ ਜਿਹੀ ਗੱਲ ਕਹਿਣ ਤੋਂ.....। ਕੇਵਲ ਆਹ ਸਬੂਤ, ਪਰੂਫ਼ ਨਹੀਂ ਹੈ। ਕੋਈ ਹੱਥ ਲਿਖਤ ਚਿੱਠੀ ਲੌਂਗੋਵਾਲ ਕੋਲੋ, ਉਹਨਾਂ ਦੀ ਨਹੀਂ ਆਈ। ਉਹਨਾਂ ਲੋਕਾਂ ਨੂੰ ਵਧਾਈ ਦੇਣ ਵਾਸਤੇ ਜਾਣਾ, ਇਹ ਗਿਰੀ ਹੋਈ ਜ਼ਮੀਰ ਦੀ ਗੱਲ ਹੈ। ਬੇ-ਗ਼ੈਰਤੀ ਤੇ ਬੇ-ਅਣਖ਼ੀ ਦੀ ਗੱਲ ਹੈ। ਉਹਨਾਂ ਲੋਕਾਂ ਵੱਲ ਆਪਾਂ ਨੂੰ ਬਹੁਤਾ ਧਿਆਨ ਨਹੀਂ ਦੇਣਾ ਚਾਹੀਦਾ।

ਦਰਬਾਰ ਸਾਹਿਬ ਤੋਂ ਕੀਰਤਨ ਰਿਲੇਅ ਕਰਨ ਦਾ ਭਰਮਾ

ਸਤਿਗੁਰੂ ਅੱਗੇ ਅਰਦਾਸ ਕਰੀਏ (ਕਿ) ਜੇ ਉਹਨਾਂ ਲੋਕਾਂ ਨੇ ਵਾਅਦੇ ਕੀਤੇ ਆ.....। ਰੇਡੀਉ ਤੇ ਅਖਬਾਰਾਂ 'ਚ ਮਾੜਾ ਮੋਟਾ ਦੇ ਦਿੱਤਾ, ਅਖੇ ਜੀ ਕੀਰਤਨ ਅਸੀਂ ਰਿਲੇਅ ਕਰ ਦਿਆਂਗੇ ਜਲੰਧਰ ਤੋਂ। ਇਸ ਸਟੇਜ ਤੋਂ ਨਿਤਾ ਪ੍ਰਤੀ ਪ੍ਰਚਾਰ ਹੁੰਦਾ ਰਿਹਾ ਤੇ ਹੁਣ ਵੀ ਹੋ ਰਿਹਾ ਕਿ ਅਸੀਂ ਟਰਾਂਸਮੀਟਰ ਲੈਣਾ। ਉਹ ਕਹਿੰਦੇ ਕਿ ਜਲੰਧਰ ਤੋਂ ਕੀਰਤਨ ਰਿਲੇਅ ਕਰਨਾ। ਪੁੱਛਿਆ ਜਾਵੇ, ਭਈ ਜਲੰਧਰ (ਤੋਂ) ਤੁਸੀਂ ਕੀ ਕੀਰਤਨ ਸ਼ੁਰੂ ਕਰ ਰਹੇ ਹੋ, ਛੋਟੀਆਂ-ਛੋਟੀਆਂ (ਮਸ਼ੀਨਾਂ) ਡੱਬੇ ਜਿਹੇ ਚੁੱਕੇ ਫਿਰਦੇ, ਮਸ਼ੀਨਾਂ ਜਿਹੀਆਂ। ਇਹਨਾਂ ਨਾਲ ਕੈਨੇਡਾ, ਅਮਰੀਕਾ ਵਿੱਚ ਬੈਠੇ ਸਿੱਖਾਂ ਨੂੰ ਕੀਰਤਨ ਸੁਣੇਗਾ ? ਜੇ ਕੀਰਤਨ ਬਾਹਰਲੇ ਸਿੱਖਾਂ ਨੂੰ ਸੁਣਨਾ ਹੀ ਨਹੀਂ ਤੇ ਜਲੰਧਰ ਵਾਲੇ ਦਾ ਤੁਹਾਡਾ ਪਤਾ ਕੋਈ ਨਹੀਂ, ਤੁਸੀਂ ਕਿਦੇਂ ਬੰਦ ਕਰ ਦੇਣਾ ਤੇ ਮਾੜੀ ਜਿਹੀ ਕੋਈ, ਜਰਾ ਕੁ ਗੱਲ ਹੋ ਜਾਵੇ ਤੇ ਉਸੇ ਵੇਲੇ ਤੋਂ ਉਹਨੂੰ ਕੱਟ ਦੇਣੇ ਆਂ, ਬੰਦ ਕਰ ਦੇਣੇ ਆਂ। ਪਿੱਛੇ ਪੁਰਬ ਹੋਇਆ ਸੀ, ਗੁਰੂ ਸਾਹਿਬਾਨ ਦਾ ਮਨਾਇਆ.....। ਉਹਦੇ 'ਤੇ ੨੭ ਮਿੰਟ ਵੀ ਮੰਗਿਆ ਨਹੀਂ ਦਿੱਤੇ ਗਏ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ) ਕਮੇਟੀ ਨੂੰ ਤੇ ਇਹ ਟਰਾਂਸਮੀਟਰ ਦੀ ਮੰਗ ਆ.....? ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਨਹੀਂ ? ਜਦੋਂ ਸਿੱਖ ਜਗਤ ਕਹਿ ਰਿਹਾ ਕਿ ਸਾਨੂੰ ਟਰਾਂਸਮੀਟਰ ਚਾਹੀਦਾ, ਅਕਾਲੀ ਦਲ ਕਹਿ ਰਿਹਾ ਸਾਨੂੰ ਟਰਾਂਸਮੀਟਰ ਚਾਹੀਦਾ, ਸਿੱਖ ਜਥੇਬੰਦੀਆਂ ਕਹਿ ਰਹੀਆਂ ਸਾਨੂੰ ਟਰਾਂਸਮੀਟਰ ਚਾਹੀਦਾ, ਬਾਹਰਲੇ ਸਿੱਖ ਕਹਿ ਰਹੇ ਆ ਕਿ ਅਸੀਂ ਸਾਰਾ ਖਰਚ ਕਰਾਂਗੇ ਤੇ ਇਹ ਦੋ ਕੁ ਡੱਬੇ ਕੱਲ ਇਥੇ ਭੇਜ ਦਿੱਤੇ ਚੁੱਕ ਕੇ, ਲੌਂਗੋਵਾਲ ਸਾਹਿਬ ਦੇ ਪਾਸ ਆ ਗਏ ਪ-[illegible]ਅਣੇ, ਸੰਤ ਜੀ ਦੱਸੋ ਕਿੱਥੇ ਲਾਈਏ, ਕਿੱਥੇ ਸ਼ੁਰੂ ਕਰਨਾ ? ਉਹ ਆਂਦੇ ਕੋਈ ਚਿੱਠੀ ਹੈ ਇੰਦਰਾ ਦੀ.....? ਨਹੀਂ ਜੀ, ਸਾਨੂੰ ਤੇ ਮੁੱਖ ਮੰਤਰੀ ਨੇ ਭੇਜਿਆ। ਉਹ ਆਂਦੇ ਫਿਰ ਮੁੱਖ ਮੰਤਰੀ ਨਾਲ ਤੇ ਗੱਲ ਨਹੀਂ, ਗੱਲ ਤੇ ਇੰਦਰਾ ਨਾਲ ਆ, ਉਹਦੀ ਚਿੱਠੀ ਹੈ ਤਾਂ ਦੱਸੋ ? ਉਹ ਆਪ ਦਾ ਚੁੱਕ ਕੇ ਸਮਾਨ ਲੈ ਗਏ। ਉਹ

ਪਤਾ ਨਹੀਂ ਲੈ ਗਏ ਕਿ ਇਥੇ ਪਿਆ, ਉਹ ਜਾਣਨ। ਇਹੋ ਜਿਹੀ ਹਾਲਤ ਆ, ਮੰਗਿਆ ਟਰਾਂਸਮੀਟਰ ਤੇ ਇੱਕ ਛੋਟੀ ਜਿਹੀ ਮਸ਼ੀਨ ਲੈ ਆਏ ਇਥੇ ਤੇ ਕਹਿੰਦੇ ਜੀ ਜਲੰਧਰ ਤੋਂ ਕੀਰਤਨ.....। ਨਾ ਉਹਦਾ ਟਾਈਮ, ਨਾ ਉਹਦਾ ਪਤਾ ਤੇ ਜੇ ਪਤਾ ਵੀ ਹੋਵੇ ਤੇ ਟਾਈਮ ਵੀ ਹੋਵੇ ਤੇ ਉਹ ਕਰਨਾ ਕੀ ਆ ? ਜਿਸ ਮੰਗ ਵਾਸਤੇ ਬਾਹਰਲੇ ਸਿੱਖਾਂ ਨੇ ਘੋਲ ਘੁਮਾਈ ਕੀਤੀ ਆ। .ਖੂਨ ਡੋਲਿਆ ਜਾਂ ਮਾਇਕੀ ਤੌਰ 'ਤੇ ਪੰਥ ਦੀ ਸਹਾਇਤਾ ਕੀਤੀ ਆ। ਜਦੋਂ ਉਹਨਾਂ ਨੂੰ ਰਤੀ ਮਾਤਰ ਵੀ ਇਹਦਾ ਕੋਈ ਫਾਇਦਾ ਨਹੀਂ ਤੇ ਕਰਨਾ ਕੀ ਆ ? ਇਹ ਸਰਾਸਰ ਫਰਾਡ ਆ। ਜੋ ਸੰਤਾਂ ਨੇ ਖ਼ਬਰ ਦਿੱਤੀ ਆ, ਠੀਕ ਦਿੱਤੀ ਆ। ਇਹ ਛਲ ਕੀਤਾ ਜਾ ਰਿਹਾ ਕੌਮ ਦੇ ਨਾਲ।

ਕ੍ਰਿਪਾਨ ਬਾਰੇ ਵੀ ਕਹਿ ਦਿੱਤਾ, ਮੈਂ ਪਰਸੋਂ ਥੋੜਾ ਜਿਹਾ ਬੋਲਿਆ ਵੀ ਸੀ। ਅਖੇ ਜੀ ਕ੍ਰਿਪਾਨ ਤੇ ੯ ਇੰਚੀ ਠੀਕ ਆ, ਅਸੀਂ ਮੰਨ ਲਈ ਤੇ ਤੁਸੀਂ ਤੇ ਮੰਨ ਲਈ, ਸਾਨੂੰ ਵੀ ਪੁੱਛ ਲਉ (ਕਿ) ਤੁਸੀਂ ਮੰਨ ਗਏ ਉਂ ਕਿ ਨਹੀਂ ? ਅਸੀਂ ਆਪਣੇ ਧਾਰਮਿਕ ਚਿੰਨ 'ਤੇ ਪਾਬੰਦੀ ਕਿਉਂ ਲਵਾਈਏ ? ਕਿਉਂ ਕਿਸੇ ਨੂੰ ਕਹੀਏ ਕਿ ਇਦੋਂ ਵੱਧ ਅਸੀਂ ਪਾ ਨਹੀਂ ਸਕਦੇ ? ਜਨੇਉ 'ਤੇ ਕੋਈ ਪਾਬੰਦੀ ਨਹੀਂ, ਭਾਵੇਂ ਜਿੱਥੋਂ ਤੱਕ ਲੰਮਾ ਹੋਵੇ, ਗਜ ਤੋਂ ਲੈ ਕੇ ਭਾਵੇਂ ੧੦ ਫੁੱਟ ਦਾ ਲੰਮਾ ਹੋਵੇ, ਸਾਨੂੰ ਕੀ, ਪਾਈ ਰੱਖਣ। ਸਾਡੇ ਧਾਰਮਿਕ ਚਿੰਨ ਤੇ ਪਾਬੰਦੀ ਕਿਉਂ ? ਇਹਨਾਂ ਚੀਜ਼ਾਂ ਵੱਲ ਆਪਾਂ ਨੂੰ ਧਿਆਨ ਦੇਣਾ ਪੈਣਾ। ਛੋਟੀਆਂ-ਛੋਟੀਆਂ ਗੱਲਾਂ ਛੇੜ ਛੇੜ ਕੇ ਤੇ ਇਹਦੇ ਵਿੱਚ ਆਪਾਂ ਨੂੰ ਪਾ ਕੇ, ਆਪਸ ਵਿੱਚ ਦੀ ਮੱਤਭੇਦ ਪੈਦਾ ਕਰਨ ਦੀ ਗੌਰਮੈਂਟ ਵੱਲੋਂ ਪੂਰੀ ਪੂਰੀ ਕੋਸ਼ਿਸ਼ ਆ। ਇਹਦੇ ਤੋਂ ਸਾਵਧਾਨ ਰਹਿਣਾ। ਇਹ ਟਰਾਂਸਮੀਟਰ ਦੇ ਸੰਬੰਧ 'ਚ ਜਿਹੜਾ ਨਾ ਛੋਟੀਆਂ ਜਿਹੀਆਂ ਮਸ਼ੀਨਾਂ ਲਾ ਕੇ, ਇਹ ਇਹੀ ਦਿਖਾਉਣਾ ਚਾਹੁੰਦੇ ਆ, ਭਈ ਅਕਾਲੀ ਅੜੀ ਕਰਦੇ ਆ, ਅਸੀਂ ਤੇ ਮੰਗ ਇਹਨਾਂ ਦੀ ਮੰਨ ਲਈ ਆ ਤੇ ਜੇ (ਮੰਗ) ਮੰਨ ਲਈ ਆ ਤੇ ਸਿੱਧਾ ਲਿਖ ਕੇ ਦੇ ਦੇਣ (ਕਿ) ਟਰਾਂਸਮੀਟਰ ਲਾ ਲਉ (ਆਪੇ) ਗੱਲ ਮੁੱਕ ਜਾਊਗੀ ਇਸ ਕੰਮ ਦੀ ਤਾਂ। ਇਹ ਤਾਂ ਝਗੜਾ ਮੁੱਕੂ ਨਾ ਇੰਨਾ ਕੁ ਤੇ ਅਗਾਂਹ ਫਿਰ ਸਹੀ ਜਦੋਂ ਸਮਾਂ ਆਊ। ਇਥੋਂ ਤੱਕ ਕੋਝੀਆਂ ਹਰਕਤਾਂ.....।

ਕਾਂਗਰਸੀ ਆਗੂ ਬੀਰ ਦਵਿੰਦਰ ਸਿੰਘ ਦੀ ਬਿਆਨਬਾਜ਼ੀ

ਕੁਝ ਵੀਰ ਐਸੇ ਵੀ ਆ, ਉਹਨਾਂ ਨੂੰ ਹੋਰ ਤੇ ਕੁਝ ਸੁਝਦਾ ਨਹੀਂ (ਪਰ) ਹੁਣ ਦੂਜੇ ਪਾਸੇ ਵੀ ਤੋਰਨ ਲੱਗੇ ਕੰਮ। ਅੱਜ ਮੈਂ ਇੱਕ ਛੋਟੀ ਜਿਹੀ ਖ਼ਬਰ ਪੜ੍ਹੀ, ਨਿੱਕੀ ਜਿਹੀ.....। ਇਹ ਬੀਰ ਦਵਿੰਦਰ ਸਿੰਘ ਹੈ, ਪਤਾ ਨਹੀਂ ਕਿੱਥੋਂ ਦਾ ਹੈ ? ਕਾਂਗਰਸ 'ਚ ਮੈਨੂੰ ਪਤਾ ਲੱਗਾ ਆਇਆ ਹੈ। ਉਹਨੇ ਇੱਕ ਖ਼ਬਰ ਦੇ ਦਿੱਤੀ ਆ.....। ਅਖੇ ਜੀ ਜੋ ਲੌਂਗੋਵਾਲ ਨੇ ਗੱਲ ਕਹੀ ਆ, ਫਰਾਡ ਵਾਲੀ (ਉਹਨੇ) ਇਹ ਗੱਲ ਅਖੇ ਠੀਕ ਨਹੀਂ ਕੀਤੀ। ਇਹ ਮਾੜੀ ਗੱਲ ਕੀਤੀ ਆ, (ਉਹਨੇ) ਨਿਖੇਧੀ ਕੀਤੀ ਆ ਇਸ ਗੱਲ ਦੀ ਤੇ ਥੱਲੇ ਜਿਹੇ ਜਾ ਕੇ ਕਹਿੰਦਾ, 'ਅਖੇ ਮੈਂ ਜਰਨੈਲ ਸਿੰਘ ਨੂੰ ਆਪਣੀ ਰਾਇ ਦੇਣਾ ਤੂੰ ਮਹਿਤੇ ਜਾ ਕੇ ਕਥਾ ਕਰਿਆ ਕਰ।' ਇਥੇ ਇਹਨੂੰ ਚੁੱਬਦੀ ਆ ਤੇ ਨਾਲੇ ਤੇਰੀ ਸਲਾਹ ਮੰਗੀ ਕਿਹਨੇ ਆਂ ? ਇਹ ਮੈਨੂੰ ਸਲਾਹ ਦੇਣ ਵਾਲਾ ਹੈ ਕੌਣ ? 'ਕੱਲ ਦੀ ਭੂਤਨੀ ਸਿਵਿਆਂ 'ਚੋਂ ਕੱਢ', ਵਾਲੀ ਗੱਲ। ਉਹ ਕੱਲ ਦਾ ਜੰਮਿਆਂ, ਕੁਰਸੀ ਦੇ ਮਗਰ ਪੈ ਗਿਆਂ, ਧਰਮ ਆਪਣਾ ਛੱਡ ਗਿਆਂ, ਪਾਰਟੀ 'ਚੋਂ ਪਾਸੇ ਹੋ ਗਿਆਂ ਤੇ ਸਲਾਹਾਂ ਦੇਣ ਲੱਗਾਂ ਟਕਸਾਲੀ ਬੰਦਿਆਂ ਨੂੰ, ਜਿਹਨਾਂ ਨੂੰ ਸੀਸ ਤਲੀ 'ਤੇ ਰੱਖ ਕੇ ਤੁਰਨ ਦਾ ਸੁਭਾਅ.....। ਇਹੋ ਜਿਹਿਆਂ ਲੋਕਾਂ ਤੋਂ ਬਚਣਾ। ਇਕੱਤਰਤਾ ਨਾਲ ਚੱਲੋ, ਇਕੱਠੇ ਹੋ ਕੇ ਚੱਲੋ। ਜਿਹੜੀਆਂ ਛੋਟੀਆਂ-ਛੋਟੀਆਂ ਗੱਲਾਂ

ਬਾਰੇ ਕਹਿ ਰਹੇ ਆ, ਇਹਨਾਂ 'ਤੇ ਯਕੀਨ ਨਹੀਂ ਕਰਨਾ, ਨਾ ਇਹਨਾਂ ਦਾ ਕੋਈ ਸਬੂਤ ਆ, ਨਾ ਕੋਈ ਚਿੱਠੀ ਆ, ਨਾ ਕੋਈ ਪੱਤਰ ਆ।

ਅਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਤੱਕ ਮੋਰਚਾ ਜਾਰੀ ਰੱਖਣ ਦਾ ਵਿਸ਼ਵਾਸ਼

ਜਿਸ ਨਿਸ਼ਾਨੇ ਨੂੰ ਲੈ ਕੇ ਕੌਮ ਤੁਰ ਰਹੀ ਆ ਤੇ ਜ਼ਿੰਮੇਵਾਰਾਂ ਨੇ ਇਥੇ ਐਲਾਨ ਕੀਤਾ। ਸੰਤਾਂ ਨੇ ਵੀ ਕੀਤਾ ਲੌਂਗੋਵਾਲ ਸਾਹਿਬ ਨੇ ਤੇ ਕਈ ਵੀਰ ਆਹ ਕਹਿੰਦੇ ਆ ਜੀ, ਆਹ ਦੋਹਾਂ (ਮੰਗਾਂ) ਦਾ ਐਲਾਨ...ਤਿੰਨਾ ਦਾ ਹੋ ਗਿਆ ਤੇ ਇੱਕ ਅੱਧੀ ਮਾੜੀ ਜਿਹੀ ਗੱਲ ਹੋਰ ਬਣ ਗਈ ਤੇ ਕਿਤੇ ਨੀਂਦ ਨਾ ਆ ਜਾਵੇ। ਭਾਈ ਜਦੋਂ ਨੀਂਦ ਆਵੇਗੀ, ਉਦੋਂ ਤੁਸੀਂ ਜਗਾ ਲਿਉ। ਅਨੰਦਪੁਰ ਦੇ ਮਤੇ ਦੀ ਗੱਲ ਸਾਰਿਆਂ ਨੇ ਕੀਤੀ ਆ ਨਾ ਤੇ ਸੰਗਤ ਤੋਂ ਤਕੜਾ ਤਾਂ ਲੀਡਰ ਕੋਈ ਨਹੀਂ ? ਨਾ ਕੋਈ ਸਾਧ ਤਕੜਾ, ਨਾ ਸੰਤ ਤਕੜਾ ? ਜਿਹੜਾ ਮੁਕਰੂਗਾ ਉਹਨੂੰ ਪੁੱਛ ਲਿਉ (ਕਿ) ਭਾਈ ਸਾਹਿਬ, ਤੁਸੀਂ ਇਥੇ ਹਜ਼ੂਰ ਦੀ ਹਜ਼ੂਰੀ 'ਚ ਖੜੋ ਕੇ ਗੱਲ ਕੀਤੀ ਆ, ਇਹਦੇ ਬਾਰੇ ਸਾਨੂੰ ਕੋਈ ਦੱਸੋ ? ਪਰ ਕੌਮ ਅਜੇ ਤੁਰਿਆ ਜਾ ਰਿਹਾ, ਉਹ ਆਪਣੇ 'ਚ ਫੁੱਟ ਪਾਉਣ ਵਾਸਤੇ ਯਤਨ ਕਰ ਰਹੇ ਆ ਤੇ ਉਹ ਫੁੱਟ ਦੀ ਗੱਲ ਨੂੰ ਵੇਖ ਕੇ ਆਪਾਂ ਉਹਨਾਂ ਦੇ ਸ਼ਿਕਾਰ ਬਣ ਜਾਈਏ, ਇਹ ਕੋਈ ਬਹੁਤੀ ਸਿਆਣਪ ਨਹੀਂ ਹੋਵੇਗੀ। ਮਿਲ ਕੇ ਚੱਲੋ ਤੇ ਸ਼ਸ਼ਤਰਧਾਰੀ ਹੋਵੋ।

ਗੁ: ਗਾਲ੍ਹੜੀ ਸਾਹਿਬ ਦੇ ਗਰੰਥੀ ਦੀ ਗ੍ਰਿਫਤਾਰੀ ਅਤੇ ਗ੍ਰਿਫ਼ਤਾਰ ਸਿੰਘਾਂ ਦੀ ਰਿਹਾਈ ਲਈ ਨੀਤੀ ਘੜਨ ਦੀ ਅਪੀਲ

ਆਹ ਜਿਹੜੀ ਗੱਲ ਮੈਨੂੰ ਪਤਾ ਲੱਗਾ ਕਿ ਫੜ ਲਿਆ ਗਰੰਥੀ ਨੂੰ, ਗੁਰਦਾਸਪੁਰ ਦੇ ਇਲਾਕੇ 'ਚੋਂ, ਗਾਲ੍ਹੜੀ ਗੁਰਦੁਆਰਾ ਸਾਹਿਬ ਦੇ ਵਿੱਚੋਂ। ਇਹ ਕੋਈ ਨਵੀਂ ਗੱਲ ਨਹੀਂ ਆਪਣੇ ਨਾਲ ਹੋਣ ਲੱਗੀ, ਇਦੋਂ ਪਹਿਲਾਂ ਬਹੁਤ ਕੁਝ ਹੋਇਆ। ਇਹਨਾਂ ਚੀਜ਼ਾਂ ਵੱਲ ਵੇਖ ਕੇ ਚੁੱਪ ਹੋਣ ਦੀ ਲੋੜ ਨਹੀਂ, ਧਿਆਨ ਦੇਣ ਦੀ ਲੋੜ ਆ। ਇਹ ਨਾ ਕਹੀਏ ਸਾਨੂੰ ਫੜ ਲਿਆ। ਸੋਚਣਾ ਇਹ ਆ ਭਈ ਅਸੀਂ ਇਹਨਾਂ ਤੋਂ ਛੁੱਟਣਾਂ ਕਿਵੇਂ ਆਂ ? ਇਹਨਾਂ ਤੋਂ ਫੜਿਆਂ ਹੋਇਆਂ ਨੂੰ ਛਡਾਉਣਾ ਕਿਵੇਂ ਆਂ ? ਇਹ ਤਾਂ ਆਪਾਂ ਨੂੰ ਨਿੱਤ ਈ ਪਤਾ, ਭਈ ਸਾਨੂੰ ਫੜਦੇ ਆ। ਇਸ ਪਾਸੇ ਧਿਆਨ ਹਰ ਇੱਕ ਸਿੱਖ ਨੂੰ ਦੇਣਾ ਪਵੇਗਾ। ਖਾਸ ਕਰ ਕੇ ਮੈਂ....., ਕਿਉਂਕਿ ਪਿੰਡਾਂ ਵਿੱਚੋਂ ਬਹੁਤੇ ਆਏ ਹੋਏ ਆ ਅੱਜ ਜਥੇ 'ਚ ਜਾਣ ਵਾਲੇ, (ਉਹਨਾਂ ਨੂੰ) ਬੇਨਤੀ ਕਰਾਂਗਾ। ਇਥੋਂ ਸੁਣ ਕੇ ਇਥੇ ਈ ਨਾ ਝੱਗਾ ਝਾੜ ਦਿਆ ਕਰੋ। ਗੱਲ ਕੁਝ ਪੱਲੇ ਬੰਨ ਕੇ ਵੀ ਲੈ ਜਾਇਆ ਕਰੋ। ਜਦੋਂ ਇਥੋਂ ਉੱਠ ਕੇ ਘਰਾਂ ਨੂੰ ਜਾਨੇ ਆਂ, ...ਘਰ ਘਰ ਦੇ ਵਿੱਚ, ਹਰ ਇੱਕ ਨੌਜੁਆਨ ਨੂੰ, ਹਰ ਇੱਕ ਮਾਤਾ ਨੂੰ, ਹਰ ਇੱਕ ਬੀਬੀ ਨੂੰ, ਹਰ ਇੱਕ ਬਜ਼ੁਰਗ ਨੂੰ, ਇਹ ਗੱਲ ਘਰ ਕਰ ਜਾਵੇ ਹਿਰਦੇ ਵਿੱਚ ਕਿ ਅਸੀਂ ਗ਼ੁਲਾਮ ਹਾਂ, ਆਜ਼ਾਦ ਹੋਣਾ ਤੇ ਸ਼ਸ਼ਤਰਧਾਰੀ ਹੋ ਕੇ ਤਿਆਰ-ਬਰ-ਤਿਆਰ ਹੋਣਾ। ਜਦੋਂ ਵੀ ਕਿਸੇ ਅਸਥਾਨ 'ਤੇ ਐਸੀ ਕੋਈ ਗੱਲ ਬਣਦੀ ਆ, ਸਿੱਖੀ ਸਰੂਪ ਨੂੰ ਨਾਸ ਕਰਨ ਵਾਸਤੇ, ਗੌਰਮੈਂਟ ਆਪਣੀ ਸ਼ਰਾਰਤ ਛੇੜ ਕੇ, ਸ਼ਰਾਰਤੀਆਂ ਦੁਆਰਾ ਹਰਕਤ ਕਰਵਾ ਕੇ, ਕੋਈ ਐਸੀ ਗੱਲ ਕਰਨੀ ਚਾਹੇ। ਉਸ ਵੇਲੇ ਕਿਸੇ ਵੀ, ਪਿੰਡਾਂ ਵਿੱਚ ਰਹਿਣ ਵਾਲੇ ਨੂੰ ਢਿੱਲ ਨਹੀਂ ਕਰਨੀ ਚਾਹੀਦੀ, ਤਾਂ ਗੱਲ ਕਿਤੇ ਵਲ 'ਚ ਆਉਣੀ, ਐਵੇਂ ਆਉਣੀ ਨਹੀਂ ਤੇ ਇਹ ਨਾ ਹੋਵੇ (ਕਿ) ਜਿੱਥੇ ਕਿਤੇ ਬੈਠੇ ਬਹੁਤੇ ਇਹੋ ਤੇ ਸਿੱਖ ਵਿਚਾਰੇ ਘੱਟ ਆ, ਉਹਨਾਂ ਨੂੰ ਝਟਕਾ ਕੇ ਅਗਾਂਹ ਤੋਰ ਦੇਣ ਤੇ ਤੁਸੀਂ ਉਥੇ ਉਡੀਕਦੇ ਰਹੋ ਕਿ ਹੁਕਮਨਾਮਾ

ਜਾਰੀ ਹੋਵੇਗਾ । ਇਹ ਹੁਕਮਨਾਮਾ ਜਾਰੀ ਕਿਸੇ ਨੇ ਨਹੀਂ ਕਰਨਾ....., ਆਪੋ ਆਪਣੀ ਜ਼ਿੰਮੇਵਾਰੀ ਸੰਭਾਲਣੀ ਪੈਣੀ ਆਂ । ਕੀ ਕਰੋਗੇ ਤੁਸੀਂ ਇਦੋਂ ਬਿਨਾ ? ਗਰੰਥੀ ਹੋਵੇ ਤਾਂ ਨਹੀਂ ਛੱਡਣਾ, ਸਾਧ ਹੋਵੇ ਤਾਂ ਨਹੀਂ ਛੱਡਣਾ, ਜੇ ਕੋਈ ਪ੍ਰਚਾਰਕ ਆ, ਉਹਨੂੰ ਤਾਂ ਨਹੀਂ ਛੱਡਣਾ ਤੇ ਜੇ ਵਕੀਲ ਦਲੀਲ ਕਰੇ ਤੇ ਉਹਦੇ 'ਤੇ ਚੈਕ । ਇਦੋਂ ਬਿਨਾ ਰਸਤਾ ਕੀ ਆ ਤੁਹਾਡੇ ਕੋਲੇ ?

ਪੁਲੀਸ ਵੱਲੋਂ ਜੱਜ ਦਾ ਹੁਕਮ ਮੰਨਣ ਤੋਂ ਇਨਕਾਰ ਪਰ ਜੱਜ ਬੇ-ਵਸ

ਜਾਂ ਤਾਂ ਕੋਈ ਕੇਸ ਕਿਸੇ ਅਦਾਲਤ ਵਿੱਚ ਜਾਂਦਾ (ਹੋਵੇ ਤੇ) ਉਥੇ ਕੇਸ ਸੁਣਿਆ ਜਾਵੇ ਤੇ ਫਿਰ ਵੀ ਕੁਝ ਸਮਾਂ ਸਮਝ ਲਉ ਰੁਕਣਾ ਪੈਂਦਾ । ਆਹ ਅਮਰੀਕ ਸਿੰਘ ਦੀ ਗ੍ਰਿਫਤਾਰੀ ਵੇਲੇ ਦੀ ਗੱਲ ਆ । ਪੂਰਨ ਸਿੰਘ ਹੁੰਦਲ ਜੋ ਵਕੀਲ ਆ, ਜੱਜ ਦੇ ਪਾਸ ਗਿਆ । ਜੱਜ ਨੂੰ ਜਾ ਕੇ ਦਰਖ਼ਾਸਤ ਦਿੱਤੀ । ਉਹ ਦਰਖ਼ਾਸਤ ਦੇਣ ਤੋਂ ਪਿੱਛੋਂ ਜਾ ਕੇ ਅਫੀਸਰਾਂ ਨੂੰ ਮਿਲੇ ਤੇ ਅਫੀਸਰਾਂ ਨੇ ਕਿਹਾ, ਭਾਈ ਆਹ ਦਰਖ਼ਾਸਤ 'ਤੇ ਦਸਤਖ਼ਤ ਆ ਜੱਜ ਦੇ ਕਿ ਵਕੀਲ (ਤਬਦੀਲ ਦੇ ਸਮੇਂ) ਨਾਲ ਰਹਿ ਸਕਦਾ ਤੇ ਜੋ ਮੌਕੇ ਦੇ ਅਫੀਸਰ ਸੀ ਉਦੋਂ, ਉਹ ਕਹਿਣ ਲੱਗੇ ਜੀ ਜੱਜ ਨੂੰ ਅਸੀਂ ਨਹੀਂ ਜਾਣਦੇ, ਅਸੀਂ (ਹੀ) ਜੱਜ ਆਂ ਤੇ ਵਕੀਲ ਮੁੜਕੇ ਗਿਆ ਜੱਜ ਪਾਸ (ਤੇ ਆਖਿਆ) 'ਜੀ ਤੁਹਾਡਾ ਜੋ ਦਸਤਖ਼ਤ ਕੀਤਾ ਹੁਕਮ ਆਂ, (ਉਹਦੇ ਬਾਰੇ) ਇਹਨਾਂ ਅਫੀਸਰਾਂ ਨੇ ਆਹ ਕਿਹਾ । ਕਹਿੰਦੇ ਅਸੀਂ ਜੱਜ ਆਂ, ਜੱਜ ਦਾ ਸਾਨੂੰ ਨਹੀਂ ਪਤਾ' ਤੇ ਜੱਜ ਹੱਥ ਜੋੜ ਕੇ ਕਹਿੰਦਾ, 'ਜੀ ਮੇਰੇ ਵੱਸ ਦੀ ਗੱਲ ਨਹੀਂ ।' ਜਾਉਗੇ ਕਿੱਥੇ ਤੁਸੀਂ ? ਜਦੋਂ ਜੱਜ ਦੀ ਪਰਵਾਹ ਕੋਈ ਨਹੀਂ ਤੇ ਅਫੀਸਰ ਕਹਿੰਦਾ ਸਾਰਾ ਕੁਝ ਮੈਂ ਆਂ ਤੇ ਫਿਰ :

ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥

(ਆਸਾ ਵਾਰ ਮ: ੧, ੪੭੪)

ਜਿਹੜਾ (ਸਿੱਖ ਕੌਮ ਦੇ) ਵਿਧਾਨ 'ਚ ਲਿਖਿਆ....., ਆਪਣੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੇ ਜੋ ਬਖਸ਼ਸ਼ ਕੀਤੀ ਆ, (ਫਿਰ) ਇਹਨੂੰ ਕਦੋਂ ਅਪਨਾਉਣਾ ? ਇਹਦੇ 'ਤੇ ਨਾ ਰਿੱਟ ਹੋਵੇ, ਨਾ ਦਾਅਵਾ ਹੋਵੇ । ਇਹਦੇ 'ਤੇ ਕੋਈ ਮੁਕਦਮੇਂ ਨਹੀਂ ਚੱਲਦੇ ਕਿਸੇ ਦੇ, ਪਰ ਇਹਦੇ 'ਤੇ ਉਦੋਂ ਚੱਲਣਾ, ਜਦੋਂ ਕਿਤੇ ਐਸਾ ਸਮਾਂ ਬਣ ਜਾਵੇ, ਪਰ ਇਹ ਨਾ ਹੋਵੇ ਤਿਆਰੀ ਕਰੇ ਕੋਈ ਨਾ ਤੇ ਉਧਰੋਂ ਤੁਹਾਡੇ 'ਤੇ ਵਾਰ ਹੋਣਾ ਸ਼ੁਰੂ ਹੋ ਜਾਵੇ ਤੇ ਮੁੜ ਕੇ ਭਾਲਦੇ ਫਿਰੋ ਕਿਹੜੇ ਥਾ ਤੋਂ ਕੀ ਕੁਝ (ਮਿਲਦਾ) ਤੇ ਕੌਣ ਕੁਝ ਦਿੰਦਾ । ਕਿਸੇ ਨੇ ਕਿਸੇ ਨੂੰ ਇਹੋ ਜਿਹੀ ਦੇਣ ਵਾਲੀ ਗੱਲ ਨਹੀਂ ਕਰਨੀ, ਆਪੋ ਆਪਣੇ ਥਾਵਾਂ ਤੇ ਪੂਰੇ ਪੂਰੇ ਸਾਵਧਾਨ ਹੋਵੋ ਤੇ ਮਿਲ ਕੇ ਚੱਲੋ ।

ਅਖ਼ਬਾਰਾਂ ਦੀਆਂ ਭੁਲੇਖਾ ਪਾਊ ਖ਼ਬਰਾਂ ਤੋਂ ਬਚਣ ਦੀ ਅਪੀਲ

ਜਦੋਂ ਤੱਕ ਇਹ ਗੱਲਾਂ ਬਾਤਾਂ ਉਪਰੋਂ ਉਪਰੀ ਹੁੰਦੀਆਂ, ਉਦੋਂ ਤੱਕ ਭਰਮ ਭੁਲੇਖਿਆਂ 'ਚ ਨਾ ਗੱਲਾਂ ਸੁਣ ਕੇ ਅਖ਼ਬਾਰਾਂ ਦੀਆਂ ਵਿੱਚ ਪਿਉ । ਡਟ ਕੇ ਰਹੋ ਤੇ ਜਦੋਂ ਤੱਕ ਅਨੰਦਪੁਰ ਦਾ ਮਤਾ ਪੂਰਾ ਦਿੰਦੇ ਨਹੀਂ ਤੇ ਆਪਣੇ ਲੀਡਰ ਸਾਹਿਬਾਨ, ਇਹਦੇ ਬਾਰੇ ਕੋਈ ਵੀ ਢਲਿਆਈ ਕਰਦੇ (ਨਹੀਂ) । ਸੰਤ ਜੀ ਨੇ ਆਪ ਇਥੇ ਐਲਾਨ ਕੀਤਾ, 'ਕਿ ਗੁਰਮੁਖੋ ਕਿਸੇ ਦੀਆਂ ਗੱਲਾਂ ਸੁਣ ਕੇ ਕਾਹਲੇ ਨਹੀਂ ਪੈਣਾ, ਜੇ ਸਾਡੀ ਕੋਈ ਢਲਿਆਈ ਵੇਖੋਗੇ ਫੈਸਲੇ ਵੇਲੇ, ਉਦੋਂ ਸਾਡੇ ਨਾਲ ਗੱਲ ਕਰਿਉ ?' ਤੇ ਜੇ ਕੋਈ ਆਪਣਾ ਲੀਡਰ ਢਲਿਆਈ ਕਰੂ ਤੇ ਪੁੱਛ ਲਿਉ ਉਦੋਂ ਉਹਨਾਂ ਨੂੰ ਪਿਆਰ ਨਾਲ ਕਿ ਤੁਸਾਂ ਜੀ ਆਹ ਇਥੇ ਐਲਾਨ ਕੀਤਾ

ਸੀ, ਉਹਦੇ 'ਚ ਆਹ ਕਮਜ਼ੋਰੀ ਕਿਉਂ ਆ ਗਈ ? ਪਰ ਜੇ ਕਮਜ਼ੋਰੀ ਦੀਆਂ ਗੱਲਾਂ ਕੋਈ ਅਖ਼ਬਾਰਾਂ 'ਚ ਦੇ ਰਹੇ ਆ ਤਾਂ ਇਹਦਾ ਸੁਣ ਕੇ ਆਪਾਂ ਸ਼ਿਕਾਰ ਨਹੀਂ ਬਣਨਾ । ਇਹਦੇ ਮਤੇ ਦੀ ਪ੍ਰਾਪਤੀ ਤੱਕ ਇਹ ਕੰਮ ਚਾਲੂ ਆ । ਇੰਨਾਂ ਜ਼ਰੂਰ ਹੁੰਦਾ ਕਈ ਵਾਰੀ ਉਤਰਾਅ-ਚੜ੍ਹਾਅ ਮੋਰਚੇ 'ਚ ਆਉਂਦੇ ਰਹਿੰਦੇ ਆ ਤੇ ਜਿਵੇਂ ਜਿਵੇਂ ਗੌਰਮੈਂਟ ਚੱਲੀ ਜਾਂਦੀ ਆ, ਤਿਵੇਂ ਤਿਵੇਂ ਅਸੀਂ ਵੀ ਚੱਲੀ ਜਾ ਰਹੇ ਹਾਂ, ਪਰ ਸ਼ਸ਼ਤਰ ਜ਼ਰੂਰ ਰੱਖੋ, ਇਦੋਂ ਬਿਨਾ ਸਰਨਾ ਨਹੀਂ । ਜੇ ਕੋਈ ਕੌੜਾ ਬਚਨ ਕਿਸੇ ਨੂੰ ਕਿਹਾ ਗਿਆ ਹੋਵੇ ਤੇ ਮੁਆਫ਼ੀ ਬਖ਼ਸ਼ਿਉ । ਜਾਣ ਵਾਲੇ ਜਥੇ ਨੂੰ ਮੈਂ ਆਪਣੇ ਵੱਲੋਂ ਵਧਾਈ ਪੇਸ਼ ਕਰਦਾ ਹਾਂ । ਸਾਰਿਆਂ ਦਾ ਧੰਨਵਾਦ ਕਰਦਾਂ ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੫.

(ਦੀਵਾਨ ਹਾਲ, ਮੰਜੀ ਸਾਹਿਬ, ਅੰਮ੍ਰਿਤਸਰ, ੧੩-੦੩-੧੯੮੩)

ਸਟੇਜ ਸੈਕਟਰੀ - ਹੁਣ ਬੇਨਤੀ ਕਰਦਾਂ ਹਾਂ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਸੇਵਾ ਵਿੱਚ ਕਿ ਉਹ ਸੰਗਤ ਨੂੰ ਵਰਤਮਾਨ ਪੰਥਕ ਸਥਿਤੀ ਤੋਂ ਜਾਣੂ ਕਰਾਉਣ। ਸਤਿਕਾਰਯੋਗ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥
ਸ਼੍ਰੋਮਣੀ ਅਕਾਲੀ ਦਲ ॥ ਜ਼ਿੰਦਾਬਾਦ ॥
ਸ਼੍ਰੋਮਣੀ ਅਕਾਲੀ ਦਲ ॥ ਜ਼ਿੰਦਾਬਾਦ ॥
ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸਤਿਗੁਰੂ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ ਜੀ ਦੀ ਸਾਜ਼ੀ ਨਿਵਾਜ਼ੀ, ਗੁਰੂ ਰੂਪ, ਗੁਰੂ ਖ਼ਾਲਸਾ, ਸਾਧ ਸੰਗਤ ਜੀਉ, ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਪਿਆਰੇ ਖ਼ਾਲਸਾ ਜੀ ਆਪ ਜੀ ਨੇ ਸੰਗਤ ਰੂਪ ਵਿੱਚ ਇਕੱਤਰ ਹੋ ਕੇ, ਗੁਰੂ ਸਾਹਿਬ ਦੀ ਗੋਦ ਵਿੱਚ ਸਜ ਕੇ, ਧਰਮ ਯੁੱਧ ਮੋਰਚੇ ਦੇ ਸੰਬੰਧ ਵਿੱਚ, ਬੁਲਾਰਿਆਂ ਦੇ ਪਾਸੋਂ ਵਿਚਾਰ ਸੁਣੇ ਹਨ। ਭਾਵੇਂ ਮਨ ਵਿੱਚ ਬੋਲਣ ਬਾਰੇ ਕੁਝ ਵਿਚਾਰ ਸੀ। ਦਾਸ ਨੇ ਖ਼ਬਰ ਪੜ੍ਹੀ ਨਹੀਂ ਸੀ ਅਤੇ ਨਾ ਅੱਜ ਕਿਸੇ ਤੋਂ ਸੁਣਿਆ ਹੈ, ਪਰ ਜੋ ਗੱਲ ਇਥੇ ਆ ਕੇ ਪਤਾ ਲੱਗਾ, ਉਸ ਤੋਂ ਪ੍ਰਤੀਤ ਹੋ ਰਿਹਾ ਹੈ ਕਿ ਸਿੱਖ ਭਾਵੇਂ ਟਾਲਣ ਦਾ ਬਹੁਤ ਯਤਨ ਕਰ ਰਹੇ ਹਨ ਕਿ ਕਿਸੇ ਨਾ ਕਿਸੇ ਤਰੀਕੇ ਸ਼ਾਂਤੀ ਰਹਿ ਜਾਵੇ, ਪਰ ਐਸੀਆਂ ਘਟਨਾਵਾਂ ਨੂੰ ਵੇਖ ਕੇ, ਇਹ ਸਿੱਧ ਹੁੰਦਾ ਜਾ ਰਿਹਾ ਹੈ ਕਿ ਸਿੱਖਾਂ ਨੂੰ ਆਪਣੇ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਹੁਕਮ ਮੰਨ ਕੇ ਤੇਗ਼ 'ਤੇ ਹੱਥ ਰੱਖਣਾ ਪਵੇਗਾ। ਇਹਦੇ ਬਿਨਾ ਸਰਨਾ ਨਹੀਂ।

ਹਿੰਦੂਆਂ ਵੱਲੋਂ ਸ੍ਰੀ ਗੁਰੂ ਗਰੰਥ ਸਾਹਿਬ ਅਤੇ ਨਿਸ਼ਾਨ ਸਾਹਿਬ ਦੀ ਬੇ-ਅਦਬੀ

ਜੇ ਕੁਦਰਤ ਨੇ ਇਹਨਾਂ ਟੋਪੀਆਂ ਵਾਲਿਆਂ ਤੇ ਕੋਈ ਕਰੋਪੀ ਕੀਤੀ ਆ ਤੇ ਇਸਦੇ ਵਿੱਚ ਕਿਸੇ ਦਾ ਕੋਈ ਹੱਥ ਨਹੀਂ ਹੋ ਸਕਦਾ, ਨਾ ਕਿਸੇ ਦੀ ਸਾਜ਼ਿਸ਼ ਹੋ ਸਕਦੀ ਆ। ਆਹ ਚਾਰ ਪੰਜ ਦਿਨ ਹੋਏ ਹਨ, ਇਹਨਾਂ ਦੇ ਪਾਪ ਦੇ ਕਾਰਨ, ਇਸੇ ਸ਼ਹਿਰ ਦੇ ਵਿੱਚ, ਅੰਮ੍ਰਿਤਸਰ ਸ਼ਹਿਰ ਦੇ ਵਿਖੇ, ਥੋੜ੍ਹੇ ਦਿਨ ਹੋਏ ਬਿਜਲੀ ਕੜਕੀ ਸੀ। ਇੱਕ ਤੇ ਸ਼ਿਵ ਦੁਆਲਾ ਹੈ ਇਥੇ ਲਾਗੇ ਕਿਤੇ ਸ਼ਹਿਰ

ਦੇ ਵਿੱਚ। ਉਥੋਂ ਦਾ ਟੱਲ ਤੇ ਸੰਗਲ ਬਿਜਲੀ ਨੇ ਪਤਾ ਨਹੀਂ ਕਿਹੜੇ ਪਾਸੇ ਸੁੱਟਿਆ। ਕੁਦਰਤ ਤੁਹਾਡੇ 'ਤੇ ਕਰੋਪੀ ਆਪ ਕਰ ਰਹੀ ਆ ਪਰ ਤੁਸੀਂ ਇਸ ਕਰੋਪੀ ਦਾ ਗੁੱਸਾ, ਸਿੱਖ ਕੌਮ 'ਤੇ ਕੱਢਣਾ ਚਾਹੁੰਦੇ ਹੋ। ਇਸ ਦਾ ਸਿੱਟਾ ਜਿਹੜਾ ਹੈ, ਉਹ ਬੜਾ ਭਾਰੀ ਔਖਾ ਹੋਵੇਗਾ ਭੁਗਤਣਾ.....। ਇਸ ਤੋਂ ਬਾਜ ਆ ਜਾਣ ਤੇ ਚੰਗੀ ਗੱਲ ਆ, ਪਰ ਮੇਰੇ ਖਿਆਲ 'ਚ ਇਹਨਾਂ ਨੂੰ ਸੰਬੋਧਨ ਕਰਨ ਨਾਲੋਂ, ਆਪਾਂ ਨੂੰ ਆਪਣੇ ਮਨ ਨੂੰ ਹੀ ਪ੍ਰਬੋਧ ਲੈਣਾ ਚਾਹੀਦਾ ਕਿ ਕਰਾਰੇ ਹੱਥਾਂ ਤੋਂ ਬਿਨਾ ਇਹਨਾਂ ਕਦੇ ਇਸਥਿਤ ਨਹੀਂ ਹੋਣਾ, ਟਿਕਣਾ ਨਹੀਂ, ਚੰਚਲਤਾਈ ਤੋਂ ਰੁਕਣਾ ਨਹੀਂ।

ਗੁਰੂ ਗਰੰਥ ਸਾਹਿਬ ਜੀ ਦੀ ਬੇ-ਅਦਬੀ ਕਰਨ ਵਾਲਿਆਂ ਨੂੰ ਠੱਲ ਪਾਉਣ ਦੀ ਅਪੀਲ

ਬੜਾ ਭਾਰੀ ਦੁੱਖ ਹੋਇਆ ਇਹ ਮਨ ਵਿੱਚ....., ਮੈਨੂੰ ਤੇ ਪਤਾ ਨਹੀਂ ਸੀ ਅੱਜ ਸਵੇਰ ਦਾ ਕਿ ਸਤਿਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਇਤਨੀ ਘੋਰ ਬੇ-ਅਦਬੀ ਕੀਤੀ ਹੋਵੇ ਤੇ ਸਿੱਖ ਉਥੇ ਕੋਲ ਹੋਣ, ਪਾਸ ਹੋਣ.....। ਮੈਂ ਸਮਝਦਾ ਹਾਂ ਕਿ ਉਹ ਪਤਾ ਨਹੀਂ ਕਿਸ ਤਰੀਕੇ ਨਾਲ ਮਾਂਵਾਂ ਨੂੰ ਜੰਮ ਪਏ। ਡੰਗਰਾਂ ਦੇ ਤੇ ਕੁੱਤਿਆਂ ਬਿੱਲਿਆਂ ਦੇ ਘਰੇ ਕਿਉਂ ਨਾ ਜੰਮੇ ? ਜਿਹਨਾਂ ਨੇ ਉਹਨਾਂ (ਬੇ-ਅਦਬੀ ਕਰਨ ਵਾਲਿਆਂ) ਨੂੰ ਝਟਕਾਇਆ ਨਹੀਂ। ਸਿੰਘੋ ਅੱਗੇ ਵੀ ਕਈ ਵੇਰਾਂ ਬੇਨਤੀ ਕੀਤੀ ਆ, ਅੱਜ ਵੀ ਸੰਗਤ ਬਹੁਤ ਆਈ ਸੀ, ਮਿਲੀ ਆ। ਸਾਰੇ ਇਹ ਈ ਆਣ ਕੇ ਕਹਿੰਦੇ ਆ, ਸੰਤ ਜੀ ਕੁਝ ਹੁਕਮ ਕਰੋ ? ਭਾਈ ਹੁਕਮ ਕਿਸ ਤਰੀਕੇ ਨਾਲ ਕਰਾਉਣਾ ? ਸੰਗਤ ਕੋਈ ਸਾਧਨ ਦੱਸੇ ਹੁਕਮ ਦਾ ਕਿ ਕਿਹੋ ਜਿਹਾ ਹੁਕਮ ਚਾਹੁੰਨੇ ਆਂ ? ਸੰਤ ਲੌਂਗੋਵਾਲ ਸਾਹਿਬ ਵੀ ਇਥੇ ਸਟੇਜ ਤੇ ਬੋਲ ਚੁੱਕੇ ਆ.....। ਜਿਤਨੀ ਸੰਗਤ ਦਾਸ ਕੋਲੋ ਨਿੱਤ ਜਾਂਦੀ ਆ, ਉਹਨੂੰ ਵੀ ਬੇਨਤੀ ਕਰਦਾ ਹਾਂ, ਅਖ਼ਬਾਰਾਂ ਵਿੱਚ ਵੀ ਕਹਿ ਚੁੱਕਾ ਹਾਂ.....ਪਰ ਹੁਕਮ ਹੁਕਮ ਕਰੀ ਜਾਨੇ ਉਂ, ਮੰਨਣ ਨੂੰ ਰਤੀ ਮਾਤਰ ਵੀ ਤੁਸੀਂ ਤਿਆਰ ਨਹੀਂ। ਕਿੰਨੀ ਵੇਰਾਂ ਬੇਨਤੀ ਕੀਤੀ ਆ, ਜਿਹੜਾ ਸਤਿਗੁਰੂ ਗਰੰਥ ਸਾਹਿਬ ਦੀ ਬੇ-ਅਦਬੀ ਕਰਦਾ, ਉਹਨੂੰ ਇੱਕ ਦਮ ਮੌਕੇ ਦੇ ਉੱਪਰ ਝਟਕਾ ਦੇਣਾ ਚਾਹੀਦਾ। ਜੇ ਉਹ ਨਹੀਂ ਉਸ ਵੇਲੇ ਹੱਥ ਵਿੱਚ ਆਉਂਦਾ, ਪਿੱਛੋਂ ਭਾਲ ਕੇ, ਪੜਤਾਲ ਕਰਕੇ ਉਹਨੂੰ ਗੱਡੀ ਚੜਾਉ। ਕਿਉਂ ਨਹੀਂ ਚੜਾਉਂਦੇ ? ਤੇ ਸਾਡੇ ਮੂੰਹਾਂ ਵੱਲ ਵੇਖੀ ਜਾਨੇ ਆਂ ਦੋਹਾਂ ਦੇ, ਅੰਗੂਰ ਲੱਗੇ ਆ ਸਾਨੂੰ ? ਗੁਰੂ ਕੇ ਸਿੱਖ ਹੋ, ਸਿੱਖਾਂ ਦੇ ਪੁੱਤਰ ਹੋ। ਹਿੰਦੁਸਤਾਨ ਵਿੱਚ ਜੰਮੇਂ ਆਂ, ਪੰਜਾਬ ਦੀ ਧਰਤੀ ਵਿੱਚ ਜੰਮੇਂ ਹੋ। ਇੰਨੀ ਘੋਰ ਬੇ-ਅਦਬੀ ਥਾਂ-ਥਾਂ 'ਤੇ ਹੋਵੇ ਤੇ ਤੁਸੀਂ ਆਖੋ ਜੀ ਪੱਪੂ ਹੁਣੀ ਰੋਂਦੇ ਸੀ। ਪੱਪੂ ਹੁਣਾਂ ਨੂੰ ਵਰਾਉਂਦਿਆਂ ਵਰਾਉਂਦਿਆ ਪਿਉ ਦੀ ਬੇ-ਇਜ਼ਤੀ ਕਰਾ ਲੈਣੀ ਆ ? ਕਿਹੜਾ ਹੁਕਮ ਲੈਣਾ ਚਾਹੁੰਦੇ ਹੋ ਤੁਸੀਂ ਦੱਸੋ ? ਹੱਥ ਜੋੜ ਕੇ ਬੇਨਤੀ ਕਰਾਂਗਾ ਨਿਮਰਤਾ ਸਹਿਤ, ਐਸੀਆਂ ਘਟਨਾਵਾਂ ਨੂੰ ਜਦੋਂ ਤੱਕ ਤੁਸੀਂ ਆਪੋ ਆਪਣੀ ਜ਼ਿੰਮੇਵਾਰੀ ਨਾਲ, ਥਾਂ-ਥਾਂ 'ਤੇ ਪਹੁੰਚ ਕੇ, ਇਹਨਾਂ ਸ਼ਰਾਰਤੀ ਲੋਕਾਂ ਦੇ ਨੱਕ ਵਿੱਚ ਨੱਥ ਨਹੀਂ ਪਾਉਂਦੇ, ਤਦੋਂ ਤੱਕ ਇਹਨਾਂ ਨੇ ਸੂਤ ਨਹੀਂ ਆਉਣਾ।

ਜੁਝਾਰੂਆਂ ਨੂੰ ਸੰਭਾਲਣ ਦਾ ਵਾਅਦਾ

ਕਈ ਗੁਰਮੁਖ ਨੌਜੁਆਨ ਐਸੇ ਵੀ ਹਨ, ਉਹ ਕਹਿੰਦੇ ਸੰਤ ਜੀ ਜੇ ਅਸੀਂ ਕੁਝ ਐਸਾ ਕੰਮ ਕਰ ਦੇਈਏ, ਉਦੋਂ ਸਾਨੂੰ ਸੰਭਾਲਦਾ ਕੋਈ ਨਹੀਂ। ਇਡਾ ਵੱਡਾ ਪਵਿੱਤਰ ਥਾਂ ਤੇ ਇਡੀ ਵੱਡੀ ਪ੍ਰਣ ਵਾਲੀ ਜਗ੍ਹਾ 'ਤੇ ਇਥੇ (ਪ੍ਰਣ) ਕਰਕੇ ਸਿੱਖ ਮੁਕਰੇਗਾ ਤੇ ਰਹੇਗਾ ਕਿੱਥੇ ? ਮੈਂ ਜ਼ਿੰਮੇਵਾਰੀ ਨਾਲ

ਕਹਿਨਾਂ ਇਹ ਗੱਲ, ਜਿਹੜਾ ਗੁਰੂ ਗਰੰਥ ਸਾਹਿਬ ਦੇ ਕਾਤਲ ਨੂੰ ਝਟਕਾ ਕੇ ਆਵੇਗਾ, ਮੈਂ ਉਹਨੂੰ ਸਾਭਾਂਗਾ। ਉਹਦਾ ਮੁਕਦਮਾ ਵੀ ਲੜਾਂਗਾ। ਹੋਰ ਕੀ ਅਖਵਾਉਣਾ ਸਾਡੇ ਕੋਲੋਂ ? ਇਹ ਤੁਹਾਡੀ ਕਮਜ਼ੋਰੀ ਆ ਸਾਰਿਆਂ ਦੀ। ਮੋਰਚੇ ਦੀ ਮਜ਼ਬੂਰੀ ਦੇ ਕਾਰਨ, ਮੈਨੂੰ ਇਥੇ ਬਹਿਣਾ ਪੈ ਗਿਆ। ਸੰਤ ਜੀ ਵੀ ਮਜ਼ਬੂਰੀ ਦੇ ਕਾਰਨ ਬਾਹਰ ਨਹੀਂ ਜਾ ਸਕਦੇ ਤੇ ਤੁਹਾਨੂੰ ਸਾਰਿਆਂ ਗੁਰਸਿੱਖਾਂ ਪਿੰਡਾਂ ਵਿੱਚ ਰਹਿਣ ਵਾਲਿਆਂ ਨੂੰ, ਸ਼ਹਿਰ ਨਿਵਾਸੀਆਂ ਨੂੰ, ਨੌਜੁਆਨਾਂ ਨੂੰ, ਨੀਂਦ ਕਿਉਂ ਆ ਗਈ ਤੁਹਾਨੂੰ ? ਜਿਹਦੀ ਧੀ ਭੈਣ ਨੰਗੀ ਕਰਕੇ ਲੁੱਟੀ ਜਾਵੇ, ਜਿਹਦੇ ਇਸ਼ਟ ਦੀ ਬੇ-ਅਦਬੀ ਕੀਤੀ ਜਾਵੇ, ਉਹਦਾ ਪੁੱਤ ਕੇਵਲ ਗੱਲਾਂ ਈ ਪੁੱਛੀ ਜਾਵੇ, ਹੱਥੀਂ ਕਰੇ ਕੁਝ ਨਾ, ਉਹ ਗੁਰੂ ਦਾ ਪੁੱਤ ਅਖਵਾਉਣ ਦਾ ਹੱਕਦਾਰ ਹੈ, ਆਪ ਸੋਚੋ ਖਾਂ ? ਤੁਸੀਂ ਥਾਂ -ਥਾਂ 'ਤੇ ਉਹਨਾਂ ਦੀ ਜੈ-ਜੈਕਾਰ ਵਾਸਤੇ ਨਾਹਰੇ ਲਾ ਰਹੇ ਆਂ, ਹਿੰਦੂ ਸਿੱਖ ਏਕਤਾ ਪਿੱਟ ਰਹੇ ਆਂ।

ਹਿੰਦੂਆਂ ਦਾ ਡੈਪੋਟੇਸ਼ਨ ਦਰਬਾਰ ਸਾਹਿਬ ਪਹੁੰਚਣਾ

ਆਹ ਭਾਈ ਰਾਮੂਵਾਲੀਏ ਨੇ ਹੁਣੇ ਦੱਸਿਆ ਸੀ ਕਿ ਆਹ ਛੋਟੇ ਕਾਰਖਾਨਿਆਂ ਵਾਲੇ ਸੰਤਾਂ ਕੋਲੇ ਗਏ ਸੀ। (ਉਹ) ਮੇਰੇ ਕੋਲੇ ਵੀ ਅੱਜ ਆਏ ਸੀ। ਅੱਠਾਂ ਮਹੀਨਿਆਂ ਪਿੱਛੋਂ ਅੱਜ ਕਾਫੀ ਹਿੰਦੂ ਇਕੱਠੇ ਹੋ ਕੇ ਆਏ ਆ। ਉਥੇ ਪ੍ਰਸ਼ਨ, ਸਵਾਲ-ਉੱਤਰ ਵੀ ਹੋਏ ਆਪਸ ਵਿੱਚ ਦੀ, ਉਹਨਾਂ ਪੁੱਛੀਆਂ ਕਾਫੀ ਗੱਲਾਂ, ...ਦੱਸੀਆਂ, ਤਸੱਲੀ ਹੋਈ ਆ। ਕਹਿੰਦੇ ਜੀ ਸਾਡੇ ਨਾਲ ਹਮਦਰਦੀ ਪ੍ਰਗਟ ਕਰੋ। ਭਾਈ ਸੰਤ ਵੀ ਇਸ਼ਾਰਾ ਕਰ ਗਏ ਆ, ਰਾਮੂਵਾਲੀਏ ਨੇ ਵੀ ਕਹਿ ਦਿੱਤਾ, ਮੈਨੂੰ ਵੀ ਕਹਿ ਗਏ ਆ। ਮੇਰੇ ਵੀ ਮਨ ਵਿੱਚ ਹੈ ਕਿ ਇਥੇ ਟਿਕਾ ਰਹਿਣਾ ਚਾਹੀਦਾ ਪਰ ਟਿਕਾ ਨੂੰ ਰੱਖ ਕੇ ਕਰਨਾ ਕੀ ਆ ? ਜਿੱਥੇ ਸਾਡੇ ਇਸ਼ਟ ਦੀ ਘੋਰ ਬੇ-ਅਦਬੀ ਹੋ ਰਹੀ ਆ। ਕੇਸ (ਵਾਰਦਾਤਾਂ) ਕਰਨ ਵਾਲਿਉ ਐਸੀ ਸ਼ਾਂਤੀ ਨਾਲ ਦੇਸ਼ ਸਤ ਜਾਵੇ ਤੇ ਚੰਗਾ ਹੋਵੇਗਾ। ਕਦੇ ਕਿਸੇ ਨੇ ਸਿੱਖ ਨੂੰ, ਕਿਸੇ ਹਿੰਦੂ ਨੇ.....। ਅੱਜ ਮੈਂ ਪੁੱਛਿਆ ਵੀ ਸੀ ਹਿੰਦੂ ਵੀਰਾਂ ਨੂੰ। ਮੈਂ ਇੱਕ ਚਿੱਠੀ ਵੀ ਲਿਖੀ ਆ ਇੰਦਰਾ ਗਾਂਧੀ ਨੂੰ। ਕਈਆਂ ਵੀਰਾਂ ਨੂੰ ਸ਼ੱਕ ਆ ਮੇਰੀ ਇਸ ਚਿੱਠੀ 'ਤੇ ਕਿ ਪਤਾ ਨਹੀਂ ਇਹ....., ਸਾਡੀ ਤਾਂ ਟੁੱਟ ਗਈ ਆ ਤੇ ਇਹ ਭਿੰਡਰਾਂਵਾਲਾ ਚਿੱਠੀਆਂ ਲਿਖਦਾ ਫਿਰਦਾ। ਉਹ ਮੈਂ ਸੁਣਾਈ ਨਹੀਂ ਜ਼ਿੰਮੇਵਾਰਾਂ ਨੂੰ, ਸੁਣਾਵਾਂਗਾ ਕਿਸੇ ਦਿਨ ਆਉਣ 'ਤੇ, ਹੈ ਮੇਰੇ ਗੀਸੇ ਵਿੱਚ ਈ ਤੇ ਉਹ ਜਦੋਂ ਚਿੱਠੀ ਪੜ੍ਹੇਗੇ, ਉਦੋਂ ਪਤਾ ਲੱਗੇਗਾ ਇੰਦਰਾ ਨੂੰ ਮੈਂ ਲਿਖਿਆ ਕੀ ਆ ? ਉਹਦੇ (ਦਿਮਾਗ) 'ਚ ਜਾਂਦਾ ਜਾਂ ਗੋਲੀ ਖਾ ਕੇ ਸੁੱਤੀ ਹੋਵੇਗੀ, ਜਦੋਂ ਉਹ ਚਿੱਠੀ ਸੁਣੀ ਹੋਵੇਗੀ। ਉਹਦੇ ਵਿੱਚ ਮੈਂ ਕੁਝ ਅੱਖਰ....., ਜਿਹੜੇ ਅੱਜ ਮੇਰੇ ਕੋਲ ਆਏ ਹਿੰਦੂ ਉਹਨਾਂ ਨੂੰ ਮੈਂ ਪੁੱਛਿਆ ਕਿ ਤੁਸੀਂ ਇਹ ਦੱਸੋ ਕਿ ਅੱਜ ਪਿੱਟਣ ਆ ਗਏ ਓ ? ਦੁੱਖ ਹੋਇਆ..... ਸਾਨੂੰ ਵੀ ਦੁੱਖ ਆ ਕਿ ਤੁਸੀਂ ਉਜੜ ਕੇ ਆ ਰਹੇ ਆਂ, ਪਰ ਸਤਿਗੁਰੂ ਗਰੰਥ ਸਾਹਿਬ ਦੇ ਸਰੂਪ ਨੂੰ ਅੱਗ ਲੱਗੀ ਆ, ੬੬ ਕਰੋੜ ਹਿੰਦੂਆਂ ਵਿੱਚੋਂ, ਕਿਸੇ ਹਿੰਦੂ ਨੇ ਹਉਕਾ ਭਰਿਆ ? ਕਦੇ ਕਿਸੇ ਨੇ ਨਿਖੇਧੀ ਕੀਤੀ ਆ ? ਕਹਿੰਦੇ, ਜੀ ਨਹੀਂ ਕੀਤੀ ਤੇ ਮੈਂ ਕਿਹਾ ਹੁਣ ਕਿਉਂ ਤਕਲੀਫ ਹੋ ਗਈ ?

ਸਿੱਖਾਂ ਨੂੰ ਹੱਕ ਵੀ ਨਾ ਮਿਲਣੇ ਪਰ ਹਿੰਦੂਆ ਦੀ ਹਰੇਕ ਮੰਗ ਹੀ ਮੰਨੀ ਜਾਣੀ

ਕਿਸੇ ਹਿੰਦੂ ਨੇ ਹਿੰਦੀ ਬੋਲਣ ਵਾਸਤੇ, ਹਿੰਦੀ ਸੂਬਾ ਬਣਾਉਣ ਵਾਸਤੇ, ਹਿੰਦੂ ਸ਼ਹਿਰ ਨੂੰ ਪਵਿੱਤਰ ਦਰਜਾ ਦਿਵਾਉਣ ਵਾਸਤੇ, ਹਿੰਦੂ ਮੰਦਰ ਦੇ (ਨਾਂਅ) ਉੱਪਰ ਗੱਡੀ ਦਾ ਨਾਂਅ ਰਖਵਾਉਣ ਵਾਸਤੇ, ਹਿੰਦੂ ਕੌਮ ਕਹਾਉਣ ਵਾਸਤੇ, ਹਿੰਦੂ ਨੇ ਆਪਣੇ ਧਾਰਮਿਕ ਚਿੰਨ ਨੂੰ ਪਰਪੱਕਤਾ ਸਹਿਤ ਰੱਖਣ ਵਾਸਤੇ, ਹਿੰਦੁਸਤਾਨ ਵਿੱਚੋਂ ਆਜ਼ਾਦੀ ਤੋਂ ਪਿੱਛੋਂ ਇੱਕ ਵੀ ਹਿੰਦੂ ਨੇ ਇੱਕ ਘੰਟੇ ਦੀ ਜੇਲ੍ਹ ਕੱਟੀ ਆ ? ਕਹਿੰਦੇ ਜੀ ਕੋਈ ਨਹੀਂ ਕੱਟੀ ਤੇ ਸਿੱਖਾਂ ਨੇ ਪੰਜਾਬੀ ਬੋਲਣ ਵਾਸਤੇ, ਪੰਜਾਬੀ ਸੂਬਾ ਲੈਣ ਵਾਸਤੇ ਤੇ ਆਪਣੇ ਧਾਰਮਿਕ ਸ਼ਹਿਰ ਨੂੰ ਪਵਿੱਤਰ ਦਰਜਾ ਦਿਵਾਉਣ ਵਾਸਤੇ, ਹਰਿਮੰਦਰ ਸਾਹਿਬ ਦੇ ਨਾਂਅ ਉੱਪਰ ਗੱਡੀ ਦਾ ਨਾਂਅ ਰਖਵਾਉਣ ਵਾਸਤੇ, ਸਿੱਖ ਇੱਕ ਵੱਖਰੀ ਕੌਮ ਕਹਾਉਣ ਵਾਸਤੇ, ਆਪਣੇ ਧਾਰਮਿਕ ਚਿੰਨ ਸ੍ਰੀ ਸਾਹਿਬ ਨੂੰ ਸਦਾ ਲਈ ਪ੍ਰਪੱਕਤਾ ਸਹਿਤ ਗਾਤਰੇ ਰੱਖਣ ਵਾਸਤੇ, ਹਿੰਦੁਸਤਾਨ ਵਿੱਚ ਆਜ਼ਾਦੀ ਤੋਂ ਪਿੱਛੋਂ ੨ ਲੱਖ ਤੋਂ ਵੱਧ (ਸਿੰਘ) ਕੈਦ ਤੇ ਬੇਅੰਤ ਸ਼ਹੀਦੀਆਂ ਹੋ ਚੁੱਕੀਆਂ (ਪਰ) ਅਜੇ ਤੱਕ (ਸਰਕਾਰ ਦੇ) ਕੰਨ 'ਤੇ ਜੂੰਅ ਨਹੀਂ ਸਰਕੀ ਤੇ ਬਹੁਰੂਪੀਆ ਪਿੱਟੀ ਜਾਂਦਾ, ਜ਼ਕਰੀਆ ਮੁੱਖ ਮੰਤਰੀ (ਦਰਬਾਰਾ ਸਿੰਹੁ) 'ਅਖੇ ਜੀ ਬੜੀ ਸ਼ਾਂਤੀ ਆ, ਮੈਂ ਜੀ ਕ੍ਰਿਪਾਨ ਵਾਲਾ ਸਿੱਖ ਆਂ।'

ਮੁੱਖ ਮੰਤਰੀ ਦਰਬਾਰਾ ਸਿੰਹੁ ਦਾ ਵਿਚੋਲਾ ਸੰਤਾਂ ਕੋਲ ਪਹੁੰਚਣਾ

ਅੱਜ ਮੇਰੇ ਕੋਲ ਇੱਕ ਵਿਚੋਲਾ ਵੀ ਆਇਆ ਸੀ ਉਹਦਾ। ਮੁੱਖ ਮੰਤਰੀ ਦਾ ਵਿਚੋਲਾ ਆਇਆ ਸੀ, (ਕਹਿੰਦਾ ਸੀ) 'ਸੰਤ ਜੀ ਨਾਨਕ ਨਿਵਾਸ ਵਿੱਚ ਲਿਆ ਕੇ ਮੁਆਫ਼ੀ ਮਗਵਾ ਦੇਨੇ ਆਂ।' ਗੁਰੂ ਕੇ ਸਿੱਖ ਦਾ ਫਰਜ਼ ਹੈ,

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥

(ਬਿਹਾਗੜਾ ਮ: ੫, ੫੪੪)

(ਕਈ ਬੰਦੇ) ਪੰਗਤੀਆਂ ਸਿੱਖ ਲੈਂਦੇ (ਆ ਆਪਣੇ) ਪ੍ਰਯੋਜਨ ਵਾਸਤੇ। ਜਦੋਂ ਜਪੁਜੀ ਸਾਹਿਬ ਵਿੱਚ ਆਉਂਦਾ,

"ਕੇਤੇ ਲੈ ਲੈ ਮੁਕਰ ਪਾਹਿ ॥"

(ਜਪੁ, ੫)

ਇੱਕ ਪ੍ਰੇਮੀ ਮਿਲ ਗਿਆ ਮੈਨੂੰ, ਪਿੰਡ ਦੀ ਗੱਲ ਆ। ਕਹਿਣ ਲੱਗਾ ਸੰਤ ਜੀ ਇਹ ਪੰਗਤੀ ਦੇ ਅਰਥ ਕੀ ਆ ? ਮੈਂ ਆਖਿਆ ਕੀ ਕਾਰਨ ਆ ? ਅਖੇ ਜੀ ਗੁਰੂ ਸਾਹਿਬ ਨੇ ਕਿਹਾ ਲੈ ਲੈ ਕੇ ਮੁਕਰੀ ਜਾਵੋ, ਦਿਆ ਨਾ ਕਰੋ। ਮੈਂ ਆਖਿਆ ਤੇ ਅਗਾਂਹ ਵਾਲੀ ਪੰਗਤੀ....? ਆਂਦਾ ਜੀ ਉਹ ਜਪੁਜੀ ਸਾਹਿਬ ਤੁਸੀਂ ਪੜ੍ਹ ਲਉ, ਸਾਰਾ ਮੇਰੇ ਵਾਸਤੇ ਈ ਆ ? ਐਸੀ ਹਾਲਤ ਆ.....। ਇੱਕ ਪਾਸੇ ਅਤਿਆਚਾਰ ਹੋ ਰਹੇ ਆ। ਇੱਕ ਪਾਸੇ ਕਹਿੰਦੇ ਅਸੀਂ ਮੁਆਫ਼ੀ ਵਾਸਤੇ ਇਥੇ ਲੈ ਆਉਂਨੇ ਆਂ ਤੇ ਮੈਂ ਉਹਨਾਂ ਨੂੰ ਪੁੱਛਿਆ, ਦੂਜਾ ਇਤਿਹਾਸ ਦਾ ਪੰਨਾ ਵੀ ਕਦੇ ਫੋਲਿਆ ਕਿ ਨਹੀਂ ? ਕਹਿੰਦਾ ਕੀ ? ਮੈਂ ਆਖਿਆ ਚੰਦੂ ਨੂੰ ਮੁਆਫ਼ੀ ਮਿਲੀ ਸੀ ? ਕਹਿੰਦਾ ਨਹੀਂ ਮਿਲੀ। ਮੈਂ ਆਖਿਆ ਚੇਤੇ

ਮਸੰਦ ਨੇ ਮਿੰਨਤ ਕੱਢੀ ਹੋਵੇਗੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਕਿ ਨਹੀਂ ਕੱਢੀ ਹੋਵੇਗੀ ? (ਜਦੋਂ) ਗੁੜ ਸਿਰ 'ਚ ਪੈਂਦਾ ਸੀ ਤੱਤਾ-ਤੱਤਾ, ਗਰਮ-ਗਰਮ। ਕਹਿੰਦਾ ਕੱਢੀ ਤਾਂ ਹੋਵੇਗੀ ਮਿੰਨਤ ਜ਼ਰੂਰ, ਬੇਨਤੀ ਕੀਤੀ ਹੋਵੇਗੀ। ਮੈਂ ਆਖਿਆ, ਕੀ ਦਸਵੇਂ ਪਾਤਿਸ਼ਾਹ ਨੇ ਕਹਿ ਦਿੱਤਾ ਸੀ ਸਿੰਘ ਨੂੰ, ਦਇਆ ਸਿੰਘ ਨੂੰ ਕਿ ਹੁਣ ਨਾ ਇਹਦੇ ਡੋਰ੍ਹਾ ਸਿਰ 'ਚ ਭਰ ਕੇ ਪਾਵੀਂ ? ਕਹਿੰਦਾ ਨਹੀਂ.....। ਮੈਂ ਆਖਿਆ ਇਸ਼ਟ ਨੂੰ ਅੱਗ ਲੱਗੀ ਆ, ਤੇਰੀ ਜ਼ਬਾਨ ਤੋਂ ਕੋਈ ਗੱਲ ਨਿਕਲੀ ਆ ? ਕਹਿੰਦਾ ਨਹੀਂ ਤੇ ਮੈਂ ਆਖਿਆ ਮੁਆਫ਼ੀ ਮੰਗਣ ਵਾਸਤੇ ਕਿਸ ਵਾਸਤੇ ਆ ਗਿਆਂ ? ਕਿਹੜੇ ਮੂੰਹ ਨਾਲ ਆਇਆਂ ਮੁਆਫ਼ੀ ਮੰਗਣ ? ਥਾਂ ਥਾਂ 'ਤੇ ਇਜ਼ਤ ਲੁੱਟੀ ਜਾ ਰਹੀ ਆ, ਗੁਰਦੁਆਰੇ ਢਹਿੰਦੇ ਜਾ ਰਹੇ ਆ, ਪਵਿੱਤਰ ਸਰੂਪ ਦੀ ਪਵਿੱਤਰਤਾ ਭੰਗ ਕੀਤੀ ਜਾ ਰਹੀ ਆ ਤੇ ਇਹ ਬਹੁਰੂਪੀਏ ਵਿੱਚੋਂ ਉੱਠ ਉੱਠ ਕੇ ਕਹੀ ਜਾਂਦੇ ਆ ਜੀ, 'ਅਖੇ ਕੋਈ ਗੱਲ ਨਹੀਂ, ਕੋਈ ਗੜਬੜ ਨਹੀਂ।' ਇਹਦਾ ਮੁੱਖ ਕਾਰਨ ਇਹ ਆ ਕਿ ਅਸੀਂ ਸ਼ਾਂਤੀ ਸ਼ਾਂਤੀ ਕੂਕਦੇ ਹਾਂ, ਉਹ ਸਾਡੇ ਤੇ ਜ਼ਬਰ ਕਰੀ ਜਾਂਦੇ ਆ, ਪਰ :

ਹੱਥਾਂ ਬਾਜ ਕਰਾਰਿਆਂ ਵੈਰੀ ਨਹੀਂ ਹੁੰਦਾ ਮਿੱਤ ॥

ਜਦੋਂ ਤੱਕ ਇਹਨਾਂ ਨੂੰ ਲੋਹੇ ਦੇ ਚਣੇ ਨਹੀਂ ਚਬਾਉਂਦੇ, ਤਦੋਂ ਤੱਕ ਇਹਨਾਂ ਨੇ ਸੂਤ ਨਹੀਂ ਆਉਣਾਂ, ਠੀਕ ਨਹੀਂ ਹੋਣਾਂ।

ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋਣ ਦੀ ਅਪੀਲ

ਨੌਜੁਆਨੋਂ ਸਾਵਧਾਨ ਹੋਵੋ, ਹਥਿਆਰ ਰੱਖੋ ਕੋਲ ਤੇ ਆਪਸ ਵਿੱਚ ਰਹੋ ਮਿਲ ਕੇ ਤੇ ਨਸ਼ੇ ਦਾ ਕਰੋ ਤਿਆਗ। ਅੰਮ੍ਰਿਤ ਛਕੋ ਤੇ ਜਦੋਂ ਤੱਕ ਗੁਰਬਾਣੀ ਨਹੀਂ ਪੜ੍ਹਦੇ, ਦਿਲ ਠੋਸ ਨਹੀਂ ਬਣਨਾ। ਬਾਣੀ ਪੜ੍ਹਨ ਵਾਲਾ ਬੰਦ ਬੰਦ ਕਟਵਾ ਸਕਦਾ, ਬਾਣੀ ਪੜ੍ਹਨ ਵਾਲਾ ਸੀਸ ਤਲੀ 'ਤੇ ਰੱਖ ਕੇ ਤਿੰਨ ਮੀਲ ਤੁਰ ਸਕਦਾ, ਬਾਣੀ ਪੜ੍ਹਨ ਵਾਲਾ ਮਸਤ ਹਾਥੀ ਦੇ ਮੱਥੇ 'ਚ ਬਰਛੀ ਮਾਰ ਕੇ, ਉਹਨੂੰ ਪਿੱਛੇ ਭੁਆਂ ਸਕਦਾ। ਅੱਜ ਤੱਕ ਕਿਸੇ ਸ਼ਰਾਬ ਪੀਣ ਵਾਲੇ ਨੇ ਖੋਪਰੀ ਲੁਹਾ ਕੇ ਜ਼ਾਲਮ ਨੂੰ, ਜ਼ੁਲਮ ਕਮਾਉਣ ਵਾਲੇ ਨੂੰ, ਅੱਗੇ ਲਾ ਕੇ ਕਦੇ ਨਹੀਂ ਤੋਰਿਆ। ਜੇ ਤੋਰਿਆ ਤੇ ਕੇਵਲ ਗੁਰਬਾਣੀ ਪੜ੍ਹਨ ਵਾਲੇ ਨੇ ਤੋਰਿਆ ਤੇ ਜੇ ਆਪਾਂ ਇਕੱਲੀਆਂ ਗੱਲਾਂ ਕਰੀ ਚੱਲਾਂਗੇ, ਗੱਲਾਂ ਦੇ ਪ੍ਰਸ਼ਾਦ ਨਾਲ ਆਪਾ ਸਭ ਜਾਵੇਗਾ, ਪੱਲੇ ਕੁਝ ਨਹੀਂ ਜੇ ਪੈਣਾ। ਇਕਾਗਰਤਾ ਸਹਿਤ ਹੋਵੋ ਤੇ ਮਿਲ ਕੇ ਚੱਲੋ। ਐਸੇ ਲੋਕਾਂ ਤੋਂ ਬਚਣ ਦੀ ਲੋੜ ਆ ਖ਼ਾਲਸਾ ਜੀ।

ਉਹਨਾਂ ਜਦੋਂ ਗੁਰਮੁਖਾਂ ਨੂੰ ਇਹ ਗੱਲ ਮੈਂ ਪੁੱਛੀ, 'ਭਈ ਇਹਦਾ ਤੁਹਾਡੇ ਕੋਲ ਕੋਈ ਜਵਾਬ ਹੈ ?' (ਕਹਿਣ ਲੱਗੇ), 'ਸੰਤ ਜੀ ਇਹਦਾ ਜਵਾਬ ਤਾਂ ਕੋਈ ਨਹੀਂ। ਅਸੀਂ ਤਾਂ ਭੁਲੇਖੇ 'ਚ ਈ ਰਹੇ ਆਂ। ਤੁਹਾਨੂੰ ਅੱਤਵਾਦੀ ਕਹਿੰਦੇ ਸੀ, ਪਰ ਸਾਨੂੰ ਤਾਂ ਪਤਾ ਲੱਗਾ ਅੱਜ ਈ ਕਿ ਤੂੰ ਇਹੋ ਜਿਹਾ ਬੰਦਾ।' ਇਹ ਕਿਉਂ ਪਤਾ ਲੱਗਾ ਅੱਜ, ਕਿਉਂਕਿ ਅੱਜ ਆਪ ਦੇ ਘਰੇ ਬਸੰਤਰ ਮੱਚੀ ਆ ? ਇਕੱਲਿਆਂ ਦੇ ਸੀ ਅੱਗੇ ਆਪਣੇ (ਸਾਡੇ) ਤੇ ਇਹ ਨਹੀਂ ਮੈਂ ਕਹਿੰਦਾ ਇਹਨਾਂ ਨੂੰ ਕੋਈ ਘਾਟਾ ਪੈ ਰਿਹਾ ਤਾਂ ਮੈਂ ਖੁਸ਼ ਹਾਂ। ਮੈਂ ਇਹ ਜ਼ਰੂਰ ਕਹਾਂਗਾ ਕਿ ਜਿਹੜੇ ਇਹ ਟੈਕਸ ਜਾਂ ਇਹੋ ਜਿਹਾ ਵਾਧਾ, ਇਹਨਾਂ ਇੰਡਸਟਰੀਆਂ ਦੇ ਉੱਪਰ ਕੀਤਾ ਜਾ ਰਿਹਾ, ਇਹਦੇ ਵਾਸਤੇ ਵੀ ਆਪਾਂ ਸਾਰਿਆਂ ਨੂੰ ਰਲ਼ ਕੇ ਹੰਭਲਾ ਮਾਰਨਾ ਚਾਹੀਦਾ ਤੇ ਗੌਰਮੈਂਟ ਨੂੰ ਚਿਤਾਵਨੀ ਇਸ ਗੱਲ ਦੀ ਦੇਣੀ ਚਾਹੀਦੀ ਆ। ਜਿਸ ਕਰਕੇ ਇਹ ਸਾਰੇ ਪੰਜਾਬ ਦੇ ਵਸਨੀਕ ਸੌਖੇ ਵੱਸ ਸਕਣ, ਪਰ ਐਸੀਆਂ ਚਿਤਾਵਨੀਆਂ

ਤਾਂ ਦਿੰਦੇ ਰਹੀਏ ਤੇ ਆਪਣੀਆਂ ਇਜ਼ਤਾਂ ਲੁੱਟੀ ਦੀਆਂ ਜਾਣ ਤੇ ਪੰਜਾਬ ਵਿੱਚੋਂ ਇੱਕ ਵੀ ਹਿੰਦੂ ਭਾਈ ਉੱਠ ਕੇ ਤੇ ਹਾਅ ਦਾ ਨਾਹਰਾ ਨਾ ਮਾਰੇ। ਇਹਦੇ ਵੱਲ ਧਿਆਨ ਦੇਣਾ ਪਵੇਗਾ ਆਪਾਂ ਨੂੰ, ਸਾਰਿਆਂ ਨੂੰ।

ਗੁਰੂ ਗਰੰਥ ਸਾਹਿਬ ਬੇ-ਅਦਬੀ ਕਰਨ ਵਾਲਿਆਂ ਨੂੰ ਸਜ਼ਾ ਦੇਣ ਦੀ ਅਪੀਲ

ਬਹੁਤ ਮਨ 'ਤੇ ਠੇਸ ਪਹੁੰਚੀ ਆ। ਜਿਸ ਮਨੁੱਖ ਨੇ ਸਰੂਪ ਦੀ ਬੇ-ਅਦਬੀ ਕੀਤੀ ਆ, ਨਿਸ਼ਾਨ ਸਾਹਿਬ ਵੱਢਿਆ, ਜੇ ਉਸ ਮਨੁੱਖ ਦਾ ਤੁਹਾਨੂੰ ਕਿਸੇ ਨੌਜੁਆਨ ਨੂੰ ਪਤਾ ਲਗਦਾ। ਉਹ ਕਿਤੇ ਵੀ ਮਿਲ ਪੈਂਦਾ, ਉਹਦੇ ਨਾਲ ਢਿੱਲ ਨਹੀਂ ਕਰਨੀ ਚਾਹੀਦੀ, ਕਿਉਂਕਿ ਇਤਿਹਾਸ ਗਵਾਹ ਆ.....। ਮਨੁੱਖ ਦੇ ਕਾਤਲ ਵਾਸਤੇ ਪੁਲੀਸ ਰਿਮਾਂਡ ਆ, ਜੁਡੀਸ਼ੀਅਲੀ ਰਿਮਾਂਡ ਹੈ। ਮਨੁੱਖ ਦੇ ਕਾਤਲ ਵਾਸਤੇ ਜੇਲ੍ਹ ਆ, ਕੋਠੀ ਆ, ਫਾਂਸੀ ਆ, ਪਰ ਗੁਰੂ ਦੇ ਕਾਤਲ ਵਾਸਤੇ ਇਹ ਚੀਜ਼ਾਂ ਨਹੀਂ। ਗੁਰੂ ਦੇ ਕਾਤਲ ਵਾਸਤੇ ਗੁਰੂ ਕੀ ਸਾਧ ਸੰਗਤ ਆ, ਜਿਸ ਦਾ ਇਤਿਹਾਸ ਗਵਾਹ ਹੈ। ਚੰਦੂ ਨੇ ਗੁਰੂ ਨੂੰ ਕਤਲ ਕੀਤਾ, ਸ਼ਹੀਦ ਕੀਤਾ ਪਰ ਚੰਦੂ ਨੂੰ ਕਿਸੇ ਕਚਹਿਰੀ ਕਟਹਿਰੇ ਵਿੱਚ ਨਹੀਂ ਖੜਾ ਕੀਤਾ। ਚੰਦੂ ਨੂੰ ਗੁਰੂ ਸਾਹਿਬ ਦੇ, ਗੁਰੂ ਕੀ ਸੰਗਤ ਦੇ ਹਵਾਲੇ ਕੀਤਾ ਤੇ ਭਾਈ ਜੇਠੇ ਨੇ, ਭਾਈ ਬਿਦੀ ਚੰਦ ਨੇ, ਉਸ ਚੰਡਾਲ ਨੂੰ ਲਿਆ ਕੇ, ਕੁੱਤਿਆਂ ਵਿੱਚ ਬੰਨ ਕੇ, ਕੌਡੀ ਕੌਡੀ ਮਰਵਾ ਕੇ ਉਹਨੂੰ ਦੰਡ ਦਿੱਤਾ ਸੀ ਤੇ ਜੇ ਕਚਹਿਰੀਆਂ ਵਿੱਚ ਉਹਦਾ ਕੇਸ ਭੁਗਤਾਉਣਾ ਹੁੰਦਾ ਤੇ ਕਦਾਚਿਤ ਆਪਣੀ ਜਿੱਤ ਨਹੀਂ ਸੀ ਹੋਣੀ। ਇਸ ਵਾਸਤੇ ਗੁਰੂ ਦੇ ਕਾਤਲ ਵਾਸਤੇ ਜੁਡੀਸ਼ੀਅਲੀ ਇਨਕੁਆਰੀ ਨਹੀਂ ਚਾਹੀਦੀ, ਦੂਜੀ ਇਨਕੁਆਰੀ ਚਾਹੀਦੀ ਆ.....। ਇਨਕੁਆਰੀਆਂ ਵਿੱਚ ਇਨਸਾਫ਼ ਖ਼ਾਲਸਾ ਜੀ ਉਥੇ ਮਿਲਦਾ, ਜਿੱਥੇ ਕੋਈ ਦਲੀਲ, ਵਕੀਲ ਤੇ ਅਪੀਲ ਦੀ ਗੱਲ ਹੋਵੇ। ਜਿੱਥੇ ਹੈ ਈ ਸਰਾਸਰ ਧੱਕਾ। ਇਹ ਨਿਰਣਾ ਕੀਤਾ ਕਿ ਸਿੱਖਾਂ ਨੂੰ ਖਤਮ ਈ ਕਰਨਾ, ਇਹਨਾਂ ਦੀਆਂ ਪੱਗਾਂ ਦੀ ਬੇ-ਇਜ਼ਤੀ ਕਰਨੀ ਆਂ,। ਇਹਨਾਂ ਦੇ ਧਰਮ ਨੂੰ ਨਸ਼ਟ ਕਰਨਾ, ਉਥੇ ਫਿਰ ਵਕੀਲ ਤੇ ਦਲੀਲ ਤੁਹਾਨੂੰ ਕਰਨ ਦੀ ਕੀ ਲੋੜ ਆ ? ਜਦੋਂ ਝਟਕਾਏ ਹੋਣਗੇ ਥਾਂ ਥਾਂ 'ਤੇ ਗੁਰੂ ਦੀ ਬੇ-ਅਦਬੀ ਕਰਨ ਵਾਲੇ, ਵਕੀਲ ਉਹ ਭਾਲਦੇ ਫਿਰਨ, ਆਪਾਂ ਨੂੰ ਕੀ ਲੋੜ ਆ ?

ਇਕੱਠੇ ਹੋਵੋ, ਮੈਂ ਆਪਣੇ ਵੱਲੋਂ ਜਾਣ ਵਾਲੇ ਜਿਹੜੇ ਸੱਜਣ ਹਨ, ਭਾਈ ਭਰਪੂਰ ਸਿੰਘ ਜੀ ਬਹਿਲਾ ਅਤੇ ਭਾਈ ਪ੍ਰਲਾਦ ਸਿੰਘ ਜੀ ਗਿੱਲ ਸਾਬਕਾ ਐਮ. ਐਲ. ਏ. ਅਤੇ ਗੁਰਮੁਖ ਪਿਆਰੇ ਭਾਈ ਦਵਿੰਦਰ ਪਾਲ ਸਿੰਘ ਜੀ, ਉਹਨਾਂ ਸਾਰਿਆਂ ਦਾ ਧੰਨਵਾਦ ਕਰਦਾ ਹਾਂ, ਜਥੇ 'ਚ ਜਿਹੜੇ ਜਾਣ ਵਾਲੇ ਸੱਜਣ ਹਨ, ਉਹਨਾਂ ਦਾ ਵੀ ਧੰਨਵਾਦ ਕਰਦਾਂ ਤੇ ਵਧਾਈ ਦਿੰਦਾ ਹਾਂ। ਜਿਹੜੇ ਸਿੰਘਾਂ ਨੇ..... ਅੱਜ ਤਕਰੀਬਨ ਕੋਈ ੨੦੦ ਸਿੰਘਾਂ ਨੇ ਦਾਹੜੀ ਰੱਖੀ ਹੋਵੇਗੀ, ਉਹਨਾਂ ਨੂੰ ਬੇਨਤੀ ਕਰਾਂਗਾ ਹੱਥ ਜੋੜ ਕੇ ਨਿਮਰਤਾ ਸਹਿਤ। ਉਥੇ ਵੀ ਕੀਤੀ ਸੀ, ਇਥੇ ਹਜ਼ੂਰ ਦੀ ਹਜ਼ੂਰੀ ਵਿੱਚ ਬੈਠੇ ਆ, ਜਿਹਨਾਂ-ਜਿਹਨਾਂ ਨੇ ਸ਼ਰਾਬ ਛੱਡਣ ਦਾ ਤੇ ਦਾਹੜੀ ਕੇਸ ਰੱਖਣ ਦਾ ਅੱਜ ਪ੍ਰਣ ਕੀਤਾ ਆ। ਉਹਨਾਂ ਨੂੰ ਗਲ਼ 'ਚ ਪੱਲਾ ਪਾ ਕੇ ਆਪਣੇ ਭਰਾ ਬਣਾ ਕੇ ਬੇਨਤੀ ਕਰਦਾਂ ਕਿ ਇਸ ਕੀਤੇ ਹੋਏ ਬਚਨ ਤੋਂ ਖਿਸਕਿਉ ਨਾ, ਨਹੀਂ ਤੇ ਗੁਰੂ ਕੇ ਆਪਾਂ ਦੇਣਦਾਰ ਹੋਵਾਂਗੇ। ਇਥੇ ਹਜ਼ੂਰ ਦੀ ਹਜ਼ੂਰੀ ਵਿੱਚ ਖਿਸਕ ਕੇ ਕਿਸੇ ਨੂੰ ਕਦੇ ਟਿਕਾਣਾ ਨਹੀਂ ਕੋਈ ਮਿਲਦਾ ਹੈਗਾ।

ਟਰਾਂਸਮੀਟਰ ਬਾਰੇ ਸਰਕਾਰੀ ਬਿਆਨ 'ਤੇ ਸੰਤਾਂ ਦਾ ਪ੍ਰਤੀਕਰਮ

ਬਾਕੀ ਆਹ ਟਰਾਂਸਮੀਟਰਾਂ ਦੀ ਗੱਲ ਜਰਾ ਚੱਲੀ ਸੀ। ਕਹਿੰਦੇ ਇਹਨਾਂ ਨੇ ਅਸੂਲ ਮੰਨਿਆ। ਖ਼ਾਲਸਾ ਜੀ ਅਸੂਲ ਜ਼ਰੂਰ ਮੰਨਿਆ ਹੋਵੇਗਾ, ਪਰ ਮੈਂ ਤਾਂ ਇਹ ਨਿਸਚਾ ਕੀਤਾ ਕਿ ਸ਼ਰਾਰਤ ਹੈ ਅਤੇ ਆਪਣੇ ਨਾਲ ਧੋਖਾ.....। ਅਸੂਲ ਅਸਾਲ ਉਹਨਾਂ ਕੋਈ ਨਹੀਂ ਮੰਨਿਆ ਅਜੇ। ਧੋਖਾ ਤੇ ਸ਼ਰਾਰਤ ਆ। ਮੰਨਿਆਂ ਕੀ ਆ ਜੀ ? (ਕਿ) ਜਲੰਧਰ ਤੋਂ ਅਸੀਂ ਕੀਰਤਨ ਸੁਣਾ ਦਿਆਂਗੇ, ਰਿਲੇਅ ਕਰ ਦਿਆਂਗੇ ਤੇ ਕੀ ਗੱਲ ਆ ? ਅਸੀਂ ਆਹਨੇਂ ਆਂ ਟਰਾਂਸਮੀਟਰ ਸਾਨੂੰ ਇਥੇ ਲਾ ਕੇ ਦਿਉ। ਹੁਣ ਕਹਿੰਦੇ ਜੀ ਸ਼ਕਤੀਸ਼ਾਲੀ ਉਥੇ ਜਲੰਧਰ ਲੱਗ ਜਾਊ। ਇਥੇ ਸ਼ਕਤੀਸ਼ਾਲੀ ਨੂੰ ਹਵਾ ਢਾਹ ਦੇਵੇਗੀ ਅਕਾਸ਼ ਵਿੱਚੋਂ ? ਇਥੇ ਕਿਉਂ ਨਹੀਂ ਮੰਨਦੇ ? ਅੱਜ ੨੫ ਕੁ ਦਿਨ ਹੋਵੇ, ਖ਼ਬਰ ਆਈ ਸੀ। ਵੇਦਾਂ ਦੇ ਪ੍ਰਸਾਰਨ ਵਾਸਤੇ, ਬੰਬਈ, ਕਲਕੱਤਾ, ਮਥਰਾ ਤੇ ਕਾਨਪੁਰ, ਇਹਨਾਂ ਚੌਹਾਂ ਥਾਵਾਂ ਵਿੱਚ, ਟਰਾਂਸਮੀਟਰ ਲੱਗੇਗਾ। ਵੇਦਾਂ ਦੇ ਪ੍ਰਸਾਰਨ ਵਾਸਤੇ, ਵੇਦਾਂ ਦੇ ਪ੍ਰਚਾਰ ਵਾਸਤੇ..... ਤੇ ਜੇ ਵੇਦਾਂ ਵਾਸਤੇ ਲੱਗ ਸਕਦ ਤੇ ਗੁਰੂ ਕੀ ਬਾਣੀ ਵਾਸਤੇ ਕਿਉਂ ਨਹੀਂ ਲੱਗ ਸਕਦਾ ਹੈਗਾ ?

੨੦੦ ਗਜ਼ ਇਲਾਕੇ ਨੂੰ ਪਵਿੱਤਰ ਕਰਾਰ ਦੇਣ ਦੇ ਸਰਕਾਰੀ ਐਲਾਨ 'ਤੇ ਪ੍ਰਤੀਕਰਮ

ਜੇ ਇਸ ਅਸਥਾਨ ਨੂੰ ਪਵਿੱਤਰ ਦਰਜਾ....ਕਹਿੰਦੇ ਜੀ ਦੋ ਕੁ ਸੌ ਗਜ.....। ੨੦੦ ਗਜ ਤਾਂ ਦਰਬਾਰ ਸਾਹਿਬ ਤੋਂ ਗਿਣੀਏ ਤਾਂ ਸ਼ਾਇਦ ਆਹ ਦਰਸ਼ਨੀ ਦਿਉੜੀ (ਤੱਕ) ਬਣ ਜਾਊ। ਪਰਲੇ ਪਾਸੇ ਭਾਵੇਂ ਖੇਤੀ ਤੰਬਾਕੂ ਦੀ ਬੀਜੀ ਜਾਣ ਇਹ। ਫਿਰ ਇਥੇ ਸਟੇਜਾਂ 'ਤੇ ਅਖ਼ਬਾਰਾਂ 'ਚੋਂ ਗੱਲਾਂ ਆਉਂਦੀਆਂ, ਉਹ ਆਪਾਂ ਬੋਲਦੇ ਆਂ। ਇਹ ਡੈਪੋਟੇਸ਼ਨ ਲੈ ਕੇ ਜਾ ਕੇ ਦਿੱਲੀ ਮਿਲਦੇ ਆ ਮਹਾਸ਼ੇ। ਜੇ ਜੀ ਇਥੇ ਪਵਿੱਤਰ ਦਰਜਾ ਦੇ ਦਿੱਤਾ ਅੱਗ ਲੱਗ ਜਾਏਗੀ। ਉਹ ਪਾਣੀ ਡੋਲਿਆਂ ਅੱਗ ਲੱਗਦੀ ਹੁੰਦੀ ਆ ਕਿ ਪੈਟਰੋਲ ਪਾਇਆਂ ਅੱਗ ਲੱਗਦੀ ਹੁੰਦੀ ਆ ? ਇਹਨੂੰ ਪਵਿੱਤਰ ਦਰਜਾ ਦੇਣ ਵਾਸਤੇ ਮਿਲ ਕੇ ਦਲੀਲਾਂ ਦਿੰਦੇ ਆ, ਸਾਨੂੰ ਜੀ ਪੁੱਛਿਆ ਕਿਉਂ ਨਹੀਂ ? ਸਾਨੂੰ ਹਿੰਦੂ ਵੀਰਾਂ ਨੂੰ ਪੁੱਛਣਾ ਚਾਹੀਦਾ, ਆਹ ਤੁਸੀਂ ਪਹੇੜਾ ਸਾਹਿਬ ਨੂੰ ਪਵਿੱਤਰ ਦਰਜਾ ਦਿੱਤਾ (ਕੀ) ਕਿਸੇ ਸਿੱਖ ਨੂੰ ਪੁੱਛਿਆ ? ਮਥਰਾ ਨੂੰ ਪਵਿੱਤਰ ਦਰਜਾ ਦਿੱਤਾ (ਕੀ) ਸਿੱਖ ਦੀ ਸਲਾਹ ਲਈ ਆ ? ਆਹ ਵੈਸ਼ਨੋ ਦੇਵੀ ਨੂੰ ਕਹਿੰਦੇ ਗੰਢੇ ਦਾ ਮੁਸ਼ਕ ਆ ਜਾਂਦਾ (ਪਰ) ਗੁਰੂ ਸਾਹਿਬ ਨੂੰ ਕਹਿੰਦੇ ਤੰਬਾਕੂ ਦਾ ਮੁਸ਼ਕ ਵੀ ਨਹੀਂ ਆਉਂਦਾ। ਵੈਸ਼ਨੋ ਦੇਵੀ ਦਾ ਨੱਕ ਬਹੁਤਾ ਖੁੱਲਾ ਹੋਣਾ ਨਾ। ਇੰਨੀ ਘਿਰਣਾ ਯੋਗ, ਇੰਨੀ ਨਫ਼ਰਤ, ਇੰਨੀ ਫਿਰਕਾ ਪ੍ਰਸਤੀ, ਇਹਦੇ ਤੋਂ ਬਚਣ ਦੀ ਲੋੜ ਆ।

ਸ਼ਸ਼ਤਰਧਾਰੀ ਹੋਣ ਦੀ ਅਪੀਲ

ਇਹ ਗੱਲਾਂ-ਬਾਤਾਂ ਨਾਲ ਜਿੰਨਾ ਚਿਰ ਕੰਮ ਚਲਦਾ ਤਾਂ ਚਲਾਈ ਚੱਲੀਏ, ਪਰ ਆਪਣੀ ਤਿਆਰੀ ਪੂਰੀ ਕਰੋ। ਇਹ ਨਾ ਹੋਵੇ ਜਿੱਦੋਂ ਲੌਂਗੋਵਾਲ ਸਾਹਿਬ ਦਾ ਐਲਾਨ ਹੋਵੇ ਤੇ ਤੁਸੀਂ ਭਾਲਦੇ ਫਿਰੋ

ਕਿਹੜੇ ਬਾਰਡਰ ਦੀ ਲੰਘਣਾ। ਉਦੋਂ ਕਿਸੇ ਨੈ ਨਹੀਂ ਲੰਘਣ ਦੇਣਾ, ਤਿਆਰੀ ਆਪਣੀ ਪੂਰੀ ਕਰੋ ਤੇ ਜਿੱਦੇਂ ਖੜਕ ਪਵੇ, ਮਜ਼ਲੂਮ 'ਤੇ ਵਾਰ ਨਹੀਂ ਕਰਨਾ, ਬੀਬੀ 'ਤੇ ਵਾਰ ਨਹੀਂ ਕਰਨਾ, ਬਜ਼ੁਰਗ 'ਤੇ ਵਾਰ ਨਹੀਂ ਕਰਨਾ। ਜਿਹੜਾ ਗੁਰੂ ਗਰੰਥ ਸਾਹਿਬ ਦੀ ਬੇ-ਅਦਬੀ ਕਰਨ ਵਾਲਾ, ਉਹਦਾ ਲਿਹਾਜ਼ ਨਹੀਂ ਕਰਨਾ, ਜਾਣ ਵਾਲੇ ਜਥੇ ਦਾ ਧੰਨਵਾਦ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

* * *

ਵਿਆਖਿਆਨ - ੬.

(ਦੀਵਾਨ ਹਾਲ ਮੰਜੀ ਸਾਹਿਬ, ਅੰਮ੍ਰਿਤਸਰ, ੨੭-੦੩-੧੯੮੩)

ਸਟੇਜ ਸੈਕਟਰੀ - ਹੁਣ ਸਤਿਕਾਰਯੋਗ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਆਪਣੇ ਵਿਚਾਰ ਰੱਖ ਰਹੇ ਹਨ ਔਰ ਸ਼ਹੀਦ ਨੂੰ ਸ਼ਰਧਾਜਲੀ ਭੇਟ ਕਰਨਗੇ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸਤਿਗੁਰੂ ਗਰੀਬ ਨਿਵਾਜ਼, ਸੱਚੇ ਪਾਤਿਸ਼ਾਹ ਜੀ ਦੀ ਸਾਜ਼ੀ ਨਿਵਾਜ਼ੀ ਗੁਰੂ ਰੂਪ ਗੁਰੂ ਖ਼ਾਲਸਾ, ਸਾਧ ਸੰਗਤ ਜੀਉ, ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਭਾਈ ਹਰਦੇਵ ਸਿੰਘ ਦੀ ਸ਼ਹਾਦਤ

ਗੁਰੂ ਪਿਆਰੇ ਖ਼ਾਲਸਾ ਜੀ ਅੱਜ ਆਪਾਂ ਸ਼ਹੀਦ ਭਾਈ ਹਰਦੇਵ ਸਿੰਘ ਜੀ ਦੀ ਪਵਿੱਤਰ ਯਾਦ ਵਿੱਚ ਇਕੱਤਰ ਹੋਏ ਹਾਂ ਤੇ ਸ਼ਹਾਦਤ ਜਿਸ ਤਰੀਕੇ ਦੇ ਨਾਲ, ਸੜਕ ਉੱਪਰ ਜਾਂਦੇ ਹੋਇਆਂ, ਪੁਲੀਸ ਨੇ ਸਿੱਖ ਸੰਗਤਾਂ ਦੇ ਮਨ ਵਿੱਚ ਦਹਿਸ਼ਤ ਬੈਠਾਉਣ ਵਾਸਤੇ ਅਤੇ ਇਸ ਦਮਦਮੀ ਟਕਸਾਲ ਨੂੰ, ਜਿਸ ਨੂੰ ਭਿੰਡਰਾਂਵਾਲੀ ਟਕਸਾਲ ਕਿਹਾ ਜਾਂਦਾ, ਖ਼ਤਮ ਕਰਨ ਦੀ ਘਾੜਤ ਘੜ ਕੇ, ਇਹ ਹੀਆ ਕੀਤਾ ਹੈ। ਮੈਂ ਸਮਝਦਾ ਹਾਂ ਕਿ ਇਦੋਂ ਵੱਡੀ ਕੋਈ ਬੁਜ਼ਦਿਲੀ ਨਹੀਂ ਹੋ ਸਕਦੀ ਤੇ ਇਸ ਤੋਂ ਵੱਡਾ ਸਰਕਾਰ ਨੂੰ ਕੋਈ ਭੁਲੇਖਾ ਵੀ ਨਹੀਂ ਹੋ ਸਕਦਾ। ਜਿਸ ਟਕਸਾਲ ਨੂੰ ਖ਼ਤਮ ਕਰਨ ਵਾਸਤੇ ਅਹਿਮਦ ਸ਼ਾਹ ਅਬਦਾਲੀ ਵਰਗੇ, ਹੋਰ ਉਸ ਟਾਈਮ ਦੇ ਜ਼ਾਲਮ ਲੋਕਾਂ ਨੇ ਯਤਨ ਕੀਤਾ ਪਰ ਇਸ ਟਕਸਾਲ ਨੂੰ ਖ਼ਤਮ ਨਹੀਂ ਕਰ ਸਕੇ, ਅਖੀਰ ਆਪ ਖ਼ਤਮ ਹੋਏ।

ਪੰਜਾਬ ਦੇ ਮੁੱਖ ਮੰਤਰੀ ਜ਼ਕਰੀਏ ਨੇ, ਜੋ ਬਹੁ ਰੂਪੀਏ ਰੂਪ ਵਿੱਚ....., ਹੈ ਤੇ ਆਪਣੇ ਆਪ ਨੂੰ ਸਿੱਖ ਕਹਿਲਾਉਣ ਦਾ ਬੜਾ ਭਾਰੀ....., ਸਮਝਦਾ ਕਿ ਮੈਂ ਬਹੁਤ ਵੱਡਾ ਸਿਆਣਾ ਹਾਂ। ਬਹੁਤ ਚਰਚਾ ਚੱਲੀ ਅਖ਼ਬਾਰਾਂ ਵਿੱਚ, ਅਜੇ ਵੀ ਚੱਲ ਰਹੀ ਹੈ ਕਿ ਇਹ ਲਾਸ਼ ਨਾਨਕ ਨਿਵਾਸ ਵਿੱਚ ਕਿਉਂ ਲਿਆਂਦੀ ਗਈ ? ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਇਸ ਦੀ ਨਿਖੇਧੀ ਕਰੇ। ਉਹ ਅੱਗੋਂ ਜਿਹੜੇ ਜਵਾਬ ਮਿਲੇ ਆ, ਉਹ ਤੁਸਾਂ ਸਾਰਿਆਂ ਨੇ ਪੜ੍ਹੇ ਆ। ਸੰਤ ਬਾਬਾ ਹਰਚੰਦ ਸਿੰਘ ਜੀ ਲੌਂਗੋਵਾਲ ਨੇ ਵੀ, ਗੁਰਚਰਨ ਸਿੰਘ ਜੀ ਟੌਹੜਾ ਸਾਹਿਬ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜੋ ਹਨ, ਜਗਦੇਵ ਸਿੰਘ ਤਲਵੰਡੀ ਜਥੇਦਾਰ ਸਾਹਿਬ, ਭਾਈ ਸੁਖਜਿੰਦਰ ਸਿੰਘ ਜੀ, ਹੋਰ ਵੀ ਬਾਕੀ ਲੀਡਰਾਂ ਨੇ ਥਾਂ ਥਾਂ 'ਤੇ ਚੰਗੇ ਕਰਾਰੇ ਸ਼ਬਦਾਂ ਵਿੱਚ

ਉੱਤਰ ਦਿੱਤਾ ਹੈ ਕਿ ਅਸੀਂ ਕਿਸੇ ਵੀ ਸ਼ਹੀਦ ਦਾ ਕਦੇ ਵੀ ਸਾਥ ਨਹੀਂ ਛਡਾਂਗੇ ਤੇ ਜੋ ਸਾਥੋਂ ਹੋਵੇਗਾ ਅਸੀਂ ਪੂਰਾ-ਪੂਰਾ ਸਤਿਕਾਰ ਕਰਾਂਗੇ। ਦਾਸ ਨੇ ਭਾਵੇਂ ਅੱਗੇ ਦੋ-ਤਿੰਨ ਸਟੇਜਾਂ 'ਤੇ ਇਹ ਪ੍ਰਚਾਰ ਕੀਤਾ ਹੈ, ਪਰ ਅਖ਼ਬਾਰਾਂ ਵਾਲਿਆਂ 'ਤੇ ਹੋ ਸਕਦਾ ਕੋਈ ਸੈਂਸਰ ਲੱਗਾ ਹੋਵੇ, ਬੈਨ ਲੱਗਾ ਹੋਵੇ, ਉਹ ਅਖ਼ਬਾਰਾਂ ਵਿੱਚ ਖ਼ਬਰਾਂ ਨਹੀਂ ਆਈਆਂ। ਕਈ ਸੰਗਤਾਂ ਦੇ ਮਨ ਵਿੱਚ ਇਹ ਹੈ ਕਿ ਸ਼ਾਇਦ ਭਾਈ ਹਰਦੇਵ ਸਿੰਘ ਦੀ ਸ਼ਹੀਦੀ ਤੋਂ ਪਿੱਛੋਂ, ਜਰਨੈਲ ਦੇ ਮਨ ਦੇ ਉੱਪਰ ਕੋਈ ਬੋਝ ਪੈ ਗਿਆ ਤਾਂ ਨਹੀਂ ਬੋਲਦਾ (ਪਰ) ਖ਼ਾਲਸਾ ਜੀ, ਇਹ ਗੱਲ ਨਹੀਂ। ਸੰਗਤਾਂ ਜਿੰਨੀਆਂ ਕੁ ਇਥੇ ਇਕੱਤਰ ਹੁੰਦੀਆਂ ਜਾਂ ਮਿਲਦੀਆਂ, ਉਹਨਾਂ ਨੂੰ ਤਾਂ ਸਾਰਿਆਂ ਨੂੰ ਪਤਾ ਹੈ ਪਰ ਜਿਹੜੀਆਂ ਬਾਹਰ ਸੰਗਤਾਂ ਬੈਠੀਆਂ, ਉਹਨਾਂ ਨੂੰ ਅਖ਼ਬਾਰਾਂ ਦੁਆਰਾ ਹੀ ਪਤਾ ਲੱਗਣਾ ਹੈ, ਪਰ ਅਖ਼ਬਾਰਾਂ ਵਿੱਚ ਇਹ ਖ਼ਬਰਾਂ ਨਹੀਂ ਆ ਰਹੀਆਂ।

ਮੈਂ ਅੱਜ ਸੰਗਤ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ, ਕਿ ਖਾਸ ਕਰਕੇ ਪੰਜਾਬ ਦੇ ਮੁੱਖ ਮੰਤਰੀ ਨੂੰ ਚੈਲੰਜ ਕਰਕੇ ਕਹਿਣਾ ਚਾਹੁੰਨਾਂ (ਕਿ) ਜਿਹੜਾ ਉਹਨੇ ਪੁੱਛਿਆ ਹੈ ਕਿ ਲਾਸ਼ ਇਥੇ ਕਿਉਂ ਲਿਆਂਦੀ ਗਈ ? ਉਹਨੇ ਜਾਂ ਤਾਂ ਇਤਿਹਾਸ ਪੜ੍ਹਿਆ ਨਹੀਂ ਤੇ ਜਾਂ ਪੜ੍ਹ ਕੇ ਚੇਤਾ ਭੁੱਲ ਗਿਆ। ਇੰਦਰਾ ਦੀ ਚਪਲੀ ਝਾੜਨ ਵਿੱਚ ਈ ਉਹਦਾ ਖ਼ਿਆਲ ਲੱਗਾ ਰਹਿੰਦਾ ਅੱਠੇ ਪਹਿਰ, ਭਈ ਕਦੋਂ ਉਹਦੀ ਮੈਂ ਚਪਲੀ ਝਾੜਾਂ ਤੇ ਕਦੋਂ ਮੇਰੀ ਕੁਰਸੀ ਕਾਇਮ ਰਹੇ। ਇਸ ਪਾਸੇ ਦਾ ਉਹਨੂੰ ਧਿਆਨ ਨਹੀਂ ਹੋਣਾ। ਜਿਸ ਟਕਸਾਲ ਨੂੰ ਖਤਮ ਕਰਨ ਵਾਸਤੇ ਇਸ ਨੇ ਯਤਨ ਕੀਤਾ ਹੈ, ਇਸ ਟਕਸਾਲ ਦਾ ਪ੍ਰਮੁੱਖ ਸੇਵਾਦਾਰ, ਬਾਬਾ ਦੀਪ ਸਿੰਘ ਜੀ ਸ਼ਹੀਦ ਮਹਾਂਪੁਰਖ ਬ੍ਰਹਮ ਗਿਆਨੀ, ਕਲਗੀਧਰ ਦਸਮੇਸ਼ ਪਿਤਾ ਜੀ ਤੋਂ ਜਿਹਨਾਂ ਨੇ ਅਰਥ ਸੁਣੇ ਅਤੇ ਆਪਣੇ ਹੱਥੀਂ ਸਤਿਗੁਰੂ ਗਰੰਥ ਸਾਹਿਬ ਜੀ ਦੇ ਸਰੂਪ, ਦਮਦਮਾ ਸਾਹਿਬ ਸਾਬੋ ਕੀ ਤਲਵੰਡੀ, ਗੁਰੂ ਕੀ ਕਾਂਸ਼ੀ ਵਿਖੇ ਬੈਠ ਕੇ ਲਿਖੇ। ੮੦ ਸਾਲ ਦੀ ਉਮਰ ਵਿੱਚ ਸੁਨੇਹਾ ਮਿਲਿਆ ਹੈ ਕਿ ਬਾਬਾ ਜੀ ਹਰਿਮੰਦਰ ਸਾਹਿਬ ਦੀ ਬੇ-ਅਦਬੀ ਹੋ ਰਹੀ ਹੈ, ...ਬਰਦਾਸ਼ਤ ਨਹੀਂ ਕੀਤਾ। ਅਰਦਾਸ ਕਰ ਕੇ ਤੁਰ ਪਏ ਹਨ। ਤਰਨ ਤਾਰਨ ਸਾਹਿਬ ਦੇ ਲਾਗੇ ਆ ਕੇ ਲਕੀਰ ਖਿੱਚ ਦਿੱਤੀ ਕਿ ਭਾਈ ਜਿਸ ਨੂੰ ਆਪਣੇ ਪਰਿਵਾਰ ਦਾ ਮੋਹ ਹੈ, ਜਿਸ ਨੂੰ ਸਰੀਰਕ ਤੌਰ ਤੇ ਜਿਊਣ ਦਾ ਸ਼ੌਕ ਹੈ, ਜਿਸ ਨੂੰ ਪਦਾਰਥਾਂ ਦੀ ਪ੍ਰਵਿਰਤੀ ਦਾ ਚਾਅ ਹੈ, ਉਹ ਵਾਪਸ ਚਲੇ ਜਾਵੇ। ਜਿਸ ਨੂੰ ਸ਼ਹਾਦਤ ਦਾ ਚਾਉ ਚੜ੍ਹਿਆ ਹੋਇਆ ਹੈ ਤੇ ਧਰਮ ਨਾਲ ਪਿਆਰ ਹੈ ਤੇ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਕਾਇਮ ਰੱਖਣ ਦਾ ਇੱਛੁਕ ਹੈ, ਉਹ ਲਕੀਰ ਤੋਂ ਅਗਾਂਹ ਆ ਜਾਵੇ। ਬਾਬਾ ਜੀ ਦੇ ਇਹ ਬਚਨ ਕਹਿਣ ਤੋਂ (ਬਾਅਦ) ਜਿਹਨਾਂ ਦੇ ਮਨ ਵਿੱਚ ਕਾਇਰਤਾ ਸੀ, ਉਹ ਪਿੱਛੇ ਮੁੜੇ (ਪਰ) ਜਿਹਨਾਂ ਦੇ ਮਨ ਵਿੱਚ ਦ੍ਰਿੜ੍ਹਤਾ ਸੀ ਉਹ ਅੱਗੇ ਲੰਘੇ। ੮੦ ਸਾਲ ਦੀ ਉਮਰ ਵਿੱਚ ਖ਼ਾਲਸਾ ਜੀ ਇਸ ਟਕਸਾਲ ਦਾ ਮੁਖੀ ਤੁਰ ਰਿਹਾ ਸੀ। ਚੱਬੇ ਦੇ ਲਾਗੇ ਆ ਕਰਕੇ ਵਾਰ ਹੋ ਗਿਆ, ਜਮਾਲ ਖਾਂ ਦੇ ਨਾਲ। ਦੋਹਾਂ ਦੇ ਸੀਸ ਧੜਾਂ ਤੋਂ ਜੁਦਾ ਹੋ ਗਏ। ਉਸ ਵੇਲੇ ਗੁਰਮੁਖਾਂ ਵੱਲੋਂ ਬੇਨਤੀ ਹੋਈ, ਬਾਬਾ ਨੱਥਾ ਸਿੰਘ ਜੀ ਵੱਲੋਂ ਕਿ ਬਾਬਾ ਜੀ, ਤੁਹਾਡਾ ਬਚਨ ਸੀ ਕਿ ਅਸੀਂ ਗੁਰੂ ਰਾਮਦਾਸ ਸਾਹਿਬ ਜੀ ਦੇ ਚਰਨਾਂ ਵਿੱਚ ਜਾ ਕੇ ਆਪਣਾ ਸੀਸ ਭੇਟਾ ਕਰਾਂਗੇ। ਭਾਵੇਂ ਇਥੇ ਕਾਵਿ-ਰਸ ਦੁਆਰਾ ਇਹਦਾ ਪ੍ਰਕਰਣ ਹੋਰ ਤਰੀਕੇ ਨਾਲ ਵੀ ਬਣਾਇਆ ਜਾਂਦਾ ਕਿ ਹੋਣੀ ਦਾ ਤੇ ਬਾਬਾ ਦੀਪ ਸਿੰਘ ਜੀ ਦਾ ਮੁਕਾਬਲਾ ਹੋਇਆ। ਹੋਣੀ ਨੇ ਚੈਲੰਜ ਕੀਤਾ ਕਿ ਮੈਂ ਤੁਹਾਡਾ ਬਚਨ ਨਹੀਂ ਪੂਰਾ ਹੋਣ ਦੇਵਾਂਗੀ। ਸੀਸ ਕੱਟਣ ਤੋਂ ਪਿੱਛੋਂ ਤਾਨਾ ਮਾਰਿਆ ਕਿ ਬਾਬਾ ਜੀ ਤੁਸੀਂ ਕਹਿੰਦੇ ਸੀ ਅਸੀਂ ਆਪਣਾ ਬਚਨ ਪੂਰਾ ਕਰਾਂਗੇ, ਮੈਂ ਤੁਹਾਨੂੰ ਕਿਹਾ ਸੀ ਮੈਂ ਕਦੇ ਅੱਜ ਤੱਕ ਕਿਸੇ ਦਾ ਪ੍ਰਣ ਪੂਰਾ ਨਹੀਂ ਹੋਣ ਦਿੱਤਾ। ਪ੍ਰਣ ਤੁਸੀਂ ਦੱਸੋ ? ਉਸ ਵੇਲੇ ਬਾਬਾ ਦੀਪ ਸਿੰਘ ਜੀ ਨੇ ਜਵਾਬ ਦਿੱਤਾ ਕਿ ਮੇਰਾ ਕੀ ਵਿਗੜਿਆ ? ਸੀਸ

ਤਲੀ 'ਤੇ ਰੱਖ ਕੇ ਖ਼ਾਲਸਾ ਜੀ ਅਠਾਰਾਂ ਸੇਰ ਦਾ ਖੰਡਾ ਹੱਥ 'ਚ ਪਕੜ ਕੇ, ਜ਼ਾਲਮਾਂ ਨੂੰ ਚੰਗੀ ਤਰ੍ਹਾਂ ਨੰਹੇ ਦੇ ਚਣੇ ਚਬਾਏ ਤੇ ਇਸ ਟਕਸਾਲ ਦੇ ਪ੍ਰਮੁੱਖ ਸੇਵਾਦਾਰ ਬਾਬਾ ਦੀਪ ਸਿੰਘ ਜੀ ਸ਼ਹੀਦ ਦਾ ਸਰੀਰ ਇਸ ਪਰਿਕਰਮਾਂ ਵਿੱਚ ਗਿਆ ਸੀ। ਇਸ ਪਰਿਕਰਮਾਂ ਵਿੱਚੋਂ ਸਰੀਰ ਦਾ ਇਸ਼ਨਾਨ ਕਰਵਾ ਕੇ, ਫਿਰਜਾ ਕੇ ਬਾਹਰ ਚਾਟੀਵਿੰਡ ਜੋ ਜਗ੍ਹਾ ਬਣੀ ਬਾਬਾ ਜੀ ਦੀ ਯਾਦ ਵਿੱਚ, ਉਥੇ ਸਸਕਾਰ ਕੀਤਾ ਗਿਆ। ਇਸ ਤੋਂ ਪਿੱਛੋਂ, ਆਪਣੀ ਇਸ ਜ਼ਿੰਦਗੀ ਦੇ ਦੌਰ ਵਿੱਚ, ਬੇਅੰਤ ਜ਼ਿੰਮੇਵਾਰ ਸੱਜਣਾਂ ਨੇ, ਜੋ ਅਕਾਲੀ ਦਲ ਵਿੱਚ ਰਹਿ ਕੇ ਕੌਮ ਦੀ ਸੇਵਾ ਕਰਦੇ ਰਹੇ (ਜਦ) ਉਹਨਾਂ ਦੇ ਸਰੀਰ ਸ਼ਾਂਤ ਹੋਏ, ਸਾਰਿਆਂ ਦੀਆਂ ਲਾਸ਼ਾਂ ਇਥੇ ਆਈਆਂ। ਸੰਤ ਬਾਬਾ ਫਤਹਿ ਸਿੰਘ ਜੀ ਦੀ ਲਾਸ਼ ਵੀ ਇਥੇ ਆਈ, ਫੇਰੂਮਾਨ ਦੀ ਲਾਸ਼ ਵੀ ਇਥੇ ਆਈ। ਸੋ ਅੱਠਤਰ (ਵਿਸਾਖੀ ੧੯੭੮) ਦੇ ਸਿੰਘ ਜਿਹੜੇ ਸ਼ਹੀਦ ਹੋਏ ਸੀ ਬਾਹਰ, ਨਰਕਧਾਰੀਆਂ ਦੇ ਨਾਲ ਸ਼ਾਂਤਮਈ ਢੰਗ ਵਿੱਚ ਰਹਿੰਦਿਆਂ ਹੋਇਆਂ, ਉਹਨਾਂ ਦੀਆਂ ਲਾਸ਼ਾਂ ਇਥੇ ਆਈਆਂ। ਜਥੇਦਾਰ ਮੋਹਣ ਸਿੰਘ ਜੀ ਤੁੜ ਸੁਵਰਗਵਾਸੀ ਪੀ. ਜੀ. ਆਈ. ਹਸਪਤਾਲ ਵਿੱਚ ਉਹਨਾਂ ਦਾ ਅੰਤਮ ਸਮਾਂ ਹੋਇਆ, ਉਹਨਾਂ ਦੀ ਲਾਸ਼ ਇਥੇ ਆਈ। ਸੰਤ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਜੋ ਦਾਸ ਤੋਂ ਤੀਜੇ ਥਾਂ ਪਹਿਲਾਂ ਸਨ, ਉਹਨਾਂ ਨੇ ਗਵਨ ਮਹਿਤੇ ਕੀਤਾ, ਸੱਚਖੰਡ ਗਵਨ, ਉਹਨਾਂ ਦੀ ਲਾਸ਼ ਇਥੇ ਲਿਆ ਕੇ ਇਸ਼ਨਾਨ ਕਰਵਾ ਕੇ ਭਿੰਡਰੀ ਲੈ ਗਏ ਤੇ ਉਥੋਂ ਕੀਰਤਪੁਰ ਸਾਹਿਬ ਜਾ ਕੇ ਸਸਕਾਰ ਕੀਤਾ ਹੈ ਤੇ ਜੇ ਭਾਈ ਹਰਦੇਵ ਸਿੰਘ ਦੀ ਲਾਸ਼ ਇਥੇ ਆ ਗਈ ਤਾਂ ਇਹਦੇ ਨਾਲ ਪਵਿੱਤਰਤਾ ਕਿਵੇਂ ਭੰਗ ਹੋ ਗਈ ? ਇਸ ਅਸਥਾਨ 'ਤੇ ਸ਼ਹੀਦਾਂ ਦੀਆਂ ਲਾਸ਼ਾਂ ਆਉਂਦੀਆਂ, ਕੁਰਬਾਨੀ ਕਰਨ ਵਾਲਿਆਂ ਦੀਆਂ ਲਾਸ਼ਾਂ ਆਉਂਦੀਆਂ, ਪਰ ਜੇ ਕੁਰਬਾਨੀ ਕਰਨ ਵਾਲਿਆਂ ਦਾ ਕੋਈ ਖ਼ੂਨ ਪੀ ਕੇ ਤੇ ਆਪਣੇ ਬਾਪ ਨੂੰ ਬਾਦਸ਼ਾਹ ਕਹਾਉਣ ਦਾ ਹੱਕ ਰੱਖਦਾ ਹੈ ਤੇ ਜਾਂ ਕਹਿਲਾਉਣਾ ਚਾਹੁੰਦਾ, ਉਹਦੀ ਲਾਸ਼ ਹਰਿਮੰਦਰ ਸਾਹਿਬ ਵਾਲੇ ਅਸਥਾਨ 'ਚੋਂ ਵੱਢ ਕੇ ਤੇ ਬੁੱਢਾ ਜੋਹੜ ਲਿਜਾ ਕੇ ਖਿੱਦੋ-ਖੁੰਡੀ ਵੀ ਖੇਡਿਆ ਗਿਆ। ਪਵਿੱਤਰ ਖ਼ੂਨ ਵਾਲਿਆਂ ਦੀਆਂ ਲਾਸ਼ਾਂ ਇਥੇ ਆਉਂਦੀਆਂ ਹਨ ਤੇ ਅਪਵਿੱਤਰ ਖ਼ੂਨ ਵਾਲਿਆਂ ਦਆਂ ਲਾਸ਼ਾਂ ਨੂੰ ਇਥੋਂ, ਸਰੀਰਾਂ ਨੂੰ ਲਾਸ਼ ਬਣਾ ਕੇ ਤੇ ਬਾਹਰ ਲਿਜਾਇਆ ਜਾਂਦਾ ਹੈ। ਇਹ ਕਹਿੰਦਾ ਜੀ ਅਖੇ ਇਥੇ ਆ ਗਏ ?

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਹਰਿਮੰਦਰ ਸਾਹਿਬ ਦੀ ਪਰਿਕਰਮਾਂ ਦੀ ਜੋ ਫਰਸ਼ ਹੈ, ਇੱਕ ਇੱਕ ਸਿਲ ਦੇ ਥੱਲੇ ਖ਼ਾਲਸਾ ਜੀ ੧੦੦-੧੦੦ ਸ਼ਹੀਦ ਸਿੰਘ ਦਾ ਸਿਰ ਲੱਗਾ, ਇੱਕ ਇੱਕ ਸਿਲ ਦੇ ਥੱਲੇ, ਇੱਕ ਇੱਕ ਇੱਟ ਦੇ ਥੱਲੇ, ਪਵਿੱਤਰਤਾ ਕਾਇਮ ਰੱਖਣ ਵਾਸਤੇ ਤੇ ਇਹ ਉੱਠ ਕੇ ਚਪਲੀਆਂ ਝਾੜਦਾ ਝਾੜਦਾ ਗੋਬੀ ਦੀਆਂ ਕਹਿੰਦਾ ਜੀ ਅਖੇ ਪਵਿੱਤਰਤਾ ਭੰਗ ਕਰ ਦਿੱਤੀ। ਮੈਨੂੰ ਕਿਤੇ ਲੌਂਗੋਵਾਲ ਸਾਹਿਬ ਰਹਿ ਦੇਣ ਤੇ ਮੈਂ ਅੱਧੇ ਘੰਟੇ 'ਚ ਹੀ ਭਿੰਡਰਾਂਵਾਲੇ ਨੂੰ ਇਥੋਂ ਕੱਢ ਲਵਾਂਗਾ। ਅਕਾਲ ਤਖਤ ਸਾਹਿਬ 'ਤੇ ਮੈਂ ਪਰਸੋਂ ਬੇਨਤੀ ਕੀਤੀ ਸੀ ਤੇ ਅੱਜ ਵੀ ਕਹਿਣਾ ਚਾਹੁੰਦਾ ਹਾਂ।

ਖ਼ਾਲਸਾ ਜੀ, ਹਕੂਮਤ ਦੇ ਨਸ਼ੇ ਵਿੱਚ ਬੰਦਾ ਬਹੁਤ ਕੁਝ ਕਰਦਾ। ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਕਿਹਾ ਕਰਦੇ ਸੀ..... ਕਹਿੰਦੇ ਭਾਈ ਰਾਜਨੀਤਿਕ ਨੇ ਜਦੋਂ ਵੋਟਾਂ ਲੈਣੀਆਂ ਹੋਣ ਤਾਂ ਉਦੋਂ ਖੋਤੇ ਨੂੰ ਬਾਪੂ ਕਹਿੰਦਾ ਤੇ ਜਦੋਂ ਕੁਰਸੀ ਤੇ ਬੈਠ ਜਾਣ ਤਾਂ ਉਦੋਂ ਬਾਪੂ ਨੂੰ ਖੋਤਾ ਕਹਿਣ ਲੱਗ ਪੈਂਦੇ ਆ। ਇਹ ਹਾਲਤ ਇਹਦੀ ਆ। ਇਹਨੂੰ ਕਹੋ ਕਿ ਮੁੱਖ ਮੰਤਰੀ ਦਾ ਅਹੁਦਾ ਛੱਡ ਕੇ....., ਤੂੰ ਤਾਂ ਕਹਿਨਾਂ ਨਾ, ਮੈਂ ਨਾਨਕ ਨਿਵਾਸ ਵਿੱਚੋਂ ਕੱਢ ਕੇ ਲੈ ਜਾਊਂ, ਤੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦੇਹ ਇੱਕਵੇਰਾਂ

ਤੇ ਜਿੱਥੇ ਕਹੋਂਗਾ ਸੜਕ 'ਤੇ ਮੈਂ ਬਾਹਰ ਆ ਜਾਊਂਗਾ ਤੇ ਨਾਲੇ ਮੈਨੂੰ ਫੜ ਕੇ ਲੈ ਜਾਵੀਂ ਜਿਊਂਦੇ ਨੂੰ ਮੈਨੂੰ। ਪਤਾ ਤੇ ਲੱਗੂ ਥੋੜਾ ਘਣਾ ਨਾਲੇ, ਪੁੱਤ ਮਾਂਵਾਂ ਦੇ ਮਰਵਾਈ ਜਾਨਾਂ, ਬੈਠਾ ਉਥੇ ਚੰਡੀਗੜ੍ਹ 'ਚ ਆਂ। ਬੋਰੀਆਂ ਲਾਈਆਂ ਹੋਈਆਂ, ਛਾਤੀ ਧੜਕ ਧੜਕ ਵੱਜਦੀ ਆ। ਕਿਤੇ ਨਿਕਲੇਂਗਾ ਬਾਹਰ ਤੇ ਤਾਂ ਤੈਨੂੰ ਪਤਾ ਲੱਗਣਾ ਕਿ ਖ਼ਾਲਸੇ ਨਾਲ ਹੱਥ ਜੁੜਦੇ ਕਿਵੇਂ ਆ ?

ਦਰਬਾਰ ਸਾਹਿਬ 'ਤੇ ਹਮਲਾ ਹੋਣ 'ਤੇ ਢੁਕਵਾਂ ਜਵਾਬ ਦੇਣ ਦੀ ਅਪੀਲ

ਸੋ ਮੈਂ ਬੇਨਤੀ ਕਰਾਂਗਾ ਸਾਰੀ ਕੌਮ ਨੂੰ ਕਿ ਖ਼ਾਲਸਾ ਜੀ, ਆਪਾਂ ਨੂੰ ਡਿਕਟੇਟਰ ਸਾਹਿਬ ਦਾ ਹੁਕਮ ਆ, ਸ਼ਾਂਤੀ ਰੱਖਣੀ ਆਂ ਤੇ ਸ਼ਾਂਤੀ ਚਾਹੀਦੀ ਵੀ ਆ, ਪਰ ਇੱਕ ਬੇਨਤੀ ਜ਼ਰੂਰ ਕਰਾਂਗਾ, ਸ਼ਾਂਤੀ ਇਹੋ ਜਿਹੀ ਨਹੀਂ ਚਾਹੀਦੀ ਕਿ ਬਰਬਾਦੀ ਹੋ ਜਾਵੇ ਸਿੱਖ ਕੌਮ ਦੀ ਤੇ ਇੱਕ ਮਾਮੂਲੀ ਬੰਦਾ ਸਿੱਖਾਂ ਨੂੰ ਖ਼ਤਮ ਕਰਨ 'ਤੇ ਤੁਲ ਜਾਵੇ ਤੇ ਫਿਰ ਸ਼ਾਂਤੀ ਰੱਖਣੀ ਆਂ ? ਇਹੋ ਜਿਹੀ ਸ਼ਾਂਤੀ ਦਾ ਮੈਂ ਹਾਮੀ ਨਹੀਂ। ਸ਼ਾਂਤੀ ਰੱਖਣੀ ਆਂ, ਜੋ ਹੁਕਮ ਆਂ, ਉਹਨੂੰ ਮੰਨਣਾ, ਜਦੋਂ ਤੱਕ ਗੌਰਮੈਂਟ ਆਪਣੇ ਬਾਹਰ ਕੰਮ ਕਰਦੀ ਆ, ਜ਼ਰੂਰ ਠੰਢੇ ਰਹੋ, ਕਿਉਂਕਿ ਆਪਣਾ ਧਰਮ ਯੁੱਧ ਮੋਰਚਾ ਚੱਲ ਰਿਹਾ ਇਹਦੇ ਵਿੱਚ ਆਪਾਂ ਸਫ਼ਲਤਾ ਪ੍ਰਾਪਤ ਕਰਨੀ ਆਂ, ਸਾਰਿਆਂ ਨੇ ਹੱਕ ਲੈਣੇ ਆਂ ਆਪਣੇ, ਪਰ ਕਿਸੇ ਵੀ ਟਾਈਮ 'ਤੇ, ਕਿਸੇ ਵੀ ਦਿਨ, ਗੌਰਮੈਂਟ ਇਸ ਅਸਥਾਨ ਦੀ ਪਵਿੱਤਰਤਾ ਨੂੰ ਭੰਗ ਕਰਨ ਵਾਸਤੇ ਚਾਰ ਦੀਵਾਰੀ ਦੇ ਅੰਦਰ ਆਉਂਦੀ ਆ.....। ਮੈਂ ਪੁਰਜ਼ੋਰ ਅਪੀਲ ਕਰਾਂਗਾ ਸਾਰੀ ਸਿੱਖ ਸੰਗਤ ਨੂੰ, ਜਿੰਨੀ ਪਿੰਡਾਂ, ਸ਼ਹਿਰਾਂ ਵਿੱਚ, ਸਾਰੇ ਦੇਸ਼ 'ਚ ਵੱਸਦੇ ਹੋ। ਜਿੱਦੇਂ ਤੁਹਾਨੂੰ ਪਤਾ ਲੱਗ ਜਾਏ ਕਿ ਚਾਰ ਦੀਵਾਰੀ ਦੇ ਅੰਦਰ ਆ ਕੇ ਇਹਨਾਂ ਨੇ ਹਮਲਾ ਕੀਤਾ (ਤਾਂ) ਤੁਹਾਡੀ ਜ਼ਿੰਮੇਵਾਰੀ ਬਣਦੀ ਆ ਕਿ ਹਰ ਥਾਂ 'ਤੇ ਬੈਠੇ ਜੋ ਗੁਰੂ ਕੇ ਨਿੰਦਕ ਆ ਤੇ ਸਿੱਖ ਕੌਮ ਦੇ ਉਲਟ ਆ, ਉਹਨਾਂ ਨੂੰ ਸੋਧ ਦੇਣਾ ਚਾਹੀਦਾ, ਉਦੋਂ ਢਿੱਲ ਨਹੀਂ ਹੋਣੀ ਚਾਹੀਦੀ, ਤੁਹਾਡੇ ਵੱਲੋਂ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਪਰ ਇਹ ਗੱਲ ਚੇਤੇ ਰੱਖਣੀ ਆਂ (ਕਿ) ਇਹ ਨਾ ਹੋਵੇ ਕਿ ਐਵੇਂ ਕੋਈ ਉਥੇ ਛੋਛਾ ਛੱਡ ਦੇਵੇ, ਫੇਰ ਨਹੀਂ। ਤੁਹਾਨੂੰ ਪੱਕਾ ਪਤਾ ਲੱਗ ਜਾਵੇ ਕਿ ਇਹਨਾਂ ਨੇ ਆਣ ਕੇ ਇਥੇ ਸਿੰਘ ਮਾਰੇ ਆ, ਸਿੰਘ ਸ਼ਹੀਦ ਕੀਤੇ ਆ, ਹਮਲਾ ਕੀਤਾ ਤੇ ਫਿਰ ਉਡੀਕਣਾ ਨਹੀਂ। ਇਹ ਨਾ ਸੋਚਿਉ ਭਈ ਭਿੰਡਰਾਂਵਾਲੇ ਦਾ ਸੁਨੇਹਾ ਆਵੇਗਾ, ਲੌਂਗੋਵਾਲ ਸਾਹਿਬ ਦਾ ਸੁਨੇਹਾ ਆਵੇਗਾ, ਫਿਰ ਗੱਲ ਕਰਾਂਗੇ, ਸੁਨੇਹਾ ਅੱਜ ਪਲੇ ਬੰਨ ਕੇ ਲੈ ਜਾਵੋ।

ਨੌਜੁਆਨਾਂ ਨੂੰ ਅਪੀਲ

ਨੌਜੁਆਨ ਕਈ ਆਉਂਦੇ ਆ, ਬਾਬਾ ਜੀ ਜੋ ਹੁਕਮ ਕਰੋਂਗਾ ਫੱਟੇ ਚੁੱਕ ਦਿਆਂਗੇ। ਉਹ ਫੱਟੇ ਰੱਖੇ ਜਿਹੜੇ ਚਰਾ ਕੇ ਜਿਹੜੇ ਚੁੱਕ ਲਿਆਉਣੇ ਭਾਈ ਤੁਸੀਂ ? ਮੈਂ ਇਥੋਂ ਕਿੰਨੀ ਵਾਰੀ ਐਲਾਨ ਕਰ ਚੁੱਕਿਆਂ ਕਿ ਸਤਿਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦਾ ਅਪਮਾਨ ਕਰਨ ਵਾਲਾ ਕੋਈ ਵੀ ਮਨੁੱਖ ਹੈ, ਉਹਨੂੰ ਸੂਲੀ ਚੜ੍ਹਾ ਕੇ, ਚੂਰਾ ਚੂਰਾ ਕਰਕੇ ਸਾਡੇ ਕੋਲ ਆਇਆ ਕਰੋ, ਅਸੀਂ ਸਾਂਭਾਗੇ। ਆਹ ਖਟੜਾ ਪਿੰਡ ਹੈ, ਲੁਧਿਆਣੇ ਜਿਲ੍ਹੇ 'ਚ, ਰਾੜਾ ਸਾਹਿਬ ਤੋਂ ੪ ਕੁ ਕਿਲੋਮੀਟਰ ਪੈਂਦਾ, ਖਟੜਾ ਪਿੰਡ। ਸਤਿਗੁਰੂ ਗੁਰੂ

ਗਰੰਥ ਸਾਹਿਬ ਸੱਚੇ ਪਾਤਿਸ਼ਾਹ ਦੇ ਸਰੂਪ ਦਾ ਰੁਮਾਲਾ ਲਾਹ ਕੇ ਖ਼ਾਲਸਾ ਜੀ, ਗੋਹੇ ਦੇ ਵਿੱਚ, ਰੂੜੀ ਦੇ ਵਿੱਚ ਦੱਬ ਦਿੱਤਾ । ਉਹ ਸਰੂਪ ਰੂੜੀ ਵਿੱਚੋਂ ਕਢਿਆ ਸਿੰਘਾਂ ਨੇ । ਹੁਣ ਤੱਕ ਉਹ ਸਰੂਪ ਗੋਹੇ ਨਾਲ ਲਿਬੜਿਆ ਹੋਇਆ ਉਥੇ ਗੁਰਦੁਆਰੇ ਵਿੱਚ ਬਿਰਾਜਮਾਨ ਆ । ਮੈਂ ਸਾਰੀ ਸੰਗਤ ਨੂੰ ਪੁੱਛਣਾ ਚਾਹੁੰਨਾ, ਤੁਹਾਡੇ ਵਿੱਚੋਂ ਕਿੰਨੇ ਗਏ ਉਥੇ ਦੱਸੋ ? ਇੱਕ ਬੰਦਾ ਵੀ ਦੱਸੋ, ਗਏ ਆਂ ? ਤਿੰਨ ਮਹੀਨੇ ਹੋ ਗਏ ਇਸ ਕੇਸ ਨੂੰ ਤੇ ਮੇਰੇ ਕੋਲ ਆ ਜਾਨੇ ਆਂ, ਜਥੇਦਾਰਾਂ ਨੂੰ ਮਿਲ ਲੈਨੇ ਆਂ, ਪ੍ਰਧਾਨ ਸਾਹਿਬ ਨੂੰ ਕਹਿ ਦੇਨੇ ਆਂ (ਕਿ) ਜੀ ਜੋ ਹੁਕਮ ਹੋਊਗਾ.....। ਉਹ ਹੁਕਮ ਕਾਹਦੇ 'ਤੇ ਲਿਖਾਉਣਾ, ਦੱਸੋ ਤੁਸੀਂ ਗੁਰੂ ਕੇ ਪਿਆਰਿਉ ? ਇੱਕ ਬੰਦਾ ਦੱਸੋ ਜਿੰਨੇ ਬੈਠੇ, ਜਿਹਨਾਂ ਜਾ ਕੇ ਉਥੇ ਇਨਕੁਆਰੀ ਕੀਤੀ ਤੇ ਜਾਂ ਇਸ਼ਟ ਨੂੰ ਗੋਹੇ ਵਿੱਚ ਦੱਬਣ ਵਾਲੇ ਨੂੰ ਕਿਸੇ ਨੇ ਸਜ਼ਾ ਦਿੱਤੀ ਆ ਤਾਂ ਦੱਸੋ ? ਉਹ ਕਿਹਨੂੰ ਪੁੱਛਣਾ ? ਕਿਹਦੀ ਜ਼ਿੰਮੇਵਾਰੀ ਲੈਣਾ ਚਾਹੁੰਦੇ ਹੋ ? ਇਸ ਤੋਂ ਵੱਧ ਜ਼ਿੰਮੇਵਾਰੀ ਕਿੱਥੇ ਦੇਵਾਂਗੇ ਅਸੀਂ ? ਦਰਬਾਰ ਸਾਹਿਬ ਦਾ ਅਸਥਾਨ ਹੋਵੇ, ਪੰਜਵੇਂ ਪਾਤਿਸ਼ਾਹ ਦੇ ਪਵਿੱਤਰ ਚਰਨ ਪੈ ਕੇ ਧਰਤੀ ਪਵਿੱਤਰ ਹੋਈ ਹੋਵੇ, ਦਸਾਂ ਸਰੂਪਾਂ ਦੀ ਆਤਮਿਕ ਜੋਤ ਦਾ ਪ੍ਰਕਾਸ਼ ਹੋਵੇ, ਸੰਗਤ ਵਿੱਚ ਖਲੋ ਕੇ ਮੈਂ ਜ਼ਿੰਮੇਵਾਰੀ ਨਾਲ ਇਹ ਗੱਲ ਤੁਹਾਨੂੰ ਕਹਿ ਰਿਹਾਂ ਤੇ ਫਿਰ ਵੀ ਉਹਨਾਂ ਲੋਕਾਂ ਨੂੰ ਦੰਡ ਨਾ ਦੇਵੋ ਤੇ ਪਿੱਛੋਂ ਕਹੋ ਬਾਬਾ ਜੀ ਜੋ ਕਹੋਗੇ ਕਰਾਂਗੇ, ਕੀ ਕਰੋਗੇ ਫਿਰ ਤੁਸੀਂ ?

ਖ਼ਾਲਿਸਤਾਨ ਬਾਰੇ ਵਿਚਾਰ

ਇਹ ਕਹਿੰਦਾ ਕਿ ਮੈਂ ਬੜਾ ਸਿਆਣਾ ਤੇ ਸੂਝਵਾਨ ਹਾਂ, ਮੁੱਖ ਮੰਤਰੀ ਪੰਜਾਬ ਦਾ । ਸਿੱਖ ਵੱਖਰੀ ਕੌਮ ਦੀ ਗੱਲ ਚੱਲ ਰਹੀ ਆ, ਮੈਂ ਭਾਵੇਂ ਮਤਾ ਪਾਸ ਕਰਨ ਦੇ ਟਾਈਮ 'ਤੇ ਇਥੇ ਨਹੀਂ ਸੀ, ਪਰ ਮੈਨੂੰ ਪਤਾ ਲੱਗਾ, ਲੀਡਰ ਸਾਹਿਬਾਨਾਂ ਨੂੰ ਤੇ ਪਤਾ ਸਾਰਾ । ਸਿੱਖ ਵੱਖਰੀ ਕੌਮ ਦਾ ਮਤਾ ਪਾਸ ਹੋਇਆ । ਬੜਾ ਅਖ਼ਬਾਰਾਂ ਨੇ ਅੱਤ ਚੁੱਕੀ ਆ ਜਿਹੜੇ ਵਿਰੋਧੀ ਸੀ । ਸਾਰੀ ਦੁਨੀਆਂ ਵਿੱਚ ਫਿਰਕਾ ਪ੍ਰਸਤੀ ਦਾ ਪ੍ਰਚਾਰ ਕਰਨ ਵਾਸਤੇ ਯਤਨ ਕੀਤਾ ਗਿਆ । ਸਿੱਖ ਅਲਾਹਿਦਗੀ ਚਹੁੰਦੇ ਆ, ਸਿੱਖ ਵੱਖਰਾ ਹੋਣਾ ਚਾਹੁੰਦੇ ਆ, ਮੈਂ ਦਿੱਲੀ ਰਹਿ ਕੇ ਆਇਆਂ ਦਸ ਦਿਨ, ਮੈਨੂੰ ਵੀ ਉਥੇ ਪੁੱਛਿਆ ਗਿਆ, ਇਥੇ ਵੀ ਨਿੱਤ ਪੁੱਛਦੇ ਆ, ਜਿਹੜੇ ਬਾਹਰੋਂ ਅਖ਼ਬਾਰਾਂ ਵਾਲੇ ਪ੍ਰੇਮੀ ਆਉਂਦੇ ਆ । ਸੰਤ ਜੀ ਤੁਸੀਂ ਖ਼ਾਲਿਸਤਾਨ ਚਾਹੁੰਦੇ ਉਂ ? ਮੈਂ ਕਿਹਾ ਭਾਈ ਨਾ ਅਸੀਂ ਵਿਰੋਧਤਾ ਕਰਦੇ ਆਂ ਤੇ ਨਾ ਅਜੇ ਹਮਾਇਤ ਕਰਦੇ ਆਂ, ਚੁੱਪ ਆਂ । ਹਾਂ ਇੱਕ ਗੱਲ ਨਿਸਚੇ ਵਾਚਕ ਆ, ਜੇ ਔਂਤਕੀ ਹਿੰਦੁਸਤਾਨ ਦੀ ਰਾਣੀ ਨੇ ਦੇ ਦਿੱਤਾ ਤੇ ਲੈ ਜ਼ਰੂਰ ਲਵਾਂਗੇ, ਛੱਡਦੇ ਨਹੀਂ, ੧੯੪੭ ਵਾਲੀ ਗ਼ਲਤੀ ਨਹੀਂ ਕਰਦੇ ਪਰ ਮੰਗਦੇ ਅਜੇ ਨਹੀਂ । ਇਹ ਤਾਂ ਕੰਮ ਇੰਦਰਾ ਗਾਂਧੀ ਦਾ ਮੇਰਾ ਨਹੀਂ ਅਤੇ ਨਾ ਇਹ ਲੌਂਗੋਵਾਲ ਦਾ, ਨਾ ਕਿਸੇ ਹੋਰ ਸਾਡੇ ਲੀਡਰ ਦਾ । ਇਹ ਕੰਮ ਆ ਇੰਦਰਾ ਦਾ, ਸਾਨੂੰ ਇੰਦਰਾ ਦੱਸੇ, ਹਿੰਦੁਸਤਾਨ ਵਿੱਚ ਨਾਲ ਰੱਖਣਾ ਜਾਂ ਨਹੀਂ ਰੱਖਣਾ ? ਅਸੀਂ ਨਾਲ ਰਹਿਣਾ ਚਾਹੁੰਨੇ ਆਂ, ਹਿੰਦੁਸਤਾਨ ਵਿੱਚ ਨਾਲ ਰਹਿਣਾ ਚਹੁੰਨੇ ਆਂ, ਇੰਦਰਾ ਦੱਸੇ ਕਿ ਰੱਖਣਾ ਕਿ ਨਹੀਂ ? ਕੰਮ ਉਹਦਾ ਪੁੱਛਦੇ ਸਾਨੂੰ ? ਅਸੀਂ ਕੋਈ ਚੌਕੀਦਾਰ ਥੋੜੇ ਆਂ ਉਹਦੇ ਭਈ ਉਹਦਾ ਕੰਮ ਅਸੀਂ ਕਰੀਏ ।

ਇੰਗਲੈਂਡ ਦੀ ਪਾਰਲੀਮੈਂਟ ਵਿੱਚ 'ਸਿੱਖ ਇੱਕ ਵੱਖਰੀ ਕੌਮ' ਨੂੰ ਮਾਨਤਾ

ਸਿੱਖ ਇੱਕ ਵੱਖਰੀ ਕੌਮ ਆਂ, ਜਿਹੜੇ ਪੜ੍ਹੇ ਲਿਖੇ ਵੀਰ ਆ, ਉਹਨਾਂ ਨੂੰ ਖੁਸ਼ੀ ਵੀ ਹੋਈ ਹੋਵੇਗੀ । ੩-੪ ਦਿਨ ਹੋਏ ਆ, ਇੱਕ ਖ਼ਬਰ ਆਈ ਆ (ਕਿ) ਇੰਗਲੈਂਡ ਵਿੱਚ, ਪੱਗੜੀ ਦੇ

ਸਬੰਧ ਵਿੱਚ ਫੈਸਲਾ ਹੋਇਆ। ਪੜ੍ਹੇ ਲਿਖੇ ਵੀਰਾਂ ਨੂੰ ਇਹ੍ਹਦਾ ਬਹੁਤ ਗਿਆਤ ਆ ਤੇ ਇਹ ਬੜੀ ਡੂੰਘੀ ਗੱਲ ਆ। ਇੰਗਲੈਂਡ ਦੀ ਪਾਰਲੀਮੈਂਟ ਨੇ ਫੈਸਲਾ ਕਰ ਦਿੱਤਾ ਹੈ ਕਿ ਸਿੱਖ ਇੱਕ ਵੱਖਰੀ ਕੌਮ ਹੀ ਨਹੀਂ ਇਕੱਲੀ, ਸਿੱਖ ਇੱਕ ਵੱਖਰੀ ਨਸਲ ਆ। ਸਿੱਖ ਇੱਕ ਵੱਖਰੀ ਨਸਲ ਆ, ਨਸਲ। ਜਿਵੇਂ ਬਾਗ਼ ਹੁੰਦਾ ਆ ਫ਼ਲਾਂ ਦਾ, ਉਹਦੇ ਵਿੱਚ ਬੂਟੇ ਹੁੰਦੇ ਆ ਕਈ ਪ੍ਰਕਾਰ ਦੇ, ਉਹਨੂੰ ਸਾਰੇ ਨੂੰ ਬਾਗ਼ ਕਹਿ ਦੇਨੇ ਆਂ, ਪਰ ਉਹਦੇ ਵਿੱਚੋਂ ਵਿਸ਼ੇਸ਼ ਨਸਲਾਂ ਵੇਖੀਆਂ ਜਾਂਦੀਆਂ। ਉਹਨਾਂ ਨੇ ਫੈਸਲਾ ਕੀਤਾ ਕਿ ਸਿੱਖ ਵੱਖਰੀ ਕੌਮ ਤਾਂ ਹਨ ਹੀ ਪਰ ਇਹ ਇੱਕ ਵੱਖਰੀ ਨਸਲ ਵੀ ਆ ਦੁਨੀਆਂ ਵਿੱਚੋਂ। ਉਸ ਪਾਰਲੀਮੈਂਟ ਨੇ ਫੈਸਲਾ ਕੀਤਾ ਹੋਵੇ ਤੇ ਅਕਾਲੀ ਦਲ ਦੇ ਵਿੱਚ ਬੈਠ ਕੇ, ਸ਼੍ਰੋਮਣੀ ਕਮੇਟੀ ਵਿੱਚ ਬੈਠ ਕੇ, ਸਾਡੇ ਲੀਡਰ ਸਾਹਿਬਾਨਾਂ ਨੇ ਵੀ ਫੈਸਲਾ ਕੀਤਾ ਹੋਵੇ ਕਿ ਸਿੱਖ ਇੱਕ ਵੱਖਰੀ ਕੌਮ ਆ ਤੇ ਮਹਾਸ਼ੇ ਕਹਿਣ ਨਹੀਂ ਜੀ ਇਹ ਤਾਂ ਇੱਕ ਹਿੰਦੂਆਂ ਦਾ ਅੰਗ ਆ। ਜੇ ਤਾਂ ਸਾਨੂੰ ਜ਼ਰਾਇਮ ਪੇਸ਼ਾ ਕਰਾਰ ਦੇਣਾ ਤੇ ਕਹਿੰਦੇ ਜੀ ਇਹ ਵੱਖਰੇ। ਜੇ ਅਸੀਂ ਨੌਕਰੀ ਕਰਨੀ ਆਂ ਤੇ ਇਹ ਵੱਖਰੇ। ਇਹਨਾਂ ਨੂੰ ਡੇਢ ਨੂੰ ਭਰਤੀ ਕਰੋ ਤੇ ਦੂਜੇ ਸਾਡੇ ੯੮ ਕਰੋ ਤੇ ਜੇ ਪੇਟ ਪੂਰਤੀ ਦੇ ਸਾਧਨ ਵਾਸਤੇ ਕੋਈ ਯਤਨ ਕਰਨਾ, ਅਸੀਂ ਹਿੱਸਾ ਲੈਣਾ ਤੇ ਫਿਰ ਇਹ ਹਿੰਦੂਆਂ ਦਾ ਇੱਕ ਅੰਗ ਆ। ਇਹ ਕੀ ਕਾਰਣ ਆ ? ਅੱਗੇ ਵੀ ਇੱਕ ਦਿਨ ਦਾਸ ਨੇ ਬਿਆਨ ਦਿੱਤਾ ਸੀ, ਜੇ ਸਿੱਖ ਹਿੰਦੂਆਂ ਦਾ ਇੱਕ ਅੰਗ ਹਨ ਤੇ ਵੱਖਰੇ ਨਹੀਂ ਤੇ ਫਿਰ ਅਖ਼ਬਾਰਾਂ ਵਿੱਚ ਤੇ ਪਾਰਲੀਮੈਂਟ ਵਿੱਚ ਤੇ ਅਸੈਂਬਲੀ ਵਿੱਚ, ਇਹ ਕਹਿਣਾ ਸ਼ੁਰੂ ਕਰੋ ਕਿ ਹਿੰਦੂ ਅੱਤਵਾਦੀ ਆ ਤੇ ਜੇ ਸਿੱਖ ਅੱਤਵਾਦੀ ਆ ਤੇ ਫਿਰ ਮੰਨੋ ਕਿ ਸਿੱਖ ਵੱਖਰੀ ਕੌਮ ਆਂ। ਅੱਤਵਾਦੀ ਕਹਿਣਾ ਤੇ ਸਿੱਖ ਨੂੰ ਤੇ ਜੇ ਇਕੱਠਿਆਂ ਕਹਿਣਾ ਤੇ ਸਾਰੇ ਹਿੰਦੂ। ਇਹਦਾ ਜਵਾਬ ਦੇਵੇ ਗੌਰਮੈਂਟ, ਉਥੇ ਬੈਠੇ ਪਾਰਲੀਮੈਂਟ 'ਚ ਮਤੇ ਪਾਸ ਕਰੀ ਜਾਂਦੇ ਆ।

ਬੀਰ ਦਵਿੰਦਰ ਸਿੰਘ ਦੇ ਬਿਆਨ 'ਤੇ ਸੰਤਾਂ ਦਾ ਪ੍ਰਤੀਕਰਮ

ਮੈਨੂੰ ਪਤਾ ਲੱਗਾ....., ਮੈਂ ਖ਼ਬਰ ਆਪ ਤਾਂ ਪੜ੍ਹੀ ਨਹੀਂ, ਕਿਤੇ ਗ਼ਲਤ ਵੀ ਨਾ ਹੋਵੇ, ਮਹਾਰਾਜ ਦੀ ਹਜ਼ੂਰੀ 'ਚ ਖੜਾਂ, ਸੁਣਿਆਂ ਮੈਂ ਕਿਸੇ ਸਿੰਘ ਤੋਂ। ਆਹ ਬੀਰ ਦਵਿੰਦਰ ਸਿੰਘ ਆ ਕੋਈ ਪ੍ਰੇਮੀ, ਮੈਂ ਤੇ ਵੇਖਿਆ ਨਹੀਂ ਅੱਜ ਤੱਕ। ਉਹਨੇ ਲਿਖਿਆ, 'ਅਖੇ ਮੈਂ ਆਪਣੇ ਪਰਿਵਾਰ ਨੂੰ, ਆਪਣੀ ਮਾਤਾ ਨੂੰ, ਬੱਚਿਆਂ ਨੂੰ, ਮੈਂ ਆਪ, ਭਿੰਡਰਾਂਵਾਲੇ ਕੋਲੇ ਜਾਵਾਂਗਾ। ਉਹਨੂੰ ਕਹਾਂਗਾ ਮੇਰਾ ਸਾਰਾ ਪਰਿਵਾਰ ਮਾਰ ਦੇਹ। ਜੇ ਤੂੰ ਖ਼ੂਨ ਦਾ ਪਿਆਸਾਂ ਤੇ ਇਹਦੇ ਨਾਲ ਰੱਜ ਲੈ।' ਕਹਿ ਤੇ ਦਿੱਤਾ ਫਿਰ ਆ ਜਾਂਦਾ, ...ਤੈਨੂੰ ਮੋੜਿਆ ਕਿਹਨੇ ਆਂ ? ਇਹ ਪਤਾ ਤੇ ਆਉਣ ਤੇ ਲੱਗਣਾ ਨਾ। ਓ ਜਿਸ ਮਨੁੱਖ ਦਾ ਕੰਮ ਆ ਨਸ਼ੇ ਛੁਡਾਉਣੇ। ਜਿਸ ਮਨੁੱਖ ਦਾ ਕੰਮ ਆ ਅੰਮ੍ਰਿਤ ਛਕਾਉਣਾ। ਜਿਸ ਮਨੁੱਖ ਦਾ ਕੰਮ ਆ ਗਾਤਰੇ ਕ੍ਰਿਪਾਨ ਪਵਾਉਣੀ। ਜਿਸ ਮਨੁੱਖ ਦਾ ਕੰਮ ਆ ਕੇਸਰੀ ਨਿਸ਼ਾਨ ਸਾਹਿਬ ਦੇ ਥੱਲੇ ਇਕੱਠਿਆਂ ਕਰਨਾ। ਜਿਸ ਮਨੁੱਖ ਦਾ ਕੰਮ ਆ ਪੰਥ ਦੀ ਡੱਟ ਕੇ ਨੰਗੇ ਧੜ ਹਮਾਇਤ ਕਰਨੀ ਤੇ ਕਰਨ ਦੀ ਪ੍ਰੇਰਨਾ ਦੇਣੀ। ਜਿਸ ਮਨੁੱਖ ਦਾ ਕੰਮ ਆ ਕਿ,

'ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ ॥
ਸਭ ਸਿਖਨਿ ਕੋ ਹੁਕਮ ਹੈ ਗੁਰੂ ਮਾਨਿਓ ਗਰੰਥ ॥'

ਜਿਸ ਗੁਰੂ ਦੇ ਲੜ ਲਾਉਣਾ ਤੇ ਸ਼ਬਦ ਗੁਰੂ ਦੇ ਮੰਨਣ ਵਾਸਤੇ ਦ੍ਰਿੜ੍ਹਤਾ ਸਹਿਤ ਕਹਿਣਾ ਤੇ ਉਸ ਮਨੁੱਖ ਵਾਸਤੇ ਕਹਿਣਾ ਕਿ ਇਹ ਖ਼ੂਨ ਦਾ ਪਿਆਸਾ।

ਮੁੱਖ ਮੰਤਰੀ ਦਰਬਾਰਾ ਸਿੰਹੁ ਨੂੰ ਸਵਾਲ

ਮੈਂ ਪੁੱਛਣਾ ਚਹੁੰਨਾ ਇਹੋ ਜਿਹੇ ਮੁੱਖ ਮੰਤਰੀ ਨੂੰ ਤੇ ਇਹਨਾਂ ਦੇ ਚਾਟੜਿਆਂ ਤੇ ਟਾਊਟਾਂ ਨੂੰ (ਕਿ) ਜਿਸ ਮਨੁੱਖ ਦੇ ਰਾਜ ਵਿੱਚ ਇਸ਼ਟ ਨੂੰ ਅੱਗ ਲੱਗੀ ਹੋਵੇ, ਜਿਸ ਮਨੁੱਖ ਦੇ ਰਾਜ ਵਿੱਚ ਧੀਆਂ-ਭੈਣਾਂ ਨੰਗੀਆਂ ਕਰ ਕੇ, ਉਹਨਾਂ ਦੇ ਪਿਤਾ ਨੂੰ ਉੱਪਰ ਪਾਇਆ ਗਿਆ ਹੋਵੇ ਜ਼ਬਰਦਸਤੀ, ਜਿਸ ਮਨੁੱਖ ਦੇ ਰਾਜ ਵਿੱਚ ਸਿੱਖ ਦੇ ਧਾਰਮਿਕ ਅਸਥਾਨ ਦੀ ਪਵਿੱਤਰਤਾ ਭੰਗ ਕੀਤੀ ਗਈ ਹੋਵੇ ਤੰਬਾਕੂ ਸੁੱਟ ਕੇ, ਜਿਸ ਮਨੁੱਖ ਦੇ ਰਾਜ ਵਿੱਚ ਕ੍ਰਿਪਾਨ 'ਤੇ ਬੈਨ ਲੱਗਾ ਹੋਵੇ, ਜਿਸ ਮਨੁੱਖ ਦੇ ਰਾਜ ਵਿੱਚ ਉਹਦੀ ਆਪਣੀ ਜ਼ਬਾਨੀ ਬਚਨ ਹੋਣ ਕਿ ਮੇਰੀ ਬਦੌਲਤ ਇਹ ਸਿੱਖ ਕਲਚਰ ਖਤਮ ਹੋ ਗਿਆ। ਇਹ ਮੁੱਖ ਮੰਤਰੀ ਦਾ ਬਿਆਨ ਆ। ਪੰਜਾਬ ਦੇ ਮੁੱਖ ਮੰਤਰੀ ਜ਼ਕਰੀਏ ਦਾ, ਉਹਦਾ ਬਿਆਨ ਆ ਕਿ ਮੇਰੀ ਬਦੌਲਤ ਸਿੱਖ ਕਲਚਰ ਖਤਮ ਹੋ ਗਿਆ ਤੇ ਬਾਹਰ ਬਣਦਾ, ਜ਼ਿੰਮੇਵਾਰੀ ਲੈਂਦਾ ਕਿ ਮੈਂ ਕਿਹੜਾ ਅਕਾਲੀਆਂ ਤੋਂ ਘੱਟ ਆਂ। ਮੇਰੇ ਗਾਤਰੇ ਕ੍ਰਿਪਾਨ ਆ। ਓਏ ਬਹੁਰੂਪੀਏ ਰੂਪ ਵਿੱਚ ਹੋ ਕੇ ਕਹੀ ਤੇ ਜਾਨਾਂ, (ਪਰ) ਇਹ ਚੀਜ਼ਾਂ ਤੇਰੇ ਰਾਜ ਵਿੱਚ ਨਹੀਂ ਹੋਈਆਂ ? ਕੋਈ ਬਾਂਹ ਖੜੀ ਕਰ ਕੇ ਕਹੋ, ਪੰਜਾਬ ਵਿੱਚ ਵਿਸ਼ੇਸ਼ ਤੌਰ 'ਤੇ, ਸਮੁੱਚੇ ਤੌਰ 'ਤੇ ਹਿੰਦੁਸਤਾਨ ਵਿੱਚ (ਕਿ) ਪੁਲੀਸ ਵੱਲੋਂ ਕਿਸੇ ਵੀ ਹਿੰਦੂ ਦੇ ਘਰ ਨੂੰ ਤੇ ਫੈਕਟਰੀ ਨੂੰ ਅੱਗ ਲਾਈ ਹੋਵੇ ਪੁਲੀਸ ਨੇ। ਸਿੱਖਾਂ ਦੇ ਮੁੰਡਿਆਂ ਦੇ ਕਿੰਨਿਆਂ ਦੇ ਘਰ ਸਾੜੇ ਗਏ ਹਿੰਦੁਸਤਾਨ ਵਿੱਚ ? ਕਿਸੇ ਹਿੰਦੂ ਦੀ ਲੜਕੀ 'ਤੇ ਮੁਕਦੱਮਾ ਚਲਦਾ ਤੇ ਕੋਈ ਮਨੁੱਖ ਉੱਠ ਕੇ ਦੱਸੇ ? ਇਹ ਸਿੱਖਾਂ ਦੀਆਂ ਲੜਕੀਆਂ 'ਤੇ ਮੁਕਦੱਮਾ ਕਿਉਂ ?

ਬੀਬੀ ਨਛੱਤਰ ਕੌਰ ਦਾ ਕੇਸ

ਖ਼ਾਲਸਾ ਜੀ, ਤੁਹਾਨੂੰ ਵੀ ਬੇਨਤੀ ਕਰਦਾ ਹਾਂ.....। ਆਪਣੇ ਮਨ ਵਿੱਚ ਵੀ ਇੱਕ ਕਾਇਰਤਾ ਹੈ। ਆਪਾਂ ੩੦-੩੦ ਹਜ਼ਾਰ ਛੁਡਾਉਂਦੇ ਰਹੇ ਆਂ, ੩੦-੩੦ ਹਜ਼ਾਰ, ਪਰ ਇਹ ਅਫਸੋਸ ਤੇ ਦੁੱਖ ਹੈ ਤੇ ਤੁਹਾਡੇ 'ਤੇ ਗਿਲਾ ਵੀ ਹੈ। ਜਿਹੜੇ ਬਾਹਰ ਬੈਠੇ ਆਂ। ਬੀਬੀ ਨਛੱਤਰ ਕੌਰ 'ਤੇ ਕੇਸ ਚੱਲ ਰਿਹਾ (ਉਹ) ਲੁਧਿਆਣੇ (ਜੇਲ੍ਹ ਵਿੱਚ) ਰਹਿ ਰਹੀ ਆ, ਸਮਰਾਲੇ ਤਰੀਕਾਂ ਪੈਂਦੀਆਂ। ਲੀਡਰ ਸਾਹਿਬਾਨ ਸਾਰੇ ਬੈਠੇ ਆ ਤੇ ਆਪਾਂ ਵੀ ਸੰਗਤ ਰੂਪ 'ਚ ਇਕੱਤਰ ਹੋਏ ਹਾਂ। ਸਾਰੇ ਉੱਠ ਕੇ ਉਥੇ ਸੜਕ 'ਤੇ ਜਾ ਖੜੇ ਹੋਈਏ ਤੇ ਬੀਬੀ ਦੇ ਲੱਗੀ ਹੋਵੇ ਹੱਥ ਕੜੀ। ਇੱਕ ਹਿੰਦੂ ਟੋਪੀ ਵਾਲਾ ਉੱਠ ਕੇ ਕਹਿ ਦੇਵੇ, ਓ ਸਿੱਖੋ, ਲੀਡਰ ਸਾਹਿਬਾਨੋ ਆਹ ਤੁਹਾਡੀ ਭੈਣ ਚੱਲੀ ਆ, ਦੱਸੋ ਆਪਣੇ ਕੋਲੇ ਉੱਤਰ ਕੀ ਆ ? ਕੋਈ ਜਵਾਬ ਹੈ ਤੇ ਦੱਸ ਦਿਉ ? ਓ ਇੱਕ ਲੜਕੀ ਨੂੰ ਆਪਾਂ ਤਰੀਕ 'ਤੇ ਜਾਣ ਤੋਂ ਨਹੀਂ ਰੋਕ ਸਕੇ, ਕੀ ਆਪਣੇ 'ਚ ਸਿੱਖੀ ਦਾ ਜਜ਼ਬਾ ? ਕੀ ਆਪਣੇ ਮਨ 'ਚ ਦ੍ਰਿੜ੍ਹਤਾ ? ਲੜਿਆ ਅਮਰਜੀਤ ਸਿੰਘ, ਪੁਲੀਸ ਮਾਰਨ ਗਈ, ਉਹਦਾ ਦਾਅ ਲੱਗ ਗਿਆ, ਉਹਨੇ ਉਹਨਾਂ ਨੂੰ ਗੱਡੀ ਚੜ੍ਹਾ ਦਿੱਤਾ। ਪੁਲੀਸ ਦਾ ਦਾਅ ਲੱਗ ਗਿਆ ਤੇ ਉਹਨੂੰ ਧੋਖੇ ਨਾਲ, ਝੂਠਾ ਪੁਲੀਸ ਮੁਕਾਬਲਾ ਬਣਾ ਕੇ ਮਾਰ ਦਿੱਤਾ। ਓ ਤੁਸੀਂ ਉਹਦੇ ਤੋਂ ਹੱਕ ਲੈ ਲਿਆ ਤੇ ਉਹਨੂੰ ਮਾਰ ਦਿੱਤਾ ਤੇ ਬੀਬੀ ਨੇ ਕੀ ਗੁਨਾਹ ਕੀਤਾ ? ਇਹ ਸਿੱਖ ਦੀ ਲੜਕੀ ਕਿਉਂ ਕਚਹਿਰੀਆਂ 'ਚ ਜਾ ਰਹੀ ਆ ? ਜੇ ਸਾਰਿਆਂ ਵਾਸਤੇ ਕਨੂੰਨ ਇੱਕੋ ਜਿਹਾ, ਪਰ ਇਹ ਆਪਣੀ ਬੁਜ਼ਦਿਲੀ ਤੇ ਕਾਇਰਤਾ ਤੇ ਜਦੋਂ ਇਹੋ ਜਿਹਾ ਪ੍ਰਚਾਰ ਕਰਨੇ ਆਂ, ਕਹਿੰਦੇ ਜੀ ਤੂੰ ਬੋਲਿਆ ਨਾ ਕਰ ਤੇਰੇ ਤੇ ਮੁਕੱਦਮੇ ਬਣ ਚੱਲੇ ਆ।

ਧਾਰਾ ੫੦੬ ਤਹਿਤ ਸੰਤਾਂ 'ਤੇ ਕੇਸ

ਆਹ ਮੈਨੂੰ ਤੇ ਕੱਲ ਪਤਾ ਲੱਗਾ ਧਾਰਾ ਦਾ, ਕਹਿੰਦੇ ੫੦੬ ਵੀ ਆ, ਕੋਈ ਨਿਕੰਮੀ ਜਿਹੀ ਧਾਰਾ ਆ। ਉਏ ਜੇ ਬਨਾਉਣਾ ਈ ਸੀ ਤੇ ਕੋਈ ਚੱਜ ਦਾ ਬਣਾਉਂਦੇ ਮੇਰੇ 'ਤੇ ਛੋਟਾ ਜਿਹਾ ਕਾਹਦਾ ਕੇਸ ਸੀ ਇਹ ? ਸਾਡੇ ਤਾਂ ਇਸ਼ਟ ਨੇ ਫੈਸਲਾ ਕਰ ਦਿੱਤਾ, ਜਦੋਂ ਜਨਮ ਲੈ ਕੇ ਆਏ ਆਂ (ਉਦੋਂ) ਹਰ ਇੱਕ ਮਨੁੱਖ 'ਤੇ ਕੇਸ ਬਣਿਆ।

ਮਰਣੁ ਲਿਖਾਇ ਮੰਡਲ ਮਹਿ ਆਏ ॥

(ਧਨਾਸਰੀ ਮ: ੧, ੬੮੫)

ਉਥੇ ਮਰਨਾ ਲਿਖਾ ਕੇ ਫਿਰ ਮਾਤ ਲੋਕ ਵਿੱਚ ਆਏ ਆ। ਕੇਸ ਤਾਂ ਉਥੇ ਵੀ ਬਣਿਆਂ (ਪਰ) ਕਦੇ ਇਸ ਪਾਸੇ ਧਿਆਨ ਦਿੱਤਾ ਭਈ ਇਹਨੂੰ ਕਿਵੇਂ ਨਜਿੱਠਣਾ ? ਆਹ ਛੋਟੇ-ਛੋਟੇ ਕੇਸ ਬਣਾ ਦਿੱਤੇ, ਜੇ ਤਾਂ ਮੈਂ ਕਹਿ ਦਿੱਤਾ, ਭਈ ਸ਼ਹੀਦਾਂ ਦਾ ਹੱਕ ਲੈਣਾ, ਇਸ਼ਟ ਦੀ ਬੇ-ਅਦਬੀ ਦਾ ਹੱਕ ਲੈਣਾ, ਧੀਆਂ ਭੈਣਾ ਦੀ ਇੱਜ਼ਤ ਲੁੱਟੀ ਦਾ ਹੱਕ ਲੈਣਾ। ਸਿੱਖਾਂ ਨੂੰ ਇੱਕ ਥਾਂ ਇਕੱਠਿਆਂ ਕਰਨਾ, ਸਾਰਿਆਂ ਦੇ ਨਸ਼ੇ ਛੁਡਾਉਣੇ ਆਂ। ਇਸ ਵਾਸਤੇ ਕੌਮ ਤਿਆਰ ਬਰ ਤਿਆਰ ਰਹੇ ਤੇ ਜੇ ਸਾਡੇ ਤੇ ਹਮਲੇ ਬੰਦ ਨਾ ਕੀਤੇ, ਅਸੀਂ ਗਿਣ-ਗਿਣ ਕੇ ਆਪਣਾ ਬਦਲਾ ਲਵਾਂਗੇ। ਇਹ ਮੈਂ ਬਚਨ ਕਹਿ ਦਿੱਤੇ ਤੇ ਕਹਿੰਦੇ ਜੀ ਗਰਮ ਪ੍ਰਚਾਰ ਕੀਤਾ ਤੇ ਜੋ ਪੰਜਾਬ ਦਾ ਮੁੱਖ ਮੰਤਰੀ ਕਹਿੰਦਾ, ਕੁਚਲ ਦਿਆਂਗੇ, ਦਰੜ ਦਿਆਂਗੇ, ਮਲ ਦਿਆਂਗੇ, ਉਹਦੇ ਉੱਤੇ ਕੋਈ ਕੇਸ ਨਹੀਂ। ਜੇ ਕੇਵਲ ਕ੍ਰਿਸ਼ਨ ਕਹਿੰਦਾ, ਇਹ ਸੰਪਰਦਾਵਾਂ ਸਾਰੀਆਂ..... ਅੱਜ ਤੋਂ ਤਿੰਨ ਕੁ ਮਹੀਨੇ ਪਹਿਲਾਂ 'ਅਕਾਲੀ ਪੱਤ੍ਰਿਕਾ' ਦੇ ਵਿੱਚ ਬਿਆਨ ਆਇਆ ਸੀ। ਆਹ ਕੇਵਲ ਕ੍ਰਿਸ਼ਨ ਆ, ਮੈਂ ਵੇਖਿਆ ਸੀ ਇੱਕ ਵੇਰਾਂ ਉਥੇ ਕੀਰਤਪੁਰ ਸਾਹਿਬ। ਜਿਵੇਂ ਬੱਕਰੀ ਤੇ ਮੀਂਹ ਪੈ ਜਾਂਦਾ ਤੇ ਕੰਬਦੀ ਆ ਨਾ ਠੱਕੇ ਦੇ ਨਾਲ, ਉਦੋਂ ਇਉਂ ਕੰਬਦਾ ਸੀ, ਹੁਣ ਬੜੀਆਂ ਗੱਲਾਂ ਕਰਦਾ ਬਾਹਰ ਇਹ। ਸੋ ਖ਼ਾਲਸਾ ਜੀ, ਉਹਨੇ ਕਿਹਾ ਕਿ ਸੰਪਰਦਾਵਾਂ ਜਿਹੜੀਆਂ.....ਜਾਂ ਸਿੱਖ ਆਪਣੇ ਆਪ ਨੂੰ ਵੱਖਰੀ ਕੌਮ ਅਖਵਾਉਣਾ ਚਾਹੁੰਦੇ ਆ.....। ਜੇ ਫੋਟੋ ਰੱਖਣੀ ਆਂ ਤੇ ਧਰਮ ਦੀ ਕਮਾਈ ਕਰਨੀ ਆਂ ਤੇ ਚਰਖੜੀ ਦੀ ਫੋਟੋ ਰੱਖਿਆ ਕਰੋ, ਅਸੀਂ ਚਰਖੜੀ ਤੇ ਚੜ੍ਹਨਾ ਤੇ ਜੇ ਧਰਮ ਦੀ ਗੱਲ ਕਰਨੀ ਆਂ ਤੇ ਟੋਕਾ ਕੋਲ ਰੱਖਿਆ ਕਰੋ, ਸਾਡਾ ਬੰਦ ਬੰਦ ਕੱਟਿਆ ਜਾਣਾ। ਜੇ ਸੱਚ ਕਹਿਣ ਦੀ ਜ਼ੁਰਅਤ ਕਰਨੀ ਆਂ ਤੇ ਫਿਰ ਰੰਬੀ ਕੋਲ ਰੱਖਿਆ ਕਰੋ, ਸਾਡੀ ਖੋਪਰੀ ਜ਼ਰੂਰ ਲੱਥੂ। ਜ਼ਰੂਰ ਲੱਥੇਗੀ, ਉਹ ਵੀ ਗੱਲ ਕਰਨ ਦੀ ਨਹੀਂ, (ਸਗੋਂ) ਜੇ ਗੱਲ ਕਰਨ ਵਾਲੇ ਨੂੰ ਰੋਟੀ ਖਵਾਉਣੀ, ਪ੍ਰਸ਼ਾਦਾ ਛਕਾਉਣਾ, ਪਾਣੀ ਪਿਆਉਣਾ ਤਾਂ ਲੱਥਣੀ ਆਂ। ਭਾਈ ਤਾਰੂ ਸਿੰਘ ਜੀ ਨੇ ਕੋਈ ਵਾਰ ਨਹੀਂ ਸੀ ਕੀਤਾ, ਕੋਈ ਹਥਿਆਰ ਨਹੀਂ ਸੀ ਰੱਖਿਆ, ਕੇਵਲ ਪ੍ਰਸ਼ਾਦੇ ਪਾ ਕੇ ਟੋਕਰੇ ਵਿੱਚ ਗੁਰੂ ਕੀ ਸੰਗਤ ਨੂੰ, ਭੁੱਖਿਆਂ ਨੂੰ ਛਕਾਉਂਦਾ ਸੀ ਤੇ ਉਹਨੂੰ ਪੁੱਛਿਆ ਗਿਆ ਤੂੰ ਸਿੰਘਾਂ ਪ੍ਰਸ਼ਾਦੇ ਛਕਾਏ ਆ ? ਕਹਿੰਦਾ ਹਾਂ ਜੀ ਛਕਾਏ ਆ। ਅਗਾਂਹ ਨੂੰ ਬੰਦ ਕਰਦੇ, (ਕਹਿੰਦਾ) ਨਹੀਂ ਕਰਾਂਗਾ। ਫਿਰ ਖੋਪਰੀ ਲੱਥੇਗੀ (ਕਹਿੰਦਾ) ਖੋਪਰੀ ਲੁਹਾ ਸਕਦਾਂ ਪਰ ਗੁਰੂ ਕੀ ਸੰਗਤ ਦੀ ਸੇਵਾ ਮੈਂ ਬੰਦ ਨਹੀਂ ਕਰ ਸਕਦਾ। ਖੋਪਰੀ ਲੱਥੀ ਖ਼ਾਲਸਾ ਜੀ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਉਸ ਸਿੰਘ ਦੀ ਖੋਪਰੀ ਲੱਥ ਗਈ। ਹੋਇਆ ਕੀ ? ਜਦੋਂ ਖੋਪਰੀ ਲੱਥੀ....., ਜਿਵੇਂ ਅੱਜ ਇਹ ਕਹਿੰਦੇ ਨੇ ਨਾ (ਕਿ) ਮੈਂ ਅੱਧੇ ਘੰਟੇ 'ਚ ਸਾਰੇ ਖ਼ਤਮ ਕਰ ਦਿਊਂ। ਇਹਨੂੰ ਇਹ ਬੜਾ ਭੁਲੇਖਾ। ਜਿੰਦੇਂ ਇਸ ਅਸਥਾਨ 'ਤੇ ਹਮਲਾ ਹੋਇਆ....., ਇਹ ਪਿੱਛਲੀ ਗੱਲ ਨਹੀਂ ਗੀ, ਭਈ ਜਿਹੜਾ ਆਇਆ.....ਤੇ

ਮੁੜਕੇ ਸੱਚਰ ਆ ਕੇ ਮੁਆਫ਼ੀ ਮੰਗ ਲਊ । ਮੈਂ ਦ੍ਰਿੜ ਨਿਸਚੇ ਨਾਲ ਇਹ ਗੱਲ ਕਹਿਣੀ ਚਾਹੁੰਦਾ ਹਾਂ । ਜਿੱਦੇਂ ਇਸ ਅਸਥਾਨ 'ਤੇ ਪੁਲੀਸ ਵੱਲੋਂ ਹੁਣ ਹਮਲਾ ਹੋਇਆ ਤੇ ਇਹ ਦੁਨੀਆਂ 'ਚ ਮਿਸਾਲ ਬਣੇਗੀ ਕਿ ਖ਼ਾਲਿਸਤਾਨ ਬਣਿਆ । ਉਸ ਦਿਨ ਜ਼ਰੂਰ ਖ਼ਾਲਿਸਤਾਨ ਬਣੇਗਾ । ਜਿੱਦੇਂ ਪੁਲੀਸ ਹੁਣ ਇਥੇ ਅੰਦਰ ਆ ਕੇ ਕੋਈ ਭੈੜੀ ਹਰਕਤ ਕਰਨੀ ਚਾਹੇਗੀ । ਭਾਈ ਤਾਰੂ ਸਿੰਘ ਦੀ ਖੋਪਰੀ ਲੱਥੀ ਤੇ ਖ਼ਾਲਸਾ ਜੀ ਜੁੱਤੀ ਨਾਲ ਕੁੱਟ ਕੇ ਜ਼ਕਰੀਏ ਨੂੰ ਅੱਗੇ ਲਾ ਕੇ ਲੈ ਗਿਆ ਸੀ । ੨੨ ਦਿਨ ਬੈਠਾ ਰਿਹਾ ਖੋਪਰੀ ਲੁਹਾ ਕੇ ਤੇ ਇਹ ਕੀ ਕਹਿੰਦਾ ? ਕਿ ਅਖੇ ਮੈਂ ਇਥੋਂ ਅੰਦਰੋਂ ਜਿਉਂਦੇ ਨੂੰ ਲੈ ਜਾਊਂ ਕੱਢ ਕੇ । ਆ ਜਾਈਂ ਜੇ ਜ਼ੁਰਅਤ ਆ ਤੇ ਲੈ ਜਾਵੀਂ, ਅਗਾਂਹ ਕਿਹੜਾ ਚੂੜੀਆਂ ਪਾਈਆਂ ਹੋਈਆਂ, ਪਰ ਮੈਂ ਤੁਹਾਨੂੰ ਇਹ ਬੇਨਤੀ ਜ਼ਰੂਰ ਕਰਦਾਂ....., ਇਕੱਠੇ ਹੋ ਜਾਨੇ ਆਂ, ਦਿਵਾਨ ਲੱਗ ਜਾਂਦਾ, ਸ਼ਰਧਾਂਜ਼ਲੀ ਦੇ ਕੇ ਤੁਰ ਜਾਨੇ, ਬੋਲਣ ਵਾਲੇ ਆਪਣੇ ਥਾਂ 'ਤੇ, ਸੁਣਨ ਵਾਲੇ ਆਪਣੇ ਥਾਂ 'ਤੇ । ਇਹ ਬਾਹਰ ਜਾ ਕੇ ਖੁਸਰੇ ਬਣ ਕੇ ਸੌਂ ਕਿਉਂ ਜਾਨੇ ਆਂ ? ਕਿਉਂ ਨਹੀਂ ਸ਼ਸ਼ਤਰਧਾਰੀ ਹੁੰਦੇ ? ਕਿਉਂ ਨਹੀਂ ਹਥਿਆਰਬੰਦ ਹੁੰਦੇ ? ਹਥਿਆਰ ਰੱਖ ਕੇ, ਸ਼ਸ਼ਤਰਧਾਰੀ ਹੋ ਕੇ, ਕਿਸੇ ਧੀ ਭੈਣ ਦੀ ਇਜ਼ਤ ਲੁੱਟਣੀ ਆਪਣੇ ਵਾਸਤੇ ਪਾਪ ਆ । ਜੀਵ ਘਾਤ ਕਰਨਾ ਆਪਣੇ ਵਾਸਤੇ ਪਾਪ ਆ । ਕਿਸੇ ਦਾ ਘਰ ਲੁੱਟਣਾ, ਦੁਕਾਨ ਲੁੱਟਣੀ, ਆਪਣੇ ਵਾਸਤੇ ਪਾਪ ਆ । ਕਿਸੇ ਦੀ ਬੇ-ਇਜ਼ਤੀ ਕਰਨੀ ਆਪਣੇ ਵਾਸਤੇ ਪਾਪ ਆ, ਪਰ ਹਥਿਆਰ ਰੱਖ ਕੇ, ਆਪਣੀ ਕੀਤੀ ਹੋਈ ਬੇ-ਇਜ਼ਤੀ ਦਾ ਹੱਕ ਨਾ ਲੈਣਾ ਵੀ ਪਾਪ ਆ ।

ਪਵਨ ਕੁਮਾਰ ਨੇ ੨੩੦ ਗਰਨੇਡ ਰੱਖੇ ੨੩੦, ਜਿਹਦਾ ਲਾਇਸੈਂਸ ਕਦੇ ਵੀ ਨਹੀਂ ਬਣਦਾ । ਉਹਦੇ 'ਤੇ ਕੋਈ ਮੁਕਦਮਾ ਨਹੀਂ ਤੇ ਜੇ ਪੱਗ ਵਾਲਾ ਕਿਤੇ ਕਹੇ ਮੈਂ ਲਾਇਸੈਂਸੀ ਬੰਦੂਕ ਹੀ ਰੱਖ ਲਵਾਂ । ਕਹਿੰਦੇ ਜੀ ਇਹ ਤਾਂ ਅੱਤਵਾਦੀ ਆ । ਇਹਨੂੰ ਟੰਗ ਦਿਉ ਪੁੱਠਾ, ਇਹਨੂੰ ਫਾਂਸੀ ਲਾ ਦਿਉ । ਇਹ ਕਿੰਨਾ ਕੁ ਚਿਰ ਜੀਵਾਂਗੇ । ਮੈਂ ਸੰਗਤ ਨੂੰ ਇਹ ਬੇਨਤੀ ਕਰਦਾ ਹਾਂ, ਜੇ ਤਾਂ ਪੱਗਾਂ ਸਿਰ 'ਤੇ ਰੱਖ ਕੇ ਤੇ ਸਾਬਤ ਸੂਰਤ ਰਹਿ ਕੇ ਤੇ ਸਿੱਖ ਵੱਖਰੀ ਕੌਮ ਕਹਾ ਕੇ, ਆਪਣੇ ਧਾਰਮਿਕ ਚਿੰਨਾਂ ਦੇ ਸਹਿਤ ਵਿਚਰਨਾ ਸੰਸਾਰ ਦੇ ਵਿੱਚ, ਫਿਰ ਤਾਂ ਖ਼ਾਲਸਾ ਜੀ ਬੱਚਾ ਬੱਚਾ ਤੇ ਮਾਈ ਬਜ਼ੁਰਗ ਤੇ ਨੌਜੁਆਨ ਤਤਪਰ ਹੋਵੋ ਤੇ ਸੀਸ ਤਲੀ 'ਤੇ ਰੱਖ ਕੇ ਸੜਕਾਂ 'ਤੇ ਆ ਜਾਉ । ਆਹ ੪ ਤਰੀਕ ਨੂੰ ਹੁਕਮ ਹੋਇਆ.....ਤੇ ਜੇ ਸਿਰ 'ਤੇ ਟੋਪੀਆਂ ਰੱਖ ਕੇ ਤੇ ਮੂੰਹ ਸਿਰ ਮੁਨਾ ਕੇ ਤੇ ਚਪਲੀਆਂ ਝਾੜ ਕੇ ਤੁਰਨਾ, ਫਿਰ ਜਿੱਥੇ ਮਰਜ਼ੀ ਤੁਰੇ ਫਿਰੋ, ਫਿਰ ਕੋਈ ਕੁਝ ਨਹੀਂ ਕਹਿੰਦਾ ਹੈਗਾ । ਅਣਖ਼ ਨਾਲ ਜਿਊਣਾ ਤੇ ਸ਼ਹੀਦੀ ਵਾਸਤੇ ਤਿਆਰ ਹੋਵੋ ਤੇ ਜੇ ਬੇ-ਗ਼ੈਰਤੀ ਤੇ ਬੇ-ਅਣਖ਼ੀ ਦੀ ਜ਼ਿੰਦਗੀ ਨਾਲ ਜਿਊਣਾ ਤੇ ਫਿਰ ਜਿੱਥੇ ਮਰਜ਼ੀ ਤੁਰੇ ਫਿਰੋ, ਤੁਹਾਨੂੰ ਕੋਈ ਹੱਥ ਨਹੀਂ ਲਾਉਂਦਾ ਹੈਗਾ, ਪਰ ਸਿੱਖੀ ਧਰਮ ਵਾਸਤੇ ਤਿਆਰ ਬਰ ਤਿਆਰ ਹੋਵੋ । ਅੰਮ੍ਰਿਤ ਛਕੋ ਤੇ ਸਿੱਖ ਵੱਖਰੀ ਕੌਮ ਦਾ ਫੈਸਲਾ ਇੰਗਲੈਂਡ ਵਾਲਿਆਂ ਵੀ ਕਰ ਦਿੱਤਾ । ਉਹਨਾਂ (ਤਾਂ) ਹੁਣ ਕੀਤਾ ਤੇ ਭਾਈ ਗੁਰਦਾਸ ਜੀ ਨੇ ਅੱਜ ਤੋਂ ੪੦੦ ਸਾਲ ਪਹਿਲਾਂ ਤੋਂ ਕੀਤਾ । ਦਸਵੇਂ ਪਾਤਿਸ਼ਾਹ ਨੇ ੩੦੦ ਸਾਲ ਪਹਿਲਾਂ ਕਰ ਦਿੱਤਾ । ਸਤਿਗੁਰੂ ਨਾਨਕ ਦੇਵ ਜੀ ਨੇ ੫੦੦ ਸਾਲ ਪਹਿਲਾਂ ਫੈਸਲੇ ਕੀਤੇ ਆ । ਗਰੰਥ ਪੜ੍ਹੀਏ ਤੇ ਪਤਾ ਲੱਗਦਾ । ਭਾਈ ਗੁਰਦਾਸ ਜੀ ਦੀ ਰਚਨਾ ਦੁਆਰਾ ਸ਼ਬਦ ਆਉਂਦੇ ਹਨ,

ਸ਼ਬਦ ਜਿਤੀ ਸਿਧ ਮੰਡਲੀ ਕੀਤੋਸੁ ਅਪਣਾ ਪੰਥ ਨਿਰਾਲਾ ॥

(ਭਾਈ ਗੁਰਦਾਸ ਜੀ, ੧-੩੧-੭)

ਨਿਰਾਲੇ ਦਾ ਅਰਥ ਹੈ ਵੱਖਰਾ, ਪੰਥ ਦੇ ਅਰਥ ਤਾਂ ਬਹੁਤ ਆ, ਪਰ ਆਪਾਂ ਪੰਥ ਦੇ ਅਰਥ ਇਥੇ ਕੁ ਰੱਖੀਏ, ਜਿੰਨੇ ਕੁ ਆਪਾਂ ਜਾਣਦੇ ਆਂ ।

ਮਾਰਿਆ ਸਿਕਾ ਜਗਤ ਵਿੱਚ ਨਾਨਕ ਨਿਰਮਲ ਪੰਥ ਚਲਾਯਾ ॥

(ਭਾਈ ਗੁਰਦਾਸ ਜੀ, ੧-੪੫-੪)

ਉਥੇ ਨਿਰਮਲ ਭਗਵੇ ਕਪੜਿਆਂ ਦਾ ਨਹੀਂ ਗਾ, ਨਿਰਮਲ ਉਜਲ ਪੰਥ ਦਾ ਨਾਅ ਆਂ । ਦਸਵੇਂ ਪਾਤਿਸ਼ਾਹ ਨੇ ਕਿਹਾ :

'ਜਬ ਲਗ ਖਾਲਸਾ ਰਹੇ ਨਿਆਰਾ ॥
ਤਬ ਲਗ ਤੇਜ ਦੀਉ ਮੈ ਸਾਰਾ ॥
ਜਬ ਇਹ ਗਹੈ ਬਿਪਰਨ ਕੀ ਰੀਤ ॥
ਮੈਂ ਨ ਕਰਹੁੰ ਇਨ ਕੀ ਪ੍ਰਤੀਤ ॥

ਸਤਿਗੁਰੂ ਕਹਿੰਦੇ ਜੇ ਇਹਨਾਂ ਦੀ ਰੀਸ (ਰੀਤ) ਕਰਾਂਗੇ ਤੇ ਮੈਂ ਭਰੋਸਾ ਨਹੀਂ ਖ਼ਾਲਸੇ ਦਾ ਕਰਾਂਗਾ । ਹੁਣ ਆਪਾਂ ਵੇਖ ਲਈਏ, ਆਪਣੇ ਪਿਤਾ ਜੀ ਕਹਿ ਰਹੇ ਹਨ, ਗੁਰੂ ਗੋਬਿੰਦ ਸਿੰਘ ਸਾਹਿਬ ਜੀ,

ਬਿਨਾ ਸਸਤ੍ਰ ਕੇਸੰ ਨਰੰ ਭੇਡ ਜਾਨੋ ॥
ਗਹੈ ਕਾਨ ਤਾਂ ਕੋ ਕਿਤੈ ਲੈ ਸਿਧਾਨੋ ॥
ਇਹੈ ਮੋਰ ਆਗਯਾ ਸੁਨੋ ਲੈ ਪਿਆਰੈ ।
ਬਿਨਾ ਤੇਗ ਕੇਸੰ ਦਿਵੋ ਨ ਦਿਦਾਰੇ ॥

ਮੇਰਾ ਸਿੱਖ ਜਿਹੜਾ ਹੈ, ਮੇਰਾ ਪੁੱਤਰ ਜਿਹੜਾ ਹੈ, ਉਹ ਕੇਸਾਧਾਰੀ ਹੋਵੇ ਤੇ ਸ਼ਸ਼ਤਰਧਾਰੀ ਹੋਵੇ । ਜੇ ਦੋ ਚੀਜਾਂ ਸਿੱਖ ਕੋਲ ਨਹੀਂ, ਭਾਵੇਂ ਕਿੰਨੀ ਤਪੱਸਿਆ ਕਰਦਾ, ਮੈਂ ਦਰਸ਼ਨ ਨਹੀਂ ਉਹਨੂੰ ਕਦੀ ਦੇਵਾਂਗਾ । ਆਪਣੇ ਪਿਉ ਦਾ ਇਹ ਫੈਸਲਾ ਤੇ ਜਿਹਨਾਂ ਦੇ ਪਿਉ ਦਾ ਇਹ ਫੈਸਲਾ ਕਿ ਤੁਸੀਂ ਜੰਗ ਵੇਲੇ ਸ਼ਸ਼ਤਰ ਚੁੱਕੋ ਤੇ ਉਦੋਂ ਪਿੱਛੋਂ ਨੌਂ ਧਾਗੇ ਦਾ ਜਨੇਊ ਕੁੰਜੀ ਪਾਉਣ ਵਾਸਤੇ ਰੱਖ ਲਉ, ਬੰਨਣ ਵਾਸਤੇ (ਪਰ) ਉਹ ੨੩੦ ਗਰਨੇਡ, ਬੰਦੂਕਾਂ ਤੇ ਸਟੇਨਾ ਰੱਖਣ ਤੇ ਜਿਹਦੇ ਪੁੱਤ ਨੂੰ ਹੁਕਮ ਹੈ, ਤੂੰ ਸ਼ਸ਼ਤਰ ਬਿਨਾ ਰਹਿਣਾ ਨਹੀਂ, ਉਹਦੇ 'ਤੇ ਕਹਿੰਦੇ ਅੱਜ ਪਾਬੰਦੀ, ਉਹਨੂੰ ਚੈਲੰਿਜ ਆ ।

ਆਹ ਹੁਣੇ ਜਥੇਦਾਰ ਜੀ ਬੋਲਦੇ ਹਟੇ ਆ ਰਮੇਸ਼ ਬਾਰੇ । ਉਹ ਕਹਿੰਦਾ ਜੀ ੪:੦੦ ਵਜੇ ਕਿਉਂ ਗਏ ? ਉਹ ਲਾਲੇ ਦਾ ਮੁੰਡਾ, ਮੈਂ ਤਾਂ ਵੇਖਿਆ ਨਹੀਂ ਸੁਣਿਆਂ ਅਖਬਾਰਾਂ 'ਚੋਂ । ੪:੦੦ ਵਜੇ ਜੀਪ ਤੇ ਕਿਉਂ ਗਏ ? ਹੁਣ ਤੇ ਮੈਂ ਇਥੇ ਬੈਠਾਂ ਚੱਲੋ ਕਿਸੇ ਵੇਲੇ ਵੀ ਉੱਠ ਖਲੋਵਾਂ । ਆਹ ਜਦੋਂ ਮੈਂ ਬਾਹਰ ਰਿਹਾਂ, ਮੈਨੂੰ ਤੇ ੧੮-੧੮ ਦਿਵਾਨ ਲਾਉਣੇ ਪੈਂਦੇ ਸੀ, ੭-੭ ਰਾਤਾਂ ਤੇ ੭-੭ ਦਿਨ ਸੰਗਤ ਨੇ ਇੱਕ ਮਿੰਟ ਨਹੀਂ ਸੀ ਸੌਣ ਦਿੱਤਾ ਤੇ ਜੇ ਇਹੋ ਜਿਹੇ ਦੇ ਵਿਧਾਨ ਅਨੁਸਾਰ ਚਲਣਾ ਹੋਵੇ ਤਾਂ ਫਿਰ ਤੇ ਰੋਟੀ ਖਾਣੀ ਵੀ ਔਖੀ ਹੋ ਜਾਉ । ਸਿੱਖ ਦੇ ਪੁੱਤ ਵਾਸਤੇ ਤਾਂ ਹੁਕਮ ਹੈ ਹਰ ਵੇਲੇ ਹੀ, ਗੁਰ ਮਰਿਯਾਦਾ ਹੈ ਕਿ ਪਹਿਰ ਰਾਤ ਗਈ ਤਕ ਭਜਨ ਕਰਨਾਂ ਤੇ ਪਹਿਰ ਰਾਤ ਰਹਿੰਦੀ ਤੋਂ ਉੱਠ ਕੇ ਫਿਰ ਸਿਮਰਨ ਵਿੱਚ ਜੁੜਨਾ । ਸਤਿਗੁਰੂ ਦਾ ਤੇ ਗੁਰਮਤਿ ਦਾ ਰਾਹ ਇਹੈ ਤੇ ਨਾਲੇ ਇਹੋ ਜਿਹੇ ਬੰਦਿਆਂ ਤੋਂ ਪੁੱਛਣ ਦੀ ਲੋੜ ਕੀ ਆ ? ਉਹ ਜਿਹਨਾਂ ਲੋਕਾਂ ਨੂੰ ਇੱਕ ਵਾਰੀ ਨੌਰੰਗੇ ਨੇ ਕਹਿ ਦਿੱਤਾ ਕਿ ਟੋਪੀ ਤੇ ਜਨੇਊ ਲਾਹ ਕੇ ਮੰਜੇ ਤੇ ਰੱਖ ਦਿਉ । ਕੁੱਟਿਆ ਮਾਰਿਆ ਕੋਈ ਨਹੀਂ ਗਾ । ਵਾਰਨਿੰਗ ਕਿਸੇ ਨੂੰ ਕੀਤਾ, ਤੰਗ ਨਹੀਂ ਕਿਸੇ ਨੂੰ ਕੀਤਾ । ਇੰਨੀ ਗੱਲ ਕਹੀ ਕਿ ਟੋਪੀ ਤੇ ਜਨੇਊ ਲਾਹ ਕੇ ਮੇਰੇ ਮੰਜੇ ਦੀ ਪੈਂਦ ਤੇ ਰੱਖ ਦਿਉ ਤੇ ਦਿਨ ਚੜ੍ਹੇ ਨੂੰ ਇਸਲਾਮਾਂ-ਲੇਕਮ ਕਰਦੇ, ਟੋਪੀਆਂ ਤੇ ਜਨੇਊ ਲੈ ਕੇ ਤੇ ਜਾ ਕੇ ਕਹਿੰਦੇ ਜਨਾਬ ਕਿਰਪਾ ਕਰੀਂ, ਸਾਨੂੰ ਬਚਾ ਲਈਂ, ਟੋਪੀ ਭਾਵੇਂ ਜਿਹੜੀ ਘਰੇ ਪਈ ਉਹ ਵੀ ਲੈ ਲੈ । ਉਹਨਾਂ ਲੋਕਾਂ ਦਾ ਡਰ ਕਾਹਦਾ ? ਡਰ ਤਾਂ ਕੇਵਲ ਹੈ ਤੇ

ਆਪਾਂ ਨੂੰ ਆਪਣੇ ਆਪ ਤੋਂ ਹੈ, ਉਹ ਕਿਹੜਾ ? ਜਿਹੜੇ ਨੌਜੁਆਨ ਸਿੱਖਾਂ ਦੇ ਮੁੰਡੇ ਸਿੱਖੀ ਤੋਂ ਪਤਿਤ ਹੋ ਰਹੇ ਆ । ਭੈੜੇ ਪਾਸੇ ਤੁਰ ਰਹੇ ਆ । ਇਸ ਚੀਜ਼ ਦਾ ਡਰ ਆ, ਬਾਕੀ ਆਹ ਟੋਪੀਆਂ ਵਾਲਿਆਂ ਦਾ ਕੋਈ ਡਰ ਨਹੀਂ ।

"ਨਿਸਚੈ ਕਰ ਅਪਨੀ ਜੀਤ ਕਰੋਂ ॥"

ਦੇ ਰਾਹ ਤੇ ਚਲੋ । ਕਿਸੇ ਦੇ ਰਹਿਬਰ ਨੇ ਅੰਗੂਰਾਂ ਦੀ ਸ਼ਰਾਬ ਮੰਗੀ ਆ, ਕਿਸੇ ਦੇ ਰਹਿਬਰ ਨੇ ਹੂਰਾਂ ਦਾ ਲਾਲਚ ਦਿੱਤਾ, ਪਰ ਜੋ ਹੂਰੇ ਮਿਲਣ ਲੱਗ ਪਏ ਫਿਰ ਤਾਂ ਗੁਰੂ ਰਾਖਾ । ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਤਾਂ ਬਚਨ ਆ, ਆਪਣੇ ਪਿਤਾ ਦਾ ਆਪਣੇ ਪੁੱਤਰ ਨੂੰ, ਸੁਨੇਹਾ ਹੈ, ਅਕਾਲ ਪੁਰਖ ਅੱਗੇ ਬੇਨਤੀ ਹੈ :

"ਜਬ ਆਵ ਕੀ ਅਉਧ ਨਿਦਾਨ ਬਨੈ ॥
ਅਤਿ ਹੀ ਰਨ ਮੈ ਤਬ ਜੂਝ ਮਰੋਂ ॥"

ਇਸ ਰਸਤੇ 'ਤੇ ਚਲਣਾ ਚਾਹੀਦਾ ।

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥

(ਸਲੋਕ ਕਬੀਰ, ੧੭੬੫)

ਮੁੱਖ ਮੰਤਰੀ ਦਰਬਾਰਾ ਸਿੰਹੁ ਨੂੰ ਥਾਂ ਨਿਸ਼ਚਿਤ ਕਰਕੇ ਮੁਕਾਬਲਾ ਕਰਨ ਦਾ ਚੈਲੰਜ

ਇਹ ਭਾਈ ਹਰਦੇਵ ਸਿੰਘ ਨੂੰ ਸ਼ਹੀਦ ਕੀਤਾ, ਜੋ ਰੋਡਿਆਂ ਵਾਲੇ ਨੂੰ । ਅੱਜ ਤੱਕ ਉਹਦੇ 'ਤੇ ਕੋਈ ਮੁਕਦਮਾਂ ਨਹੀਂ । ਅਠੱਤਰ (ਵਿਸਾਖੀ ੧੯੭੯) ਤੋਂ ਲੈ ਕੇ ਹੁਣ ਤੱਕ ਜਾਂ ਬਚਪਨ ਤੋਂ ਲੈ ਕੇ ਹੁਣ ਤੱਕ.....। ਇੱਕ ਵੀ ਕਿਸੇ ਮੁਕਦਮੇਂ ਵਿੱਚ ਉਹਦੀ ਲੋੜ ਨਹੀਂ ਸੀ । ਬਿਨਾ ਕਾਰਨ ਇਹਨਾਂ ਨੇ (ਗੋਲੀਆਂ) ਚਲਾਈਆਂ, ਕਹਿੰਦੇ ਜੀ ਹਥਿਆਰ ਸੀ.....। ਮੈਂ ਸੰਗਤ ਤੋਂ ਤੇ ਪ੍ਰਧਾਨ ਸਾਹਿਬ ਤੋਂ ਮੁਆਫ਼ੀ ਮੰਗ ਕੇ ਇੱਕ ਗੱਲ ਕਹਿਣੀ ਚਾਹੁੰਦਾ ਹਾਂ । ਇਹ ਕਹਿੰਦੇ ਨੇ ਸਿੰਘਾਂ ਕੋਲ ਹਥਿਆਰ ਸੀ ਤੇ ਇਹਨਾਂ ਨੂੰ ਅਸੀਂ ਤਾਂ ਖ਼ਤਮ ਕਰਨਾ ਚਾਹਿਆ । ਮੈਂ ਸਟੇਜ ਤੋਂ ਕਹਿਣਾ ਚਹੁੰਦਾ ਹਾਂ ਕਿ ਦਰਬਾਰਾ ਆਪ ਦੇ ਕਿਸੇ ਵੀ ਪੰਜ ਬੰਦਿਆਂ ਨੂੰ, ਮੈਂ ਨਾਂਅ ਨਹੀਂ ਕਿਸੇ ਦਾ ਲੈਂਦਾ । ਕਿਸੇ ਵੀ ਪੰਜ ਬੰਦਿਆਂ ਨੂੰ, ਤਿਆਰ ਕਰਕੇ ਤੇ ਥਾਂ ਮੁਕਰਰ ਕਰ ਦੇਵੇ, ਮੈਂ ਆਪਣੇ ਵੱਲੋਂ ਇੱਕ ਸਿੰਘ ਭੇਜ ਦੇਨਾਂ, ਉਹਨੂੰ ਜਿਉਂਦੇ ਨੂੰ ਫੜ ਕੇ ਲੈ ਜਾਣ, ਮੈਂ ਗ੍ਰਿਫ਼ਤਾਰੀ ਦੇ ਦਊਂ ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਇਹ ਤਾਂ ਕਹਿੰਦੇ ਉਹਨਾਂ ਕੋਲ ਸਮਾਨ ਬੜਾ ਸੀ ਤੇ ਇਸ ਤਰ੍ਹਾਂ ਸੀ.....। ਇਹਨੂੰ ਪੁੱਛੋ ਕੋਈ ਬੰਦਾ ਫੜਿਆ ? ਹੁਣ ਕਹਿੰਦੇ ਜੀ ਗੱਡੀ 'ਚੋਂ ਸਟੇਨ ਸੁੱਟ ਕੇ ਭੱਜ ਗਏ । ਸਟੇਨ ਹੋਵੇ ਅੰਮ੍ਰਿਤਧਾਰੀ ਦੇ ਹੱਥ ਵਿੱਚ ਤੇ ਉਹ ਹੋਵੇ ਭਿੰਡਰਾਂਵਾਲਿਆਂ (ਦੇ ਜਥੇ) ਦਾ ਸਿੰਘ, ਤੁਹਾਨੂੰ ਸਟੇਨ ਸੁੱਟ ਕੇ ਦੇ ਜਾਊ ਉਹ ।

ਸੋ ਖ਼ਾਲਸਾ ਜੀ ਇਹਨਾਂ ਝੂਠੀਆਂ ਚੀਜ਼ਾਂ ਤੋਂ ਬਚਣਾ ਤੇ ਜਿਹੜਾ ਆਹ ਅਖਬਾਰਾਂ ਵਿੱਚ ਨਿੱਤ ਆਉਂਦਾ (ਕਿ) ਇਹ ਜੀ ਹੁਣ ਲੜੇ ਕਿ ਲੜੇ । ਬਸ ਇਹਨਾਂ 'ਚ ਫੁੱਟ ਪਈ ਖੜੀ ਆ, ਅਕਾਲੀਆਂ 'ਚ । ਇਹ ਸਾਰੇ ਕੋਈ ਦੋ ਦਲੀਏ ਬਣ ਗਏ, ਕੋਈ ਤਿੰਨ ਦਲੀਏ ਬਣ ਗਏ ਆ, ਇਹ ਕੇਵਲ ਅਖ਼ਬਾਰਾਂ

ਦੀਆਂ ਮਨਘੜਤ ਗੱਲਾਂ, ਇਹਨਾਂ ਤੋਂ ਬਚ ਕੇ ਰਹਿਣਾ, ਪੰਥ ਦੀ ਛਟ ਕੇ ਨੰਗੇ ਧੜ ਹਮਾਇਤ ਕਰਨੀ ਆਂ। ਆਹ ੪ ਤਰੀਕ ਦਾ ਜਿਹੜਾ ਪ੍ਰੋਗਰਾਮ ਬਣਿਆ....., ਇਹਦੇ 'ਚ ਪੂਰੀ ਸਫ਼ਲਤਾ ਦੀ ਪ੍ਰਾਪਤੀ ਵਾਸਤੇ, ਪੂਰਾ-ਪੂਰਾ ਸਹਿਯੋਗ ਸਾਰਿਆਂ ਨੂੰ ਦੇਣਾ ਚਾਹੀਦਾ। ਮੈਂ ਆਪਣੇ ਵੱਲੋਂ ਆਈ ਹੋਈ ਸੰਗਤ ਦਾ, ਸਾਰੇ ਲੀਡਰ ਸਾਹਿਬਾਨਾਂ ਦਾ, ਬਹੁਤ ਧੰਨਵਾਦ ਕਰਦਾ ਹਾਂ ਤੇ ਵਿਸ਼ੇਸ਼ ਤੌਰ 'ਤੇ ਸ਼ਹਿਰ ਨਿਵਾਸੀ ਦੁਕਾਨਾਂ ਵਾਲਿਆਂ ਦਾ, ਜਿਹਨਾਂ ਨੇ ਬੇਨਤੀ ਮੰਨ ਕੇ ਦੁਕਾਨਾਂ ਬੰਦ ਕਰਕੇ, ਭਾਈ ਹਰਦੇਵ ਸਿੰਘ ਨੂੰ ਸ਼ਰਧਾਂਜ਼ਲੀ ਦੇਣ ਵਾਸਤੇ, ਸਤਿਗੁਰੂ ਦੇ ਦਰ 'ਤੇ ਆ ਕੇ ਨਮਸਕਾਰ ਕੀਤੀ ਹੈ। ਸਾਰਿਆਂ ਦਾ ਧੰਨਵਾਦ। ਦਾਸ ਤੋਂ, ਬੋਲਦੇ ਤੋਂ ਕੋਈ ਗ਼ਲਤੀ ਹੋ ਗਈ ਹੋਵੇ, ਅਨਜਾਣ ਬੱਚਾ ਜਾਣਕੇ ਸਾਰੀ ਸੰਗਤ ਮੁਆਫ਼ੀ ਬਖਸ਼ੇ। ਸੋ ਅਗਲਾ ਪ੍ਰੋਗਰਾਮ ਜਿਹੜਾ ਹੈ, ਉਹ ਸੈਕਟਰੀ ਸਾਹਿਬ ਤੋਂ ਸੁਣੋ। ਭਾਈ ਹਰਦੇਵ ਸਿੰਘ ਜੀ ਦੇ ਮਾਤਾ ਪਿਤਾ ਅਤੇ ਉਹਦੀ ਭੈਣ ਤੇ ਇੱਕ ਭਾਈ ਉਹ ਇਥੇ ਆਏ ਹੋਏ ਹਨ। ਉਹਨਾਂ ਨੂੰ ਸਿਰਪਾਉ ਹੁਣੇ ਦਿੱਤਾ ਜਾਵੇਗਾ। ਉਹ ਜਿਸ ਤਰ੍ਹਾਂ ਬਾਬਾ ਜੀ ਕਹਿਣਗੇ, ਉਸ ਪ੍ਰੋਗਰਾਮ ਤੇ ਆਪਾਂ ਚੱਲਾਂਗੇ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੨.

(ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ, ੧੩-੦੪-੧੯੮੩)

ਸਤਿਗੁਰੂ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ ਜੀ ਦੀ ਸਾਜ਼ੀ ਨਿਵਾਜ਼ੀ ਗੁਰੂ ਰੂਪ ਗੁਰੂ ਖ਼ਾਲਸਾ ਸਾਧ ਸੰਗਤ ਜੀਉ, ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਗੁਰੂ ਪਿਆਰੇ ਖ਼ਾਲਸਾ ਜੀ,

ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ ॥
ਅਰਜਨ ਕਾਇਆਂ ਪਲਟ ਕੈ ਮੂਰਤ ਹਰਿਗੋਬਿੰਦ ਸਵਾਰੀ ॥
ਚਲੀ ਪੀੜ੍ਹੀ ਸੋਢੀਆਂ ਰੂਪ ਦਿਖਾਵਨ ਵਾਰੋ ਵਾਰੀ ॥
ਦਲ ਭੰਜਨ ਗੁਰ ਸੂਰਮਾਂ ਵਡ ਜੋਧਾ ਬਹੁ ਪਰਉਪਕਾਰੀ ॥

(ਭਾਈ ਗੁਰਦਾਸ ਜੀ, ੧-੪੮-੪)

ਮੀਰੀ ਪੀਰੀ ਦੇ ਮਾਲਕ ਦੇ ਅਸਥਾਨ 'ਤੇ ਆਪਾਂ ਇਥੇ ਇਕੱਤਰ ਹੋਏ ਹਾਂ। ਮੈਂ ਅਰੰਭਤਾ ਵਿੱਚ ਸਾਰੀ ਸੰਗਤ ਨੂੰ, ਖ਼ਾਲਸੇ ਦੇ ਜਨਮ ਦਿਨ ਦੀ ਸੁਆਸ ਸੁਆਸ ਵਧਾਈ ਪੇਸ਼ ਕਰਦਾ ਹਾਂ। ਜੋ ਅੱਜ ਮਹਾਨ ਇਕੱਠ....., ਇਸ ਅਸਥਾਨ ਤੇ ਸਤਿਗੁਰੂ ਜੀ ਦੇ ਚਰਨ ਪਰਸਣ ਵਾਸਤੇ ਸੰਗਤ ਆਈ ਹੈ, ਇਹ ਆਮ ਇਕੱਠਾਂ ਦੀ ਤਰ੍ਹਾਂ ਨਹੀਂ। ਇਸ ਦਾ ਕੋਈ ਬੜਾ ਭਾਰੀ ਵਿਸ਼ੇਸ਼ ਪ੍ਰਯੋਜਨ ਹੈ, ਕੋਈ ਮਹੱਤਤਾ ਹੈ।

ਕੁਰਬਾਨੀ ਸ਼ਾਂਤਮਈ, ਪਰ ਜ਼ੁਲਮ ਦਾ ਨਾਸ ਸ਼ਸ਼ਤਰ ਨਾਲ

ਸਤਿਗੁਰੂ ਨਾਨਕ ਦੇਵ ਸੱਚੇ ਪਾਤਿਸ਼ਾਹ ਜੀ ਦੇ ਅਵਤਾਰ ਤੋਂ ਲੈ ਕੇ, ੧੫੨੬ ਬਿਕਰਮੀ ਤੋਂ ਹੁਣ ਦੇ ਸਮੇਂ ਤੱਕ ਸਿੱਖ ਕੌਮ ਇੱਕ ਬੜੇ ਭਾਰੀ ਸਘੰਰਸ਼ ਵਿੱਚ ਦੀ ਲੰਘ ਰਹੀ ਹੈ। ਸੱਚ 'ਤੇ ਚੱਲਣ ਵਾਲਿਆਂ ਨੂੰ, ਚੱਕੀਆਂ ਪੀਸਣੀਆਂ ਪਈਆਂ ਪਰ ਚੱਕੀਆਂ ਪੀਸਣ ਤੋਂ ਉਪਰੰਤ ਜਿਹਨਾਂ ਲੋਕਾਂ ਨੇ ਭਿਹਾਈਆਂ ਸੀ, ਉਹਨਾਂ ਨੂੰ ਹੱਥ ਜੋੜ ਕੇ ਮੁਆਫ਼ੀਆਂ ਮੰਗਣੀਆਂ ਪਈਆਂ। ਇਸ ਤੋਂ ਪਿੱਛੋਂ ਸ਼ਾਇਦ ਸਮਾਂ ਆਇਆ, ਤੱਤੀ ਤਵੀ 'ਤੇ ਬੈਠਣਾ ਪਿਆ। ਸ਼ਾਂਤਮਈ ਢੰਗ ਨਾਲ ਚੱਲਦਿਆਂ ਹੋਇਆਂ ਤਸੀਹੇ ਸਹਾਰਨੇ ਪਏ। ਜਿਸ ਅਸਥਾਨ 'ਤੇ ਆਪਾਂ ਅੱਜ ਖੜੇ ਹਾਂ, ਇਸ ਅਸਥਾਨ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸੱਚੇ ਪਾਤਿਸ਼ਾਹ ਜੀ ਨੇ ੧੧ ਸਾਲ ਦੀ ਉਮਰ ਵਿੱਚ, ਕੁਝ ਨਿਯਮ (ਬਚਨ) ਕੀਤੇ ਸਨ। ਉਹਨਾਂ ਨਿਯਮਾਂ (ਬਚਨਾਂ) ਨੂੰ ਸੁਣ ਕੇ, ਕੁਝ ਕੁ ਡਰਪੋਕ ਲੋਕਾਂ ਦੇ ਮਨਾਂ ਵਿੱਚ, ਬੜੀ ਭਾਰੀ ਦਹਿਸ਼ਤ ਬੈਠੀ ਸੀ ਕਿ ਛੋਟੀ ਜਿਹੀ ਉਮਰ ਦੇ ਵਿੱਚ, ਇਤਨੇ ਕਰੜੇ ਬਚਨ ਕਹਿ ਦਿੱਤੇ ਹਨ। ਗੌਰਮੈਂਟ ਦੇ ਨਾਲ ਕਿਵੇਂ ਟਾਕਰਾ

ਲਿਆ ਜਾ ਸਕਦਾ ? ਮਾਤਾ ਗੰਗਾ ਜੀ ਦੇ ਪਾਸ ਇਹ ਸੁਨੇਹਾ ਪਹੁੰਚਿਆ ਸੀ। ਸਤਿਗੁਰੂ ਜੀ ਨੇ ਅੱਗੋਂ ਉੱਤਰ ਦਿੱਤਾ ਸੀ, ਮਾਤਾ ਜੀ ਫਿਕਰ ਨਾ ਕਰੋ, ਸਮਾਂ ਆਵੇਗਾ ਹੱਕ ਲਵਾਂਗੇ। ਉਹ ਸਮਾਂ ਆਉਣ ਤੇ ਖ਼ਾਲਸਾ ਜੀ ਹੱਕ ਲਿਆ ਗਿਆ ਸੀ।

ਇਹ ਇਕੱਠ ਜਿਹੜਾ ਕੀਤਾ.....। ਪੰਜਾਬ ਦੀ ਗੌਰਮੈਂਟ ਨੇ, ਸੈਂਟਰ ਦੀ ਗੌਰਮੈਂਟ ਨੇ ਜੋ ਅਤਿਆਚਾਰ ਕਰਨੇ ਸ਼ੁਰੂ ਕੀਤੇ ਆ, ਉਹ ਕੋਈ ਛੋਟੇ ਛੋਟੇ ਨਹੀਂ, ਪੁਰਾਤਨ ਸਮੇਂ ਦੇ ਇਤਿਹਾਸਾਂ ਵਿੱਚੋਂ ਜ਼ਿਕ੍ਰਨਾ ਪੜ੍ਹਿਆ ਤੇ ਮਹਾਂਪੁਰਖਾਂ ਤੋਂ ਸੁਣਿਆਂ, ਉਹਨਾਂ ਸਾਰੇ ਹੀ ਪਾਪਾਂ ਨੂੰ ਇਸ ਵਰਤਮਾਨ ਜ਼ਕਰੀਏ ਦੀ ਹਕੂਮਤ ਨੇ ਮਾਤ ਪਾ ਦਿੱਤਾ। ਮੁੱਖ ਮੰਤਰੀ ਤੇ ਸੈਂਟਰ ਦੀ ਹਕੂਮਤ ਨੇ। ਅਸੀਂ ਕਿਸੇ ਹਿੰਦੂ ਨਾਲ ਜਾਂ ਕਿਸੇ ਮੁਸਲਮਾਨ ਨਾਲ ਵਿਤਕਰੇ ਭਰੀ ਗਲ ਕਹਿਣੀ ਠੀਕ ਨਹੀਂ ਸਮਝਦੇ, ਪਰ ਸਚਿਆਈ ਕਹਿਣ ਤੋਂ ਕਦੇ ਸੰਕੋਚ ਵੀ ਨਹੀਂ। ਖਾਸ਼ ਕਰਕੇ ਮੈਂ ਨੌਜੁਆਨਾਂ ਨੂੰ ਵਿਸ਼ੇਸ਼ ਤੌਰ ਬੇਨਤੀ ਕਰਦਾਂ, ਸਮੁੱਚੇ ਤੌਰ ਤੇ ਸਾਰੀ ਸੰਗਤ ਨੂੰ, ਕਿ ਸਿੰਘੋ ਜੇ ਸੱਚ ਦੀ ਗੱਲ ਕਹੋ ਤਾਂ ਗੌਰਮੈਂਟ ਨੂੰ ਬੜੀ ਭਾਰੀ ਤਕਲੀਫ਼ ਹੁੰਦੀ ਆ ਤੇ ਕਹਿੰਦੇ ਜੀ ਅੱਤਵਾਦੀ ਬੋਲਦੇ ਆ। ਸੱਚ ਕਹਿਣ ਤੋਂ.....। ਮੈਂ ਤੁਹਾਡੇ ਚਰਨਾਂ ਵਿੱਚ ੫-੭ ਛੋਟੀਆਂ-ਛੋਟੀਆਂ ਗੱਲਾਂ ਕਹਿਣੀਆਂ, ਥੋੜੇ ਜਿਹੇ ਸਮੇਂ ਵਿੱਚ, ਕਿਉਂਕਿ ਪ੍ਰਧਾਨ ਸਾਹਿਬ ਜੀ ਨੇ ਆਪਾਂ ਨੂੰ ਪ੍ਰੋਗਰਾਮ ਦੇਣਾ ਤੇ ਆਪਾਂ ਸਾਰਿਆਂ ਨੇ ਸੁਣਨਾ ਤੇ ਉਹਦੇ 'ਤੇ, ਹੁਕਮ ਦੇ ਉੱਪਰ ਫੁੱਲ ਚੜ੍ਹਾਉਣੇ ਆਂ, ਆਗਿਆ ਮੰਨਣੀ ਆਂ। ਆਪਣੇ ਵਿੱਚ ਹਿੰਦੂ ਵੀਰ ਵੀ ਕੁਝ ਆਏ ਆ, ਬਾਹਰ ਖੜੇ ਆ।

ਪੁਲਿਸ ਦੁਆਰਾ ਸਿੱਖ ਲੜਕੀਆਂ ਦੀ ਬੇ-ਇਜ਼ਤੀ

ਸਿੱਖਾਂ ਦੀ ਨੌਜੁਆਨ ਲੜਕੀ ਨੂੰ ਨੰਗਿਆਂ ਕਰਕੇ, ਉਹਦੇ ਪਿਤਾ ਨੂੰ ਉਹਦੇ ਉੱਪਰ ਖ਼ਾਲਸਾ ਜੀ ਪਾਇਆ ਗਿਆ। ਘੱਲ ਖੁਰਦ ਥਾਨੇ ਵਿੱਚ, ਮੋਗਾ ਤਹਿਸੀਲ ਵਿੱਚ। ਸਿੱਖਾਂ ਦੀ ਲੜਕੀ ਨੂੰ ਨੰਗਿਆਂ ਕਰਕੇ ਦਾਉ ਕੇ ਪਿੰਡ ਵਿੱਚ, ਝਿਊਰ ਸਿੱਖਾਂ ਨੂੰ ਜਿਹਨਾਂ ਨੂੰ ਆਪਾਂ ਮਹਿਰੇ ਸਿੰਘ ਕਹਿਨੇ ਆਂ.....। ਉਹਨਾਂ ਦੀ ਲੜਕੀ ਨੂੰ ਨੰਗਿਆਂ ਕਰਕੇ ਸਵਰਨ ਸਿੰਘ ਡੀ. ਐਸ. ਪੀ. ਤਰਨ ਤਾਰਨ ਵਾਲੇ ਨੇ ਆਪਣੇ ਸਮੇਂ ਦੇ ਵਿੱਚ, ਉਹਨੂੰ ਅਸਥਨਾਂ ਤੋਂ ਪਕੜ ਕੇ, ਨੰਗਿਆਂ ਕਰਕੇ ਪਿੰਡ ਵਿੱਚ ਫੇਰਿਆ। ਕਿਸੇ ਹਿੰਦੂ ਦੀ (ਬੇ-ਇਜ਼ਤੀ) ਹੋਈ ਇਸ ਤਰ੍ਹਾਂ ? ਇੱਕ ਵੀ ਦੱਸ ਦਿਉ ਪੰਜਾਬ ਵਿੱਚ ਕੋਈ ਮਿਸਾਲ ਹੋਵੇ। ਕੇਵਲ ਸਿੱਖਾਂ ਦੇ ਘਰਾਂ ਨੂੰ ਅੱਗ ਲੱਗੀ ਆ, ਪੁਲੀਸ ਵੱਲੋਂ। ਸਾਰੇ ਪੰਜਾਬ ਵਿੱਚ ਪੁਲੀਸ ਵੱਲੋਂ ਇੱਕ ਵੀ ਹਿੰਦੂ ਦਾ ਘਰ ਸਾੜਿਆ, ਕੋਈ ਸਿੱਧ ਕਰ ਦੇਵੇ ? ਮੈਂ ਇਹ ਨਹੀਂ ਕਹਿੰਦਾ ਕਿ ਕਿਸੇ ਦਾ ਸਾੜਨਾ ਚਾਹੀਦਾ, ਪਰ ਜਿਹੜੇ ਕਹਿੰਦੇ ਆ ਨਾ ਕਿ ਸਿੱਖ ਐਵੇਂ ਹੀ ਝੂਠ ਬੋਲੀ ਜਾਂਦੇ ਆ, ਅਕਾਲੀਆਂ ਨੂੰ ਸੁਭਾਅ ਪੈ ਗਿਆ, ਜੇਲ੍ਹਾਂ 'ਚ ਜਾਣ ਦਾ ਤੇ ਮਰਨ ਦਾ (ਪਰ) ਅਸੀਂ ਵਿਤਕਰਾ ਕੋਈ ਨਹੀਂ ਕਰਦੇ। ਤੁਹਾਡੇ ਸਾਹਮਣੇ ਮੈਂ ਬੇਨਤੀ ਕਰਨੀ ਚਾਹੁੰਨਾ, ਇਹਨਾਂ ਵਿੱਚੋਂ ਜਿੰਨੀਆਂ ਗੱਲਾਂ ਤੁਹਾਡੇ ਚਰਨਾਂ ਵਿੱਚ ਮੈਂ ਕਹਿਣ ਲੱਗਾ ਹਾਂ, ਇੱਕ ਗੱਲ ਵੀ ਕੋਈ ਸੈਂਟਰ ਦਾ ਵਜ਼ੀਰ ਦਲੀਲ ਦੇ ਕੇ, ਪੰਜਾਬ ਦਾ ਵਜ਼ੀਰ ਕੋਈ ਦਲੀਲ ਦੇ ਕੇ, ਝੂਠੀ ਸਿੱਧ ਕਰ ਦੇਵੇ, ਮੈਂ ਤਖ਼ਤ 'ਤੇ ਖਲੋ ਕੇ ਪ੍ਰਣ ਕਰਦਾਂ, ਆਪਣਾ ਸਿਰ ਵੱਢ ਕੇ ਤੁਹਾਡੇ ਚਰਨਾਂ ਵਿੱਚ ਰੱਖ ਦਿਆਂਗਾ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸਿੱਖ ਦੀ ਆਵਾਜਾਈ ਅਤੇ ਕ੍ਰਿਪਾਨ 'ਤੇ ਪਾਬੰਦੀ

ਇੰਨੇ ਭਾਰੀ ਵਿਤਕਰੇ ਹੋ ਰਹੇ ਆ। ਆਜ਼ਾਦ ਦੇਸ਼ ਹੋਵੇ, ੧੦੦ ਦੇ ਵਿੱਚੋਂ ੯੩ ਸਿਰ ਤੁਸਾਂ ਨੇ ਦਿੱਤੇ ਹੋਣ, ਇਹਨਾਂ ਪੱਗਾਂ ਵਾਲੇ ਵੀਰਾਂ ਨੇ ਤੇ ਆਜ਼ਾਦ ਦੇਸ਼ ਵਿੱਚ ਲਕੀਰ ਖਿੱਚੀ ਜਾਵੇ। ਜੇ ਹਿੰਦੁਸਤਾਨ ਵਿੱਚ ਖੇਡਾਂ ਹੋ ਰਹੀਆਂ (ਤਾਂ) ਪੱਗ ਵਾਲਾ ਤੇ ਸਿੰਘ ਨਾਂਅ ਵਾਲਾ ਨਹੀਂ ਉਥੇ ਜਾ ਸਕਦਾ (ਪਰ) ਟੋਪੀ ਵਾਲਾ ਉਥੇ ਜਾ ਸਕਦਾ। (ਟੋਪੀ ਵਾਲਾ) ਅਮਰੀਕਾ 'ਚੋਂ ਆ ਸਕਦਾ (ਪਰ) ਸਿੱਖ ਨਹੀਂ ਆ ਸਕਦਾ। ਇਹ ਕੀ ਆਜ਼ਾਦ ਹਾਂ ਆਪਾਂ ? ਕ੍ਰਿਪਾਨ 'ਤੇ ਪਾਬੰਦੀ ਲਾ ਦਿੱਤੀ, ਅਖੇ ਜੀ ਕ੍ਰਿਪਾਨ ਸ਼ਸ਼ਤਰ ਆ, ਇਹਦੇ ਡਰ ਨਾਲ ਜਹਾਜ਼ ਅਗਵਾਹ ਕੀਤਾ ਗਿਆ। ਮੈਨੂੰ ਇੱਕ ਵਜੀਰ ਮਿਲਿਆ ਸੀ ਸੈਂਟਰ ਦਾ, ਕਹਿੰਦਾ ਜੀ ਆਹ ਕ੍ਰਿਪਾਨ 'ਤੇ ਤਾਂ ਪਾਬੰਦੀ ਲਾਈ ਆ.....। ਮੈਂ ਉਹਨੂੰ ਪੁੱਛ ਲਿਆ ਭਈ ਇੱਕ ਗੋਂਦ ਦੇ ਨਾਲ, ਇੱਕ ਸੇਬ ਦੇ ਨਾਲ ਵੀ ਜਹਾਜ ਅਗਵਾਹ ਕੀਤਾ। ਅਖੇ ਜੀ ਉਹ ਗੋਲ ਸੀ ਗੋਲ, ਅਖੇ ਉਹਦਾ ਡਰ ਸੀ ਗਾ (ਕਿ) ਕਿਤੇ ਬੰਬ ਨਾ ਹੋਵੇ। ਮੈਂ ਕਿਹਾ ਫਿਰ ਗੋਲ ਤਾਂ, ਸੇਬ ਸਾਰੇ ਗੋਲ, ਨਾਸ਼ਪਤੀਆਂ ਗੋਲ, ਸੰਤਰੇ ਗੋਲ, ਗਰਨੇਡ ਗੋਲ, ਆਹ ਗੱਡੀਆਂ ਦੇ ਟਾਇਰ ਗੋਲ, ਰੇਲ ਗੱਡੀਆਂ ਦੇ ਚੱਕੇ, ਪਹੀਏ ਗੋਲ, (ਫਿਰ ਇਹ) ਸਾਰੇ ਸਮੁੰਦਰ 'ਚ ਰੋੜ ਦਿਉ। ਇਹਨਾਂ 'ਤੇ ਪਾਬੰਦੀ ਲਾ ਦਿਉ, ਜੇ ਗੋਲ ਚੀਜ਼ ਦਾ ਈ ਡਰ ਆ।

ਸਿੱਖ ਹਾਈ-ਜੈਕਰ ਅਤੇ ਹਿੰਦੂ ਹਾਈਜੈਕਰ

ਪੰਡਿਤਾਂ ਦੇ ਘਰੇ ਜੰਮੀ ਬੀਬੀ ਇੰਦਰਾ ਗਾਂਧੀ, ਜਨਤਾ ਦੀਆਂ ਲੈ ਕੇ ਵੋਟਾਂ, ਹਿੰਦੁਸਤਾਨ ਦੀ ਬਣੀ ਪ੍ਰਾਈਮ ਮਨਿਸਟਰ। ੧੯੭੨ ਵਿੱਚ ਉਹਦੇ ਕੀਤੇ ਕਰਮਾਂ ਅਨੁਸਾਰ, ਜੱਜ ਨੇ ਉਹਨੂੰ ਸਜਾ ਦਿੱਤੀ। ਸਜਾ ਭੁਗਤਣ ਵਾਸਤੇ ਤਿਹਾੜ ਜੇਲ੍ਹ ਵਿੱਚ ਗਈ, ਤਿਹਾੜ ਜੇਲ੍ਹ ਵਿੱਚ ਜਾਣ ਦੇ ਟਾਈਮ 'ਤੇ ਉਹਦੇ ਸਹਿਯੋਗੀ ਪਾਂਡੇ ਹੁਰਾਂ ਨੇ ਖ਼ਾਲਸਾ ਜੀ ਜਹਾਜ ਅਗਵਾਹ ਕੀਤਾ (ਪਰ) ਉਹਨਾਂ ਲੋਕਾਂ ਨੂੰ ਕੁਰਸੀਆਂ ਮਿਲੀਆਂ ਤੇ ਜੋ ਸਿੱਖਾਂ ਦੇ ਇਸ਼ਟ ਨੂੰ ਚੰਦੋ ਕਲਾਂ ਵਿੱਚ....., ਜਥੇ ਦੀਆਂ ਬੱਸਾਂ ਵਿੱਚ ਪੋਥੀਆਂ ਸਾੜ ਦਿੱਤੀਆਂ। ਸਿੱਖਾਂ ਦੀਆਂ ਛਾਤੀਆਂ ਵਿੱਚ ਗੋਲੀਆਂ ਵੱਜੀਆਂ, ਮਹਿਤੇ ੨੦ ਸਤੰਬਰ ਨੂੰ ਦਾਸ ਦੀ ਗ੍ਰਿਫ਼ਤਾਰੀ ਦੇ ਪਿੱਛੋਂ। ਨਿਹੱਥੇ ਸਿੰਘਾਂ 'ਤੇ ਬਿਨਾ ਕਾਰਨ ਗੋਲੀਆਂ ਮਾਰ ਕੇ ਡੇਢ ਦਰਜਨ ਭੁੰਨ ਦਿੱਤੇ ਤੇ ਰੋਸ ਮੁਜ਼ਾਹਰਾ ਕਰਨ ਵਾਸਤੇ ਕ੍ਰਿਪਾਨ ਵਾਲੇ ਨੇ ਜਹਾਜ ਅਗਵਾਹ ਕਰ ਲਿਆ (ਪਰ) ਉਹਨਾਂ ਨੂੰ ਦੇਸ਼ ਨਿਕਾਲਾ.....। ਕਹਿੰਦੇ ਸਿੱਖ ਫਿਰਕਾਪ੍ਰਸਤ ਆ। ਇੱਕ ਪੰਡਿਤਾ ਦੀ ਬੀਬੀ ਵਾਸਤੇ ਜਹਾਜ ਅਗਵਾਹ ਹੋ ਸਕਦਾ, ਸਿੱਖਾਂ ਦੇ ਇਸ਼ਟ ਦੇ ਸੰਬੰਧ ਵਿੱਚ ਜਹਾਜ ਅਗਵਾਹ ਨਹੀਂ ਹੋ ਸਕਦਾ। ਕੀ ਇਹ ਆਜ਼ਾਦੀ ਆ ? ਉਸ ਤੋਂ ਪਿੱਛੋਂ ੪ ਅਗਸਤ ਨੂੰ ਭਾਈ ਗੁਰਬਖਸ਼ ਸਿੰਘ ਨੇ ਜਹਾਜ ਅਗਵਾਹ ਕੀਤਾ, ਉਹਦੀ ਲੱਤ 'ਚ ਟੀਕਾ ਲਾ ਕੇ ਲੱਤ ਗਾਲ਼ੀ ਗਈ। ੨੦ ਅਗਸਤ ਨੂੰ ਭਾਈ ਮਨਜੀਤ ਸਿੰਘ ਨੇ ਅਥਵਾ ਭਾਈ ਮੁਸੀਬਤ ਸਿੰਘ ਨੇ ਜਹਾਜ ਅਗਵਾਹ ਕੀਤਾ, ਉਹਦੇ ਗੋਲੀ ਮਾਰ ਕੇ ਮਾਰਿਆ। ਕਹਿੰਦੇ ਸਿੱਖ ਫਿਰਕਾਪ੍ਰਸਤ ਆ। ਸਿੱਖ ਆਪਣੀ ਪੱਗ ਵਾਸਤੇ, ਆਪਣੀ ਧੀ ਭੈਣ ਦੀ ਇਜ਼ਤ ਬਚਾਉਣ ਵਾਸਤੇ, ਆਪਣੇ ਇਸ਼ਟ ਦੇ ਸਤਿਕਾਰ ਨੂੰ ਬਰਕਰਾਰ ਰੱਖਣ ਵਾਸਤੇ, ਜਹਾਜ ਅਗਵਾਹ ਨਹੀਂ ਕਰ ਸਕਦਾ, ਪਰ ਜੇ ਟੋਪੀ ਪਾਈ ਆ ਤੇ ਕੰਨ ਨਾਲ ਜਨੇਊ ਲਪੇਟਿਆ, ਉਹ ਜਹਾਜ ਜਿੱਥੇ ਮਰਜ਼ੀ ਲੈ ਜਾਵੇ, ਉਹਨੂੰ ਕੋਈ ਪਾਬੰਦੀ ਨਹੀਂ। ਕੀ ਇਹ ਆਜ਼ਾਦੀ ਆ ? ਇੰਨਾ ਧੱਕਾ ਕਿਉਂ ਇਹੋ ?

ਸਿੱਖਾਂ ਨੂੰ ਹੱਕ ਨਾ ਮਿਲਣੇ ਪਰ ਹਿੰਦੂਆਂ ਨੂੰ ਦਿੱਤੇ ਜਾਣੇ

ਹਿੰਦੁਸਤਾਨ ਵਿੱਚ, ਹਿੰਦੁਸਤਾਨ ਦੀ ਆਜ਼ਾਦੀ ਤੋਂ ਪਿੱਛੋਂ, ਕਿਸੇ ਹਿੰਦੂ ਨੇ ਹਿੰਦੀ ਬੋਲਣ ਵਾਸਤੇ, ਹਿੰਦੀ ਸੂਬਾ ਲੈਣ ਵਾਸਤੇ, ਹਿੰਦੂ ਧਾਰਮਿਕ ਮੰਦਰ ਉੱਪਰ ਗੱਡੀ ਦਾ ਨਾਂਅ ਰਖਵਾਉਣ ਵਾਸਤੇ, ਹਿੰਦੂ ਧਾਰਮਿਕ ਸ਼ਹਿਰ ਨੂੰ ਪਵਿੱਤਰ ਦਰਜਾ ਦਿਵਾਉਣ ਵਾਸਤੇ, ਹਿੰਦੂ ਧਾਰਮਿਕ ਚਿੰਨ ਜਨੇਊ ਨੂੰ ਆਪਣੇ ਗਾਤਰੇ ਰੱਖਣ ਵਾਸਤੇ, ਇੰਨੀ ਸੰਗਤ ਵਿੱਚੋਂ ਇੱਕ ਵੀ ਦੱਸੋ, ਇੱਕ ਘੰਟੇ ਦੀ ਕੈਦ ਕੱਟੀ ਆ ਕਿਸੇ ਹਿੰਦੂ ਨੇ ? ਉਹਨਾਂ ਨੂੰ ਬੈਠਿਆਂ ਬੈਠਾਇਆਂ ਨੂੰ ਸਾਰਾ ਕੁਝ ਮਿਲ ਗਿਆ। ਜੇ ਤੁਸੀਂ ਪੰਜਾਬੀ ਬੋਲੀ ਬੋਲਣੀ ਆਂ, ਪੰਜਾਬੀ ਸੂਬਾ ਲੈਣਾ, ੫੭ ਹਜ਼ਾਰ ਤੁਸੀਂ (ਜੇਲ੍ਹ) ਜਾਉ। ਇੰਦਰਜੀਤ ਸਿੰਘ ਵਰਗੇ ਭੁਝੰਗੀਆਂ ਨੂੰ ਵੱਡ ਕੇ ਖੂਹ 'ਚ ਤੁਸੀਂ ਸੁਟਵਾਉ। ਆਪਣਾ ਖੂਨ ਤੁਸੀਂ ਡੋਲ੍ਹੋ ਤੇ ਹਰਿਆਣਾ ਤੇ ਹਿਮਾਚਲ ਇਹਨਾਂ ਨੂੰ ਮਿਲ ਜਾਵੇ। ਜੇ ਤੁਸੀਂ ਹਰਿਮੰਦਰ ਸਾਹਿਬ ਦੇ ਨਾਂਅ ਉੱਪਰ, ਗੱਡੀ ਦਾ ਨਾਂਅ ਰਖਾਉਣਾ। ਜੇ ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਦਰਜਾ ਕਰਾਰ ਦਿਵਾਉਣਾ। ਜੇ ਤੁਸੀਂ ਆਪਣੇ ਗਾਤਰੇ ਕ੍ਰਿਪਾਨ ਪਹਿਨਣੀ ਆਂ ਤੇ ਪ੍ਰਧਾਨ ਦਾ ਹੁਕਮ ਮੰਨ ਕੇ ਸ਼ਾਂਤੀ ਰੱਖਣੀ ਆਂ (ਤਾਂ) ੧ ਲੱਖ ਤੋਂ ਵੱਧ ਜੇਲ੍ਹਾਂ ਭਰੋ। ੨੦੦ ਦੇ ਕਰੀਬ ਸ਼ਹੀਦੀਆਂ ਦਿਉ ਤੇ ਫਿਰ ਵੀ ਫਿਰਕਾਪ੍ਰਸਤ, ਅੱਤਵਾਦੀ ਤੇ ਵੱਖਵਾਦੀ। ਇਹ ਸਾਰਾ ਦੋਸ਼ ਆਪਣੇ 'ਤੇ ਕਿਉਂ ਆਂ ? (ਕਿਉਂਕਿ) ਆਪਾਂ ਗ਼ੁਲਾਮੀ ਦੀ ਜ਼ਿੰਦਗੀ ਬਤੀਤ ਕਰ ਰਹੇ ਹਾਂ। ਮੈਂ ਤੁਹਾਡੇ ਕੋਲੋਂ ਸੰਤਾਂ ਦੇ ਪ੍ਰਣ ਕਰਾਉਣ ਤੋਂ ਪਹਿਲਾਂ, ਇੱਕ ਹੋਰ ਪ੍ਰਣ ਕਰਵਾਕੇ ਬਾਹਾਂ ਖੜੀਆਂ ਕਰਾਉਣੀਆਂ ਚਾਹੁੰਨਾ ਤੇ ਫਿਰ ਸਮਾਪਤੀ ਕਰਾਂਗਾ।

ਪ੍ਰਣ-ਪੱਤਰ ਭਰਨ ਵਾਲਿਆਂ ਨੂੰ ਹਦਾਇਤ

ਖ਼ਾਲਸਾ ਜੀ ਗ਼ੁਲਾਮੀ ਚੁੱਕਣੀ ਆਂ। ਮੈਂ ਇਹ ਵੀ ਬੇਨਤੀ ਕਰਾਂਗਾ, ਜਦੋਂ ਸੰਤ ਜੀ ਪ੍ਰਣ ਪੱਤਰ ਸੁਨਾਉਣਗੇ, ਉਦੋਂ ਪਿੱਛੋਂ ਬਾਹਾਂ ਉਹ ਵੀਰ ਖੜੇ ਕਰਿਉ, ਜਿਹੜੇ ਘਰੇ ਫ਼ਤਹਿ ਬੁਲਾ ਕੇ ਆਏ ਆ ਤੇ ਮਨ 'ਚ ਨਿਸਚਾ ਲੈ ਕੇ ਆਏ ਆ ਕਿ ਅਸੀਂ ਆਪਣੀਆਂ ਭੈਣਾਂ ਦੀ ਇਜ਼ਤ ਬਚਾਉਣੀ ਆਂ। ਅਸੀਂ ਸ਼ਾਂਤੀ ਦੇ ਹਾਮੀ ਰਹਿਣਾ, ਅਸੀਂ ਆਪਣੇ ਇਸ਼ਟ ਦੇ ਸਤਿਕਾਰ ਨੂੰ ਬਰਕਰਾਰ ਰੱਖਣਾ ਤੇ ਜਿਹਨਾਂ ਜਾਲਮਾਂ ਨੇ ਸਾਡੀਆਂ ਭੈਣਾਂ ਤੇ ਧੀਆਂ ਦੀ ਇਜ਼ਤ ਲੁੱਟੀ ਆ ਤੇ ਸਾਡੇ ਇਸ਼ਟ ਨੂੰ ਅੱਗ ਲਾਈ ਆ, ਸਾਡੇ ਧਾਰਮਿਕ ਅਸਥਾਨਾਂ ਦਾ ਅਪਮਾਨ ਕੀਤਾ ਤੇ ਗੁਟਕੇ ਫੜਕੇ ਸੜਕਾਂ 'ਤੇ ਬੈਠ ਕੇ ਬਾਣੀ ਪੜ੍ਹਨ ਵਾਲਿਆਂ ਦੇ ਵਿੱਚ ਦੀ ਗੋਲੀਆਂ ਲੰਘਾਈਆਂ, ਉਹਨਾਂ ਤੋਂ ਹੱਕ ਲੈਣਾ, ਉਹ ਸੰਤਾਂ ਦੇ ਕਹਿਣ ਦੇ ਟਾਈਮ 'ਤੇ ਬਾਹਾਂ ਖੜੀਆਂ ਕਰਿਉ। ਦੂਜੇ ਇਥੇ ਜੇ ਬਾਹਾਂ ਖੜੀਆਂ ਕਰਕੇ ਆਪਾਂ ਮੁਕਰੇ ਤੇ ਗੁਰੂ ਕੇ ਦੇਣਦਾਰ ਹੋਵਾਂਗੇ, ਚੇਤਾ ਰੱਖ ਲਿਉ।

ਬੋਲੋ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਅੰਮ੍ਰਿਤਧਾਰੀ, ਸਰਕਾਰ ਦੀਆਂ ਨਜ਼ਰਾਂ ਵਿੱਚ ਅੱਤਵਾਦੀ

ਇੱਕ ਸੰਤਾਂ ਤੋਂ ਪਹਿਲਾਂ ਦਾਸ ਨੇ ਤੁਹਾਡੀਆਂ ਬਾਹਾਂ ਖੜੀਆਂ ਕਰਾਉਣੀਆਂ, ਤੁਹਾਨੂੰ ਅੱਤਵਾਦੀ ਬਣਾਉਣਾ ਤੇ ਅੱਤਵਾਦੀ ਬਣਨ ਵਾਸਤੇ ਬਾਂਹ ਉਹ ਖੜੀ ਕਰਿਉ, ਜਿਹਨੇ ਅੱਤਵਾਦੀ ਵਾਲਾ ਕੰਮ ਕਰਨਾ। ਦਾਸ ਨੂੰ ਅੱਤਵਾਦੀ ਦਾ ਖ਼ਿਤਾਬ ਗੌਰਮੈਂਟ ਨੇ ਦਿੱਤਾ। ਜਿਹੜਾ ਅੰਮ੍ਰਿਤ ਛਕਾਵੇ ਤੇ ਆਪ

ਦਾ ਛਕਿਆ, ਜਿਹੜਾ ਬਾਣੀ ਆਪ ਪੜ੍ਹਦਾ ਤੇ ਦੂਜਿਆਂ ਨੂੰ ਪੜ੍ਹਾਵੇ, ਆਪ ਕਥਾ ਕਰੇ ਤੇ ਦੂਜਿਆਂ ਤੋਂ ਕਥਾ ਕਰਾਵੇ, ਕਥਾ ਤੇ ਕੀਰਤਨ 'ਤੇ ਸ਼ਰਧਾ ਹੋਵੇ, ਸਤਿਗੁਰੂ ਗਰੰਥ ਸਾਹਿਬ ਨੂੰ ਆਪਣਾ ਬਾਪੂ, ਪਿਉ ਤੇ ਇਸ਼ਟ ਮੰਨਦਾ ਹੋਵੇ, ਧੀਆਂ ਭੈਣਾਂ ਦੀ ਇਜ਼ਤ ਰੱਖਣ ਦਾ ਸਾਂਝੀਵਾਲ ਹੋਣ ਦੀ ਪ੍ਰੇਰਨਾ ਦੇਵੇ, ਕੇਸਰੀ ਨਿਸ਼ਾਨ ਸਾਹਿਬ ਦੇ ਥੱਲੇ ਇਕੱਠੇ ਕਰੇ, ਪੰਥ ਦੀ ਭਟ ਕੇ ਹਮਾਇਤ ਕਰੇ ਤੇ ਸਤਿਗੁਰੂ ਗਰੰਥ ਸਾਹਿਬ ਦੇ ਲੜ ਲਾਵੇ.....। ਇਹੋ ਜਿਹਾ ਕੰਮ ਕਰਨ ਵਾਲਿਆਂ ਦਾ ਨਾਮ ਹੈ ਅੱਤਵਾਦੀ.....ਗੌਰਮੈਂਟ ਨੇ ਕੰਮ ਇਹ ਕਿਹਾ। ਮੈਂ ਇਹੋ ਜਿਹਾ ਅੱਤਵਾਦੀ ਆਂ, ਜਿਹੋ ਜਿਹਾ ਤੁਹਾਨੂੰ ਦੱਸਿਆ ਤੇ ਤੁਹਾਡਿਆਂ ਚਰਨਾਂ ਵਿੱਚ ਮੈਂ ਬੇਨਤੀ ਕਰਦਾ ਹਾਂ, ਜੇ ਭੈਣਾਂ ਦੀ ਇੱਜ਼ਤ ਬਚਾਉਣ ਦੇ ਹੱਕ 'ਚ, ਇਸ਼ਟ ਦੇ ਸਤਿਕਾਰ ਨੂੰ ਕਾਇਮ ਰੱਖਣ ਦੇ ਹੱਕ ਵਿੱਚ, ਪੰਥ ਦੀ ਹਮਾਇਤ ਕਰਨ ਦੇ ਹੱਕ ਵਿੱਚ ਤੇ ਸ਼ਹੀਦਾਂ ਦੇ ਡੁੱਲ੍ਹੇ ਖ਼ੂਨ ਦਾ ਹੱਕ ਲੈਣ ਦੇ ਹੱਕ ਵਿੱਚ ਤੁਸੀਂ ਸਹਿਮਤ ਹੋ, ਇਹੋ ਜਿਹੇ ਅੱਤਵਾਦੀ ਹੋ ਤੇ ਜਦੋਂ ਮੈਂ ਜੈਕਾਰਾ ਛੱਡਾਂਗਾ, ਉਦੋਂ ਬਾਹਾਂ ਖੜੀਆਂ ਕਰਿਉ ਤੇ ਜਿਹੜਾ ਚਰਖੇ ਤੇ ਬਕਰੀ ਦਾ ਸਿੱਖ ਆ, ਜਿਹੜਾ ਰਾਧਾ ਸੁਆਮੀਆਂ ਤੇ ਨਕਰਧਾਰੀਆਂ ਦਾ ਸਿੱਖ ਆ, ਜਿਹੜਾ ਦੇਹਧਾਰੀਆਂ ਤੇ ਪਖੰਡੀਆਂ ਦਾ ਸਿੱਖ ਆ, ਜਿਹੜਾ ਕਬਰ ਤੇ ਮੜੀ ਦਾ ਸਿੱਖ ਆ, ਜੰਡ ਨੂੰ ਸੰਧੂਰ ਭੁੱਕਣ ਦਾ ਤੇ ਪਿੱਪਲ ਨੂੰ ਪਾਣੀ ਪਾਉਣ ਦਾ ਸਿੱਖ ਆ, ਉਹ ਬਾਂਹ ਖੜੀ ਨਾ ਕਰਿਉ। ਜਿਹੜਾ ਸਤਿਗੁਰੂ ਦਾ ਸਿੱਖ ਆ ਤੇ ਭੈਣਾਂ ਦੀ ਇੱਜ਼ਤ ਬਚਾਉਣ ਦੇ ਹੱਕ ਵਿੱਚ ਆ, ਪੰਥ ਦਾ ਹਾਮੀ ਆ, ਉਹ ਅੱਤਵਾਦੀ ਬਣਨ.....ਯਾਦ ਰੱਖ ਲਿਉ ਇਥੇ। ਮੈਂ ਇਹੋ ਜਿਹਾ ਹਾਂ ਤੇ ਇਹੋ ਜਿਹਾ ਰਹਿਣਾ। ਜ਼ਿੰਦਗੀ ਵਿੱਚ ਹੱਕ ਵੀ ਲੈਣਾ (ਪਰ) ਇਹ ਹੁਣ ਤੁਸੀਂ ਸੋਚ ਲਿਉ ਬਣਨਾ ਕਿ ਨਹੀਂ, ਮੈਂ ਤਾਂ ਹਾਂ।

ਸੰਤ - ਬੋਲੇ ਸੋ ਨਿਹਾਲ ॥

ਸੰਗਤ - ਸਤਿ ਸ੍ਰੀ ਅਕਾਲ ॥

ਮੈਂ ਆਪਣੇ ਵੱਲੋਂ ਸਾਰੀ ਸੰਗਤ ਦਾ ਧੰਨਵਾਦ ਕਰਦਾਂ, ਜਿਤਨੇ ਵਲੰਟੀਅਰ ਇਥੇ ਆਏ ਆ ਤੇ ਸੰਤ ਜੀ ਪ੍ਰਣ ਕਰਾਉਣਗੇ। ਉਹ ਜੋ ਜੋ ਪੜ੍ਹ ਕੇ ਸੁਣਾਉਣਗੇ, ਉਹਦੇ 'ਤੇ ਆਪਾਂ ਹਮਾਇਤ ਕਰਨੀ ਆਂ ਅਤੇ ਜੈਕਾਰਿਆਂ ਦੀ ਗੂੰਜ ਵਿੱਚ ਉਹਦੀ ਪ੍ਰਵਾਨਗੀ ਦੇਣੀ ਆਂ। ਭਾਵੇਂ ਸਾਰੇ ਤਾਂ ਆ ਨਹੀਂ ਸਕੇ ਅਜੇ, ਪਰ ਬਾਬਾ ਜੀ ਹੁਰਾਂ ਨੇ ਦੱਸਿਆ ਕਿ ਨੰਬਰਵਾਰ ਸਮੇਂ ਦੇ ਮੁਤਾਬਕ ਬਾਕੀ ਦੀ ਵੀ ਗਿਣਤੀ ਹੋ ਜਾਵੇਗੀ।

ਪੁਲੀਸ ਤੇ ਸੀ. ਆਈ. ਡੀ. ਵਾਲਿਆਂ ਨੂੰ ਅਪੀਲ

ਸੀ. ਆਈ. ਡੀ. ਵਾਲਿਉ ਤੇ ਪੁਲੀਸ ਵਾਲਿਉ, ਤੁਸੀਂ ਵੀ ਬਾਹਾਂ ਖੜੀਆਂ ਕੀਤੀਆਂ ਜਾਂ ਤਾਂ ਬੰਦੇ ਬਣ ਕੇ ਤੇ ਗੁਰੂ ਕੇ ਸਿੱਖ ਬਣ ਕੇ, ਉਧਰੋਂ ਛੱਡੋ ਖਹਿੜਾ ਤੇ ਇਧਰ ਹੋ ਜਾਉ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਕਿਉਂਕਿ ਕੁਝ ਸੀ. ਆਈ. ਡੀ. ਤੇ ਪੁਲੀਸ ਵਾਲਿਆਂ ਨੂੰ ਮੈਂ ਜਾਣਦਾ ਵੀ ਆਂ, ਜਿਹੜੇ ਇਥੇ ਬੈਠੇ ਆ। ਦਾਹੜੇ ਵੀ ਖੁੱਲੇ ਆ, ਕ੍ਰਿਪਾਨਾਂ ਵੀ ਉੱਪਰ ਦੀ ਆ, ਪੱਗਾਂ ਵੀ ਬੜੀਆਂ ਬੀਬੀਆਂ ਬੱਧੀਆਂ ਤੇ ਇਥੇ ਕੇਵਲ ਇਸ ਵਾਸਤੇ ਆਏ ਆ ਕਿ ਲੌਂਗੋਵਾਲ ਤੇ ਭਿੰਡਰਾਂਵਾਲੇ ਨੇ ਬੋਲਣਾ ਕੀ ਆ ? ਉਹ ਪ੍ਰੋਮੀਉਂ ਸੀ. ਆਈ. ਡੀ. ਉਹਦੀ ਲਈ ਦੀ ਹੁੰਦੀ ਆ, ਜਿਸ ਬੰਦੇ ਨੇ ਕਮਰੇ 'ਚ ਹੋਰ ਗੱਲ

ਕਹਿਣੀ ਤੇ ਬਾਹਰ ਹੋਰ ਤੇ ਸਟੇਜ 'ਤੇ ਦੂਜਿਆਂ ਕੋਲੇ ਹੋਰ। ਜਿਥੇ ਗੱਲ ਨਿਕਲਣੀ ਇੱਕੋ ਇੱਕ ਮੂੰਹੋਂ, ਉਹਦੀ ਸੀ. ਆਈ. ਡੀ. ਕਰਕੇ ਕਰੋਗੇ ਕੀ ? ਪਰ ਗੁਰੂ ਕੇ ਸਿੱਖੋ, ਟੋਪੀ ਵਾਲਾ ਸਾਡੀ ਸੀ. ਆਈ. ਡੀ. ਨਹੀਂ ਲੈ ਸਕਦਾ। ਬਦਕਿਸਮਤੀ ਆ ਸਾਡੀ ਸਿੱਖਾਂ ਦੀ (ਕਿ) ਸਾਡੀ ਸੀ. ਆਈ. ਡੀ ਲੈਣੀ ਤੇ ਤਾਂ ਵੀ ਕ੍ਰਿਪਾਨ ਦਾਹੜੇ ਵਾਲੇ ਨੇ, ਲਿਬਾਸ ਵਿਟਾ ਕੇ। ਜੇ ਗੋਲੀਆਂ ਚਲਾਉਣ ਵਾਸਤੇ ਹਰਿਮੰਦਰ ਸਾਹਿਬ 'ਚ ਆਉਣਾ ਤਾਂ ਵੀ ਕ੍ਰਿਪਾਨ ਵਾਲੇ ਨੇ। ਇਹ ਕਿਤੇ ਸਿੱਖਾਂ ਦੇ ਪੁੱਤਰਾਂ ਨੂੰ ਕੁਝ ਸੋਚਣਾ ਚਾਹੀਦਾ, ਪੁਲੀਸ ਤੇ ਮਿਲਟਰੀ ਵਾਲਿਆਂ ਨੂੰ। ਜਦੋਂ ਤੁਹਾਨੂੰ ਰੋਟੀ ਦਾ ਸਾਧਨ ਬਣਨਾ, ਤੁਹਾਡੀ ਡੇਢ ਦੀ ਭਰਤੀ ਆ। ਜਿੱਦੋਂ ਗੋਲੀਆਂ ਪੈਣੀਆਂ ਤੁਸੀਂ ਵਾਹਗੇ ਬਾਰਡਰ 'ਤੇ ਆਂ ਤੇ ਸਾਢੇ ਅਠਾਨਵੇਂ ਦੀ ਭਰਤੀ ਵਾਲੇ ਨੇ ਦਿੱਲੀ ਜਾਣਾ। ਇਹਦੇ ਵੱਲ ਧਿਆਨ ਰੱਖਿਆ ਕਰੋ।

ਦਰਬਾਰ ਸਾਹਿਬ 'ਤੇ ਹਮਲੇ ਸਮੇਂ ਸਿੱਖਾਂ ਨੂੰ ਡਿਊਟੀ ਸੰਭਾਲਣ ਦਾ ਆਦੇਸ਼

ਇੱਕ ਸੰਗਤ ਨੂੰ ਬੇਨਤੀ ਕਰਦਾਂ ਸਮਾਪਤੀ ਵਿੱਚ....., ਮੈਨੂੰ ਪਤਾ ਲੱਗ ਰਿਹਾ ਕੁਝ ਖ਼ਬਰਾਂ ਤੋਂ ਤੇ ਗੌਰਮੈਂਟ ਚਾਹੁੰਦੀ ਆ ਕਿ ਕਿਸੇ ਤਰੀਕੇ ਨਾਲ ਦਰਬਾਰ ਸਾਹਿਬ 'ਤੇ ਨਾਨਕ ਨਿਵਾਸ 'ਤੇ ਸਰਾਂ 'ਤੇ ਹੱਲਾ ਕੀਤਾ ਜਾਵੇ। ਮੈਂ ਇੱਕ ਆਪਣੇ ਵੱਲੋਂ ਪੁਰਜੋਰ ਬੇਨਤੀ ਸੰਗਤ ਨੂੰ ਕਰਾਂਗਾ, ਸਾਰੀ ਨੂੰ ਤੇ ਵਿਸ਼ੇਸ਼ ਤੌਰ 'ਤੇ ਨੌਜੁਆਨ ਭਰਾਵਾਂ ਨੂੰ, ਵੀਰਾਂ ਨੂੰ ਕਿ ਜਿਸ ਦਿਨ ਤੁਹਾਨੂੰ ਪਿੰਡਾਂ 'ਚ ਪਤਾ ਲੱਗ ਜਾਵੇ....ਪਰ ਇਹ ਨਾ ਹੋਵੇ ਕੋਈ ਖਾਲ੍ਹੀ ਸ਼ੋਸ਼ਾ ਛੱਡ ਦੇਵੇ ਤੇ ਤੁਸੀਂ ਕੰਮ ਸ਼ੁਰੂ ਕਰ ਦੇਵੋ.....। ਇਹ ਨਹੀਂ ਕਰਨਾ.....ਪਤਾ ਲੈ ਕੇ.....। ਜਿੱਦੋਂ ਪਤਾ ਲੱਗੇ ਕਿ ਨਾਨਕ ਨਿਵਾਸ ਵਿੱਚ ਇਥੇ ਚਾਰ ਦਿਵਾਰੀ ਦੇ ਅੰਦਰ ਪੁਲੀਸ ਨੇ ਹੱਲਾ ਕੀਤਾ, ਉਦੋਂ ਦਾਸ ਦੇ ਤੇ ਲੌਂਗੋਵਾਲ ਦੇ ਕੋਈ ਬਚਨ ਦੀ ਉਡੀਕ ਨਾ ਕਰਿਉ ਕਿ ਕੋਈ ਸੁਨੇਹਾ ਆਵੇਗਾ, ...ਆਪੋ ਆਪਣੀ ਡਿਊਟੀ ਸੰਭਾਲ ਕੇ ਨਿੰਦਕ ਚੁਣ ਦੇਣੇ ਪਿੰਡਾਂ ਪਿੰਡਾਂ 'ਚੋਂ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੮.

(ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ, ੧੩-੦੪-੧੯੮੩)

ਬੋਲੋ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਪਿਆਰੇ ਖ਼ਾਲਸਾ ਜੀ ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਸਾਰੇ ਹੀਲੇ ਫੇਲ੍ਹ ਹੋਣ 'ਤੇ ਸ੍ਰੀ ਸਾਹਿਬ ਉਠਾਉਣੀ ਜਾਇਜ਼

ਸਤਿਗੁਰੂ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ ਜੀ ਦੀ ਗੋਦ ਵਿੱਚ ਸੱਜ ਕੇ ਆਪ ਜੀ ਨੇ ਜੋ ਪੁਣ ਪੱਤਰ ਸੁਣਿਆ ਹੈ, ਉਸ 'ਤੇ ਆਪਾਂ ਸਾਰਿਆਂ ਨੇ ਨਿਯਮ ਕੀਤਾ ਹੈ ਅਤੇ ਉਸ ਦੇ ਅਨੁਸਾਰ ਚੱਲਣਾ। ਜੋ ਸ਼ਾਂਤਮਈ ਦਾ ਅੱਖਰ ਸੁਣ ਕੇ ਕੁਝ ਕੁ ਨੌਜੁਆਨ ਵੀਰਾਂ ਦੇ ਮਨ ਵਿੱਚ ਹੈ ਕਿ ਪਤਾ ਨਹੀਂ ਕਿਤਨੀ ਕੁ ਸ਼ਾਂਤਮਈ ਹੈ । ਜੋ ਪੰਥ ਦਾ ਹੁਕਮ ਹੈ, ਉਹ ਸ਼ਾਂਤਮਈ ਢੰਗ ਨਾਲ ਹੈ ਅਤੇ ਉਸੇ ਤਰ੍ਹਾਂ ਚੱਲਣਾ (ਪਰ) ਨਾਲ ਆਪਾਂ ਨੂੰ ਇਹ ਮਿਸਾਲ ਵੀ ਦਿੱਤੀ ਗਈ ਆ ਕਿ ਭਗਤ ਸਿੰਘ ਜੀ ਨੇ ਸ਼ਾਂਤਮਈ ਦੇ ਸਮੇਂ ਵਿੱਚ ਮੌਕੇ ਮੁਤਾਬਕ.....। ਸੋ ਆਪਣੇ ਵੀਰਾਂ ਦਾ ਆਪਣੇ ਭਰਾਵਾਂ ਦਾ ਹੱਕ ਲੈਣ ਵਾਸਤੇ, ਗੁਰਮਤਿ ਮੁਤਾਬਕ, ਜਦੋਂ ਸਾਰਿਆਂ ਪਾਸਿਆਂ ਤੋਂ ਪ੍ਰਬੰਧ ਖਤਮ ਹੋ ਜਾਣ, ਉਸ ਵੇਲੇ ਮੀਰੀ ਪੀਰੀ ਦੇ ਮਾਲਕ ਦੇ ਮੁਤਾਬਕ, ਸ੍ਰੀ ਸਾਹਿਬ ਦੀ ਵਰਤੋਂ ਕਰਨ ਦਾ ਹੱਕ ਸਿੱਖ ਨੂੰ, ਖ਼ਾਲਸੇ ਨੂੰ, ਸਤਿਗੁਰੂ ਨੇ ਦਿੱਤਾ ਹੈ । ਭਾਵੇਂ (ਅਜੇ) ਆਗਿਆ ਆਪਾਂ ਨੂੰ ਨਹੀਂ ਹੈ ਇਸ ਤਰ੍ਹਾਂ, ਪਰ ਜੇ ਕੋਈ ਐਸੇ ਸਮੇਂ ਵਿੱਚ (ਸਾਡੇ) ਸ਼ਾਂਤੀ ਪੂਰਵਕ ਚਲਦਿਆਂ ਹੋਇਆਂ, ਧੀਆਂ ਭੈਣਾਂ ਦੀ ਇਜ਼ਤ ਲੁੱਟਣ ਦੀ ਕੋਸ਼ਿਸ਼ ਕਰੇ ਤਾਂ ਉਸ ਟਾਈਮ 'ਤੇ ਅਕਾਲੀ ਦਲ ਵੱਲੋਂ ਜੋ ਹੈ, (ਉਹ) ਇਹ ਨਹੀਂ ਕਿ ਆਪਣੀਆਂ ਭੈਣਾਂ ਦੀ ਇਜ਼ਤ ਲੁਟਾ ਕੇ ਵੀ ਸ਼ਾਂਤੀ ਰੱਖਣੀ ਆਂ, ਐਸੀ ਆਗਿਆ ਨਹੀਂ । ਉਸ ਵੇਲੇ ਆਪਣਾ ਹੱਕ ਜ਼ਰੂਰ ਲੈਣਾ । ਬਾਕੀ ਜਿਹੜਾ ਪ੍ਰੋਗਰਾਮ ਆਂ, ਉਹਦੇ 'ਤੇ ਸ਼ਾਂਤੀ ਸਹਿਤ ਚੱਲਣਾ । ਜੋ ਸੰਤ ਜੀ ਨੇ ਆਪਾਂ ਨੂੰ ਕਿਹਾ, ਮੈਂ ਉਸ ਦੇ ਨਾਲ ਪੂਰਾ ਸਹਿਮਤ ਹਾਂ ਅਤੇ ਸੰਗਤ ਵਿੱਚ ਨੌਜੁਆਨਾਂ ਨੂੰ ਬੇਨਤੀ ਕਰਾਂਗਾ ਕਿ ਸਾਰਿਆਂ ਨੇ ਮੋਢੇ ਨਾਲ ਮੋਢਾ ਲਾ ਕੇ, ਪੂਰੀ ਤਾਕਤ ਤੇ ਮਜ਼ਬੂਤੀ ਨਾਲ ਚੱਲਣਾ ਹੈ । ਆਪਣੇ ਵੱਲੋਂ ਦੋਬਾਰਾ ਖ਼ਾਲਸੇ ਦੇ ਜਨਮ ਦਿਨ ਦੀ ਅਤੇ ਅੱਜ ਦੇ ਪ੍ਰੋਗਰਾਮ ਦੀ ਸਾਰੀ ਸੰਗਤ ਨੂੰ ਵਧਾਈ ਦਿੰਦਾ ਹਾਂ ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੯.

(ਦੀਵਾਨ ਹਾਲ, ਮੰਜੀ ਸਾਹਿਬ, ਅੰਮ੍ਰਿਤਸਰ, ੧੩-੦੪-੧੯੮੩)

ਸਟੇਜ ਸੈਕਟਰੀ - ਹੁਣ ਬੇਨਤੀ ਕਰ ਰਿਹਾ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਸੇਵਾ ਵਿੱਚ ਕਿ ਸੰਗਤ ਨੂੰ ਸੰਬੋਧਨ ਕਰਨ ਅਤੇ ਜਾਣ ਵਾਲੇ ਜਥਿਆਂ ਨੂੰ ਵਦਾਇਗੀ ਦੇਣ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥
ਸ਼੍ਰੋਮਣੀ ਅਕਾਲੀ ਦਲ ॥ ਜ਼ਿੰਦਾਬਾਦ ॥
ਸ਼੍ਰੋਮਣੀ ਅਕਾਲੀ ਦਲ ॥ ਜ਼ਿੰਦਾਬਾਦ ॥
ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸਤਿਗੁਰੂ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ ਜੀ ਦੀ ਸਾਜ਼ੀ ਨਿਵਾਜ਼ੀ, ਗੁਰੂ ਰੂਪ ਗੁਰੂ ਖ਼ਾਲਸਾ, ਸਾਧ ਸੰਗਤ ਜੀਉ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਪਿਆਰੇ ਖ਼ਾਲਸਾ ਜੀ, ਆਪ ਜੀ ਨੇ ਸਟੇਜ ਉੱਪਰੋਂ ਬੋਲਣ ਵਾਲੇ ਬੁਲਾਰਿਆਂ ਦੇ ਪਾਸੋਂ ਅਤੇ ਸਤਿਕਾਰ ਯੋਗ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਾਹਿਬ ਸੰਤ ਬਾਬਾ ਹਰਚੰਦ ਸਿੰਘ ਜੀ ਲੌਂਗੋਵਾਲ ਜੀ ਪਾਸੋਂ ਅਤੇ ਖ਼ਾਲਸਾ ਜੀ ਦੇ ਜਨਮ ਅਸਥਾਨ ਤਖ਼ਤ ਸ੍ਰੀ ਕੇਸਗੜ ਸਾਹਿਬ ਦੇ ਪ੍ਰਮੁੱਖ ਸੇਵਾਦਾਰ ਹਰਚਰਨ ਸਿੰਘ ਜੀ ਮਹਾਲੋਂ ਸਾਹਿਬ ਦੇ ਪਾਸੋਂ ਸੋਹਣੇ ਵਿਚਾਰ ਸੁਣੇ ਹਨ। ਉਸ ਤੋਂ ਉਪਰੰਤ ਬਹੁਤਾ ਕਹਿਣਾ, ਹੋ ਸਕਦਾ ਹੈ ਠੀਕ ਨਾ ਹੋਵੇ, ਪਰ ਸਟੇਜ ਦੇ ਹੁਕਮ ਨੂੰ ਮੰਨਦਿਆਂ ਹੋਇਆਂ ਇੱਕ-ਦੋ ਬੇਨਤੀਆਂ ਤੁਹਾਡੇ ਚਰਨਾਂ ਵਿੱਚ ਕਰਨੀਆਂ ਹਨ ਕਿ ਜਿਸ ਤਰੀਕੇ ਦੇ ਨਾਲ ਕੌਮ ਨੂੰ, ਸਿੱਖਾਂ ਨੂੰ ਖ਼ਤਮ ਕਰਨ ਵਾਸਤੇ, ਇਹ ਗੌਰਮੈਂਟ ਨੇ ਰਸਤਾ ਅਖਤਿਆਰ ਕੀਤਾ ਹੈ। ਇਸ ਰਸਤੇ ਦੇ ਉੱਪਰ ਚਲ ਰਹੀ ਹਕੂਮਤ ਦੀ ਕੂਟਨੀਤੀ ਤੋਂ ਸਾਵਧਾਨ ਰਹਿ ਕੇ, ਆਪਾਂ ਨੂੰ ਆਪਣੀਆਂ ਧੀਆਂ-ਭੈਣਾਂ ਦੀ ਇਜ਼ਤ ਨੂੰ, ਸਤਿਗੁਰੂ ਸੱਚੇ ਪਾਤਿਸ਼ਾਹ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਤਿਕਾਰ ਨੂੰ ਸਦਾ ਵਾਸਤੇ ਬਰਕਰਾਰ ਰੱਖਣ ਵਾਸਤੇ ਸੋਚਣਾ ਪਵੇਗਾ।

ਵਾਜਪਾਈ ਵਲੋਂ ਹਿੰਦੂਆਂ ਦੀ ਰਾਖੀ ਦੀ ਮੰਗ

ਦਾਸ ਨੂੰ ਭਾਵੇਂ ਪਹਿਲਾਂ ਪਤਾ ਨਹੀਂ ਸੀ ਪਰ ਇਥੇ ਆ ਕੇ ਹੀ ਬਾਬਾ ਜੀ ਦੀ ਰਸਨਾ ਤੋਂ ਸੁਣਿਆ ਹੈ ਕਿ ਵਾਜਪਾਈ ਨੇ ਗੱਲ ਕਹੀ ਹੈ ਕਿ ਹਿੰਦੂਆਂ ਦੀ ਰਾਖੀ ਵਾਸਤੇ, ਅਕਾਲੀ ਦਲ ਕੋਈ ਗੱਲ ਕਹੇ, ਭਰੋਸਾ ਦੁਆਵੇ। ਮੈਂ ਉਹਨਾਂ ਲੋਕਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਕੌਮ ਨੂੰ ਜਾਂ ਜਿਸ ਮਨੁੱਖ ਨੂੰ ਜਾਂ ਜਿਸ ਬਰਾਦਰੀ ਨੂੰ ਸਿੱਖਾਂ ਦੇ ਇਸ਼ਟ ਉੱਪਰ ਹੀ ਯਕੀਨ ਨਹੀਂ, ਜਿਹਨਾਂ ਨੂੰ ਸਿੱਖਾਂ ਦੇ ਗੁਰੂਆਂ ਉੱਪਰ

ਹੀ ਕੋਈ ਭਰੋਸਾ ਨਹੀਂ, ਉਹ ਸਿੱਖਾਂ ਉੱਪਰ ਕਿਵੇਂ ਭਰੋਸਾ ਕਰ ਸਕਦੇ ਆ ? ਸ੍ਰੀ ਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਵਿੱਤਰ ਬਾਣੀ ਨੂੰ ਉਚਾਰਣ ਵਾਲੇ "ਗੁਰੂ ਤੇਗ ਬਹਾਦਰ ਸਾਹਿਬ" ਚੌਜੀ ਪ੍ਰੀਤਮ ਜੀ ਵੈਰਾਗਮਈ ਬਚਨ ਜਿਹਨਾਂ ਦੇ ਹਨ, ਅਨੰਦਪੁਰ ਸਾਹਿਬ ਤੋਂ ਚੱਲ ਕੇ ਦਿੱਲੀ ਜਾ ਕੇ ਸੀਸ ਦਿੱਤਾ, ਪਰ ਅੱਜ ਵਰਤਮਾਨ ਸਮੇਂ ਦੇ ਲੋਕ, ਜਿਹਨਾਂ ਦੇ ਵਾਸਤੇ ਸੀਸ ਦਿੱਤਾ ਹੈ। ਉਹਨਾਂ ਨੇ ਇਕੱਲੀਆਂ ਗੱਲਾਂ ਕਰਕੇ ਹੀ ਨਹੀਂ, ਸਟੇਜਾਂ ਤੋਂ ਪ੍ਰਚਾਰ, ਤਕਰੀਰਾਂ ਕਰਕੇ ਹੀ ਨਹੀਂ, ਬਲਕਿ ਕਿਤਾਬਾਂ ਛਾਪ ਕੇ ਇਹ ਕਹਿ ਦਿੱਤਾ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਆਪਣੀ ਨਿੱਜੀ ਲੜਾਈ ਵਿੱਚ ਸੀਸ ਲੱਗਾ ਹੈ। ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਰਥਾਇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਪਣੀ ਰਚਨਾ ਤੋਂ ਬਚਿੱਤਰ ਨਾਟਕ ਵਿੱਚ ਬਚਨ ਕਹਿ ਦਿੱਤੇ ਹਨ :

"ਠੀਕਰਿ ਫੋਰ ਦਿਲੀਸਿ ਸਿਰਿ ਪ੍ਰਭ ਪੁਰ ਕੀਯ ਪਯਾਨ ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨਾ ਕਿਨਹੂੰ ਆਨ ॥"

ਇਦੋਂ ਪਹਿਲਾਂ ਸ਼ਬਦ ਆਉਂਦੇ ਹਨ :

'ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥'

ਇਹ ਬਚਨ ਕਹਿ ਕੇ ਤਿਲਕ ਵਾਸਤੇ ਸੀਸ ਦਿੱਤਾ ਹੈ, ਜੰਞੂ ਵਾਸਤੇ ਸੀਸ ਦਿੱਤਾ ਹੈ ਤੇ ਇਹ ਉਸ ਗੁਰੂ ਤੇਗ ਬਹਾਦਰ ਸਾਹਿਬ ਚੌਜੀ ਪ੍ਰੀਤਮ ਸੱਚੇ ਪਾਤਿਸ਼ਾਹ ਜੀ ਦੀ ਦਿੱਤੀ ਹੋਈ ਕੁਰਬਾਨੀ ਨੂੰ ਲਿਖਤੀ ਰੂਪ ਵਿੱਚ ਕਲੰਕਿਤ ਕਰ ਰਹੇ ਆ ਤੇ ਹੁਣ ਕਹਿੰਦੇ ਜੀ ਅਕਾਲੀ ਦਲ ਭਰੋਸਾ ਦਿਵਾ ਦੇਵੇ, ਇਹਦੇ 'ਤੇ ਤੁਹਾਨੂੰ ਯਕੀਨ ਆ ਜਾਵੇਗਾ ? ਇਹਨਾਂ ਨੂੰ ਭਰੋਸਾ ਦਿਵਾਉਣ ਦੀ ਕੋਈ ਲੋੜ ਹੀ ਨਹੀਂ ਆਪਾਂ ਨੂੰ। ਕਿੰਨੀ ਕੁ ਵੇਰਾਂ ਦਿਵਾਉਣਾ ? ਇਹ ੧੯੪੭ ਤੋਂ ਲੈ ਕੇ, ੧੯੮੩ ਤੱਕ ਆਪਾਂ ਨੂੰ ਭਰੋਸਾ ਦਿਵਾਈ ਜਾਂਦੇ ਆ ਤੇ ਦਿੰਦੇ ਕੱਖ ਵੀ ਨਹੀਂ। ਮੈਂ ਅੱਗੇ ਵੀ ਇੱਕ ਦੋ ਬੇਨਤੀਆਂ ਕੀਤੀਆਂ, ਕਈ ਵੇਰਾਂ ਇਥੋਂ ਸਟੇਜ ਤੋਂ ਕਿ ਹਿੰਦੀ ਬੋਲਣ ਵਾਸਤੇ, ਹਿੰਦੀ ਸੂਬਾ ਬਣਾਉਣ ਵਾਸਤੇ, ਹਿੰਦੂ ਮੰਦਰ ਦੇ ਨਾਂਅ ਉੱਪਰ ਗੱਡੀ ਦਾ ਨਾਂਅ ਰਖਾਉਣ ਵਾਸਤੇ, ਹਿੰਦੂ ਧਾਰਮਿਕ ਸ਼ਹਿਰ ਨੂੰ ਪਵਿੱਤਰ ਦਰਜਾ ਦਿਵਾਉਣ ਵਾਸਤੇ, ਹਿੰਦੂ ਧਾਰਮਿਕ ਚਿੰਨ ਜਨੇਊ ਨੂੰ ਪਹਿਨਣ ਵਾਸਤੇ, ੧੯੪੭ ਤੋਂ ਲੈ ਕੇ ੧੯੮੩ ਤੱਕ ਹਿੰਦੁਸਤਾਨ ਵਿੱਚ ਇੱਕ ਵੀ ਹਿੰਦੂ ਨੇ ਇੱਕ ਘੰਟੇ ਦੀ ਕੈਦ ਕੱਟੀ ਕਦੇ ? ਇੱਕ ਘੰਟੇ ਦੀ, ਦਿਨ ਤਾਂ ਕਿਧਰੇ ਰਹਿ ਗਿਆ ਤੇ ਜੇ ਅਸੀਂ ਪੰਜਾਬੀ ਬੋਲੀ ਬੋਲਣੀ ਹੈ, ਪੰਜਾਬੀ ਸੂਬਾ ਲੈਣਾ ਤਾਂ ੫੭ ਹਜ਼ਾਰ ਜੇਲ੍ਹ ਵਿੱਚ ਗਏ, ਜੇਲ੍ਹ ਵਿੱਚ ਸਿੱਖ ਜਾਣ ਤੇ ਇੰਦਰਜੀਤ ਸਿੰਘ ਵਰਗੇ ਭੁੰਝਗੀਆਂ ਨੂੰ ਵੱਢ ਕੇ ਖੂਹ ਵਿੱਚ ਸੁੱਟਿਆ ਜਾਵੇ ਤੇ ਹਿਮਾਚਲ ਤੇ ਹਰਿਆਣਾ ਹਿੰਦੂ ਲੈ ਜਾਣ, ਨਾ ਹਿੰਗ ਨਾ ਫੱਟਕੜੀ ਲੱਗੀ ਇਹਨਾਂ ਦੀ ਕੋਈ। ਇਹਨਾਂ ਲੋਕਾਂ ਨੂੰ ਭਰੋਸਾ ਕਾਹਦੇ ਵਾਸਤੇ ਦਿਵਾਉਣਾ ਆਪਾਂ ? ਜੇ ਅਸੀਂ ਗੱਡੀ ਦਾ ਨਾਂਅ ਵੀ ਰਖਾਉਣਾ (ਜੋ) ਮਾਮੂਲੀ ਜਿਹੀ ਗੱਲ ਏ, ਟਰਾਂਸਮੀਟਰ ਲਾਉਣਾਂ, ਪਾਣੀ ਅਸੀਂ ਆਪਣਾ ਹੱਕ ਲੈਣਾ, ਜਿਨਸ ਦਾ ਭਾਅ ਕਿਸੇ ਪ੍ਰੇਮੀ ਨੇ ਲੈਣਾ, ਜੇ ਅਸੀਂ ਸ਼ਹਿਰ ਨੂੰ ਪਵਿੱਤਰ ਦਰਜਾ ਕਰਾਰ ਦਿਵਾਉਣਾ (ਤਾਂ) ੧ ਲੱਖ ਤੋਂ ਵੱਧ ਗ੍ਰਿਫ਼ਤਾਰੀਆਂ ਦੇਣੀਏ, ੨੦੦ ਦੇ ਕਰੀਬ ਸ਼ਹੀਦੀਆਂ ਪਾਈਏ ਤੇ ਫਿਰ ਵੀ ਅਸੀਂ ਫਿਰਕਾਪ੍ਰਸਤ ਤੇ ਤੁਹਾਨੂੰ ਭਰੋਸਾ ਦਿਵਾ ਕੇ, ਲੈਣਾ ਅਸੀਂ ਕੀ ਆ ?

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸੰਤ ਬਾਬਾ ਜੀ ਨੇ ਆਖਿਆ ਹੈ, ਲੌਂਗੋਵਾਲ ਸਾਹਿਬ ਜੀ ਨੇ ਕਿ ਤੁਸੀਂ ਸਟੇਜ ਤੇ ਬੈਠ ਕੇ ਸਾਡੇ ਨਾਲ, ਸਾਡੇ ਇਤਿਹਾਸ ਸਬੰਧੀ ਤੇ ਹੁਣ ਵਰਤਮਾਨ ਸਮੇਂ ਦੇ ਸਬੰਧ ਵਿੱਚ ਵਿਚਾਰ ਕਰਕੇ ਵੇਖੋ.....। ਮੈਂ ਬਾਬਾ

ਜੀ ਹੋਰਾਂ ਦੇ ਇਸ ਬਿਆਨ ਦੀ ਤਾਈਦ ਵੀ ਕਰਦਾ ਹਾਂ, ਪਰ ਇਹ ਬੇਨਤੀ ਵੀ ਕਰਦਾ ਹਾਂ ਕਿ ਇਹੋ ਜਿਹੇ ਲੋਕਾਂ ਨੂੰ ਆਪਾਂ ਨੂੰ ਕਹਿਣ ਵਾਸਤੇ ਤਾਂ ਲੋੜ ਹੈ, ਜੇ ਇਹਨਾਂ ਦੀ ਕੋਈ ਜ਼ਬਾਨ ਹੋਵੇ । ਇਹਨਾਂ ਦਾ ਕੋਈ ਵਡੇਰਾ ਮੈਨੂੰ ਨਾਂਅ ਭੁੱਲ ਗਿਆ (ਉਹਦਾ), ਪਰਸੋਂ ਚੋਥੇ ਇੱਕ ਉਹਦੀ ਖ਼ਬਰ ਵੀ ਆਈ ਸੀ । ਕ੍ਰਿਸ਼ਨ ਅੱਖਰ ਉਹਦੇ ਨਾਂਅ ਨੂੰ ਇੱਕ ਲੱਗਦਾ, ਉਨਾਂ ਕੁ ਮੈਨੂੰ ਯਾਦ ਰਿਹਾ । ਉਹਨੇ ਇੱਕ ਖ਼ਬਰ ਦਿੱਤੀ (ਸੀ), ਹਿੰਦੂ ਮਤ ਦਾ ਉਹ ਹੈ । ਉਹ ਆਂਦਾ ਕਿ ਮੈਨੂੰ ਅਫਸੋਸ ਹੈ ਕਿ ਹਿੰਦੂਆਂ ਦੇ ਮੁੱਢ ਦਾ ਹੀ ਪਤਾ ਨਹੀਂ ਕਿ ਇਹਨਾਂ ਦੀ ਮਾਂ ਕੌਣ ਆਂ ਤੇ ਇਹਨਾਂ ਦਾ ਪਿਉ ਕੌਣ ਆਂ ? ਉਹ ਆਪ ਹੀ ਮੰਨੀ ਜਾਂਦੇ ਨੇ ਕਿ ਸਾਡਾ ਹੈ ਈ ਕੋਈ ਨਹੀਂ ਤੇ ਆਪਾਂ ਇਹਨਾਂ ਨੂੰ ਭਰੋਸਾ ਦਿਵਾ ਕਿਵੇਂ ਦੇਵਾਂਗੇ ?

ਸੋ ਖ਼ਾਲਸਾ ਜੀ, ਧੱਕਾ ਜਿਹੜਾ ਗੌਰਮੈਂਟ ਨੇ ਕਰਨਾ ਸ਼ੁਰੂ ਕੀਤਾ ਹੈ, ਇਸ ਨੂੰ ਵੇਖ ਕੇ ਸਿੰਘੋ ਘਬਰਾਵੋ ਨਾ । ਇਹ ਨਾ ਕਹੋ ਫਲਾਣੇ ਥਾਂ ਫਲਾਣਾ ਫੜ ਲਿਆ ਹੈ, ਕੋਈ ਗੱਲ ਨਹੀਂ । ਆਪਾਂ, ਮੈਨੂੰ ਪਤਾ ਲੱਗਾ ਹੈ ਕਿ ਦੋ ਕਰੋੜ ਦੇ ਲਗਭਗ ਹੋ ਚਲੇ ਆਂ ਸਾਰੇ ਸਿੱਖ । ਆਪਾਂ ਨੂੰ ਕਤਾਰ ਵਿੱਚ, ਲਾਈਨ ਵਿੱਚ ਖੜਿਆਂ ਕਰਕੇ ਵੱਢਿਆ ਗਿਆ ਦਿੱਲੀ ਵਿੱਚ, ਸਿਰਾਂ ਦੇ ਮੁੱਲ ਪਏ (ਪਰ ਅਸੀਂ) ਮੁੱਕੇ ਨਹੀਂ ਤੇ ਰਾਜ ਸਦਾ ਇਸਥਿਤ (ਸਥਿਰ) ਨਹੀਂ, ਪਰ ਇਹ ਤੁਹਾਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਵਰਤਮਾਨ ਸਮੇਂ ਦੀ ਹਕੂਮਤ ਦੇ ਪੰਜਾਬ ਦੇ ਮੁੱਖ ਮੰਤਰੀ ਜ਼ਕਰੀਆ ਰੂਪ ਵਾਲੇ ਨੇ, ਇਹ ਇੱਕ ਐਸਾ ਕਾਂਗਰਸ ਪਾਰਟੀ ਵਾਸਤੇ, ਇਹਨੇ ਬੀਜ ਬੀਜਿਆ । ਇਹ ਹੁਣ ਤਾਂ ਕਾਫੀ ਬੀਜੀ ਜਾਂਦਾ ਨਾ, ਅਜੇ ਪਤਾ ਨਹੀਂ ਹੋਰ ਕਿੰਨੇ ਕੁ ਛੁੱਟੇ ਇਹਨੇ ਦੇਣੇ ਆਂ ? ਪਰ ਆਉਣ ਵਾਲੇ ਸਮੇਂ ਵਿੱਚ ਇੱਕ ਥਾਂ 'ਤੇ ਵੀ ਬੂਟਾ ਹਰਾ ਰਹਿ ਗਿਆ ਤੇ ਗੱਲ ਕਰਿਓ ਕਿਤੇ । ਇਹੋ ਜਿਹਾ ਬੀਜ ਬੀਜਿਆ ਇਹਨੇ, ਇੰਨਾ ਵੈਰ ਵਧਾਇਆ ਹੈ । ਆ ਪਤਾ ਲੱਗਾ, ਸੰਤ ਜੀ ਅੱਗੇ ਬੋਲ ਵੀ ਗਏ ਆ ਕਿ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਕੁਝ ਅਸਲੇ ਦੀ ਹੇਰਾਫੇਰੀ ਕੋਈ ਹੋਈ ਆ । ਕਹਿੰਦੇ ਡਾਕਾ ਵੱਜ ਗਿਆ ਆ, ਉਥੇ ਅਖੇ ਭਿੰਡਰਾਂਵਾਲੇ ਸਿੰਘਾਂ ਨੂੰ ਫੜ ਲਵੋ । ਭਾਈ ਸਾਹਿਬ ਜੀ ਵੀ ਹੁਣੇ ਦੱਸ ਕੇ ਗਏ ਸੀ, ਜਥੇਦਾਰ ਸਾਹਿਬ (ਜਥੇ: ਹਰਚਰਨ ਸਿੰਘ ਮਹਾਲੋਂ) ਕਿ ਅਖੇ ਸਾਰੇ ਕਹਿੰਦੇ ਕਿ ਭਿੰਡਰਾਂਵਾਲੇ ਬਣ ਜਾਵਾਂਗੇ । ਮੈਂ ਇੱਕ ਕੌਮ ਦੇ ਨਾਂਅ 'ਤੇ ਬੇਨਤੀ ਕਰਦਾ ਹਾਂ, ਸਿੱਖ ਕੌਮ ਦੇ ਨਾਂਅ 'ਤੇ । ਇਹ ਆਪਾਂ ਨੂੰ ਮਨ ਵਿੱਚੋਂ ਕੱਢ ਦੇਣਾ ਚਾਹੀਦਾ ਹੈ ਕਿ ਅਸੀਂ ਭਿੰਡਰਾਂਵਾਲੇ ਬਣਨਾ ਕਿ ਅਸੀਂ ਅਕਾਲੀ ਦਲ ਦੇ ਨਾਲ ਦੇ ਬਣਨਾ, ਸਾਰਿਆਂ ਸਿੱਖਾਂ ਦੇ ਮਨ ਵਿੱਚ ਇਹ ਅੱਖਰ ਉੱਕਰ ਜਾਣੇ ਚਾਹੀਦੇ ਆ ਕਿ ਅਸੀਂ ਸਤਿਗੁਰੂ ਗਰੰਥ ਸਾਹਿਬ ਜੀ ਵਾਲੇ ਬਣਨਾ ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਜਦੋਂ ਅਸੀਂ ਪਖੰਡੀਆਂ ਦੇਹਧਾਰੀਆਂ ਵੱਲੋਂ, ਮੱਠੀਆਂ ਤੇ ਮੜੀਆਂ ਮਸਾਣਾਂ, ਕਬਰਾਂ ਤੇ ਜੰਡਾਂ ਨੂੰ ਸੰਦੂਰ ਭੁੱਕਣ ਵੱਲੋਂ ਤੇ ਰਾਜਨੀਤੀ ਦੀ ਕੁਰਸੀ ਦੇ ਹਿਰਸ ਵੱਲੋਂ, ਆਪਣੀ ਬਿਰਤੀ ਤੋੜ ਕੇ, ਗੁਰੂ ਗਰੰਥ ਸਾਹਿਬ ਦੇ ਲੜ ਲਾ ਲਈ ਤਾਂ ਉਦੋਂ ਦੁਨੀਆਂ ਦੀ ਕੋਈ ਸ਼ਕਤੀ ਨਹੀਂ ਜਿਹੜੀ ਆਪਾਂ ਨੂੰ ਦਬਾਅ ਸਕੇਗੀ । ਇਹ ਹਰ ਇੱਕ ਸਿੱਖ ਨੂੰ ਆਪਣੇ ਮਨ ਵਿੱਚ ਧਾਰਣ ਕਰ ਲੈਣਾ ਚਾਹੀਦਾ ਹੈ ।

ਖੋਜੀ ਕੁੱਤਿਆਂ ਦਾ ਥਾਣੇ ਵੜਨਾ

ਆਹ ਕੁੱਤਿਆਂ ਦੀ ਗੱਲ ਚਲੀ ਸੀ, ਮਹਿਤੇ ਤੇ ਪਰੇ ਪਿੰਡ ਆ ਘੁਮਾਣ । ਇਹ ਪਿੱਛੇ ਜਿਹੇ ਦੱਸਦੇ ਛੋਟੇ-ਛੋਟੇ ਪਟਾਕੇ ਜਿਹੇ ਦੋ ਕੁ ਚੱਲੇ ਸੀ ਤੇ ਉਥੇ ਵੀ ਕੁੱਤੇ ਲਿਆਂਦੇ ਸੀ । ਮੈਂ ਸੰਗਤ ਨੂੰ ਵੀ ਬੇਨਤੀ ਕਰਦਾ ਹਾਂ ਕਿ ਜਿਹੜੀ ਪਾਰਟੀ ਦਾ ਯਕੀਨ ਹੀ ਕੁੱਤਿਆਂ 'ਤੇ ਹੋ ਜਾਵੇ, ਉਹਦੇ ਕੋਲੋਂ ਇਨਸਾਫ ਕੀ ਲਵੋਗੇ ?

ਕਿਉਂਕਿ ਬੰਦੇ 'ਤੇ ਤਾਂ ਉਹਨਾਂ ਨੂੰ ਯਕੀਨ ਕੋਈ ਨਹੀਂ ਰਿਹਾ। ਜਿਹੜਾ ਉਥੋਂ ਵਾਲਾ ਹੋਮਗਾਰਡ ਦਾ ਸੀ, ਉਹਨੂੰ ਕਹਿੰਦੇ ਪੁਲੀਸ ਲਾਈਨ ਵਿੱਚ ਲੈ ਗਏ। ਕੱਲ ਰਾਮੂਵਾਲੀਆ ਬੋਲਦਾ ਸੀ ਕਿ ਬੀਬੀ ਇੰਦਰਾ ਤੂੰ ਪਹਿਰਾ ਦੇ ਦੇਹ। ਜੇ ਬੰਦਿਆਂ ਤੋਂ ਪਹਿਰਾ ਨਹੀਂ ਰਿਹਾ ਤੇ ਬੀਬੀ ਇੰਦਰਾ ਕਿੰਨਾ ਕੁ ਪਹਿਰਾ ਰੱਖ ਲਊ ? ਪਰ ਉਹ ਤਾਂ ਕਹਿੰਦੇ ਨੇ ਬੰਦਿਆਂ 'ਤੇ ਯਕੀਨ ਨਹੀਂ, ਕੁੱਤਿਆਂ 'ਤੇ ਯਕੀਨ ਆ ਤੇ ਜਿਹੜੀ ਪਾਰਟੀ ਕੁੱਤਿਆਂ ਦੇ ਕਹਿਣ 'ਤੇ ਚੱਲ ਸਕਦੀ ਆ, ਉਹਨੇ ਕੰਮ ਵੀ ਕੁੱਤੇ ਹੀ ਕਰਨੇ ਆ, ਬੰਦਿਆਂ ਵਾਲੇ ਕੰਮ ਕਰੇਗੀ ਕਿਵੇਂ ਉਹ ? ਘੁਮਾਣਾ ਦੀ ਸਾਖੀ ਆ ਪ੍ਰਤੱਖ, ਸਿੱਖਾਂ ਨਾਲ, ਜਥੇ ਵਾਲਿਆਂ ਨਾਲ ਬੀਤੀ ਆ। ਉਥੇ ਉਹ ਪਟਾਕਾ ਚੱਲਿਆ, ਪੁਲੀਸ ਦੀ ਜੀਪ ਗਈ, ਕੁੱਤਾ ਛੱਡ ਦਿੱਤਾ ਗਿਆ ਤੇ ਕੁੱਤਾ ਜਾ ਕੇ ਥਾਨੇ ਵਿੱਚ ਵੜ ਗਿਆ। ਦੋਬਾਰਾ ਫਿਰ ਕੁੱਤੇ ਨੂੰ ਉਥੇ ਲੈ ਗਏ, ਫਿਰ ਥਾਨੇ 'ਚ ਆਇਆ ਤੇ ਉਥੋਂ ਦਾ ਥਾਨੇਦਾਰ ਮੋਟੀ ਜਿਹੀ ਗਾਲ਼ ਕੱਢ ਕੇ ਕਹਿੰਦਾ, ਅਖੇ ਇਹਨੂੰ ਜੀਪ 'ਚ ਸੁਟ ਲਉ (ਇਹ ਤਾਂ) ਆਪਾਂ ਨੂੰ ਫਸਾਊਗਾ। ਇਹ ਘੁਮਾਣਾ ਦੀ ਗੱਲ ਆ, ਮਹਿਤੇ ਚੌਂਕ ਦੀ ਵੀ ਇਹੋ ਗੱਲ ਆ। ਹੁਣ ਜੇ ਕੁਤੇ 'ਤੇ ਈ ਯਕੀਨ ਆਂ ਤੁਹਾਨੂੰ, ਮਨੁੱਖ 'ਤੇ ਨਹੀਂ। ਭਾਵੇਂ ਸਾਤਿਗੁਰੂ ਜੀ ਨੇ ਵੀ ਕੁੱਤੇ ਦਾ ਪ੍ਰਮਾਣ ਦਿੱਤਾ। ਗੁਰੂ ਤੇਗ ਬਹਾਦਰ ਜੀ ਨੇ ਕੁੱਤੇ ਵੱਲ ਇਸ਼ਾਰਾ ਕਰਕੇ ਬੰਦੇ ਨੂੰ ਸੰਬੋਧਨ ਕੀਤਾ, ਪਰ ਉਥੇ ਉਹਦੀ ਪਹਿਰੇ ਦੀ ਵਫ਼ਾਦਾਰੀ ਦਾ ਜ਼ਿਕਰ ਕੀਤਾ ਹੈ :

ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਭਜਤ ਨਹੀ ਨਿਤ ॥
ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕਿ ਚਿਤਿ ॥

(ਸਲੋਕ ਮ: ੯, ੧੪੨੮)

ਉਥੇ ਇਹ ਨਹੀਂ ਕਿਹਾ ਕਿ ਕੁੱਤਾ ਜਿਹੜਾ ਕੰਮ ਕਹਿੰਦਾ ਉਹ ਕਰੋ, ਉਥੇ ਇਹ ਇਸ਼ਾਰਾ ਕੀਤਾ ਕਿ ਜਿਵੇਂ ਕੁੱਤਾ ਆਪਣੇ ਮਾਲਕ ਦੇ ਘਰ ਦੀ ਰਾਖੀ ਕਰਦਾ, ਰੁੱਖੀ ਸੁੱਕੀ ਰੋਟੀ ਖਾ ਕੇ ਪਹਿਰਾ ਦਿੰਦਾ, ਇਹੋ ਜਿਹੇ ਵਫ਼ਾਦਾਰ ਹੋਵੋ ਤੇ ਜੇ ਕੁੱਤੇ 'ਤੇ ਈ ਤੁਸੀਂ ਯਕੀਨ ਕਰਨਾ ਤੇ ਕੁੱਤੇ ਨੇ ਤਾਂ ਥਾਨੇ ਜਾ ਕੇ ਮੂੰਹ ਮਾਰਿਆ ਸੀ, ਫਿਰ ਥਾਨੇ ਵਾਲਿਆਂ ਨੂੰ ਕੁੱਟਿਆ ਕਿਉਂ ਨਾ ?

ਸ਼ਸ਼ਤਰਧਾਰੀ ਹੋਣ ਦੀ ਅਪੀਲ

ਸੋ ਮੈਂ ਬੇਨਤੀ ਕਰਾਂਗਾ ਸ਼ਸ਼ਤਰਧਾਰੀ ਹੋਣਾ....., ਸ਼ਾਂਤਮਈ ਦਾ ਆਪਾਂ ਨੂੰ ਹੁਕਮ ਆਂ....., ਚੱਲਣਾ ਜਿੰਨਾ ਚਿਰ ਹੁਕਮ ਆਂ, ਪਰ ਇਹ ਨਾ ਹੋਵੇ ਕਿ ਹੁਕਮ ਜਿੰਦੇਂ ਇਥੋਂ ਆਵੇ, ਭਈ ਹੁਣ ਕੁਝ ਕਰੋ ਤੇ ਤੁਸੀਂ ਉਦੋਂ ਭੱਜੇ ਆਵੋ ਇਧਰ ਨੂੰ ਕਿ ਆਹ ਬਾਬਾ ਜੀ ਸ਼ਸ਼ਤਰ ਕਿਹੜੀ ਫੈਕਟਰੀ ਵਿੱਚੋਂ ਮਿਲਦੇ ਆ ਤੇ ਫੈਕਟਰੀ ਇਥੇ ਲੱਗੀ-ਲੁੱਗੀ ਕੋਈ ਨਹੀਂ ਜੇ।

ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥

(ਆਸਾ ਵਾਰ ਮ: ੧, ੪੭੪)

ਨਾ ਲੌਂਗੋਵਾਲ 'ਤੇ ਰਹਿਉ ਤੇ ਨਾ ਭਿੰਡਰਾਂਵਾਲੇ 'ਤੇ ਤੇ ਗੁਰਬਾਣੀ 'ਤੇ ਕਿਸੇ ਨੂੰ.....ਕਰਨ ਨਹੀਂ ਦਿੰਦੇ। ਇਸ ਵਾਸਤੇ ਪੰਗਤੀ ਚੇਤੇ ਰੱਖੋ ਤੇ ਜਿਹੜੇ ਲੋਕ ਧੱਕੇ ਸ਼ਾਹੀ ਕਰ ਰਹੇ ਆ.....। ਉਧਰੋਂ ਆ ਹਰੀਹਰ ਝੋਕ ਤੋਂ ਭੁਝੰਗੀ ਇੱਕ ਨੂੰ ਫੜਿਆ। ਉਸਮਾਨ ਵਾਲੇ ਤੋਂ ਫੜਿਆ ਹੋਰ ਥਾਵਾਂ 'ਤੇ ਛਾਪੇ ਵੱਜ ਰਹੇ ਆ। ਇੱਕ ਵੀਰ ਆਣ ਕੇ ਪਤਾ ਨਹੀਂ ਕਿ ਉਹ ਸੀ. ਆਈ. ਡੀ. ਕਰਨ ਆਇਆ ਸੀ ? ਕਿ ਪਤਾ ਨਹੀਂ ਕੌਣ ਆਇਆ ਸੀ ? ਇਹ ਤਾਂ ਸਤਿਗੁਰੂ ਜਾਣਦਾ, ਮੈਨੂੰ ਤਾਂ ਅੰਤਰਜਾਮਤਾ ਨਹੀਂ। ਆਣ ਕੇ ਕਹਿੰਦਾ ਜੀ ਅਖੇ ਤੇਰੇ ਭਾਈ ਨੂੰ ਮਾਰਨ ਦੀ ਸਕੀਮ ਘੜ ਲਈ ਆ ਪੁਲੀਸ ਨੇ। ਚੰਗੀ ਗੱਲ ਆ, ਬੜੀ ਖੁਸ਼ੀ

ਦੀ.....। ਜੇ ਕਿਤੇ ਉਹਦਾ ਮਰੇ ਦਾ ਸੁਨੇਹਾ ਆ ਜਾਵੇ ਪੁਲੀਸ ਦੀ ਗੋਲੀ ਨਾਲ ਤੇ ਪੰਜ ਜੈਕਾਰੇ ਜ਼ਰੂਰ ਛੱਡਾਂਗਾ। ਜੇ ਧਰਮ ਵਾਸਤੇ.....। ਆਪਾ ਪੁੱਤ ਕਿਹਦੇ ਆਂ। ਮੈਂ ਇਹੋ ਜਿਹੀਆਂ ਗੱਲਾਂ ਪੁੱਛਣ ਵਾਲੇ ਨੂੰ ਪੁੱਛਣਾ ਚਾਹੁੰਨਾ ਕਿ ਪੁੱਤ ਕਿਹਦੇ ਆ, ਸਿੱਖ ਕਿਹਦੇ ਆ ? ਆਪਣਾ ਪਿਤਾ ਤੇ ਆਪਣੇ ਭਰਾ, ਸਾਹਿਬਜ਼ਾਦੇ ਕਿਹੜੇ ਪੰਘੂੜੇ 'ਚ ਪੈ ਕੇ, ਸੌਂ ਕੇ ਪੱਲੇ ਆ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸੂਲਾਂ ਦੀਆਂ ਸੇਜਾਂ 'ਤੇ, ਸੱਪਾਂ ਦੀਆਂ ਸਿਰੀਆਂ 'ਤੇ ਤੁਰ ਕੇ ਰਾਤਾਂ ਕੱਟੀਆਂ ਤੇ ਜਿਹੜੇ ਇਹੋ ਜਿਹੇ ਲੋਕ ਗੱਲਾਂ ਕਰਨ ਵਾਲੇ ਆਉਂਦੇ ਆ, ਉਹਨਾਂ ਨੂੰ ਆਪਣੇ ਮਨ ਵਿੱਚ ਕੁਝ ਵਿਚਾਰ ਸਿੱਖੀ ਦਾ ਰੱਖਣਾ ਚਾਹੀਦਾ ਆ।

ਸ੍ਰੀ ਦਰਬਾਰ ਸਾਹਿਬ 'ਚ ਪੁਲੀਸ ਭੇਜ ਕੇ ਸੰਤਾਂ ਨੂੰ ਫੜਨ ਦੀ ਸਕੀਮ

ਸੋ ਸ਼ਸ਼ਤਰਧਾਰੀ ਹੋਣਾ ਤੇ ਜਿਹਨਾਂ ਲੋਕਾਂ ਨੇ ਤਸ਼ੱਦਦ ਕੀਤਾ, ਅਖ਼ਬਾਰ ਤਾਂ ਮੇਰੀ ਖ਼ਬਰ ਛਾਪਦਾ ਨਹੀਂ, ਘੱਟ ਛਾਪਦੇ ਆ, ਪਤਾ ਨਹੀਂ ਕੀ ਪ੍ਰੈਸ਼ਰ ਆ ਉੱਪਰ ? ਤੁਹਾਨੂੰ ਬੇਨਤੀ ਕਰਾਂਗਾ ਸੰਗਤ ਕਾਫੀ ਹੈ, ਪਿੰਡਾਂ 'ਚ ਜਾ ਕੇ ਸੁਨੇਹਾ ਦੇ ਦਿਉ। ਅੱਜ ਆਇਆ ਸੀ ਜ਼ਕਰੀਆ ਇਥੇ, ਰਾਜਾਸਾਂਸੀ ਅੱਡੇ 'ਤੇ। ਉਸਦੇ ਬਾਰੇ ਮੈਨੂੰ ਵੀ ਕੁੱਝ ਪਤਾ ਲੱਗਾ ਹੈ ਤੇ ਉਹ ਸਕੀਮ ਬਣਾਉਂਦਾ ਫਿਰਦਾ ਹੈ ਕਿ ਹਿੰਦੂਆਂ ਨੂੰ.....। ਵਾਜਪਾਈ ਕਹਿੰਦਾ ਹੈ ਕਿ ਇਹਨਾਂ ਦੀ ਰਾਖੀ ਕਰੋ ਤੇ ਭਰੋਸਾ ਦਿਵਾਉ। ਇਹ ਇਥੇ ਕਿਸੇ ਬੰਦੇ ਤੋਂ, ਪੱਕਾ ਪਤਾ ਤੇ ਉਹਨੂੰ ਹੋਵੇਗਾ, ਸੁਣਨ ਮੁਤਾਬਕ ਮੈਂ ਕਹਿ ਰਿਹਾਂ। ਉਹਦੇ ਤੋਂ ਪਤਾ ਲੱਗਾ ਕਿ ਉਹ ਹਿੰਦੂਆਂ ਨੂੰ ਹਥਿਆਰ ਦੇ ਕੇ, ਸ਼ਸ਼ਤਰਧਾਰੀ ਬਣਾ ਕੇ ਆਪਣੇ 'ਤੇ ਹੱਲਾ ਕਰਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਕਿਸੇ ਤਰੀਕੇ ਨਾਲ ਤੁਸੀਂ ਕਾਰਵਾਈ ਕਰੋ ਤੇ ਅੰਦਰ ਅਸੀਂ ਆਪੇ ਚਲੇ ਜਾਵਾਂਗੇ ਤੇ ਇਥੋਂ ਭਿੰਡਰਾਂਵਾਲੇ ਨੂੰ ਫੜ ਲਵਾਂਗੇ। ਅੱਗੇ ਵੀ ਮੈਂ ਦੋ ਤਿੰਨ ਵਾਰ ਬੇਨਤੀ ਕੀਤੀ ਆ ਕਿ ਕਿਤੇ ਢਿੱਲ-ਮੱਠ ਨਾਲ ਨਾ ਆ ਜਾਇਉ, ਭਈ ਜਾਂਦੇ ਨੂੰ ਫੜ ਲਿਆਵਾਂਗੇ, ਇੱਕ ਵਾਰੀ ਚੇਰੀਆਂ ਜ਼ਰੂਰ ਲਾਊਂਗਾ।

ਸੰਗਤ ਦੇ ਚਰਨਾਂ ਵਿੱਚ ਇਹ ਵੀ ਹੱਥ ਜੋੜ ਕੇ ਬੇਨਤੀ ਆ, ਸੁਨੇਹਾ ਨਿੱਤ ਪੁੱਛਦੇ ਓ, ਸੰਤ ਜੀ ਕੀ ਕਰਨਾ ? ਬੇਨਤੀ ਕਰਾਂਗਾ ਸ਼ਸ਼ਤਰ ਲੈਣੇ ਆਂ ਜ਼ਰੂਰੀ। ਕਹਿੰਦੇ ਲਾਇਸੈਂਸ ਨਹੀਂ ਬਣਾਉਂਦੇ, ਜੇ ੨੩੦ ਗਰਨੇਡ ਪਵਨ ਕੁਮਾਰ ਰੱਖ ਸਕਦਾ ਹੈ ਤੇ ਫਿਰ ਤੁਹਾਨੂੰ ਲਾਇਸੈਂਸਾਂ ਦੀ ਕੀ ਲੋੜ ਆ ? ਜੇ ਉਹਨੂੰ ਘੰਟੇ ਦੀ ਕੈਦ ਨਹੀਂ, ਤੁਹਾਨੂੰ ਕਿਉਂ ? ਤੇ ਜੇ ਤੁਹਾਡੇ ਕੋਲੇ ਕੋਈ ਹਥਿਆਰ ਹੈ ਤੇ ਤੁਹਾਨੂੰ ਫੜਨਾ ਚਾਹੁੰਦੇ ਆ। ਉਹਨੂੰ ਇੱਕ ਵਾਰੀ ਕਹੋ ਪ੍ਰੇਮੀਆਂ ਜਾਹ ਘਰ ਨੂੰ, ਮਸਾਂ-ਮਸਾਂ ਰੋਟੀ ਖਾਂਦੇ ਹਾਂ, ਚਲਿਆ ਜਾਹ, ਜੇ ਕਹੇ ਤੂੰ ਸਿੱਖ ਹੈਂ, ਤੈਥੋਂ ਹਥਿਆਰ ਲੈ ਕੇ ਜਾਣਾ (ਤਾਂ) ਵੱਖੀ 'ਚ ਠੋਕੋ, ਗੱਡੀ ਚੜ੍ਹਾ ਦਿਉ ਤੇ ਫਿਰ ਜਿਵੇਂ ਨਿਬੜੇਗੀ ਨਿਬੇੜੀ ਚੱਲਿਉ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਇਹ ਬੇਨਤੀ ਆ ਸਾਰੀ ਸੰਗਤ ਦੇ ਚਰਨਾਂ ਵਿੱਚ, ਜਿੱਦੋਂ ਤੁਹਾਨੂੰ ਪਤਾ ਲੱਗੇ ਕਿ ਚਾਰ ਦੀਵਾਰੀ ਦੇ ਅੰਦਰ ਸਾਰੀ ਹਰਿਮੰਦਰ ਸਾਹਿਬ 'ਤੇ ਹਮਲਾ ਕੀਤਾ ਗੌਰਮੈਂਟ ਨੇ, ਉਦੋਂ ਦਾਸ ਨੂੰ ਤੇ ਲੌਂਗੋਵਾਲ ਸਾਹਿਬ ਨੂੰ ਪੁੱਛਣ ਦੀ ਲੋੜ ਨਹੀਂ, ਨਾ ਕਿਸੇ ਹੋਰ ਲੀਡਰ ਦੀ ਰਾਇ ਲੈਣ ਦੀ ਲੋੜ ਆ, ਉਦੋਂ ਥਾਂ-ਥਾਂ 'ਤੇ ਪਿੰਡਾਂ ਤੇ ਸ਼ਹਿਰਾਂ ਵਿੱਚ, ਜੋ ਸਤਿਗੁਰੂ ਗਰੰਥ ਸਾਹਿਬ ਜੀ ਦਾ ਨਿੰਦਕ ਹੈ ਤੇ ਧੀਆਂ-ਭੈਣਾਂ ਦੀ ਇੱਜ਼ਤ ਲੁੱਟਣ ਵਾਲਾ ਹੈ ਤੇ ਲੁੱਟੇ ਜਾਣ 'ਤੇ ਖੁਸ਼ ਹੋਣ ਵਾਲਾ ਹੈ ਤੇ ਜਿਹੜਾ ਪਾਟਕ ਪਾਉਣ ਵਾਲਾ, ਉਹਨੂੰ ਥਾਂ-ਥਾਂ 'ਤੇ

ਸੋਧ ਦਿਉ, ਚਾਟਾ ਛਕਾ ਦਿਉ, ਇਹ ਪੱਕੀ ਬੇਨਤੀ ਆ ਤੁਹਾਡੇ ਚਰਨਾਂ 'ਚ। ਉਦੋਂ ਢਿੱਲ ਨਹੀਂ ਹੋਣੀ ਚਾਹੀਦੀ ਤੁਹਾਨੂੰ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਜਦੋਂ ਤੱਕ ਇਸ ਕੰਮ 'ਤੇ ਇਹਨਾਂ ਦੀ ਸੰਕੋਚ ਆ ਤੇ ਉਦੋਂ ਤੱਕ ਆਪਣੀ ਵੀ ਸੰਕੋਚ ਆ। ਮੱਕਿਉਂ ਪਰੇ ਮੁਸਲਮਾਨ ਵਾਸਤੇ ਉਜਾੜ ਆ, ਹਰਿਮੰਦਰ ਸਾਹਿਬ ਤੋਂ ਪਰ੍ਹੇ ਸਿੱਖ ਵਾਸਤੇ ਉਜਾੜ ਆ ਤੇ ਜੇ ਹਰਿਮੰਦਰ ਸਾਹਿਬ ਦੀ ਬੇ-ਅਦਬੀ ਵਾਸਤੇ ਇਹਨਾਂ ਜ਼ੁਰਅਤ ਕੀਤੀ.....। ਇਹ ਨਾ ਖਿਆਲ ਕਰਿਉ ਸੰਤ ਜੀ, ਕਿਤੇ ਤੈਨੂੰ ਚੁੱਕ ਕੇ ਨਾ ਲੈ ਜਾਣ। ਜਿਊਂਦੇ ਨੂੰ ਤੇ ਲਿਜਾ ਨਹੀਂ ਸਕਦੇ, ਮਰੇ ਨੂੰ ਲੈ ਜਾਣਗੇ ਤੇ ਤੁਸੀਂ ਮੈਥੋਂ ਕਰਾਉਣਾ ਕੀ ਆ ਮਰੇ ਤੋਂ ? ਜਿਹੜਾ ਕੋਈ ਜਿਉਂਦਿਆਂ ਨੂੰ ਲਿਜਾਵੇਗਾ.....। ਉਹ ਸੋਚ ਕੇ ਆਵੇਗਾ ਤੇ ਨਾਲ ਗੱਡੀਆਂ ਲੈ ਕੇ ਆਵੇਗਾ ਤੇ ਚੜ੍ਹਾਉਂਦੇ ਵੇਖਿਉ ਇਥੇ ਕਿਵੇਂ ਆਂ ? ਗੁਰੂ ਸਾਹਿਬ ਕਿਰਪਾ ਕਰਨ ਤੇ ਤੁਸੀਂ ਸ਼ਸ਼ਤਰਧਾਰੀ ਜ਼ਰੂਰ ਹੋਣਾ, ਕਿਉਂਕਿ ਇਹ ਨਾ ਹੋਵੇ ਟਾਹਲੀਆਂ ਕਿੱਕਰਾਂ 'ਤੇ ਚੜ੍ਹਦੇ ਫਿਰੋ ਟੰਬੇ ਵੱਢਣ ਤੇ ਉੱਤੋਂ ਹੀ ਤੁਹਾਨੂੰ ਕੋਈ ਲਾਹ ਲਵੇ। ਪੂਰੀ ਤਿਆਰੀ ਰੱਖੋ, ਤਿਆਰ ਬਰ ਤਿਆਰ ਰਹੋ, ਢਿੱਲ ਕਿਸੇ ਪ੍ਰਕਾਰ ਦੀ ਕਰੋ ਨਾ।

ਪੁਲੀਸ ਦੇ ਸਿਪਾਹੀ ਨੇ ਲੜਕੀ ਦਾ ਕਾਂਟਾ ਲਾਹੁਣਾ

ਮੈਂ ਇਹ ਵੀ ਬੇਨਤੀ ਕਰਦਾ ਹਾਂ ਹੁਣ ਦਾ ਜਿਹੜਾ ਚੱਲ ਰਿਹਾ ਸੰਘਰਸ਼ ਇਹਦੇ ਸੰਬੰਧ ਵਿੱਚ। ਹੁਕਮ ਸ਼ਾਂਤਮਈ ਦਾ....., ਸ਼ਾਂਤਮਈ ਰੱਖਣੀ ਆ, ਪਰ ਮੈਨੂੰ ਜਿਹੜਾ ਪਰਸੋਂ ਚੌਥੇ ਸੁਣ ਕੇ ਇੱਕ ਦੁੱਖ ਲੱਗਾ ਕਿ ਸਿੱਖਾਂ ਦੀ ਲੜਕੀ ਤੁਰੀ ਜਾ ਰਹੀ ਸੀ, ਉਹਨੇ ਕੰਨ ਵਿੱਚ ਸ਼ਾਇਦ ਕੋਈ ਕਾਂਟਾ ਪਾਇਆ ਹੋਣਾ। ਉਹ ਕਿਸੇ ਪੁਲੀਸ ਵਾਲੇ ਕਰਮਚਾਰੀ ਨੇ ਫੜਕੇ ਕਾਂਟਾ ਖਿੱਚ ਕੇ ਆਪਦੇ ਘਰ ਨੂੰ ਲੈ ਗਿਆ। ਜਿੱਥੇ ਇਹੋ ਜਿਹੀ ਹਰਕਤ ਹੁੰਦੀ ਆ, ਉਥੇ ਸ਼ਾਂਤੀ-ਸ਼ੁੱਤੀ ਵੱਲ ਕਿਸੇ ਨਹੀਂ ਵੇਖਣਾ। ਉਹਨੂੰ ਚੰਗੀ ਤਰ੍ਹਾਂ ਸੋਧਾ ਲਾ ਦੇਣਾ ਤੇ ਜੇ ਮਰ ਜਾਵਾਂਗੇ ਤੇ ਕੋਈ ਫਰਕ ਨਹੀਂ ਪੈਣ ਲੱਗਾ। ਮੱਸਿਆ ਲੱਗਣੋਂ ਨਹੀਂ ਕੋਈ ਹਟ ਜਾਏਗੀ। ਆਪਾਂ ੩੦-੩੦ ਹਜ਼ਾਰ ਛੁਡਾਉਂਦੇ ਰਹੇ ਹਾਂ ਤੇ ਆਪਣੀਆਂ ਭੈਣਾਂ ਨੂੰ ਅੱਜ ਦੋ-ਦੋ ਫਤ ਕੇ ਨੰਗੀਆਂ ਕਰੀ ਫਿਰਨ ਇਹ। ਕੀ ਕਰਦੇ ਉਂ ਸਿੱਖੋ ਪਿੰਡਾਂ ਵਿੱਚ ਬੈਠੇ ? ਇਥੇ ਆ ਕੇ ਕਹਿੰਦੇ ਓਂ ਸੰਤ ਜੀ ਹੁਕਮ ਕਰੋ, ਉਏ ਦੋ ਦੋ ਲੜਕੀਆਂ ਨਹੀਂ ਛੁਡਾ ਸਕਦੇ ਪਿੰਡਾਂ ਵਿੱਚੋਂ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸ਼ਾਇਦ ਬਜ਼ੁਰਗਾਂ ਨੇ ਜੈਕਾਰਾ ਛੱਡਿਆ ਕਿ ਚੰਗਾ ਹੋਇਆ ਫੜ ਲਈਆਂ ਤੇ। ਜੈਕਾਰਾ ਛੱਡਣਾ ਚਾਹੀਦਾ ਜਦੋਂ ਛੁਡਾ ਲਾਂਗੇ।

ਇਜ਼ਤ ਲਾਹੁਣ ਵਾਲੇ ਨੂੰ ਸਜ਼ਾ ਦੇਣ ਦੀ ਅਪੀਲ

ਮੈਂ ਬੇਨਤੀ ਕਰਾਂਗਾ ਸਾਰੀ ਸੰਗਤ ਨੂੰ, ਸਿੰਘ ਨੂੰ ਕੋਈ ਫੜਦਾ ਹੈ ਤਾਂ ਪਹਿਰਾ ਉਥੇ ਵੀ ਦਿਉ, ਇਹ ਨਹੀਂ ਕਿ ਉਥੇ ਸੌਂ ਜਾਣਾ ਹੈ, ਪਰ ਚਾਹੇ ਕਿਸੇ ਵੀ....., ਭਾਵੇਂ ਕਾਂਗਰਸੀਆਂ ਦੀ ਲੜਕੀ ਆ, ਅਕਾਲੀ ਪਾਰਟੀ ਨਾਲ ਸਬੰਧ ਰੱਖਣ ਵਾਲੇ ਦੀ ਲੜਕੀ ਆ, ਕਿਸੇ ਗਰੀਬ ਦੀ ਲੜਕੀ ਆ, ਭਾਵੇਂ ਕਿਸੇ ਹੋਰ ਦੀ ਲੜਕੀ ਆ, ਜਿਹੜਾ ਕਿਸੇ ਧੀ-ਭੈਣ ਨੂੰ ਲੁੱਟਦਾ ਤੇ ਫੜਦਾ ਤੇ ਬੇ-ਇਜ਼ਤੀ ਕਰਦਾ, ਮੈਂ ਹੱਥ ਜੋੜ ਕੇ ਬੇਨਤੀ ਕਰਾਂਗਾ ਤੇ ਆਪਣੇ ਵੱਲੋਂ ਐਲਾਨੀਆਂ ਤੌਰ ਤੇ ਜ਼ਰੂਰ ਕਹਾਂਗਾ ਕਿ ਉਹ ਚਾਹੇ ਕੋਈ ਗੌਰਮੈਂਟ ਦਾ

ਬੰਦਾ, ਚਾਹੇ ਕੋਈ ਦੂਜਾ ਬੰਦਾ, ਜਿਹੜਾ ਧੀ-ਭੈਣ ਦੀ ਇਜ਼ੱਤ ਦੀ ਬਰਬਾਦੀ ਕਰਨੀ ਚਾਹੁੰਦਾ ਹੈ, ਉਹਨੂੰ ਖ਼ਾਲਸਾ ਜੀ ਗੱਡੀ ਚੜ੍ਹਾ ਕੇ ਮੇਰੇ ਕੋਲ ਆਇਆ ਕਰੋ। ਇਥੇ ਆਣ ਕੇ ਬਾਬਾ ਜੀ ਇਜ਼ਤ ਲੁੱਟ ਲਈ, ਗਹਿਣੇ ਲਾਹ ਲਏ, ਹੁਣ ਬਾਬੇ ਦੇ ਗੀਸ਼ੇ 'ਚ ਤੇ ਗਹਿਣੇ ਹੈ ਨਹੀਂ, ਜਿਹੜੇ ਤੁਹਾਨੂੰ ਹੁਣੇ ਦੇ ਦੇਏ। ਉਹਨਾਂ ਭੈਣਾਂ ਦੀ ਇੱਜ਼ਤ ਬਚਾਉਣਾ ਮੇਰਾ ਤੇ ਲੌਂਗੋਵਾਲ ਦਾ ਕੰਮ ਨਹੀਂ ਰਹਿ ਗਿਆ ਇਕੱਲੇ ਦਾ, ਤੁਸੀਂ ਵੀ ਸਾਡੇ ਭੁਰਾ ਹੋ, ਤੁਹਾਡੀ ਜ਼ਿੰਮੇਵਾਰੀ ਬਣਦੀ ਆ। ਹਾਂ ਬਾਕੀ ਥਾਵਾਂ 'ਤੇ ਸ਼ਾਂਤੀ ਰੱਖੋ (ਪਰ) ਸਤਿਗੁਰੂ ਗਰੰਥ ਸਾਹਿਬ ਤੇ ਭੈਣ ਦੀ ਇਜ਼ੱਤ ਲੁੱਟਣ ਵਾਲੇ ਨੂੰ ਗੱਡੀ ਚੜਾਉ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੧੦.

(ਦੀਵਾਨ ਹਾਲ ਮੰਜੀ ਸਾਹਿਬ, ਅੰਮ੍ਰਿਤਸਰ, ੨੯-੦੪-੧੯੯੩)

ਸਤਿਗੁਰੂ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ ਜੀ ਦੀ ਸਾਜ਼ੀ ਨਿਵਾਜ਼ੀ, ਗੁਰੂ ਰੂਪ ਗੁਰੂ ਖ਼ਾਲਸਾ, ਸਾਧ ਸੰਗਤ ਜੀਉ, ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਮੋਰਚੇ ਨੂੰ ਅਸਫ਼ਲ ਬਣਾਉਣ ਅਤੇ ਸਿੱਖਾਂ ਵਿੱਚ ਫੁੱਟ ਪਾਉਣ ਦੀ ਸਰਕਾਰੀ ਸਾਜ਼ਿਸ਼

ਪਿਆਰੇ ਖ਼ਾਲਸਾ ਜੀ, ਸਤਿਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਵਿੱਤਰ ਗੋਦ ਵਿੱਚ ਸੱਜ ਕੇ, ਆਪ ਜੀ ਨੇ, ਸਟੇਜ ਉਪਰੋਂ ਬੋਲ ਰਹੇ ਬੁਲਾਰਿਆਂ ਦੇ ਪਾਸੋਂ ਵਰਤਮਾਨ ਸਮੇਂ ਦੇ ਧਰਮ ਯੁੱਧ ਮੋਰਚੇ ਦੇ ਸੰਬੰਧ ਵਿੱਚ ਵਿਚਾਰ ਸਰਵਣ ਕੀਤੇ ਹਨ। ਜੋ ਹਕੂਮਤ ਨੇ ਆਪਣੀ ਕੁਟਲ ਨੀਤੀ ਅਨੁਸਾਰ, ਸਿੱਖ ਪੰਥ ਦੇ ਇਸ ਮੋਰਚੇ ਨੂੰ ਅਸਫਲ ਬਣਾਉਣ ਵਾਸਤੇ ਕੋਝੀਆਂ ਹਰਕਤਾਂ ਅਰੰਭ ਕੀਤੀਆਂ ਹੋਈਆਂ ਹਨ, ਉਹਨਾਂ ਤੋਂ ਆਪਾਂ ਨੂੰ ਸਾਰਿਆਂ ਨੂੰ ਹੀ ਬਹੁਤ ਸਾਵਧਾਨਤਾ ਸਹਿਤ ਰਹਿਣ ਦੀ ਲੋੜ ਹੈ। ਹਰ ਤਰੀਕੇ ਦੇ ਨਾਲ ਆਪਸ ਵਿੱਚ ਫੁੱਟ ਪਾਉਣ ਦੀ ਕੋਸ਼ਿਸ਼, ਗੌਰਮੈਂਟ ਨੇ ਕਰਨੀ ਹੈ। ਉਸ ਤੋਂ ਆਪਾਂ ਨੂੰ ਸਚੇਤ ਰਹਿਣ ਦੀ ਬਹੁਤ ਭਾਰੀ ਲੋੜ ਹੈ।

ਹਰ ਕਾਂਡ ਨੂੰ ਹਰਿਮੰਦਰ ਸਾਹਿਬ ਦੇ ਨਾਂਅ ਨਾਲ ਜੋੜਨ ਦੀ ਸਰਕਾਰੀ ਸਾਜ਼ਿਸ਼

ਕਿਸੇ ਵੀ ਅਸਥਾਨ 'ਤੇ ਕੋਈ ਵੀ ਕਾਂਡ ਵਾਪਰਦਾ ਹੈ, ਉਸਦੇ ਸੰਬੰਧ ਵਿੱਚ ਹੋਰ ਕਿਸੇ ਅਸਥਾਨ ਦਾ ਨਾਂਅ ਆਵੇ ਜਾਂ ਨਾ ਆਵੇ (ਪਰ) ਹਰਿਮੰਦਰ ਸਾਹਿਬ ਦਾ ਤੇ ਨਾਨਕ ਨਿਵਾਸ ਦਾ ਨਾਂਅ ਜ਼ਰੂਰ ਆਉਂਦਾ ਹੈ। ਕਿਸੇ ਅਸਥਾਨ 'ਤੇ ਕੇਸ ਹੋਵੇ.....। ਇੱਕ, ਦੋ, ਚਾਰ ਨਹੀਂ, ਮੱਧਿਆ ਪ੍ਰਦੇਸ਼ ਇਥੋਂ ਹਜ਼ਾਰਾਂ ਕਿਲੋਮੀਟਰ ਦੂਰ ਆ, ਭਿਲਾਈ.....। ਉਥੇ ਕੇਸ ਹੋਇਆ ਸੀ, ਬੜਾ ਚਿਰ ਹੋ ਗਿਆ (ਪਰ) ਉਹਦਾ ਲਿੰਕ ਵੀ ਇਥੋਂ ਦੇ ਨਾਲ ਹੀ ਜੋੜਿਆ ਗਿਆ (ਹੈ) ਉਸ ਤੋਂ ਪਿੱਛੋਂ ਹੋਰ ਥਾਵਾਂ 'ਤੇ ਕਾਫੀ ਕਾਂਡ ਐਸੇ ਵਾਪਰੇ, ਜਿਹਨਾਂ ਦਾ ਸੰਬੰਧ ਹਰਿਮੰਦਰ ਸਾਹਿਬ ਦੇ ਨਾਲ ਜੋੜਨ ਤੋਂ ਗੌਰਮੈਂਟ ਨੇ ਜਾਂ ਮਹਾਸ਼ੇ ਜਿਹੜੇ ਫਿਰਕਾਪ੍ਰਸਤ ਅਖ਼ਬਾਰ ਆ, ਉਹਨਾਂ ਲੋਕਾਂ ਨੇ ਗੁਰੇਜ ਨਹੀਂ ਕੀਤਾ। ਸੋ ਕੇਵਲ ਇਸ ਮੋਰਚੇ ਨੂੰ ਅਸਫਲ ਬਣਾਉਣ ਵਾਸਤੇ, ਅਕਾਲੀ ਦਲ ਨੂੰ ਬਦਨਾਮ ਕਰਨ ਵਾਸਤੇ, ਇਹ ਘਾੜਤਾਂ ਤੇ ਸਾਜ਼ਿਸ਼ਾਂ

ਘੜੀਆਂ ਜਾ ਰਹੀਆਂ ਹਨ। ਇਹਨਾਂ ਵੱਲ ਹਰ ਗੁਰਸਿੱਖ ਨੂੰ ਪੂਰਾ ਧਿਆਨ ਦੇਣਾ ਚਾਹੀਦਾ ਤੇ ਸਾਵਧਾਨਤਾ ਸਹਿਤ ਹੋਣਾ ਚਾਹੀਦਾ ਹੈ।

ਗ੍ਰਹਿ ਮੰਤਰੀ ਦੀ ਧਮਕੀ

ਜੋ ਗ੍ਰਹਿ ਮੰਤਰੀ[੧੨] ਹੈ ਆਪਣੇ ਹਿੰਦੁਸਤਾਨ ਦਾ, ਉਹਦੇ ਸੰਬੰਧ ਵਿੱਚ ਤੁਸਾਂ ਸੁਣ ਹੀ ਲਿਆ.....। ਮੈਂ ਜੀ ਵਿਸਥਾਰ ਨਾਲ ਦੱਸਣਗੇ, ਉਹਨਾਂ ਨੂੰ ਹੁਣੇ ਹੀ ਪਤਾ ਲੱਗਾ ਕਿ ਉਹਨਾਂ ਨੇ ਪਾਰਲੀਮੈਂਟ ਦੇ ਵਿੱਚ ਜੋ ਬੋਲਿਆ, ਇਹਨਾਂ ਦਾ ਕੋਈ ਫੈਸਲਾ ਹੋਇਆ। ਉਹਦੇ ਸੰਬੰਧ ਵਿੱਚ ਇਥੇ ਵੀ ਰਿਪੋਰਟ ਆਈ ਆ। ਕਹਿ ਕੇ ਮੁੱਕਰ ਗਏ ਆ। ਚੌਕੀਦਾਰ ਤੋਂ ਲੈ ਕੇ ਪ੍ਰਾਈਮ ਮਨਿਸਟਰ ਤੱਕ, ਹਰ ਮਨੁੱਖ ਨੂੰ ਇਹ ਆਸ ਹੁੰਦੀ ਆ ਕਿ ਜੇ ਕਿਤੇ ਵੀ ਫੈਸਲਾ ਨਾ ਹੋਵੇ ਤੇ ਸ਼ਾਇਦ ਸਾਡੀ ਇਥੇ ਮੀਟਰ ਦੇ ਵਿੱਚ ਕੋਈ ਨਾ ਕੋਈ ਮਨੁੱਖ ਗੱਲ ਸੁਣੇਗਾ, ਪਰ ੫੦੦ ਦੇ ਹਾਊਸ ਵਿੱਚ ਕਹੀ ਹੋਈ ਗੱਲ, ਪਹਿਲਾਂ ਤਾਂ ਧਮਕੀ ਦੇ ਦਿੱਤੀ, ਬੜੀ ਕਰਾਰੀ ਜਿਹੀ ਜ਼ਬਾਨ ਨਾਲ, ਉਹਦੇ ਚਿਤ 'ਚ ਹੋਣਾ ਕਿ.....ਚਲੋ ਹੱਥ-ਹੁੱਥ ਜੋੜ ਦੇਣਗੇ ਤੇ ਮੇਰਾ ਵਾਹਵਾ ਕੰਮ ਬਣ ਜਾਵੇਗਾ, ਪਰ ਇਹ ਪਤਾ ਨਹੀਂ ਸੀ ਕਿ ਅੱਗੋਂ ਜਵਾਬ ਕਿਹੋ ਜਿਹਾ ਆਉਣਾ। ਮੁੜ ਕੇ ਛੇਤੀ ਦੇ ਨਾਲ ਹੀ ਪਲਟਾ ਖਾ ਗਿਆ, ਕਹਿਣ ਲੱਗਾ, 'ਜੀ ਮੈਂ ਤੇ ੨ ਦਿਨ ਵਾਸਤੇ ਕਿਹਾ ਸੀ 'ਅਲਟੀਮੇਟਮ' ਅੱਖਰ ਨਹੀਂ ਸੀ ਵਰਤੇ। ਅੱਖਰ ਅਲੀਮੇਟਮ ਨਹੀਂ ਸੀ ਵਰਤਿਆ।' ਹੈ ਤੇ ਅੱਖਰ ਭਾਵੇਂ ਕੁਝ ਹੋਰ ਤਰ੍ਹਾਂ ਦੇ ਹੋਣਗੇ। ਇੰਨਾ ਕੁ ਕਹਿ ਲਈਏ, ਜਿਵੇਂ ਕਿਸੇ ਨੂੰ ਕਹਿ ਦੇਈਏ ਕਿ ਆਹ ਤੇਰਾ ਪਿਤਾ ਜੀ ਆ, ਆਹ ਤੇਰੀ ਮਾਤਾ ਦਾ ਖਸਮ ਹੈ। ਅੱਖਰਾਂ ਦੇ ਵਿੱਚ ਫ਼ਰਕ ਆ ਪਰ ਬੰਦਾ ਉਹੋ ਈ ਆ। ਕੇਵਲ ਕਹਿੰਦਾ ਮੈਂ ਅਲਟੀਮੇਟਮ ਨਹੀਂ ਕਿਹਾ, ੨ ਦਿਨ ਦਾ ਨਾਉਂ ਲਿਆ ਸੀ।

ਸੋ ਖ਼ਾਲਸਾ ਜੀ ਇਸ ਪਾਸੇ ਵੱਲ ਆਪਾਂ ਨੂੰ ਢਿਲੇ ਨਹੀਂ ਹੋਣਾ ਚਾਹੀਦਾ। ਜੇ ਉਹਨਾਂ ਨੇ ਅੱਜ ਜਾਂ ਕੱਲ ਦੇ ਅਖਬਾਰਾਂ ਵਿੱਚ ਇਹ ਕਹਿ ਦਿੱਤਾ, ਜੀ ਅਸੀਂ ਅਲਟੀਮੇਟਮ ਨਹੀਂ ਦਿੱਤਾ ਤੇ ਆਪਾਂ ਸੁਸਤ ਜਿਹੇ ਹੋ ਜਾਈਏ, ਕਦੇ ਵੀ ਨਹੀਂ ਹੋਣਾ। ਮੈਂ ਸਾਰੀ ਸਿੱਖ ਕੌਮ ਨੂੰ ਪੁਰਜ਼ੋਰ ਬੇਨਤੀ ਕਰਾਂਗਾ, ਸ਼ਾਂਤ ਰਹਿਣਾ ਤੇ ਸ਼ਾਂਤੀ ਦੇ ਆਪਾਂ ਹਾਮੀ ਵੀ ਹਾਂ, ਪਰ ਇਹੋ ਜਿਹੀ ਸ਼ਾਂਤੀ ਕਦੇ ਨਹੀਂ ਰੱਖਣੀ ਕਿ ਇਹ ਚਾਰ ਚੁਫੇਰਿਉਂ ਪੁਲੀਸ ਅੰਦਰ ਹੋ ਕੇ ਦਰਬਾਰ ਸਾਹਿਬ ਦੇ ਵਿੱਚ ਤੇ ਝੂਠੀਆਂ ਤੋਹਮਤਾਂ ਲਾ ਕੇ ਤੇ ਸਿੱਖਾਂ ਨੂੰ ਭੁੰਨਣ ਦੀ ਕੋਸ਼ਿਸ਼ ਕਰੇ ਤੇ ਆਪਾਂ ਸ਼ਾਂਤੀ 'ਚ ਹੀ ਗਰੱਸੇ ਰਹੀਏ। ਇਹੋ ਜਿਹੀ ਸ਼ਾਂਤੀ ਕੋਈ ਨਹੀਂ ਰੱਖਣੀ ਹੈਗੀ। ਹਾਂ ਬਾਹਰ ਜਿਹੜਾ ਆਪਣਾ ਕੋਈ ਜਥਾ ਜਾਂਦਾ, ਜੋ ਪੰਥਕ ਪ੍ਰੋਗਰਾਮ ਆਂ, ਆਪਾਂ ਉਹਦੇ 'ਤੇ ਜ਼ਰੂਰ ਚੱਲਣਾ, ਪਰ ਜੇ ਆਣ ਕੇ ਕੋਈ ਦਰਬਾਰ ਸਾਹਿਬ ਨੂੰ ਗੋਲੀਆਂ ਨਾਲ ਛਲਣੀ ਛਲਣੀ ਕਰਨਾ ਚਾਹੇ ਜਾਂ ਜ਼ਬਰਦਸਤੀ ਸਿੰਘਾਂ ਨੂੰ ਮਾਰਨਾ ਚਾਹੇ, ਉਸ ਵੇਲੇ ਕਿਸੇ ਵੀ ਅਸਥਾਨ 'ਤੇ ਕੋਈ ਗੁਰੂ ਕਾ ਸਿੱਖ ਬੈਠਾ, ਉਹਨਾਂ ਨੇ ਆਪੋ ਆਪਣੀ ਸਾਰਿਆਂ ਨੇ ਜ਼ਿੰਮੇਵਾਰੀ ਸੰਭਾਲਣੀ ਆਂ। ਇਹ ਸਾਰੀ ਸਿੱਖ ਸੰਗਤ ਨੂੰ ਪੁਰਜ਼ੋਰ ਹੱਥ ਜੋੜ ਕੇ ਨਿਮਰਤਾ ਸਹਿਤ ਬੇਨਤੀ ਹੈ ਤੇ ਇਸ ਪਾਸੇ ਸਾਰਿਆਂ ਨੇ ਧਿਆਨ ਦੇਣਾ। ਮੈਂ ਆਪਣੇ ਵੱਲੋਂ ਅੱਜ ਜਥੇ ਵਿੱਚ ਜਾਣ ਵਾਲੇ ਜੋ ਗੁਰਸਿੱਖ ਹਨ, ਉਹਨਾਂ ਸਾਰਿਆਂ ਨੂੰ ਵਧਾਈ ਦਿੰਦਾ ਹਾਂ ਤੇ ਸਾਰਿਆਂ ਦਾ ਧੰਨਵਾਦ ਕਰਦਾ ਹਾਂ।

ਮਹਾਸ਼ਾ ਪ੍ਰੈਸ ਦਾ ਝੂਠਾ ਪ੍ਰਾਪੇਗੰਡਾ

ਆਉਣ ਵਾਲੇ ਸਮੇਂ ਦੇ ਵਿੱਚ ਜੋ ਕੁਝ ਕੁ ਪ੍ਰੇਮੀਆਂ ਤੋਂ ਗੱਲਾਂ ਸੁਣਨ ਤੋਂ ਪਤਾ ਲੱਗਾ (ਕਿ) ਕਈ ਪ੍ਰਕਾਰ ਦੀਆਂ ਅਫਵਾਹਾਂ ਉਡਾਈਆਂ ਜਾ ਰਹੀਆਂ। ਅੱਜ ਵੀ ਇੱਕ ਅਖ਼ਬਾਰ ਵਿੱਚ ਆਇਆ ਸੀ.....। ਇਥੇ ਸੀ. ਬੀ. ਆਈ. ਵਾਲੇ ਵੀ ਆਏ ਆ ਤੇ ਸੀ. ਆਈ. ਡੀ. ਵਾਲੇ ਵੀ ਵਿੱਚ ਬੈਠੇ ਹੋਣਗੇ। ਉਹਨਾਂ ਨੂੰ ਮੈਂ ਇੱਕ ਗੱਲ ਕਹਿਣੀ ਚਾਹਾਂਗਾ ਕਿ ਜੋ ਅਖ਼ਬਾਰਾਂ ਵਾਲਿਆਂ ਨੇ, ਕੁਝ ਅਖ਼ਬਾਰਾਂ ਵਾਲਿਆਂ ਨੇ, ਸਾਰਿਆਂ ਨੇ ਨਹੀਂ। ਇੱਕ ਰਵੱਈਆ ਹੀ ਇਹ ਅਪਣਾ ਲਿਆ ਕਿ ਕੋਈ ਗੱਲ ਹੋਵੇ, ਕਿਸੇ ਤਰੀਕੇ ਦੀ ਹੋਵੇ, ਭਿੰਡਰਾਂਵਾਲੇ ਨੂੰ ਉਸ ਵਿੱਚ ਜ਼ਰੂਰ ਗਰੱਸ ਲੈਣਾ ਚਾਹੀਦਾ। ਹੋਰ ਸਾਧ ਕੋਈ ਨਿਕਲ ਜਾਵੇ ਤੇ ਬੋਸ਼ਕ ਨਿਕਲ ਜਾਵੇ ਤੇ ਇਸ ਗੱਲ ਦਾ ਮੇਰੇ 'ਤੇ ਬੋਝ ਵੀ ਕੋਈ ਨਹੀਂ (ਸਗੋਂ) ਮੈਂ ਆਪਣੀ ਚੰਗੀ ਕਿਸਮਤ ਸਮਝਦਾ ਹਾਂ ਕਿ ਧਰਮ ਦੇ ਕੰਮ ਵਾਸਤੇ ਕਿਸੇ ਪਾਸੇ ਨਾਂਅ ਲਿਆ ਜਾਵੇ ਤਾਂ ਮੈਂ ਉਹਦੇ ਵਿੱਚ ਕੋਈ ਮਾੜਾ ਨਹੀਂ ਸਮਝਦਾ, ਪਰ ਇੱਕ ਗੱਲ ਜ਼ਰੂਰ ਕਹਾਂਗਾ ਕਿ ਇਹ ਜਿਹੜੇ ਕੁਝ ਕੁ ਅਖ਼ਬਾਰਾਂ ਵਾਲੇ ਆ, ਖਾਸ਼ ਕਰਕੇ ਮਹਾਸ਼ਾ ਪ੍ਰੈਸ ਤੇ ਉਹਨਾਂ ਦੇ ਜਿਹੜੇ ਬਾਹਰ ਅਖ਼ਬਾਰਾਂ ਵਾਲੇ ਆ। ਉਹਨਾਂ ਨੇ ਜਿਹੜਾ ਰਵੱਈਆ ਅਖ਼ਤਿਆਰ ਕੀਤਾ, ਜੇ ਛੇਤੀ ਕੁਝ ਕੱਢਣਾ ਚਹੁੰਨੇ ਆਂ ਤੇ ਮੇਰਾ ਖਿਆਲ ਆ ਇਹੋ ਜਿਹੇ ਇੱਕ ਦੋ ਬੰਦਿਆਂ ਨੂੰ ਫੜਿਆ ਜਾਵੇ ਤੇ ਛੇਤੀ ਪਤਾ ਲੱਗ ਜਾਊ। ਅੱਜ ਫਿਰੋਜ਼ਪੁਰ ਤੋਂ ਖਬਰ ਆਈ ਆ, ਉਹਦੇ 'ਚ ਲਿਖਿਆ, ਅਖੇ ਜੀ ਜਿਹੜਾ ਕਤਲ ਹੋਇਆ, ਇਹ ਸਟੇਨਗੰਨ ਨਾਲ ਹੋਇਆ। ਇੱਕ ਡਾਕਾ ਵੱਜਾ ਫਗਵਾੜੇ ਵੱਲ, ਉਹ ਵੀ ਸਟੇਨਗੰਨ ਨਾਲ ਮਾਰਿਆ। ਇੱਕ ਅੱਜ ਅਖ਼ਬਾਰ 'ਚ ਆਇਆ ਸੀ, ਕੋਈ ਅਜਨਾਲੇ ਵੱਲ ਡਾਕਾ ਵੱਜਾ, ਪਤਾ ਨਹੀਂ ਕਿੱਥੇ, ਕਿਹੜੀ ਬੈਂਕ ਆ ? ਅਖੇ ਇਹ ਵੀ ਸਟੇਨਗੰਨ ਨਾਲ ਮਾਰਿਆ ਗਿਆ ਤੇ ਸਟੇਨਗੰਨ ਕਿਹੜੀ ਆ ? ਜਿਹੜੀ ਫਿਰੋਜ਼ਪੁਰੋਂ ਅਸਲੇ ਖਾਨੇ ਵਿੱਚੋਂ ਨਿਕਲੀਆਂ ਸੀ, ਉਹਨਾਂ ਵਿੱਚੋਂ ਇੱਕ ਸੇਟਨ ਆਂ ਤੇ ਉਹ ਅਖ਼ਬਾਰ ਨਵੀਸ ਨੂੰ ਪੁੱਛ ਲੈਣਾ ਚਾਹੀਦਾ (ਕਿ) ਤੂੰ ਕਿਹੜੇ ਬੰਦੇ ਨੂੰ....., ਕਿਹਦੇ ਹੱਥ 'ਚ ਫੜਾ ਕੇ ਆਇਆਂ, ਤੈਨੂੰ ਕੀ ਨਿਸ਼ਾਨੀ ਆਂ ਉਸ ਸਟੇਨਗੰਨ ਦੀ ? ਭਾਵ ਕੀ ਕਿ ਕਿਸੇ ਤਰੀਕੇ ਨਾਲ ਇਹ ਅੰਮ੍ਰਿਤਸਰ ਵਿੱਚ ਨਾਨਕ ਨਿਵਾਸ ਦੇ ਨਾਲ ਤੇ ਸਰਾਂ ਦੇ ਨਾਲ ਜੋੜਿਆ ਜਾਵੇ ਤੇ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਇਸੇ ਚੱਕਰ ਵਿੱਚ ਈ ਚੱਲਦੀ ਰਹੇ, ਕਿਤੇ ਇਹ ਨਾ ਸੁੱਖ ਦਾ ਸਾਹ ਲੈ ਕੇ ਬੈਠ ਜਾਣ, ਪਰ ਉਹਨਾਂ ਲੋਕਾਂ ਨੂੰ ਇਹ ਨਹੀਂ ਪਤਾ ਕਿ ਇਹਦੇ ਸਿਟੇ ਕੀ ਨਿਕਲਣੇ ਆ ? ਫਲ ਇਹਦਾ ਕੀ ਭੁਗਤਣਾ ਪੈਣਾ ?

ਬਿੱਛੂ ਰਾਮ ਥਾਨੇਦਾਰ ਦਾ ਜ਼ੁਲਮ

ਹੁਣ ਕਈਆਂ ਪਾਸਿਆਂ ਤੋਂ ਗੱਲਾਂ ਚੱਲ ਰਹੀਆਂ ਕਿ ਸ਼੍ਰੋਮਣੀ ਅਕਾਲੀ ਦਲ ਬਦਲ ਜਾਂਦਾ, ਇੰਦਰਾ ਤਾਂ ਗੱਲ ਕਰਨੀ ਚਾਹੁੰਦੀ ਆ। ਸਿੱਖ ਕਹਿ ਕੇ ਗੱਲ ਤੇ ਇਸਥਿਤ (ਕਾਇਮ) ਨਹੀਂ ਰਹਿੰਦੇ ਤੇ ਸਿੱਖ ਫਿਰਕੂ ਆ, ਇਹ ਫਸਾਦ ਕਰਾਉਣਾ ਚਾਹੁੰਦੇ ਹਨ। ਆ ਪਰਸੋਂ ਸੰਤ ਜੀ ਬੋਲੇ ਸੀ, ਉਹਨਾਂ ਵੀ ਇੱਕ ਗੱਲ ਕਹੀ ਸੀ। ਉਹ ਸਿੰਘ ਅੱਜ ਇਥੇ ਈ ਆ, ਸਟੇਜ 'ਤੇ ਆਇਆ ਕਿ ਨਹੀਂ ਸਿੰਘ ਉਹ (ਪੁੱਛਦੇ ਹੋਏ) ਕਿਉਂ ਭਈ ਸਟੇਜ 'ਤੇ ਆਇਆ ਕਿ ਨਹੀਂ ਲਾਭ ਸਿੰਘ ? ਉਹ ਸਿੰਘ ਇਥੇ ਨਾਨਕ ਨਿਵਾਸ ਵਿੱਚ ਦਾਸ ਦੇ ਕੋਲ ਆ ਅੱਜ। ਲਾਭ ਸਿੰਘ ਉਹਦਾ ਨਾਂਅ ਵਾ, ਜੱਟਾਂ ਵਾਲੀ ਪਿੰਡ ਉਰਫ ਰਾਮ ਨਗਰ, ਫਾਜ਼ਲਕਿਆਂ ਤੋਂ ੪ ਕਿਲੋਮੀਟਰ ਦੀ ਦੂਰੀ 'ਤੇ, ਬਿੱਛੂ ਰਾਮ, (ਇਹ) ਨਾਂਅ ਈ ਪਹਿਲੀ ਵੇਰ ਸੁਣਿਆ, ਅੱਗੇ ਤੇ ਕਦੇ ਸੁਣਿਆ ਨਹੀਂ ਸੀ। ਬਿੱਛੂ ਰਾਮ[੬੪] ਥਾਨੇਦਾਰ ਆ ਕੋਈ ਉਥੋਂ ਸਦਰ ਦਾ। ਉਹਨੇ ਉਸ

ਸਿੰਘ ਨੂੰ ਪਕੜਿਆ.....। ਉਹਦਾ ਗੁਨਾਹ ਕੀ ਸੀ ? ਕਿ ਰਾਹ ਰੋਕੂ ਮੋਰਚੇ ਦੇ ਵਿੱਚ ੪ ਤਰੀਕ ਨੂੰ ਉਹਨੇ ਆਪਣੀਆਂ ਪ ਬੱਚੀਆਂ, ਇੱਕ ਘਰ ਵਾਲੀ ਤੇ ਆਪਣੇ ਸੱਤਾਂ ਜੀਆਂ ਦੇ ਸਮੇਤ, ਸੜਕ ਦੇ ਉੱਪਰ ਛਤੀਰੀਆਂ ਰੱਖ ਕੇ...., ਛਤੀਰੀਆਂ ਸੀ ਉਹਦੇ ਕੋਲ, ਘਰ ਵਿੱਚ । ਉਹ ਲਿਆ ਕੇ ਸੜਕ 'ਤੇ ਰੱਖ ਦਿੱਤੀਆਂ । ਉੱਪਰ ਆਪ ਬੈਠ ਗਏ, ਬਾਣੀ ਪੜ੍ਹਨੀ ਸ਼ੁਰੂ ਕਰ ਦਿੱਤੀ । ਢਾਈ ਘੰਟੇ ਇਕੱਲੇ ਨੇ ਟ੍ਰੈਫਿਕ ਜਾਮ ਰੱਖੀ ਆ, ਇਕੱਲੇ ਨੇ, ਆਪਣੇ ਪਰਿਵਾਰ ਸਮੇਤ, ਹੋਰ ਕੋਈ ਵੀ ਸਿੰਘ ਨਾਲ ਨਹੀਂ ਸੀ । ਅੰਮ੍ਰਿਤਧਾਰੀ ਸਿੰਘ ਆ (ਉਹ), ਉਥੇ ਬਾਹਰ ਬੈਠਾ ਖੇਤਾਂ ਵਿੱਚ । ਉਹਨੂੰ ਬਿਛੂ ਰਾਮ ਨੇ ਪਕੜ ਲਿਆ, ਥਾਨੇ ਲਿਜਾ ਕੇ ਕੁੱਟਿਆ । ਉਹ ਪੁੱਛਦਾ ਕੁੱਟਦਾ ਕਿਉਂ ਆਂ ? ਕਹਿਣ ਲੱਗਾ ਤੂੰ ਅੰਮ੍ਰਿਤ ਕਿੱਥੋਂ ਛਕਿਆ ? ਉਹਨੇ ਕਹਿ ਦਿੱਤਾ ਭਿੰਡਰਾਂਵਾਲਿਆਂ ਕੋਲੋਂ । ਕਹਿੰਦਾ ਫਿਰ ਆ ਜਾਹ ਤਾਹੀਏਂ ਤਾਂ ਪੁੱਛਿਆ । ਕੁੱਟ ਕੁੱਟ ਕੇ ਉਹਦੀ ਸੱਜੀ ਲੱਤ ਜਿਹੜੀ ਬਹੁਤ ਮੋਟੀ ਕੀਤੀ, ਸੁਜਾ ਦਿੱਤੀ । ਉਹਦੀ ਖ਼ਾਲਸਾ ਜੀ ਦਾਹੜੀ ਮੁੰਨ ਦਿੱਤੀ । ਦਾਹੜੀ ਮੁੰਨ ਕੇ ਤੇ ਮੇਰੇ ਕੋਲੇ ਭੇਜ ਦਿੱਤਾ ਤੇ ਨਾਲ ਇਹ ਕਹਿ ਦਿੱਤਾ ਭਈ ਕਿ ਜਾਹ ਜਾ ਕੇ ਭਿੰਡਰਾਂਵਾਲੇ ਨੂੰ ਕਹਿ ਦੇਹ, ਜਿਹੜਾ ਕੁਝ ਕਰਨਾ ਕਰ ਲਏ ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਇਹ ਜੈਕਾਰਾ ਤਾਂ ਛੱਡ ਲਿਆ ਤੇ ਜਿੰਦੋਂ ਕੋਈ ਉਰਾ-ਪਰਾ ਹੋ ਗਿਆ, ਉਦੋਂ ਇਥੇ ਆਉਣਾ ਨਹੀਂ । ਇਹ ਪਤਾ ਭਈ ਦਾਹੜੀ ਕੱਟੀ ਕਿਹੜੀ ਗੱਲੋਂ ਆਂ ? ਇਹ ਦਾਹੜੀ ਕੱਟੀ ਦਾ ਜੈਕਾਰਾ ? ਇਹ ਮੈਂ ਦੱਸਣਾ ਚਾਹਾਂਗਾ, ਪੁਲੀਸ ਵਾਲਿਉ ਤੇ ਸੀ. ਆਈ. ਡੀ. ਵਾਲਿਉ ਤੇ ਗੁਰੂ ਕੀ ਸੰਗਤ ਨੂੰ ਬੇਨਤੀ ਕਰਾਂਗਾ । ਸਿੰਘੋਂ ਦਾਹੜੀ ਕੱਟੀ ਅੰਮ੍ਰਿਤਧਾਰੀ ਸਿੰਘ ਦੀ ਤੇ ਕੱਟੀ ਆ ਕੇਵਲ ਇਸ ਕਰਕੇ ਕਿ ਤੂੰ ਅੰਮ੍ਰਿਤ ਭਿੰਡਰਾਂਵਾਲਿਆਂ ਤੋਂ ਛਕਿਆ । ਕਾਂਡ ਕਿਤੇ ਕੋਈ ਹੋ ਜਾਂਦਾ, ਮਗਰੋਂ ਕਹਿੰਦੇ ਜੀ ਭਿੰਡਰਾਂਵਾਲੇ ਨੇ ਕਰ ਦਿੱਤਾ ਤੇ ਜੇ ਕੋਈ ਸੰਤਾਂ (ਲੌਂਗੋਵਾਲ) ਨਾਲ ਆ ਕੇ ਗੱਲ ਕਰਦਾ ਜਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨਾਲ ਗੱਲ ਕਰਦਾ (ਤੇ ਕਹਿੰਦਾ) ਜੀ ਬੰਦੇ ਕਿੰਨੇ ਕੁ ਛੱਡੀਏ ? ਜਿਹੜੇ ੧੦-੧੫ ਜੇਲ੍ਹ 'ਚ ਆ ਓਨੇ ਕੁ ਛੱਡ ਦੇਈਏ ਤੇ ਜੇ ਕਿਹਾ ਜਾਵੇ ਜੀ ਸਾਰੇ ਛੱਡੋ, ਜੀ ਸਾਰੇ ਤੁਹਾਡੇ ਈ ਆ ? ਤੇ ਮੈਨੂੰ ਪੁੱਛ ਕੇ ਫੜਦੇ ਆਂ ? ਜਿਹਨੂੰ ਘਰੋਂ ਫੜ ਲੈਂਦੇ, ਉਹਦੀ ਛਿਲ ਲਾਹ ਦਿੰਦੇ ਕੁੱਟ-ਕੁੱਟ ਕੇ, ਉਹਨੂੰ ਪੁੱਠਾ ਲਟਕਾ ਦਿਨੇ ਆਂ ਤੇ ਸਿੰਘਾਂ ਦੀਆਂ ਦਾਹੜੀਆਂ ਕੱਟਣੀਆਂ ਸ਼ੁਰੂ ਕਰ ਦਿੱਤੀਆਂ ਜਾਂ ਤਾਂ ਕੁੱਟਣ ਵੇਲੇ ਵੀ ਪੁੱਛ ਲਿਆ ਕਰੋ ਬੰਦਾ ਸਹਿਮਤ ਹੈ ਜਾਂ ਨਹੀਂ । ਦਾਹੜੀ ਮੁੰਨ ਕੇ ਮੇਰੇ ਕੋਲੇ ਭੇਜਿਆ ਤੇ ਨਾਲ ਬੜਕ ਮਾਰੀ ਆ ਭਿੰਡਰਾਂਵਾਲੇ ਨੂੰ ਕਹਿ ਦੇਹ ਜਾ ਕੇ, ਜਿਹੜਾ ਕੁਝ ਕਰਨਾ ਈ ਕਰ ਲੈ । ਮੈਂ ਤਾਂ ਹੁਣ ਚੁੱਪ ਆਂ, ਕਰਨਾ ਮੈਂ ਇਥੇ ਕੀ ਆ ? ਪਰ ਜੇ ਕੁਝ ਹੋ ਜਾਵੇ ਤੇ ਮੁੜਕੇ ਕਹਿੰਦੇ ਜੀ ੫੦੬ ਦਫਾ ਦੇ ਅਧੀਨ, ਇਹਦੇ 'ਤੇ ਕੇਸ ਦਰਜ ਕਰ ਲਉ, ਕਿਉਂਕਿ ਇਹਨੇ ਮੰਜੀ ਸਾਹਿਬ ਦੀਵਾਨ ਹਾਲ ਤੋਂ ਨਾਅ ਰਲੀਜ਼ ਕਰ ਦਿੱਤੇ । ਕਹਿ ਦਿੱਤਾ ਫਲਾਣੇ ਫਲਾਣੇ ਨੇ ਪਾਪ ਕੀਤਾ । ਉਹ ਜਿਹੜੇ ਬੰਦੇ ਨੇ ਅੰਮ੍ਰਿਤਧਾਰੀ ਸਿੰਘ ਦੀ ਦਾਹੜੀ ਕੱਟੀ ਆ, ਉਹਨੂੰ ਮੁਆਫ਼ ਕਰਨਾ, ਇਦੋਂ ਵੱਡੀ ਬੇਫ਼ਕੂਫੀ ਕੀ ਹੋ ਸਕਦੀ ਆ ? ਕਿੱਡਾ ਵੱਡਾ ਪਾਪ ਕਿਸੇ ਨੇ ਕੀਤਾ । ਉਹਦੇ ਧਾਰਮਿਕ ਚਿੰਨ ਨੂੰ ਜ਼ਬਰਦਸਤੀ ਕੱਟ ਦੇਣਾ, ਉਸ ਪਾਪ ਦਾ ਜ਼ਿੰਮੇਵਾਰ ਕੌਣ ਹੋਵੇਗਾ ? ਉਹਦਾ ਗੁਨਾਹ....? ਕਿੰਨੀ ਦੁਨੀਆਂ ਨੇ ਮੋਰਚੇ 'ਚ ਹਿੱਸਾ ਲਿਆ । ਕਿੰਨੀਆਂ ਸੰਗਤਾਂ ਨੇ ਸ਼ਾਂਤਮਈ ਗੋਲੀਆਂ ਖਾਦੀਆਂ, ਉਹਦੇ ਵੀ ਇੱਕ ਅੱਧੀ ਲੰਘਾ ਦਿੰਦੇ । ਅਸੀਂ ਸ਼ਰਧਾਂਜ਼ਲੀ ਉਹਨੂੰ ਵੀ ਦੇ ਦਿੰਦੇ । ਆਹ ਅਖੰਡ ਪਾਠ ਜਿੱਥੇ ਇੱਕੀਆਂ ਦਾ ਕੀਤਾ, ਬਾਹੀਆਂ ਦਾ ਕਰ ਲੈਂਦੇ, ਪਰ ਦਾਹੜੀ ਕੱਟ ਕੇ ਤੇ ਫਿਰ ਇਹ ਕਹਿਣਾ ਜਾਹ ਜਾ ਕੇ ਤੇ ਭਿੰਡਰਾਂਵਾਲੇ ਨੂੰ ਕਹਿ ਦੇਹ । ਮੇਰੇ ਕੋਲ ਤੇ ਸੁਨੇਹਾ ਪੁੱਜ ਗਿਆ ਤੇ ਸਤਿਗੁਰੂ ਕਿਰਪਾ ਕਰਨ, ਮੈਂ ਤਾਂ

ਅਜੇ ਕੋਈ ਐਲਾਨ ਵੀ ਨਹੀਂ ਕੀਤਾ, ਨਾਂਅ ਵੀ ਨਹੀਂ ਲਿਆ, ਚੁੱਪ ਬੈਠਾਂ ਤੇ ਵਿਚੋਲੇ ਪਹਿਲਾਂ ਹੀ ਭੇਜਣੇ ਸ਼ੁਰੂ ਕਰ ਦਿੱਤੇ ਆ । ਤਿੰਨ ਵੇਰਾਂ ਤੇ ਆ ਚੁੱਕੇ ਆ ਕੱਲ ਦੇ । ਜੀ ਸੰਤਾਂ ਨੂੰ ਕਹੋ, ਮੈਥੋਂ ਗ਼ਲਤੀ ਹੋ ਗਈ, ਮੈਂ ਕਹਿ ਤਾਂ ਬੈਠਾਂ, ਅੱਗੇ ਵਾਸਤੇ ਕੁਝ ਨਹੀਂ ਕਰਦਾ । ਉਹ ਭਲਿਆ ਮਾਣਸਾ ਮੈਂ ਤੇ ਕਿਹਾ ਹੀ ਕੁਝ ਨਹੀਂ, ਨਾ ਮੈਂ ਮੂੰਹੋਂ ਬੋਲਿਆ, ਨਾ ਮੈਂ ਹੁਣ ਹੀ ਬੋਲਦਾਂ । ਉਹ ਪਹਿਲਾਂ ਹੱਥ ਸਿਰੇ 'ਤੇ ਪਾ ਲੈਂਨੇ ਆਂ, ਪਿੱਛੋਂ ਬਿੜਕੀ ਜਾਨੇ ਆਂ । ਜਿਵੇਂ ਬੱਕਰੀ ਪਾਲੇ ਨਾਲ ਕੰਬਦੀ ਆ, ਇਸ ਤਰ੍ਹਾਂ ਕਰਨ ਲੱਗ ਪੈਨੇ ਆਂ, ਪਹਿਲਾਂ ਹੀ ਕੁਝ ਸੋਚ ਕੇ ਹੱਥ ਪਾਇਆ ਕਰੋ ।

ਸੋ ਖ਼ਾਲਸਾ ਜੀ ਜਿਹੜੇ ਇਹੋ ਜਿਹੇ ਲੋਕ ਆ, ਮੈਂ ਆਨਾ ਭਈ ਸਾਰੇ ਸਿੱਖ ਵੀ ਮਰ ਜਾਈਏ, ਸ਼ਾਇਦ ਕੋਈ ਨੁਕਸਾਨ ਨਹੀਂ ਹੋਵੇਗਾ ਪਰ ਸਿੱਖ ਦੀ ਦਾਹੜੀ ਮੋਨਾ ਕੇ ਤੇ ਤਾਹਨਾ ਮਰਵਾ ਕੇ, ਕੋਲ ਬੈਠਾ ਕੇ ਬੈਠੇ ਰਹਿਣਾ, ਮੈਂ ਸਮਝਨਾ ਇਦੋਂ ਵੱਡੀ ਬੁਜ਼ਦਿਲੀ ਤੇ ਕਾਇਰਤਾ ਆਪਣੇ ਵਾਸਤੇ ਹੋਰ ਕੋਈ ਨਹੀਂ । ਇਸ ਪਾਸੇ ਸਾਰਿਆਂ ਨੂੰ ਧਿਆਨ ਦੇਣ ਦੀ ਲੋੜ ਆ । ਸਤਿਗੁਰੂ ਕਿਰਪਾ ਕਰਨ, ਜਿਹੜੇ ਇਹੋ ਜਿਹੇ ਲੋਕ ਆ, ਉਹਨਾਂ ਵੱਲ ਕੌਮ ਦੀ ਨਿਗ੍ਹਾ ਰਹੇ ਤੇ ਸਤਿਗੁਰੂ ਗਰੰਥ ਸਾਹਿਬ ਜੀ ਅੱਗੇ ਆਪਾਂ ਅਰਦਾਸ ਕਰੀਏ ਕਿ ਸਾਨੂੰ ਆਪਣੇ ਧਰਮ ਦੀ ਰਾਖੀ ਕਰਨ ਦਾ ਬਲ ਤੇ ਉਦਮ ਬਖਸ਼ੋ । ਰਹਿਤ ਮਰਿਯਾਦਾ ਵਿੱਚ ਰਹਿਕੇ ਸਿੱਖੀ ਕਮਾਉਣ ਦੀ ਸ਼ਕਤੀ ਬਖਸ਼ੋ ਤੇ ਜੋ ਧਰਮ ਯੁੱਧ ਮੋਰਚਾ ਚਲ ਰਿਹਾ,

"ਨਿਸਚੈ ਕਰਿ ਅਪੁਨੀ ਜੀਤ ਕਰੋਂ ।"

ਇਹਦੇ ਮੁਤਾਬਕ ਆਪਾਂ ਨੂੰ ਅਡੋਲਤਾ ਨਾਲ ਚੱਲਣਾ ਚਾਹੀਦਾ ।

ਆਹ ਸਟੇਨ ਗੰਨ ਦੀ ਗੱਲ ਚੱਲੀ ਸੀ । ਉਹਨਾਂ ਨੇ ਅੱਜ ਅਖ਼ਬਾਰਾਂ ਵਿੱਚ ਲਿਖਿਆ, ਅਖੇ ਭਿੰਡਰਾਂਵਾਲੇ ਦੇ ਦੁਆਲੇ ੧੦ ਸਟੇਨਗੰਨਾਂ ਵਾਲੇ ਸਨ ਤੇ ਗਿਆਰਵੀਂ ਸਟੇਨਗੰਨ ਭਿੰਡਰਾਂਵਾਲੇ ਦੇ ਆਪ ਦੇ ਹੱਥ ਵਿੱਚ ਪਕੜੀ ਸੀ । ਆਹ ਨਿੱਤ ਤੁਸੀਂ ਮੈਨੂੰ ਵੇਹਨੇ ਆਂ, ਕਿੰਨੀਆਂ ਸਟੇਨਗੰਨਾਂ ਮੇਰੇ ਕੋਲੇ ਵੇਖੀਆਂ ? ਮਸਲਾ ਕੀ ਆ ਕਿ ਕਿਸੇ ਤਰੀਕੇ ਨਾਲ ਉਸ ਅਸਲੇ ਨੂੰ ਭਿੰਡਰਾਂਵਾਲੇ ਦੇ ਨੇੜੇ ਪਹੁੰਚਾਇਆ ਜਾਵੇ ? ਮੇਰੇ ਮਨ 'ਤੇ ਘਬਰਾਹਟ ਕੋਈ ਨਹੀਂ । ਇਸ ਗੱਲ ਦੀ ਚਿੰਤਾ ਕੋਈ ਨਹੀਂ, ਜੋ ਬਣਾਉਣਾ ਬਣਾਉਣ, ਪਰ ਸਬੂਤ ਦਿੱਤੇ ਤੋਂ ਪਤਾ ਲੱਗਣਾ ਭਈ ਉਹ ਭਾਅ ਕੀ ਵਿਕਣਾ ?

ਝੂਠੇ ਅਖ਼ਬਾਰੀ ਪ੍ਰਾਪੇਗੰਡੇ ਤੋਂ ਸੁਚੇਤ ਰਹਿਣ ਦੀ ਅਪੀਲ

ਸੋ ਖ਼ਾਲਸਾ ਜੀ ਚੜ੍ਹਦੀ ਕਲਾ ਵਿੱਚ ਰਹਿਣਾ ਤੇ ਜੋ ਖਬਰਾਂ ਆਉਂਦੀਆਂ, ਇਹ ਜੀ ਲੜ ਪਏ । ਇਹ ਜੀ ਸ਼ਾਂਤਮਈ ਆ, ਆਹ ਗਰਮ ਮੋਰਚੇ ਵਾਲੇ ਆ । ਅੱਜ ਵੀ ਮੇਰੇ ਕੋਲੇ ਇੱਕ ਪ੍ਰੇਮੀ ਆਇਆ ਸੀ, ਬੜਾ ਵੱਡਾ ਅਖ਼ਬਾਰ ਵਾਲਾ, ਸੰਤਾਂ ਦੀ ਇੰਟਰਵਿਊ ਲੈ ਕੇ ਗਿਆ । ਮੈਨੂੰ ਕਹਿੰਦਾ ਜੀ ਚੌਹਾਂ ਕੁ ਨੂੰ ਨਰਮ-ਦਲੀਏ ਕਹਿੰਦੇ ਆ ਤੇ ਤੁਹਾਨੂੰ ਗਰਮ ਦਲੀਏ ਕਹਿੰਦੇ ਆ, ਚੌਹਾਂ ਪੰਜਾਂ ਨੂੰ । ਨਰਮ-ਦਲੀਆਂ ਦੀਆਂ ਮੰਗਾਂ ਹੋਰ ਆ ਤੇ ਗਰਮ-ਦਲੀਆਂ ਦੀਆਂ ਹੋਰ ਆ । ਮੈਂ ਕਿਹਾ ਤੂੰ ਕੀ ਚਹੁੰਨਾ ? ਕਹਿੰਦਾ ਜੀ ਜੇ ਨਰਮ-ਦਲੀਆਂ ਦੀਆਂ ਮੰਗਾਂ ਮੰਨੀਆਂ ਜਾਣ, ਫਿਰ ਤੁਹਾਡਾ ਕੀ ਖਿਆਲ ਆ ? ਮੈਂ ਕਿਹਾ ਚਲੋ ਨਰਮ-ਦਲੀਆਂ ਦੀਆਂ ਮੰਗਾ ਜਿਹੜੀਆਂ ਉਹ ਲਿਖ ਕੇ ਐਲਾਨ ਤਾਂ ਕਰ ਦਿਉ, ਉਹੀ ਮੰਨ ਲਉ । ਅਖੇ ਜੀ ਤੁਹਾਡਾ ਖਿਆਲ ਕੀ ਆ ? ਮੈਂ ਆਖਿਆ ਤੇਰੇ ਹੱਥ 'ਚ ਕੀ ਆ ? ਤੇਰੇ ਹੱਥ 'ਚ ਕਲਮ ਤੇ ਕਾਗਜ਼ ਕਾਲਾ ਕਰਨਾ, ਰੋਟੀ ਕਮਾਉਣੀ ਆਂ ਨਾ ਕਿ ਫੈਸਲਾ ਤੇਰੇ ਹੱਥ ਵਿੱਚ ? ਕਹਿੰਦਾ ਜੀ ਫੈਸਲਾ ਤੇ ਬੀਬੀ ਦੇ ਹੱਥ ਵਿੱਚ ਆ । ਮੈਂ ਕਿਹਾ ਫਿਰ ਬੀਬੀ ਜਦੋਂ ਪੁੱਛ ਲਉ ਠੰਡਿਆਂ ਤੇ ਗਰਮਾਂ ਬਾਰੇ ਦੱਸ ਦਿਆਂਗੇ,

ਤੈਨੂੰ ਕੀ ਲੋੜ ਆ ? ਭਾਵ ਕਿ ਨਸਤਰਾਂ ਲਾ ਲਾ ਵੇਂਦੇ ਆ ਕਿ ਕਿਤੇ ਖ਼ੂਨ ਦੀ ਬੂੰਦ ਹੈਗੀ ਕਿ ਪਾਣੀ ਬਣ ਗਿਆ ਸਾਰਾ । ਇਹਨਾਂ ਚੀਜ਼ਾਂ ਵੱਲ ਧਿਆਨ ਦੇਣਾ । ਕੋਈ ਅਖ਼ਬਾਰ ਵਿੱਚ ਕਿਹੋ ਜਿਹੀ ਖ਼ਬਰ ਦੇਈ ਜਾਂਦਾ.....। ਇਹ ਲੜ ਪਏ, ਇਹ ਝਗੜ ਪਏ, ਹੁਣ ਇੱਕ ਦੂਜੇ 'ਤੇ ਇਸ ਤਰ੍ਹਾਂ ਕਰਨਗੇ (ਇਹਦੀ) ਰਤੀ ਮਾਤਰ ਚਿੰਤਾ ਨਾ ਕਰੋ । ਜਦੋਂ ਤੱਕ ਸੈਂਟਰ ਦੀਆਂ ਲਕੀਰਾਂ ਨਹੀਂ ਨਿਕਲਦੀਆਂ ਨਾ, ਨੱਕ ਚੰਗੀ ਤਰ੍ਹਾਂ ਨਹੀਂ ਰਗੜਦੇ, ਇਹ ਮੋਰਚਾ ਤਦੋਂ ਤੱਕ ਬੰਦ ਨਹੀਂ ਹੋਣਾ । ਇਹ ਪੂਰਨ ਨਿਸਚਾ ਰੱਖਿਉ । ਮੈਂ ਆਪਣੇ ਵੱਲੋਂ ਜਾਣ ਵਾਲੇ ਜਥੇ ਨੂੰ ਵਧਾਈ ਪੇਸ਼ ਕਰਦਾਂ । ਬੋਲਦਿਆਂ ਕੋਈ ਗ਼ਲਤੀ ਹੋ ਗਈ ਹੋਵੇ ਤਾਂ ਮੁਆਫ ਕਰਨਾ ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੧੧.

(ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ, ੧੧-੦੫-੧੯੮੩)

ਹੁਣ ਬੇਨਤੀ ਹੈ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਨੂੰ ਕਿ ਉਹ ਸੰਗਤ ਦੇ ਸਨਮੁਖ ਆਪਣੇ ਵਿਚਾਰ ਰੱਖਣ, ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ,

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥
ਸ਼੍ਰੋਮਣੀ ਅਕਾਲੀ ਦਲ ॥ ਜ਼ਿੰਦਾਬਾਦ ॥
ਸ਼੍ਰੋਮਣੀ ਅਕਾਲੀ ਦਲ ॥ ਜ਼ਿੰਦਾਬਾਦ ॥

ਸਤਿਗੁਰੂ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ ਜੀ ਦੀ ਸਾਜ਼ੀ ਨਿਵਾਜ਼ੀ, ਗੁਰੂ ਰੂਪ ਗੁਰੂ ਖ਼ਾਲਸਾ ਸਾਧ ਸੰਗਤ ਜੀਉ, ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਮਰਜੀਵੜਿਆਂ ਦੀ ਭਰਤੀ

ਗੁਰੂ ਪਿਆਰੇ ਖ਼ਾਲਸਾ ਜੀ, ਆਪ ਜੀ ਨੇ ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸੱਚੇ ਪਾਤਿਸ਼ਾਹ ਜੀ ਦੇ ਪਵਿੱਤਰ ਅਸਥਾਨ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਇਕੱਤਰ ਹੋ ਕੇ ਬੁਲਾਰਿਆਂ ਦੇ ਵਿਚਾਰ ਸੁਣੇ ਹਨ, ਵਡਭਾਗੀ ਬਣੇ ਹੋ । ਖ਼ਾਲਸਾ ਜੀ ਵਰਤਮਾਨ ਸਰਕਾਰ ਨੇ ਸਿੱਖ ਧਰਮ ਨੂੰ ਖਤਮ ਕਰਨ ਵਾਸਤੇ, ਹਰ ਪਾਸੇ ਤੋਂ ਹਰ ਤਰੀਕੇ ਨਾਲ ਕੋਝੀਆਂ ਹਰਕਤਾਂ ਅਰੰਭ ਕੀਤੀਆਂ ਹੋਈਆਂ ਹਨ । ਉਹਨਾਂ ਨੂੰ ਸਿਕੱਸ਼ਤ ਦੇਣ ਵਾਸਤੇ, ਸਮੁੱਚੇ ਪੰਥ ਨੇ ਇੱਕ ਥਾਂ ਇਕੱਤਰ ਹੋ ਕੇ, ਮਰਜੀਵੜਿਆਂ ਦੀ ਭਰਤੀ ਅਰੰਭ ਕੀਤੀ ਹੈ । ਉਸ ਭਰਤੀ ਦੇ ਵਿੱਚ ਹੁਣੇ ਹੁਣੇ ਦਾਸ ਆਉਂਦਾ ਸੁਣ ਰਿਹਾ ਸੀ ਕਿ ੭੦ ਹਜ਼ਾਰ ਦੇ ਲਗਭਗ ਗਿਣਤੀ ਹੋ ਚੁੱਕੀ ਹੈ ਅਤੇ ਅੱਜ ਜੋ ਗਿਣਤੀ ਦੱਸੀ ਜਾਵੇਗੀ, ਸਤਿਗੁਰੂ ਜੀ ਦੀ ਬਖਸ਼ਸ਼ ਨਾਲ ਉਮੀਦ ਹੈ ਕਿ ਉਹ ੧ ਲੱਖ ਪੂਰਾ ਹੋ ਜਾਵੇਗਾ । ਇਹ ਲੱਖ ਦੀ ਭਰਤੀ ਕਿਸ ਵਾਸਤੇ ਆਪਾਂ ਕੀਤੀ ਆ ? ਕੀ ਇਹ ਲੱਖ ਦੀ ਭਰਤੀ ਕਰਕੇ ਕੋਈ ਟਿਕਟਾਂ ਵੰਡਣੀਆਂ ਹਨ ਜਾਂ ਕਿਸੇ ਥਾਂ ਦੇ ਉੱਪਰ ਕੋਈ ਕਿਸੇ ਨੂੰ ਸੌਦਾ ਖਰੀਦਣ ਵਾਸਤੇ ਉਪਦੇਸ਼ ਦੇਣਾ ? ਇਸ ਵਾਸਤੇ ਨਹੀਂ । ਆਪਾਂ ਅੱਜ ਜਿਤਨੇ ਹੀ ਗੁਰ ਸਿੱਖ ਮਾਈ ਭਾਈ ਇਥੇ ਇਕੱਤਰ ਹੋਏ ਹਾਂ, ਸਾਰਿਆਂ ਨੇ ਇਹ ਪ੍ਰਣ ਕਰਨਾ ਹੈ ਕਿ ਅਸੀਂ ਗ਼ੁਲਾਮ ਰਹਿ ਕੇ ਆਪਣੀ ਜ਼ਿੰਦਗੀ ਦੇ ਦਿਨ ਬਤੀਤ ਕਰਨੇ ਹਨ ਕਿ ਜਾਂ ਗ਼ੁਲਾਮੀ ਗਲੋਂ ਲਾਹ ਕੇ ਸੁਤੰਤਰ ਹੋ ਕੇ ਜਿਉਣਾ ਹੈ ? ਇਸ ਵਾਸਤੇ ਆਪਾਂ ਇਥੇ ਇਕੱਤਰ ਹੋਏ ਹਾਂ । ਕਈ ਗੁਰਮੁਖ ਅਖ਼ਬਾਰਾਂ ਵਾਲੇ ਮਿਲਦੇ ਆ ।

ਅੱਜ ਵੀ ਇੱਕ ਪ੍ਰੇਮੀ ਮਿਲਿਆ ਸੀ ਹੁਣੇ ਹੁਣੇ, ਕਹਿਣ ਲੱਗਾ ਸੰਤ ਜੀ, ਜਿਹੜੀ ਆਹ ਲੱਖ ਦੀ ਭਰਤੀ ਅੱਜ ਹੋ ਗਈ ਆ, ਇਦੋਂ ਅੱਗੇ ਤੁਹਾਡਾ ਪ੍ਰੋਗਰਾਮ ਕੀ ਆ ? ਮੈਂ ਕਿਹਾ ਭਾਈ ਇਹ ਡਿਕਟੇਟਨ ਸਾਹਿਬ ਹੀ ਦੱਸਣਗੇ । ਥਾਂ ਥਾਂ 'ਤੇ ਆਪੇ ਆਪਣੀ ਮਰਜ਼ੀ ਨਾਲ ਬਿਆਨ ਦੇਣੇ, ਇਹ ਸਾਰਿਆਂ ਨੂੰ ਸੋਭਦੇ ਨਹੀਂ । ਕਹਿਣ ਲੱਗਾ ਤੁਹਾਡੇ ਦਿਮਾਗ ਵਿੱਚ ਕੀ ਆ ? ਮੈਂ ਕਿਹਾ ਜੋ ਕਲਗੀਧਰ ਜੀ ਨੇ ਪਾਇਆ ਉਹੋ ਹੀ ਹੈ । ਚੁੱਪ ਕਰਕੇ ਮੁੜ ਗਿਆ, ਕਹਿੰਦਾ ਕੁਝ ਦਿੰਦਾ ਨਹੀਂ । ਇਹ ਕੀ ਕਾਰਨ ਆ ? ਇਹਨਾਂ ਲੋਕਾਂ ਦੇ ਪੁੱਛਣ ਦਾ । ਇੱਕੋ ਇੱਕ ਕਾਰਨ ਹੈ ਕਿ ਕਿਹੜਾ ਤਰੀਕਾ ਅਪਣਾਇਆ ਜਾਵੇ, ਜਿਸ ਤਰੀਕੇ ਦੇ ਨਾਲ, ਪੰਥਕ ਏਕਤਾ ਨੂੰ ਖੇਰੋਂ ਖੇਰੋਂ ਕਰਕੇ ਆਪਣੀ ਕੁਰਸੀ ਕਾਇਮ ਕੀਤੀ ਜਾ ਸਕੇ ? ਇਸ ਚੀਜ਼ ਤੋਂ ਆਪਾਂ ਸਾਰਿਆਂ ਨੂੰ ਬਹੁਤ ਸਾਵਧਾਨਤਾ ਨਾਲ ਰਹਿਣ ਦੀ ਲੋੜ ਆ । ਜੋ ਥਾਂ ਥਾਂ 'ਤੇ ਪੁਲਸ ਨੇ ਅੱਤਿਆਚਾਰ ਕੀਤੇ ਆ.....।

ਸਿੱਖ ਕੌਮ ਦੀ ਗ਼ੁਲਾਮੀ ਦੀਆਂ ਉਦਾਹਰਣਾਂ

ਕਈ ਵੀਰ ਪਿੰਡਾਂ ਵਿੱਚੋਂ ਨਵੇਂ ਆਉਂਦੇ ਆ ਤੇ ਪੁੱਛਦੇ ਸੰਤ ਜੀ ਸਾਨੂੰ ਤੇ ਗ਼ੁਲਾਮੀ ਦਾ ਪਤਾ ਨਹੀਂ । ਇਹਦੇ ਸੰਬੰਧ ਵਿੱਚ ਮੈਂ ਕੁਝ ਬੇਨਤੀਆਂ ਕਰਨੀਆਂ ਹਨ ਕਿ ਆਪਾਂ ਗ਼ੁਲਾਮ ਕਿਵੇਂ ਹਾਂ ? ਰਾਮ ਜੇਠ ਮਿਲਾਨੀ ਸੁਪਰੀਮ ਕੋਰਟ ਦਾ ਬੜਾ ਭਾਰੀ, ਵੱਡਾ ਵਕੀਲ ਆ । ਸੁਬਰਾਮਨੀਅਮ ਵੀ ਇੱਕ ਪਾਰਟੀ ਦਾ ਚੌਗਾ ਨੁਮਾਇੰਦਾ । ਉਹਨਾਂ ਨਾਲ ਵੀ ਵਿਚਾਰ ਹੋਈ ਸੀ । ਉਹਨਾਂ ਵੀ ਇਹੀ ਪ੍ਰਸ਼ਨ ਕੀਤੇ ਸਨ ਕਿ ਤੁਸੀਂ ਗ਼ੁਲਾਮ ਕਿਵੇਂ ਹੋ ? ਸਿੱਖ ਵੱਖਰੀ ਕੌਮ ਕਿਵੇਂ ਆਂ ? ਉਹਦੇ ਕੁਝ ਕੁ ਪ੍ਰਸ਼ਨ ਉੱਤਰ ਮੈਂ ਤੁਹਾਡੇ ਚਰਨਾਂ ਵਿੱਚ ਦੱਸਣੇ ਜ਼ਰੂਰੀ ਸਮਝਦਾ ਹਾਂ, ਕਿਉਂਕਿ ਅਖ਼ਬਾਰਾਂ ਵਿੱਚ ਹੂ-ਬਹੂ ਖ਼ਬਰਾਂ ਬਹੁਤੀਆਂ ਨਹੀਂ ਆਉਂਦੀਆਂ । ਜੇ ਆਉਂਦੀ ਆ ਤੇ ਕੋਈ ਇੱਕ ਜਾਂ ਦੋ ਅਖ਼ਬਾਰ ਦਿੰਦੇ ਆ, ਬਾਕੀ ਚੁੱਪ ਵੱਟ ਲੈਂਦੇ ਹਨ ।

ਖ਼ਾਲਸਾ ਜੀ ਪੰਡਿਤਾਂ ਦੇ ਘਰੇ ਜੰਮੀਂ ਬੀਬੀ, ਜਨਤਾ ਦੀਆਂ ਲੈ ਕੇ ਵੋਟਾਂ, ਹਿੰਦੁਸਤਾਨ ਦੀ ਬਣੀ ਪ੍ਰਾਈਮ ਮਨਿਸਟਰ ਬੀਬੀ ਇੰਦਰਾ ਗਾਂਧੀ, ੧੯੭੭ ਵਿੱਚ ਉਹਦੇ ਕੀਤੇ ਕਰਮ ਅਨੁਸਾਰ, ਸੁਪਰੀਮ ਕੋਰਟ ਦਾ ਜੱਜ ਉਸਨੂੰ ਕੁਝ ਦਿਨਾਂ ਦੀ ਸਜ਼ਾ ਦੇ ਦਿੰਦਾ । ਉਸ ਨੂੰ ਭੁਗਤਣ ਵਾਸਤੇ ਤਿਹਾੜ ਜੇਲ੍ਹ ਵਿੱਚ ਚਲੀ ਗਈ । ਕੋਈ ਚਪੇੜ ਨਹੀਂ ਮਾਰੀ ਕਿਸੇ ਨੇ, ਕੋਈ ਜ਼ਖ਼ਮ ਨਹੀਂ ਹੋਇਆ, ਕਿਸੇ ਨੇ ਕੋਈ ਬੇ-ਅਦਬੀ ਦਾ ਅੱਖਰ ਨਹੀਂ ਵਰਤਿਆ । ਜੱਜ ਨੇ ਸਜਾ ਦਿੱਤੀ ਆ, ਪਰ ਉਸ ਦੇ ਸਹਿਯੋਗੀ ਪਾਂਡੇ ਹੁਰਾਂ ਨੇ ਜਹਾਜ ਅਗਵਾਹ ਕਰ ਲਿਆ ਕਿ ਸਾਡੀ ਬੀਬੀ ਨੂੰ ਕੈਦ ਕਿਉਂ ਹੋ ਗਈ ? ਉਹ ਅਗਵਾਹ ਕਰਨ ਤੋਂ ਸਜਾ ਕੀ ਮਿਲੀ ? ਇੱਕ ਨੂੰ ਯੂ. ਪੀ. ਵਿੱਚ, ਇੱਕ ਨੂੰ ਬਿਹਾਰ ਵਿੱਚ ਅਸੈਂਬਲੀ ਦੀ ਟਿਕਟ ਦਿੱਤੀ ਗਈ, ਐਮ. ਐਲ. ਏ. ਬਣਨ ਵਾਸਤੇ । ਦੂਜੇ ਪਾਸੇ ੧੪ ਸਤੰਬਰ ਨੂੰ ਚੰਦੋਕਲਾਂ ਵਿਖੇ, ਜਥੇ ਦੀਆਂ ਦੋ ਥਾਂ, ਉਸ ਵਿੱਚ ਸਾਹਿਬ ਸਤਿਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀਆਂ ਪੋਥੀਆਂ, ਉੱਪਰ ਤੇਲ ਪਾ ਕੇ, ਹਕੂਮਤ ਦੇ ਕਰਮਚਾਰੀਆਂ ਨੇ, ਭੱਟੀ ਵਰਗਿਆਂ ਨੇ, ੨-੪ ਇਹਨਾਂ ਨਾਲ ਹੋਰ ਵੀ ਸੀ ਇਹੋ ਜਿਹੇ, ਪੋਥੀਆਂ ਨੂੰ ਅੱਗ ਲਾ ਦਿੱਤੀ । ਉਸ ਤੋਂ ਪਿੱਛੋਂ ਦਾਸ ਨੇ ੨੦ ਸਤੰਬਰ ਨੂੰ ਮਹਿਤੇ ਵਿਖੇ ਸੰਗਤ ਦੇ ਇਕੱਠ ਵਿੱਚ, ਗੁਰੂ ਦੀ ਹਜ਼ੂਰੀ ਵਿੱਚ ਅਰਦਾਸ ਕਰਕੇ ਗ੍ਰਿਫ਼ਤਾਰੀ ਦਿੱਤੀ । ਸਾਰਾ ਪੰਥ ਉਥੇ ਇਕੱਠਾ ਹੋਇਆ ਸੀ, ਸਿਪਰਦਾਵਾਂ, ਜਥੇਬੰਦੀਆਂ ਵੀ । ਸ਼ਾਂਤੀ ਪੂਰਬਕ, ਗ੍ਰਿਫ਼ਤਾਰੀ ਦੇਣ ਦੇ ਬਾਵਜੂਦ, ਖ਼ਾਲਸਾ ਜੀ ਭੇਖ ਵਜਾਨ ਸਿੰਘ, ਆਹ ਪੱਗਾਂ ਵਾਲੇ ਆਪਣੇ ਭਰਾ ਮੌਤ ਦੇ ਘਾਟ ਉਤਾਰ ਦਿੱਤੇ । ਉਸ ਦੀ ਕਿਤੇ ਵੀ ਜਦੋਂ ਤੁਲਵਾਈ ਹੁੰਦੀ ਕੌਮ ਦੇ ਨੌਜੁਆਨਾਂ ਨੇ ਨਾ ਵੇਖੀ, (ਤਾਂ) ਆਪਣਾ ਹੀਲਾ ਵਰਤਣ ਵਾਸਤੇ, ਸਾਰੀ ਜਨਤਾ

ਦਾ, ਗੌਰਮੈਂਟ ਦਾ ਧਿਆਨ, ਇਸ ਪਾਪ ਵਾਲੇ ਪਾਸੇ ਖਿੱਚਣ ਵਾਸਤੇ ਕਿ ਤੁਸੀਂ ਕੀ ਕਰ ਰਹੇ ਹੋ ? ਜਹਾਜ ਅਗਵਾਹ ਕੀਤਾ ਗਿਆ, ਪਰ ਉਹਨਾਂ ਪੰਜਾਂ ਸਿੰਘਾਂ ਨੂੰ, ਭਾਈ ਗਜਿੰਦਰ ਸਿੰਘ ਹੁਣੀ ਜਿਹੜੇ ਪਾਕਿਸਤਾਨ ਵਿੱਚ ਬੈਠੇ ਆ, ਦੇਸ਼ ਨਿਕਾਲਾ ਦਿੱਤਾ ਗਿਆ ਤੇ ਨਾਲ ਇਹ ਕਿਹਾ ਗਿਆ ਕਿ ਇਹ ਸਾਡੇ ਦੋਸ਼ੀ ਹਨ, ਮੁਜ਼ਰਮ ਹਨ, ਇਹਨਾਂ ਨੂੰ ਸਾਡੇ ਪੇਸ਼ ਕੀਤਾ ਜਾਵੇ, ਅਸੀਂ ਇਹਨਾਂ ਨੂੰ ਮੌਤ ਦੀ ਸ਼ੁਜ਼ਾ ਦੇਣੀ ਆਂ । ਪੰਡਿਤਾਂ ਦੀ ਬੀਬੀ ਵਾਸਤੇ ਜਹਾਜ ਅਗਵਾਹ ਹੋ ਜਾਵੇ ਤਾਂ ਕੁਰਸੀ, ਸਿੱਖਾਂ ਦੇ ਇਸਟ ਵਾਸਤੇ ਜਹਾਜ ਅਗਵਾਹ ਹੋ ਜਾਵੇ ਤਾਂ ਦੇਸ਼ ਨਿਕਾਲਾ । ਇੱਕ ਲੜਕੀ ਵਾਸਤੇ ਜਹਾਜ ਅਗਵਾਹ ਹੋ ਜਾਵੇ ਤਾਂ ਅਸੈਂਬਲੀ ਵਿੱਚ ਰਿਹਾਇਸ਼ੀ ਕਮਰਾ, ਸਿੱਖਾਂ ਦੇ ਇਸਟ ਵਾਸਤੇ ੪ ਅਗਸਤ ਨੂੰ, ਗੁਰਬਖਸ਼ ਸਿੰਘ ਜਹਾਜ ਅਗਵਾਹ ਕਰ ਲਵੇ ਤਾਂ ਲੱਤ ਵਿੱਚ ਟੀਕਾ ਲਾ ਕੇ ਲੱਤ ਗਾਲ਼ੀ ਜਾਂਦੀ ਆ । ਇਸ ਵੇਲੇ ਕੈਦ (ਹਵਾਲਾਤ 'ਚ) ਭੁਗਤਦਾ, ਅੱਜ ਉਹਦੀ ਤਰੀਕ ਵੀ ਸੀ ਇਥੇ । ਪੰਡਿਤਾਂ ਦੀ ਬੀਬੀ ਵਾਸਤੇ ਜਹਾਜ ਅਗਵਾਹ ਹੋ ਜਾਵੇ ਤਾਂ ਦੇਸ਼ ਭਗਤੀ ਪਰ ਜੇ ਸਿੱਖ ਆਪਣੇ ਇਸ਼ਟ ਵਾਸਤੇ, ਰੋਸ ਮੁਜ਼ਾਹਰਾ ਕਰਨ ਵਾਸਤੇ, ਜਹਾਜ ਅਗਵਾਹ ਕਰ ਲਵੇ, ਤਾਂ ੨੦ ਅਗਸਤ ਨੂੰ ਮਨਜੀਤ ਸਿੰਘ ਉਰਫ ਮਸੀਬਤ ਸਿੰਘ ਨੂੰ ਰਾਜਾਸਾਂਸੀ ਅੱਡੇ 'ਤੇ ਗੋਲੀ ਮਾਰ ਕੇ ਮੌਤ ਦੇ ਘਾਟ ਉਤਾਰਿਆ ਜਾਂਦਾ । ਇਹ ਗ਼ੁਲਾਮੀ ਦੀ ਪ੍ਰਤੱਖ ਨਿਸ਼ਾਨੀ ਆਂ । ਨਾ ਤਾਂ ਪਾਂਡੇ ਹੁਣਾਂ ਨੇ ਜਹਾਜ ਦਾ ਕੁਝ ਵਿਗਾੜਿਆ ਸੀ, ਨਾ ਕਿਸੇ ਸਵਾਰੀ ਨੂੰ ਦੁੱਖ ਦਿੱਤਾ ਅਤੇ ਨਾ ਹੀ ਆਪਣੇ ਤਿੰਨ ਟਾਈਮ 'ਤੇ ਜਹਾਜ ਅਗਵਾਹ ਕਰਨ ਵਾਲੇ ਸਿੱਖਾਂ ਵਿੱਚੋਂ, ਕਿਸੇ ਨੇ ਸੁਆਰੀ ਤੇ ਵਾਰ ਕੀਤਾ ਤੇ ਨਾ ਜਹਾਜ ਦਾ ਕੋਈ ਨੁਕਸਾਨ ਕੀਤਾ, ਪਰ ਵਿਧਾਨ ਕੀ ਆ ? ਪੱਗ ਵਾਲੇ ਵਾਸਤੇ ਗੋਲੀ, ਪੱਗ ਵਾਲੇ ਵਾਸਤੇ ਜ਼ਹਿਰੀਲਾ ਟੀਕਾ, ਪੱਗ ਵਾਲੇ ਵਾਸਤੇ ਦੇਸ਼ ਨਿਕਾਲਾ, ਪਰ ਜੇ ਹਰੇ ਕ੍ਰਿਸ਼ਨ ਹਰੇ ਕ੍ਰਿਸ਼ਨ, ਹਰੇ ਰਾਮ ਰਾਮ (ਅਗਵਾਹ) ਕਰ ਲਵੇ ਤੇ ਉਹਦੇ ਵਾਸਤੇ ਕੁਰਸੀ । ਇਹ ਗ਼ੁਲਾਮੀਂ ਦੀ ਨਿਸ਼ਾਨੀ ਆਂ ਖ਼ਾਲਸਾ ਜੀ ।

ਆਹ ਥੋੜੇ ਦਿਨ ਹੋਏ ਆ, ਸੰਤ ਜੀ ਸਟੇਜ 'ਤੇ ਬੋਲੇ ਸੀ.....। ਉਹ ਸਿੰਘ ਉਥੇ ਗਏ ਸੀ ਤੇ ਮੈਂ ਤਾਂ ਉਦੋਂ ਢਿੱਲਾ ਸੀ ਜਾ ਨਹੀਂ ਸਕਿਆ । ਨਾਹਰ ਸਿੰਘ ਨਾਂਅ ਵਾਂ ਸਿੰਘ ਦਾ, ਨਾਹਰ ਸਿੰਘ । ਜੱਟਾਂਵਾਲੀ ਉਰਫ ਰਾਮ ਨਗਰ ਪਿੰਡ ਦਾ ਨਾਉਂ ਆਂ । ਜਿਲ੍ਹਾ ਫਿਰੋਜ਼ਪੁਰ ਵਿੱਚ, ਫਾਜ਼ਿਲਕਾ ਤਹਿਸੀਲ ਵਿੱਚ । ਉਥੋਂ ਦੇ ਬਿੱਛੂ ਰੂਮ.....ਨਾਂਅ ਈ ਨਵਾਂ ਈ ਸੁਣਿਆ, ਤੁਸੀਂ ਵੀ ਨਵਾਂ ਈ ਸੁਣਿਆਂ ਹੋਵੇਗਾ ਇਹ । ਬਿੱਛੂ ਰਾਮ ਥਾਨੇਦਾਰ ਨੇ, ਉਸ ਅੰਮ੍ਰਿਤਧਾਰੀ ਸਿੰਘ ਨੂੰ ਪਕੜਿਆ । ਉਹਨੇ ਕਿਹੜਾ ਪਾਪ ਕੀਤਾ ਸੀ ? ਜਿਹੜਾ ਆਪਾਂ ਸਾਰਿਆਂ ਨੇ ਕੀਤਾ, ਲੌਂਗੋਵਾਲ ਨੇ ਵੀ ਕੀਤਾ, ਜਰਨੈਲ ਸਿੰਘ ਨੇ ਵੀ ਕੀਤਾ, ਆਹ ਸਟੇਜ ਸੈਕਟਰੀਆਂ ਨੇ ਵੀ ਕੀਤਾ । ਉਹ ਪਾਪ ਕੀ ਸੀ ? ਰਾਹ ਰੋਕੂ ਮੋਰਚਾ । ਉਸ ਪਾਪ ਦਾ ਉਹ ਵੀ ਭਾਗੀ ਬਣਿਆ, ਉਹਨੇ ਹਿੱਸਾ ਪਾਇਆ, ਪ ਆਪਣੀਆਂ ਬੱਚੀਆਂ ਤੇ ਘਰਵਾਲੀ ਤੇ ਆਪਣੇ ਸਮੇਤ ਸੱਤਾਂ ਜੀਆਂ ਦੇ । ਖ਼ਾਲਸਾ ਜੀ ਉਹਨੇ ਰਾਹ ਰੋਕਿਆ, ਢਾਈ ਘੰਟੇ ਇਕੱਲੇ ਨੇ, ਕੋਈ ਬੰਦਾ ਨਾਲ ਨਹੀਂ । ਉਹਨੂੰ ਪਕੜ ਕੇ ਲੈ ਗਏ ਥਾਨੇ ਵਿੱਚ, ਉਹਨੂੰ ਪੁੱਛਿਆ ਗਿਆ ਭਈ ਤੂੰ ਅੰਮ੍ਰਿਤ ਕਿੱਥੋਂ ਛਕਿਆ ? ਮੈਂ ਅੱਗੇ ਵੀ ਕਈ ਵੇਰਾਂ ਬੇਨਤੀ ਕੀਤੀ ਆ, ਭਈ ਜਦੋਂ ਕੋਈ (ਅੰਮ੍ਰਿਤ ਬਾਰੇ) ਪੁੱਛਦਾ ਬੰਦਿਆਂ ਦੇ ਨਾਂਅ ਨਾ ਲਿਆ ਕਰੋ, ਕਹਿ ਦਿਆ ਕਰੋ ਪੰਜਾਂ ਪਿਆਰਿਆਂ ਤੋਂ ਛਕਿਆ, ਪਰ ਕਈਆਂ ਨੂੰ ਸੁਝਾਅ ਪਿਆ, ਮੈਂ ਜੀ ਅਕਾਲੀਆਂ ਤੋਂ ਛਕਿਆ, ਮੈਂ ਜੀ ਭਿੰਡਰਾਂਵਾਲਿਆਂ ਤੋਂ, ਪਤਾ ਨਹੀਂ ਇਹਨਾਂ ਨੂੰ ਵੱਖਰੇ ਵੱਖਰੇ ਕਿਉਂ ਸਮਝਣ ਲੱਗ ਗਏ ਆਂ ? ਕੋਈ ਕਹਿੰਦਾ ਮੈਂ ਕਲੇਰਾਂ ਵਾਲਿਆਂ ਤੋਂ ਛਕਿਆ, ਕੋਈ ਕਿਸੇ ਤੋਂ । ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕਦਾ, ਕੋਈ ਕਿਸੇ ਮਨੁੱਖ ਤੋਂ ਅੰਮ੍ਰਿਤ ਨਹੀਂ ਛਕਦਾ । ਜੇ ਕਿਸੇ ਮਨੁੱਖ ਤੋਂ ਛਕਦਾ ਉਹ ਅੰਮ੍ਰਿਤ

ਨਹੀਂ। ਖ਼ਾਲਸਾ ਜੀ ਜਦੋਂ ਉਹਨੇ ਨਾਂਅ ਲਿਆ ਜਥੇ ਦਾ, ਉਹਦੀ ਫੜ ਕੇ ਦਾਹੜੀ ਮੁੰਨ ਦਿੱਤੀ ਅੰਮ੍ਰਿਤਧਾਰੀ ਸਿੰਘ ਦੀ। ਦਾਹੜੀ ਮੁੰਨ ਕੇ ਇਥੇ ਅੰਮ੍ਰਿਤਸਰ ਭੇਜ ਦਿੱਤਾ ਤੇ ਨਾਲ ਇਹ ਕਹਿ ਕੇ ਭੇਜਿਆ ਕਿ ਜਾਹ ਜਾ ਕੇ ਭਿੰਡਰਾਂਵਾਲੇ ਨੂੰ ਕਹਿ ਦੇਹ, ਜਿਹੜਾ ਜ਼ੋਰ ਲੱਗਦਾ ਲਾ ਲਏ, (ਮੈਂ ਦਾਹੜੀ) ਮੁੰਨੀ ਆਂ। ਉਹਨੇ ਮੈਨੂੰ ਦੱਸ ਦਿੱਤਾ, ਗੱਲ ਸਟੇਜ 'ਤੇ ਚਲੀ ਗਈ। ਜੇ ਸਟੇਜ ਉੱਪਰੋਂ ਕਿਸੇ ਦਾ ਨਾਂਅ ਲੈ ਕੇ ਮੈਂ ਬੋਲ ਦੇਵਾਂ, ਮੁੜਕੇ ਕਹਿੰਦੇ ਜੀ ਭਿੰਡਰਾਂਵਾਲੇ ਨੇ ਨਾਂਅ ਲੈ ਦਿੱਤਾ ਫਲਾਣੇ ਫਲਾਣੇ ਦਾ, ਉਹ ਲਿਸਟ ਵਿੱਚ ਆ ਗਏ। ਉਦੋਂ ਚਰਚਾ ਬੜੀ ਚਲਦੀ ਆ। ਇਹ ਗ਼ੁਲਾਮੀ ਦੀ ਨਿਸ਼ਾਨੀ ਆ ਕਿ ਸਿੱਖ ਰਾਹ ਨਹੀਂ ਰੋਕ ਸਕਦਾ, ਸ਼ਾਂਤਮਈ ਢੰਗ ਨਾਲ ਵੀ, ਬਾਣੀ ਪੜ੍ਹਦਾ ਹੋਇਆ।

ਹਿੰਦੂ ਸਿੱਖ ਏਕਤਾ ਦਾ ਨਾਹਰਾ ਕੁਲ ਸਿੱਖ ਲਾਉਂਦਾ। ਲੀਡਰ ਵੀ ਲਾਉਂਦੇ ਆ, ਆਪਾਂ ਵੀ ਸਾਰੇ ਲਾਈ ਜਾਨੇ ਆਂ। ਇਥੇ ਸੰਮੇਲਨ ਹੋਇਆ ਹਿੰਦੂ ਭਾਈਆਂ ਦਾ, ਉਹਦੇ ਵਿੱਚ ਨਾਹਰੇ ਲੱਗੇ ਕਿ ਹਿੰਦੂ ਹਿੰਦੂ ਭਾਈ ਭਾਈ, ਸਿੱਖ ਦਾ ਕੋਈ ਨਾਂਅ ਨਹੀਂ। ਪਿੱਛੇ ਜਿਹੇ ਕੁਝ ਸਮਾਂ ਹੋਇਆ, ਇਥੇ ਨਾਹਰੇ ਲੱਗੇ ਸੀ।

'ਕੱਛ ਕੱੜਾ ਕ੍ਰਿਪਾਨ ॥
ਇਹਨੂੰ ਭੇਜੋ ਪਾਕਿਸਤਾਨ ॥'

.....

'ਦੁੱਕੀ ਤਿੱਕੀ ਖਹਿਣ ਨਹੀਂ ਦੇਣੀ ॥
ਸਿਰ ਤੇ ਪਗੜੀ ਰਹਿਣ ਨਹੀਂ ਦੇਣੀ ॥'

ਹਿੰਦੂ ਇਹ ਨਾਹਰਾ ਲਾ ਦੇਵੇ ਤੇ ਦੇਸ਼ ਭਗਤੀ ਆ ਤੇ ਸਿੱਖ ਦਾ ਪੁੱਤ ਸਟੇਜ 'ਤੇ ਖੜੋ ਕੇ ਕਹਿ ਦੇਵੇ ਕਿ ਅਸੀਂ ਆਪਣੇ ਭਰਾਵਾਂ ਦਾ ਹੱਕ ਲੈਣਾ (ਤਾਂ) ਉਹ ਦੋਸ਼ੀ ਆ। ਇਹ ਗ਼ੁਲਾਮੀ ਦੀ ਨਿਸ਼ਾਨੀ ਆਂ।

ਚਾਰ ਸਿੰਘ ਅੱਜ ਆਏ ਆ। ਮੇਰਾ ਖਿਆਲ ਸੀ ਉਹ ਸਿੰਘ ਮਿਲ ਪਏ ਤੇ ਮੈਂ ਸਟੇਜ ਤੇ ਬੈਠਾਵਾਂਗਾ, ਪਰ ਉਹ ਮੈਨੂੰ ਮਿਲ ਨਹੀਂ ਸਕਿਆ ਇਕੱਠ ਦੇ ਕਾਰਨ। ਮੋਗੇ ਤੋਂ ਚਾਰ ਸਿੰਘ ਰਿਹਾਅ ਹੋਏ ਆ, ਕਤਲ ਦੇ ਕੇਸ ਵਿੱਚੋਂ, ਝੂਠਾ ਬਣਾਇਆ ਸੀ ਤੇ ਬਾਕੀ ਕੇਸਾਂ ਵਿੱਚੋਂ ਉਹਨਾਂ ਦੀ ਜਮਾਨਤ ਹੋ ਗਈ ਆ, ਅੱਜ ਇਥੇ ਉਹ ਆਏ ਵੀ ਆ। ਮੈਂ ਬੇਨਤੀ ਕਰਾਂਗਾ, ਜੇ ਕਿਤੇ ਉਹ ਅਵਾਜ਼ ਸੁਣਦਾ ਹੋਏ ਜਗੀਰ ਸਿੰਘ, ਚੁੱਪਕੀਤੀ ਵਾਲਾ ਤਾਂ ਦਿਵਾਨ ਦੀ ਸਮਾਪਤੀ ਤੱਕ ਵੀ ਇਥੇ ਪਹੁੰਚ ਜਾਵੇ ਤੇ ਸੰਗਤ ਦੇ ਦਰਸ਼ਨ ਕਰ ਸਕੇ ਉਹ। ਅੰਮ੍ਰਿਤਧਾਰੀ ਗਰੰਥੀ ਸਿੰਘ, ਮੋਗੇ ਦੇ ਇਲਾਕੇ 'ਚ ਆ, ਚੁੱਪਕੀਤੀ ਪਿੰਡ ਦਾ ਨਾਉਂ ਆਂ। ਉਹਨੂੰ ਪਕੜ ਲਿਆ ਉਹਦੇ ਕੋਲੋਂ ਕੁਝ ਵੀ ਬਰਾਮਦ ਨਹੀਂ ਹੋਇਆ ਤੇ ਖ਼ਾਲਸਾ ਜੀ ਗੁਰਦੁਆਰੇ ਦਾ ਗਰੰਥੀ ਆ, ਉਹਨੂੰ ਢਾਹ ਕੇ, ਉਹਦੀ ਛਾਤੀ ਉੱਪਰ ਹਿੰਦੂ ਸਿਪਾਹੀ ਨੇ ਬੈਠ ਕੇ ਬੀੜੀਆਂ ਪੀਤੀਆਂ ਤੇ ਉਹਦੇ ਮੂੰਹ 'ਚ ਥੁੱਕਿਆ ਤੇ ਤੰਬਾਕੂ ਭੋਰਿਆ (ਪਰ) ਉਹਨੂੰ ਕੋਈ ਸਜ਼ਾ ਨਹੀਂ।

ਜਗੀਰ ਸਿੰਘ ਨਾਉਂ ਦਾ ਵਿਅਕਤੀ, ਉਹਦਾ ਪੱਟ ਚੀਰ ਕੇ, ਮੋਟੇ ਪੱਟ ਤੋਂ ਬੁਰਕੀ ਮਾਸ ਦੀ ਕੱਢ ਕੇ, ਲੂਣ ਨਾਲ ਭਰਿਆ। ਉਹ ਲੂਣ ਭਰਨ ਵਾਲਿਆਂ 'ਤੇ ਕੋਈ ਐਕਸਨ ਨਹੀਂ।

੩੨ ਮੁੰਡੇ ਕੇਵਲ ਸਿੱਖਾਂ ਦੇ ਪੁਲੀਸ ਵਿੱਚੋਂ ਨੌਕਰੀ ਤੋਂ ਕੱਢੇ ਆ, ਹਿੰਦੂਆਂ ਦਾ ਕੋਈ ਨਹੀਂ ਕੱਢਿਆ।

ਅੱਜ ਫੈਡਰੇਸਨ ਦੇ ਵਿਦਿਆਰਥੀ ਵੀ ਕਾਫੀ, ਹਜ਼ਾਰਾਂ ਦੀ ਗਿਣਤੀ ਦੇ ਹਿਸਾਬ ਨਾਲ ਆਏ ਆ। ਹੋਰ ਵੀ ਗੁਰਮੁਖ ਪਿਆਰੇ....., ਗੁਰੂ ਕੀ ਸੰਗਤ ਦੇ ਰੂਪ ਵਿੱਚ ਆਪਾਂ ਇਕੱਤਰ ਹੋਏ ਆਂ। ਆਹ

ਹਰਿਮੰਦਰ ਸਿੰਘ ਸੰਧੂ ਨੂੰ, ਇਹਨੂੰ ਵੀ ਪੁੱਠਾ ਲਟਕਾਇਆ ਸੀ ਤੇ ਨਜ਼ਰਬੰਦ ਕੀਤਾ ਸੀ । ਬੂਆ ਸਿੰਘ ਤੇ ਉਹਦੇ ਨਾਲ ਦੇ ਸਾਥੀਆਂ ਨੂੰ, ਉਹਨਾਂ ਨੂੰ ਇੱਕ ਇੱਕ ਸਾਲ ਵਾਸਤੇ ਨਜ਼ਰਬੰਦ ਕੀਤਾ । ੨੦ ਤਰੀਕ ਨੂੰ ਉਹਨਾਂ ਨੇ ਬਰੀ ਹੋਣਾ ਸੀ ਤੇ ਖ਼ਾਲਸਾ ਜੀ ੧੯ ਤਰੀਕ ਨੂੰ, ਜੇਲ੍ਹ ਵਿੱਚੋਂ ਕੱਢ ਕੇ, ਥਾਨੇ ਲਿਜਾ ਕੇ ਫਿਰ ਕੇਸ ਪਾ ਦਿੱਤਾ । ਕਹਿੰਦੇ ਤੁਸੀਂ ਅੰਦਰ ਬੈਠਿਆਂ ਨੇ ਇਹ ਘਾੜਤ ਘੜੀ ਆ ਕਿ ਜਦੋਂ ਅਸੀਂ ਬਾਹਰ ਨਿਕਲੇ ਤੇ ਫਲਾਣਾ ਕੰਮ ਕਰਾਂਗੇ । ਗਵਾਹੀ ਕੋਈ ਨਹੀਂ ਦਿੰਦਾ, ਸਬੂਤ ਕੋਈ ਨਹੀਂ, ਕੇਵਲ ਸਿਰ ਤੇ ਪੱਗ ਬੱਧੀ ਹੋਣ ਨਾਤੇ, ਇਹ ਗੁਨਾਹ, ਇਹ ਦੋਸ਼ ਆਪਣੇ 'ਤੇ ਖ਼ਾਲਸਾ ਜੀ ਲੱਗ ਰਹੇ ਆ ।

ਕੱਲ ਮੈਂ ਨਾਂਅ ਪੜਿਆ ਸੀ ਦੋ ਵਿਦਿਆਰਥੀਆਂ ਦਾ । ਉਹਨਾਂ ਨੂੰ ਸਾਲ ਵਾਸਤੇ ਦੋਹਾਂ ਨੂੰ ਨਜ਼ਰਬੰਦ ਫਿਰ ਕਰ ਦਿੱਤਾ । ਕਿਉਂ ਕੀਤਾ ਕਿ ਸਿੱਖਾਂ ਦੇ ਪੁੱਤ ਆ ? ਇੰਨੀ ਸੰਗਤ ਬੈਠੀ ਆ, ਇੱਕ ਵੀ ਵਿਅਕਤੀ ਤੁਹਾਡੇ ਵਿੱਚੋਂ ਗੁਰੂ ਕਾ ਪਿਆਰਾ ਉੱਠ ਕੇ ਦੱਸੇ ਕਿ ਪੰਜਾਬ ਵਿੱਚ ਕਿਸੇ ਹਿੰਦੂ ਦੇ ਪੁੱਤ ਨੂੰ ਨਜ਼ਰਬੰਦ ਕੀਤਾ, ਇੱਕ ਵਿਅਕਤੀ ਨੂੰ ਵੀ ?

ਸਿੱਖਾਂ ਦੀ ਲੜਕੀ, ਨੌਜੁਆਨ ਬੀਬੀ, ਉਹਦੇ ਕੱਪੜੇ ਲੁਹਾ ਕੇ ਪੁਲੀਸ ਕਰਮਚਾਰੀਆਂ ਨੇ, ਪਿਤਾ ਨਾਲ ਸਬੰਧ ਕਰਾਇਆ ਜਨਤਾ ਦੇ ਸਾਹਮਣੇ, ਘੱਲ ਖੁਰਦ ਥਾਨੇ ਵਿੱਚ । ਉਸ ਪੁਲੀਸ ਦੇ ਖੋਟੇ ਸੁਭਾਅ ਵਾਲੇ ਕਰਮਚਾਰੀ ਦੇ ਉੱਪਰ ਕੋਈ ਖ਼ਾਲਸਾ ਜੀ ਮੁਕਦਮਾ ਨਹੀਂ, ਕੋਈ ਐਕਸ਼ਨ ਨਹੀਂ । ਕਿਉਂਕਿ ਸਿੱਖਾਂ ਦੀ ਲੜਕੀ ਨਾਲ ਹੋਇਆ ।

ਮੈਂ ਕਿਸੇ ਦੇ ਮਰਨ ਦੇ ਬਹੁਤਾ ਹੱਕ ਵਿੱਚ ਨਹੀਂ, ਨਾ ਮਾਰਨ ਦੇ, ਪਰ ਗੱਲ ਕਹਿਣ ਤੋਂ ਸੰਕੋਚ ਨਹੀਂ ਕਰਾਂਗਾ । ਆਹ ਪ੍ਰੂਟਿਆਲੇ ਪੁਲੀਸ ਦੀ ਗੋਲੀ ਨਾਲ ਕਹਿੰਦੇ ਕੋਈ ਹਿੰਦੂ ਮਰ ਗਿਆ । ਕਿੰਨਾ ਪ੍ਰੈਸ ਪਿੱਟਿਆ ਮਹਾਸ਼ਾ , ਕਹਿੰਦੇ ਜੀ ਹਿੰਦੂ ਮਾਰ ਦਿੱਤਾ, ਬੜਾ ਪਾਪ ਹੋ ਗਿਆ । ਇਸ ਦੇਸ਼ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰ ਦੇਣਾ ਚਾਹੀਦਾ ਤੇ ਜੇ ਸਿੱਖ ਕਹਿੰਦੇ ਆ ਤੇ ਕਹਿੰਦੇ (ਨੇ ਇਹ) ਫਿਰਕਾਪ੍ਰਸਤ ਆ । ਉਹ ਤੁਹਾਡਾ ਇੱਕ ਮਰ ਗਿਆ ਤੇ ਤੁਸੀਂ ਬਾਂ ਬਾਂ ਕਰਨ ਲਗ ਪਏ, ਸਿੱਖਾਂ ਦੇ ੨੦੦ ਮਾਰ ਦਿੱਤੇ ਆ, ਕਿਸੇ ਦੀ ਜ਼ਬਾਨ ਵਿੱਚੋਂ ਗੱਲ ਖੁੱਲੀ ਆ ਕੋਈ ? ਇਹ ਖ਼ਾਲਸਾ ਜੀ ਗ਼ੁਲਾਮੀ ਦੀਆਂ ਨਿਸ਼ਾਨੀਆਂ, ਅੱਤਿਆਚਾਰ ਆ ।

ਸਿੱਖ ਕੌਮ ਨੂੰ ਵੱਖਰੀ ਕੌਮ ਮੰਨਣ ਵਾਸਤੇ ਤਿਆਰ ਨਹੀਂ । ਸੁਬਰਾਮਨੀਅਮ ਤੇ ਰਾਮ ਜੇਠ ਮਿਲਾਨੀ ਨਾਲ ਮੇਰੀ ਗੱਲਬਾਤ ਹੋਈ ਸੀ । ਬੜੇ ਸਿਆਣੇ ਆਪਣੇ ਆਪ ਨੂੰ ਕਹਾਉਂਦੇ ਆ । ਕਹਿੰਦੇ ਜੀ ਵੱਖਰੀ ਕੌਮ ਕਿਵੇਂ ਆਂ ? ਮੈਂ ਆਖਿਆ ਸਿੱਧ ਕਰ ਦੇਈਏ ਫਿਰ ਮੰਨੋਗੇ ? ਕਹਿੰਦੇ ਜੀ ਫਿਰ ਤਾਂ ਸ਼ਾਇਦ.....। ਮੈਂ ਆਖਿਆ ਸਿੱਖ ਕੌਮ ਦੇ ਕੁਝ ਵੱਖਰੇ ਨਿਸ਼ਾਨੇ ਆਂ, ਵੱਖਰੇ ਕਰਨ ਦੇ । ਸਾਡਾ ਇਸ਼ਟ ਲੋਕਾਂ ਨਾਲੋਂ ਵੱਖਰਾ । ੩੦ ਸਪਾਰੇ ਆ ਖ਼ਾਲਸਾ ਜੀ ਕੁਰਾਨ ਦੇ, ੧੮ ਅਧਿਆਏ ਆ ਗੀਤਾ ਦੇ । ਗੀਤਾ ਵਿੱਚ ਕਿਸੇ ਮੁਸਲਮਾਨ ਦੀ ਬਹਿਸ਼ਤ ਪ੍ਰਾਪਤੀ ਵਾਸਤੇ ਨਹੀਂ ਲਿਖਿਆ । ਸੋ ਗੀਤਾ ਦੇ ਵਿੱਚ ਕਿਸੇ ਮੁਸਲਮਾਨ ਦੀ ਕਲਿਆਣ ਵਾਸਤੇ ਨਹੀਂ ਲਿਖਿਆ ਤੇ ਕੁਰਾਨ ਦੇ ੩੦ ਸਪਾਰਿਆਂ ਵਿੱਚ ਕਿਸੇ ਹਿੰਦੂ ਦੀ ਕਲਿਆਣ ਵਾਸਤੇ ਨਹੀਂ ਲਿਖਿਆ, ਪਰ ਜਿਸ ਅਸਥਾਨ 'ਤੇ ਅੱਜ ਆਪਾਂ ਬੈਠੇ ਆਂ । ਜਿਸ ਇਸ਼ਟ ਦੇ ਆਪਾਂ ਉਪਾਸ਼ਕ ਹਾਂ, ਉਹਦੇ ਵਿੱਚ ਕਬੀਰ ਜੁਲਾਹਾ ਜੀ ਵੀ ਬੈਠੇ ਆ । ਚਮਿਆਰਾਂ ਦੇ ਵਿੱਚੋਂ ਭਗਤ ਰਵਿਦਾਸ ਜੀ ਬੈਠੇ ਆ । ਘਮਿਆਰਾਂ ਵਿੱਚੋਂ ਬੇਣੀ ਜੀ ਬੈਠੇ ਆ । ਜੱਟਾਂ ਵਿੱਚੋਂ ਧੰਨਾ ਜੀ ਬੈਠੇ ਆ । ਬ੍ਰਾਹਮਣਾਂ ਵਿੱਚੋਂ ਜੈ ਦੇਵ ਜੀ ਬੈਠੇ ਆ । ਛੀਬਿਆਂ ਵਿੱਚੋਂ ਨਾਮਦੇਵ ਜੀ ਬੈਠੇ ਆ । ਨਾਈਆਂ ਦੇ ਵਿੱਚੋਂ ਸੈਣ ਨਾਈ ਜੀ ਬੈਠੇ ਆ । ਕਿਹਨੂੰ ਥਾਂ ਨਹੀਂ ਮਿਲਿਆ ਇਥੇ ? ਮਸੀਤ ਦੇ ਵਿੱਚ ਹਿੰਦੂ ਨਹੀਂ ਮੱਥਾ ਟੇਕ

ਸਕਦਾ, ਸ਼ਿਵ ਦੁਆਲੇ ਵਿੱਚ ਮੁਸਲਮਾਨ ਨਹੀਂ ਮੱਥਾ ਟੇਕ ਸਕਦਾ, ਪਰ ਇਸ ਦਰਵਾਜ਼ੇ ਤੋਂ ਕਿਸੇ ਨੂੰ ਰੋਕਿਆ ਕਦੇ ? (ਇਹ) ਸਾਡਾ ਵੱਖਰਾਪਨ ਆ ।

ਦੁਨੀਆਂ ਵਿੱਚ ਵਿਚਰੋ, ਮੈਂ ਵੀ ਹਿੰਦੁਸਤਾਨ ਦੇ ਬਾਹਰ ਗਿਆਂ ਕੁਝ ਥਾਵਾਂ 'ਤੇ । ਗਯਾ ਵਿੱਚ ਗਿਆਂ, ੪ ਕਰੋੜ ਰੁਪਇਆ ਬੁੱਧ ਦੇ ਮੰਦਰ 'ਤੇ ਲੱਗਾ, ਪਰ ਜੇ ਉਥੇ ਕਿਸੇ ਨੇ ਪਾਣੀ ਪੀਣਾ ਹੋਵੇ ਤਾਂ ੫੦ ਪੈਸੇ ਫਿੱਕੇ ਗਲਾਸ ਪਾਣੀ ਦੇ ਦੇਣੇ ਪੈਣਗੇ । ਮੁੱਲ ਨੂੰ ਮਿਲੇਗਾ, ਮੁਫ਼ਤ ਨਹੀਂ । ਲੰਗਰ ਦੀ ਪੰਗਤ ਨਾ ਮਸੀਤ ਵਿੱਚ, ਨਾ ਸ਼ਿਵ ਦੁਆਲੇ ਵਿੱਚ ਕਿਤੇ ਮਿਲੇਗੀ, ਨਾ ਗਿਰਜੇ 'ਚ । ਕੇਵਲ ਲੰਗਰ ਦੀ ਪੰਗਤ ਆ ਤੇ ਗੁਰੂ ਰਾਮਦਾਸ ਸਾਹਿਬ, ਗੁਰੂ ਨਾਨਕ ਦੇਵ, ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰ ਵਿੱਚੋਂ ਮਿਲੂ, ਨਹੀਂ ਤੇ ਲੰਗਰ ਕਿਤੇ ਨਹੀਂ ਮਿਲੇਗਾ ਤੁਹਾਨੂੰ ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸੋ ਜੇਠ ਮਿਲਾਨੀ ਕਹਿਣ ਲੱਗਾ, 'ਜੀ ਮੈਂ ਤਾਂ ਹਿੰਦੁਸਤਾਨ ਦੀ ਸਾਰੀ ਗਿਣਤੀ ਨੂੰ ਕੌਮ ਮੰਨਦਾਂ ।' ਮੈਂ ਕਿਹਾ ਠੀਕ ਆ, ਆਪਣੇ ਦੇਸ਼ ਕਿੰਨੇ ਆਂ ? ਕਹਿੰਦਾ ਜੀ ੧੧੭ । ਮੈਂ ਆਖਿਆ (ਫਿਰ) ੧੧੭ ਕੌਮਾਂ ਹੋ ਗਈਆਂ (ਤੇ) ਜੇ ੧੧੮ਵੀਂ ਸਿੱਖ ਕੌਮ ਮੰਨ ਲਉ ਤਾਂ ਕਿਹੜੀ ਬਿਪਤਾ ਪੈ ਜਾਉ ? ਕਹਿੰਦਾ ਜੀ ਅਖੇ ਨਹੀਂ.....। ਮੈਂ ਉਹਨੂੰ ਪੁੱਛਿਆ ਜਿਹੜਾ ਵਿਧਾਨ ਦੀ ੨੫ ਧਾਰਾ ਵਿੱਚ ਇਹ ਲਿਖਿਆ ਹੋਇਆ ਕਿ ਜੈਨੀ ਵੀ ਹਿੰਦੂ, ਬੋਦੀ ਵੀ ਹਿੰਦੂ, ਸਿੱਖ ਵੀ ਹਿੰਦੂ । ਜੇ ਹਿੰਦੁਸਤਾਨ ਦੀ ਸਾਰੀ ਜਨਤਾ ਇੱਕ ਕੌਮ ਆ ਤਾਂ ਇਹਨਾਂ ਤਿੰਨਾਂ ਦਾ ਵਿਸ਼ੇਸ਼ ਨਾਂਅ ਲਿਖਣ ਦੀ ਕੀ ਲੋੜ ਪਈ ਵਿਧਾਨ ਵਿੱਚ ? ਕਹਿੰਦਾ ਜੀ ਜਵਾਬ ਕੋਈ ਨਹੀਂ । ਸੈਂਟਰ ਦਾ ਵਕੀਲ ਸੁਪਰੀਮ ਕੋਰਟ ਦਾ, ੧੨ ਹਜ਼ਾਰ ਰੁਪਿਆ ਇੱਕ ਘੰਟੇ ਦੀ ਬਹਿਸ ਦਾ ਲੈਂਦਾ ਤੇ ਕਹਿੰਦਾ ਜਵਾਬ ਕੋਈ ਨਹੀਂ ਤੇ (ਫਿਰ) ਮੇਰੇ ਕੀ ਵੱਸ ਆ (ਜੇ) ਜਵਾਬ ਨਹੀਂ ਤੇ ? ਤੁਸੀਂ ਦੱਸੋ ਵੱਖਰੀ ਕੌਮ ਹੈ ਜਾਂ ਨਹੀਂ ? ਸੋ ਇਹਨੂੰ ਮੰਨਣ ਤੋਂ ਮੁਨਕਰ ਕਿਉਂ ਆਂ ? ਕਿਉਂਕਿ ਇਹ ਰੜਕ ਨਾਲ ਜਿਊਣ ਵਾਲੀ ਕੌਮ ਆਂ, ਇਹ ਅਣਖ ਨਾਲ ਜਿਊਣ ਵਾਲੀ ਕੌਮ ਆਂ ।

ਉਹਨੂੰ ਮੈਂ ਪੁੱਛਿਆ.....? ਕਹਿੰਦਾ ਜਿਹੜਾ ਧੱਕਾ ਹੋ ਰਿਹਾ ਹਿੰਦੂਆਂ ਨਾਲ ? ਸਿੱਖਾਂ ਵਿੱਚ ਫਿਰਕਾਪ੍ਰਸਤੀ ਕਹਿੰਦਾ ਭਈ ਕਿਉਂ ਹੁੰਦੀ ਆ ? ਮੈਂ ਉਹਨੂੰ ਪੁੱਛਿਆ ਜਿਸ ਵੇਲੇ ਐਮਰਜੈਂਸੀ ਦਾ ਮੋਰਚਾ ਲੱਗਿਆ ਸੀ, ਲੌਂਗੋਵਾਲ ਨੂੰ ਹੱਥਕੜੀ ਲਾਈ ਸੀ ? ਕਹਿੰਦਾ ਨਹੀਂ । ਮੈਂ ਕਿਹਾ ਤਲਵੰਡੀ ਨੂੰ, ਟੌਹੜੇ ਨੂੰ, ਬਾਦਲ ਨੂੰ, ਬਾਕੀ ਲੀਡਰਾਂ ਨੂੰ, ਭਿੰਡਰਾਂਵਾਲੇ ਨੂੰ ? ਕਹਿੰਦਾ ਕਿਸੇ ਨੂੰ ਨਹੀਂ ਲੱਗੀ ਤੇ ਮੈਂ ਕਿਹਾ ਫੜਿਆ ਤੁਹਾਨੂੰ ਕਿਹਨੇ ਸੀ ? ਕਹਿੰਦਾ ਹਿੰਦੂਆਂ ਨੇ । ਮੈਂ ਕਿਹਾ ਕਿਹਨੂੰ ? ਕਹਿੰਦਾ ਹਿੰਦੂਆਂ ਨੂੰ । ਮੈਂ ਕਿਹਾ ਤੇ ਸਾਨੂੰ ਕੀ ਲੋੜ ਪੈ ਗਈ ਇਥੋਂ ਮੋਰਚਾ ਲਾਉਣ ਦੀ ਤਖ਼ਤ ਸਾਹਿਬ ਤੋਂ । ਜੇ ਸਾਡੇ ਵਿੱਚ ਭਰਤਾ ਸੀ, ਸਾਡੇ ਵਿੱਚ ਮਾਨਵਤਾ ਦਾ ਪਿਆਰ ਸੀ, ਸਾਡਾ ਦ੍ਰਿੜ ਨਿਸਚਾ ਸੀ ਕਿ,

'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ ॥'

ਦੇ ਅਸੀਂ ਪ੍ਰਤੀਕ ਸੀ ਤੇ ਤਾਂ ਹੀ ਅਸੀਂ ਇਥੋਂ ਮੋਰਚਾ ਲਾਇਆ । ਤੁਹਾਨੂੰ ਜੇਲ੍ਹਾਂ ਵਿੱਚੋਂ ਕਢਾਇਆ । ਤੁਸੀਂ ਦੱਸੋ ੬੬ ਕਰੋੜ ਵਾਲਿਆਂ ਦੀ ਗਿਣਤੀ ਵਾਲਿਆਂ ਵਿੱਚੋਂ, ਆਪਣੇ ਆਪ ਨੂੰ ਸੁਰੱਖਿਅਤ ਕਰਨ ਵਾਸਤੇ ਜੇਲ੍ਹਾਂ ਵਿੱਚ ਕਿੰਨੇ ਗਏ ਤੇ ਤੁਹਾਨੂੰ ਛਡਾਉਣ ਵਾਸਤੇ ਪੌਣੇ ਦੋ ਕਰੋੜ ਦੀ ਗਿਣਤੀ ਵਿੱਚੋਂ ਕਿੰਨਿਆਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ ? ਕਹਿੰਦਾ ਜੀ ਤੁਹਾਡੀਆਂ ਜ਼ਿਆਦਾ ਸੀ ਤੇ ਮੈਂ ਆਖਿਆ ਅਸੀਂ ਸਮੁੱਚੇ ਤੌਰ 'ਤੇ ਪੰਜਾਬੀਆਂ ਵਾਸਤੇ (ਹੱਕ) ਮੰਗ ਰਹੇ ਹਾਂ, ਮੰਗਾਂ ਨਹੀਂ ਮੰਗ ਰਹੇ, ਹੱਕ ਮੰਗ ਰਹੇ ਆਂ, ਹੱਕ । ਹੱਕ

ਲੈਣੇ ਵੀ ਆ । ਇਹ ਨਹੀਂ ਇਕੱਲਾ ਭਈ ਲੈਣੇ ਨਹੀਂ, ਇਕੱਲੀਆਂ ਗੱਲਾਂ (ਹੀ ਨੇ) । ਭਾਵੇਂ ਟੁਕੜਾ ਟੁਕੜਾ ਹੋਣਾ ਪਵੇ ਹੱਕ ਲੈਣੇ ਆਂ, ਹਰ ਹਾਲਤ ਲੈ ਕੇ ਛੱਡਣੇ ਆਂ ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸੋ ਖ਼ਾਲਸਾ ਜੀ ਜਦੋਂ ਉਹਨੂੰ ਪੁੱਛਿਆ ਕਿ ਤੂੰ ਇਹ ਦੱਸ, ਸ਼੍ਰੋਮਣੀ ਅਕਾਲੀ ਦਲ ਨੇ ਇਕੱਠਿਆਂ ਹੋ ਕੇ ਸਾਰੇ ਪੰਥ ਨੇ, ਮੋਰਚਾ ਲਾਇਆ ਤੇ ਤੁਸੀਂ ਹਿੰਦੂ ਵੀਰਾਂ ਨੇ ੬੬ ਕਰੋੜ ਦੀ ਗਿਣਤੀ ਵਿੱਚੋਂ ਕਿੰਨਿਆਂ ਨੇ ਗ੍ਰਿਫ਼ਤਾਰੀ ਦਿੱਤੀ ਆ ? ਸਾਨੂੰ ਜੇਲ੍ਹ 'ਚੋਂ ਕਢਾਉਣ ਵਾਸਤੇ ਕਿੰਨੇ ਸਾਡੇ ਨਾਲ ਤੁਰੇ ਆਂ ? ਚੁੱਪ, ਕੋਈ ਜਵਾਬ ਨਹੀਂ ।

ਖ਼ਾਲਸਾ ਜੀ, ਮੈਨੂੰ ਮੁਆਫ਼ ਕਰਿਉ ਸੰਗਤ, ਢਲਿਆਈ ਸਾਡੇ 'ਚ ਵੀ ਆ । ਜਦੋਂ ਅਸੀਂ ਸਟੇਜ 'ਤੇ ਬੈਠ ਕੇ ਗੱਲ ਕਰਦੇ ਹਾਂ, ਉਦੋਂ ਕਿਉਂ ਨਹੀਂ ਸਿੱਖ ਵੱਖਰੀ ਕੌਮ ਦੀ ਗੱਲ ਕਰਦੇ ? ਇਹ ਢਲਿਆਈ ਸਾਡੇ 'ਚ ਆ, ਅਸੀਂ ਦੋਸ਼ੀ ਆਂ ਗੁਰੂ ਘਰ ਦੇ । ਸਿੱਖ ਵੱਖਰੀ ਕੌਮ ਆਂ ਤੇ ਭਾਵੇਂ ਉਸ ਤਰ੍ਹਾਂ ਕਹਾਉਣ ਦੀ ਲੋੜ ਨਹੀਂ, ਪਰ ਦੁਨਿਆਵੀ ਨੁਕਤੇ ਤੋਂ ਕੁਝ ਕਾਰਨਾਂ ਕਰਕੇ ਸਾਨੂੰ ਲੋੜ ਪੈ ਗਈ ਆ । ਤੁਸੀਂ ਬਾਹਰਲੇ ਦੇਸ਼ 'ਚ ਜਾਣਾ, ਅਨੰਦ ਕਾਰਜ ਤੁਹਾਡਾ ਇਥੇ ਹੋਇਆ ਜਾਂ ਉਥੇ ਹੋਇਆ ਗੁਰੂ ਦੀ ਹਜ਼ੂਰੀ 'ਚ, ਉਥੇ ਲਿਖਾਉਣਾ ਪਵੇਗਾ ਜੀ ਹਿੰਦੂ ਮਤ ਮੁਤਾਬਕ ਸਾਡਾ ਅਨੰਦ ਕਾਰਜ ਆ, ਗੁਰੂ ਦੀ ਹਜ਼ੂਰੀ ਵਿੱਚ ਨਹੀਂ, ਨਹੀਂ ਤੇ ਤੁਸੀਂ ਜਾ ਨਹੀਂ ਸਕਦੇ ।

ਸਿੱਖ ਦਾ ਪੁੱਤ ੧੭ ਸਾਲ ਦੀ ਉਮਰ ਤੱਕ ਆਪਣੇ ਪਿਉ ਦੀ ਜਾਇਦਾਦ ਦਾ ਮਾਲਕ ਨਹੀਂ, ਟੱਲੀ ਰਾਮ ਤੇ ਛੱਲੀ ਰਾਮ ਜੰਮ ਪਵੇ ਤੇ ਜਾਂਦਾ ਈ ਪਿਉ ਦੀ ਜਾਇਦਾਦ ਦਾ ਮਾਲਕ ਆ । ਇਸ ਵਾਸਤੇ ਵੱਖਰੀ ਕੌਮ ਤੁਹਾਨੂੰ ਲਿਖਾਉਣਾ ਈ ਪੈਣਾ, ਵਿਧਾਨ 'ਚ ਸਾਨੂੰ । ਆਪਾਂ ੧੭ ਏਕੜ ਤੋਂ ਵੱਧ ਪੈਲੀ ਨਹੀਂ ਲੈ ਸਕਦੇ । ਜਾਇਦਾਦ ਨਹੀਂ ਰੱਖ ਸਕਦੇ ਤੇ ਛੱਲੀ ਰਾਮ ਤੇ ਗੁੱਲੀ ਰਾਮ ਜੰਮ ਪਵੇ ਭਾਵੇਂ ੪ ਕਰੋੜ ਦੀ ਜਾਇਦਾਦ ਦਾ ਮਾਲਕ (ਬਣ ਜਾਏ) ਉਹ । ਇਹ ਗ਼ੁਲਾਮੀ ਆ ਆਪਣਿਆਂ ਗਲ਼ਾਂ ਵਿੱਚ ।

ਆਜ਼ਾਦ ਦੇਸ਼ ਹੋਵੇ, ਲਕੀਰ ਖਿੱਚ ਦਿੱਤੀ ਜਾਵੇ ਕਿ ਪੱਗ ਵਾਲਾ ਭਾਵੇਂ ਕਾਂਗਰ੍ਹਸੀ, ਭਾਵੇਂ ਅਕਾਲੀ, ਭਾਵੇਂ ਕਮਿਉਨਿਸਟ ਆ, ਉਹ ਦਿੱਲੀ ਵਿੱਚ ਨਹੀਂ ਪਹੁੰਚ ਸਕਦਾ ਏਸ਼ੀਆਈ ਖੇਡਾਂ ਵੇਲੇ ਤੇ ਮੋਨਾ ਉਥੇ ਹਿੰਦੂ ਨਾਲ ਸਬੰਧ ਰੱਖਦਾ, ਉਹ ਉਥੇ ਪਹੁੰਚ ਸਕਦਾ । ਕੀ ਇਹ ਗ਼ੁਲਾਮੀ ਨਹੀਂ ?

੯੩ ਸਿਰ ਤੁਸਾਂ ਦਿੱਤੇ ਆ, ਜਿਹੜੇ ਬੈਠੇ ਆ ਗੁਰੂ ਕੇ ਲਾਲ, ੭ ਇਹਨਾਂ ਨੇ ਬਾਕੀ ਦਿੱਤੇ ਸਾਰਿਆਂ ਨੇ । ਉਹ ਸੱਤਾਂ ਵਾਲੇ ਅੱਜ ਮਾਲਕ ਤੇ ੯੩ ਸਿਰ ਦੇਣ ਵਾਲੇ ਅੱਜ ਗ਼ੁਲਾਮ । ਉਹ ਕਿਉਂ ਆਂ ? ਸਾਨੂੰ ਲਾਲਚ ਆ । ਸਾਡੀ ਬਦਕਿਸਮਤੀ ਆ, ਫੁੱਟ ਆ । ਇੱਕ ਦੂਜੇ ਤੇ ਚਿੱਕੜ ਸੁੱਟਣ ਦੀ ਕੋਸ਼ਿਸ਼ ਕਰਦੇ ਆਂ । ਇਹ ਨਹੀਂ ਕਿ ਚਿੱਕੜ ਦਾ ਖਿਆਲ ਛੱਡ ਕੇ, ਇੱਕ ਦੂਜੇ ਨਾਲ ਗਲਵਕੜੀ ਪਾ ਕੇ ਤੁਰੀਏ, ਜਿਸ ਕਰਕੇ ਅਸੀਂ ਮਜ਼ਬੂਤੀ ਨਾਲ ਆਪਣਾ ਕੰਮ ਪੂਰਾ ਕਰ ਸਕੀਏ । ਇਹਨਾਂ ਚੀਜ਼ਾਂ ਵੱਲ ਆਪਾਂ ਨੂੰ ਸਾਰਿਆਂ ਨੂੰ ਧਿਆਨ ਦੇਣਾ ਚਾਹੀਦਾ ।

ਮੈਂ ਬੇਨਤੀ ਕਰਾਂਗਾ ਸੰਗਤ ਨੂੰ ਕਿ ਖ਼ਾਲਸਾ ਜੀ ਫਾਰਮ ਇਥੇ ਭਰਨੇ ਆਂ । ਜਦੋਂ ਪਹਿਲਾਂ ਇਥੇ ਪ੍ਰਣ ਹੋਇਆ ਸੀ, ਉਦੋਂ ਵੀ ਦਾਸ ਬੋਲਿਆ ਸੀ, ਕੱਲ ਸਰੀਰ ਢਿੱਲਾ ਹੋਣ ਕਰਕੇ ਮੈਂ ਆ ਨਹੀਂ ਸਕਿਆ । ਕਈਆਂ ਵੀਰਾਂ ਦੇ ਮਨ ਵਿੱਚ ਇਹ ਵੀ ਸੀ, ਜੀ ਲੌਂਗੋਵਾਲ ਨਾਲ ਲੜ ਪਿਆ, ਤਾਂ ਨਹੀਂ ਆਇਆ । ਅੱਜ ਲੜਾਈ ਮਿਟ ਗਈ ? ਪਤਾ ਨਹੀਂ ਅਖ਼ਬਾਰਾਂ 'ਚੋਂ ਸੁਣ ਕੇ ਕਿਉਂ ਇੰਨਾ ਭਰਮਾਂ ਦੇ ਸ਼ਿਕਾਰ ਹੋਈ ਜਾਨੈ ਆਂ ? ਬਿਲਕੁਲ ਕਿਸੇ ਵਿੱਚ ਕੋਈ ਫ਼ਰਕ ਨਹੀਂ ਗਾ । ਇੱਕ ਥਾਂ ਮਰਨਾ ਤੇ ਇੱਕੋ ਥਾਂ ਚੱਲਣਾ,

ਪਰ ਇਹ ਨਿਸਚਾ ਜ਼ਰੂਰ ਰੱਖਿਉ.....। ਮੈਨੂੰ ਪਤਾ ਲੱਗਾ, ਮੈਂ ਆ ਤੇ ਨਹੀਂ ਸਕਿਆ, ਸੰਤ ਜੀ ਕੱਲ ਬੋਲੇ ਸੀ। ਉਹਨਾਂ ਵੀ ਕਿਹਾ ਕਿ ਸਿੰਘੋ, ਭਰਮ ਵਿੱਚ ਨਾ ਪਉ। ਜਿਹੜਾ ਫ਼ੈਸਲਾ ਹੋਵੇਗਾ, ਤੁਹਾਡਾ ਇਕੱਠ ਕਰਕੇ ਹੋਵੇਗਾ। ਫਿਰ ਸ਼ੱਕ ਕਿਉਂ ਆਂ ? ਅਨੰਦਪੁਰ ਦੇ ਮਤੇ ਦੀ ਕਾਪੀ 'ਚ ਜਿਹੜਾ ਲਿਖਿਆ, ਉਹ ਮੇਰੇ ਕੋਲੇ ਵੀ ਹੈਗੀ ਆ। ਸਾਰਿਆਂ ਕੋਲੇ, ਤੁਹਾਡੇ ਕੋਲੇ ਵੀ ਹੈਗੀ ਆ। ਜਿਹੜਾ ਉਹਦੇ ਵਿੱਚ ਕੋਈ ਬੈਠੇ ਮੁਕਰੇਗਾ, ਤੁਸੀਂ ਮੇਰਾ ਲਿਹਾਜ ਨਾ ਕਰਿਉ, ਮੈਂ ਤੁਹਾਡਾ ਨਹੀਂ ਕਰਦਾ। ਦੱਸ ਜ਼ਰੂਰ ਦਿਉਂ, ਭਈ ਇਹਦੇ ਵਿੱਚ ਆਹ ਕੁਝ ਆ (ਪਰ) ਅਸੀਂ ਇਥੇ ਖੜੇ ਆਂ, ਤੁਸੀਂ ਦੱਸੋ ਕੀ ਕਰਨਾ ? ਉਦੋਂ ਫ਼ੈਸਲਾ ਤੁਹਾਡੇ ਹੱਥ 'ਚ ਹੋਣਾ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸੋ ਮੈਂ ਸੰਗਤ ਨੂੰ ਇੱਕ ਬੇਨਤੀ ਕਰਦਾਂ, ਪਿੰਡਾਂ ਵਿੱਚ ਜਾਉ, ਹਰ ਇੱਕ ਬੱਚੇ ਨੂੰ, ਹਰ ਇੱਕ ਮਾਈ ਨੂੰ, ਹਰ ਇੱਕ ਸਿੰਘ ਨੂੰ ਇਹ ਅਹਿਸਾਸ ਕਰਵਾ ਦਿਉ ਕਿ ਅਸੀਂ ਗ਼ੁਲਾਮ ਆਂ। ਅਸੀਂ ਗ਼ੁਲਾਮੀ ਗਲੋਂ ਲਾਹ ਕੇ ਜਿਊਣਾ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਆਹ ਖ਼ਾਲਿਸਤਾਨ ਦੀਆਂ ਗੱਲਾਂ ਕਾਫੀ ਚੱਲਦੀਆਂ, ਕਹਿੰਦੇ ਸੰਤ ਜੀ ਤੁਸੀਂ ਦੱਸੋ ਖ਼ਾਲਿਸਤਾਨ ਦੇ ਹਾਮੀ ਹੋ ਕਿ ਨਹੀਂ ? ਮੈਂ ਉਹਨਾਂ ਅਖ਼ਬਾਰਾਂ ਵਾਲੇ ਵੀਰਾਂ ਨੂੰ ਇੱਕ ਬੇਨਤੀ ਕਰਾਂਗਾ (ਕਿ) ਜਿਹੜੀ ਕਿਸੇ ਮਨੁੱਖ ਤੋਂ ਕਿਸੇ ਸਬੰਧ 'ਚ ਇੱਕ ਵੇਰਾਂ ਗੱਲ ਪੁੱਛੀ ਜਾਵੇ (ਜਾਂ) ੨-੪ ਵੇਰਾਂ, (ਫਿਰ) ਉਹਦੇ 'ਤੇ ਸੰਤੁਸ਼ਟ ਹੋ ਜਾਣਾ ਚਾਹੀਦਾ। ਹਰ ਰੋਜ਼ ਉਹ ਗੱਲ ਠੀਕ ਨਹੀਂ, ਬਹੁਤੀ ਸੋਭਾ ਨਹੀਂ ਪਾਉਂਦੀ, ਪਰ ਮੈਂ ਇਹ ਜ਼ਰੂਰ ਕਹਾਂਗਾ (ਕਿ) ਸਾਥੋਂ ਇਹ ਪ੍ਰਸ਼ਨ ਪੁੱਛਣਾ ਈ ਗ਼ਲਤ ਆ। ਜਿਹੜੀ ਕੌਮ ਨੇ ਦੇਸ਼ ਦੀ ਆਜ਼ਾਦੀ ਵਾਸਤੇ ਕੁਰਬਾਨੀ ਕੀਤੀ ਆ, ਉਹ ਕੌਮ ਦੇਸ਼ ਦੇ ਟੁਕੜੇ ਕਦੋਂ ਚਾਹੁੰਦੀ ਆ, ਪਰ ਇਹ ਗੱਲ ਜ਼ਰੂਰ ਕਹਾਂਗਾ, ਅਸੀਂ ਨਾ ਤਾਂ ਖ਼ਾਲਿਸਤਾਨ ਦੇ ਹਮਾਇਤੀ ਆਂ ਤੇ ਨਾ ਖ਼ਾਲਿਸਤਾਨ ਦੇ ਵਿਰੋਧੀ ਆਂ। ਮੈਨੂੰ ਪੁੱਛਿਆ (ਸੀ) ਸੁਬਰਾਮਨੀਅਮ ਨੇ, ਇਹਦਾ ਮਹਿਣਾ ਕੀ ਆ, ਅਰਥ ਕੀ ਆ ? ਮੈਂ ਆਖਿਆ ਦੱਸਦਾਂ, ਇਹ ਕੰਮ ਸੈਂਟਰ ਦਾ (ਹੈ), ਭਿੰਡਰਾਂਵਾਲੇ ਦਾ ਤੇ ਲੌਂਗੋਵਾਲ ਦਾ ਕੰਮ ਨਹੀਂ ਇਹ। ਸੈਂਟਰ ਸਾਨੂੰ ਦੱਸੇ (ਕਿ) ਆਹ ਪੱਗਾਂ ਵਾਲਿਆਂ ਨੂੰ ਨਾਲ ਰੱਖਣਾ ਕਿ ਨਹੀਂ ? ਇੱਕ ਮੈਂ ਸਭ ਨੂੰ ਕਹਾਂਗਾ ਜ਼ੈਕਾਰਿਆਂ ਵਿੱਚ ਨਾ ਬਹੁਤੇ ਪਵੋ। ਅਸੀਂ ਹਿੰਦੁਸਤਾਨ ਵਿੱਚ ਰਹਿਣਾ ਚਾਹੁੰਦੇ ਆਂ। ਬਰਾਬਰ ਦੇ ਸ਼ਹਿਰੀ ਬਣ ਕੇ ਰਹਿਣਾ ਚਾਹੁੰਦੇ ਆਂ। ਸੈਂਟਰ ਸਾਨੂੰ ਦੱਸੇ ਭਈ ਨਾਲ ਰੱਖਣਾ ਜਾਂ ਨਹੀਂ ਰੱਖਣਾ ? ਜੇ ਤਾਂ ਉਹ ਨਾਲ ਰੱਖਣਾ ਚਾਹੁੰਦੀ ਆ ਸੈਂਟਰ ਸਾਨੂੰ ਤੇ ਸਾਡੇ ਹੱਕ ਪੂਰੇ ਦੇਵੇ, ਜਿਹੜੀ ਅਸੀਂ ਕੁਰਬਾਨੀ ਕੀਤੀ ਆ। ਜੇ ਮਿਣਤੀ ਗਿਣਤੀ ਕਰਨੀ ਆਂ, ਤਾਂ ਵੀ ਦੇਖ ਲਵੇ। ੯੩ ਸਿਰਾਂ ਦੀ ਧਰਤੀ ਸਾਨੂੰ ਦੇ ਦੇਵੇ, ਸੱਤਾਂ ਸਿਰਾਂ ਦੀ ਆਪ ਲੈ ਲਵੇ ਤੇ ਵਿਆਜ਼ ਤੇ ਸਿੰਘ ਲੈਂਦਾ ਨਹੀਂ ਪਰ ਜੇ ਵਿਆਜ਼ ਲੈਣਾ ਹੋਵੇ ਤੇ ਕੱਖ ਨਹੀਂ ਇਹਨਾਂ ਦੇ ਪੱਲੇ। ਛੱਤੀਆਂ ਸਾਲਾਂ 'ਚ ਸੱਤਾਂ ਸਿਰਾਂ ਦਾ ਵਿਆਜ਼ ਪੂਰਾ ਨਹੀਂ ਹੁੰਦਾ ? ੧੦੦ ਦਾ ੧੦੦ ਤੁਹਾਡਾ (ਸਿੱਖਾਂ ਦਾ) ਬਣਦਾ, ਪਰ ਜੇ ਇਸ ਗੱਲ ਨੂੰ ਵੀ ਨਹੀਂ ਲੈਣਾ (ਫਿਰ) ਸਾਨੂੰ ਸੈਂਟਰ ਦੱਸੇ ਰੱਖਣਾ ਨਾਲ ਕਿ ਨਹੀਂ ? ਹਾਂ ਇਹ ਮੈਂ ਜ਼ਰੂਰ ਕਹਾਂਗਾ ਸਟੇਜ ਤੋਂ ਖੜੋ ਕੇ, ਮੰਗਦੇ ਅਸੀਂ ਹਾਂ ਨਹੀਂ, ਵਿਰੋਧਤਾ ਅਸੀਂ ਕਰਦੇ ਨਹੀਂ, ਪਰ ਜੇ ਸੈਂਟਰ ਨੇ ਔਂਤਕੀਂ ਖ਼ਾਲਿਸਤਾਨ ਦੇ ਦਿੱਤਾ ਤੇ ਲੈ ਲੈਣਾ, ੧੯੪੭ ਦੀ ਗ਼ਲਤੀ ਨਹੀਂ ਕਰਨੀ ਔਤਕੀਂ

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਪਰ ਇਹ ਕੰਮ ਸੈਂਟਰ ਦਾ, ਹੁਣ ਸੈਂਟਰ ਦੇ ਜਿੰਮੇ ਆ, ਚਾ ਸਾਨੂੰ ਨਾਲ ਰੱਖ ਲਵੇ ਤੇ ਚਾਹੇ ਉਗਰਵਾਦੀ ਤੇ ਅੱਤਵਾਦੀ ਕਹਿ ਕੇ ਵੱਖਰੇ ਕਰ ਦੇਵੇ, ਕੰਮ ਉਹਨਾਂ ਦ ਸਾਡੇ ਜਿੰਮੇ ਦੋਸ਼ ਨਹੀਂ ।

ਜਿਹੜਾ ਇਹ ਨਿਤਾ ਪ੍ਰਤੀ ਆਉਂਦਾ, ਵੱਖਰੀ ਕੌਮਏ ਸੰਬੰਧ ਵਿੱਚ । ਇੱਕ ਬੇਨਤੀ ਹੋਰ ਕਰਨੀ ਚਾਹੁੰਨਾ, ਅਖੇ ਜੀ ਸਿੱਖ ਅੱਤਵਾਦੀ....। ਮੈਂ ਉਹਨਾਂ ਲੀਡਾਂ ਨੂੰ ਪੁੱਛਿਆ ਸੀ, ਜੇ ਸਿੱਖ ਅੱਤਵਾਦੀ ਆ ਤੇ ਮੈਨੋ ਸਿੱਖ ਵੱਖਰੀ ਕੌਮ ਆਂ ਤੇ ਜੇ ਸਿੱਖ ਹਿੰਦੂਆਂ ਦਾ ਇੱ ਅੰਗ ਆ ਤੇ ਲਿਖੋ ਹਿੰਦੂ ਅੱਤਵਾਦੀ ਆ । ਜਦੋਂ ਗਾਲਾਂ ਕੱਢਣੀਆਂ, ਮੰਦ ਭਾਸ਼ਾ ਵਰਤਣੀ ਆਂ ਤੇ ਉੱਂ ਆਹ ਪੱਗਾਂ ਵਾਲਿਆਂ ਨੂੰ ਤੇ ਜਦੋਂ ਅਸੀਂ ਆਪਣਾ ਹੱਕ ਮੰਗਨੇ ਆਂ, ਉਦੋਂ ਜੀ ਤੁਸੀਂ ਸਾਡਾ ਅੰਗ ਆਂ ਅਖੇ ਜੀ ਸਾਡੇ ਵਿੱਚੋਂ ਜੰਮੇ ਆਂ । ਮੈਂ ਬੇਨਤੀ ਕਰਾਂਗਾ, ਸਿੱਖਾਂ ਵਿੱਚੋਂ ਕੁੱਲ ਦੁਨੀਆਂ ਜੰਮੀ ਆਂ । ਕਿਸੇ ਹਿੰਡਿਤ ਦੇ ਘਰੇ, ਕਿਸੇ ਸਿੱਖ ਦੇ ਘਰੇ, ਕਿਸੇ ਮੁਸਲਮਾਨ ਦੇ ਘਰੇ, ਕੇਸਾਂ ਤੇ ਦਾਹੜੇ ਤੋਂ ਬਗੈਰ ਕੋਈ ਨਰਾਂ ਜੰਮਦਾ ਤੇ ਜੇ ਸਾਰੇ ਜਿਹੋ ਜਿਹੇ ਮਾਤ ਲੋਕ ਦੇ ਵਿੱਚੋਂ ਜੰਮੇ ਆਂ । ਪ੍ਰਮੇਸ਼ਰ ਨੇ ਜਿਹੋ ਜਿਹੀ ਸੂਰਤ ਦਿੱਤੀਆ, ਉਹੋ ਜਿਹੀ ਹਮੇਸ਼ਾਂ ਲਈ ਰੱਖੀਏ (ਤਾਂ) ਕੋਈ ਛੱਲੀ ਰਾਮ ਤੇ ਗੁੱਲੀ ਰਾਮ ਨਹੀਂ ਕਹਿੰਦਾ, ਸਾਰੇ ਸ਼ਦਾਰ ਜੀ ਕਹਿਣਗੇ । ਦੱਸੋ ਜੰਮਿਆਂ ਕੌਣ ਆਂ ? ਕਿਹਨੂੰ ਪੈਦਾ ਕੀਤਾ ਕੁਦਰਤ ਨੇ ? ਇਹਨਾਂ ਭੁਲੇਖਿਆਂ ਵਿੱਚ ਨਾ ਪਉ ਤੇ ਇੱਕ ਜਿਹੜਾ ਸਾਡੇ ਨੌਜੁਆਨ ਵੀਰਾਂ ਦੇ ਦਿਮਾਗ ਵਿੱਚ ਕੁੱਟ ਕੁੱਟ ਕੇ ਭਰਿਆ ਰਿਹਾ । ਜੀ ਆਟੇ ਦੇ ਵਿੱਚ ਲੂਣ ਦੀ ਤਰ੍ਹਾਂ ਤੇ ਲੂਣ ਦੀ ਡਲੀ ਜਰਾ ਕੁ ਮਾੜੀ ਜਿਹੀ ਜ਼ਿਆਦਾ ਹੋਵੇ ਤ ਆਟੇ ਵਿੱਚ ਤੇ ਖਾਧਾ ਨਹੀਂ ਜਾਂਦਾ ਹੁੰਦਾ । ਇਹ ਫ਼ਿਕਰ ਨਾ ਕਰਿਆ ਕਰੋ । ਆਪਣੇ ਪਿਤਾ ਦਾ ਹੁਮ ਆਂ,

'ਸਵਾ ਲਾਖ ਸੇ ਏਕਲੜਾਊਂ
ਤਬੈ ਗੋਬਿੰਦ ਸਿੰਘ ਨਾਮਕਹਾਊਂ ॥'

ਸਵਾ ਲੱਖ ਨਾਲ ਲੜਨ ਵਾਸਤੇ ਕਿਹਾ, ਹੁਣ ਤਾਂ ਬਹੁਤ ਹਰ ਦੀ ਗੱਲ ਆ, ਅਜੇ ਤਾਂ ਥੱਲੇ ਜਿਹੇ ਬੈਠੇ ਆਂ ।

ਸੋ ਸਾਰੀ ਸੰਗਤ ਨੂੰ ਬੇਨਤੀ ਕਰਾਂਗਾ, ਮਿਲ ਕੇ ਲੋ ਤੇ ਪ੍ਰਣ ਵਾਲੇ ਦਿਨ ਵੀ ਬੇਨਤੀ ਕੀਤੀ ਸੀ ਅੱਜ ਫਿਰ ਕਰਦਾਂ । ਪ੍ਰਣ ਇਥੇ ਉਹ ਵੀਰ ਕਰਿਉ, ਜਿੜੇ ਮੰਮੀ ਤੇ ਪੱਪੂ ਨੂੰ ਅਖੀਰ ਦੀ ਫ਼ਤਹਿ ਘਰੇ ਬੁਲਾ ਆਏ ਆ । ਜਿਹਨਾਂ ਨੇ ਜਾਇਦਾਦ ਤੇ ਸੰਸਾਰ ਦਾਹ ਛੱਡ ਦਿੱਤਾ । ਜਿਹਨਾਂ ਨੇ ਭੈਣਾਂ ਦੀ ਲੁੱਟੀ ਇਜ਼ਤ, ਮਸੂਮਾਂ ਦਾ ਪੀਤਾ ਖ਼ੂਨ, ਸਤਿਗੁਰੂ ਗਰੰਥ ਸਾਹਿ ਦੀ ਕੀਤੀ ਬੇ-ਅਦਬੀ, ਇਹਦਾ ਹੱਕ ਲੈਣ ਵਾਸਤੇ ਜਿਹੜੇ ਸਾਵਧਾਨ ਆਂ, ਉਹ ਮੇਰੇ ਭਰਾ, ਮੇਰੇ ਬਰਗ, ਮੇਰੀਆਂ ਮਤਾਵਾਂ ਤੇ ਭੈਣਾਂ, ਉਹ ਇਥੇ ਬਾਹਾਂ ਖੜੀਆਂ ਕਰਕੇ ਪ੍ਰਣ ਕਰਨ ਤੇ ਜਿਹਨੂੰ ਅਜੇ ਇਹਆ ਕਿ ਮੈਂ ਟਰਾਲੀ ਕਣਕ ਦੀ ਵੇਚ ਆਵਾਂ, ਖਰਬੂਜਿਆਂ ਦਾ ਭਾਅ ਵਾਹਵਾ, ਉਹ ਆਪਣੇ ੬ ਮਹੀਂਦੇ ਵੱਟ ਖੱਟ ਲਵੇ ਤੇ ਫਿਰ ਲਿਖਾਵੇ । ਇਥੇ ਲਾਲਚ ਨਹੀਂ ਕਿ ੭੨-੭੨ ਹੂਰਾਂ ਮਿਲਣਗੀਆਂ, ਅੰਗੂਾਂ ਦੀ ਸ਼ਰਾਬ ਮਿਲੂਗੀ, ਬਹਿਸ਼ਤ ਵਿੱਚ ਸੁੱਖ ਮਿਲਣਗੇ, ਇਥੋਂ ਦੀ ਮਰਿਯਾਦਾ ਤਾਂ ਹੈ :

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥

(ਸਲੋਕ ਮ: ੧, ੧੪੧੨)

ਇਹ ਰਸਤਾ ਮੇਰਾ ਨਹੀਂ, ਇਹ ਗੁਰੂ ਦਾ ਰਸਤਾ ਹੈ ।

ਬੋਲੇ ਸੋ ਨਿਹਾਲ ॥ ਸਤਿਸ੍ਰੀ ਅਕਾਲ ॥

ਇਹੋ ਜਿਹੇ ਸੁਭਾਅ ਵਾਲਾ ਜਿਹੜਾ ਆਇਆ, ਉਹਨਾਂ ਸਾਰਿਆਂ ਦਾ ਮੈਂ ਸਤਿਕਾਰ ਕਰਦਾਂ। ਬਾਕੀ ਦੀ ਸੰਗਤ ਦਾ ਵੀ ਸਤਿਕਾਰ ਕਰਦਾਂ, ਉਹ ਇਹੋ ਜਿਹਾ ਸੁਭਾਅ ਬਨਾਉਣ ਵਾਸਤੇ ਤਿਆਰ ਹੋਵੋ ਤੇ ਸ਼ਸ਼ਤਰ ਜ਼ਰੂਰ ਲਵੋ। ਸ਼ਸ਼ਤਰਾਂ ਬਿਨਾਂ ਨਿਪਟਾਰਾ ਨਹੀਂ ਹੋਣਾ।

ਸੁਆਮੀ ਸੁਬਰਾਮਨੀਅਮ ਦੇ ਸਵਾਲ ਦਾ ਜਵਾਬ

ਸੁਬਰਾਮਨੀਅਮ ਨੇ ਪੁੱਛਿਆ ਸੀ ਮੈਨੂੰ, ਕਹਿੰਦਾ ਸ਼ਸ਼ਤਰ ਤੇਰੇ ਕੋਲੇ ਕਿਉਂ ? ਤੂੰ ਤਾਂ ਸੰਤ ਆਂ। ਮੈਂ ਆਖਿਆ ਮੈਂ ਖੁਸਰੇ ਦਾ ਪੁੱਤ ਨਹੀਂ ਗਾ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਪੁੱਤ ਹਾਂ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਮੈਂ ਕੋਲੋਂ ਨਹੀਂ ਕਹਿ ਰਿਹਾ, ਲਿਖਿਆ ਹੋਇਆ,

'ਵਹਿ ਪ੍ਰਗਟਿਉ ਮਰਦ ਅਗੰਮੜਾ ਵਰਿਆਮ ਅਕੇਲਾ ॥
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ ॥

ਉਹ ਟੇਪ ਰਿਕਾਰਡ ਆ ਮੇਰੇ ਕੋਲੇ ਉਹਦੀ ਭਰੀ ਹੋਈ। ਉਹ ਮੰਨ ਕੇ ਗਿਆ ਕਿ ਸਿੱਖ ਕੋਈ ਵੀ ਹਥਿਆਰ ਰੱਖੇ, ਸਿੱਖ ਵਾਸਤੇ ਹਥਿਆਰ ਰੱਖਣਾ ਜਾਇਜ਼ ਆ। ਕਹਿ ਕੇ ਗਿਆ ਟੇਪ ਰਿਕਾਰਡ ਆ ਮੇਰੇ ਕੋਲ, ਭਾਵੇਂ ੧੦ ਲੱਖ ਦੇ ਇਕੱਠ ਵਿੱਚ ਸੁਣ ਲਿਉ ਉਹ। ਸੋ ਹਥਿਆਰ ਰੱਖ ਕੇ, ਕਿਸੇ ਮਸੂਮ ਨੂੰ ਮਾਰਨਾ, ਕਿਸੇ ਦਾ ਘਰ ਲੁੱਟਣਾ, ਕਿਸੇ ਦੀ ਇਜ਼ਤ ਲੁੱਟਣੀ, ਕਿਸੇ 'ਤੇ ਅਤਿਆਚਾਰ ਕਰਨਾ, ਇਹ ਸਿੱਖ ਵਾਸਤੇ ਪਾਪ ਆ, ਪਰ ਹਥਿਆਰ ਰੱਖ ਕੇ ਤੇ ਆਪਣੇ ਧਰਮ ਦੀ ਰਾਖੀ ਨਾ ਕਰਨੀ, ਇਦੋਂ ਵੱਡਾ ਵੀ ਪਾਪ ਸਿੱਖ ਵਾਸਤੇ ਕੋਈ ਨਹੀਂ।

ਸਮਾਪਤੀ ਵਿੱਚ ਮੈਂ ਤੁਹਾਡੇ ਕੋਲੋਂ ਬਾਹਾਂ ਖੜੀਆਂ ਕਰਾਉਣੀਆਂ ਚਾਹੁੰਨਾ, ਸੰਤਾਂ ਤੋਂ ਪਹਿਲਾਂ। ਇਸ ਪ੍ਰਣ ਵਾਸਤੇ ਨਹੀਂ, ਕੁਝ ਹੋਰ ਪ੍ਰਣ ਆਂ। ਸਰਕਾਰ ਨੇ ਤੇ ਮਹਾਸ਼ਾ ਪ੍ਰੈਸ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਜਿੰਨੇ ਆਹ ਬੈਠੇ ਆਂ, ਸਾਰੇ ਅੱਤਵਾਦੀ ਆ ਤੇ ਮੈਂ ਤੁਹਾਨੂੰ ਕੁਝ ਬਣਾ ਵੀ ਲਵਾਂ। ਜਿਹੜਾ ਅੰਮ੍ਰਿਤ ਛਕਦਾ ਤੇ ਛਕਾਉਂਦਾ, ਬਾਣੀ ਪੜ੍ਹਦਾ ਤੇ ਪੜ੍ਹਾਉਂਦਾ, ਨਸ਼ੇ ਛੱਡਦਾ ਤੇ ਛਡਾਉਂਦਾ। ਸਾਰਿਆਂ ਨੂੰ ਇੱਕ ਥਾਂ ਚੱਲ ਕੇ ਇਕੱਠੇ ਹੋ ਕੇ ਤੁਰਨ ਦੀ ਪ੍ਰੇਰਨਾ ਕਰਦਾ। ਜਿਹੜਾ ਹਿੰਦੂ ਸਿੱਖ ਏਕਤਾ ਵਾਸਤੇ ਕਹਿੰਦਾ ਇਕੱਠੇ ਰਹੋ। ਜਿਹੜਾ, ਮੁਸਲਮਾਨ ਕਹਿੰਦਾ ਪੱਕੇ ਬਣੋ, ਸਿੱਖ ਪੱਕੇ ਬਣੋ ਤੇ ਇਸ਼ਟ ਦਾ ਸਤਿਕਾਰ ਕਰੋ, ਕੇਸਰੀ ਨਿਸ਼ਾਨ ਸਾਹਿਬ ਥੱਲੇ ਇਕੱਠੇ ਹੋਵੋ, ਪੰਥ ਦੀ ਭਟ ਕੇ ਹਮਾਇਤ ਕਰੋ। ਸਤਿਗੁਰੂ ਦੇ ਤਖ਼ਤ ਨਾਲ ਤੇ ਦਰਬਾਰ ਨਾਲ ਜੁੜੋ, ਉਹਨਾਂ ਪ੍ਰਚਾਰ ਕਰਨ ਵਾਲੇ ਲੋਕਾਂ ਨੂੰ, ਇਸ ਗੌਰਮੈਂਟ ਤੇ ਮਹਾਸ਼ਾ ਪ੍ਰੈੱਸ ਨੇ, ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਇਹ ਸਾਰੇ ਅੱਤਵਾਦੀ ਆ। ਖਾਸ਼ ਕਰਕੇ ਮੈਨੂੰ ਉਹਨਾਂ ਨੇ ਖ਼ਿਤਾਬ ਵੱਡਾ ਦਿੱਤਾ। ਕਹਿੰਦੇ ਨੇਤਾ ਅੱਤਵਾਦੀਆਂ ਦਾ। ਮੈਂ ਪੱਕਾ ਅੱਤਵਾਦੀ ਆਂ, ਪਰ ਹਾਂ ਇਹੋ ਜਿਹਾ, ਜਿਹੋ ਜਿਹੇ ਤੁਹਾਨੂੰ ਆਹ ਲੱਛਣ ਦੱਸੇ ਆ। ਜੇ ਤਾਂ ਤੁਸੀਂ ਵੀ ਇਹੋ ਜਿਹੇ ਅੱਤਵਾਦੀ ਬਣਨ ਨੂੰ ਤਿਆਰ ਆਂ ਫਿਰ ਬਾਹਾਂ ਖੜੀਆਂ ਕਰਿਉ, ਜਦੋਂ ਮੈਂ ਜੈਕਾਰਾ ਛੱਡੂੰ। ਜਦੋਂ ਜੈਕਾਰਾ ਛੱਡੂੰ ਪਹਿਲਾਂ ਨਹੀਂ, ਜਦੋਂ ਜੈਕਾਰਾ ਛੱਡਾਂਗਾ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਪਹਿਲਾਂ ਇਹ ਸੁਣ ਲਉ ਭਈ ਬਣਨਾ ਕਿਹੋ ਜਿਹਾ ? ਜਿਹੜਾ ਗੁਰੂ ਦਾ ਸਿੱਖ ਆ, ਸ਼ਹੀਦਾਂ ਦਾ ਹੱਕ ਲੈਣਾ ਚਾਹੁੰਦਾ, ਮਰਦੇ ਸਵਾਸ ਤੱਕ ਪੰਥ ਦਾ ਹਮਾਇਤੀ ਰਹਿਣ ਦਾ ਇੱਛਕ ਆ। ਮਰਦੇ ਸਵਾਸ

ਤੱਕ ਕੇਸਰੀ ਨਿਸ਼ਾਨ ਸਾਹਿਬ ਦੇ ਥੱਲੇ ਰਹੇਗਾ। ਹੁਕਮਨਾਮੇਂ ਦੀ ਪਾਲਣਾ ਕਰੇਗਾ, ਨਾਲ ਇਹ ਵੀ ਆ, ਹੁਕਮਨਾਮੇ ਦੀ ਪਾਲਣਾ। ਇਥੋਂ ਅਰੰਭ (ਜਾਰੀ) ਹੋਇਆ ਸੀ ਤੇ ਧੀਆਂ ਭੈਣਾਂ ਦੀ ਲੁੱਟੀ ਇਜ਼ਤ ਤੇ ਮਸੂਮਾਂ ਦਾ ਪੀਤਾ ਖ਼ੂਨ, ਉਹਦਾ ਹੱਕ ਲੈਣ ਦਾ ਚਾਹਵਾਨ ਆ। ਜਿਹੜਾ ਇਹੋ ਜਿਹਾ ਅੱਤਵਾਦੀ ਆ, ਉਹਦੇ ਵਾਸਤੇ ਮੈਂ ਕਹਾਂਗਾ ਤੇ ਜਿਹੜਾ ਚਰਖੇ ਤੇ ਬਕਰੀ ਦਾ ਸਿੱਖ ਆ, ਰਾਧਾ ਸੁਆਮੀਆਂ ਤੇ ਨਰਕਧਾਰੀਆਂ ਦਾ ਸਿੱਖ ਆ। ਅੱਬਲ ਤੇ ਆਇਆ ਨਹੀਂ ਹੁਣਾਂ, ਪਰ ਜੇ ਕੋਈ ਰੂਪ ਵਟਾ ਕੇ ਆਇਆ ਤੇ ਸੁਣ ਲਵੇ। ਉਹਨਾਂ ਦਾ ਜਿਹੜਾ ਸਿੱਖ ਆ, ਜੰਡ ਨੂੰ ਸੰਦੂਰ ਭੁੱਕਣ, ਪਿੱਪਲ ਨੂੰ ਪਾਣੀ ਪਾਉਣ ਦਾ ਸਿੱਖ ਆ, ਉਹ ਭੁਲੇਖੇ 'ਚ ਬਾਂਹ ਖੜੀ ਨਾ ਕਰਿਉ। ਜਿਹੜਾ ਗੁਰੂ ਦਾ ਸਿੱਖ ਆ ਤੇ ਸਿੱਖਾਂ ਦਾ ਪੁੱਤ ਆ ਤੇ ਹੱਕ ਲੈਣ ਦਾ ਚਾਹਵਾਨ ਆ, ਉਹ ਜ਼ਰੂਰ ਬਾਹਾਂ ਖੜੀਆਂ ਕਰੇ ਤੇ ਬਣੇਗੇ ਅੱਤਵਾਦੀ ਤੇ ਮੁੜਕੇ ਮੁਕਰਿਆ ਨਹੀਂ ਜੇ ਜਾਣਾ, ਇਥੇ ਪ੍ਰਣ ਕੀਤਾ ਮੁਆਫ਼ ਨਹੀਂ ਹੋਣਾ।

ਸੰਤ - ਬੋਲੇ ਸੋ ਨਿਹਾਲ ॥

ਸੰਗਤ - ਸਤਿ ਸ੍ਰੀ ਅਕਾਲ ॥

(ਸਭ ਸੰਗਤ ਬਾਹਾਂ ਖੜੀਆਂ ਕਰਦੀ ਹੈ) ਤੇ ਇੰਨੀ ਬੇਨਤੀ ਕਰਦਾ ਹੋਇਆ, ਜਿਤਨੇ ਵਰਕਰ ਅੱਜ ਪ੍ਰਣ ਕਰਨ ਵਾਸਤੇ ਆਏ ਆ। ਮੈਂ ਆਪਣੇ ਵੱਲੋਂ ਸਾਰਿਆਂ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ।

ਸੰਤ ਬਾਬਾ ਹਰਚੰਦ ਸਿੰਘ ਜੀ ਲੌਂਗੋਵਾਲ ਜੀ ਨੇ ਇੱਕ ਦਿਨ ਹੁਕਮ ਕੀਤਾ ਸੀ ਸਟੇਜ 'ਤੇ, ਕਹਿੰਦੇ ਜਰਨੈਲ ਸਿੰਘ ਨੂੰ ਪਤਾ ਨਹੀਂ ਕੀ ਗੱਲ ਹੋ ਗਈ ਆ ? ਉਹ ਨਾਹਰਾ ਨਹੀਂ ਲਵਾਉਂਦਾ ਹੁਣ :

ਸਿਰ ਦਿਤਿਆਂ ਬਾਜ ਨਹੀਂ ਨਹੀਂ ਰਹਿਣਾ ॥

ਧਰਮ ਸਿਰ ਦਿਤਿਆਂ ਬਾਜ ਨਹੀਂ ਰਹਿਣਾ ॥

ਸ਼ਾਇਦ ਉਹਨੂੰ ਖੰਘ ਖੁੰਘ ਜ਼ਿਆਦਾ ਹੋ ਗਈ। ਉਹਨੂੰ ਢਿੱਲਿਆਂ ਰਹਿਣਾ ਪਿਆ ਸੀ ਜਦੋਂ। ਸੰਤਾਂ ਨੂੰ ਪਤਾ ਸੀ, ਕਹਿੰਦੇ ਸ਼ਾਇਦ ਖੰਘ ਹੋ ਗਈ ਆ ਜ਼ਿਆਦਾ ਤੇ ਤਾਂ ਨਹੀਂ.....। ਖੰਘ ਨਹੀਂ ਜ਼ਿਆਦਾ ਹੋਈ, ਖੁੰਘ ਜ਼ਿਆਦਾ ਹੋ ਗਈ ਆ। ਸੋ ਸਿੰਘਾਂ ਨੇ ਕਿਹਾ, ਸਰੀਰ ਤੇ ਇਜ਼ਾਜ਼ਤ ਨਹੀਂ ਸੀ ਦਿੰਦਾ, ਪਰ ਬੋਲ ਜਿਹੋ ਜਿਹਾ ਨਿਕਲੇਗਾ ਕਬੂਲ ਕਰ ਲਿਉ ਤੇ ਨਾਹਰਾ ਤੁਸੀਂ ਲਾ ਲਉ। ਜਿਸ ਵੇਲੇ ਹਿੰਦੂ ਸਮਾਜ ਦੀਆਂ ਟੋਪੀਆਂ ਤੇ ਚੋਟੀਆਂ ਤੇ ਜਨੇਉ ਲਹਿ ਕੇ ਨੌਰੰਗੇ ਦੀ ਪੈਂਦ 'ਤੇ ਟਿਕ ਰਹੇ ਸੀ। ਉਸ ਵੇਲੇ ਮਥਰਾ, ਕਿਦਾਰਨਾਥ, ਬਦਰੀ ਨਰਾਇਣ ਤੇ ਵੈਸ਼ਨੂੰ ਦੇਵੀ, ਕਮੱਖਿਆ ਦੇਵੀ ਤੇ ਸ਼ਿਵਲਿੰਗ ਕੋਲੇ ਜਾ ਕੇ ਅਰਦਾਸਾਂ ਕੀਤੀਆਂ (ਪਰ) ਕਿਸੇ ਨੇ ਪੁਕਾਰ ਨਹੀਂ ਸੁਣੀ। ਉਸ ਵੇਲੇ ਕਹਿੰਦੇ ਅਕਾਸ਼ੀ ਚਿੱਠੀ ਆਈ। ਇਤਿਹਾਸਾਂ ਮੁਤਾਬਕ (ਪਰ) ਸ਼ਿਵ ਜੀ ਦੀ ਕਹਿੰਦੇ ਚਿੱਠੀ ਆਈ। ਉਹ ਲੈ ਕੇ, ਮੇਰੇ ਚੋਜੀ ਪ੍ਰੀਤਮ, ਧਰਮ ਦੀ ਚਾਦਰ ਦੇ ਪਾਸ, ਅਨੰਦਪੁਰ ਸਾਹਿਬ ਕਸ਼ਮੀਰੀ ਪੰਡਿਤ ਪਹੁੰਚੇ ਆ। ਉਥੇ ਉਹਨਾਂ ਨੇ ਪਹੁੰਚ ਕੇ ਅਰਦਾਸ ਕੀਤੀ, ਮੂੰਹ 'ਚ ਘਾਹ ਲਿਆ, ਛਾਤੀ 'ਚ ਠੰਡੇ ਹਉਕੇ ਆ, ਬੁੱਲਾਂ ਤੇ ਸਿਕਰੀ ਆ, ਬਸਤਰ ਫਟੇ ਆ, ਛਿੱਤਰ ਟੁੱਟੇ ਆ, ਸਿਰ 'ਤੇ ਕਿਸੇ ਦੇ ਚੱਜ ਦਾ ਦੁੱਪਟਾ ਨਹੀਂ। ਹਦਵਾਣਿਆਂ ਵਰਗੇ ਸਿਰ ਕੱਢੇ ਆ। ਆ ਕੇ ਗੁਰੂ ਦੇ ਪਾਸ ਕਹਿੰਦੇ ਚੋਜੀ ਪ੍ਰੀਤਮ, ਕ੍ਰਿਪਾ ਕਰੋ ਤੁਸਾਂ ਪਹਿਲਿਆਂ ਸਰੂਪਾਂ ਵਿੱਚ ਬਾਣੀ ਉਚਾਰੀ ਆ,

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥

(ਬਿਹਾਗੜਾ ਮ: ੫, ੫੪੪)

ਕਿਰਪਾ ਕਰਕੇ ਅਸੀਂ ਮਜ਼ਲੂਮ ਆਂ, ਸਾਡੀ ਲਾਜ਼ ਰੱਖੋ, ਸਾਡੀ ਬਾਂਹ ਪਕੜ ਲਵੋ । ਕਿਸੇ ਸਿਆਣੇ ਨੇ ਗੁਰੂ ਦੇ ਪ੍ਰਥਾਏ ਕਿਹਾ,

ਚਿਤ ਚਰਨ ਕਮਲ ਕਾ ਆਸਰਾ ਚਿਤ ਚਰਨ ਕਮਲ ਸੰਗ ਜੋੜੀਐ ॥
ਮਨ ਲੋਚੈ ਬੁਰਿਆਈਆਂ ਗੁਰਪ੍ਰਸਾਦੀ ਇਹ ਮਨ ਹੋੜੀਐ ॥
ਬਾਂਹਿ ਜਿੰਨਾ ਦੀ ਪਕੜੀਐ ਸਿਰ ਦੀਜੈ ਬਾਂਹਿ ਨ ਛੋਡੀਐ ॥
ਗੁਰੂ ਤੇਗ ਬਹਾਦਰ ਬੋਲਿਆ ਧਰ ਪਈਐ ਧਰਮ ਨ ਛੋਡੀਐ ॥

ਉਸ ਚੋਜੀ ਪ੍ਰੀਤਮ ਨੇ ਬਾਂਹ ਪਕੜੀ ਆ । ਜਿਵੇਂ ਭੁੱਖੇ ਨੂੰ ਰੋਟੀ ਮਿਲ ਜਾਏ, ਪਿਆਸੇ ਨੂੰ ਪਾਣੀ ਤੇ ਕੋਈ ਮੌਤ ਦੇ ਮੂੰਹ 'ਚੋਂ, ਸ਼ੇਰ ਦੇ ਮੂੰਹ 'ਚੋਂ, ਤੇ ਅੱਗ ਵਿੱਚੋਂ ਨਿਕਲ ਜਾਵੇ (ਤਾਂ) ਜਿੰਨੀ ਖੁਸ਼ੀ ਉਸ ਨੂੰ ਹੁੰਦੀ ਆ, ਉਹ ਕਸ਼ਮੀਰੀ ਪੰਡਿਤ ਇੰਨੀ ਖੁਸ਼ੀ ਲੈ ਕੇ ਦਿੱਲੀ ਨੂੰ ਚੱਲ ਰਹੇ ਆ । ਚੋਜੀ ਪ੍ਰੀਤਮ ਨੇ ਕਮਰ ਕੱਸਾ ਕੀਤਾ ਤੇ ਦਿੱਲੀ ਨੂੰ ਪਿਆਨਾ ਕੀਤਾ । ਰਾਹ ਵਿੱਚ ਦੁਨੀਆਂ ਨੂੰ ਤਾਰੂਦੇ, ਅਜ਼ਾਲੀ ਦੇ ਕੋਲ ਪਹੁੰਚੇ ਨੇ । ਉਹਦੀ ਭਾਵਨਾ ਪੂਰੀ ਕਰਕੇ, ਚੋਜੀ ਪ੍ਰੀਤਮ ਦਿੱਲੀ ਪਹੁੰਚੇ । ਨੌਰੰਗੇ ਦੇ ਨਾਲ ਸਵਾਲ ਜਵਾਬ ਹੋਏ ਹਨ । ਉਥੇ ਸਤਿਗੁਰੂ ਗਰੀਬ ਨਿਵਾਜ਼ ਜੀ ਨੂੰ ਸ਼ਹੀਦ ਕਰਨ ਦੀਆਂ ਘੜਤਾਂ ਘੜੀਆਂ । ਭਾਈ ਮਤੀ ਦਾਸ ਨੂੰ ਕਿਹਾ ਕਿ ਤੂੰ ਤੰਬਾਕੂ ਪੀ ਲਾ, ਘੁੱਟ ਸ਼ਰਾਬ ਪੀ ਲਾ, ਤੰਬਾਕੂ ਚੱਬ ਲੈ । ਇੱਕ ਵੇਰਾਂ ਕਹਿ ਦੇਹ (ਕਿ) ਮੈਂ ਗੁਰੂ ਕਾ ਸਿੱਖ ਨਹੀਂ, ਤੈਨੂੰ ਮੈਂ ਆਪਣੀ ਲੜਕੀ ਦਾ ਡੋਲਾ ਦੇ ਦਿਆਂਗਾ । ਭਾਈ ਮਤੀ ਦਾਸ ਨੇ ਜੁੱਤੀ ਦੀ ਨੋਕ ਨਾਲ ਨੌਰੰਗੇ ਦੀ ਲੜਕੀ ਦੇ ਡੋਲੇ ਨੂੰ ਠੁਕਰਾਉਂਦਿਆਂ ਹੋਇਆਂ ਜੋ ਉਸ ਵੇਲੇ ਉੱਤਰ ਦਿੱਤਾ । ਸਤਿਗੁਰੂ ਦੇ ਪਾਸ ਗਿਆ ਭਾਈ ਮਤੀ ਦਾਸ । ਮਹਾਰਾਜ ਨੇ ਪੁੱਛਿਆ, ਸੁਣਾ ਸੂਰਮਿਆਂ ਕੀ ਹਾਲ ਆ ? ਕਹਿਣ ਲੱਗਾ ਜੀ ਕਿਰਪਾ (ਪਰ) ਪਰਚਾ ਬੜਾ ਕਰੜਾ, ਮੈਂ ੯੯ ਨੰਬਰ ਨਹੀਂ ਲੈਣਾ ਚਾਹੁੰਦਾ ੧੦੦/੧੦੦ ਚਹੁੰਨਾ । ਕਿਰਪਾ ਕਰਿਉ ਮੇਰੇ 'ਤੇ ਸਿੱਖੀ 'ਚ ਪਾਸ ਹੋਵਾਂ । ਗੁਰੂ ਘਰ ਵਿੱਚ ਸਭ ਤੋਂ ਪਹਿਲਾਂ ਸ਼ਹੀਦੀ ਪੰਜਵੇਂ ਪਾਤਿਸ਼ਾਹ ਜੀ ਦੀ ਆ । ਸਿੱਖਾਂ ਵਿੱਚੋਂ ਧਰਮ ਵਾਸਤੇ ਮੇਰੀ ਸ਼ਹੀਦੀ ਹੋਣ ਲੱਗੀ ਆ । ਕਿਰਪਾ ਕਰੋ, ਮੈਂ ਨਿਭ ਜਾਵਾਂ । ਆਉਣ ਵਾਲੀ ਪੀੜੀ ਇਥੋਂ ਰਸਤਾ ਲੈ ਕੇ ਤੇ ਕੁਰਬਾਨੀ ਵਾਸਤੇ ਤਿਆਰ ਹੋ ਸਕੇ । ਜੋ ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਭਾਈ ਮਤੀ ਦਾਸ ਨੂੰ ਚਾਂਦਨੀ ਚੌਂਕ ਵਿੱਚ ਪਿੰਜਰੇ 'ਚ ਬੈਠ ਕੇ, ਧਰਮ ਦੀ ਰਾਖੀ ਵਾਸਤੇ ਉਪਦੇਸ਼ ਦਿੱਤਾ । ਗਲ਼ਾ ਤੇ ਇਜ਼ਾਜਤ ਨਹੀਂ ਦਿੰਦਾ ਪਰ ਜਿੰਨਾ ਕੁ ਬੋਲਿਆ ਜਾਵੇਗਾ....., ਤੁਸੀਂ ਜਰਾ ਗੱਜ ਕੇ ਬੋਲ ਲਿਉ । ਭਾਈ ਮਤੀ ਦਾਸ ਨੂੰ ਚਾਂਦਨੀ ਚੌਕ ਪਿੰਜਰੇ 'ਚ ਬੈਠ ਕੇ, ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਆਪਣੇ ਪਿਆਰੇ ਨੂੰ ਧਰਮ ਵਾਸਤੇ ਕੀ ਕਹਿ ਰਹੇ ਆ ?

ਸੰਤ - ਦਿਤਿਆਂ ਬਾਜ ਨਹੀਂ ਰਹਿਣਾ, ਧਰਮ ਸਿਰ ਦਿਤਿਆਂ ਬਾਜ ਨਹੀਂ ਰਹਿਣਾ ॥
ਸੰਗਤ - ਦਿਤਿਆਂ ਬਾਜ ਨਹੀਂ ਰਹਿਣਾ ਧਰਮ ਸਿਰ ਦਿਤਿਆ ਬਾਜ ਨਹੀਂ ਰਹਿਣਾ ॥

ਇਹ ਇੰਨੇ ਨਾਲ ਤੇ (ਧਰਮ) ਨਹੀਂ ਰੱਖਿਆ ਜਾਣਾ, ਇੰਨੀ ਗਿਣਤੀ 'ਚ ਤੇ ਬੋਲਦੇ ਚੂੰ ਚੂੰ ਕਰਕੇ, ਕੀ ਗੱਲ ਆ ? ਕਿਸੇ ਲੀਡਰ ਦਾ ਤੇ ਸਾਧ ਦਾ ਜੈਕਾਰਾ ਲਾਉਣਾ ਹੋਵੇ (ਤਾਂ) ਗੂੰਜਾਂ ਪਾ ਦੇਨੇ ਆਂ (ਇਹ ਤਾਂ) ਧਰਮ ਦੀ ਗੱਲ ਆ । ਸੌਂ ਤੇ ਨਹੀਂ ਗਏ ਜਾਂ ਗਰਮੀ ਤਾਂ ਨਹੀਂ ਆ ਗਈ ? ਗੱਜ ਕੇ ਬੋਲਿਆ ਕਰੋ, ਇਥੇ ਮੀਸਾ ਨਹੀਂ ਲੱਗਦੀ, ਗੁਰੂ ਦੇ ਦਰਬਾਰ 'ਚ ਆਂ । ਉਹ ਉਥੇ ਗਾਂਧੀ ਦੇ ਦਰਬਾਰ 'ਚ ਲੱਗਦੀ ਆ । ਗੁਰੂ ਹਰਿਗੋਬਿੰਦ ਸਾਹਿਬ ਦੇ ਦਰਬਾਰ 'ਚ ਮੀਸਾ ਟੁੱਟਦੀ ਆ, ਬਵੰਜਾ ਬਵੰਜਾ ਦੀ ।

ਸੰਤ – ਦਿਤਿਆਂ ਬਾਜ ਨਹੀਂ ਰਹਿਣਾ ਧਰਮ ਸਿਰ ਦਿਤਿਆਂ ਬਾਜ ਨਹੀਂ ਰਹਿਣਾ ॥
ਦਿਤਿਆਂ ਬਾਜ ਨਹੀਂ ਰਹਿਣਾ ਧਰਮ ਸਿਰ ਦਿਤਿਆਂ ਬਾਜ ਨਹੀਂ ਰਹਿਣਾ ॥
ਸੰਗਤ – ਦਿਤਿਆਂ ਬਾਜ ਨਹੀਂ ਰਹਿਣਾ ਧਰਮ ਸਿਰ ਦਿਤਿਆਂ ਬਾਜ ਨਹੀਂ ਰਹਿਣਾ ॥
ਦਿਤਿਆ ਬਾਜ ਨਹੀਂ ਰਹਿਣਾ ਧਰਮ ਸਿਰ ਦਿਤਿਆਂ ਬਾਜ ਨਹੀਂ ਰਹਿਣਾ ॥

ਖ਼ਾਲਸਾ ਜੀ ਇਹ ਨਾਹਰਾ ਲਾਇਆ ਸੀ, ਅੱਜ ਉਹ ਸਮਾਂ ਫਿਰ ਆ । ਭਾਈ ਮਤੀ ਦਾਸ ਨੂੰ ਕਿਹਾ ਸੀ,

ਸਿਰ ਜਾਵੇ ਤਾਂ ਜਾਵੇ ਮੇਰਾ ਸਿਖੀ ਸਿਦਕ ਨਾ ਜਾਵੇ ॥

ਪਰ ਅਫਸੋਸ ਆ, ਸਾਰੇ ਨਹੀਂ, ਕੁਝ ਲੋਕ ਕੁਰਸੀ ਦੇ ਲਾਲਚੀ ਇਹ ਕਹਿੰਦੇ ਆ :

ਧਰਮ ਜਾਵੇ ਤਾਂ ਜਾਵੇ ਸਾਡੀ ਕੁਰਸੀ ਕਿਤੇ ਨ ਜਾਵੇ ॥

ਤੇ ਨੌਜੁਆਨ ਪੀੜੀ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ :

ਧਰਮ ਜਾਵੇ ਤਾਂ ਜਾਵੇ ਦਾਹੜੀ ਸਾਡੇ ਮੁੰਹ 'ਤੇ ਨਾ ਆਵੇ ॥

ਉਹ ਕਿਹਦੇ ਲਿਆਉਣੀ ਆਂ ? ਮੈਂ ਨੌਜੁਆਨ ਦਾਹੜੀ ਕੱਟੇ ਵੀਰਾਂ ਨੂੰ ਕਹਾਂਗਾ, ਅੱਜ ਇਥੇ ਆਏ ਉਂ ਪ੍ਰਣ ਕਰੋ ਕਿ ਦਾਹੜੀ ਰੱਖਾਂਗੇ, ਨਸ਼ੇ ਛੱਡਾਂਗੇ, ਅੰਮ੍ਰਿਤ ਛਕਾਂਗੇ ਤੇ ਜੇ ਦਾਹੜੀ ਲੱਗਦੀ ਆ ਭਾਰੀ ਤੇ ਇਥੇ ਅਰਦਾਸ ਬੜੀ ਛੇਤੀ ਪੂਰੀ ਹੁੰਦੀ ਆ । ਇਥੇ ਅਰਦਾਸ ਕਰੋ, ਸੱਚੇ ਪਾਤਿਸ਼ਾਹ ਤੁਸਾਂ ਕਿਰਪਾ ਕੀਤੀ ਆ, ਸਾਨੂੰ ਮਰਦ ਬਣਾਇਆ ਤੇ ਸਿੱਖਾਂ ਦੇ ਘਰੇ ਜਨਮ ਦਿੱਤਾ, ਪਰ ਸਾਨੂੰ ਇਹ ਸਿੱਖੀ ਤੇ ਮਰਦਪੁਣਾ ਚੰਗਾ ਨਹੀਂ ਲੱਗਦਾ, ਕਿਰਪਾ ਕਰਕੇ ਸਾਨੂੰ ਬੀਬੀਆਂ ਬਣਾ ਦੇਹ ਤੇ ਬੀਬੀਆਂ ਨੂੰ ਮਰਦ ਬਣਾ ਦੇਹ । ਇਹ ਵਟਾਂਦਰਾ ਕਰ ਲਉ । ਕਈ ਕਹਿੰਦੇ ਤੂੰ ਬੀਬੀਆਂ ਨੂੰ ਮਾੜਾ ਗਿਣਦਾ । ਮਾੜਾ ਨਹੀਂ, ਇਹ ਸ਼ਰਮ ਦੇਣ ਵਾਲੀ ਗੱਲ ਆ, ਮਾੜਾ ਨਹੀਂ..... ਤੇ ਕਈ ਇਹ ਵੀ ਇਤਰਾਜ਼ ਕਰਦੀਆਂ ਸਾਡੀਆਂ ਭੈਣਾਂ, ਸੰਤ ਜੀ ਪੰਜਾਂ ਪਿਆਰਿਆਂ ਦਾ ਪ੍ਰਸ਼ਾਦਿ ਨਹੀਂ ਸਾਨੂੰ ਦਿੰਦੇ, ਸਾਨੂੰ ਪੰਜਾਂ ਪਿਆਰਿਆਂ 'ਚ ਨਹੀਂ ਲਾਉਂਦੇ, ਮੈਂ ਮਾਈਆਂ ਨੂੰ ਵੀ ਬੇਨਤੀ ਕਰਾਂਗਾ (ਕਿ) ਮਾਈਉ, ਤੁਹਾਡੇ ਨਾਲ ਕਿਸੇ ਸਿੱਖ ਦੀ ਈਰਖਾ ਨਹੀਂ, ਕਿਸੇ ਦਾ ਕੋਈ ਵਿਤਕਰਾ ਨਹੀਂ, ਪਰ ਇਹ ਕੰਮਜ਼ੋਰੀ ਤੁਹਾਡੀ ਆ ਮੇਰੇ ਵੱਸ ਦੀ ਗੱਲ ਨਹੀਂ । ਜਿਸ ਵੇਲੇ ਚੋਜੀ ਪ੍ਰੀਤਮ ਨੇ (ਸੰਮਤ) ੧੭੫੬ ਵਿੱਚ ਸਿਰ ਮੰਗੇ ਸੀ, ਇਹ ਨਹੀਂ ਸੀ ਕਿਹਾ ਸਿੱਖ ਦਾ ਸਿਰ ਚਾਹੀਦਾ ਮਰਦ ਦਾ ਜਾਂ ਜਨਾਨੀ ਦਾ । ਇਹ ਕਿਹਾ ਸੀ ਇੱਕ ਸਿਰ ਚਾਹੀਦਾ । ਉਸ ਵੇਲੇ ੮੦ ਹਜ਼ਾਰ ਦੇ ਇਕੱਠ ਵਿੱਚੋਂ ਕਿਸੇ ਮਾਈ ਨੇ ਉੱਠ ਕੇ ਸਿਰ ਕ੍ਰਿਪਾਨ ਨਾਲ ਨਹੀਂ ਸੀ ਵਢਵਾਇਆ ਤੇ ਜਿਹਨੇ ਸਿਰ ਵਢਵਾਇਆ ਪ੍ਰਸ਼ਾਦਿ ਉਸੇ ਨੂੰ ਮਿਲਣਾ, ਦੂਜੇ ਨੂੰ ਕਿੱਥੋਂ ਮਿਲੇ । ਇਸ ਵਾਸਤੇ ਸਾਡੇ ਮਨ 'ਚ ਤੇ ਵਿਤਕਰਾ ਹੈ ਨਹੀਂ, ਪਰ ਜੇ ਕੋਈ ਕਰਦਾ, (ਇਹ) ਉਹਨਾਂ ਦੀ ਮਰਜ਼ੀ ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਇਸ ਵੇਲੇ ਜੈਕਾਰੇ ਤਾਂ ਛੱਡ ਦਿੱਤੇ ਮਾਈਆਂ ਦਾ ਨਾਂਅ ਲੈ ਕੇ, ਪਰ ਇਸ ਮੋਰਚੇ 'ਚ ਹਿੱਸਾ ਮਾਈਆਂ ਦਾ ਆਪਣੇ ਨਾਲੋਂ ਘੱਟ ਨਹੀਂ ਗਾ ਤੇ ਬਾਕੀ ਠੀਕ ਆ ਮਾਈਆ ਬੇਦੋਸ਼ ਆ । ਸੰਤ ਜੰਮੇਂ, ਭਗਤ ਜੰਮੇਂ, ਕੋਈ ਗੁਰੂ ਦਾ ਨਾਂਅ ਲੈ ਕੇ ਜੰਮੇਂ, ਕੋਈ ਅਵਤਾਰ ਜੰਮੇਂ, ਇਹਨਾਂ ਤੋਂ ਹੀ ਜੰਮੇਂ ਆ । ਖਿਆਲ ਵੀ ਕਰਿਆ ਕਰੋ ਕੁਝ ਤੇ ਇਕੱਠੇ ਰਹੋ । ਜੇ ਬੋਲਦੇ ਤੋਂ ਮੈਥੋਂ ਕੋਈ ਕੌੜਾ ਸ਼ਬਦ ਵਰਤਿਆ ਗਿਆ ਹੋਵੇ, ਸਾਧ ਸੰਗਤ ਦੇ ਦਰ ਦਾ ਨਿਮਾਣਾ ਸੇਵਕ ਜਾਣ ਕੇ, ਅਨਪੜ੍ਹ ਤੇ ਭੁਲੜ ਸਮਝ ਕੇ, ਸਾਰੀ ਸੰਗਤ ਮੁਆਫ਼ੀ

ਦਿਉ ਤੇ ਦੁਬਾਰਾ ਸਮਾਪਤੀ ਵਿੱਚ ਫਿਰ ਬੇਨਤੀ ਕਰਦਾਂ, ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋ ਜਾਵੋ ਤੇ ਸ਼ਸ਼ਤਰ ਲਵੋ। ਜੋ ਹੁਕਮ ਪੰਥ ਦਾ ਮਿਲੇਗਾ, ਉਹਨੂੰ ਮੰਨੋ ਤੇ ਗ਼ੁਲਾਮੀਂ ਗਲੋਂ ਲਾਉਣ ਵਾਸਤੇ ਤਤਪਰ ਜ਼ਰੂਰ ਰਹੋ। ਜਿਹੜੇ ਪੁੱਛਦੇ ਭਈ ਤੇਰੇ ਮਨ ਵਿੱਚ ਕੀ ਆ ? ਇਹ ਗੁਰੂ ਸਾਹਿਬ ਜਾਣਦੇ, ਜਦੋਂ ਸਮਾਂ ਆਵੇਗਾ, ਆਪੇ ਪਤਾ ਲੱਗ ਜਾਏਗਾ। ਚਲਣਾ ਆਪਾਂ ਸਾਰਿਆਂ ਨੇ ਰਲ਼ ਕੇ ਹੀ ਆ, ਸ਼ੰਕਾ ਦੇ ਸ਼ਿਕਾਰ ਨਾ ਹੋਇਆ ਕਰੋ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੧੨.

(ਦੀਵਾਨ ਹਾਲ ਮੰਜੀ ਸਾਹਿਬ, ਅੰਮ੍ਰਿਤਸਰ, ੧੮-੦੫-੧੯੯੩)

ਸਟੇਜ ਸੈਕਟਰੀ - ਬੇਨਤੀ ਹੈ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਸੇਵਾ ਵਿੱਚ ਕਿ ਉਹ ਸੰਗਤ ਨੂੰ ਸੰਬੋਧਨ ਕਰਨ ਅਤੇ ਜਾਣ ਵਾਲੇ ਜਥਿਆਂ ਨੂੰ ਸ਼ੁਭ ਕਾਮਨਾਵਾਂ ਭੇਟ ਕਰਨ । ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸਤਿਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਵਿੱਤਰ ਹਜ਼ੂਰੀ ਵਿੱਚ, ਬੈਠੇ ਹੋਏ ਖ਼ਾਲਸਾ ਜੀ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਪਿਆਰੇ ਖ਼ਾਲਸਾ ਜੀ, ਸਤਿਗੁਰੂ ਜੀ ਦੀ ਪਵਿੱਤਰ ਗੋਦ ਵਿੱਚ ਸੱਜ ਕੇ ਆਪ ਜੀ ਨੇ, ਗੁਰਮੁਖ ਪਿਆਰਿਆਂ ਦੇ ਪਾਸੋਂ ਸੋਹਣੇ ਵਿਚਾਰ ਸੁਣੇ ਹਨ । ਸਤਿਕਾਰ ਯੋਗ ਸੰਤ ਬਾਬਾ ਹਰਚੰਦ ਸਿੰਘ ਜੀ ਲੌਂਗੋਵਾਲ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਾਹਿਬ ਦੇ ਵਿਚਾਰ ਸੁਣ ਕੇ, ਤੁਸਾਂ ਨੇ ਆਉਣ ਵਾਲੇ ਸਮੇਂ ਦੇ ਸੰਬੰਧ ਵਿੱਚ ਜ਼ਰੂਰ ਅਨੁਭਵ ਕੀਤਾ ਹੋਵੇਗਾ । ਜੋ ਕਾਫੀ ਸਮੇਂ ਤੋਂ ਲੈ ਕੇ, ਪੰਜਾਬ ਦੇ ਹਿੱਤਾਂ ਦੀ ਰਾਖੀ ਵਾਸਤੇ, ਮਜ਼ਲੂਮਾਂ ਦੀ ਸਹਾਇਤਾ ਵਾਸਤੇ ਆਪਣੇ ਹੱਕਾਂ ਦੀ ਪ੍ਰਾਪਤੀ ਵਾਸਤੇ, ਇਹ ਸੰਘਰਸ਼ ਚੱਲ ਰਿਹਾ ਹੈ ਸ਼ਾਂਤਮਈ ਢੰਗ ਦੇ ਨਾਲ ਅਤੇ ਹੁਣ ਵੀ ਆਪਾਂ ਇਹ ਹੀ ਪ੍ਰੋਗਰਾਮ ਸੁਣਦੇ ਕੀਤਾ ਹੈ ਕਿ ਜੋ ਪਾਲਸੀ ਪ੍ਰੋਗਰਾਮ ਹੈ ਉਹ ਸ਼ਾਂਤਮਈ ਹੈ ਤੇ ਸਿੱਖ ਹਮੇਸ਼ਾ ਹੀ ਸ਼ਾਂਤਮਈ ਰਹਿੰਦਾ ਹੈ, ਰਹਿ ਰਿਹਾ ਹੈ ਤੇ ਰਹਿਣ ਦੀ ਕੋਸ਼ਿਸ਼ ਕਰੇਗਾ, ਪਰ ਸ਼ਾਂਤਮਈ ਚੱਲਣ ਵਾਲਿਆਂ ਦੇ ਉੱਪਰ ਜਦੋਂ ਅਤਿਅੰਤ ਤਸ਼ੱਦਦ ਹੋਣਾ ਸ਼ੁਰੂ ਹੋ ਜਾਵੇ । ਉਸ ਵੇਲੇ ਨੌਜੁਆਨ ਪੀੜੀ ਦੇ ਵਿੱਚੋਂ ਸਤਿਗੁਰੂ ਹਰਿਗੋਬਿੰਦ ਸਾਹਿਬ ਸੱਚੇ ਪਾਤਿਸ਼ਾਹ ਜੀ ਦੇ ਰਸਤੇ ਨੂੰ ਅਖ਼ਤਿਆਰ ਕਰਨ ਵਾਲੇ, ਕੁਝ ਸ਼ਾਂਤਮਈ ਦੇ ਰਸਤੇ ਨੂੰ ਛੱਡ ਕੇ ਜ਼ਰੂਰ ਚੱਲਣਾ ਪਸੰਦ ਕਰਦੇ ਆ । ਜਦੋਂ ਕਿਸੇ ਵੀ ਥਾਂ ਤੇ ਕੋਈ ਵੀ ਵਕੀਲ, ਦਲੀਲ ਤੇ ਅਪੀਲ ਨਾ ਰਹਿ ਜਾਵੇ, ਉਸ ਵੇਲੇ ਮਜ਼ਬੂਰਨ ਗੁਰ ਸਿੱਖ ਨੂੰ ਉਹ ਰਸਤਾ ਅਪਨਾਉਣਾ ਪੈਂਦਾ ਹੈ । ਬੜੀ ਭਾਰੀ ਸ਼ਾਂਤੀ ਸਿੰਘਾਂ ਨੇ ਰੱਖੀ ਆ । ਸ਼ਾਂਤਮਈ ਢੰਗ ਨਾਲ ਚੱਲ ਰਹੇ ਹਾਂ ਤੇ ਚੱਲਣ ਦਾ ਅੱਗੋਂ ਹੁਕਮ ਹੈ ਤੇ ਚੱਲਣਾ ਵੀ ਹੈ, ਪਰ ਜਿਹੜਾ ਤਰੀਕਾ ਇਹ ਗੌਰਮੈਂਟ ਨੇ ਅਪਨਾਉਣਾ ਸ਼ੁਰੂ ਕਰ ਦਿੱਤਾ, ਹੋ ਸਕਦਾ ਹੈ ਕਿ ਉਸ ਦੇ ਨਾਲ ਆਉਣ ਵਾਲਾ ਜੋ ਭਵਿੱਖ ਹੈ, ਉਹ ਬੜਾ ਭਾਰੀ ਧੁੰਧਲਾ ਹੋ ਜਾਵੇ ਤੇ ਸ਼ਾਇਦ ਸਿੱਖਾਂ ਦਾ ਇਰਾਦਾ ਤੇ ਹੈ ਨਹੀਂ ਪਰ ਸਮੇਂ ਦੀ ਮਜ਼ਬੂਰੀ ਕਾਰਨ ੪੭ ਨਾਲੋਂ ਵੀ ਭਿਆਨਕ ਸਮਾਂ ਬਣ ਜਾਵੇ.....। ਇਸ ਪਵਿੱਤਰ ਹਰਿਮੰਦਰ ਸਾਹਿਬ ਦੀ

ਪਵਿੱਤਰਤਾ ਨੂੰ ਕਾਇਮ ਰੱਖਣ ਵਾਸਤੇ, ਸਿੱਖ ਨੇ ਆਪਣਾ ਤਨ, ਮਨ ਤੇ ਧਨ ਸਾਰਾ ਕਿਤੇ ਵੀ ਲਾਉਣ ਤੋਂ ਸੰਕੋਚ ਨਹੀਂ ਕੀਤਾ ਤੇ ਹੁਣ ਵੀ ਨਹੀਂ ਕਰਦਾ ਤੇ ਨਾ ਅਗਾਂਹ ਨੂੰ ਹੀ ਕਦੇ ਕਰੇਗਾ।

ਹਰਿਮੰਦਰ ਸਾਹਿਬ 'ਤੇ ਹਮਲਾ ਕਰਨ ਲਈ ਸੋਚਣ ਵਾਲਿਆਂ ਨੂੰ ਚਿਤਾਵਨੀ

ਹਕੂਮਤ ਵਾਲਿਆਂ ਨੂੰ ਇੱਕ ਗੱਲ ਕਹਿਣੀ ਯੋਗ ਸਮਝਦਾ ਹਾਂ ਕਿ ਜੇ ਬੈਠ ਕੇ ਤੇ ਆਪਣਿਆਂ ਕੁਆਟਰਾਂ ਦੇ ਵਿੱਚ, ਆਪਣੀਆਂ ਕੋਠੀਆਂ ਦੇ ਵਿੱਚ ਘਾੜਤਾਂ ਘੜਨੀਆਂ ਸ਼ੁਰੂ ਕਰ ਦਿੱਤੀਆਂ ਕਿ ਕੋਈ ਤਰੀਕਾ ਅਪਣਾਇਆ ਜਾਵੇ ਕਿ ਲੌਂਗੋਵਾਲ ਨੂੰ ਤੇ ਭਿੰਡਰਾਂਵਾਲੇ ਨੂੰ ਖਤਮ ਕੀਤਾ ਜਾਵੇ ਜਾਂ ਚੁੱਕ ਕੇ ਲਿਆਂਦਾ ਜਾਵੇ। ਗੌਰਮੈਂਟ ਵਾਲਿਉ ਜ਼ਰਾ ਖਿਆਲ ਨਾਲ ਸੁਣ ਲਿਉ। ਬੜੀਆਂ ਭਾਰੀ ਹਕੂਮਤਾਂ ਇਦੋਂ ਪਹਿਲਾਂ ਹੋ ਚੁੱਕੀਆਂ, ਜਿਹੜੀਆਂ ਗੁਰੂਆਂ ਨੂੰ ਵੀ ਚੁੱਕਣ ਦਾ ਜ਼ੋਰ ਲਾਉਂਦੀਆਂ ਰਹੀਆਂ, ਪਰ ਅਸੀਂ ਉਸ ਪਿਤਾ ਦੇ ਪੁੱਤਰ ਹਾਂ, ਜਿਸ ਪਿਤਾ ਨੇ ੧੦ ਲੱਖ ਦੇ ਘੇਰੇ ਵਿੱਚ ਬੈਠ ਕੇ ਤੇ ਕੇਵਲ ੪੦ ਸਿੰਘਾਂ ਨੂੰ ਨਾਲ ਲੈ ਕੇ (ਵੈਰੀ ਦੇ) ਦੰਦ ਖੱਟੇ ਕੀਤੇ ਸੀ। ਤੁਹਾਡੇ ਕੋਲੋਂ ਹੋ ਸਕਦਾ ਕਿ ਉਨਾ ਘੇਰਾ ਵੀ ਨਾ ਪੈ ਸਕੇ ਤੇ ਸਾਡੇ ਕੋਲ ਜ਼ਰਾ ਕੁ ਸ਼ਕਤੀ ਘੱਟ ਹੋਵੇਗੀ, ਕਿਉਂਕਿ ਉਹ ਸਮਰੱਥ ਗੁਰੂ ਸੀ ਅਣੇ ਅਸੀਂ ਤਾਂ ਉਹਦੇ ਪੁੱਤਰ ਹਾਂ, ਪਰ ਇੰਨਾ ਚੇਤਾ ਜ਼ਰੂਰ ਰੱਖਿਉ, ਇਰਾਦਾ ਤਾਂ ਭਾਵੇਂ ਅਜੇ ਹੈ ਨਹੀਂ, ਪਰ ਜਿਹੜਾ ਚੁੱਕਣ ਆਇਆ, ਉਹ ਆਪਣਾ ਕੱਫਨ ਜ਼ਰੂਰ ਸਿਰ ਤੇ ਬੰਨ ਕੇ ਆਵੇ, ਖਾਲੀ (ਜ਼ਿੰਦਾ) ਨਹੀਂ ਕਿਸੇ ਨੇ ਮੁੜਨਾ, ਇਹ ਚੇਤਾ ਰੱਖ ਲਿਉ। ਇਸ ਹਰਿਮੰਦਰ ਸਾਹਿਬ ਦੀ ਬਾਬਤ, ਚਾਹੇ ਕੋਈ ਬੀਬੀ ਹੈ, ਚਾਹੇ ਕੋਈ ਬੱਚਾ ਹੈ ਤੇ ਚਾਹੇ ਕੋਈ ਗੁਰੂ ਕ੍ਯਾ ਸਿੰਘ ਹੈ, ਕੁਤਰਾ ਕੁਤਰਾ ਹੋ ਜਾਵੇਗਾ ਪਰ ਹਰਿਮੰਦਰ ਸਾਹਿਬ ਦੀ ਬੇ-ਅਦਬੀ ਨੂੰ ਕਦੀ ਬਰਦਾਸ਼ਤ ਨਹੀਂ ਕਰੇਗਾ।

ਹਰਿਮੰਦਰ ਸਾਹਿਬ 'ਤੇ ਹਮਲੇ ਦੀ ਸੂਰਤ ਵਿੱਚ ਸਿੰਘਾਂ ਨੂੰ ਤਿਆਰ ਰਹਿਣ ਦੀ ਅਪੀਲ

ਸੋ ਮੈਂ ਨੌਜੁਆਨਾਂ ਨੂੰ ਵੀ ਬੇਨਤੀ ਕਰਾਂਗਾ, ਰੱਖਣੀ ਸ਼ਾਂਤੀ ਹੈ, ਪਰ ਸ਼ਾਂਤੀ ਦੀ ਵੀ ਕੋਈ ਹੱਦ ਹਦੂਦ ਹੈ। ਤੱਤੀ ਤਵ੍ਹੀ 'ਤੇ ਬੈਠਣਾ ਸ਼ਾਂਤੀ ਹੈ, ਪਿੰਜਰੇ 'ਚ ਬੰਦ ਰਹਿ ਕੇ ਸਰੀਰ ਕਟਾ ਲੈਣਾ ਸ਼ਾਂਤੀ ਹੈ। ਹੁਣ ਤਾਂ ਇਸ਼ਟ ਨੂੰ ਵੀ ਅੱਗ ਲੱਗ ਗਈ ਹੈ, ਇਦੋਂ ਵਧ ਸ਼ਾਂਤੀ ਕੀ ਹੋਵੇਗੀ ? ਨਿਤਾ ਪ੍ਰਤੀ ਪ੍ਰਧਾਨ ਸਾਹਿਬ ਇਥੇ ਬੋਲਦੇ ਆ, ਹੋਰ ਵੀ ਸੰਗਤ ਬੋਲਦੀ ਆ ਤੇ ਉਹਨਾਂ ਨੇ ਮਨਸੂਬੇ ਘੜਨੇ ਸ਼ੁਰੂ ਕਰ ਦਿੱਤੇ ਆ.....। ਅਖੇ ਜੀ ਫਲਾਣੇ ਥਾਂ 'ਤੇ ਇੰਨੇ ਬੰਦੇ ਖਲਿਆਰ ਦਿਉ, ਫਲਾਣੇ ਥਾਂ 'ਤੇ ਇੰਨੇ। ਗੁਰੂ ਕੇ ਸਿੰਘੋ ਬੇਨਤੀ ਕਰਾਂਗਾ ਸਾਰੀ ਸੰਗਤ ਦੇ ਚਰਨਾਂ ਵਿੱਚ, ਜਿਹੜੇ ਬਾਹਰ ਵੀ ਸੁਣਦੇ ਹੋਂ.....। ਪਿੰਡਾਂ ਵਿੱਚ ਵੀ ਜਾ ਕੇ ਸਾਵਧਾਨ ਕਰ ਦੇਣਾ ਸੰਗਤ ਨੂੰ (ਕਿ) ਜਿੰਦੋਂ ਹਰਿਮੰਦਰ ਸਾਹਿਬ ਦੀ ਹਦੂਦ ਦੇ ਅੰਦਰ, ਕੁਰਸੀ ਦਾ ਕੋਈ ਵੀ ਲਾਲਚੀ ਆ ਕੇ, ਧੱਕੇਜ਼ੋਰੀ ਕਰਕੇ, ਆਪਣੀ ਬੰਦੂਕ ਦੀ ਨੋਕ ਨਾਲ ਸਿੱਖ ਕੌਮ ਨੂੰ ਮਕਾਉਣ ਦਾ ਕੋਈ ਯਤਨ ਕਰੇਗਾ, ਉਸ ਦਿਨ ਪਿੰਡਾਂ ਦੇ ਵਿੱਚ ਕਿਸੇ ਵੀ ਸਿੰਘ ਨੇ ਢਿੱਲ ਨਹੀਂ ਕਰਨੀ ਗੀ। ਵਾਧਾ ਨਹੀਂ ਕਰਨਾ ਕਿਸੇ 'ਤੇ, ਧੱਕਾ ਨਹੀਂ ਕਰਨਾ ਪਰ ਜਦੋਂ....., ਜਿਵੇਂ ਮੁਸਲਮਾਨ ਵਾਸਤੇ ਮੱਕੇ ਤੋਂ ਪਰ੍ਹੇ ਉਜਾੜ ਹੈ, ਇਸੇ ਤਰ੍ਹਾਂ ਗੁਰੂ ਕੇ ਸਿੱਖ ਵਾਸਤੇ ਸ੍ਰੀ ਹਰਿਮੰਦਰ ਸਾਹਿਬ ਤੋਂ ਪਰ੍ਹੇ ਸਭ ਉਜਾੜ ਹੀ ਉਜਾੜ ਹੈ।

ਸਿੱਖ ਸਿਪਾਹੀਆਂ ਨੂੰ ਦਰਬਾਰ ਸਾਹਿਬ 'ਤੇ ਹਮਲੇ ਵਿੱਚ ਸ਼ਾਮਲ ਨਾ ਹੋਣ ਦੀ ਅਪੀਲ

ਕਿਸੇ ਦੇ ਘਰੇ ਅਸੀਂ ਜਾਂਦੇ ਨਹੀਂ, ਕਿਸੇ ਦੀ ਦੁਕਾਨ ਅਸੀਂ ਲੁੱਟਦੇ ਨਹੀਂ, ਕਿਸੇ ਦਾ ਘਿਰਾਉ ਅਸੀਂ ਕਰਦੇ ਨਹੀਂ ਪਰ ਜੇ ਕੋਈ ਹਕੂਮਤ ਦੇ ਨਸ਼ੇ ਵਿੱਚ ਆਵੇਗਾ ਤੇ ਅਗਾਂਹ ਕੋਈ ਚੂੜੀਆਂ ਤੇ ਵੰਗਾਂ ਨਹੀਂ ਪਾਈਆਂ ਹੋਈਆਂ ਕਿ ਖੁਸਰੇ ਬਣ ਕੇ, ਕਮੀਨ ਬਣ ਕੇ ਕੱਟੀ ਜਾਵਾਂਗੇ। ਪੁੱਤਰਾਂ ਦੇ ਦਾਨੀ ਨੇ ਸਵਾ ਸਵਾ ਲੱਖ ਨਾਲ ਇੱਕ ਨੂੰ ਲੜਾਇਆ ਹੈ ਤੇ ਉਹ ਕਹਿੰਦੇ ਜੀ ਘੇਰਾ ਪਾ ਕੇ ਐਉਂ ਕਰ ਦਿਆਂਗੇ, ਤੁਹਾਨੂੰ ਚੁੱਕ ਕੇ ਲੈ ਜਾਵਾਂਗੇ। ਮਰਿਆਂ ਤੋਂ ਤੇ ਪਤਾ ਨਹੀਂ ਕਿ ਪਿੱਛੋਂ ਸੰਗਤ ਚੁੱਕੇ ਕਿ ਪੁਲੀਸ ਚੁੱਕੇ, ਪਰ ਪੁਲਸ ਵਾਲਿਉ ਜੇ ਅਣਖ ਤੇ ਰੜਕ ਆ, ਖਾਸ ਕਰਕੇ ਮੈਂ ਸਿੱਖਾਂ ਦੇ ਪੁੱਤਰਾਂ ਨੂੰ ਕਹਾਂਗਾ ਕਿ ਜੇ ਤਾਂ ਸ਼ਰਮ ਹੈ ਉਹਨਾਂ ਨੂੰ.....। ਜਿਹੜੇ ਸਿੱਖਾਂ ਦੇ ਪੁੱਤਰ ਆ ਨਾ ਪੁਲੀਸ ਵਿੱਚ, ਉਹਨਾਂ ਨੂੰ ਜ਼ਰੂਰ ਕਹਾਂਗਾ। ਜੇ ਤੁਹਾਡੀ ਕੋਈ ਗ਼ੈਰਤ ਤੇ ਅਣਖ ਕੰਮ ਕਰਦੀ ਆ, ਤੁਹਾਨੂੰ ਆਪਣੇ ਆਪ ਨੂੰ ਸਿੱਖੀ 'ਤੇ ਕੋਈ ਇਤਬਾਰ ਹੈ ਤੇ ਤੁਸੀਂ ਗੁਰੂ ਕੇ ਪੁੱਤਰ ਤੇ ਸਿੱਖਾਂ ਦੇ ਅਖਵਾਉਣ ਦੇ ਹੱਕਦਾਰ ਹੋ ਤੇ ਤਾਂ ਬਣ ਸਕਦੇ, ਤੁਹਾਡਾ ਮੂੰਹ ਇਧਰ ਨੂੰ ਨਹੀਂ ਹੋਣਾ ਚਾਹੀਦਾ। ਆਹ ਟੋਪੀਆਂ ਵਾਲਿਆਂ ਨੂੰ ਜਰਾ ਇਸ ਪਾਸੇ ਨੂੰ ਘੱਲਿਉ, ਫਿਰ ਗਿਣ ਕੇ ਦੱਸਾਂਗੇ ਬਣਦਾ ਕੀ ਆ ? ਓ ਸਿੱਖੀ ਦੇ ਨਾਲ ਪਿਆਰ ਕਰੋ, ਸ਼ਾਂਤੀ ਪੂਰੀ ਰੱਖਣੀ ਆਂ, ਪਰ ਨੌਜੁਆਨਾਂ ਨੂੰ ਇਹ ਬੇਨਤੀ ਕਰਾਂਗਾ, ਜਿੰਨੀ ਸੰਗਤ ਇਥੇ ਖੜੀ ਆ ਤੇ ਜਾਂ ਕੋਈ ਰਾਤ ਨੂੰ ਰਹਿਣ ਵਾਲਾ ਆ। ਸਿੰਘੋ ਘਬਰਾਉਣਾ ਨਹੀਂ, ਚਮਕੌਰ ਦੀ ਗੜ੍ਹੀ ਬਹੁਤ ਛੋਟੀ ਸੀ। ਮੈਂ ਉਸ ਕੱਚੀ ਗੜੀ ਦੇ ਦਰਸ਼ਨ ਕੀਤੇ ਆ, ਆਪ ਜਿਹਦੇ 'ਚ ਕਲਗੀਧਰ ਜੀ ਲੜੇ ਆ। ਗੁਰਦੁਆਰਾ ਤਾਂ ਹੁਣ ਬਣਿਆ ਨਾ ਪਿੱਛੋਂ। ਉਹਦੇ ਦਰਸ਼ਨ ਦਾਸ ਨੇ ਕੀਤੇ ਆ, ਉਹਨਾਂ ਕੰਧਾਂ ਦੇ ਜਿੱਥੇ ਚੋਜੀ ਪ੍ਰੀਤਮ ਨੇ ਉਤਲੇ ਗੁੰਬਦ ਵਿੱਚ ਬੈਠ ਕੇ ਤੀਰ ਚਲਾਏ ਆ। ਛੋਟੀ ਜਿਹੀ ਗੜ੍ਹੀ ਨੂੰ ੧੦ ਲੱਖ ਦਾ ਘੇਰਾ ਪਿਆ ਸੀ, ਇਹ ਤਾਂ ਕਿੱਡਾ ਵੱਡਾ ਕਿਲ੍ਹਾ, ਕਿੰਨਿਆਂ ਕੁ ਨੂੰ ਘੇਰਾ ਪਾਉਣਗੇ ? ਜੇ ਚਮਕੌਰ ਦੀ ਗੜ੍ਹੀ ਵਿੱਚ ਰਹਿ ਕੇ ੪੦ ਸਿੰਘ ੧੦ ਲੱਖ ਨਾਲ ਲੜ ਸਕਦੇ ਆ ਤੇ ਆਪਾਂ ਤਾਂ ਹਜ਼ਾਰਾਂ ਦੀ ਗਿਣਤੀ 'ਚ ਆਂ, ਆਉਣਗੇ ਕਿੰਨੇ ਕੁ ? ਤੇ ਨਾਲੇ ਯਾਦ ਰੱਖਿਉ ੯੦ ਫੀਸਦੀ ਰਾਈਫਲਾਂ ਦਾ ਮੂੰਹ, ਪੁਲੀਸ ਤੇ ਮਿਲਟਰੀ ਵਿੱਚੋਂ ਇਸ ਪਾਸੇ ਹੋਵੇਗਾ, ਜਿੱਦੇਂ ਇਥੇ ਕੋਈ ਗੜਬੜ ਹੋਈ।

ਬੋਲੋ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਤੇ ਐਵੇਂ ਨਾ ਖ਼ਿਆਲ ਕਰਿਆ ਕਰੋ, ਅਸੀਂ ਜੀ ਥੋੜੇ ਜਿਹੇ ਆਂ ਜੀ, ਆਟੇ 'ਚ ਲੂਣ ਦੀ ਤਰ੍ਹਾਂ, ਲੂਣ ਜ਼ਰਾ ਕੁ ਜ਼ਿਆਦਾ ਪੈ ਜਾਵੇ, ਬੁਰਕੀ ਅੰਦਰ ਨਹੀਂ ਲੰਘਦੀ ਹੁੰਦੀ। ਸਾਰਾ ਈ ਆਟਾ ਖਰਾਬ ਹੋ ਜਾਂਦਾ। ਆਪਣਾ ਕਿਸੇ ਨਾਲ ਜ਼ਾਤੀ ਤੌਰ 'ਤੇ ਵੈਰ ਨਹੀਂ ਹੈ। ਕਿਸੇ ਨਾਲ ਕੋਈ ਈਰਖਾ ਨਹੀਂ ਹੈ, ਪਰ ਜੇ ਆਪਣੇ ਧਰਮ ਨੂੰ ਕੋਈ ਨਾਸ ਕਰਨਾ ਚਾਹੇਗਾ, ਉਹਨਾਂ ਤੋਂ ਜ਼ਰੂਰ ਸਾਵਧਾਨ ਹੋ ਕੇ ਹੱਕ ਲੈਣਾ।

ਸੰਤ ਜਰਨੈਲ ਸਿੰਘ ਤੇ ਲੌਂਗੋਵਾਲ ਵਿੱਚ ਫੁੱਟ ਹੋਣ ਦਾ ਝੂਠਾ ਅਖ਼ਬਾਰੀ ਪ੍ਰਾਪੇਗੰਡਾ

ਆਹ ਕੱਲ ਵੀ ਸੰਤ ਜੀ ਬੋਲੇ ਸੀ, ਅੱਜ ਵੀ ਅਖ਼ਬਾਰਾਂ ਵਾਲੇ ਕੁਝ ਪ੍ਰੇਮੀ ਆਏ ਸੀ। ਉਹ ਮੇਰੇ ਕੋਲ ਕੱਲ ਆਏ, ਮੈਂ ਤਾਂ ਉਹਨਾਂ ਨੂੰ ਜਾਣਦਾ ਨਹੀਂ। ਪਹਿਲਾਂ ਕਿਤੇ ਸੰਤਾਂ ਕੋਲੇ ਗਏ ਸੀ, ਬਾਬਾ

ਲੌਂਗੋਵਾਲ ਜੀ ਕੋਲ। ਉਹਨਾਂ ਨੂੰ ਕਹਿੰਦੇ ਤੁਹਾਡਾ ਲੌਂਗੋਵਾਲ ਜੀ ਭਿੰਡਰਾਂਵਾਲਿਆਂ ਨਾਲ ਕਿੰਨਾ ਕੁ ਮਤਭੇਦ ਆ ? ਉਹਨਾਂ ਨੇ ਵੀ ਦੱਸ ਦਿੱਤਾ। ਮੁੜਕੇ ਮੇਰੇ ਕੋਲੇ ਗਏ, ਕਹਿੰਦੇ ਜੀ ਤੁਹਾਡੀ ਕਿੰਨੀ ਕੁ ਖੜਕਦੀ ਆ ? ਮੈਂ ਆਖਿਆ ਇਹ ਸਮਾਂ ਦੱਸੂਗਾ। ਸਾਡੀ ਤਾਂ ਕੋਈ ਆਪਸ ਵਿੱਚ ਦੀ ਖੜਕਦੀ ਨਹੀਂ, ਖੜਕਦੀ ਕਿਹਦੇ ਨਾਲ ਆ ? ਸਾਡੀ ਖੜਕਦੀ ਆ ਜਿਹੜੇ ਸਾਡੀਆਂ ਭੈਣਾਂ ਨੂੰ ਨੰਗਿਆਂ ਕਰਦੇ, ਉਹਨਾਂ ਨਾਲ। ਸਾਡੀ ਖੜਕਦੀ ਆ ਜਿਹੜੇ ਸਾਡੀਆਂ ਭੈਣਾਂ ਦੀ ਇਜ਼ਤ ਲੁੱਟਦੇ, ਉਹਨਾਂ ਨਾਲ। ਸਾਡੀ ਖੜਕਦੀ ਜਿਹੜਾ ਸਤਿਗੁਰੂ ਗਰੰਥ ਸਾਹਿਬ ਦੀ ਬੇ-ਅਦਬੀ ਕਰਦਾ। ਇਹ ਖੜਕਦੀ ਰਹਿਣੀ ਆ। ਉਹਨੂੰ ਕੋਈ ਦੁਨੀਆਂ ਦੀ ਤਾਕਤ ਮੇਟ ਨਹੀਂ ਸਕੇਗੀ, ਜਦੋਂ ਤੱਕ ਇਹ ਕੰਮ ਬੰਦ ਨਹੀਂ ਕਰਦੇ ਗੇ।

ਹਮਲਾਵਰ ਜ਼ਿੰਦਾ ਨਹੀਂ ਜਾਣ ਦਿੱਤਾ ਜਾਵੇਗਾ

ਸਤਿਗੁਰੂ ਦੀ ਓਟ ਲਉ, ਅੰਮ੍ਰਿਤ ਛਕੋ, ਰਹਿਤ ਰੱਖੋ ਤੇ ਤਿਆਰ ਬਰ ਤਿਆਰ ਹੋਵੋ ਤੇ ਜਿਹੜਾ ਭੈ ਜਿਹਾ ਬਣਿਆ ਨਾ ਇਥੇ ਅੰਦਰ ਪ੍ਰਵੇਸ਼ ਹੋ ਜਾਣਗੇ। ਉਹਨਾਂ ਕੋਲੇ ਜੀ ਸਪਰਿੰਗ ਵਾਲੀਆਂ ਪੌੜੀਆਂ। ਇੱਕ ਮਿੰਟ 'ਚ ਪੌੜੀ ਲੱਗ ਜਾਂਦੀ ਕੋਠੇ ਨੂੰ। ਪੌੜੀ ਤਾਂ ਕੋਠੇ ਨੂੰ ਲੱਗ ਜਾਉ, ਬੰਦਾ ਮਿੰਟ 'ਚ ਚੜ੍ਹ ਜਾਊ ਪੌੜੀ ਦੇ ਉੱਪਰ ਦੀ। ਬੰਦੇ ਨੇ ਤਾਂ ਆਪਣੀਆਂ ਲੱਤਾਂ ਨਾਲ ਈ ਚੜ੍ਹਨਾ ਨਾ ਪੌੜੀ 'ਤੇ ਅਗਾਂਹ ਇਹ ਤਾਂ ਹੈ ਈ ਨਹੀਂ ਕਿ ਚੂੜੀਆਂ ਪਾਈ ਬੈਠੇ ਸਾਰੇ। ਸਤਿਗੁਰੂ ਕਿਰਪਾ ਕਰਨ ਕਿਤੇ ਸਮਾਂ ਆਉਣ ਦਿਉ, ਇਹ ਮੈਂ ਤੁਹਾਨੂੰ ਨਹੀਂ ਕਹਿੰਦਾ ਭਈ ਮੈਂ ਮਰ ਨਹੀਂ ਸਕਦਾ ਜਾਂ ਲੌਂਗੋਵਾਲ ਜੀ ਨਹੀਂ ਮਰ ਸਕਦੇ ਜਾਂ ਨਾਲ ਦੇ ਨਹੀਂ ਮਰ ਸਕਦੇ। ਮਰ ਸਾਰੇ ਈ ਸਕਦੇ ਆਂ, ਪਰ ਇਹ ਦ੍ਰਿੜਤਾ ਨਾਲ ਜ਼ਰੂਰ ਕਹੂੰਗਾ, ਜਿਹੜਾ ਇਥੇ ਆਊਗਾ, ਉਹਨੂੰ ਲੱਧ ਕੇ ਟਰੱਕ ਤੇ ਈ ਲੈ ਜਾਣਗੇ, ਤੁਰਕੇ ਉਹ ਵੀ ਨਹੀਂ ਜਾਂਦਾ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਪਰ ਜਿਹੜੀ ਪਿੰਡਾਂ 'ਚ ਰਹਿਣ ਵਾਲੀ ਸੰਗਤ ਆ। ਉਹਨਾਂ ਨੂੰ ਬੇਨਤੀ ਜ਼ਰੂਰ ਕਰਾਂਗਾ। ਸਾਰੇ ਨੌਜੁਆਨ ਤਿਆਰ-ਬਰ-ਤਿਆਰ ਹੋਵੋ।

ਹਿੰਦੂ ਸਿੱਖ ਫਸਾਦ ਕਰਾਉਣ ਦੀ ਸਰਕਾਰੀ ਸਾਜ਼ਿਸ਼

ਹਿੰਦੂ ਸਿੱਖ ਦਾ ਫਸਾਦ ਪਵਾਉਣ ਵਾਸਤੇ ਗੌਰਮੈਂਟ ਜ਼ੋਰ ਲਾਉਂਦੀ ਆ, ਉਹਦੇ ਤੋਂ ਬਚੋ ਜਿੰਨਾ ਚਿਰ ਬਚੀ ਦਾ, ਪਰ ਜੇ ਹਿੰਦੂਆਂ ਨੇ ਵੀ ਇਸ ਗੌਰਮੈਂਟ ਦੀ ਬੇੜੀ ਵਿੱਚ ਚੜ੍ਹ ਕੇ, ਸਿੱਖਾਂ ਦੀਆਂ ਧੀਆਂ ਭੈਣਾਂ ਦੀ ਇਜ਼ਤ ਤੇ ਸਿੱਖਾਂ ਦੀ ਪੱਗ ਲਾਹੁਣੀ ਸ਼ੁਰੂ ਕੀਤੀ, ਫਿਰ ਆਪਾਂ ਆਪਣੀ ਪੱਗ ਨੂੰ ਬਚਾਉਣ ਵਾਸਤੇ ਜੋ ਯਤਨ ਖ਼ਾਲਸਾ ਪਿੱਛੇ, ਗੁਰੂ ਗੋਬਿੰਦ ਸਿੰਘ ਸਾਹਿਬ ਦੇ ਰਾਹ 'ਤੇ ਚੱਲ ਕੇ ਕਰਦਾ ਆਇਆ, ਉਹ ਅਖ਼ਤਿਆਰ ਕਰਨਾ ਪਵੇਗਾ, ਪਰ ਆਪਾਂ ਅਖ਼ਤਿਆਰ ਉਦੋਂ ਕਰਨਾ, ਜਦੋਂ ਆਪਾਂ ਨੂੰ ਮੱਲੋ ਮੱਲੀ ਤੋਰਨਗੇ। ਆਪਣੇ ਆਪ ਨਹੀਂ ਅਜੇ ਤੁਰਨਾ, ਸ਼ਾਂਤੀ ਰੱਖਣੀ ਆਂ। ਇੰਨੀ ਬੇਨਤੀ ਕਰਦਾ ਤੁਹਾਡਿਆਂ ਚਰਨਾ ਵਿੱਚ, ਖਿਮਾਂ ਮੰਗਦਾ ਹਾਂ ਤੇ ਜਾਣ ਵਾਲੇ ਜਥੇ ਨੂੰ ਵਧਾਈ ਦਿੰਦਾ ਹਾਂ। ਸਤਿਗੁਰੂ ਸੱਚੇ ਪਾਤਿਸ਼ਾਹ ਦੇ ਲੜ ਲਗੋ, ਰਹਿਤ ਵਿੱਚ ਪ੍ਰੁਪਕ ਰਹੋ, ਅੰਮ੍ਰਿਤ ਜ਼ਰੂਰ ਛਕੋ ਤੇ ਸ਼ਸ਼ਤਰਧਾਰੀ ਹੋਵੋ।

ਹਥਿਆਰਾਂ ਦੇ ਲਾਇਸੈਂਸ

ਕਈ ਪੁੱਛਦੇ ਜੀ ਸ਼ਸ਼ਤਰਾਂ ਦੇ ਲਾਇਸੈਂਸ ਨਹੀਂ ਬਣਦੇ। ਜੇ ੨੩੦ ਬੰਬ ਪਵਨ ਕੁਮਾਰ ਰੱਖ

ਸਕਦਾ ਤੇ ਤੁਹਾਨੂੰ ਲਾਇਸੈਂਸਾਂ ਦੀ ਬਹੁਤੀ ਲੋੜ ਆ ? ਜਿਹਦਾ ਰਹਿਬਰ ਇਹ ਗੱਲ ਕਹਿੰਦਾ ਕਿ ਜੰਗ ਦੇ ਟਾਈਮ ਤੇ ਤੁਸੀਂ ਸ਼ਸ਼ਤਰ ਰੱਖੋ ਤੇ ਪਿੱਛੋਂ ਜਨੇਊ ਪਾਉ ਕੇਵਲ ਕੁੰਜੀ ਬੰਨਣ ਵਾਸਤੇ ਤੇ ਤੱਕੜੀ-ਵੱਟਾ ਰੱਖੋ। ਜੇ ਉਹਦਾ ਪੈਰੋਕਾਰ ੨੩੦ ਗਰਨੇਡ ਰੱਖ ਸਕਦਾ ਪਵਨ ਕੁਮਾਰ ਤੇ ਜਿਹਦੇ ਪਿਤਾ ਨੇ ਪੁੱਤਰ ਆਪ ਦੇ ਨੂੰ ਕਿਹਾ ਜੇ ਤੂੰ ਸ਼ਸ਼ਤਰ ਨਾ ਰੱਖਿਆ ਤਾਂ ਭੇਡ ਵਰਗਾਂ, ਭੇਡ ਵਰਗਾ।

"ਬਿਨਾ ਸ਼ਸ਼ਤ੍ਰ ਕੇਸੰ ਨਰੰ ਭੇਡ ਜਾਨੋ ॥"

ਬਚਨ ਕਹੇ ਆ ਤੇ ਫਿਰ ਉਹਦਾ ਪੁੱਤ ਭਲਾ ਜੇ ਹਥਿਆਰ ਰੱਖ ਵੀ ਲਵੇਗਾ ਤੇ ਕਿਹੜੀ ਬਿਪਤਾ ਪੈ ਜਾਏਗੀ ? ਜੇ ਆਪਾਂ ਘੱਟ ਗਿਣਤੀ 'ਚ ਆਂ ਤੇ ਇਹ ੨੩੦ ਰੱਖਦੇ ਆ ਤੇ ਤੁਸੀਂ ਤੀਹਾਂ ਦਾ ਤਿਆਗ ਕਰ ਦਿਉ, ੨੦੦ ਤਾਂ ਇੱਕ ਜਣਾ ਰੱਖਿਆ ਕਰੋ ਨਾ।

ਜੇ ਲਾਇਸੈਂਸ ਬਣਾਉਂਦੇ ਨੇ....., ਬਣੇ ਰੱਦ ਕਰੀ ਜਾਂਦੇ ਆ। ਚੁੱਕ ਕੇ ਰਾਈਫਲਾਂ ਤੇ ਹਥਿਆਰ ਇਹਨਾਂ ਨੂੰ ਫੜਾ ਦੇਣ ਤੇ ਕੱਲ ਨੂੰ ਜਿਹਨਾਂ ਦੇ ਕੋਲ ਰਾਜ ਆ, ਉਹ ਨਜਾਇਜ਼ ਵੀ ਤੇ ਜਾਇਜ਼ ਵੀ ਸਾਰਾ ਕੁਝ ਲੈ ਕੇ ਤੁਹਾਡੀ ਛਾਤੀ 'ਤੇ ਬਹਿ ਗਏ, ਉਦੋਂ ਕੀ ਕਰੋਗੇ ? ਕਹੋਂਗੇ ਕੀ ਕਿਸੇ ਨੂੰ ? ਸ਼ਸ਼ਤਰ ਜ਼ਰੂਰ ਰੱਖੋ, ਅਨੰਦਪੁਰ ਦਾ ਮਤਾ ਜੇ ਲੈਣਾ ਆਂ। ਮੈਨੂੰ ਕਈ ਪੁੱਛਦੇ ਅਨੰਦਪੁਰ ਦਾ ਮਤਾ ਤੇ ਲੈਣਾ ਤੇ ਫਿਰ ਮਤੇ ਦਾ ਛੇਵਾਂ ਪਹਿਰਾ ਪੜ੍ਹ ਲਿਆ ਕਰੋ ਕਿ ਅੱਖਾਂ ਮੀਟ ਲੈਨੇ ਆਂ ਪਹਿਰਾ ਪੜ੍ਹਨ ਲੱਗਿਆਂ। ਉਹਦੇ 'ਚ ਲਿਖਿਆ .੧੨ ਬੋਰ ਦੀ ਜਿਹੜੀ ਰਾਈਫਲ ਆ। ਬਰੀ ਨਟ, ਸਪਰਿੰਗ ਫੀਲਡ....। ਅੱਖਰ ਭਾਵੇਂ ਇਹ ਉਹਦੇ 'ਚ ਨਹੀਂ ਪਰ ਇਹ ਗਿਣੇ ਚੁਣੇ ਅੱਖਰ ਕਰਕੇ ਮੈਂ ਕਹਿ ਰਿਹਾਂ। ਓ ਕਾਰਬਾਈਨ ਤੱਕ ਲਾਇਸੈਂਸ ਦੀ ਲੋੜ ਈ ਨਹੀਂ। ਗਾਤਰੇ ਪਾਈ ਰੱਖਿਆ ਕਰੋ, ਜਦੋਂ (ਕੋਈ) ਪੁੱਛਦਾ, ਇਹ ਭਾਈ ਲਾਇਸੈਂਸ ਕਿੱਥੇ ? ਕਹੋ ਜੀ ਅਨੰਦਪੁਰ ਦਾ ਮਤਾ, ਗੱਲ ਬਣ ਜਾਊ ਆਪੇ ਈ ਤੇ ਸਿੱਖੀ ਦੇ ਨਾਲ ਪਿਆਰ ਕਰੋ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਆਜ਼ਾਦੀ ਤੱਕ ਸੰਘਰਸ਼ ਜਾਰੀ ਰੱਖਣ ਦਾ ਐਲਾਨ

ਜਿਹੜੀਆਂ ਗੱਲਾਂਬਾਤਾਂ ਚਲ ਰਹੀਆਂ, ਉਹ ਤੁਸੀਂ ਵੀ ਸੁਣ ਰਹੇ ਹੋ ਤੇ ਮੈਂ ਵੀ ਸੁਣ ਰਿਹਾਂ। ਇਹਦਾ ਜਿਹੜਾ ਸਿੱਟਾ ਨਿਕਲੇਗਾ, ਉਹਦੀ ਉਡੀਕ ਵਿੱਚ ਰਹੋ ਤੇ ਇਹ ਘਬਰਾਵੋ ਨਾ ਕਿ ਜੀ ਫਲਾਣਾ ਲਿਟ ਨਾ ਜਾਵੇ, ਫਲਾਣਾ ਬਹਿ ਨਾ ਜਾਵੇ, ਫਲਾਣਾ ਸੌਂ ਨਾ ਜਾਵੇ। ਜੇ ਕੋਈ ਲਿਟੇਗਾ, ਬਹੇਗਾ, ਸੌਵੇਂਗਾ ਤੇ ਸੌਣ ਵਾਲੇ ਆਪਾਂ ੧੦-੧੫, ਉਠਾਉਣ ਵਾਲੇ ੨ ਕਰੋੜ ਆਂ, ਉਠਾ ਲਾਂ ਗੇ ਫਿਰ ਉਦੋਂ। ਤਿਆਰ ਬਰ ਤਿਆਰ ਰਹੋ ਤੇ ਆਪਸ ਵਿੱਚ ਦੀ ਨਾ ਇੱਕ ਦੂਜੇ ਤੇ ਚਿੱਕੜ ਸੁੱਟੋ, ਜੀ ਫਲਾਣੇ ਨੇ ਆਹ ਕਰ ਦਿੱਤਾ, ਦੂਜੇ ਨੇ ਮੇਰੇ 'ਤੇ ਆਹ ਕਹਿ ਦਿੱਤਾ। ਇਹਨਾਂ ਚੀਜ਼ਾਂ ਦਾ ਤਿਆਗ ਕਰਕੇ ਇੱਕੋ ਇੱਕ ਗੱਲ ਚੇਤੇ ਕਰੋ ਕਿ ਅਸੀਂ ੧੯੪੭ ਵਿੱਚ ਟੋਪੀ ਤੇ ਜਨੇਊ ਨੂੰ ਆਜ਼ਾਦ ਕਰਵਾਇਆ, ਹੁਣ ਅਸੀਂ ਆਪਣੀ ਪੱਗ ਆਜ਼ਾਦ ਕਰਾਉਣੀ ਆਂ। ਇਹ ਗ਼ੁਲਾਮੀ ਦੇ ਥੱਲੇ ਨਹੀਂ ਰਹਿਣ ਦੇਣੀ, ਇਹ ਚੇਤਾ ਰੱਖਣਾ, ਪਰ ਇਹ ਤਾਂ ਕਰਵਾ ਸਕਾਂਗੇ ਜੇ ਪਹਿਲਾਂ ਗੁਰੂ ਵਾਲੇ ਬਣਾਂਗੇ। ਨਿੱਤ ਪੰਗਤੀਆਂ ਪੜ੍ਹਦੇ ਆਂ

'ਰਾਜ ਕਰੇਗਾ ਖਾਲਸਾ ॥'

ਹੁਣ ਵੀ ਪੜ੍ਹਨੀ ਆਂ ਜਦੋਂ ਅਰਦਾਸ ਹੋਈ।

'ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ ॥'

ਤੇ ਜੇ ਪੁੱਛੀਏ ਭਾਈ ਕ੍ਰਿਪਾਨ ? ਬਾਬਾ ਜੀ ਇਹ ਤਾਂ ਕਦੇ ਪਾਈ ਨਹੀਂ।

ਜੋ ਕੁਝ ਥਾਵਾਂ 'ਤੇ ਪਖੰਡ ਦਾ ਫਿਰ ਜ਼ੋਰ ਚੱਲਣ ਲੱਗਾ। ਆਹ ਮੈਂ ਫੋਟੋ ਉਥੇ ਰੱਖ ਆਇਆਂ, ਸਵੇਰੇ ਸੰਗਤ 'ਚ ਲ੍ਹਿਆਊਂਗਾ, ਸੰਤਾ ਨਾਲ ਵਿਚਾਰ ਕਰਕੇ ਵਿਖਾਵਾਂਗੇ ਉਹ। ਬੜਾ ਦੁੱਖ ਹੋਇਆ, ਉਹ ਇੱਕ ਨਰਕਧਾਰੀ ਮਸਾਂ ਕਿਸੇ ਨੇ ਮੁਕਾਇਆ। ਅਜੇ ਉਹਦਾ ਅਗਾਂਹ ਮੁੰਡਾ ਬੈਠਾ। ਉਹ ਤੇ ਪਤਾ ਨਹੀਂ ਕਿਸ ਤਰ੍ਹਾਂ ਦਾ ਅਗਾਂਹ ਸਮਾਂ ਆਉਣਾ ਤੇ ਕਿਸ ਤਰ੍ਹਾਂ ਸਿੱਖਾਂ ਨਾਲ ਗੁਜਰਨੀ ਆਂ ? ਇੱਕ ਆਹ ਨਵਾਂ ਨਰਕਧਾਰੀਆ ਕੋਈ ਬਹਿ ਗਿਆ। ਆਪਣੇ ਘਰ ਵਾਲੀ ਕੋਲ ਬੈਠਾਈ ਆ। ਇੱਕ ਪਾਸੇ ਕਹਿੰਦਾ, ਮੈਂ ਅੰਮ੍ਰਿਤ ਛਕਾਉਨਾ, ਮੈਂ ਸਿੰਘ ਸਜਾਉਨਾ ਤੇ ਪਤਾ ਨਹੀਂ ਕਿੱਥੋਂ, ਕੋਈ ਲੰਗੜ ਜਿਹਾ, ਜਿਹੜਾ ਚਿੜੀਆਂ ਬਟੇਰਿਆਂ ਨੂੰ ਫੜਦਾ, ਉਹ ਲਿਆ ਕੇ, ਪਕੜ ਕੇ, ਆਪਣੇ ਘਰਵਾਲੀ ਦੇ ਸਿਰ ਤੇ ਬੈਠਾ ਦਿੱਤਾ ਤੇ ਕੋਲ ਆਪ ਬੈਠਾ ਤੇ ਕਹਿੰਦਾ, ਮੈਂ ਈ ਬਾਜਾਂ ਵਾਲਾਂ, ਕਿਉਂਕਿ ਮੇਰੇ ਘਰਵਾਲੀ ਦੇ ਸਿਰ 'ਤੇ ਬਾਜ ਬੈਠਾ। ਅੱਗੇ ਬਾਜਾਂ ਵਾਲੇ ਦੇ ਹੱਥ 'ਤੇ ਬਹਿੰਦਾ ਸੀ, ਹੁਣ ਕਹਿੰਦਾ ਅਖੇ ਮੇਰੀ ਘਰਵਾਲੀ ਜਿਹੜੀ ਆ, ਉਹਦੇ 'ਤੇ ਬਹਿਣ ਲੱਗ ਪਿਆ। ਇਹ ਦੁੱਖ ਵਾਲੀ ਗੱਲ ਆ, ਹੱਸਣ ਵਾਲੀ ਗੱਲ ਨਹੀਂ ਸਿੰਘੋ। ਇਹ ਤਾਂ ਸੋਚੋ ਕੀ ਹੋ ਰਿਹਾ ? ਸਾਡੇ ਨਾਲ ਗੌਰਮੈਂਟ ਕਰਵਾ ਕੀ ਰਹੀ ਆ ? ਗਾਤਰੇ ਕ੍ਰਿਪਾਨਾਂ ਪਵਾ ਕੇ, ਤੇੜ ਕਛਹਿਰੇ ਪਵਾ ਕੇ, ਆਪਣੇ 'ਚ ਬਹੁਰੂਪੀਏ ਪੈਦਾ ਕਰਕੇ ਤੇ ਮੁੜ ਕੇ ਆਪਣੇ ਆਪ ਨੂੰ ਬਾਜ਼ਾਂ ਵਾਲਾ ਅਖਵਾਵੇ। ਪੁੱਤਰਾਂ ਦੇ ਦਾਨੀ ਤੋਂ ਬਿਨਾ ਜ਼ੁਰਅਤ ਕਿਵੇਂ ਪਈ ਪੰਜਾਬ ਦੇ ਵਿੱਚ ਕਿਸੇ ਦੀ ਬਾਜਾਂ ਵਾਲਾ ਅਖਵਾਉਣ ਦੀ ? ਤੁਸੀਂ ਹੱਸ ਛੱਡਦੇ ਹੋ, ਚੁਪ ਕਰਕੇ, ਗੱਲ ਸੁਣ ਕੇ। ਕਲਗੀਧਰ ਤੋਂ ਬਿਨਾ ਜ਼ੁਰਅਤ ਹੈ ਕਿਸੇ ਦੀ ਬਾਜ਼ਾਂ ਵਾਲਾ ਅਖਵਾਉਣ ਦੀ ? ਘਰਵਾਲੀ ਦੇ ਸਿਰ 'ਤੇ ਬੈਠਾ ਦਿੱਤਾ, ਅਖੇ ਜੀ ਮੈਂ ਬਾਜਾਂ ਵਾਲਾ। ਉਹਨਾਂ ਲੋਕਾਂ ਤੋਂ ਬਚਣਾ, (ਫੋਟੋ) ਨਾਲ ਮੈਂ ਅੱਜ ਤਾਂ ਨਹੀਂ ਲਿਆਇਆ, ਸੰਤਾਂ ਨਾਲ ਰਾਇ ਨਹੀਂ ਸੀ ਕਰ ਸਕਿਆ। ਉਹਨਾਂ ਨਾਲ ਵਿਚਾਰ ਕਰਕੇ ਤੇ ਤੁਹਾਡੇ ਸਾਹਮਣੇ ਤਸਵੀਰ ਰੱਖਾਂਗਾ, ਕੱਲ ਨੂੰ ਫੋਟੋ ਲਿਆ ਕੇ ਦਿਆਂਗਾ। ਇਹਨਾਂ ਚੀਜਾਂ ਵੱਲ ਵੀ ਧਿਆਨ ਦੇਣਾ। ਜਿਵੇਂ ਜਿਵੇਂ ਗੌਰਮੈਂਟ ਨਾਲ ਟੱਕਰ ਆ, ਤਿਵੇਂ ਤਿਵੇਂ ਉਹਨਾਂ ਦੇ ਜਿਹੜੇ ਪਾਲਤੂ ਇਹ ਦੇਹਧਾਰੀ ਪੰਖਡੀ ਪੈਦਾ ਹੋ ਰਹੇ ਆ। ਉਹਨਾਂ ਵੱਲ ਵੀ ਨਿਗਰਾਨੀ ਰੱਖਣੀ ਪਵੇਗੀ, ਤਾਂ ਪੱਗ ਤੇ ਸ੍ਰੀ ਸਾਹਿਬ ਦੀ ਰੱਖਿਆ ਹੋ ਸਕੇਗੀ, ਨਹੀਂ ਤੇ ਨਹੀਂ ਹੋ ਸਕਣੀ ਤੇ ਆਪਸ ਵਿੱਚ ਦੀ ਮਿਲ ਕੇ ਰਹੋ ਤੇ ਗੌਰਮੈਂਟ ਨਾਲ ਤਿਆਰ ਬਰ ਤਿਆਰ ਰਹੋ, ਢਿੱਲ ਨਹੀਂ ਕਿਸੇ ਪ੍ਰਕਾਰ ਦੀ ਕਰਨੀ। ਜਿਹੜਾ ਢਿੱਲ ਕਰੇਗਾ ਤੇ ਜਾਂ ਗ਼ੱਦਾਰੀ ਦਾ ਕੰਮ ਕਰੇਗਾ, ਗੁਰੂ ਕਾ ਦੇਣਦਾਰ ਹੋਵੇਗਾ। ਸਤਿਗੁਰੂ ਸੱਚੇ ਪਾਤਿਸ਼ਾਹ ਕਿਰਪਾ ਕਰਨ। ਗੁਰੂ ਦੇ ਚਰਨਾਂ ਵਿੱਚ ਨਮਸਕਾਰ ਕਰੀਏ, ਸਾਨੂੰ ਬਲ ਬਖਸ਼ੋ। ਜਿਵੇਂ ਚਮਕੌਰ ਦੀ ਗੜੀ ਵਿੱਚ ਇੱਕ ਇੱਕ ਨੂੰ ਕੱਢ ਕੇ, ਸਵਾ ਸਵਾ ਲੱਖ ਦੇ ਡੱਕਰੇ ਕਰਵਾਏ ਆ, ਉਹੋ ਜਿਹਾ ਉਦਮ ਬਖਸ਼ੋ, ਜਿਸ ਕਰਕੇ ਤੇਰੇ ਘਰ ਦੀ, ਤੇਰੇ ਦਰ ਦੀ, ਤੇਰੇ ਤੋਂ ਆਸਰਾ ਲੈ ਕੇ, ਤੇਰੀ ਬਖਸ਼ੀ ਹੋਈ ਸਿੱਖੀ ਨੂੰ ਅਸੀਂ ਪੂਰੀ ਦ੍ਰਿੜਤਾ ਦੇ ਨਾਲ ਪਾਲ ਸਕੀਏ, ਇਹ ਸਾਡੇ 'ਤੇ ਕਿਰਪਾ ਕਰੋ। ਇੰਨੀ ਬੇਨਤੀ ਕਰਦਾ ਖਿਮਾ ਮੰਗਦਾ ਹਾਂ। ਬੋਲਦਿਆਂ ਕੋਈ ਗ਼ਲਤੀ ਹੋਈ ਹੋਵੇ ਤਾਂ ਮੁਆਫ਼ੀ ਬਖਸ਼ਿਉ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੧੩.

(ਦੀਵਾਨ ਹਾਲ ਮੰਜੀ ਸਾਹਿਬ, ਅੰਮ੍ਰਿਤਸਰ, ਮਈ ੧੯੮੩)

ਸਟੇਜ ਸੈਕਟਰੀ - ਬੇਨਤੀ ਹੈ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੂੰ ਕਿ ਉਹ ਸੰਗਤਾਂ ਦੇ ਸਾਹਮਣੇ ਆਪਣੇ ਵਿਚਾਰ ਰੱਖਣ ਅਤੇ ਜੇਲ੍ਹ ਵਿੱਚ ਜਾਣ ਵਾਲੇ ਜਥੇ ਨੂੰ ਵਿਦਾਇਗੀ ਦੇਣ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥
ਸ਼੍ਰੋਮਣੀ ਅਕਾਲੀ ਦਲ ॥ ਜ਼ਿੰਦਾਬਾਦ ॥
ਸ਼੍ਰੋਮਣੀ ਅਕਾਲੀ ਦਲ ॥ ਜ਼ਿੰਦਾਬਾਦ ॥
ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸਤਿਗੁਰੂ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ ਜੀ ਦੀ ਸਾਜ਼ੀ ਨਿਵਾਜ਼ੀ, ਗੁਰੂ ਰੂਪ ਗੁਰੂ ਖ਼ਾਲਸਾ ਸਾਧ ਸੰਗਤ ਜੀਉ, ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਗੁਰੂ ਪਿਆਰੇ ਖ਼ਾਲਸਾ ਜੀ ਧਰਮ ਯੁੱਧ ਮੋਰਚੇ ਦੇ ਸੰਬੰਧ ਵਿੱਚ ਆਪ ਜੀ ਨੇ ਸਟੇਜ ਉੱਪਰੋਂ ਬੋਲਣ ਵਾਲੇ ਬੁਲਾਰਿਆਂ ਦੇ ਪਾਸੋਂ ਕੁਝ ਵਿਚਾਰ ਸੁਣੇ ਹਨ। ਸੋ ਕਾਫੀ ਸਮੇਂ ਤੋਂ ਲੈ ਕੇ ਮੋਰਚਾ ਜੋ ਅਪਣੇ ਹੱਕਾਂ ਦੀ ਪ੍ਰਾਪਤੀ ਵਾਸਤੇ ਆਰੰਭ ਹੋਇਆ ਹੈ। ਬੇਅੰਤ ਗ੍ਰਿਫ਼ਤਾਰੀਆਂ ਤੇ ਸ਼ਹੀਦੀਆਂ ਹੋ ਚੁੱਕੀਆਂ ਹਨ। ਆਪਾਂ ਸਾਰੇ ਹੀ ਜਦੋਂ ਸਟੇਜ 'ਤੇ ਬੋਲਦੇ ਹਾਂ, ਹਰ ਇੱਕ ਦੀ ਆਪਣੀ ਅਵਾਜ਼ ਹੈ ਕਿ ਸਰਕਾਰ ਨੂੰ ਸਮਝ ਲੈਣਾ ਚਾਹੀਦਾ ਹੈ, ਸਰਕਾਰ ਜ਼ਿੰਮੇਵਾਰ ਹੋਵੇਗੀ, ਪਰ ਆਪਾਂ ਨੂੰ ੧੦ ਮਹੀਨੇ ਇਹ ਕਹਿੰਦਿਆਂ ਨੂੰ ਹੋ ਗਏ ਹਨ। ਜਿਸ ਸਰਕਾਰ ਦੇ ਕੋਈ ਕੰਨ ਹੀ ਨਹੀਂ, ਜਿਸ ਸਰਕਾਰ ਦਾ ਕੋਈ ਦਿਮਾਗ ਹੀ ਨਹੀਂ, ਉਸ ਨੂੰ ਕਹਿਣ ਨਾਲੋਂ (ਤਾਂ) ਸਮਝਾਉਣ ਵਾਸਤੇ ਕੁਝ ਕਰਨਾ ਪਵੇਗਾ। ਭਾਵੇਂ ਮਨ ਵਿੱਚ ਕਾਫੀ ਤਮੰਨਾ ਸੀ ਕਿ ਅੱਜ ਜ਼ਿਆਦਾ ਬੋਲਿਆ ਜਾਵੇ, ਪਰ ਇੱਕ ਐਸੀ ਘਟਨਾ ਵਾਪਰੀ ਹੈ, ਜਿਸ ਨੂੰ ਮੁੱਖ ਰੱਖ ਕੇ ਮੈਂ ਸਮਝਦਾ ਹਾਂ ਕਿ ਫ਼ਤਹਿ ਤੋਂ ਵੱਧ ਸਟੇਜ ਤੇ ਬੋਲਣਾ, ਜਦੋਂ ਤੱਕ ਉਹ ਹੱਕ ਪ੍ਰਾਪਤ ਨਹੀਂ ਹੁੰਦਾ, ਯੋਗ ਨਹੀਂ ਹੋਵੇਗਾ। ਮੈਂ ਆਪਣੇ ਵੱਲੋਂ ਜਥੇਦਾਰ ਲਹਿਣਾ ਸਿੰਘ ਜੀ ਤੁੜ.....। ਸੁਵਰਗ ਵਾਸੀ ਗੁਰਮੁਖ ਪਿਆਰੇ ਜਥੇਦਾਰ ਮੋਹਣ ਸਿੰਘ ਜੀ ਤੁੜ ਦੇ ਸਪੁੱਤਰ.....। ਉਹਨਾਂ ਨੂੰ ਅਤੇ ਬਾਕੀ ਸਾਰੇ ਜਾਣ ਵਾਲੇ ਜੱਥਿਆਂ ਨੂੰ, ਵਿਸ਼ੇਸ਼ ਤੌਰ 'ਤੇ ਸ਼ਹਿਰ ਨਿਵਾਸੀਆਂ ਨੂੰ, ਕਿਉਂਕਿ ਮਾਇਕੀ ਤੌਰ 'ਤੇ ਤਾਂ ਹਮੇਸ਼ਾਂ ਹੀ ਪੰਥ ਦੇ ਵਿੱਚ ਤੁਸੀਂ ਹਿੱਸਾ ਪਾਉਂਦੇ ਹੋ, ਸਾਰੀਆਂ ਸੇਵਾਵਾਂ ਕਰਦੇ ਹੋ, ਪਰ ਅੱਜ ਵਿਸ਼ੇਸ਼ ਤੌਰ ਤੇ ਸਰੀਰਕ ਤੌਰ 'ਤੇ ਵੀ ਜੇਲ੍ਹ 'ਚ ਜਾਣ ਵਾਸਤੇ, ਸ਼ਹਿਰ ਨਿਵਾਸੀਆਂ ਨੇ ਬਹੁਤ ਵੱਡਾ, ਭਾਰੀ ਹਿੱਸਾ ਪਾਇਆ ਹੈ। ਵੱਖਰੇ ਵੱਖਰੇ

ਜਥੇਦਾਰਾਂ ਦੇ ਨਾਂਅ ਲੈਣ 'ਤੇ ਟਾਈਮ ਲੱਗੇਗਾ, ਮੈਂ ਸਮੁੱਚੇ ਤੌਰ 'ਤੇ ਆਪਣੇ ਵੱਲੋਂ ਸਾਰੇ ਹੀ ਸ਼ਹਿਰ ਨਿਵਾਸੀਆਂ ਦਾ ਬਹੁਤ ਰਿਣੀ ਹਾਂ ਤੇ ਧੰਨਵਾਦੀ ਹਾਂ।

ਪੁਲੀਸ ਨੇ ਨਾਬਾਲਗ ਬੱਚੀ ਦੀ ਇਜ਼ਤ ਲੁੱਟਣੀ

ਇਹ ਜਿਹੜੀ ਘਟਨਾ ੧੯-੦੪-੮੩ ਵਾਲੇ ਦਿਨ ਵਾਪਰੀ ਆ। ਸੋ ਹਵਾਲਦਾਰ ਬਲਕਾਰ ਸਿੰਘ ਅਤੇ ਹਵਾਲਦਾਰ ਮਹਿੰਦਰ ਸਿੰਘ, ਥਾਨੇਦਾਰ ਸਰਦੂਲ ਸਿੰਘ, ਨਾਉਂ ਇਹਨਾਂ ਦੇ ਪਤਾ ਨਹੀਂ ਕਿਸ ਤਰੀਕੇ ਨਾਲ ਸਿੰਘ ਰੱਖੇ ਗਏ ਆ। ਇਹਨਾਂ ਤਿੰਨਾ ਮਨੁੱਖਾਂ ਨੇ ਜੋ ਅਤਿਆਚਾਰ ਕੀਤਾ, ਇਹ ਸਟੇਜ ਤੇ ਦੱਸਣ ਲੱਗਿਆਂ ਬਹੁਤ ਭਾਰੀ ਸ਼ਰਮ ਆਉਂਦੀ ਤੇ ਦਿੱਲ ਦੁਖਿਆ। ਮੈਂ ਆਪਣੀ ਸਪੀਚ ਇਥੇ ਹੀ ਸਮਾਪਤ ਕਰਦਾ ਹੋਇਆ, ਸਤਿਕਾਰ ਯੋਗ ਗੁਰਮੁਖ ਪਿਆਰੇ ਡਿਕਟੇਟਰ ਸਾਹਿਬ ਜੀ ਨੂੰ ਬੇਨਤੀ ਕਰਾਂਗਾ ਕਿ ਇਸ ਪਾਸੇ ਭਾਵੇਂ ਆਪਾਂ ਸਾਰਿਆਂ ਦਾ ਫਰਜ਼ ਹੈ, ਪਰ ਤੁਹਾਡਾ ਪ੍ਰਮੁੱਖ ਹੋਣ ਨਾਤੇ ਸਾਰਿਆਂ ਤੋਂ ਵਿਸ਼ੇਸ਼ ਫਰਜ਼ ਬਣਦਾ। ਆਪਾਂ ਨੂੰ ਸਾਰਿਆਂ ਨੂੰ ਰਲ਼ ਕੇ ਬਹੁਤ ਗੰਭੀਰਤਾ ਨਾਲ ਇਸ ਪਾਸੇ ਸੋਚਣਾ ਪਵੇਗਾ ਕਿ ਅਸੀਂ ਹੁਣ ਕੀ ਕਰਨਾ ? ਭਾਈ ਹਰਬੰਸ ਸਿੰਘ ਦੀ ਲੜਕੀ ਸਾਢੇ ਗਿਆਰਾਂ ਸਾਲ ਦੀ....., ਇਹਨਾਂ ਤਿੰਨਾਂ ਮਨੁੱਖਾਂ ਨੇ ਜੋ ਉਹਦੀ ਦੁਰਦਸ਼ਾ ਥਾਨੇ 'ਚ ਲਿਜਾ ਕੇ ਕੀਤੀ ਆ। ਉਹ ਮੇਰੇ ਕਹਿਣ ਤੋਂ ਤੁਸੀਂ ਸਮਝ ਗਏ ਹੋਵੋਗੇ, ਬਹੁਤ ਭਾਰੀ ਕੁਕਰਮ ਕੀਤਾ ਤੇ ਉਸ ਦੀ ਇਜ਼ਤ ਲੁੱਟਣ ਤੋਂ ਪਿੱਛੋਂ ਵੀ ਉਹ ਲੜਕੀ ਮਾਪਿਆਂ ਨੂੰ ਨਹੀਂ ਦਿੱਤੀ। ਉਸ ਦੇ ਪਿਤਾ ਨੂੰ ਪਕੜ ਕੇ ੫ ਦਿਨ ਥਾਨੇ 'ਚ ਲਿਜਾ ਕੇ ਕੁੱਟਿਆ ਤੇ ਪੰਜਾਂ ਦਿਨਾਂ ਪਿੱਛੋਂ ਛੱਡ ਕੇ ਕਿਹਾ ਕਿ ਜੇ ਤੂੰ ਰਿਪੋਰਟ ਅੰਮ੍ਰਿਤਸਰ ਪਹੁੰਚਾਈ, ਸਮੇਤ ਤੇਰੀ ਲੜਕੀ ਦੇ ਤੈਨੂੰ ਪਾਰ ਬੁਲਾਇਆ ਜਾਵੇਗਾ, ਪਰ ਜਿਸ ਇਨਸਾਨ ਦੀ ਇਜ਼ਤ ਲੁੱਟੀ ਜਾਵੇ, ਉਸ ਵਾਸਤੇ ਇਦੋਂ ਮਰ ਜਾਣਾ ਚੰਗਾ ਹੋਇਆ ਕਰਦਾ। ਅੱਜ ਉਹ ਬੀਬੀ ਦਾ ਪਿਤਾ ਭਾਈ ਹਰਬੰਸ ਸਿੰਘ ਅਤੇ ਲੜਕੀ ਦਾ ਮਾਮਾ, ਸੁਖਜਿੰਦਰ ਸਿੰਘ ਦੇ ਪਾਸ ਜਾ ਰਹੇ ਸੀ। ਰਸਤੇ ਦੇ ਵਿੱਚ ਕਿਸੇ ਕਾਰਨ ਕਰਕੇ ਲੜਕੀ ਦਾ ਪਿਤਾ ਤਾਂ ਉੱਤਰ ਗਿਆ ਥੋੜੀ ਵਿੱਥ ਤੇ। ਅੱਗੇ ਜਾਂਦਿਆਂ ਸਕੂਟਰ ਨੂੰ ਰੋਕ ਕੇ ਲੜਕੀ ਦੇ ਮਾਮੇਂ ਨੂੰ ਲਾਹ ਕੇ ਤੇ ਪੁਲੀਸ ਲੈ ਗਈ ਆ। ਪਤਾ ਨਹੀਂ ਉਸ ਨੂੰ ਮਾਰੇ ਜਾਂ ਛੱਡੇ, ਇਹ ਤਾਂ ਸਤਿਗੁਰੂ ਜਾਣਦਾ। ਕਰਤਾਰਪੁਰ ਥਾਨੇ ਦੀ ਗੱਲ ਆ।

ਸੋ ਮੈਂ ਨੌਜੁਆਨਾਂ ਨੂੰ ਇਹ ਬੇਨਤੀ ਜ਼ਰੂਰ ਕਰਾਂਗਾ ਕਿ ਸ਼ਾਂਤੀ ਜ਼ਰੂਰ ਰੱਖਣੀ ਆਂ ਪਰ ਮੈਂ ਸਮਝਦਾ ਹਾਂ ਜਿੱਥੇ ਲੜਕੀਆਂ ਨੰਗੀਆਂ ਕਰਕੇ ਤੇ ਬੇਪੱਤੀ ਹੋ ਰਹੀ ਆ, ਉਥੇ ਕੁਝ ਨਾ ਕੁਝ ਸੋਚਣ ਵਾਸਤੇ ਜ਼ਰੂਰ ਆਪਾਂ ਨੂੰ ਮਜ਼ਬੂਰ ਹੋਣਾ ਪਵੇਗਾ ਤੇ ਜਿਹਨਾਂ ਇਹਨਾਂ ਤਿੰਨਾਂ ਬੰਦਿਆਂ ਨੇ ਪੱਤ ਲੁੱਟੀ ਆ, ਉਹਨਾਂ ਲੋਕਾਂ ਨੂੰ ਆਪਣੀ ਜ਼ਿੰਦਗੀ ਵੱਲ ਧਿਆਨ ਰੱਖਣਾ ਚਾਹੀਦਾ। ਇਦੋਂ ਵੱਧ ਮੈਂ ਸਟੇਜ 'ਤੇ ਕੁਝ ਕਹਿੰਦਾ ਨਹੀਂ ਤੇ ਜਿਸ ਪਰਿਵਾਰ ਦੀ ਇਜ਼ਤ ਲੁੱਟੀ ਆ, ਉਹਨਾਂ ਪ੍ਰਤੀ ਇਹ ਹੀ ਬੇਨਤੀ ਕਰਾਂਗਾ, ਸਤਿਗੁਰੂ ਸੱਚੇ ਪਾਤਿਸ਼ਾਹ ਕਿਰਪਾ ਕਰਨ ਤੇ ਉਸ ਪਰਿਵਾਰ ਨੂੰ ਆਪਣੀ ਲੜਕੀ ਦੀ ਲੁੱਟੀ ਹੋਈ ਇਜ਼ਤ ਦਾ ਹੱਕ ਲੈਣ ਦਾ ਬਲ ਬਖਸ਼ਣ, ਇਦੋਂ ਵੱਧ ਕੁਝ ਨਹੀਂ ਕਹਾਂਗਾ। ਸਤਿਗੁਰੂ ਕਿਰਪਾ ਕਰਕੇ ਸਾਰੀ ਸੰਗਤ ਨੂੰ ਸਾਨੂੰ ਸੁਮੱਤ ਬਖਸ਼ਣ, ਜਿਸ ਕਰਕੇ ਅਸੀਂ ਹੱਕ ਲੈ ਸਕੀਏ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੧੪.

(ਦੀਵਾਨ ਹਾਲ ਮੰਜੀ ਸਾਹਿਬ, ਅੰਮ੍ਰਿਤਸਰ, ਮਈ ੧੯੮੩)

ਸਟੇਜ ਸੈਕਟਰੀ - ਸਤਿਕਾਰ ਸਹਿਤ ਅਤੇ ਨਿਮਰਤਾ ਸਹਿਤ ਬੇਨਤੀ ਕਰ ਰਿਹਾਂ ਸ੍ਰੀ ਮਾਨ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਸੇਵਾ ਵਿੱਚ ਕਿ ਉਹ ਮੌਜੂਦਾ ਪੰਥਕ ਹਲਾਤ 'ਤੇ ਚਾਨਣਾ ਪਾਉਣ ਅਤੇ ਜਾਣ ਵਾਲੇ ਜਥਿਆਂ ਨੂੰ ਸਮੁੱਚੇ ਰੂਪ ਵਿੱਚ, ਸ਼ੁਭ ਕਾਮਨਾਵਾਂ ਅਤੇ ਅਸ਼ੀਰਵਾਦ ਦੇਣ।

ਸਤਿਗੁਰੂ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ ਜੀ ਦੀ ਸਾਜ਼ੀ ਨਿਵਾਜ਼ੀ, ਗੁਰੂ ਰੂਪ ਗੁਰੂ ਖ਼ਾਲਸਾ ਸਾਧ ਸੰਗਤ ਜੀਉ, ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਸਤਿਕਾਰ ਕਾਇਮ ਰੱਖਣ ਦੀ ਅਪੀਲ

ਪਿਆਰੇ ਖ਼ਾਲਸਾ ਜੀ, ਸਟੇਜ ਤੋਂ ਕੋਈ ਵੀ ਬੁਲਾਰਾ ਬੋਲੇ, ਆਪਾਂ ਨੂੰ ਬੁਲਾਰੇ ਦੇ ਖਿਆਲਾਂ ਵੱਲ ਵੀ ਧਿਆਨ ਦੇਣਾ ਚਾਹੀਦਾ, ਮੈਂ ਇਹ ਨਹੀਂ ਕਹਿੰਦਾ (ਕਿ) ਧਿਆਨ ਨਹੀਂ ਦੇਣਾ ਚਾਹੀਦਾ, ਸੁਣਨਾ ਚਾਹੀਦਾ, ਪਰ ਬੁਲਾਰੇ ਵੱਲ ਧਿਆਨ ਦੇਣ ਨਾਲੋਂ ਜ਼ਿਆਦਾ ਸਤਿਗੁਰੂ ਗਰੰਥ ਸਾਹਿਬ ਜੀ ਦੇ ਸਤਿਕਾਰ ਵੱਲ ਆਪਾਂ ਨੂੰ ਧਿਆਨ ਰੱਖਣਾ ਚਾਹੀਦਾ। ਜਦੋਂ ਸਤਿਗੁਰੂ ਗਰੰਥ ਸਾਹਿਬ ਜੀ ਦੇ ਸਤਿਕਾਰ ਵੱਲ ਧਿਆਨ ਦੇਵਾਂਗੇ, ਵਾਤਵਰਣ ਸ਼ਾਂਤੀ ਵਾਲਾ ਬਣੇਗਾ। ਉਸ ਵੇਲੇ ਬੁਲਾਰੇ ਦਾ ਬੋਲਿਆ ਹੋਇਆ, ਆਪਣੇ ਹਰ ਇੱਕ ਦੇ ਕੰਨ ਵਿੱਚ ਅਵਾਜ਼ ਪਵੇਗੀ, ਸੁਣ ਕੇ ਲਾਭ ਉਠਾ ਸਕਾਂਗੇ, ਪਰ ਜੋ ਹਾਲਾਤ ਆਪਾਂ ਹੁਣ ਵੇਖ ਰਹੇ ਹਾਂ ਜਾਂ ਜਿਹੜੇ ਹਾਲਾਤ ਆਪਾਂ ਇਥੇ ਬਣਾ ਰਹੇ ਹਾਂ, ਕੀ ਉਹ ਸਤਿ ਸੰਗਤ ਦਾ ਵਰਤਾਰਾ ਹੈ ? ਕਿੰਨੀ ਵਾਰ ਸਟੇਜ ਤੋਂ ਸੈਕਟਰੀ ਬੋਲਿਆ, ਕਿੰਨੀ ਵੇਰਾਂ ਬਾਕੀ ਬੁਲਾਰੇ ਇਥੇ ਬੋਲੇ ਆ। ਮੈਂ ਆਹ ਨੌਜੁਆਨ ਵੀਰਾਂ ਨੂੰ ਬੇਨਤੀ ਕਰਾਂਗਾ ਕਿ ਜਦੋਂ ਵੀ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿੱਚ ਅੱਗੇ ਪਿੱਛੇ ਵੀ ਆਵੋ, ਨਮਸਕਾਰ ਕਰਕੇ, ਜੇ ਕੋਈ ਜ਼ਰੂਰੀ ਕੰਮ ਆ ਤਾਂ ਇੱਕ ਪਾਸੇ ਦੀ ਬੜੀ ਸ਼ਾਂਤੀ ਤੇ ਧੀਰਜ ਤੇ ਧੰਮਲ ਨਾਲ ਦਰਬਾਰ ਸਾਹਿਬ ਵਾਲੇ ਪਾਸੇ ਦੀ ਹੋ ਕੇ, ਨਮਸਕਾਰ ਕਰਕੇ ਆਪਣੇ ਵਿਹਾਰਾਂ ਵਾਲੇ ਪਾਸੇ ਜਾਣਾ ਚਾਹੀਦਾ। ਜੇ ਸੰਗਤ ਵਿੱਚ ਆਉਣਾ ਤੇ ਮੱਥਾ ਟੇਕ ਕੇ, ਜਿੱਥੇ ਥਾਂ ਮਿਲੇ ਉਥੇ ਬੈਠ ਜਾਣਾ ਚਾਹੀਦਾ। ਆਹ ਜੋ ਕੁਝ ਮੈਂ ਇਥੇ ਵੇਖ ਰਿਹਾਂ (ਕਿ) ਆਉਣਾ ਸਭ ਤੋਂ ਪਿੱਛੇ ਤੇ ਥਾਂ ਸਾਰਿਆਂ ਤੋਂ ਅੱਗੇ ਭਾਲਣਾ....., ਕਿਸ ਵਾਸਤੇ ?

ਕਿ ਮੇਰੀ ਫੋਟੋ ਕਿਸੇ ਤਰੀਕੇ ਨਾਲ ਕੈਮਰੇ ਵਿੱਚ ਆ ਜਾਵੇ, ਭਾਵੇਂ ਪੱਗ ਮਹਾਰਾਜ ਦੀ ਹਜ਼ੂਰੀ ਵਿੱਚ ਡਿੱਗ ਈ ਪਵੇ। ਕੀ ਆਪਣਾ ਇਹੀ ਪਿਆਰ ਰਹਿ ਗਿਆ ? ਇੱਕ ਪਾਸੇ ਮਰਨ ਵਾਸਤੇ ਚੱਲੇ ਆਂ। ਸ਼ਹੀਦੀਆਂ ਪਾਉਣ ਵਾਸਤੇ ਚੱਲੇ ਆਂ। ਅਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਤੇ ਸਿੱਖ ਕੌਮ ਦੀ ਸ਼ਾਨ ਨੂੰ ਉੱਚਿਆਂ ਕਰਨ ਵਾਸਤੇ ਚੱਲੇ ਆਂ ਤੇ ਦੂਜੇ ਪਾਸੇ ਚੋਜੀ ਪ੍ਰੀਤਮ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੇ-ਅਦਬੀ ਖੁਦ ਕਰ ਲਈਏ, ਇਦੋਂ ਵੱਡਾ ਪਾਪ ਹੋਰ ਆਪਣੇ ਕੋਲੋਂ ਕੀ ਹੋਵੇਗਾ ? ਸੋ ਬੜੀ ਨਿਮਰਤਾ ਸਹਿਤ ਬੇਨਤੀ ਆ, ਜਦੋਂ ਵੀ ਇਥੇ ਆਵੋ, ਉਸ ਵੇਲੇ ਟਿਕਾਅ ਤੇ ਸ਼ਾਂਤੀ ਨਾਲ ਬੈਠਣਾ ਚਾਹੀਦਾ। ਜੇ ਮਨ ਚੰਚਲ ਆ ਤੇ ਟਿਕਦਾ ਨਹੀਂ ਜਾਂ ਬਹਿਣਾ ਔਖਾ ਤੇ ਫਿਰ ਆਹ ਜਿਹੜੀ ਬਾਹਰਲੇ ਪਾਸੇ ਗਰਾਊਂਡ ਆ, ਉਥੇ ਖੁੱਲੇ ਥਾਂ 'ਚ ਬਹਿ ਜਾਇਆ ਕਰੋ। ਸਤਿਗੁਰੂ ਦੇ ਸਤਿਕਾਰ ਨੂੰ ਪੂਰਾ ਪੂਰਾ ਕਾਇਮ ਰੱਖੋ, ਤਾਂ ਆਪਾਂ ਨੂੰ ਪੂਰਾ ਹੱਕ ਪ੍ਰਾਪਤ ਹੋਵੇਗਾ ਤੇ ਜੇ ਸਿੱਖੀ ਸਰੂਪ ਵਿੱਚ ਹੋ ਕੇ ਤੇ ਬਹੁਰੂਪੀਆ ਰੂਪ ਧਾਰ ਕੇ ਤੇ ਕਿਸੇ ਦੀ ਨਕਲ ਲਾ ਕੇ ਤੇ ਚੰਚਲਤਾਈ ਦੇ ਸ਼ਿਕਾਰ ਹੋ ਕੇ, ਗੁਰੂ ਦੀ ਬੇ-ਅਦਬੀ ਕੀਤੀ ਤੇ ਹੱਕ ਪੂਰਾ ਪ੍ਰਾਪਤ ਨਹੀਂ ਹੋਵੇਗਾ। ਸੋ ਨਿਮਰਤਾ ਸਹਿਤ ਇਹ ਬੇਨਤੀ ਆ ਸਾਰੀ ਸੰਗਤ ਨੂੰ, ਅੱਗੇ ਵਾਸਤੇ ਜਦੋਂ ਵੀ ਹਜ਼ੂਰ ਦੀ ਹਜ਼ੂਰੀ ਵਿੱਚ ਆਉਣਾ, ਨਮਸ਼ਕਾਰ ਕਰਕੇ ਬੈਠ ਜਾਣਾ ਚਾਹੀਦਾ।

ਸਰਕਾਰ ਅਤੇ ਪੰਥ ਦੋਖੀਆਂ ਦੀਆਂ ਚਾਲਾਂ

ਮੈਂ ਆਪਣੇ ਵੱਲੋਂ, ਇੱਕ ਦੋਹਾਂ ਦਾ ਨਾਂਅ ਲੈ ਕੇ ਨਹੀਂ, ਸਮੁੱਚੇ ਤੌਰ ਤੇ ਜਿਤਨੇ ਜਥੇਦਾਰ ਅਤੇ ਜਥੇਦਾਰਾਂ ਨਾਲ ਜਾਣ ਵਾਲੇ ਗੁਰਸਿੱਖ, ਮਾਈ, ਭਾਈ, ਬੀਬੀਆਂ ਜਾ ਰਹੇ ਹਨ, ਮੈਂ ਉਹਨਾਂ ਸਾਰਿਆਂ ਦਾ ਹੀ ਬਹੁਤ ਧੰਨਵਾਦ ਕਰਦਾ ਹਾਂ, ਪਰ ਆਪਾਂ ਨੂੰ ਇਸ ਨਾਜ਼ਕ ਸਮੇਂ ਦੇ ਵਿੱਚ ਬਹੁਤ ਸੁਚੇਤ ਹੋ ਕੇ ਚੱਲਣਾ ਪਾਵੇਗਾ। ਇਹ ਇੱਕ ਪਾਸੇ ਤੋਂ ਢਾਹ ਨਹੀਂ ਲੱਗ ਰਹੀ। ਦੇਹਧਾਰੀਆਂ ਵੱਲੋਂ, ਬੀਬੀ ਇੰਦਰਾ ਦੇ ਚਮਚਿਆਂ ਵੱਲੋਂ, ਕੁਰਸੀਆਂ ਦੇ ਲਾਲਚੀਆਂ ਵੱਲੋਂ ਅਤੇ ਕੁਝ ਕੁ ਆਪਣੇ ਨਿੱਜੀ ਪ੍ਰਯੋਜਨ ਨੂੰ ਪੂਰਿਆਂ ਕਰਕੇ, ਆਪਣੀ ਸ਼ੋਹਰਤ ਨੂੰ ਵਧਾਉਣ ਵਾਸਤੇ ਤੇ ਮਾਇਆ ਦੇ ਗਲਬੇ ਵਾਲਿਆਂ ਵੱਲੋਂ, ਇਹਨਾਂ ਸਾਰਿਆਂ ਪਾਸਿਆਂ ਤੋਂ ਧਿਆਨ ਨਾਲ ਚੱਲਣਾ ਪੈਣਾ।

ਹਕੂਮਤ ਨੇ ਹਰ ਤਰੀਕਾ ਵਰਤਣਾ ਕਿ ਪੈਸਾ ਦੇ ਕੇ ਅਕਾਲੀ ਦਲ ਨਾਲੋਂ, ਕਿਸ ਨੂੰ ਤੋੜਿਆ ਜਾਵੇ ? ਲਾਲਚ ਦੇ ਕੇ ਕੁਰਸੀ ਦਾ, ਕਿਸੇ ਨੂੰ ਤੋੜਿਆ ਜਾਵੇ ? ਕਿਹੜੇ ਤਰੀਕੇ ਨਾਲ, ਜਿਹੜੀਆਂ ਜਥੇਬੰਦੀਆਂ, ਸਿੰਘ ਸਭਾਵਾਂ, ਸਭਾ ਸੁਸਾਇਟੀਆਂ, ਸੰਪਰਦਾਵਾਂ, ਅਕਾਲੀ ਦਲ ਨਾਲ ਜੁੜੀਆਂ, ਇਹਨਾਂ ਨੂੰ ਆਪਸ ਵਿੱਚ ਫੁੱਟ ਦਾ ਸ਼ਿਕਾਰ ਬਣਾ ਕੇ, ਅਕਾਲੀ ਦਲ ਤੇ ਬਾਕੀ ਜਥੇਬੰਦੀਆਂ ਵਿੱਚ ਤਰੇੜਾਂ ਕਿਸ ਤਰੀਕੇ ਨਾਲ ਪੈਦਾ ਕੀਤੀਆਂ ਜਾਣ ? ਇਹ ਸਾਰਾ ਤਰੀਕਾ ਗੌਰਮੈਂਟ ਨੇ ਵਰਤ ਕੇ, ਪੂਰਾ-ਪੂਰਾ ਜ਼ੋਰ ਲਾਉਣਾ, ਪਰ ਆਪਾਂ ਉਸ ਨੂੰ ਨਿਹਫਲ ਕਰਨ ਵਾਸਤੇ, ਅਸਫਲ ਬਨਾਉਣ ਵਾਸਤੇ, ਸਾਵਧਾਨਤਾ ਕਿਸ ਤਰੀਕੇ ਨਾਲ ਰੱਖਣੀ ਆਂ ਕਿ ਏਕਤਾ ਦਾ ਸਬੂਤ ਦੇਣਾ।

ਨਿਮਰਤਾ ਰੱਖਣ ਦੀ ਅਪੀਲ

ਜੇ ਕੋਈ ਸਿੰਘ, ਸਿੰਘ ਨੂੰ, ਸਿੱਖ, ਸਿੱਖ ਨੂੰ, ਇੱਕ ਦੂਜੇ ਨੂੰ ਕੋਈ ਗਾਲ਼ ਕੱਢਦਾ, ਉਹਨੂੰ ਗਾਲ਼ ਦਾ ਜਵਾਬ ਗਾਲ਼ ਵਿੱਚ ਨਾ ਦੇਵੋ, ਉਹਨੂੰ ਇਹ ਕਹੋ ਕਿ ਗੁਰਮੁਖਾ ਦੇ ਹੋਰ ਕੱਢ ਲਾ।

ਜੇ ਤੇਰਾ ਪੇਟ ਗਾਲ਼ ਨਾਲ ਭਰਦਾ, ਮੰਦਭਾਸ਼ਾ ਨਾਲ ਭਰਦਾ, ਦੋ ਚੀਜ਼ਾਂ ਹੋਰ ਕਹਿ ਲੈ। ਜੇ ਸਿੱਖ, ਸਿੱਖ ਦੇ ਮੂੰਹ 'ਤੇ ਚਪੇੜ ਮਾਰਦਾ, ਉਹਦੇ ਅੱਗੇ ਮੂੰਹ ਕਰ ਦਿਉ, ਉਹਨੂੰ ਕਹੋ ਦੋ ਹੋਰ ਮਾਰ ਲੈ, ਪਰ ਨਰਕਧਾਰੀਏ ਅੱਗੇ ਨਾ ਕਰ ਦਿਉ ਜਾਂ ਪੁਲੀਸ ਵਾਲੇ ਅੱਗੇ ਨਹੀਂ, ਸਿੱਖ, ਸਿੱਖ ਅੱਗੇ ਕਰੇ। ਉਹਨੂੰ ਕਹੋ ਹੋਰ ਮਾਰ ਲੈ। ਜ਼ੁਰਅਤ ਨਹੀਂ ਪਵੇਗੀ ਕਿ ਇੱਕ ਵੇਰਾਂ ਕੋਈ ਕੌੜਾ ਬਚਨ ਕਹੇ ਤੇ ਉਹਨੂੰ ਕਹਿ ਦੇਈਏ ਭਰਾਵਾ ਦੋ ਹੋਰ ਕਹਿ ਲੈ, ਉਹਦਾ ਸ਼ਰਮ ਨਾਲ ਆਪਣੇ ਆਪ ਈ ਸਿਰ ਨੀਵਾਂ ਹੋ ਜਾਵੇਗਾ, ਪਰ ਆਪਣਾ ਇਥੇ ਕੀ ਸੁਭਾਅ ਬਣਿਆਂ ? ਜੇ ਇੱਕ ਨੇ ਤੀਲੀ ਲਾਈ ਆ ਤੇ ਦੂਜਾ ਕਹਿੰਦਾ ਸਾਰੀ ਡੱਬੀ ਦੀਆਂ ਸੀਖਾਂ ਬਾਲ ਦੇਵਾਂ ਤੇ ਤਾਂ ਮੈਂ ਇਹਦੇ ਨਾਲੋਂ ਚੰਗਾ, ਨਹੀਂ ਤੇ ਨਹੀਂ ਚੰਗਾ। ਇਹ ਸੁਭਾਅ ਆਪਣੇ ਵਾਸਤੇ ਮਾੜਾ।

ਮੈਂ ਹੱਥ ਜੋੜ ਕੇ ਸਾਰੀ ਸੰਗਤ ਨੂੰ ਬੜੀ ਨਿਮਰਤਾ ਸਹਿਤ ਬੇਨਤੀ ਕਰਾਂਗਾ, ਜੋ ਧਰਮ ਯੁੱਧ ਮੋਰਚੇ ਦੇ ਡਿਕਟੇਟਰ ਸਾਹਿਬ, ਸੰਤ ਬਾਬਾ ਹਰਚੰਦ ਸਿੰਘ ਜੀ ਲੌਂਗੋਵਾਲ, ਇਸ ਮੋਰਚੇ ਦੀ ਵਾਗਡੋਰ ਸੰਭਾਲ ਕੇ ਚਲਾ ਰਹੇ ਹਨ। ਸਮੇਂ ਸਮੇਂ ਮੁਤਾਬਕ ਗੌਰਮੈਂਟ ਨੇ ਚਾਲਾਂ ਚੱਲੀਆਂ ਅਤੇ ਅੱਗੇ ਵੀ ਚੱਲੇਗੀ, ਪਰ ਉਹਨਾਂ ਤੋਂ ਬਚਣ ਵਾਸਤੇ ਆਪਾਂ ਨੂੰ, ਆਪਣੇ ਕੰਨਾਂ ਵਿੱਚ, ਫਿਰਕਾਪ੍ਰਸਤੀ ਦੀਆਂ ਗੱਲਾਂ ਸੁਣ ਕੇ ਫੁੱਟ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ।

ਕਈ ਵਾਰੀ ਕਿਹਾ ਜਾਂਦਾ ਜੀ ਇੱਕ ਗਰਮ ਧੜਾ ਇੱਕ ਨਰਮ ਧੜਾ। ਇਹ ਬੋਲਦੇ ਨਹੀਂ, ਦੂਜੇ ਬੋਲਦੇ ਆ। ਸਾਨੂੰ ਜਵਾਬ ਕੋਈ ਨਹੀਂ ਮਿਲਦਾ। ਮੈਂ ਅਕਾਲ ਤਖ਼ਤ ਸਾਹਿਬ ਤੋਂ ਵੀ ਇੱਕ ਦਿਨ ਬੇਨਤੀ ਕੀਤੀ ਸੀ, ਸੰਤਾਂ ਨੇ ਵੀ ਕਿਹਾ ਸੀ ਕਿ ਭਾਈ ਅਖਬਾਰਾਂ ਵਾਲਿਆਂ ਨੇ ਵੀ ਬਹੁਤ ਕੁਝ ਕਹਿਣਾ, ਕਈ ਜਿਹੜੇ ਆਪਣੇ ਉਲਟ ਆ। ਖਾਸ ਕਰਕੇ ਮਹਾਸ਼ਾ ਪ੍ਰੈਸ । ਉਹਨੇ ਅੱਡੀ ਚੋਟੀ ਦਾ ਜ਼ੋਰ ਲਾਉਣਾ ਕਿ ਇਹਨਾਂ ਦੀਆਂ ਪੱਗਾਂ ਇੱਕ ਦੂਜੇ ਦੀਆਂ ਕਿਸ ਤਰ੍ਹਾਂ ਲਹਿ ਸਕਦੀਆਂ ? ਜਦੋਂ ਤੱਕ ਫੈਸਲੇ ਦਾ ਐਲਾਨ ਨਹੀਂ ਹੁੰਦਾ। ਕੋਈ ਕੁਝ ਕਹੀ ਜਾਂਦਾ, ਕਿਸੇ ਦੀ ਪਰਵਾਹ ਨਾ ਕਰਿਉ, ਆਪਾਂ ਆਪਣੇ ਨਿਸ਼ਾਨੇ ਵੱਲ ਵਧੀ ਚੱਲੋ।

ਸਿੱਖ ਇੱਕ ਵੱਖਰੀ ਕੌਮ

ਸਿੱਖ ਵੱਖਰੀ ਕੌਮ ਬਾਰੇ, ਬੜੀਆਂ ਅਨੇਕ ਪ੍ਰਕਾਰ ਦੀਆਂ ਗੱਲਾਂ ਚਲਦੀਆਂ। ਕੁਝ ਸਾਡੇ ਵਿੱਚ ਵੀ ਢਲਿਆਈਆਂ ਹਨ। ਉਹਨਾਂ ਢਲਿਆਈਆਂ ਨੂੰ ਆਹ ਗੁਰੂ ਕੀ ਸੰਗਤ ਨੇ ਦੂਰ ਕਰਨਾ। ਸਿੱਖ ਵੱਖਰੀ ਕੌਮ ਕਹਿਣ ਤੋਂ, ਅਸੀਂ ਕਈ ਵੇਰਾਂ ਸਟੇਜ ਤੋਂ ਝਿਜਕ ਜਾਨੇ ਆਂ, ਭਈ ਪਤਾ ਨਹੀਂ ਕਿਹੜਾ ਬੰਬ ਚਲ ਜਾਣਾ, ਉੱਪਰੋਂ ਤੋਪ ਚੱਲ ਜਾਵੇਗੀ, ਪਹਾੜ ਡਿੱਗ ਪਵੇਗਾ। ਸਿੱਖ ਵੱਖਰੀ ਕੌਮ ਦੇ ਐਸੇ ਭਾਰੀ, ਵੱਡੇ ਵੱਡੇ ਪਰੂਫ, ਸਬੂਤ ਹਨ, ਜਿਹਨਾਂ ਦਾ ਜਵਾਬ ਜਿਹੜੇ ਸੈਂਟਰ ਵਿੱਚੋਂ ਵੱਡੇ-ਵੱਡੇ ਖੱਬੀ ਖਾਨ ਕਹਾਉਣ ਵਾਲੇ ਸੀ, ਜਦੋਂ ਉਹਨਾਂ ਦੇ ਪਾਸ ਦਲੀਲਾਂ ਦਿੱਤੀਆਂ ਗਈਆਂ, ਉਹ ਨੀਵੀਂ ਕਰਕੇ ਬੈਠ ਗਏ, ਕਹਿੰਦੇ ਜੀ ਜਵਾਬ ਨਹੀਂ। ਮੈਂ ਕਿਹਾ ਜਵਾਬ ਨਹੀਂ ਤੇ ਐਲਾਨ ਕਰ ਦਿਉ (ਪਰ) ਕਹਿੰਦੇ, ਜੀ ਵਿਚਾਰ ਕਰਾਂਗੇ। ਮਨ ਕੇ ਦਲੀਲਾਂ ਨੂੰ, ਕਾਇਲ ਹੋ ਕੇ ਤੇ ਫਿਰ ਵੀ ਕਹਿੰਦੇ ਜੀ ਅਜੇ ਵਿਚਾਰ ਕਰਾਂਗੇ। ਆਹ ਥੋੜੇ ਦਿਨ ਹੋਏ ਆ, ਅਖ਼ਬਾਰਾਂ ਵਾਲੇ ਪ੍ਰੇਮੀ ਆਏ ਸੀ, ਐਡੀਟਰ ਮੁਖੀ, ਮੁਖੀ। ਸੰਤ ਜੀ ਕੋਲੇ ਵੀ ਗਏ ਸੀ, ਦਾਸ ਕੋਲੇ ਵੀ ਆਏ ਸੀ। ਵਿਚਾਰਾਂ ਚੱਲਦੀਆਂ ਰਹੀਆਂ, ਟੇਪ ਰਿਕਾਰਡ ਮੇਰੇ ਕੋਲੇ ਮੌਜੂਦ ਆ ਉਹਨਾਂ ਦੀ (ਪਰ) ਬਾਹਰ ਜਾ ਕੇ ਖ਼ਬਰ

ਦਿੱਤੀ ਕਿ ਭਿੰਡਰਾਂਵਾਲੇ ਦੀ ਗੱਲ ਵਿੱਚ ਲਾਜ਼ਿਕ ਨਹੀਂ। ਲਾਜ਼ਿਕ ਦਾ ਭਾਵ ਹੈ ਦਲੀਲ ਨਹੀਂ, ਜਿੱਧਰ ਨੂੰ ਤੁਰ ਪੈਂਦਾ, ਸਿੱਧਾ ਤੁਰਿਆ ਜਾਂਦਾ, ਉਹਨੂੰ ਮੁੜਨਾ ਨਹੀਂ ਆਉਂਦਾ। ਜਿਹੜੀ ਟੇਪ ਰਿਕਾਰਡ ਆ, ਉਹਦੇ ਵਿੱਚ ਇਹ ਕਹਿ ਕੇ ਗਏ, ੧੨ ਦੇ ੧੨। ਉਹ ਕਹਿੰਦੇ ਅਸੀਂ ਵੀ ਅੱਤਵਾਦੀ ਆਂ, ਜਿਹੋ ਜਿਹੇ ਤੁਸੀਂ ਆਂ ਤੇ ਜੇ ਮੇਰੀ ਗੱਲ ਵਿੱਚ ਦਲੀਲ ਨਹੀਂ ਸੀ ਤੇ ਤੁਸੀਂ (ਆਪਣੇ ਆਪ ਨੂੰ) ਅੱਤਵਾਦੀ ਕਿਉਂ ਕਹਿ ਦਿੱਤਾ ?

ਸਿੱਖ ਕੌਮ ਪ੍ਰਤੀ, ੨-੪ ਬੇਨਤੀਆਂ ਕਰਨੀਆਂ ਜ਼ਰੂਰੀ ਸਮਝਦਾ ਹਾਂ। ਕਿਉਂਕਿ ਸਾਰੇ ਪੜ੍ਹੇ ਲਿਖੇ ਤੁਸੀਂ ਜਾ ਰਹੇ ਹੋ। ਸਿੱਖ ਵੱਖਰੀ ਕੌਮ ਅਸੀਂ ਕਿਵੇਂ ਹਾਂ ? ਪਹਿਲਾ ਸਵਾਲ ਉਹਨਾਂ 'ਤੇ ਮੈਂ ਕੀਤਾ ਸੀ ਕਿ ਤੁਸੀਂ ਇਹ ਦੱਸੋ ਕਿ ਸਿੱਖ ਤੋਂ ਬਿਨਾ ਜਨਮਦਾ ਕੌਣ ਆਂ, ਪੈਦਾ ਕੌਣ ਹੁੰਦਾ ? ਦੁਨੀਆਂ ਵਿੱਚ ਸਭ ਤੋਂ ਪਹਿਲਾਂ ਸਿੱਖ ਜੰਮਦਾ, ਪਿੱਛੋਂ ਬੋਦੀ ਬਣਾ ਕੇ, ਚੋਟੀ ਬਣਾ ਕੇ ਹਿੰਦੂ ਬਣਾਇਆ ਜਾਂਦਾ, ਸੁਨਤ ਕਰਕੇ ਮੁਸਲਮਾਨ ਕਿਹਾ ਜਾਂਦਾ। ਜੇ ਸੁਨਤ ਨਾ ਹੋਵੇ ਤੇ ਕਾਫ਼ਰ ਕਹਿਣਗੇ, ਚੋਟੀ ਨਾ ਹੋਵੇ ਤੇ ਸਿੱਖ ਕਹਿਣਗੇ। ਸਿੱਖ ਤੋਂ ਬਿਨਾ ਕੌਣ ਜੰਮਦਾ ? ਕਹਿੰਦੇ ਜੰਮਦਾ ਤਾਂ ਸਿੱਖ ਈ ਆ।

ਸੁਬਰਾਮਨੀਅਮ ਵੱਲੋਂ ਲੁਕਣ ਲਈ ਸਿੱਖੀ ਸਰੂਪ ਧਾਰਨਾ

ਆਹ ਸੁਬਰਾਮਨੀਅਮ ਨੇ ਕਿਹਾ ਸੀ, ਕਹਿਣ ਲੱਗਾ ਜੀ ਜਦੋਂ ਐਮਰਜੈਂਸੀ ਲੱਗੀ ਆ, ਉਦੋਂ ਮੈਂ ਦਾਹੜਾ ਰੱਖ ਲਿਆ, ਪੱਗ ਬੰਨ ਲਈ ਤੇ ਨਾਂਅ ਸਿੰਘ ਰਖਵਾ ਲਿਆ। ਮੈਂ ਪੁੱਛਿਆ ਕਿਉਂ ? ਕਹਿੰਦਾ ਜੀ ਲੁਕਣ ਵਾਸਤੇ। ਲੁਕਣ, ਛਿਪਣ ਵਾਸਤੇ ਕਹਿੰਦਾ ਮੈਂ ਨਾਂਅ ਵਟਾ ਲਿਆ ਤੇ ਮੈਂ ਉਹਨੂੰ ਉੱਤਰ ਦਿੱਤਾ ਸੀ, ਇਹ ਕਲਗੀਧਰ ਦਾ ਜੰਗਲ ਆ, ਜੰਗਲ, ਸਿੱਖੀ। ਇਹਦੇ ਵਿੱਚ ਸ਼ੇਰ ਵੀ, ਚਿਤਰੇ ਵੀ ਤੇ ਗਿੱਦੜ ਵੀ ਲੁੱਕ ਜਾਂਦੇ ਆ ਤੇ ਤੇਰੇ ਵਰਗੇ ਕਿਤੇ ਗਿੱਦੜ ਨੇ ਵੀ ਦਿਨ ਕੱਟਣ ਵਾਸਤੇ ਬਹਾਨਾ ਬਣਾ ਲਿਆ (ਫਿਰ) ਸਾਡਾ ਇਹਦੇ ਵਿੱਚ ਗੁਨਾਹ ਤਾਂ ਕੋਈ ਨਹੀਂ। ਕਹਿੰਦਾ, ਜੀ ਮੈਂ ਹਾਰ ਮਾਨਤਾ ਹੂੰ।

ਤਿਰੰਗੇ ਦਾ ਕੇਸਰੀ ਰੰਗ ਉੱਪਰ ਕਰਨਾ

ਇਹਨਾਂ ਨੂੰ ਇਹ ਪੁੱਛਿਆ ਭਈ ਸਿੱਖ ਵੱਖਰੀ ਕੌਮ ਬਾਰੇ। ਪਹਿਲਾਂ ਤਾਂ ਸਭ ਤੋਂ ਪਹਿਲਾ ਪ੍ਰਸ਼ਨ ਹੈ ਕਿ ਸਿੱਖ ਤੋਂ ਬਿਨਾ ਜੰਮਦਾ ਈ ਕੋਈ ਨਹੀਂ, ਜੰਮਦਾ ਈ ਸਿੱਖ ਆ। ਦੂਜਾ ਵਰਤਮਾਨ ਸਮੇਂ ਦੇ ਵਿੱਚ, ੧੯੪੭ ਦੇ ਵੇਲੇ, ਜਿਸ ਵੇਲੇ ਵੰਡ ਹੋਈ ਆ ਦੇਸ਼ ਦੀ, ਤਿਰੰਗ ਝੰਡਾ ਬਣਿਆ। ਤਿਰੰਗਾ ਝੰਡਾ ਤਿੰਨ ਕੌਮਾਂ ਦੇ ਨਾਂਅ ਉੱਪਰ ਬਣਿਆ। ਚਿੱਟਾ ਰੰਗ ਉੱਪਰ, ਹਰਿਆ ਰੰਗ ਵਿਚਾਲੇ ਤੇ ਕੇਸਰੀ ਰੰਗ ਥੱਲੇ। ਅੱਗੇ ਬੀੜ ਦਿੱਤੀਆਂ ਮਸ਼ੀਨ ਗੰਨਾਂ ਅੰਗਰੇਜ਼ਾਂ ਨੇ। ਉਸ ਵੇਲੇ ਬਹਿ ਕੇ ਸਾਰੇ ਟੋਪੀਆਂ ਵਾਲੇ ਲੱਗੇ ਵਿਚਾਰ ਕਰਨ। ਹੁਣ ਤੇ ਕਹਿੰਦੇ ਨੇ ਨਾ ਸੁਣਨੀ ਨਹੀਂ ਗੱਲ। ਉਦੋਂ ਮਹਾਤਮਾ ਗਾਂਧੀ, ਮੋਤੀ ਲਾਲ, ਪਟੇਲ ਵਰਗੇ, ਇਹ ਸਾਰੇ ਇਕੱਠੇ ਹੋ ਕੇ ਕਹਿਣ ਲੱਗੇ ਭਈ ਹੁਣ ਝੰਡਾ ਲੈ ਕੇ ਤੁਰਨਾ, ਅੱਗੇ ਕਿਹਨੂੰ ਲਾਈਏ ? ਸਲਾਹ ਕੀਤੀ ਕਿ ਸਿੱਖਾਂ ਬਿਨਾਂ ਕੋਈ ਮਰ ਤੇ ਸਕਦਾ ਨਹੀਂ ਤੇ ਸਿੱਖਾਂ ਬਿਨਾਂ ਹੱਕ ਵੀ ਕੋਈ ਨਹੀਂ ਲੈ ਸਕਦਾ ਛੇਤੀ। ਬਾਬਾ ਖੜਕ ਸਿੰਘ ਨੂੰ ਕਹਿ ਦੇਈਏ, ਉਹ ਅੱਗੇ ਲੱਗ ਜਾਣ। ਉਹਨਾਂ ਦਾ ਖਿਆਲ ਸੀ, ਐਵੇਂ ਸਿੱਧਾ ਸਾਧ ਜਿਹਾ ਹੈਗਾ,

ਇਹਨੂੰ ਕਿਹੜਾ ਕੋਈ ਪਤਾ। ਪੜ੍ਹਿਆ ਲਿਖਿਆ ਘੱਟ ਹੋਵੇਗਾ, ਉਹਨਾਂ ਦੇ ਦਿਮਾਗ ਮੁਤਾਬਕ। ਜਦੋਂ ਬਾਬਾ ਖੜਕ ਸਿੰਘ ਜੀ ਕੋਲੇ ਆਏ। ਕਹਿੰਦੇ ਜੀ ਤੁਸੀਂ ਅੱਗੇ ਲੱਗੋ। ਕਹਿੰਦੇ ਤਿਆਰ ਆਂ ਪਰ ਜਿਹੜਾ ਝੰਡਾ ਇਹਦੇ ਤੋਂ ਫੈਸਲਾ ਕਰਵਾ ਲਉ। ਜਿਹਦਾ ਰੰਗ ਉੱਪਰ ਆ, ਉਹ ਅੱਗੇ ਲੱਗੋ, ਜਿਹਦਾ ਰੰਗ ਵਿਚਾਲੇ ਉਹ ਵਿਚਾਲੇ ਲੱਗੋ, ਜਿਹਦਾ ਰੰਗ ਥੱਲੇ ਉਹ ਪਿੱਛੇ ਲੱਗੋ। ਸਾਰਿਆਂ ਦੇ ਦੰਦ ਜੁੜ ਗਏ। ਕਹਿਣ ਲੱਗੇ ਰੰਗ ਬਦਲ ਦਿੰਦੇ ਹਾਂ। ਬਾਬਾ ਜੀ ਕਹਿੰਦੇ ਬਦਲ ਦਿਉ ਝੰਡਾ। ਕੇਸਰੀ ਰੰਗ ਉੱਪਰ ਕਰ ਦਿੱਤਾ ਤੇ ਬਾਬਾ ਖੜਕ ਸਿੰਘ ਜੀ ਨਿਸ਼ਾਨ ਲੈ ਕੇ ਅੱਗੇ ਲੱਗੇ। ਜਦੋਂ ਛਾਤੀ ਵਿੱਚ ਦੀ, ਵੱਖੀ ਵਿੱਚ ਦੀ ਲੰਘਣੀਆਂ ਸੀ, ਉਦੋਂ ਤਾਂ ਸਿੱਖ ਕੌਮ ਬਹਾਦਰ ਆ ਤੇ ਬਾਬਾ ਖੜਕ ਸਿੰਘ ਜੀ ਅੱਗੇ ਲੱਗੇ ਤੇ ਜਦੋਂ ਕੁਰਸੀ ਸੰਭਾਲਣੀ, ਉਦੋਂ ਟੱਲੀ ਰਾਮ ਅੱਗੇ ਲੱਗੇ। ਇਹ ਸਿੱਖ ਵੱਖਰੀ ਕੌਮ ਦੀ ਨਿਸ਼ਾਨੀ ਆਂ, ਸਿੱਖ ਵੱਖਰੀ ਕੌਮ ਦਾ ਪ੍ਰਤੀਕ੍ਹ ਆ, ਹਿੰਦੁਸਤਾਨ ਦਾ ਝੰਡਾ।

ਦੂਜਾ ਇਹਨਾਂ ਨੇ ਉੱਤਰ ਦਿੱਤਾ ਸੀ ਕਿ ਸਿੱਖਾਂ ਦਾ ਇਸ਼ਟ ਵੱਖਰਾ। ਸਤਿਗੁਰੂ ਗਰੰਥ ਸਾਹਿਬ ਵਿੱਚ ਸਾਰੇ ਭਗਤ, ਛੀਂਬੇ, ਨਾਈ, ਝਿਊਰ, ਹਰੀਜਨ, ਇਸੇ ਤਰ੍ਹਾਂ ਚਮਿਆਰ, ਘੁਮਿਆਰ, ਸੈਣੀ, ਸਾਰੇ ਇਹਦੇ ਵਿੱਚ ਬੈਠੇ ਆ। ਕਿਸੇ ਕੁਰਾਨ ਵਿੱਚ ਹਿੰਦੂ ਨਹੀਂ, ਕਿਸੇ ਗੀਤਾ ਵਿੱਚ ਮੁਸਲਮਾਨ ਨਹੀਂ, ਇਸ ਕਰਕੇ ਅਸੀਂ ਵੱਖਰੇ ਆਂ।

ਸ੍ਰੀ ਦਰਬਾਰ ਸਾਹਿਬ ਦੀ ਵਿਲੱਖਣਤਾ

ਦੂਜਾ ਦਰਬਾਰ ਸਾਹਿਬ ਵਿੱਚ ਕੁਲ ਨੂੰ ਅਧਿਕਾਰ ਆ ਮੱਥਾ ਟੇਕਣ ਦਾ ਪਰ ਕਿਸੇ ਮਸੀਤ ਵਿੱਚ ਹਿੰਦੂ ਨੂੰ ਅਧਿਕਾਰ ਨਹੀਂ ਤੇ ਕਿਸੇ ਸ਼ਿਵ ਦੁਆਲੇ ਵਿੱਚ ਮੁਸਲਮਾਨ ਨੂੰ ਅਧਿਕਾਰ ਨਹੀਂ, ਇਸ ਵਾਸਤੇ ਅਸੀਂ ਵੱਖਰੇ ਆਂ। ਹਿੰਦੁਸਤਾਨ ਹੀ ਨਹੀਂ, ਕੁਲ ਦੁਨੀਆਂ ਦਾ ਚੱਕਰ ਕੱਟ ਆਵੋ, ਤੁਹਾਨੂੰ ਕਿਸੇ ਥਾਂ 'ਤੇ ਲੰਗਰ ਮੁਫ਼ਤ ਨਹੀਂ ਮਿਲੇਗਾ। ਜੇ ਲੰਗਰ ਮਿਲੇਗਾ ਤੇ ਇੱਕ ਗੁਰੂ ਦੇ ਦਰਬਾਰ ਵਿੱਚੋਂ ਮਿਲੇਗਾ, ਬਾਕੀ ਕਿਤੋਂ ਨਹੀਂ ਮਿਲੇਗਾ। ਇਸ ਵਾਸਤੇ ਵੀ ਅਸੀਂ ਵੱਖਰੇ ਹਾਂ।

ਬਾਕੀ ਕਿਸੇ ਧਾਰਮਿਕ ਗਰੰਥ ਨੂੰ ਮੰਨਣ ਵਾਲੇ ਲੋਕਾਂ ਵਿੱਚੋਂ, ਉਹਨਾਂ ਦੇ ਘਰੋਂ ਜੋ ਬੀਬੀਆਂ, ਉਹਨਾਂ ਨੂੰ ਆਪਣੇ ਇਸ਼ਟ ਦੀ ਹਜ਼ੂਰੀ ਵਿੱਚ ਜਾ ਕੇ, ਨਮਸਕਾਰ ਕਰਨ ਦਾ ਅਧਿਕਾਰ ਨਹੀਂ ਤੇ ਆਪਣੇ ਧਾਰਮਿਕ ਚਿੰਨ ਗਾਤਰੇ ਪਹਿਨਣ ਦਾ ਵੀ ਅਧਿਕਾਰ ਨਹੀਂ। ਹਿੰਦੂ ਦੇ ਘਰ ਵਾਲੀ ਬੋਦੀ ਨਹੀਂ ਰੱਖ ਸਕਦੀ। ਕਈ ਹਿੰਦੂ ਭਰਾ ਬੈਠੇ ਪੁੱਛ ਵੀ ਲਿਉ। ਹਿੰਦੂ ਦੇ ਘਰਵਾਲੀ ਬੋਦੀ ਨਹੀਂ ਰੱਖ ਸਕਦੀ। ਹਿੰਦੂ ਦੇ ਘਰਵਾਲੀ ਜਨੇਊ ਨਹੀਂ ਪਾ ਸਕਦੀ। ਹਿੰਦੂ ਦੇ ਘਰਵਾਲੀ ਬਾਰਾਂ ਤਿਲਕ ਨਹੀਂ ਲਾ ਸਕਦੀ। ਮੁਸਲਮਾਨ ਦੇ ਘਰਵਾਲੀ ਮੱਕੇ ਜਾ ਕੇ ਜ਼ਿਆਰਤ ਨਹੀਂ ਕਰ ਸਕਦੀ। ਮੁਸਲਮਾਨ ਦੇ ਘਰਵਾਲੀ ਮਸੀਤ ਵਿੱਚ, ਪਰਦੇ ਤੋਂ ਬਗੈਰ ਨਮਾਜ਼ ਨਹੀਂ ਪੜ੍ਹ ਸਕਦੀ। ਜੇ ਨਮਾਜ ਪੜ੍ਹਨੀ ਆਂ ਤੇ ਪਰਦਾ ਕਰਨਾ ਪਵੇਗਾ, ਪਰ ਸਾਡਾ ਸਿੱਖਾਂ ਦਾ ਅਸੂਲ ਹੈ, ਜੇ ਮੱਥਾ ਇਥੇ ਸਿੰਘ ਨੇ ਟੇਕਿਆ ਤੇ ਬੀਬੀ ਨੇ ਵੀ ਇਥੇ ਮੱਥਾ ਟੇਕਣਾ। ਜੇ ਸਿੰਘ ਦੇ ਗਾਤਰੇ ਕ੍ਰਿਪਾਨ ਆ ਤੇ ਬੀਬੀ ਦੇ ਵੀ ਕ੍ਰਿਪਾਨ ਆ। ਜੇ ਸਿੰਘ ਅਖੰਡ ਪਾਠੀ ਆ ਤੇ ਘਰਵਾਲੀ ਵੀ ਅਖੰਡ ਪਾਠ ਦੀ ਰੌਲ ਲਾ ਸਕਦੀ ਆ। ਸਿੰਘ ਕੀਰਤਨ ਕਰਦਾ ਤੇ ਬੀਬੀ ਵੀ ਕੀਰਤਨ ਕਰ ਸਕਦੀ ਆ। ਸਾਡਾ ਸਾਰਾ ਸਿਲਸਿਲਾ ਈ ਤੁਹਾਡੇ ਨਾਲੋਂ ਵੱਖਰਾ ਤੇ ਤੁਸੀਂ ਕਿਵੇਂ ਕਹਿੰਨੇ ਸਿੱਖ ਵੱਖਰੀ ਕੌਮ ਨਹੀਂ ? ਕਹਿੰਦਾ ਜੀ ਜਵਾਬ ਕੋਈ ਨਹੀਂ। ਜਵਾਬ ਕਹਿੰਦੇ ਹੈ ਕੋਈ ਨਹੀਂ, ਸਿੱਖ ਵੱਖਰੀ ਕੌਮ ਕਹਿੰਦੇ ਮੰਨਣਾ ਨਹੀਂ। ਫਿਰ ਇਹਦੇ ਮਨਾਉਣ ਵਾਸਤੇ ਤੁਹਾਨੂੰ ਸੋਚਣਾ ਪਊ।

ਮੇਰੇ ਤੇ ਪ੍ਰਸ਼ਨ ਕੀਤਾ, ਰਾਮ ਜੇਠ ਮਲਾਨੀ ਨੇ, ਸੁਬਰਾਮਨੀਅਮ ਨੇ ਅਤੇ ਉਹਨਾਂ ਐਡੀਟਰਾਂ ਨੇ। ਉਹ ਕਹਿਣ ਲੱਗੇ ਜੀ ਤੁਸੀਂ ਸੰਤ ਹੋ ? ਮੈਂ ਆਖਿਆ ਨਹੀਂ ਮੈਂ ਸਿੰਘ ਆਂ। ਕਹਿੰਦੇ ਲੋਕੀਂ ਤੁਹਾਨੂੰ ਸੰਤ ਕਹਿੰਦੇ ਆ। ਮੈਂ ਆਖਿਆ ਸੰਗਤਾਂ ਨੂੰ ਪੁੱਛੋ। ਕਹਿੰਦੇ ਜੀ ਸੰਤਾਂ ਕੋਲੇ ਹਥਿਆਰ ਨਹੀਂ ਹੋਇਆ ਕਰਦੇ, ਤੁਸੀਂ ਹਥਿਆਰ ਕਿਉਂ ਰੱਖੇ ਆ ? ਦਾਸ ਨੇ ਉੱਤਰ ਦਿੱਤਾ ਸੀ, ਭਈ ਮੈਂ ਖੁਸਰਾ ਨਹੀਂ ਹਾਂ ਤੇ ਨਾ ਖੁਸਰੇ ਦਾ ਪੁੱਤ ਆਂ। ਮੇਰਾ ਪਿਤਾ ਮਰਦ ਆ, ਭਾਈ ਗੁਰਦਾਸ ਜੀ ਨੇ ਲਿਖਿਆ :

'ਵਾਹ ਪ੍ਰਗਟਿਉ ਮਰਦ ਅਗੰਮੜਾ ਵਰਿਆਮ ਅਕੇਲਾ ॥
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ ॥

(ਭਾਈ ਗੁਰਦਾਸ ਦੂਜਾ, ਵਾਰ ੪੦)

.....

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਉਹਦਾ ਪੁੱਤਰ ਹਾਂ। ਮੈਨੂੰ ਕਹਿੰਦੇ ਸ਼ਸ਼ਤਰਾਂ ਨਾਲ ਸ਼ਾਤੀ ਭੰਗ ਹੁੰਦੀ, ਸ਼ਾਂਤੀ। ਆਹ ਸ਼ਾਂਤੀ ਚਲਦੀ ਆ ਨਾ, ਮੈਂ ਇਸ ਪਾਸੇ ਬਹੁਤਾ ਨਹੀਂ ਪੈਣਾ। ਕੇਵਲ ਸ਼ਾਂਤੀ ਵਾਸਤੇ ਦੋ ਕੁ ਅੱਖਰ ਹੀ ਕਹਿਣੇ ਆਂ। ਕਹਿੰਦੇ ਜੇ ਸਿੱਖ ਹਥਿਆਰ ਰੱਖ ਲਵੇ ਤੇ ਸ਼ਾਂਤੀ ਭੰਗ ਹੋ ਜਾਂਦੀ ਆ। ਬਾਹਰ ਜਾ ਕੇ ਕਹਿੰਦੇ ਭਿੰਡਰਾਂਵਾਲੇ ਦੀ ਗੱਲ 'ਚ ਦਲੀਲ ਨਹੀਂ ਤੇ ਦਲੀਲ ਮੈਂ ਇਹ ਦਿੱਤੀ ਸੀ ਕਿ ਤੁਸੀਂ ੧੨ ਐਡੀਟਰ ਹੋ ਤੇ ਮੈਂ ਤੁਹਾਡੇ ਕੋਲੋਂ ਪੁੱਛਣਾ ਚਾਹੁੰਦਾ ਹਾਂ (ਕਿ) ਜੇ ਹਥਿਆਰ ਰੱਖਣ ਨਾਲ ਸ਼ਾਂਤੀ ਭੰਗ ਹੁੰਦੀ ਆ ਤੇ ਬਾਰਡਰਾਂ ਦੇ ਉੱਪਰ ਤੋਪਾਂ, ਸਟੇਨਾਂ, ਮਸ਼ੀਨ ਗੰਨਾਂ ਇਹ ਕਿਉਂ ਬੀੜੀਆਂ ਹੋਈਆਂ ? ਉਹ ਸ਼ਾਂਤੀ ਭੰਗ ਕਰਨ ਵਾਸਤੇ ਬੀੜੀਆਂ ਕਿ ਸ਼ਾਂਤੀ ਕਾਇਮ ਰੱਖਣ ਵਾਸਤੇ ? ਕਹਿੰਦੇ ਜੀ ਬੀੜੀਆਂ ਤਾਂ ਸ਼ਾਂਤੀ ਕਾਇਮ ਕਰਨ ਵਾਸਤੇ ਆ ਤੇ ਮੈਂ ਆਖਿਆ ਜੇ ਤੋਪ ਨਾਲ ਸ਼ਾਂਤੀ ਭੰਗ ਨਹੀਂ ਹੁੰਦੀ ਤੇ .੩੧੫ ਤੇ ਸਪਰਿੰਗ ਫੀਲਡ ਨਾਲ ਸ਼ਾਂਤੀ ਭੰਗ ਹੋ ਜਾਊ ? ਕਹਿੰਦੇ ਜੀ ਤੁਹਾਡੇ ਹਥਿਆਰ ਜਾਇਜ਼ ਆ। ਮੇਰੇ ਕੋਲ ਕਹਿ ਕੇ ਗਏ ਆ, ਟੇਪ ਭਰ ਕੇ ਗਏ ਆ (ਕਿ) ਅਸੀਂ ਅੱਤਵਾਦੀ ਹਾਂ, ਅਸੀਂ ਤੁਹਾਡੇ ਨਾਲ ਹਾਂ, ਹਥਿਆਰ ਤੁਹਾਡੇ ਜਾਇਜ਼ ਹਨ ਤੇ ਅਖ਼ਬਾਰਾਂ ਵਿੱਚ ਜਾ ਕੇ ਕਹਿੰਦੇ ਜੀ ਭਿੰਡਰਾਂਵਾਲਾ ਬੜਾ ਖਤਰਨਾਕ ਆ। ਇੱਕ ਪਾਸੇ ਕਹਿੰਦੇ ਦਲੀਲ ਨਹੀਂ, ਦੂਜੇ ਪਾਸੇ ਕਹਿੰਦੇ ਉੱਤਰ ਨਹੀਂ ਤੇ ਇਹੋ ਜਿਹੇ ਲੋਕਾਂ ਤੋਂ ਸਾਵਧਾਨ ਰਹਿਣਾ।

ਮੈਂ ਸਾਰੀ ਸਿੱਖ ਸੰਗਤ ਨੂੰ ਬੇਨਤੀ ਕਰਾਂਗਾ, ਜੇ ਆਪਾਂ ਇਸ ਮੋਰਚੇ ਵਿੱਚੋਂ ਕਾਮਯਾਬੀ ਪ੍ਰਾਪਤ ਕਰਨੀ ਆਂ ਤੇ ਪੂਰਾ ਹੱਕ ਲੈਣਾ, ਅਨੰਦਪੁਰ ਦੇ ਮਤੇ ਬਾਰੇ, ਜੋ ਚਰਚਾ ਚੱਲ ਰਹੀ ਆ, ਉਹਨਾਂ ਭੁਲੇਖਿਆਂ ਨੂੰ ਦੂਰ ਕਰਕੇ ਆਪਣੇ ਪੂਰੇ ਪੂਰੇ ਹੱਕ ਹਾਸਲ ਕਰਨੇ ਆਂ। ੧੦੦/੧੦੦ ਨੰਬਰ ਲੈਣਾ ਤੇ ਫਿਰ ਇੱਕ ਥਾਂ ਰਹਿਣਾ ਪਵੇਗਾ। ਇਹ ਨਹੀਂ ਤੁਰਨ ਲੱਗਿਆਂ ਜਥੇਦਾਰਾਂ ਨਾਲ ਰੌਲਾ ਪੈ ਜਾਵੇ।

ਸਵਾਰਥੀ ਸਿਆਸਤਦਾਨਾਂ ਦਾ ਝੂਠਾ ਪ੍ਰਚਾਰ

ਮੈਂ ਸਾਰੇ ਜ਼ਿੰਮੇਵਾਰਾਂ ਨੂੰ ਇੱਕ ਬੇਨਤੀ ਕਰਦਾਂ, ਕਿਸੇ ਤੇ ਸ਼ੱਕ ਕਰਕੇ ਨਹੀਂ (ਪਰ) ਮੇਰੀ ਇੱਕ ਜ਼ਿੰਮੇਵਾਰੀ ਵੀ ਬਣਦੀ ਆ ਪ੍ਰਚਾਰਕ ਤੌਰ 'ਤੇ। ਆਪਾਂ ਨੂੰ, ਸਾਰਿਆਂ ਨੂੰ, ਜਥੇਦਾਰਾਂ ਨੂੰ

ਵੀ ਸੰਭਲ ਕੇ ਚੱਲਣਾ ਚਾਹੀਦਾ। ਕਿਸੇ ਤੇ ਸ਼ੱਕ ਪੈਂਦੀ ਆ ਉਹਨੂੰ ਕੋਲੇ ਬੁਲਾ ਕੇ ਇੱਕ ਦੂਜੇ ਨੂੰ ਪੁੱਛੋ, ਪਰ ਐਸੀਆਂ ਨੌਸਰਬਾਜੀਆਂ ਕਰੀ ਜਾਣੀਆਂ (ਕਿ) ਜੀ ਟਰੱਕਾਂ ਦੇ ਟਰੱਕ ਮਾਇਆ ਦੇ ਇਕੱਠੇ ਕਰ ਲਏ। ਇਹਨੂੰ ਥਾਨਾਂ ਦੇ ਥਾਨ ਕੱਪੜੇ ਪਹੁੰਚ ਗਏ। ਇਹ ਮੱਥੇ ਟਿਕਵਾਈ ਜਾਂਦਾ। ਇਹ ਪੂਜਾ ਕਰਵਾਉਂਦਾ। ਫੈਡਰੇਸ਼ਨ ਪੰਥ ਦਾ ਅੰਗ ਈ ਨਹੀਂ। ਉਹ ਜਿਹੜੀ ਫੈਡਰੇਸ਼ਨ ੫੦-੫੧ ਸਾਲ ਤੋਂ ਚੱਲੀ ਆਉਂਦੀ ਆ, ਪੰਥ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਤੁਰੀ ਜਾ ਰਹੀ ਆ। ਜਿਹੜੀ ਫੈਡਰੇਸ਼ਨ ਸਤਿਗੁਰੂ ਗਰੰਥ ਸਾਹਿਬ ਦੇ ਸਤਿਕਾਰ ਦੇ ਸੰਬੰਧ ਵਿੱਚ ਆਪਣੀਆਂ ਲੱਤਾਂ ਰੱਸਿਆਂ ਨਾਲ ਬਨ੍ਹਾ ਕੇ ਪੁੱਠਿਆਂ ਲਮਕੀ ਆ। ਛਾਤੀਆਂ 'ਚ ਗੋਲੀਆਂ ਖਾਦੀਆਂ। ਰੀੜ ਦੀਆਂ ਹੱਡੀਆਂ ਤੁੜਵਾ ਲਈਆਂ। ਆਪਣੇ ਘਰਾਂ ਨੂੰ ਅੱਗਾਂ ਲਵਾ ਲਈਆਂ। ਅੱਜ ਉਹਨਾਂ ਨੌਜੁਆਨਾਂ ਨੂੰ ਜੋੜਨ ਦੇ ਥਾਂ, ਇਹ ਕਹਿ ਕੇ ਫਟਕਾਰਿਆ ਜਾਂਦਾ ਕਿ ਤੁਸੀਂ ਪੰਥ ਦਾ ਅੰਗ ਹੀ ਨਹੀਂ ਹੋ। ਕੀ ਪੰਥ ਦਾ ਅੰਗ ਉਹ ਲੋਕ ਹਨ, ਜਿਹਨਾਂ ਨੇ ਕੁਰਸੀ ਵਾਸਤੇ ਕੌਮ ਵੇਚ ਦਿੱਤੀ ? ਕੀ ਪੰਥ ਦਾ ਅੰਗ ਉਹ ਲੋਕ ਹਨ, ਜਿਹਨਾਂ ਨੇ ਗੁਰੂ ਦੀ ਹਜ਼ੂਰੀ ਵਿੱਚ ਸਹੁੰ ਖਾ ਕੇ ਤੇ ਫਿਰ ਵਾਪਸ ਪਰਤ ਆਏ ? ਕੀ ਪੰਥ ਦਾ ਅੰਗ ਉਹ ਲੋਕ ਹਨ, ਜਿਹੜੇ ਜਥੇ 'ਚ ਜਾਣ ਵਾਲੇ ਨੂੰ ਕਹਿੰਦੇ ਤੁਸੀਂ ਨਾ ਜਾਵੋ ? ਇਹਨਾਂ ਗੱਲਾਂ ਤੋਂ ਆਪਾਂ ਨੂੰ ਸਾਰਿਆਂ ਨੂੰ ਬਾਜ ਆਉਣਾ ਚਾਹੀਦਾ।

ਲੌਂਗੋਵਾਲ ਅਤੇ ਸੰਤ ਜਰਨੈਲ ਸਿੰਘ ਵਿੱਚ ਫੁੱਟ ਹੋਣ ਦਾ ਪ੍ਰਾਪੇਗੰਡਾ

ਇੱਕ ਜਿਹੜਾ ਕੰਨਾਂ ਦੇ ਵਿੱਚ ਅਵਾਜ਼ਾਂ ਪਾਈਆਂ ਜਾਂਦੀਆਂ ਜੀ ਭਿੰਡਰਾਂਵਾਲਾ ਤੇ ਲੌਂਗੋਵਾਲ ਹੁਣ ਬਿਲਕੁਲ ਫੁੱਟ ਦੇ ਕਿਨਾਰੇ 'ਤੇ ਖੜੇ ਆ, ਇਹ ਸੁਪਨੇ ਵਿੱਚ ਵੀ ਨਾ ਕਦੇ ਲਿਆਇਉ। ਦੁਨੀਆਂ ਦੀ ਕੋਈ ਹਸਤੀ ਨਹੀਂ....., ਨਾ ਕੁਰਸੀ ਉਹਨਾਂ ਲੈਣੀ ਆਂ ਤੇ ਨਾ ਮੈਂ ਲੈਣੀ ਆਂ। ਉਹਨਾਂ ਬਾਰੇ ਤਾਂ ਸੰਤ ਜੀ ਆਪ ਸਪੱਸ਼ਟ ਕਰਨਗੇ, ਮੈਂ ਹਜ਼ੂਰ ਦੀ ਹਜ਼ੂਰੀ ਵਿੱਚ ਇੱਕ ਗੱਲ ਕਹਿਣੀ ਚਾਹੁੰਦਾ ਹਾਂ, ਭਾਵੇਂ ਮੇਰਾ ਅੱਜ ਪ੍ਰਕਰਣ ਨਹੀਂ ਸੀ, ਪਰ ਕੁਝ ਕੁ ਲੋਕਾਂ ਨੇ ਆਹ ਮੇਰੇ ਮਹੀਨਾ ਕੁ ਨਾ ਬੋਲਣ ਕਰਕੇ, ਇਹ ਰਟਨ ਈ ਸ਼ੁਰੂ ਕਰ ਦਿੱਤਾ ਕਿ ਵਾਹਵਾ ਗੂੰਗਾ ਬਣਿਆ ਬੈਠਾ, ਇਹਨੂੰ ਕਿਸੇ ਤਰੀਕੇ ਨਾਲ ਗੁੱਠੇ ਲਾ ਦੇਈਏ। ਮੈਂ ਇਹਨਾਂ ਲੋਕਾਂ ਨੂੰ ਵਾਰਨਿੰਗ ਦੇਣੀ ਚਾਹੁੰਦਾ ਹਾਂ।

ਪੰਥਕ ਅਹੁਦਾ ਨਾ ਲੈਣ ਦਾ ਵਾਅਦਾ ਅਤੇ ਕੌਮ ਲਈ ਲਹੂ ਡੋਲ੍ਹਣ ਦਾ ਇਸ਼ਾਰਾ

ਮੈਂ ਆਪਣੀ ਜ਼ਿੰਦਗੀ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ, ਐਮ. ਐਲ. ਏ., ਵਜੀਰ, ਕਿਸੇ ਵੀ ਕੰਮ ਵਿੱਚ ਮੈਂ ਆਪਣੀ ਜ਼ਿੰਦਗੀ ਵਿੱਚ ਬਣਿਆਂ ਤੇ ਤੁਸੀਂ ਮੈਨੂੰ ਇਹਨਾਂ ਪੋਸਟਾਂ 'ਤੇ ਬੈਠੇ ਨੂੰ ਵੇਖ ਲਿਆ, ਜੁੱਤੀਆਂ ਤੁਹਾਡੀਆਂ ਹੋਣਗੀਆਂ ਤੇ ਸਿਰ ਮੇਰਾ ਹੋਵੇਗਾ, ਪਰ ਜੇ ਇੰਨਾ ਨਿਰਲਾਲਚ ਜੀਵਣ ਰੱਖਣ ਦੇ ਬਾਵਜੂਦ, ਇੰਨਾ ਤਿਆਗ ਦਾ ਸਬੂਤ ਦੇਣ ਦੇ ਬਾਵਜੂਦ ਤੇ ਇੰਨਾ ਸੰਗਤ ਵਿੱਚ ਸਪਸ਼ਟੀਕਰਨ ਕਰਨ ਦੇ ਬਾਵਜੂਦ ਤੇ ਪੰਥ ਵਾਸਤੇ ਆਪਣਾ ਕੁਤਰਾ ਕੁਤਰਾ ਤੇ ਇੱਕ ਇੱਕ ਖੂਨ ਦੀ ਬੂੰਦ ਡੋਲ੍ਹਣ ਦਾ ਇਸ਼ਾਰਾ ਹੀ ਨਹੀਂ, ਦ੍ਰਿੜਤਾ ਸਹਿਤ ਕਹਿਣ ਦੇ ਬਾਵਜੂਦ, ਇਹ ਕੁਝ ਕੁ ਪ੍ਰੇਮੀ ਆਪ ਦੀਆਂ ਗੱਲਾਂ ਤੋਂ ਬਾਜ ਨਾ ਆਏ ਤੇ ਮੈਂ ਹੱਥ ਜੋੜ ਕੇ ਪਹਿਲਾਂ ਤੇ ਕਹਿਨਾਂ ਤੇ ਜੇ

ਹੱਥ ਜੋੜ ਕੇ ਕਹਿਣ ਦੇ ਬਾਵਜੂਦ ਵੀ ਆਪਣੀਆਂ ਕੋਝੀਆਂ ਹਰਕਤਾਂ ਤੇ ਚਾਲਾਂ, ਪੰਥ ਦੇ ਵਿੱਚ ਫੁੱਟ ਪਾਉਣ ਵਾਸਤੇ ਇਹਨਾਂ ਨੂੰ ਬੰਦ ਨਾ ਕੀਤਾ ਤੇ ਇਹਦਾ ਹੋ ਸਕਦਾ ਕੋਈ ਸਿੱਟਾ ਹੋਰ ਨਿਕਲੇ। (ਇਹਨਾਂ ਨੂੰ) ਹਟਣਾ ਚਾਹੀਦਾ। ਹਾਂ ਮੈਂ ਕਿਸੇ ਨੂੰ ਕਹਿਨਾਂ, ਮੇਰੇ ਮੂੰਹੋਂ ਕਿਸੇ ਨੇ ਗੱਲ ਸੁਣੀ ਆਂ, ਉਹ ਬੈਠ ਕੇ ਮੇਰੇ ਮੂੰਹ 'ਤੇ ਕਹੋ ਸੰਗਤ ਵਿੱਚ, ਗਲ਼ 'ਚ ਛਿੱਤਰਾਂ ਦੀ ਮਾਲਾ ਪਾ ਕੇ ਮੁਆਫ਼ੀ ਮੰਗਾਂਗਾ, ਪਰ ਇਹ ਕਹਿ ਕੌਣ ਰਿਹਾ.....? ਇਹ ਨਾ ਖਿਆਲ ਕਰਿਉ ਕਿ ਸ਼ਾਇਦ ਕਿਤੇ ਲੀਡਰਾਂ ਵਿੱਚੋਂ ਕੋਈ। ਇਹ ਉਹਨਾਂ ਲੋਕਾਂ ਵਿੱਚੋਂ ਕਹਿ ਰਹੇ ਆਂ, ਜਿਹਨਾਂ ਨੂੰ ਮਸਾਂ ਮਸਾਂ ਕਿਸੇ ਨੂੰ ਕੁਰਸੀ ਮਿਲੀ ਹੋਵੇ ਤੇ ਫੋਟੋ ਲੁਹਾ ਕੇ, ਅਖ਼ਬਾਰ ਵਿੱਚ ਦੇ ਕੇ ਤੇ ਆਪਣੇ (ਆਪ ਨੂੰ) ਚਮਕਾਉਣ ਦੀ ਖੁਸ਼ੀ ਹੋਵੇ, (ਇਹ) ਉਹ ਲੋਕ ਹੋਣਗੇ ਤੇ ਜਿਹਨਾਂ ਦੇ ਮਨ ਵਿੱਚ ਸਿੱਖੀ ਦਾ, ਪੰਥ ਦਾ, ਕੌਮ ਦਾ ਤੇ ਧਰਮ ਦਾ ਪਿਆਰ ਆ, ਉਹ ਮਨੁੱਖ ਕਦੇ ਆਪਣੇ ਮੂੰਹ ਵਿੱਚੋਂ ਇਹੋ ਜਿਹੀ ਗੱਲ ਨਹੀਂ ਕੱਢ ਸਕਦਾ।

ਸੋ ਮੈਂ ਸਾਰੀ ਸੰਗਤ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ, ਜਿਹੜਾ ਪੰਥਕ ਮੋਰਚਾ ਚੱਲ ਰਿਹਾ, (ਉਹਦੇ ਬਾਰੇ) ਕਈ ਪੁੱਛਦੇ ਆ ਜੀ ਜਿੱਤ ਹੋਵੇਗੀ ਕਿ ਨਹੀਂ ? ਸਿੱਖ ਹੋ ਕਲਗੀਧਰ ਦੇ ਤੇ ਵਿੱਚ ਲਈ ਬੈਠੇ ਓ ਜਿੱਤ ਹੋਵੇਗੀ ਕਿ ਨਹੀਂ ਹੋਵੇਗੀ ? ਪੰਗਤੀ ਆ, ਭਾਈ ਜੀ ਨੇ ਅਰਦਾਸ ਕਰਨੀ ਆਂ, ਗਰੰਥੀ ਨੇ, ਉਹ ਨਿੱਤ ਪੰਗਤੀ ਪੜ੍ਹਦਾ,

'ਨਿਸਚੈ ਕਰਿ ਆਪੁਨੀ ਜੀਤ ਕਰੋਂ॥'

ਇਹ ਕਿਹਦੇ ਵਾਸਤੇ ਲਿਖਿਆ ? ਇਹ ਗਰੰਥੀ ਵਾਸਤੇ, ਭਿੰਡਰਾਂਵਾਲੇ ਵਾਸਤੇ ਤੇ ਲੌਂਗੋਵਾਲ ਵਾਸਤੇ ਲਿਖ ਦਿੱਤਾ, ਤੁਹਾਡੇ ਵਾਸਤੇ ਇਹ ਪੰਗਤੀ ਨਹੀਂ ? ਨਿਸਚੇ ਵਾਚਕ ਜਿੱਤ ਹੋਵੇਗੀ, ਹਰ ਹਾਲਤ ਜਿੱਤ ਹੋਵੇਗੀ। ਹਾਂ ਦਿਨਾਂ ਦਾ ਅੱਗਾ ਪਿੱਛਾ ਹੋ ਸਕਦਾ, ਇਹਦੇ ਵਾਸਤੇ ਕੋਈ ਤਰੀਕ ਨਹੀਂ ਦਿੱਤੀ ਜਾ ਸਕਦੀ। ਵੈਸੇ ਤਾਂ ਤਰੀਕ ਪ੍ਰਧਾਨ ਜੀ ਨੇ ਦੇ ਦਿੱਤੀ ਆ ੧੭, ਪਰ ਵੇਖੋ ੧੭ ਤੋਂ ਅੱਗੇ ਜੋ ਕੁਝ ਬਣਦਾ, ਉਹ ਵਾਹਿਗੁਰੂ ਰਾਖਾ।

ਸ਼ਸ਼ਤਰਧਾਰੀ ਹੋਣ ਦੀ ਅਪੀਲ

ਬੇਨਤੀ ਜ਼ਰੂਰ ਕਰਦਾਂ, ਹਥਿਆਰ ਲਵੋ। ਇਹ ੬ ਸਾਲ ਹੋ ਗਏ ਮੈਨੂੰ ਕਹਿੰਦੇ ਨੂੰ ਤੇ ੧੦ ਮਹੀਨੇ ਵਿਸ਼ੇਸ਼ ਤੌਰ 'ਤੇ ਕਹਿੰਦੇ ਨੂੰ। ਹਥਿਆਰ ਲਵੋ, ਸ਼ਸ਼ਤਰਧਾਰੀ ਹੋਵੋ ਤੇ ਸ਼ਸ਼ਤਰਧਾਰੀ ਹੋ ਕੇ ਦੁਕਾਨ ਨਹੀਂ ਲੁੱਟਣੀ, ਮਾਰਨਾ ਨਹੀਂ ਕਿਸੇ ਨੂੰ, ਜ਼ਖ਼ਮ ਨਹੀਂ ਕਿਸੇ ਦੇ ਕਰਨਾ, ਪਰ ਜੇ ਆਪਣਾ ਹੱਕ ਲੈਂਦੇ ਹੋਇਆਂ ਨੂੰ ਤੇ ਹੱਕ ਦੀ ਅਵਾਜ਼ ਉਠਾਉਂਦਿਆਂ ਹੋਇਆਂ ਨੂੰ, ਕੋਈ ਕਹੇ ਤੁਹਾਡਾ ਮੂੰਹ ਬੰਦ ਕਰਨਾ, ਉਹਦੇ ਵਾਸਤੇ ਵਰਤੋਂ ਕਰਨੀ ਆਂ। ਜਿਹੜਾ ਭਲਮਾਣਸੀ ਨਾਲ ਚੱਲੇ, ਉਹਦੇ ਵਾਸਤੇ ਨਹੀਂ।

ਮੈਂ ਆਪਣੇ ਵੱਲੋਂ ਜਾਣ ਵਾਲੇ ਜਥੇ ਦੇ ਸਿੰਘਾਂ ਦਾ, ਬੀਬੀਆਂ ਦਾ, ਮਾਈਆਂ ਦਾ, ਜਥੇਦਾਰਾਂ ਦਾ, ਸਾਰਿਆਂ ਦਾ ਧੰਨਵਾਦ ਕਰਦਾ ਹਾਂ ਤੇ ਸਾਰਿਆਂ ਨੂੰ ਵਧਾਈ ਦਿੰਦਾ ਹਾਂ। ਸਤਿਗੁਰੂ ਕਿਰਪਾ ਕਰਨ, ਸਾਨੂੰ ਸਾਰਿਆਂ ਨੂੰ ਸੁਮੱਤ ਬਖਸ਼ਣ, ਜਿਸ ਕਰਕੇ ਅਸੀਂ ਸਿੱਖੀ ਦੇ ਰਸਤੇ ਚੱਲ ਕੇ ਤੇ ਏਕਤਾ ਦਾ ਸਬੂਤ ਦਿੰਦਿਆਂ ਹੋਇਆਂ ਸਿੱਖੀ ਕਮਾ ਕੇ....।

ਪ੍ਰੀਤਮ ਸਿੰਘ ਭੱਟੀ ਵੱਲੋਂ ਸ਼ਰਾਬ ਛੱਡਣ ਦਾ ਪ੍ਰਣ

ਆਹ ਜਥੇਦਾਰਾਂ ਦੀ ਗੱਲ ਚੱਲੀ ਸੀ। ਬਹਿ ਜਾ ਇੱਕ ਮਿੰਟ (ਸਟੇਜ ਸੈਕਟਰੀ ਨੂੰ ਕਹਿੰਦੇ ਹਨ)। ਜਥੇਦਾਰਾਂ ਦੀ ਗੱਲ ਚੱਲੀ ਸੀ ਕਿ ਸਾਨੂੰ....., ਜੇ ਤਾਂ ਅਸੀਂ ਸਾਵਧਾਨ ਆਂ ਤਾਂ ਤੇ ਬਹੁਤ ਹੀ ਚੰਗਾ ਪਰ ਜੇ ਅਸੀਂ ਨੇਰ੍ਹੇ ਸਵੇਰੇ ਪੰਜ ਰਤਨੀ ਕਹਿ ਕੇ ਘੁੱਟ ਪੀ ਲੈਂਦੇ ਹਾਂ ਤੇ ਇਹ ਸਾਨੂੰ ਛੱਡ ਦੇਣੀ ਚਾਹੀਦੀ ਆ। ਆਹ ਪ੍ਰੀਤਮ ਸਿੰਘ ਭੱਟੀ ਸਟੇਜ 'ਤੇ ਬੈਠਾ। ਇਸ ਦੀਆਂ ਸ਼ਿਕਾਇਤਾ ਮੇਰੇ ਕੋਲ ਬਹੁਤ ਆਈਆਂ ਸੀ ਸ਼ਹਿਰ 'ਚੋਂ (ਕਿ) ਸੰਤ ਜੀ ਇਹ ਪੀਣੋਂ ਨਹੀਂ ਹਟਦਾ। ਇੱਕ ਦਿਨ ਦਾਸ ਦੇ ਮੱਥੇ ਲੱਗ ਗਿਆ। ਮੈਂ ਇਹਨੂੰ ਪੁੱਛਿਆ ਕਿ ਭਾਈ ਤੂੰ ਕਿੰਨੀ ਕੁ ਪੀ ਲੈਂਦਾ ? ਕਹਿੰਦਾ ਜੀ ਝੂਠ ਨਹੀਂ ਬੋਲਦਾ ਕਦੇ ਕਦੇ ਪੀਨਾ ਜ਼ਰੂਰ ਆਂ। ਮੈਂ ਆਖਿਆ ਭਈ ਦੱਸ ਅੱਜ ਛੱਡਣੀ ਆਂ ਕਿ ਨਹੀਂ। ਕਹਿਣ ਲੱਗਾ ਛੱਡੀ ਮੈਂ। (ਮੈਂ ਆਖਿਆ) ਝੂਠ ਨਹੀਂ, ਪਖੰਡ ਨਹੀਂ, ਜੇ ਤਾਂ ਸਦਾ ਵਾਸਤੇ ਛੱਡਣੀ ਆਂ ਤੇ ਹਾਂ ਕਹਿ ਦੇਹ ਤੇ ਨਹੀਂ ਤੇ ਘਰ ਨੂੰ ਚਲੇ ਜਾਹ ਮੇਰੇ ਕੋਲੇ ਨਾ ਆਵੀਂ। ਜੇ ਗਰੰਥੀ ਸ਼ਰਾਬ ਪੀਣੋਂ ਨਾ ਹਟੇ, ਸੰਤ ਸ਼ਰਾਬ ਪੀਣੋਂ ਨਾ ਹਟੇ, ਪ੍ਰਧਾਨ ਸ਼ਰਾਬ ਪੀਣੋਂ ਨਾ ਹਟੇ, ਸਟੇਜ ਸੈਕਟਰੀ ਸ਼ਰਾਬ ਪੀਣੋਂ ਨਾ ਹਟੇ, ਸਰਕਲ ਤੇ ਜਿਲ੍ਹੇ ਦਾ ਜਥੇਦਾਰ ਤੇ ਰਾਗੀ ਸ਼ਰਾਬ ਪੀਣੋਂ ਨਾ ਹਟੇ (ਫਿਰ) ਤੁਹਾਨੂੰ ਅਸੀਂ ਕਿਵੇਂ ਕਹਾਂਗੇ ਤੁਸੀਂ ਹਟ ਜਾਉ ? ਸਾਡੀ ਕੀ ਜੁਰਅਤ ਆ ਤੁਹਾਨੂੰ ਕਹੀਏ, ਪਰ ਮੈਂ ਉਹਦਾ ਧੰਨਵਾਦ ਕਰਦਾਂ ਤੇ ਇੱਕ ਸੰਗਤ ਵਿੱਚ ਇਹ ਵੀ ਦੱਸਾਂ ਭਈ ਛੱਡੀ ਕਿਵੇਂ ਆਂ ? ਇਹਨੇ ਪ੍ਰਣ ਕੀਤਾ ਤੇ ੧੨ ਇਹਦੇ ਸਾਥੀ ਆ। ਉਹਨਾਂ ੧੨ ਵਿੱਚੋਂ, ਪੰਜਾਂ ਨੇ ਮੇਰੇ ਕੋਲੇ ਪ੍ਰਣ ਕੀਤਾ ਤੇ ਸੱਤਾਂ ਨੇ ਇਹਦੇ ਕੋਲੇ ਤੇ ਉਹਨਾਂ ਵਿੱਚੋਂ ਇਹਨੇ ਆਪਣੀ ਜ਼ਬਾਨੀ ਕਿਹਾ ਕਿ ਜੇ ਅੱਗੇ ਵਾਸਤੇ ਮੈਂ ਸ਼ਰਾਬ ਪੀਵਾਂ ਤੇ ਮੈਨੂੰ ਪੀਤੀ ਤੋਂ ਤੈਨੂੰ ਕੋਈ ਫੜਾ ਦੇਵੇ ਤੇ ਮਿਟੀ ਦੇ ਤੇਲ ਦਾ ਪੀਪਾ ਪਾ ਕੇ ਜਿਉਂਦੇ ਨੂੰ ਅੱਗ ਲਾ ਦਿਉ, ਮੈਂ ਮੁਕਦਮਾ ਨਹੀਂ ਕਿਸੇ ਨੂੰ ਕਹਾਂਗਾ ਮੇਰੇ ਪਿੱਛੋਂ ਲੜੇ ਕੋਈ। ਇਹਨਾਂ ਸਖ਼ਤੀ ਦਾ ਪ੍ਰਣ ਲਿਆ ਤੇ ਮੈਂ ਇਹਨੂੰ ਕਹਿ ਵੀ ਦਿੱਤਾ ਸੀ। ਇਕੱਲੀਆਂ ਗੱਲਾਂ ਨਹੀਂ ਜੇ ਪੀਤੀ ਤੋਂ ਪਕੜ ਲਿਆ, ਮੈਂ ਸਾਡੂੰਗਾ ਵੀ ਜ਼ਰੂਰ, ਇਹ ਚੇਤਾ ਰੱਖ ਲਈ ਤੇ ਉਹਨੇ ਪ੍ਰਣ ਕੀਤਾ ਤੇ ਬਾਕੀ ਮੈਂ ਜਥੇਦਾਰਾਂ ਨੂੰ ਵੀ ਬੇਨਤੀ ਕਰਾਂਗਾ (ਕਿ) ਮੈਨੂੰ ਨਹੀਂ ਕੋਈ ਪਤਾ (ਕਿ) ਕੋਈ ਪੀਂਦਾ ਜਾਂ ਨਹੀਂ ਪੀਂਦਾ ਤੇ ਜੇ ਤਾਂ ਨਹੀਂ ਪੀਂਦਾ ਤੇ ਅਸੀਂ ਲਲਕਾਰ ਕੇ ਸੰਗਤ ਨੂੰ ਬੇਨਤੀ ਦੇ ਰੂਪ ਵਿੱਚ ਕਹਿ ਸਕਦੇ ਆਂ ਪਰ ਜੇ ਕੋਈ ਚੋਰੀ ਛਪੋਲੀ ਗੰਢੇ ਵੀ ਖੋਲ ਕੇ ਖਾਂਦਾ ਤੇ ਗਲਾ ਸਾਫ਼ ਕਰਨ ਵਾਸਤੇ ਇਹਨੂੰ ਵਰਤਦਾ, ਉਹਨਾਂ ਨੂੰ ਛੱਡ ਦੇਣੀ ਚਾਹੀਦੀ ਆ ਤੇ ਜੇ ਆਪਾਂ ਕੁਰੀਤੀ ਤੋਂ ਨਾ ਹਟੇ ਤੇ ਗੁਰੂ ਨੇ ਫੈਸਲਾ ਕਰ ਦਿੱਤਾ :

ਪਹਿਲਾ ਫਾਹਾ ਪਇਆ ਪਾਧੇ ਪਿਛੈ ਦੇ ਗਲਿ ਚਾਟੜਿਆ ॥

(ਆਸਾ ਮ: ੩, ੪੩੫)

ਪਹਿਲਾਂ ਜਥੇਦਾਰਾਂ ਦੇ, ਸੰਤਾਂ ਦੇ ਤੇ ਲੀਡਰਾਂ ਦੇ ਤੇ ਜ਼ਿੰਮੇਵਾਰਾਂ ਦੇ ਗਲ਼ 'ਚ ਉਹਨਾਂ ਦਾ ਫਾਹਾ ਪਵੇਗਾ, ਜਿਹੜੇ ਲੋਕ ਇਹੋ ਜਿਹੇ ਨਸ਼ੇ ਵਰਤਦੇ ਆ, ਪਰ ਸੰਗਤ ਸਾਰੀ ਨੂੰ ਬੇਨਤੀ ਕਰਾਂਗਾ (ਕਿ) ਜਿਹਨਾਂ ਨਸ਼ਾ ਤਿਆਗਿਆ ਉਹਨਾਂ ਦਾ ਧੰਨਵਾਦ ਤੇ ਜਿਹੜੇ ਵਰਤਦੇ ਆ, ਉਹ ਪ੍ਰਣ ਕਰੋ ਕਿ ਅੱਗੇ ਵਾਸਤੇ ਨਸ਼ਾ ਨਹੀਂ ਵਰਤਾਂਗੇ। ਖੰਡੇ ਦਾ ਅੰਮ੍ਰਿਤ ਛਕਾਂਗੇ। ਸਦਾ ਵਾਸਤੇ ਪੰਥ ਦੀ ਡਟ ਕੇ ਹਮਾਇਤ ਕਰਾਂਗੇ। ਮੈਂ ਵਿਸ਼ੇਸ਼ ਤੌਰ 'ਤੇ ਸ਼ਹਿਰ ਨਿਵਾਸੀਆਂ ਦਾ ਧੰਨਵਾਦ ਕਰਦਾਂ, ਮਾਇਆ ਕਰਕੇ, ਕੱਪੜੇ ਕਰਕੇ, ਸਾਬਣ ਤੇਲ ਕਰਕੇ ਤਾਂ ਤੁਸਾਂ ਸਾਰਿਆਂ ਮੋਰਚਿਆਂ ਵਿੱਚ ਹੀ ਸਹਾਇਤਾ

ਕੀਤੀ ਆ ਪਰ ਗ੍ਰਿਫ਼ਤਾਰੀ ਦੇ ਰੂਪ ਵਿੱਚ ਜਿਤਨਾ ਤੁਸੀਂ ਐਸ ਵੇਲੇ ਸਹਿਯੋਗ ਦਿੱਤਾ ਤੇ ਅੱਗੇ ਦੇਣ ਵਾਸਤੇ ਤਿਆਰ ਹੋ, ਸ਼ਾਇਦ ਹੋ ਸਕਦਾ ੪੭ ਤੋਂ ਪਿੱਛੋਂ, ਇਹ ਤੁਹਾਡੀ ਪਹਿਲੀ ਮਿਸਾਲ ਹੋਵੇਗੀ। ਸੋ ਅੱਗੇ ਵਾਸਤੇ ਵਧ ਚੜ੍ਹ ਕੇ ਆਪਾਂ ਨੂੰ ਹਿੱਸਾ ਪਾਉਣਾ ਚਾਹੀਦਾ, ਸ਼ਹਿਰ ਨਿਵਾਸੀਆਂ ਨੂੰ ਵੀ। ਸਾਰਿਆਂ ਦਾ ਧੰਨਵਾਦ, ਬੋਲਦਿਆਂ ਕੋਈ ਗ਼ਲਤੀ ਹੋਵੇ ਤਾਂ ਮੁਆਫ਼ ਕਰਨਾ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੧੫.

(ਦੀਵਾਨ ਹਾਲ ਮੰਜੀ ਸਾਹਿਬ, ਅੰਮ੍ਰਿਤਸਰ, ੨੩-੦੫-੧੯੮੩)

ਇੰਦਰਾ ਤੇ ਚਰਨ ਸਿੰਹ ਵੱਲੋਂ ਮੋਰਚੇ ਵਿੱਚ ਪਾਕਿਸਤਾਨ ਦੇ ਹੱਥ ਦਾ ਦੋਸ਼

ਪਿਆਰੇ ਖ਼ਾਲਸਾ ਜੀ ਆਪ ਜੀ ਨੇ ਬੋਲਣ ਵਾਲੇ ਬੁਲਾਰਿਆਂ ਦੇ ਪਾਸੋਂ ਵਰਤਮਾਨ ਸਮੇਂ ਦੇ ਸੰਬੰਧ ਵਿੱਚ ਸੁੰਦਰ ਵਿਚਾਰ ਸਰਵਣ ਕੀਤੇ ਹਨ, ਵਡਭਾਗੀ ਬਣੇ ਹੋ। ਜੋ ਸੰਘਰਸ਼ ਕਾਫੀ ਸਮੇਂ ਤੋਂ ਅਰੰਭ ਹੈ, ਬਹੁਤ ਗ੍ਰਿਫ਼ਤਾਰੀਆਂ ਤੇ ਸ਼ਹੀਦੀਆਂ ਹੋ ਚੁੱਕੀਆਂ ਹਨ। ਹਰ ਰੋਜ਼ ਨਵੇਂ ਤੋਂ ਨਵੇਂ ਬਿਆਨ ਵਰਤਮਾਨ ਸਮੇਂ ਦੀ ਹਕੂਮਤ ਦੇ ਮਨਿਸਟਰਾਂ ਨੇ, ਮੰਤਰੀਆਂ ਨੇ ਦੇਣੇ ਆਰੰਭ ਕੀਤੇ ਹਨ, ਇਹਨਾਂ ਸਾਰਿਆਂ ਵੱਲ ਹੀ ਆਪਾਂ ਨੂੰ ਧਿਆਨ ਰੱਖਣਾ ਚਾਹੀਦਾ ਹੈ। ਜੋ ਥਾਂ ਥਾਂ ਤੋਂ ਪਹੁੰਚ ਕੇ ਸਿੱਖ ਵੱਖਰੀ ਕੌਮ ਤੋਂ ਮੁਨਕਰ, ਸਿੱਖਾਂ ਦੀਆਂ ਮੰਗਾਂ ਤੋਂ ਮੁਨਕਰ ਹੋ ਕੇ, ਗੁਮਰਾਹ ਕਰਨ ਵਾਲੇ ਪਾਸੇ, ਸੰਗਤ ਨੂੰ ਪ੍ਰੇਰ ਕੇ, ਅਕਾਲੀ ਦਲ ਤੋਂ ਦੂਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਇਹਨਾਂ ਤੋਂ ਬਹੁਤ ਹੀ ਆਪਾਂ ਨੂੰ ਸਾਵਧਾਨ ਰਹਿਣਾ ਪਵੇਗਾ। ਖਾਸ ਕਰਕੇ ਜੋ ਆਹ ਬੀਬੀ ਇੰਦਰਾ ਨੇ ਬਿਆਨ ਦਿੱਤਾ ਹੈ ਕਿ ਪਾਕਿਸਤਾਨ ਦਾ ਹੱਥ ਹੈ ਇਸ ਮੋਰਚੇ ਵਿੱਚ। ਇਦੋਂ ਪਹਿਲਾਂ ਚਰਨ ਚੌਧਰੀ ਨੇ ਇੱਕ ਬਿਆਨ ਦਿੱਤਾ ਸੀ ਕਿ ਭਿੰਡਰਾਂਵਾਲੇ ਦੇ ਪਾਸ ਨਾਨਕ ਨਿਵਾਸ ਵਿੱਚ ਪਾਕਿਸਤਾਨ ਵਿੱਚੋਂ ਲੋਕ ਆਉਂਦੇ ਹਨ ਅਤੇ ਉਥੋਂ ਗੱਲਾਂ-ਬਾਤਾਂ ਕਰਕੇ, ਪ੍ਰੋਗਰਾਮ ਬਣਾ ਕੇ ਚਲੇ ਜਾਂਦੇ ਹਨ ਤੇ ਉਸ ਮਨੁੱਖ ਨੇ ਵੀ ਆਪਣੇ ਦਿਮਾਗ ਦਾ ਦੁਆਲਾ ਕੱਢਿਆ ਸੀ, ਜ਼ਨਾਜਾ ਕੱਢਿਆ ਸੀ ਤੇ ਜਦੋਂ ਤੁਹਾਨੂੰ ਇਹ ਪਤਾ ਕਿ ਪਾਕਿਸਤਾਨ ਵਿੱਚੋਂ ਬੰਦੇ ਇਥੇ ਮੇਰੇ ਕੋਲ ਆਉਂਦੇ ਆ, ਤੁਹਾਡੀ ਇਤਨੀ ਸੀ. ਆਈ. ਡੀ. ਆ, ਇਤਨੀ ਫੋਰਸ ਹੈ, ਉਹਨਾਂ ਨੂੰ ਰਾਹ ਵਿੱਚ ਕਿਉਂ ਨਹੀਂ ਪਕੜਿਆ ਜਾਂਦਾ। ਫਿਰ ਇਥੋਂ ਵਾਪਸ ਜਾਂਦੇ ਆ ਤਾਂ ਵੀ ਨਹੀਂ ਪਕੜਿਆ ਜਾਂਦਾ। ਜੇ ਤੁਹਾਨੂੰ ਇੰਨਾ ਪਤਾ ਕਿ ਮੇਰੇ ਕੋਲ ਆਉਂਦੇ ਆ ਤੇ ਫਿਰ ਤੁਹਾਡਾ ਹਿੱਸਾ ਪੱਤੀ ਜ਼ਰੂਰ ਉਹਨਾਂ ਨਾਲ ਹੋਵੇਗਾ, ਉਹ ਤੁਹਾਡੀ ਰਾਇ ਨਾਲ ਹੀ ਇਥੋਂ ਨਿਕਲ ਕੇ ਜਾਂਦੇ ਆ। ਇਹਦਾ ਮੁੜਕੇ, ਜਵਾਬ ਨਹੀਂ ਉਹਨਾਂ ਨੇ ਅਖ਼ਬਾਰ 'ਚ ਦਿੱਤਾ।

ਇੰਦਰਾ ਦੇ ਬਿਆਨ 'ਤੇ ਲੌਂਗੋਵਾਲ ਅਤੇ ਸੰਤ ਜਰਨੈਲ ਸਿੰਘ ਦਾ ਪ੍ਰਤੀਕਰਮ

ਅੱਜ ਸੰਤਾਂ ਨੇ ਬੜਾ ਠੋਕ ਕੇ ਬਿਆਨ ਦਿੱਤਾ ਕਿ ਮੈਂ ਪ੍ਰਧਾਨਗੀ ਤੋਂ, ਅਕਾਲੀ ਦਲ ਦੀ ਤੋਂ, ਅਸਤੀਫਾ ਦੇ ਦੇਵਾਂਗਾ। ਇਹ ਭਾਵੇਂ ਸਟੇਜ ਤੋਂ ਬੋਲਿਆ ਗਿਆ ਕਿ ਇੰਦਰਾ ਨੂੰ ਕੁਰਸੀ ਛੱਡ ਦੇਣੀ ਚਾਹੀਦੀ ਆ। ਸ਼ਾਇਦ ਮੇਰਾ ਖਿਆਲ ਇਹਦੇ ਉਲਟ ਹੋਵੇਗਾ, ਕਿਉਂਕਿ ਇਹੋ ਜਿਹਾ ਕੰਮ ਉਹ ਮਨੁੱਖ ਕਰਿਆ ਕਰਦਾ, ਜਿਹਨੂੰ ਥੋੜੀ ਘਣੀ ਸ਼ਰਮ ਹੋਵੇ, ਜਿਹਨੂੰ ਸ਼ਰਮ ਈ ਕੋਈ ਨਹੀਂ, ਉਹਨੂੰ ਆਪਾਂ

ਬਹੁਤਾ ਕਹਿਣਾ ਕੀ ਆ । ਇਡੇ ਵੱਡੇ ਅਹੁਦੇ 'ਤੇ ਬੈਠ ਕੇ, ਹਿੰਦੁਸਤਾਨ ਦੀ ਪ੍ਰਧਾਨ ਮੰਤਰੀ ਬਣ ਕੇ ਤੇ ਬਿਨਾ ਵਿਚਾਰ ਕੀਤਿਆਂ ਮੁਖੀ ਬੰਦਿਆਂ 'ਤੇ ਦੋਸ਼ ਲਾਉਣੇ ਆਪ ਅਰੰਭ ਕਰ ਦੇਵੇ ਤਾਂ ਇਨਸਾਫ ਕਿਹੜੀ ਅਦਾਲਤ ਕੋਲੋਂ ਲੱਭੋਗੇ ? ਇਹਨਾਂ ਲੋਕਾਂ ਤੋਂ ਬਹੁਤ ਸਾਵਧਾਨ ਹੋ ਕੇ ਰਹਿਣਾ ਪੈਣਾ ਤੇ ਮਿਲ ਕੇ ਚੱਲੋ ਤੇ ਥਾਂ ਥਾਂ 'ਤੇ ਜਿਹੜੇ ਤਸ਼ੱਦਦ ਹੋ ਰਹੇ ਆ, ਉਹਨਾਂ ਦਾ ਟਾਕਰਾ ਇਕੱਤਰਤਾ ਤੋਂ ਬਿਨਾ ਨਹੀਂ ਹੋ ਸਕਦਾ ।

ਇੰਦਰਾ ਗਾਂਧੀ ਨੇ ਇੱਕ ਬਿਆਨ ਦਿੱਤਾ (ਕਿ) ਪੰਜਾਬ ਦੇ ਵਿੱਚ, ਜਿਹੜੀ ਗੜਬੜ ਹੈ, ਉਹ ਮੁੱਠੀ ਭਰ ਲੋਕ ਕਰ ਰਹੇ ਆ । ਉਹਨਾਂ ਨੂੰ ਅੱਤਵਾਦੀਆਂ ਦੇ ਨਾਂਅ ਨਾਲ ਉਸ ਨੇ ਵਰਤਿਆ । ਪਹਿਲਾਂ ਤਾਂ ਕਹਿੰਦੀ ਸੀ ਕਿ ਅਕਾਲੀ ਦਲ ਕਰਵਾ ਰਿਹਾ ਤੇ ਅਕਾਲੀ ਦਲ ਦੀ ਸ਼ਹਿ 'ਤੇ ਅੱਤਵਾਦੀ ਕਰ ਰਹੇ ਆ । ਜਦੋਂ ਉਹ ਫਾਰਮੂਲਾ ਸਿਰੇ ਨਹੀਂ ਚੜ੍ਹਿਆ (ਤੇ) ਹੁਣ ਇੱਕ ਪੱਖ ਛੱਡ ਦਿੱਤਾ ਤੇ ਦੂਜਾ ਪੱਖ ਸ਼ੁਰੂ ਕੀਤਾ ਕਿ ਮੁੱਠੀ ਭਰ ਲੋਕਾਂ ਦਾ ਇਹ ਕੰਮ ਹੈ । ਉਸ ਨੂੰ ਸ਼ਾਇਦ ਚੇਤਾ ਭੁੱਲ ਗਿਆ ਹੋਣਾ ਕਿ ਸਿੱਖ ਕਦੇ ਵੀ ਹਿੰਸਾ ਵਿੱਚ ਵਿਸ਼ਵਾਸ ਨਹੀਂ ਕਰਦਾ । ਹਿੰਸਾ ਦੇ ਵਿੱਚ, ਕਦੇ ਵਿਸ਼ਵਾਸ ਨਹੀਂ ਸਿੱਖ ਕਰਦਾ, ਜੀਅ ਪਾਪ ਕਰਨ ਵਿੱਚ । ਸਿੱਖ ਸਦਾ,

ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬਤ ਦਾ ਭਲਾ ॥

ਦਾ ਪ੍ਰਤੀਕ ਹੈ । ਇਸ ਰਸਤੇ 'ਤੇ ਚੱਲਣ ਵਾਲਾ ਹੈ ਪਰ ਜਿਹੜਾ ਉਸ ਨੇ ਇਹ ਕਹਿਣਾ ਅਰੰਭ ਕਰ ਦਿੱਤਾ, ਬਦਨਾਮੀ ਕਰਨ ਵਾਸਤੇ ਜਾਂ ਤਾਂ ਉਹਦੀ ਸੀ. ਆਈ. ਡੀ. ਨੇ ਉਹਦੇ ਦਿਮਾਗ ਵਿੱਚ ਇਹ ਬੈਠਾਇਆ ਨਹੀਂ ਤੇ ਜਾਂ ਜਾਣ ਬੁਝ ਕੇ ਚਾਤਰਤਾ ਕਰ ਰਹੀ ਹੈ । ਸ੍ਰੀ ਅਕਾਲ ਤਖਤ ਸਾਹਿਬ ਦੇ ਉੱਪਰੋਂ ੧ ਲੱਖ ੧੫ ਹਜ਼ਾਰ ਦਾ ਐਲਾਨ ਹੋ ਚੁੱਕਾ, ਮਰਜੀਵੜਿਆਂ ਦਾ ਤੇ ਉਹਨਾਂ ਵਿੱਚ ਦੋ ਵੇਰਾਂ ਤੇ ਮੈਂ ਵੀ ਸਟੇਜ 'ਤੇ ਉਥੇ ਹਾਜ਼ਰ ਹੋਇਆਂ, ਹਾਜਰੀ ਭਰੀ ਆ ਗੁਰੂ ਕੀ । ਜਿਤਨੇ ਮਾਈ ਭਾਈ ਇਥੇ ਪਹੁੰਚੇ ਆ, ਸ੍ਰੀ ਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਹਜ਼ੂਰੀ ਵਿੱਚ । ਸਾਰਿਆਂ ਨੂੰ ਚੰਗੀ ਤਰ੍ਹਾਂ ਪ੍ਰਚਾਰ ਕਰਕੇ ਤੇ ਅੱਤਵਾਦੀ ਬਣਨ ਦਾ ਪ੍ਰਣ ਕਰਵਾਇਆ ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਇਹ ਕਹਿੰਦੀ ਆ ਕਿ ਮੁੱਠੀ ਭਰ ਲੋਕ ਹਨ । ਉਹਨੂੰ ਸੋਚ ਲੈਣਾ ਚਾਹੀਦਾ ਕਿ ੧ ਲੱਖ ੧੫ ਹਜ਼ਾਰ ਨੇ ਬਾਹਾਂ ਖੜ੍ਹੀਆਂ ਕੀਤੀਆਂ ਕਿ ਅਸੀਂ ਪੱਕੇ ਅੱਤਵਾਦੀ ਹਾਂ, ਪਰ ਕਿਹੋ ਜਿਹੇ, ਜਿਹੋ ਜਿਹਾ ਕੰਮ ਕਰਨ ਵਾਲਿਆਂ ਨੂੰ ਗੌਰਮੈਂਟ ਨੇ ਕਿਹਾ.....। ਗੌਰਮੈਂਟ ਕਿਹਨਾਂ ਨੂੰ ਕਹਿੰਦੀ ਆ (ਜਿਹੜਾ) ਅੰਮ੍ਰਿਤ ਛਕੇ, ਦੂਜਿਆਂ ਨੂੰ ਛਕਾਵੇ, ਗੁਰਬਾਣੀ ਪੜ੍ਹੇ, ਦੂਜਿਆਂ ਨੂੰ ਪੜ੍ਹਾਵੇ, ਮਿਲ ਕੇ ਚੱਲਣ ਦੀ ਏਕਤਾ ਦੇ ਵਾਸਤੇ ਪ੍ਰਚਾਰ ਕਰੇ, ਸਾਂਝੀਵਾਲਤਾ ਦੇ ਪਾਸੇ ਪ੍ਰੇਰੇ, ਕੇਸਰੀ ਨਿਸ਼ਾਨ ਸਾਹਿਬ ਦੇ ਥੱਲੇ ਇਕੱਠੇ ਕਰੇ, ਸਤਿਗੁਰੂ ਗਰੰਥ ਸਾਹਿਬ ਦੇ ਲੜ ਲਾਵੇ, ਅਕਾਲ ਤਖਤ ਸਾਹਿਬ ਤੇ ਸ੍ਰੀ ਹਰਿਮੰਦਰ ਸਾਹਿਬ ਨਾਲ ਜੋੜੇ, ਧੀਆਂ ਭੈਣਾਂ ਦੀ ਲੁੱਟੀ ਇਜ਼ਤ, ਮਸੂਮਾਂ ਦਾ ਪੀਤਾ ਖੂਨ, ਸ੍ਰੀ ਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਕੀਤੀ ਬੇ-ਅਦਬੀ, ਉਹਦਾ ਹੱਕ ਲੈਣ ਦਾ ਆਪ ਇਸ਼ਕ ਹੋਵੇ ਤੇ ਹੋਰਨਾ ਨੂੰ ਪ੍ਰੇਰੇ ਤੇ ਇਹ ਹੱਕ ਆਪਾਂ ਜ਼ਰੂਰ ਲੈਣਾ । ਉਹਨਾਂ ਲੋਕਾਂ ਨੂੰ ਵਰਤਮਾਨ ਸਮੇਂ ਦੀ ਗੌਰਮੈਂਟ ਨੇ ਅੱਤਵਾਦੀ ਕਹਿਣਾ ਸ਼ੁਰੂ ਕੀਤਾ ਤੇ ਇਹੋ ਬੇਨਤੀਆਂ ਕਰਕੇ ਦਾਸ ਨੇ ਬਾਹਾਂ ਖੜੀਆਂ ਕਰਾਈਆਂ ਸੀ ਤੇ ਜਿਹੜਾ ਚਰਖੇ ਤੇ ਬੱਕਰੀ ਦਾ ਸਿੱਖ ਆ, ਜਿਹੜਾ ਰਾਧਾ ਸੁਆਮੀਆਂ ਤੇ ਨਰਕਧਾਰੀਆਂ ਦਾ ਸਿੱਖ ਆ, ਜਿਹੜਾ ਪਿੱਪਲ ਨੂੰ ਪਾਣੀ ਪਾਉਣ ਤੇ ਜੰਡ ਨੂੰ ਸੰਦੂਰ ਲੁੱਕਣ ਦਾ ਸਿੱਖ ਆ, ਉਹ ਹਜ਼ੂਰ ਦੀ ਹਜ਼ੂਰੀ ਵਿੱਚ ਬਾਂਹ ਨਾ ਖੜ੍ਹੀ ਕਰਿਉ । ਜਿਹੜਾ ਸਤਿਗੁਰੂ ਗਰੰਥ

ਸਾਹਿਬ ਦਾ ਸਿੱਖ ਆ ਤੇ ਪੰਥ ਦਾ ਹਿੱਤੂ ਆ ਤੇ ਧੀਆਂ ਭੈਣਾਂ ਦੀ ਇਜ਼ਤ ਨਾਲ ਪਿਆਰ ਆ ਤੇ ਮਸੂਮਾਂ ਤੇ ਜੋਧਿਆਂ ਦੇ ਡੁੱਲੇ ਹੋਏ ਖ਼ੂਨ ਨਾਲ ਉਹਨਾਂ ਨੂੰ ਇਸ਼ਕ ਹੈ, ਪਿਆਰ ਹੈ, ਉਹ ਬਾਹਾਂ ਖੜ੍ਹੀਆਂ ਕਰਿਉ। ਇਹ ਉਥੇ ਸਟੇਜ 'ਤੇ ਪ੍ਰਣ ਕਰਾਇਆ ਸੀ। ਉਹ ੧ ਲੱਖ ੧੫ ਹਜ਼ਾਰ ਸੀ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਇਹਨੂੰ ਇਹ ਸੋਚ ਲੈਣਾ ਚਾਹੀਦਾ ਕਿ ਇਹ ੧ ਲੱਖ ੧੫ ਹਜ਼ਾਰ, ਇਹ ਗੁਰੂ ਨਾਨਕ ਸਾਹਿਬ ਜੀ ਦਾ, ਗੁਪਤ ਤਾਂ ਹੈ ਨਹੀਂ ਜਿਹੜਾ ਮੁੱਠ 'ਚ ਲੈ ਲਏਂਗੀ ਸਾਰਿਆਂ ਨੂੰ। ਤੇਰੀ ਮੁੱਠ ਵਿੱਚ ਤਾਂ ਜਗਤ ਨਰਾਇਣ ਹੁਰੀਂ ਨਹੀਂ ਆਏ, ਬਾਜਪਾਈ ਹੁਰੀ ਨਹੀਂ ਆਏ, ਤੈਨੂੰ ਛੱਡ ਕੇ ਉੱਠ ਗਏ ਸੀ ਤੇ ਸਿੱਖਾਂ ਨੂੰ ੧ ਲੱਖ ਨੂੰ ਮੁੱਠ 'ਚ ਕਿਵੇਂ ਲੈ ਲਏਂਗੀ ਗੱਲਾਂ ਨਾਲ। ਅਜੇ ਤੱਕ ਮੁੱਠ ਮੀਟੀ ਹੋਈ ਆ, ਮੁੱਠ ਬਣੀ ਹੋਈ ਆ, ਕਦੋਂ ਤੱਕ ਆ....? ਹੱਥ ਖੁੱਲ੍ਹ ਜਾਏ ਚਪੇੜ ਬਣ ਜਾਂਦੀ ਆ। ਉਂਗਲਾਂ ਦੀ ਬਹੁਤੀ ਪੀੜ ਨਹੀਂ ਲੱਗਦੀ, ਜਿੰਨੀ ਘਸੁੰਨ ਦੀ ਲੱਗਦੀ ਆ। ਜਦੋਂ ਉਂਗਲਾਂ ਮੀਟੀਆਂ ਜਾਣ, ਉਹਨੂੰ ਮੁੱਠ ਕਹਿੰਦੇ, ਘਸੁੰਨ ਕਹਿੰਦੇ ਆ ਤੇ ਪਤਾ ਨਾ ਇਹਨੂੰ ਆਪਣੀ ਬੋਲੀ 'ਚ ਕੀ ਕਹਿੰਦੇ ਆ ? ਘਸੁੰਨ ਨਾਲ ਕੀ ਹੁੰਦਾ ?

ਏਕਤਾ ਦੀ ਅਪੀਲ

ਸੋ ਖ਼ਾਲਸਾ ਜੀ ਜਦੋਂ ਤੱਕ ਆਪਣੀ ਮੁੱਠ ਮੀਟੀ ਹੋਈ ਆ ਇੱਕ ਥਾਂ, ਨੁਕਤਾਚੀਨੀ ਕਰਨ ਤੋਂ ਸੰਕੋਚ ਆ, ਇੱਕ ਦੂਜੇ ਸਿੰਘ 'ਤੇ ਮਿਲ ਕੇ ਚੱਲਾਂਗੇ। ਇਹ ਕਹਿਣਾ ਛੱਡ ਦੇਈਏ ਕਿ ਮੈਂ ਕਾਂਗਰਸੀ ਹਾਂ, ਮੈਂ ਅਕਾਲੀ ਹਾਂ, ਮੈਂ ਭਿੰਡਰਾਂਵਾਲਾ ਹਾਂ, ਮੈਂ ਫਲਾਣੇ ਵਾਲਾ ਹਾਂ। ਇਹਦਾ ਤਿਆਗ ਕਰਕੇ, ਕੇਵਲ ਸਿੱਖ ਦੇ ਦਿਮਾਗ ਵਿੱਚ ਇਹ ਗੱਲ ਘਰ ਕਰ ਜਾਣੀ ਚਾਹੀਦੀ ਆ ਕਿ ਮੈਂ ਸਿੱਖ ਹਾਂ ਤੇ ਸਿੱਖ ਬਣ ਕੇ ਰਹਿਣਾ, ਕੇਸਾਧਾਰੀ ਹਿੰਦੂ ਬਣਕੇ ਮੈਂ ਹਿੰਦੁਸਤਾਨ ਵਿੱਚ ਜਿਊਣਾ ਨਹੀਂ। ਜਦੋਂ ਤੱਕ ਇਹ ਗੱਲ ਆਪਣੇ ਮਨ ਵਿੱਚ ਆ ਗਈ। ਇਹ (ਤਾਂ) ਕਹਿੰਦੀ ਮੁੱਠੀ ਭਰ ਆਂ। ਹੁਣ ਤਾਂ ੧ ਲੱਖ ੧੫ ਹਜ਼ਾਰ ਨੇ ਉਥੇ ਪ੍ਰਣ ਕੀਤਾ, ਕੁਝ ਕੁ ਮੇਰੇ ਕੋਲ ਵੀ ਲਿਖਾਏ ਆ ਨੌਜੁਆਨਾਂ ਨੇ ਨਾਉਂ। ਕਈ ਕਹਿੰਦੇ ਤੇਰੇ ਕੋਲ ਕਿਵੇਂ ਲਿਖਾ ਦਿੱਤਾ ? ਕਈ ਵੀਰਾਂ ਦੀ ਇਹ ਵੀ ਚਰਚਾ ਸ਼ੁਰੂ ਆ। ਨਾਂਅ ਮੈਂ ਇਹਨਾਂ ਦਾ ਲੈਣਾ ਨਹੀਂ ਚਾਹੁੰਦਾ, ਰੱਬ ਇਹਨਾਂ ਨੂੰ ਸੁਮੱਤ ਬਖ਼ਸ਼ੇ। ਗੁਰੂ ਅੱਗੇ ਅਰਦਾਸ ਕਰਦਾਂ, ਗੁੱਸਾ ਨਹੀਂ ਉਹਨਾਂ 'ਤੇ, ਮੱਤ ਈ ਇੰਨੀ ਕੁ ਆ। ਨਾਂਅ ਮੇਰੇ ਕੋਲ ਵੀ ਸੱਜਣਾਂ ਨੇ ਲਿਖਾਏ ਆ। ਕਿੰਨਾਂ ਨੇ ਲਿਖਾਏ ਆ, ਜਿਹੜੇ ਕਹਿੰਦੇ ਕਿ ਅਸੀਂ ਇਦੋਂ ਬਿਨਾਂ ਕਿਤੇ ਨਹੀਂ ਜਾਣਾ। ਸੰਤ ਬਾਬਾ ਹਰਚੰਦ ਸਿੰਘ ਲੌਂਗੋਵਾਲ, ਪ੍ਰਧਾਨ ਸਾਹਿਬ ਨੂੰ ਪੁੱਛਿਆ ਸੀ। ਬੇਨਤੀ ਕੀਤੀ ਸੀ ਕਿ ਬਾਬਾ ਜੀ ਕੁਝ ਕੁ ਸਿੰਘਾਂ ਦਾ ਆਹ ਖ਼ਿਆਲ ਹੈ। ਤੁਸੀਂ ਦੱਸੋ.....? ਕੱਲ ਨੂੰ ਜੇ ਤਾਂ ਚਰਚਾ ਚੱਲਣੀ ਆ ਕਿ ਆਪਣਾ ਅਕਾਲੀ ਦਲ ਬਣਾਉਣ ਲੱਗਾ ਤੇ ਮੈਂ ਉਹਨਾਂ ਨੂੰ ਬੇਨਤੀ ਕਰਾਂ ਤੇ ਉਹ ਆਪਣੇ ਘਰ ਨੂੰ ਜਾਣ ਤੇ ਜੇ ਤੁਹਾਡਾ ਹੁਕਮ ਆਂ ਤੇ ਮੈਂ ਲਿਖਵਾ ਦੇਵਾਂ। ਉਹਨਾਂ ਕਿਹਾ ਲਿਖਵਾ ਲਉ। ੧੬ ਸਾਲ ਤੋਂ ਲੈ ਕੇ ੪੦ ਸਾਲ ਦੀ ਉਮਰ ਤੱਕ ਮੈਂ ਨਾਅ ਲਿਖੇ ਆ। ਬਜ਼ੁਰਗਾਂ ਦਾ ਵੀ ਲਿਖਿਆ ਪਰ ਉਹ ਇੱਕ ਪਾਸੇ ਆ। ਇੰਨੀ ਉਮਰ ਦੇ ਸਿੰਘਾਂ ਦਾ ਨਾਂਅ ਤੇ ੩੦ ਹਜ਼ਾਰ ਦੀ ਗਿਣਤੀ ਆ ਮੇਰੇ ਕੋਲ, ਇਕੱਲੇ ਕੋਲੇ ਤੇ ਇਹ ਕਹਿੰਦੀ ਮੁੱਠੀ ਭਰ ਆ। ਗਰਜਾ ਸਿੰਘ ਤੇ ਬੋਤਾ ਸਿੰਘ ਦੋ ਸੀ। ਗੁਰੂ ਕਰੇ ਕ੍ਰਿਪਾ, ਸਤਿਗੁਰੂ ਬਖ਼ਸ਼ਿਸ਼ ਕਰਨ, ਸ਼ਾਂਤੀ ਨਾਲ ਕੰਮ ਨਿੱਬੜ ਜਾਏ ਤੇ ਬਹੁਤਾ ਚੰਗਾ, ਹਾਮੀ ਤਾਂ ਆਪਾਂ ਸ਼ਾਂਤੀ ਦੇ ਹੀ ਆਂ, ਪਰ ਜੇ ਕਿਤੇ ਗੱਡੀ ਚੱਲ ਪਈ ਤੇ (ਫਿਰ) ਪਤਾ ਲੱਗਣਾ ਕਿ ਮੁੱਠੀ ਭਰ ਆ, ਜੋ ਬੁੱਕਲ 'ਚ ਵੀ ਨਹੀਂ ਪੈਂਦੇ। ਰੱਖਣੀ ਸ਼ਾਂਤੀ ਆ, ਕਿਉਂਕਿ ਅਜੇ ਹੁਕਮ ਸ਼ਾਂਤੀ ਦਾ ਪਰ ਇਕੱਲੀ ਸ਼ਾਂਤੀ ਨਾਲ ਸਰਨਾ ਨਹੀਂ,

ਤਿਆਰ ਬਰ ਤਿਆਰ ਵੀ ਹੋਣਾ ਪੈਣਾ । ਸ਼ਸ਼ਤਰਧਾਰੀ ਬਣੋ ਤੇ ਆਪਸ ਵਿੱਚ ਮਿਲ ਕੇ ਚੱਲੋ ਤੇ ਨਸ਼ਿਆਂ ਦਾ ਤਿਆਗ ਕਰੋ ।

ਸਾਬਤ-ਸੂਰਤ ਰਹਿਣ ਦੀ ਅਪੀਲ

ਅੱਜ ਮੈਂ ਨੌਜਵਾਨਾਂ ਨੂੰ ਇੱਕ ਬੇਨਤੀ ਕਰਨੀ ਚਹੁੰਦਾ ਹਾਂ । ਕੁਝ ਤਾਂ ਜਥੇ 'ਚ ਜਾ ਰਹੇ ਆ ਤੇ ਕੁਝ ਜਥੇ ਨੂੰ ਵਿਦਾਇਗੀ ਦੇਣ ਆਏ ਸੀ । ਉਹਨਾਂ ਵਿੱਚੋਂ ਤਕਰੀਬਨ ਅੱਜ ੭ ਕੁ ਸਿੰਘਾਂ ਨੇ ਅੱਜ ਦਾਹੜੀ ਰੱਖੀ ਆ ਤੇ ਸ਼ਰਾਬ ਛੱਡੀ ਆ । ਉਹਨਾਂ ਦਾ ਤੇ ਮੈਂ ਧੰਨਵਾਦ ਵੀ ਕਰਦਾ ਤੇ ਉਹਨਾਂ ਨੂੰ ਬੇਨਤੀ ਵੀ ਕਰਾਂਗਾ (ਕਿ) ਕਿਤੇ ਪਨਾਲਾ ਉਥੇ ਦਾ ਉਥੇ ਈ ਨਾ ਰਵੇ ਤੇ ਸਵੇਰੇ ਜੇਲ੍ਹ ਵਿੱਚੋਂ ਨਿਕਲੋ ਤੇ ਪਰਸੋਂ ਨਾਈ ਦੇ ਅੱਗੇ ਬੈਠੇ ਹੋਵੋ । ਗੁਰੂ ਸਾਹਿਬ ਦੀ ਹਜ਼ੂਰੀ 'ਚ ਤੁਸਾਂ ਪ੍ਰਣ ਕੀਤਾ, ਤਖ਼ਤ ਸਾਹਿਬ 'ਤੇ ਜਾ ਕੇ ਆਏ ਹੋ । ਆਪਣੇ ਬਚਨ 'ਤੇ ਪੂਰਿਆਂ ਰਹਿਣਾ, ਸਤਿਗੁਰੂ ਕਿਰਪਾ ਕਰਕੇ ਤੇ ਸਾਨੂੰ ਸੁਮੱਤ ਬਖਸ਼ਣ ।

ਝੂਠਾ ਪ੍ਰਾਪੇਗੰਡਾ ਕਰਨ ਵਾਲਿਆਂ ਨੂੰ ਚਿਤਾਵਨੀ

ਕੁਝ ਕੁ ਉਹਨਾਂ ਲੋਕਾਂ ਨੂੰ ਸਮਾਪਤੀ ਵਿੱਚ ਮੈਂ ਕਹਿਣਾ ਚਹੁੰਦਾ ਹਾਂ ਜਿਹੜੇ ਲੋਕ ਕਿਸੇ ਦੇ ਇਸ਼ਾਰੇ ਤੇ ਆਪਣੀ ਬੁਧੀ ਦੀ ਪ੍ਰਬਲਤਾ ਵਿਖਾਉਣ ਵਾਸਤੇ ਕੁਝ ਕੁ ਐਸੇ ਫੈਸਲੇ ਕਰੀ ਬੈਠੇ ਆ ਕਿ ਸ਼ਾਇਦ ਇਹ ਕੰਮ ਸਾਰਾ ਈ ਭਿੰਡਰਾਂਵਾਲਿਆਂ ਦਾ । ਉਹਨਾਂ ਲੋਕਾਂ ਨੂੰ ਮੈਂ ਚਿਤਾਵਨੀ ਦੇਣੀ ਚਾਹੁੰਦਾ ਹਾਂ ਕਿ ਇਹ ਗੱਲਾਂ ਚੰਗੀਆਂ ਨਹੀਂ ਗੁਰਮਤਿ ਵਿੱਚ । ਇੰਨਾ ਹੀ ਕਹਾਂਗਾ, ਸਮਝ ਉਹ ਜਾਣਗੇ, ਕਿਉਂਕਿ ਜਿਹਦੇ ਮਨ 'ਚ ਪਾਪ ਹੋਵੇ ਆਪਣੇ ਆਪ ਈ ਕੰਬਣ ਲੱਗ ਪੈਂਦਾ । ਉਹਨਾਂ ਨੂੰ ਦੁਬਾਰਾ ਮੈਂ ਕਹਿਣਾ ਚਾਹੁੰਨਾ ਸਟੇਜ ਤੇ ਖੜੋ ਕੇ, ਜਿਤਨਾ ਮਰਜ਼ੀ ਯਤਨ ਕਰ ਲਉ, ਸਾਡੇ ਦੋਹਾਂ ਵਿੱਚ ਫ਼ਰਕ ਨਹੀਂ ਪਵੇਗਾ । ਦਾਸ ਵਿੱਚ ਤੇ ਲੌਂਗੋਵਾਲ ਵਿੱਚ ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਜਿਹੜੇ ਮਨਸੂਬੇ ਚਾਹ ਦੀਆਂ ਪਿਆਲੀਆਂ ਪੀ ਕੇ ਤੇ ਬਿਸਕੁਟ ਖਾ ਕੇ ਤੇ ਕੁਰਸੀ ਤੇ ਬੈਠ ਕੇ ਬਣਾਉਣੇ ਸ਼ੁਰੂ ਕੀਤੇ ਕੁਝ ਲੋਕਾਂ ਨੇ, ਉਹਨਾਂ ਨੂੰ ਸੋਚ ਲੈਣਾ ਚਾਹੀਦਾ ਤੇ ਇਹਨਾਂ ਹਰਕਤਾਂ ਤੋਂ ਬਾਜ ਆਉਣਾ ਚਾਹੀਦਾ । ਬੜਾ ਨਾਜ਼ਕ ਸਮਾਂ, ਦੋਹਾਂ ਧਿਰਾਂ 'ਚੋਂ ਅਕਾਲੀ ਦਲ ਤੇ ਗੌਰਮੈਂਟ, ਇਹਨਾਂ ਵਿੱਚੋਂ ਜਿਹੜਾ ਵੀ ਥਿੜਕ ਗਿਆ, ਛਾਲਾਂ ਪੁੱਠੀਆਂ ਲੱਗਣੀਆਂ ਉਹਦੀਆਂ, ਪਰ ਪੁੱਤਰਾਂ ਦੇ ਦਾਨੀ ਦੀ ਕਿਰਪਾ ਹੋਵੇਗੀ, ਪੰਥ ਕਦੇ ਥਿੜਕੇਗਾ ਨਹੀਂ ।

ਨਿਸਚੈ ਕਰਿ ਅਪੁਨੀ ਜੀਤ ਕਰੋਂ ॥

ਦੇ ਆਪਾਂ ਰਸਤੇ 'ਤੇ ਚੱਲਣਾ ।

ਕੇਵਲ ਕ੍ਰਿਸ਼ਨ ਵੱਲੋਂ ਭਾਈ ਬਲਵੰਤ ਸਿੰਘ ਮਕੇਰੀਆਂ ਦੇ ਘਰ ਦੀ ਕੁਰਕੀ ਰੱਖਣੀ ਅਤੇ ਕਣਕ ਵੱਢ ਲੈਣੀ

ਇੱਕ ਮੈਨੂੰ ਅੱਜ ਇਹ ਵੀ ਪਤਾ ਲੱਗਾ ਕਿ ਮਕੇਰੀਆਂ ਵਾਲੇ ਭਾਈ ਬਲਵੰਤ ਸਿੰਘ ਜੀ....., ਉਹਨਾਂ ਦੇ ਪਰਿਵਾਰ ਦੀ ਜਿਹੜੀ ਜਾਇਦਾਦ ਆ । ਪਹਿਲਾਂ ਤੇ ਕਣਕ ਜਿਹੜੀ ਬੀਜੀ ਹੋਈ ਸੀ, ਉਹ

ਕਾਂਗਰਸੀ ਜਿਹੜੇ ਕੇਵਲ ਕ੍ਰਿਸ਼ਨ ਦੇ ਆਖੇ ਲੱਗਣ ਵਾਲੇ ਸਾਰੇ ਤਾਂ ਨਹੀਂ, ਪਰ ਜਿਹੜੇ ਉਹਦੇ ਟਾਊਟ ਬਣੇ ਹੋਏ ਆ, ਜਿਵੇਂ ਬੱਬਰ ਅਕਾਲੀਆਂ ਵੇਲੇ ਕੁਝ ਬਣੇ ਸੀ। ਉਹਨਾਂ ਨੇ ਪੰਜਾਂ ਕਿਲਿਆਂ ਦੀ ਕਣਕ ਵੱਢ ਕੇ ਤੇ ਆਪਣੇ ਸੁੱਟ ਲਈ ਆ, ਪੈਲੀ ਵਾਹ ਦਿੱਤੀ ਆ। ਉਹਦਾ ਆਪਾਂ ਬਹੁਤਾ ਜ਼ਿਕਰ ਨਹੀਂ ਕੀਤਾ। ਚੱਲੋ ਪੰਜਾਂ ਕਿਲਿਆਂ 'ਚੋਂ ਡੇਢ ਕੁ ਸੌ ਮਣ ਨਿਕਲੀ ਹੋਉਗੀ, ਜਦੋਂ ਸਮਾਂ ਆਊ ਲੈ ਲਾਂਗੇ ਵਾਪਸ, ਪਰ ਅੱਜ ਪਤਾ ਲੱਗਾ ਕਿ ਉਹਦੇ ਘਰ ਦੀ ਜਿਹੜੀ ਇਮਾਰਤ ਆ ਜਾਂ ਸਮਾਨ (ਜਿਹੜਾ) ਉਹਦੇ ਵਿੱਚ ਪਿਆ। ਉਹ ਕੇਵਲ ਕ੍ਰਿਸ਼ਨ ਨੇ ਕੁਝ ਕੁ ਦਿਨ ਹੋਏ ਆ, ਉਸ ਇਲਾਕੇ ਵਿੱਚ ਆਪਣੇ ਅਹੁਦੇ ਦੀ ਗਰੂਰੀ ਦੇ ਵਿੱਚ, ਮਗਰੂਰੀ ਦੇ ਵਿੱਚ, ਇਸ਼ਤਿਹਾਰ ਕਢਵਾ ਕੇ ਤੇ ਕੁਰਕੀ ਕਰਨ ਦਾ ਐਲਾਨ ਕਰ ਦਿੱਤਾ। ਸ਼ਾਇਦ ਇੱਕ ਦੋ ਚਾਰ ਦਿਨ ਰਹਿੰਦੇ ਜਿੰਦੇਂ ਬੋਲੀ ਹੋਣੀ ਆਂ। ਮੈਂ ਅਖ਼ਬਾਰਾਂ ਵਾਲਿਆਂ ਨੂੰ ਇਹ ਬੇਨਤੀ ਕਰਾਂਗਾ, ਖ਼ਬਰ ਛਾਪਣ ਦੀ ਕੋਸ਼ਿਸ਼ ਕਰਨ। ਜੇ ਨਾ ਹੋਵੇ ਤੇ ਜਿਹੜੇ ਸਿੰਘ ਉਥੋਂ ਆਏ, ਉਹ ਇਲਾਕੇ ਵਿੱਚ ਜ਼ਰੂਰ ਦੱਸ ਦੇਣ ਕਿ ਗੁਰਮੁਖੋ ਸਾਡਾ ਵੈਰ ਤਾਂ ਤੁਹਾਡੇ ਨਾਲ ਕਿਸੇ ਨਾਲ ਹੈ ਨਹੀਂ ਪੰਜਾਬੀ ਨਾਲ। ਸਿੱਖ ਨਾਲ ਤਾਂ ਹੋਣਾ ਈ ਕੀ ਆ। ਸਾਡਾ ਵੈਰ ਕਿਸੇ ਹੋਰ ਜਾਤੀ ਨਾਲ ਵੀ ਨਹੀਂ, ਪਰ ਇਹ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿੰਨੇ ਲੋਕਾਂ ਨੇ ਸਿਰਾਂ ਦੇ ਮੁੱਲ ਪਾਏ ਸੀ ਤੇ ਹੁਣ ਦਾ ਜਿਹੜਾ ਕੇਵਲ ਕ੍ਰਿਸ਼ਨ ਆਂ, ਉਹਦੇ ਵਡੇਰਿਆਂ ਵਿੱਚੋਂ ਲਖਪਤ ਤੇ ਜਸਪਤ ਸੀ। ਉਹਨਾਂ ਪ੍ਰਣ ਕੀਤਾ ਸੀ ਕਿ ਅਸੀਂ ਸਿੱਖਾਂ ਦਾ ਖੁਰਾ ਖੋਜ ਮੇਟਣਾ, ਇਹਨਾਂ ਦਾ ਚਿੰਨ ਨਹੀਂ ਦੁਨੀਆਂ 'ਚ ਰਹਿਣ ਦੇਣਾ ਤੇ ਇਸੇ ਤਰ੍ਹਾਂ ਕੇਵਲ ਕ੍ਰਿਸ਼ਨ ਮਕੇਰੀਆਂ ਦੇ ਇਲਾਕੇ ਵਿੱਚ ਲੱਗਾ ਹੋਇਆ ਕਿ ਮੈਂ ਬਲਵੰਤ ਸਿੰਘ ਦੇ ਘਰ ਦੀ ਨੀਂਹ ਦੀ ਇੱਟ ਵੀ ਨਹੀਂ ਰਹਿਣ ਦੇਣੀ, ਪਰ ਉਹਨੂੰ ਚੇਤਾ ਕਰ ਲੈਣਾ ਚਾਹੀਦਾ, ਤੂੰ ਕਿਹੜੇ ਬਾਗ਼ ਦੀ ਮੂਲੀ ਆਂ ? ਲਖਪਤ ਤੇ ਜਸਪਤ ਨੇ ਪ੍ਰਣ ਕੀਤਾ, ਸਮਾਂ ਆਇਆ, ਸਤਿਗੁਰੂ ਨੇ ਕਿਰਪਾ ਕੀਤੀ। ਜਿਹਨਾਂ ਨੂੰ ਅੱਜ ਪੱਛੜੀਆਂ ਸ਼੍ਰੇਣੀਆਂ ਕਹਿ ਕੇ ਧ੍ਰਿਕਾਰਿਆ ਜਾਂਦਾ, ਹਰੀਜਨਾਂ ਵਿੱਚੋਂ ਭਾਈ ਨਿਗਾਹੂ ਸਿੰਘ ਨੂੰ ਸਤਿਗੁਰਾਂ ਨੇ ਪ੍ਰੇਰਨਾ ਕੀਤੀ, ਸਮੇਂ ਨੇ ਇਜ਼ਾਜ਼ਤ ਦਿੱਤੀ। ਖ਼ਾਲਸਾ ਜੀ ਹਾਥੀ ਦੀ ਪੂਛ ਪਕੜ ਕੇ, ਪਿਛਲੇ ਪਾਸੇ ਤੋਂ ਦੀ ਚੜ੍ਹ ਕੇ ਉੱਪਰ ਤੇ ਉਸ ਵਰਤਮਾਨ ਸਮੇਂ ਦੇ ਜ਼ਾਲਮ ਨੂੰ ਐਂ ਵੱਢਿਆ ਸੀ ਹਾਥੀ ਉੱਪਰੋਂ ਜਿਵੇਂ ਕੱਦੂ ਵੱਲ ਨਾਲੋਂ ਵੱਢੀ ਦਾ। ਉਹ ਵੀ ਤੇ ਜਾਇਦਾਦ ਵੀ ਪਤਾ ਨਹੀਂ ਕਿੱਧਰ ਗਈ ਤੇ ਮੈਂ ਦੱਸਣਾ ਚਾਹੁੰਦਾ ਹਾਂ ਕੇਵਲ ਕ੍ਰਿਸ਼ਨ ਨੂੰ ਖਾਸ ਕਰਕੇ ਤੇ ਬਾਕੀ ਜਿਹੜੇ ਉਹਦੇ ਟਾਊਟ ਬੋਲੀ ਦੇਣ ਦੀ ਤਿਆਰੀ ਕਰਦੇ ਆ। ਪਹਿਲਾਂ ਤਾਂ ਮੈਂ ਉਸ ਸਿੱਖੀ ਸਰੂਪ ਵਾਲੇ ਨੂੰ ਨਿਮਰਤਾ ਸਹਿਤ ਬੇਨਤੀ ਕਰਦਾਂ ਕਿ ਇਸ ਮੱਚਦੇ ਭੱਠ ਵਿੱਚ ਆਪਣਾ ਹੱਥ ਨਾ ਪਾਇਉ (ਇਹ ਮੁੜਕੇ) ਨਿਕਲਣਾ ਨਹੀਂ ਤੇ ਸਿੱਖੀ ਸਰੂਪ ਨਾਲ ਕਰੋ ਪਿਆਰ ਤੇ ਸਿੱਖੀ ਦੀ ਗੱਲ ਕਰੋ, ਸਤਿਗੁਰੂ 'ਤੇ ਨਿਸਚਾ ਰੱਖੋ ਤੇ ਲਾਲਚ ਦਾ ਤਿਆਗ ਕਰੋ, ਪਰ ਜੇ ਹਕੂਮਤ ਦੇ ਬਲਬੂਤੇ, ਜੇ ਥੱਲੇ ਲੱਗ ਕੇ, ਇਹਨਾਂ ਸਿੰਘਾਂ ਦੇ ਘਰ ਦੀ ਕੁਰਕੀ ਦੀ ਬੋਲੀ ਦਿੱਤੀ ਤੇ ਜਾਇਦਾਦ ਸਾਂਭਣੀ ਚਾਹੀ। ਮੈਂ ਵਾਰਨਿੰਗ ਦੇਣੀ ਚਹੁੰਦਾ ਹਾਂ, ਬੋਲੀ ਉਹ ਭਰਾ ਦਿਉ , ਜਿਹੜਾ ਮਾਂ ਦੇ ਉਦਰ 'ਚੋਂ ਦੋ ਸਿਰ ਲੈ ਕੇ ਨਿਕਲਿਆ, ਇੱਕ ਸਿਰ ਵਾਲੇ ਨੇ ਬੋਲੀ ਦਿੱਤੀ ਤੇ ਆਪਣੀ ਵਿਚਾਰ ਕਰ ਲਿਉ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸਿੱਖਾਂ ਨਾਲ ਧੱਕੇਸ਼ਾਹੀਆਂ

ਕਈ ਵੀਰ ਕਹਿੰਦੇ ਤੂੰ ਗੁੱਸੇ ਨਾਲ ਕਹਿ ਰਿਹਾਂ, ਗੁੱਸੇ ਨਾਲ ਨਹੀਂ, ਮੈਂ ਦੁਖੀ ਹਿਰਦੇ ਨਾਲ ਕਹਿ ਰਿਹਾਂ। ਕਿਸੇ ਹਿੰਦੂ ਦੀ ਧੀ ਤੇ ਭੈਣ ਨੰਗੀ ਨਹੀਂ ਕੀਤੀ ਗੌਰਮੈਂਟ ਨੇ ? ਕੀਤੀਆਂ

ਤੇ ਸਿਰਫ ਸਿੱਖਾਂ ਦੀਆਂ ਕੀਤੀਆਂ। ਕਿਸੇ ਹਿੰਦੂ ਦੀ ਲੜਕੀ ਨੰਗੀ ਕਰਕੇ ਉਹਦੇ ਪਿਉ ਨੂੰ ਉੱਪਰ ਨਹੀਂ ਪਾਇਆ। ਸਾਡੀਆਂ ਸਿੱਖਾਂ ਦੀਆਂ ਨਾਲ ਇਹ ਬੇ-ਇੱਜ਼ਤੀ ਦੀ ਹਾਲਤ ਹੋਈ ਆ। ਕਿਸੇ ਹਿੰਦੂ ਦੇ ਇਸ਼ਟ ਨੂੰ ਅੱਗ ਨਹੀਂ ਲਾਈ, ਲੱਗੀ ਤੇ ਸਾਡੇ ਇਸ਼ਟ ਨੂੰ ਅੱਗ ਇਸ ਰਾਜ ਵਿੱਚ ਲੱਗੀ ਆ। ਕਿਸੇ ਹਿੰਦੂ ਦੇ ਪੁੱਤਰ ਨੂੰ ਨਜ਼ਰਬੰਦ ਨਹੀਂ ਕੀਤਾ ਤੇ ਪੁੱਠਾ ਨਹੀਂ ਲਟਕਾਇਆ, ਜੇ ਲਟਕਾਇਆ ਤੇ ਕੇਵਲ ਸਿੱਖ ਵਿਦਿਆਰਥੀਆਂ ਨੂੰ ਲਟਕਾਇਆ। ਕਿਸੇ ਹਿੰਦੂ ਦੀ ਦੁਕਾਨ ਗੌਰਮੈਂਟ ਨੇ ਨਹੀਂ ਸਾੜੀ, ਜੇ ਸਾੜੀ ਆ ਤੇ ਸਿੱਖਾਂ ਦੇ ਘਰ ਸਾੜੇ ਆ। ਇਹ ਸਾਰੀਆਂ ਚੀਜਾਂ ਸਾਹਮਣੇ ਰੱਖ ਕੇ ਕਿਸੇ ਹਿੰਦੂ ਦੇ ਪੁੱਤਰ ਦੇ ਮੂੰਹ ਵਿੱਚ, ਕਿਸੇ ਗੌਰਮੈਂਟ ਦੇ ਕਰਮਚਾਰੀ ਨੇ ਗਊ ਦਾ ਹੱਡ ਨਹੀਂ ਦਿੱਤਾ। ਜੇ ਕੇਵਲ ਮੂੰਹ ਵਿੱਚ ਬੀੜੀਆਂ ਪਾਈਆਂ ਤੇ ਤੰਬਾਕੂ ਭੁੱਕਿਆ ਤੇ ਥੁੱਕਿਆ ਤੇ ਸਿੱਖਾਂ ਦੇ ਮੁੰਡਿਆਂ ਦੇ ਮੂੰਹ ਵਿੱਚ ਥੁਕਿਆ। ਜੇ ਦਾਹੜੀਆਂ ਮੁੰਨੀਆਂ ਪੁਲੀਸ ਆਫੀਸਰਾਂ ਨੇ ਤਾਂ ਸਿੱਖਾਂ ਦੀਆਂ ਮੁੰਨ ਕੇ ਤੇ ਅੰਮ੍ਰਿਤਸਰ ਭੇਜ ਦਿੱਤੇ ਤੇ ਨਾਲ ਇਹ ਕਹਿ ਦਿੱਤਾ ਕਿ ਜਾਹ ਜਾ ਕੇ ਭਿੰਡਰਾਂਵਾਲਿਆਂ ਨੂੰ ਦੱਸ ਦਿਉ, ਜਿਹੜਾ ਕੁਝ ਕਰਨਾ ਕਰ ਲਿਉ। ਪਹਿਲਾਂ ਉਹਨਾਂ ਨੂੰ ਭੇਜ ਦਿੰਦੇ ਆ ਤੇ ਪਿੱਛੋਂ ਜਦ ਇਥੇ ਪਹੁੰਚ ਜਾਂਦੇ ਆ, ਫਿਰ ਸ਼ਿਫਾਰਸ਼ਾਂ 'ਤੇ ਜ਼ੋਰ ਆ।

ਬੂਆ ਸਿੰਘ ਤੇ ਨਰਿੰਦਰ ਸਿੰਘ ਦੀ ਦੋਬਾਰਾ ਨਜ਼ਰਬੰਦੀ, ਕੇਸਰੀ ਦਸਤਾਰ ਪਹਿਨਣ ਤੋਂ ਰੋਕਣਾ

ਅੱਜ ਪਤਾ ਲੱਗਾ ਭਾਈ ਬੂਆ ਸਿੰਘ ਤੇ ਨਰਿੰਦਰ ਸਿੰਘ, ਇੱਕ ਇੱਕ ਸਾਲ ਦੀ ਉਹਨਾਂ ਨੂੰ ਕੈਦ ਸੀ ਨਜ਼ਰਬੰਦੀ ਵਿੱਚ, ਪਿੱਛੋਂ ੨੦ ਤਰੀਕ ਨੂੰ ਉਹਨਾਂ ਨੇ ਰਿਹਾਅ ਹੋਣਾ ਸੀ। ੧੯ ਤਰੀਕ ਨੂੰ ਜੇਲ੍ਹ ਵਿੱਚੋਂ ਕੱਢ ਕੇ, ਥਾਨੇ ਲਿਆ ਕੇ ਫਿਰ ਇੱਕ ਸਾਲ ਵਾਸਤੇ ਨਜ਼ਰਬੰਦੀ ਕਰ ਦਿੱਤੀ ਆ। ਉਹਨੇ ਨਜ਼ਰਬੰਦ ਤੇ ਕਰ ਦਿੱਤੇ ਆ ਤੇ ਅੰਦਰ ਚੱਕੀਆਂ 'ਚ ਬੰਦ ਕੀਤਾ। ਜੇ ਚੱਕੀਆਂ 'ਚੋਂ ਕੱਢ ਦਿੰਦੇ ਆ ਤੇ ਪਾਬੰਦੀ ਖ਼ਾਲਸਾ ਜੀ ਕੀ ਲੱਗੀ ਸੋਚਣਾ ਪਵੇਗਾ, ਚੈਲੰਜ ਆ ਆਪਾਂ ਨੂੰ ਇਹੇ। ਅੰਗਰੇਜ਼ਾਂ ਵੇਲੇ ਕਿਹਾ ਸੀ ਸਿੱਖ ਦਸਤਾਰ ਨਹੀਂ ਰੱਖ ਸਕਦਾ ਤੇ ਦਰਸ਼ਨ ਸਿੰਘ ਆ ਕੋਈ ਮੈਂ ਤੇ ਪ੍ਰੇਮੀ ਨੂੰ ਜਾਣਦਾ ਨਹੀਂ, ਪਤਾ ਨਹੀਂ ਕਿਹੋ ਜਿਹਾ ਸੁਭਾਅ ਉਹਦਾ ਸਤਿਗੁਰੂ ਜਾਣੇ। ਉਹਨੇ, ਉਹਨਾਂ ਦੋਹਾਂ ਨੂੰ ਇੰਨੇ ਮੰਦੇ ਅੱਖਰ ਵਰਤੇ ਸਟੇਜ 'ਤੇ ਕਹੇ ਨਹੀਂ ਜਾ ਸਕਦੇ ਤੇ ਵਰਤੇ ਕਿਉਂ ? ਕਹਿੰਦਾ ਤੁਹਾਡੇ ਸਿਰ ਤੇ ਕੇਸਰੀ ਪਟਕੇ ਕਿਉਂ ? ਖੱਟੇ ਪਟਕੇ ਕਿਉਂ ਆਂ ? ਜੇ ਇਥੇ ਰਹਿਣਾ ਤੇ ਸੁੱਖ ਨਾਲ ਈ ਰਹਿਣਾ ਤੇ ਕੇਸਰੀ ਪਟਕੇ ਲਹੁਣੇ ਪੈਣਗੇ ਤੇ ਜੇ ਕੇਸਰੀ ਪਟਕੇ ਰੱਖਣੇ ਆਂ, ਖੱਟੇ ਪਟਕੇ ਤੇ ਫਿਰ ਤੁਹਾਨੂੰ ਚੱਕੀਆਂ 'ਚ ਬੰਦ ਰਹਿਣਾ ਪਵੇਗਾ ਤੇ ਪ੍ਰੇਮੀਉ ਇਹ ਰਾਜ ਤੇ ਸਦਾ ਨਹੀਂ ਰਹਿਣਾ। ਮੈਂ ਇੰਨਾ ਜ਼ਰੂਰ ਕਹਾਂਗਾ ਕਿ ਸਿੱਖਾਂ ਦਾ ਮੁੰਡਾ, ਮੈਨੂੰ ਪਤਾ ਲੱਗਾ। ਉਹਨੂੰ ਪੱਗ ਦੇ ਉੱਪਰ ਤੇ ਕੇਸ ਦਾਹੜੇ 'ਤੇ ਹਮਲਾ ਨਹੀਂ ਕਰਨਾ ਚਾਹੀਦਾ। ਇਹਦਾ ਇਵਜ਼ਾਨਾ ਬਹੁਤ ਭਾਰੀ ਚੁੱਕਣਾ ਪੈਣਾ। ਹਕੂਮਤ ਪਤਾ ਨਹੀਂ ੨ ਦਿਨ ਆ, ੪ ਦਿਨ ਆ, ੧੦ ਦਿਨ ਆ। ਇਹ ਤਾਂ ਇੱਕ ਪਾਸੇ, ਇੱਕ ਵੇਰਾਂ ਹੋਣਾ ਈ ਹੋਣਾ, ਪਰ ਇਹ ਨਾ ਖ਼ਿਆਲ ਕਰਿਉ ਬੂਆ ਸਿੰਘ ਨੂੰ, ਨਰਿੰਦਰ ਸਿੰਘ ਨੂੰ ਜਾਂ ਉਹਨਾਂ ਦੇ ਸਾਥੀਆਂ ਨੂੰ ਜਾਂ ਲੌਂਗੋਵਾਲ ਤੇ ਭਿੰਡਰਾਂਵਾਲੇ ਨੂੰ ਤੇ ਜਾਂ ੨-੪ ਲੀਡਰਾਂ ਨੂੰ ਖਤਮ ਕਰਕੇ ਖਹਿੜਾ ਛੁੱਟ ਜਾਵੇਗਾ, ਬਿਲਕੁਲ ਨਹੀਂ ਛੁੱਟੇਗਾ। ਜਦੋਂ ਤੱਕ ਸਾਡੀ ਸਿੱਖ ਕੌਮ ਦੇ ਗਲ ਵਿੱਚੋਂ ਗ਼ੁਲਾਮੀ ਨਹੀਂ ਲਹਿੰਦੀ, ਉਦੋਂ ਤੱਕ ਇਹ ਸੰਘਰਸ਼ ਚਲਦਾ ਰਹਿਣਾ।

ਮਜ਼ਲੂਮ ਦੀ ਮਦਦ ਅਤੇ ਜ਼ਾਲਮ ਨੂੰ ਸੋਧਣ ਦਾ ਐਲਾਨ

ਇੱਕ (ਕੁਝ) ਪ੍ਰੇਮੀ, ੪-੫ ਕੱਲ ਆਏ ਸੀ ਗੇ । ਉਹ ਪੁੱਛਦੇ ਆ ਸੰਤ ਜੀ, ਜੇ ਜਗਜੀਤ ਸਿੰਘ ਚੌਹਾਨ ਨੇ ਇੰਗਲੈਂਡ ਤੇ ਅਮਰੀਕਾ, ਕੈਨੇਡਾ ਦੀ ਮਦਦ ਲੈ ਕੇ ਹਿੰਦੁਸਤਾਨ ਤੇ ਹਮਲਾ ਕਰ ਦਿੱਤਾ ਤਾਂ ਤੁਸੀਂ ਕਿਹਦੀ ਮਦਦ ਕਰੋਗੇ ? ਮੈਂ ਉਹਨਾਂ ਨੂੰ ਪੁੱਛਿਆ ਸ਼ੱਕ ਕੀ ਪੈ ਗਈ ਤੁਹਾਨੂੰ ? ਕਹਿੰਦੇ ਜੀ ਅਸੀਂ ਤੇ ਪ੍ਰਸ਼ਨ ਕਰਨਾ । ਦਾਸ ਨੇ ਉੱਤਰ ਦਿੱਤਾ ਸੀ, ਅਸੀਂ ਮਦਦ ਕਰਾਂਗੇ ਸਿੱਖੀ ਸਰੂਪ ਦੀ ਤੇ ਮਜ਼ਲੂਮ ਦੀ । ਉਹਦਾ ਖਿਆਲ ਸੀ ਮੈਂ ਕਹਿ ਦਿਉਂ ਜਗਜੀਤ ਸਿੰਘ ਦੀ ਕਰੂੰ ਜਾਂ ਹਿੰਦੁਸਤਾਨ ਦੀ, ਉੱਤਰ ਦਿੱਤਾ ਸੀ ਸਿੱਖੀ ਸਰੂਪ ਦੀ ਤੇ ਮਜ਼ਲੂਮ ਦੀ ਮਦਦ ਕਰਾਂਗੇ । ਜਿਹੜਾ ਮਜ਼ਲੂਮ ਹੋਇਆ, ਉਹਨੂੰ ਜ਼ਰੂਰ ਗੱਲ ਨਾਲ ਲਾਵਾਂਗੇ, ਜਿਹੜਾ ਜ਼ਾਲਮ ਹੋਇਆ ਉਹਨੂੰ ਝਟਕਾਵਾਂਗੇ, ਕਿਉਂਕਿ ਜਦੋਂ ਐਮਰਜੈਂਸੀ ਲੱਗੀ ਸੀ, ਐਮਰਜੈਂਸੀ ਦੇ ਵਿੱਚ ਕੁਰਸੀ ਦੇ ਮਾਲਕ ਹਿੰਦੂਆਂ ਨੇ, ਜਿਹੜੇ ਮਜ਼ਲੂਮ ਕਹਾਉਂਦੇ ਸੀ, ਤੁਰੇ ਫਿਰਦੇ ਸੀ ਸੜਕਾਂ 'ਤੇ ਉਹਨਾਂ ਨੂੰ ਪਕੜ ਕੇ ਜੇਲ੍ਹ ਵਿੱਚ ਬੰਦ ਕਰ ਦਿੱਤਾ । ਕਿਸੇ ਵੀ ਅਕਾਲੀ ਦਲ ਦੇ ਇੱਕ ਵੀ ਵਰਕਰ ਨੂੰ ਨਹੀਂ ਫੜਿਆ ਸੀ, ਇੱਕ ਨੂੰ ਵੀ, ਪਰ ਹੋਇਆ ਕੀ ? ਹਿੰਦੂ ਸਿੱਖ ਏਕਤਾ ਸਾਡੇ 'ਚ ਬਹੁਤਾ ਘਰ ਕਰ ਗਈ ਆ ਮੱਲੋ ਮੱਲੀ ਪਰ ਉਹ ਬਹੁਤ ਪਰਬਲ ਸੀ, ਉਹਨੂੰ ਮੁਖ ਰੱਖ ਕੇ ਜਾਂ ਮੈਂ ਇਹ ਕਹਿ ਲਵਾਂ ਭਈ ਉਹਨੂੰ ਛੱਡ ਕੇ ਤੇ

ਨਾਨਕ ਨਾਮ ਚੜ੍ਹਦੀ ਕਲਾ ॥
ਤੇਰੇ ਭਾਣੇ ਸਰਬਤ ਦਾ ਭਲਾ ॥

ਨੂੰ ਮੁੱਖ ਰੱਖਕੇ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮੋਰਚਾ ਲੱਗਾ ਕਿ ਅਸੀਂ ਜਰਵਾਣੇ ਦੇ ਥੱਲੇ ਮਜ਼ਲੂਮ ਨੂੰ ਨਹੀਂ ਰਹਿਣ ਦੇਣਾ । ਸਿੱਖ ਨੂੰ ਤਾਂ ਫੜਿਆ ਨਹੀਂ ਸੀ ਕਿਸੇ ਨੂੰ, ਹਿੰਦੂਆਂ ਨੇ ਹਿੰਦੂਆਂ ਨੂੰ ਫੜਿਆ ਸੀ, ਪਰ ਇਥੋਂ ਮੋਰਚਾ ਲਗਾ ਕੇ ਹਿੰਦੂਆਂ ਨੂੰ ਜੇਲ੍ਹਾਂ 'ਚੋਂ ਕਢਾਇਆ ਤੇ ਜਿਹਨਾਂ ਨੂੰ ਜੇਲ੍ਹਾਂ 'ਚੋਂ ਕਢਾਇਆ, ਉਹਨਾਂ ਨੂੰ ਪ੍ਰਾਈਮ ਮਨਿਸਟਰ ਵੀ ਬਣਾ ਦਿੱਤਾ । ਸਾਡਿਆਂ ਲੀਡਰਾਂ ਨੇ ਕਾਰਾਂ ਤੇ ਥੈਲੀਆਂ ਵੀ ਦਿੱਤੀਆਂ ਭਰਾ ਸਮਝ ਕੇ ਤੇ ਅੱਜ ਉਹ ਚਰਨ ਚੌਧਰੀ ਵਰਗੇ ਤੇ ਦੂਜੇ ਤੀਜੇ ਉਹਨਾਂ ਦੇ ਹੋਰ ਨਾਲ ਦੇ ਚਾਰ ਕੁ, ਉਹ ਕਹਿੰਦੇ ਜੀ ਅਕਾਲੀ ਦਲ ਤੇ ਬੈਨ ਲਗਾ ਦਿਉ । ਤੁਸੀਂ ਸੋਚੋ ਗੁਰਮੁਖੋ ਫਿਰਕਾਪ੍ਰਸਤ ਆਪਾਂ ਕਿ ਉਹ ਆ ? ਉਹਨਾਂ ਦਿਆਂ ਨੇ ਉਹਨਾਂ ਨੂੰ ਫੜਿਆ ਤੇ ਤੁਸੀਂ ਆਪਣੇ ਜਾਣ ਕੇ ਜੇਲ੍ਹਾਂ 'ਚੋਂ ਕਢਾਉਣ ਵਾਸਤੇ ਜੇਲ੍ਹ 'ਚ ਗਏ ਤੇ ਅੱਜ ਸਿੱਖਾਂ ਨੇ ਤੇ ਵਿਸ਼ੇਸ਼ ਤੌਰ ਤੇ ਮੈਂ ਕਹਿ ਲਵਾਂ ਅਕਾਲੀ ਦਲ ਨੇ, ਇਹ ਮੋਰਚਾ ਲਾਇਆ ਸਮੁੱਚੇ ਪੰਜਾਬੀਆਂ ਵਾਸਤੇ, ਦੱਸੋ ਹਿੰਦੂ ਕਿੰਨੇ ਜੇਲ੍ਹਾਂ 'ਚ ਗਏ ਆ ? ੬੬ ਕਰੋੜ ਦੀ ਗਿਣਤੀ 'ਚੋਂ ੪੦ ਸੌ ਵੀ ਗਿਆ ? ਤੁਸੀਂ ਪੌਣੇ ਦੋ ਕਰੋੜ ਦੀ ਗਿਣਤੀ ਵਿੱਚੋਂ ੪੦ ਹਜ਼ਾਰ ਅੰਦਰ ਗਏ ਸੀ, ਉਦੋਂ ਐਮਰਜੈਂਸੀ ਵੇਲੇ । ਫਿਰਕਾਪ੍ਰਸਤ ਤੁਹਾਨੂੰ ਕਹਿੰਦੇ ਆ ।

ਝੂਠੇ ਪ੍ਰਾਪੇਗੰਡੇ ਤੋਂ ਸੁਚੇਤ ਰਹਿਣ ਦੀ ਅਪੀਲ

ਸੋ ਮੈਂ ਬੇਨਤੀ ਕਰਾਂਗਾ, ਮਿਲ ਕੇ ਚੱਲਣਾ, ਇਕੱਠਿਆਂ ਰਹਿਣਾ, ਨਸ਼ੇ ਦਾ ਤਿਆਗ ਕਰਨਾ, ਪੰਥ ਦੀ ਡਟ ਕੇ ਹਮਾਇਤ ਕਰਨੀ ਨੰਗੇ ਧੜ । ਆ ਜਿਹੜੀਆਂ ਅੰਦਰੋਂ ਅੰਦਰ ਗੱਲਾਂ ਜਿਹੀਆਂ ਚੱਲ ਰਹੀਆਂ, ਇਹਨਾਂ ਤੋਂ ਸ਼ੰਕਾਂ ਸਹਿਤ ਨਾ ਹੋਵੋ । ਇਹਨਾਂ ਤੋਂ ਬਚੋ, ਇੱਕੋ ਗੱਲ ਆ ਤੇ ਇੱਕੋ ਥਾਂ ਸਾਰਿਆਂ ਨੇ ਤੁਰਨਾ । ਸਮਾਪਤੀ ਵਿੱਚ ਮੈਂ ਇਹਨਾਂ ਲੋਕਾਂ ਨੂੰ ਇੱਕ ਵਾਰ ਫਿਰ ਦੁਹਰਾਉਣਾ ਚਹੁੰਨਾ । ਜਿਹੜੇ ਆਪਣੇ ਆਪ ਈ ਕਈਆਂ ਗੱਲਾਂ ਦਾ ਲਿੰਕ ਮੇਰੇ

ਨਾਲ ਜੋੜ ਕੇ ਤੇ ਆਪਣੇ ਹਿਰਦੇ ਵਿੱਚ ਫੈਸਲਾ ਕਰੀ ਬੈਠੇ ਆ (ਕਿ) ਭਿੰਡਰਾਂਵਾਲੇ ਨੇ ਆਹ ਕਰ ਦਿੱਤਾ, ਦੂਜੇ ਨੇ ਆਹ ਕਰ ਦਿੱਤਾ। ਇਹਦੇ ਤੋਂ ਜਿਹੜਾ ਸਿੱਟਾ ਨਿਕਲੇਗਾ ਪਤਾ ਫਿਰ ਉਦੋਂ ਲੱਗਣਾਂ ਤੇ ਮੈਂ ਇਥੇ ਵੇਖਿਆ ਵੀ ਆ ੭੯ ਤੋਂ ਲੈ ਕੇ.....। ੭੯ ਵੇਲੇ ਲੁੱਚਾ, ਗੁੰਡਾ, ਬਦਮਾਸ਼, ਅਯਾਸ਼ੀ ਦਾ ਅਨੰਦ ਮਾਨਣ ਵਾਲਾ, ਕਾਂਗਰਸੀ, ਇੰਦਰਾ ਦਾ ਪਿੱਠੂ, ਬਿਨਾ ਲੌਂਗੋਵਾਲ ਤੋਂ ਕਿਹੜਾ ਸੀ ਜਿਹਨੇ ਮੈਨੂੰ ਨਹੀਂ ਸੀ ਕਿਹਾ ? ਬਣਾ ਲਿਆ, ਇੱਕ ਵੀ ਬਣਾ ਸਕਿਆ ਕੋਈ ? ਪ੍ਰਾਪੇਗੰਡੇ ਨਾਲ ਕੁਝ ਨਹੀਂ ਹੋਣਾ। ਅੱਜ ਵੀ ਮੈਂ ਇਹਨਾਂ ਭੁੱਲੜ ਲੋਕਾਂ ਨੂੰ ਕਹਾਂਗਾ, ਇਹਨਾਂ ਚੀਜਾਂ ਤੋਂ ਬਾਜ ਆਵੋ। ਮੈਂ ਨਾ ਆਪਣੀ ਜ਼ਿੰਦਗੀ 'ਚ ਕੁਰਸੀ ਲੈਣੀ ਆਂ, ਨਾ ਪਿੱਛੇ ਲਈ ਆ ਤੇ ਨਾ ਹੁਣ ਇੱਛੁਕ ਆ। ਇੱਕੋ ਇੱਕ ਚੀਜ਼ ਦਾ ਇੱਛੁਕ ਹਾਂ ਕਿ ਸਿੰਘ ਨਾਂਅ ਵਾਲੇ ਦੇ ਮੂੰਹ 'ਤੇ ਦਾਹੜਾ ਤੇ ਕੇਸ, ਗਾਤਰੇ ਕ੍ਰਿਪਾਨ ਤੇ ਬੀਬੀਆਂ ਦੇ ਗਾਤਰੇ ਕ੍ਰਿਪਾਨ ਤੇ ਸਿੱਖੀ ਵਿੱਚ ਪੂਰੇ ਹੋਵੋ। ਨਸ਼ਿਆਂ ਦਾ ਤਿਆਗ ਕਰੋ ਤੇ ਪੰਥ ਦੀ ਚੜ੍ਹਦੀ ਕਲਾ ਤੇ ਗੁਰੂ ਗਰੰਥ ਸਾਹਿਬ ਦਾ ਸਤਿਕਾਰ, ਇਹ ਕਾਇਮ ਰੱਖੋ। ਇਹਨਾਂ ਗੱਲਾਂ ਦੇ ਵਿੱਚ ਜੇ ਪਵੋਂਗੇ, ਜਿਹੜੀਆਂ ਮੈਂ ਪਹਿਲਾਂ ਕਹੀਆਂ, ਇਹਦੇ ਵਿੱਚ ਘਾਟਾ ਤੁਹਾਨੂੰ ਪੈਣਾ, ਮੇਰਾ ਵਿਗੜਨਾ ਕੱਖ ਨਹੀਂ।

ਲੰਡਾ ਚਿੜਾ ਪਹਾੜੀਂ ਵਾਸਾ ॥

ਚੁੱਕਿਆ ਕਛਹਿਰਾ ਦੂਜੇ ਘਰੇ ਹੋ ਜਾਵਾਂਗੇ, ਸਾਡਾ ਕੰਮ ਆ ਸਿੱਖੀ ਪ੍ਰਚਾਰ ਦਾ। ਜੇ ਇਹ ਤੋਹਮਤਾਂ ਲਾਉਣੀਆਂ ਬੰਦ ਨਾ ਕੀਤੀਆਂ, ਮੇਰਾ ਕੁਝ ਵਿਗੜਨਾਂ ਨਹੀਂ ਤੇ ਕਿਸੇ ਦਿਨ ਸਟੇਜ 'ਤੇ ਬੈਠਿਆਂ ਨੂੰ ਮੈਂ ਕੰਨੋਂ ਫੜ ਕੇ ਕਰ ਲੈਣਾ ਖੜੇ ਤੇ ਕਿਸੇ ਦੀ ਮਾਂ ਨੂੰ ਮਾਸੀ ਤੁਹਾਡੇ ਕੋਲੋਂ ਕਿਹਾ ਨਹੀਂ ਜਾਣਾ। ਚਾਹ ਮੈਂ ਨਹੀਂ ਪੀਂਦਾ, ਆਂਡੇ ਮੈਂ ਨਹੀਂ ਖਾਂਦਾ, ਮਾਸ ਮੈਂ ਨਹੀਂ ਖਾਂਦਾ, ਸ਼ਰਾਬ ਤੇ ਸੁੱਖੇ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਮੇਰੇ 'ਤੇ ਇਲਜ਼ਾਮ ਲਾਹੋਂਗੇ ਕੀ ਸਟੇਜ 'ਤੇ। ਇਹ ਗੱਲ ਮੈਂ ਐਵੇਂ ਨਹੀਂ ਕਹਿ ਦਿੱਤੀ। ਬੜੀ ਜ਼ਿੰਮੇਵਾਰੀ ਨਾਲ ਕਹੀ ਆ ਤੇ ੧੦ ਮਹੀਨੇ, ਪਿੱਛੋਂ ਸੋਚ ਸਮਝ ਕੇ ਕਹੀ ਆ। ਦੋਬਾਰਾ ਇਹੋ ਜਿਹੀ ਗੱਲ ਦੇ ਵਿੱਚ ਨਾ ਪਇਉ।

ਸਪੱਸ਼ਟੀਕਰਨ ਦੇਣ ਦੀ ਥਾਂ, ਹਿੰਦੂਆਂ ਤੋਂ ਸਪੱਸ਼ਟੀਕਰਨ ਲੈਣ ਦੀ ਸਲਾਹ

ਮੈਂ ਆਪਣੇ ਵੱਲੋਂ ਬੀਬੀ ਸਤਵੰਤ ਕੌਰ ਦਾ, ਬੀਬੀ ਜੋਗਿੰਦਰ ਕੌਰ ਜੀ ਦਾ। ਜਾਣ ਵਾਲੇ ਜਥੇ ਵਿੱਚ ਸਿੰਘ ਜਿੰਨੇ ਕੁ ਪ੍ਰੇਮੀ ਹਨ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਤੇ ਅਖ਼ਬਾਰਾਂ ਵਿੱਚੋਂ ਫੁੱਟ ਦੀਆਂ ਗੱਲਾਂ ਸੁਣ ਕੇ ਸ਼ੰਕਾ ਦਾ ਸ਼ਿਕਾਰ ਨਹੀਂ ਹੋਣਾ। ਪੰਥ ਇੱਕ ਥਾਂ....। ਕਈ ਵੀਰ ਕਹਿੰਦੇ ਤੈਨੂੰ ਇੱਕ ਥਾਂ ਕਹਿਣ ਦੀ ਕੀ ਲੋੜ ਪੈਂਦੀ ਆ ? ਇਹ ਤਾਂ ਪੈਂਦੀ ਆ ਕਿ ਸਾਡੇ ਵਿੱਚੋਂ ਈ ਕੁਝ ਕੁ ਵੀਰ ਅਖ਼ਬਾਰਾਂ ਦਾ ਸ਼ਿਕਾਰ ਹੋ ਕੇ, ਇਹਨੂੰ ਬ੍ਰਹਮ ਦੀ ਬਾਣੀ ਮਨ ਕੇ ਤੇ ਪੁੱਠੇ ਪਾਸੇ ਦੀਆਂ ਗੱਲਾਂ 'ਚ ਤੁਰਦੇ ਆ, ਉਦੋਂ ਕਹਿਣਾ ਪੈਂਦਾ। ਇੱਕ ਇਹਨਾਂ ਆਪਣੇ ਵਰਕਰਾਂ ਨੂੰ, ਪੰਥ ਦਿਆਂ ਨੂੰ, ਆਪਣਿਆਂ ਨੂੰ ਨਹੀਂ, ਪੰਥ ਦਿਆਂ ਨੂੰ ਤੇ ਆਪਣੇ ਬਜ਼ੁਰਗਾਂ ਤੇ ਭਰਾਵਾਂ ਨੂੰ, ਬੋਲਣ ਵਾਲਿਆਂ ਨੂੰ ਜ਼ਰੂਰ ਬੇਨਤੀ ਕਰਾਂਗਾ, ਜਿਹੜਾ ਪੁਨੇ ਪੁਨੇ ਸਾਡਿਆਂ ਮਨਾਂ 'ਚ ਆਈ ਜਾਂਦਾ, ਅਸੀਂ ਵੀ ਸਪਸ਼ਟੀਕਰਨ ਹੋਰ ਦੇ ਦਿਆਂਗੇ। ਇਹ ਠੇਕਾ ਨਹੀਂ ਲਿਆ ਕਿ ਜਦੋਂ ਤੋਂ ਸਿੱਖ ਕੌਮ ਜੰਮੀ ਆਂ ਤੇ ਜਦੋਂ ਤਕ ਸ੍ਰਿਸ਼ਟੀ ਰਚੀ ਰਹਿਣੀ ਆਂ, ਅਸੀਂ ਇਹਨਾਂ ਨੂੰ ਸਪੱਸ਼ਟੀਕਰਨ ਕਰੀ ਚੱਲੀਏ। ਹੁਣ ਆਪਾਂ ਕਰਨਾ ਬੰਦ ਕਰੀਏ, ਜਿਹੜਾ ਟੋਪੀਆਂ ਵਾਲਾ ਕੋਈ

ਮਿਲਦਾ, ਉਹਨੂੰ ਪੁੱਛਿਆ ਕਰੀਏ, ਤੁਸੀਂ ਦੱਸੋ ਸਾਡੇ ਨਾਲ ਹੈਂ ਕਿ ਨਹੀਂ ? ਹੁਣ ਇਹ ਨਾ ਕਹੀਏ (ਕਿ) ਅਸੀਂ ਤੁਹਾਡੇ ਨਾਲ ਆਂ। ਹੁਣ ਇਹ ਪੁੱਛਣਾ ਸ਼ੁਰੂ ਕਰੋ ਹਰ ਇੱਕ ਨੂੰ, (ਕਿ) ਤੁਸੀਂ ਸਾਨੂੰ ਨਾਲ ਰੱਖਣਾ ਕਿ ਨਹੀਂ ਰੱਖਣਾ ? ਰੱਖਣਾ ਤੇ ਬਰਾਬਰ ਦੇ ਹੱਕ ਦਿਉ, ਨਹੀਂ ਰੱਖਣਾ ਤੇ ਜਗ੍ਹਾ ਦਿਉ ਸਾਡੀ। ੯੩ ਸਿਰ ਅਸੀਂ ਦਿੱਤੇ ਆ, ੭ ਤੁਸੀਂ ਦਿੱਤੇ ਆ। ਸੱਤਾਂ ਦੀ ਕੋਈ ਪਹਾੜੀ ਇੱਕ ਅੱਧੀ ਸਾਂਭ ਲਉ, ਬਾਕੀ ਸਾਰਾ ਸਾਨੂੰ ਛੱਡ ਦਿਉ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੧੬.

(ਦੀਵਾਨ ਹਾਲ, ਮੰਜੀ ਸਾਹਿਬ, ਅੰਮ੍ਰਿਤਸਰ, ੩੧-੦੫-੧੯੮੩)

ਸਟੇਜ ਸੈਕਟਰੀ - ਨਿਮਰਤਾ ਅਤੇ ਸਤਿਕਾਰ ਸਹਿਤ ਬੇਨਤੀ ਕਰਦਾ ਹਾਂ, ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਸੇਵਾ ਵਿੱਚ ਕਿ ਉਹ ਆਪਣੇ ਵਿਚਾਰ ਰੱਖਣ ਅਤੇ ਜਾਣ ਵਾਲੇ ਜਥੇ ਨੂੰ ਅਸ਼ੀਰਵਾਦ ਤੇ ਵਿਦਾਇਗੀ ਦੇਣ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸ਼੍ਰੋਮਣੀ ਅਕਾਲੀ ਦਲ ॥ ਜ਼ਿੰਦਾਬਾਦ ॥

ਸ੍ਰੀ ਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਵਿੱਤਰ ਗੋਦ ਵਿੱਚ ਸਜੇ ਹੋਏ ਗੁਰੂ ਰੂਪ ਗੁਰੂ ਖ਼ਾਲਸਾ ਸਾਧ ਸੰਗਤ ਜੀ, ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖ਼ਾਲਸਾ ॥

ਵਾਹਿਗੁਰੂ ਜੀ ਕੀ ਫਤਹਿ ॥

ਹਿੰਦੂ ਮਰੇ ਤਾਂ ਇਨਕੁਆਰੀ ਕਰਾਉਣੀ ਪਰ ਚੰਦੋ ਕਲਾਂ ਤੇ ਮਹਿਤਾ ਕਾਂਡ ਦੀ ਬੰਦ ਕਰਨੀ

ਜੋ ਪੰਜਾਬ ਵਿੱਚ ਵਿਸ਼ੇਸ਼ ਤੌਰ 'ਤੇ, ਹਿੰਦੁਸਤਾਨ ਦੀ ਪ੍ਰਧਾਨ ਮੰਤਰੀ ਵੱਲੋਂ ਸ਼ੁਰੂ ਹੋ ਰਿਹਾ, ਉਸ ਤੋਂ ਸਿੰਘਾਂ ਨੂੰ ਕੋਈ ਭੁਲੇਖਾ ਨਹੀਂ ਰਹਿਣਾ ਚਾਹੀਦਾ। ਅੱਜ ਤੋਂ ਕੁਝ ਸਮਾਂ ਪਹਿਲਾਂ, ਚੰਦੋਕਲਾਂ ਵਿਖੇ, ੧੪ ਸਤੰਬਰ ੧੯੮੧ ਨੂੰ, ਸ੍ਰੀ ਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀਆਂ, ਸੈਂਚੀਆਂ, ਪੋਥੀਆਂ, ੨ ਬਸਾਂ ਜਥੇ ਦੀਆਂ ਅਤੇ ੩ ਲੱਖ ਦਾ ਮਾਲ ਚੰਦੋ ਕਲਾਂ ਪਿੰਡ ਦੀ ਲੁੱਟ ਖਸੁੱਟ। ਉਸ ਤੋਂ ਪਿੱਛੋਂ ੨੦ ਸਤੰਬਰ ਨੂੰ ਦਾਸ ਦੀ ਗ੍ਰਿਫ਼ਤਾਰੀ ਵੇਲੇ, ਡੇਢ ਦਰਜਨ ਸਿੰਘਾਂ ਦੀ ਸ਼ਹੀਦੀ ਅਤੇ ਮਧੂ ਬਣ ਵਿੱਚ ਸਿੰਘਾਂ ਦੀ ਕੁਰਬਾਨੀ, ਗੋਲੀਆਂ ਦਾ ਸ਼ਿਕਾਰ ਹੋਏ (ਪਰ) ਸੈਂਟਰ ਵਿੱਚੋਂ ਤਾਂ ਕੀ, ਪੰਜਾਬ ਵਿੱਚੋਂ ਵੀ ਕਿਸੇ ਮੰਤਰੀ ਨੂੰ ਦੌਰਾ ਕਰਨ ਦਾ ਟਾਈਮ ਨਹੀਂ ਲੱਗਾ, ਪਰ ਜੋ ਪਟਿਆਲੇ ਦੇ ਵਿੱਚ....., ਕਿਸੇ ਸਿੰਘ ਨੇ ਇਹ ਨਹੀਂ ਕਿਹਾ ਕਿ ਜੋ ਹੋ ਗਿਆ ਤੇ ਚੰਗਾ ਹੋ ਗਿਆ। ਜੇ ਕੋਈ ਨਹੀਂ ਬੋਲਿਆ ਤੇ ਚੁੱਪ ਰਿਹਾ, ਜੇ ਕੋਈ ਬੋਲਿਆ ਤੇ ਉਹਨੇ ਹਮਦਰਦੀ ਪ੍ਰਗਟ ਕੀਤੀ ਆ। ਪਟਿਆਲੇ ਵਿੱਚ ਅਸ਼ੋਕ ਕੁਮਾਰ ਗੋਲੀ ਦਾ ਸ਼ਿਕਾਰ ਹੋ ਗਿਆ। ਹਿੰਦੁਸਤਾਨ ਦੇ ਗ੍ਰਹਿ ਮੰਤਰੀ ਸੇਠੀ ਨੂੰ ਵੀ ਚੇਤਾ ਆ ਗਿਆ, ਚਤੁਰਵੇਦੀ ਨੂੰ ਵੀ ਚੇਤਾ ਆ ਗਿਆ, ਪਰ ਉਹਨਾਂ ਦੀ ਹਮਦਰਦੀ ਨਾਲ, ਉਹਨਾਂ ਦਾ ਪੂਰਾ ਪੂਰਾ ਸਹਿਯੋਗ ਉਹਨਾਂ ਦੇ ਪਰਿਵਾਰ ਨੂੰ ਪ੍ਰਾਪਤ ਹੋਇਆ ਨਾ ਪ੍ਰਤੀਤ

ਹੋਇਆ ਤਾਂ ਹਿੰਦੁਸਤਾਨ ਦੀ ਪ੍ਰਧਾਨ ਮੰਤਰੀ ਨੂੰ ਵੀ ਚੇਤਾ ਆ ਗਿਆ (ਪਰ) ਕਹਿ ਰਹੇ ਆ ਸਿੱਖਾਂ ਨੂੰ ਕਿ ਸਿੱਖ ਫਿਰਕਾ ਪ੍ਰਸਤ ਆ। ਸਿੱਖ ੩ ਦਰਜਨਾਂ ਸ਼ਹੀਦ ਹੋ ਜਾਣ, ਸਿੱਖਾਂ ਦੇ ਇਸ਼ਟ ਨੂੰ ਅੱਗ ਲਾਈ ਜਾਵੇ। ਸਿੱਖਾਂ ਦੀ ਸੰਗਤਾਂ ਦੀ ਇਕੱਤਰ ਕੀਤੀ ਹੋਈ ਸਮਗਰੀ, ਉਸ ਨੂੰ ਅੱਗ ਲਾ ਕੇ ਤਬਾਹ ਕੀਤਾ ਜਾਵੇ, ਉਹਦੀ ਕੋਈ ਇਨਕੁਆਰੀ ਨਹੀਂ। ਅਸ਼ੋਕ ਕੁਮਾਰ 'ਤੇ ਗੋਲੀ ਵੱਜੀ (ਉਹ) ਮੌਤ ਦਾ ਸ਼ਿਕਾਰ ਹੋ ਗਿਆ (ਪਰ) ਪੋਸਟ ਮਾਰਟਮ ਕਰਕੇ, ਉਹਦੀ ਲਾਸ਼ ਉਹਦੇ ਵਾਰਸਾਂ ਨੂੰ ਦਿੱਤੀ ਗਈ। ਦੂਜੇ ਦਿਨ ਖ਼ਾਲਸਾ ਜੀ ਜਦੋਂ ਸਸਕਾਰ ਕੀਤਾ ਗਿਆ ਤੇ ਤੀਜੇ ਦਿਨ ਨੂੰ ਅੰਮ੍ਰਿਤ ਵੇਲੇ ਨੂੰ ਸਾਰਿਆਂ ਸਿੱਖਾਂ ਨੇ ਨਾ ਮੈਂ ਕਹਾਂ, ਜਨਤਾ ਨੇ, ਅਖ਼ਬਾਰਾਂ ਵਿੱਚ ਪੜ੍ਹ ਲਿਆ ਕਿ ਯੂਡੀਸ਼ੀਅਲੀ ਜਾਂਚ ਹੋਵੇਗੀ। ਜੱਜ ਨਿਯੁਕਤ ਕੀਤਾ ਗਿਆ। ਸਿੱਖਾਂ ਦੇ ਇਸ਼ਟ ਨੂੰ ਅੱਗ ਲਾਈ ਗਈ ਚੰਦੋਕਲਾਂ ਵਿੱਚ ਜੱਜ (ਤਾਂ) ਨਿਯੁਕਤ ਹੋ ਗਿਆ (ਪਰ) ਸਰਕਾਰੀ ਆਫੀਸਰ ਦੁਆਰਾ ਰਿੱਟ ਕਰਵਾ ਕੇ, ਇਨਕੁਆਰੀ ਬੰਦ ਕਰਵਾ ਦਿੱਤੀ, ਕਿਉਂਕਿ ਸਿੱਖਾਂ ਦੇ ਇਸ਼ਟ ਦਾ ਸਤਿਕਾਰ ਤੇ ਮਾਣ ਹਿੰਦੂਆਂ ਦੇ ਇੱਕ ਸਪੁੱਤਰ ਜਿੰਨਾ ਅਤੇ ਹਿੰਦੂਆਂ ਦੀ ਇੱਕ ਬੀਬੀ ਇੰਦਰਾ ਗਾਂਧੀ ਜਿੰਨਾ ਵੀ ਰਹਿ ਨਹੀਂ ਗਿਆ।

ਹਿੰਦੂ ਹਾਈਜੈਕਰਾਂ ਅਤੇ ਸਿੱਖ ਹਾਈਜੈਕਰਾਂ ਨਾਲ ਵੱਖਰਾ-ਵੱਖਰਾ ਵਰਤਾਉ

ਇੰਦਰਾ ਗਾਂਧੀ ਨੂੰ ੧੯੭੭ ਵਿੱਚ ਉਹਦੇ ਕੀਤੇ ਕਰਮ ਅਨੁਸਾਰ ਸੁਪਰੀਮ ਕੋਰਟ ਦੇ ਜੱਜ ਨੇ ਖ਼ਾਲਸਾ ਜੀ ਕੁਝ ਦਿਨਾਂ ਦੀ ਸਜਾ ਦਿੱਤੀ ਸੀ ਤੇ ਭੁਗਤਣ ਵਾਸਤੇ ਤਿਹਾੜ ਜੇਲ੍ਹ ਵਿੱਚ ਗਈ, ਪਰ ਉਸਦੇ ਸਹਿਯੋਗੀ ਪਾਂਡੇ ਹੁਰਾਂ ਨੇ, ਜਨੇਊ ਦੇ ਧਾਰਨੀਆਂ ਨੇ, ਜਹਾਜ ਅਗਵਾਹ ਕੀਤਾ ਤਾਂ ਇੱਕ ਨੂੰ ਯੂ. ਪੀ. ਵਿੱਚ ਤੇ ਇੱਕ ਨੂੰ ਬਿਹਾਰ ਵਿੱਚ ਅਸੈਂਬਲੀ ਦੀ ਟਿਕਟ ਤੇ ਜੇ ਸਿੱਖਾਂ ਨੇ ਆਪਣੇ ਇਸ਼ਟ ਵਾਸਤੇ ਜਹਾਜ ਅਗਵਾਹ ਕਰ ਲਿਆ ਤਾਂ ਸ. ਗਜਿੰਦਰ ਸਿੰਘ ਹੁਰਾਂ ਨੂੰ ਦੇਸ਼ ਨਿਕਾਲਾ ਤੇ ਫਾਂਸੀ ਦੀਆਂ ਧਮਕੀਆਂ। ਬੀਬੀ ਵਾਸਤੇ ਜਹਾਜ ਅਗਵਾਹ ਹੋਵੇ ਤਾਂ ਅਸੈਂਬਲੀ ਦੇ ਵਿੱਚ ਰਿਹਾਇਸ਼ੀ ਕਮਰਾ ਤੇ ਸਿੱਖ ਆਪਣੇ ਇਸ਼ਟ ਵਾਸਤੇ ਤੇ ਸਿੱਖ ਹੱਕਾਂ ਵਾਸਤੇ ਜਹਾਜ ਅਗਵਾਹ ਕਰ ਲਵੇ ਤੇ ਲੱਤ 'ਚ ਟੀਕਾ ਲਾ ਕੇ ਲੱਤ ਗਾਲੀ ਜਾਂਦੀ ਆ ਤੇ ਜੇ ਸਿੱਖ ਜਹਾਜ ਅਗਵਾਹ ਕਰ ਲਵੇ ਤਾਂ ਮਨਜੀਤ ਸਿੰਘ ਉਰਫ ਮੁਸੀਬਤ ਸਿੰਘ ਦੇ ਗੋਲੀ ਮਾਰ ਕੇ ੨੦ ਅਗਸਤ ਨੂੰ ਰਾਜਾਸਾਂਸੀ (ਅੱਡੇ) 'ਤੇ ਮੌਤ ਦੇ ਘਾਟ ਉਤਾਰਿਆ ਜਾਂਦਾ, ਪਰ ਜੇ ਇੱਕ ਪੰਡਿਤਾਂ ਦੀ ਬੀਬੀ ਵਾਸਤੇ ਜਹਾਜ ਅਗਵਾਹ ਹੋ ਜਾਵੇ ਤੇ ਕਹਿੰਦੇ ਦੇਸ਼ ਭਗਤੀ ਤੇ ਜੇ ਸਟੇਜ ਤੋਂ ਕਿਤੇ ਇਹੋ ਜਿਹਾ ਬਿਆਨ ਕੀਤਾ ਜਾਵੇ ਤੇ ਇਹ ਜੀ ਲੌਂਗੋਵਾਲ ਨੂੰ ਆਪਣਾ ਬਿਆਨ ਵਾਪਸ ਲੈਣਾ ਚਾਹੀਦਾ, ਭਿੰਡਰਾਂਵਾਲਾ ਸਖਤ ਬੋਲਦਾ।

ਜਲੰਧਰ ਟੀ.ਵੀ. ਟੀਮ ਨਾਲ ਗੱਲਬਾਤ

ਅੱਜ ਮੇਰੇ ਕੋਲੇ ਟੈਲੀਵੀਜ਼ਨ ਵਾਲੇ ਆਏ ਸੀ ਜਲੰਧਰ ਤੋਂ। ਕਹਿਣ ਲੱਗੇ ਜੀ ਟੈਲੀਵਿਜ਼ਨ ਤੇ ਅਸੀਂ ਤੁਹਾਡਾ ਬਿਆਨ ਜਨਤਾ ਨੂੰ ਸਣਾਉਣਾ ਚਾਹੁੰਦੇ ਹਾਂ। ਮੈਂ ਆਖਿਆ ਦਿਲ ਹੈਗਾ ਸੁਣਾਉਣ ਦਾ, ਜਾਨ ਹੈਗੀ ਆ, ਸਵਾਸ ਹੈਗੇ ਆ, ਟੈਲੀਵੀਜ਼ਨ ਤੋਂ ਭਿੰਡਰਾਂਵਾਲੇ ਦਾ ਬਿਆਨ ਸੁਣਾਉਣ ਜੋਗੇ ? ਕਹਿੰਦੇ ਜੀ ਹੈ ਤਾਂ ਸਹੀ, ਸੁਣ ਕੇ ਪਤਾ ਨਹੀਂ ਰਹਿਣ ਕਿ ਨਾ। ਇਹ ਮੈਂ ਗੁਰੂ ਦੀ ਹਜ਼ੂਰੀ 'ਚ ਖੜ੍ਹਾਂ, ਗੱਲ ਝੂਠ ਨਹੀਂ ਕਹਿ ਰਿਹਾ, ਜਿਹੜੀਆਂ ਗੱਲਾਂ ਉਹਨਾਂ ਦੇ ਨਾਲ ਹੋਈਆਂ। ਕਹਿੰਦੇ ਜੀ

ਇੱਕ ਸਵਾ ਦੋ ਮਿੰਟ ਦੀ ਵਿਚਾਰ ਤੇ ਇੱਕ ਦਸਾਂ ਮਿੰਟਾਂ ਦੀ ਵਿਚਾਰ ਪਰ ਗੁਰਬਾਣੀ ਦੀ ਕਥਾ ਸੁਣਾ ਦਿਉ। ਜੇ ਪਹਿਲਾਂ ਦੱਸ ਦੇਵੋਂ ਭਰਨ ਤੋਂ ਤੇ ਚੰਗਾ। ਮੈਂ ਆਖਿਆ ਸੁਣ ਲਉ ਪਹਿਲਾਂ, ਜੇ ਭਰ ਲਉਗੇ ਤਾਂ ਵੀ ਠੀਕ ਆ, ਨਾ ਹੋਊ ਤਾਂ ਚਲੋ ਗੁਰਮਤਿ ਦੀ ਵਿਚਾਰ ਸਹੀ। ਕਹਿੰਦੇ ਜੀ ਗੁਰਬਾਣੀ ਉਹਨਾਂ ਦੀ ਸੁਣਾਇਉ ਜਿਹੜੇ ਸ਼ਸ਼ਤਰਧਾਰੀ ਨਹੀਂ ਸੀ। ਮੈਂ ਆਖਿਆ ਉਹਨਾਂ ਦੀ ਸੁਣ ਲਉ। ਭਗਤ ਕਬੀਰ ਜੀ ਨੇ ਕੋਈ ਸ਼ਸ਼ਤਰ ਧਾਰਨ ਨਹੀਂ ਕੀਤਾ। ਮੈਂ ਕਾਸ਼ੀ ਗਿਆਂ, ਕਾਸ਼ੀ ਕਰਵਟ ਦੇ ਲਾਗੇ ਈ ਕਬੀਰ ਜੀ ਦਾ ਚਬੂਤਰਾ। ਉਥੇ ਮਾਲਾ ਬੜੀ ਲੰਮੀ....., ਉਹ ਸ਼ਸ਼ਤਰਾਂ ਵਿੱਚ ਨਹੀਂ ਆਉਂਦੀ। ਭਗਤ ਕਬੀਰ ਜੀ ਦਾ ਗੁਰਬਾਣੀ 'ਚ ਸ਼ਬਦ ਆਉਂਦਾ :

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥੧॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥

(ਮਾਰੂ ਕਬੀਰ, ੧੧੦੫)

ਮੈਂ ਆਖਿਆ ਇਹਦੀ ਕਥਾ ਸੁਣਾ ਦੇਈਏ ਕਿ ਇਹਦੇ ਅਰਥ ਕੀ ਆ ? ਕਹਿੰਦੇ ਜੀ ਇਹ ਤਾਂ ਗਰਮ ਜਿਹਾ ਕੰਮ ਆਂ। ਮੈਂ ਆਖਿਆ ਗੁਰੂ ਨਾਨਕ ਦੇਵ ਜੀ ਦੀ ਬਾਣੀ ਸੁਣਾ ਦੇਨਾ ਵਾਰਾਂ ਤੋਂ ਵਧੀਕ, ਕਹਿੰਦੇ ਉਹ ਸੁਣਾ ਦਿਉ, ਸ਼ਾਂਤੀ ਹੋਵੇਗੀ। ਬੇਨਤੀ ਕੀਤੀ :

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥੨੦॥

(ਸਲੋਕ ਮ: ੧, ੧੪੧੨)

ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ ॥
ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ ॥

(ਸਲੋਕ ਮ: ੧, ੧੪੧੨)

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥

(ਮਾਰੂ ਵਾਰ ਮ: ੫, ੧੧੦੨)

ਇਹ ਤਾਂ ਕਹਿੰਦੇ ਅਖੇ ਮਰਨ ਨੂੰ ਦੱਸ ਦੇਈਏ ਤੇ ਭਾਵੇਂ ਦੇਸ਼ ਉਜੜ ਜਾਏ। ਗੁਰਬਾਣੀ ਕਹਿ ਰਹੀ ਆ :

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥

(ਮਾਰੂ ਵਾਰ ਮ: ੫, ੧੧੦੨)

ਸਮਾਪਤੀ ਦੀ ਪੰਗਤੀ ਜੋ ਚੋਜੀ ਪ੍ਰੀਤਮ ਨੇ ਸਿੱਖਾਂ ਵਾਸਤੇ ਉਚਾਰੀ ਆ ਤੇ ਆਪ ਅਕਾਲ ਪੁਰਖ ਅੱਗੇ ਬੇਨਤੀ ਕੀਤੀ ਤੇ ਸਿੱਖਾਂ ਨੂੰ ਮੰਗ ਲੈ ਕੇ ਦਿੱਤੀ ਆ :

ਜਬ ਆਵ ਕੀ ਅਉਧ ਨਿਦਾਨ ਬਨੈ
ਅਤਿ ਹੀ ਰਨ ਮੈ ਤਬ ਜੂਝ ਮਰੋਂ ॥

ਮੈਂ ਆਖਿਆ ਇਹਦੀ ਕਥਾ ਸੁਣਾ ਦੇਈਏ, (ਕਹਿੰਦੇ) ਜੀ ਇਹ ਤਾਂ ਕੰਮ ਗਰਮ ਜਿਹਾ। ਫਿਰ ਮੈਂ ਆਖਿਆ ਨਰਮ ਤਾਂ....., ਸ਼ਸ਼ਤਰਾਂ ਵਾਲਾ ਤਾਂ ਗਰਮ ਹੋਊ ਹੋਰ....., ਕਹਿੰਦੇ ਜੀ ਕੁਝ ਨਾ ਕੁਝ.....। ਮੈਂ ਦੋ ਕੁ ਮਿੰਟ ਵਿੱਚੋਂ ਪੌਣੇ ਕੁ ਦੋ ਮਿੰਟ ਲਾਏ ਤੇ ਉਹਦੇ 'ਚ ਸੁਣਾ ਦਿੱਤਾ, ਅਸੀਂ ਦੇਸ਼ ਦੀ ਅਖੰਡਤਾ ਚਾਹੁੰਦੇ ਹਾਂ, ਏਕਤਾ ਦੇ ਹਾਮੀ ਹਾਂ, ਮਿਲ ਕੇ ਚੱਲੋ, ਜੇ ਗੌਰਮੈਂਟ ਸ਼ਾਂਤੀ ਚਾਹੁੰਦੀ ਆ ਤੇ ਅਨੰਦਪੁਰ ਦੇ ਮਤੇ ਦਾ ਐਲਾਨ ਕਰ ਦੇਵੇ, ਜਦੋਂ ਤੱਕ ਅਨੰਦਪੁਰ ਦੇ ਮਤੇ ਦਾ ਐਲਾਨ ਨਹੀਂ ਹੁੰਦਾ, ਤਦੋਂ ਤੱਕ ਸ਼ਾਂਤੀ ਕਦਾਚਿਤ ਵੀ ਨਹੀਂ ਹੋ ਸਕੇਗੀ। ਇਹ ਸ਼ਾਂਤੀ ਰੱਖਣੀ ਜਾਂ ਭੰਗ ਕਰਨੀ, ਇਹਦੀ ਜ਼ਿੰਮੇਵਾਰੀ ਗੌਰਮੈਂਟ ਦੇ ਜਿੰਮੇ ਆਂ। ਮੈਨੂੰ ਪੁੱਛਿਆ ਜਾਂਦਾ ਸੰਤ ਜੀ, ਤੁਸੀਂ ਖ਼ਾਲਿਸਤਾਨ ਦੇ ਹਾਮੀ ਹੋ ਜਾਂ ਨਹੀਂ ? ਤਾਂ ਉਹਦਾ ਉੱਤਰ ਦਾਸ ਨੇ ਦਿੱਤਾ ਕਿ ਅਸੀਂ ਨਾ ਖ਼ਾਲਿਸਤਾਨ ਦੇ ਹਮਾਇਤੀ ਹਾਂ, ਨਾ ਵਿਰੋਧੀ ਹਾਂ, ਦੇਸ਼ ਵਿੱਚ ਰਹਿਣਾ ਚਾਹੁੰਦੇ ਹਾਂ। ਸਾਨੂੰ ਸੈਂਟਰ ਗੌਰਮੈਂਟ ਦੱਸੋ, ਨਾਲ ਰੱਖਣਾ ਜਾਂ ਨਹੀਂ ਰੱਖਣਾ। ਜੇ ਖ਼ਾਲਿਸਤਾਨ ਐਤਕੀਂ ਦੇ ਦਿੱਤਾ ਤੇ ਵੱਜ ਦੇ ਵੱਜ ਈ ਲੈ ਲੈਣਾ, ੧੯੪੭ ਵਾਲੀ ਗ਼ਲਤੀ ਨਹੀਂ ਕਰਨੀ, ਜ਼ਰੂਰ ਲਵਾਂਗੇ। ਮੰਗਦੇ ਹਾਂ ਨਹੀਂ ਤੇ ਦਿੱਤਾ (ਤਾਂ) ਛੱਡਦੇ ਨਹੀਂ। ਕਹਿੰਦੇ ਜੀ ਪਹਿਲੀਆਂ ਦੋ ਕੁ ਗੱਲਾਂ ਤਾਂ ਕਹਿ ਦਿਆਂਗੇ ਖ਼ਬਰਾਂ 'ਚ ਤੇ ਪਿਛਲੀਆਂ ਮੁਸ਼ਕਲ ਆ। (ਸੰਗਤ ਹੱਸਦੀ ਹੈ) ਇਹ ਹੱਸਣ ਵਾਲੀ ਗੱਲ ਨਹੀਂ, ਸੋਚਣ ਵਾਲੀ ਗੱਲ ਆ। ਜੇ ਤਾਂ ਗੱਲ ਕਰੋ ਕੁਰਸੀ ਵਾਲਿਆਂ ਦੀ, ਜੇ ਗੱਲ ਕਰੋ ਟੋਪੀ ਵਾਲਿਆਂ ਦੀ, ਜੇ ਗੱਲ ਕਰੋ ਖੱਦਰ ਦੀ ਪੱਗ ਵਾਲਿਆਂ ਦੀ, ਫਿਰ ਤਾਂ ਜੀ ਸ਼ਾਂਤੀ ਆ ਤੇ ਖ਼ਬਰ ਦੇ ਦਿਆਂਗੇ। ਮੈਂ ਪੁੱਛਿਆ ਕੀ ਕਾਰਨ ਆਂ ਖਬਰ ਕਿਉਂ ਨਹੀਂ ਦਿੰਦੇ ? ਕਹਿੰਦੇ ਜੀ ਸਾਨੂੰ ਬੀਬੀ ਇੰਦਰਾ ਗਾਂਧੀ ਦਾ ਬਹੁਤ ਡਰ ਆ। ਮੈਂ ਇਥੇ ਮਹਿਸੂਸ ਕੀਤਾ ਤੇ ਉਹਨਾਂ ਨੂੰ ਕਿਹਾ ਵੀ, "ਕਿ ਇਹ ਗੁਰਮੁਖੋ ਮੋਥੋਂ ਗ਼ਲਤੀ ਹੋ ਗਈ।" ਕਹਿੰਦੇ ਕੀ ? ਮੈਂ ਆਖਿਆ ਮੈਨੂੰ ਨਹੀਂ ਸੀ ਪਤਾ ਕਿ ਤੁਸੀਂ ਬੀਬੀ ਦੇ ਅਧੀਨ ਹੋ ਤੇ ਜਿਹੜਾ ਮਰਦ ਦੇ ਅਧੀਨ ਹੋ ਕੇ ਚੱਲੇ, ਬੀਬੀ ਦੀ ਅਧੀਨਗੀ ਮੰਨਣ ਵਾਲਿਆਂ ਨਾਲ ਗੱਲ ਕਰਨੀ ਉਹਦੇ ਵਾਸਤੇ ਬੇਫਕੂਫ਼ੀ ਆ। ਅਸੀਂ ਗੁਰੂ ਗੋਬਿੰਦ ਸਿੰਘ ਸਾਹਿਬ ਮਰਦ ਦੇ ਅਧੀਨ ਆਂ, ਕਿਸੇ ਤੁਹਾਡੇ ਵਰਗੀ ਬੀਬੀ ਦੇ ਅਧੀਨ ਨਹੀਂ। ਸ਼ਰਮਿੰਦਗੀ ਨਾਲ ਮੂੰਹ ਨੀਵਾਂ ਜਿਹਾ ਕਰ ਲਿਆ, ਕਹਿੰਦੇ ਜੀ ਸਾਨੂੰ ਤੇ ਪਤਾ ਨਹੀਂ ਸੀ।

ਪਿੱਛੋਂ ਸਿੱਖ ਕੌਮ ਦੀ ਗੱਲ...ਜਦੋਂ ਅੱਠ ਮਿੰਟ ਦਾ ਟਾਈਮ ਦਿੱਤਾ। ਕਹਿੰਦੇ ਜੀ ਸਿੱਖ ਕੌਮ ਬਾਰੇ ਕੋਈ ਵਿਚਾਰ ਦੇ ਦਿਉ। ਮੈਂ ਆਖਿਆ ਵਿਚਾਰ ਤਾਂ ਦੇ ਦਿਆਂਗੇ, ਟੈਲੀਵੀਜ਼ਨ ਤੇ ਸੁਣਾ ਦਿਉਂਗੇ ? ਕਹਿੰਦੇ ਠੰਡਾ ਠੰਡਾ ਹੋਵੇ ਤੇ ਮੈਂ ਆਖਿਆ ਠੰਡਾ ਤਾਂ ਹੈ, ਜੋ ਤੁਹਾਡਿਆਂ ਲੀਡਰਾਂ ਨੇ ਕੀਤਾ ਉਹਦੇ ਅਧਾਰ 'ਤੇ ਸੁਣਾ ਦੇਨਾ, ਕਲਗੀਧਰ ਦੇ ਅਧਾਰ 'ਤੇ ਕਿਹਾ ਹੋਇਆ ਬਚਨ ਤਾਂ ਤੁਹਾਨੂੰ ਚੰਗਾ ਨਹੀਂ ਲੱਗਣਾ। ਮੈਂ ਆਖਿਆ ਸਿੱਖ ਵੱਖਰੀ ਕੌਮ ਹੈ। ਸਾਂਢਲ ਸਾਹਿਬ ਨੇ ਭਾਵੇਂ ਕਿਹਾ ਹੈ, ਮੈਂ ਉਹਨਾਂ ਦਾ ਸਤਿਕਾਰ ਕਰਦਾਂ (ਕਿਉਂਕਿ) ਉਹ ਬਜ਼ੁਰਗ ਆ, ਸਿਆਣੇ ਆ, ਬਾਕੀ ਅਕਾਲੀ ਦਲ ਨਾਲ ਬਚਪਨ ਤੋਂ ਮੋਢੇ ਨਾਲ ਮੋਢਾ ਲਾ ਕੇ ਚੱਲ ਰਹੇ ਆ। ਉਹਨਾਂ ਨੇ ਇਸ਼ਾਰਾ ਕੀਤਾ ਜੀ ਅਖਵਾਉਣ ਦੀ ਕੀ ਲੋੜ ਆ ? ਲੋੜ ਨਹੀਂ....., ਟੈਲੀਵੀਜ਼ਨ ਵਾਲਿਆਂ ਨੂੰ ਵੀ ਮੈਂ ਕਿਹਾ ਸੀ। ਸਾਨੂੰ ਤੁਸੀਂ ਪੁੱਛ ਰਹੇ ਹੋ ਪਰ ਸਾਨੂੰ ਇੰਨਾ ਕੁ ਪੁੱਛ ਲਿਆ ਕਰੋ ਕਿ ਤੁਹਾਨੂੰ ਸਿੱਖ ਵੱਖਰੀ ਕੌਮ ਕਹਿਣ ਦੀ ਲੋੜ ਕਿਉਂ ਪਈ ? ਇਹ ਵੀ ਪ੍ਰਸ਼ਨ ਕਰ ਲਿਆ ਕਰੋ ਕਦੇ ? ਫਿਰ ਤੁਹਾਨੂੰ ਦੱਸੀਏ। ਸਿੱਖ ਨਿਸਚੇ ਵਾਚਕ ਵੱਖਰੀ ਕੌਮ ਆਂ।

ਤਿਰੰਗੇ ਦਾ ਕੇਸਰੀ ਰੰਗ

ਜੋ ਪੋਲੀਟੀਕਲ ਲੋਕਾਂ ਨੇ ਵੰਡ ਕੀਤੀ ਉਹਦੇ ਆਧਾਰ 'ਤੇ ਤਿਰੰਗਾ ਝੰਡਾ ਬਣਿਆ। ਉਹਦੇ ਵਿੱਚ ਤਿੰਨ ਰੰਗ ਅਪਣਾਏ ਗਏ। ਇੱਕ ਖ਼ਾਲਸੇ ਦਾ, ਇੱਕ ਮੁਸਲਮਾਨਾਂ ਦਾ ਤੇ ਇੱਕ ਚਿੱਟੀ ਚਾਦਰ ਵਾਲੇ ਦਾ ਕਹਿ ਲਵਾਂ। ਇਹਨਾਂ ਤਿੰਨਾਂ ਰੰਗਾਂ ਵਿੱਚੋਂ ਚਿੱਟਾ ਰੰਗ ਉੱਪਰ ਸੀ ਤੇ ਅੱਗੇ ਮਸ਼ੀਨ ਗੰਨਾ ਬੀੜ ਦਿੱਤੀਆਂ, ਜਦੋਂ ਅੰਗਰੇਜ਼ਾਂ ਨੇ ਕਿਹਾ ਜਿਹੜਾ ਇਧਰ ਝੰਡਾ ਮਾਰਚ ਕਰੇਗਾ, ...ਗੋਲੀਆਂ ਚੱਲਣਗੀਆਂ ਤੇ ਮੋਤੀ ਲਾਲ, ਪਟੇਲ ਤੇ ਮਹਾਤਮਾ ਗਾਂਧੀ ਇਕੱਠੇ ਹੋਏ ਤੇ ਲੱਗੇ ਘੁਸਰ ਮੁਸਰ ਕਰਨ, ਜੀ ਹੁਣ ਅੱਗੇ ਕਿਹਨੂੰ ਲਾਈਏ ? ਹੁਣ ਜੀ ਬਾਬਾ ਖੜਕ ਸਿੰਘ ਜੀ ਅੱਗੇ ਜਾਣ ਤੇ ਚੰਗਾ। ਬਾਬਾ ਖੜਕ ਸਿੰਘ ਜੀ ਕੋਲੇ ਆ ਕੇ ਪੁੱਛਿਆ ਬਾਬਾ ਜੀ ਤੁਸੀਂ ਅੱਗੇ ਲੱਗੋ। ਕਹਿੰਦੇ ਮੈਂ ਤਿਆਰ ਹਾਂ ਪਰ ਝੰਡੇ ਤੋਂ ਇਨਸਾਫ਼ ਕਰਾ ਲਵੋ। ਜਿਹਦਾ ਰੰਗ ਉੱਪਰ ਆ, ਉਹ ਅੱਗੇ ਲੱਗ ਜਾਉ, ਜਿਹਦਾ ਰੰਗ ਥੱਲੇ ਆ ਉਹ ਪਿੱਛੇ ਲੱਗ ਜਾਉ। ਕਹਿੰਦੇ ਜੀ ਫਿਰ ਰੰਗ ਤਾਂ ਤੁਹਾਡਾ ਥੱਲੇ ਆ। ਫਿਰ ਮੈਂ ਤੀਜੇ ਥਾਂ 'ਤੇ ਆ ਜਾਉਂ ਪਹਿਲਾਂ ਦੋ ਜਾਣੇ ਤੇ ਚੱਲੋ ਅੱਗੇ। ਬਾਬਾ ਜੀ ਇਹ ਤਾਂ ਸਾਡੇ ਵਾਸਤੇ ਮੁਸ਼ਕਲ ਆ ਤੇ ਅਸੀਂ ਝੰਡਾ ਬਦਲ ਦੇਨੇ ਆਂ, ਰੰਗ ਉੱਪਰ ਕਰ ਦੇਨੇ ਆਂ। ਰੰਗ ਉੱਪਰ ਕਰ ਦਿੱਤਾ, ਬਾਬਾ ਖੜਕ ਸਿੰਘ ਜੀ ਅੱਗੇ ਲੱਗੇ। ਛਾਤੀ ਵਿੱਚ ਦੀ ਗੋਲੀ ਖਾਣੀ ਆਂ, ਸਿੱਖ ਵੱਖਰੀ ਕੌਮ ਆ, ਰੰਗ ਉੱਪਰ ਤੇ ਕੁਰਸੀ 'ਤੇ ਬੈਠਣਾ ਤੇ ਕੇਸਰੀ ਰੰਗ ਥੱਲੇ ਤੇ ਚਿੱਟਾ ਰੰਗ ਉੱਪਰ ਆ। ਇਹ ਫਿਰਕਾਪ੍ਰਸਤੀ ਦਾ ਨਾਚ ਆ।

੧੦ ਅਕਤੂਬਰ ੧੯੪੭ ਨੂੰ (ਸਿੱਖਾਂ ਨੂੰ) ਜ਼ਰਾਇਮ ਪੇਸ਼ਾ ਕਰਾਰ ਦਿੱਤਾ ਗਿਆ। ਮੈਂ ਉਹਨਾਂ ਨੂੰ ਪੁੱਛ ਲਿਆ ਵੀਰਾਂ ਨੂੰ ਕਿ ਜੇ ਸਿੱਖ ਵੱਖਰੀ ਕੌਮ ਨਹੀਂ ਸੀ ਜਾਂ ਤੁਸੀਂ ਨਹੀਂ ਮੰਨਦੇ ਤੇ ਇਹ ਜ਼ਰਾਇਮ ਪੇਸ਼ਾ ਜਿਹੜਾ ਕਰਾਰ ਦਿੱਤਾ ਹਿੰਦੂਆਂ ਨੂੰ ਕਿਉਂ ਨਾ ਦੇ ਦਿੱਤਾ ? ਕਹਿੰਦੇ ਜੀ ਜਵਾਬ ਕੋਈ ਨਹੀਂ ਤੇ ਜਿਹੜੀਆਂ ਗੱਲਾਂ ਇਹੋ ਜਿਹੀਆਂ ੧੦-੧੫ ਪੁਇੰਟ ਮੈਂ ਇਹਦੇ ਵਿੱਚ ਦਿੱਤੇ ਆ ਤੇ ਹੱਥ ਜੋੜ ਗਏ ਜਾਣ ਲੱਗੇ। ਕਹਿੰਦੇ ਜੀ ਮੁਆਫ਼ੀ ਦੇ ਦਿਉ, ਸਿੱਖ ਵੱਖਰੀ ਕੌਮ ਦਾ ਤਾਂ ਸੁਣਾਇਆ ਨਹੀਂ ਜਾਣਾ ਤੇ ਜਿਹੜਾ ਏਕਤਾ ਦਾ ਕਿਹਾ ਤੇ ਦੇਸ਼ ਦੀ ਅਖੰਡਤਾ ਦਾ ਕਿਹਾ, ਇਹ ਤਾਂ ਸੁਣਾ ਦਿਆਂਗੇ। ਪਰਸੋਂ ਚੌਥੇ ਅਸੀਂ ਆਵਾਂਗੇ, ਫਿਰ ਹੋਰ ਭਰ ਕੇ ਲਿਜਾਵਾਂਗੇ। ਦਾਸ ਨੇ ਉਹਨਾਂ ਨੂੰ ਕਿਹਾ ਜੇ ਤਾਂ ਸਾਰਾ ਸੁਣਾ ਦਿਉਂਗੇ ਤੇ ਆਉਂਦਿਆਂ ਨੂੰ ਭਰ ਦਿਉਂਗਾ ਤੇ ਜੇ ਸਾਰਾ ਇਹਦੇ ਵਿੱਚ ਨਹੀਂ ਸੁਣਾਉਣਾ ਤੇ ਸਿੱਖਾ ਦਾ...., ਤੁਸਾਂ ਵੀ ਫਿਰਕਾਪ੍ਰਸਤ ਦਾ ਨਾਚ ਕਰਨਾ ਤੇ ਫਿਰ ਚੁੱਪ ਕਰ ਕੇ ਬੈਠੇ ਰਹਿਉ ਤੇ ਚੰਗਾ, ਨਹੀਂ ਤੇ ਇਹ ਡੱਬਾ ਜਿਹਾ ਕਿਸੇ ਨੇ ਖੋਹ ਲੈਣਾ, ਮੁੜਕੇ ਮੈਨੂੰ ਰੋਵੋਂਗੇ।

ਸ਼ਾਂਤਮਈ

ਸੋ ਖ਼ਾਲਸਾ ਜੀ, ਇਕੱਠੇ ਰਹੋ, ਮਿਲ ਕੇ ਚੱਲੋ ਤੇ ਸ਼ਸ਼ਤਰਧਾਰੀ ਹੋਵੋ। ਭਾਵੇਂ ਐਲਾਨ ਆਪਾਂ ਨੂੰ ਹੋ ਰਿਹਾ ਸ਼ਾਂਤਮਈ, ਸ਼ਾਂਤਮਈ। ਹਾਂ, ਮੈਂ ਵੀ ਇਹੋ ਜਿਹਾ, ਪਰ ਐਸੀ ਸ਼ਾਂਤਮਈ ਦਾ ਮੈਂ ਬਿਲਕੁਲ ਹਾਮੀ ਨਹੀਂ ਕਿ ਜਿੱਥੇ ਸਿੱਖਾਂ ਦੀਆਂ ਲੜਕੀਆਂ ਨੰਗੀਆਂ ਕਰਕੇ ਉਹਨਾਂ ਦੀ ਬੇਪਤੀ ਕੀਤੀ ਜਾਵੇ ਤੇ ਫਿਰ ਕਿਹਾ ਜਾਵੇ ਸ਼ਾਂਤਮਈ।

ਆਹ ਜਿਹੜੇ ਸਿੰਘ ਉਠਦੇ ਆ....., ਮੈਂ ਬੋਲਣਾ ਨਹੀਂ ਬਹੁਤਾ, ਇੱਕ ਤੁਹਾਨੂੰ ਆਹ ਤਸਵੀਰ ਵਿਖਾਉਣੀ ਆਂ। ਜਦੋਂ ਤਾਂ ਸਟੇਜ ਤੇ ਬੋਲੀ ਦਾ, (ਇੱਕ ਮਿੰਟ-ਕਿਸੇ ਨੂੰ ਕਹਿੰਦੇ ਹਨ) ਕਹਿੰਦੇ ਬਾਬਾ ਜੀ ਖੁੱਚਾਂ ਨੂੰ ਮੁੜਕਾ ਆ ਗਿਆ, ਪੈਂਟ ਭਿੱਜ ਗਈ ਮੁੜਕੇ ਨਾਲ ਤੇ ਜਦੋਂ ਬੈਠਾਂਗਾ ਆਸਣ 'ਤੇ ਤੇ ਰੋਟੀ ਨਹੀਂ ਖਾਣ ਦਿੰਦੇ, (ਕਹਿੰਦੇ) ਸੰਤ ਜੀ ਹੁਕਮ ਕਰੋ। ਇਹ ਉਥੋਂ ਆਲਾ ਹੁਕਮ ਮਿੱਠਾ, ਇਥੋਂ ਆਲਾ ਕੌੜਾ, ਹਜ਼ੂਰ ਦੀ ਹਜ਼ੂਰੀ ਆਲਾ, ਕਿ ਇਹ ਹੁੰਦਾ, ਇਥੇ ਕੀਤਾ ਮੰਨਣਾ ਪਊ, ਉਥੇ ਕਿਹਾ ਭਿੰਡਰਾਂਵਾਲੇ ਦਾ (ਉਹਦੇ ਤੋਂ) ਮੁਕਰ ਜਾਵਾਂਗੇ ਤੇ ਤਾਂ ਉੱਠ ਚੱਲੇ ਆਂ।

ਮੈਂ ਇੱਕ ਬੇਨਤੀ ਵੰਗਾਰ ਕੇ ਕਰਨੀ ਚਹੁੰਨਾ, ਵੰਗਾਰ ਕੇ, ਪੱਗਾਂ ਬੱਧੀਆਂ ਆਪਣੇ ਸਾਰਿਆਂ ਦੇ ਤੇ ਗੁਰੂ ਕੇ ਪੁੱਤਰ ਅਖਵਾਉਨੇ ਆਂ, ਭਾਵੇਂ ਦਾਹੜੀ ਕਿਸੇ ਦੀ ਕੱਟੀ ਆ ਤੇ ਭਾਵੇਂ ਕਿਸੇ ਦੀ ਰੱਖੀ ਆ। ਜੇ ਪੁੱਛੋ ਤਾਂ ਉਹ ਕਹਿੰਦਾ ਜੀ ਮੈਂ ਸਿੰਘ ਆਂ, ਮੈਂ ਸਿੱਖ ਆਂ, ਪੁੱਤਰ ਆਂ ਗੁਰੂ ਦਾ ਤੇ ਗੌਰਮੈਂਟ ਨੂੰ ਵੀ ਦੱਸਣਾ ਚਾਹੁੰਨਾ ਤੇ ਪ੍ਰਧਾਨ ਮੰਤਰੀ ਨੂੰ ਵੀ ਦੱਸਣਾ ਚਾਹੁੰਨਾ। ਕਈ ਕਹਿੰਦੇ ਜੀ ਇਥੇ ਕਹਿ ਦੇਣਾ ਸੁਣਦਾ ਨਹੀਂ, ਸੁਣੇਗੀ ਜ਼ਰੂਰ ਉਹ। ਜਦੋਂ ਉਹੋ ਜਿਹਾ ਕੰਮ ਹੋਵੇ ਬਹੁਤ ਛੇਤੀ ਸੁਣਦੇ ਆ। ਸਿੱਖਾਂ ਨੂੰ ਫਿਰਕਾਪ੍ਰਸਤ, ਅੱਤਵਾਦੀ, ਵੱਖਵਾਦੀ ਤੇ ਉਗਰਵਾਦੀ ਕਿਹਾ ਜਾ ਰਿਹਾ, ਪਰ ਪੱਗਾਂ ਵਾਲੇ ਵੀਰੋ ਲਾਹਨਤ ਆ ਅੱਜ ਆਪਣੀ ਜ਼ਿੰਦਗੀ ਨੂੰ। ਧ੍ਰਿਗਕਾਰ ਆ ਆਪਣੇ ਮਨੁੱਖਾ ਜਨਮ ਨੂੰ। ਧੋਲੇ ਦਾ ਲਾਲਾ ਮਰ ਗਿਆ ਲਾਲਾ ਜਗਤ ਨਰਾਇਣ, ਉਹਦੀ ਲਾਸ਼ ਉਹਦੇ ਪੁੱਤਰ ਰਮੇਸ਼ ਨੂੰ ਦਿੱਤੀ ਗਈ। ਉਹ ਮਰਿਆ ਕਿਉਂ? ਭਾਵੇਂ ਕੋਸ ਚੱਲਦਾ, ਕਈ ਕਹਿੰਦੇ ਅਸਰ ਪਊਗਾ (ਪਰ) ਪੈਂਦਾ ਰਵੇ, ਕੋਈ ਫ਼ਰਕ ਨਹੀਂ ਪੈਣਾ, ੨ ਈ ਆ ਅੰਦਰ, ਫਾਂਸੀ ਚੜ੍ਹ ਜਾਣਗੇ, ਚੜ੍ਹ ਜਾਣ।

ਲਾਲਾ ਜਗਤ ਨਰਾਇਣ ਦੀ ਮੌਤ ਦੇ ਕਾਰਨ

ਲਾਲਾ ਜਗਤ ਨਰਾਇਣ ਕਿਉਂ ਮਰਿਆ? ਉਹਨੇ ਅਖ਼ਬਾਰਾਂ 'ਚ ਖਬਰ ਦਿੱਤੀ ਕਿ ਗੁਰੂ ਗੋਬਿੰਦ ਸਿੰਘ ਜੀ ਸ਼ਹਿਜ਼ਾਦਿਆਂ ਦੀ ਤਰ੍ਹਾਂ ਜੀਵਨ ਬਤੀਤ ਕਰਨ ਵਾਲਾ ਸੀ, ਬੜਾ ਭਾਰੀ ਸ਼ੌਂਕੀ ਸੀ ਤੇ ਇਦੋਂ ਮੰਦ ਭਾਸ਼ਾ ਵਰਤੀ ਹੋਰ (ਕਿ ਜਦੋਂ) ਸੱਚਖੰਡ ਵਾਸੀ ਜਥੇਦਾਰ ਗਿਆਨੀ ਗੁਰਦਿਆਲ ਸਿੰਘ ਜੀ ਅਜਨੋਹਾ, ਉਹ ਬਾਹਰ ਗਏ ਤੇ ਲਾਲਾ ਜਗਤ ਨਰਾਇਣ ਨੇ ਕਿਹਾ ਕਿ ਜਥੇਦਾਰ ਦਾ ਜਿਹੜਾ ਪਾਸ (ਪਾਸਪੋਰਟ) ਬਾਹਰ ਦਾ ਬਣਿਆ, ਉਹ ਰੱਦ ਕੀਤਾ ਜਾਵੇ, ਕੈਂਸਲ ਕੀਤਾ ਜਾਵੇ, ਕਿਉਂਕਿ ਜਥੇਦਾਰ ਜੀ ਦੇਸ਼ ਦੇ ਗ਼ਦਾਰ ਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਦੇ ਪ੍ਰਧਾਨ, ਗੁਰਚਰਨ ਸਿੰਘ ਜੀ ਟੌਹੜਾ ਗ਼ਦਾਰ ਆ, ਪਰ ਕਿਸੇ ਸਿੱਖ ਦੇ ਕੰਨ 'ਤੇ ਜੂੰ ਨਹੀਂ ਸਰਕੀ, ਕਿਸੇ ਗੌਰਮੈਂਟ ਦੇ ਨਹੀਂ ਸਰਕੀ ਤੇ ਕਿਸੇ ਹਿੰਦੂ ਭਾਈ ਦੇ ਨਹੀਂ ਸਰਕੀ। ਫ਼ੈਡਰੇਸ਼ਨ ਦੇ ਵਿਦਿਆਰਥੀਆਂ ਨੇ ਕੁਝ ਕੁ ਪੱਤਰੇ ਅਖਬਾਰਾਂ ਦੇ ਸਾੜ ਦਿੱਤੇ, ਉਹਨਾਂ 'ਤੇ ਮੀਸਾ ਲੱਗੀ, ਕੁੱਟਾਂ ਸਹਾਰੀਆਂ ਤੇ ਕਿਸੇ ਗੁਰੂ ਕੇ ਪਿਆਰੇ ਤੋਂ ਮਾਰਿਆ ਗਿਆ। ਆਪਣੇ ਪਿਉ ਦੀ ਬੇ-ਇਜ਼ਤੀ ਹੁੰਦੀ ਵੇਖ ਕੇ, ਕਿਸੇ ਅਣਖ਼ ਵਾਲੇ ਨੇ ਲੈ ਕੇ ਗੁਰੂ ਦਾ ਆਸਰਾ ਤੇ ਗੱਡੀ ਚੜ੍ਹਾ ਦਿੱਤਾ ਤੇ ਕਹਿ ਦਿੱਤਾ ਜੀ ਭਿੰਡਰਾਂਵਾਲੇ ਨੇ ਠੁਕਵਾ ਦਿੱਤਾ, ਉਹਨੂੰ ਮਰਵਾ ਦਿੱਤਾ ਤੇ ਮੈਨੂੰ ਵੀ ੨੫ ਕੁ ਦਿਨ ਰੱਖਿਆ ਤੇ ਮੁੜਕੇ ਤਰਲੇ ਮਿੰਨਤਾ ਕੱਢਕੇ, ਸੰਗਤ ਦੀ ਇਕੱਤਰਤਾ ਨੂੰ ਵੇਖ ਕੇ ਛੱਡ ਦਿੱਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਫੋਟੋ ਨਾਲ ਲਾਲਾ ਜਗਤ ਨਰਾਇਣ ਦੀ ਫੋਟੋ

ਸਿੰਘੋਂ ਬਹੁਤਾ ਕਹਿਣਾ ਯੋਗ ਨਹੀਂ, ਕਿਉਂਕਿ ਸੰਤਾਂ ਨੇ ਬੋਲਣਾਂ। ਮੈਂ ਸੰਗਤ ਨੂੰ ਬੇਨਤੀ ਕਰਾਂਗਾ ਉਹਨਾਂ ਦਾ ਪ੍ਰਚਾਰ ਵੀ ਸੁਣ ਕੇ ਜਾਇਉ ਤੇ ਪ੍ਰਧਾਨ ਸਾਹਿਬ ਹੁਰਾਂ ਨੂੰ ਮੈਂ ਬੇਨਤੀ ਜ਼ਰੂਰ ਕਰਾਂਗਾ, ਕਿਉਂਕਿ ਉਹ ਆ ਬਜ਼ੁਰਗ ਤੇ ਵੱਡੇ ਆ ਤੇ ਪੋਲੀਟੀਕਲ ਇਮਿਤਿਹਾਨ ਦੇ ਪਰਚਿਆਂ ਵਿੱਚ ਵੀ ਰਹੇ ਆ ਤੇ ਨਾਅ ਵੀ ਸੰਤ ਆ ਤੇ ਗੁਰਮਤਿ ਦੇ ਵੀ ਧਾਰਨੀ ਆ। ਮੇਰਾ ਬਹੁਤਾ ਕਹਿਣਾ ਉਹਨਾਂ ਨੂੰ ਫੱਬਦਾ ਨਹੀਂ, ਕਿਉਂਕਿ ਮੈਂ ਛੋਟਾਂ ਹਾਂ, ਪਰ ਦੁਖੀ ਹਿਰਦੇ ਨਾਲ ਕਈ ਵਾਰੀਂ ਵੱਡਿਆਂ ਅੱਗੇ ਬੇਨਤੀ ਕੀਤੀ ਜਾਂਦੀ ਆ। ਇਹ ਸ਼ਾਂਤੀ ਕਿੱਥੋਂ ਕੁ ਤੱਕ ਰੱਖਣੀ ਆਂ? ਆਹ ਲਾਲਾ ਜਗਤ ਨਰਾਇਣ ਦੀ ਫੋਟੋ ਆ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਨਾਲ। ਸੱਜੇ ਪਾਸੇ ਲਾਲਾ ਜਗਤ ਨਰਾਇਣ ਦੀ ਫੋਟੋ ਆ ਤੇ (ਖੱਬੇ ਪਾਸੇ) ਦਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਫੋਟੋ ਆ। ਉਹ ਇੱਕ ਧੇਲੇ ਦਾ ਬੰਦਾ, ਨਾ ਮਾਂ, ਨਾ ਪਿਉ, ਨਾ ਪਿਛੋਕੜ, ਨਾ ਲੈਣ, ਨਾ ਦੇਣ। ਉਹ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਬਰਾਬਰ....., ਉਹਦਾ ਪੁੱਤ ਰਮੇਸ਼ ਫੋਟੋ ਛਾਪੇ। ਆਹ ਕਿਤਨੇ ਸਿੱਖ ਬੈਠੇ ਆਂ, ਕਦੇ ਕਿਸੇ ਸਿੱਖ ਨੇ ਕ੍ਰਿਸ਼ਨ ਭਗਵਾਨ ਦੇ ਬਰਾਬਰ, ਰਾਮ ਚੰਦਰ ਜੀ ਦੇ ਬਰਾਬਰ ਫੋਟੋ ਛਾਪਣ ਦੀ ਜ਼ੁਰਅਤ ਕੀਤੀ ਆ? ਇਹ ਮੈਂ ਰਮੇਸ਼ ਨੂੰ ਦੱਸਣਾ ਚਾਹੁੰਨਾ ਤੇ ਗੌਰਮੈਂਟ ਨੂੰ ਵੀ ਕਹਿਣਾ ਚਾਹੁੰਦਾ ਹਾਂ ਜਾਂ ਤਾਂ ਲਿਖਤੀ ਰੂਪ ਵਿੱਚ ਪਰਸੋਂ ਤੱਕ ਜਾਂ ਚੌਥੇ ਤੁੱਕ ਜੇ ਤਾਂ ਮੁਆਫ਼ੀ ਮੰਗ ਲਵੇ ਸਿੱਖ ਕੌਮ ਤੋਂ (ਤੇ) ਚੰਗਾ ਤੇ ਜੇ ਲਾਲੇ ਦੇ ਪੁੱਤਰ ਰਮੇਸ਼ ਨੇ, ਆਪਣੀ ਇਸ ਕੀਤੀ ਹੋਈ ਗ਼ਲਤੀ ਦਾ ਅਹਿਸਾਸ ਕਰਕੇ ਤੇ ਸਿੱਖ ਕੌਮ ਤੋਂ ਮੁਆਫ਼ੀ ਨਾ ਮੰਗੀ ਤੇ ਜੇ ਕਿਸੇ ਪ੍ਰੇਮੀ ਨੇ ਗੱਡੀ ਚੜ੍ਹਾ ਦਿੱਤਾ (ਤਾਂ) ਉਹਦੀ ਜ਼ਿੰਮੇਵਾਰੀ ਗੌਰਮੈਂਟ ਦੇ ਤੇ ਰਮੇਸ਼ ਦੇ ਜ਼ਿੰਮੇ ਹੋਵੇਗੀ। ਇਹ ਮੇਰੇ ਜ਼ਿੰਮੇ ਤੇ ਸਿੱਖ ਕੌਮ ਦੇ ਜਿੰਮੇਂ ਨਹੀਂ ਹੋਵੇਗੀ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਅਸੀਂ ਬਹੁਤ ਸ਼ਾਂਤੀ ਰੱਖੀ ਆ, ਪੁਨਾ ਪੁਨਾ ਸਾਡੇ ਜ਼ਖ਼ਮਾਂ 'ਤੇ ਨਮਕ ਬਰੀਕ ਭੁੱਕਣਾਂ, ਅਸੀਂ ਖੁਸਰਿਆਂ ਦੇ ਪੁੱਤ ਤਾਂ ਹੈ ਨਹੀਂ।

ਸਿੱਖਾਂ ਨੂੰ ਕੇਸਾਧਾਰੀ ਹਿੰਦੂ ਕਹਿਣਾਂ

ਜਿਹੜਾ ਸਾਨੂੰ ਕਿਹਾ ਜਾ ਰਿਹਾ, ਕੇਸਾਧਾਰੀ ਹਿੰਦੂ ਆਂ। ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਬਾਹਮਣਾਂ ਨੇ ਕਿਹਾ ਸੀ, ਜੀ ਤੁਸੀਂ ਸਾਡੇ 'ਚੋਂ ਹੋ। ਸਾਡੇ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਬਾਂਹ ਖੜੀ ਕਰਕੇ ਕਿਹਾ ਸੀ :

ਛਤ੍ਰੀ ਕੋ ਪੂਤ ਹੌਂ ਬਾਮਨ ਕੋ ਨਾਹਿ ॥

ਮਹਾਰਾਜ ਕਹਿੰਦੇ, ਮੈਂ ਛਤਰੀ ਦਾ ਪੁੱਤਰ ਆਂ ਬਾਹਮਣਾਂ-ਬ੍ਰਹਮਣਾਂ ਦਾ, ਕਿਸੇ ਦਾ ਪੁੱਤਰ ਨਹੀਂ। ਸੋ ਇਹਨਾਂ ਲੋਕਾਂ ਨੂੰ ਅਸੀਂ ਦੱਸਣਾ ਚਾਹੁੰਨੇ ਆਂ, ਮੁੱਠਾਂ ਭਰ ਭਰ ਕੇ ਲੂਣ ਦੀਆਂ ਸਾਡੇ ਜ਼ਖ਼ਮਾਂ 'ਤੇ ਨਾ ਪਾਉ। ਭਾਵੇਂ ਪ੍ਰਧਾਨ ਜੀ ਕਹਿ ਰਹੇ ਆ ਸ਼ਾਂਤੀ, ਸ਼ਾਂਤੀ ਪਰ ਜੇ ਸਮਾਂ ਆ ਗਿਆ ਤੇ ਇਸੇ ਤਰ੍ਹਾਂ ਰਿਹਾ, ਮੈਂ ਵੀ ਭਾਵੇਂ ਨਾਨਕ ਨਿਵਾਸ 'ਚ ਬੈਠਾ ਕਹੀ

ਜਾਵਾਂ, ਪਰ ਗੁਰੂ ਕੇ ਕਿਸੇ ਪਿਆਰੇ ਤੋਂ ਰੋਕਿਆਂ ਰੁਕਣਾ ਨਹੀਂ। ਇਹ ਮੈਂ ਜ਼ਰੂਰ ਕਹਿਨਾਂ (ਕਿ) ਜੇ ਇਹੋ ਜਿਹਾ ਕੰਮ ਕਰਨ ਵਾਲੇ ਨੂੰ, ਕਿਸੇ ਗੁਰੂ ਕੇ ਪੁੱਤ ਨੇ ਦੰਡ ਦਿੱਤਾ, ਮੈਂ (ਉਸਨੂੰ) ਆਪਣੀ ਛਾਤੀ ਨਾਲ ਜ਼ਰੂਰ ਲਾਵਾਂਗਾ। ਪ੍ਰਧਾਨ ਜੀ ਆਪਣੀ ਜ਼ਿੰਮੇਵਾਰੀ ਆਪ ਸਟੇਜ ਤੋਂ ਦੱਸਣਗੇ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੧੭.

(ਦੀਵਾਨ ਹਾਲ ਮੰਜੀ ਸਾਹਿਬ, ਅੰਮ੍ਰਿਤਸਰ, ੧੦-੦੬-੧੯੮੩)

ਸਟੇਜ ਸੈਕਟਰੀ - ਸਤਿਕਾਰ ਯੋਗ, ਮਹਾਂਪੁਰਖ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਆਪਣੇ ਵਿਚਾਰ ਰੱਖ ਰਹੇ ਹਨ , ਉਹਨਾਂ ਦੇ ਵਿਚਾਰ ਸਰਵਣ ਕਰੋ,

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸ਼੍ਰੋਮਣੀ ਅਕਾਲੀ ਦਲ ॥ ਜ਼ਿੰਦਾਬਾਦ ॥

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਗੁਰੂ ਪਿਆਰੇ ਖ਼ਾਲਸਾ ਜੀ, ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖਾਲਸਾ ॥

ਵਾਹਿਗੁਰੂ ਜੀ ਕੀ ਫਤਹਿ ॥

ਭਾਈ ਕੁਲਵੰਤ ਸਿੰਘ ਨਾਗੋਕੇ ਦੀ ਸ਼ਹਾਦਤ

ਸਮਾਂ ਬਹੁਤ ਹੋ ਚੁੱਕਾ ਹੈ, ਜੋ ਇਸ ਪਵਿੱਤਰ ਸਟੇਜ ਤੋਂ, ਕਾਫੀ ਸਮੇਂ ਤੋਂ ਆਪਣੇ ਹੱਕਾਂ ਦੀ ਪ੍ਰਾਪਤੀ ਵਾਸਤੇ, ਇਹ ਸੰਘਰਸ਼ ਜਾਰੀ ਹੈ। ਹਰ ਰੋਜ਼ ਥਾਂ ਥਾਂ ਤੋਂ ਗੁਰਮੁਖ ਪਿਆਰੇ ਜਥੇ ਲਿਆ ਕੇ ਸੇਵਾ ਵਿੱਚ ਹਾਜ਼ਰੀਆਂ ਭਰ ਰਹੇ ਹਨ। ਅੱਜ ਵੀ ਭਾਈ ਕੁਲਵੰਤ ਸਿੰਘ ਨਾਗੋਕਿਆਂ ਵਾਲੇ, ਜਿਹਨਾਂ ਨੂੰ ਜ਼ਾਲਮ ਹਕੂਮਤ ਨੇ, ਉਹਨਾਂ ਦੇ ਕਰਿੰਦਿਆਂ ਨੇ, ਜਿਹਨਾਂ ਵਿੱਚੋਂ ਖਾਸ਼ ਕਰਕੇ ਮੱਖਣ ਸਿੰਘ ਹੌਲਦਾਰ, ਐਸ. ਐਸ. ਪੀ. ਡਾਂਗ, ਸੁਰਜੀਤ ਸਿੰਘ ਅਤੇ ਬੂੜ ਸਿੰਘ ਸਿਪਾਹੀ ਹੈ, ਇਹਨਾਂ ਤਿੰਨਾਂ ਮਨੁੱਖਾਂ ਨੇ ਤੇ ਕੇਹਰ ਸਿੰਘ ਨਰਕਧਾਰੀਆ, ਮਹਿਮਾ ਸਿੰਘ ਦਾ ਭਾਈ ਅਤੇ ਡੀ ਐਸ. ਪੀ. ਗੁਰਬਚਨ ਸਿੰਘ ਉਸ ਨੂੰ ਕਹਿੰਦੇ ਹਾਂ, ਬਚਨਾਂ, ਬਚਨਾ ਕਰਕੇ ਸਾਰੇ ਯਾਦ ਕਰਦੇ ਆ। ਇਹਨਾਂ ਨੇ ਜਿਸ ਬੇ-ਰਹਿਮੀ ਤੇ ਬੇ-ਸ਼ਰਮੀ ਦੇ ਨਾਲ, ਉਸ ਸਿੰਘ ਨੂੰ ਸ਼ਹੀਦ ਕੀਤਾ ਹੈ। ਜਿਸ ਦਿਨ ਭਾਈ ਕੁਲਵੰਤ ਸਿੰਘ ਦਾ ਸਸਕਾਰ ਕੀਤਾ ਗਿਆ, ਦਾਸ ਉਸ ਦਿਨ ਉਥੇ ਪਿੰਡ ਹਾਜ਼ਰ ਸੀ। ਉਹਦੇ ਸਰੀਰ ਦਾ ਇਸ਼ਨਾਨ ਕਰਵਾਇਆ ਜਿਸ ਵੇਲੇ, ਕੋਈ ਵੀ ਸਰੀਰ ਦਾ ਅੰਗ, ਇੱਕ ਵੀ ਸਾਬਤ ਨਹੀਂ ਸੀ, ਸਾਰਾ ਕੁੱਟ ਕੁੱਟ ਕੇ ਚੂਰਾ ਕੀਤਾ ਹੋਇਆ ਸੀ। ਪੇਟ ਦੇ ਵਿੱਚ ਦੀ, ਸੀਖਾਂ ਗਰਮ ਕਰਕੇ, ਲੋਹੇ ਦੇ ਜੋ ਸਰੀਏ ਹੁੰਦੇ ਆ, ਉਹਨਾਂ ਨੂੰ ਪੇਟ ਵਿੱਚ ਦੀ ਲੰਘਾਇਆ ਹੋਇਆ ਸੀ। ਮੱਥੇ ਦੀ ਖੋਪਰੀ ਇਸ ਥਾਂ ਤੋਂ (ਇਸ਼ਾਰਾ ਕਰਦੇ ਹੋਏ) ਸੀਖਾਂ ਲਾ ਕੇ ਸਾੜੀ ਹੋਈ ਸੀ।

ਖਾਸ਼ ਕਿਸੇ ਪ੍ਰੇਮੀ ਇੱਕ ਤੋਂ ਪਤਾ ਲੱਗਾ ਕਿ ਜਿਸ ਦਿਨ ਉਸ ਨੂੰ ਸ਼ਹੀਦ ਕੀਤਾ ਗਿਆ, ਉਦੋਂ ਇੱਕ ਦਿਨ ਪਹਿਲਾਂ ੬ ਇੱਟਾਂ ਪੱਕੀਆਂ, ੩ ਉਸ ਪਾਸੇ, ੩ ਉਸ ਪਾਸੇ, ਇਥੇ ਵੱਖੀ ਦੇ ਨਾਲ,

ਫੇਫੜਿਆਂ ਦੇ ਨਾਲ ਬੰਨ ਕੇ ਪੁੱਠਾ ਲਮਕਾਇਆ ਗਿਆ ਤੇ ਇੱਕ ਇੰਚ ਸਿਰ ਉੱਚਾ ਧਰਤੀ ਤੋਂ ਰੱਖਿਆ ਗਿਆ ਤੇ ਨਾਲ ਇੱਟਾਂ ਦਾ ਭਾਰ ਬੰਨਿਆ ਗਿਆ ਕਿ ਇਸ ਨੂੰ ਖਿੱਚ ਪਵੇ, ਜ਼ੋਰ ਪਵੇ। ਉਸ ਵੇਲੇ ਇੱਕ ਵਿਰੋਧੀ ਨੇ, ਨੰਦ (ਸੁੱਚਾ ਨੰਦ) ਸੁਭਾਅ ਵਾਲੇ ਨੇ ਤਾਨਾ ਮਾਰਿਆ ਕਿ ਵਿਖਾ ਤੇਰਾ ਗੁਰੂ ਗੋਬਿੰਦ ਸਿੰਘ ਕਿੱਥੇ ਹੈ ? ਖ਼ਾਲਸਾ ਜੀ ਭਾਵੇਂ ਸ਼ੇਰ ਦਾ ਪੁੱਤਰ ਹੋਵੇ ਪਰ ਜਦੋਂ ਪਿੰਜਰੇ 'ਚ ਬੰਦ ਹੁੰਦਾ ਉਸ ਵੇਲੇ ਪੇਸ਼ ਨਹੀਂ ਜਾਂਦੀ, ਪਰ ਗੁਰੂ ਸਾਹਿਬ ਦੇ ਪਿਆਰੇ ਨੇ ਉਹਨੂੰ ਇੱਕ ਨੂੰ ਜ਼ਰੂਰ ਉਥੇ ਦਰਸ਼ਨ ਕਰਾਏ। ਬਾਹਾਂ ਬੱਧੀਆਂ ਹੋਈਆਂ ਸੀ, ਹੱਥ ਬੱਲਿਉਂ ਦੋਵੇਂ। ਉਸ ਵੇਲੇ ਆਪਣੇ ਸਰੀਰ ਨੂੰ ਹਲੂਣਾ ਦੇ ਕੇ, ਵੱਟ ਕੇ ਚਪੇੜ ਮਾਰੀ ਮੂੰਹ ਤੇ, ਪੱਗ ਉਸ ਦੀ ਡਿੱਗ ਪਈ। ਉਸ ਤੋਂ ਪਿੱਛੋਂ ਉਹਨਾਂ ਨੇ ਹੋਰ ਤਸੀਹੇ ਦੇਣੇ ਸ਼ੁਰੂ ਕੀਤੇ, ਜਿਹੜੀ ਗੱਲ ਪਹਿਲਾਂ ਬੋਲਣ ਵਾਲੇ ਪ੍ਰੇਮੀਆਂ ਨੇ ਕਹੀ ਸੀ, ਉਹੋ ਹੀ ਉਸ ਤੋਂ ਅਖਵਾਉਂਦੇ ਰਹੇ ਕਿ ਤੂੰ ਕਹਿ ਦੇਹ ਕਿ ਜਰਨੈਲ ਸਿੰਘ ਨੇ ਸਾਰਾ ਸਮਾਨ ਮੈਨੂੰ ਦਿੱਤਾ, ਥਾਂ ਥਾਂ 'ਤੇ ਮੈਨੂੰ ਭੇਜਿਆ, ਜੇ ਤੂੰ ਇੰਨੀ ਗੱਲ ਕਹਿ ਦੇਵੇਂ ਤੇਰੀ ਬੜੀ ਭਾਰੀ ਬਚਤ ਹੋ ਜਾਵੇਗੀ। ਬਾਹਰ ਜਾ ਕੇ ਉਸ ਦੇ ਸਾਥੀ ਭਾਈ ਬਲਵਿੰਦਰ ਸਿੰਘ ਜੀ ਖੋਜਕੀਪੁਰ ਵਾਲੇ ਨੂੰ, ਜਿਹੜਾ ਉਸ ਕੇਸ ਵਿੱਚੋਂ ਪਿੱਛੋਂ ਬਰੀ ਹੋ ਗਿਆ ਹੈ। ਇਥੇ ਅੱਜ ਵੀ ਉਹ ਜਥੇ ਵਿੱਚ ਹੈ। ਖ਼ਾਲਸਾ ਜੀ ਉਸ ਨੂੰ ਵੀ ਗੋਲੀ ਦਾ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ, ਪਰ ਸਤਿਗੁਰ ਦੀ ਕਿਰਪਾ ਨਾਲ, ਉਸ ਦਾ ਕੁਝ ਬਚਾਉ ਹੋਇਆ।

ਕੁਲਵੰਤ ਸਿੰਘ ਨੂੰ ਜਿਸ ਵੇਲੇ ਕੁੱਟਿਆ ਮਾਰਿਆ ਤਸੀਹੇ ਦਿੱਤੇ ਆ, ਉਸ ਵੇਲੇ ਇੱਕ ਗੱਲ ਉਸ ਮਰਦ ਨੇ ਕਹੀ ਸੀ। ਸਤਿਗੁਰ ਕਿਰਪਾ ਕਰਨ, ਆਪਣੇ ਪੰਥ 'ਤੇ ਮਿਹਰ ਭਰਿਆ, ਸਿਰ 'ਤੇ ਹੱਥ ਰੱਖਣ। ਜਦੋਂ ਤਸੀਹੇ ਦੇ ਕਰਕੇ, ਤੰਗ ਕਰਕੇ ਉਸ ਨੂੰ ਮਨਾਇਆ ਜਾ ਰਿਹਾ ਸੀ, ਉਸ ਵੇਲੇ ਉਸ ਨੇ ਉੱਤਰ ਦਿੱਤਾ ਸੀ ਕਿ ਮੈਂ ਅੱਜ ਤੁਹਾਡੇ ਵੱਸ ਵਿੱਚ ਹਾਂ, ਜਿਤਨਾ ਜ਼ੋਰ ਲੱਗਦਾ ਲਾ ਲਵੋ, ਜੇ ਗੁਰੂ ਸਾਹਿਬ ਨੂੰ ਭਾਇਆ ਤੇ ਮੇਰੀ ਸਰੀਰਕ ਜ਼ਿੰਦਗੀ ਨੇ ਮੈਨੂੰ ਸਾਥ ਦਿੱਤਾ ਤੇ ਮੈਂ ਆਪਣੇ ਸਹੀ ਮਾਂ ਪਿਉ ਦਾ ਹੋਇਆ ਤਾਂ ਤੁਹਾਥੋਂ ਛਿਆਂ ਤੋਂ ਬਦਲਾ ਜ਼ਰੂਰ ਲਵਾਂਗਾ, ਨਹੀਂ ਤੇ ਮੈਂ ਸੱਚਖੰਡ ਚਲੇ ਗਿਆ ਤੇ ਮੇਰੇ ਪਿੱਛੋਂ ਇਹ ਸਿੱਖ ਕੌਮ ਨੇ ਅੱਜ ਤੱਕ, ਹੁਦਾਰ ਕਦੇ ਰਹਿਣ ਨਹੀਂ ਦਿੱਤਾ। ਸਮਾਂ ਜ਼ਰੂਰ ਵੱਧ ਘੱਟ ਲੱਗਦਾ ਰਿਹਾ, ਪਰ ਚੇਤਾ ਰੱਖਿਉ, ਜਿਵੇਂ ਸਹਿਬਜ਼ਾਦਿਆਂ ਨੇ ਕਿਹਾ ਸੀ ਵਜ਼ੀਦੇ ਨੂੰ (ਕਿ) ਸਾਡੀ ਉਮਰ ਭਾਵੇਂ ਛੋਟੀ ਆ, ...ਸੁਖਦੇਵ ਸਿੰਘ ਭੂਝੰਗੀ ਜਿੱਡੇ ਸੀ ਸਾਹਿਬਜ਼ਾਦੇ। ਇਦੋਂ ਕੁਝ ਵੱਡੀ ਉਮਰ ਦੇ ਸੀ ਬਾਬਾ ਫਤਹਿ ਸਿੰਘ ਜੀ। ੭ ਕੁ ਸਾਲ ਦਾ ਇਹ ਆ, ੯ ਕੁ ਸਾਲ ਦੇ ਉਹ ਸਨ। ਉਸ ਵੇਲੇ ਬਾਬਾ ਜੀ ਨੇ ਕਿਹਾ ਕਿ ਵਜੀਦਿਆ, ਯਾਦ ਰੱਖ ਹਕੂਮਤ ਦੇ ਨਸ਼ੇ ਵਿੱਚ ਸਾਨੂੰ ਬੇਸ਼ਕ ਜਿੰਨਾ ਮਰਜ਼ੀ ਤਸੀਹੇ ਦੇ ਲਾ, ਪਰ ਚੇਤਾ ਰੱਖੀਂ ਸਮਾਂ ਆਵੇਗਾ, ਖ਼ਾਲਸਾ ਪੰਥ ਤੇਰੀ ਛਾਤੀ ਤੇ ਘੋੜੇ ਚੜ੍ਹਾਵੇਗਾ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸੋ ਬੰਦਾ ਸਿੰਘ ਬਹਾਦਰ ਨੇ, ਖ਼ਾਲਸਾ ਜੀ ਉਹ ਹੱਕ ਆਪਣਾ ਪ੍ਰਾਪਤ ਕੀਤਾ ਸੀ। ਉਸ ਵੇਲੇ ਸੁੱਚਾ ਨੰਦ ਨੇ, ਜਿਹਨੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਾਉਣ ਵਾਸਤੇ ਸਹਾਇਤਾ ਕੀਤੀ ਸੀ, ਉਹਦੇ ਵੀ ਪਰਿਵਾਰ ਨੂੰ ਪਕੜਿਆ ਗਿਆ ਸੀ। ਛੋਟੀ ਜਿਹੀ ਉਮਰ ਦੀ ਉਹਦੀ ਇੱਕ ਲੜਕੀ ਸੀ, ਜਦੋਂ ਉਸ ਨੂੰ ਝਟਕਾਉਣ ਲੱਗੇ ਸਿੰਘ, ਬੰਦਾ ਸਿੰਘ ਜੀ ਨੇ ਹੁਕਮ ਕੀਤਾ ਤੇ ਨਾਲ ਦਿਆਂ ਨੇ ਕੁਝ ਪ੍ਰੇਮੀਆਂ ਨੇ ਬੇਨਤੀ ਕੀਤੀ, ਸਿੰਘ ਸਾਹਿਬ ਜੀ, ਸਿੰਘ ਕਦੇ ਅਬਲਾ

ਤੇ ਬੱਚੀ 'ਤੇ ਵਾਰ ਨਹੀਂ ਕਰਦਾ। ਅੱਖਾਂ ਵਿੱਚ ਲਾਲੀ ਆ ਗਈ, ਬਹੁਤ ਬੀਰ ਰਸ ਆਇਆ। ਉਸ ਵੇਲੇ ਕਿਹਾ ਕਿ ਸਿੰਘੋਂ ਤੁਸੀਂ ਹੁਣ ਪੰਜਾਂ ਦੇ ਰੂਪ ਵਿੱਚ ਇੱਕੱਠਿਆਂ ਹੋ ਕੇ ਮੈਨੂੰ ਕਹਿ ਦਿੱਤਾ, ਮੈਂ ਸੰਕੋਚ ਜਾਨਾ, ਪਰ ਮੈਂ ਤੁਹਾਡੇ ਕੋਲੋਂ ਪੁੱਛਣਾ ਚਾਹੁੰਦਾ ਹਾਂ, ਬਾਬਾ ਫਤਹਿ ਸਿੰਘ ਸਾਹਿਬ ਜੀ ਦੀ ਉਮਰ ਇਹਦੇ ਨਾਲੋਂ ਕਿੰਨੀ ਵੱਡੀ ਸੀ? ਸੁੱਚੇ ਨੰਦ ਦੀ ਲੜਕੀ ਦੀ ਉਮਰ ੮ ਸਾਲ ਦੀ ਸੀ (ਪਰ) ਬਾਬਾ ਫਤਹਿ ਸਿੰਘ ਦੀ ਉਮਰ ੭ ਸਾਲ ਦੀ ਸੀ। ਸੋ ਮਾਰਨ ਤੋਂ ਤਾਂ ਉਸ ਨੂੰ ਛੱਡ ਦਿੱਤਾ, ਪਰ ਉਹਦੀ ਬੱਚੀ ਨੂੰ ਚੰਡਾਲਾਂ ਨਾਲ ਵਿਆਹਿਆ ਸੀ। ਜਿਹੜੇ ਇਹੋ ਜਿਹੇ ਲੋਕ ਆ, ਸਿੰਘ ਠੀਕ ਆ ਕਿ ਕਿਸੇ ਦੀ ਇਜ਼ਤ ਨਹੀਂ ਲੁੱਟਦਾ, ਪਰ ਆਪਣੀ ਲੁੱਟੀ ਹੋਈ ਇਜ਼ਤ ਦਾ ਹੱਕ ਵੀ ਕਦੇ ਨਹੀਂ ਛੱਡਦਾ ਹੈਗਾ। ਸਿੱਖ ਨੂੰ ਬੰਦਾ ਮਾਰਨਾ ਪਾਪ ਆ ਤੇ ਹੱਕ ਨਾ ਲੈਣਾ ਵੀ ਪਾਪ ਆ। ਹੱਕ ਲੈਣਾ ਪੁੰਨ ਹੈ। ਸੋ ਸਤਿਗੁਰੂ ਅੱਗੇ ਅਰਦਾਸ ਕਰੀਏ, ਮਹਾਰਾਜ ਸਮਰੱਥਾ ਬਖਸ਼ਣ, ਜਿਵੇਂ ਜਿਵੇਂ ਸਮਾਂ ਸਤਿਗੁਰ ਕਿਸੇ ਪ੍ਰੇਮੀ ਨੂੰ ਦੇਣਗੇ, ਉਸੇ ਉਸੇ ਤਰ੍ਹਾਂ ਸ਼ਹੀਦਾਂ ਦਾ ਹੱਕ ਲਵੇਗੀ ਸਿੱਖ ਕੌਮ ਜ਼ਰੂਰ, ਮਤਾ ਕੋਈ ਖਿਆਲ ਕਰੇ ਕਿ.....।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਬਾਕੀ ਮੈਂ ਆਪਣੇ ਵੱਲੋਂ ਵਧਾਈ ਕੀ ਦੇ ਸਕਦਾ ਹਾਂ ਇਸ ਪਰਿਵਾਰ ਨੂੰ, ਕਿਉਂਕਿ (ਕਰਜ਼ਾ) ਭਾਵੇਂ ਸਾਰੇ ਪੰਥ 'ਤੇ ਹੈ, ਪਰ ਮੈਂ ਮਹਿਸੂਸ ਕਰਦਾ ਹਾਂ ਕਿ ਵਿਸ਼ੇਸ਼ ਤੌਰ 'ਤੇ ਜਿਹੜੇ ਵੀ ਸਿੰਘ ਇਸ ਸੰਬੰਧ ਵਿੱਚ ਸ਼ਹੀਦ ਹੋਏ ਆ, ਉਹਨਾਂ ਦਾ ਮੇਰੇ ਸਿਰ ਖ਼ੂਨ ਦਾ ਕਰਜ਼ਾ ਹੈ। ਮੈਂ ਉਹਨਾਂ ਪਰਿਵਾਰਾਂ ਦਾ, ਆਪਣੇ ਅੰਤਲੇ ਸਵਾਸ ਤੱਕ ਕਰਜ਼ਾਈ ਹਾਂ। ਅਰਦਾਸ ਕਰੋ ਗੁਰੂ ਅੱਗੇ, ਸੱਚੇ ਪਾਤਿਸ਼ਾਹ ਕਿਰਪਾ ਕਰਨ, ਸਮੇਤ ਵਿਆਜ ਦੇ ਇਹ ਕਰਜਾ ਵਾਪਸ ਹੋਵੇ, ਜਿਸ ਕਰਕੇ ਸੁਰਖਰੂ ਕੌਮ ਹੋ ਸਕੇ।

ਬ੍ਰਹਮ ਗਿਆਨੀ

ਜਿਹੜੇ ਬੋਲਣ ਵਾਲੇ ਬੁਲਾਰੇ ਆ, ਕਵੀ ਜਨ, ਉਹਨਾਂ ਨੂੰ ਮੈਂ ਖਾਸ ਕਰਕੇ ਬੇਨਤੀ ਕਰਾਂਗਾ.....। ਅੱਗੇ ਵੀ ਇੱਕ ਦਿਨ ਬੇਨਤੀ ਕੀਤੀ ਸੀ, ਪਤਾ ਨਹੀਂ ਕਈ ਕਹਿੰਦੇ ਛੋਟਾ ਜਿਹਾ ਹੈਗਾ, ਬੋਲੀ ਜਾਂਦਾ, ਇਹਦਾ ਕੀ ਆ? ਪਰ ਮਨ ਦੁਖਦਾ, ਜਦੋਂ ਕਿਸੇ ਬਾਰੇ ਬੋਲਿਆ ਜਾਵੇ, ਉਹਨੂੰ ਬੋਲੀ ਦਾ ਤੇ ਖੁਸ਼ ਕਰਨ ਵਾਸਤੇ, ਪਰ ਜੇ ਬੋਲਣ ਲੱਗਿਆਂ ਉਹਦਾ ਮਨ ਅਤਿਅੰਤ ਹੀ ਦੁਖਾ ਦੇਈਏ ਤੇ ਮੇਰੇ ਖਿਆਲ 'ਚ ਉਹ ਬੋਲੇ ਦਾ ਕੋਈ ਲਾਭ ਨਹੀਂ। ਜਿਹੜਾ ਸਟੇਜ ਤੋਂ ਪ੍ਰੇਮੀ ਉੱਠਦਾ, ਕਵੀ ਜਨ, ਢਾਡੀ ਜਨ, ਉਹ ਜਦੋਂ ਉੱਠ ਕੇ ਬੋਲਦਾ, ਇਹੋ ਹੀ ਬੋਲਦਾ, ਸੰਤ ਜਰਨੈਲ ਸਿੰਘ ਜੀ ਬ੍ਰਹਮ ਗਿਆਨੀ। ਕਿਹੜੇ ਪਾਸੇ ਤੋਂ ਬ੍ਰਹਮ ਗਿਆਨੀ ਆਂ ਮੈਂ। ਮੈਂ ਹੱਥ ਜੋੜਕੇ ਗਲ਼ 'ਚ ਪੱਲਾ ਪਾ ਕੇ ਬੇਨਤੀ ਕਰਾਂਗਾ, ਮੇਰੇ ਬਾਰੇ ਕਦੇ ਵੀ ਇਹ ਬ੍ਰਹਮ ਗਿਆਨਤਾ ਦਾ ਅੱਖਰ ਨਹੀਂ ਵਰਤਣਾ। ਹਾਂ ਅਰਦਾਸ ਕਰਕੇ ਪ੍ਰਾਪਤ ਜ਼ਰੂਰ ਕਰਾ ਦਿਉ, ਗੁਰੂ ਕੀ ਸੰਗਤ ਕਰਵਾ ਸਕਦੀ ਆ, ਪਰ ਫੋਕੇ ਦਮਗਜਿਆਂ ਵਿੱਚ ਬ੍ਰਹਮ-ਗਿਆਨੀ ਕਹੀ ਜਾਣਾ, ਇਹ ਯੋਗ ਨਹੀਂ।

ਬ੍ਰਹਮ ਗਿਆਨੀ ਦੀ ਇੱਕ ਛੋਟੀ ਜਿਹੀ ਸਾਖੀ ਆ, ਬਹੁਤਾ ਸਮਾਂ ਨਹੀਂ ਲਵਾਂਗਾ, ਸੰਤਾਂ ਨੇ ਬੋਲਣਾ। ਸਮਾਂ ਬਹੁਤ ਹੋ ਗਿਆ ਹੈ। ਕੋਈ ਰਾਜਾ ਸੀ, ਉਸ ਦੇ ਪਾਸ....। ਪਹਿਲਾਂ ਇੱਕ

ਪਿੰਡ ਸੀ, ਪਿੰਡ ਵਿੱਚ ਉਹ ਮਹਾਤਮਾ ਮੰਗਣ ਵਾਸਤੇ ਗਏ। ਭਿਖਿਆ ਮੰਗੀ ਤੇ ਪਿੰਡ ਦੇ ਲੋਕ ਮਨਚਲੇ ਸੀ। ਨੌਜੁਆਨ ਮੁੰਡਿਆਂ ਨੇ, ਉੱਠ ਕੇ ਉਸ ਵੇਲੇ ਮਹਾਤਮਾ ਨੂੰ ਮਸ਼ਕਰੀ ਕੀਤੀ। ਸਿਆਣਿਆਂ ਦਾ ਕਥਨ ਹੈ,

ਸੰਤਨ ਸੇਤੀ ਮਸ਼ਕਰੀ ਕੁਲ ਡੋਬਣ ਕੀ ਰੀਤ ॥

ਪਰ ਉਸ ਮਹਾਤਮਾ ਨੂੰ ਜਦੋਂ ਮਖੌਲ ਕੀਤਾ। ਕਹਿਣ ਲੱਗੇ ਸੰਤ ਜੀ ਅਸੀਂ ਤਾਂ ਕਦੇ ਦਾਨ ਨਹੀਂ ਕੀਤਾ। ਪੁੱਛਿਆ ਕਿਉਂ ? ਕਹਿੰਦੇ ਜੀ ਦਾਨ ਕਰਕੇ ਸੁਵਰਗ ਨੂੰ ਜਾਈਦਾ ਤੇ ਪਾਪ ਕਰਕੇ ਨਰਕ ਨੂੰ ਜਾਈਦਾ। ਪਾਪ ਅਸੀਂ ਕਰਦੇ ਨਹੀਂ, ਸੁਵਰਗ ਦੀ ਸਾਨੂੰ ਲੋੜ ਨਹੀਂ, ਇਸ ਵਾਸਤੇ ਅਸੀਂ ਤਾਂ ਦਾਨ ਨਹੀਂ ਦੇਣਾ। ਉਹ ਮਹਾਤਮਾ ਸਮਝ ਗਏ ਕਿ ਇਹ ਮਨਚਲੇ ਆ, ਇਹਨਾਂ ਦੀ ਕਲਿਆਣ ਕਰਨੀ ਚਾਹੀਦੀ ਆ, ਇਹਨਾਂ ਨੂੰ ਪਤਾ ਨਹੀਂ। ਰਾਜੇ ਨੂੰ ਫੜਕਣਾਂ ਦੀ ਬੀਮਾਰੀ ਲੱਗੀ ਹੋਈ ਸੀ ਤੇ ਜਦੋਂ ਰਾਜੇ ਦੇ ਪਾਸ ਉਹ ਮਹਾਤਮਾ ਗਏ, ਕਹਿਣ ਲੱਗੇ ਸੰਤ ਜੀ ਕੋਈ ਬਚਨ ਕਰੋ, ਮੇਰੀ ਬਿਮਾਰੀ ਮੁੱਕ ਜਾਵੇ। ਮਹਾਤਮਾ ਕਹਿਣ ਲੱਗੇ ਭਈ ਬਚਨ ਤਾਂ ਅਸੀਂ ਕੋਈ ਕਰਨਾ ਨਹੀਂ, ਤੈਨੂੰ ਤਰੀਕਾ ਦੱਸ ਦੇਨੇ ਆਂ, ਤੇਰੀ ਬੀਮਾਰੀ ਮਿਟ ਜਾਵੇਗੀ। ਕਹਿਣ ਲੱਗੇ ਦੱਸੋ, ਉਹਨਾਂ ਨੇ ਕਿਹਾ ਕਿ ਕਿਸੇ ਬ੍ਰਹਮ ਗਿਆਨੀ ਨੂੰ ਪਕੜ ਕੇ, ਕੋਹਲੂ ਵਿੱਚ ਦੀ ਪਾ ਕੇ, ਤੇਲ ਦੀ ਥਾਂ ਉਹਦਾ ਖ਼ੂਨ ਕੱਢ ਕੇ, ਤੇਰੇ ਸਰੀਰ ਉੱਪਰ ਮਾਲਸ਼ ਹੋ ਜਾਵੇ ਤੇ ਫਿਰ ਤੇਰੀ ਬੀਮਾਰੀ ਹਟ ਜਾਵੇਗੀ। ਉਹ ਰਾਜਾ ਕਹਿਣ ਲੱਗਾ ਜੀ ਮੈਨੂੰ ਤਾਂ ਬ੍ਰਹਮ ਗਿਆਨੀਆਂ ਦਾ ਪਤਾ ਨਹੀਂ। ਕਹਿਣ ਲੱਗੇ ਅਸੀਂ ਦੱਸਦੇ ਆਂ, ਤੇਰੇ ਫਲਾਣੇ ਕਸਬੇ ਦੇ ਵਿੱਚ ਇੱਕ ਪਿੰਡ ਆ, ਉਥੇ ਬ੍ਰਹਮ ਗਿਆਨੀ ਤੋਂ ਬਿਨਾ ਜੰਮਿਆਂ ਈ ਕੋਈ ਨਹੀਂ ਮੁੰਡਾ ਕੁੜੀ, ਸਾਰੇ ਈ ਬ੍ਰਹਮ ਗਿਆਨੀ ਆਂ। ਜਾਹ ਜਾ ਕੇ ਲੈ ਆ। ਜਿਹਨੂੰ ਪਿੰਡ ਵਿੱਚ ਕੋਈ ਚੌਕੀਦਾਰ ਨਾ ਬੁਲਾਵੇ, ਉਹਨੂੰ ਪ੍ਰਧਾਨ ਮੰਤਰੀ ਸੁਨੇਹਾ ਭੇਜ ਦੇਵੇ, ਕੁਦਰਤੀ ਆਕੜ ਪੈ ਜਾਂਦੀ ਆ। ਉਹ ਜਦੋਂ ਰਾਜੇ ਨੇ ਸੁਨੇਹਾ ਭੇਜਿਆ...., ਸਿਰ ਤਾਂ ਹਦਵਾਣੇ ਵਰਗੇ ਕੀਤੇ ਹੋਣਗੇ ਉਹਨਾਂ ਲੋਕਾਂ ਦੇ। ਚੋਪੜ ਕੇ ਸਿਰ ਅਸਵਾਰੀਆਂ 'ਤੇ ਚੜ੍ਹ ਕੇ ਰਾਜੇ ਕੋਲ ਆਏ। ਰਾਜੇ ਨੇ ਸੇਵਾ ਕੀਤੀ। ਸੇਵਾ ਕਰਨ ਤੋਂ (ਬਾਅਦ) ਪੁੱਛਿਆ, ਦੱਸੋ ਕਿਸ ਵਾਸਤੇ ਬੁਲਾਇਆ ? ਕਹਿੰਦੇ ਜੀ ਤੁਸੀਂ ਬ੍ਰਹਮ ਗਿਆਨੀ ਹੋ ? ਸਣ ਟੋਪੀ, ਸਣ ਕੱਪੜੀਂ, ਸਣ ਜੁੱਤੇ, ਖੁਦਾ ਬਣਨ ਵਾਲਿਆਂ ਨੇ ਕਹਿ ਦਿੱਤਾ, ਹਾਂ ਜੀ। ਗੁਰਬਾਣੀ ਦਾ ਫੈਸਲਾ ਤਾਂ ਇਹ ਆ :

ਕਹੁ ਕਬੀਰ ਛੂਛਾ ਘਟੁ ਬੋਲੈ ॥
ਭਰਿਆ ਹੋਇ ਸੁ ਕਬਹੁ ਨ ਡੋਲੈ ॥

(ਗੌਂਡ ਕਬੀਰ, ੮੭੦)

ਜਿਹੜੇ ਕਾਲੀ ਆ, ਉਹ ਇਹੋ ਜਿਹੀਆਂ ਕਰਦੇ ਆ। ਜਦੋਂ ਕਿਹਾ ਜੀ ਹਾਂ ਅਸੀਂ ਸਾਰੇ ਬ੍ਰਹਮ ਗਿਆਨੀ ਆਂ। ਕਹਿੰਦੇ ਬ੍ਰਹਮ ਗਿਆਨੀ ਨੂੰ ਤਾਂ ਫਿਰ ਸਰੀਰ ਦਾ ਮੋਹ ਨਹੀਂ ਹੁੰਦਾ, ਨਾ ਦੁਨਿਆਵੀ ਮੋਹ ਕੋਈ ਹੁੰਦਾ, ਮੋਹ ਤੋਂ ਨਿਰਲੇਪ ਹੁੰਦੇ ਆ ਤੇ ਮੈਂ ਦੁਨਿਆਵੀ ਬੰਦਾ ਹਾਂ, ਰਾਜਨੀਤਕ ਹਾਂ, ਕਿਰਪਾ ਕਰੋ, ਇੱਕ ਬ੍ਰਹਮ ਗਿਆਨੀ ਤੁਹਾਡੇ ਚੋਂ ਉੱਠ ਕੇ ਕੋਹਲੂ 'ਚ ਵੜੇ ਤੇ ਤੁਹਾਡਾ ਖ਼ੂਨ ਕੱਢ ਕੇ ਮੈਂ ਲਾਉਣਾ, ਮੈਨੂੰ ਮਹਾਤਮਾ ਨੇ ਦੱਸਿਆ, ਹਕੀਮ ਨੇ ਦੱਸਿਆ। ਰਾਜੇ ਨੇ ਪਰਦਾ ਰੱਖਿਆ ਹੋਵੇਗਾ। ਕਹਿਣ ਲੱਗੇ ਅਸੀਂ ਸੁੱਕੇ ਮਜਨੂੰ ਨਹੀਂ ਬਣਨ ਵਾਲੇ, ਅਸੀਂ ਤਾਂ ਲੱਡੂ ਜ਼ਲੇਬੀਆਂ ਵਾਲੇ ਮਜਨੂੰ ਆਂ। ਇਹੋ ਜਿਹਾ ਬ੍ਰਹਮ ਗਿਆਨੀ ਕਿਤੇ

ਹੋਰ ਭਾਲ ਲਵੀਂ। ਉਸ ਰਾਜੇ ਨੇ ਫਿਰ ਮਹਾਤਮਾ ਨੂੰ ਬੁਲਾਇਆ, ਸੰਤ ਜੀ ਉਹ ਤਾਂ ਪਖੰਡੀ ਸੀ। ਮਹਾਤਮਾ ਕਹਿੰਦੇ, "ਭਾਈ ਜੇ ਚੰਗੇ ਹੁੰਦੇ ਤੇਰੇ ਕੋਲੇ ਕਿਉਂ ਭੇਜਦੇ ? ਪਖੰਡੀ ਕਰਕੇ ਤੇਰੇ ਕੋਲੇ ਭੇਜੇ, ਉਹਨਾਂ ਨੂੰ ਦੰਡ ਦਿੰਦਾ, ਇਹੋ ਜਿਹਾ ਕੰਮ ਨਾ ਕਰਨ।" ਉਹ ਰਾਜਾ ਕਹਿੰਦਾ ਸੰਤ ਜੀ ਤੁਸੀਂ ਤੇ ਆਪਣਾ ਕੰਮ ਕਰ ਲਿਆ, ਮੇਰਾ ਕੰਮ ਤਾਂ ਉਵੇਂ ਹੀ ਰਹਿ ਗਿਆ, ਮੇਰਾ ਵੀ ਕੋਈ ਭਲਾ ਕਰੋ। ਮਹਾਤਮਾ ਕਹਿਣ ਲੱਗੇ ਫਲਾਣੇ ਕਸਬੇ ਵਿੱਚ ਇੱਕ ਮਹਾਤਮਾ, ਖੱਦਰ ਦੇ ਕੱਪੜੇ ਪਾਏ, ਮਕੱਈ ਦੀ ਗੋਡੀ ਕਰਦਾ (ਪਰ) ਉਹਨੇ ਛੇਤੀ ਆਉਣਾ ਨਹੀਂ, ਕਿਉਂਕਿ ਮਹਾਪੁਰਖ ਸੱਚਖੰਡ ਵਾਸੀਆਂ ਦਾ ਵੀ ਬਚਨ ਸੀ ਕਿ ਭਾਈ ਜਦੋਂ ਵੋਟਾਂ ਲੈਣੀਆਂ ਹੋਣ ਰਾਜਨੀਤਕ ਨੇ, ਉਦੋਂ ਖੋਤੇ ਨੂੰ ਬਾਪੂ ਕਹਿ ਦਿੰਦੇ ਆ ਤੇ ਕੁਰਸੀ ਤੇ ਬਹਿ ਜਾਣ ਤੇ ਉਦੋਂ ਬਾਪੂ ਨੂੰ ਖੋਤਾ ਕਹਿਣ ਲੱਗ ਪੈਂਦੇ ਆ। ਪਤਾ ਨਹੀਂ ਹੁੰਦਾ ਕਿਹੜੇ ਪਾਸੇ ਨੂੰ ਤੁਰਨਾ, ਮੇਰਾ ਉਹਨਾਂ ਨਾਲ ਕੀ ਕੰਮ ਆਂ। ਰਾਜੇ ਨੇ ਨੌਕਰ ਭੇਜਿਆ, ਉਹਨੇ ਹੱਥ ਜੋੜੇ, ਬੇਨਤੀ ਕੀਤੀ, ਤਰਲੇ ਮਿਨਤ ਕਰਕੇ ਮਨਾ ਲਿਆਇਆ। ਆ ਕੇ ਮਹਾਤਮਾ ਕਹਿੰਦੇ ਰਾਜਨ ਕੀ ਕੰਮ ਆਂ ? ਕਹਿੰਦੇ ਜੀ ਤੁਸੀਂ ਬ੍ਰਹਮ ਗਿਆਨੀ ਹੋ ? ਮਹਾਂਪੁਰਖ ਵੈਰਾਗ 'ਚ ਆ ਕੇ ਕਹਿਣ ਲੱਗੇ ਰਾਜਨ, ਮੈਂ ਗੁਰੂ ਘਰ ਦਾ ਕੁੱਤਾ ਹਾਂ, ਨਾਲ ਪੰਗਤੀਆਂ ਪੜੀਆਂ :

ਹਮ ਕੂਕਰ ਤੇਰੇ ਦਰਬਾਰਿ ॥
ਭਉਕਹਿ ਆਗੈ ਬਦਨੁ ਪਸਾਰਿ ॥

(ਰਾਮਕਲੀ ਕਬੀਰ, ੯੬੯)

ਇਹ ਬਚਨ ਕਹੇ :

ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰੋ ਨਾਉ ॥
ਗਲੇ ਹਮਾਰੇ ਜੇਵਰੀ ਜਹ ਖਿੰਚੈ ਤਹ ਜਾਉ ॥

(ਸਲੋਕ ਕਬੀਰ, ੧੩੭੮)

ਇਹ ਬਚਨ ਕਹੇ ਕਿ ਮੈਂ ਤਾਂ ਗੁਰੂ ਘਰ ਦਾ, ਗੁਰੂ ਕੀ ਸੰਗਤ ਦਾ ਕੁੱਤਾ ਹਾਂ, ਪਰ ਤੂੰ ਦੱਸ ਤੇਰਾ ਕੰਮ ਮੇਰੇ ਨਾਲ ਕੀ ਆ ? ਕਹਿਣ ਲੱਗਾ ਜੀ ਤੁਸੀਂ ਮਹਾਂਪੁਰਖ ਹੋ ਤੇ ਕੋਹਲੂ 'ਚ ਵੜੇ ਤੁਹਾਡਾ ਖ਼ੂਨ ਕੱਢ ਕੇ ਲਾਉਣਾ। ਮਹਾਤਮਾ ਕਹਿੰਦੇ ਕੀ ਗੱਲ ? ਕਹਿੰਦੇ ਮੈਨੂੰ ਕਿਸੇ ਨੇ ਦੱਸਿਆ ਕਿ ਬ੍ਰਹਮ ਗਿਆਨੀ ਦਾ ਖ਼ੂਨ ਕੱਢ ਕੇ ਲਾ ਲਈਏ ਅਰਾਮ ਆ ਜਾਏਗਾ। ਮਹਾਤਮਾ ਕਹਿਣ ਲੱਗੇ ਬ੍ਰਹਮ ਗਿਆਨੀ ਤਾਂ ਹਾਂ ਨਹੀਂ, (ਪਰ) ਜੇ ਤਾਂ ਸਾਡਾ ਖ਼ੂਨ ਕੱਢ ਕੇ ਤੈਨੂੰ ਅਰਾਮ ਆਵੇਗਾ ਤੇ ਸਰੀਰ ਹਾਜ਼ਰ ਆ ਕੱਟ ਕੇ ਤੇ ਇਹਦੇ ਵਿੱਚ ਪਾ ਲਾ ਤੇ ਖ਼ੂਨ ਕੱਢ ਲਾ, ਪਰ ਜੇ ਤੈਂ ਬਿਮਾਰੀ ਮੇਟਣੀ ਆਂ ਤਾਂ ਆਪਣੀ ਨਿਗ੍ਹਾ ਨਾਲ ਵੀ ਮੇਟ ਸਕਦੇ ਹਾਂ।

ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥

(ਗਉੜੀ ਸੁਖਮਨੀ ਮ: ੫, ੨੭੩)

ਉਹਦਾ ਨਾਂਅ ਖਾਲਸਾ ਜੀ ਬ੍ਰਹਮ ਗਿਆਨੀ ਆਂ ਤੇ ਮੈਨੂੰ ਤੇ ੨ ਮਹੀਨੇ ਹੋ ਗਏ ਆ ਡਾਕਟਰ ਨੇ ਟੀਕੇ ਲਾਉਣ ਤੇ ਜ਼ੋਰ ਦਿੱਤਾ ਭਾਵੇਂ ਦੁਆਈ ਤਾਂ ਕੋਈ ਅਸਰ ਨਹੀਂ ਕਰਦੀ, ਪਰ ਬ੍ਰਹਮ ਗਿਆਨੀ ਇਹੋ ਜਿਹੇ ਹੁੰਦੇ ਆ ? ਮੈਨੂੰ ਤਾਂ ਇੱਕ ਆਮ ਸਧਾਰਨ ਗੁਰੂ ਕਾ ਸਿੱਖ ਹੀ ਸਮਝ ਲਿਆ ਕਰੋ। ਨਾਮ ਧਰੀਕ ਐਵੇਂ ਇੱਕ ਬੰਦੇ ਨੂੰ ਚੁੱਕੀ ਟੁੱਕੀ ਜਾਣ ਤੇ ਪੌੜੀ ਖਿੱਚਣ ਲੱਗਿਆਂ ਪਤਾ ਨਹੀਂ ਕਦੋਂ ਸਿੱਟ ਦੇਣਾ। ਬ੍ਰਹਮ ਗਿਆਨੀ ਬਾਰੇ ਤਾਂ ਲਿਖਿਆ ਹੈ :

ਸਸਤ੍ਰ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ ॥
ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ ॥

(ਮਾਰੂ ਮ: ੫, ੧੦੧੭)

ਉਹਦਾ ਨਾਂਅ ਬ੍ਰਹਮ ਗਿਆਨੀ ਆਂ। ਮੈਂ ਇੰਨਾ ਕੁ ਚਿਰ, ਤਾਂ ਇਸ ਪਾਸੇ ਲਾਇਆ (ਕਿਉਂਕਿ) ਜਦੋਂ ਆਈ ਦਾ, ਜਿਹੜਾ ਢਾਡੀ ਹੁੰਦਾ....। ਰੁਪਏ ਤਾਂ ਤੁਹਾਨੂੰ ਪ ਉਸ ਤਰ੍ਹਾਂ ਵੀ ਮਿਲ ਜਾਣੇ ਆਂ, ਬ੍ਰਹਮ ਗਿਆਨੀ ਕਿਹਾਂ ਬਹੁਤੇ ਮਿਲਣਗੇ ? ਬ੍ਰਹਮ ਗਿਆਨੀ ਸੀ ਸੱਚਖੰਡ ਵਾਸੀ ਮਹਾਪੁਰਖ ਸੰਤ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ, ਜਿਹਨਾਂ ਨੇ ਸਾਰੀ ਜ਼ਿੰਦਗੀ ਭਜਨ ਕੀਤਾ, ਬੰਦਗੀ ਕੀਤੀ ਆ। ਉਹਨਾਂ ਨੂੰ ਕਿਸੇ ਨੇ ਅੱਤਵਾਦੀ ਕਿਹਾ ਸੀ ? ਮੈਨੂੰ ਤਾਂ ਨਿੱਤ ਗਾਲ੍ਹਾਂ ਕੱਢੀ ਜਾਂਦੇ ਨੇ। ਆਪਣੇ ਵਿੱਚੋਂ ਵੀ ਕਈ ਪ੍ਰੇਮੀ ਕੱਢੀ ਜਾਂਦੇ ਆ। ਮੌਕੇ 'ਤੇ ਮੱਥਾ ਟੇਕਦੇ, ਪਿਛੋਂ ਗਾਲ੍ਹਾਂ ਕੱਢਦੇ ਆ। ਇਸ ਵਾਸਤੇ ਅਰਦਾਸ ਕਰੋ ਗੁਰੂ ਅੱਗੇ, ਸੱਚੇ ਪਾਤਿਸ਼ਾਹ ਮੈਨੂੰ ਸੰਗਤ ਦੇ ਜੋੜੇ ਝਾੜਨ ਦਾ ਸਮਾਂ ਦੇਣ ਤੇ ਸ਼ਰਧਾ ਬਖਸ਼ਣ ਸ੍ਰੀ ਗੁਰੂ ਗਰੰਥ ਸਾਹਿਬ ਆਪਣੇ ਸਰੂਪ ਉੱਪਰ ਤੇ ਸਿੱਖੀ ਕਮਾ ਕੇ, ਪੰਜਾਂ ਕਕਾਰਾਂ ਦੀ ਰਹਿਤ ਵਿੱਚ ਰਹਿ ਕੇ, ਕੌਮ ਤੇ ਪੰਥ ਦੀ ਸੇਵਾ ਕਰ ਸਕਾਂ। ਇਹ ਅਰਦਾਸ ਕਰ ਦਿਆ ਕਰੋ, (ਪਰ) ਸੁੱਕਾ ਜਿਹਾ ਇਹੋ ਜਿਹਾ ਕੰਮ ਕਹੀ ਜਾਣਾ, ਇਹਦੇ ਨਾਲ ਹਿਰਦਾ ਬਹੁਤ ਜ਼ਿਆਦਾ ਦੁਖਦਾ। ਮੈਂ ਹੱਥ ਜੋੜ ਕੇ ਗਲ਼ 'ਚ ਪੱਲਾ ਪਾ ਕੇ, ਬੁਲਾਰਿਆਂ ਨੂੰ ਬੇਨਤੀ ਕਰਾਂਗਾ.....। ਹਾਂ, ਕੋਈ ਮਹਾਂਪੁਰਖ ਸਟੇਜ 'ਤੇ ਆਵੇ ਉਹਦੇ ਪ੍ਰਥਾਇ ਕਹਿ ਦੇਣਾ ਪਾਪ ਨਹੀਂ, ਪਰ ਮੇਰੇ ਵਰਗੇ ਇੱਕ ਨੀਵੇਂ ਬੰਦੇ ਵਾਸਤੇ ਇਹੋ ਜਿਹੇ ਅੱਖਰ ਵਰਤਣੇ ਸੋਭਾ ਨਹੀਂ। ਮੈਂ ਆਪਣੇ ਵੱਲੋਂ ਜਿਹੜੇ ਸਿੰਘ ਜਥਾ ਲੈ ਕੇ ਜਾ ਰਹੇ (ਆ), ਉਹਨਾਂ ਨੂੰ ਤੇ ਬੀਬੀ ਕਸ਼ਮੀਰ ਕੌਰ ਜੀ ਨੂੰ, ਬਾਕੀ ਸਾਰੇ ਜਾਣ ਵਾਲੇ ਸੱਜਣਾਂ ਨੂੰ ਵਧਾਈ ਦਿੰਦਾ ਤੇ ਧੰਨਵਾਦ ਕਰਦਾ ਹਾਂ। ਸੱਚੇ ਪਾਤਿਸ਼ਾਹ ਕਿਰਪਾ ਕਰਨ, ਸਾਨੂੰ ਮਹਾਂਪੁਰਖਾਂ ਦੇ ਪੂਰਨਿਆਂ 'ਤੇ ਚੱਲਣ ਦਾ ਬਲ, ਬੁੱਧ ਤੇ ਸਿਆਣਪ ਬਖਸ਼ਣ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੧੮.

(ਦੀਵਾਨ ਹਾਲ ਮੰਜੀ ਸਾਹਿਬ, ਅੰਮ੍ਰਿਤਸਰ, ੦੨-੦੭-੧੯੮੩)

ਸਟੇਜ ਸੈਕਟਰੀ - ਸਤਿਕਾਰ ਯੋਗ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਆਪਣੇ ਵਿਚਾਰ ਰੱਖ ਰਹੇ ਹਨ, ਉਹਨਾਂ ਦੇ ਵਿਚਾਰ ਸਰਵਣ ਕਰੋ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥
ਸ਼੍ਰੋਮਣੀ ਅਕਾਲੀ ਦਲ ॥ ਜ਼ਿੰਦਾਬਾਦ ॥
ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸ੍ਰੀ ਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਸਾਜ਼ੀ ਨਿਵਾਜ਼ੀ, ਗੁਰੂ ਰੂਪ ਗੁਰੂ ਖ਼ਾਲਸਾ ਸਾਧ ਸੰਗਤ ਜੀਉ, ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਗੁਰੂ ਪਿਆਰੇ ਖ਼ਾਲਸਾ ਜੀ, ਜੋ ਆਪ ਜੀ ਨੇ ਸ੍ਰੀ ਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਵਿੱਤਰ ਗੋਦ ਵਿੱਚ ਸਜ ਕੇ, ਸਟੇਜ ਉੱਪਰੋਂ ਬੋਲਣ ਵਾਲੇ ਬੁਲਾਰਿਆਂ ਦੇ ਪਾਸੋਂ, ਵਰਤਮਾਨ ਸਮੇਂ ਦੇ ਸੰਬੰਧ ਵਿੱਚ ਪਵਿੱਤਰ ਵਿਚਾਰ ਸੁਣੇ ਹਨ ਅਤੇ ਜਿਸ ਤਰੀਕੇ ਦੇ ਨਾਲ ਜ਼ਾਲਮ ਹਕੂਮਤ ਜ਼ੁਲਮ ਕਮਾਉਣ ਦੇ ਉੱਪਰ ਤੁਲੀ ਹੋਈ ਹੈ, ਉਹ ਵੀ ਜਾਣਕਾਰੀ ਆਪਾਂ ਪ੍ਰਾਪਤ ਕੀਤੀ ਹੈ। ਬਾਬਾ ਬਕਾਲਾ ਸਾਹਿਬ ਵਿਖੇ, ਉਸ ਤੋਂ ਪਹਿਲਾਂ ਸ੍ਰੀ ਤਰਨ ਤਾਰਨ ਸਾਹਿਬ ਵਿਖੇ, ਜੋ ਇਹ ਘਟਨਾ ਵਾਪਰੀ ਹੈ। ਇਸ ਘਟਨਾ ਦੀ ਭਾਵੇਂ ਆਪਾਂ ਸਾਰਿਆਂ ਹੀ ਬੁਲਾਰਿਆਂ ਨੇ ਨਿਖੇਧੀ ਕਰਨੀ ਹੈ ਤੇ ਕਰ ਰਹੇ ਹਾਂ, ਪਰ ਮੈਂ ਸੰਗਤ ਨੂੰ ਬੇਨਤੀ ਕਰਾਂਗਾ, ਕੇਵਲ ਨਿਖੇਧੀ ਅੱਖਰ ਕਹਿਣ ਦੇ ਨਾਲ ਕੰਮ ਹੁਣ ਸਰਨਾ ਨਹੀਂ। ੧੨ ਮਹੀਨੇ ਪੂਰੇ ਹੋ ਚੱਲੇ ਹਨ, ਥੋੜਾ ਸਮਾਂ ਬਾਕੀ ਹੈ.....। ਬਹੁਤ ਸ਼ਾਂਤੀ ਦੇ ਸਹਿਤ, ਪ੍ਰਧਾਨ ਸਾਹਿਬ ਜੀ ਦਾ ਹੁਕਮ ਮੰਨ ਕੇ, ਸੰਗਤਾਂ ਦੇ ਸਹਿਯੋਗ ਦੇ ਨਾਲ, ਸ਼ਾਂਤਮਈ ਢੰਗ ਨਾਲ ਆਪਾਂ ਚੱਲ ਰਹੇ ਹਾਂ। ਬੜੀਆਂ ਭਾਰੀ ਮਾਰਾਂ ਖਾਦੀਆਂ, ਸ਼ਹੀਦੀਆਂ ਪ੍ਰਾਪਤ ਕੀਤੀਆਂ, ਗ੍ਰਿਫ਼ਤਾਰੀਆਂ ਦੇ ਰੂਪ ਵਿੱਚ ਤਸੀਹੇ ਝੱਲੇ ਹਨ। ਜੇਲ੍ਹਾਂ ਵਿੱਚ ਪਹੁੰਚ ਕੇ ਭੁੱਖੇ ਤਿਹਾਏ ਵੀ ਕੁਝ ਪ੍ਰੇਮੀਆਂ ਨੂੰ ਰਹਿਣਾ ਪਿਆ। ਮਾਸੂਸ ਬੱਚਿਆਂ ਨੂੰ ਬਹੁਤ ਤਕਲੀਫਾਂ ਦਾ ਸਾਹਮਣਾ ਕਰਨਾ ਪਿਆ, ਪਰ ਇਸ ਦੇ ਬਾਵਜੂਦ ਵੀ, ਉਹਨਾਂ ਗੁਰਸਿੱਖਾਂ ਦੇ ਉੱਪਰ, ਉਹਨਾਂ ਟਕਸਾਲਾਂ ਦੇ ਉੱਪਰ ਹਮਲੇ ਸ਼ੁਰੂ ਹੋ ਗਏ ਹਨ, ਜਿਹਨਾਂ ਦਾ ਕੰਮ ਕੇਵਲ ਮੰਦਰ ਬਣਾਉਣਾ, ਗੁਰਦੁਆਰਾ ਸਾਹਿਬਾਨ, ਪਰਿਕਰਮਾਂ ਬਣਾਉਣੀਆਂ, ਸਰੋਵਰ ਬਣਾਉਣੇ, ਸਰਾਵਾਂ ਬਣਾਉਣੀਆਂ, ਲੰਗਰ ਬਣਾਉਣੇ, ਸੰਗਤਾਂ ਦੇ ਤਾਈਂ

ਪ੍ਰਸ਼ਾਦ ਤਿਆਰ ਕਰਕੇ ਛਕਾਉਣਾ ਅਤੇ ਆਪ ਦੋ ਦੋ, ਤਿੰਨ ਤਿੰਨ, ਚਾਰ ਚਾਰ ਦਿਨ ਦੀ ਸੁੱਕੀ ਰੋਟੀ, ਪਾਣੀ ਵਿੱਚ ਭਿਉਂ ਕੇ ਤੇ ਪੇਟ ਪੂਰਤੀ ਉਸ ਨਾਲ ਕਰਨੀ। ਐਸੇ ਜੀਵਨ ਵਾਲੀਆਂ ਜਿਹੜੀਆਂ ਟਕਸਾਲਾਂ ਹਨ, ਉਹਨਾਂ ਦੇ ਉੱਪਰ ਵੀ ਖ਼ਾਲਸਾ ਜੀ ਅੱਜ, ਇਸ ਗੱਲ ਤੋਂ ਤਸ਼ੱਦਦ ਸ਼ੁਰੂ ਹੋਇਆ ਕਿ ਜਿਹੜਾ ਇਹ ਧਰਮ ਯੁੱਧ ਮੋਰਚੇ ਦੇ ਨਾਂਅ ਉੱਪਰ ਮੋਰਚਾ ਲੱਗਾ ਹੋਇਆ ਹੈ, ਸਿੱਖਾਂ ਦੇ ਗਲ਼ੋਂ ਗੁਲਾਮੀਂ ਲਾਹੁਣ ਵਾਸਤੇ। ਸਮੁੱਚੇ ਪੰਜਾਬੀਆਂ ਨੂੰ ਸੁੱਖ ਦਿਵਾਉਣ ਵਾਸਤੇ। ਸਹੂਲਤਾਂ ਪ੍ਰਾਪਤ ਕਰਾਉਣ ਵਾਸਤੇ। ਇਹ ਸਾਰੀਆਂ ਹੀ ਸੰਪਰਦਾਵਾਂ, ਕਾਰ ਸੇਵਾ ਵਾਲੇ, ਨਿਹੰਗ ਸਿੰਘ ਜਥੇਬੰਦੀਆਂ, ਕਥਾ ਕੀਰਤਨ ਵਾਲੇ, ਹੋਰ ਬਾਕੀ ਮਹਾਤਮਾ ਸਾਧੂ, (ਭਾਵੇਂ) ਕਿਸੇ ਵੀ ਲਿਬਾਸ ਵਿੱਚ ਹਨ, ਉਹ ਸਾਰੇ ਹੀ ਸਿੱਖੀ ਦੇ ਨਾਂਅ ਉੱਪਰ ਸ੍ਰੀ ਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੇ ਸਤਿਕਾਰ ਨੂੰ ਕਾਇਮ ਰੱਖਣ ਵਾਸਤੇ, ਇੱਕ ਥਾਂ ਜੁੜਣ ਵਾਸਤੇ ਤਿਆਰ ਹੋ ਗਏ ਹਨ, (ਪਰ) ਇਹ ਗੱਲ ਗੌਰਮੈਂਟ ਨੂੰ ਚੰਗੀ ਨਹੀਂ ਲੱਗਦੀ, ਇਸ ਨੂੰ ਖ਼ਤਮ ਕਰਨ ਵਾਸਤੇ ਤੇ ਸਿੱਖੀ ਸਰੂਪ ਨੂੰ ਮਿਟਾਉਣ ਵਾਸਤੇ, ਗੌਰਮੈਂਟ ਨੇ ਇਹ ਕੋਝੀਆਂ ਹਰਕਤਾਂ ਸ਼ੁਰੂ ਕਰ ਦਿੱਤੀਆਂ।

ਤਰਨ ਤਾਰਨ ਵਿਖੇ ਕਾਰ ਸੇਵਾ ਵਾਲਿਆਂ 'ਤੇ ਗੋਲੀ

ਜੋ ਤਰਨ ਤਾਰਨ ਸਾਹਿਬ ਵਿਖੇ ਸੱਚਖੰਡ ਵਾਸੀ, ਪੂਰਨ ਮਹਾਂਪੁਰਖ ਬ੍ਰਹਮ ਗਿਆਨੀ ਸੰਤ ਬਾਬਾ ਵੀਰਮ ਦਾਸ ਜੀ ਅਤੇ ਅੱਗੇ ਵਰੋਸਾਏ ਸੰਤ ਬਾਬਾ ਗੁਰਮੁਖ ਸਿੰਘ ਜੀ, ਪਟਿਆਲੇ ਵਾਲੇ ਕਹਿ ਕੇ ਜਿਹਨਾਂ ਨੂੰ ਯਾਦ ਕੀਤਾ ਜਾਂਦਾ। ਬਾਬਾ ਸਾਧੂ ਸਿੰਘ ਜੀ, ਬਾਬਾ ਝੰਡਾ ਸਿੰਘ ਜੀ, ਬਾਬਾ ਜੀਵਨ ਸਿੰਘ ਜੀ ਅਤੇ ਨਾਲ ਦੇ ਗੁਰਮੁਖ ਪਿਆਰੇ, ਵਾਹਿਗੁਰੂ ਦਾ ਜਾਪ ਕਰਕੇ ਸਿਰ ਤੇ ਟੋਕਰੀਆਂ ਰੱਖ ਕੇ, ਮੰਦਰ ਉਸਾਰ ਕੇ, ਜੀਵਾਂ ਦੇ ਤਾਈਂ ਸੁੱਖ ਦੇਣ ਵਾਲੀਆਂ ਸੰਪਰਦਾਵਾਂ, ਬਾਬਾ ਖੜਕ ਸਿੰਘ, ਬਾਬਾ ਉਤਮ ਸਿੰਘ ਜੀ ਤੇ ਜਿਹਨਾਂ ਦੇ ਉੱਪਰ ਅੱਜ ਹੱਲਾ ਹੋਇਆ, ਉਹ ਸਨ ਬਾਬਾ ਹਰੀ ਸਿੰਘ ਜੀ ਦੇ ਨਾਂਅ ਨਾਲ, ਜੋ ਆਪ ਸੱਚਖੰਡ ਚਲੇ ਗਏ। ਉਹਨਾਂ ਦੇ ਪਿੱਛੋਂ ਬਾਬਾ ਜਗਤਾਰ ਸਿੰਘ ਜੀ ਅਤੇ ਬਾਬਾ ਸੀਸਾ ਸਿੰਘ ਜੀ ਆਦਿਕ ਗੁਰਮੁਖ ਪਿਆਰੇ, ਸਾਰੇ ਇਕੱਠੇ ਹੋ ਕੇ ਸੇਵਾ ਨਿਭਾ ਰਹੇ ਹਨ, ਉਹਨਾਂ ਟੋਕਰੀ ਚੁੱਕਣ ਵਾਲਿਆਂ ਦੇ ਉੱਪਰ ਖ਼ਾਲਸਾ ਜੀ ਅੱਜ ਗੋਲੀਆਂ ਚਲਾ ਕੇ ਉਹਨਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ। ਮੇਰੇ ਉੱਪਰ ਕਈ ਵੇਰਾਂ ਸ਼ੱਕ ਕੀਤੀ ਜਾਂਦੀ ਆ, ਇਹ ਸ਼ਸ਼ਤਰ ਰੱਖਦਾ ਤੇ ਮੇਰੇ 'ਤੇ ਤਾਂ ਸ਼ੱਕ ਕੋਈ ਐਸੀ ਕਰ ਲਵੇਗਾ (ਪਰ) ਟੋਕਰੀ ਵਾਲੇ ਨੇ ਕੀ ਚਲਾ ਦਿੱਤਾ। ਜੋ ਰਿਪੋਰਟ ਮਿਲੀ ਆ, ਉਹ ਸੁਣਨ ਵਿੱਚ ਆਇਆ ਕਿ ਸ਼ਰਮਾ ਸ਼ਰਮਾ ਕੋਈ ਥਾਨੇਦਾਰ ਹੈ, ਉਹਨੇ ਆਉਂਦਿਆਂ ਗੋਲੀ ਦੀ ਛੁਟ ਕਰ ਦਿੱਤੀ। ਐਸ. ਡੀ. ਐਮ. ਪਿੱਛੋਂ ਆਇਆ, ਉਹਨੇ ਆਣ ਕੇ ਪੁੱਛਿਆ, ਕਿਹਦੇ ਹੁਕਮ ਨਾਲ ਗੋਲੀ ਚਲਾਈ ਆ ? ਚੁੱਪ ਵੱਟ ਲਈ ਸਾਰਿਆਂ ਨੇ। ਟੋਕਰੀਆਂ ਉਹਨਾਂ ਦੇ ਕੋਲ ਸਨ। ਟੋਕਰੀਆਂ ਵਾਲਿਆਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਜਾਂ ਹੋਰ ਜਿਹੜੇ ਬੈਠੇ ਸਨ..... ਅਤੇ ਬਜ਼ੁਰਗਾਂ ਦੀ ਪੁੱਛ ਗਿੱਛ ਕੀਤੀ ਗਈ, ਪਰ ਗੌਰਮੈਂਟ ਨਹੀਂ ਚਾਹੁੰਦੀ ਕਿ ਮਾਮਲਾ ਸ਼ਾਂਤਮਈ ਤਰੀਕੇ ਨਾਲ, ਕਿਸੇ ਨਾਲ ਗੱਲਬਾਤ ਕਰਕੇ ਹੱਲ ਕੀਤਾ ਜਾਵੇ। ਗੌਰਮੈਂਟ ਨੇ ਤਾਂ ਇਹ ਨੀਤੀ ਅਪਣਾਈ ਹੋਈ ਆ ਕਿ ਚੱਲ ਰਹੇ ਧਰਮ ਯੁੱਧ ਮੋਰਚੇ ਨੂੰ ਕਿਵੇਂ ਦਬਾਇਆ

ਜਾਏ ਅਤੇ ਆਪਣੀਆਂ ਜ਼ਾਤੀ ਖਾਹਿਸ਼ਾਂ ਕਿਵੇਂ ਪੂਰੀਆਂ ਕੀਤੀਆਂ ਜਾਣ ? ਸਿੱਖ ਕੌਮ.....
.....।

ਖ਼ਾਲਸਾ ਜੀ ਇਸ ਵਿਰੁੱਧ ਡਟ ਕੇ ਹੀ ਆਪਣੇ ਆਪ ਨੂੰ ਬਚਾ ਸਕਦੇ ਹਾਂ। ਬਾਬਾ ਬਕਾਲਾ ਸਾਹਿਬ ਤੋਂ ਬਹੁਤ ਖ਼ਬਰਾਂ ਆ ਰਹੀਆਂ ਹਨ। ਪਹਿਲਾਂ ਵੀ ੮੦ ਸਾਲ ਦੇ ਲਾਲੇ ਦੇ ਮਾਰੇ ਜਾਣ 'ਤੇ ਹਿੰਦੂ ਸਿੱਖ ਟੈਨਸ਼ਨ ਪੈਦਾ ਕਰਕੇ ਦਮਦਮੀ ਟਕਸਾਲ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਗੌਰਮੈਂਟ ਨੇ ਚੰਦੋ ਕਲਾਂ ਪਿੰਡ ਨੂੰ ਘੇਰੇ ਵਿੱਚ ਲਿਆ (ਪਰ) ਉਹ ਕੋਸ਼ਿਸ਼ ਕਾਮਯਾਬ ਨਾ ਹੋਈ। ਉਹ ਸਰੀਰਕ ਨੁਕਸਾਨ ਵੀ ਪਹੁੰਚਾਉਣਾ ਚਾਹੁੰਦੀ ਸੀ। ਸਾਡੇ ਇਸ਼ਟ ਗੁਰੂ ਗਰੰਥ ਸਾਹਿਬ ਜੀ ਨੂੰ ਅੱਗ ਲਾ ਕੇ ਸਾਡੇ ਧਰਮ 'ਤੇ ਹਮਲਾ ਕੀਤਾ ਗਿਆ। ੩ ਲੱਖ ਦਾ ਸਮਾਨ ਪੁਲੀਸ ਦੇ ਅਫੀਸਰਾਂ ਨੇ ਲੁੱਟਿਆ ਪਰ ਅਸੀਂ ਇਸ ਸ਼ਾਂਤੀ ਦਾ ਸ਼ਿਕਾਰ ਹੋਏ। ਸਿੱਖ ਕੌਮ ਇਸ ਘਟਨਾ ਦੀ ਅਦਾਲਤੀ ਜਾਂਚ ਨੂੰ ਉਡੀਕ ਰਹੀ ਹੈ। ਜਦੋਂ ਕਿ ਇਹ ਇਨਕੁਆਰੀ ਅਜੇ ਤਕ ਸ਼ੁਰੂ ਵੀ ਨਹੀਂ ਹੋਈ। ਇਸ ਤੋਂ ਮਗਰੋਂ ੧੫ ਹਜ਼ਾਰ ਦੀ ਗਿਣਤੀ ਵਿੱਚ ਪੁਲੀਸ ਨੇ ਮਹਿਤੇ ਨੂੰ ਘੇਰਾ ਪਾ ਲਿਆ। ਗੌਰਮੈਂਟ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰਦੀ ਰਹੀ, ਪਰ ਗੁਰੂ ਜੀ ਦੀ ਕਿਰਪਾ ਨਾਲ ਉਹ ਪੂਰੀ ਤਰ੍ਹਾਂ ਕਾਮਯਾਬ ਨਾ ਹੋਈ। ਮੈਂ ਆਪਣੀ ਗ੍ਰਿਫ਼ਤਾਰੀ ਦਾ ਐਲਾਨ ਕਰ ਦਿੱਤਾ ਅਤੇ ਪੁਲਸ ਹਿਰਾਸਤ ਵਿੱਚ ਚਲਿਆ ਗਿਆ। ਸ਼ਾਂਤੀ ਰੱਖਣ ਦੇ ਬਾਵਜੂਦ ੧੮ ਸਿੰਘ ਮਾਰ ਦਿੱਤੇ ਗਏ। ਸਿੰਘਾਂ ਨੇ ਸ਼ਹਾਦਤ ਪ੍ਰਾਪਤ ਕੀਤੀ। ਅਜੇ ਤਾਈਂ ਅਸੀਂ ਸ਼ਾਂਤੀ ਕਾਇਮ ਰੱਖੀ ਹੋਈ ਹੈ। ਮੈਂ ਗ੍ਰਿਫ਼ਤਾਰ ਅਤੇ ਫਿਰ ਰਿਹਾਅ ਹੋਇਆ। ਕੌਮੀ ਏਕਤਾ ਵਿੱਚ ਇੱਕ ਫ਼ਰਕ ਹੈ।

ਸਮਾਂ ਆਉਣ 'ਤੇ ਸ਼ਹਾਦਤ ਤੋਂ ਟਾਲਾ ਨਹੀਂ ਕਰਨਾ

ਖ਼ਾਲਸਾ ਜੀ, ਅਸੀਂ ਸ਼ਹਾਦਤ ਦਾ ਜ਼ਾਮ ਪੀ ਕੇ, ਸ੍ਰੀ ਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਦੇ ਸਤਿਕਾਰ ਨੂੰ ਕਾਇਮ ਰੱਖਣ ਵਾਸਤੇ ਕੁਰਬਾਨੀ ਕਰਨੀ ਆਂ, ਜਿਸ ਦਿਨ, ਜਿਸ ਟਾਈਮ ਵਿੱਚ ਵੀ ਹੋਈ ਉਹਦੇ ਤੋਂ ਅਸੀਂ ਟਾਲਾ ਕਦੇ ਨਹੀਂ ਕਰਨਾ, ਤਾਂ ਜਾ ਕੇ ਆਪਾਂ ਨੂੰ ਸਫ਼ਲਤਾ ਪ੍ਰਾਪਤ ਹੋਵੇਗੀ। ਮੈਂ ਸਾਰੀ ਸੰਗਤ ਨੂੰ ਬੇਨਤੀ ਕਰਾਂਗਾ, ਵਿਸ਼ੇਸ਼ ਤੌਰ 'ਤੇ ਨੌਜਵਾਨਾਂ ਨੂੰ ਤੇ ਮਰਜੀਵੜਿਆਂ ਨੂੰ ਵੀ ਬੇਨਤੀ ਕਰਾਂਗਾ (ਕਿ) ਨਾਂਅ ਤੁਸਾਂ ਲਿਖਵਾਏ ਆ, ਪ੍ਰਣ ਤੁਸਾਂ ਕੀਤੇ ਆ। ਸ਼੍ਰੋਮਣੀ ਅਕਾਲੀ ਦਲ ਦੇ ਦਫਤਰ ਵਿੱਚ ਵੀ ਸਿੰਘਾਂ ਦੇ ਨਾਂਅ ਲਿਖਵਾਏ ਗਏ ਆ, ਕੁਝ ਪ੍ਰੇਮੀਆਂ ਨੇ ਦਾਸ ਕੋਲੇ ਵੀ ਨਾਂਅ ਲਿਖਵਾਏ ਆ। ਉਸ ਟਾਈਮ 'ਤੇ ਉਹਨਾਂ ਨੌਜਵਾਨਾਂ ਨੂੰ ਜਾਂ ਬਜ਼ੁਰਗਾਂ ਨੂੰ ਇਹ ਬੇਨਤੀ ਕੀਤੀ ਗਈ ਸੀ ਕਿ ਸਿੰਘੋ, ਜਿਹਨਾਂ ਨੇ ਧੀਆਂ ਭੈਣਾਂ ਦੀ ਲੁੱਟੀ ਇਜ਼ਤ, ਮਾਸੂਮਾਂ ਦਾ ਪੀਤਾ ਖ਼ੂਨ, ਗੁਰਦੁਆਰਿਆਂ ਦੀ ਕੀਤੀ ਬੇਅਦਬੀ, ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਤਿਕਾਰ 'ਚ ਪਾਇਆ ਫ਼ਰਕ, ਉਹਨਾਂ ਲੋਕਾਂ ਤੋਂ ਜਿਹਨਾਂ ਨੇ ਹੱਕ ਲੈਣਾ ਤੇ ਪੱਪੂ ਮੰਮੀ ਹੋਣਾ ਨੂੰ ਸਦਾ ਵਾਸਤੇ ਫ਼ਤਹਿ ਬੁਲਾ ਦਿੱਤੀ ਆ ਤੇ ਘਰ ਦਾ ਜਿਹਨਾਂ ਨੂੰ ਮੋਹ ਨਹੀਂ, ਉਹ ਨਾਂਅ ਇਸ ਮਰਜੀਵੜਿਆਂ 'ਚ ਲਿਖਵਾਇਉ ਤੇ ਜਿਹਨੂੰ ਇਹ ਖ਼ਿਆਲ ਹੋਵੇ ਕਿ ਮੈਨੂੰ ਐਮ. ਐਲ. ਏ. ਦੀ ਟਿਕਟ ਮਿਲੇਗੀ, ਮੇਰਾ ਮੁੰਡਾ ਚੇਅਰਮੈਨ ਲੱਗ ਜਾਵੇਗਾ, ਕੁਰਸੀ ਮਿਲੇਗੀ, ਉਹ ਨਾਂਅ ਨਾ ਲਿਖਵਾਇਉ। ਇਥੇ ਕੁਰਸੀਆਂ ਦਾ ਕੰਮ ਨਹੀਂ ਆਪਣੇ ਕੋਲ ਹੁਣ, ਕੁਰਸੀਆਂ ਦਾ ਜਦੋਂ ਸਮਾਂ ਆਵੇਗਾ ਉਦੋਂ ਵੇਖੀ ਜਾਵੇਗੀ। ਹੁਣ ਕੰਮ ਆ ਸਿਰ

ਦੇ ਕੇ ਆਪਣਾ ਹੱਕ ਪ੍ਰਾਪਤ ਕਰਨਾ ਤੇ ਜਿਹਨਾਂ ਨੇ ਇਸ਼ਟ ਦੀ ਬੇ-ਅਦਬੀ ਕੀਤੀ ਉਹਨਾਂ ਤੋਂ ਸਿਰ ਲੈਣਾ। ਇਹ ਕਹਿ ਕੇ ਪ੍ਰਣ ਕਰਵਾਏ ਗਏ ਸੀ, ਪਰ ਅੱਜ ਬਹੁਤ ਭਾਰੀ ਦੁੱਖ ਨਾਲ ਕਹਿਣਾ ਪਵੇਗਾ ਕਿ ਜੇ ਇਸੇ ਤਰ੍ਹਾਂ ਆਪਾਂ ਸਦਾ ਦੀ ਨੀਂਦੇ ਸੁੱਤੇ ਰਹੇ, ਆਪਾਂ ਨੂੰ ਕਿਸੇ ਨੇ ਛੱਡਣਾ ਨਹੀਂ।

ਬਾਬਾ ਬਕਾਲਾ ਵਿਖੇ ਪਹੁੰਚਣ ਦੀ ਅਪੀਲ

ਹੱਥ ਜੋੜ ਕੇ ਬੇਨਤੀ ਕਰਾਂਗਾ ਤੇ ਹੱਕ ਲੈਣ ਵਾਸਤੇ ਜ਼ਰੂਰ ਨੌਜਵਾਨਾਂ ਨੂੰ ਪ੍ਰੇਰਨਾ ਕਰਾਂਗਾ ਕਿ ਆਪਾਂ ਨੂੰ ਕੱਲ ਤੋਂ, ਅੱਜ ਰਾਤ ਤੋਂ ਈਂ, ਜਿੰਨਾ ਕੁ ਹੋ ਸਕੇ, ਕੱਲ ਅੰਮ੍ਰਿਤ ਵੇਲੇ ਤੋਂ, ਬਾਬਾ ਬਕਾਲਾ ਸਾਹਿਬ ਵਿੱਚ ਵਹੀਰਾਂ ਘੱਤ ਦੇਣੀਆਂ ਚਾਹੀਦੀਆਂ। ਜਦੋਂ ਤੱਕ ਪੁਲੀਸ ਬਾਬਾ ਬਿਸ਼ਨ ਸਿੰਘ ਸਾਹਿਬ ਜੀ ਦਾ ਅਸਥਾਨ, ਮੀਰੀ ਪੀਰੀ ਜੀ ਦੇ ਮਾਲਕ ਦਾ ਅਸਥਾਨ, ਉਹਦੇ ਵਿੱਚੋਂ ਪੁਲੀਸ ਬਾਹਰ ਨਹੀਂ ਜਾਂਦੀ, ਬਾਬੇ ਬਕਾਲੇ ਵਿੱਚੋਂ ਥਾਂ ਖਾਲੀ ਨਹੀਂ ਕਰਦੀ, ਜਦੋਂ ਤਕ ਉਹਨਾਂ ਦੇ ਹਥਿਆਰ ਵਾਪਸ ਨਹੀਂ ਕਰਦੀ, ਲਾਸ਼ਾਂ ਸਿੰਘਾਂ ਦੀਆਂ ਵਾਪਸ ਨਹੀਂ ਦਿੰਦੀ, ਜਿਹੜੇ ਜ਼ਖ਼ਮੀ ਫੜ ਕੇ ਪੁਲੀਸ ਲੈ ਗਈ ਆ, ਉਹ ਵਾਪਸ ਨਹੀਂ ਕਰਦੀ, ਉਦੋਂ ਤੱਕ ਖ਼ਾਲਸਾ ਜੀ ਆਪਾਂ ਨੂੰ ਸੁੱਖ ਦੀ ਨੀਂਦੇ ਸੋਣਾਂ ਨਹੀਂ ਚਾਹੀਦਾ ਤੇ ਟਿਕ ਕੇ ਨਹੀਂ ਬੈਠਣਾ ਚਾਹੀਦਾ। ਵੱਧ ਤੋਂ ਵੱਧ ਇੱਕਠ ਬਾਬਾ ਬਕਾਲਾ ਸਾਹਿਬ ਵਿਖੇ ਕੱਲ ਨੂੰ ਕਰੋ। ਜੇ ਕੋਈ ਹੋਰ ਇੱਕਠ ਦੀ ਲੋੜ ਪਵੇਗੀ, ਉਹਦੇ ਬਾਰੇ ਵਿਚਾਰ ਕਰਕੇ ਬਾਬਾ ਜੀ ਆਪਾਂ ਨੂੰ ਕਿਸੇ ਟਾਈਮ ਵਿੱਚ ਦੱਸਣਗੇ। ਸੋ ਕੱਲ ਨੂੰ ਵੱਧ ਤੋਂ ਵੱਧ ਨੌਜਵਾਨ, ਬਜ਼ੁਰਗਾਂ ਨੂੰ ਵੀ ਇਹ ਨਹੀਂ ਕਿ ਪਾਬੰਦੀ ਆ, (ਉਹ ਵੀ) ਜਾਣ, ਨੌਜਵਾਨ ਵੀ ਜਾਣ, ਮਾਈਆਂ ਬੀਬੀਆਂ ਵੀ ਜਾਣ। ਵੱਡਾ ਇਕੱਠ ਕਰੋ ਅਤੇ ਹੱਕ ਲੈਣ ਵਾਸਤੇ, ਸਤਿਗੁਰੂ ਅੱਗੇ ਅਰਦਾਸ ਕਰੀਏ। ਜਿਸ ਤਰੀਕੇ ਨਾਲ ਸਾਥੋਂ ਹੱਕ ਲਿਆ ਜਾਵੇ, ਉਸ ਤਰੀਕੇ ਨਾਲ ਹੱਕ ਲੈਣ ਵਾਸਤੇ ਤਿਆਰ ਰਹਿਣਾ ਚਾਹੀਦਾ ਆ, ਪਰ ਉਸ ਦੀ ਵਰਤੋਂ, ਜਦੋਂ ਆਪਾਂ ਨੂੰ ਉਥੋਂ ਦੇ ਪ੍ਰਬੰਧਕ ਲੀਡਰ ਕਰਨਗੇ, ਉਹਨਾਂ ਲੀਡਰਾਂ ਬਾਰੇ ਸੰਤ ਜੀ ਆਪਾਂ ਨੂੰ ਦੱਸਣਗੇ, ਭਾਈ ਕਿਹੜੇ-ਕਿਹੜੇ ਲੀਡਰਾਂ ਨੂੰ ਹਦਾਇਤ ਹੋਈ ਆ, ਕਿਹਨਾਂ-ਕਿਹਨਾਂ ਨੂੰ ਸੁਨੇਹਾ ਮਿਲਿਆ ਜਾਂ ਕੱਲ ਤੱਕ ਮਿਲ ਜਾਵੇਗਾ, ਉਹਦੇ ਬਾਰੇ ਬਾਬਾ ਜੀ ਆਪ ਦੱਸਣਗੇ।

ਮੈਂ ਬੇਨਤੀ ਕਰਾਂਗਾ ਕਿ ਢਿੱਲ ਨਹੀਂ ਕਿਸੇ ਪ੍ਰਕਾਰ ਦੀ ਹੋਣੀ ਚਾਹੀਦੀ ਤੇ ਇਹ ਵੀ ਚੇਤਾ ਰੱਖਣਾ, ਇਹ ਨਾ ਖ਼ਿਆਲ ਕਰਿਉ ਕਿ ਉਥੇ ਈ ਗੜਬੜ ਆ। ਹੋ ਸਕਦਾ ਕਿ ਗੌਰਮਿੰਟ ਇਥੇ ਵੀ ਧੱਕਾ ਕਰੇ, ਪਰ ਇਥੋਂ ਦੀ ਬਹੁਤੀ ਚਿੰਤਾ ਨਾ ਕਰਿਉ, ਸਤਿਗੁਰੂ ਕ੍ਰਿਪਾ ਰੱਖਣ। ਇਹ ਨਹੀਂ ਭਈ ਜਿਹੜੇ, ਫੱਟ ਛਾਉਣੀਆਂ ਵਿੱਚ ਵੜ੍ਹ ਗਏ ਨਾ ਉਥੇ। ਇਥੇ ਢੇਰੀਆਂ ਵੇਖਿਉ ਆਹ ਖੰਭਿਆ ਜਿੰਨੀਆਂ-ਜਿੰਨੀਆਂ ਉੱਚੀਆਂ ਕਿਵੇਂ ਲੱਗਦੀਆਂ। ਇਹਨਾਂ ਨੂੰ ਆਉਣ ਦਿਉ ਇੱਕ ਵੇਰਾਂ। ਇਹ ਕੁਰਸੀਆਂ ਦੇ ਲਾਲਚ ਵਿੱਚ ਆ ਕੇ, ਕਦੇ ਕਿਸੇ ਨੂੰ ਬਦਲ ਦਿੱਤਾ, ਕਦੇ ਕਿਸੇ ਨੂੰ ਬਦਲ ਦਿੱਤਾ। ਸੰਤਾਂ ਨੂੰ ਵਿਖਾਉਂਦੇ ਆ, ਸੰਤ ਜੀ ਅਸੀਂ ਤੁਹਾਡੇ ਨਾਲ ਹਾਂ, ਤੁਹਾਡੇ ਹਾਮੀ ਆਂ।

੧੭ ਆਪੋਜੀਸ਼ਨ ਪਾਰਟੀਆਂ ਵੱਲੋਂ ਮੋਰਚੇ ਦੀ ਹਮਾਇਤ

ਮੈਂ ਇੱਕ ਆਪਣੇ ਬਜ਼ੁਰਗਾਂ ਨੂੰ ਤੇ ਬੁਲਾਰਿਆਂ ਨੂੰ ਬੇਨਤੀ ਕਰਾਂਗਾ, ਮੇਰਾ ਗੁੱਸਾ ਨਾ ਮਹਿਸੂਸ ਕਰਿਉ। ਮੈਂ ਭਲੇ ਨੂੰ ਮੁੱਖ ਰੱਖ ਕੇ ਬੇਨਤੀ ਕਰ ਰਿਹਾਂ, ਕਿਸੇ ਦਾ ਦਿਲ ਦੁਖਾਉਣ ਵਾਸਤੇ ਨਹੀਂ। ਰਾਮੂਵਾਲੀਆ ਜੀ ਬੋਲ ਰਹੇ ਸੀ ਕਿ ੧੭ ਆਪੋਜੀਸ਼ਨ ਪਾਰਟੀਆਂ ਨੇ ਆਪਣੀ ਹਮਾਇਤ ਕੀਤੀ

ਆ। ਇਹ ਮਾੜੀ ਗੱਲ ਨਹੀਂ, ਬਹੁਤ ਚੰਗੀ ਆ, ਕਿਉਂਕਿ ਜਦੋਂ ਵੀ ਸੰਘਰਸ਼ ਵਿੱਚ ਕੋਈ ਜੁੜੇ, ਉਹਦੇ ਨਾਲ ਹੱਥ ਮਜ਼ਬੂਤ ਹੁੰਦੇ, ਤਾਕਤ ਵੱਧਦੀ ਆ। ਮੇਰੇ ਕੋਲੇ ਵੀ ਉਹਨਾਂ ਸੱਜਣ ਲੀਡਰਾਂ ਵਿੱਚੋਂ ਕੁਝ (ਆਣ ਕੇ) ਮਿਲੇ ਆ, ਉਹਨਾਂ ਨਾਲ ਵਿਚਾਰ-ਵਟਾਂਦਰਾ ਹੋਇਆ। ਉਹ ਜਦੋਂ ਆਣ ਕੇ ਮਿਲੇ, ਕਹਿੰਦੇ ਸੰਤ ਜੀ ਇਥੇ ਫ਼ਰਕ ਬਹੁਤ ਆ, ਜੋ ਅਖ਼ਬਾਰਾਂ ਵਿੱਚ (ਆਉਂਦਾ) ਉਸ ਨਾਲੋਂ। ਮੈਂ ਆਖਿਆ ਭਾਈ ਤੁਸੀਂ ਜਾਣੋਂ ਤੇ ਤੁਹਾਡੇ ਪ੍ਰੈਸ ਜਾਨਣ। ਤੁਸੀਂ ਅੱਖਾਂ ਦੇ ਨਾਲ ਵੇਖ ਲਿਆ, ਇਸ ਦੇ ਵਿੱਚ ਫ਼ਰਕ ਆ, ਉਹ ਤੁਸੀਂ ਦੱਸੋ। ਕਹਿੰਦੇ ਜੀ ਇਥੇ, ਜਿਹੜੀ ਅਖ਼ਬਾਰਾਂ ਵਿੱਚ ਗੱਲ ਲਿਖੀ ਉਹ ਤਾਂ ਕੋਈ ਨਹੀਂ, ਐਵੇਂ ਲੜਾਉਣ ਵਾਸਤੇ ਅਖ਼ਬਾਰਾਂ ਨੇ ਲਿਖਿਆ। ਮੈਂ ਆਖਿਆ ਹੁਣ ਤੁਸੀਂ ਬਾਹਰ ਜਾ ਕੇ ਪ੍ਰਚਾਰ ਕਰੋ, ਮੈਂ ਤਾਂ ਅਜੇ ਜਾ ਨਹੀਂ ਸਕਦਾ, ਪਰ ਇੱਕ ਗੱਲ ਦਾ ਉੱਤਰ ਜ਼ਰੂਰ ਦੇ ਕੇ ਜਾਉ। ਕਹਿੰਦੇ ਜੀ ਦੱਸੋ ? ਮੈਂ ਕਿਹਾ ਦੋ ਹਿੰਦੂ ਆ ਤੇ ਦੋ ਸਿੱਖ ਆ, ਲਾਂਗਰੀ ਮੈਂ ਆਂ, ਰਸੋਈਆ ਤੇ ਤੁਹਾਡੇ ਚੋਹਾਂ ਦੀ ਪੰਗਤ ਲਵਾ ਕੇ, ਤੁਹਾਡੇ ਚੋਹਾਂ ਅੱਗੇ ਥਾਲੀਆਂ ਰੱਖ ਦਿਨੇ ਆਂ ਤੇ ਮੈਂ ਆਂ ਵਰਤਾਵਾ। ਦੋਹਾਂ ਸਿੰਘਾਂ ਦੀ ਥਾਲੀ ਤਾਂ ਖੀਰ ਤੇ ਪ੍ਰਸ਼ਾਦ ਨਾਲ ਭਰ ਜਾਵਾਂ ਤੇ ਤੁਹਾਡੇ ਕੋਲੋਂ ਦੀ ਲੰਘ ਜਾਵਾਂ ਉਸੇ ਤਰ੍ਹਾਂ ਈ ਤੇ ਲੰਗਰ ਵਿੱਚ ਚਲਿਆ ਜਾਵਾਂ। ਜਿਹੜੇ ਸਿੰਘ (ਆ ਉਹਨਾਂ) ਸਲੋਕ ਪੜ੍ਹ ਕੇ, ਇਹ ਛਕਣਾ ਸ਼ੁਰੂ ਕਰ ਦਿੱਤਾ। ਨਾਲੇ ਆਪ ਛਕੀ ਜਾਂਦੇ ਆਂ ਤੇ ਨਾਲੇ ਆਪ ਕਹੀ ਜਾਂਦੇ ਆ, ਪੰਡਿਤ ਜੀ ਤੁਹਾਡੇ ਨਾਲ ਬਹੁਤ ਧੱਕਾ ਹੋਇਆ, ਅਸੀਂ ਤੁਹਾਡੇ ਨਾਲ ਸਹਿਮਤ ਹਾਂ, ਤੁਹਾਨੂੰ ਹੱਕ ਮਿਲਣਾ ਚਾਹੀਦਾ, ਪਰ ਆਪ ਇੱਕ ਬੁਰਕੀ ਨਹੀਂ ਦਿੰਦੇ ਉਹਦੇ 'ਚੋਂ, ਖਾਈ ਆਪ ਈ ਜਾਂਦੇ ਆ। ਜਦੋਂ ਉਹ ਛਕ ਲਿਆ, ਪੇਟ ਪੂਰਤੀ ਹੋ ਗਈ ਤੇ ਉਹ ਜਿਹੜੇ ਸਿੰਘ ਬੈਠੇ ਸੀ ਉਹਨਾਂ ਛਕ ਲਿਆ, ਉੱਠ ਖੜੋਤੇ ਤੇ ਸ਼ਰਮ ਦਿਆਂ ਮਾਰਿਆਂ ਪੰਡਿਤ ਜੀ ਹੁਣਾਂ ਨੂੰ ਵੀ ਉੱਠਣਾ ਪੈਣਾ, ਰਸੋਈਏ ਨੇ ਤਾਂ ਆਉਣਾ ਨਹੀਂ। ਪੰਗਤ ਉੱਠ ਖੜੋਤੀ, ਟੂਟੀ 'ਤੇ ਚਲੇ ਗਏ। ਟੂਟੀ 'ਤੇ ਜਾ ਕੇ ਥਾਲੀਆਂ ਰੱਖ ਦਿੱਤੀਆਂ, ਹੱਥ ਧੋ ਲਏ ਚੂਲਾ ਕਰ ਲਿਆ ਤੇ ਸਿੰਘ ਫਿਰ ਕਹਿੰਦੇ ਪੰਡਿਤ ਜੀ ਤੁਹਾਡੇ ਨਾਲ ਬਹੁਤ ਧੱਕਾ ਹੋਇਆ, ਅਸੀਂ ਤੁਹਾਡੇ ਨਾਲ ਸਹਿਮਤ ਹਾਂ, ਤੁਹਾਨੂੰ ਹੱਕ ਮਿਲਣਾ ਚਾਹੀਦਾ। ਉਹਨਾਂ ਨੂੰ ਮਿਲਿਆ ਤਾਂ ਕੱਖ ਨਹੀਂ ਪਰ ਫਿਰ ਪੰਗਤ ਇੱਕ ਹੋਰ ਲੱਗ ਗਈ। ਉਹਦੇ ਵਿੱਚ ਹਿੰਦੂ ਭਾਈ ਫਿਰ ਬੈਠ ਗਏ ਤੇ ਰਸੋਈਏ ਨੇ ਫਿਰ ਸਿੱਖਾਂ ਨੂੰ ਥਾਲੀ ਭਰ ਦਿੱਤੀ ਤੇ ਹਿੰਦੂਆਂ ਨੂੰ ਫਿਰ ਛੱਡ ਦਿੱਤਾ ਪਰ ਜਿਹੜੇ ਸਿੱਖ, ਨਾਲ ਬੈਠੇ ਆ, ਉਹ ਭਰ ਕੇ ਬੁੱਕ ਆਪਣੀ ਥਾਲੀ ਵਿੱਚੋਂ, ਉਹ ਹਿੰਦੂ ਦੀ ਥਾਲੀ ਵਿੱਚ ਪਾ ਦਿੰਦੇ ਆ ਤੇ ਨਾਲ ਕਹਿੰਦੇ ਆ ਅਸੀਂ ਤੁਹਾਡੇ ਨਾਲ ਸਹਿਮਤ ਨਹੀਂ, ਪਰ ਆਹ ਤੁਸੀਂ ਛਕ ਲਵੋ। ਤੁਸੀਂ ਇਹ ਦੱਸੋ ਸਹਿਮਤੀ ਨਾਲ ਪ੍ਰਗਟ ਹੋਣਗੇ ਕਿ ਨਾ ਸਹਿਮਤੀ ਨਾਲ ਪ੍ਰਗਟ ਹੋਣਗੇ ? ਸਹਿਮਤ ਉਹ ਕਿਹੜੀ ਗੱਲ ਨਾਲ ਹੋਣਗੇ ? ਜਿਹੜਾ ਬੁੱਕ ਭਰ ਕੇ ਦਿੱਤਾ ਉਹਦੇ ਨਾਲ ਹੋਣਗੇ ਕਿ ਕੱਲੀਆਂ ਗੱਲਾਂ ਨਾਲ ਹੀ ਸਹਿਮਤ ਹੋਣਗੇ। ਸਹਿਮਤ ਸਾਰੇ ਕਹਿੰਦੇ ਆ।

ਹਿੰਦੂ ਆਗੂਆਂ ਨੂੰ ਸਵਾਲ

ਮੈਂ ਇਹਨਾਂ ਸਾਰਿਆਂ ਲੀਡਰਾਂ ਨੂੰ ਇੱਕ ਗੱਲ ਪੁੱਛੀ ਆ ਕਿ ਜਿਹੜੇ ਤੁਸੀਂ ਸਾਨੂੰ ਸਾਰੇ ਸਿੱਖਾਂ ਨੂੰ ਫਿਰਕਾਪ੍ਰਸਤ ਕਹਿੰਦੇ ਹੋ। ਐਮਰਜੈਂਸੀ ਦਾ ਮੋਰਚਾ ਲੱਗਾ, ਉਸ ਵੇਲੇ ਸੰਤ ਜੀ ਡਿਕਟੇਟਰ ਸੀ, ਜਿਵੇਂ ਹੁਣ ਹਨ। ੬੬ ਕਰੋੜ ਦੇ ਲੋਕਾਂ ਨੂੰ, ਰਾਜ ਵਾਲਿਆਂ ਨੇ ਪਕੜ ਕੇ ਜੇਲ੍ਹ 'ਚ ਬੰਦ

ਕਰ ਦਿੱਤਾ, ਪਰ ਕੀ ੬੬ ਕਰੋੜ ਦੇ ਲੋਕਾਂ ਦੀ ਗਿਣਤੀ ਵਾਲਿਆਂ ਵਿੱਚੋਂ, ਉਹਨਾਂ ਨੂੰ ਸੁਤੰਤਰ ਕਰਨ ਵਾਸਤੇ, ਜੇਲ੍ਹ 'ਚੋਂ ਕੱਢਣ ਵਾਸਤੇ, ਵੈਸ਼ਨੋ ਦੇਵੀ ਤੋਂ, ਕਮੱਖਿਆ ਦੇਵੀ ਤੋਂ, ਸ਼ਿਵਲਿੰਗ ਤੋਂ, ਮਥਰਾ ਤੋਂ, ਕੇਦਾਰ ਨਾਥ ਤੋਂ, ਬਦਰੀ ਨਰਾਇਣ ਤੋਂ, ਕਾਂਸੀ ਤੋਂ ਕੋਈ ਐਜੀਟੇਸ਼ਨ ਚੱਲੀ, ਕੋਈ ਮੋਰਚਾ ਲੱਗਾ, ਤੁਹਾਨੂੰ ਸੁਰਖਰੂ ਕਰਨ ਵਾਸਤੇ ? ਕਹਿੰਦੇ ਜੀ ਕੋਈ ਨਹੀਂ ਲੱਗਾ। ਮੈਂ ਆਖਿਆ ਜਿਹਨਾਂ ਨੂੰ ਤੁਸੀਂ ਫਿਰਕਾਪ੍ਰਸਤ ਕਹਿੰਦੇ ਆਂ, ਇਹਨਾਂ ਫਿਰਕਾਪ੍ਰਸਤਾਂ ਨੇ ਇਥੋਂ ਮੋਰਚਾ ਲਾਇਆ, ਅਕਾਲ ਤਖ਼ਤ ਸਾਹਿਬ ਤੋਂ, ਜਦੋਂ ਕਿ ਸਾਨੂੰ ਹੱਥ ਕੋਈ ਨਹੀਂ ਸੀ ਲਾਉਂਦਾ। ਹੱਥ ਜੋੜ ਕੇ ਇੰਦਰਾ ਕਹਿੰਦੀ ਸੀ ਤੁਸੀਂ ਨਾ ਬੋਲੋ, ਜਿਹੜਾ ਕੁਝ ਲੈਣਾ ਲੈ ਲਵੋ ਪਰ ਸਾਨੂੰ ਇਹਨਾਂ ਦੇ ਰਗੜੇ ਕੱਢ ਲੈਣ ਦਿਉ। ਉਦੋਂ ਤੁਹਾਨੂੰ ਛੁਡਾਉਣ ਵਾਸਤੇ, ਪੌਣੇ ਦੋ ਕਰੋੜ ਦੀ ਗਿਣਤੀ ਵਾਲਿਆਂ ਨੂੰ, ੪੦ ਹਜ਼ਾਰ ਨੇ ਗ੍ਰਿਫ਼ਤਾਰੀ ਦਿੱਤੀ ਤੇ ਜਦੋਂ ਹੁਣ ਸਮੁੱਚੇ ਪੰਜਾਬੀਆਂ ਵਾਸਤੇ ਮੋਰਚਾ ਲੱਗਾ ਤੇ ੬੬ ਕਰੋੜ ਦੀ ਗਿਣਤੀ ਵਾਲਿਆਂ ਵਿੱਚੋਂ ੪੦ ਸੌ ਵੀ ਗ੍ਰਿਫ਼ਤਾਰ ਨਹੀਂ ਹੋਇਆ ਤੇ ਸਟੇਜ 'ਤੇ ਜਿਹੜਾ ਆਉਂਦਾ- ਲੌਂਗੋਵਾਲ ਜੀ ਤੁਹਾਡੀਆਂ ਮੰਗਾਂ ਸੱਚੀਆਂ ਤੇ (ਜੇ) ਸੱਚੀਆਂ ਤਾਂ ਲਿਆਉ ੧੦ ਹਜ਼ਾਰ ਦਾ ਜਥਾ, ਚੱਲੀਏ ਜੇਲ੍ਹ ਨੂੰ। ਪਤਾ ਲੱਗ ਜਾਊ ਹਿੰਦੂ ਸਿੱਖ ਏਕਤਾ। ਸਟੇਜ 'ਤੇ ਖੜੋ ਕੇ ਕਹਿ ਜਾਣਾ, ਜਾ ਕੇ ਕਾਗਜ਼ 'ਤੇ ਲਿਖ ਕੇ ਦੇ ਦੇਣਾ, ਬੰਦਾ ਇੱਕ ਨਹੀਂ ਜੇਲ੍ਹ 'ਚ ਭੇਜਣਾ, ਇਹੋ ਜਿਹੀ ਸਹਿਮਤੀ ਕਰਨੀ ਕੀ ਆ ? ਜਦੋਂ ਆਪਾਂ ਮੋਰਚਾ ਆਪਣਾ ਲਾਇਆ, ਇੱਕ ਵੀ ਪਾਰਟੀ ਆਪਣੇ ਨਾਲ ਸਹਿਮਤ ਨਹੀਂ ਸੀ, (ਪਰ) ਮੋਰਚਾ ਆਪਣਾ ਉਦੋਂ ਵੀ ਚੱਲੀ ਗਿਆ ਤੇ ਜੇ ਹੁਣ ੧੭ ਪਾਰਟੀਆਂ ਅੱਜ ਸਹਿਮਤ ਹੋ ਗਈਆਂ, ਤਾਂ ੨ ਗੁਰਦਵਾਰਿਆਂ 'ਤੇ ਹਮਲਾ ਹੋ ਗਿਆ। ਇਹ ਕਿਉਂ ਹੋ ਰਿਹਾ ? ਉੱਪਰੋਂ ਸਾਡੇ ਨਾਲ ਡਰਾਮਾਂ ਕਿ ਅਸੀਂ ਕੁਝ ਹਿੰਦੂ ਤੁਹਾਡੇ ਨਾਲ ਹਾਂ, ਪਰ ਅੰਦਰੋਂ ਸਾਰਿਆਂ ਦੀ ਬੋਲੀ ਤੇ ਧੁਨੀ ਇੱਕ ਆ ਕਿ ਕੋਈ ਤਰੀਕਾ ਅਪਣਾਇਆ ਜਾਵੇ, ਸਿੰਘ ਨਾਂਅ ਵਾਲਾ ਸਿੰਘ ਤੇ ਕੌਰ ਨਾਂਅ ਵਾਲੀ ਬੀਬੀ, ਇਹਨਾਂ ਦੀ ਪੂਰੀ ਬੇ-ਇੱਜ਼ਤੀ ਕੀਤੀ ਜਾਵੇ। ਇਹਨਾਂ ਨੂੰ ਜਲੀਲ ਕਰਕੇ, ਗੁੰਮਰਾਹ ਕਰਕੇ, ਸਦਾ ਵਾਸਤੇ ਇਹਨਾਂ ਹਿੰਦੂਆਂ ਦੇ ਵਿੱਚ ਜਜ਼ਬ ਕੀਤਾ ਜਾਵੇ, ਮਿਲਾਇਆ ਜਾਵੇ, ਪਰ ਇਸ ਨੀਤੀ ਨੂੰ ਆਪਾਂ ਖ਼ਾਲਸਾ ਜੀ ਸਫ਼ਲ ਨਹੀਂ ਹੋਣ ਦੇਣਾ। ਉਸ ਨੂੰ ਕੁਚਲਣ ਵਾਸਤੇ, ਉਸ ਤੋਂ ਬਚਣ ਵਾਸਤੇ, ਤਰੀਕਾ ਕੀ ਆ ? ਤਰੀਕਾ ਇੱਕੋ ਇੱਕ ਆ ਕਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਓਟ ਤੱਕੋ, ਜਿੰਮੇਵਾਰਾਂ ਦਾ ਹੁਕਮ ਮੰਨੋ, ਮਿਲ ਕੇ ਰਹੋ ਤੇ ਸ਼ਸ਼ਤਰਧਾਰੀ ਹੋਵੋ। ਮੈਨੂੰ ੬ ਮਹੀਨੇ ਨਹੀਂ, ੬ ਸਾਲ ਹੋ ਗਏ ਬੇਨਤੀਆਂ ਕਰਦੇ ਨੂੰ। ਹੁਣ ਜਦੋਂ ਥਾਂ ਥਾਂ 'ਤੇ ਖੜਕਦੀਆਂ, ਕਹਿੰਦੇ ਬਾਬਾ ਜੀ ਕਿੰਨੇ ਕੁ ਆ ਤੁਹਾਡੇ ਕੋਲ ? ਜਿੰਨੀਆਂ ਫੈਕਟਰੀਆਂ ਲਗੀਆਂ ਉਨੇ ਕੁ ਹੋਣਗੇ। ਆਹ ਜਿੰਨੇ ਕੁ ਅਖ਼ਬਾਰਾਂ ਵਾਲੇ ਆਉਂਦੇ ਆ, (ਪੁੱਛਦੇ ਨੇ) ਤੁਹਾਡੇ ਕੋਲ ਜੀ ਫੈਕਟਰੀਆਂ ਕਿੰਨੀਆਂ, ਬੰਬ ਕਿੰਨੇ ਆਂ ? ਆਹ ਜਿੰਨੇ ਤੁਸੀਂ ਬੈਠੇ, ਸਾਰੇ ਬੰਬ ਆਂ। ਇਹੀ ਫੈਕਟਰੀ ਆ ਸਾਡੇ ਕੋਲੇ।

ਸੋ ਖ਼ਾਲਸਾ ਜੀ ਇਹਨੂੰ ਹੱਸ ਕੇ ਨਾ ਸਾਰੋ। ਸੋਚੋ ਹਾਲਤ ਕੀ ਆ ? ਅਜੇ ਮਤਾ ਖਿਆਲ ਕਰੋ ਕਿ ਬਾਬੇ ਬਕਾਲੇ ਕੰਮ ਨਿਬੜ ਗਿਆ। ਪਤਾ ਨਹੀਂ ਅਜੇ ਕਿੰਨੀਆਂ ਸ਼ਹੀਦੀਆਂ ਹੋਰ ਦੇਣੀਆਂ ਪੈਣ, ਪਰ ਉਹਨਾਂ ਸ਼ਹੀਦੀਆਂ ਤੋਂ ਆਪਾਂ ਡਰਨਾ ਨਹੀਂ।

"ਖਾਲਸਾ ਸੋਇ ਜੋ ਚੜਹਿ ਤੁਰੰਗ ॥ ਖਾਲਸਾ ਸੋ ਜੋ ਕਰੈ ਨਿਤ ਜੰਗ"।

ਆਪਾਂ ਨੂੰ ਤਾਂ ਜੰਗ ਵਿੱਚੋਂ ਕੁਝ ਮਿਲਦਾ, ਬੈਠ ਕੇ ਕੁਝ ਨਹੀਂ ਮਿਲਦਾ, ਪਰ ਸ਼ਾਂਤੀ ਦਾ ਰਾਹ ਆਪਾਂ ਅਪਣਾਈ ਜਾ ਰਹੇ ਆਂ। ਇਹ ਵੀ ਰੱਖਣੀ ਆਂ ਪਰ ਐਸੀ ਨਾ ਕਿਤੇ ਉਥੇ ਰੱਖ ਬੈਠਿਉ ਕਿ

ਆਪਾਂ ਸ਼ਾਂਤੀ ਰੱਖੀਏ, ਉਹ ਸੀਖ ਧੁਖਾ ਕੇ ਗੁਰੂ ਗਰੰਥ ਸਾਹਿਬ ਨੂੰ ਅੱਗ ਲਾ ਦੇਣ। ਉਦੋਂ ਸੋਚਣਾਂ ਤੇ ਜੇ ਸਤਿਗੁਰੂ ਦੀ ਬੇ-ਅਦਬੀ ਨਹੀਂ ਕਰਦੇ ਤੇ ਬਾਕੀ ਸਾਰਾ ਸਮਾਂ ਜਿਹੜਾ, ਉਹ ਸ਼ਾਂਤੀ ਪੂਰਵਕ ਲੰਘਾਉਣਾ। ਹੱਕ ਪੂਰਾ ਲੈਣਾ, ਇਕੱਠ ਵੱਡੇ ਤੋਂ ਵੱਡਾ ਕਰਨਾ, ਜਦੋਂ ਤੱਕ ਪੁਲੀਸ ਉਸ ਥਾਂ ਨੂੰ ਛੱਡ ਕੇ ਆਪ ਦੀਆਂ ਥਾਵਾਂ 'ਤੇ ਨਹੀਂ ਜਾਂਦੀ, ਜ਼ਖ਼ਮੀ ਤੇ ਸ਼ਹੀਦ ਸਿੰਘਾਂ ਨੂੰ ਸਾਨੂੰ ਵਾਪਸ ਨਹੀਂ ਦਿੰਦੀ, ਹਥਿਆਰ ਬਾਬਿਆਂ ਦੇ ਵਾਪਸ ਨਹੀਂ ਦਿੰਦੀ, ਉਦੋਂ ਤੱਕ ਆਪਾਂ ਨੂੰ ਡਟ ਕੇ ਮੁਕਾਬਲਾ ਕਰਨਾ ਚਾਹੀਦਾ ਤੇ ਜਿਹੜੇ ਲੀਡਰਾਂ ਦੀ ਡਿਊਟੀ ਲੱਗਣੀ ਆਂ, ਉਹ ਬਾਬਾ ਜੀ ਆਪ ਦੱਸਣਗੇ ਤੇ ਬਾਕੀ ਜੋ ਪ੍ਰੋਗਰਾਮ ਆਂ, ਉਹ ਉਹਨਾਂ ਦੀ ਰਸਨਾ ਤੋਂ ਸੁਣੋ।

ਸੰਗਤਾਂ ਨੂੰ ਮੈਂ (ਇਹ) ਬੇਨਤੀ ਵੀ ਕਰਾਂਗਾ (ਕਿ) ਕਈ ਵਾਰੀ ਜਦੋਂ ਸੁਣ ਲੈਂਦੇ ਆਂ, ਭੱਜ ਕੇ ਘਰਾਂ ਨੂੰ ਚਲੇ ਜਾਂਦੇ ਆਂ, ਪਿਛਲੇ ਬੁਲਾਰਿਆਂ ਨੂੰ ਗਿੱਧਾ ਨਹੀਂ ਪਾਉਣਾ ਆਉਂਦਾ, ਨਾ ਬੋਲੀਆਂ ਪਾਉਣੀਆਂ ਆਉਂਦੀਆਂ। ਗੁਰਮਤਿ ਦਾ ਈ ਪ੍ਰਚਾਰ ਕਰਨਾ, ਸੁਣ ਕੇ ਜਾਣ ਦੀ ਖੇਚਲ ਕਰਿਆ ਕਰੋ। ਜਦੋਂ ਕੋਲੇ ਆਉਨੇ ਆ, ਉਦੋਂ ਕਹਿੰਦੇ ਬਾਬਾ ਜੀ ਕੁਝ ਸੁਣਾਉ ਤੇ ਜਦੋਂ ਸੁਣਾਉਣ ਲੱਗਦੇ ਆਂ, ਉਦੋਂ ਕਹਿੰਦੇ ਕਵੇਲਾ ਹੋ ਗਿਆ ਘਰ ਨੂੰ ਜਾਣਾ, ਸੁਣਾਈਏ ਕਦੋਂ ? ਇਸ ਵਾਸਤੇ ਸਾਰੀ ਸੰਗਤ ਨੂੰ ਹੱਥ ਜੋੜ ਕੇ ਬੇਨਤੀ ਆ, ਸੁਣ ਕੇ ਜਾਣ ਦੀ ਖੇਚਲ ਕਰਿਆ ਕਰੋ। ਮੈਂ ਆਪਣੇ ਵੱਲੋਂ ਜਿਤਨੇ ਫੈਡਰੇਸ਼ਨ ਦੇ ਵੀਰ, ਸ਼ਹਿਰ ਨਿਵਾਸੀ, ਪਿੰਡਾਂ ਵਾਲੇ ਵੀਰ, ਜਥੇ ਲੈ ਕੇ ਜਾ ਰਹੇ ਜਥੇਦਾਰਾਂ ਦਾ ਤੇ ਜਥੇ 'ਚ ਜਾਣ ਵਾਲੇ ਮੈਂਬਰਾਂ ਦਾ, ਸਾਰਿਆਂ ਦਾ ਧਨਵਾਦ ਕਰਦਾ ਹਾਂ।

ਫੈਡਰੇਸ਼ਨ ਦੇ ਨੌਜੁਆਨਾਂ ਦੀ ਗ੍ਰਿਫ਼ਤਾਰੀ

ਬਾਕੀ ਇੱਕ ਨਵਾਂ ਕੰਮ ਹੋਰ ਵੀ ਪੁਲੀਸ ਨੇ ਅਰੰਭ ਕੀਤਾ। ਜਿਤਨੇ ਨੌਜੁਆਨ ਫੈਡਰੇਸ਼ਨ ਦੇ ਵਿਦਿਆਰਥੀ ਹਨ ਤੇ ਇਹਨਾਂ ਨਾਲ ਸੰਬੰਧਤ ਆ, ਉਹਨਾਂ ਨੂੰ ਥਾਂ ਥਾਂ 'ਤੇ ਪਕੜ ਕੇ ਜਿਵੇਂ ਫੈਡਰੇਸ਼ਨ ਦੇ ਪ੍ਰਧਾਨ ਇਥੋਂ ਦੇ, ਸਤਿੰਦਰਪਾਲ ਸਿੰਘ ਉਹਨਾਂ ਦਾ ਨਾਉਂ ਆ। ਉਹਨਾਂ ਦੇ ਭਰਾਵਾਂ ਨੂੰ, ਦੋਹਾਂ ਨੂੰ ਪਕੜ ਲਿਆ ਪੁਲੀਸ ਨੇ ਤੇ ਪਤਾ ਕੋਈ ਨਹੀਂ ਕਿੱਥੇ ਲੈ ਗਈ ਆ ? ਹੁਣੇ ਮੈਨੂੰ ਬਾਬਾ ਜੀ ਨੇ ਦੱਸਿਆ ਸੀ ਕਿ ਜਿਹੜੇ ਮੁਕਤਸਰ ਪਹਿਲਾਂ ਫੜੇ ਸੀ ਉਹ ਤਾਂ ਛੱਡ ਦਿੱਤੇ ਤੇ ਉਹਦਾ ਅਜੇ ਮੈਂ ਸੁਣਿਆ ਈ ਆਂ ਤੇ ਦੂਜੇ ਕੰਨ 'ਚ ਅਵਾਜ਼ ਪੈ ਗਈ ਕਿ ਦੋ ਹੋਰ ਫੜ੍ਹ ਲਏ ਉਥੇ। ਦੋਵਾਂ ਨੂੰ ਛੱਡ ਦਿੱਤਾ, ਦੋ ਹੋਰ ਫੜ ਲਏ ਆ। ਜਿਹਨਾਂ ਦੇ ਬਾਬਤ ਫੜਦੇ ਆ, ਉਹ ਨਰਕਧਾਰੀਏ ਕਹਿੰਦੇ ਸਾਡਾ ਝਗੜਾ ਕੋਈ ਨਹੀਂ। ਸਾਡੇ 'ਤੇ ਬੰਬ ਸਿੰਘਾਂ ਨੇ ਨਹੀਂ ਸੁੱਟਿਆ। ਉਹ ਇੱਕ ਪਟਾਕਾ ਚੱਲਿਆ। ਪੁਲੀਸ ਕਹਿੰਦੀ ਆ ਨਹੀਂ (ਬੰਬ) ਸੁੱਟਿਆ। ਜਿਹਦੇ ਘਰੇ ਬੰਬ ਸੁੱਟਿਆ, ਉਹ ਕਹਿੰਦਾ ਬਿਲਕੁਲ ਨਹੀਂ ਸੁੱਟਿਆ ਤੇ ਜਿਹੜੀ ਪੁਲੀਸ, ਉਹ ਕਹਿੰਦੀ ਆ ਸੁੱਟਿਆ। ਇਸ ਆੜ੍ਹ ਦੇ ਥੱਲੇ ਵਿਦਿਆਰਥੀਆਂ ਨੂੰ ਪਕੜ ਕੇ ਤਸੀਹੇ ਦਿੱਤੇ ਜਾ ਰਹੇ ਆ, ਪਰ ਆਪਾਂ ਨੂੰ ਘਬਰਾਉਣ ਦੀ ਲੋੜ ਨਹੀਂ ਤੇ ਪੁਨਾ ਪੁਨਾ ਨਿਖੇਧੀਆਂ ਕਰਨ ਦੀ ਵੀ ਲੋੜ ਨਹੀਂ। ਹੁਣ ਨਿਖੇਧੀ ਦਾ ਪੱਖ ਛੱਡ ਕੇ, ਹੱਕ ਲੈਣ ਵਾਲੇ ਪਾਸੇ ਕਮਰਕੱਸਾ ਕਰੋ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੧੯.

(ਦੀਵਾਨ ਹਾਲ ਮੰਜੀ ਸਾਹਿਬ, ਅੰਮ੍ਰਿਤਸਰ, ੦੪-੦੭-੧੯੮੩)

ਸਟੇਜ ਸੈਕਟਰੀ - ਹੁਣ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਆਪਣੇ ਵਿਚਾਰ ਰੱਖ ਰਹੇ ਆ, ਉਹਨਾਂ ਦੇ ਵਿਚਾਰ ਸੁਵਣ ਕਰੋ,

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸਤਿਗੁਰੂ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ ਜੀ ਦੀ ਸਾਜ਼ੀ ਨਿਵਾਜ਼ੀ ਗੁਰੂ ਖ਼ਾਲਸਾ ਸਾਧ ਸੰਗਤ ਜੀ, ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖਾਲਸਾ ॥

ਵਾਹਿਗੁਰੂ ਜੀ ਕੀ ਫਤਹਿ ॥

ਸੋ ਮੈਂ ਬੇਨਤੀ ਕਰਾਂਗਾ, ਜਿਹੜੇ ਪ੍ਰੇਮੀ ਬੋਲਣ ਵਾਸਤੇ ਆਪਣੇ ਵਿਚਾਰ ਦੱਸ ਰਹੇ ਹਨ ਉਹ ਸਤਿਗੁਰੂ ਕਿਰਪਾ ਕਰਨ, ਸਾਨੂੰ ਸਾਰਿਆਂ ਨੂੰ ਇੱਕ ਥਾਂ ਮਿਲ ਕੇ ਚੱਲਣ ਦੀ ਬੁੱਧੀ ਬਖਸ਼ਣ, ਮੈਂ ਆਪਣੇ ਵੱਲੋਂ ਜਥੇ 'ਚ ਜਾਣ ਵਾਲੇ ਸੱਜਣਾਂ ਦਾ, ਜਥੇਦਾਰਾਂ ਦਾ, ਮਾਈਆਂ ਅਤੇ ਬੀਬੀਆਂ ਦਾ ਬਹੁਤ ਧੰਨਵਾਦ ਕਰਦਾ ਹਾਂ।

ਸਿੰਘਾਂ ਨੂੰ ਦੁਰਗਿਆਣਾ ਮੰਦਰ ਦੇ ਗੇਟ 'ਤੇ ਰੋਕਣਾ

ਹਿੰਦੂ ਸਿੱਖ ਏਕਤਾ ਦੇ ਸੰਬੰਧ ਵਿੱਚ, ਅੱਜ ਇੱਕ ਖ਼ਬਰ ਮਿਲੀ ਆ ਕਿ ਆਪਾਂ ਭਾਵੇਂ ੧੯੪੭ ਤੋਂ ਲੈ ਕੇ ਹੁਣ ਦੇ ਟਾਈਮ ਤੱਕ ਵੀ ਆਪਣੇ ਵਿਚਾਰਾਂ ਵਿੱਚ ਇਹੀ ਖਿਆਲ ਰੱਖ ਰਹੇ ਹਾਂ। ਕੱਲ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਘਟਨਾ ਵਾਪਰੀ ਆ, ਦੁਰਗਿਆਣਾ ਮੰਦਰ ਵਿੱਚ। ਹਿੰਦੂ ਸ਼ਹਿਰ ਦਾ ਨਿਵਾਸੀ ਬਨਾਰਸੀ ਦਾਸ, ਉਹਦੇ ਪੁੱਤਰ ਦਾ ਨਾਂਅ ਹੈ ਰੋਸ਼ਨ ਲਾਲ। ਰੋਸ਼ਨ ਲਾਲ ਦੀ ਸ਼ਾਦੀ ਸੀ ਦਰਗਿਆਣੇ ਮੰਦਰ ਵਿੱਚ ਉਹਨਾਂ ਨੇ ਕਾਰਜ ਕਰਨਾ ਸੀ। ਇਸ ਸ਼ਹਿਰ ਦੇ ਸਿੱਖ ਨਿਵਾਸੀ ਅੰਮ੍ਰਿਤਧਾਰੀ ਸਿੰਘ, ਉਹਨਾਂ ਦੇ ਨਾਲ ਬਨਾਰਸੀ ਦਾਸ ਦਾ ਨਿੱਜੀ ਤੌਰ 'ਤੇ ਆਪਣਾ ਪਿਆਰ ਸੀ। ਆਪਣੇ ਪੁੱਤਰ ਦੀ ਸ਼ਾਦੀ ਉੱਪਰ, ਉਹਨਾਂ ਸਿੰਘਾਂ ਨੂੰ ਨਾਲ ਲਿਜਾਣਾ ਚਾਹਿਆ। ਜਿਸ ਵੇਲੇ ਮੰਦਰ ਦੇ ਗੇਟ 'ਤੇ ਪਹੁੰਚੇ, ਪਹਿਰੇਦਾਰ, ਚੌਕੀਦਾਰ ਨੇ ਉਸ ਵੇਲੇ ਕਿਹਾ, ਕਿ ਸਿੰਘੋ, ਜੇ ਤੁਸੀਂ ਮੰਦਰ ਅੰਦਰ ਜਾਣਾ ਤੇ ਕ੍ਰਿਪਾਨਾਂ ਲਾਹ ਦੇਵੋ। ਆਹ ਪਰਚੀ ਮੇਰੇ ਕੋਲ ਆ ਜੇਬ ਵਿੱਚ, ਇਸੇ ਸ਼ਹਿਰ ਦੇ ਸਿੰਘ ਨਿਵਾਸੀ ਹਨ ਪੰਜ। ਉਹਨਾਂ ਨੇ ਅੱਜ ਲਿਖ ਕੇ ਦਿੱਤੀ ਆ ਚਿੱਟ।

ਗਿਆਨੀ ਜੈਲ ਸਿੰਘ ਦਾ ਭਾਸ਼ਣ

ਥਾਂ ਥਾਂ 'ਤੇ ਪ੍ਰਾਪੇਗੰਡਾ ਕੀਤਾ ਜਾ ਰਿਹਾ, ਅਖ਼ਬਾਰ ਵਿੱਚ ਵੀ ਬੋਲਿਆ ਜਾ ਰਿਹਾ, ਰੇਡੀਉ 'ਤੇ ਵੀ ਬੋਲਿਆ ਜਾ ਰਿਹਾ। ਜਿਸ ਵੇਲੇ ਮੈਂ ਇਧਰ ਨੂੰ ਆਇਆਂ, ਉਸੇ ਵੇਲੇ ਖ਼ਬਰ ਸੁਣੀ ਸੀ, ਹਿੰਦੁਸਤਾਨ ਦਾ ਰਾਸ਼ਟਰਪਤੀ ਕਲਕੱਤੇ ਬੋਲ ਰਿਹਾ ਸੀ। ਉਸ ਨੇ ਰੇਡੀਉ 'ਤੇ ਭਾਸ਼ਨ ਦਿੱਤਾ, ਕਿ ਸੰਗਤਾਂ ਨੂੰ ਜਾਂ ਅਥਵਾ ਹਿੰਦੂ ਨਿਵਾਸੀ ਸੱਜਣਾਂ ਨੂੰ, ਹਿੰਦੁਸਤਾਨ ਨਿਵਾਸੀ ਸੱਜਣਾਂ ਨੂੰ, ਸਿੱਖ ਵੱਖਰੀ ਕੌਮ ਦੇ ਨਾਂਅ ਤੋਂ ਗੁੰਮਰਾਹ ਨਹੀਂ ਹੋਣਾ ਚਾਹੀਦਾ, ਇਹ ਕੁਝ ਲੋਕਾਂ ਦੀਆਂ ਆਪਣੀਆਂ ਕਹਾਣੀਆਂ ਤੇ ਗੱਲਾਂ ਹਨ। ਇਸ ਪਾਸੇ ਮੈਂ ਵਿਚਾਰ ਬਹੁਤੀ ਨਹੀਂ ਲਿਜਾਵਾਂਗਾ ਕਿਉਂਕਿ ਸਮਾਂ ਬਹੁਤ ਥੋੜਾ ਤੇ ਜਿਹਨਾਂ ਸੱਜਣਾਂ ਨੂੰ ਟਾਈਮ ਨਹੀਂ ਮਿਲਿਆ, ਉਹਨਾਂ ਨੂੰ ਵੀ ਸ਼ਾਇਦ ੧-੨ ਮਿੰਟ ਬੁਲਾਇਆ ਜਾਵੇ (ਤਾਂ) ਚੰਗਾ ਹੋਵੇ।

ਬਨਾਰਸੀ ਦਾਸ ਦਾ ਪੁੱਤਰ ਰੋਸ਼ਨ ਲਾਲ, ਉਸ ਦਾ ਪਿਤਾ ਜਿਹੜਾ ਬਨਾਰਸੀ ਦਾਸ, ਉਹ ਲੈ ਕੇ ਗਿਆ, ਸੁਰਿੰਦਰਪਾਲ ਸਿੰਘ ਭਾਟੀਆ, ਕੁਲਬੀਰ ਸਿੰਘ ਭਾਟੀਆ, ਮਹਿਦਰ ਸਿੰਘ ਭਾਟੀਆ ਅਤੇ ਤਰਲੋਕ ਸਿੰਘ ਭਾਟੀਆ ਤੇ ਸੁਰਜੀਤ ਸਿੰਘ। ਇਹ ਪੰਜ ਸਿੰਘਾਂ ਨੂੰ ਨਾਲ ਲੈ ਕੇ ਗਿਆ ਤੇ ਗੇਟ ਵਾਲੇ ਪਹਿਰੇਦਾਰ ਨੇ ਕਹਿ ਦਿੱਤਾ, ਜੇ ਤੁਸੀਂ ਅੰਦਰ ਜਾਣਾ ਤਾਂ ਕ੍ਰਿਪਾਨਾਂ ਲਾਹ ਕੇ ਬਾਹਰ ਕਿੱਲੀ 'ਤੇ ਟੰਗ ਕੇ ਜਾਂ ਮੈਨੂੰ ਫੜਾ ਦਿਓ ਤਾਂ ਫਿਰ ਅੰਦਰ ਜਾ ਸਕਦੇ ਆਂ ਤੇ ਬਨਾਰਸੀ ਦਾਸ ਨੇ ਕਿਹਾ ਕਿ ਇਹ ਮੇਰੇ ਨਾਲ ਆਏ ਆ, ਮੇਰੇ ਦੋਸਤ ਆ, ਮੇਰੇ ਮੁੰਡੇ ਦਾ ਵਿਆਹ ਆ, ਮੈਂ ਨਾਲ ਲੈ ਕੇ ਆਇਆਂ, ਇਸ ਵਾਸਤੇ ਇਹਨਾਂ ਨੂੰ ਲੰਘ ਜਾਣ ਦਿੱਤਾ ਜਾਵੇ ਪਰ ਪਹਿਰੇਦਾਰ ਨੇ ਕਿਹਾ ਕਿ ਇਹਨਾਂ ਦੇ ਮੂੰਹ 'ਤੇ ਦਾੜ੍ਹਾ ਤੇ ਗਾਤਰੇ ਕ੍ਰਿਪਾਨ ਆ, ਭਾਵੇਂ ਤੇਰੇ ਦੋਸਤ ਆ, ਪਰ ਕ੍ਰਿਪਾਨ ਵਾਲੇ ਨੂੰ ਦੁਰਗਿਆਨਾ ਮੰਦਰ ਵਿੱਚ ਜਾਣ ਦੀ ਕੋਈ ਖੁੱਲ ਨਹੀਂ। ਕਦੇ ਕਿਸੇ ਹਿੰਦੂ ਨੂੰ, ਕਿਸੇ ਮੁਸਲਮਾਨ ਨੂੰ, ਕਿਸੇ ਇਸਾਈ ਨੂੰ ਜਾਂ ਕਿਸੇ ਵੀ ਫਿਰਕੇ ਦੇ ਮਨੁੱਖ ਨੂੰ, ਕਦੇ ਸ੍ਰੀ ਦਰਬਾਰ ਸਾਹਿਬ ਵਿੱਚ ਬੰਦਸ਼ ਆਈ ਆ ? ਆਉਣ ਜਾਣ ਤੋਂ ਰੋਕ ਲਾਈ ਕਦੇ ? ਅਖ਼ਬਾਰਾਂ ਵਿੱਚ ਕਹਿੰਦੇ ਕਿ ਇਥੇ ਅਕਾਲੀ ਵਰਨ ਨਹੀਂ ਦਿੰਦੇ, ਜਦੋਂ ਕਿ ਕਿਸੇ ਨੂੰ ਵੀ ਕੋਈ ਰੁਕਾਵਟ ਨਹੀਂ ਤੇ ਜਿਹਨੂੰ ਕਹਿੰਦੇ ਆ ਕਿ ਦਰਬਾਰ ਸਾਹਿਬ ਦੇ ਬਰਾਬਰ ਹੀ ਇਹਨੂੰ ਪਵਿੱਤਰ ਦਰਜਾ ਕਰਾਰ ਦੇ ਦਿਉ। ਜੇ ਟਰਾਂਸਮੀਟਰ ਦਰਬਾਰ ਸਾਹਿਬ ਵਿੱਚ ਲਾਉਣਾ, ਉਹ ਦੁਰਗਿਆਣੇ ਮੰਦਰ ਵਿੱਚ ਵੀ ਲਾ ਦਿਉ। ਇਹ ਕੱਲ ਦੀ ਕਹਾਣੀ ਆ ਕੋਈ ਬਹੁਤੇ ਸਮਿਆਂ ਦੀ ਨਹੀਂ। ਪੰਜਾਂ ਸਿੰਘਾਂ ਤੇ ਪਾਬੰਦੀ ਲੱਗੀ, ਕਹਿੰਦੇ ਕ੍ਰਿਪਾਨਾਂ ਲਾਹੋ ਔਰ ਚੰਗੇ ਰਹੋ ਸਿੰਘ, ਮੈਨੂੰ ਤਾਂ ਉਲ੍ਹਾਮਾ ਦੇਣ ਆਏ ਸੀ, ਮੈਂ ਵਧਾਈ ਦਿੱਤੀ ਸਗੋਂ, ਕਹਿੰਦੇ ਕੀ ਗੱਲ ਆ ? ਮੈਂ ਕਿਹਾ ਸ਼ੁਕਰ ਆ ਕਿ ਤੁਹਾਡੀ ਅੱਖ ਕਿਤੇ ਖੁੱਲੀ ਆ।

ਨੌਵੇਂ ਪਾਤਿਸ਼ਾਹ ਜੀ ਦੀ ਸ਼ਹੀਦੀ ਬਾਰੇ ਹਿੰਦੂਆਂ ਦਾ ਦ੍ਰਿਸ਼ਟੀਕੋਣ

ਮੈਨੂੰ ਸਾਲ ਹੋ ਗਿਆ ਇਥੋਂ ਕਹਿੰਦੇ ਨੂੰ। ਪੰਜਵੇਂ ਪਾਤਿਸ਼ਾਹ ਨੂੰ, ਤੱਤੀ ਤਵੀ 'ਤੇ ਬੈਠਾਉਣ ਵਾਲਾ ਇਹਨਾਂ ਚੋਂ। ਛੇਵੇਂ ਪਾਤਿਸ਼ਾਹ ਨੂੰ ਜ਼ਹਿਰ ਦੇਣ ਵਾਲਾ ਇਹਨਾਂ 'ਚੋਂ। ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਵਾਉਣ ਵਾਲਾ ਇਹਨਾਂ 'ਚੋਂ ਤੇ ਇਹਨਾਂ ਸਾਰਿਆਂ ਦੀ ਬਾਬਤ ਹੀ ਨੌਵੇਂ ਪਾਤਿਸ਼ਾਹ ਨੇ ਤਿਲਕ ਅਤੇ ਜੰਞੂ (ਦੀ ਰਾਖੀ) ਵਾਸਤੇ ਸੀਸ ਦਿੱਤਾ ਤੇ ਅੱਜ ਇਹਨਾਂ ਲੋਕਾਂ ਨੇ ਕਿਤਾਬਾਂ ਛਪਵਾ ਦਿੱਤੀ ਆ ਕਿ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਸੀਸ, ਆਪਣੇ ਨਿੱਜੀ, ਘਰੋਗੀ ਝਗੜੇ ਵਿੱਚ

ਲੱਗਾ, ਹਿੰਦੂਆ ਵਾਸਤੇ ਕੋਈ ਪਰਉਪਕਾਰ ਨਹੀਂ ਕੀਤਾ। ਏਡਾ ਵੱਡਾ ਅਕ੍ਰਿਤਘਣਪੁਣਾ ਜਿਸ ਕੌਮ ਵਿੱਚ ਆ ਜਾਵੇ, ਜਿਹਨਾਂ ਲੋਕਾਂ ਵਿੱਚ ਆ ਜਾਵੇ, ਉਹਨਾਂ ਤੋਂ ਆਪਾਂ ਕੀ ਆਸ ਰੱਖਦੇ ਹਾਂ ?

ਬਾਬਾ ਬਕਾਲਾ ਕਾਂਡ ਬਾਰੇ ਰੇਡੀਉ ਤੋਂ ਝੂਠੀ ਖ਼ਬਰ

ਸੋ, ਜੋ ਬਾਬਾ ਬਕਾਲਾ ਸਾਹਿਬ ਵਿਖੇ, ਤਰਨ ਤਾਰਨ ਸਾਹਿਬ ਵਿੱਚ ਘਟਨਾਵਾਂ ਵਾਪਰੀਆਂ, ਉਹ ਤੁਸੀਂ ਪ੍ਰਧਾਨ ਸਾਹਿਬ ਦੀ ਰਸਨਾ ਤੋਂ ਵੀ ਕੱਲ ਸੁਣਿਆ ਸੀ, ਅੱਜ ਵੀ ਆਪਣੇ ਵਿਚਾਰ ਉਹ ਰੱਖਣਗੇ, ਅਖਬਾਰਾਂ ਵਿੱਚ ਵੀ ਤੁਸਾਂ ਪੜ੍ਹਿਆ। ਮੈਂ ਬੇਨਤੀ ਕਰਾਂਗਾ ਚੜ੍ਹਦੀ ਕਲਾ ਵਿੱਚ ਆਪਾਂ ਨੂੰ ਰਹਿਣਾ ਚਾਹੀਦਾ ਤੇ ਸ਼ਸ਼ਤਰਧਾਰੀ ਹੋਵੋ। ਅੱਜ ਰੇਡੀਉ 'ਤੇ ਬੋਲਿਆ ਜਾ ਰਿਹਾ ਸੀ ਸ਼ਾਂਮ ਦੀਆਂ ਖਬਰਾਂ 'ਚ ਕਿ ਬਾਬਾ ਬਕਾਲਾ ਸਾਹਿਬ ਵਿਖੇ ਜਿਹੜੀ ਘਟਨਾ ਵਾਪਰੀ ਆ, ਉਸ ਦੇ ਸੰਬੰਧ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਸੰਗਤਾਂ ਨੂੰ ਅਪੀਲ ਕੀਤੀ ਤੇ ਸੰਗਤਾਂ ਉੱਪਰ ਅਪੀਲ ਦਾ ਕੋਈ ਵੀ ਅਸਰ ਨਹੀਂ ਹੋਇਆ, ਕਿਉਂਕਿ ੩੦੦ ਬੰਦਾ ਪਹੁੰਚਿਆ। ਇਹ ਭਲਾ ਕਿਉਂ ਰੇਡੀਉ ਉੱਤੇ ਕਹਿ ਰਹੇ ਆ ? ਕਿ ਜਿਹੜੇ ਬਾਹਰ ਲੋਕ ਬੈਠੇ ਆ, ਉਹਨਾਂ ਦੇ ਮਨ ਵਿੱਚ ਇਹ ਭਰਮ ਪੈਦਾ ਹੋ ਜਾਵੇ ਕਿ ਸ਼ਾਇਦ ਜਿਹੜੀਆਂ ਸੰਗਤਾਂ, ਇਹ ਦਰਬਾਰ ਸਾਹਿਬ ਜਾਣੋ ਹਟ ਗਈਆਂ ਤੇ ਹੁਕਮ ਮੰਨਣੋ ਮੁਨਕਰ ਹੋ ਗਈਆਂ। ਮੁੱਖ ਕਾਰਨ ਰੇਡੀਉ 'ਤੇ ਬੋਲਣ ਦਾ ਇਹ ਆ, ਪਰ ਉਹਨਾਂ ਲੋਕਾਂ ਨੂੰ ਇਹ ਨਹੀਂ ਪਤਾ ਕਿ ਅਪੀਲ ਐਸ ਵੇਲੇ (ਸ਼ਾਮ ਨੂੰ) ਕੀਤੀ ਆ ਤੇ ਖਬਰ ਦਿਨ ਚੜ੍ਹੇ ੮:੦੦ ਵਜੇ ਲੋਕਾਂ ਕੋਲ ਪਹੁੰਚੀ ਆ ਤੇ ੧੨:੦੦ ਵਜਦੇ ਨੂੰ ਲੋਕ ਕਿੰਨੇ ਕੁ ਇਕੱਠੇ ਹੋ ਸਕਦੇ ਸੀ। ਇਹਨਾਂ ਰੇਡੀਉ ਵਾਲਿਆਂ ਨੂੰ ਸੁਣ ਲੈਣਾ ਚਾਹੀਦਾ, ਜਿਹੜੇ ਕਹਿੰਦੇ ਕਿ ਉਥੇ ਇਕੱਠ ਕੋਈ ਨਹੀਂ ਹੋਇਆ। ਆਪਣੀ ਸੀ.ਆਈ.ਡੀ. ੮ ਤਰੀਕ ਨੂੰ ਤਿਆਰ ਰੱਖਣ, ੮ ਨੂੰ ਭੋਗ ਆ ਨਾ (ਕਿਸੇ ਸਿੰਘ ਨੂੰ ਪੁੱਛਦੇ ਹਨ) ੮ ਤਰੀਕ ਨੂੰ ਭੋਗ ਹੈ, ਉਦੋਂ ਆਪਣੀ ਸੀ. ਆਈ. ਡੀ. ਨੂੰ ਉਥੇ ਜਾ ਕੇ ਪੁੱਛਿਉ ਬਈ ਇਕੱਠ ਹੋਇਆ ਜਾਂ ਨਹੀਂ ਹੋਇਆ ? ਸਤਿਗੁਰੂ ਸੱਚੇ ਪਾਤਿਸ਼ਾਹ ਕ੍ਰਿਪਾ ਕਰਨਗੇ ਤੇ ਸਮਾਂ ਦੱਸੇਗਾ.....। ਏਦੂੰ ਵੱਧ ਮੈਂ ਅੱਜ ਬਹੁਤਾ ਕੁਝ ਕਹਿਣਾ ਨਹੀਂ ਚਾਹੁੰਦਾ।

ਤਿਆਰ-ਬਰ-ਤਿਆਰ ਹੋਣ ਦੀ ਅਪੀਲ

ਸਮਾਪਤੀ ਵਿੱਚ ਨੌਜਵਾਨਾਂ ਨੂੰ ਇੱਕ ਬੇਨਤੀ ਕਰਦਾਂ, ਕੋਈ ਤਕਰੀਬਨ ਡੇਢ ਕੁ ਸੌ ਸਿੰਘ, ਨੌਜਵਾਨ ਆਹ ਬੈਠੇ ਦਿਸਦੇ ਵੀ ਆ ਦਾਸ ਕੋਲੋ, ਉਥੇ ਪਹੁੰਚੇ ਸੀ ਆਸਣ 'ਤੇ, ਉਹਨਾਂ ਨੂੰ ਬੇਨਤੀਆਂ ਕੀਤੀਆਂ। ਉਹਨਾਂ ਨੇ ਕੇਸ ਦਾੜ੍ਹਾ ਰੱਖਣ ਦਾ ਤੇ ਸ਼ਰਾਬ ਛੱਡਣ ਦਾ ਇਹ ਪ੍ਰਣ ਕੀਤਾ। ਉਥੇ ਵੀ ਬੇਨਤੀ ਕੀਤੀ, ਭਾਵੇਂ ਤੁਸੀਂ ਮੰਨ ਗਏ ਆਂ ਪਰ ਹਜ਼ੂਰ ਦੀ ਹਜ਼ੂਰੀ 'ਚ ਬੈਠੇ ਆਂ, ਪ੍ਰਣ ਕਰਕੇ ਮੁਕਰਿਉ ਨਾ। ਕੇਸ ਦਾੜ੍ਹਾ ਕਦੇ ਮੋਨਾਉਣਾ ਨਹੀਂ, ਸ਼ਰਾਬ ਕਦੇ ਪੀਣੀ ਨਹੀਂ, ਅੰਮ੍ਰਿਤ ਛਕਣ ਤੋਂ ਢਿੱਲ ਕਦੇ ਕਰਨੀ ਨਹੀਂ ਤੇ ਸ਼ਸ਼ਤਰ ਗਾਤਰਿਉਂ ਲਹੁਣਾ ਨਹੀਂ। ਇੰਨੀ ਬੇਨਤੀ ਕਰਦਾ ਖਿਮਾਂ ਦਾ ਜਾਚਕ ਹਾਂ, ਜਾਣ ਵਾਲੇ ਜਥੇ ਦਾ ਧਨਵਾਦ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੨੦.

(ਦੀਵਾਨ ਹਾਲ ਮੰਜੀ ਸਾਹਿਬ, ਅੰਮ੍ਰਿਤਸਰ, ੦੬-੦੭-੧੯੮੩)

ਸਟੇਜ ਸੈਕਟਰੀ - ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਆਪਣੇ ਵਿਚਾਰ ਰੱਖ ਰਹੇ ਹਨ, ਉਹਨਾਂ ਦੇ ਵਿਚਾਰ ਸਰਵਣ ਕਰੋ,

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥
ਸ਼੍ਰੋਮਣੀ ਅਕਾਲੀ ਦਲ, ਜ਼ਿੰਦਾਬਾਦ ॥
ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸ੍ਰੀ ਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਸਾਜ਼ੀ ਨਿਵਾਜ਼ੀ, ਗੁਰੂ ਰੂਪ ਖ਼ਾਲਸਾ ਸਾਧ ਸੰਗਤ ਜੀਉ, ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਗੁਰੂ ਪਿਆਰੇ ਖ਼ਾਲਸਾ ਜੀ, ਆਪ ਜੀ ਨੇ ਸਟੇਜ ਉੱਪਰ ਬੋਲਣ ਵਾਲੇ ਬੁਲਾਰਿਆਂ ਦੇ ਪਾਸੋਂ, ਸੁੰਦਰ ਵਿਚਾਰ ਸੁਣੇ ਹਨ। ਸਮਾਂ ਬਹੁਤ ਨਾਜ਼ਕ ਚੱਲ ਰਿਹਾ ਹੈ। ਜਿਸ ਦੇ ਵਿੱਚ ਦੀ ਲੰਘਦਿਆਂ ਹੋਇਆਂ, ਆਪਾਂ ਨੂੰ ਹਰ ਇੱਕ ਨੂੰ ਆਪੋ ਆਪਣੀ ਜਿੰਮੇਵਾਰੀ ਦਾ ਅਹਿਸਾਸ ਹੋਣਾ ਬੜਾ ਜ਼ਰੂਰੀ ਹੈ। ਜੋ ਲੋਕ ਕੁਰਸੀਆਂ 'ਤੇ ਬੈਠ ਕੇ, ਸਿੱਖ ਕੌਮ ਦੀ ਪੱਗ ਨੂੰ ਹੱਥ ਪਾਉਣ ਦੀਆਂ ਕੋਸ਼ਿਸ਼ਾਂ ਕਰ ਹੀ ਨਹੀਂ ਰਹੇ, ਬਲਕਿ ਪਾ ਲਿਆ ਹੈ। ਉਹਨਾਂ ਤੋਂ ਆਪਣੀ ਦਸਤਾਰ ਨੂੰ ਬਚਾਉਣ ਵਾਸਤੇ, ਆਪਾਂ ਨੂੰ ਕਮਰਬੰਦ ਹੋਣਾ ਪਵੇਗਾ।

ਗਿਆਨੀ ਜੈਲ ਸਿੰਘ ਦਾ ਬਿਆਨ

ਮਹਾਂਪੁਰਖ ਸਚਖੰਡ ਵਾਸੀ, ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂ ਮਹਿਤਾ ਵਾਲੇ, ਇਹ ਕਿਹਾ ਕਰਦੇ ਸੀ, ਸੱਚਖੰਡ ਗਮਨ ਤੋਂ ੭ ਦਿਨ ਪਹਿਲਾਂ ਦਾਸ ਦੇ ਜਨਮ ਅਸਥਾਨ ਰੋਡੇ ਵਿਖੇ ਕਿਸੇ ਕਾਰਨ ਕਰਕੇ ਗਏ, ਦਰਸ਼ਨ ਦਿੱਤੇ, ਉਸ ਦਿਨ ਉਹਨਾਂ ਮਹਾਂਪੁਰਖਾਂ ਨੇ ਇੱਕ ਬਚਨ ਕਿਹਾ ਸੀ ਕਿ ਸਿੰਘੋ, ਜੋ ਰਾਜਨੀਤਕ ਹੈ ਉਹਨਾਂ 'ਤੇ ੧੬ ਆਨੇ ਪੂਰਾ ਯਕੀਨ ਨਹੀਂ ਕਰਨਾ, ਕਿਉਂਕਿ ਵੋਟਾਂ ਦੇ ਟਾਈਮ 'ਤੇ ਕੁਰਸੀ ਦੀ ਪ੍ਰਾਪਤੀ ਵਾਸਤੇ ਖੋਤੇ ਨੂੰ ਬਾਪੂ ਕਹਿਣ ਤੋਂ ਸੰਕੋਚ ਨਹੀਂ ਕਰਦੇ (ਪਰ) ਕੁਰਸੀ 'ਤੇ ਬੈਠ ਕੇ ਪਿਤਾ ਨੂੰ ਖੋਤਾ ਕਹਿਣ ਤੋਂ ਵੀ ਗੁਰੇਜ਼ ਨਹੀਂ ਕਰਦੇ।

ਉਹ ਗੱਲ ਉਭਰ ਕੇ ਅਖ਼ਬਾਰਾਂ ਦੇ ਰੂਪ ਵਿੱਚ ਅੱਜ ਸਟੇਜ ਉੱਪਰੋਂ ਵੀ ਸਾਹਮਣੇ ਆ ਗਈ ਆ। ਕਿਹੜੀ ਆ ? ਕਿ ਜਿਤਨੇ ਵੀ, ਮਾਈ ਭਾਈ ਆਪਾਂ ਇਥੇ ਬੈਠੇ ਹਾਂ, ਇਹਨਾਂ ਵਿੱਚੋਂ ਜੰਮਿਆ

ਪਲਿਆ ਤੇ ਇਥੇ ਢੋਲਕੀ ਵਜਾ ਕੇ ਤੇ ਪ੍ਰਸ਼ਾਦਾ ਛਕ ਕੇ ਪੇਟ ਪੂਰਤੀ ਕਰਨ ਵਾਲਾ ਮਨੁੱਖ, ਗਿਆਨੀ ਜੈਲ ਸਿੰਘ 'ਜੋ ਹਿੰਦੋਸਤਾਨ ਦਾ ਰਾਸ਼ਟਰਪਤੀ ਹੈ।' ਮੈਂ ਕੱਲ ਪਰਸੋਂ ਇਥੇ ਸੁਣ ਰਿਹਾ ਸੀ, ਸਟੇਜ 'ਤੇ ਭਾਵੇਂ ਨਹੀਂ ਸੀ ਆਇਆ, ਉਥੇ ਬੜਾ ਸੋਹਣਾ ਸੁਣਦਾ ਸਪੀਕਰ ਤੋਂ, ਰਾਮੂਵਾਲੀਆ ਕਹਿ ਰਿਹਾ ਸੀ ਕਿ ਜੇ ਅਸੀਂ ਸਚਿਆਈ ਕਹਿੰਦੇ ਹਾਂ ਤਾਂ ਵਿਧਾਨ ਦੇ ਵੀ ਉਲਟ ਆ। ਜੇ ਝੂਠ ਬੋਲਦੇ ਹਾਂ ਤਾਂ ਆਤਮਾ ਦੇ ਉਲਟ ਹੈ, ਪਰ ਅਫਸੋਸ ਹੈ ਕਿ ਇਹ ਠੇਕਾ ਸਾਰਾ ਆਪਾਂ ਹੀ ਲੈ ਲਿਆ ਵਿਧਾਨ ਦੀ ਪਾਲਣਾ ਕਰਨ ਦਾ ? ਮੈਂ ਉਸ ਮਨੁੱਖ ਬਾਰੇ ਬਹੁਤਾ ਤਾਂ ਜ਼ਿਆਦਾ ਨਹੀਂ ਅੱਜ ਕਹਾਂਗਾ, ਸ਼ਾਇਦ ਕੱਲ ਨੂੰ ਸਮਾਂ ਮਿਲਿਆ ਤਾਂ ਕੁਝ ਵਿਚਾਰ ਰੱਖਾਂਗਾ। ਜਿਹੜਾ ਆਪਾਂ ਇਹ ਕਹਿ ਰਹੇ ਹਾਂ ਕਿ ਕਲਗੀਧਰ ਜੀ ਨੇ ਪੰਥ ਰਚਿਆ ਹੈ, ਇਹਦੇ ਤੋਂ ਕੋਈ ਸਿੱਖ ਮੁਨਕਰ ਨਹੀਂ ਹੋ ਸਕਦਾ, ਪਰ ਮੈਂ ਬੇਨਤੀ ਕਰਦਾ ਹਾਂ ਕਲਗੀਧਰ ਜੀ ਦੀ ਰਚਨਾ ਦੁਆਰਾ, ਕਲਗੀਧਰ ਜੀ ਨੇ ਆਪ ਪੰਥ ਨਹੀਂ ਰਚਿਆ, ਅਕਾਲ ਪੁਰਖ ਦਾ ਹੁਕਮ ਮੰਨ ਕੇ ਪੰਥ ਰਚਿਆ। ਜਿਸ ਵੇਲੇ ਹੇਮਕੁੰਟ ਸਾਹਿਬ ਤੋਂ, ਸਚਖੰਡ ਤੋਂ, ਸਤਿਗੁਰੂ ਅਕਾਲ ਪੁਰਖ ਦੇ ਸਾਹਮਣੇ ਪੇਸ਼ ਹੋ ਕੇ, ਬੇਨਤੀ ਕੀਤੀ ਆ, ਆਉਣ ਤੋਂ ਗੁਰੇਜ਼ ਕਰ ਰਹੇ ਸਨ, ਉਸ ਵੇਲੇ ਅਕਾਲ ਪੁਰਖ ਨੇ ਹੁਕਮ ਕੀਤਾ :

ਮੈਂ ਆਪਨਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ ਕਰਬੇ ਕਉ ਸਾਜਾ ॥

ਅਸੀਂ ਤੁਹਾਨੂੰ ਆਪਣਾ ਪੁੱਤਰ ਬਣਾ ਕੇ, ਆਪਣਾ ਬੇਟਾ ਬਣਾ ਕੇ, ਪੰਥ ਦੀ ਸਿਰਜਣਾ ਵਾਸਤੇ ਮਾਤ ਲੋਕ ਵਿੱਚ ਭੇਜ ਰਹੇ ਹਾਂ। ਜਿਸ ਅਕਾਲ ਪੁਰਖ ਦੀ ਨਿਰਵੈਰ ਸ਼ਕਤੀ ਅੱਗੇ ਕੁੱਲ ਦੁਨੀਆਂ ਨਿਉਂਦੀ ਆ, ਉਸ ਸ਼ਕਤੀ ਦਾ ਹੁਕਮ ਮੰਨ ਕੇ, ਭਾਵੇਂ :

ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥
ਕਲਾ ਧਾਰਿ ਜਿਨਿ ਸਗਲੀ ਮੋਹੀ ॥

(ਗਉੜੀ ਮ: ੫, ੨੮੭)

ਸਰੂਪ ਤਾਂ ਭਾਵੇਂ ਉਹੋ ਹੈ, ਪਰ ਆਪਣੀ ਕਲਮ ਦੇ ਨਾਲ ਬਚਿੱਤਰ ਨਾਟਕ ਵਿੱਚ ਕਲਗੀਧਰ ਜੀ ਨੇ ਲਿਖਿਆ ਕਿ ਸਾਨੂੰ ਆਪਣਾ ਪੁੱਤਰ ਵਡਿਆ ਕੇ, ਬਣਾ ਕੇ, ਨਿਵਾਜ਼ ਕੇ, ਮਾਤ ਲੋਕ ਵਿੱਚ ਅਕਾਲ ਪੁਰਖ ਨੇ ਭੇਜਿਆ ਕਿ ਤੁਸੀਂ ਪੰਥ ਦੀ ਸਿਰਜਣਾ ਕਰਨੀ ਆ ਤੇ ਪੰਥ ਕੈਸਾ ਕਾਇਮ ਕੀਤਾ ? ਕਿਤੇ ਇੱਕ ਧਨੀਆਂ ਦੇ ਵਿੱਚੋਂ ਨਹੀਂ ਚੋਣ ਕੀਤੀ, ਜਿਹਨਾਂ ਨੂੰ ਛੂਤ ਕਹਿ ਕੇ, ਸ਼ੂਦਰ ਕਹਿ ਕੇ ਧਿਰਕਾਰਿਆ ਜਾਂਦਾ ਸੀ, ਉਹਨਾਂ ਲੋਕਾਂ ਦੇ ਉੱਪਰ ਕ੍ਰਿਪਾ ਦ੍ਰਿਸ਼ਟੀ ਦਾ ਹੱਥ ਰੱਖ ਕੇ, ਸਤਿਗੁਰੂ ਜੀ ਨੇ ਪੰਜਾਂ ਦੀ ਚੋਣ ਕੀਤੀ ਤੇ ਪੰਜਾਂ ਤੋਂ ਅੱਗੇ ਅੰਮ੍ਰਿਤ ਦੀ ਦਾਤ ਆਪ ਵੀ ਲਈ ਤੇ ਪਰਿਵਾਰ ਦੇ ਕੁਰਬਾਨ ਕਰਨ ਦਾ ਬਚਨ ਕੀਤਾ, ਪਰ ਅਫ਼ਸੋਸ ਹੈ ਕਿ ਐਸੇ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਪੁੱਤਰਾਂ ਦੇ ਦਾਨੀ, ਸਰਬੰਸ ਦਾਨੀ ਨੇ ਜੋ ਕੁਰਬਾਨੀਆਂ ਕੀਤੀਆਂ, ਪਟਨਾ ਸਾਹਿਬ ਤੋਂ ਸਰੀਰਕ ਤੋਰ 'ਤੇ। ਪਟਨਾ ਸਾਹਿਬ ਤੋਂ ਚੱਲ ਕੇ ਆਨੰਦਪੁਰ ਤੇ ਆਨੰਦਪੁਰ ਸਾਹਿਬ ਤੋਂ ਚੱਲ ਕੇ ਥਾਂ ਥਾਂ 'ਤੇ ਵਿਚਰ ਕੇ ਜੀਵਾਂ ਦੀ ਕਲਿਆਣ ਕਰਕੇ ਸ੍ਰੀ ਹਜ਼ੂਰ ਸਾਹਿਬ, ਉਥੇ ਜੀਵਾਂ ਦੀ ਕਲਿਆਣ ਕਰਕੇ ਸਚਖੰਡ ਗਵਨ ਤੋਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਦਿੱਤੀ ਤੇ ਉਹ ਮਨੁੱਖ (ਗਿਆਨੀ ਜੈਲ ਸਿੰਘ) ਜਿਸ ਵੇਲੇ ਪੰਜਾਬ ਦਾ ਮੁੱਖ ਮੰਤਰੀ ਸੀ, ਇਹਨਾਂ ਪੱਗਾਂ ਵਾਲੇ ਵੀਰਾਂ ਨੂੰ ਆਪਣੇ ਨਾਲ ਜੋੜਨ ਵਾਸਤੇ, ਗੁਰੂ ਗੋਬਿੰਦ ਸਿੰਘ ਸਾਹਿਬ ਮਾਰਗ ਰਸਤਾ ਅਖਤਿਆਰ ਕਰਕੇ ਤੇ

ਸੜਕਾਂ ਬਣਾਉਣ ਦੇ ਬਹਾਨੇ ਤੇ ਤਰਾਨੇ ਸੀ ਤੇ ਜੇ ਅੱਜ ਚਪਲੀ (ਇੰਦਰਾ) ਦੇ ਜ਼ੋਰ ਨਾਲ ਰਾਸ਼ਟਰਪਤੀ ਬਣ ਗਿਆ ਤੇ ਕਹਿੰਦਾ ਸਿੱਖ ਵੱਖਰੀ ਕੌਮ ਨਹੀਂ।

ਖ਼ਾਲਸਾ ਜੀ, ਰਹਿਤਨਾਮੇ ਵਿੱਚ ਬਚਨ ਆਉਂਦੇ ਹਨ :

ਰਹਿਤ ਬਿਨਾ ਨਹਿ ਸਿਖ ਕਹਾਵੈ ॥

ਭਾਈ ਸਾਹਿਬ ਨੇ, ਪਹਿਲਾਂ ਬੋਲਣ ਵਾਲੇ ਨੇ ਇੱਕ ਪ੍ਰੇਮੀ ਨੇ ਕਿਹਾ ਸੀ ਕਿ ਉਹਨਾਂ ਨੂੰ ਕਹਿ ਦੇਣਾ ਚਾਹੀਦਾ ਕਿ ਮੈਂ ਸਿੱਖਾਂ ਦਾ ਪੁੱਤਰ ਨਹੀਂ। ਸਤਿਗੁਰੂ ਦਾ ਫੁਰਮਾਨ ਹੈ :

ਰਹਿਤ ਬਿਨਾ ਨਹਿ ਸਿਖ ਕਹਾਵੈ ॥
ਰਹਿਤ ਬਿਨਾ ਦਰ ਚੋਟਾਂ ਖਾਵੈ ॥
ਰਹਿਤ ਬਿਨਾ ਸੁਖ ਕਬਹੂ ਨਾ ਲਹੇ ॥
ਤਾਂ ਤੇ ਰਹਿਤ ਸੁ ਦ੍ਰਿੜ ਕਰ ਗਹੈ ॥

ਪ੍ਰਣ ਕਿੱਡਾ ਕੀਤਾ ?

ਯਾ ਮੈ ਰੰਚ ਨਾ ਮਿਥਿਆ ਭਾਖੀ ॥
ਪਾਰਬ੍ਰਹਮ ਗੁਰ ਨਾਨਕ ਸਾਖੀ ॥

ਜੇ ਕੋਈ ਮਨੁੱਖ ਸੌਂਹ ਖਾ ਕੇ ਕਹਿੰਦਾ, ਪ੍ਰਣ ਕਰਕੇ ਨਿਯਮ ਨਾਲ ਕਹਿੰਦਾ। ਦਸਵੇਂ ਪਾਤਿਸ਼ਾਹ ਪ੍ਰਣ ਦੇ ਨਾਲ, ਨਿਯਮ ਦੇ ਨਾਲ, ਯਕੀਨ ਦੇ ਨਾਲ, ਨਿਸ਼ਚੇ ਦੇ ਨਾਲ ਕਹਿ ਰਹੇ ਆ ਕਿ ਅਸੀਂ ਰਤੀ ਮਾਤਰ ਵੀ ਇਹਦੇ ਵਿੱਚ ਕੋਈ ਫ਼ਰਕ ਵਾਲੀ ਗੱਲ ਨਹੀਂ ਕਹਿ ਰਹੇ। ਕੋਈ ਮਿਥਿਆ ਨਹੀਂ ਕਹਿ ਰਹੇ। ਅਸੀਂ ਗੁਰੂ ਨਾਨਕ ਦੇਵ ਜੀ ਨੂੰ, ਅਕਾਲ ਪੁਰਖ ਪ੍ਰਮੇਸ਼ਰ ਨੂੰ ਗਵਾਹ ਬਣਾ ਕੇ ਕਹਿ ਰਹੇ ਹਾਂ ਕਿ ਸਾਨੂੰ ਰਹਿਤ ਤੋਂ ਬਿਨਾਂ ਕੋਈ ਵੀ ਸਿੱਖ ਚੰਗਾ ਨਹੀਂ ਲਗਦਾ ਤੇ ਖ਼ਾਲਸਾ ਜੀ ਦੁਨੀਆਂ ਦੇ ਵਿੱਚ ਮੂੰਹ ਕਾਲਾ ਉਸ ਮਨੁੱਖ ਦਾ ਕੀਤਾ ਜਾਂਦਾ, ਜਿਹਨੇ ਬਹੁਤ ਵੱਡਾ ਪਾਪ ਕੀਤਾ ਹੋਵੇ, ਬੱਜਰ ਗੁਨਾਹ ਕੀਤਾ ਹੋਵੇ, ਧੀ ਭੈਣ ਦੀ ਇੱਜ਼ਤ ਤੱਕੀ ਹੋਵੇ, ਉਸ ਮਨੁੱਖ ਦਾ ਮੂੰਹ ਕਾਲਾ ਕਰੀਦਾ, ਪਰ ਕਈਆਂ ਲੋਕਾਂ ਦਾ ਸੁਭਾਅ ਬਣ ਗਿਆ, ਬਿਰਧ ਅਵਸਥਾ ਹੋ ਜਾਂਦੀ ਆ :

ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ ॥

(ਆਸਾ ਮ: ੧, ੪੩੨)

ਅਵਸਥਾ ਬਣ ਜਾਂਦੀ ਆ, ਉਸ ਵੇਲੇ ਉਸ ਚਿਟਿਆਈ ਨੂੰ ਲਕਾਉਣ ਵਾਸਤੇ, ਕਲੱਤਰਤਾ ਮੂੰਹ 'ਤੇ ਲਿਆਉਣ ਵਾਸਤੇ, ਮੂੰਹ ਤਾਂ ਕਾਲਾ ਕਰ ਲੈਂਦੇ ਆਂ ਪਰ ਮੈਂ ਉਹਨਾਂ ਲੋਕਾਂ ਨੂੰ ਪੁੱਛਣਾ ਚਾਹੁੰਦਾ ਹਾਂ, ਜੇ ਮੂੰਹ ਸੁੱਕ ਕੇ ਸੁੱਕੀ ਮੂਲੀ ਵਰਗਾ ਹੋ ਗਿਆ, ਜਵਾਨੀ ਦਾ ਚਿਰਾਗ ਕਿਹੜੇ ਪਿਉ ਤੋਂ ਲਿਆਉਗੇ ? ਦਾਹੜੀ ਤਾਂ ਕਾਲੀ ਹੋ ਜਾਊ।

ਗਿਆਨੀ ਜੈਲ ਸਿੰਘ 'ਤੇ ਵਿਅੰਗ

ਇਹ ਗੱਲ ਮੈਂ ਇਥੇ ਨਹੀਂ ਕਹਿ ਰਿਹਾ, ਕਈ ਵੀਰ ਕਹਿੰਦੇ ਬਈ ਸਟੇਜ 'ਤੇ ਖੜੋ ਕੇ ਕਹਿ ਰਿਹਾਂ, ਜਿਸ ਵੇਲੇ ਸੰਤੋਖ ਸਿੰਘ ਨੇ ਚੜ੍ਹਾਈ ਕੀਤੀ ਆ ਤੇ ਦਾਸ ਉਹਦੇ ਭੋਗ 'ਤੇ ਗਿਆ ਸੀ, ਉਸ ਵੇਲੇ ਰਾਸ਼ਟਰਪਤੀ, ਗ੍ਰਹਿ ਮੰਤਰੀ ਸੀ। ਸਾਹਮਣੇ ਬੈਠਾ ਸੀ ਸਟੇਜ 'ਤੇ, ਹੁਕਮਨਾਮਾ ਆਇਆ ਸੀ :

ਜਿਸ ਕਾ ਤਨੁ ਮਨੁ ਧਨੁ ਸਭੁ ਤਿਸ ਕਾ ਸੋਈ ਸੁਘੜੁ ਸੁਜਾਨੀ ॥
ਤਿਨ ਹੀ ਸੁਣਿਆ ਦੁਖੁ ਸੁਖੁ ਮੇਰਾ ਤਉ ਬਿਧਿ ਨੀਕੀ ਖਟਾਨੀ ॥
(ਧਨਾਸਰੀ ਮ: ੫, ੬੭੧)

ਇਹ ੩੦ ਮਿੰਟ ਸੀ ਕੇਵਲ ਵਿਚਾਰ ਦੇ, ਸਾਢੇ ਉਨੱਤੀ ਮਿੰਟਾਂ ਵਿੱਚ ਸੰਪੂਰਨ ਕੀਤਾ ਤੇ ਜਦੋਂ ਇਥੇ ਗੱਲ ਆਈ ਤੇ ਉੱਠ ਕੇ ਸੰਤੋਖ ਸਿੰਘ ਦੇ ਮੁੰਡੇ ਨੂੰ ਕਹਿਣ ਲੱਗਾ ਘਰੇ ਜਾ ਕੇ, (ਕਿ) ਜੇ ਰਕਾਬ ਗੰਜ ਬੋਲਣਾ ਜਾਂ ਸੰਤਾਂ ਨੂੰ ਲੈ ਜਾਹ ਜਾਂ ਮੈਨੂੰ ਲੈ ਜਾਹ। ਉਹ ਮੁੰਡਾ ਕਹਿਣ ਲੱਗਾ ਕਿ ਤੂੰ ਭਾਵੇਂ ਇਥੇ ਬੈਠ ਜਾਹ, ਪਰ ਸੰਤ ਜ਼ਰੂਰ ਸਟੇਜ 'ਤੇ ਜਾਣਗੇ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਇਹ ਕਿਸੇ ਨਾਲ ਲਾਗਤ ਬਾਜ਼ੀ ਨਾਲ ਜਾਂ ਕਿਸੇ ਦੀ ਤੌਹੀਨ ਕਰਨ ਵਾਸਤੇ ਨਹੀਂ, ਸਤਿਗੁਰੂ ਕਲਗੀਧਰ ਸੱਚੇ ਪਾਤਿਸ਼ਾਹ ਜੀ ਨੇ ਵੀ ਬਚਿੱਤਰ ਨਾਟਕ ਵਿੱਚ ਬੜੇ ਖੁਲਾਸੇ ਨਾਲ ਲਿਖਿਆ। ਹੁਕਮ ਹੋਇਆ ਸੀ ਅੱਜ ਕਿ ਕੋਈ ਵਿਚਾਰ ਹੋਣੀ ਚਾਹੀਦੀ ਆ। ਇਹ ਸੂਖਮ ਜਹੀ ਦੱਸੀ ਆ, ਕੱਲ ਨੂੰ ਸਤਿਗੁਰੂ ਜੀ ਨੇ ਕ੍ਰਿਪਾ ਕੀਤੀ ਤੇ ਜੇ ਸਮੇਂ ਤੋਂ ਇਜਾਜ਼ਤ ਮਿਲ ਗਈ ਤਾਂ ਉਸ ਟਾਈਮ ਦੇ ਵਿੱਚ ਬਚਿੱਤਰ ਨਾਟਕ ਵਿੱਚੋਂ, ਰਹਿਤਨਾਮਿਆਂ ਵਿੱਚੋਂ, ਗੁਰਬਾਣੀ ਵਿੱਚੋਂ, ਵਰਤਮਾਨ ਸਮੇਂ ਦੇ ਮਹਾਤਮਾ ਗਾਂਧੀ ਵਰਗੇ ਦੇ ਬਿਆਨਾਂ ਵਿੱਚੋਂ, ਪਟੇਲ ਵਰਗੇ ਦੇ ਬਿਆਨਾਂ ਵਿੱਚੋਂ, ਤਿਰੰਗੇ ਝੰਡੇ ਦੀ ਪੂਰਤੀ ਦੇ ਪ੍ਰਤੀਕ ਵਿੱਚੋਂ, ਇਹਨਾਂ ਸਾਰੀਆਂ ਚੀਜ਼ਾਂ ਦੀਆਂ ਮਿਸਾਲਾਂ ਦੇ ਕੇ.....।

ਮਹਾਤਮਾ ਗਾਂਧੀ ਵੱਲੋਂ ਸਿੱਖਾਂ ਨੂੰ ਕੌਮੀਂ ਮਾਨਤਾ

ਇੱਕ ਪੇਨ ਹੈ ਪ੍ਰੇਮੀ ਕੋਈ, ਉਹਨੇ ਇੱਕ ਕਿਤਾਬ ਰਚੀ ਆ, ਬਵੰਜਾਂ ਭਾਗਾਂ ਵਿੱਚ ਬਣਾਈ ਆ, ਅੰਗਰੇਜ਼ੀ ਦੀ ਕਿਤਾਬ ਆ, ਪੇਨ ਵੁਲਕਰ ਆ ਪ੍ਰੇਮੀ ਦਾ ਨਾਂਅ, ਪੇਨ ਵੁਲਕਰ ਤੇ ਕਿਤਾਬ ਦਾ ਹੈਡਿੰਗ ਹੈ 'ਮਹਾਤਮਾ'। ਇਹ ੨੨ ਭਾਗਾਂ ਵਿੱਚ ਰਚੀ ਆ। ਉਹਦੇ ਸਤਵੇਂ ਭਾਗ ਵਿੱਚ, ਸਤਵੇਂ ਹਿੱਸੇ ਵਿੱਚ, ੩੭੪ ਅੰਗ 'ਤੇ, ਮਹਾਤਮਾ ਗਾਂਧੀ ਆਪ ਮੰਨਿਆ ਕਿ ਮੈਂ ਹਿੰਦੁਸਤਾਨ ਵਿੱਚ, ਹਿੰਦੂ, ਮੁਸਲਮਾਨ ਤੇ ਕੇਵਲ ਸਿੱਖਾਂ ਨੂੰ ਮਾਨਤਾ ਦੇਨਾ ਆਪਣੇ ਵੱਲੋਂ, ਹੋਰ ਮੈਂ ਕਿਸੇ ਨੂੰ ਨਹੀਂ ਮੰਨਦਾ।

ਸੁਭਾਸ਼ ਚੰਦਰ ਵੱਲੋਂ ਸਿੱਖਾਂ ਨੂੰ ਕੌਮੀਂ ਮਾਨਤਾ

ਸੁਭਾਸ਼ ਚੰਦਰ ਬੋਸ ਨੇ ਇੱਕ ਕਿਤਾਬ ਲਿਖੀ ਆ, ਉਹਦੇ ੩੦੯ ਅੰਗ 'ਤੇ ਖ਼ਾਲਸਾ ਜੀ ਸੁਭਾਸ਼ ਚੰਦਰ ਬੋਸ ਨੇ ਵੀ ਆਪਣੇ ਵੱਲੋਂ ਇਹ ਮੰਨਿਆ ਕਿ ਕੇਵਲ ਸਿੱਖ ਕੌਮ ਤੇ ਹਿੰਦੂ, ਮੁਸਲਮਾਨ ਇਹ ਤਿੰਨ ਕੌਮਾਂ, ਬਾਕੀ ਕੋਈ ਨਹੀਂ।

ਗਾਂ ਦੀ ਚਰਬੀ

ਮੈਂ ਅੱਗੇ ਕਈ ਵਾਰੀ ਬੇਨਤੀ ਕੀਤੀ ਆ, ਜਿਹੜਾ ਮਨੁੱਖ ਆਪਣੀ ਮਾਂ 'ਤੇ ਦਇਆ ਨਹੀਂ ਕਰਦਾ, ਉਹ ਮਨੁੱਖ ਕਦੇ ਕਿਸੇ 'ਤੇ ਵੀ ਦਇਆ ਨਹੀ ਕਰ ਸਕਦਾ। ਆਪਾਂ ਜਿੰਨੇ ਬੈਠੇ ਆਂ, ਗਊ ਨੂੰ ਇੱਕ ਗਰੀਬ ਪਸ਼ੂ ਤਾਂ ਜ਼ਰੂਰ ਮੰਨਦੇ ਆਂ, ਪਰ ਗਊ ਦੇ ਆਪਾਂ ਭਗਤ ਨਹੀ ਤੇ ਨਾ ਗਊ ਆਪਣੀ ਮਾਂ ਆਂ। ਆਪਣੀ ਮਾਤਾ ਸਾਹਿਬ ਕੌਰ, ਆਪਣੇ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ,

ਆਪਣਾ ਇਸ਼ਟ ਆ ਸ੍ਰੀ ਗੁਰੂ ਗਰੰਥ ਸਾਹਿਬ ਜੀ। ਆਪਾਂ ਇਸ ਦੇ ਉਪਾਸ਼ਕ ਹਾਂ, ਇਸ ਦੇ ਪੈਰੋਕਾਰ ਹਾਂ, ਪਰ ਜਿਹੜੇ ਲੋਕ ਗਊ ਨੂੰ ਮਾਂ ਕਹਿ ਕੇ ਪੂਜਦੇ ਆ, ਅੱਜ ਉਸ ਮਾਂ ਦੀ ਹਜ਼ਾਰਾਂ ਮਣ ਪੱਕੀ ਚਰਬੀ, ਢੋਲਾਂ ਵਿੱਚ ਬੰਦ ਪਈ ਆ, ਕਿਸੇ ਹਿੰਦੂ ਦੀ ਜ਼ਬਾਨ ਨਹੀਂ ਖੁੱਲ੍ਹਦੀ। ਠੀਕ ਆ ਗੁੱਸਾ ਜ਼ਰੂਰ ਆਉਂਦਾ, ਜਦੋਂ ਇਹ ਧੱਕਾ ਕਰਦੇ ਆ ਜਾਂ ਸ਼ਰਾਰਤਾਂ ਕਰਦੇ ਆ, ਪਰ ਜਿਹੜਿਆਂ ਲੋਕਾਂ ਨੂੰ ਆਪਣੀ ਮਾਂ 'ਤੇ ਤਰਸ ਨਹੀਂ, ਉਹਨਾਂ ਲੋਕਾਂ ਤੋਂ ਮਤਾਂ ਖਿਆਲ ਕਰੋ ਕਿ ਆਪਣੇ 'ਤੇ ਤਰਸ ਕਰਨਗੇ। ਆਪਾਂ ਨੂੰ ਆਪਣੀ ਕਾਮਯਾਬੀ ਨੂੰ ਸਦਾ ਲਈ ਕਾਇਮ ਰੱਖਣ ਵਾਸਤੇ, ਆਪਣੇ ਸਿੱਖੀ ਸਰੂਪ ਨੂੰ ਕਾਇਮ ਰੱਖਣ ਵਾਸਤੇ, ਲਾਮਬੰਦ ਹੋਣਾ ਚਾਹੀਦਾ।

ਜਿਹੜੀ ਇਹ ਕਰਨਾਲ ਵਿੱਚ ਗੱਲ ਹੋਈ ਆ, ਹੁਣੇ ਮੈਨੂੰ ਅਖ਼ਬਾਰ ਤੋਂ ਵੀ ਦੱਸਿਆ ਸੀ, ਪਤਾ ਕੁਛ ਪਹਿਲਾਂ ਵੀ ਲੱਗਾ। ਪਿੱਛੇ ਜਿਹੇ ਦਾਸ ਕਰਨਾਲ ਗਿਆ ਸੀ, ਜਥਾ ਲੈ ਕੇ। ਜਿੱਦੇਂ ਪਹਿਲੇ ਦਿਨ ਕਥਾ ਕਰਨ ਵਾਸਤੇ ਦਾਸ ਗਿਆ, ਗੁਰਦੁਆਰਾ ਕਿਹੜਾ ? ਜਿਸ ਵੇਲੇ ਗੁਰੂ ਸਾਹਿਬ ਜੀਵਾਂ ਦੀ ਕਲਿਆਣ ਕਰਕੇ ਤੇ ਇਥੇ ਕਰਨਾਲ ਪਹੁੰਚੇ ਆ, ਉਸ ਵੇਲੇ ਮਰਦਾਨੇ ਦਾ ਫੁਰਨਾ ਬਣ ਗਿਆ ਕਿ ਸੱਚੇ ਪਾਤਿਸ਼ਾਹ ਨੂੰ ਤਾਂ ਲੋਕ ਸਾਰੇ ਮੱਥਾ ਟੇਕੀ ਜਾਂਦੇ ਆ, ਕਿਤੇ ਮੈਨੂੰ ਵੀ ਟਕਾਅ ਦੇਣ ਤਾਂ ਚੰਗਾ।

ਘਟ ਘਟ ਕੇ ਅੰਤਰ ਕੀ ਜਾਨਤ ॥

ਸਤਿਗੁਰੂ ਜੀ ਨੇ ਮਰਦਾਨੇ ਨੂੰ ਸੱਦਿਆ, ਬਾਹਰ ਬੈਠੇ ਸੀ। ਮਹਾਰਾਜ ਕਹਿਣ ਲੱਗੇ ਜਾਹ ਮਰਦਾਨਿਆਂ ਪਿੰਡ ਵਿੱਚ ਕੋਈ ਜਲ ਪਾਣੀ ਛਕ ਆ। ਜਦੋਂ ਮਰਦਾਨਾ ਗਿਆ, ਚੋਲਾ ਚਿੱਟਾ ਪਾਇਆ ਤਾਂ ਗੁਰੂ ਸਾਹਿਬ ਦੀ ਕ੍ਰਿਪਾ ਹੋਈ, ਸਾਰਿਆਂ ਦੇ ਪ੍ਰੇਰਕ ਤਾਂ ਸਤਿਗੁਰੂ ਆਪ ਆ। ਮਰਦਾਨਾ ਚੌਂਕੜੀ ਮਾਰ ਕੇ ਬੈਠਾ, ਸਾਰੇ ਲੋਕ ਮੱਥੇ ਟੇਕਣ ਲੱਗੇ। ਬਸਤਰ, ਮਾਇਆ, ਹੋਰ ਜੋ ਚੀਜ਼ਾਂ ਸੀ। ਮਰਦਾਨਾ ਬੜਾ ਖੁਸ਼ ਆ, ਫੁੱਲਿਆ ਸਮਾਉਂਦਾ ਨਹੀ ਕਿਤੇ, ਜਦੋਂ ਵਾਪਸ ਆਇਆ ਪੰਡਾਂ ਬੰਨ ਕੇ ਗੁਰੂ ਸਾਹਿਬ ਦੇ ਕੋਲ ਲੈ ਆਇਆ। ਮਹਾਰਾਜ ਕਹਿਣ ਲੱਗੇ ਮਰਦਾਨਿਆ ਭਾਵਨਾ ਪੂਰੀ ਹੋ ਗਈ ? ਸੱਚੇ ਪਾਤਿਸ਼ਾਹ ਤੁਹਾਡੀ ਕ੍ਰਿਪਾ। ਮਹਾਰਾਜ ਕਹਿਣ ਲੱਗੇ ਮਰਦਾਨਿਆਂ ਠੀਕ ਨਹੀਂ ਕੀਤਾ ਤੂੰ, ਤੈਨੂੰ ਅਸੀਂ ਸੋਨੇ ਦੇ ਪਰਬਤ 'ਤੇ ਲੈ ਕੇ ਗਏ ਸੀ, ਉਥੇ ਤੂੰ ਰੱਤੀ ਮਾਤਰ ਵੀ ਇੱਛਾ ਨਹੀਂ ਕੀਤੀ ਤੇ ਇਥੇ ਆਣ ਕੇ ਛੋਟੇ ਛੋਟੇ ਕੱਪੜਿਆਂ 'ਚ ਫਸ ਗਿਆਂ ? ਇਹ ਟੇਢੀਆਂ ਜੂਨਾਂ ਦਾ ਕਾਰਨ ਬਣਾਉਂਦੀ ਆ।

ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਸਰਪ ਜੋਨਿ ਵਲਿ ਵਲਿ ਅਉਤਰੈ ॥

(ਗੂਜਰੀ ਤ੍ਰਿਲੋਚਨ, ਪ੨੬)

ਇਹਦਾ ਤਿਆਗ ਕਰ। ਇਹ ਉਹ ਅਸਥਾਨ ਆ ਜਿੱਥੇ ਤਿਆਗ ਕਰਵਾਇਆ। ਇਹਨਾਂ ਲੋਕਾਂ ਨੇ ਉਦੋਂ ਵੀ ਕਿਹਾ ਸੀ, ਦਾਸ ਨੂੰ ਸੱਜਣ ਕੁਝ ਕਹਿਣ ਲੱਗੇ, ਬਾਬਾ ਹਰਬੰਸ ਸਿੰਘ ਜੀ ਵੀ, ਅਖੇ ਜੀ ਕਥਾ ਤਾਂ ਉਥੇ ਵੇਖ ਲਵੋ, ਆਪਣੇ ਡੇਰੇ 'ਤੇ ਕਰ ਲਈਏ, ਹਿੰਦੂ ਲੋਕ ਰੋੜੇ ਮਾਰਦੇ ਆ। ਮੈਂ ਕਿਹਾ ਕਾਰਨ ਕੀ ਆ ? ਅਖੇ ਜੀ ਵਸੋਂ ਬਹੁਤੀ ਆ। ਮੈਂ ਕਿਹਾ ਕੋਈ ਨਹੀਂ ਅਰਦਾਸ ਕਰੋ ਗੁਰੂ ਅੱਗੇ। ਪਹਿਲੇ ਦਿਨ ਕਥਾ ਉਥੇ ਹੋਈ, ਬੇਨਤੀ ਕੀਤੀ ਬੜੇ ਪ੍ਰੇਮ ਨਾਲ ਕਿ ਅਸੀਂ ਗੁਰਮੁਖਾਂ ਨੂੰ ਕਹਿਣਾ ਚਾਹੁੰਦੇ ਹਾਂ, ਅਸੀਂ ਨਾ ਤੁਹਾਡੇ ਮੰਦਰ 'ਤੇ ਰੋੜਾ ਮਾਰਨਾ ਤੇ ਨਾ ਇਥੇ ਵੱਜਾ ਬਰਦਾਸ਼ਤ ਕਰਨਾ ਤੇ ਜੇ ਤੁਸੀਂ ਜਾਣ ਬੁੱਝ ਕੇ ਪੰਗਾ ਲੈਣਾ ਤੇ ਕਥਾ ਅਸੀਂ ਕਰ ਰਹੇ ਆਂ ਤੇ ਜਿੰਨੇ ਦਿਨ

ਜਥਾ ਇਥੇ ਆ ਇੱਕ ਰੱਤੀ ਮਾਤਰ ਵੀ ਇੱਕ ਰੋੜੀ ਇਥੇ ਸੁੱਟ ਕੇ ਵੇਖਿਉ ਫੇਰ ਤੁਹਾਨੂੰ ਦੱਸਾਂਗੇ। ਪ ਦਿਨ ਜਥਾ ਰਿਹਾ ਤੇ ੬-੬ ਹਜ਼ਾਰ ਹਿੰਦੂ ਕਥਾ ਸੁਨਣ ਵਾਸਤੇ ਆਉਂਦਾ ਰਿਹਾ। ਕੋਲ ਦੀ ਵੀ ਲੰਘਦੇ ਰਹੇ ਆ, ਪੋਥੀਆਂ ਵਾਲੇ ਇਕੱਲੇ ਵੀ ਜਾਂਦੇ ਰਹੇ ਆ, ਚੂੰ ਕਿਸੇ ਨੇ ਨਹੀਂ ਕੀਤੀ। ਅੱਜ ਕੀ ਕਾਰਨ ਆ ? ਕਾਰਨ ਇੱਕੋ ਇੱਕ ਇਹ ਆ, ਮੁਆਫ ਕਰਿਉ ਕੋਈ ਗੁੱਸਾ ਨਾ ਪ੍ਰੇਮੀ ਕਰ ਜਾਇਉ। ਸਤਿਗੁਰ ਦੇ ਬਚਨਾਂ ਦੀ ਉਲੰਘਣਾ ਅਸੀਂ ਕਰ ਚੁੱਕੇ ਆਂ ਤੇ ਕਰਦੇ ਜਾ ਰਹੇ ਆਂ। ਮਹਾਰਾਜ ਦਾ ਬਚਨ ਆ :

ਜਬ ਲਗ ਖਾਲਸਾ ਰਹੈ ਨਿਆਰਾ ॥
ਤਬ ਲਗ ਤੇਜ ਦੀਉ ਮੈ ਸਾਰਾ ॥
ਜਬ ਇਹ ਗਹੈ ਬਿਪਰਨ ਕੀ ਰੀਤ ॥
ਮੈ ਨਾ ਕਰਉਂ ਇਨ ਕੀ ਪਰਤੀਤ ॥

ਸਾਡਾ ਹੁਣ ਕੀ ਆ, ਜਿਵੇਂ ਕ੍ਰਿਪਾਨ ਆ, ਰਾਤ ਨੂੰ ਇਹ ਕਿੱਲੀ 'ਤੇ ਆ। ਜਿੱਤਦੇ ਆਂ, ਤੁਹਾਡੀਆਂ ਵੋਟਾਂ ਲੈ ਕੇ, ਸੌਂਹ ਖਾਂਦੇ ਹਾਂ ਗਾਂਧੀ ਦੀ ਮੜ੍ਹੀ 'ਤੇ। ਸਾਡਾ ਭਰੋਸਾ ਗੁਰੂ ਸਾਹਿਬ ਵੀ ਕਿਵੇਂ ਕਰਨ ? ਕੁਝ ਗੱਲਾਂ ਦੀ, ਭਾਵੇਂ ਕਈ ਵਾਰੀ ਸੁਣਨ ਵਿੱਚ ਇੱਕ ਦੂਜੇ ਨੂੰ ਪ੍ਰਤੀਤ ਹੁੰਦਾ, ਪਰ ਖ਼ਾਲਸਾ ਜੀ ਅਸਲੀਅਤ ਇਹ ਆ.....।

ਸ਼ਸ਼ਤਰਧਾਰੀ ਹੋਣ ਦੀ ਅਪੀਲ

ਮੈਂ ਬੇਨਤੀ ਕਰਾਂਗਾ ਸਾਰੀ ਸੰਗਤ ਨੂੰ ਹੱਥ ਜੋੜ ਕੇ, ਇਹ ਜਿਹੜੀਆਂ ਗੱਲਾਂ ਚੱਲ ਰਹੀਆਂ, ਇਹਦਾ ਟਾਕਰਾ ਕਰਨਾ ਪੈਣਾ। ਮੈਂ ਤਾਂ ੬ ਸਾਲ ਤੋਂ ਕਹਿੰਦਾ ਆ ਰਿਹਾਂ ਪਰ ਛੋਟਾ ਕਰਕੇ ਵੱਡੇ ਕਈ ਵਾਰੀ ਨਹੀਂ ਮੰਨਦੇ, ਬੱਚਾ ਜਾਣ ਕੇ, ਕਹਿੰਦੇ ਐਵੇਂ ਬੋਲੀ ਜਾਂਦਾ, ਪਰ ਇਹ ਨਹੀਂ ਕਿ ਇਹ ਕਹਿਣ ਦਾ ਕੋਈ ਮਤਲਬ ਹੋਰ ਹੁੰਦਾ, ਪਰ ਸਮੇਂ ਦੀ ਉਡੀਕ ਹੁੰਦੀ ਆ। ੬ ਸਾਲ ਤੋਂ ਮੈਂ ਬੇਨਤੀ ਕਰਦਾ ਆ ਰਿਹਾਂ ਕਿ ਹਥਿਆਰ ਲਉ, ਹਥਿਆਰਾਂ ਬਿਨਾਂ ਨਹੀਂ ਸਰਨਾ। ਅੱਜ ਵੀ ਬੇਨਤੀ ਕਰਦਾਂ ਪਰ ਹਥਿਆਰ ਐਸੇ ਨਹੀਂ ਲੈਣੇ, ਹਥਿਆਰ ਵੀ ਵਧੀਆ ਹੋਵੇ, ਰੌਂਦ ਵੀ ਨਵੇਂ ਹੋਣ ਤੇ ਜਦੋਂ ਪੁਲੀਸ ਆਵੇ ਤੇ ਉਦੋਂ ਜਿੰਦਰਾ ਮਾਰ ਕੇ ਨੱਸੇ ਆਈਏ, ਇਹੋ ਜਿਹਾ ਹਥਿਆਰ ਨਹੀਂ ਲੈਣਾ ਹੈਗਾ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਪੁਲੀਸ ਨਾਲ ਟੱਕਰ ਲੈਣ ਦੀ ਅਪੀਲ

ਇਕੱਲਾ ਗੁਰਦਵਾਰਿਆਂ ਦਾ ਨਹੀਂ, ਕਿਸੇ ਵੀ ਕੇਸਾਧਾਰੀ ਸਿੰਘ ਦੇ ਜਾਂ ਕੇਸਾਧਾਰੀ ਅੱਖਰ ਛੱਡ ਲਵਾਂ ਮੈਂ, ਸਿੰਘ ਨਾਂਅ ਵਾਲੇ ਤੇ ਕੌਰ ਨਾਂਅ ਵਾਲੀ ਬੀਬੀ ਦੇ, ਕਿਸੇ ਦੇ ਵੀ ਘਰ ਵਿੱਚ ਪੁਲੀਸ ਜਾਂਦੀ ਆ। ਇਹ ਮਤਾਂ ਖਿਆਲ ਕਰਿਉ ਕਿ ਇਕੱਲੇ ਗੁਰਦਵਾਰਿਆਂ ਵਿੱਚ ਜੇ ਗਈ ਤੇ ਕੁਝ ਵਿਗਾੜੂਗਾ ਤੇ ਜੇ ਭਲਾ ਘਰਾਂ 'ਚੋਂ ਫੜ ਕੇ ਲੈ ਗਈ ਧੀਆਂ ਭੈਣਾਂ ਨੂੰ ਫਿਰ ਕੁਝ ਨਹੀਂ ਕਹਿਣਾ ? ਗੁਰਦਵਾਰਿਆਂ ਵਿੱਚ ਆਵੇ ਤਾਂ ਵੀ ਟੱਕਰ ਲੈਣੀ ਆ ਤੇ ਜੇ ਘਰਾਂ ਵਿੱਚ ਆਵੇ ਤੇ ਹਥਿਆਰ ਕੋਲ ਰੱਖੋ। ਰੱਖੋ ਸਾਵਧਾਨਤਾ, ਘਰ ਛੱਡਣਾ ਪਸੰਦ ਕਰ ਲਉ।

ਅੱਗੇ ਵੀ ਕਈ ਵਾਰੀ ਬੇਨਤੀ ਕੀਤੀ ਖ਼ਾਲਸਾ ਜੀ, ਪੱਕਿਆਂ ਵਿੱਚ ਰਹਿੰਨੇ, ਕੱਚਿਆਂ 'ਚ

ਰਹੋ। ਕੱਚਿਆਂ 'ਚ ਰਹਿੰਨੇ-ਕੁੱਲੀਆਂ 'ਚ ਰਹੋ। ਕੁੱਲੀਆਂ 'ਚ ਰਹਿੰਨੇ ਤੇ ਰੜ੍ਹੇ ਮੈਦਾਨ 'ਚ ਰਹਿਣਾ ਪਸੰਦ ਕਰ ਲਵੋ। ਅੱਠੀਂ ਪਹਿਰੀਂ ਰੋਟੀ ਖਾਣੀ ਸ਼ੁਰੂ ਕਰ ਦਿਉ, ਪਰ ਹਥਿਆਰ ਵਧੀਆ ਤੋਂ ਵਧੀਆ ਹਰ ਇੱਕ ਸਿੰਘ ਦੇ ਗਾਤਰੇ ਹੋਣਾ ਚਾਹੀਦਾ।

ਕਈ ਮੇਰੇ ਭਰਾ ਪੁੱਛਦੇ ਆ, ਸੰਤ ਜੀ ਤੂੰ ਇਥੇ ਬੈਠਾ ਕਹੀ ਜਾਨਾ, ਬਾਹਰ ਤਾਂ ਖੋਹ ਲੈਂਦੇ ਆ। ਤਾਂਹੀਉਂ ਤੇ ਕਹਿੰਨਾ ਕਿ ਕੋਈ ਖੋਹਵੇ ਨਾ। ਜੇ ਪਵਨ ਕੁਮਾਰ ੨੩੦ ਗਰਨੇਡ ਰੱਖ ਸਕਦਾ (ਤਾਂ) ਸਿੱਖ ਦਾ ਪੁੱਤ ਕਿਉਂ ਨਹੀਂ ਰੱਖ ਸਕਦਾ ? ਆਪਣਾ ਵਿਰਸਾ ਬਹੁਤ ਅਨੋਖਾ। 'ਸਿੱਖ ਨੂੰ ਗੁਰੂ ਕਹਿ ਰਿਹਾ ਕਿ ਸ਼ਸ਼ਤਰਾਂ ਤੋਂ ਬਿਨਾਂ ਤੂੰ ਭੇਡ ਵਰਗਾਂ, ਭੇਡ ਵਰਗਾਂ, ਮੇਰਾ ਸਿੱਖ ਨਹੀਂ ਤੂੰ। ਜੇ ਮੇਰੇ ਦਰਸਨ ਕਰਨੇ ਆਂ ਤਾਂ ਸ਼ਸ਼ਤਰ ਪਹਿਨ ਕੇ ਰੱਖਿਆ ਕਰ :

ਬਿਨਾ ਸ਼ਸ਼ਤ੍ਰ ਕੇਸੰ ਨਰੰ ਭੇਡ ਜਾਨੋ ॥
ਗਹੇ ਕਾਨ ਤਾਂ ਕੋ ਕਿਤੈ ਲੈ ਸਿਧਾਨੋ ॥
ਇਹੈ ਮੋਰ ਆਗਯਾ ਸੁਨਉ ਲੈ ਪਿਆਰੇ ॥
ਬਿਨਾ ਤੇਗ ਕੇਸੰ ਦਿਵੋ ਨ ਦੀਦਾਰੇ ॥

ਇੱਕ ਪਾਸੇ ਤਾਂ ਇਹ ਹੁਕਮ ਆ, ਪੈਰੋਕਾਰ ਨੂੰ ਰਹਿਬਰ ਵੱਲੋਂ ਤੇ ਦੂਜੇ ਪਾਸੇ ਕੀ ਆ ਜਿਹਨਾਂ ਤੋਂ ਅੱਜ ਡਰਦੇ ਆਂ, ਮੁਰਲੀ ਰਾਮ ਹੁਣਾ ਤੋਂ। ਉਧਰ ਪੈਰੋਕਾਰ ਰਹਿਬਰ ਨੂੰ ਸੰਬੋਧਨ ਕਰਦਾ.....। ਭਗਵਾਨ ਦੀ ਉਪਾਸ਼ਨਾ ਕੀਤੀ, ਭਗਵਾਨ ਪ੍ਰਗਟ ਹੋਏ ਤੇ ਪੈਰੋਕਾਰ ਕੋਲ ਖੜਾ ਮੱਥਾ ਨਹੀਂ ਟੇਕਦਾ। ਭਗਵਾਨ ਪੁੱਛਦਾ ਕੀ ਗੱਲ ਗੁੱਸੇ ਹੋ ਗਿਆਂ ? ਕਹਿੰਦਾ ਜੀ ਗੁੱਸੇ ਨਹੀਂ ਹੋ ਗਿਆ ਪਰ ਤੂੰ ਉਹ ਨਹੀਂ। ਕਹਿੰਦਾ ਮੈਂ ਤਾਂ ਤੇਰੀ ਭਾਵਨਾ ਕਰਕੇ ਪ੍ਰਗਟ ਹੋਇਆਂ। ਤੂੰ ਬੇਸ਼ਕ ਭਗਵਾਨ ਹੋਵੇਂਗਾ, ਪਰ ਮੈਂ ਤੈਨੂੰ ਮੱਥਾ ਨਹੀਂ ਟੇਕਣਾ, ਜਦੋਂ ਤੱਕ ਤੂੰ ਉਹੋ ਜਿਹਾ ਨਹੀਂ ਬਣਦਾ, ਜਿਹੋ ਜਿਹਾ ਮੈਂ ਤੈਨੂੰ ਵੇਖਿਆ ਸੀ। ਉਹ ਪੁੱਛਿਆ ਕੀ ਆ ? ਤੁਲਸੀ ਰਮਾਇਣ ਪੜੋ। ਤੁਲਸੀ ਜੀ ਨੇ ਰਾਮ ਚੰਦਰ ਨੂੰ ਸੰਬੋਧਨ ਕੀਤਾ।

ਤੁਲਸੀ ਮਸਤਕ ਤਉ ਟਿਕੇ ਧਨੁਸ਼ਬਾਨ ਹੋਇ ਹਾਥ।

ਭਗਵਾਨ ਜੀ ਜੇ ਤੁਹਾਡੇ ਹੱਥ ਧਨੁੱਖ ਹੋਵੇਗਾ ਤੇ ਤੀਰ ਚਿੱਲੇ ਚਾੜ੍ਹਿਆ ਹੋਵੇਗਾ, ਤੁਲਸੀ ਦਾ ਮੱਥਾ ਤੇਰੇ ਪੈਰਾਂ 'ਤੇ ਤਾਂ ਟਿਕਣਾ। ਜੇ ਧੋਤੀ ਬੰਨ੍ਹ ਕੇ, ਤਿਲਕ ਲਾ ਕੇ ਬੈਠਾਂ, ਮੈਂ ਤੈਨੂੰ ਮੱਥਾ ਨਹੀਂ ਟੇਕਣਾ, ਭਾਵੇਂ ਤੂੰ ਭਗਵਾਨ ਈ ਆਂ। ਓ ਅੱਜ ਉਹਨਾਂ ਲੋਕਾਂ ਤੋਂ ਡਰ ਰਹੇ ਆਂ, ਅਫਸੋਸ ਆ ਖ਼ਾਲਸਾ ਜੀ।

ਸੋ ਸਾਰੀ ਸੰਗਤ ਨੂੰ ਬੇਨਤੀ ਕਰਾਂਗਾ, ਭਾਵੇਂ ਨਿੱਤ ਇਥੋਂ ਕਹੀਦਾ ਹਥਿਆਰ ਰੱਖੋ (ਪਰ) ਕਹਿੰਦੇ ਜੀ ਫੱਟੇ ਚੁੱਕ ਦਿਆਂਗੇ ਫਿਕਰ ਨਾ ਕਰ ਤੇ ਕੁੱਟ ਖਾ ਕੇ ਨਿੱਤ ਆ ਜਾਂਦੇ ਆ। ਮੁੜ ਕੇ ਕਹਿੰਦੇ ਸੰਤ ਜੀ ਤੁਸੀਂ ਇਥੋਂ ਐਲਾਨ ਨਹੀਂ ਕਰਦੇ। ਭਾਈ ਬਾਂਹ ਕਿਹਨੇ ਫੜੀ ਆ ਆਪਣੀ ਭਲਾ ?

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਜੁਝਾਰੂਆਂ ਨੂੰ ਸੰਭਾਲਣ ਦਾ ਐਲਾਨ

ਅਖ਼ਬਾਰਾਂ 'ਚ ਸੰਤਾਂ ਦਾ ਵੀ (ਬਿਆਨ) ਛਪ ਚੁਕਿਆ, ਮੇਰਾ ਵੀ ਛਪਿਆ। ਮੈਂ ਅੱਜ ਫਿਰ ਬੇਨਤੀ ਕਰਦਾਂ 'ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੇ-ਅਦਬੀ ਕਰਨ ਵਾਲਾ, ਸ੍ਰੀ ਗੁਰੂ ਗਰੰਥ ਸਾਹਿਬ

ਜੀ ਦੇ ਨਿਵਾਸ ਅਸਥਾਨ ਗੁਰਦਵਾਰਾ ਸਾਹਿਬਾਨ ਦਾ ਅਪਮਾਨ ਕਰਨ ਵਾਲਾ ਤੇ ਧੀਆਂ ਭੈਣਾਂ ਨੂੰ ਨੰਗੀਆਂ ਕਰਕੇ ਉਹਨਾਂ ਦੀ ਇੱਜ਼ਤ ਲੁੱਟਣ ਵਾਲਾ, ਭਾਵੇਂ ਕੋਈ ਵੀ ਮਨੁੱਖ ਆ। ਉਸ ਮਨੁੱਖ ਨੂੰ ਗੱਡੀ ਚੜ੍ਹਾ ਕੇ ਆ ਜਾਉ, ਅਸੀਂ ਸਾਂਭਾਂਗੇ ਦੋਵੇਂ ਜਣੇ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਹੋਰ ਐਲਾਨ ਕੀ ਕਰਵਾਉਣਾ ? ਹੈ ਰੜਕ ਕਿਸੇ 'ਚ ? ਜਿਹੜਾ ਮਰਜ਼ੀ ਆ ਜਾਏ ਪਰ ਗੱਲ, ਸ਼ਰਤ ਇਹ ਆ, ਇਹ ਨਾ ਹੋਵੇ ਦੁਨਿਆਵੀ ਝਗੜਾ ਹੋਵੇ ਤੇ ਬਹਾਨਾ ਬਣਾ ਲਵੇ ਕਿ ਪੱਤਰਾ ਪਾੜਿਆ ਸੀ (ਪਰ) ਸਬੂਤ ਹੋਣਾ ਚਾਹੀਦਾ, ਜ਼ਰੂਰ ਸਾਂਭਾਂਗੇ। ਕੀੜੀ ਦੀ ਲੱਤ ਨਹੀਂ ਟੁੱਟਦੀ, ਕੁੱਟ ਖਾ ਕੇ ਸਾਡੇ ਕੋਲ ਆ ਜਾਨੇ, ਪੱਗ ਲੁਹਾ ਕੇ ਇਥੇ ਆ ਜਾਨੇ ਆਂ। ਇਥੇ ਬੈਠੇ ਪੱਗ ਨੂੰ ਕਿਵੇਂ ਸਾਂਭੀਏ ? ਹਾਂ, ਜੇ ਤੁਹਾਡੀ ਬਾਂਹ ਨਾ ਫੜੀਏ, ਤੁਹਾਡੇ ਨਾਲ ਸਹਿਯੋਗ ਨਾ ਦੇਈਏ, ਫਿਰ ਤੁਸੀਂ ਕਹਿ ਸਕਦੇ ਆਂ ਕਿ ਸੰਤ ਜੀ ਕੜਾਹ ਖਾ ਕੇ ਬੈਠੇ ਆ, ਅਸੀਂ ਕੀ ਕਰੀਏ ? ਹੁਣ ਜਦੋਂ ਉਥੇ....., ਠੀਕ ਆ ਕਿ ਜਦੋਂ ਪਿੱਛਾ ਕਿਸੇ ਦਾ ਕੋਈ ਨਾ ਪੂਰਨ ਵਾਲਾ ਹੋਵੇ, ਉਹਨੂੰ ਮੁਸ਼ਕਲ ਹੋਇਆ ਕਰਦਾ ਤੇ ਸਾਰੀ ਬਾਡੀ ਕਹੇ ਕੇ ਇਹੋ ਜਿਹੀ ਗ਼ਲਤੀ ਕਰਨ ਵਾਲੇ ਨੂੰ ਸਜ਼ਾ ਦਿਉ ਤੇ ਅਸੀਂ ਨਾਲ ਆਂ ਤੇ ਫਿਰ ਕਹੋ ਜੀ ਤੁਸੀਂ ਐਲਾਨ ਨਹੀਂ ਕਰਦੇ। ਮੈਂ ਤਾਂ ਸਮਝਨਾ ਫਿਰ ਤੁਹਾਨੂੰ ਯਕੀਨ ਹੀ ਨਹੀਂ ਗਾ ਸਾਡੇ 'ਤੇ। ਪੱਗ ਲੁਹਾ ਕੇ ਨਾ ਆਇਆ ਕਰੋ (ਸਗੋਂ) ਜਿਹੜਾ ਪੱਗ ਲਾਹੁਣ ਆਉਂਦਾ (ਉਹਦੀ) ਟੋਪੀ ਲਾਹ ਕੇ ਲਿਆਇਆ ਕਰੋ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਗੁਰੂ ਕਾ ਸਿੱਖ ਕਦੇ ਕਿਸੇ ਦੀ ਬੇ-ਇੱਜ਼ਤੀ ਨਹੀਂ ਕਰਦਾ ਪਰ ਇਹ ਗੱਲ ਕਿਉਂ ਕਹਿਣੀ ਪਈ ਅੱਜ ? ਟੋਪੀਆਂ ਅਸੀਂ ਬਚਾਈਆਂ, ਜਨੇਊ ਅਸੀਂ ਰਖਾਏ, ਤਿਲਕ ਇਹਨਾਂ ਦੇ ਅਸੀਂ ਕਾਇਮ ਰੱਖੇ। ਅੱਜ ਉਸ ਚੋਜੀ ਪ੍ਰੀਤਮ ਦੀ ਕੁਰਬਾਨੀ ਨੂੰ ਇਹਨਾਂ ਅਕ੍ਰਿਤਘਣ ਲੋਕਾਂ ਨੇ ਏਡਾ ਵੱਡਾ ਦਾਗ਼ ਲਾਇਆ, ਹਿਰਦਾ ਛਲਣੀ ਛਲਣੀ ਹੋ ਗਿਆ। ਉਹ ਕਿਤਾਬ ਮੈਂ ਪ੍ਰੇਮੀ ਨੂੰ ਕਿਹਾ ਜੇ ਮੈਨੂੰ ਮਿਲ ਗਈ, ਸਵੇਰੇ ਮੈਂ ਤੁਹਾਨੂੰ ਸਟੇਜ 'ਤੇ ਵਿਖਾਊਂਗਾ। ਨਾ ਮਿਲੀ ਹੋ ਸਕਦਾ ੨-੪ ਦਿਨ ਅਟਕ ਕੇ ਮਿਲੇ। ਮੇਰਠ ਤੋਂ ਇੱਕ ਹਿੰਦੂ ਭਾਈ ਨੇ ਕਿਤਾਬ ਛਾਪੀ ਆ। ਉਹਨੇ ਲਿਖਿਆ ਕਿ ਪੰਜਵੇਂ, ਛੇਵੇਂ ਤੇ ਨੌਵੇਂ ਪਾਤਿਸ਼ਾਹ, ਮੁਸਲਮਾਨਾਂ ਦੇ ਨੌਕਰ ਸੀ ਤੇ ਉਹਨਾਂ ਨੂੰ ਮੁਸਲਮਾਨਾਂ ਨੇ ਤਨਖਾਹ ਨਹੀਂ ਦਿੱਤੀ। ਉਹਨਾਂ ਤਨਖਾਹ ਮੰਗੀ ਤੇ ਟਕਰਾਅ ਹੋ ਗਿਆ ਤੇ ਤਿੰਨਾਂ ਗੁਰੂਆਂ ਦੀ ਸ਼ਹੀਦੀ ਇਸ ਤਰ੍ਹਾਂ ਹੋਈ। ਇਹਨਾਂ ਲੋਕਾਂ ਨੂੰ ਅਸੀਂ ਕਹਿੰਨੇ ਕਿ ਸਾਡਾ ਨਹੁੰ ਮਾਸ ਦਾ ਰਿਸ਼ਤਾ ?

ਸੋ ਮੈਂ ਬੇਨਤੀ ਕਰਾਂਗਾ ਨੌਜਵਾਨਾਂ ਨੂੰ, ਇੱਕ ਥਾਂ ਰਹੋ, ਹਥਿਆਰਬੰਦ ਹੋਵੋ ਤੇ ਹਥਿਆਰ ਕੋਲ ਰੱਖ ਕੇ, ਕੁੱਟ ਖਾ ਕੇ ਕਿਸੇ ਨੇ ਨਹੀਂ ਆਉਣਾ। ਕੁੱਟ ਖਾ ਕੇ ਆਉਣਾ ਤੇ ਬਾਹਰ ਰਿਹਾ ਕਰੋ, ਕੁੱਟ ਕੇ ਆਉਣਾ ਤੇ ਫਿਰ ਮਹਾਰਾਜ ਕ੍ਰਿਪਾ ਕਰਨਗੇ, ਪਰ ਨਿਹੱਥੇ ਨੂੰ ਨਹੀਂ ਤੇ ਨਿਰਦੋਸ਼ਿਆਂ ਨੂੰ ਨਹੀਂ। ਜਿਹੜਾ ਧੀਆਂ ਭੈਣਾਂ ਦੀ ਇੱਜ਼ਤ ਲੁੱਟਦਾ, ਉਹਨਾਂ ਵੱਲ ਧਿਆਨ ਪੂਰਾ ਰੱਖਣਾ। ਜਿਹੜੇ ਲੋਕ ਅਫੀਸਰੀਆਂ ਦੇ ਬੱਲੇ ਜਾਂ ਅਫੀਸਰੀਆਂ ਦੇ ਨਸ਼ੇ ਵਿੱਚ, ਕੁਰਸੀਆਂ ਦੇ ਗਰੂਰ ਵਿੱਚ, ਪੱਗਾਂ ਲਾਹ ਰਹੇ ਆ। ਇਹ ਨਾ ਖਿਆਲ ਕਰਿਉ ਕਿ ਇਹ ਸੂਤ ਨਹੀਂ ਆਉਣਗੇ। ਸਮਾਂ ਜ਼ਰੂਰ ਆਵੇਗਾ, ਟਿਕਾਣੇ ਸਿਰ ਆਵੇਗਾ।

ਪੁਲੀਸ ਅਫ਼ਸਰ ਇਕਬਾਲ ਸਿੰਘ ਵੱਲੋਂ ਗੋਲੀ ਚਲਾਉਣੀ

ਆਹ ਜਿਹੜੇ ਇਕਬਾਲ ਸਿੰਘ ਦਾ ਮੈਨੂੰ ਅੱਜ ਪਤਾ ਲੱਗਾ ਇਥੋਂ, ਮੈਨੂੰ ਤੇ ਪਤਾ ਨਹੀਂ ਸੀ ਕਿ ਇਹ ਉਹੀ ਬੰਦਾ। ਉਸ ਇਕਬਾਲ ਸਿੰਘ ਨੂੰ ਮੈਂ ਬਹੁਤ ਚੰਗੀ ਤਰ੍ਹਾਂ ਜਾਣਦਾਂ। ਥੋੜ੍ਹੀ ਜਿਹੀ ਤਰ੍ਹਾਂ ਨਹੀਂ, ਐਵੇਂ ਮਮੂਲੀ ਜਿਹਾ ਨਹੀਂ, ਬਹੁਤ ਚੰਗੀ ਤਰ੍ਹਾਂ ਜਾਣਦਾਂ। ਇਹ ਪਤਾ ਨਹੀਂ ਉਸ ਮਨੁੱਖ ਦੀ ਜ਼ੁਰਅਤ ਕਿਵੇਂ ਪੈ ਗਈ ਉਥੇ ਜਾ ਕੇ ਗੋਲੀਆਂ ਚਲਾਉਣ ਦੀ ? ਪਰ ਇਹਨਾਂ ਲੋਕਾਂ ਤੋਂ ਘਬਰਾਉਣ ਦੀ ਲੋੜ ਨਹੀਂ।

ਹੱਥਾਂ ਬਾਝ ਕਰਾਰਿਆਂ ਵੈਰੀ ਨਹੀਂ ਹੁੰਦਾ ਮਿਤ ॥

ਤਿਆਰ-ਬਰ-ਤਿਆਰ ਰਹਿਣ ਦੀ ਅਪੀਲ

ਇਸ ਰਾਹ ਤੇ ਹੁਣੇ ਕਵਿਤਾ ਪੜ੍ਹੀ ਸੀ ਪਾਂਧੀ ਹੁਣਾਂ ਨੇ ਕਿ ਖ਼ਾਲਸਾ ਜੀ ਤਲਵਾਰ ਵਿੱਚੋਂ ਸਾਰਾ ਕੁਝ ਮਿਲਦਾ, ਪਰ ਤਲਵਾਰ ਮਜ਼ਲੂਮ 'ਤੇ ਨਹੀਂ ਚੁੱਕਣੀ। ਜ਼ਾਲਮ ਨੂੰ ਸੋਧਣ ਵਾਸਤੇ ਜ਼ਰੂਰ ਸਾਵਧਾਨ ਰਹਿਣਾ, ਪਰ ਇਹ ਤਾਂ ਕਰ ਸਕਾਂਗੇ ਜੇ ਸਾਰੇ ਅੰਮ੍ਰਿਤ ਛਕਾਂਗੇ ਤੇ ਜੇ ਹਦਵਾਣੇ ਵਰਗਾ ਮੂੰਹ ਸਿਰ ਹੋਇਆ ਤੇ ਮੁੱਛ ਤੇ ਦਾੜ੍ਹੀ ਨਾਈ ਦੀ ਨਾਲੀ ਵਿੱਚ ਪਈ ਹੋਈ ਫਿਰ ਤਾਂ ਗੱਲ ਬਣਨੀ ਨਹੀਂ। ਕ੍ਰਿਪਾਨ ਪਾਉ ਗਾਤਰੇ, ਹਥਿਆਰ ਰੱਖੋ ਤੇ ਸਤਿਗੁਰੂ ਨਾਲ ਪਿਆਰ ਕਰੋ। ਇੰਨੀ ਬੇਨਤੀ ਕਰਦਾਂ, ਮੈਂ ਆਪਣੇ ਵੱਲੋਂ, ਜਾਣ ਵਾਲੇ ਸਾਰੇ ਜਥਿਆਂ ਦੇ ਜਥੇਦਾਰਾਂ ਦਾ ਤੇ ਜਥੇ ਵਿੱਚ ਜਾਣ ਵਾਲੇ ਵਲੰਟੀਅਰਾਂ ਦਾ, ਸਾਰਿਆਂ ਦਾ ਧਨਵਾਦ ਕਰਦਾ ਹਾਂ ਤੇ ਸਾਰਿਆਂ ਨੂੰ ਵਧਾਈ ਦਿੰਦਾ ਹਾਂ। ਬੋਲਦਿਆਂ ਕੋਈ ਗ਼ਲਤੀ ਹੋਵੇ ਤਾਂ ਛੋਟਾ ਜਾਣ ਕੇ ਮੁਆਫ਼ ਕਰਨਾ।

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੨੧.

(ਦੀਵਾਨ ਹਾਲ ਮੰਜੀ ਸਾਹਿਬ, ਅੰਮ੍ਰਿਤਸਰ, ੧੬-੦੭-੧੯੮੩)

ਸਟੇਜ ਸੈਕਟਰੀ - ਸ੍ਰੀਮਾਨ ਸੰਤ ਬਾਬਾ ਜਰਨੈਲ ਸਿੰਘ ਖ਼ਾਲਸਾ ਜੀ ਭਿੰਡਰਾਂਵਾਲੇ, ਆਪਣੇ ਵਿਚਾਰ ਰੱਖ ਰਹੇ ਹਨ, ਉਹਨਾਂ ਦੇ ਵਿਚਾਰ ਸਰਵਣ ਕਰੋ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥
ਸ਼੍ਰੋਮਣੀ ਅਕਾਲੀ ਦਲ ॥ ਜ਼ਿੰਦਾਬਾਦ ॥
ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਗੁਰੂ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ ਜੀ ਦੀ ਸਾਜ਼ੀ ਨਿਵਾਜ਼ੀ, ਗੁਰੂ ਰੂਪ ਗੁਰੂ ਖ਼ਾਲਸਾ ਸਾਧ ਸੰਗਤ ਜੀ, ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਸਰਸੇ ਇਲਾਕੇ ਵਿੱਚ ਦੇਹਧਾਰੀ ਡੰਮ

ਗੁਰੂ ਪਿਆਰੇ ਖ਼ਾਲਸਾ ਜੀ, ਆਪ ਜੀ ਨੇ ਸਟੇਜ ਉੱਪਰੋਂ ਬੋਲਣ ਵਾਲਿਆਂ ਬੁਲਾਰਿਆਂ ਦੇ ਪਾਸੋਂ ਸੁੰਦਰ ਵਿਚਾਰ ਸੁਣੇ ਹਨ ਤੇ ਵਡਭਾਗੀ ਬਣੇ ਹੋ। ਜੋ ਅੱਜ ਦਾ ਜਥਾ ਗ੍ਰਿਫ਼ਤਾਰੀ ਦੇਣ ਵਾਸਤੇ, ਸਤਿਗੁਰੂ ਦਾ ਓਟ ਆਸਰਾ ਤੱਕ ਕੇ ਜਾ ਰਿਹਾ ਹੈ, ਇਸ ਜਥੇ ਦੇ ਜਥੇਦਾਰ ਸਾਹਿਬ ਨੇ ਆਪਣੇ ਵਿਚਾਰ ਦੱਸੇ ਹਨ। ਸਰਸੇ ਦੇ ਇਲਾਕੇ ਵਿੱਚ ਕੁਝ ਕੁ ਮਨੁੱਖ ਪੂਜਕ ਲੋਕਾਂ ਦਾ ਬੜਾ ਭਾਰੀ ਜ਼ੋਰ ਸੀ। ਜਿਸ ਵੇਲੇ ਦਾਸ ਉਥੇ ਪਹੁੰਚਿਆ, ਬਾਬਾ ਪ੍ਰੀਤਮ ਸਿੰਘ ਜੀ ਕਾਰ ਸੇਵਾ ਵਾਲਿਆਂ ਦੇ ਹੁਕਮ ਨੂੰ ਮੰਨ ਕੇ, ਤਾਂ.....। ਉਹਨਾਂ ਸੱਜਣਾਂ ਵਿੱਚ ਕੁਝ ਪ੍ਰੇਮੀ ਆਪਣੇ ਵਿੱਚ ਅੱਜ ਮੌਜੂਦ ਵੀ ਹਨ, ਜਿਹਨਾਂ ਨੇ ਪ੍ਰਬੰਧ ਵਿੱਚ ਹਿੱਸਾ ਲਿਆ ਸੀ। ਇਹਨਾਂ ਦੇ ਮਗਰ ਜੀਪਾਂ ਵੀ ਲਾਈਆਂ ਗਈਆਂ, ਹਥਿਆਰ ਵਿਖਾ ਕੇ ਇਹਨਾਂ ਨੂੰ ਭੈ ਭੀਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਇਹ ਵੀ ਨਾਲ ਕਿਹਾ ਗਿਆ ਕਿ ਭਿੰਡਰਾਂਵਾਲੇ ਨੂੰ ਇਸ ਇਲਾਕੇ ਵਿੱਚ ਨਹੀਂ ਆਉਣ ਦੇਣਾ ਚਾਹੀਦਾ ਕਿਉਂਕਿ ਇਹ ਬੜਾ ਖ਼ਤਰਨਾਕ ਬੰਦਾ। ਜਦੋਂ ਉਥੇ ਜਾ ਕੇ ਸਤਿਗੁਰੂ ਜੀ ਦੇ ਅਸਥਾਨ ਦੇ ਦਰਸ਼ਨ ਕੀਤੇ ਹਨ। ਇਹਨਾਂ ਸਿੰਘਾਂ ਨਾਲ ਵਿਚਾਰ ਵਟਾਂਦਰਾ ਹੋਇਆ, ਭਾਵੇਂ ਪਹਿਲੀ ਵੇਰਾਂ ਇਹਨਾਂ ਦੇ ਦਰਸ਼ਨ ਹੋਏ ਸੀ। ਕਈਆਂ ਸੱਜਣਾਂ ਨੇ ਕਿਹਾ ਕਿ ਕਰਨੀਵਾਲੇ ਤੇ ਅਮਰਾਸਰ ਜਿਹੜਾ ਹੈ ਨਗਰ, ਜਿੱਥੇ ਕਿ ਨਾਮਧਾਰੀ ਵੀਰਾਂ ਦਾ ਕਾਫੀ, ਨਿੱਜੀ ਤੌਰ 'ਤੇ ਆਪਣਾ ਜ਼ੋਰ ਹੈ, ਉਸ ਇਲਾਕੇ ਵਿੱਚ ਆਪਾਂ ਨੂੰ

ਕੁਝ ਕੁ ਸੰਕੋਚ ਕਰਨੀ ਚਾਹੀਦੀ ਹੈ ਕਿਉਂਕਿ ਉਹਨਾਂ ਦਾ ਮਨ ਠੀਕ ਨਹੀਂ। ਉਹ ਗੁਰਮਤਿ ਦੇ ਪ੍ਰਚਾਰ ਨੂੰ ਚੰਗਾ ਨਹੀਂ ਸਮਝਦੇ। ਦਾਸ ਨੇ ਬੇਨਤੀ ਕੀਤੀ ਸੀ (ਕਿ) ਜਿਸ ਨੂੰ ਭਾਈ ਡਰ ਹੈ, ਮੌਤ ਦਾ ਜਾਂ ਸਰੀਰ ਦੇ ਤਿਆਗਣ ਦਾ, ਉਹ ਅਰਾਮ ਨਾਲ ਗੁਰਦੁਆਰੇ 'ਚ ਬੈਠੋ। ਮੈਂ ਆਪਣੇ ਵੱਲੋਂ ਕਦੇ ਕੁਝ ਕਿਹਾ ਨਹੀ.....। ਸੱਚਖੰਡ ਵਾਸੀ ਬ੍ਰਹਮ ਗਿਆਨੀ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ, ਜਿਹਨਾਂ ਦੀ ਬਰਸੀ ਪਹਿਲੀ ਭਾਦਰੋਂ ਨੂੰ ਆ ਰਹੀ ਹੈ, ਉਹਨਾਂ ਮਹਾਂਪੁਰਖਾਂ ਦਾ ਹੁਕਮ ਸੀ :

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਮੈਂ ਜੈਕਾਰੇ ਵਾਲੇ ਨੂੰ ਬੇਨਤੀ ਕਰਾਂਗਾ.....। ਟਾਈਮ ਵੀ ਬਹੁਤ ਥੋੜਾ ਬਾਕੀ। ਰਸਨਾ ਵੀ ਅੱਜ ਬਹੁਤਾ ਕੰਮ ਨਹੀਂ ਦਿੰਦੀ, ਜ਼ਿਆਦਾ ਪੱਕੀ ਹੋਈ ਆ। ਇਹ ਤਾਂ ਕੇਵਲ....., ਸਿੰਘ ਸਾਹਮਣੇ ਬੈਠੇ ਹੋਣ ਕਰਕੇ, ਦੋ ਕੁ ਮਿੰਟ ਇਹਨਾਂ ਦੇ ਸੰਬੰਧ ਵਿੱਚ ਬੋਲਣਾ ਪੈਣਾ। ਉਹਨਾਂ ਮਹਾਂਪੁਰਖਾਂ ਦਾ ਹੁਕਮ ਸੀ ਕਿ ਸਿੰਘੋ, ਜਿਸ ਵੇਲੇ ਪਰਚਾਰ ਕਰਨਾ, ਉਸ ਵੇਲੇ ਇਹ ਨਹੀਂ ਸੋਚਣਾ ਕਿ ਮੇਰਾ ਸਰੀਰ ਪ੍ਰਚਾਰ ਕਰ ਰਿਹਾ, ...ਇਹ ਸੋਚਣਾ ਕਿ ਮੇਰਾ ਜਿਹੜਾ ਸਿਰ ਹੈ, ਉਹ ਖੱਬੇ ਹੱਥ ਦੀ ਤਲੀ 'ਤੇ (ਹੈ ਅਤੇ) ਮੇਰਾ ਧੜ ਬੋਲ ਕੇ ਸੰਗਤਾਂ ਦੇ ਜੋੜੇ ਝਾੜ ਰਿਹਾ, ਤਾਂ ਗੁਰਮਤਿ ਦਾ ਪ੍ਰਚਾਰ ਹੋਵੇਗਾ ਨਹੀਂ ਤੇ ਨਹੀਂ ਹੋਵੇਗਾ। ਇਸੇ ਤਰ੍ਹਾਂ ਹੀ ਉਥੇ ਕਰਨਾ ਪਿਆ। ਸੰਗਤਾਂ ਨੇ ਵੀ ਪਿਆਰ ਦਾ ਸਬੂਤ ਦਿੱਤਾ। ਉਹਨਾਂ ਇਲਾਕਿਆਂ ਵਿੱਚ ਜਾ ਕੇ ਜਿੱਥੇ ਜਿੱਥੇ ਉਹਨਾਂ ਦਾ ਨਿੱਜੀ ਤੌਰ 'ਤੇ ਬਹੁਤ ਭਾਰੀ ਜ਼ੋਰ ਸੀ.....। ਸੋ ਜਿਸ ਵੇਲੇ ਗੁਰਬਾਣੀ ਦੀ ਕਥਾ ਹੋਈ, ਘੰਟਾ ਸਵਾ ਘੰਟਾ.....। ਉਹਨਾਂ ਲੋਕਾਂ ਨੇ, ਉਥੋਂ ਦੀ ਸੰਗਤ ਦੇ ਮਨ ਵਿੱਚ ਇੱਕ ਬੜਾ ਭਾਰੀ ਭੁਲੇਖਾ ਪਾਇਆ ਹੋਇਆ ਸੀ, ਜੋ ਕਾਫੀ ਹੱਦ ਤੱਕ ਦੂਰ ਹੋ ਚੁੱਕਾ, ਮਮੂਲੀ ਜਿਹਾ ਰਹਿੰਦਾ, ਇੱਕ ਅੱਧਾ ਗੇੜਾ ਹੋਰ ਲੱਗਾ ਤਾਂ ਦੂਰ ਹੋਵੇਗਾ। ਉਹ ਭੁਲੇਖਾ ਕੀ ਸੀ ? ਇਹ ਸੱਜਣ ਵੀ ਕੋਲ ਬੈਠੇ ਨੇ ਇਹਨਾਂ ਨੂੰ ਖ਼ਾਸ ਕਰਕੇ ਪਤਾ.....।

ਨੀਲੇ ਰੰਗ ਬਾਰੇ ਨਾਮਧਾਰੀਆਂ ਦਾ ਵਹਿਮ

ਉਹ ਕਹਿੰਦੇ ਹਨ, ਇਹ ਜਿਹੜਾ ਨੀਲਾ ਰੰਗ ਆ, ਇਹ ਗਊ ਦੀ ਰੱਤ ਆ। ਨੀਲਾ ਰੰਗ ਨਹੀਂ ਪਹਿਨਣਾ ਚਾਹੀਦਾ। ਜੇ ਚਿੱਟੇ ਕੱਪੜੇ ਉੱਪਰ ਕਿਤੇ ਕੋਈ ਬੰਦਾ ਪਿਆਰ ਨਾਲ ਜਾਂ ਪਰਖ ਕਰਨ ਵਾਸਤੇ, ਕਿਤੇ ਜ਼ਰਾ ਕੁ ਧਾਗਾ ਧੂਗਾ ਰੱਖ ਦੇਵੇ ਤਾਂ....., ਮੈਂ ਅੱਖੀਂ ਤਾਂ ਵੇਖਿਆ ਨਹੀਂ, ਉਥੋਂ ਦੇ ਇਲਾਕੇ ਦੇ ਸਿੰਘਾਂ ਤੋਂ ਸੁਣਿਆ.....। ਕਹਿੰਦੇ ਜੀ ਕੱਪੜਾ ਖਰਾਬ ਹੋ ਗਿਆ ਤੇ ਮੈਨੂੰ ਸਿੰਘਾਂ ਨੇ ਦੱਸ ਦਿੱਤਾ.....। (ਮੈਂ) ਬੇਨਤੀ ਕੀਤੀ ਕਿ ਨਾਮਧਾਰੀ ਭਰਾਵੋ, ਤੁਸੀਂ ਤੇ ਰਾਈਫਲਾਂ ਤੇ ਬੰਦੂਕਾਂ ਲੈ ਕੇ ਇਥੇ ਆਏ ਹੋ ਕਿ ਭਿੰਡਰਾਂਵਾਲੇ ਨੂੰ ਵੜਨ ਨਹੀਂ ਦੇਣਾ, (ਪਰ) ਤੁਸੀਂ ਇੱਕ ਲੱਖ ਬੰਦਾ ਇਕੱਠਾ ਕਰਕੇ ਮਹਿਤੇ ਆਉ ਤੇ ਤੁਹਾਨੂੰ ਮੈਂ ਸਿਰੋਪਾ ਦੇਵਾਂਗਾ ਕਿ ਆਉ ਕੀਰਤਨ ਕਰੋ, ਪਰ ਇਹ ਮਰਦ ਦੇ ਪੁੱਤ ਦਾ ਤੇ ਸਿੱਖ ਦੇ ਪੁੱਤ ਦਾ ਕੰਮ ਨਹੀਂ ਕਿ ਸਿੱਖ ਸਿੱਖੀ ਸਰੂਪ ਨੂੰ ਦੇਖ ਕਰਕੇ ਸਿੱਖ ਨੂੰ ਨਫ਼ਰਤ ਕਰੇ। ਇਹ ਕਿਸੇ ਕਾਇਰ ਦਾ ਤੇ ਬੁਜ਼ਦਿਲ ਦਾ ਕੰਮ ਹੋ ਸਕਦਾ। ਜਿਹੜਾ ਇਹ ਤੁਸੀਂ ਨੀਲੇ ਰੰਗ ਨੂੰ ਨਫ਼ਰਤ ਕੀਤੀ ਆ, ਮੈਂ ਤੁਹਾਡੇ ਕੋਲੋਂ ਇੱਕ ਗੱਲ ਪੁੱਛਣੀ ਚਾਹੁੰਦਾ ਹਾਂ, ਤੁਹਾਨੂੰ ਧਾਗੇ 'ਤੇ ਨੀਲੇ ਰੰਗ 'ਤੇ ਅਤੇ ਨੀਲੇ ਕੱਪੜੇ 'ਤੇ ਤਾਂ ਨਫ਼ਰਤ ਆ ਪਰ ਅਕਾਸ਼ ਚਿੱਟੇ ਰੰਗ ਦਾ ਕਿ ਨੀਲੇ ਰੰਗ ਦਾ ? ਕਹਿੰਦੇ ਜੀ ਅਕਾਸ਼ ਤੇ ਨੀਲਾ ਤੇ ਮੈਂ ਆਖਿਆ ਫਿਰ ਤੁਸੀਂ ਅਕਾਸ਼

ਦੇ ਥੱਲੇ ਕਿਉਂ ਰਹਿ ਰਹੇ ਹੋ ? ਇਸ ਤੋਂ ਪਾਸੇ ਜਾ ਕੇ ਰਹੋ ਕਿਤੇ। ਅਕਾਸ਼ ਸਾਰਾ ਨੀਲਾ (ਪਰ) ਉਹਦਾ ਕੋਈ ਦੁੱਖ ਨਹੀਂ ਤੇ ਕੱਪੜਾ ਨੀਲਾ ਪਹਿਨਿਆ ਜਾਵੇ ਤਾਂ ਕਹਿੰਦੇ ਬੁਖਾਰ ਹੋ ਜਾਂਦਾ। ਜਦੋਂ ਉਥੇ ਘੰਟਾ, ਸਵਾ ਘੰਟਾ ਲੱਗਾ, ਪਿਛੇ ਜਿਹੜੇ ਪਤਵੰਤੇ ਸੱਜਣ ਸੀ, ਉਹਨਾਂ ਵਿੱਚੋਂ ਪ੍ਰੇਮੀ, ਉਹ ਉੱਠ ਕੇ ਕਹਿਣ ਲੱਗੇ ਜੀ ਸਾਨੂੰ ਪਤਾ ਨਹੀਂ ਸੀ, ਤੂੰ ਇਹੋ ਜਿਹਾਂ। ਅਸੀਂ ਤਾਂ ਲਾਲੇ ਦੇ ਅਖ਼ਬਾਰ ਵਿੱਚੋਂ ਸੁਣਿਆ ਸੀ ਕਿ ਖ਼ਤਰਨਾਕ ਆ ਸਾਰੇ ਈ। ਆਪਣਾ ਸੁਭਾਅ ਵਰਤਦਾ ਕਿਸੇ ਨੂੰ ਸੁਣਦਾ ਨਹੀਂ ? ਮੈਂ ਆਖਿਆ ਇਹ ਗੱਲ ਠੀਕ ਆ, ਸੁਣਦਾ ਹਾਂ, ਕੇਵਲ ਗੁਰੂ ਸਾਹਿਬ ਦੇ ਹੁਕਮ ਨੂੰ ਜਾਂ ਸੰਗਤ ਦੇ ਹੁਕਮ ਨੂੰ। ਦੇਹਧਾਰੀ ਪਖੰਡੀ ਦੇ ਹੁਕਮ ਨੂੰ ਨਾ ਤਾਂ ਕਦੇ ਸੁਣਿਆ, ਨਾ ਸੁਣਦਾਂ ਤੇ ਨਾ ਸੁਣਨਾ। ਕਹਿਣ ਲੱਗੇ ਸਾਨੂੰ ੭ ਦਿਨ ਦਾ ਪ੍ਰੋਗਰਾਮ ਆਉਣ ਵਾਲੇ ਸਮੇਂ 'ਚ ਦੇ ਦਿਉ, ਪਰ ਪਿੱਛੇ ਸਮਾਂ ਹੋਰ ਤਬਦੀਲ ਹੋ ਗਿਆ.....। ਉਸ ਇਲਾਕੇ ਵਿੱਚੋਂ, ਉਹਨਾਂ ਦਿਨਾਂ ਵਿੱਚ, ਕੁਝ ਨਾਮਧਾਰੀ ਭਾਈਆਂ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕਿਆ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਲੜ ਵੀ ਲੱਗੇ ਸੀ। ਅੱਜ ਵੀ ਪਤਵੰਤੇ ਸੱਜਣ ਉਹਨਾਂ 'ਚੋਂ ਮੁਖੀ, ਆਪਣੇ ਵਿੱਚ ਵੀ ਬੈਠੇ ਆ। ਉਹ ਵੀ ਨਾਲ ਇਸ ਜਥੇ ਵਿੱਚ ਗ੍ਰਿਫ਼ਤਾਰੀ ਦੇ ਰਹੇ ਆ। ਜਿਹਨਾਂ ਦੇ ਉੱਪਰ ਬੜੀ ਭਾਰੀ ਗਹਿਰੀ ਨਿਗ੍ਹਾ, ਉਹਨਾਂ ਲੋਕਾਂ ਨੇ ਰੱਖੀ ਹੋਈ ਸੀ ਕਿ ਤੁਸੀਂ ਭਿੰਡਰਾਂਵਾਲਿਆਂ ਨੂੰ ਲਿਆ ਕੇ ਇਥੇ ਪ੍ਰਚਾਰ ਕਿਉਂ ਕਰਾਇਆ ? ਇਥੋਂ ਤੱਕ ਵੀ, ਸ਼ਾਇਦ ਸਟੇਜ ਸੈਕਟਰੀ ਸਾਹਿਬ ਨੂੰ ਅਤੇ ਬਾਕੀ ਸਾਡੇ ਜਥੇਦਾਰਾਂ ਨੂੰ ਵੀ ਪਤਾ ਹੋਵੇਗਾ (ਕਿ) ਇੱਕ ਪ੍ਰੇਮੀ ਇਸ ਇਲਾਕੇ ਵਿੱਚ ਗਿਆ ਸੀ (ਪਰ) ਉਹਨਾਂ ਲੋਕਾਂ ਨੇ ਬੋਲਣ ਤੱਕ ਨਹੀਂ ਸੀ ਦਿੱਤਾ ਉਹਨੂੰ। ਕਹਿਣ ਲੱਗੇ ਵਾਪਸ ਚਲਿਆ ਜਾਹ। ਉਹਨੂੰ ਇੱਕ ਦਿਹਾੜੀ ਕਿ ਸ਼ਾਇਦ ਦੋ ਦਿਨ ਬੋਲ ਕੇ ਕੰਨ ਲਪੇਟ ਕੇ ਆਉਣਾ ਪਿਆ ਸੀ। ਉਹਦਾ ਕਾਰਨ ਕੀ ਸੀ ? ਕਿ ਸਾਨੂੰ ਪ੍ਰਚਾਰ ਕਰਦਿਆਂ ਸਰੀਰ ਨਾਲ ਪਿਆਰ ਆ। ਜਦੋਂ ਮਰਨਾ ਮੰਡ ਲਈਏ ਤੇ ਧਰਮ ਤੇ ਚੱਲਣਾ, ਸਚਾਈ ਤੇ ਸਤਿ ਅਰੰਭ ਲਈਏ, ਉਸ ਵੇਲੇ ਖ਼ਾਲਸਾ ਜੀ ਕਿਸੇ ਦੀ ਜ਼ੁਰਅਤ ਨਹੀਂ ਕੋਈ ਹਟਾ ਸਕੇ, ਪਰ ਜਦੋਂ ਕਿਸੇ ਨੂੰ ਨਫ਼ਰਤ ਨਾਲ ਬੋਲਾਂਗੇ, ਆਪਣੀ ਈਨ ਮਨਾਉਣ ਦਾ ਯਤਨ ਕਰਾਂਗੇ, ਉਦੋਂ ਹਰ ਵਿਅਕਤੀ ਦੇ ਮਨ ਵਿੱਚ ਨਫ਼ਰਤ ਆਵੇਗੀ। ਜਦੋਂ ਤੱਕ ਪਿਆਰ ਦੀ ਭਾਵਨਾ ਹੈ, ਸਤਿਗੁਰੂ ਹਰਿਗੋਬਿੰਦ ਸਾਹਿਬ ਮੀਰੀ ਪੀਰੀ ਦੇ ਮਾਲਕ ਦੇ ਚਰਨਾਂ ਦਾ ਆਸਰਾ ਹੈ, ਦੁਨੀਆਂ ਦੀ ਕਿਹੜੀ ਤਾਕਤ ਜਿਹੜੀ ਨਿਵਾ ਦੇਵੇਗੀ।

ਸਿੰਘਾਂ ਦੀਆਂ ਛਾਉਣੀਆਂ 'ਤੇ ਕਬਜ਼ਾ ਕਰਨ ਦੇ ਪੁਲੀਸ ਅਫ਼ਸਰਾਂ ਦੇ ਦਮਗਜੇ

ਅੱਜ ਅਕਾਲੀ ਪੱਤਰਕਾ ਦੇ ਪਹਿਲੇ ਪੇਜ 'ਤੇ ਗੁਰਦਾਸਪੁਰ ਤੋਂ ਇੱਕ ਖ਼ਬਰ ਲੱਗੀ ਹੋਈ ਆ। ਸੀ. ਆਈ. ਡੀ. ਵਾਲਿਉ ਪਤਾ ਨਹੀਂ ਬਦਕਿਸਮਤੀ ਆ, ਤੁਹਾਡੀ ਵੀ ਤੇ ਸਾਡੀ ਵੀ, ਸਿੱਖ ਕੌਮ ਦੀ ਵੀ....., ਇਥੇ ਪ੍ਰਚਾਰ ਸੁਣ ਕੇ ਜਾ ਕੇ ਦੱਸਦੇ ਕਿਉਂ ਨਹੀਂ ? ਖ਼ਬਰ ਛਪਾ ਦਿੱਤੀ ਕਿ ਭਿੰਡਰਾਂਵਾਲਿਆਂ ਦੇ ਸਾਥੀਆਂ ਨੂੰ ਪਕੜ ਕੇ ਮਾਰਨਾ ਸ਼ੁਰੂ ਕਰ ਦਿਉ। ਨਿਹੰਗ ਸਿੰਘਾਂ ਦੀਆਂ ਛਾਉਣੀਆਂ 'ਤੇ ਕਬਜ਼ਾ ਕਰ ਲਉ। ਇਹ ਸਿਆਹੀ ਨਾਲ ਤਾਂ ਲਿਖ ਦਿੱਤਾ ਤੇ ਪ੍ਰੈਸ ਵਿੱਚ ਅਖ਼ਬਾਰ 'ਚ ਛਪ ਗਿਆ ਤੇ ਆਫੀਸਰ ਦਾ ਨਾਂਅ ਦੇ ਦਿੰਦੇ ਤੇ ਚੰਗੀ ਗੱਲ ਸੀ। ਖੋਜ ਨਾ ਕਰਨੀ ਪੈਂਦੀ, ਹੁਣ ਤੇ ਉਹਨੂੰ ਭਾਲਣਾ ਪਊ। ਉਹ ਕਹਿ ਦਿੱਤਾ ਕਿ ਕਿਸੇ ਸੀਨੀਅਰ ਆਫ਼ੀਸਰ ਨੇ ਕਿ ਇਹ ਕਬਜ਼ਾ ਕਰਨਾ। ਅਸੀਂ ਕਦੋਂ ਕਹਿਨੇ ਕਿ ਨਾ ਕਰੋ। ਆਨੰਦਪੁਰ ਸਾਹਿਬ 'ਤੇ ਕਬਜ਼ਾ ਹੋਇਆ,

ਮੇਰੇ ਚੋਜੀ ਪ੍ਰੀਤਮ ਪੁੱਤਰਾਂ ਦੇ ਦਾਨੀ ਨੇ ਸਭ ਸਮਾਨ ਰੋੜ ਦਿੱਤਾ ਨਦੀ ਵਿੱਚ। ਜਿਸ ਅਸਥਾਨ 'ਤੇ ਅੱਜ ਖੜੇ ਆਂ, ਇਥੇ ਵੀ ਰਾਜਨੀਤਕਾਂ ਦਾ ਕਦੇ ਕਬਜ਼ਾ ਹੋਇਆ ਸੀ, ਮੁਗਲਾਂ ਦਾ। ਇਸ ਦਰਸ਼ਨੀ ਦਿਉੜੀ ਦੇ ਦਰਵਾਜ਼ੇ ਵਿੱਚ, ਜਿਸ ਵੇਲੇ ਬੀਬੀ ਵੀਰੋ ਜੀ ਨੂੰ.....। ਪਹਿਲਾਂ ਜਿਸ ਵੇਲੇ ਇਥੇ ਮੁਗਲ ਆਏ ਆ। ਸਤਿਗੁਰੂ ਨੇ ਇਸ ਅਸਥਾਨ ਤੋਂ ੨੫ ਸਿੱਖਾਂ ਦਾ ਜਥਾ ਭੇਜਿਆ ਲੋਹਗੜ੍ਹ ਕਿਲ੍ਹੇ ਤੋਂ.....,ਬਾਹਰਲੇ ਪਾਸੇ ਆ। (ਹੁਣ) ਸ਼ਹਿਰ ਵਿੱਚ ਕਿਲ੍ਹਾ ਉਹ, ਉਦੋਂ ਸ਼ਹਿਰੋਂ ਬਾਹਰ ਹੁੰਦਾ ਸੀ। ਉਦੋਂ ਪਿੱਛੋਂ ਵੱਸੋਂ ਵਧੀ ਆ। ਉਥੇ ੨੫ ਸਿੱਖਾਂ ਨੂੰ ਭੇਜਿਆ। ਆਪ ਚੋਜੀ ਪ੍ਰੀਤਮ ਸਾਰਾ ਪਰਿਵਾਰ ਲੈ ਕੇ ਰਾਮਸਰ ਸਰੋਵਰ 'ਤੇ ਗਏ। ਬੀਬੀ ਵੀਰੋ ਜੀ ਘਰ ਵਿੱਚ ਰਹਿ ਗਈ। ਉਥੇ ਜਾ ਕੇ ਪਰਿਵਾਰ ਨੂੰ ਪਤਾ ਲੱਗਾ। ਸਿੰਗਾ ਪ੍ਰੋਹਤ ਤੇ ਬਾਬ ਕਰਾਚੀ ਨੂੰ ਸਤਿਗੁਰਾਂ ਨੇ ਵਾਪਸ ਭੇਜਿਆ। ਇਸ ਰਸਤੇ ਲਿਆ ਕੇ, ਬੀਬੀ ਵੀਰੋ ਜੀ ਨੂੰ ਨਾਲ ਲੈ ਕੇ, ਜਦੋਂ ਇਥੋਂ ਦੀ ਜਥੇ ਲੰਘਣ ਲੱਗੇ ਆ, ਤਾਂ ਦੋ ਮੁਗਲ ਇਸ ਦਰਸ਼ਨੀ ਦਿਉੜੀ ਦੇ ਦਰਵਾਜ਼ੇ ਵਿੱਚ ਖੜੇ ਸਨ। ਇਸ ਅਸਥਾਨ 'ਤੇ, ਘੋੜੇ ਦੀ ਪੈੜ ਸੁਣ ਕੇ, ਖੜਕਾ ਸੁਣ ਕੇ, ਉਹਨਾਂ ਦੋਹਾਂ ਪੁਰਖਾਂ ਨੇ ਲਲਕਾਰਾ ਮਾਰਿਆ, ਵੰਗਾਰਿਆ ਤੇ ਸਿੱਖ ਕਿਹੜਾ ਅੱਗੋਂ ਢਿੱਲੇ ਸੀ। ਲਾਲਚ ਤਾਂ ਹੈ ਕੋਈ ਨਹੀਂ ਸੀ, ਜ਼ਿੰਦਗੀ ਨਾਲ ਪਿਆਰ ਕੋਈ ਨਹੀਂ ਸੀ, ਕੇਵਲ ਸਿੱਖੀ ਨਾਲ ਤੇ ਗੁਰੂ ਦੇ ਚਰਨਾਂ ਨਾਲ ਪਿਆਰ ਸੀ। ਉਸੇ ਵੇਲੇ ਖ਼ਾਲਸਾ ਜੀ ਬਾਬ ਕਰਾਚੀ ਬੀਬੀ ਵੀਰੋ ਜੀ ਨੂੰ ਨਾਲ ਲੈ ਕੇ ਘੋੜੇ 'ਤੇ ਅੱਗੇ ਚਲੇ ਗਏ ਆ। ਸਿੰਗਾ ਪ੍ਰੋਹਤ ਉਸੇ ਵੇਲੇ ਤਖ਼ਤ ਦੇ ਕੋਲ ਆ। ਦੋਹਾਂ ਦੇ ਇੱਕ ਇੱਕ ਧਰ ਦਿੱਤੀ ਤੇ ਸਦਾ ਮੌਤ ਦੀ ਨੀਂਦ ਇਥੇ ਸਵਾ ਦਿੱਤਾ। ਇਥੇ ਕਬਜ਼ਾ ਭਾਵੇਂ ਉਹਨਾਂ ਦਾ ਹੋ ਗਿਆ ਸੀ , ਪਰ ਸਤਿਗੁਰੂ ਦੇ ਦੁਲਾਰੇ ਸਿੱਖਾਂ ਨੇ....., ਜਦੋਂ ਉਹਨਾਂ (ਮੁਗਲਾਂ) ਨੇ ਵੰਗਾਰਿਆ ਸਾਹਮਣੇ ਆ ਕੇ ਚੈਲੰਜ ਕੀਤਾ ਤੇ ਉਸ ਵੇਲੇ ਸਦਾ ਦੀ ਨੀਂਦ ਸੁਆ ਕੇ ਇਥੋਂ ਨਿਕਲੇ। ਬੀਬੀ ਵੀਰੋ ਜੀ ਨੂੰ ਰਾਮਸਰ ਜਾ ਕੇ ਮਿਲਾਪ ਕਰਾਇਆ ਪਰਿਵਾਰ ਨਾਲ। ਉਥੋਂ ਪਰਿਵਾਰ ਝਬਾਲ ਨੂੰ ਗਿਆ ਤੇ ਮੇਰੇ ਚੋਜੀ ਪ੍ਰੀਤਮ ਜੀ ਨੇ....., ਜਿਸ ਤਖ਼ਤ 'ਤੇ ਅੱਜ ਆਪਾਂ ਦਰਸ਼ਨ ਕਰਕੇ ਅਨੰਦ ਮਾਣ ਰਹੇ ਆਂ, ਇਥੇ ਸਤਿਗੁਰੂ ਜੀ ਨੇ ਅਕਾਲ ਪੁਰਖ ਅੱਗੇ ਅਰਦਾਸ ਕਰਕੇ ਕਮਰਕੱਸਾ ਕੱਸ ਕੇ, ਮੀਰੀ ਪੀਰੀ ਦੀਆਂ ਤਲਵਾਰਾਂ ਪਹਿਲਾਂ ਪਹਿਨੀਆਂ ਹੋਈਆਂ ਸਨ। ਉਹ ਗਾਤਰੇ ਸਜਾ ਕੇ, ਉਥੋਂ ਘੋੜੇ 'ਤੇ ਚੜ੍ਹ ਕੇ ਖ਼ਾਲਸਾ ਕਾਲਜ ਵਾਲੀ ਜਗ੍ਹਾ ਵਿੱਚ ਜਾ ਕੇ....., ਕੇਵਲ ਤਿੰਨ ਘੰਟੇ ਲੱਗੇ ਸੀ। ਮੁਖਲਸ ਖਾਂ ਆਇਆ ਸੀ ੭ ਹਜ਼ਾਰ ਫ਼ੌਜ ਲੈ ਕੇ, ਤਿੰਨਾਂ ਘੰਟਿਆਂ 'ਚ ਸਦਾ ਦੀ ਨੀਂਦੇ ਸਵਾਇਆ ਸੀ ਤੇ ਇਹ ਕਹਿੰਦੇ ਜੀ ਇਥੇ (ਵੀ) ਕਬਜ਼ਾ ਕਰ ਲੈਣਾ (ਤੇ) ਮਹਿਤੇ ਵੀ, ਨਿਹੰਗਾਂ ਸਿੰਘਾਂ ਦੀਆਂ ਛਾਉਣੀਆਂ 'ਤੇ ਵੀ। ਪਹਿਲਾਂ ਇਹਨਾਂ ਨੂੰ ਕਬਜ਼ੇ ਵਿੱਚ ਲੈ ਲਈਏ, ਫਿਰ ਹੌਲੀ-ਹੌਲੀ ਦਰਬਾਰ ਸਾਹਿਬ ਵੱਲ ਚੱਲਾਂਗੇ। ਸੀਨੀਅਰ ਆਫੀਸਰ ਨੇ ਫ਼ੈਸਲਾ ਕੀਤਾ।

ਜ਼ਾਲਮ ਅਫ਼ਸਰਾਂ ਨੂੰ ਚਿਤਾਵਨੀ

ਸੀ. ਆਈ. ਡੀ. ਵਾਲਿਉ ਉਹਨਾਂ ਨੂੰ ਕਹਿ ਦਿਉ ਕਿ ਕਸਰ ਨਾ ਕੋਈ ਛੱਡਿਉ, (ਜੇ) ਮੇਰੀ ਜ਼ਿੰਦਗੀ ਰਹਿ ਗਈ ਤੇ ਮੈਂ ਬਾਹਰ ਆ ਗਿਆ, (ਤਾਂ) ਮੈਂ ਤੇ ਛੱਡਣੀ ਨਹੀਂ। ਮੈਂ ਆਪਣਾ ਹੱਕ ਜ਼ਰੂਰ ਲੈਣਾ। ਜਿਹਨਾਂ ਲੋਕਾਂ ਨੇ ਸਾਡੀਆਂ ਭੈਣਾਂ ਦੀ ਇੱਜ਼ਤ ਲੁੱਟੀ ਆ, ਸਾਡੇ ਇਸ਼ਟ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਅੱਗ ਲਾਈ ਆ। ਜਿਹਨਾਂ ਲੋਕਾਂ ਨੇ ਮਜ਼ਲੂਮਾਂ ਦਾ ਖ਼ੂਨ ਪੀਤਾ। ਕੁਲਵੰਤ

ਸਿੰਘ ਨਾਗੋਕਿਆਂ ਵਾਲੇ ਦੇ ਪੇਟ ਵਿੱਚ ਦੀ ਸੀਖਾਂ ਲੋਹੇ ਦੀਆਂ ਤੱਤੀਆਂ ਕਰ ਕਰ ਕੇ ਲੰਘਾਈਆਂ। ਗੁਰਮੀਤ ਸਿੰਘ ਧੂਲਕੋਟ ਵਾਲੇ ਦੇ ਨਹੁੰ ਤੋੜ ਤੋੜ ਕੇ ਤੇ ਖ਼ਾਲਸਾ ਜੀ ਲੂਣ ਪਾ ਕੇ ਉੱਤੋਂ ਦੀ ਟਾਕੀਆਂ ਬੱਧੀਆਂ। ਸੀਤਲ ਸਿੰਘ ਵਰਗੇ ਫੌਜੀ ਸਿੱਖ ਦੇ, ਭਾਵੇਂ ਹਰੀਜਨਾਂ ਵਿੱਚੋਂ ਉਹਨੂੰ ਕਹਿੰਦੇ ਸਿੱਖ ਸੀ, ਉਹਦੀਆਂ ਅੱਖਾਂ ਵਿੱਚ ਮਿਰਚਾਂ ਪਾਈਆਂ। ਉਹਦੇ ਪੇਟ ਵਿੱਚ ਮਿਰਚਾਂ ਪਾਈਆਂ। ਉਹਦੀਆਂ ਬਾਹਾਂ ਚੀਰ ਕੇ ਉੱਪਰ ਲੂਣ ਪਾਇਆ। ਹੋਰ ਅਨੇਕ ਪ੍ਰਕਾਰ ਦੇ ਤਸੀਹੇ ਬੇਅੰਤ ਐਸੇ ਗੁਰ ਸਿੱਖਾਂ ਨੂੰ ਦਿੱਤੇ ਆ ਤੇ ਇੱਕ ਮਹਿਤਾ ਤੇ ਦੋ ਚਾਰ ਛਾਉਣੀਆਂ 'ਤੇ ਕਿਤੇ.....। ਪਹਿਲਾਂ ਤੇ ਰੱਬ ਕਿਰਪਾ ਕਰੇ। ਇੱਕ ਕਹਾਵਤ ਜਿਹੀ ਆ ਕਿਸੇ ਅੰਨੇ ਦੇ ਪੈਰ ਹੇਠਾਂ ਬਟੇਰਾ ਆ ਗਿਆ (ਤੇ ਉਹ) ਆਂਦਾ ਨਿੱਤ ਮਾਸ ਨਾਲ ਹੀ ਰੋਟੀ ਖਾਇਆ ਕਰਾਂਗੇ। ਇਹਨਾਂ ਨੂੰ ਇੱਕ ਛਾਉਣੀ 'ਤੇ ਕਬਜ਼ਾ ਕਰਨ ਦਾ ਟਾਈਮ ਮਿਲ ਗਿਆ। ਇਹਨਾਂ ਦੇ ਚਿੱਤ 'ਚ ਆ ਜਿੱਥੇ ਜੀਅ ਕੀਤਾ ਜਾ ਕੇ ਗੁਰਦੁਆਰਾ ਨੱਪ ਲਵਾਂਗੇ। ਕਿਤੇ ਹੱਥ ਲੱਗੇ ਤੇ ਤੁਹਾਨੂੰ ਪਤਾ ਲੱਗੇਗਾ, ਪਰ ਖ਼ਾਲਸਾ ਜੀ ਇਹ ਇਕੱਲੀਆਂ ਗੱਲਾਂ ਨਾਲ ਨਹੀਂ ਸਰਨਾ, ਜਿਤਨੇ ਗੁਰੂ ਕੇ ਸਿੱਖ ਬੈਠੇ ਹੋ.....। ਅਸਥਾਨ 'ਤੇ ਵੇਖ ਲਉ ਕਿਹੜੇ ਤੇ ਬੈਠੇ ਆਂ ? ਬਾਹਾਂ ਇਥੇ ਬਹੁਤ ਵੇਰਾਂ ਤੁਸਾਂ ਖੜੀਆਂ ਕੀਤੀਆਂ ਤੇ ਮੈਂ ਕਰਵਾਈਆਂ। ਇਥੇ ਬਾਹਾਂ ਖੜੀਆਂ ਕਰ ਜਾਨੇ ਆਂ ਤੇ ਉਥੇ ਜਾ ਕੇ ਚਪਲੀਆਂ ਝਾੜਨ ਲੱਗ ਪੈਨੇ ਆਂ, (ਇਹ) ਅਣਖ਼ ਦਾ ਕੰਮ ਆ ? ਇਹ ਜਿਹੜੀਆਂ ਇੰਦਰਾ ਦੀਆਂ ਝਪਲੀਆਂ ਝਾੜਨੀਆਂ ਸ਼ੁਰੂ ਕੀਤੀਆਂ ਗੱਲਾਂ ਨਾਲ, ਇਹ ਸਿੱਖਾਂ ਦਾ ਕੰਮ ਨਹੀਂ। ਸਿੱਖ ਦਾ ਕੰਮ ਆ ਅਣਖ਼ ਨਾਲ ਰਹਿਣਾ, ਅਣਖ਼ ਨਾਲ ਜਿਊਣਾ, ਆਪਣਾ ਹੱਕ ਪ੍ਰਾਪਤ ਕਰਨਾ, ਕਿਸੇ ਦਾ ਹੱਕ ਖੋਹਣਾ ਨਹੀਂ। ਮਜ਼ਲੂਮ 'ਤੇ ਤਰਸ ਕਰਨਾ, ਜ਼ਾਲਮ ਨੂੰ ਸੋਧਾ ਲਾਉਣਾ। ਉਏ ਉਸ ਗੁਰੂ ਦੇ ਸਿੱਖ ਹੋਈਏ, ਇਥੇ ਕੁਝ ਹੋਰ ਕਹੀਏ ਤੇ ਬਾਹਰ ਜਾ ਕੇ ਆਪਣੀ ਬੋਲੀ ਕੁਝ ਹੋਰ ਹੋਵੇ ? ਤਾਹੀਏਂ ਗੌਰਮੈਂਟ 'ਤੇ ਕੋਈ ਅਸਰ ਨਹੀਂ। ਤੁਹਾਡਾ ਵੀ ਨੌਜੁਆਨਾਂ ਦਾ ਫਰਜ਼ ਬਣਦਾ। ਆਹ ਚਿੱਠੀ ਆਈ ਸੀ, ਕੱਲ ਹੀ ਮੈਂ ਬੇਨਤੀ ਕੀਤੀ ਆ। ਸ਼ਾਇਦ ਮੈਨੂੰ ਕਾਫੀ ਦਿਨ ਹੋ ਗਏ ਮੈਂ ਸਟੇਜ 'ਤੇ ਨਹੀਂ ਆ ਸਕਿਆ। ਹੋ ਸਕਦਾ ਸਤਿਕਾਰ ਯੋਗ ਸੰਤ ਬਾਬਾ ਹਰਚੰਦ ਸਿੰਘ ਜੀ ਲੌਂਗੋਵਾਲ ਨੇ, ਉਹ ਕਿਤੇ ਬਿਆਨ ਦਿੱਤਾ ਵੀ ਹੋਵੇ ਸਟੇਜ 'ਤੇ ਪਰ ਮੈਨੂੰ ਵੀ ਪਤਾ ਲੱਗਾ ਕਿ ਨਦੌੜ ਜ਼ਿਲ੍ਹੇ ਵਿੱਚ, ਰਾਜਸਥਾਨ 'ਚ, ਮਕਰਾਣਾਂ ਜੋ ਥਾਂ ਹੈ। ਉਸ ਸਥਾਨ ਵਿੱਚ ਜਾਟਾਂ ਨੇ ਪੁਲੀਸ ਦੇ ਨਾਲ ਰਲ ਕੇ ਸਿੱਖਾਂ ਦੀਆਂ ਗੱਡੀਆਂ 'ਤੇ ਪਾਬੰਦੀ ਲਾ ਦਿੱਤੀ ਆ। ਕਿਸੇ ਪ੍ਰਕਾਰ ਦਾ ਕੋਈ ਵੀ ਸਮਾਨ ਉਸ ਅਸਥਾਨ ਤੋਂ ਸਿੱਖਾਂ ਨੂੰ ਨਹੀਂ ਭਰਨ ਦਿੰਦੇ। ਇਹਦੇ ਬਾਰੇ ਕਦੋਂ ਕੁ ਤਾਈਂ ਸੋਚੋਗੇ ? ਕਿਹਦੀ ਰਾਇ ਲੈਣੀ ਆਂ ? ਕਿਹਦੇ ਤੋਂ ਹੁਕਮ ਜਾਰੀ ਕਰਾਉਣਾ ?

ਹਿੰਦੂਆਂ ਵੱਲੋਂ ਸਿੱਖਾਂ 'ਤੇ ਹਮਲੇ

ਆਪਣੇ ਡੇਢ ਸੌ ਤੋਂ ਵੱਧ ਸ਼ਹੀਦ ਹੋ ਗਏ ਆ। ਕਦੇ ਕਿਸੇ ਸਿੱਖ ਨੇ ਬੱਸ ਵਿੱਚੋਂ, ਗੱਡੀ ਵਿੱਚੋਂ, ਰਸਤੇ 'ਚੋਂ ਜਾਂਦਿਆਂ ਨੂੰ ਪਕੜ ਕੇ, ਕਿਸੇ ਹਿੰਦੂ ਨੂੰ ਕੁੱਟ ਮਾਰ ਕਦੇ ਕਿਸੇ ਸਿੱਖ ਨੇ ਕੀਤੀ ਆ ? ਉਹ ਪਤਾ ਨਹੀਂ ਕਿਹੜੇ ਕਿਸੇ ਪ੍ਰੇਮੀ ਨੇ.....? ਪਤਾ ਨਹੀਂ ਕੀਤਾ ਜਾਂ ਨਹੀਂ ਕੀਤਾ, ਗੁਰੂ ਹੀ ਜਾਣੇ। ਬੰਬ ਧਮਾਕਾ ਹੋ ਗਿਆ ਵਰਿੰਦਰ ਦੇ ਦਫਤਰ ਵਿੱਚ ਤੇ ਦੋ ਹਿੰਦੂ ਚੜ੍ਹਾਈ ਕਰ ਗਏ। ਚੜ੍ਹਾਈ ਦਫ਼ਤਰ 'ਚ ਕੀਤੀ। ਸ਼ਰਾਰਤ ਦਾ ਪਤਾ ਕੋਈ ਨਹੀਂ ਕਿਹਨੇ ਕੀਤੀ ਆ ? ਰੇਲ ਗੱਡੀਆਂ ਖਲ੍ਹਾਰ ਕੇ ਤੇ ਮੁਸਾਫ਼ਰਾਂ ਵਿੱਚੋਂ ਚੁਣ ਚੁਣ ਕੇ ਸਿੱਖਾਂ ਨੂੰ ਕੁੱਟਿਆ ਤੇ ਉਹ ਕੁੱਟ ਖਾ ਕੇ ਪੱਗਾਂ ਲੁਹਾ

ਕੇ ਇਥੇ ਮੇਰੇ ਕੋਲ ਆ ਗਏ, ਸੰਤ ਜੀ ਸਾਨੂੰ ਕੁੱਟਿਆ। ਮੈਂ ਕਿਹਾ ਚੰਗਾ, ਹੋਰ ਸੋਧਾ ਲਾ ਲੈਣ ਦਿੰਦੇ ਥੋੜਾ ਜਿਹਾ। ਉਹ ਸਿੱਖ ਦਾ ਪੁੱਤ ਭੇਡ ਤੋਂ ਲੱਤਾਂ ਖਾ ਕੇ ਇਥੇ ਸਾਡੇ ਕੋਲੇ ਆ ਜਾਵੇ (ਕੀ ਉਹ) ਸਿੱਖ ਬਣਨ ਦਾ ਹੱਕਦਾਰ ਹੈ ? ਪੁਲੀਸ ਨਾਲ ਨਹੀਂ ਟੱਕਰ ਤੁਸੀਂ ਲੈ ਸਕਦੇ, ਵੱਖਰੀ ਗੱਲ ਆ ਤੇ ਉਹ ਉੱਠ ਕੇ ਰੇੜੀਆਂ ਵੇਚਦੇ ਵੇਚਦੇ, ਦੁਕਾਨ 'ਚੋਂ ਉੱਠ ਕੇ ਤੇ ਅੰਮ੍ਰਿਤਧਾਰੀ ਸਿੰਘਾਂ ਦੀਆਂ ਕ੍ਰਿਪਾਨਾਂ ਇਹ ਲੋਕ ਲਾਹ ਲੈਣ, ਸਾਰੀ ਜ਼ਿੰਦਗੀ ਸਿੱਖ ਅਖਵਾਉਣ ਦਾ ਕੋਈ ਹੱਕ ਨਹੀਂ ਆਪਾਂ ਨੂੰ ? ਇਹ ਸੋਚ ਲਉ ਗੁਰੂ ਕੇ ਸਿੰਘੋ ਹਾਲਤ ਕੀ ਆ ? ਤੇ ਆਹ ਜਿਹੜਾ ਕਹਿੰਦੇ ਜੀ ਅਖਬਾਰ ਵਿੱਚ ਆ ਗਿਆ, ਇਹਦੀ ਤੁਸੀਂ ਚਿੰਤਾ ਨਾ ਕਰੋ, ਸਤਿਗੁਰੂ ਅੱਗੇ ਅਰਦਾਸ ਕਰੋ, ਮਹਾਰਾਜ ਸਾਨੂੰ ਨਿਸ਼ਚਾ ਬਖਸ਼ਣ ਤੇ ਦ੍ਰਿੜਤਾ ਬਖਸ਼ਣ ਤੇ ਸਿਰ 'ਤੇ ਕਿਰਪਾ ਰੂਪੀ ਹੱਥ ਰੱਖਣ। ਕਹਿੰਦੇ ਜ਼ਰੂਰ ਆ, ਇਸ ਤਰ੍ਹਾਂ ਕਰ ਦੇਣ, ਇਸ ਤਰ੍ਹਾਂ....., ਪਰ ਇੱਕ ਗੱਲ ਮੈਂ ਸੀ. ਆਈ. ਡੀ. ਵਾਲਿਆਂ ਨੂੰ, ਸੀ. ਆਈ. ਡੀ. ਵਾਲਿਆਂ ਦੁਆਰਾ, ਮਿਲਟਰੀ, ਪੁਲੀਸ, ਪੀ. ਏ. ਪੀ. ਤੇ ਸੀ. ਆਰ. ਪੀ. ਵਿੱਚ ਜਾਂ ਕਿਸੇ ਹੋਰ ਮਹਿਕਮੇ ਵਿੱਚ ਵੀ ਸਿੱਖ ਆ, ਉਹਨਾਂ ਕੋਲੇ ਪਹੁੰਚਾਉਣੀ ਚਾਹੁੰਦਾ ਹਾਂ। ਉਹ ਜ਼ਰੂਰ ਇਸ ਗੱਲ ਵੱਲ ਧਿਆਨ ਦੇਣ, ਜਿਹੜੇ ਸਿੱਖਾਂ ਦੇ ਪੁੱਤਰ ਆ, ਜਦੋਂ ਕਿਸੇ ਗੁਰਦੁਆਰੇ 'ਤੇ ਹਮਲਾ ਹੋਵੇ (ਤਾਂ) ਸਿੰਘ ਨਾਂਅ ਵਾਲਿਉ ਕਿਸੇ ਥਾਂ 'ਤੇ ਨੌਕਰੀ ਕਰਦੇ ਹੋਵੋ, ਤੁਹਾਨੂੰ ਆਪਣੀ ਅਣਖ ਤੋਂ ਕੰਮ ਲੈਣਾ ਚਾਹੀਦਾ। ਸਿੱਖ ਦੇ ਪੁੱਤਰ ਨੂੰ, ਨਾਨਕ ਨਾਮ ਲੇਵਾ ਗੁਰੂ ਕੇ ਸਿੱਖ ਨੂੰ,

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

.....ਕੀ ਹੋ ਗਿਆ ਤੈਨੂੰ ? ਸਤਿਗੁਰੂ ਗਰੰਥ ਸਾਹਿਬ ਜੀ ਨੂੰ ਮੰਨਣ ਵਾਲੇ ਗੁਰ ਸਿੱਖ ਨੂੰ, ਇਸ ਪਾਸੇ ਖ਼ਾਲਸਾ ਜੀ ਮੂੰਹ ਨਹੀਂ ਕਰਨਾ ਚਾਹੀਦਾ ਤੇ ਜਿਹੜੇ ਟੋਪੀਆਂ ਵਾਲੇ ਕਹਿੰਦੇ ਆ ਨਾ (ਕਿ) ਅਸੀਂ ਸਿੱਖਾਂ ਦੀ ਇੱਜ਼ਤ ਲੁੱਟਣੀ ਆਂ, ਸਿੱਖ ਕੋਈ ਵੱਖਰੀ ਕੌਮ ਨਹੀਂ, ਸਿੱਖ ਸਾਡੇ ਵਿੱਚੋਂ ਜੰਮੇ ਆਂ। ਇਹਨਾਂ ਨੂੰ ਦਲ ਮਲ ਦਿਆਂਗੇ, ਪੈੜੀ ਲਾ ਦਿਆਂਗੇ, ਉਹਨਾਂ ਦੀ ਭਾਵੇਂ ਲੱਖ ਫੌਜ ਵੀ ਆ ਜਾਵੇ, ਗੁਰੂ ਸਾਹਿਬ ਕ੍ਰਿਪਾ ਕਰਨ, ਇੱਕ ਵਾਰੀ ਖਰਬੂਜਿਆਂ ਵਾਂਗੂੰ ਢੇਰ ਵੇਖਿਉ ਇਹਨਾਂ ਦੇ ਕਿਵੇਂ ਲੱਗਦੇ ਆ ਤੇ ਬਦਕਿਸਮਤੀ ਸਾਡੀ ਇਹ ਆ ਕਿ ਜੇ ਇਥੇ ਸੀ. ਆਈ. ਡੀ. ਲੈਣ ਆਉਣਾ ਤੇ ਆਹ ਪੱਗਾਂ ਵਾਲਿਆਂ ਵਿੱਚੋਂ ਆਉਣਾ। ਇੱਕ ਕੱਲ ਆਇਆ ਵੀ ਸੀ, ਕੁੱਟਿਆ ਤੇ ਮੈਂ ਨਹੀਂ ਛੱਡ ਦਿੱਤਾ ਉਹਨੂੰ, ਘੂਰਿਆ ਘਾਰਿਆ ਨਹੀਂ, ਇੰਨਾ ਕਹਿ ਦਿੱਤਾ ਭਈ ਤੂੰ ਕਿਸੇ ਪਿਉ ਦਾ ਨਹੀਂ। ਉਹ ਦਾਹੜੀ ਰੱਖ ਕੇ, ਪੱਗ ਬੰਨ ਕੇ ਸਿੱਖਾਂ ਦੀ ਸੀ. ਆਈ. ਡੀ. ਲੈਣ ਆਇਆ। ਕਿਸੇ ਮੋਨੇ ਨੂੰ ਘੱਲ, ਸੀ. ਆਈ. ਡੀ. ਲਵੇ ? ਬਦਕਿਸਮਤੀ ਸਾਡੀ ਇਹ ਆ, ਜੇ ਉਧਰੋਂ ਵਾਰ ਹੁੰਦਾ, ਇਧਰ ਮਰਦਾ ਤਾਂ ਵੀ ਸਿੱਖ ਤੇ ਜੇ ਇਧਰੋਂ ਵਾਰ ਕੀਤਾ ਤੇ ਉਧਰ ਮਰਿਆ ਤੇ ਤਾਂ ਵੀ ਸਿੱਖ। ਟੋਪੀ ਵਾਲਿਆਂ ਦਾ ਕੀ ਗਿਆ ? ਫ਼ੌਜ ਵਿੱਚ ਵੀ ਸਿੱਖ ਮਰੇ, ਪੀ. ਏ. ਪੀ. ਵਿੱਚ ਵੀ ਸਿੱਖ ਮਰੇ, ਸੀ. ਆਰ. ਪੀ. ਵਿੱਚ ਵੀ ਸਿੱਖ ਮਰੇ, ਬਾਰਡਰ ਸਿਕਿਉਰਟੀ ਫ਼ੋਰਸ ਦੀ ਜਿਹੜੀ ਫ਼ੌਜ ਆ, ਉਹਦੇ ਵਿੱਚ ਵੀ ਸਿੱਖ ਮਰੇ ਤੇ ਜਦੋਂ ਆਉਣੀ ਆਂ ਭਰਤੀ, ਉਦੋਂ ਸਾਢੇ ੯੮ ਇਹਨਾਂ ਦੇ ਤੇ ਡੇਢ ਤੁਹਾਡਾ। ਇਹ ਖੁਰਕ ਹੁੰਦੀ ਆ, ਤੁਹਾਡੇ ਆਪਸ ਵਿੱਚ ਦੀ ਲੜਨ ਨੂੰ। ਇਹਦੇ ਵੱਲ ਮੈਂ ਸਿੱਖ ਮਿਲਟਰੀ ਵਾਲਿਆਂ ਨੂੰ ਤੇ ਪੁਲੀਸ ਵਾਲਿਆਂ ਨੂੰ ਖ਼ਾਸ ਕਰਕੇ, ਸਿੱਖ ਹੁੰਦਾ ਹੋਇਆ ਤੇ ਉਹਨਾਂ ਦਾ ਸਿੱਖੀ ਸਰੂਪ ਸਮਝ ਕੇ, ਉਹਨਾਂ ਨੂੰ ਇਹ ਕਹਿਣਾ ਚਾਹੁੰਦਾ ਹਾਂ, ਠੀਕ ਆ ਤੁਸੀਂ ਨੌਕਰੀ ਕਰਦੇ ਓ, ਕਰੋ ਗੌਰਮੈਂਟ ਦੀ, ਦੇਸ਼ ਦੀ ਰਾਖੀ ਕਰਨੀ ਚਾਹੀਦੀ ਆ। ਸਿੱਖਾਂ ਦਾ ਵੀ ਦੇਸ਼ ਦੀ ਅਖੰਡਤਾ ਵਿੱਚ

ਨਿਸ਼ਚਾ ਹੈ, ਪਰ ਇਹ ਠੇਕਾ ਨਹੀਂ ਲਿਆ ਕਿ ਜਦੋਂ ਕਦੋਂ ਸਿੱਖ ਹੀ ਦੱਸੇ, ਸਪਸ਼ਟੀਕਰਨ ਕਰੇ। ਹੁਣ ਗੌਰਮੈਂਟ ਤੇ ਟੋਪੀਆਂ ਵਾਲੇ ਸਪਸ਼ਟੀਕਰਨ ਕਰਨ (ਕਿ) ਸਾਨੂੰ ਨਾਲ ਰੱਖਣਾ ਜਾਂ ਨਹੀਂ ਰੱਖਣਾ ? ਨਾਲ ਰੱਖਣਾ ਤੇ ਬਰਾਬਰ ਦੇ ਸ਼ਹਿਰੀ ਸਮਝੋ, ਨਹੀਂ ਨਾਲ ਰੱਖਣਾ ਤੇ ਜਿਹੜੀ ਜਗ੍ਹਾ ਦੇਣੇ ਆ, ਉਹ ਦਿਉ ਤੇ ਅਸੀਂ ਸੋਚਾਂਗੇ ਅਗਾਂਹ ਕਿੱਧਰ ਨੂੰ ਜਾਣਾ।

ਸੋ ਸਾਰੇ ਮਿਲ ਕੇ ਚੱਲੋ, ਥਾਂ ਥਾਂ 'ਤੇ ਜਿੱਥੇ ਧੱਕੇ ਹੋ ਰਹੇ ਆ, ਇਹਦੇ ਤੋਂ ਸਾਵਧਾਨ ਰਹੋ। ਨਿਤਾ ਪ੍ਰਤੀ ਅਸੀਂ ਇੱਕ ਦੋ ਗੱਲਾਂ ਕਹਿਣ ਦਾ ਰੁਟੀਨ ਹੀ ਬਣਾ ਲਿਆ, ਕਿ ਬਾਬਾ ਜੀ ਫੱਟੇ ਚੁੱਕ ਦਿਆਂਗੇ, ਜੋ ਡਿਕਟੇਟਰ ਹੁਕਮ ਦਿਉਗਾ ਪੂਰੇ ਫੁੱਲ ਚੜ੍ਹਾਵਾਂਗੇ। ਚੜ੍ਹਾਉਂਦਾ ਚੜ੍ਹੂੰਦਾ ਕੋਈ ਨਹੀਂ ਗਾ, ਇਥੇ ਕਹਿ ਕੇ ਝੂਠ ਬੋਲਦੇ ਆ। ਮੈਂ ਵੀ ਤੁਹਾਡੇ ਵਿੱਚੋਂ ਹੀ ਆਂ ਪਰ ਮਹਾਰਾਜ ਨੇ ਕਿਰਪਾ ਕੀਤੀ ਆ, ਅੱਜ ਤੱਕ ਜੋ ਸਟੇਜ 'ਤੇ ਕਿਹਾ, ਸਮੇਂ ਦਾ ਵਾਧਾ ਘਾਟਾ ਹੋ ਗਿਆ, ਪਰ ਗੁਰੂ ਸਾਹਿਬ ਨੇ ਕਿਰਪਾ ਕਰਕੇ, ਉਸ ਬਚਨ ਤੋਂ ਢਿੱਲਿਆਂ ਨਹੀਂ ਪੈਣ ਦਿੱਤਾ। ਜਿਹੜੇ ਵੀਰ ਕਹਿੰਦੇ ਸਾਨੂੰ ਹੁਕਮ ਕਰੋ, ਕਿਹੋ ਜਿਹਾ ਕਰਾਉਣਾ ਭਾਈ ? ਕਿੰਨੀ ਵੇਰਾਂ ਬੇਨਤੀ ਕੀਤੀ ਆ। ਡਿਕਟੇਟਰ ਸਾਹਿਬ ਦਾ ਵੀ ਬਿਆਨ ਟੇਪ ਰਿਕਾਰਡ ਹੋਇਆ ਹੋਇਆ। ਅਖ਼ਬਾਰਾਂ ਵਿੱਚ ਵੀ ਆਇਆ (ਕਿ) ਧੀਆਂ ਭੈਣਾਂ ਦੀ ਇੱਜ਼ਤ ਲੁੱਟਣ ਵਾਲਾ ਮਨੁੱਖ, ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਾ ਮਨੁੱਖ, ਚਾਹੇ ਉਹ ਕਿਸੇ ਪਾਰਟੀ ਨਾਲ ਸੰਬੰਧਤ ਹੈ, ਉਹਨੂੰ ਗੱਡੀ ਚੜ੍ਹਾ ਕੇ ਆ ਜਾਉ, ਅਸੀਂ ਸਾਂਭਾਂਗੇ। ਮੈਂ ਅੱਜ ਵੀ ਕਹਿੰਨਾ ਭਈ ਅਸੀਂ ਸਾਂਭਾਂਗੇ। ਕਿੰਨੇ ਥਾਵਾਂ 'ਤੇ ਗੁਰੂ ਦੇ ਪੱਤਰਿਆਂ ਨੂੰ ਅੱਗ ਲਾਈ ਆ ? ਕਿੰਨੇ ਥਾਵਾਂ 'ਤੇ ਪੋਥੀਆਂ ਪਾੜੀਆਂ ? ਕਿੰਨਿਆਂ ਥਾਵਾਂ 'ਤੇ ਸਰੂਪ ਨੂੰ ਗੋਹੇ 'ਚ ਦੱਬਿਆ ? ਕਿੰਨਿਆਂ ਥਾਵਾਂ 'ਤੇ ਸੜਕ 'ਤੇ ਸੁੱਟਿਆ ? ਦੱਸੋ ਕਿਹੜੇ ਸਿੱਖ ਨੇ ਦੰਡ ਦਿੱਤਾ ਉਹਨਾਂ ਨੂੰ ? ਇਥੇ ਆ ਕੇ ਸਾਰੇ ਕਹਿੰਦੇ ਹੁਕਮ ਨਹੀਂ ਕਰਦੇ, ਮੈਂ ਤੇ ਕੀਤਾ। ਵੈਸੇ ਸੰਗਤ ਨੂੰ ਕਰੀਦਾ ਨਹੀਂ, ਮੈਂ ਤਾਂ ਬੇਨਤੀ ਕਹਾਂਗਾ, ਪਰ ਸੰਗਤ ਵੱਲੋਂ (ਹੁਕਮ) ਕਹਿਣ ਕਰਕੇ ਮੈਂ (ਹੁਕਮ) ਅੱਖਰ ਵਰਤੇ ਆ। ਕਿੰਨੇ ਵੇਰਾਂ ਬੇਨਤੀ ਕੀਤੀ ਆ (ਕਿ) ਜਿਹੜਾ ਇਸ਼ਟ ਨੂੰ ਅੱਗ ਲਾਉਂਦਾ, ਉਹਨੂੰ ਗੱਡੀ ਚੜ੍ਹਾ ਕੇ ਆਉ, ਮੈਂ ਸਾਂਭੂੰਗਾ। ਜੋ ਸਜ਼ਾ ਭੁਗਤਣੀ ਪਈ ਮੈਨੂੰ, ਉਹ ਮੈਂ ਭੁਗਤੂੰਗਾ।

ਭੁਪਿੰਦਰ ਸਿੰਘ ਪੱਪੀ 'ਤੇ ਗੁਰੂ ਗਰੰਥ ਸਾਹਿਬ ਜੀ ਦੇ ਪੀੜੇ ਨੂੰ ਅੱਗ ਲਾਉਣ ਦਾ ਝੂਠਾ ਕੇਸ

ਗੌਰਮੈਂਟ ਨੇ ਚਾਲ ਕੀ ਪਕੜੀ ਆ ? ਆਹ ਭੁਪਿੰਦਰ ਸਿੰਘ ਪੱਪੀ ਪੱਪੀ ਆ ਇਥੋਂ ਸ਼ਹਿਰ ਦਾ। ਉਹਨੂੰ ਪਕੜ ਲਿਆ, ਦਸ ਬਾਰਾਂ ਕੇਸ ਪਾ ਦਿੱਤੇ ਆ ਤੇ ਅੱਜ ਮੈਨੂੰ ਪਤਾ ਲੱਗਾ, ਨਾਂਅ ਮੈਂ ਲੈਣਾ ਨਹੀਂ ਸੀ (ਪਰ) ਮਜ਼ਬੂਰ ਹੋ ਕੇ ਲੈਣਾ ਪਿਆ। ਆਹ ਕੁਲਵੰਤ ਸਿੰਘ ਆ ਬੀ. ਡਵੀਜ਼ਨ ਦਾ, ਕੋਈ ਸ਼ਾਇਦ ਇੰਸਪੈਕਟਰ ਆ ਕਿ ਕੋਈ ਹੋਰ ਅਹੁਦੇ 'ਤੇ ਆ ਉਹ। ਉਹਨੇ ਕਾਫ਼ੀ ਤੰਗ ਕਰਨਾ ਸ਼ੁਰੂ ਕਰ ਦਿੱਤਾ। ਨਵੀਂ ਖੁੰਬ ਹੀ ਉੱਗ ਖੜੋਤੀ ਵਿੱਚੋਂ, ਪਤਾ ਨਹੀਂ ਕਿੱਥੋਂ ? ਉਹਨੂੰ ਪੁੱਛਿਆ ਐਸ. ਐਸ. ਪੀ. ਨੇ, ਕਿ ਭੁਜੰਗੀ ਨੇ ਤੇਰੇ ਸਾਹਮਣੇ ਕਿਹਾ ਭਈ ਗੁਰਦੁਆਰੇ ਪਿਪਲੀ ਸਾਹਿਬ ਅੱਗ ਮੈਂ ਲਾਈ ਆ ? ਕਹਿੰਦਾ ਹਾਂ ਕਿਹਾ। ਤੁਸੀਂ ਦੱਸੋ ਸਿੱਖ ਦਾ ਪੁੱਤ ਹੋਵੇ, ਅੰਮ੍ਰਿਤਧਾਰੀ ਹੋਵੇ, ਕੇਸ ਉਹਦੇ ਤੇ ਤੁਸੀਂ ਨਰਕਧਾਰੀਆਂ ਦੇ ਪਾ ਰਹੇ ਆਂ, ਕੇਸ ਉਹਦੇ 'ਤੇ ਬੰਬਾਂ ਦੇ ਪਾ ਰਹੇ ਆ,

ਕੇਸ ਉਹਦੇ 'ਤੇ ਤੁਸੀਂ ਖੋਹ ਦੇ, ਖਿਜ ਦੇ, ਪਾ ਰਹੇ ਆਂ, ਡਾਕੇ ਦੇ ਪਾ ਰਹੇ ਆਂ ਤੇ ਦੂਜੇ ਪਾਸੇ ਇਹ ਵੀ ਕੇਸ ਪਾ ਦਿੱਤਾ ਕਿ ਇਸ ਮੁੰਡੇ ਨੇ ਗੁਰੂ ਗਰੰਥ ਸਾਹਿਬ ਦੇ ਪੀੜੇ ਨੂੰ ਅੱਗ ਲਾ ਦਿੱਤੀ। ਅੱਜ ਉਹਦੇ 'ਤੇ (ਇਹ) ਨਵਾਂ ਕੇਸ ਪਿਆ।

ਭਾਈ ਅਮਰੀਕ ਸਿੰਘ 'ਤੇ ਖ਼ਾਲਿਸਤਾਨ ਦਾ ਕੇਸ

ਅਮਰੀਕ ਸਿੰਘ ਹੁਰਾਂ ਨੂੰ ਫੜਿਆ, ਕੋਈ ਸਬੂਤ ਮਿਲਿਆ ਨਹੀਂ, ਉਹ ਬਰੀ ਹੁੰਦੇ ਪ੍ਰਤੀਤ ਹੋ ਰਹੇ ਆ ਤੇ ਹੁਣ ੧੬ ਤਰੀਕ ਦਾ ਕੇਸ ਦਰਜ ਕਰਕੇ ਰੱਖ ਲਿਆ। ਉਹਦੀ ਐਫ. ਆਈ. ਆਰ. ਵੀ ਮੈਨੂੰ ਮਿਲ ਗਈ ਆ। ਉਹਦੇ 'ਚ ਕਹਿ ਦਿੱਤਾ, ਅਖੇ ਅਮਰੀਕ ਸਿੰਘ ਨੇ ਖ਼ਾਲਿਸਤਾਨ ਦੇ ਨਾਹਰੇ ਲਾਏ ਆ। ਮੁਕੱਦਮਾ ਦਰਜ ਕਰ ਲਿਆ ਤੇ ਉਹ ਮੁਕੱਦਮੇ 'ਚ ਗ੍ਰਿਫ਼ਤਾਰੀ ਨਹੀਂ ਪਾਉਂਦੇ। ਉਹ ਕਹਿੰਦੇ ਉਦੋਂ ਪਾਵਾਂਗੇ, ਜਿੱਦੋਂ ਰਿਹਾਅ ਹੋਣ ਲੱਗਾ। ਇਹ ਸ਼ਾਂਤੀ ਰਹੂ ਕਦੋਂ ਕੁ ਤੱਕ ?.... ਠੀਕ ਆ ਅਸੀਂ ਡਿਕਟੇਟਰ ਦੇ ਕਹੇ ਨੂੰ ਵੀ ਮੰਨਣਾ, ਜੋ ਸਟੇਜਾਂ 'ਤੇ ਬੋਲਦੇ ਉਹਨਾਂ ਨੂੰ ਪੂਰਿਆਂ ਵੀ ਕਰਨਾ, ਪਰ ਇਹ ਸ਼ਾਂਤੀ ਰੱਖਾਂਗੇ ਕਦੋਂ ਕੁ ਤੱਕ ? ਇਹ ਸਾਰਾ ਠੇਕਾ ਆਪਾਂ ਈ ਚੁੱਕ ਲਿਆ ਪੱਗਾਂ ਵਾਲਿਉ ?

ਸਿੱਖਾਂ ਨੂੰ ਅਪੀਲ

ਸੋ ਬੇਨਤੀ ਕਰਾਂਗਾ ਬੜੀ ਨਿਮਰਤਾ ਸਹਿਤ :

'ਹੱਥਾਂ ਬਾਝ ਕਰਾਰਿਆਂ ਵੈਰੀ ਨਹੀਂ ਹੁੰਦਾ ਮਿੱਤ ॥'

ਪਰ ਇਹ ਸ਼ਕਤੀ ਤਾਂ ਆਵੇਗੀ, ਜਿਹੜੀ ਪਹਿਲੋਂ ਬੁਲਾਰਿਆਂ ਨੇ ਇੱਕ ਬੇਨਤੀ ਕੀਤੀ ਆ (ਉਹ) ਮੈਂ ਵੀ ਕਰਨੀ ਚਾਹੁਨਾ। ਮੈਂ ਇੱਕ ਬੇਨਤੀ ਨੌਜੁਆਨ ਦਾਹੜੀ ਕੱਟਿਆਂ ਨੂੰ ਜ਼ਰੂਰ ਕਰਾਂਗਾ। ਚਾਹੇ ਉਹ ਪਾਰਟੀ ਕਿਸੇ ਨਾਲ ਸੰਬੰਧਿਤ ਨੇ ਉਹ ਵੱਖਰੀ ਗੱਲ ਆ, ਪਰ ਜਿਹੜੇ ਸਿੱਖਾਂ ਦੇ ਪੁੱਤਰ ਆ, ਉਹਨਾਂ ਨੂੰ ਕਹਾਂਗਾ ਤੇ ਪੁੱਛਾਂਗਾ। ਜਿਹੜਾ ਪੁੱਤ ਪਿਉ ਵਰਗਾ ਨਾ ਹੋਵੇ, ਉਹਨੂੰ ਲੋਕੀਂ ਡਰਦੇ ਮੂੰਹ 'ਤੇ ਤਾਂ ਕੁਝ ਨਹੀਂ ਕਹਿੰਦੇ, ਮਗਰੋਂ ਪਰਿਆ 'ਚ, ਸਭਾ 'ਚ ਬੈਠ ਕੇ ਵਿਚਾਰਾਂ ਕਰਦੇ ਆ, ਇਹ ਦਾਲ 'ਚ ਕੁਝ ਕਾਲਾ ਕਾਲਾ, ਪਿਉ ਨਾਲ ਨਹੀਂ ਰਲਦਾ ਤੇ ਆਪਣਾ ਪਿਤਾ ਤਾਂ ਸ਼ਸ਼ਤਰਧਾਰੀ ਸੀ ਤੇ ਹੈ। ਆਪਣਾ ਪਿਤਾ ਕੇਸਾਧਾਰੀ ਆ, ਪੰਜਾਂ ਕਕਾਰਾਂ ਦੀ ਰਹਿਤ ਰੱਖਦਾ। ਅਕਾਲ ਪੁਰਖ ਦੇ ਲੜ ਆਪਣੇ ਪਿਤਾ ਨੇ ਲਾਇਆ ਤੇ ਜਿਹਨਾਂ ਦੀਆਂ ਦਾਹੜੀਆਂ ਕਟਾਈਆਂ, ਉਹ ਸੋਚ ਲੈਣ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਰੂਪ ਵਰਗਾ ਆਪਣਾ ਸਰੂਪ ਹੈ ? ਜੇ ਤਾਂ ਉਹਦੇ ਵਰਗੇ ਹਾਂ, ਫਿਰ ਤੇ ਉਹਦੇ ਪੁੱਤ ਆਂ ਜ਼ਰੂਰ ਤੇ ਜੇ ਉਹਦੇ ਵਰਗੇ ਨਹੀਂ ਤੇ ਫਿਰ ਸਟੇਜ 'ਤੇ ਉਹ ਅੱਖਰ ਮੈਂ ਕਹਿਣੇ ਨਹੀਂ, ਜਿਹੜੇ ਆਪਣੇ ਪਿੰਡਾਂ 'ਚ ਕਹਿੰਦੇ ਹੁੰਦੇ ਆਂ। ਉਹ ਤੁਸੀਂ ਆਪਣੀ ਵਿਚਾਰ ਆਪ ਈ ਕਰ ਲਿਉ ਕਿ ਆਪਾਂ ਕੀ ਆਂ। ਇਥੇ ਆਏ ਆਂ ਪ੍ਰਣ ਕਰਕੇ ਜਾਉ, ਅੱਗੇ ਵਾਸਤੇ ਨਸ਼ਾ ਨਹੀਂ ਕੋਈ ਵਰਤਾਂਗੇ। ਨਸ਼ਾ ਇੱਕ ਵਰਤਣਾ, ਉਹ ਕੇਵਲ ਗੁਰਬਾਣੀ ਦਾ, ਜਿਹੜਾ ਨਸ਼ਾ ਵਰਤਣ ਦੇ ਨਾਲ, ਨਾ ਬੰਦ ਬੰਦ ਕੱਟਿਆਂ ਪੀੜ ਲੱਗਦੀ ਆ, ਨਾ ਸੀਸ 'ਤੇ ਆਰਾ ਧਰਿਆਂ ਪੀੜ ਲੱਗਦੀ ਆ। ਸੀਸ ਤਲੀ 'ਤੇ ਰੱਖਣਾ ਪਵੇ ਜਾਂ ਧੜ ਤੋਂ ਕੱਟਿਆ ਜਾਵੇ ਤਾਂ ਵੀ ਪੀੜ ਨਹੀਂ ਲੱਗਦੀ। ਜੇ ਉਬਲਦੇ ਦੇਗ਼ੇ ਵਿੱਚ ਬਹਿ ਜਾਈਏ ਤਾਂ ਵੀ ਪੀੜ ਨਹੀਂ ਲੱਗਦੀ। ਉਹ ਨਸ਼ਾ ਪੀ ਲਿਆ ਕਰੋ।

ਆ ਬਾਕੀ ਨਸ਼ਾ ਪੀ ਕੇ ਕਿਉਂ ਕੁੱਤਿਆਂ ਤੋਂ ਮੂੰਹ 'ਤੇ ਧਾਰਾਂ ਮਰਵਾਉਂਦੇ ਤੇ ਆਪਣਾ ਕਮਾਈ ਦਾ ਖੱਟਿਆ ਹੋਇਆ ਧੰਨ, ਇਹਨੂੰ ਬਰਬਾਦ ਕਰਦੇ ਆਂ। ਇਹਦੇ ਤੋਂ ਬਚੋ, ਸਤਿਗੁਰੂ ਹਰਿਗੋਬਿੰਦ ਸਾਹਿਬ ਦੇ ਲੜ ਲਗੋ।

ਜੋ ਢਾਡੀ ਸਭਾ ਨੇ, ਇਹ ਪ੍ਰੋਗਰਾਮ ਉਲੀਕਿਆ ਹੋਇਆ ਹੈ.....। ਮੈਂ ਉਹਨਾਂ ਦਾ ਧੰਨਵਾਦ ਵੀ ਕਰਦਾ ਹਾਂ ਤੇ ਉਹਨਾਂ ਤੋਂ ਖਿਮਾ ਵੀ ਮੰਗਦਾ ਹਾਂ। ਉਹਨਾਂ ਨੇ ਹੁਕਮ ਕੀਤਾ ਸੀ ਦਾਸ ਨੂੰ ਹਾਜ਼ਰ ਹੋਣ ਦਾ (ਪਰ) ਅੰਮ੍ਰਿਤ ਵੇਲੇ ਸਰੀਰ ਜ਼ਰਾ ਜ਼ਿਆਦਾ ਮਸਤਾਨਾ ਹੋ ਗਿਆ ਸੀ, ਇਸ ਵਾਸਤੇ ਪਹੁੰਚ ਨਹੀਂ ਸੀ ਸਕਿਆ। ਢਾਡੀਆਂ ਤੋਂ ਵੀ ਖਿਮਾ ਮੰਗਦਾ ਹਾਂ ਤੇ ਸੈਕਟਰੀ ਸਾਹਿਬ ਤੋਂ ਵੀ, ਜੇ ਟਾਈਮ ਜ਼ਿਆਦਾ ਲੱਗ ਗਿਆ ਤੇ ਕਿਤੇ ਮਨ 'ਚ ਖਿਆਲ ਨਾ ਕਰਨ। ਬਾਕੀ ਸੰਗਤ ਦਾ ਧੰਨਵਾਦ ਕਰਦਾ ਹਾਂ।

ਅਨੰਦਪੁਰ ਦਾ ਮਤਾ ਮਨਵਾਉਣ ਦਾ ਵਾਅਦਾ

ਸਰਸੇ ਵਾਲਿਆਂ ਨੂੰ ਬੇਨਤੀ ਵੀ ਕਰਾਂਗਾ। ਇਹਨਾਂ ਨੇ ਮੈਨੂੰ ਉਥੇ ਗਿਆਂ ਨੂੰ ਕਿਹਾ ਸੀ ਕਿ ਸੰਤ ਜੀ ਸਾਡੀ ਛਿੱਲ ਤੁਸੀਂ ਲਾਹ ਲੈਂਦੇ ਹੋ ਤੇ ਭੇਡਾਂ ਦੀ ਤਰ੍ਹਾਂ ਮੁੰਨ ਕੇ ਮੁੜ ਕੇ ਛੱਡ ਦੇਨੇ ਆਂ। ਪੈਸੇ ਅਸੀਂ ਤੁਹਾਨੂੰ ਦੇਨੇ ਆਂ, ਗ੍ਰਿਫ਼ਤਾਰੀਆਂ ਅਸੀਂ ਦੇਨੇ ਆਂ, (ਪਰ) ਜਦੋਂ ਲੋੜ ਹੁੰਦੀ ਪਾਣੀ ਦੀ, ਉਦੋਂ ਜੀ ਸਾਡੀ ਤਾਂ ਹੱਦ ਇਥੋਂ ਕੁ ਤੱਕ ਆ। ਸਾਡਾ ਧਿਆਨ ਰੱਖਿਉ। ਮੈਂ ਇਹਨਾਂ ਨੂੰ ਬੇਨਤੀ ਕੀਤੀ ਸੀ, ਭਈ ਬਾਕੀ ਗੱਲਾਂ ਦਾ ਤੇ ਪਤਾ ਨਹੀਂ, ਅਨੰਦਪੁਰ ਦੇ ਮਤੇ ਦੀ ਕਾਪੀ ਵਿੱਚ ਜਿਹੜਾ ਕੁਝ ਲਿਖਿਆ, ਉਹ ਮੈਂ ਜ਼ਰੂਰ....., ਸਤਿਗੁਰੂ ਨੂੰ ਭਾਇਆ ਤੇ ਮਨਵਾਵਾਂਗੇ ਅਸੀਂ ਸਾਰੇ ਤੇ ਜੇ ਸਾਡੇ ਵਿੱਚੋਂ ਕੋਈ ਢਲਿਆਈ ਕਰੇਗਾ ਤਾਂ ਲਿਹਾਜ ਮੈਂ ਕਰਦਾ ਨਹੀਂ ਤੇ ਨਾ ਮੈਂ ਕਿਸੇ ਲੀਡਰ ਨੂੰ ਕਹਿਨਾਂ (ਕਿ) ਮੇਰਾ ਕੋਈ ਲਿਹਾਜ਼ ਕਰੇ। ਜਿਹੜਾ ਅਨੰਦਪੁਰ ਦੇ ਮਤੇ 'ਚ ਲਿਖਿਆ, ਜਿੱਦੇਂ ਫ਼ੈਸਲਾ ਹੋਊ.....। ਸੰਤ ਜੀ ਵੀ ਕਹਿ ਚੁੱਕੇ ਆ ਡਿਕਟੇਟਰ ਸਾਹਿਬ (ਕਿ) ਉਹ ਤੁਹਾਡੇ ਸਾਹਮਣੇ ਹੋਣਾ ਤੇ ਅਨੰਦਪੁਰ ਦੇ ਮਤੇ ਦੀ ਕਾਪੀ, ਇੱਕ ਮੈਨੂੰ ਵੀ ਦੇ ਦਿੱਤੀ ਆ, ਪਤਾ ਨਹੀਂ ਜਾਣ ਕੇ ਜਾਂ ਭੁਲੇਖੇ ਨਾਲ ਦਿੱਤੀ ਆ, ਇਹ ਗੁਰੂ ਜਾਣੇ। ਕਾਪੀ ਮੈਨੂੰ ਵੀ ਇੱਕ ਮਿਲ ਗਈ ਆ, ਉਹਦੇ ਵਿੱਚ ਜਿਹੜਾ ਕੁਝ ਲਿਖਿਆ ਹੋਇਆ, ਜੇ ਤਾਂ ਉਹ ਪੂਰਾ ਹੋਇਆ ਤੇ ਫਿਰ ਤਾਂ ਆਪਾਂ....., ਆਪਣਾ ਲੜਨਾ ਕੋਈ ਜ਼ਰੂਰੀ ਨਹੀਂ ਤੇ ਜਿਹੜਾ ਉਹਦੇ ਵਿੱਚੋਂ ਘੱਟ ਹੋਇਆ, ਉਹ ਤੁਹਾਨੂੰ ਦੱਸਣਾ ਮੇਰਾ ਚੌਕੀਦਾਰ ਦਾ ਕੰਮ ਆਂ, ਤੁਹਾਡਾ ਚੌਕੀਦਾਰ ਮੈਂ ਕਰੂੰਗਾ। ਉਹਦੇ ਉੱਪਰ ਮੁੜ ਕੇ ਪਹਿਰਾ ਦੇਣਾ, ਤੁਹਾਡੀ ਜ਼ਿੰਮੇਵਾਰੀ ਹੋਣੀ ਆਂ। ਦੱਸਣਾ ਮੇਰਾ ਫਰਜ਼ ਹੋਊ, ਉਹਨੂੰ ਮਨਵਾਉਣਾ ਤੁਹਾਡਾ ਫਰਜ਼ ਹੋਊ ਤੇ ਜੇ ਮੈਂ ਢਿੱਲ ਕਰ ਗਿਆ ਦੱਸਣ ਤੋਂ ਤੇ ਮੈਨੂੰ ਤੁਸੀਂ ਮੁਆਫ਼ ਨਾ ਕਰਿਉ ਤੇ ਜੇ ਤੁਸੀਂ ਪਹਿਰਾ ਨਾ ਦਿੱਤਾ ਤੇ ਤੁਹਾਨੂੰ ਗੁਰੂ ਨੇ ਮੁਆਫ਼ ਨਹੀਂ ਕਰਨਾ। ਮੈਂ ਆਪਣੇ ਵੱਲੋਂ ਤੁਹਾਡਾ ਧੰਨਵਾਦ ਕਰਦਾ ਹਾਂ ਤੇ ਵਧਾਈ ਦਿੰਦਾ ਹਾਂ। ਸਤਿਗੁਰੂ ਕਿਰਪਾ ਕਰਨ, ਸਾਨੂੰ ਸਾਰਿਆਂ ਨੂੰ ਸੁਮੱਤ ਬਖਸ਼ਣ। ਰਹਿਤ ਵਿੱਚ ਪੱਕੇ ਹੋਵੋ, ਕੁਰੀਤੀਆਂ ਦਾ ਤਿਆਗ ਕਰੋ, ਪੰਥ ਦੀ ਹਮਾਇਤ ਕਰੋ, ਕੇਸਰੀ ਨਿਸ਼ਾਨ ਸਾਹਿਬ ਦੇ ਥੱਲੇ ਇਕੱਠੇ ਹੋਵੋ। ਗੁਰੂ ਗਰੰਥ ਸਾਹਿਬ ਨੂੰ ਗੁਰੂ ਮੰਨੋ ਤੇ ਸ਼ਸ਼ਤਰ ਨਵੇਂ ਤੇ ਰਾਉਂਦ ਵਧੀਆ ਤੇ ਜਿਹੜਾ ਸਿੱਖੀ 'ਤੇ ਵਾਧਾ ਕਰੇ, ਉਹਨੂੰ ਗੱਡੀ ਚੜ੍ਹਾਉ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੨੨.

(ਦੀਵਾਨ ਹਾਲ ਮੰਜੀ ਸਾਹਿਬ, ਅੰਮ੍ਰਿਤਸਰ, ੧੯-੦੭-੧੯੮੩)

ਸਟੇਜ ਸੈਕਟਰੀ - ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ, ਜਿਹਨਾਂ ਦਾ ਧਰਮ ਯੁੱਧ ਮੋਰਚੇ ਦੀ ਸਫ਼ਲਤਾ ਵਾਸਤੇ ਪੂਰਾ ਪੂਰਾ ਸਹਿਯੋਗ ਹੈ, ਆਪਣੇ ਵਿਚਾਰ ਰੱਖ ਰਹੇ ਹਨ ਔਰ ਅੱਜ ਦੇ ਜਾਣ ਵਾਲੇ ਜਥੇ ਨੂੰ ਅਸ਼ੀਰਵਾਦ ਦੇ ਕੇ, ਵਿਦਾਇਗੀ ਵੀ ਦੇਣਗੇ, ਉਹਨਾਂ ਦੇ ਵਿਚਾਰ ਸਰਵਣ ਕਰੋ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥
ਸ਼੍ਰੋਮਣੀ ਅਕਾਲੀ ਦਲ ॥ ਜ਼ਿੰਦਾਬਾਦ ॥
ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸ੍ਰੀ ਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਵਿੱਤਰ ਗੋਦ ਵਿੱਚ ਸਜੀ ਹੋਈ, ਗੁਰੂ ਰੂਪ, ਗੁਰੂ ਖ਼ਾਲਸਾ ਸਾਧ ਸੰਗਤ ਜੀ, ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਤਿੰਨ ਸਿੰਘਾਂ ਦੀ ਗ੍ਰਿਫ਼ਤਾਰੀ

ਜੋ ਧਰਮ ਯੁੱਧ ਮੋਰਚੇ ਦੇ ਨਾਅ ਉੱਪਰ, ਕਾਫ਼ੀ ਸਮੇਂ ਤੋਂ ਇਹ ਸੰਘਰਸ਼ ਅਰੰਭ ਹੈ, ਉਸ ਸੰਬੰਧ ਵਿੱਚ ਆਪ ਜੀ ਨੇ ਬੁਲਾਰਿਆਂ ਦੇ ਪਾਸੋਂ, ਬਹੁਤ ਸੁੰਦਰ ਵਿਚਾਰ ਸੁਣੇ ਹਨ। ਵਿਸਥਾਰ ਪੂਰਵਕ ਭਾਈ ਹਰਮਿੰਦਰ ਸਿੰਘ ਜੀ ਸੰਧੂ ਨੇ, ਤੁਹਾਨੂੰ ਜਾਣਕਾਰੀ ਦਿੱਤੀ ਹੈ। ਇਸ ਮੋਰਚੇ ਦੀ ਅਰੰਭਤਾ (ਤਾਂ) ਭਾਵੇਂ ਕਾਫ਼ੀ ਸਮੇਂ ਤੋਂ ਹੈ (ਪਰ) ਸਮੁੱਚੇ ਤੌਰ 'ਤੇ ਪੰਥਕ ਇਕੱਤਰਤਾ ਦੇ ਰੂਪ ਵਿੱਚ ਨੀਂਹ ਇਸ ਦੀ, ਦਾਸ ਪ੍ਰਤੀਤ ਕਰਦਾ ਕਿ ਸ਼ਾਇਦ, ਇਹ ੧੭ ਜੁਲਾਈ ਨੂੰ ਰੱਖੀ ਗਈ ਹੋਵੇ, ਕਿਉਂਕਿ ਜਥੇ ਦੀ ਜੀਪ ਅਤੇ ਉਸ ਵਿੱਚ ਤਿੰਨ ਸਵਾਰ, ਮਹੰਤ ਜਗੀਰ ਸਿੰਘ ਜੀ ਅਤੇ ਡਰਾਈਵਰ ਅਜਾਇਬ ਸਿੰਘ ਅਤੇ ਉਹਨਾਂ ਦਾ ਸਾਥੀ ਭਾਈ ਮਹਿੰਦਰ ਸਿੰਘ, ਇਹਨਾਂ ਤਿੰਨਾਂ ਨੂੰ ੧੭ ਤਰੀਕ ਨੂੰ, ਗ੍ਰਿਫ਼ਤਾਰ ਕੀਤਾ ਗਿਆ.....। ਗ੍ਰਿਫ਼ਤਾਰੀ ਦੇ ਟਾਈਮ ਉੱਪਰ, ਜਿਸ ਵੇਲੇ ਗੱਡੀ ਰੋਕੀ ਗਈ, ਸਿੰਘ ਤਿੰਨੇ ਹੀ ਥੱਲੇ ਉਤਾਰੇ ਗਏ। ਉਸ ਮੌਕੇ ਦੇ ਕਰਮਚਾਰੀ ਨੇ, ਉਹਨਾਂ ਨੂੰ ਕਿਹਾ ਕਿ ਤੁਹਾਨੂੰ ਸਭ ਤੋਂ ਵੱਡਾ ਅਫੀਸਰ ਬੁਲਾ ਰਿਹਾ ਹੈ, ਉਸ ਦੇ ਪਾਸ ਚਲੋ। ਮਨ ਵਿੱਚ ਕੋਈ ਖਟਿਆਈ ਨਾ ਹੋਣ ਦੇ ਕਾਰਨ, ਉਹ ਤਿੰਨੇ ਹੀ ਸਿੰਘ ਗੱਡੀ ਨੂੰ ਛੱਡ ਕੇ ਉਹਦੇ ਕੋਲ ਗਏ ਤੇ (ਉਹਨਾਂ ਨੂੰ)

ਹੱਥਕੜੀਆਂ ਲਾ ਲਈਆਂ ਗਈਆਂ ਤੇ ਪੁੱਛਿਆ ਸਿੰਘਾਂ ਨੇ, ਕਾਰਨ ਕੀ ਆ? ਕਹਿੰਦੇ ਤੁਸੀਂ ਮਹਿਤੇ ਨੂੰ ਚੱਲੇ ਹੋ ? ਸਿੰਘਾਂ ਨੇ ਉੱਤਰ ਦਿੱਤਾ ਹਾਂ ਮਹਿਤੇ ਚਲੇ ਹਾਂ । ਕੋਲ ਲਾਇਸੈਂਸੀ .੪੫੫ ਦਾ ਹਥਿਆਰ ਸੀ, ਉਹ ਵੀ ਪਕੜਿਆ ਗਿਆ ਤੇ ਉਸ ਤੋਂ ਪਿੱਛੋਂ ਅਦਾਲਤਾਂ ਵਿੱਚ...., ਮੁਕੱਦਮਾ ਚੱਲ ਰਿਹਾ ਅਜੇ ਵੀ । ਪਹਿਲਿਆਂ ਦਿਨਾਂ ਵਿੱਚ ਤਫਤੀਸ਼ ਸ਼ੁਰੂ ਸੀ ਜਦੋਂ ਅਜੇ, ਤਾਂ ਕਚਹਿਰੀ ਵਿੱਚ ਤਿੰਨੇ ਸਿੰਘ ਹਾਜ਼ਰ ਹੋਏ । ਉਹ ਹਕੂਮਤ ਦੇ ਕਰਮਚਾਰੀ ਵੀ ਪੇਸ਼ ਹੋਏ ਤੇ ਉਸ ਵੇਲੇ (ਅਦਾਲਤ ਵਿੱਚ ਉਨ੍ਹਾਂ ਨੂੰ) ਪੁੱਛਿਆ ਗਿਆ (ਕਿ) ਤੁਸੀਂ ਇਹਨਾਂ ਨੂੰ ਕਿਵੇਂ ਪਕੜਿਆ ? ਤਾਂ ਉਹ ਝੂਠ ਦਾ ਪਲੰਦਾ ਬੰਨਣ ਵਾਲੇ ਕਰਮਚਾਰੀਆਂ ਨੇ ਉੱਤਰ ਦਿੱਤਾ ਕਿ ਇਹਨਾਂ ਕੋਲ .੪੫੫ ਦਾ ਰਿਵਾਲਵਰ ਸੀ । ਜਦੋਂ ਮੇਰੇ ਕੰਨ ਵੱਲ ਸਿੱਧੀ ਕਰਕੇ ਗੋਲੀ ਚਲਾਈ ਤੇ ਹੱਥ ਇਹਨਾਂ ਦਾ ਜਾ ਕੇ ਮੈਂ ਫੜ੍ਹ ਲਿਆ ਤੇ ਗੋਲੀ ਉਤਾਂਹ ਚੱਲ ਗਈ ਤੇ ਮੈਂ ਬਚ ਗਿਆ । ਜਥੇ ਦਾ ਹੋਵੇ ਸਿੰਘ,ਅੰਮ੍ਰਿਤ ਛਕਿਆ ਹੋਵੇ ਤੇ ਨਵਾਂ .੪੫੫ ਦਾ ਰਿਵਾਲਵਰ ਹੋਵੇ ਤੇ ਫਿਰ ਹੱਥ ਹਿੱਲ ਜਾਵੇ ਤੇ ਫਾਇਦਾ ਕੀ ਹੋਇਆ.....? ਖ਼ਾਲਸਾ ਜੀ ਸਰਾਸਰ ਝੂਠ ਸੀ । ਰਿਵਾਲਵਰ ਸੀ ਜ਼ਰੂਰ ਕੋਲ ਤੇ ਲਾਇਸੈਂਸੀ ਆ । ਸਿੰਘ ਨੇ ਉਹ, ਉਹਦੇ ਵੱਲ ਕੱਸਿਆ ਨਹੀਂ, ਕੀਤਾ ਨਹੀਂ ਹੈ, ਪਰ ਉਹਨਾਂ ਨੇ ਆਪਣੇ ਮੁਕੱਦਮੇ ਨੂੰ ਕਾਇਮ ਕਰਨ ਵਾਸਤੇ ਇਹ ਘਾੜਤ ਘੜ ਲਈ.....।

ਭਾਈ ਅਮਰੀਕ ਸਿੰਘ ਤੇ ਬਾਬਾ ਠਾਰਾ ਸਿੰਘ ਦਾ ਪੈਰਵਾਈ ਲਈ ਜਾਣਾ

ਉਸ ਤੋਂ ਦੂਜੇ ਦਿਨ, ਭਾਈ ਅਮਰੀਕ ਸਿੰਘ ਅਤੇ ਬਜ਼ੁਰਗ ਬਾਬਾ ਠਰਾ ਸਿੰਘ ਜੀ, ਜਿਹਨਾਂ ਨੇ ਮਹਿਤੇ ਗੁਰਦੁਆਰੇ ਸਾਹਿਬ ਦੀ ਬਹੁਤ ਵੱਡੀ ਸੇਵਾ ਕਰਾਈ, ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਮਹਾਂਪੁਰਸ਼ਾਂ ਦੇ ਕਹਿਣ 'ਤੇ ਡਿਊਟੀ ਸਾਂਭ ਕੇ, ਸੇਵਾ ਦੇ ਰੂਪ ਵਿੱਤ.....। ਸੋ ਉਹਨਾਂ ਨੂੰ ਦਾਸ ਨੇ ਇਥੇ ਕਚਾਹਿਰੀ ਭੇਜਿਆ, ਕਿਉਂਕਿ ਆਪ ਤਾਂ ਮੈਂ ਆ ਨਹੀਂ ਸੀ ਸਕਦਾ, ਗੁਲੂਕੋਜ਼ ਦੀਆਂ ਬੋਤਲਾਂ ਉਸ ਵੇਲੇ ਲੱਗੀਆਂ ਹੋਈਆਂ ਸੀ, ਬਹੁਤ ਜ਼ਿਆਦਾ, ਸਰੀਰ ਅਤਿਅੰਤ ਢਿੱਲਾ ਸੀ ਪਰ ਉਹਨਾਂ ਨੂੰ ਭੇਜਿਆ ਗਿਆ । ਇਸ ਥਾਂ 'ਤੇ ਇਸ ਵਰਤਮਾਨ ਸਮੇਂ ਦਾ ਮੰਤਰੀ, ਸ਼ਾਇਦ ਉਹਦਾ ਨਾਂਅ ਹਰਚਰਨ ਸਿੰਘ ਆ ਅਜਨਾਲੇ ਤੋਂ ਤੇ ਜਿਹੜਾ ਇਥੋਂ ਇਦੋਂ ਪਹਿਲਾ ਵਰਨਰ ਬਦਲ ਗਿਆ ਏ, ਉਹ (ਵੀ) ਇਥੇ ਆਇਆ ਹੋਇਆ ਸੀ । ਸਿੰਘਾਂ ਨੇ ਉਸ ਦੇ ਪਾਸ ਪਹੁੰਚ ਕੇ, ਜਾਣਕਾਰੀ ਦੇਣੀ ਚਾਹੀ ਪਰ ਏਰਖਾ 'ਚ ਸੜੇ ਹੋਏ ਉਸ ਮਨੁੱਖ ਨੇ, ਜਾਣਕਾਰੀ ਤਾਂ ਕੀ ਲੈਣੀ ਸੀ (ਸਗੋਂ) ਜਾਂਦਾ ਹੋਇਆ ਇਹਨਾਂ ਦੋਹਾਂ ਸਿੰਘਾਂ ਸੰਬੰਧੀ, ਉਸ ਮੰਤਰੀ ਨੂੰ ਕਹਿ ਗਿਆ ਕਿ ਇਹਨੂੰ ਗ੍ਰਿਫ਼ਤਾਰ ਕਰਨਾ ਚਾਹੀਦਾ । ਗੱਲ ਕੀ ਸੀ ? ਮੰਤਰੀ ਨੇ ਅਮਰੀਕ ਸਿੰਘ ਨੂੰ ਉਸ ਵੇਲੇ ਕਿਹਾ ਕਿ ਤੁਹਾਨੂੰ ਚੰਡੀਗੜ੍ਹ ਆਉਣਾ ਚਾਹੀਦਾ । ਭਾਈ ਅਮਰੀਕ ਸਿੰਘ ਨੇ ਅੱਗੋਂ ਉੱਤਰ ਦਿੱਤਾ ਕਿ ਅਸੀਂ ਕੋਈ ਨੌਕਰ ਨਹੀਂ ਹਾਂ । ਡੇਢ ਘੰਟਾ ਬਾਹਰ ਇਥੇ ਖੜੇ ਨੂੰ ਹੋ ਗਿਆ ਤੇ ਤੁਹਡਾ ਕੀ ਇਰਾਦਾ ਕਿ ਕੁੜੀਆਂ ਦੀ ਤਰ੍ਹਾਂ ਹਰ ਇੱਕ ਥਾਂ 'ਤੇ ਜਾ ਕੇ ਤੁਹਾਡੇ ਦਰਵਾਜ਼ੇ ਅੱਗੇ ਖੜੇ ਹੀਏ ? ਸਾਡਾ ਗੁਨਾਹ ਦੱਸੋ ਕੀ ਆ ? ਗੁਨਾਹ ਹੈ ਤਾਂ ਪਕੜ ਲਵੋ, ਪਰ ਇਹ ਕੀ ਕਾਰਨ ਕਿ ਬੰਦਾ ਗੱਲ ਦੱਸਣ ਆਵੇ ਤੇ ਤੁਸੀਂ ਆਖੋ ਸਾਡੇ ਕੋਲ ਟਾਈਮ ਈ ਨਹੀਂ, ਅਸੀਂ ਸੁਣਨੀ ਨਹੀਂ ਤੇ ਪਿੱਛੋਂ ਕਹੋ ਚੰਡੀਗੜ੍ਹ ਆ ਜਾਇਉ ?

ਭਾਈ ਅਮਰੀਕ ਸਿੰਘ ਤੇ ਬਾਬਾ ਠਾਰਾ ਸਿੰਘ ਦੀ ਗ੍ਰਿਫ਼ਤਾਰੀ ਅਤੇ ਮੋਰਚਾ ਆਰੰਭ

ਇਸ ਗੱਲ ਦੀ ਖਾਰ ਮੰਨ ਕੇ, ਦੂਜੇ ਦਿਨ ਖ਼ਾਲਸਾ ਜੀ ਉਸ ਅਜਨਾਲੇ ਨੇ, ਜਿੱਦੇਂ ਅਮਰੀਕ ਸਿੰਘ ਦੇ ਹੱਥਕੜੀ ਲੱਗੀ ਆ। ਮੈਂ ਬਹੁਤਾ ਇਸ ਪਾਸੇ ਨਾ ਜਾਵਾਂ। ਸਤਿਗੁਰੂ ਕਿਰਪਾ ਕਰਨਗੇ, ਸਮਾਂ ਆਊ ਕਿਤੇ, ਪਰ ਉਸ ਮਨੁੱਖ ਨੇ ਇਥੇ ਦਫ਼ਤਰ ਵਿੱਚ ਬੈਠ ਕੇ, ਸਰਕਟ ਹਾਊਸ ਵਿੱਚ ਤੇ ਉਸ ਮੌਕੇ ਦੇ ਐਸ. ਐਸ. ਪੀ. ਨੂੰ....., ਹੁਣ ਤੇ ਪਤਾ ਲੱਗਾ ਬਦਲ ਗਿਆ ਬੈਂਸ। ਉਹਨੂੰ ਕਹਿ ਕੇ, ਅਮਰੀਕ ਸਿੰਘ ਨੂੰ ਕਚਹਿਰੀਆਂ ਵਿੱਚ ਗਏ ਹੋਏ ਨੂੰ ਪਕੜ ਲਿਆ। ਭਾਈ ਮਨਜੀਤ ਸਿੰਘ ਆਹ ਬੈਠੇ ਨੇ, ਉਹਨਾਂ ਦੇ ਛੋਟੇ ਭਾਈ ਅਮਰੀਕ ਸਿੰਘ ਤੋਂ। ਇਹਨਾਂ ਤੋਂ ਪਤਾ ਲੱਗਾ ਕਿ ਅਮਰੀਕ ਸਿੰਘ ਦੀ ਗ੍ਰਿਫ਼ਤਾਰੀ ਹੋ ਗਈ ਹੈ। ਭਾਵੇਂ ਡਾਕਟਰਾਂ ਨੇ ਬੰਦ ਕੀਤਾ ਸੀ ਕਿ ਤੂੰ ਤੁਰ ਕੇ ਕਿਤੇ ਨਹੀਂ ਜਾਣਾ, ਪਰ ਸਮੇਂ ਦੀ ਮਜਬੂਰੀ ਦੇ ਕਾਰਨ ਇਥੇ ਆਉਣਾ ਪਿਆ। ਇਥੋਂ ਦੇ ਆ ਕੇ ਜਦੋਂ ਹਾਲਾਤ ਤੱਕੇ....., ਭਾਵੇਂ ਕੁਝ ਬੁਲਾਰਿਆਂ ਨੇ ਕਿਹਾ (ਸੀ) ਕਿ ਕਿਸੇ ਨਾਲ ਰਾਇ ਕੀਤੀ ਆ ? ਇਹਨਾਂ ਨੂੰ ਮੈਂ ਬੇਨਤੀ ਕਰਾਂਗਾ ਕਿ ਮੈਨੂੰ ਜਾਣਕਾਰੀ ਬਹੁਤੀ ਨਹੀਂ, ਰਾਇ ਹੋਈ ਜ਼ਰੂਰ ਸੀ ਪਰ ਇੱਕ ਦਿਨ ਰਾਇ ਕਰਕੇ ਦੂਜੇ ਦਿਨ ਹੀ ਉਹ ਸੈਕਟਰੀ ਸਾਹਿਬ ਮੁੱਕਰ ਗਏ ਸੀ.....। ਮੈਂ ਤਾਂ ਰਾਇ ਕੀਤੀ ਹੈ, ਸਭ ਤੋਂ ਪਹਿਲੇ ਦਿਨ ਮੀਰੀ ਪੀਰੀ ਦੇ ਮਾਲਕ ਨਾਲ, ਤਖ਼ਤ 'ਤੇ ਜਾ ਕੇ, ਆਪਣੇ ਦਿਲੋਂ ਤੇ ਉਹ ਰਾਇ ਕਰਕੇ ਅਰਦਾਸ ਕੀਤੀ ਆ ਕਿ ਸੱਚੇ ਪਾਤਿਸ਼ਾਹ, ਜੇ ਤਾਂ ਮੋਰਚਾ ਮੇਰਾ ਨਿੱਜੀ ਪ੍ਰਯੋਜਨ ਤੇ ਨਿੱਜੀ ਸ਼ੋਹਰਤ ਵਾਸਤੇ ਆ ਤੇ ਸਾਨੂੰ ਅਸਫ਼ਲਤਾ ਹੋਣੀ ਚਾਹੀਦੀ ਆ ਤੇ ਜੇ ਧਰਮ ਵਾਸਤੇ ਤੇ ਸਿੱਖ ਕੌਮ ਵਾਸਤੇ ਤੇ ਮਜ਼ਲੂਮਾਂ ਵਾਸਤੇ ਆ ਤੇ ਫਿਰ ਸਤਿਗੁਰੂ ਸੱਚੇ ਪਾਤਿਸ਼ਾਹ ਤੇਰੇ ਦਰ ਵਿੱਚੋਂ ਸਭ ਦੇ ਕੰਮ ਪੂਰੇ ਹੋਏ ਆ, ਕਿਰਪਾ ਕਰੋ, ਇਹ ਕਾਰਜ ਪੂਰਾ ਕਰੋ। ਇਹ ਅਰਦਾਸ ਕਰਕੇ ਦਾਸ....., ਉਸ ਦਿਨ ੨:੩੦ ਵਜੇ ਦਾਸ ਇਥੇ ਪਹੁੰਚਿਆ, ਪੂਰੇ ੫:੦੦ ਵਜੇ ਤਖ਼ਤ ਸਾਹਿਬ ਤੋਂ ਅਰਦਾਸ ਕਰਕੇ, ਜਥਾ ਖ਼ਾਲਸਾ ਜੀ ਤੋਰਿਆ ਗਿਆ ਸੀ, ੫:੦੦ ਵਜੇ ਤੋਂ ਚੱਲ ਕੇ, ਰਾਤ ਦੇ ੧:੧੫ ਵਜੇ ਤੱਕ, ਡੀ. ਸੀ. ਦੀ ਕੋਠੀ ਅੱਗੇ ਸੜਕ 'ਤੇ ਧਰਨਾ ਮਾਰ ਕੇ ਸਿੰਘ ਬੈਠੇ ਰਹੇ ਆ। ਉਸ ਦਿਨ ਬਾਰਸ਼ ਵੀ ਸਾਰੀ ਰਾਤ ਪੈਂਦੀ ਰਹੀ ਆ। ਇੱਕ ਵੀ ਸਾਈਕਲ ਵਾਲਾ ਸੜਕ ਉੱਪਰ ਦੀ ਨਹੀਂ ਲੰਘਣ ਦਿੱਤਾ, ਨਾ ਹੀ ਕੋਈ ਗੱਡੀ। ੧:੧੫ ਵਜੇ ਅਖੀਰ ਇਹਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਸੰਤ ਜਰਨੈਲ ਸਿੰਘ ਦੀ ਲੌਂਗੋਵਾਲ ਨਾਲ ਮੀਟਿੰਗ ਅਤੇ ਧਰਮ ਯੁੱਧ ਮੋਰਚੇ ਦਾ ਐਲਾਨ

ਉਸ ਤੋਂ ਤੀਜੇ ਦਿਨ ਮਗਰੋਂ, ਸਤਿਕਾਰ ਯੋਗ ਗੁਰਮੁਖ ਪਿਆਰੇ, ਪ੍ਰਧਾਨ ਸਾਹਿਬ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਆਏ। ਉਹਨਾਂ ਨਾਲ ਵਿਚਾਰ ਵਟਾਂਦਰਾ ਹੋਇਆ। ਵਿਚਾਰ ਵਟਾਂਦਰਾ ਹੋਣ ਤੋਂ ਪਿੱਛੋਂ ਬਾਕੀ ਲੀਡਰਾਂ ਨੂੰ ਅਜੇ ਨਹੀਂ ਸੀ ਕਿਸੇ ਨੂੰ ਮਿਲ ਸਕੇ। ਸੰਤਾਂ ਨੇ ਕੁਝ ਦਿਨਾਂ ਵਾਸਤੇ ਖਿਆਲ ਕੀਤਾ ਕਿ ਹੋਰ ਇਸ ਸਮੇਂ ਵਿੱਚ, ਰਾਵਾਂ ਕਰ ਲੈਣੀਆਂ ਚਾਹੀਦੀਆਂ (ਪਰ) ਮੋਰਚਾ ਜਾਰੀ ਰਹੇ। ਮੋਰਚੇ 'ਚ ਕੋਈ ਤਬਦੀਲੀ ਨਹੀਂ ਕਰਨੀ ਚਾਹੀਦੀ। ਪਿੱਛੋਂ ਬਾਕੀ ਲੀਡਰਾਂ ਨੂੰ, ਬਾਬਾ ਜੀ

ਵੱਲੋਂ ਸੁਨੇਹਾ ਭੇਜ ਕੇ ਬੁਲਾਇਆ ਗਿਆ। ਮੀਟਿੰਗ ਕੀਤੀ ਗਈ, ਇਕੱਤਰਤਾ ਹੋਈ, ੪ ਅਗਸਤ ਦਾ ਦਿਨ ਮੁਕੱਰਰ ਕੀਤਾ ਗਿਆ। ਉਸ ਦਿਨ ਸਾਰਿਆਂ ਨੇ ਇਕੱਠੇ ਹੋ ਕੇ, ਪੰਥਕ ਰੂਪ ਵਿੱਚ, ਇਸ ਅਸਥਾਨ ਤੋਂ ਬਹੁਤ ਵੱਡਾ ਜਥਾ ਹਜ਼ਾਰਾਂ ਦੇ ਹਿਸਾਬ ਨਾਲ, ਸਤਿਗੁਰੂ ਗਰੰਥ ਸਾਹਿਬ ਦਾ ਓਟ ਆਸਰਾ ਤੱਕ ਕੇ, ਅਰਦਾਸ ਕਰਕੇ ਜੇਲ੍ਹ ਨੂੰ ਭੇਜਿਆ ਸੀ।

ਜ: ਜਗਦੇਵ ਸਿੰਘ ਤਲਵੰਡੀ ਮੋਰਚੇ ਵਿੱਚ ਸ਼ਾਮਲ

ਕੁਝ ਸਮਾਂ ਉਸ ਤੋਂ ਪਿੱਛੋਂ, ਸਤਿਕਾਰ ਯੋਗ ਜਥੇਦਾਰ ਜਗਦੇਵ ਸਿੰਘ ਜੀ ਤਲਵੰਡੀ, ਉਹ ਵੀ ਦਿੱਲੀ ਤੋਂ, ਭਾਵੇਂ ਦਾਸ ਨੇ ਦਿੱਲੀ ਵੀ ਜਾ ਕੇ, ਜਿਸ ਵੇਲੇ ੧੦ ਦਿਨ ਦਾ ਪ੍ਰੋਗਰਾਮ ਦਿੱਲੀ ਦਾ ਬਣਿਆ ਸੀ.....। ਉਥੇ ਰਹਿ ਕੇ ਦੋ ਵੇਰਾਂ ਮੁਲਾਕਾਤ ਕੀਤੀ। ਉਹਦੇ ਵਿੱਚ ਵੀ ਸਲਾਹ ਕੀਤੀ ਕਿ ਆਪਾਂ ਨੂੰ ਇਸ ਵੇਲੇ ਪੰਜੇ ਦੇ ਥਾਂ ਘਸੁੰਨ ਰੂਪ ਵਿੱਚ, ਮੁੱਕੀ ਰੂਪ ਵਿੱਚ ਇਕੱਠੇ ਹੋਣਾ ਚਾਹੀਦਾ। ਜਿਸ ਕਰਕੇ ਮਜ਼ਬੂਤੀ ਹੋਵੇ ਤੇ ਕੌਮ ਨੂੰ ਕੁਝ ਪ੍ਰਾਪਤ ਹੋਵੇ। ਸੋ ਉਸ ਤੋਂ ਪਿੱਛੋਂ, ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ, ਖ਼ਾਲਸਾ ਜੀ ਸੁਨੇਹਾ ਪਹੁੰਚਿਆ। ਸੋ ਉਸ ਨੂੰ ਮਨਜ਼ੂਰ ਕਰਕੇ, ਉਹਨਾਂ ਨੇ ਵੀ ਇਥੇ ਆ ਕੇ, ਸਤਿਗੁਰੂ ਗਰੰਥ ਸਾਹਿਬ ਦੀ ਹਾਜ਼ਰੀ ਭਰੀ ਤੇ ਪੰਥਕ ਰੂਪ ਵਿੱਚ ਅੱਗੇ ਹੋ ਮਜ਼ਬੂਤੀ ਨਾਲ ਚੱਲੇ।

ਸ. ਸੁਖਜਿੰਦਰ ਸਿੰਘ ਮੋਰਚੇ ਵਿੱਚ ਸ਼ਾਮਲ

ਭਾਈ ਸੁਖਜਿੰਦਰ ਸਿੰਘ ਜੀ....., ਭਾਵੇਂ ਮੈਂ ਉਹਨਾਂ ਨੂੰ, ਉਹਨਾਂ ਦਿਨਾਂ ਵਿੱਚ, ਸਰੀਰਕ ਤੌਰ 'ਤੇ ਨਹੀਂ ਮਿਲ ਸਕਿਆ, ਪੱਤ੍ਰਕਾ ਦੇ ਰੂਪ ਵਿੱਚ, ਇੱਕ ਦੂਜੇ ਨੂੰ ਜਾਣਕਾਰੀ ਹੋਈ। ਉਹਨਾਂ ਬੇਨਤੀ ਕੀਤੀ, ਉਹਨਾਂ ਦਾ ਵੀ ਦਾਸ ਨੇ ਧਨਵਾਦ ਕੀਤਾ। ਸਾਰੇ ਹੀ ਇੱਕ ਥਾਂ ਇਕੱਠੇ ਹੋ ਕੇ, ਕੇਸਰੀ ਨਿਸ਼ਾਨ ਸਾਹਿਬ ਦੇ ਥੱਲੇ ਇਕੱਤਰ ਹੋ ਕੇ, ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਛਤਰ ਛਾਇਆ ਦੇ ਥੱਲੇ, ਸਾਰੇ ਹੀ ਪੰਥਕ ਰੂਪ ਵਿੱਚ, ਵਰਕਰ ਰੂਪ ਵਿੱਚ ਤੇ ਸੇਵਾ ਰੂਪ ਵਿੱਚ, ਇਕੱਠੇ ਹੋ ਕੇ ਚੱਲੇ। ਜਿਹਦਾ ਅੱਜ ਇਹ ਸਿੱਟਾ ਹੈ.....।

ਗੁਰਦਾਸਪੁਰ ਜੇਲ੍ਹ ਵਿੱਚ ਮੰਦਰ ਦੀ ਉਸਾਰੀ

ਭਾਵੇਂ ਹਕੂਮਤ ਕਹਿ ਬਹੁਤ ਕੁਝ ਰਹੀ ਹੈ (ਕਿ) ਅਕਾਲੀ ਲੜ ਪਏ, ਭਿੰਡਰਾਂਵਾਲਾ ਤੇ ਲੌਂਗੋਵਾਲ ਵਿੱਚ ਤਰੇੜਾਂ ਪੈ ਗਈਆਂ। ਆਹ ਮੈਂ ਹੁਣੇ ਬੈਠਾ ਆਇਆਂ ਸੰਤਾਂ ਕੋਲ ਘੰਟਾ ਸਵਾ ਘੰਟਾ ਉਥੇ ਲੱਗਾ। ਮੈਂ ਹੱਸਦਾ ਸੀ ਸੰਤਾਂ ਨੂੰ ਕਿ ਇਹਨਾਂ ਲੋਕਾਂ ਨੂੰ ਵੀ ਚੇਤਾ ਆ ਗਿਆ ਤੁਹਾਨੂੰ ਟੈਲੀਫੋਨ ਕਰਨ ਦਾ.....। ਇਥੋਂ ਦਾ ਕੋਈ ਪ੍ਰੇਮੀ ਆ, ਪ੍ਰੇਮੀ ਅੱਖਰ ਹੀ ਵਰਤਾਂਗਾ ਦੂਜੇ ਹਿਸਾਬ ਨਾਲ, ਉਹਨੇ ਟੈਲੀਫੋਨ ਕੀਤਾ ਕਿ ਬਾਬਾ ਜੀ ਮੈਂ ਕੁਝ ਗੱਲਾਂ ਕਰਨੀਆਂ। ਕਹਿੰਦੇ ਟੈਲੀਫੋਨ 'ਤੇ ਕਰ ਲਾ। (ਕਹਿੰਦਾ) ਭਿੰਡਰਾਂਵਾਲਿਆਂ ਦੀ ਗੱਲ ਕਿਸ ਤਰ੍ਹਾਂ ? ਬਾਬਾ ਜੀ ਕਹਿੰਦੇ ਸਾਡੇ ਕੋਲ ਈ ਬੈਠੇ....., ਦੱਸ ਅਸੀਂ ਦਿੰਨੇ ਆਂ, ਭਈ ਜਿੰਨੀ ਅੱਗ ਤੁਸਾਂ ਲਾਈ ਆ, ਇਸ ਅੱਗ ਦੀ ਸਾਰੀ ਜ਼ਿੰਮੇਵਾਰੀ ਜਾਂ ਤੁਹਾਡੇ 'ਤੇ ਆ ਤੇ ਜਾਂ ਸਰਕਾਰ 'ਤੇ ਆ। ਉਹ ਹੈਰਾਨ ਜਿਹਾ ਹੋ ਗਿਆ ਕਿ

ਅੱਜ ਸੰਤ ਜੀ ਕਿੱਦਾਂ ਬੋਲੇ ਆ। ਉੱਤਰ ਦਿੱਤਾ ਕਿ ਜਿਹਨਾਂ ਨੂੰ ਤੁਸੀਂ ਅੱਤਵਾਦੀ, ਉਗਰਵਾਦੀ, ਵੱਖਵਾਦੀ ਤੇ ਹਿੰਦੂਆ ਦੇ ਕੱਟੜ ਵੈਰੀ ਮੰਨਦੇ ਹੋ, ਉਹਨਾਂ ਸੰਬੰਧੀ ਅਸੀਂ ਤੈਨੂੰ ਇੱਕ ਨਵੀਂ ਜਾਣਕਾਰੀ ਦਿਨੇ ਆਂ। ਭਾਵੇਂ ਪਤਾ ਸਾਨੂੰ ਪਹਿਲਾਂ ਵੀ ਸੀ ਪਰ ਹੁਣ ਜਰਨੈਲ ਸਿੰਘ ਕੋਲ ਬੈਠਾ, ਪੱਕੀ ਪਰਪੱਕਤਾ। ਕਹਿਣ ਲੱਗਾ.....ਉਹ ਸ਼ਰਮਾ ਸੀ ਇਥੋਂ ਦਾ। ਅਖੇ ਜੀ ਦੱਸੋ....। ਬਾਬਾ ਜੀ ਕਹਿਣ ਲੱਗੇ (ਕਿ) ਜਿਹਨਾਂ ਦੀ ਇੰਨੀ ਨੁਕਤਾ ਚੀਨੀ ਕਰਦੇ ਹੋ ਤੇ ਤੁਹਾਡੇ ਮਨ ਵਿੱਚ ਇਹ ਭੈ ਆ...., ਰਾਤ ਨੂੰ ਨੀਂਦ ਤੁਹਾਨੂੰ ਨਹੀਂ ਆਉਂਦੀ। ਜੇ ਬਿੱਲੀ ਡੱਬਾ ਥੱਲੇ ਸੁੱਟ ਦੇਵੇ ਤੇ ਆ ਗਿਆ ਭਿੰਡਰਾਂਵਾਲਾ ਕਹਿ ਕੇ ਰੋਂਦੇ ਹੋ...। ਇਹਨਾਂ ਦੇ ਸਹਿਯੋਗੀ, ਭਾਈ ਅਮਰੀਕ ਸਿੰਘ ਤੇ ਸਤਿਕਾਰਯੋਗ ਬਾਬਾ ਠਾਰਾ ਸਿੰਘ ਜੀ (ਨੇ) ਜਿੱਥੇ ਸ਼ਾਨਦਾਰ ਪਵਿੱਤਰ ਸ੍ਰੀ ਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਦੇ ਪ੍ਰਕਾਸ਼ ਵਾਸਤੇ ਗੁਰਦੁਆਰਾ ਸਾਹਿਬ ਦੀ ਇਮਾਰਤ ਮਜ਼ਬੂਤ ਬਣਾਈ ਆ, ਗੁਰਦਾਸਪੁਰ ਜੇਲ੍ਹ ਵਿੱਚ, ਉਥੇ ਤੁਹਾਡੇ ਸ਼ਿਵ ਭਗਵਾਨ ਦੀਆਂ ਟੱਲੀਆਂ ਖੜਕਾਉਣ ਵਾਸਤੇ ਵੀ ਇੱਕ ਮੰਦਰ ਬਣਾ ਦਿੱਤਾ, ਜਾ ਕੇ ਵੇਖ ਲਈਂ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਉਹ ਕਹਿਣ ਲੱਗਾ ਜੀ ਮੈਂ ਕਦੋਂ ਕੁ ਜਾਵਾਂ ? ਬਾਬਾ ਜੀ ਕਹਿਣ ਲੱਗੇ ਜਦੋਂ ਜੀਅ ਕੀਤਾ ਜਾ ਵੜੀਂ। ਜੇ ਬਹੁਤੀ ਤੰਗੀ ਫੰਗੀ ਆ ਤੇ ਤੇਰਾ ਸੁਆਰੀ ਦਾ ਵੀ, ਮਾੜਾ ਮੋਟਾ ਕਰ ਦਿਆਂਗੇ, ਨਾਲੇ ਤੇਰਾ ਕਰਾਇਆ ਕਰੂਇਆ ਹੋ ਜਾਊ, ਵੇਖ ਆਵੀਂ। ਕਹਿੰਦਾ ਮੈਂ ਸਵੇਰੇ ਫੋਟੋ ਖਿੱਚ ਕੇ ਲਿਆਊਂ। ਮੈਂ ਉਹਨੂੰ ਦੱਸਣਾ ਚਾਹੁੰਨਾ। ਫੋਟੋ ਤਾਂ ਖਿੱਚ ਲਿਆਵੇਂਗਾ, ਪਰ ਤੈਥੋਂ ਅਖਬਾਰ 'ਚ ਨਹੀਂ ਦਿੱਤੀ ਜਾਣੀ। ਇਥੋਂ ਭੇਜ ਦੇਵੇਂਗਾ, ਅਗਾਂਹ ਵਾਲੇ ਨੇ ਨਹੀਂ ਦੇਣੀ। ਕਿਉਂ ਨਹੀਂ ਦੇਣੀ ? ਉਹਦਾ ਮੁੱਖ ਕਾਰਨ ਆ ਕਿ ਉਹ ਮੰਦਰ ਬਣਾਇਆ ਭਿੰਡਰਾਂਵਾਲਿਆ ਨੇ ਆਂ। ਜਦੋਂ ਭਿੰਡਰਾਂਵਾਲਿਆਂ ਦੇ ਨਾਂਅ 'ਤੇ ਆ ਗਿਆ ਕਿ ਮੰਦਰ ਬਣਿਆ ਉਥੇ ਗੁਰਦੁਆਰੇ ਦੇ ਨਾਲ ਜੇਲ੍ਹ ਵਿੱਚ। ਬਣਾਇਆ ਕਿਵੇਂ ? ਜਦੋਂ ਗੁਰਦੁਆਰਾ ਚੰਗੀ ਸ਼ਾਨ ਦਾ ਬਣ ਗਿਆ ਸੋਹਣਾ ਸੁੰਦਰ ਤੇ ਅੰਦਰਲੇ ਕੈਦੀਆਂ ਨੇ ਰੱਖ ਲਈਆਂ ਦਾਹੜੀਆਂ। ਬੀੜੀਆਂ, ਬੀੜੇ ਤੇ ਸ਼ਰਾਬ ਛੱਡ ਦਿੱਤੀ। ਕਛਹਿਰੇ ਆਦਿਕ ਕ੍ਰਿਪਾਨ ਪਾਉਣ ਨੂੰ ਤਿਆਰ ਹੋ ਗਏ ਤੇ ਜਿਹੜੇ ਦੋ ਚਾਰ ਟੱਲੀ ਖੜਕਾਉਣ ਜਾਂਦੇ ਸੀ ਉਹ ਵੀ ਉਧਰੇ.....। ਜਿੱਧਰ ਗੱਫਾ ਮਿਲਣਾ ਉਧਰੇ ਈ ਜਾਂਦੇ ਆ ਨਾ ਜੇਲ੍ਹ ਵਾਲੇ। ਮੈਂ ਵੇਖਿਆ ਪੰਦਰਾਂ ਕੁ ਦਿਨ ਅੰਦਰ ਰਹਿ ਕੇ। ਉਹਨੇ ਵੇਖਿਆ ਪੁਜਾਰੀ ਨੇ (ਕਿ) ਮੈਂ ਇਕੱਲਾ ਰਹਿ ਗਿਆਂ ਤੇ ਬਾਬੇ ਠਾਰਾ ਸਿੰਘ ਕੋਲੇ ਜਾ ਕਹਿਣ ਲੱਗਾ, ਬਾਬਾ ਜੀ ਤੁਸੀਂ ਸੰਤ ਹੋ ਤੇ ਕਿਰਪਾ ਕਰੋ ਸਾਡੇ ਜਨੇਊ ਦੀ ਬਾਬਤ ਤੁਹਾਡੇ ਵਡੇਰਿਆਂ ਨੇ ਸਿਰ ਦਿੱਤਾ ਸੀ, ਤੁਸੀਂ ਚਾਰ ਇੱਟਾਂ ਹੀ ਲਾ ਦਿਉ। ਉਥੇ ਇਹ ਤਰਲੇ ਕਰਦੇ ਆ ਤੇ ਬਾਹਰ ਗਾਲਾਂ ਕੱਢਦੇ ਆ। ਉਹਨੇ ਹੁਣ ਜਾਣਾਂ ਸਵੇਰੇ, ਪਰਸੋਂ ਵੇਖਣ।

ਸੋ ਖ਼ਾਲਸਾ ਜੀ ਇਹ ਮੋਰਚਾ, ਭਾਈ ਅਮਰੀਕ ਸਿੰਘ....., ਪਹਿਲਾਂ ਤਿੰਨੇ ਸਿੰਘ ਜਿਹੜੇ ਮੈਂ ਦੱਸੇ ਆ, ਉਹਨਾਂ ਤੋਂ ਪਿੱਛੋਂ ਕਾਰਵਾਈ ਕਰਨ ਵਾਲਾ ਭਾਈ ਅਮਰੀਕ ਸਿੰਘ, ਉਹਨੂੰ ਗ੍ਰਿਫ਼ਤਾਰ ਕੀਤਾ ਤੇ ਦੂਜੇ ਦਿਨ ਨਾਲ ਹੀ ਬਾਬਾ ਠਾਰਾ ਸਿੰਘ ਨੂੰ ਕਰ ਲਿਆ ਗ੍ਰਿਫ਼ਤਾਰ, ਇਹਨਾਂ ਕਰਮਚਾਰੀਆਂ ਨੇ ਤੇ ਕਈ ਵੀਰ ਕਹਿੰਦੇ ਭਈ ਤੁਸੀਂ ਹਥਿਆਰ ਲਈ ਫਿਰਦੇ ਓ, ਤੁਹਾਡਾ ਸ਼ਾਂਤਮਈ ਦਾ ਕੰਮ ਕਿਵੇਂ ਆ ? ਇਹ ਤੁਸੀਂ ਜੇਲ੍ਹਾਂ ਨੂੰ ਕਿਵੇਂ ਤੁਰ ਪਏ ? ਖ਼ਾਲਸਾ ਜੀ ਦੋ ਰਾਹ ਆ। ਪਹਿਲਾ ਰਾਹ ਸ਼ਾਂਤੀ ਦਾ ਤੇ ਦੂਜਾ ਰਾਹ ਹੈ ਸ੍ਰੀ ਸਾਹਿਬ ਦਾ। ਜੇ ਪਹਿਲੇ ਦਿਨ ਹੀ ਇਹ ਕਦਮ ਚੁੱਕਿਆ ਹੁੰਦਾ

ਤੇ ਕਈ ਭਾਈਆ ਨੇ., ਅੱਜ ਭਾਵੇਂ ਉਹ ਕਹਿੰਦੇ ਆ ਤੇ ਪਹਿਲਾਂ ਇਹ ਹੀ ਉੱਤਰ ਉਹਨਾਂ ਨੇ ਸਾਨੂੰ ਦੇਣਾ ਸੀ (ਕਿ ਸੰਤ ਜੀ ਵੇਖ ਤਾਂ ਲੈਂਦੇ ਚਾਰ ਦਿਨ, ਸ਼ਾਇਦ ਗੱਲ ਮੰਨ ਜਾਂਦੇ। ਹੁਣ ਤਾਂ ਸਾਲ ਹੋ ਗਿਆ, ਅੱਜ ਪੂਰਾ ਸਾਲ। ਇਸ ਵੇਲੇ ਜਥਾ ਕਚਹਿਰੀ ਅੱਗੇ ਬੈਠਾ ਸੀ, ਡੀ. ਸੀ. ਦੀ ਕੋਠੀ ਅੱਗੇ।

ਪੁਲੀਸ ਨੂੰ ਚਿਤਾਵਨੀ

ਸੋ ਖ਼ਾਲਸਾ ਜੀ ਉਸ ਤੋਂ ਪਿੱਛੋਂ, ਸਮੇਂ ਸਮੇਂ ਮੁਤਾਬਕ....., ਮੈਂ ਬਹੁਤਾ ਵਿਸਥਾਰ 'ਚ ਨਹੀਂ ਜਾਣਾ (ਕਿਉਂਕਿ) ਟਾਈਮ ਬਹੁਤ ਥੋੜਾ। ਸੰਧੂ ਸਾਹਿਬ ਤੁਹਾਨੂੰ ਦੱਸ ਬਹੁਤ ਕੁੱਝ ਗਏ ਆ। ਜਥੇ ਦੀ ਜੀਪ ਆ, ੧੭ ਜੁਲਾਈ ਦੀ ਪਕੜੀ ਹੋਈ। ਡੇਢ ਸਾਲ ਤੇ ਦੋ ਦਿਨ ਅੱਜ ਹੋ ਗਏ ਆ। ਉਹ ਚਲਾ ਕੌਣ ਰਹੇ ਸ ? ਇੱਕ ਤਾਂ ਗੁਰਬਚਨਾ ਡੀ. ਐਸ. ਪੀ., ਜਿਹੜਾ ਸਿੰਘਾ ਦੇ ਖ਼ੂਨ 'ਚ ਤਾਰੀਆਂ ਲਾਉਂਦਾ : ਪਿੱਛੇ ਲਾਉਂਦਾ ਸੀ, ਹੁਣ ਲਾ ਰਿਹਾ ਅਜੇ, ਅਗਾਂਹ ਨੂੰ ਤਾਂ ਵੇਖੋ.....। ਇੱਕ ਇਕਬਾਲ ਸਿੰਘ ਆਸ ਵਾਲਾ.....। ਮੈਂ ਇਹਨਾਂ ਸੱਜਣਾਂ ਨੂੰ ਇੱਕ ਗੱਲ ਥੋੜੀ ਜਿਹੀ ਦੱਸਣੀ ਚਾਹੁੰਨਾ ਆਂ, ਹੋਰ ਵੀ ਗੇ, ਮੈਂ ਨਾਅ ਨਹੀਂ ਅਜੇ ਉਹਨਾਂ ਦੇ ਲੈਂਦਾ। ਜੀਅ ਸਦਕੇ ਚਲਾਉ, ਜੀਪ ਨਾਲ ਸਾਨੂੰ ਕੋਈ ਰਕ ਨਹੀਂ, ਪਰ ਜਿਹੜਾ ਤੁਸੀਂ ਇਹ ਚੋਟ ਲਾ ਕੇ, ਜੀਪ ਚਲਾਈ ਆ, ਇਹ ਚੇਤਾ ਜ਼ਰੂਰ ਰੱਖਿ ਤੇ ਆਪਣੇ ਪਰਿਵਾਰਾਂ ਨੂੰ ਦੱਸ ਦਿਉ। ਜੇ ਤਾਂ ਮੈਂ ਰਿਹਾ ਤੇ ਤਾਂ ਵੀ ਜੀਪ ਲੈਣੀ ਆਂ ਤੇ ਜੇ ਮੈਂਤਲਿਆ ਗਿਆ ਤੇ ਇਹ ਜਥਾ ਕਿਸੇ ਟੋਪੀ ਵਾਲੇ ਦਾ ਨਹੀਂ ਚਲਾਇਆ। ਇਹ ਪੁੱਤਰਾਂ ਦੇ ਦਾਨੀ, ਜ਼ਰਬੰਸ ਦਾਨੀ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਚਲਾਈ ਹੋਈ ਟਕਸਾਲ ਆ ਤੇ ਇਸ ਟਕਸਾਲ ਦਾ ਪਹਿਲਾ ਜਥੇਦਾਰ ਬਾਬਾ ਦੀਪ ਸਿੰਘ ਜੀ ਆ, ਜਿਹੜਾ ਮੈਥੋਂ ਚੌਦਵੇਂ ਥਾਂ ਸੀ। ਜਿਹੜਾ ਸੀਸ ਤਲੀ 'ਤੇ ਰੱਖ ਕੇ ਤੇ ੮੦ ਸਾਲ ਦੀ ਉਮਰ ਵਿੱਚ ਤੇ ਲੋਥਾਂ ਦੇ ਢੇਰ ਲਾ ਕੇ ਤੇ ਇਥੇ ਪਹੁੰਚਿਆ ਸੀ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਇਹ ਜੀਪ ਜੀਅ ਸਦਕੇਚਲਾਉ, ਟਾਇਰ ਵੀ ਲਾਹੁਣੇ ਲਾਹ ਲਵੋ, ਇਹਦੀ ਟੈਂਕੀ ਪਾਣੀ ਵਾਲੀ (ਆਦਿ) ਹੋਰ ਜੋ ਸਮਾਨਖੋਲਣਾ ਖੋਲੋ, ਪਰ ਇਹ ਚੇਤਾ ਜ਼ਰੂਰ ਰੱਖਿਉ ਭਈ ਇਹ ਇੱਕ ਜੀਪ ਦੀਆਂ ਦੋ ਲੈਣੀਆਂ, ਇੱਕ ਨਹੀਂ.....।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਲੈਣੀਆਂ ਵੀ ਨਵੀਆਂ।

ਜ਼ਮੀਰ ਮਰਨੀ ਮੌਤ ਹੈ

ਕਈ ਕਹਿੰਦੇ ਤੂੰ ਏਹ ਕਹਿ ਦਿੱਤਾ, ਤੈਨੂੰ ਮਾਰ ਨਾ ਦੇਣ, ਮਰਵਾ ਨਾ ਦੇਣ। ਮੈਂ ਸਰੀਰ ਦੇ ਮਰਨ ਨੂੰ ਮੌਤ ਨਹੀਂ ਗਿਣਦਾ, ਜ਼ਮੀਰ ਦੇ ਮਰਨ ਨੂੰ ਮੌਤ ਗਿਣਦਾਂ। ਸਿੱਖ ਦੀ ਮੌਤ ਉਦੋਂ ਹੁੰਦੀ ਆ, ਜਦੋਂ ਉਹ ਆਪਣੀਜ਼ਮੀਰ ਨੂੰ ਬੀਬੀ ਇੰਦਰਾ ਦੀ ਚਪਲੀ ਦੇ ਥੱਲੇ ਲਾ ਕੇ ਤੇ ਦਾਹੜਾ ਰੱਖ ਕੇ ਤੇ ਕਹਿ ਦੇਵੇ ਸਿੱਖ ਮੈਂ ਨਹੀਂ। ਮੈਂ ਸਮਝਦਾਂ ਉਹ ਮਨੁੱਖ ਮਰਿਆ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਮੈਂ ਜੈਕਾਰੇ ਵਾਲੇ ਨੂੰ ਬੇਨਤੀ ਕਰਾਂਗਾ, ਠੀਕ ਆ ਤੁਹਾਨੂੰ ਜੋਸ਼ ਆ ਪਰ ਟਾਈਮ ਥੋੜ੍ਹਾ, ਗੱਲਾਂ ਦੋ ਚਾਰ ਮੁੱਖ ਮੈਂ ਕਹਿਣੀਆਂ। ਸੋ ਇਹਨਾਂ ਸੱਜਣਾਂ ਦਾ ਨਾਂਅ ਮੈਂ ਅੱਜ ਕਿਉਂ ਲਿਆ ? ਮੈਂ ਪ-੬ ਵੇਰਾਂ ਸੁਣ ਕੇ ਚੁੱਪ ਕੀਤਾਂ, ਪਰ ਅੱਜ ਦੋਬਾਰਾ ਤਾਂ ਕਹਿਣਾ ਪਿਆ, (ਕਿਉਂਕਿ) ਇਹਨਾਂ ਨੇ ਕਈ ਪ੍ਰਕਾਰ ਦੀਆਂ ਗੱਲਾਂ ਕਹੀਆਂ....., ਅਖੇ ਭਿੰਡਰਾਂਵਾਲਾ ਇਸ ਤਰ੍ਹਾਂ ਕਹਾਉਂਦਾ, ਸੰਗਤ ਇੰਨਾ ਪਿਆਰ ਕਰਦੀ ਆ, ਜੀਪ ਲੈ ਕੇ ਵਿਖਾਵੇ। ਸਮਾਂ ਆਉਣ 'ਤੇ ਜ਼ਰੂਰ ਲਵਾਂਗਾ, ਲਵਾਂਗਾ ਵੀ ਦੋ, ਕਿਉਂਕਿ ਇੱਕ ਜੀਪ ਦਾ ਤਾਂ ਵਿਆਜ ਈ ਪੈ ਜਾਣਾ। ਮੇਰੀ ਤਾਂ ਹੈ ਨਹੀਂ, ਸੰਗਤ ਦੀ ਆ, ਸੰਗਤ ਦਾ ਵਿਆਜ ਜ਼ਿਆਦਾ ਹੁੰਦਾ ਜ਼ਰਾ।

ਫਤੂਢੀਂਗਾ ਕੇਸ ਵਿੱਚ ਗ੍ਰਿਫ਼ਤਾਰੀਆਂ ਅਤੇ ਪੁਲੀਸ ਵਲੋਂ ਲੁੱਟ

ਸੋ ਖਾਲਸਾ ਜੀ, ਇੱਕ ਥਾਂ ਚੱਲਣਾ। ਆਹ ਮੇਰੇ ਕੋਲ ਇੱਕ ਪਰਚੀ ਆਈ ਆ (ਪਰਚੀ ਵਿਖਾਉਂਦੇ ਹੋਏ) ਫਤੂਢੀਂਗਾ ਉਸ ਪਿੰਡ ਦਾ ਨਾਂਅ ਆਂ, ਜਿਹੜੇ ਪੁਲਸ ਵਾਲੇ ਕਰਮਚਾਰੀ ਮਾਰੇ ਗਏ ਆ। ਮੈਂ ਉਹਨਾਂ ਦੇ ਮਾਰੇ ਜਾਣ ਵਿੱਚ, ਕੋਈ ਖੁਸ਼ ਨਹੀਂ, ਚੁੱਪ ਜ਼ਰੂਰ ਹਾਂ, ਕਿਉਂਕਿ ਸਾਰੇ ਦੇ ਸਾਰੇ ਸਿੱਖ ਈ ਮਾਰੇ ਗਏ ਆ। ਇਹ ਨਹੀਂ ਕਿ ਮੈਂ ਕਿਸੇ ਹੋਰ ਮਨੁੱਖ ਦੇ ਮਾਰਨ ਵਿੱਚ ਖੁਸ਼ ਆਂ, ਇਸ ਵਾਸਤੇ ਸਿੱਖਾਂ ਦਾ ਨਾਂਅ ਲਿਆ। ਉਹ ਮੈਂ ਨਹੀਂ ਲੈ ਰਿਹਾ, ਇਹ ਗੌਰਮੈਂਟ ਕਹਾ ਰਹੀ ਆ, ਤਾਂ ਨਾਂਅ ਵਰਤਿਆ.....। ਹੁਣੇ ਦੱਸਿਆ ਸੀ ਸੈਕਟਰੀ ਨੇ ਭਈ ੧੪੦ ਤੋਂ ਉੱਪਰ (ਸਿੰਘ) ਸ਼ਹੀਦ ਹੋ ਗਏ ਆ ਤੇ ਇਹ ਟੋਪੀ ਵਾਲਿਆਂ ਦਾ ਅਸ਼ੋਕ ਕੁਮਾਰ, ਪਟਿਆਲੇ ਵਿੱਚ ਇੱਕ ਮਰਿਆ ਸੀ ਤੇ ਗ੍ਰਹਿ ਮੰਤਰੀ ਸੇਠੀ ਦੀ ਵੀ ਕੁਰਸੀ ਹਿੱਲ ਗਈ ਤੇ ਸੈਕਟਰੀ ਚਤੁਰਵੇਦੀ ਦੀ ਵੀ ਕੁਰਸੀ ਹਿੱਲ ਗਈ ਤੇ ਇੰਦਰਾ ਨੂੰ ਵੀ ਰਾਤ ਨੂੰ ਨੀਂਦ ਨਹੀਂ ਆਈ। ਭਾਵੇਂ ਪਟਿਆਲਾ ਬਹਾਨੇ ਨਾਲ ਛੱਡ ਈ ਲਿਆ, ਪਰ ਪੰਜਾਬ ਦੇ ਵਿੱਚ ਆਪਣੇ ਕਰਮਚਾਰੀ ਤੇ ਨਿਕਟਵਰਤੀ ਭੇਜ ਕੇ ਇਹ ਪਤਾ ਜ਼ਰੂਰ ਮੰਗਾਇਆ ਕਿ ਟੋਪੀ ਵਾਲਾ ਕੋਈ ਹੋਰ ਤੇ ਗੱਡੀ ਨਹੀ ਚੜ੍ਹਿਆ ? ਉਹਦੀ ਬਾਬਤ ਸੈਂਟਰ ਆ ਗਿਆ, ਪਰ ਆਪਣੇ ੧੪੦ ਤੋਂ ਵੱਧ ਸ਼ਹੀਦ ਹੋ ਗਏ ਆ, ਤੁਸੀਂ ਕਦੇ ਕਿਸੇ ਸੱਜਣ ਨੇ ਕਿਸੇ ਅਖ਼ਬਾਰ ਵਿੱਚ ਪੜ੍ਹਿਆ ਕਿ ਸੈਂਟਰ ਦਾ ਕੋਈ ਵਜ਼ੀਰ ਵੀ ਪਤਾ ਲੈਣ ਇਨਕੁਆਰੀ 'ਤੇ ਆਇਆ ? ਆਹ ਮਹਿਤੇ ਦੀ ਇਨਕੁਆਰੀ ਚੱਲਦੀ ਸੀ ਤੇ ਉਹਦੇ ਸੰਬੰਧ ਵਿੱਚ ਅਮਰੀਕ ਸਿੰਘ ਹੁਣੀ ਕੰਮ ਕਰ ਰਹੇ ਸੀ (ਪਰ) ਇਹਨਾਂ ਨੂੰ ਫੜ੍ਹ ਕੇ ਜੇਲ੍ਹ ਦੇ ਦਿੱਤਾ। ਇਨਕੁਆਰੀ ਪੂਰੀ ਹੋਈ ਤੇ ਹੁਣ ਉਹਦਾ ਐਲਾਨ ਨਹੀਂ ਕਰਦੇ, ਕਿਉਂਕਿ ਉਹਦੇ 'ਚ ਮੱਕੂ ਬੜੇ ਵੱਡੇ ਵੱਡੇ ਲੀਡਰਾਂ ਦਾ ਬੱਝਦਾ। ਉਹਨੂੰ ਘੁੱਟੀ ਬੈਠੇ ਆ। ਠੀਕ ਆ ਕਿੰਨਾ ਕੁ ਚਿਰ ਆ, ਕੁਰਸੀ ਸਦਾ ਤਾਂ ਰਹਿਣੀ ਨਹੀਂ, ਇਹ ਤਾਂ ਜਾਣੀ ਜਾਣੀ ਆਂ ਤੇ ਸਿੱਖ ਤਾਂ ੭-੮ ਮਹੀਨੇ ਦੇ ਘਰੋਂ ਭੁੱਖੇ ਹੀ ਰਹਿਣ....., ਅਜੇ ਤਾਂ ਰੋਟੀ ਮਿਲ ਜਾਂਦੀ ਆ ਘਰੋਂ ਖਾਣ ਨੂੰ। ਅਨੰਦਪੁਰ ਸਾਹਿਬ ਦੇ ਕਿਲ੍ਹੇ ਵਿੱਚ.....। ਇਹ ਕਦੋਂ ਕੁ ਤੱਕ ਲਿਸਟਾਂ ਦਬਾ ਕੇ ਰੱਖੋਗੇ ? ਇੱਕ ਦਿਨ ਇਹ ਕੌਮ ਦੇ ਸਾਹਮਣੇ ਆਉਣੀਆਂ ਤੇ ਅੱਜ ਮੈਨੂੰ ਆਹ ਪਤਾ ਲੱਗਾ ਇਹਨਾਂ ਨੇ ਨਵੀਂ ਭਾਜੀ ਚਾੜ੍ਹੀ ਆ ਤੇ ਮੈਂ ਨੌਜੁਆਨ ਵੀਰਾਂ ਨੂੰ ਬੇਨਤੀ ਕਰਾਂਗਾ। ਅੱਗੇ ਵੀ ਕਈ ਵੇਰਾਂ ਬੇਨਤੀ ਕੀਤੀ ਆ। ਮੈਨੂੰ ਕਹਿੰਦੇ ਜ਼ਰੂਰ ਉਂ ਤੇਰੀ ਮੰਨਾਂਗੇ ਪਰ ਕੰਨ ਜਿਹੇ ਵਲੇਟ ਲੈਂਦੇ ਉ, ਜਦੋਂ ਕਹੀ ਦੀ ਆ। ਨੌਜੁਆਨਾਂ ਨੂੰ ਖਾਸ ਕਰਕੇ.....।

ਆਹ ਜਿਹੜੀ ਭਾਜੀ ਇਹਨਾਂ ਨੇ ਅੱਜਚੜ੍ਹਾਈ ਆ । ਇਹਦੇ ਸੰਬੰਧ 'ਚ, ਪੁਰਜ਼ੋਰ ਮੈਂ ਨੌਜੁਆਨਾਂ ਨੂੰ ਕਹਿਣਾ ਚਾਹੁੰਦਾ ਹਾਂ । ਇਹ ਭਾਜੀ ਮੋੜੀ ਪੈਣੀ ਆਂ, ਬਹੁਤਾ ਚਿਰ ਉਧਾਰ ਨਹੀਂ ਸਿਰ ਰੱਖਣਾ ਚਾਹੀਦਾ ਤੇ ਭਾਜੀ ਮੋੜਨ ਵਾਸਤੇ ਜਿਹੜਾਪੁੱਛਦੇ ਭਈ ਕੌਣ ਮੋੜੇ ? ਜਿਹੜਾ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਸਿੱਖ ਆ ਤੇ ਜਿਹਨੇ ਆਪਣੇ ਮਾਂ ਦਾ ਸੁੱਚਾ ਦੁੱਧ ਚੁੰਘਿਆ ਤੇ ਅਣਖ਼ ਵਾਲਾ, ਉਹ ਕਰ ਲਿਉ ਤੇ ਜਿਹੜਾ ਚਪਲੀ ਦਾ ਸਿੱਖ ਆ, ਉਹ ਬੇਸ਼ੱਕ ਸੌਂ ਜਾਇਉ । ਅੰਦਾਜ਼ਾ ਤੁਸੀਂ ਆਪ ਲਾ ਲਿਉ ਭਈ ਕਿਵੇਂ ਕਿਧਰ ਨੂੰ ਚੱਲਣ? ਭਾਜੀ ਕੀ ਆ ? ਪੁਲਸ ਵਾਲੇ ਮਾਰ ਦਿੱਤੇ ਕਿਸੇ ਮਨੁੱਖ ਨੇ । ਉਹਨਾਂ ਵਿੱਚੋਂ ਅਖ਼ਬਾਰਾਂ ਦੁਆਰਾ ਪਤਾ ਲੱਗਾ ਭਈ ਇੱਕ ਵੀ ਵਿਅਕਤੀ ਮੌਕੇ 'ਤੇ ਨਹੀਂ ਫੜਿਆ ਗਿਆ । ੧੫੧ ਸਿੰਘ ਫੜੇ ਆ ਇਹਨਾਂ ਨੇ । ਇਹ ਗੌਰਮੈਂਟ ਨੇ ਰਾਹ ਕੀ ਬਣਾਇਆ ਹੁਣ । ਇੱਕ ਨੂੰ ਢਾਹ ਲੈਂਦੇ ਆ, ਉਹਨੂੰ ਕੁੱਟਦੇ ਆ । ਉਹਦੇ ਕੋਲੋਂ ਪੰਜ ਸੌ, ਤਿੰਨ ਸੌ, ਢਾਈ ਸੌ, ਦੋ ਸੌ, ਸਵਾ ਸੌ ਤੋਂ ਘੱਟ ਨਹੀਂ.....। ਇੰਨੇ ਪੈਸੇ ਲੈ ਕੇ ਛੱਡ ਦਿੰਦੇ ਆ ਤੇ ਫਿਰ ਦੂਜੇ ਨੂੰ ਢਾਹ ਲੈਂਦੇ ਆ । ਉਹ ਕੁੱਟ ਮਾਰ ਤੇ ਸਿੰਘਾਂ ਨੇ ਝੱਲ ਲਈ ਤੇ ਅੱਜ ਮੈਨੂੰ ਪਤਾ ਲੱਗਾ ਫੱਤੂ ਢੀਗੇ ਦੇ ਵਿੱਚੋਂ, ਪਿੰਡ 'ਚੋਂ, ਜਿਹਨਾਂ ਸਿੰਘਾਂ ਦੇ ਕ੍ਰਿਪਾਨਾਂ ਪਾਈਆਂ, ਉਹਨਾਂ ਦੀਆਂ ਮੋਟਰਾਂ ਵੀ ਖੋਲ ਕੇ ਲੈ ਗਏ ਆ । ਆਹ ਮੋਟਰ ਹੁੰਦੀ ਆ ਨ ਪਾਣੀ ਕੱਢਣ ਵਾਲੀ ਬੰਬੀ, ਇਹ ਵੀ ਉਧੇੜ ਕੇ ਲੈ ਗਏ ਆ ਕਿ ਫਸਲ ਸੁੱਕੇ ਤੇ ਡੰਗਰਾਂ ਨੂੰਵੀ ਤੰਗ ਕੀਤਾ ਜਾ ਰਿਹਾ ।

ਸਮਾਨ ਵਾਪਸ ਦਿਵਾਉਣ ਦਾ ਵਅਦਾ

ਇਹਦੇ ਸੰਬੰਧ ਵਿੱਚ ਪਹਿਲਾਂ ਮੈਂ ਪਰਿਵਾਰਾਂ ਨੂੰ ਬੇਨਤੀ ਕਰਾਂਗਾ, ਕਿਉਂਕਿ ਉਹਨਾਂ ਦਾ ਮਨ ਡਾਵਾਂ ਡੋਲ ਨਾ ਹੋਵੇ । ਸਿੰਘੋ ਆਪਣੇ ਘਰਾਂ ਤੇ ਸਮਾਨ ਦੀਆਂ ਲਿਸਟਾਂ ਬਣਾ ਕੇ ਰੱਖ ਲਉ । ਇਦੋਂ ਵੱਧ ਕੁਝ ਮੈਂ ਕਹਿਣਾ ਨਹੀਂ ਕਿਉਂ ਸਤਿਗੁਰੂਦੀ ਹਜ਼ੂਰੀ ਵਿੱਚ ਸਿੱਖ ਨੂੰ ਬਚਨ ਉਹ ਕਰਨਾ ਚਾਹੀਦਾ (ਜੋ) ਪੂਰਾ ਕਰਨਾ, ਨਹੀਂ ਤੇ ਕਰਨਾ ਨਹੀਂ ਚਾਹੀਦਾ । ਤੁਹਾਨੂੰ ਇਹ ਯਕੀਨ ਮੈਂ ਜ਼ਰੂਰੀ ਦਿਵਾਉਂਦਾ ਹਾਂ ਕਿ ਜਿਹੜੇ ਜਿਹੜੇ ਸਿੰਘਾਂ ਦੇ ਘਰਾਂ ਨੂੰ, ਗੌਰਮੈਂਟ ਇਸ ਤਰੀਕੇ ਨਾਲ ਸਾੜ ਰਹੀ ਤੇ ਲੁੱਟ ਰਹੀ ਆ ਤੇ ਲੁਟਾ ਰਹੀ ਆ, ਉਹ ਆਪਣੇ ਸਮਾਨ ਦੀ ਲਿਸਟ ਬਣਾ ਕੇ, ਕਿਸੇ ਤਰੀਕੇ ਨਾਲ ਸਾਡੇ ਕੋਲੇ ਭੇਜ ਦਿਉ । ਜੇ ਤਾਂ ਮੇਰੀ ਜ਼ਿੰਦੀ ਰਹੀ ਤੇ ਤੁਹਾਨੂੰ ਉਹਨਾਂ ਹੀ ਹੱਥਾਂ ਨਾਲ, ਉਹਨਾਂ ਹੀ ਲੋਕਾਂ ਤੋਂ ਜ਼ਰੂਰ ਮੁੜਾਵਾਂਗਾ ਤੇ ਜੇ ਮੈਂ ਚਾਈ ਕਰ ਗਿਆ ਤੇ ਅਗਾਂਹ ਜਾ ਕੇ ਹਿਸਾਬ ਕਿਤਾਬ ਮੈਥੋਂ ਮੰਗਿਉ ਨਾ । ਇੱਕ ਤਾਂ ਇਹ....., ਉਹ ਦੂਜਾ ਇਹ ਆ ਕਿ ਜੇ ਸਿੱਖੀ ਨਾਲ ਪਿਆਰ ਕਰਨਾ ਤੇ ਸਿੱਖੀ ਪ੍ਰਪੱਕਤਾ ਸਹਿਤ ਪ੍ਰਫੁਲਤ ਕਰਨੀਆਂ ਤੇ ਫਿਰ ਪੁੱਤਰਾਂ ਦੇ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਚੇਤੇ ਕਰੋ । ਕਲਗੀਧਰ ਜੀ ਨੇ ਹੀਰਿਆਂ ਤੇ ਲਾਲਾਂ ਦੀਆ ਪੰਡਾਂ ਬੰਨ ਕੇ ਆਹ ਕੌਮ ਦੀਆ ਪੱਗਾਂ ਕਾਇਮ ਰੱਖਣ ਵਾਸਤੇ ਏ ਦਾਹੜਿਆਂ ਨੂੰ ਸਾਬਤ ਰੱਖਣ ਵਾਸਤੇ, ਠੁੱਡੇ ਮਾਰ ਕੇ ਸਾਰਾ ਸਮਾਨ ਦਰਿਆ 'ਚ ਰੋੜ ਦਿੱਤਾਸੀ ਤੇ ੧੫ ਸਾਲ ਦਾ, ਚੜ੍ਹਦੀ ਜੁਆਨੀ, ਦਗ ਦਗ ਕਰਦਾ ਚਿਹਰਾ, ਲਾਲੀ ਸਹਿਤ, ਆਪਣਾ ਲਾਡਲਾ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਦੀ ਲਾਸ਼ ਦੇ ਕੋਲ ਦੀ ਲੰਘ ਕੇ, ਚੋਜੀ ਪ੍ਰੀਤਮ ਜੀ, ਪ੍ਰਮੇਸ਼ਰ, ਵਾਹਿਗੁਰੂ, ਅਕਾਲ ਪੁਰਖ ਦੇ ਗੁਣਾਂ ਨੂੰ ਗਾਉਂਦੇ ਹੋਏ ਅੱਗੇ ਪਿਆਨਾ ਕਰ ਗਏ ਸੀ । ਆਪਣੇਪੁੱਤਰ ਦੀ ਲਾਸ਼ ਦੇ ਉੱਪਰ ਕਫ਼ਨ ਪਾਉਣ ਦਾ ਟਾਈਮ ਵੀ ਨਹੀਂ ਸੀ ਲੱਗਾ, ਪਰ ਕੌਮ ਨੂੰ ਬਚਾਉਣ ਵਾਸਤੇ ਪੁੱਤਰਾਂ ਦੇ ਦਾਨੀ ਦੀ ਅੱਖ ਦੇ ਵਿੱਚੋਂ ਇੱਕ

ਵੀ ਹੰਝੂ ਨਹੀਂ ਸੀ ਡਿੱਗਿਆ। ਜੇ ਤਾਂ ਪੁੱਤਰ ਹਾਂ ਆਪਾਂ ਉਸ ਗੁਰੂ ਦੇ ਤੇ ਫਿਰ ਤਾਂ ਇਸ ਘਰ ਦਾ ਛੱਡੋ ਮੋਹ ਤੇ ਇੱਕੋ ਗੱਲ ਚੇਤੇ ਰੱਖੋ ਕਿ ਜੇ ਜਿਊਣਾ ਤੇ ਅਣਖ ਨਾਲ ਤੇ ਜੇ ਮਰਨਾ ਤੇ ਧਰਮ ਵਾਸਤੇ। ਇਹ ਚੀਜ਼ਾਂ ਨੂੰ ਪੱਲੇ ਬੰਨ ਲਉ। ਇਦੋਂ ਵੱਧ ਮੈਂ ਤੁਹਾਨੂੰ ਕੁਝ ਕਹਿ ਨਹੀਂ ਸਕਦਾ ਤੇ ਨਾ ਤੁਹਾਡੀ ਸਹਾਇਤਾ ਵੱਧ ਕਰ ਸਕਦਾਂ। ਬਾਹਰ ਨਿਕਲਿਆ, ਸਰੀਰ ਰਿਹਾ, ਸਮੇਂ ਨੇ ਦਿੱਤੀ ਇਜ਼ਾਜਤ। ਕਿਸੇ ਦਾ ੫ ਹਜ਼ਾਰ ਦਾ, ਕਿਸੇ ਦਾ ੫੦ ਹਜ਼ਾਰ ਦਾ, ਚਾਹੇ ਕਿਸੇ ਦਾ ੧ ਲੱਖ ਦਾ ਤੇ ਚਾਹੇ ਕਿਸੇ ਦਾ ੧੦ ਲੱਖ ਦਾ, ਜਿੰਨਾ ਜਿੰਨਾ ਨੁਕਸਾਨ ਹੈ, ਪਰ ਦੱਸਿਉ ਸਹੀ। ਇਹ ਨਾ ਹੋਵੇ ਭਈ ਹੁਣ ਇਹਨੇ ਕਹਿ ਤੇ ਦਿੱਤਾ, ਪੂਰੇ ਆਪੇ ਕਰੂਗਾ ਤੇ ੫ ਸੌ ਦੀ ੧੫ ਹਜ਼ਾਰ ਦੀ ਲਿਸਟ ਲੈ ਆਵੋ। ਇਹ ਨਹੀਂ ਕਰਨਾ, ਪੂਰਾ ਪੂਰਾ ਆਪਣੇ ਸਮਾਨ ਦਾ.....। ਜਿੰਨਾ ਨੁਕਸਾਨ ਤੁਹਾਡਾ ਗੌਰਮੈਂਟ ਕਰ ਰਹੀ ਆ, ਉਹਨੂੰ ਸਬਰ ਨਾਲ ਝੱਲੋ ਤੇ ਜਿਹੜੇ ਸੱਜਣ ਕਰ ਰਹੇ ਆ ਪੁਲਸ ਵਾਲੇ, ਉਹਨਾ ਦਾ ਨਾਂਅ ਵੀ ਜ਼ਰੂਰ ਲਿਖ ਲਿਉ, ਕਿਉਂਕਿ ਸਾਰਿਆਂ ਦਾ ਚੇਤੇ ਨਹੀਂ ਰਹਿਣਾ। ਇਹ ਬਹੁਤ ਜ਼ਿਆਦਾ ਵੱਧ ਚਲੇ ਆ, ਕਈ ਵਾਰੀ ਚੇਤਾ ਭੁੱਲ ਜਾਂਦਾ (ਪਰ) ਲਿਖੇ ਹੋਣ ਤਾਂ ਵੇਖ ਲਈ ਦੇ ਆ। ਭਾਵੇਂ ਨਾਂਅ ਤਾਂ (ਮੇਰਾ) ਚਲਿਆ ਭਈ ਲਿਸਟ ਬਣਾਈ ਆਂ (ਪਰ) ਮੈਂ ਲਿਸਟ ਬਣਾਈ ਕੋਈ ਨਹੀਂ, ਪਰ ਜਿਸ ਤਰ੍ਹਾਂ ਮਜਬੂਰ ਕਰ ਰਹੇ ਆ, ਹੋ ਸਕਦਾ ਨੌਜੁਆਨਾਂ ਨੂੰ ਇਹ ਲਿਸਟ ਅਰੰਭ ਕਰਨੀ ਪਵੇ। ਮੈਂ ਕੋਈ ਨਹੀਂ ਬਣਾਈ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਗੁਰਮੁਖ ਪਿਆਰਿਉ, ਅੱਜ ਇੱਕ ਸਾਲ ਪੂਰਾ ਹੋ ਗਿਆ। ਸੋ ਇੱਕ ਸਾਲ ਤੱਕ ਸ਼ਾਂਤਮਈ ਰੱਖੀ ਆ ਤੇ ਰੱਖਾਂਗੇ ਅਗਾਂਹ ਵੀ ਜਿੰਨੀ ਕੁ ਰਹੀ, ਕਿਉਂਕਿ ਹੁਕਮ ਤਾਂ ਮੰਨਣਾ ਹੀ ਪੈਣਾ, ਜਿਸ ਤਰੀਕੇ ਨਾਲ ਮੰਨਿਆ ਗਿਆ। ਸਾਰਿਆਂ ਨੇ ਇਕੱਠਿਆਂ ਚੱਲਣਾਂ, ਵੱਖਰਾ ਵੱਖਰਾ ਕਿਸੇ ਨੇ ਰਾਹ ਅਪਨਾਉਣਾ ਨਹੀਂ। ਸਿੱਖ ਦੀ ਪੱਗ ਲਾਉਣ ਵਾਸਤੇ, ਕੁਲ ਹਿੰਦੁਸਤਾਨ ਦਾ ਹਿੰਦੂ ਇੱਕ ਸਟੇਜ 'ਤੇ ਖੜਾ। ਜਿਸ ਤਰੀਕੇ ਦੇ ਨਾਲ, ਕਰਨਾਲ ਦੇ ਵਿੱਚ ਸਿੱਖਾਂ ਦੀਆਂ ਪੱਗਾਂ ਲਾਹ ਕੇ ਤੇ ਦਾਹੜੀਆਂ ਮੁੰਨੀਆਂ, ਉਥੋਂ ਦੇ ਸਿੰਘ ਆਏ ਸੀ, ਮੇਰੇ ਕੋਲੋਂ ਕੁਝ ਕਰੜਾ ਈ ਉਹਨਾਂ ਨੂੰ ਕਿਹਾ ਗਿਆ। ਉਹਨਾਂ ਨੂੰ ਮੈਂ ਪੁੱਛਿਆ ਸੀ, ਭਈ ਦਾਹੜੀ ਮੁਨਾ ਕੇ ਨਹੀਂ ਸੀ ਆਉਣਾ ਜਾਂ ਤਾਂ ਟੋਪੀ ਲੈ ਕੇ ਨਾਲ ਆਉਂਦੇ ਤੇ ਜਾਂ ਫਿਰ ਉਥੇ ਮਰ ਜਾਂਦੇ ਤੇ ਚੰਗਾ ਸੀ। ਇਹ ਪੱਗਾਂ ਲੁਹਾ ਕੇ, ਦਾਹੜੀਆਂ ਮੁਨਾ ਕੇ, ਸਾਰੇ ਹੀ ਮੇਰੇ ਕੋਲ ਤੁਰੇ ਆਉ, ਮੇਰੇ ਕੋਲ ਭੰਗੀਆਂ ਆਲੀ ਤੋਪ ਤਾਂ ਹੈ ਨਹੀਂ, ਜਿਹੜੀ ਚਲਾ ਦੇਣੀ ਮੈਂ ਇਥੋਂ। ਤੁਹਾਨੂੰ (ਹੀ) ਪ੍ਰੇਰਨਾ ਕਰਨੀ ਆਂ ਤੇ ਜੇ ਉਥੇ ਈ ਹੱਕ ਲੈ ਲਿਆ ਕਰੋ ਤਾਂ ਮਾੜਾ ? ਇੱਕ ਥਾਂ ਇਕੱਠੇ ਰਹੋ।

ਲੌਂਗੋਵਾਲ ਨਾਲ ਫੁੱਟ ਦਾ ਖੰਡਨ

ਜਿਹੜਾ ਆ ਰਿਹਾ ਜੀ ਆਹ ਤਰੇੜਾਂ ਪੈਣ ਦੀਆ ਖ਼ਬਰਾਂ, ਇਹਦੇ ਤੋਂ ਮੈਂ ਮਾਈਆਂ ਨੂੰ ਵੀ....., ਕਿਉਂਕਿ ਮਾਈਆਂ ਦਾ ਰੇਡੀਉ ਸਟੇਸ਼ਨ ਕੁਝ ਵੱਖਰਾ ਹੁੰਦਾ। ਇੱਕ ਤੋਂ ਮਾੜੀ ਜਿਹੀ ਗੱਲ ਸੁਣ ਲੈਣ ਤਾਂ ਬਹੁਤਾ ਅਗਾਂਹ ਪਲੰਦਾ ਬਣਾ ਲੈਂਦੀਆਂ ਤੇ ਸਿੰਘਾਂ ਨੂੰ ਵੀ ਬੇਨਤੀ ਕਰਾਂਗਾ। ਚਾਹੇ ਕੋਈ ਸ਼ਹਿਰ ਨਿਵਾਸੀ ਆ ਤੇ ਚਾਹੇ ਕੋਈ ਪੇਂਡੂ ਨਿਵਾਸੀ ਆ। ਕਿਸੇ ਵੀ ਅਖ਼ਬਾਰੀ ਖ਼ਬਰ ਦੇ ਉੱਪਰ, ਜਿਹਦੇ 'ਚ ਤੁਹਾਨੂੰ ਇਹ ਜਣਾਇਆ ਜਾਵੇ ਕਿ ਪੰਥਕ ਲੀਡਰਾਂ ਦੀਆਂ ਪੱਗਾਂ ਲਹਿ

ਗਈਆਂ ਤੇ ਆਪਸ ਵਿੱਚ ਦੀ ਲੜ ਪਏ ਆ, ਕਦੇ ਯਕੀਨ ਨਾ ਕਰਿਉ। ਖਾਸ਼ ਕਰਕੇ ਮੇਰੇ ਵਿੱਚ ਤੇ ਲੌਂਗੋਵਾਲ ਵਿੱਚ....., ਕਿਉਂਕਿ ਉਹਨਾਂ ਨੇ ਜਿਹੜੀ ਕੁਰਸੀ 'ਤੇ ਪਹੁੰਚਣਾ ਸੀ, ਉਹ ਪਹੁੰਚ ਗਏ ਆ। ਸ਼੍ਰੋਮਣੀ ਅਕਾਲੀ ਦਲ ਦੇ, ਮਾਰਸ਼ਲ ਕੌਮ ਦੇ ਪ੍ਰਧਾਨ ਬਣ ਗਏ ਆ ਤੇ ਮੈਂ ਕੁਰਸੀ ਲੈਣੀ ਕੋਈ ਨਹੀਂ। ਸਾਡਾ ਰੌਲਾ ਪਊਗਾ ਕਿਵੇਂ ? ਕੁਰਸੀਆਂ ਵਾਲਿਆਂ ਦਾ ਤੇ ਪੈ ਜਾਂਦਾ ਕਈ ਵਾਰੀ, ਮੈਨੂੰ ਛੋਟੀ ਵਜ਼ੀਰੀ ਤੇ ਉਹਨੂੰ ਵੱਡੀ ਵਜ਼ੀਰੀ ਕਿਉਂ ਮਿਲ ਗਈ ? ਸਾਡੇ 'ਚ ਇਹ ਹੈ ਨਹੀਂ ਤੇ ਮੁੰਡਾ ਕੁੜੀ ਉਹਨਾਂ ਵੀ ਕੋਈ ਨਹੀਂ ਵਿਆਹੁਣਾ ਤੇ ਮੈਂ ਭਾਵੇਂ ਉਸ ਤਰ੍ਹਾਂ ਤੇ ਨਹੀਂ ਵਿਆਹੁਣਾ, ਵੈਸੇ ਤਾਂ ੨੦-੨੨ ਵਿਆਹ ਦਿੱਤੇ ਆ, ਪਰ ਇਹ ਕੋਈ ਚਿੰਤਾ ਨਹੀਂ। ਆਹ ਰਹਿਣਾ ਪੱਕੇ।

ਗੰਗਾ ਨਗਰ ਦੀਆਂ ੬ ਤਹਿਸੀਲਾਂ

ਅਨੰਦਪੁਰ ਦੇ ਮਤੇ 'ਚ ਜੋ ਕੁਝ ਲਿਖਿਆ। ਕਈ ਵੀਰਾਂ ਨੂੰ ਬੋੜ੍ਹਾ ਜਿਹਾ ਸੰਸਾ, ਖਾਸ਼ ਕਰਕੇ ਗੰਗਾ ਨਗਰ ਵਾਲਿਆਂ ਨੂੰ ਕਿਉਂਕਿ.....। ਮੈਂ ਬੁਲਾਰਿਆਂ ਨੂੰ ਵੀ ਬੇਨਤੀ ਕਰਾਂਗਾ, ਪਤਾ ਨਹੀਂ ਕੀ ਕਾਰਨ ਆ, ਉਹ ਗੁਰੂ ਜਾਣੇ। ਸਟੇਜ ਤੋਂ ਗੰਗਾ ਨਗਰ ਦਾ ਨਾਂਅ ਬਹੁਤ ਘੱਟ ਆਉਂਦਾ, ਬਾਕੀ ਤੇ ਸਾਰੇ ਉਰਾਂ ਪਰਾਂ ਕਰਕੇ ਲੈ ਲੈਂਦੇ ਆ। ਗੰਗਾ ਨਗਰ ਦੀਆਂ ੬ ਤਹਿਸੀਲਾਂ....., ਉਹਦੇ (ਅਨੰਦਪੁਰ ਦੇ ਮਤੇ) 'ਚ ਲਿਖਿਆ, ਰਾਜਿਸਥਾਨ ਤੇ ਗੰਗਾ ਨਗਰ ਜਿਲ੍ਹੇ ਦੀਆਂ ੬ ਤਹਿਸੀਲਾਂ ਅਤੇ ਹੋਰ ਪੰਜਾਬੀ ਬੋਲਦੇ ਨਾਲ ਲੱਗਦੇ ਇਲਾਕੇ, ਤੁਰੰਤ ਵਾਪਸ ਕੀਤੇ ਜਾਣ ਅਤੇ ਹੋਰ ਤਾਂ ਰਾਜਿਸਥਾਨ ਤੱਕ ਫਿਰ ਵੇਖੀ ਜਾਊ, ਗੰਗਾ ਨਗਰ ਜਿਲ੍ਹੇ ਦੀਆਂ ੬ ਤਹਿਸੀਲਾਂ ਹਰ ਹਾਲਤ 'ਚ ਲੈਣੀਆਂ ਤੇ ਅਨੰਦਪੁਰ ਦੇ ਮਤੇ 'ਚ ਜੋ ਲਿਖਿਆ ਉਹਦੇ ਵਿੱਚੋਂ ਛੱਡਣਾ ਨਹੀਂ। ਵੱਧ ਕੁਝ ਮਿਲ ਜਾਊਗਾ ਤਾਂ ਵੱਖਰੀ ਗੱਲ ਆ।

ਭਾਈ ਅਮਰੀਕ ਸਿੰਘ 'ਤੇ ਖ਼ਾਲਿਸਤਾਨ ਦਾ ਕੇਸ

ਆਹ ਮੈਨੂੰ ਭਾਈ ਕਹਿੰਦੇ, ਖ਼ਾਲਿਸਤਾਨ ਦੇ ਨਾਂਅ ਤੇ ਅਮਰੀਕ ਸਿੰਘ ਨੂੰ ਨਜ਼ਰਬੰਦ ਕਰਨ ਲੱਗੇ ਆ। ਮੈਂ ਤੇ ਆਨ੍ਹਾਂ ਚੰਗਾ ਜੇ ਕਰ ਦੇਣ ਤੇ। ਜੇ ਇੱਕ ਸਾਲ ਵਾਸਤੇ ਉਹਨੂੰ ਨਜ਼ਰਬੰਦ ਖਾਲਿਸਤਾਨ ਦੇ ਨਾਂਅ 'ਤੇ ਕਰ ਦੇਣ ਤੇ ਬਹੁਤ ਚੰਗਾ ਹੋਵੇ, ਕਿਉਂਕਿ ਹੁਣ ਘੁਟਵੇਂ ਜਿਹੇ ਬੈਠੇ ਆਂ, ਚੁੱਪ ਕੀਤੇ ਤੇ ਜੇ ਕਿਤੇ ਖ਼ਾਲਿਸਤਾਨ ਦੇ ਨਾਂਅ ਉੱਤੇ ਝੂਠਾ ਕੇਸ ਬਣਾ ਕੇ ਤੇ ਉਹਨੂੰ ਕਹਿ ਦੇਣ ਖ਼ਾਲਿਸਤਾਨੀ ਆਂ ਤੇ ਫਿਰ ਜਿੱਥੇ ਸਾਲਾਂ ਨੂੰ ਬਣਨਾ, ਉਥੇ ਮਹੀਨਿਆਂ 'ਚ ਬਣ ਜਾਊਗਾ, ਹੋਰ ਆਪਾਂ ਕੀ ਭਾਲਦੇ ਆਂ।

ਜੈਕਾਰਾ ਬੁਲਾਵੇ ਨਿਹਾਲ ਹੋ ਜਾਵੇ ॥
ਸਤਿ ਸ੍ਰੀ ਅਕਾਲ ॥

ਹੋਰ ਇਹਦੇ 'ਚ ਕੀ ਭਾਲਦੇ ਆਂ ? ਕਿੰਨੀ ਵੇਰਾਂ ਬਿਆਨ ਮੇਰੇ ਵੀ ਆਏ ਆ। ਸੰਤਾਂ ਦੇ ਵੀ ਆਏ ਆ, ਬਾਕੀ ਲੀਡਰਾਂ ਦੇ ਵੀ ਆਏ ਆ ਤੇ ਟੋਪੀਆਂ ਵਾਲੇ ਵੀ ਪੁੱਛਦੇ ਆ, ਸੰਤ ਜੀ ਖ਼ਾਲਿਸਤਾਨ ਬਾਰੇ ਤੁਹਾਡਾ ਕੀ ਖ਼ਿਆਲ ਆ ? ਮੈਂ ਤਾਂ ਆਪਣਾ ਦੱਸ ਦਿੱਤਾ, ਸੰਤ ਆਪ ਦਾ (ਆਪ) ਦੱਸਣਗੇ। ਮੈਂ ਤਾਂ ਆਪਣੀ ਰਾਇ ਦਿੱਤੀ ਆ। ਅਸੀਂ ਨਾ ਖ਼ਾਲਿਸਤਾਨ ਦੇ ਵਿਰੋਧੀ ਆਂ ਤੇ ਨਾ ਹਮਾਇਤੀ ਆਂ, ਚੁੱਪ ਆਂ, ਇਹ ਸਾਡੀ ਮਰਜ਼ੀ ਆ। ਹਿੰਦੁਸਤਾਨ ਵਿੱਚ ਰਹਿਣਾ ਚਾਹੁੰਨੇ ਆਂ ਪਰ ਬਰਾਬਰ

ਦੇ ਸ਼ਹਿਰੀ ਬਣ ਕੇ....., ਗੁਲਾਮ ਬਣ ਕੇ, ਚਪਲੀ ਬੱਲੇ ਆ ਕੇ ਨਹੀਂ ਰਹਿਣਾ। ਕਲਗੀਧਰ ਦੇ ਆਸਰੇ ਤੇ ਆਜ਼ਾਦੀ ਨਾਲ ਜਿਊਣਾ। ਰਹਿਣਾ ਹਿੰਦੁਸਤਾਨ ਵਿੱਚ ਹੀ ਚਾਹੁੰਨੇ ਆਂ। ਇਹ ਕੰਮ ਹੁਣ ਸੈਂਟਰ ਗੌਰਮੈਂਟ ਦਾ ਕਿ ਪੱਗ ਵਾਲਿਆ ਨੂੰ ਨਾਲ ਰੱਖਣਾ ਜਾਂ ਨਹੀਂ ਰੱਖਣਾ ? ਅਸੀਂ ਰਹਿਣਾ ਚਾਹੁੰਨੇ ਆਂ। ਜੇ ਤਾਂ ਰੱਖਣਾ ਚਾਹੁੰਦੀ ਆ ਤੇ ਅਨੰਦਪੁਰ ਦੇ ਮਤੇ ਨੂੰ ਕਹਿ ਦੇਏ ਠੀਕ ਆ ਤੇ ਸਿੱਖ ਵੱਖਰੀ ਕੌਮ.....। ਭਾਵੇਂ ਕਿਹਾ ਗਿਆ ਭਈ ਸਾਨੂੰ ਕੋਈ ਲੋੜ ਨਹੀਂ, ਗੱਲ ਉਹਨਾਂ ਬੁਲਾਰਿਆਂ ਦੀ ਠੀਕ ਆ, ਮੈਂ ਕੋਈ ਕਿੰਤੂ ਨਹੀਂ ਕਰਦਾ, ਪਰ ਜਦੋਂ ਤੱਕ ਇਹਨਾਂ ਕੋਲੋਂ ਲਕੀਰ ਕਢਵਾ ਕੇ ਲਿਖਾਉਂਦੇ ਨਹੀਂ ਸੰਵਿਧਾਨ ਵਿੱਚ, ਤਦੋਂ ਤੱਕ ਸਰਦਾ ਨਹੀਂ ਹੁਣ। ਇਹ ਲਿਖਵਾਉਣਾ ਹਰ ਹਾਲਤ 'ਚ ਕਿ ਸਿੱਖ ਇੱਕ ਵੱਖਰੀ ਕੌਮ ਆਂ ਤੇ ਜੇ ਖ਼ਾਲਿਸਤਾਨ ਸਾਨੂੰ ਇਹ ਮੱਲੋ ਮੱਲੀ ਦੇ ਦੇਣਗੇ, ਹਰ ਹਾਲਤ ਲੈ ਲੈਣਾ, ਛੱਡਣਾ ਨਹੀਂ, ੧੯੪੭ ਵਾਲੀ ਜਿਹੜੀ ਗ਼ਲਤੀ ਬਲਦੇਵ ਸਿੰਹੁ ਹੁਰਾਂ ਨੇ ਕਰ ਕੇ, ਭੱਠਾ ਬੈਠਾਇਆ, ਉਹ ਨਹੀਂ ਬੈਠਣ ਦੇਣਾ। ਜੇ ਤਾਂ ਬਰਾਬਰ ਦੇ ਸ਼ਹਿਰੀ ਮੰਨ ਕੇ ਤੇ ਹੱਕ ਦੇ ਦਿੱਤਾ ਤੇ ਫਿਰ ਵੀ ਵਾਹ ਭਲੀ ਤੇ ਜੇ ਇਹ ਨਾ ਦਿੱਤਾ ਤੇ ਕਹਿ ਦਿੱਤਾ ਖ਼ਾਲਿਸਤਾਨ ਲੈ ਲਵੋ ਤੇ ਫਿਰ ਜ਼ਰੂਰ ਲੈ ਲਵਾਂਗੇ ਛੱਡਣਾ ਨਹੀਂ। ਕਈ ਕਹਿੰਦੇ ਭਈ ਛੋਟਾ ਦੇਣਗੇ, ਵੱਡਾ ਦੇਣਗੇ ? ਸਿੱਖ ਦਾ ਕੰਮ ਤਾਂ....., ਪਹਿਲਾਂ ਕਹਿੰਦੇ ਖਲੋਣ ਨੂੰ ਥਾਂ ਦੇਹ, ਬਹਿਣ ਨੂੰ ਮੈਂ ਆਪੇ ਬਣਾ ਲਊਂ। ਇਹ ਚੱਪਾ ਦੇਣ ਤਾਂ ਸਹੀ ਕਿਤੇ, ਅੱਗੇ ਜਿਹੋ ਜਿਹਾ ਕਰੂਗਾ, ਉਹੋ ਜਿਹਾ ਹੋ ਜਾਊ।

ਰਹਿਤ 'ਚ ਪੱਕੇ ਰਹਿਣ ਅਤੇ ਸ਼ਸ਼ਤਰਧਾਰੀ ਹੋਣ ਦੀ ਅਪੀਲ

ਤੁਹਾਨੂੰ ਮੈਂ ਜਾਣ ਵਾਲੇ ਜਥੇ ਨੂੰ ਵਧਾਈ ਦਿੰਦਾ ਹਾਂ। ਜਥੇਦਾਰਾਂ ਨੂੰ, ਵਲੰਟੀਅਰਾਂ ਨੂੰ ਤੇ ਨੌਜੁਆਨਾਂ ਨੂੰ ਬੇਨਤੀ ਕਰਾਂਗਾ, ਖਾਸ਼ ਕਰਕੇ ਉਹਨਾਂ ਨੂੰ, ਅੱਜ ਜਿਹਨਾਂ ਨੇ ਮੇਰੇ ਕੋਲੇ ਪ੍ਰਣ ਕੀਤਾ। ਸਿੰਘੋ, ਜਿਹੜਾ ਬਚਨ ਕਰਕੇ ਖਿਸਕ ਜਾਵੇ ਉਹਦੇ 'ਤੇ ਲੋਕੀਂ ਯਕੀਨ ਨਹੀਂ ਕਰਦੇ। ਜਿਹੜਾ ਪਿਉ ਨਾਲ ਨਾ ਰਲ਼ੇ, ਡਰਦੇ ਭਾਵੇਂ ਮੂੰਹ 'ਤੇ ਤਾਂ ਕੁਝ ਨਾ ਕਹਿਣ, ਪਿੱਛੋਂ ਉਂਗਲਾਂ ਜ਼ਰੂਰ ਹੁੰਦੀਆਂ ਭਈ ਕੋਈ ਫ਼ਰਕ ਆ। ਇਸ ਵਾਸਤੇ ਜਿਹੜਾ ਗੁਰੂ ਕਾ ਸਿੱਖ ਕਲਗੀਧਰ ਨਾਲ ਨਹੀਂ ਰਲ਼ਦਾ। ਉਹਨੂੰ ਲੋਕੀਂ ਸ਼ੱਕ ਨਾਲ ਵੇਖਦੇ ਆ। ਆਪਾਂ ਨੂੰ ਆਪਦੀ ਸ਼ੱਕ ਦੀ ਨਿਗ੍ਹਾ ਦੂਰ ਕਰਕੇ, ਏਕਤਾ ਦੀ ਅੱਖ ਵਿੱਚ ਪਰੁੱਚ ਕੇ ਕੇਸਰੀ ਨਿਸ਼ਾਨ ਸਾਹਿਬ ਥੱਲੇ ਇਕੱਠੇ ਹੋਵੋ, ਨਸ਼ਿਆਂ ਦਾ ਤਿਆਗ ਕਰੋ ਤੇ ਹਥਿਆਰ ਇੱਕ ਨੰਬਰ ਦੇ ਵਧੀਆ ਰੱਖੋ, ਜਿਹੜੇ ਮੌਕੇ 'ਤੇ ਮਿਸ ਨਾ ਹੋਣ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੨੩.

(ਦੀਵਾਨ ਹਾਲ ਮੰਜੀ ਸਾਹਿਬ, ਅੰਮ੍ਰਿਤਸਰ, ੨੧-੦੭-੧੯੮੩)

ਸਟੇਜ ਸੈਕਟਰੀ - ਹੁਣ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਆਪਣੇ ਵਿਚਾਰ ਰੱਖ ਰਹੇ ਹਨ, ਉਹਨਾਂ ਦੇ ਵਿਚਾਰ ਸ੍ਰਵਣ ਕਰੋ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸ਼੍ਰੋਮਣੀ ਅਕਾਲੀ ਦਲ ॥ ਜ਼ਿੰਦਾਬਾਦ ॥

ਸ੍ਰੀ ਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਵਿੱਤਰ ਗੋਦ ਵਿੱਚ ਸਜੇ ਹੋਏ, ਗੁਰੂ ਰੂਪ ਗੁਰ ਖ਼ਾਲਸਾ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ ॥

ਵਾਹਿਗੁਰੂ ਜੀ ਕੀ ਫਤਹਿ ॥

ਸਤਿਗੁਰੂ ਜੀ ਦੀ ਪਵਿੱਤਰ ਗੋਦ ਵਿੱਚ ਸਜ ਕੇ ਆਪ ਜੀ ਨੇ ਜਥੇ ਵਿੱਚ ਜਾਣ ਵਾਲੇ ਗੁਰਮੁਖਾਂ ਪਾਸੋਂ ਸੁੰਦਰ ਵਿਚਾਰ ਸੁਣੇ ਹਨ। ਮੈਂ ਆਪਣੇ ਵੱਲੋਂ, ਜਥੇ ਵਿੱਚ, ਜਥੇਦਾਰੀ ਦੇ ਰੂਪ ਵਿੱਚ ਅਤੇ ਵਲੰਟੀਅਰਾਂ ਦੇ ਰੂਪ ਵਿੱਚ ਜੋ ਮਾਈ ਭਾਈ ਗੁਰਮੁਖ, ਗੁਰਸਿੱਖ ਜਾ ਰਹੇ ਹਨ, ਸਾਰਿਆਂ ਦਾ ਧੰਨਵਾਦ ਕਰਦਾ ਹਾਂ ਤੇ ਸਭ ਨੂੰ ਵਧਾਈ ਦਿੰਦਾ ਹਾਂ।

ਸਿੰਘਾਂ ਦੀਆਂ ਗ੍ਰਿਫ਼ਤਾਰੀਆਂ, ਘਰਾਂ ਦਾ ਉਜਾੜਾ ਅਤੇ ਭਾਈ ਅਮਰੀਕ ਸਿੰਘ 'ਤੇ ਖ਼ਾਲਿਸਤਾਨ ਦਾ ਕੇਸ

ਜੋ ਹਕੂਮਤ ਨੇ ਇਹ ਰਵੱਈਆ ਅਪਣਾਇਆ ਹੋਇਆ ਹੈ ਕਿ ਬਹੁਤ ਸਾਰੇ ਸਿੰਘਾਂ ਦੇ ਉੱਪਰ ਕੇਸ ਦਰਜ ਕਰਕੇ ਜੇਲ੍ਹਾਂ ਦੇ ਵਿੱਚ ਉਹਨਾਂ ਨੂੰ ਡੱਕਿਆ ਹੋਇਆ ਹੈ। ਜਿਵੇਂ ਜਿਵੇਂ ਕੇਸਾਂ ਦੀਆਂ ਤਰੀਕਾਂ ਆਉਂਦੀਆਂ ਹਨ, ਉਹਨਾਂ ਵਿੱਚ ਸਿੰਘ ਰਿਹਾ ਹੁੰਦੇ, ਬਰੀ ਹੁੰਦੇ ਜਾ ਰਹੇ ਹਨ। ਸਿੰਘ ਨਾਂਅ ਵਾਲੀ ਕੌਮ ਨੂੰ ਖਤਮ ਕਰਨ ਵਾਸਤੇ, ਗੌਰਮੈਂਟ ਨੇ ਕੋਝੀਆਂ ਹਰਕਤਾਂ ਅਰੰਭ ਕਰ ਦਿੱਤੀਆਂ। ਥਾਂ-ਥਾਂ 'ਤੇ ਨੌਜੁਆਨ ਵਿਦਿਆਰਥੀਆਂ 'ਤੇ ਛਾਪੇ, ਸਿੰਘਾਂ ਦੇ ਘਰਾਂ ਨੂੰ ਅੱਗਾਂ, ਉਜਾੜਾਂ, ਹੋਰ ਅਨੇਕ ਪ੍ਰਕਾਰ ਦੀ ਦਹਿਸ਼ਤ ਬੈਠਾਉਣ ਦਾ ਯਤਨ ਕੀਤਾ ਹੈ, ਭਾਈ ਅਮਰੀਕ ਸਿੰਘ ਜੀ ਸੰਬੰਧੀ, ਆਪ ਜੀ ਨੇ ਅਖ਼ਬਾਰਾਂ ਵਿੱਚੋਂ ਪੜ੍ਹਿਆ ਹੋਵੇਗਾ ਕਿ ਜੋ ਕੇਸ ਗੌਰਮੈਂਟ ਨੇ ਪਾਏ ਸੀ, ਉਹਨਾਂ ਵਿੱਚੋਂ ਕੁਝ ਕੇਸਾਂ ਵਿੱਚੋਂ ਬਰੀ ਹੋ ਗਏ। ਜਦੋਂ ਪਤਾ ਲੱਗਾ ਕਿ ਹੁਣ ਇਹ ਜੇਲ੍ਹ ਵਿੱਚ ਨਹੀਂ ਰਹਿ ਸਕਣਗੇ, ਭਾਵ ਕੋਈ ਮੁਕੱਦਮਾਂ ਇਹਨਾਂ 'ਤੇ ਨਹੀਂ ਰਹੇਗਾ ਤੇ ਸਾਨੂੰ ਮਜਬੂਰ ਹੋ ਕੇ ਛੱਡਣਾ ਪਵੇਗਾ। ਅੰਦਰ

ਰੱਖਣ ਦਾ ਬਹਾਨਾ ਹੋਰ ਬਣਾ ਲਿਆ, ਖ਼ਾਲਿਸਤਾਨ ਦਾ। ਕੇਸ ਭਾਈ ਅਮਰੀਕ ਸਿੰਘ ਦੇ ਉੱਪਰ ਉਹਨਾਂ ਨੇ ਬਣਾ ਦਿੱਤਾ ਅਤੇ ਮੌਕੇ ਦੇ ਕਰਮਚਾਰੀ ਸ਼ਾਇਦ ਉਸ ਦਾ ਨਾਂਅ ਜਗੀਰ ਸਿੰਘ ਹੈ, ਉਸ ਨੇ ਆਪਣੇ ਵੱਲੋਂ ਐਫ. ਆਈ. ਆਰ. ਕਿਸੇ ਲਾਲਚ ਵਿੱਚ ਆ ਕੇ ਦਰਜ ਕਰਵਾ ਦਿੱਤੀ ਹੈ। ਭਾਵੇਂ ਕਈ ਵਾਰੀ ਸਟੇਜ ਤੋਂ ਕਿਹਾ ਗਿਆ ਕਿ ਸਿੱਖ ਖ਼ਾਲਿਸਤਾਨ ਨਹੀਂ ਚਾਹੁੰਦੇ ਤੇ ਨਾ ਹੀ (ਇਹਦਾ)ਵਿਰੋਧ ਕਰਦੇ ਹਨ, ਚੁੱਪ ਜ਼ਰੂਰ ਹਾਂ, ਪਰ ਜਿਸ ਤਰੀਕੇ ਨਾਲ ਉਹਨਾਂ ਨੇ ਭਾਈ ਅਮਰੀਕ ਸਿੰਘ ਜੀ ਉੱਪਰ ਇਹ ਦੋਸ਼ ਲਾ ਕੇ ਤੇ ਆਉਣ ਵਾਲੇ ਸਮੇਂ ਵਿੱਚ ਨਜ਼ਰਬੰਦੀ ਲਾਉਣ ਦਾ ਮਨਸੂਬਾ ਘੜਿਆ ਹੈ। ਸਤਿਗੁਰੂ ਅੱਗੇ ਅਰਦਾਸ ਕਰੀਏ, ਸੱਚੇ ਪਾਤਿਸ਼ਾਹ ਸਾਨੂੰ ਸਹਿਣਸ਼ੀਲਤਾ ਅਤੇ ਨਾਲ ਬੀਰਤਾ ਬਖ਼ਸ਼ਣ ਤੇ ਜਿਸ ਤਰ੍ਹਾਂ ਟਕਸਾਲ ਦੇ ਪ੍ਰਮੁੱਖ ਜਥੇਦਾਰ, ਬਾਬਾ ਦੀਪ ਸਿੰਘ ਸਾਹਿਬ ਜੀ ਨੇ ਧਰਮ ਅਸਥਾਨ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਵਾਸਤੇ, ਕੌਮ ਦੀ ਅਣਖ਼ ਨੂੰ ਜਗਾਉਣ ਵਾਸਤੇ ਕੁਰਬਾਨੀ ਕੀਤੀ ਸੀ.....। ਇਹ ਹੀ ਸਤਿਗੁਰੂ ਅਗੇ ਮੰਗ ਹੈ, ਸੱਚੇ ਪਾਤਿਸ਼ਾਹ ਕੌਮ ਨੂੰ ਬਲ ਬਖਸ਼ਣ।

ਸੋ ਬੁਹਤਾ ਕੁਝ ਭਾਵੇਂ ਕਹਿਣ ਨੂੰ ਚਿੱਤ ਕਰਦਾ ਸੀ ਪਰ ਸਮੇਂ ਦੀ ਘਾਟ ਹੋਣ ਦੇ ਕਾਰਨ ਇਥੇ ਹੀ ਸਮਾਪਤ ਕਰਦਾ ਹਾਂ ਅਤੇ ਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਸਾਨੂੰ ਸਾਰਿਆਂ ਨੂੰ, ਸਤਿਗੁਰੂ ਸੁਮੱਤ ਬਖਸ਼ਣ, ਛੋਟੀਆਂ ਛੋਟੀਆਂ ਗੱਲਾਂ ਦੁਆਰਾ ਈਰਖਾ ਵਿੱਚੋਂ ਬਚਾ ਕੇ, ਆਪਣੇ ਚਰਨਾਂ ਦਾ ਪਿਆਰ ਬਖਸ਼ਣ। ਇੰਨੀ ਹੀ ਬੇਨਤੀ ਕਰਦਾ ਸਾਰੀ ਸੰਗਤ ਤੋਂ ਮੁਆਫ਼ੀ ਮੰਗਦਾ ਹਾਂ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੨੪.

(ਦੀਵਾਨ ਹਾਲ ਮੰਜੀ ਸਾਹਿਬ, ਅੰਮ੍ਰਿਤਸਰ, ੩੦-੦੨-੧੯੮੩)

ਸਟੇਜ ਸੈਕਟਰੀ - ਸ੍ਰੀ ਮਾਨ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਆਪਣੇ ਵਿਚਾਰ ਰੱਖ ਰਹੇ ਹਨ, ਉਹਨਾਂ ਦੇ ਵਿਚਾਰ ਸ੍ਰਵਣ ਕਰੋ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸ਼੍ਰੋਮਣੀ ਅਕਾਲੀ ਦਲ ॥ ਜ਼ਿੰਦਾਬਾਦ ॥

ਸ੍ਰੀ ਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਵਿੱਤਰ ਗੋਦ ਵਿੱਚ ਸਜੀ ਹੋਈ, ਗੁਰੂ ਖ਼ਾਲਸਾ ਸਾਧ ਸੰਗਤ ਜੀਉ, ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖਾਲਸਾ ॥

ਵਾਹਿਗੁਰੂ ਜੀ ਕੀ ਫਤਹਿ ॥

ਗੁਰੂ ਪਿਆਰੇ ਖ਼ਾਲਸਾ ਜੀ, ਸੱਚੇ ਪਾਤਿਸ਼ਾਹ ਜੀ ਦੀ ਪਵਿੱਤਰ ਗੋਦ ਵਿੱਚ ਸੱਜ ਕੇ ਆਪ ਜੀ ਨੇ ਗੁਰਮੁਖਾਂ ਦੇ ਪਾਸੋਂ ਸੋਹਣੇ ਵਿਚਾਰ ਸੁਣੇ ਹਨ। ਸਾਲ ਤੋਂ ਉੱਪਰ ਸਮਾਂ ਹੋ ਗਿਆ ਹੈ, ਇਸ ਮੋਰਚੇ ਨੂੰ ਅਰੰਭ ਹੋਏ ਨੂੰ। ਸੋ ਬਹੁਤ ਭਾਰੀ ਗ੍ਰਿਫ਼ਤਾਰੀਆਂ ਅਤੇ ਸ਼ਹੀਦੀਆਂ ਹੋ ਚੁੱਕੀਆਂ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਅਰੰਭਤਾ ਹੈ, ਪ੍ਰਚਲਤ ਹੈ, ਪਤਾ ਨਹੀਂ ਕਿਸ ਤਰੀਕੇ ਨਾਲ ਇਹ ਸਮਾਂ ਗੁਜ਼ਰੇ ਤੇ ਕਿੰਨੀਆਂ ਸ਼ਹੀਦੀਆਂ ਹੋਰ ਦੇਣੀਆਂ ਪੈਣ। ਜੋ ਵਿਚਾਰ ਅਖ਼ਬਾਰਾਂ ਵਿੱਚ ਗੌਰਮੈਂਟ ਦੇ ਆ ਰਹੇ ਹਨ, (ਇਹ) ਹਰ ਤਰੀਕੇ ਦੇ ਨਾਲ ਇਹ ਸਿੱਖ ਕੌਮ ਨੂੰ ਖਤਮ ਕਰਨ ਵਾਸਤੇ ਕੋਝੀਆਂ ਸਾਜ਼ਿਸ਼ਾਂ ਘੜੀਆਂ ਜਾ ਰਹੀਆਂ ਹਨ। ਉਹਨਾਂ ਤੋਂ ਸਾਵਧਾਨ ਰਹਿੰਦਿਆਂ ਹੋਇਆਂ, ਸਿੱਖੀ ਸਰੂਪ ਨੂੰ ਬਰਕਰਾਰ ਰੱਖਣ ਵਾਸਤੇ, ਆਪਾਂ ਨੂੰ ਹਰ ਇੱਕ ਮਾਈ ਭਾਈ ਨੂੰ, ਸ੍ਰੀ ਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦਾ ਆਸਰਾ ਤੱਕਣਾ ਚਾਹੀਦਾ ਹੈ ਅਤੇ ਗੁਰੂ ਗੋਬਿੰਦ ਸਿੰਘ ਸੱਚੇ ਪਾਤਿਸ਼ਾਹ ਜੀ ਦੇ ਹੁਕਮ ਨੂੰ ਮੰਨਦਿਆਂ ਹੋਇਆਂ, ਸ਼ਸ਼ਤਰ ਧਾਰੀ ਹੋ ਕੇ ਤਿਅਰ-ਬਰ-ਤਿਅਰ ਹੋ ਜਾਣਾ ਚਾਹੀਦਾ ਹੈ।

ਬੁਲਾਰਿਆਂ 'ਤੇ ਵਿਅੰਗ

ਨਿਤਾਪ੍ਰਤੀ, ਹਰ ਰੋਜ਼, ਸਿੰਘਾਂ ਦੀਆਂ ਸ਼ਹੀਦੀਆਂ ਸੁਣਦੇ ਹਾਂ ਅਤੇ ਸਟੇਜਾਂ ਉੱਪਰੋਂ ਕੋਈ ਵੀ ਬੋਲਣ ਵਾਲਾ ਪ੍ਰੇਮੀ ਬੋਲਦਾ ਹੈ, ਚਾਹੇ ਕੋਈ ਸੰਤ ਨਾਉਂ ਨਾਲ ਹੈ, ਚਾਹੇ ਕੋਈ ਲੀਡਰ ਨਾਉਂ ਨਾਲ ਹੈ, ਚਾਹੇ ਕੋਈ ਜਥੇਦਾਰੀ ਦੇ ਨਾਉਂ ਨਾਲ ਬੋਲਦਾ ਹੈ, ਚਾਹੇ ਕੋਈ ਵਰਕਰ ਦੇ ਰੂਪ ਵਿੱਚ

ਬੋਲਦਾ ਹੈ, ਆਪਾਂ ਸਾਰਿਆਂ ਨੇ ਇਹ, ਮੈਂ ਸਮਝਦਾ ਹਾਂ ਰਟੀਨ ਜਿਹਾ ਬਣਾ ਲਿਆ ਹੈ ਕਿ ਅਸੀਂ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕਰਦੇ ਹਾਂ, ਇਹਦੇ ਸਿੱਟੇ ਗੰਭੀਰ ਨਿਕਲਣਗੇ, ਜ਼ਿੰਮੇਵਾਰ ਸਰਕਾਰ ਹੋਵੇਗੀ। ਇਦੋਂ ਵੱਧ ਅਗਾਂਹ ਕੁਝ ਨਹੀਂ ਕਰਦੇ ਕਿਉਂਕਿ ਨਿਤਾਪ੍ਰਤੀ ਅੱਖਰ ਛਪਣ ਦੇ ਨਾਲ ਤੇ ਸੁਣਨ ਤੇ ਪੜ੍ਹਨ ਦੇ ਨਾਲ, ਪੜ੍ਹਨ ਵਾਲੇ ਵੀ ਮਹਿਸੂਸ ਕਰਨ ਲੱਗ ਪਏ ਤੇ ਸੁਣਨ ਵਾਲੇ ਵੀ ਤੇ ਸੁਣਾਉਣ ਵਾਲੇ ਵੀ ਤੇ ਇਦੋਂ ਵੱਧ ਅੱਗੇ ਇਹਦਾ ਕੋਈ ਸਿਧਾਂਤ ਨਹੀਂ ਰਹਿ ਜਾਂਦਾ। ਸੋ ਆਪਾਂ ਨੂੰ ਇਹਨਾਂ ਦਾ ਤਿਆਗ ਕਰਕੇ, ਜੋ ਆਪਾਂ ਇਹ ਕਹਿਣਾ ਅਰੰਭ ਕੀਤਾ ਹੋਇਆ ਬਹੁਤ ਸਮੇਂ ਤੋਂ ਕਿ ਗੌਰਮੈਂਟ ਨੂੰ ਸਮਝ ਲੈਣਾ ਚਾਹੀਦਾ। 'ਉਹ ਸਮਝ ਲੈਣਾ ਚਾਹੀਦਾ' ਇੱਕ, ਦੋ, ਚਾਰ, ਦਸ ਵੇਰਾਂ ਹੁੰਦਾ ਕਹਿਣ ਵਾਸਤੇ, ਉਸ ਤੋਂ ਪਿੱਛੋਂ ਸੋਚਣਾ ਪਵੇਗਾ ਇਹ ਕਹਿਣ ਵਾਲਿਆਂ ਨੂੰ ਕਿ ਇਹ ਸਮਝਾਉਣਾ ਕਿਵੇਂ ਆਂ ? ਸਮਝ ਲੈਣਾ ਚਾਹੀਦਾ, ਠੀਕ ਆ ਵਾਰਨਿੰਗ ਦੇਣੀ ਚੰਗੀ ਹੁੰਦੀ ਆ, ਪਰ ਜੇ ਕੋਈ ਸੌਂਕੜੇ ਵਾਰ ਕਹਿਣ ਦੇ ਬਾਵਜੂਦ ਵੀ ਸਮਝੇ ਨਾ ਤੇ ਖ਼ਾਲਸਾ ਜੀ ਕਹਿਣ ਵਾਲਿਆਂ ਨੂੰ ਸਮਝਾਉਣ ਵਾਸਤੇ ਮਜਬੂਰ ਹੋਣਾ ਪਵੇਗਾ। ਹੁਣ ਉਹ ਸਮਾਂ ਆਪਣੇ 'ਤੇ ਆ ਪਹੁੰਚਿਆ।

ਭਾਈ ਪਿਆਰਾ ਸਿੰਘ ਦੀ ਸ਼ਹਾਦਤ

ਜੋ ਭਾਈ, ਪ੍ਰੋਫੈਸਰ ਸਾਹਿਬ ਨੇ ਤੁਹਾਨੂੰ ਆਹ ਤਾਰ ਬਾਰੇ ਦੱਸਿਆ, ਦਾਸ ਨੂੰ ਅੱਜ ਆਈ ਸੀ, ਮੇਰਠ ਦੇ ਵਿੱਚੋਂ.....। ਉਥੋਂ ਦੇ ਪ੍ਰੇਮੀ ਭਾਈ ਪਿਆਰਾ ਸਿੰਘ ਜੀ ਨੂੰ....., ਅਸਲਾ ਕਹਿੰਦੇ ਚੋਰੀ ਹੋ ਗਿਆ। ਉਹਦੇ ਸੰਬੰਧ 'ਚ ਫੜ੍ਹ ਕੇ ਕੁੱਟਿਆ ਮਾਰਿਆ। ਦਾਸ ਦੇ ਕੋਲ ਸੰਗਤ ਅੱਜ ਪਹੁੰਚੀ ਸੀ, ਉਥੇ ਆਸਣ 'ਤੇ ਉਹਨਾਂ ਨਾਲ ਵੀ ਵਿਚਾਰ ਹੋਇਆ ਸੀ। ਸੰਗਤ ਦੇ ਚਰਨਾਂ ਵਿੱਚ ਮੈਂ ਬੇਨਤੀ ਕਰਨੀ ਚਾਹੁੰਨਾ, ਤੁਹਾਡੀ ਜਾਣਕਾਰੀ ਦੇਣ ਵਾਸਤੇ। ਕੀ ਜਦੋਂ ਦਾ ਇਹ ਮੋਰਚਾ ਲੱਗਾ ਹੋਇਆ, ਜਿੱਥੋਂ ਕਿਤੋਂ ਵੀ ਪੁਲੀਸ ਨੇ ਕੋਈ ਵੀ ਹਥਿਆਰ ਪਕੜਿਆ, ਚਾਹੇ ਉਹ ਸੱਚਾ ਪਾਇਆ, ਚਾਹੇ ਉਹ ਝੂਠਾ ਪਾਇਆ, ਕਦੇ ਕਿਸੇ ਅਖ਼ਬਾਰ ਵਿੱਚ ਜਾਂ ਕਿਸੇ ਮੁਕੱਦਮੇ ਵਿੱਚ, ਜਿਹੜੀ ਐਫ. ਆਈ. ਆਰ. ਲਿਖਾਈ ਹੋਵੇ, ਕਦੇ ਕਿਸੇ ਵੀ ਥਾਂ 'ਤੇ ਇਹ ਲਿਖਤੀ ਰੂਪ ਵਿੱਚ, ਕਦੇ ਕਿਸੇ ਨੇ ਵੇਖਿਆ ਕਿ ਸਿੱਖ ਕੋਲ ਮਿਲਟਰੀ ਦਾ ਮਾਲ ਫੜਿਆ ਗਿਆ ਹੋਵੇ ? ਕੋਈ ਬੰਬ, ਕੋਈ ਤੋਪ, ਕੋਈ ਸਟੇਨ, ਕੋਈ ਬਰੇਨ ਕਦੇ ਸੁਣਿਆ ? ਅਖ਼ਬਾਰਾਂ ਵਿੱਚ ਹੀ ਨਹੀਂ, ਐਫ. ਆਈ. ਆਰ. ਵਿੱਚ ਵੀ, ਟੈਲੀਵੀਜ਼ਨਾਂ 'ਤੇ ਵੀ, ਰੇਡੀਉ 'ਤੇ ਵੀ, ਹੋਰ ਥਾਵਾਂ 'ਤੇ ਸਪੀਚਾਂ ਵਿੱਚ ਵੀ, ਸਾਰਿਆਂ ਥਾਂਵਾਂ 'ਤੇ ਤੁਸੀਂ ਸੁਣਿਆ ਹੋਵੇਗਾ ਕਿ ਪਵਨ ਕੁਮਾਰ ਦੇ ਕੋਲੋਂ ੭੩੦ ਗਰਨੇਡ ਫੜੇ ਗਏ, ਜਿਹੜਾ ਪਟਿਆਲੇ ਹਿੰਦੂ ਸੁਰੱਖਿਆ ਸੰਮਤੀ ਦਾ ਪ੍ਰਧਾਨ ਸੀ, ਜਿਲ੍ਹੇ ਦਾ, ਹੁਣ ਪੰਜਾਬ ਦਾ ਬਣਿਆ। ਸਿੱਖ ਕਿਸੇ ਵੀ ਕੋਲੋਂ ਕੋਈ ਫੌਜੀ ਅਸਲਾ ਨਹੀਂ ਫੜਿਆ ਗਿਆ ਤੇ ਤਾਂ ਵੀ ਨੌਕਰੀ 'ਤੇ ਹੁੰਦਿਆਂ ਹੋਇਆਂ ਦੋ ਸਿੰਘ ਨਾਂਅ ਵਾਲੇ ਇੱਕ ਸੀਤਲ ਸਿੰਘ, ਇੱਕ ਜਿਹੜਾ ਹੁਣੇ ਤਾਰ 'ਤੇ ਲਿਖਿਆ, ਭਾਈ ਪਿਆਰਾ ਸਿੰਘ, ਇਹਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਪਹਿਲਾਂ ਮੈਨੂੰ ਪਤਾ ਲੱਗਾ ਸੀ ਬੀਰ ਸਿੰਘ ਵੀ.....ਪਰ ਪਿੱਛੋਂ ਪਤਾ ਲੱਗਾ, ਸ਼ਾਇਦ ਉਹ ਬਚ ਗਿਆ। ਉਹ ਕਹਿੰਦੇ ਬਚ ਗਿਆ ਪਰ ਉਹਦੀ ਹਾਲਤ ਐਸੀ ਮੰਦੀ ਕੀਤੀ ਸੀ ਕਿ ਉਹਦੇ ਮੂੰਹ ਵਿੱਚ ਵਿਸ਼ਟਾ ਪਾਇਆ ਗਿਆ, ਅੱਖਾਂ ਵਿੱਚ ਮਿਰਚਾਂ ਪਾਈਆਂ ਗਈਆਂ, ਨੌਹਾਂ ਦੇ ਵਿੱਚ ਨੋਂਹ ਪੁੱਟ ਕੇ ਲੂਣ ਪਾ ਕੇ ਪੱਟੀ

ਬੰਨੀ ਗਈ। ਬਾਹਾਂ ਪਛਣੇ ਨਾਲ ਚੀਰ ਕੇ ਲੂਣ ਨਾਲ ਭਰੀਆਂ ਗਈਆਂ, ਕਿਉਂਕਿ ਸਿੱਖ ਦਾ ਪੁੱਤ ਆ ? ਸਿੱਖ ਦੇ ਕਿਸੇ ਪੁੱਤਰ ਕੋਲੋਂ ਮਿਲਟਰੀ ਦਾ ਅਸਲਾ ਪਕੜਿਆ ਨਹੀਂ ਗਿਆ ਤੇ ਸ਼ੱਕ ਵਿੱਚ ਮਾਰ ਦਿੱਤੇ ਤੇ ਹਿੰਦੂ ਦੇ ਪੁੱਤ ਕੋਲੋਂ ੨੩੦ ਗਰਨੇਡ ਪਕੜੇ ਗਏ, ਜਿਹਦਾ ਲਾਇਸੈਂਸ ਤਾਂ ਬਣ ਹੀ ਨਹੀਂ ਸਕਦਾ (ਪਰ) ਉਹਨੂੰ ਸਜ਼ਾ ਦੇ ਦਿੱਤੀ....., ਇਹ ਅਖੇ ਚੰਗਾ ਬੰਦਾ, ਜ਼ਿਲੇ ਦਾ ਪ੍ਰਧਾਨ ਸੀ (ਇਸ ਲਈ) ਹੁਣ ਹਿੰਦੂ ਸੁਰੱਖਿਆ ਸੰਮਤੀ ਪੰਜਾਬ ਦਾ ਪ੍ਰਧਾਨ ਬਣਾ ਦਿੱਤਾ। ਇਦੋਂ ਵੱਡਾ ਵਿਤਕਰਾ, ਇਦੋਂ ਵੱਡਾ ਸਬੂਤ, ਤੁਹਾਡੇ ਸਾਹਮਣੇ ਖ਼ਾਲਸਾ ਜੀ ਹੋਰ ਕੀ ਰੱਖ ਸਕਦੇ ਆਂ ?

ਸਰਕਾਰੀ ਨੌਕਰੀਆਂ ਵਾਲੇ ਸਿੱਖਾਂ ਨੂੰ ਲਲਕਾਰ

ਮੈਂ ਉਹਨਾਂ ਪੜ੍ਹੇ ਲਿਖੇ ਲੋਕਾਂ ਨੂੰ ਵੀ ਬੇਨਤੀ ਕਰਾਂਗਾ, ਸਿੱਖ ਨਾਉਂ ਵਾਲਿਆਂ ਨੂੰ, ਸਿੰਘ ਨਾਂਅ ਵਾਲਿਆਂ ਨੂੰ, ਜਿਹੜੇ ਬੈਠ ਕੇ ਕੇਵਲ ਬਿਸਕੁਟ ਖਾ ਲਿਆ ਤੇ ਚਾਹ ਦੀ ਕੱਪੀ ਪਕੜ ਕੇ ਦੋ ਘੁੱਟਾਂ ਭਰ ਲਈਆਂ ਤੇ ਕੇਵਲ ਉਹ ਆਪਣੀ ਕੁਰਸੀ 'ਤੇ ਬੈਠ ਕੇ ਤਨਖਾਹ ਲੈਣ ਦੀ ਹੱਦ ਤੱਕ, ਸੀਮਤ ਹੱਦ ਤੱਕ ਹੀ ਸੋਚਦੇ ਆ, ਉਹਨਾਂ ਲੋਕਾਂ ਨੂੰ ਆਪਣੇ ਧਿਆਨ ਵਿੱਚ ਇਹ ਜ਼ਰੂਰ ਲਿਆਉਣਾ ਚਾਹੀਦਾ ਕਿ ਸਾਡੇ ਨਾਲ ਹੋ ਕੀ ਰਿਹਾ ? ਉਥੋਂ ਤਨਖਾਹ ਲਈ ਤੇ ਘਰੇ ਚਲੇ ਗਏ, ਘਰੋਂ ਆਏ ਕੁਰਸੀ 'ਤੇ ਆ ਗਏ ਤੇ ਪਿੱਛੋਂ ਜਦੋਂ ਮਿਲਦੇ ਆ, ਬਾਬਾ ਜੀ, ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ। ਜੇ ਪੁੱਛੀਏ ਕਿਸ ਤਰ੍ਹਾਂ ਹੋਣਾ ਚਾਹੀਦਾ ? ਜੀ ਸ਼ਾਂਤੀ ਹੋਣੀ ਚਾਹੀਦੀ ਆ। ਜੇ ਪੁੱਛ ਲਈਏ ਤੇਰਾ ਕੋਈ ਰਿਸ਼ਤੇਦਾਰ ਮਰਿਆ ? ਜੀ ਮੇਰਾ ਕੋਈ ਨਹੀਂ ਮਰਿਆ। ਤੇਰੀ ਕੋਈ ਬਹੂ ਬੇਟੀ, ਧੀ ਭੈਣ ਨੰਗੀ ਕੀਤੀ ਆ ? ਜੀ ਕੋਈ ਨਹੀਂ ਕੀਤੀ। ਕੋਈ ਜ਼ਖ਼ਮ ਹੋਇਆ ? ਜੀ ਨਹੀਂ ਤੇ ਮੈਂ ਆਖਿਆ ਜਿਹਨਾਂ ਭੈਣਾਂ ਦੇ ਸੁਹਾਗ ਲੁੱਟੇ ਗਏ ਆ। ਮਾਂਵਾਂ ਦੀਆਂ ਕੁੱਖਾਂ (ਗੋਦਾਂ) ਖਾਲੀ ਜੋ ਗਈਆਂ, ਉਹਨਾਂ ਨੂੰ ਭਲਾ ਜਾ ਕੇ ਪੁੱਛੋ ਕੀ ਕਹਿੰਦੀਆਂ ? ਆਂਦੇ ਜੀ ਇਹ ਜੋ ਕੁਝ ਹੋਇਆ, ਅਫ਼ਸੋਸ ਆ। ਹਿੰਦੁਸਤਾਨ ਵਿੱਚ, ਪੰਜਾਬ ਵਿੱਚ, ਰਹਿਣ ਵਾਲੇ ਹੋਵੋ ਤੇ ਪੰਜਾਬ ਵਿੱਚ ਰਹਿੰਦਿਆਂ ਤੁਹਾਨੂੰ ਆਪਣੀ ਚਾਹ ਦੀ ਪਿਆਲੀ ਤੋਂ ਬਿਨਾਂ ਅਗਾਂਹ ਪਤਾ ਈ ਕੋਈ ਨਹੀਂ, ਰਹਿ ਕਿਥੇ ਰਹੇ ਓ ? ਇਸ ਕਰਕੇ ਧਿਆਨ ਦੇਣਾ ਪੈਣਾ ਆਪਾਂ ਨੂੰ ਸਾਰਿਆਂ ਨੂੰ।

ਪੁਲਿਸ ਵਾਰਦਾਤਾਂ

ਸੋ ਬੇਨਤੀ ਕਰਾਂਗਾ ਹਥਿਆਰ ਰੱਖੋ ਵੱਧ ਤੋਂ ਵੱਧ, ਸ਼ਾਤੀ ਠੀਕ ਆ, ਜ਼ਿੰਮੇਵਾਰ ਸੱਜਣਾਂ ਦਾ ਹੁਕਮ ਹੈ। ਮੈਂ ਤਾਂ ਇੱਕ ਤੁਹਾਡਾ ਛੋਟਾ ਜਿਹਾ ਚੌਕੀਦਾਰ ਆਂ, ਪਰ ਸ਼ਾਤੀ (ਦੀ) ਹੋ ਸਕਦਾ ਮਜਬੂਰ ਹੋ ਕੇ ਲਕੀਰ ਆਪਾਂ ਨੂੰ ਹੁਣ ਲੰਘਣੀ ਪੈ ਜਾਵੇ। ਪੁਲੀਸ ਜਨਤਾ ਦੀ ਰਾਖੀ ਕਰਨ ਵਾਸਤੇ ਬਣੀ ਹੋਈ ਆ, ਪਰ ਅੱਜ ਦੀ ਪੁਲੀਸ ਜਨਤਾ ਨੂੰ ਲੁੱਟਣ ਵਾਸਤੇ ਲੁਟੇਰਿਆਂ ਦਾ ਰੂਪ ਧਾਰ ਚੁੱਕੀ ਆ। ਇਹਦੀਆ ਬਿਅੰਤ ਮਿਸਾਲਾਂ, ਇੱਕ, ਦੋ, ਚਾਰ ਨਹੀਂ। ਜੇ ਕਿਤੇ ਬੈਂਕਾਂ ਦਾ ਕੇਸ ਆਇਆ ਤੇ ਉਥੋਂ ਦੀ ਪੁਲੀਸ ਕਰਮਚਾਰੀਆ ਦੀ ਤਬਦੀਸ਼ ਵਿੱਚ ਉਹਨਾਂ ਦੇ ਨਾਂਅ ਆਏ। ਜੇ ਸ਼ਹਿਰ ਵਿੱਚ ਕਿਤੇ ਬੰਬ ਰੱਖਦੇ ਫੜੇ ਗਏ ਤਾਂ ਮੌਕੇ 'ਤੇ ਪਕੜੇ ਹੋਇਆਂ ਨੇ ਇਹ ਸਿੱਧ ਕੀਤਾ ਕਿ ਅਸੀਂ ਮੁਲਾਜ਼ਮ ਹਾਂ, ਪੁਲੀਸ ਵਾਲੇ ਹਾਂ। ਜੇ ਕੁੱਤੇ ਛੱਡੇ ਗਏ ਉਹ ਐਸ. ਡੀ. ਐਮ. ਦੀ ਕਾਰ 'ਤੇ ਚੜ੍ਹੇ, ਨਰਕਧਾਰੀਆ

ਦੇ ਘਰੇ ਗਏ, ਥਾਨੇ ਪੁਲੀਸ ਵਿੱਚ ਪ੍ਰਵੇਸ਼ ਹੋਏ। ਉਹਨਾਂ ਕੁੱਤਿਆਂ ਨੂੰ ਪਕੜ ਕੇ, ਲੱਤਾਂ ਉਹਨਾਂ ਦੀਆਂ ਵਿਚਾਰਿਆਂ ਦੀਆਂ ਬੰਨ ਕੇ, ਜੀਪ 'ਚ ਸੁੱਟ ਕੇ ਲੈ ਗਏ, ਕਹਿੰਦੇ ਕੁੱਤਿਆਂ ਦਾ ਦਿਮਾਗ ਖਰਾਬ ਹੋ ਗਿਆ। ਅੱਗੇ ਵੀ ਇੱਕ ਦੋ ਵੇਰਾਂ ਮੈਂ ਬੇਨਤੀ ਸਟੇਜ ਤੋਂ ਕੀਤੀ ਆ (ਕਿ) ਜਿਸ ਗੌਰਮੈਂਟ ਨੂੰ, ਜਿਹਨਾਂ ਅਦਾਲਤਾਂ ਨੂੰ, ਮਨੁੱਖਾਂ 'ਤੇ ਭਰੋਸਾ ਨਾ ਰਹਿ ਜਾਵੇ। ਜਿਹਨਾਂ ਦਾ ਤਾਕੀਦਾ ਇਹ ਮੁੱਕ ਜਾਵੇ, ਖਤਮ ਹੋ ਜਾਵੇ। ਜਿਹਨਾਂ ਦਾ ਭਰੋਸਾ ਕੁੱਤਿਆਂ 'ਤੇ ਰਹਿ ਜਾਵੇ। ਖ਼ਾਲਸਾ ਜੀ ਉਹਨਾਂ 'ਤੇ ਕੀ ਯਕੀਨ ਤੇ ਕੀ ਭਰੋਸਾ ਕਹਿੰਦੇ ਹੋ ? ਕੀ ਇਨਸਾਫ਼ ਚਾਹੁੰਦੇ ਹੋ, ਕੀ ਤੁਹਾਡੇ ਨਾਲ ਸਹੀ ਇਨਸਾਫ ਹੋਵੇਗਾ ? ਜਿਹਨੂੰ ਮਨੁੱਖ 'ਤੇ ਭਰੋਸਾ ਨਹੀਂ, ਜੱਜ 'ਤੇ, ਵਕੀਲ 'ਤੇ, ਕਿਸੇ ਦਲੀਲ ਅਪੀਲ 'ਤੇ, ਅਦਾਲਤ 'ਤੇ ਭਰੋਸਾ ਨਹੀਂ ਤੇ ਕੁੱਤੇ 'ਤੇ ਭਰੋਸਾ ਤੇ ਕੁੱਤਾ ਜੇ ਉਹਨਾ ਦੇ ਘਰੇ ਜਾ ਵੜੇ ਤੇ ਫਿਰ ਕੁੱਤੇ 'ਤੇ ਵੀ ਭਰੋਸਾ ਨਹੀਂ, (ਫਿਰ) ਉਹਨਾਂ ਕੰਮ ਕੁੱਤਿਆਂ ਵਾਲੇ ਕਰਨੇ, ਮਨੁੱਖਾਂ ਵਾਲੇ ਕਿੱਥੋਂ ਕਰਨਗੇ ਉਹ ? ਕਿੰਨਿਆਂ ਥਾਂਵਾਂ 'ਤੇ ਕੁੱਤਿਆਂ ਦੀਆਂ ਔਸੀਆਂ ਵਾਰਦਾਤਾਂ.....।

ਆਹ ਜਿਹੜਾ ਖ਼ੂਨ ਪੀਣਾ ਅਰੰਭ ਕੀਤਾ.....। ਭਾਵੇਂ ਮੇਰੇ ਬਿਆਨਾਂ ਤੋਂ ਕਈ ਵਾਰੀ ਕੁਝ ਤਕਲੀਫ਼ ਤੇ ਸ਼ਾਇਦ ਕੁਝ ਵੀਰ ਮਹਿਸੂਸ ਕਰਦੇ ਆ (ਕਿ) ਇਹ ਜੀ ਗਰਮ ਬੋਲਦਾ, ਮਰਵਾਊਗਾ ਸਾਰਿਆਂ ਨੂੰ, ਟਿਕਣ ਨਹੀਂ ਦਿੰਦਾ। ਮੈਂ ਤਾਂ ਤਕਰੀਬਨ ਹੋ ਸਕਦਾ ਕੋਈ ੧੫ ਦਿਨ ਹੋ ਗਏ ਆ (ਹੁਣ) ਮੇਰਾ ਬਿਆਨ ਆਏ ਨੂੰ.....। ਅੱਜ ਵੀ ਸਰਸੇ ਵਾਲੇ ਸਿੰਘ ਆਏ ਸੀ, ਮੈਂ ਉਹਨਾਂ ਦਾ ਵੀ, ਸੰਗਰੂਰ ਤੋਂ ਹੋਰ ਜਿੱਥੋਂ ਜਿੱਥੋਂ ਵੀ, ਸੈਹਣੇ ਆਦਿਕ ਤੋਂ, ਬਾਕੀ ਥਾਂਵਾਂ ਤੋਂ, ਕਈਆਂ ਥਾਂਵਾਂ ਦਾ ਯਾਦ ਨਹੀਂ। ਜਿੰਨੀ ਵੀ ਸੰਗਤ ਆਈ ਆ ਜਥੇ 'ਚ ਜਾਣ ਵਾਲੀ, ਮੈਂ ਧੰਨਵਾਦ ਤਾਂ ਸਾਰਿਆ ਦਾ ਕਰਦਾ ਹਾਂ, ਪਰ ਉਹਨਾਂ ਮਜਬੂਰ ਬੜਾ ਕੀਤਾ, ਅਖੇ ਜੀ ਤੈਨੂੰ ਇੱਕ ਵੇਰਾਂ ਦਰਸ਼ਨ ਕਰਨੇ ਚਾਹੀਦੇ ਆ ਤੇ ਕੁਝ ਵੀਰ ਇਹ ਵੀ ਕਹਿੰਦੇ ਹੁਣ ਬਿਆਨ ਬਹੁਤੇ ਕਰੜੇ ਦਿੰਦਾ, ਨਹੀਂ ਤਾਂ ਸ਼ਾਇਦ ਗੱਲਬਾਤ ਬਣ ਜਾਵੇ। ਮੈਂ ਤਾਂ ਭਈ ਹੁਣ ਪੰਦਰਾਂ ਦਿਨ ਹੋ ਗਏ ਕਦੇ ਬਿਆਨ ਵੀ ਨਹੀਂ ਦਿੱਤਾ, (ਤੁਸੀਂ) ਗੱਲ ਬਣਾ ਲਉ ਜਿਸ ਤਰ੍ਹਾਂ ਬਣਦੀ ਆ, ਪਰ ਗੱਲ ਕੁਰਸੀ ਵਾਲੀ ਨਹੀਂ ਐਤਕਾਂ ਬਣਨੀ ਤੇ ਨਾ ਹੀ ਜੂਸ ਪੀਣ ਵਾਲੀ, ਗੱਲ ਬਣਾਉਣੀ ਆਂ ਤਾਂ ਪੱਗ ਤੇ ਕੇਸ ਦਾਹੜਾ ਤੇ ਕ੍ਰਿਪਾਨ ਗਾਤਰੇ ਰੱਖਣ ਦੀ ਬਣਾਉਣੀ ਆ।

'ਸਿੱਖ ਇੱਕ ਵੱਖਰੀ ਕੌਮ' ਕਹਾਉਣ ਦੀ ਲੋੜ ਕਿਉਂ ?

ਸਿੱਖ ਵੱਖਰੀ ਕੌਮ ਆ। ਕਈ ਵਾਰੀ ਕਿਹਾ ਜਾਂਦਾ, ਜੀ ਸਿੱਖ ਵੱਖਰੀ ਕੌਮ ਕਹਾਉਣ ਦੀ ਆਪਾਂ ਨੂੰ ਕੀ ਲੋੜ ਆ, ਆਪਾਂ ਵੱਖਰੇ ਤਾਂ ਹਾਂ ਹੀ ਤੇ ਜੇ ਵੱਖਰੇ ਹਾਂ ਤੇ ਫਿਰ ਇਹ ਕਿਉਂ ਕਹਿੰਦੇ ਆਂ ਕਿ ਅਸੀਂ ਦੋ ਨੰਬਰ ਦੇ ਸ਼ਹਿਰੀ ਆਂ ? ਇਹ ਕਿਉਂ ਸਿਆਪਾ ਕਰਦੇ ਆਂ ਇਥੋਂ ਨਿੱਤ ? ਫਿਰ ਚੁੱਪ ਕਰਕੇ ਕੁੱਟ ਝੱਲੀ ਚਲੋ, ਖਾਉ ਮਾਰ। ਸਿੱਖ ਵੱਖਰੀ ਕੌਮ ਕਹਾਉਣ ਵਾਸਤੇ ਕੁਝ ਜ਼ਰੂਰੀ ਲੋੜਾਂ.....। ਉਹਦੇ ਵਾਸਤੇ ਕਹਾਉਣਾ ਪੈਣਾ। ਸਿੱਖ ਵੱਖਰੀ ਕੌਮ ਤੇ ਸ਼ੱਕ ਨਹੀਂ, ਨਿਸ਼ਚੇ ਵਾਚਕ ਆ.....। ਬੇਅੰਤ ਲਿਖਤੀ ਰੂਪ ਵਿੱਚ ਇਹਦੇ ਸਬੂਤ ਆ। ਇਤਿਹਾਸਕ ਤੌਰ 'ਤੇ ਵਰਤਮਾਨ ਸਮੇਂ ਦੇ ਸੰਬੰਧ ਵਿੱਚ ਤੇ ੧੯੪੭ ਦੀ ਵੰਡ ਦੇ ਸੰਬੰਧ ਦੇ ਟਾਈਮ ਵਿੱਚ। ਸਿੱਖ ਵੱਖਰੀ ਕੌਮ ਲਿਖਤੀ ਰੂਪ ਵਿੱਚ, ਇਹਨਾਂ ਟੋਪੀਆਂ ਵਾਲਿਆਂ ਨੇ ਵੀ ਲਿਖਿਆ ਹੋਇਆ। ਟੋਪੀਆਂ ਵਾਲਿਆਂ ਦੇ ਬਿਆਨ

ਵੀ ਆ। ਇਹਨਾਂ ਨੇ ਪ੍ਰਚਾਰ ਵੀ ਕੀਤਾ। ਖਿੱਤੇ ਵੱਖਰੇ ਬਣਾਉਣ ਦਾ ਪ੍ਰਣ ਵੀ ਕੀਤਾ ਤੇ ਜੇ ਇਥੋਂ ਡਿਕਟੇਟਰ ਬੋਲ ਦੇਵੇ, ਭਿੰਡਰਾਂਵਾਲਾ ਬੋਲ ਦੇਵੇ, ਕੋਈ ਲੀਡਰ ਸਾਡੇ ਹੋਰ ਬੋਲ ਦੇਣ (ਤਾਂ ਕਹਿੰਦੇ ਹਨ) ਇਹ ਤਾਂ ਜੀ ਖ਼ਾਲਿਸਤਾਨ ਚਾਹੁੰਦੇ ਆ।

ਖ਼ਾਲਿਸਤਾਨ ਅਤੇ ਆਜ਼ਾਦੀ

ਅਸੀਂ ਕਈ ਵੇਰਾਂ ਬਿਆਨ ਦਿੱਤੇ ਆ, ਭਈ ਖ਼ਾਲਿਸਤਾਨ ਬਾਰੇ ਕਦੇ ਮੈਂ ਤਾਂ ਕੁਝ ਕਿਹਾ ਨਹੀਂ ਬ਼ਹੁਤਾ। ਲੀਡਰਾਂ ਵਲੋਂ ਬਿਆਨ ਜ਼ਰੂਰ ਆਏ ਭਈ ਸਾਡੀ ਇਹ ਮੰਗ ਨਹੀਂ। ਮੈਂ ਤਾਂ ਇਹ ਕਦੇ ਨਹੀਂ ਕਿਹਾ ਕਿ ਸਾਡੀ ਮੰਗ ਹੈ ਜਾਂ ਨਹੀਂ। ਇਹਦਾ ਇੱਕੋ ਉੱਤਰ ਦਿੱਤਾ ਕਿ ਅਸੀਂ ਆਜ਼ਾਦ ਹੋ ਕੇ ਜਿਊਣਾ ਚਾਹੁੰਦੇ ਹਾਂ। ਬਰਾਬਰ ਦੇ ਸ਼ਹਿਰੀ ਬਣ ਕੇ, ਗ਼ੁਲਾਮ ਬਣ ਕੇ ਨਹੀਂ ਰਹਿਣਾ। ੩੬ ਸਾਲ ਬਥੇਰੀ ਗ਼ੁਲਾਮੀ ਝੱਲ ਲਈ ਆ। ਹੁਣ ਸਿਰ ਜਿੰਨੇ ਮਰਜ਼ੀ ਲਾਉਣੇ ਪੈਣ, ਆਜ਼ਾਦ ਹੋਣਾ। ਜੇ ਤਾਂ.....ਇਹ ਸਾਨੂੰ ਸੈਂਟਰ ਦੱਸੇ? ਕਈ ਸੀ. ਆਈ. ਡੀ. ਦੇ ਵੀਰ ਵੀ ਪੁੱਛਦੇ ਆ। ਅਖ਼ਬਾਰਾਂ ਵਾਲੇ ਨਿਤਾ ਪ੍ਰਤੀ ਪੁੱਛਦੇ ਆ, ਆ ਜਿਹੜੇ ਮਹਾਸ਼ੇ ਆ। ਮੈਥੋਂ ਤੇ ਨਹੀਂ ਖ਼ੈਰ ਪੁੱਛਦੇ, ਦੂਜਿਆਂ ਤੋਂ ਪੁੱਛ ਲੈਂਦੇ ਆ, ਅਗਾਂਹ ਦੀ ਅਗਾਂਹ। ਭਿੰਡਰਾਂਵਾਲੇ ਦੀ ਰਾਏ ਕੀ ਆ? ਇਹ ਸਾਡਾ ਠੇਕਾ ਨਹੀਂ ਲਿਆ ਹੋਇਆ ਪੱਗ ਵਾਲਿਆਂ ਦਾ, ਭਾਵੇਂ ਕੋਈ ਦਾਹੜੀ ਮੋਨਾ ਵੀ ਆ, ਜਿਹਦਾ ਨਾਂਅ ਸਿੰਘ ਆ। ਸਾਨੂੰ ੩੬ ਸਾਲ ਹੋ ਗਏ ਸਪਸ਼ਟੀਕਰਨ ਦਿੰਦਿਆਂ ਨੂੰ ਤੇ ਪ੍ਰਧਾਨ ਸਾਹਿਬ ਹੁਰੀਂ ਤਿੰਨ ਵੇਰਾਂ ਦਿੱਲੀ ਜਾ ਕੇ ਸਪੱਸ਼ਟੀਕਰਨ ਦੇ ਆਏ ਆ। ਬਾਕੀ ਸਾਡੇ ਲੀਡਰ ੯ ਵੇਰਾਂ ਸਪਸ਼ਟੀਕਰਨ ਹੁਣੇ ਹੁਣੇ ਦੇ ਆਏ ਆ। ਇਹ ਕਿਸੇ ਨੇ ਲਿਖ ਕੇ ਨਹੀਂ ਦਿੱਤਾ? ਤੇ ਅਸੀਂ ਲਿਖਵਾ ਕੇ ਨਹੀਂ ਆਏ ਕਿ ਜਦੋਂ ਤੋਂ ਸ੍ਰਿਸ਼ਟੀ ਰਚੀ ਆ ਤੇ ਜਦੋਂ ਤੱਕ ਸ੍ਰਿਸ਼ਟੀ ਰਹਿਣੀ ਆ ਤੇ ਪੱਗ ਵਾਲੇ (ਹੀ) ਸਪਸ਼ਟੀਕਰਨ (ਦੇਣ ਕਿ) ਅਸੀਂ ਕੀ ਕਰਨਾ, ਤੇ ਅਸੀਂ ਕੀ ਨਹੀਂ ਕਰਨਾ। ਹੁਣ ਅਸੀਂ ਸਟੇਜ ਤੋਂ ਪੁੱਛਣਾ ਚਾਹੁੰਦੇ ਹਾਂ ਕਿ ਸੈਂਟਰ ਤੇ ਟੋਪੀਆਂ ਵਾਲੇ ਸਾਨੂੰ ਦੱਸਣ (ਕਿ) ਪੱਗਾਂ ਵਾਲਿਆਂ ਨੂੰ ਨਾਲ ਹਿੰਦੁਸਤਾਨ ਵਿੱਚ ਰੱਖਣਾ ਕਿ ਨਹੀਂ? ਹੁਣ ਇਹ ਸਪਸ਼ਟੀਕਰਨ ਸਾਨੂੰ ਦੇਣ। ਅਸੀਂ (ਜੇ) ਕੋਈ ਸਪਸ਼ਟੀਕਰਨ ਦੇਣਾ ਸੀ, ਕੀ ਕਰਨਾ, ਕੀ ਨਹੀਂ, ਅਸੀਂ ਦੇ ਚੁੱਕੇ ਆਂ, ਜਿਹੜਾ ਕੋਈ ਸਪਸ਼ਟੀਕਰਨ ਦੇਣਾ (ਸੀ)। ੩੬ ਸਾਲ ਗ਼ੁਲਾਮੀ ਕੱਟੀ ਆ, (ਹੁਣ) ਇਹ ਦੱਸਣ ਰੱਖਣਾ ਕਿ ਨਹੀਂ? ਹਾਂ ਜੇ ਸਾਨੂੰ ਪੁੱਛਣਗੇ, ਅਸੀਂ ਨਾਲ ਰਹਿਣਾ ਚਾਹੁੰਨੇ ਆਂ, ਪਰ ਦੋ ਨੰਬਰ ਦੇ ਸ਼ਹਿਰੀ ਬਣ ਕੇ ਨਹੀਂ, ਬਰਾਬਰ ਦੇ ਸ਼ਰੀਕ ਬਣ ਕੇ ਰਹਿਣਾ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਜੇ ਇਹ ਸਾਨੂੰ ਰੱਖਣਾ ਚਾਹੁੰਦੇ ਆ ਤੇ ਅਸੀਂ ਰਹਿਣ ਨੂੰ ਤਿਆਰ ਆਂ ਤੇ ਜੇ ਖ਼ਾਲਿਸਤਾਨ ਇਹਨਾਂ ਨੇ ਦੇ ਦਿੱਤਾ, ਮੰਗਿਆ ਤੇ ਭਾਵੇਂ ਨਹੀਂ ਅਜੇ ਸਿੰਘਾਂ ਨੇ, ਕੁਝ ਵੀਰ ਲੱਗੇ ਵੀ ਆ, ਪਰ ਜੇ ਦੇ ਦਿੱਤਾ ਤੇ ਵੱਜ ਦੇ ਵੱਜ ਈ ਲੈਣਾਂ, ਛੱਡਣਾ ਨਹੀਂ। ੧੯੪੭ 'ਚ ਜਿਹੜੇ ਬੇੜੀਆ 'ਚ ਵੱਟੇ ਬਲਦੇਵ ਸਿੰਘ ਨੇ ਪਾਏ ਆ, ਉਹ ਹੁਣ ਬਹੁਤ ਭਿੱਜ ਚੁੱਕੀਆਂ, ਡੁੱਬ ਚੁੱਕੀਆਂ, ਉਹ ਡੁੱਬੀਆਂ ਰਹਿਣ ਦੇਈਏ ਨਵੀਂ ਬੇੜੀ 'ਤੇ ਚੜ ਕੇ ਆਪਣੀ ਜ਼ਮੀਰ ਨੂੰ ਆਜ਼ਾਦ ਕਰਕੇ ਜਿਊਣਾ। ਮੰਗਦੇ ਹੈ ਨਹੀਂ ਅਜੇ ਤੇ ਜੇ ਦੇ ਦਿੱਤਾ ਤੇ ਮੋੜਦੇ ਨਹੀਂ ਤੇ ਜੇ (ਹਿੰਦੁਸਤਾਨ ਦੇ) ਵਿੱਚ ਰੱਖਣਾ, ਨਾਲ ਰੱਖਣਾ ਤੇ ਫਿਰ

ਦੇ ਨੰਬਰ ਦੇ ਸ਼ਹਿਰੀ ਬਣ ਕੇ ਨਹੀਂ ਰਹਿਣਾ, ਇੱਕ ਨੰਬਰ ਦੇ, ਬਰਾਬਰ (ਦੇ) ਸ਼ਰੀਕ ਬਣ ਕੇ ਚੱਲਣਾ। ਜਿਹੜੀਆਂ ਸਹੂਲਤਾਂ ਦੂਜਿਆਂ ਨੂੰ ਆਂ....।

ਹਥਿਆਰ ਰੱਖਣ ਦੀ ਹਦਾਇਤ

ਜੇ ੨੩੦ ਗਰਨੇਡ ਰੱਖਣ ਦੀ ਸਹੂਲਤ, ਪਵਨ ਕੁਮਾਰ ਨੂੰ ਆਂ ਤੇ ਫਿਰ ਸਿੰਘ ਨਾਂਅ ਵਾਲੇ ਨੂੰ ਵੀ ੨੩੦ ਤਾਂ ਕੀ ? ਕਿਉਂਕਿ ਗਿਣਤੀ ਨਾਲ ਚੱਲਣਾ ਪੈਣਾ, ਆਪਾਂ ੯੩ ਸਿਰ ਦਿੱਤੇ ਆ, ਉਹਨਾਂ ੭ ਸਿਰ ਦਿੱਤੇ ਆ। ਸੱਤਾਂ ਸਿਰਾਂ ਵਾਲੇ ਨੂੰ ੨੩੦ ਰੱਖਣ ਦੀ ਇਜ਼ਾਜ਼ਤ ਆ ਤੇ ਆਪਾਂ ਨੂੰ ਮੇਰੇ ਖ਼ਿਆਲ 'ਚ ਹਜ਼ਾਰ ਕੁ ਤੋਂ ਤਾਂ ਜ਼ਿਆਦਾ ਬਣ ਜਾਊ ਗਿਣਤੀ ਦੇ ਹਿਸਾਬ ਨਾਲ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਮੈਂ ਤਾਂ ਪੜਿਆ ਲਿਖਿਆ ਨਹੀਂ, ਪ੍ਰੋਫੈਸਰ ਸਾਹਿਬ ਨੇ ਦੱਸਿਆ, ਕਹਿੰਦੇ ੨੬ ਕੁ ਸੌ ਬਣਦਾ। ਚੱਲੋ ਆਪਾਂ ੨੬ ਸੌ ਨਹੀਂ, ਪੂਰੀ ਗਿਣਤੀ ਰੱਖ ਲਈਏ ੨ ਹਜ਼ਾਰ ਗਰਨੇਡ ਇੱਕ ਜਣਾ ਰੱਖਿਆ ਕਰੋ।

ਹਥਿਆਰਾਂ ਦੇ ਲਾਇਸੈਂਸ

ਕਈ ਵੀਰ ਪੁੱਛਦੇ ਲਾਇਸੈਂਸ ਨਹੀਂ (ਮਿਲਦੇ), ਲਾਇਸੈਂਸ ਕਰਨੇ ਕੀ ਤੁਸੀਂ ? ਇਹ ਠੇਕਾ ਲਿਆ ਭਈ ਪੱਗਾਂ ਵਾਲੇ ਹੀ ਲਾਇਸੈਂਸ ਰੱਖਣ, ਮੋਨੇ ਜਿੱਧਰ ਮਰਜ਼ੀ ਤੁਰੇ ਫਿਰਨ। ਸਿੰਘ ਨਾਂਅ ਵਾਲਾ ਭਾਵੇਂ ਕੋਈ ਦਾਹੜੀ ਕੱਟਿਆ ਵੀ ਆ। ਬੇਨਤੀ ਕਰਾਂਗਾ ਲਾਇਸੈਂਸਾਂ ਦੀ ਉਡੀਕ ਨਾ ਕਰੋ। ਹਥਿਆਰ ਜਿੱਥੋਂ ਲੈ ਸਕਦੇ ਉਂ ਲਉ। ਕਈ ਵੀਰ ਕਹਿੰਦੇ ਆ, ਜੀ ਸਾਨੂੰ ਰੱਖਣ ਨਹੀਂ ਦਿੰਦੇ ਖੋਹ ਕੇ ਲੈ ਜਾਂਦੇ ਆ। ਸ਼ੇਰ ਦਾ ਪੁੱਤ ਹੁੰਦਾ ਜੰਗਲ ਵਿੱਚ ਤੇ ਜੰਗਲ ਦੇ ਜਾਨਵਰ ਤੇ ਪੰਛੀ ਇਕੱਠੇ ਹੋ ਕੇ, ਸ਼ੇਰ ਨੂੰ ਕਹਿਣ ਕਿ ਤੂੰ ਇਥੋਂ ਨਿਕਲ ਜਾਹ ਤੇ ਸ਼ੇਰ ਦਾ ਪੁੱਤ ਉਥੋਂ ਪੂਛ ਚੱਡਿਆਂ 'ਚ ਪਾ ਕੇ ਨਿਕਲ ਜਾਵੇ, (ਕੀ ਉਹ) ਸ਼ੇਰ ਦਾ ਪੁੱਤ ਅਖਵਾਉਣ ਦਾ ਹੱਕਦਾਰ ਹੈ ? ਓ ਸਿੰਘ ਨਾਂਅ ਹੋਵੇ ਤੇ ਕੋਲੇ ਹਥਿਆਰ ਵਧੀਆ ਹੋਵੇ, ਰੌਂਦ ਹੋਣ ਨਵੇਂ ਤੇ ਟੋਪੀ ਵਾਲੇ ਨੂੰ ਆਉਂਦੇ ਦੇ ਹੱਥੀਂ ਚੁੱਕ ਕੇ ਉਹਦੀ ਝੋਲੀ 'ਚ ਪਾ ਦੇਣ, ਜੰਮਿਆ ਕਾਹਦੇ ਵਾਸਤੇ ਸਿੱਖ ਦੇ ਘਰੇ। ਸ਼ੇਰਾਂ ਦੇ ਪੁੱਤ ਹੋ, ...ਹਾਂ ਹਥਿਆਰ ਰੱਖ ਕੇ, ਧੀ ਭੈਣ ਦੀ ਇਜ਼ਤ ਲੁੱਟਣੀ, ਕਿਸੇ ਦਾ ਘਰ ਸਾੜਨਾ, ਕਿਸੇ ਨੂੰ ਗੁਮਰਾਹ ਕਰਕੇ ਤੰਗ ਕਰਨਾ, ਕਿਸੇ ਦਾ ਘਿਰਾਉ ਕਰਕੇ ਉਹਦੇ ਤੇ ਵਾਰ ਕਰਨਾ, ਕਿਸੇ ਦੀ ਬੇ-ਇਜ਼ਤੀ ਕਰਨੀ, ਇਹ ਸਿੱਖ ਵਾਸਤੇ ਬਹੁਤ ਹੀ ਵੱਡਾ ਪਾਪ ਆ, ਪਰ ਹਥਿਆਰ ਰੱਖ ਕੇ ਆਪਣੀ ਇਜ਼ਤ ਲੁਟਾਈ ਜਾਣਾ, ਉਹਦੇ ਤੂੰ ਵੀ ਵੱਡਾ ਪਾਪ ਆ। ਕਿਹਨੂੰ ਉਡੀਕਦੇ ਆਂ ?

ਜੁਝਾਰੂਆਂ ਨੂੰ ਸੰਭਾਲਣ ਦਾ ਵਾਅਦਾ

ਅੱਜ ਵੀ ਪ੍ਰੇਮੀ ਆਏ ਸੀ, ਇੱਕ ਪਰਸੋਂ ਆ ਗਿਆ, ਕਹਿਣ ਲੱਗਾ ਸੰਤ ਜੀ, "ਸਾਨੂੰ ਕੋਈ ਅਗਵਾਈ ਨਹੀਂ ਦਿੰਦਾ, ਅਸੀਂ ਫੱਟੇ ਚੁੱਕ ਦਿਆਂਗੇ, ਫਿਕਰ ਨਾ ਕਰ ਤੂੰ।" ਬੜਾ ਸਰੀਰ ਮੋਟਾ ਸੀ, ਮੇਰੇ ਤੋਂ ਪੰਜ ਚਾਰ ਗੁਣਾ ਮੋਟਾ ਸੀ, ਮੈਂ ਤਾਂ ਸੁਕੜੂ ਜਿਹਾਂ। ਮੈਂ ਉਹਨੂੰ ਬੇਨਤੀ ਕੀਤੀ ਭਈ ਤੇਰੇ 'ਚ ਰੜਕ ਹੈਗੀ, ਕੋਈ ਅਣਖ ਹੈਗੀ, ਕੋਈ ਮਾਂ ਪਿਉ ਦਾ ਹੈਂ ? ਕਹਿਣ ਲੱਗਾ ਜੀ ਕਰੜਾ

ਬੜਾ ਤੂੰ। ਮੈਂ ਕਿਹਾ ਕਰੜਾ ਤਾਂ (ਹਾਂ, ਪਰ) ਤੂੰ ਕੀ ਕਿਹਾ ? ਕਹਿੰਦਾ ਦੱਸੋ ? ਮੈਂ ਆਖਿਆ ਜਿਹਨਾਂ ਨੇ ਗੁਰੂ ਗਰੰਥ ਸਾਹਿਬ ਦੇ ਸਰੂਪਾਂ ਨੂੰ ਅੱਗਾਂ ਲਾਈਆਂ, ਜਿਹਨਾਂ ਨੇ ਭੈਣਾਂ ਨੰਗੀਆਂ ਕਰਕੇ ਸਿੱਖਾਂ ਦੀ ਇਜ਼ਤ ਲੁੱਟੀ ਆ, ਜਾਹ ਉਹਨਾਂ ਨੂੰ ਗੱਡੀ ਚੜ੍ਹਾ ਕੇ ਆਉ, ਮੈਂ ਸਾਂਭੂੰਗਾ ਸਟੇਜ ਤੋਂ ਕਹਿਨਾਂ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਇਹ ਠੀਕ ਆ ਜੈਕਾਰਾ ਛੱਡ ਦਿੱਤਾ, ਇਕੱਲੇ ਜੈਕਾਰੇ ਨਾਲ ਮੈਂ ਯਕੀਨ ਕਰਨ ਵਾਲਾ ਨਹੀਂ, ਕੁਝ ਕਰਕੇ ਵਿਖਾਉ ?

ਜ਼ਿੰਮੇਵਾਰੀ ਸੰਭਾਲਣ ਦੀ ਹਦਾਇਤ

ਇਹ ਨਿਤਾਪ੍ਰਤੀ ਇਥੇ ਸੁਨੇਹੇ ਆਈ ਜਾਂਦੇ ਆ। ਆ ਤਾਰ ਆ ਗਈ ਆ, ਮੈਂ ਕਿਹੜਾ ਪ੍ਰਾਈਮ ਮਨਿਸਟਰ ਆਂ ? ਰਾਸ਼ਟਰਪਤੀ ਆਂ, ਮੈਂ ਕੋਈ ਤੁਹਾਡਾ ? ਤੁਹਾਡਾ ਚੌਕੀਦਾਰ ਆਂ, ਜੋੜੇ ਝਾੜਨ ਵਾਲਾ, ਛੋਟਾ ਜਿਹਾ ਸੇਵਕ, ਪਰ ਉਹਨਾਂ ਨੇ ਤਾਰ ਭੇਜੀ ਕਿ ਇਹਦੇ ਬਾਰੇ ਕੁਝ ਕਰੋ। ਇਹਦੇ ਬਾਰੇ ਆਪਣਾ ਸਾਰਿਆਂ ਦਾ ਫ਼ਰਜ਼ ਬਣਦਾ। ਮਤਾ ਖਿਆਲ ਕਰਿਉ (ਕਿ) ਇਹ ਇਕੱਲਾ ਡਿਕਟੇਟਰ ਦਾ (ਕੰਮ ਆਂ), ਭਿੰਡਰਾਂਵਾਲਾ ਉਹਨਾਂ ਨੂੰ ਕੁਝ ਕਰੇਗਾ। ਜਿੱਥੇ ਜਿੱਥੇ ਬੈਠੇ ਹੋ, ਆਪਣੀ ਅਣਖ਼ ਤੇ ਗ਼ੈਰਤ ਨੂੰ ਸੰਭਾਲਣ ਵਾਸਤੇ, ਆਪਣੀ ਇੱਜ਼ਤ ਤੇ ਧਰਮ ਨੂੰ ਬਰਕਰਾਰ ਰੱਖਣ ਵਾਸਤੇ। ਹਰ ਇੱਕ ਸਿੱਖ ਨੂੰ ਆਪੋ ਆਪਣੇ ਥਾਵਾਂ 'ਤੇ ਖੜੋ ਕੇ ਜ਼ਿੰਮੇਵਾਰੀ ਸੰਭਾਲਣੀ ਚਾਹੀਦੀ ਆ, ਤਾਂ ਕੁਝ ਬਣੇਗਾ ਤੇ ਉਡੀਕਦੇ ਰਹਿਨੇ ਆਂ, ਬਾਬਾ ਜੀ ਇਧਰੋਂ ਆਹ ਹੋ ਗਿਆ। ਜਿੰਨੇ ਬੰਦੇ ਆਉਂਦੇ ਆ ਪਤਾ ਨਹੀਂ, ਅਫਸੋਸ ਨਾਲ ਕਹਿਣਾ ਪੈਂਦਾ, ਉਹ ਮੋਨਿਆਂ ਤੋਂ ਕੁੱਟ ਖਾ ਕੇ ਆ ਜਾਂਦੇ, ਮਰ ਈ ਜਾਇਆ ਕਰੋ ਉਥੇ ਨਹੀਂ 'ਤੇ। ਚੱਲੋ ਪੁਲਸ ਵਾਲਾ ਤੇ ਹੋਇਆ, ਤੁਹਾਡਾ ਕੋਈ ਜ਼ੋਰ ਨਹੀਂ ਚੱਲਦਾ ਜਾਂ ਉਹਨਾਂ ਕੋਲੇ ਹਥਿਆਰ ਬਹੁਤੇ ਆ ਜਾਂ ਉਹਨਾਂ ਦੀ ਮਿਲਟਰੀ ਆ ਕੇ ਤੁਹਾਨੂੰ ਦਬਾਉਂਦੀ ਆ, ਡਰ ਪੈਂਦਾ। ਉਏ ਦੁਕਾਨਦਾਰ ਤੇ ਟੋਪੀ ਵਾਲਿਆਂ ਤੋਂ ਕੁੱਟ ਖਾ ਕੇ, ਸ਼ੇਰ ਦਾ ਪੁੱਤ ਭੇਡ ਤੋਂ ਲੱਤਾਂ ਖਾ ਕੇ ਆ ਜਾਵੇ, ਸ਼ਰਮ ਨਾਲ ਈ ਮਰ ਜਾਣਾ ਚਾਹੀਦਾ ਉਹਨੂੰ। ਇੰਨੀ ਕੁ ਈ ਅਣਖ਼ ਰਹਿ ਗਈ ਸਿੰਘੋ ਆਪਣੇ 'ਚ। ਕੁਝ ਖਿਆਲ ਕਰੋ ? ਠੀਕ ਆ ਲੀਡਰ ਸਾਹਿਬਾਨਾਂ ਨੇ....., ਸ਼ਾਇਦ ੧੫ ਤਰੀਕ ਦਾ ਮੈਨੂੰ ਚੇਤਾ ਨਹੀਂ। ੧੫ ਤਰੀਕ ਤੱਕ ਦੱਸਿਆ ਭਈ ਅਗਾਂਹ ਕੋਈ ਪ੍ਰੋਗਰਾਮ ਦੇਣਾ। ਮੈਨੂੰ ਅਜੇ ਕੋਈ ਜਾਣਕਾਰੀ ਨਹੀਂ ਕਿ ਕੀ ਦੇਣਾ ? ਆਪਾਂ ਨੂੰ ਉਹਦੀ ਉਡੀਕ ਰੱਖਣੀ ਚਾਹੀਦੀ ਆ। ਛੇ ਮਹੀਨੇ ਆਪਾਂ ਨੂੰ....., ਸਾਲ ਤੋਂ ਵਿਸ਼ੇਸ਼ ਤੌਰ 'ਤੇ ਛੇ ਸਾਲਾਂ ਤੋਂ ਆਮ ਤੌਰ 'ਤੇ ਦਾਸ ਬੇਨਤੀ ਕਰਦਾ ਆ ਰਿਹਾ ਕਿ ਹਰ ਇੱਕ ਮਾਈ ਭਾਈ ਦੇ ਗਾਤਰੇ ਹਥਿਆਰ ਵਧੀਆ ਹੋਣਾ ਚਾਹੀਦਾ ਤੇ ਕਈ ਕਹਿੰਦੇ ਕਿ ਪ੍ਰੋਗਰਾਮ ਨਵਾਂ ਨਹੀਂ ਦਿੰਦੇ ? ਹੈ ਤਾਂ ਗੱਲ ਤੁਹਾਡੀ ਠੀਕ ਕਿ ਦੇਣਾ ਚਾਹੀਦਾ ਪਰ ਜੇ ਪ੍ਰੋਗਰਾਮ ਇਥੋਂ ਕੋਈ ਉਹੋ ਜਿਹਾ ਮਿਲ ਜਾਵੇ, ਭਈ ਤੁਸੀਂ ਆਹ ਕੁਝ ਕਰੋ ਤੇ ਉਦੋਂ ਆਖਿਉ ਜੀ ਸਾਨੂੰ ਹਥਿਆਰ ਲੈ ਦਿਉ ਕਿਤੋਂ, ਕੌਣ ਲੈ ਕੇ ਦੇਵੇਗਾ ਉਦੋਂ ? ਪਹਿਲਾਂ ਜਮਾਂ ਕਰੋ ਇਹਨਾਂ ਨੂੰ ਤੇ ਆਪਸ ਵਿੱਚ ਰਹੋ ਮਿਲ ਕੇ ਤੇ ਜਿਹੜਾ ਲੂਣ ਪਾ ਕੇ.....। ਆਹ ਸੀਤਲ ਸਿੰਘ ਦਾ ਪੋਸਟਮਾਰਟਮ ਹੋਇਆ, ਅੱਧਾ ਕਿਲੋ ਮਿਰਚਾਂ ਉਹਦੇ ਅੰਦਰੋਂ ਨਿਕਲੀਆਂ, ਅੱਧਾ ਕਿਲੋ ਮਿਰਚਾਂ ਸਿੱਖ ਦੇ ਅੰਦਰੋਂ। ਇੰਨਾ ਤੰਗ ਕੀਤਾ ਉਹਨੂੰ।

ਮਰਨ ਲਈ ਤਿਆਰ ਹੋਣ ਦੀ ਅਪੀਲ

ਸੋ ਬੇਨਤੀ ਕਰਾਂਗਾ ਜਾਣ ਵਾਲੇ ਜਥਿਆਂ ਨੂੰ ਵੀ, ਤੁਸੀਂ ਜਥੇ 'ਚ ਜਾਣਾ.....। ਇੱਕ ਉਲਾਂਭਾ ਮੈਨੂੰ ਅੱਗੇ ਆਇਆ। ਉਹਦੇ ਸੰਬੰਧ 'ਚ ਮੈਂ ਜਾਣ ਵਾਲੇ ਜਥੇ ਦੇ ਜਥੇਦਾਰਾਂ ਨੂੰ ਤੇ ਵਲੰਟੀਅਰਾਂ ਨੂੰ ਹੱਥ ਜੋੜ ਕੇ ਇੱਕ ਬੇਨਤੀ ਕਰਦਾਂ, ਜੇਲ੍ਹ 'ਚ ਜਾ ਕੇ ਤਾਸ਼ ਖੇਡਣਾਂ ਜਾਂ ਜੇਲ੍ਹ ਵਿੱਚ ਨਸ਼ੇ ਪੀਣੇ, ਜੇਲ੍ਹ ਵਿੱਚ ਜਾ ਕੇ ਬੋਲੀਆਂ ਪਾਉਣੀਆਂ, ਇਹ ਢੀਠਾਂ ਦਾ ਕੰਮ ਹੁੰਦਾ, ਸਿੱਖਾਂ ਦਾ ਕੰਮ ਨਹੀਂ। ਜੇ ਤਾਂ ਆਪਾਂ ਪੁੱਤਰ ਆਂ ਗੁਰੂ ਦੇ ਤੇ ਸ਼ਹੀਦਾਂ ਦੇ ਡੁੱਲੇ ਖ਼ੂਨ ਨਾਲ ਆ ਪਿਆਰ ਤੇ ਸਤਿਗੁਰੂ ਦੇ ਸਿੱਖ ਹਾਂ, ਫਿਰ ਤਾਂ ਬਾਣੀ ਪੜ੍ਹੋ ਤੇ ਕਰੜਾ ਪ੍ਰਚਾਰ ਕਰੋ ਡਟ ਕੇ ਤੇ ਕਰੋ ਸਚਿਆਈ ਦਾ, ਝੂਠ ਦਾ ਨਹੀਂ। ਕਿਸੇ 'ਤੇ ਚਿੱਕੜ ਨਾ ਸੁੱਟੋ ਤੇ ਜੇ ਆਪਾਂ ਗੁਰੂ ਕੇ ਸਿੱਖ ਨਹੀਂ ਤੇ ਸਿੱਖਾਂ ਦੇ ਪੁੱਤਰ ਨਹੀਂ ਤੇ ਫਿਰ ਮੈਂ ਸਟੇਜ ਤੋਂ ਕੁਝ ਕਹਿੰਦਾ ਨਹੀਂ। ਫਿਰ ਜਿਹੜਾ ਵੀ ਕਰੋਗੇ ਤੁਹਾਨੂੰ ਪਤਾ ਹੋਊਗਾ ? ਪਰ ਜਦੋਂ ਤੱਕ ਮਰਨਾ ਨਹੀਂ ਮੰਡਦੇ, ਤਦੋਂ ਤੱਕ ਗ਼ੁਲਾਮੀ ਗਲ਼ੋਂ ਲਹਿਣੀ ਨਹੀਂ ਤੇ ਜਦੋਂ ਤੱਕ ਗ਼ੁਲਾਮੀ ਗਲ਼ੋਂ ਲਹਿੰਦੀ ਨਹੀਂ, ਤਦੋਂ ਤੱਕ ਕਿੰਨਾ ਕਹੀ ਚੱਲੋ (ਕਿ) ਅਸੀਂ ਵਾਰਨਿੰਗ ਦਿੰਦੇ ਆਂ, ਅਸੀਂ ਨਿਖੇਧੀ ਕਰਦੇ ਆਂ, ਇਹਦੇ ਗੰਭੀਰ ਸਿੱਟੇ ਨਿਕਲਣਗੇ, ਸਰਕਾਰ ਨੂੰ ਸੋਚ ਲੈਣਾ ਚਾਹੀਦਾ। ਸਰਕਾਰ ਨੂੰ ਕੀ ਸੋਚਣਾ ਚਾਹੀਦਾ, ਸੋਚਣਾ ਤੇ ਸਾਨੂੰ ਚਾਹੀਦਾ। ਸਰਕਾਰ ਤਾਂ ਸੋਚੀ ਜਾਂਦੀ, ਭਈ ਇਹਨਾਂ ਦੀ ਇਜ਼ਤ ਲੁੱਟੋ ਤੇ ਇਹਨਾਂ ਨੂੰ ਜ਼ਲੀਲ ਕਰੋ। ਇਹ ਤਾਂ ਸਾਨੂੰ ਸੋਚਣਾ ਚਾਹੀਦਾ ਕਿ ਅਸੀਂ ਜ਼ਲੀਲਗੀ ਤੋਂ ਕਿਵੇਂ ਬਚਣਾ ? ਸੋ ਸਾਰੇ ਮਿਲ ਕੇ ਰਹੋ, ਧੱਕਾ ਕਿਸੇ ਨਾਲ ਕਰੋ ਨਾ। ਇਜ਼ਤ ਆਪਣੀ ਲੁੱਟਣ ਨਾ ਦਿਉ, ਸ਼ਰਾਬ ਛੱਡੋ, ਨਸ਼ਿਆਂ ਦਾ ਤਿਆਗ ਕਰੋ, ਕੇਸ ਦਾਹੜਾ ਸਾਬਤ ਰੱਖੋ, ਅੰਮ੍ਰਿਤ ਛਕੋ, ਪੰਥ ਦੀ ਚੜ੍ਹਦੀ ਕਲਾ ਵਾਸਤੇ ਅਰਦਾਸ ਕਰੋ ਤੇ ਹਥਿਆਰ ਚੰਗੇ ਤੋਂ ਚੰਗਾ ਰੱਖੋ। ਜਿਹੜਾ ਇਜ਼ਤ ਲੁੱਟਣ ਆਵੇ, ਉਹਨੂੰ ਗੱਡੀ ਚੜ੍ਹਾ ਕੇ ਗੁਰੂ ਅੱਗੇ ਅਰਦਾਸ ਕਰੋ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੨੫.

(ਦੀਵਾਨ ਹਾਲ ਮੰਜੀ ਸਾਹਿਬ, ਅੰਮ੍ਰਿਤਸਰ, ੩੧-੦੭-੧੯੮੩)

ਸਟੇਜ ਸੈਕਟਰੀ - ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਆਪਣੇ ਵਿਚਾਰ ਰੱਖ ਰਹੇ ਹਨ ਔਰ ਜਾਣ ਵਾਲੇ ਜਥਿਆਂ ਨੂੰ ਅਸ਼ੀਰਵਾਦ ਦੇਣਗੇ। ਉਹਨਾਂ ਦੇ ਵਿਚਾਰ ਸਰਵਣ ਕਰੋ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥
ਸ਼੍ਰੋਮਣੀ ਅਕਾਲੀ ਦਲ ॥ ਜ਼ਿੰਦਾਬਾਦ ॥
ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸਤਿਗੁਰੂ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ ਜੀ ਦੀ ਪਵਿੱਤਰ ਗੋਦ ਵਿੱਚ ਸਜੀ ਹੋਈ ਗੁਰੂ ਰੂਪ ਗੁਰੂ ਖ਼ਾਲਸਾ ਸਾਧ ਸੰਗਤ ਜੀਉ, ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਗੁਰੂ ਪਿਆਰੇ ਖ਼ਾਲਸਾ ਜੀ, ਆਪ ਜੀ ਨੇ ਸਟੇਜ ਉੱਪਰੋਂ ਬੋਲਣ ਵਾਲੇ ਬੁਲਾਰਿਆਂ ਦੇ ਪਾਸੋਂ ਪਵਿੱਤਰ ਵਿਚਾਰ ਸੁਣੇ ਹਨ। ਜਥੇ ਵਿੱਚ ਜਾਣ ਵਾਲੇ ਨੌਜੁਆਨਾਂ ਨੇ ਬੜੀ ਚੜ੍ਹਦੀ ਕਲਾ ਵਿੱਚ, ਇਕੱਤਰ ਕਰਕੇ ਨੌਜੁਆਨਾਂ ਨੂੰ, ਧਰਮ ਯੁੱਧ ਮੋਰਚੇ ਸੰਬੰਧੀ ਪ੍ਰੇਰ ਕੇ, ਸਤਿਗੁਰੂ ਦੀ ਹਾਜ਼ਰੀ ਭਰਦਿਆਂ ਹੋਇਆਂ ਕੁਰਬਾਨੀ ਕਰਨ ਵਾਸਤੇ ਤਿਆਰੀ ਕੀਤੀ ਹੈ। ਸਤਿਗੁਰੂ ਸੱਚੇ ਪਾਤਿਸ਼ਾਹ ਕਿਰਪਾ ਕਰਨ, ਹਮੇਸ਼ਾਂ ਵਾਸਤੇ ਕੌਮ ਵਿੱਚ ਇਹ ਬੀਰਤਾ ਦਾ ਜਜ਼ਬਾ ਭਰੀ ਰੱਖਣ, ਇਹ ਸਤਿਗੁਰੂ ਅੱਗੇ ਅਰਦਾਸ ਹੈ।

ਗਿਆਨੀ ਜੈਲ ਸਿੰਘ ਦੀ ਬਿਆਨਬਾਜ਼ੀ

ਜੋ ਸਿੱਖ ਵੱਖਰੀ ਕੌਮ ਸੰਬੰਧੀ ਅਖ਼ਬਾਰਾਂ ਵਿੱਚ ਕਈ ਪ੍ਰਕਾਰ ਦੀ ਚਰਚਾ ਚੱਲ ਰਹੀ ਹੈ। ਕੁਝ ਲੋਕ ਕੁਰਸੀਆਂ 'ਤੇ ਬੈਠ ਕੇ, ਆਪਣੀ ਬੁੱਧੀ ਦੀ ਪ੍ਰਬਲਤਾ ਨੂੰ ਦੁਨੀਆਂ ਵਿੱਚ ਪ੍ਰਗਟਾਉਣ ਵਾਸਤੇ, ਅਨੇਕ ਪ੍ਰਕਾਰ ਦੀ ਭਾਸ਼ਾ ਵਰਤ ਰਹੇ ਹਨ, ਸਿੱਖ ਵੱਖਰੀ ਕੌਮ ਦੇ ਸੰਬੰਧ ਵਿੱਚ। ਜਿਸ ਤਰ੍ਹਾਂ ਆਪਾਂ ਹੁਣੇ ਈ ਸੁਣਿਆ ਸੀ (ਕਿ) ਉਹਨਾਂ ਲੋਕਾਂ ਨੇ ਇਹਨਾਂ ਅੱਖਰਾਂ ਨੂੰ, ਨਿਆਰੇਪਨ ਨੂੰ ਹੋਰ ਢੰਗ ਨਾਲ ਜੋੜਿਆ ਹੈ, ਕਿਉਂਕਿ ਪਹਿਲੀਆਂ ਪੰਗਤੀਆਂ ਦਾ ਸਿਧਾਂਤ ਕੇਵਲ ਗ੍ਰਹਿਣ ਕੀਤਾ ਹੈ, ਉਹ ਵੀ ਸਹੀ ਸਿਧਾਂਤ ਮੁਤਾਬਕ ਨਹੀਂ। ਜੋ ਸਮਾਪਤੀ ਦੀਆਂ ਪੰਗਤੀਆਂ ਹਨ, ਉਹਨਾਂ ਨੂੰ ਬਿਲਕੁਲ ਦਿਲੋਂ ਤਿਆਗ ਦਿੱਤਾ ਹੈ। ਸਤਿਗੁਰੂ ਦਾ ਇਹ ਫੁਰਮਾਨ ਹੈ :

ਜਬ ਲਗ ਖਾਲਸਾ ਰਹੇ ਨਿਆਰਾ ॥
ਤਬ ਲਗ ਤੇਜ ਦੀਉਂ ਮੈ ਸਾਰਾ ।

ਕਦੋਂ ਤੱਕ ਸਾਰਾ ਤੇਜ ਮਿਲੇਗਾ ? ਜਦੋਂ ਤੱਕ ਇਹ ਵੱਖਰਾ ਰਹੇਗਾ ।

ਜਬ ਇਹ ਗਹੈ ਬਿਪਰਨ ਕੀ ਰੀਤ ॥

ਬਿਪਰਨ ਕਾ ਅਰਥ ਕੀ ਕਰੇਗਾ ਉਹ, ਜੋ ਕੁਰਸੀ 'ਤੇ ਬੈਠਾ ਗਿਆਨੀ ਜ਼ੈਲ ਸਿੰਘ ? ਨਿਆਰੇ ਅੱਖਰ ਨੂੰ ਤਾਂ ਭੰਨ ਕੇ, ਤਰੋੜ ਮਰੋੜ ਕੇ ਹੋਰ ਪਾਸੇ ਲੈ ਗਿਆ ਹੈ । ਬਿਪਰਨ ਅੱਖਰ ਦਾ ਕੀ ਅਰਥ ਹੋਵੇਗਾ ? ਸਤਿਗੁਰੂ ਜੀ ਕਹਿ ਰਹੇ ਹਨ,

ਜਬ ਇਹ ਗਹੈ ਬਿਪਰਨ ਕੀ ਰੀਤ ॥
ਮੈ ਨ ਕਰਹੁੰ ਇਨ ਕੀ ਪ੍ਰਤੀਤ ॥

ਭਾਵੇਂ ਕਿੱਡਾ ਵੱਡੇ ਤੋਂ ਵੱਡਾ ਗਿਆਨੀ ਅਖਵਾਉਂਦਾ ਹੋਵੇ, ਆਪਣੇ ਆਪ ਨੂੰ ਸੰਤ ਅਖਵਾਉਂਦਾ ਹੋਵੇ ਜਾਂ ਲੀਡਰ ਅਖਵਾਉਂਦਾ ਹੋਵੇ ਜਾਂ ਕਿਸੇ ਹੋਰ ਪਦਵੀ 'ਤੇ ਹੋਵੇ, ਜਦੋਂ ਪੰਡਿਤਾਂ ਵਾਲੀ ਮਰਯਾਦਾ, ਖ਼ਾਲਸੇ ਨੇ ਪਕੜ ਲਈ, ਮੈਂ ਉਹਦਾ ਭਰੋਸਾ ਨਹੀਂ ਕਦੇ ਕਰਾਂਗਾ ।

ਸੋ ਖਾਲਸਾ ਜੀ, ਆਪਾਂ ਨੂੰ ਨਿਆਰਾਪਨ ਸਤਿਗੁਰੂ ਜੀ ਨੇ ਰਹਿਤ ਦਿੱਤੀ ਆ । ਬਾਣੀ ਔਰ ਬਾਣਾ । ਗੁਰਬਾਣੀ ਗੁਰੂ ਕੀ ਪੜ੍ਹਨੀ ਹੈ । ਬਾਣਾ ਪੰਜਾਂ ਕਕਾਰਾਂ ਦੀ ਰਹਿਤ, ਸਤਿਗੁਰੂ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ ਜੀ ਨੇ ਬਖਸ਼ੀ ਹੈ । ਉਹ ਕਿਹੜਾ ਬਾਣਾ ਹੈ ?

ਸਾਬਤ ਸੂਰਤਿ ਦਸਤਾਰ ਸਿਰਾ ॥

(ਮਾਰੂ ਮਹਲਾ ੫, ੧੦੮੪)

ਸਿਰ 'ਤੇ ਦਸਤਾਰ ਹੋਣੀ, ਸੁੰਦਰ ਜੂੜਾ ਹੋਣਾ ਚਾਹੀਦਾ । ਦਸਮ ਦੀ ਬਾਣੀ ਵਿੱਚ ਦੇਵੀਆਂ ਸੰਬੰਧੀ ਜਾਂ ਹੋਰਨਾਂ ਦੇ ਸੰਬੰਧੀ ਬਚਨ ਕਹੇ ਹਨ :

ਰਨ ਕੁਪਰਦਨ ਮਹਿਖਾਸਰ ਮਰਦਨ ਆਪ ਬ੍ਰਿਤੈ ॥

ਦੇਵੀ ਦਾ ਵਰਨਣ ਉਥੇ ਕੀਤਾ । ਉਹਦੇ ਵੀ ਕੇਸਾਂ ਦਾ ਵਰਨਣ ਕੀਤਾ ਕਿ ਸੁੰਦਰ ਜੂੜੇ ਵਾਲੀ, 'ਰਮ' ਨਾਮ ਸੁੰਦਰ ਦਾ ਹੈ 'ਕੁਪਰਦਨ' ਨਾਮ ਫਾਰਸੀ 'ਚ ਜੂੜੇ ਦਾ ਹੈ ।

ਰਨ ਕੁਪਰਦਨ ਮਹਿਖਾਸਰ ਮਰਦਨ ॥

ਮਹਿਖਾਸੁਰ ਦੈਂਤ ਵਰਗੇ ਨੂੰ ਮਾਰਨ ਵਾਲੀ ਆਦਿ ਬ੍ਰਿਤੀ, ਜਿਹੜੀ ਮੁੱਢ ਤੋਂ ਬ੍ਰਿਤੀ, ਸੁਭਾਅ ਬਣਿਆ । ਉਹਦੇ ਬਾਰੇ ਕੇਸ ਲਿਖੇ ਹੋਏ ਆ ਤੇ ਗੁਰੂ ਕੀ ਬਾਣੀ ਨੇ ਖ਼ਾਲਸੇ ਬਾਰੇ, ਅਥਵਾ ਸਿੱਖੀ ਸਰੂਪ ਬਾਰੇ, ਪ੍ਰਾਣੀ ਦੀ ਰਹਿਤ ਬਾਰੇ, ਚੜ੍ਹਦੀ ਕਲਾ ਦਾ ਜੀਵਨ ਦੇਣ ਬਾਰੇ, ਇਹ ਬਚਨ ਕਹੇ ਹਨ, ਕਿ

ਸਾਬਤ ਸੂਰਤਿ ਦਸਤਾਰ ਸਿਰਾ ॥

(ਮਾਰੂ ਮਹਲਾ ੫, ੧੦੮੪)

ਸਾਬਤ ਸੂਰਤ ਰੱਖਣੀ, ਸਿਰ 'ਤੇ ਦਸਤਾਰ ਰੱਖਣੀ ਆ । ਕਕਾਰ ਕਿਹੜੇ ਆ ?

ਕ੍ਰਿਪਾਨ ਪਾਨ ਧਾਰੀਅਨ ॥ ਕਰੋੜ ਪਾਪ ਤਾਰੀਅਨ ॥

ਕ੍ਰਿਪਾਨ ਹੱਥ 'ਚ ਪਕੜ ਕੇ ਰੱਖਣੀ ਆਂ । ਸ਼ੀਲ ਜਤ ਕੀ,

ਕਛ ਪਹਿਰ ਪਕੜੋ ਹਥਿਆਰਾ ॥

ਬਚਨ ਕਹੇ ਹਨ ਤੇ ਜਿਹੜਾ ਇਹਨੂੰ ਭੰਨਦਾ ਹੈ, ਉਹਦੇ ਬਾਰੇ ਤੇ ਬਹੁਤ ਕਰੜੇ ਅੱਖਰ ਵਰਤੇ ਆ। ਸਤਿਗੁਰੂ ਦਾ ਫੁਰਮਾਨ ਹੈ, ਸੌ ਸਾਖੀ ਦੁਆਰਾ :

ਸਾਬਤ ਸੂਰਤ ਰਬ ਦੀ ਭੰਨੇ ਬੇਈਮਾਨ ॥
ਦਰਗਹ ਢੋਈ ਨ ਮਿਲੈ ਕਾਫਰ ਕੁਤਾ ਸ਼ੈਤਾਨ ॥

ਇੰਨੇ ਕਰੜੇ ਸ਼ਬਦ ਵਰਤੇ ਆ। ਜਿਹੋ ਜਿਹੀ ਸੂਰਤ ਰੱਬ ਨੇ ਦਿੱਤੀ ਆ। ਇਹਨੂੰ ਵਿਗਾੜਨ ਵਾਲਾ ਕਾਫ਼ਰ ਆ, ਕੁੱਤਾ ਆ ਤੇ ਸ਼ੈਤਾਨ ਆ। ਇਹਨਾਂ ਬਚਨਾਂ ਨੂੰ ਕੌਣ ਝੁਠਲਾਵੇਗਾ ?

ਸਾਬਤ ਸੂਰਤ ਰਬ ਬਣਾਈ ॥
ਬੇਈਮਾਨ ਨੇ ਭੰਨ ਗਵਾਈ ॥

ਬੇਈਮਾਨ ਬਹੁਤ ਨੀਵੇਂ ਬੰਦੇ ਨੂੰ ਕਿਹਾ ਜਾਂਦਾ, ਨੀਚੇ ਨੂੰ, ਖ਼ਰਾਬ ਜੀਵਨ ਵਾਲੇ ਨੂੰ। ਇੰਨੇ ਕਰੜੇ ਸ਼ਬਦ ਵਰਤੇ ਆ ਤੇ ਜਿਹੜੇ ਲੋਕਾਂ ਦਾ ਆਪਾਂ ਗਿਲ਼ਾ ਕਰਦੇ ਆਂ। ਕਰਨਾ ਜ਼ਰੂਰ ਪੈਂਦਾ, ਸਟੇਜ ਤੋਂ ਸਿੰਘਾਂ ਨੂੰ ਸਮਝਾਉਣ ਵਾਸਤੇ ਪਰ ਮੈਂ ਆਨ੍ਹਾ, ਕਰਨਾ ਨਹੀਂ ਚਾਹੀਦਾ, (ਭਾਵੇਂ) ਕਰ ਤੇ ਮੈਂ ਵੀ ਰਿਹਾਂ। ਸੋ ਇਸ ਵਾਸਤੇ ਨਾਲ ਕਹਿ ਰਿਹਾਂ ਕਰਨਾ ਨਹੀਂ ਚਾਹੀਦਾ (ਕਿਉਂਕਿ) ਜਿਹੜਾ ਮਨੁੱਖ ਇੰਦਰਾ ਦੀ ਚਪਲੀ ਦੇ ਥੱਲੇ ਲੱਗ ਕੇ, ਕੁਰਸੀ 'ਤੇ ਬੈਠ ਕੇ, ਸਿੱਖੀ ਸਰੂਪ ਨੂੰ ਮੰਨਣ ਤੋਂ ਮਨੁੱਕਰ ਹੋ ਗਿਆ ਤੇ ਕੁਰਸੀ ਨੂੰ ਚੰਗਾ ਸਮਝਿਆ ਹੈ। ਮੂੰਹ ਕਾਲਾ ਤੁਹਾਨੂੰ ਵੀ ਪਤਾ ਹੋਣਾ ਚਾਹੀਦਾ (ਕਿ) ਕਿਹਦਾ ਕਰੀਦਾ ? ਮੂੰਹ ਕਾਲਾ ਉਸ ਮਨੁੱਖ ਦਾ ਖ਼ਾਲਸਾ ਜੀ ਕਰੀਦਾ, ਜਿਹਨੇ ਬਹੁਤ ਹੀ ਵੱਡਾ ਪਾਪ ਕੀਤਾ ਹੋਵੇ। ਧੀ ਭੈਣ ਦੀ ਇੱਜ਼ਤ ਤੱਕੀ ਹੋਵੇ, ਉਹਦਾ ਮੂੰਹ ਕਾਲਾ ਕਰਕੇ ਖੋਤੇ 'ਤੇ ਚੜ੍ਹਾਈ ਦਾ, ਪਿੰਡਾਂ 'ਚ ਗੇੜੇ ਦੇਈਦੇ ਆ। ਉਹਦਾ ਜਲੂਸ ਕੱਢੀਦਾ, ਭਈ ਇਸ ਬੰਦੇ ਨੇ ਆਹ ਪਾਪ ਕੀਤਾ ਤੇ ਜਿਹੜਾ ਮਨੁੱਖ ਆਪਣੇ ਹੱਥੀਂ ਦਾਹੜੀ ਰੰਗ ਕੇ ਕੁਰਸੀ 'ਤੇ ਬਹਿੰਦਾ, ਉਹਨੂੰ ਹੱਕ ਕੀ ਆ ਸਿੱਖ ਕੌਮ ਬਾਰੇ ਬੋਲਣ ਦਾ ਕਿ ਸਿੱਖ ਵੱਖਰੀ ਕੌਮ ਨਹੀਂ ? ਗਿ: ਜ਼ੈਲ ਸਿੰਘ ਮੂੰਹ ਰੰਗਦਾ, ਮੈਂ ਬੋਲਿਆ ਸੀ ਦਿੱਲੀ ਵਿੱਚ ਇੱਕ ਵੇਰਾਂ। ਮੂੰਹ ਕਾਲਾ ਪਾਪ ਕਰਨ ਵਾਲੇ ਦਾ ਕਰੀਦਾ ਤੇ ਜਿਹੜੇ ਹੁਣ ਕਰਦੇ ਆ, ਸਿੱਖੀ ਸਰੂਪ ਵਿੱਚ ਹੋ ਕੇ, ਹੋ ਸਕਦਾ ਪਿਛਲੇ ਜਨਮ ਵਿੱਚ ਉਹਨਾਂ ਨੇ ਬਹੁਤੇ ਪਾਪ ਕੀਤੇ ਹੋਣ। ਕੁਝ ਪਾਪ ਤਾਂ ਪ੍ਰਮੇਸ਼ਰ ਨੇ ਭੁਗਤਾ ਦਿੱਤੇ ਹੋਣਗੇ, ਜਿਹੜੇ ਬਾਕੀ ਰਹਿ ਗਏ, ਉਹ ਹੱਥੀਂ ਮੂੰਹ ਕਾਲਾ ਕਰਵਾ ਕੇ ਪ੍ਰਮੇਸ਼ਰ ਉਹਨਾਂ ਤੋਂ ਭੁਗਤਾ ਰਿਹਾ।

ਸੋ ਖ਼ਾਲਸਾ ਜੀ ਸਿੱਖ ਵੱਖਰੀ ਕੌਮ ਨਿਸ਼ਚੇਵਾਚਕ ਹੈ। ਟਾਈਮ ਥੋੜ੍ਹਾ ਇਸ ਪਾਸੇ ਮੈਂ ਜਾਣਾ ਨਹੀਂ, ਸਤਿਗੁਰੂ ਨੂੰ ਭਾਇਆ ਤੇ ਕਿਸੇ ਆਉਣ ਵਾਲੇ ਸਮੇਂ ਵਿੱਚ, ਥੋੜ੍ਹੇ ਦਿਨਾਂ 'ਚ ਇਸ ਸੰਬੰਧੀ ਵਿਚਾਰ ਵਿਸਥਾਰ ਨਾਲ ਕਿਤੇ ਕਰਾਂਗਾ ਵੱਡੇ ਇਕੱਠ 'ਚ। ਮੈਂ ਇਸ ਸੰਗਤ ਦੇ ਚਰਨਾਂ 'ਚ ਬੇਨਤੀ ਕਰਾਂਗਾ (ਕਿ) ਸਾਵਧਾਨ ਰਹੋ।

ਅਕਾਲੀ ਆਗੂਆਂ 'ਤੇ ਵਿਅੰਗ

ਜੋ ਬਾਬਾ ਕੇਸਰ ਸਿੰਘ ਜੀ ਨੇ ਕਿਹਾ, (ਉਹ) ਕੇਵਲ ਜਜ਼ਬਾਤੀ ਹੋ ਕੇ ਨਹੀਂ ਕਿਹਾ। ਇਥੋਂ ਆਪਾਂ ਨਿਤਾ ਪ੍ਰਤੀ ਵਾਰਨਿੰਗ ਦਿੰਦੇ ਆਂ। ਨਿਤਾ ਪ੍ਰਤੀ ਇਹ ਕਹਿੰਦੇ ਆਂ, ਕਿ ਸਰਕਾਰ ਨੂੰ ਇਹ ਗੱਲ ਮਹਿੰਗੀ ਪਵੇਗੀ, ਸੋਚ ਲੈਣਾ ਚਾਹੀਦਾ। ਠੀਕ ਆ ਜਦੋਂ ਤੱਕ ਆਪਣਾ ਫਰਜ਼ ਬਣਦਾ ਸੀ, ਆਪਾਂ ਨੂੰ ਕਹਿਣਾ ਚਾਹੀਦਾ ਸੀ। ਸਾਲ ਤੋਂ ਉੱਪਰ ਹੋ ਗਿਆ, ਭਾਵੇਂ ਕਿਹਾ ਤੇ ਹੁਣ ਜਾ ਰਿਹਾ

ਕਿ ਸਾਲ ਹੋਣ ਵਾਲਾ, ਦੋ ਦਿਨ ਰਹਿ ਗਏ, ਪਰ ਮੈਂ ਕਹਾਂਗਾ ਕਿ ਇੱਕ ਸਾਲ ਤੇ ਬਾਰਾਂ ਦਿਨ ਅੱਜ ਹੋ ਗਏ, ਕੇਵਲ ਤਿੰਨ ਕੁ ਦਿਨ ਬਾਕੀ ਰਹਿੰਦੇ ਚਾਰ। ਇੱਕ ਸਾਲ ਤੇ ਬਾਰਾਂ ਤੇਰਾਂ ਦਿਨ ਅੱਜ ਹੋ ਗਏ ਆ ਮੋਰਚਾ ਲੱਗੇ ਨੂੰ (ਤੇ) ਆਪਾਂ ਨੂੰ ਇਹ ਹੀ ਚਿਤਾਵਨੀ ਦਿੰਦਿਆਂ ਨੂੰ, ਸਰਕਾਰ ਸਮਝ ਜਾਵੇ ਤੇ ਕਿਸੇ ਮਨੁੱਖ ਨੂੰ ਦੋ ਵੇਰਾਂ, ਚਾਰ ਵੇਰਾਂ, ਦਸ ਵੇਰਾਂ ਕਹੀਦਾ ਤੇ ਜਿਹਨੂੰ ੩੬੯-੭੦ ਦਿਨ ਕਹਿੰਦਿਆਂ ਨੂੰ ਹੋ ਗਏ ਹੋਣ (ਪਰ) ਉਹ ਨਾ ਸਮਝੇ, ਫਿਰ ਹੁਣ ਇਹ ਆਪਾਂ ਨੂੰ ਸੋਚਣਾ ਪਵੇਗਾ ਕਿ ਆਪਾਂ ਸਮਝਣਾ ਕਿ ਨਹੀ ? ਉਹਨਾਂ ਨੂੰ ਕਹਿਣ ਦੇ ਬਜਾਏ, ਆਪਾਂ ਨੂੰ ਸੋਚਣਾ ਪੈਣਾ ਕਿ ਆਪਾਂ ਸਮਝਣਾ ਜਾਂ ਨਹੀਂ ਸਮਝਣਾ ? ਤੇ ਜੇ ਉਹ ਨਹੀਂ ਸਮਝੇ ਤੇ ਫਿਰ ਉਹਨਾਂ ਨੂੰ ਸਮਝਾਉਣਾ ਹੁਣ ਕਿਵੇਂ ਆਂ ? ਇਹਦੀ ਜ਼ਿੰਮੇਵਾਰੀ ਆਪਣੇ ਸਾਰੇ ਪੰਥ ਦੀ ਬਣਦੀ ਆ। ਸਾਰੇ ਜ਼ਿੰਮੇਵਾਰ ਲੀਡਰਾਂ ਦੀ ਬਣਦੀ ਆ। ਇਹਦੇ 'ਤੇ ਬੈਠ ਕੇ ਸਾਰੀ ਕੌਮ ਨੂੰ ਵਿਚਾਰ ਕਰਨੀ ਪਵੇਗੀ।

ਇੰਦਰਾ ਗਾਂਧੀ ਦਾ ਚੰਡੀਗੜ੍ਹ ਆਉਣਾ

ਜੋ ਪਹਿਲਾਂ ਪ੍ਰੇਮੀ ਬੋਲ ਕੇ ਗਏ ਆ, ਮੋਟਰ ਸਾਈਕਲ ਸੰਬੰਧੀ, ਜਦੋਂ ਮੇਰੀ ਗ੍ਰਿਫ਼ਤਾਰੀ ਹੋਈ ਆ। ਉਹ ਲਾਲਾ ਗੱਡੀ ਚੜ੍ਹਿਆ ਤੇ ਮੈਨੂੰ ਇਹਨਾਂ ਨੇ ਫੜਿਆ। ਉਸ ਵੇਲੇ ਵਿਦੇਸ਼ੀ ਦੌਰਾ ਸੀ, ਇਹਦਾ ਇੰਦਰਾ ਦਾ (ਜੋ) ਵਿੱਚੇ ਛੱਡ ਕੇ ਵਾਪਸ ਆ ਗਈ। ਹੁਣ ਆਪਾਂ ਜਾਨੇ ਆਂ ਤੇ ਉਹ ਅਸਾਮ ਨੂੰ ਚਲੀ ਜਾਂਦੀ ਆ, ਉਦੋਂ ਆਪਾਂ ਇਥੇ ਬੈਠੇ ਸੀ ਤੇ ਭੱਜੀ ਆਉਂਦੀ ਸੀ ਚੰਡੀਗੜ੍ਹ ਨੂੰ। ਉਹਦਾ ਕਾਰਨ ਸੀ ਕੋਈ। ਕੀ ਕਾਰਨ ਸੀ ? ਕਿ ਸਿੱਖ ਕੌਮ ਨੇ ਮਰਨਾ ਮੰਡ ਲਿਆ ਸੀ ਕਿ ਅਸੀਂ ਜਾਂ ਮਰਨਾ ਤੇ ਜਾਂ ਬੰਦ ਖਲਾਸੀ ਕਰਾਉਣੀ ਆਂ। ਜਦੋਂ ਉਹਨੂੰ ਇਸ ਰਾਹ ਦਾ ਪਤਾ ਲੱਗ ਗਿਆ ਤੇ ਉਹ ਭੱਜੀ ਭੱਜੀ ਆਈ ਦੌਰੇ 'ਤੇ। ਚੱਲੋ ਲੀਡਰਾਂ ਦਾ ਵੀ ਮਿਲਾਪ ਹੋ ਗਿਆ (ਤੇ) ਗੱਲ ਨਿੱਬੜ ਗਈ।

ਨਰਕਧਾਰੀਆਂ ਦੇ ਐਲਾਨ 'ਤੇ ਪ੍ਰਤੀਕਰਮ

ਸੋ ਹੁਣ ਇੱਕ ਇਹਨਾਂ ਨੇ ਨਵਾਂ ਤਤਕਾਰ ਸ਼ੁਰੂ ਕਰ ਲਿਆ। ਅਖ਼ਬਾਰਾਂ ਵਾਲੇ ਵੀ ਪੁੱਛਦੇ ਆ, ਸੰਗਤ ਵੀ, ...ਕਈ ਪ੍ਰੇਮੀ ਗੁਰਮੁਖ ਗੁਰਸਿੱਖ ਪੁੱਛਦੇ ਆ। ਸੰਤ ਜੀ, ਆਹ ਨਰਕਧਾਰੀਆਂ ਨੇ, ਇੱਕ ਪ੍ਰੋਗਰਾਮ ਅਰੰਭਿਆ (ਤੇ) ਉਹ ਕਹਿੰਦੇ ਹਨ (ਕਿ) ਅਸੀਂ ਇੱਕੀਆਂ ਇੱਕੀਆਂ ਦਾ ਜਥਾ ਬਣਾ ਕੇ.....। ਕੋਈ ਕਹਿੰਦਾ ਮੈਂ ਚੰਡੀਗੜ੍ਹ ਤੋਂ ਦਿੱਲੀ ਨੂੰ ਤੇ ਦਿੱਲੀ ਤੋਂ ਫਿਰ ਆਵਾਂਗਾ ਅੰਮ੍ਰਿਤਸਰ। ਕੋਈ ਕਹਿੰਦਾ ਮੈਂ ਬਠਿੰਡੇ ਤੋਂ ਦਿੱਲੀ ਜਾਵਾਂਗਾ, ਦਿੱਲੀਉਂ ਫਿਰ ਆਵਾਂਗਾ ਅੰਮ੍ਰਿਤਸਰ। ਕੁਝ ਕੁ ਕਹਿੰਦੇ ਅਸੀਂ ਦਿੱਲੀਉਂ ਸਿੱਧੇ ਆਵਾਂਗੇ ਤੇ ਅਸੀਂ ਇਥੇ ਆ ਕੇ ਧਰਨਾ ਮਾਰ ਕੇ ਬੈਠਾਂਗੇ। ਮੈਂ ਤੇ ਆਨ੍ਹਾ ਸ਼ੁਕਰ ਹੈ, ਚੰਗੀ ਗੱਲ ਆ, ਜੇ ਆ ਜਾਣ ਤੇ ਮਾੜੀ ਗੱਲ ਨਹੀਂ। ਚੰਗਾ ਹੋਵੇਗਾ। ਕਈਆਂ ਦਾ ਇਹ ਵੀ ਵਿਚਾਰ ਆ (ਕਿ) ਜੇ ਜੀ ਉਹਨਾਂ ਨੇ ਇਥੇ ਧਰਨਾ ਮਾਰ ਲਿਆ ਤੇ ਕੀ ਹੋਵੇਗਾ ? ਇਹਦੇ ਬਾਰੇ ਮੈਂ ਬਹੁਤਾ ਨਹੀਂ ਕਹਿੰਦਾ, ਇਹ ਤੇ ਸਮਾਂ ਦੱਸੇਗਾ, ਪਰ ਕਿਸੇ ਸਿੱਖ ਦੀ ਮਾਈ ਦੇ ਲਾਲ ਦੀ ਜ਼ੁਰਅਤ ਹੈ (ਕਿ) ਨਰਕਧਾਰੀਏ ਉਥੇ ਆਏ ਹੋਣ 'ਤੇ ਕੋਈ ਗੁਰੂ ਕਾ ਸਿੱਖ ਉਹਨਾਂ ਨੂੰ ਜਾ ਕੇ ਫਤਹਿ ਬੁਲਾਏ, ਹੁਕਮਨਾਮੇ ਦੀ ਉਲੰਘਣਾ ਕਰਕੇ, ਤਾਕਤ ਹੈ ਕਿਸੇ ਸਿੱਖ ਦੀ ਇਹ ?

ਚੋਰੀ ਤਾਂ ਠੀਕ ਆ ਬੁਲਾਉਂਦੇ ਫਿਰਦੇ ਬੁਲਾਉਣ ਤੇ ਜੇ (ਉਹ) ਇਥੇ ਬੈਠੇ ਤੇ ਉਦੋਂ ਜਿਹੜਾ ਸਿੱਖ ਉਹਨਾਂ ਨੂੰ ਫਤਹਿ ਬੁਲਾਉ, ਪਤਾ ਉਦੋਂ ਲੱਗਣਾ ਕੀ ਵਰਤਦੀ ਆ ? ਕਈਆਂ ਵੀਰਾਂ ਦਾ ਖਿਆਲ ਆ ਭਈ ਜੇ ਇਥੇ ਆ ਗਏ ਤੇ ਸ਼ਾਇਦ ਫਤਹਿ-ਫੁਤਹੇ ਬੁਲਾ ਕੇ ਹੀ ਰਾਜੀਨਾਵਾਂ ਹੋ ਜਾਉ ਉਹਨਾਂ ਨਾਲ। ਹੁਕਮਨਾਮੇ ਦੀ ਉਲੰਘਣਾ ਕਰਕੇ ਭਲਾ ਲੰਘਿਉ ਤੇ ਸਹੀ ਕੋਈ ਕਦਮ ਉਧਰ ਨੂੰ ਤੇ ਜਿਹੜੇ ਵੀਰ ਕਹਿੰਦੇ ਜੀ ਜੇ ਅੰਦਰ ਵੜ ਗਏ.....। ਮੈਨੂੰ ਅੱਜ ਅਖ਼ਬਾਰਾਂ ਵਾਲੇ ਪੁੱਛਦੇ ਸੀ ਕਿ ਜੇ ਨਾਨਕ ਨਿਵਾਸ ਵਿੱਚ ਆ ਗਏ ਤੇ ਤੁਹਾਡਾ ਕੀ ਖਿਆਲ ਆ ? ਮੈਂ ਤਾਂ ਪੰਗਤੀ ਗੁਰੂ ਕੀ ਪੜ੍ਹੀ, ਗੁਰੂ ਕੇ ਆਸਰੇ ਜਿਉਨਾ। ਸਤਿਗੁਰੂ ਦਾ ਫੁਰਮਾਨ ਹੈ :

ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ ॥

(ਧਨਾਸਰੀ ਮ: ੪, ੬੬੯)

ਉਹਨਾਂ ਦੀ ਇੱਛਾ ਹੈ ਕਿ ਅਸੀਂ ਕੁਰਬਾਨੀ ਦੇਣੀ ਆਂ ਤੇ ਸਿੱਖ ਚਾਹੁੰਦੇ ਆ ਕਿ ਸਾਡਾ ਕਰਜ਼ਾ ਪੂਰਾ ਹੋਵੇ ਤੇ ਗਲੋਂ ਗਲਾਵਾਂ ਲੱਥੇ। ਉਹ ਆਈ ਜਾਣ ਤੇ ਸਿੱਖ ਕੁਰਬਾਨੀ ਲਈ ਜਾਣਗੇ, ਤੁਰਨ ਤੇ ਸਹੀ ਭਲਾ ਕਿਸੇ ਪਾਸੇ ?

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ

ਉਹਨਾ ਨੇ ਇਹ ਭੁਲੇਖਾ ਪਾਉਣ ਦੀ ਕੋਸ਼ਿਸ਼ ਅਰੰਭ ਕੀਤੀ ਆ ਗੌਰਮੈਂਟ ਦੇ ਆਸਰੇ ਨਾਲ, ਕਿਉਂਕਿ ਗੁਰੂ ਕੇ ਸਿੱਖ ਤਾਂ ਹਨ ਨਹੀਂ, ਸਰਕਾਰ ਦੇ ਸਿੱਖ ਆ। ਸਰਕਾਰ ਦੇ ਟਾਊਟ ਆ ਉਹ, ਉਹਨਾਂ ਦਾ ਖਿਆਲ ਆ ਭਈ ਕਿਸੇ ਬਹਾਨੇ ਨਾਲ ਇਥੇ ਭੇਜ ਦਿਉ ਤੇ ਕੁਝ ਦਲ ਦੇ ਸਿੰਘ ਉਧਰ ਜਾ ਵੜਨਗੇ ਤੇ ਕੁਝ ਭਿੰਡਰਾਂਵਾਲੇ ਨੂੰ ਕਹਿ ਦੇਣਗੇ.....। ਉਹਨਾਂ ਦੇ ਚਿੱਤ 'ਚ ਆ ਕਿ ਜਿਹੜਾ ਅਖ਼ਬਾਰਾਂ 'ਚ ਨਿਤਾ ਪ੍ਰਤੀ ਲਿਖਿਆ ਹੁੰਦਾ ਨਾ (ਕਿ ਅਕਾਲੀ ਆਪਸ ਵਿੱਚ) ਲੜਦੇ ਆ ਤੇ ਖੋਨੀ ਇਹੀ ਗੱਲ ਹੁਣੀ ਆਂ। ਇਹ ਪਤਾ ਤਾਂ ਲੱਗਣਾ ਜਿੱਦੋਂ ਇਥੇ ਆਏ। ਸ਼ਾਇਦ ਹੋ ਸਕਦਾ ਮੈਨੂੰ ਪਤਾ ਵੀ ਨਾ ਲੱਗੇ ਤੇ ਘਰ ਦੀ ਗੱਲ ਆ, ਵਿੱਚੋਂ ਈ ਉੱਠ ਕੇ ਕੋਈ ਮਾਂਜਾ ਫੇਰ ਦੇਵੇ, ਨਾਂਅ ਤਾਂ ਮੇਰਾ ਈ ਲੱਗਣਾ ਨਾ।

ਸੋ ਗੁਰੂ ਕੇ ਸਿੰਘੋ ਇਹੋ ਜਿਹੀਆਂ ਗੱਲਾਂ ਸੁਣ ਕੇ, ਇਹੋ ਜਿਹੀਆਂ ਚਾਲਾਂ ਸੁਣ ਕੇ, ਕਿਸੇ ਘਬਰਾਹਟ ਵਿੱਚ ਨਹੀਂ ਆਉਣਾ ਚਾਹੀਦਾ ਹੈਗਾ। ਨਾ ਹੀ ਇਹਨਾਂ 'ਤੇ ਬਹੁਤਾ ਕੋਈ ਨਿਸ਼ਚਾ ਰੱਖਣਾ, ਇੱਕ ਥਾਂ ਸਾਰੇ....., ਠੀਕ ਆ ਕਿਸੇ ਨੂੰ ਮਾੜਾ ਮੋਟਾ ਕਿਸੇ ਨਾਲ ਗੁੱਸਾ ਗਿਲਾ ਹੋਵੇਗਾ ਤੇ ਆਪੇ ਨਿਕਲਦਾ ਫਿਰੇਗਾ, ਪਰ ਗੁਰੂ ਕੀ ਸੰਗਤ ਨੂੰ ਇੱਕ ਥਾਂ ਰਹਿਣਾ ਚਾਹੀਦਾ। ਨਿਸ਼ਾਨ ਸਾਹਿਬ ਦੇ ਥੱਲੇ ਰਹੋ, ਸਤਿਗੁਰੂ ਗਰੰਥ ਸਾਹਿਬ ਤੇ ਅਡੋਲ ਨਿਸ਼ਚਾ ਰੱਖੋ, ਕਿਤੇ ਬੰਦੇ ਦਾ ਆਸਰਾ ਨਾ ਤੱਕੋ। ਸਤਿਗੁਰੂ ਦਾ ਫੁਰਮਾਨ ਹੈ :

ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥ ਦੇਵਨ ਕਉ ਏਕੈ ਭਗਵਾਨੁ ॥

(ਗਉੜੀ ਮ: ੫, ੨੮੧)

ਅਵਰ ਓਟ ਮੈ ਸਗਲੀ ਦੇਖੀ ਇਕ ਤੇਰੀ ਓਟ ਰਹਾਈਐ ॥

(ਸੋਰਠਿ ਮ: ੫, ੬੨੪)

ਉਸ ਅਕਾਲ ਪੁਰਖ ਦੇ ਆਸਰੇ ਰਹੋ। ਪੰਥ ਦੇ ਨਾਲ ਡਟ ਕੇ ਚੱਲਣਾ, ਸਤਿਗੁਰੂ ਅਕਾਲ ਪੁਰਖ ਦਾ ਆਸਰਾ ਰੱਖਣਾ ਤੇ ਕੇਸਰੀ ਨਿਸ਼ਾਨ ਸਾਹਿਬ ਦੇ ਸਤਿਕਾਰ ਨੂੰ ਕਾਇਮ ਰੱਖਣਾ।

ਰਾਜਿਸਥਾਨ ਦੀਆਂ ਨਹਿਰਾਂ ਵਿੱਚ ਸਿੱਖਾਂ ਦੀਆਂ ਲਾਸ਼ਾਂ

ਜਿਹੜੀਆਂ ਥਾਂ ਥਾਂ 'ਤੇ ਕਾਰਵਾਈਆਂ ਹੋ ਰਹੀਆਂ ਤੇ ਪੁਲਸ ਨੇ ਨਵਾਂ ਰਾਹ ਅਪਣਾ ਲਿਆ। ਅਖਬਾਰਾਂ ਵਿੱਚ ਵੀ ਆਉਣਾ ਸ਼ੁਰੂ ਹੋ ਗਿਆ ਤੇ ਗੰਗਾ ਨਗਰ ਦੇ ਡੀ. ਆਈ. ਜੀ. ਨੇ ਕਿਹਾ ਕਿ ਸਾਨੂੰ ਹੋਰ ਬਿਪਤਾ ਪੈ ਗਈ ਆ। ਪੰਜਾਬ ਵਿੱਚੋਂ ਲਾਸ਼ਾਂ ਆਉਣੀਆਂ ਸ਼ੁਰੂ ਹੋ ਗਈਆਂ ਤੇ ਸਾਨੂੰ ਨਿਤਾ ਪ੍ਰਤੀ ਇਹਨਾਂ ਦਾ ਪੋਸਟ ਮਾਰਟਮ ਕਰਾ ਕੇ ਤੇ ਸਸਕਾਰ ਕਰਨਾ ਪੈਂਦਾ, ਸਾਨੂੰ ਬਹੁਤ ਕੰਮ ਇਹ ਜ਼ਿਆਦਾ ਵਧ ਗਿਆ। ਉਹਦੇ ਵੱਲ ਆਪਾਂ ਨੂੰ ਕੋਈ ਧਿਆਨ ਦੇਣਾ ਪੈਣਾ, ਇਕੱਲੀਆਂ ਗੱਲਾਂ ਨਾਲ ਨਹੀਂ ਸਰਨਾ। ਮੈਨੂੰ ਤੇ ਅੱਜ ਪਤਾ ਲੱਗਾ ਹੈ, ਚੁੱਪ ਮੈਂ ਕਈਆਂ ਦਿਨਾਂ ਦਾ ਹਾਂ। ਖ਼ਬਰ ਪੜ੍ਹੀ ਆ, ਚੁੱਪ ਇਸ ਕਰਕੇ ਸੀ ਕਿ ਵੇਖਣਾ ਚਾਹੀਦਾ, ਹੈ ਕੀ ? ਤੇ ਅੱਜ ਕਿਸੇ ਪ੍ਰੇਮੀ ਨੇ ਦੱਸਿਆ ਭਈ ਜਿਤਨੀਆਂ ਲਾਸ਼ਾਂ ਗਈਆਂ, ਸਾਰੀਆਂ ਸਿੱਖਾਂ ਦੀਆਂ ਈ ਆ ਤੇ ਫਿਰ ਸਿੰਘੋ ਸੋਚਣਾ ਪਊਗਾ ਆਪਾਂ ਨੂੰ, ਜੇ ਸਿੰਘਾਂ ਦੀਆਂ ਲਾਸ਼ਾਂ ਉਧਰ ਨੂੰ ਜਾਂਦੀਆਂ ਤੇ ਆਪਾਂ ਮੋੜਨੀਆਂ ਕਿਵੇਂ ਆਂ ? ਇਹਦੇ ਬਾਰੇ ਤੁਸੀਂ ਵੀ ਸੋਚੋ ਤੇ ਮੈਂ ਵੀ ਸੋਚਾਂਗਾ। ਮੇਰਾ ਤਾਂ ਤਕਰੀਬਨ ਸੋਚਿਆ ਈ ਆ, ਹੁਣ ਸੋਚਣ ਦੀ ਤੁਹਾਡੀ ਲੋੜ ਆ ਜਾਂ ਲੀਡਰਾਂ ਨੂੰ ਲੋੜ ਆ।

ਹਥਿਆਰਬੰਦ ਹੋਣ ਦੀ ਅਪੀਲ ਅਤੇ ਜੁਝਾਰੂਆਂ ਨੂੰ ਸੰਭਾਲਣ ਦਾ ਵਿਸ਼ਵਾਸ

ਸਤਿਗੁਰੂ ਦੇ ਆਸਰੇ ਰਹਿਣਾ, ਕਾਣ ਕਿਸੇ ਦੀ ਮੰਨਣੀ ਨਹੀਂ, ਭੈ ਕਿਸੇ ਨੂੰ ਦੇਣਾ ਨਹੀਂ ਤੇ ਭੈ ਕਿਸੇ ਦਾ ਮੰਨਣਾ ਨਹੀਂ। ਗੁਰੂ ਸਾਹਿਬ ਦਾ ਹੁਕਮ ਹੈ :

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥

(ਸਲੋਕ ਮ: ੯, ੧੪੨੭)

ਇਸ ਆਸ਼ੇ 'ਤੇ ਆਪਾ ਚੱਲਣਾ। ਇਕੱਤਰਤਾ ਸਹਿਤ ਰਹੋ ਤੇ ਹਥਿਆਰ ਪੂਰੇ ਰੱਖੋ ਤੇ ਨਿਤਾ ਪ੍ਰਤੀ ਐਲਾਨ ਇਥੋਂ ਹੁੰਦਾ, ਪਰ ਆਉਣ ਵਾਲੇ ਦੇ ਕੰਨ 'ਚ ਜੂੰ ਨਹੀਂ ਸਰਕਦੀ ਹੈਗੀ। ਜਦੋਂ ਕੁੱਟ ਪੈਂਦੀ ਆ, ਉਦੋਂ ਕਹਿੰਦੇ ਬਾਬਾ ਜੀ ਉਦੋਂ ਮੰਨ ਲੈਂਦੇ ਚੰਗਾ ਸੀ ਤੇ ਜੇ ਅੱਗੇ ਨਹੀਂ ਮੰਨਿਆਂ, ਹੁਣ ਮੰਨ ਲਉ। ਹਥਿਆਰ ਵੱਧ ਤੋਂ ਵੱਧ ਲੈ ਕੇ ਰੱਖੋ ਤੇ ਕਈ ਪੁੱਛਦੇ ਰਹਿੰਦੇ ਜੀ ਕੀ ਕਰਨਾ, ਕਦੋਂ ਕਰਨਾ ? ਜੇ ਤਾਂ ਭਗਤ ਸਿੰਘ, ਗਾਂਧੀ ਨੂੰ ਪੁੱਛ ਕੇ ਗਿਆ ਸੀ ਜਾਂ ਊਧਮ ਸਿੰਘ ਕਿਸੇ ਦੀ ਰਾਇ ਲੈ ਕੇ ਗਿਆ ਸੀ, ਫਿਰ ਤਾਂ ਤੁਸੀਂ ਵੀ ਪੁੱਛ ਲਉ ਤੇ ਅਸੀਂ ਤਾਂ ਦੱਸ ਵੀ ਚੁੱਕੇ ਆਂ। ਉਹਨਾਂ ਨੂੰ ਤਾਂ ਕਿਹਾ ਵੀ ਕਿਸੇ ਨੇ ਨਹੀਂ ਸੀ ਤੇ ਮੈਂ ਤਾਂ ਕਿੰਨੀ ਵੇਰਾਂ ਸਟੇਜ ਤੋਂ ਬਿਆਨ ਦੇ ਚੁੱਕਿਆਂ ਕਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਰੂਪ ਨੂੰ ਅੱਗ ਲਾਉਣ ਵਾਲਾ ਮਨੁੱਖ, ਧੀਆਂ ਭੈਣਾਂ ਦੀ ਇੱਜ਼ਤ ਲੁੱਟਣ ਵਾਲਾ ਮਨੁੱਖ (ਜੋ ਹੈ), ਉਹਨਾਂ ਨੂੰ ਜਿਹੜਾ ਗੱਡੀ ਚੜ੍ਹਾ ਕੇ ਆਵੇਗਾ, ਮੈਂ ਉਹਨੂੰ ਸਾਂਭਾਗਾ। ਭਗਤ ਸਿੰਘ ਨੂੰ ਤੇ ਕਿਸੇ ਨਹੀਂ ਸੀ ਕਿਹਾ ਇਹ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਵਿੰਗ ਕੱਢ ਅਕਾਲੀ ਦਲ

ਆਹ ਜਿਹੜੇ ਨਿਤਾ ਪ੍ਰਤੀ ਕਹਿਨੇ ਆਂ, ਕੁਝ ਕਰਕੇ ਆਏ ਆਂ। ਇਹਦੇ ਵੱਲ ਧਿਆਨ ਦਿਉ। ਕੇਵਲ ਗੱਲਾਂ ਦੇ ਪ੍ਰਸ਼ਾਦ ਨਾਲ ਨਹੀਂ ਸਰਨਾ, ਜਦੋਂ ਤੱਕ ਚਾਸ ਨਹੀਂ ਵਿੱਚ ਪੈਂਦੀ। ਸੋ

ਮਿਲ ਕੇ ਰਹਿਣਾ। ਮੈਂ ਆਪਣੇ ਵੱਲੋਂ ਜਾਣ ਵਾਲੇ ਭਾਈ ਬਲਦੇਵ ਸਿੰਘ ਜੀ ਨਿਜ਼ਾਮਪੁਰੀਏ ਜੋ ਹਨ, ਭਾਵੇਂ ਉਹਨਾਂ ਦਾ ਦਾਹੜਾ ਕੱਟਿਆ ਤੇ ਕਈਆਂ ਦਾ ਖਿਆਲ ਆ ਭਈ ਇਹ ਲੀਡਰ ਬਣ ਕੇ ਚੱਲਿਆ। ਸਿੰਘੋ ਜਿਹੜਾ ਇਨਸਾਨ ਕਿਤੇ ਗ਼ਲਤੀ ਦਾ ਸ਼ਿਕਾਰ ਹੋ ਜਾਂਦਾ, ਕੁਸੰਗਤ ਦੇ ਕਾਰਨ, ਉਹਦਾ ਮਤਲਬ ਇਹ ਨਹੀਂ ਕੱਢ ਲੈਣਾ ਚਾਹੀਦਾ.....। ਜੇ ਉਹਨੇ ਕੁਸੰਗਤ ਦਾ ਤਿਆਗ ਕਰਕੇ ਤੇ ਸੰਗਤ ਦੀ ਰੰਗਤ ਨੂੰ ਆਪਣੇ ਮਨ ਵਿੱਚ ਚਾੜ੍ਹ ਲਿਆ ਤੇ ਫਿਰ ਵੀ ਉਹ ਉਹੋ ਜਿਹਾ ਹੀ ਆ। ਇਹ ਸ਼ੱਕ ਛੱਡ ਦੇਣੀ ਚਾਹੀਦੀ ਆ। ਅਕਾਲੀ ਦਲ ਵਿੰਗ ਕੱਢ ਇਹਨਾਂ ਨੇ ਆਪਣੇ ਦਲ ਦਾ ਨਾਂਅ ਰੱਖਿਆ। ਸਤਿਗੁਰੂ ਕਿਰਪਾ ਕਰਨ, ਇਹਨਾਂ ਦੇ ਸਿਰ 'ਤੇ ਮਿਹਰ ਦਾ ਹੱਥ ਰੱਖਣ ਤੇ ਇਹ ਆਂਹਦੇ ਨੇ ਅਸੀਂ ਵਿੰਗਿਆਂ ਦੇ ਵਿੰਗ ਕੱਢਣੇ ਆਂ। ਕਲਗੀਧਰ ਪਾਤਿਸ਼ਾਹ ਇਹਨਾਂ ਨੂੰ ਬਲ ਬਖ਼ਸ਼ਣ ਤੇ ਇਹ ਆਪਣਾ ਪ੍ਰਣ ਨਿਭਾ ਸਕਣ। ਬੋਲਦਿਆਂ ਗ਼ਲਤੀ ਹੋਈ ਹੋਵੇ ਤੇ ਸੰਗਤ ਬਖ਼ਸ਼ਣਹਾਰ ਹੈ, ਮੁਆਫ਼ ਕਰਨਾ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੨੬.

(ਦੀਵਾਨ ਹਾਲ ਮੰਜੀ ਸਾਹਿਬ, ਅੰਮ੍ਰਿਤਸਰ, ੦੬-੦੮-੧੯੮੩)

ਸਟੇਜ ਸੈਕਟਰੀ - ਹੁਣ ਸ੍ਰੀ ਮਾਨ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਆਪਣੇ ਵਿਚਾਰ ਰੱਖਣਗੇ।

ਸਤਿਗੁਰ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ ਜੀ ਦੀ ਪਵਿੱਤਰ ਗੋਦ ਵਿੱਚ ਸਜੀ ਹੋਈ, ਗੁਰੂ ਰੂਪ ਗੁਰੂ ਖ਼ਾਲਸਾ ਸਾਧ ਸੰਗਤ ਜੀਉ, ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਗੁਰੂ ਪਿਆਰੇ ਖ਼ਾਲਸਾ ਜੀ, ਸ੍ਰੀ ਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਵਿੱਤਰ ਗੋਦ ਵਿੱਚ ਸੱਜ ਕੇ, ਆਪ ਜੀ ਨੇ ਸਟੇਜ ਉੱਪਰੋਂ ਬੋਲਣ ਵਾਲੇ ਬੁਲਾਰਿਆਂ ਦੇ ਪਾਸੋਂ, ਪਵਿੱਤਰ ਵਿਚਾਰ ਸੁਣ ਕੇ ਅਨੰਦ ਮਾਣਿਆ ਹੈ, ਵਡਭਾਗੀ ਬਣੇ ਹੋ। ਸਮੇਂ ਦੀ ਘਾਟ ਹੋਣ ਦੇ ਕਾਰਨ, ਦਾਸ ਬਹੁਤਾ ਟਾਈਮ ਨਹੀਂ ਲਵੇਗਾ। ਕੇਵਲ ਆਏ ਹੋਏ ਵੀਰਾਂ ਦਾ ਧੰਨਵਾਦ ਕਰਦਾ ਹੈ। ਦਾਸ ਦੇ ਪਿੱਛੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਬਾਬਾ ਹਰਚੰਦ ਸਿੰਘ ਜੀ ਲੌਂਗੋਵਾਲ....., ਉਹਨਾਂ ਨੇ ਵੀ ਆਪਣੇ ਵਿਚਾਰ ਰੱਖਣੇ ਹਨ ਅਤੇ ਮੱਸਿਆ ਦੇ ਸੰਬੰਧ ਵਿੱਚ ਵੀ ਕੁਝ ਵਿਚਾਰ ਤੁਹਾਨੂੰ ਦੇਣਗੇ, ਉਹ ਵੀ ਸੁਣ ਕੇ ਜਾਣ ਦੀ ਕ੍ਰਿਪਾਲਤਾ ਕਰਨੀ। ਮੈਂ ਆਪਣੇ ਵੱਲੋਂ ਗੁਰਮੁਖ ਪਿਆਰੇ, ਸੱਚਖੰਡ ਵਾਸੀ, ਮਹਾਂਪੁਰਖ ਬ੍ਰਹਮ ਗਿਆਨੀ ਸੰਤ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਤੋਂ ਲੈ ਕੇ, ਹੁਣ ਦੇ ਸਮੇਂ ਤੱਕ ਟਕਸਾਲ ਵਿੱਚ ਰਹਿ ਕੇ, ਸੇਵਕ ਰੂਪ ਵਿੱਚ ਸੇਵਾ ਕਰਦੇ ਹੋਏ, ਬਾਬਾ ਠਾਰਾ ਸਿੰਘ ਜੀ, ਜੋ ਬੜੀ ਸਿਆਣਪ ਨਾਲ, ਮਹਿਤੇ ਦੇ ਇਨਚਾਰਜ ਰੂਪ ਵਿੱਚ, ਪ੍ਰਮੁੱਖ ਸੇਵਾਦਾਰ ਦੇ ਰੂਪ ਵਿੱਚ, ਉਥੇ ਸੇਵਾ ਨਿਭਾ ਰਹੇ ਹਨ। ਹੁਣ ਤੋਂ ਨਹੀਂ....., ਜਿਸ ਵੇਲੇ ਪਹਿਲੇ ਵੱਡੇ ਮਹਾਂਪੁਰਖਾਂ ਨੇ ਸੱਚਖੰਡ ਗਵਨ ਕੀਤਾ, ਉਦੋਂ ਪਹਿਲਾਂ ਨਾਲ ਰਹਿ ਕੇ, ਸਿਮਰਨ ਭਜਨ ਵਿੱਚ ਸਮਾਂ ਬਤੀਤ ਕੀਤਾ। ਉਸ ਤੋਂ ਪਿੱਛੋਂ (ਉਹਨਾਂ ਦੇ) ਸੱਚਖੰਡ ਗਵਨ ਤੋਂ ਉਪਰੰਤ, ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਦੇ ਨਾਲ, ਗੁਰਦੁਆਰੇ ਸਾਹਿਬਾਨ ਦੀ ਇਮਾਰਤ ਦੀ ਸੇਵਾ, ਹੋਰ ਉਥੋਂ ਦੇ ਜੋ ਕਮਰੇ ਆਦਿਕ ਬਣੇ, ਉਹਨਾਂ ਦੀ ਸੇਵਾ, ਲੰਗਰ ਦਾ ਪ੍ਰਬੰਧ, ਆਈਆਂ ਹੋਈਆਂ ਸੰਗਤਾਂ ਨੂੰ ਸਤਿਕਾਰ ਦੇਣਾ, ਉਹ ਸਾਰਾ ਇਹਨਾਂ ਦੇ ਜ਼ਿੰਮੇ ਸੀ।

ਭਾਈ ਅਮਰੀਕ ਸਿੰਘ ਤੇ ਬਾਬਾ ਠਾਰਾ ਸਿੰਘ ਦੀ ਗ੍ਰਿਫ਼ਤਾਰੀ ਦੀ ਸਾਜ਼ਿਸ਼

ਸੋ ਜਿਸ ਵੇਲੇ ਦਾਸ ਦੀ ਗ੍ਰਿਫ਼ਤਾਰੀ ਹੋਈ ਆ, ਉਸ ਤੋਂ ਪਿੱਛੋਂ.....ਭਾਈ ਭਾਨ ਸਿੰਘ ਜੀ ਨੇ ਵਿਸਥਾਰ ਸਹਿਤ ਤੁਹਾਨੂੰ ਦੱਸ ਦਿੱਤਾ.....। ਇਹ ਉਸ ਇਨਕੁਆਰੀ ਵਿੱਚ....., ਮੇਰੀ ਗ੍ਰਿਫ਼ਤਾਰੀ ਤੋਂ ਪਿੱਛੋਂ (ਜੋ) ਸਿੰਘ ਸ਼ਹੀਦ ਹੋਏ, ਸ਼ਹੀਦ ਸਿੰਘਾਂ ਦੇ ਸੰਬੰਧ ਵਿੱਚ ਅਕਾਲੀ ਦਲ ਵੱਲੋਂ ਜੁਡੀਸ਼ੀਅਲ ਜਾਂਚ ਦੀ ਮੰਗ ਕੀਤੀ ਗਈ। ਉਸ ਵਿੱਚ ਵੱਡੇ ਵੱਡੇ ਆਫ਼ੀਸਰ ਫਸਣ ਲੱਗੇ। ਇਹਨਾਂ ਗੁਰਮੁਖਾਂ ਦੋਹਾਂ ਦੀ ਡਿਊਟੀ ਲੱਗੀ ਸੀ.....। ਸੋ ਉਹਨਾਂ ਨੂੰ ਜਦੋਂ ਪਤਾ ਲੱਗਾ ਕਿ ਇਹ ਪੈਰਵਾਈ ਕਰ ਰਹੇ ਹਨ (ਤਾਂ) ਇਹਨਾਂ ਨੂੰ ਫਸਾਉਣ ਦਾ ਯਤਨ ਕੀਤਾ ਗਿਆ। ਇਹਨਾਂ ਦੀ ਗ੍ਰਿਫ਼ਤਾਰੀ ਤੋਂ ਪਹਿਲਾਂ, ਜਿਹਨਾਂ ਤਿੰਨਾਂ ਸਿੰਘਾਂ ਨੂੰ ਪਿੱਛੋਂ ਸਿਰੋਪਾਉ ਦੀ ਬਖਸ਼ਸ਼ ਹੋਈ ਆ, ਸਿਹਰੇ ਦੇ ਰੂਪ ਵਿੱਚ, ਉਹਨਾਂ ਵਿੱਚ ਭਾਈ ਅਜਾਇਬ ਸਿੰਘ ਜੀ ਡਰਾਈਵਰ ਅਤੇ ਭਾਈ ਜਗੀਰ ਸਿੰਘ ਜੀ ਤੇ ਭਾਈ ਨਰਿੰਦਰ ਸਿੰਘ, ਇਹ ਤਿੰਨੇ ਜਾਣੇ, ਸੰਤ ਬਾਬਾ ਉਤਮ ਸਿੰਘ ਜੀ ਨੂੰ ਖਡੂਰ ਸਾਹਿਬ ਵੱਲ ਛੱਡ ਕੇ, ਵਾਪਸ ਪਰਤ ਰਹੇ ਸਨ। ਰਸਤੇ ਵਿੱਚ ਪੁਲੀਸ ਨੇ ਇਹਨਾਂ ਨੂੰ ਘੇਰ ਕੇ, ਹੱਥ ਦੇ ਕੇ ਪਹਿਲਾਂ ਖੜੀ ਕੀਤੀ ਜੀਪ, ਮਨ 'ਚ ਖਟਿਆਈ ਹੁੰਦੀ ਤਾਂ ਸ਼ਾਇਦ ਇਹ ਜੀਪ ਨੂੰ ਦਬੱਲਦੇ, ਦੜਾਉਂਦੇ ਉਥੋਂ, (ਪਰ) ਸਚਿਆਈ ਹੋਣ ਦੇ ਕਾਰਨ, ਖ਼ਾਲਸਾ ਜੀ, (ਇਹਨਾਂ ਨੇ) ਜੀਪ ਖੜੀ ਕੀਤੀ। ਆਫ਼ੀਸਰ ਨੇ ਹੱਥ ਦਿੱਤਾ। (ਜਦ ਇਹਨਾਂ ਨੇ) ਪੁੱਛਿਆ ਕੀ ਕਾਰਨ ਆਂ ? ਕਹਿੰਦੇ ਤੁਹਾਨੂੰ ਆਫ਼ੀਸਰ ਬੁਲਾਉਂਦਾ....., ਉੱਤਰ ਕੇ ਉਹਦੇ ਕੋਲ ਗਏ, ਕੋਲ ਜਾਣ 'ਤੇ, ਉਹਨਾਂ ਨੇ ਇਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ।

ਭਾਈ ਅਮਰੀਕ ਸਿੰਘ ਤੇ ਬਾਬਾ ਠਾਰਾ ਸਿੰਘ ਦੀ ਗ੍ਰਿਫ਼ਤਾਰੀ

ਸੋ ਗ੍ਰਿਫ਼ਤਾਰੀ ਦੇ ਪਿੱਛੋਂ, ਜਦੋਂ ਦਾਸ ਨੂੰ ਪਤਾ ਲੱਗਾ, (ਉਸ ਵੇਲੇ) ਭਾਈ ਅਮਰੀਕ ਸਿੰਘ ਤੇ ਬਾਬਾ ਠਾਰਾ ਸਿੰਘ ਤੇ ਜਥੇ ਦੇ ਹੋਰ ਮੈਂਬਰ ਦਾਸ ਦੇ ਕੋਲ ਬੈਠੇ ਸਨ, ਕੁਝ ਵਿਚਾਰ ਕਰ ਰਹੇ ਸੀ। ਜੀਪ ਦਾ ਪਤਾ ਲੱਗਣ ਤੋਂ, ਇਹਨਾਂ ਨੂੰ ਭੇਜਿਆ ਗਿਆ। ਇਥੇ ਨਾਨਕ ਨਿਵਾਸ 'ਚ ੧੮ ਤਰੀਕ ਨੂੰ, ਸੰਧੂ ਨੇ ਦੱਸਿਆ ਜੋ ਵਿਚਾਰ ਹੋਈ ਆ। ਉਸ ਤੋਂ ਪਿੱਛੋਂ ਕਚਹਿਰੀ ਵਿੱਚ ਗਏ। ਮਹਾਰਾਜ ਕਿਰਪਾ ਕਰਨ, ਸਾਨੂੰ ਸੁਮੱਤ ਤੇ ਬਲ ਵੀ ਬਖਸ਼ਣ ਸਾਰਿਆਂ ਨੂੰ.....। ਹਰਚਰਨ ਸਿੰਘ ਅਜਨਾਲਾ ਜੋ ਇਸ ਵੇਲੇ ਮੰਤਰੀ ਆ, ਇਹਦੇ ਨਾਲ ਵੀ ਕੁਝ ਵਿਚਾਰ ਹੋਈ। ਉਸ ਨੇ ਇਹਨਾਂ ਨੂੰ ਕਿਹਾ (ਕਿ) ਤੁਸੀਂ ਚੰਡੀਗੜ੍ਹ ਆਇਆ ਕਰੋ। ਇਹਨਾਂ ਸੱਜਣਾਂ ਨੇ ਉੱਤਰ ਦਿੱਤਾ, ਭਾਈ ਅਮਰੀਕ ਸਿੰਘ ਹੁਣਾਂ ਨੇ ਕਿ ਅਸੀਂ ਤੇਰੇ ਕੋਈ ਨੌਕਰ ਨਹੀਂ ਹਾਂ ਕਿ ਤੁਹਾਡੇ ਦਰ ਦਰ 'ਤੇ ਜਾ ਕੇ ਖੜੋਈਏ, ਸਾਡਾ ਕੋਈ ਗੁਨਾਹ ਹੈ ਤੇ ਸਾਨੂੰ ਦੱਸੋ ? ਜਦੋਂ ਇੰਨੀ ਗੱਲ ਕਹੀ....., ਕੁਰਸੀ ਕੁਦਰਤੀ ਐਸੀ ਇਹ, ਬਹੁਤ ਮਾਣ (ਹੁੰਦਾ ਕੁਰਸੀ ਦਾ)। ਸੰਤ ਵੱਡੇ ਇਹਨੂੰ 'ਕੁ-ਰਸੀ' ਕਿਹਾ ਕਰਦੇ ਸੀ, 'ਕੁ-ਰਸੀ'। ਭਾਵ ਖੋਟੇ ਰਸ ਵਿੱਚ ਪਾ ਦੇਣ ਵਾਲੀ ਵੋਟਾਂ ਲੈਣੀਆਂ ਹੋਣ ਤੇ ਖੋਤੇ ਨੂੰ ਬਾਪੂ ਤੇ ਮਗਰੋਂ ਬਾਪੂ ਨੂੰ ਖੋਤਾ। ਐਸੀ ਹਾਲਤ ਇਹ ਕੁਰਸੀ ਕਰ ਦਿੰਦੀ ਆ। ਜਦੋਂ ਗੱਲ ਇਹਨਾਂ ਨੇ ਸਚਿਆਈ ਦੀ ਕੀਤੀ। ਇਹਨਾਂ ਦੇ ਮੂੰਹ 'ਤੇ ਤਾਂ ਕੁਝ ਕਿਹਾ ਨਾ, (ਪਰ) ਜਿਹੜਾ ਗਵਰਨਰ ਸੀ ਉਸ ਮੌਕੇ ਦਾ (ਜੋ) ਹੁਣ ਬਦਲ ਕੇ ਚਲਾ ਗਿਆ (ਹੈ), ਉਹਦੇ ਕੰਨ ਵਿੱਚ ਫੂਕ ਮਾਰ ਦਿੱਤੀ ਕਿ ਇਹ ਸਾਨੂੰ ਘੂਰਦੇ ਬੜਾ, ਸਾਨੂੰ ਤਾੜਦੇ

ਬੜਾ, ਸੱਚ ਕਹਿਣ ਤੋਂ ਨਹੀਂ ਝਕਦੇ ਤੇ ਉਹ ਤੁਰਿਆ ਜਾਂਦਾ ਕਹਿ ਗਿਆ (ਕਿ) ਇਹਨਾਂ ਨੂੰ ਗ੍ਰਿਫ਼ਤਾਰ ਕਰ ਲਵੋ। ਉਸ ਮੌਕੇ 'ਤੇ ਤਾਂ ਜ਼ੁਰਅਤ ਪਈ ਨਹੀਂ ਤੇ ਪਿੱਛੋਂ ਜਦੋਂ ਦੂਜੇ ਦਿਨ ਮੈਂ ਜੀਪ ਵਾਲਿਆਂ ਵਾਸਤੇ ਭੇਜਿਆ, ਭਈ ਜਾਉ ਪੈਰਵੀ ਕਰੋ ਉਹਨਾਂ ਦੀ, ਕਿਉਂਕਿ ਦਾਸ ਦਾ ਸਰੀਰ ਬਹੁਤ ਜ਼ਿਆਦਾ ਢਿੱਲਾ ਸੀ, ਗੁਲੂਕੋਜ਼ ਦੀਆਂ ਬੋਤਲਾਂ ਉਸ ਵੇਲੇ ਲੱਗਦੀਆਂ ਸੀ। ਇਹ ਨਹੀਂ ਕਿ ਜੀਪ ਫੜੀ ਕਰਕੇ, ਜੀਪ ਤੋਂ ਕੁਦਰਤੀ ੫-੭ ਦਿਨ ਪਹਿਲਾਂ ਦਾ ਸਰੀਰ ਜ਼ਿਆਦਾ ਢਿੱਲਾ ਸੀ। ਇਹਨਾਂ ਨੂੰ ਭੇਜਿਆ ਗਿਆ ਤੇ ਇਹਨਾਂ (ਦੀ) ਵੀ ਗ੍ਰਿਫ਼ਤਾਰੀ ਕਰ ਲਈ। ਸਾਢੇ ਕੁ ਬਾਰਾਂ ਵਜੇ ਗ੍ਰਿਫ਼ਤਾਰੀ ਹੋਈ ਆ, ਅੰਦਾਜ਼ਾ ਹੈ, ਘੜੀ ਤਾਂ ਮੈਂ ਵੇਖੀ ਨਹੀਂ।

ਮੋਰਚੇ ਦੀ ਅਰਦਾਸ

੧:੦੦ ਵਜੇ ਮੈਨੂੰ ਪਤਾ ਲੱਗਾ ਕਿ ਅਮਰੀਕ ਸਿੰਘ ਦੀ ਗ੍ਰਿਫ਼ਤਾਰੀ ਹੋ ਗਈ (ਆ)। ਡਾਕਟਰਾਂ ਨੇ ਕਿਹਾ ਸੀ ਤੂੰ ਹਿੱਲਣਾ ਨਹੀਂ, ਪਰ ਸਮੇਂ ਦੀ ਮਜ਼ਬੂਰੀ ਕਾਰਨ ਇਥੇ ਆਉਣਾ ਪਿਆ। ਇਥੇ ਆ ਕੇ ਖ਼ਾਲਸਾ ਜੀ ਹਲਾਤ ਵੇਖੇ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਾਹਿਬ, ਹੋਰ ਜਥੇਦਾਰ ਪ੍ਰਮੁੱਖ ਸੇਵਾਦਾਰ ਕੌਮ ਦੇ, ਇਥੇ ਕੋਈ ਮੌਕੇ 'ਤੇ, ਵਰਤਮਾਨ ਸਮੇਂ ਵਿੱਚ, ਉਦੋਂ ਹਾਜ਼ਰ ਨਹੀਂ ਸੀ। ਵਿਚਾਰ ਕਰਕੇ ਖ਼ਾਲਸਾ ਜੀ ਆਪਣੇ ਮਨ ਨਾਲ। ਛੇਵੇਂ ਪਾਤਿਸ਼ਾਹ ਦਾ ਹੁਕਮ ਲੈ ਕੇ, ਚਰਨਾਂ 'ਚ ਅਰਦਾਸ ਕੀਤੀ ਕਿ ਹੇ ਚੋਜੀ ਪ੍ਰੀਤਮ ਜੇ ਤਾਂ ਮੈਂ ਆਪਣੀ ਨਿੱਜੀ ਸ਼ੋਹਰਤ ਵਾਸਤੇ ਕੰਮ ਸ਼ੁਰੂ ਕਰ ਰਿਹਾਂ ਤੇ ਦਾਸ ਨੂੰ ਅਸਫ਼ਲਤਾ ਪ੍ਰਾਪਤ ਹੋਵੇ, ਹਾਰ ਹੋਵੇ ਤੇ ਜੇ ਪੰਥ ਤੇ ਕੌਮ ਦੀ ਚੜ੍ਹਦੀ ਕਲਾ ਵਾਸਤੇ ਤੇ ਧਰਮ ਦੀ ਪ੍ਰਫੁਲਤਾ ਵਾਸਤੇ ਕਮਰ ਕੱਸਾ ਕਰ ਰਿਹਾਂ ਤੇ ਕਿਰਪਾ ਕਰੋ, ਸਾਨੂੰ ਕੌਮ ਤੇ ਪੰਥ ਨੂੰ ਚੜ੍ਹਦੀ ਕਲਾ ਤੇ ਜਿੱਤ ਬਖਸ਼ੋ। ਉਹ ਮੇਰੇ ਚੋਜੀ ਪ੍ਰੀਤਮ ਮੀਰੀ ਪੀਰੀ ਦੇ ਮਾਲਕ ਨੇ, ਕ੍ਰਿਪਾਲਤਾ ਕੀਤੀ ਆ, ਭਾਈ ਅਮਰੀਕ ਸਿੰਘ ਦੇ ਫੜੇ ਜਾਣ ਤੋਂ, ਇਹ ਗ੍ਰਿਫ਼ਤਾਰੀ (ਦਾ) ੧:੦੦ ਵਜੇ ਮੈਨੂੰ ਪਤਾ ਲੱਗਾ, ੨:੩੦ ਵਜੇ ਮੈਂ ਇਥੇ ਪਹੁੰਚਿਆਂ। ੫:੦੦ ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਕੇ, ਸ਼ਾਇਦ ਹੋ ਸਕਦਾ ਮੇਰਾ ਅੰਦਾਜ਼ਾ ਗ਼ਲਤ ਹੋਵੇ, ਮੈਂ ਪੜ੍ਹਿਆ (ਲਿਖਿਆ ਤਾਂ ਹੈ) ਨਹੀਂ। ਹਿਸਟਰੀ ਪੜ੍ਹਨ ਵਾਲਿਆ ਨੂੰ ਪਤਾ ਹੋਵੇਗਾ, ਪਰ ਜਿਤਨੀ ਕੁ ਮੇਰੀ ਬੁੱਧ ਵਿਚਾਰ ਰੱਖਦੀ ਆ। ਉਹਦੇ ਮੁਤਾਬਕ ਮੈਨੂੰ ਪਤਾ ਲੱਗਾ ਕਿ ਅੱਜ ਤੱਕ ਇਹ ਕਿਤੇ ਨਹੀਂ ਹੋਇਆ ਕਿ ਢਾਈ ਘੰਟੇ ਵਿੱਚ ਗੌਰਮੈਂਟ ਨਾਲ ਟੱਕਰ ਕਿਤੇ ਲੱਗੀ ਹੋਵੇ, ਮੋਰਚਾ ਲਾਇਆ ਹੋਵੇ। ਹੋ ਸਕਦਾ ਇਹ ਪਹਿਲੀ ਵੇਰ ਦਾ ਮੋਰਚਾ ਹੋਵੇ। ੨:੦੦ ਵਜੇ ਪਤਾ ਲੱਗ ਕੇ, ੫:੦੦ ਵਜੇ ਜਥਾ ਅਰਦਾਸ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤੋਰਿਆ ਗਿਆ। ਰਾਤ ਨੂੰ ਤਕਰੀਬਨ ੧:੦੦ ਵਜੇ ਦੇ ਲੱਗਪੱਗ ਸਿੰਘਾਂ ਦੀ ਗ੍ਰਿਫ਼ਤਾਰੀ ਹੋਈ। ਸਾਰੀ ਰਾਤ ਬਾਰਸ਼ ਪੈਂਦੀ ਰਹੀ। ੧੬ ਜਥੇ ੪ ਅਗਸਤ ਤੱਕ, ਖ਼ਾਲਸਾ ਜੀ ਇਥੋਂ ਚਲਦੇ ਰਹੇ।

ਸੰਤ ਹਰਚੰਦ ਸਿੰਘ ਲੌਂਗੋਵਾਲ ਮੋਰਚਾ ਡਿਕਟੇਟਰ

੪ ਅਗਸਤ ਨੂੰ ਸਮੁੱਚੇ ਤੌਰ 'ਤੇ ਸਾਰੇ ਪੰਥ ਨੇ ਇਕੱਤਰ ਹੋ ਕੇ, ਡਿਕਟੇਟਰ ਸਾਹਿਬ ਬਾਬਾ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਨੂੰ ਮੰਨ ਕੇ, ਅੱਗੇ ਇਕੱਤਰਤਾ ਸਹਿਤ ਇਹ ਮੋਰਚਾ ਅਰੰਭ ਕੀਤਾ। ਹੁਣ ਤੱਕ ਉਹ ਜਾਰੀ ਹੈ।

ਭਾਈ ਅਮਰੀਕ ਸਿੰਘ ਹੋਣ 'ਤੇ ਵੀ ਮੋਰਚਾ ਜਾਰੀ ਰੱਖਣ ਦਾ ਐਲਾਨ

ਅੱਜ ਜਥੇ ਦੇ ਮੈਂਬਰ, ਫੈਡਰੇਸ਼ਨ ਦੇ ਮੈਂਬਰ, ਮੈਂ ਕਹਿ ਰਿਹਾ ਸਮੁੱਚੇ ਤੌਰ 'ਤੇ ਸਿੱਖ ਜਗਤ ਦੀ ਪਨੀਰੀ ਤੇ ਸਤਿਕਾਰਯੋਗ ਗੁਰਮੁਖ ਪਿਆਰੇ ਬਾਬਾ ਠਾਰਾ ਸਿੰਘ ਜੀ.....। ਸੱਚਖੰਡ ਵਾਸੀ ਮਹਾਂਪੁਰਖ....., ਜਿਹਨਾਂ ਮਹਾਂਪੁਰਖਾਂ ਨੇ ਦਾਸ ਵਰਗੇ ਨਿਕੰਮੇ, ਕੀੜੇ ਤੇ ਗੰਦਗੀ ਦੇ ਭਰੇ ਹੋਏ ਥੈਲੇ ਨੂੰ, ਇਹ ਸੰਗਤ ਦੇ ਜੋੜੇ ਝਾੜਨ ਵਾਸਤੇ ਸਮਾਂ, ਆਪਣੇ ਦਿਲ ਦੀ ਗਹਿਰਾਈ ਵਿੱਚੋਂ ਗੁਪਤ ਰੂਪ ਵਿੱਚ ਬਖਸ਼ਸ਼ ਕੀਤਾ। ਮੇਰਾ ਕਹਿਣ ਤੋਂ ਭਾਵ ਹੈ ਮਹਾਂਪੁਰਖ ਸੱਚਖੰਡ ਵਾਸੀ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ, ਜਿਹਨਾਂ ਦੀ ਬਰਸੀ ਸੰਗਰਾਂਦ ਵਾਲੇ ਦਿਨ ਮਨਾਈ ਜਾ ਰਹੀ ਹੈ, ਭਾਦਰੋਂ ਦੀ ਸੰਗਰਾਂਦ ਨੂੰ। ਉਹਨਾਂ ਦੇ ਲਾਡਲੇ ਸਪੁੱਤਰ, ਭਾਈ ਅਮਰੀਕ ਸਿੰਘ ਜੀ ਜੋ ਫੈਡਰੇਸ਼ਨ ਦੇ ਪ੍ਰਧਾਨ (ਹਨ), ਉਹਨਾਂ ਦੇ ਨਾਲ ਹੀ ਅਮਰਜੀਤ ਸਿੰਘ ਚਾਵਲਾ, ਸੁਰਿੰਦਰ ਸਿੰਘ ਅਤੇ ਭਾਈ ਹਰਮਿੰਦਰ ਸਿੰਘ ਗਿੱਲ, ਇਤ ਆਦਿਕ ਇਹ ਪ੍ਰੇਮੀ ਤੇ ਤਿੰਨ ਜਿਹਨਾਂ ਦੇ ਪਹਿਲਾਂ ਨਾਂਅ ਲਏ ਆ, ਉਹ ਅੱਜ ਰਿਹਾ ਹੋ ਕੇ ਆਏ ਆ, ਪਰ ਇਸ ਸੰਬੰਧ ਵਿੱਚ ਇੱਕ ਮੈਂ ਬੇਨਤੀ ਕਰ ਦੇਣੀ ਜ਼ਰੂਰੀ ਯੋਗ ਸਮਝਦਾ ਹਾਂ। ਖ਼ਾਸ ਕਰਕੇ ਅਖ਼ਬਾਰਾਂ ਵਾਲੇ ਪ੍ਰੇਮੀਆਂ ਨੂੰ ਬੇਨਤੀ ਕਰਾਂਗਾ ਤੇ ਗੌਰਮੈਂਟ ਨੂੰ ਚਿਤਾਵਨੀ (ਦਿੰਦਾ ਹਾਂ) ਤੇ ਚੈਲਿੰਜ ਵੀ ਕਰਦਾ ਹਾਂ। ਕਈਆਂ ਵੀਰਾਂ ਦਾ ਖਿਆਲ ਹੈ ਭਈ ਅੱਜ ਇਥੇ ਕੋਲੇ ਆ ਗਏ ਕਰਕੇ ਚੈਲਿੰਜ ਕਰਦਾ, ਪਰ ਜਿਹਨਾਂ ਨੇ ਟੇਪਾਂ ਸੁਣੀਆਂ (ਹੋਣੀਆਂ) ਉਹ ਨਹੀਂ ਕਹਿਣਗੇ, ਕਿਉਂਕਿ ਇਦੋਂ ਪਹਿਲਾਂ ਬਹੁਤ ਵੇਰਾਂ ਹੋ ਚੁੱਕਿਆ। ਸਰਕਾਰ ਵਾਲੇ ਤੇ ਸੀ. ਆਈ. ਡੀ ਵਾਲਿਉ ਚੇਤੇ ਰੱਖਿਉ ਤੇ ਕਿਤੇ ਇਹ ਨਾ ਕਹਿ ਦਿਉ ਭਈ ਇਹ ੪-੫, ੭-੮ ਆ ਗਏ ਆ ਤੇ ਕੰਮ ਮੁੱਕ ਗਿਆ....., ਨਹੀਂ, ਜਿਹੜੇ ਜੇਲ੍ਹਾਂ ਵਿੱਚ ਰਹਿ ਰਹੇ ਆ, ਉਹਨਾਂ ਵੀਰਾਂ ਨੂੰ ਪੂਰਨ ਭਰੋਸਾ ਦਿਵਾਉਂਦਾ ਹਾਂ, ਜਿਹੜੇ ਪਾਕਿਸਤਾਨ ਵਿੱਚ ਗਏ ਹੋਏ ਆ, ਮੱਧਿਆ ਪ੍ਰਦੇਸ਼ ਵਿੱਚ ਫਸੇ ਹੋਏ ਆ, ਗੁਰਬਚਨੇ ਨਰਕਧਾਰੀਏ ਦੇ ਨਾਂਅ ਉੱਪਰ ਵਰੰਟ ਜਿਹਨਾਂ ਦੇ ਜਾਰੀ (ਆ ਤੇ) ਭਗੌੜੇ ਕਰਾਰ ਦਿੱਤਾ ਹੋਇਆ, ਦਹੇੜੂ ਕਾਂਡ ਵਿੱਚ ਫਸਾਏ ਹੋਏ ਆ ਜਾਂ ਇਸੇ ਤਰ੍ਹਾਂ ਹੀ ਪੱਟੀ ਦੇ ਕੇਸਾਂ ਦੇ ਸੰਬੰਧ ਵਿੱਚ, ਤਰਨ ਤਾਰਨ ਦੇ ਸੰਬੰਧ ਵਿੱਚ.....। ਹੋਰ ਮੋਗੇ ਵੱਲੋਂ, ਬਠਿੰਡੇ ਵੱਲੋਂ, ਪਤਾ ਲੱਗਾ ਮੈਨੂੰ ਬਹੁਤ, ਫੈਡਰੇਸ਼ਨ ਦੇ ਵਿਦਿਆਰਥੀ, ਹੋਰ ਸਾਰੇ ਦਲਾਂ ਦੇ ਨਾਲ ਸੰਬੰਧ ਰੱਖਣ ਵਾਲੇ ਗੁਰਮੁਖਾਂ ਨੂੰ, ਗੌਰਮੈਂਟ ਨੇ ਆਪਣੀ ਕੋਝੀ ਨੀਤੀ ਦੇ ਅਧੀਨ, ਫਸਾਉਣ ਦੀ ਕੋਸ਼ਿਸ਼ ਅਰੰਭ ਕੀਤੀ ਹੋਈ ਆ। ਜਦੋਂ ਤੱਕ ਉਹ ਸਾਰੇ ਸਿੰਘ ਰਿਹਾਅ ਹੋ ਕੇ, ਮੀਰੀ ਪੀਰੀ ਦੇ ਮਾਲਕ ਦੇ ਚਰਨਾਂ ਨੂੰ ਛੋਂਹਦੇ ਨਹੀਂ, ਪ੍ਰਾਪਤ ਨਹੀਂ ਕਰਦੇ, ਤਦੋਂ ਤੱਕ ਮਤਾਂ ਗੌਰਮੈਂਟ ਇਹ ਖਿਆਲ ਕਰੇ, ਭਈ ਸ਼ਾਇਦ ਕੋਈ ਕੰਮ ਠੱਪ ਹੋ ਜਾਵੇਗਾ। ਸੰਪੂਰਨ ਸਿੰਘਾਂ ਦੀ ਸੰਪੂਰਨ ਰਿਹਾਈ ਤੇ ਅਨੰਦਪੁਰ ਦੇ ਮਤੇ ਦੀ ਸੰਪੂਰਨਤਾ, ਪੂਰੀ ਪ੍ਰਾਪਤੀ, ਜਦੋਂ ਤੱਕ ਇਹ ਪ੍ਰਾਪਤ ਨਹੀਂ ਹੁੰਦੀ, ਮਤਾਂ ਖਿਆਲ ਕਰਨ, ਸ਼ਾਇਦ ਭਿੰਡਰਾਂ ਵਾਲੇ ਦਾ ਇੰਨਾ ਕੰਮ ਸੀ (ਤੇ ਹੁਣ) ਚੁੱਕ ਕੇ ਕਛਹਿਰਾ ਕਿਸੇ ਪਾਸੇ ਉੱਡ ਜਾਵੇਗਾ (ਤੇ) ਲੌਂਗੋਵਾਲ ਇਕੱਲਾ.....। ਦੂਜੇ ਲੀਡਰ ਬਾਹਰਲੀਆਂ ਸੈਰਾਂ 'ਤੇ (ਚਲੇ ਜਾਣਗੇ)। ਜਦੋਂ ਤੱਕ ਇਹ ਕੰਮ ਪੂਰਾ ਨਹੀਂ ਹੁੰਦਾ, ਦੋਵੇਂ ਇਥੇ ਆਂ। ਬਾਕੀ ਲੀਡਰਾਂ ਦਾ ਮੈਂ ਸਤਿਕਾਰ ਕਰਦਾਂ, ਅਪਮਾਨ ਨਹੀਂ ਕਿਸੇ ਦਾ ਕਰਦਾਂ। ਸੈਰ ਸਪਾਟੇ ਦਾ ਜਿਹਦਾ ਚਿੱਤ ਕਰਦਾ ਕਰੇ, ਨਾ ਕਰੇ ਇਹ ਉਹਦੀ ਮਰਜ਼ੀ ਆ, ਪਰ ਇਹ ਕਿਸੇ ਨਾਲ ਸਾਡਾ ਵਿਤਕਰਾ ਨਹੀਂ, ਪੂਰੀਆਂ ਮੰਗਾਂ ਜਦੋਂ ਤੱਕ ਨਹੀਂ ਹੁੰਦੀਆਂ ਗੌਰਮੈਂਟ ਵਾਲਿਉ, ਤਦੋਂ ਤੱਕ ਇਹ ਮੋਰਚਾ ਜਾਰੀ ਰਹਿਣਾ, ਭਾਵੇਂ ਕਿਤਨੀ ਕੁਰਬਾਨੀ ਦੇਣੀ ਪਵੇ।

ਬੁੰਗਾ ਮਸਤੂਆਣਾ, ਦਮਦਮਾ ਸਾਹਿਬ ਦੇ ਸਿੰਘਾਂ ਦੀ ਗ੍ਰਿਫ਼ਤਾਰੀ

ਇੱਕ ਖਬਰ ਅੱਜ ਦਾਸ ਨੂੰ ਮਿਲੀ ਆ.....। ਸੰਤ ਬਾਬਾ ਹਾਕਮ ਸਿੰਘ ਜੀ, (ਜੋ) ਮਸਤੂਆਣੇ ਬੁੰਗੇ ਦੇ ਨਾਂਅ ਨਾਲ ਮਸ਼ਹੂਰ ਆ ਤੇ ਮੈਂ ਅਖ਼ਬਾਰਾਂ ਵਾਲਿਆਂ ਨੂੰ ਜ਼ਰੂਰ ਕਹਾਂਗਾ ਕਿ ਇਹ ਖ਼ਬਰ ਮੇਰੀ ਜ਼ਰੂਰ ਦੇ ਦਿਉ। ਅੱਖਰ ਭਾਵੇਂ ਘੱਟ ਲਾ ਲਿਉ ਪਰ ਕੜਾਕੇਦਾਰ ਜ਼ਰੂਰ ਲਾਇਉ। ਪਹਿਲਾਂ ਤਾਂ ਚੰਦੋਕਲਾਂ ਹਮਲਾ ਕੀਤਾ ਖ਼ਤਮ ਕਰਨ ਵਾਸਤੇ ਟਕਸਾਲ ਨੂੰ, (ਪਰ ਇਹ) ਨਹੀਂ ਹੋਈ। ਫਿਰ ਮਹਿਤੇ ਯਤਨ ਕੀਤਾ, ਟਕਸਾਲ ਖ਼ਤਮ ਨਹੀਂ ਹੋਈ। ਫਿਰ ਬੰਬੇ ੩੦ ਹਜ਼ਾਰ ਦਾ ਘੇਰਾ ਪਾਇਆ (ਪਰ) ਟਕਸਾਲ ਇਹਨਾਂ ਦੇ ਅਧੀਨ ਨਹੀਂ ਹੋਈ। ਇਦੋਂ ਪਿੱਛੋਂ ਅਮਰੀਕ ਸਿੰਘ ਹੁਰਾਂ ਨੂੰ ਫੜਿਆ, ...ਯਤਨ ਕੀਤਾ (ਪਰ) ਮੀਰੀ ਪੀਰੀ ਦੇ ਮਾਲਕ ਨੇ ਕ੍ਰਿਪਾ ਕੀਤੀ।

ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ ॥

(ਸੂਹੀ ਮ: ੫, ੭੮੪)

ਕ੍ਰਿਪਾਲਤਾ ਕਰ ਦਿੱਤੀ। ਉਹਦੇ ਵਿੱਚ ਵੀ ਸਰਕਾਰ ਸਫ਼ਲ ਨਹੀਂ ਹੋ ਸਕੀ। ਫਿਰ ਇਹਨਾਂ ਨੇ ਯਤਨ ਕੀਤਾ, ਉਹਦੇ ਵਿੱਚ ਮੈਂ ਕਹਾਂਗਾ, ਮੁਆਫ਼ ਵੀ ਕਰੇ ਸੰਗਤ। ਕੁਝ ਕੁ ਸਾਡੇ ਸਿੱਖਾਂ ਦੇ ਆਪਸ ਦੇ ਕਾਰਨ, ਇਹਨਾਂ ਨੂੰ ਰੱਤੀ ਕੁ ਜਿੰਨੀ ਸਫ਼ਲਤਾ ਹੋਈ ਆ ਬਾਬੇ ਬਕਾਲੇ, ਰੱਤੀ ਕੁ ਜਿੰਨੀ, ਪੂਰੀ ਨਹੀਂ। ਉਹ ਵੀ ਸਾਡੀ ਢਲਿਆਈ ਦੇ ਕਾਰਨ ਕਿ ਅਸੀਂ ਸੌਂ ਰਹੇ ਤੇ ਉਦੋਂ ਪਿੱਛੋਂ ਹੁਣ ਇਹਨਾਂ ਨੇ ਯਤਨ ਕੀਤਾ ਆ, ਬੁੰਗਾ ਮਸਤੂਆਣਾ ਅਸਥਾਨ ਦਮਦਮਾ ਸਾਹਿਬ, ਗੁਰੂ ਕੀ ਕਾਸ਼ੀ, ਸਾਬੋ ਕੀ ਤਲਵੰਡੀ, ਜਿੱਥੇ ਇਸ ਟਕਸਾਲ ਦੀ ਸਿਰਜਣਾ ਹੋਈ ਆ। ਜਿੱਥੇ ਬਾਬਾ ਦੀਪ ਸਿੰਘ ਜੀ ਨੇ ਸਿੱਖਿਆ ਲੈ ਕੇ, ਇਸ ਅਸਥਾਨ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਵਾਸਤੇ ਸੀਸ ਤਲੀ 'ਤੇ ਰੱਖਿਆ। ਅੱਜ ਹੁਣੇ ਮੈਨੂੰ ਸਟੇਜ 'ਤੇ ਬੈਠੇ ਨੂੰ ਪਤਾ ਲੱਗਾ ਕਿ ਉਸ ਇਲਾਕੇ ਦਾ ਜਿਹੜਾ ਐਸ. ਐਸ. ਪੀ. ਆ, ਉਹਨੇ ਹੁਣ ਉਥੇ ਬੁੰਗੇ 'ਚ ਰਹਿਣ ਵਾਲੇ....., ਵੱਡੇ ਬਾਬਾ ਜੀ ਦਾ ਨਾਂਅ ਮਿੱਠਾ ਸਿੰਘ (ਹੈ ਤੇ) ਇਹਨਾਂ ਦਾ ਨਾਂਅ ਬਾਬਾ ਹਾਕਮ ਸਿੰਘ (ਹੈ) ਤੇ ਜਿਹੜੇ ਇਥੇ ਵਿਦਿਆਰਥੀ ਪੜ੍ਹਦੇ ਆ, ਉਹਨਾਂ ਸਾਰਿਆਂ ਦੇ ਵਰੰਟ ਬਣਾ ਕੇ ਤੇ ਇਹਨਾਂ ਨੂੰ ਗ੍ਰਿਫ਼ਤਾਰ ਕਰਕੇ ਤੇ ਇਹਨਾਂ ਨੂੰ ਇਹ ਕੋਠੀਆਂ ਵਿਖਾਉਣ ਦੀ, ਇਹਨਾਂ ਨੇ ਨੀਤੀ ਅਪਣਾ ਲਈ ਆ।

ਸੋ ਮੈਂ ਸਰਕਾਰ ਨੂੰ ਇਹ ਕਹਿਣਾ ਚਾਹੁੰਦਾ ਹਾਂ, ਭਾਵੇਂ ਮੈਂ ਇਹਨਾਂ ਖਿਆਲਾਂ ਦਾ ਤੇ ਨਹੀਂ, ਭਈ ਕਹਿਣਾ ਚਾਹੁੰਦਾਂ, ਚੈਲੰਿਜ ਕਰਦੇ ਆਂ, ਗੰਭੀਰ ਸਿੱਟੇ ਨਿਕਲਣਗੇ, ਬਹੁਤਾ ਤੇ ਨਹੀਂ ਰੱਖਦਾ, ਪਰ ਕਈ ਵਾਰੀ ਸਟੇਜ ਨੂੰ ਮੁੱਖ ਰੱਖ ਕੇ ਕਹਿਣਾ ਪੈਂਦਾ। ਇਹ ਜਿਹੜਾ ਬੁੰਗਿਆਂ 'ਤੇ, ਗੁਰਦੁਆਰਿਆਂ 'ਤੇ, ਛਾਉਣੀਆਂ 'ਤੇ, ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਆ ਤੇ ਬਠਿੰਡੇ ਵਾਲੇ ਐਸ. ਐਸ. ਪੀ. ਨੂੰ ਮੈਂ ਦੱਸਣਾ ਚਾਹੁੰਨਾ ਸਟੇਜ ਤੋਂ। ਮੈਂ ਬੰਦਾ ਉਹੋ ਹੀ ਆਂ, ਜਿਹਦੇ ਕੋਲੋਂ ਅੱਜ ਤੋਂ ੫ ਦਿਨ ਪਹਿਲਾਂ ਤੇਰੇ ਰਿਸ਼ਤੇਦਾਰ ਤਰਲੇ ਕੱਢ ਕੇ ਗਏ ਆ, ਭਈ ਭਿੰਡਰਾਂਵਾਲੇ ਨੂੰ ਕਹਿ ਦਿਉ, ਅਸੀਂ ਤੇਰੇ ਆਂ, ਤੂੰ ਸਾਡਾ। ਸਾਡੇ 'ਤੇ ਜ਼ਰਾ ਕਿਰਪਾ ਰੱਖੀਂ ਤੇ ਨਾਲ ਇਹ ਕਿਹਾ, ਕਿਸੇ ਨੂੰ ਕੁਝ ਕਿਹਾ ਵੀ ਨਹੀਂ। ਆਹ ਠਾਰਾ ਸਿੰਘ ਕੋਲ ਬੈਠਾ, ਸੰਤ ਬਾਬਾ ਲੌਂਗੋਵਾਲ ਜੀ ਉਹਦੀ ਬਾਬਤ ਬੋਲਦੇ ਰਹੇ (ਨੇ), ਅੱਜ ਵੀ ਬੋਲਣਗੇ, ਮੈਂ ਬਹੁਤਾ ਕਹੀ ਤੇ ਕਹਿਣਗੇ ਨਾਲ ਦੇ ਨੂੰ ਕਹਿ ਰਿਹਾ। ਇਹਦੇ ਉੱਪਰ ਚੜ੍ਹ ਕੇ ਜਿਹੜੇ ਕਰਮਚਾਰੀ ਨੇ ਇਹਦੀ ਕ੍ਰਿਪਾਨ ਲਾਹੀ ਤੇ ਇਹਨੂੰ ਕੁੱਟਿਆ ਉੱਤੇ ਚੜ੍ਹ ਕੇ, ਉਹ ਸ਼ਾਇਦ ਉਹਨਾਂ ਨੂੰ ਪਤਾ ਲੱਗ ਗਿਆ ਹੁਣਾਂ.....। ਅੱਜ ਇਹਨਾਂ ਦੀ ਰਿਹਾਈ ਹੋਈ ਆ ਤੇ ਕੱਲ ਬੰਦੇ

ਭੇਜੋ ਕਿ ਬਾਬਾ ਠਾਰਾ ਸਿੰਘ ਨੂੰ ਪੁੱਛ ਲਉ, ਬਾਬਾ ਜੀ ਮੈਂ ਤੇ ਕੁਝ ਨਹੀਂ ਕਿਹਾ। ਮੇਰੇ ਕੋਲੇ ਅਜੇ ਆਏ ਨਹੀਂ, ਤੈਨੂੰ ਕੀ ਚਿੰਤਾ ਪੈ ਗਈ ਹੁਣੇ ਈ ?

ਨਰਕਧਾਰੀਆਂ ਨੂੰ ਦਰਬਾਰ ਸਾਹਿਬ ਭੇਜਣ ਦੀ ਸਾਜ਼ਿਸ਼

ਗੌਰਮੈਂਟ ਵਾਲਿਉ ਤੁਹਾਨੂੰ ਦੱਸਣਾ ਚਾਹੁੰਨੇ ਆਂ ਕਦੇ ਬੁੰਗਿਆਂ 'ਤੇ ਨਿਗ੍ਹਾ, ਕਦੇ ਛਾਉਣੀਆਂ 'ਤੇ ਨਿਗ੍ਹਾ, ਕਦੇ ਗੁਰਦੁਆਰਿਆਂ 'ਤੇ ਨਿਗ੍ਹਾ, ਕਦੇ ਨਾਨਕ ਨਿਵਾਸ 'ਤੇ ਨਿਗ੍ਹਾ ਤੇ ਇੱਕ ੧੫ ਤਰੀਕ ਨੂੰ ੨੧ ਮਨੁੱਖਾਂ ਦਾ ਇੱਕ ਜਥਾ ਆ ਰਿਹਾ ਨਰਕਧਾਰੀਆਂ ਦਾ ਤੇ ਇਹ ਗੌਰਮੈਂਟ ਦੀ ਰਚੀ ਹੋਈ ਇੱਕ ਸਾਜ਼ਿਸ਼ ਆ। ੭੮ ਨੂੰ ਵੀ ਉਹਨਾਂ ਨੂੰ ਸੱਦ ਕੇ ਇਥੇ ਗੜਬੜ ਕਰਾਈ ਸੀ ਤੇ ਹੁਣ ਵੀ ਖ਼ਾਲਸਾ ਜੀ ਗੌਰਮੈਂਟ ਚਾਹੁੰਦੀ ਆ ਕਿ ਧਰਮ ਯੁੱਧ ਮੋਰਚਾ ਚੜ੍ਹਦੀ ਕਲਾ 'ਚ ਜਾ ਰਿਹਾ, ਸਿੱਖ ਕੌਮ ਇੱਕ ਥਾਂ ਇਕੱਠੀ ਹੋਈ ਆ ਤੇ ਕਿਸੇ ਤਰੀਕੇ ਨਾਲ, ਅਕਾਲੀ ਦਲ ਨੂੰ ਤੇ ਟਕਸਾਲਾਂ ਨੂੰ, ਸੰਪਰਦਾਵਾਂ ਨੂੰ, ਬਦਨਾਮ ਕੀਤਾ ਜਾਵੇ ਤੇ ਇਥੇ ਭੇਜ ਕੇ ਟਕਰਾਉ ਉਹਨਾਂ ਦਾ ਕੀਤਾ ਜਾਵੇ ਤੇ ਮੈਂ ਨਰਕਧਾਰੀਆਂ ਨੂੰ ਦੱਸ ਦੇਣਾ ਚਾਹੁਨਾ। ਦਿੱਲੀ ਜਦੋਂ ੧੦ ਦਿਨ ਰਹੇ ਆਂ ਤੇ ਤੁਹਾਨੂੰ ਕਿਹਾ ਸੀ ਕਿ ਜੇ ਜਾਨ ਤੇ ਜ਼ੁਰਅਤ ਤੇ ਅਣਖ਼ ਆ ਤਾਂ ਤੁਸੀਂ ਆਪਣਾ ਭਵਨ ਦਿੱਲੀ ਖੋਲ ਕੇ ਵਿਖਾਉ। ਉਦੋਂ ਛੱਡ ਕੇ ਮਸੂਰੀ ਚਲਿਆ ਗਿਆ ਸੀ ਇਹਨਾਂ ਦਾ ਮੁੰਡਾ। ਗੁਰਬਚਨਾ ਤਾਂ ਭਲਾ ਚੜ੍ਹ ਗਿਆ ਨਾ ਉਤਾਂਹ ਤੇ ਇਹ ਉਥੇ ਠਹਿਰਿਆ ਨਹੀਂ ਸੀ ਤੇ ਨਰਕਧਾਰੀਉ ਤੁਹਾਨੂੰ ਦੱਸਣਾ ਚਾਹੁਨੇ ਆਂ। ਅਜੇ ਤੱਕ ਚੁੱਪ ਚਾਂਦ ਆ। ਸਿੰਘ ਕੁਝ ਬਹੁਤੇ ਇਸ ਪਾਸੇ ਧਿਆਨ ਜ਼ਿਆਦਾ ਨਹੀਂ ਦਿੰਦੇ, ਕਿਤੇ ਮਾੜਾ ਮੋਟਾ ਏ....। ਜੇ ਤਾਂ ਟਿਕਾਅ ਰੱਖਣਾ ਤੇ ਚੰਗੀ ਗੱਲ ਆ ਤੇ ਜੇ ਸਾਰਿਆਂ ਨੇ ਇਹ ਹੀ ਰਸਤਾ ਫੜ ਲਿਆ ਕਿ ਜਿਹੜੇ ਰਸਤੇ ਗੁਰਬਚਨਾ ਗਿਆ, ਉਸੇ ਰਸਤੇ ਜਾਣਾ (ਤੇ ਫਿਰ) ਜੀਅ ਸਦਕੇ ਆਉ, ਤੁਹਾਡਾ ਸਤਿਕਾਰ ਇਥੇ ਸੰਗਤ ਪੂਰਾ ਕਰੇਗੀ।

ਬੋਲੇ ਸੋ ਨਿਹਾਲ॥ ਸਤਿ ਸ੍ਰੀ ਅਕਾਲ॥

ਤੇ ਜੇ ਤਾਂ ਬਚਣਾ ਚਾਹੁੰਦੇ ਆਂ ਤੇ ਫਿਰ ਸਰਕਾਰ ਦੇ ਹੱਥ ਚੜ੍ਹ ਕੇ ਇਧਰ ਨੂੰ ਆਉਣ ਦਾ ਮੂੰਹ ਨਾ ਕਰਿਉ ਤੇ ਜੇ ਜ਼ਰੂਰ ਇਸੇ ਰਸਤੇ ਲੰਘਣਾ ਤੇ ਫਿਰ ਮੀਰੀ ਪੀਰੀ ਦੇ ਮਾਲਕ ਨੇ ਰਾਏ ਯੋਗ ਨੂੰ ਕਿਹਾ ਸੀ, ਜਦੋਂ ਹਸਨ ਖਾਂ ਦੂਤ ਗਿਆ। ਮਹਾਰਾਜ ਕਹਿਣ ਲੱਗੇ ਰਾਏ ਯੋਗ, ਇਹਨੂੰ ਛੱਡ ਦਿਉ ਤੇ ਰਾਏ ਯੋਗ ਕਹਿਣ ਲੱਗਾ, ਸੱਚੇ ਪਾਤਿਸ਼ਾਹ, ਇਹ ਜਸੂਸ ਆ। ਮਹਾਰਾਜ ਕਹਿਣ ਲੱਗੇ ਸ਼ਰਨ ਵਿੱਚ ਰਹੇਗਾ ਤਾਂ ਕੁਝ ਲੈ ਲਵੇਗਾ ਤੇ ਜੇ ਬਹੁਤਾ ਉਰਾਂ ਪਰਾਂ ਕਰੇਗਾ ਜਿਥੇ ੩੫ ਹਜ਼ਾਰ ਲੰਘਾਉਣੇ ਇੱਕ ਵਿੱਚ ਇਹ ਵੀ ਉਸੇ ਰਸਤੇ ਲੰਘ ਜਾਵੇਗਾ। ਮੈਂ ਬਾਬਾ ਜੀ ਹੁਣਾਂ ਨੂੰ ਬੇਨਤੀ ਕੀਤੀ ਸੀ.....। ਉਹਨਾਂ ਨੂੰ ਥੋੜ੍ਹਾ ਜਿਹਾ ਕਹਿੰਦੇ, ਉਹ ਨਰਮ ਆਂ। ਉਹ ਉਹਨਾਂ ਦੀ ਮਰਜ਼ੀ ਆ। ਸਾਡਾ ਵੈਰ ਕਿਸੇ ਨਾਲ ਹੈ ਨਹੀਂ, ਆਏ ਨੂੰ ਅਸੀਂ ਨਰਾਜ਼ ਮੋੜਦੇ ਨਹੀਂ ਤੇ ਸਰਕਾਰ ਦੇ ਹੱਥੀਂ ਚੜ੍ਹ ਕੇ ਜਾਣ ਬੁਝ ਕੇ ਪੰਗਾ ਲੈਣਾਂ ਤੇ ਫਿਰ ਜੀ ਸਦਕੇ ਆਉਣ 'ਤੇ ਸਿੱਖਾਂ ਨੂੰ ਮੈਂ ਬੇਨਤੀ ਕਰਾਂਗਾ ਸਮੁੱਚੇ ਤੌਰ 'ਤੇ (ਕਿ) ਗ਼ਲ ਕਿਸੇ ਦੇ ਪੈਣਾ ਨਹੀਂ ਤੇ ਜੇ ਦਿੱਲੀਉਂ ਚੜ੍ਹ ਕੇ ਇਥੇ ਟਕਰਾਉਣ ਵਾਸਤੇ, ਇਥੇ ਲੜਾਉਣ ਵਾਸਤੇ, ਧਰਮ ਯੁੱਧ ਮੋਰਚੇ ਦੇ ਵਿੱਚ ਵਿਘਨ ਪਾਉਣ ਵਾਸਤੇ, ਨਰਕਧਾਰੀਏ ਰਾਹ ਵਿੱਚ ਜੇ ਆਉਣ

(ਤਾਂ) ਜੋ ਹੁਕਮਨਾਮਾ ਜਾਰੀ ਹੋਇਆ, ਉਹਦੀ ਪੂਰੀ ਪੂਰੀ ਪਾਲਣਾ ਕਰਿਉ। ਮੈਂ ਆਪਣੇ ਵੱਲੋਂ, ਸ਼੍ਰੋਮਣੀ ਅਕਾਲੀ ਦਲ ਦਾ....., ਸਭ ਤੋਂ ਪਹਿਲਾਂ, ਗ਼ਲਤੀ ਹੋ ਗਈ ਮੁਆਫ਼ ਕਰਿਉ, ਸਭ ਤੋਂ ਪਹਿਲੋਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਸਵਾਸ ਸਵਾਸ ਧੰਨਵਾਦ ਕਰਦਾਂ ਤੇ ਸ਼੍ਰੋਮਣੀ ਅਕਾਲੀ ਦਲ, ਸਮੁੱਚੇ ਤੌਰ 'ਤੇ ਸਿੱਖ ਜਗਤ, ਵਿਸ਼ੇਸ਼ ਤੌਰ 'ਤੇ ਸਮੂਹ ਸੰਪਰਦਾਵਾਂ ਤੇ ਸਭ ਤੋਂ ਵਿਸ਼ੇਸ਼ ਤੌਰ 'ਤੇ ਜਹਾਜ਼ ਅਗਵਾਹ ਕਰਨ ਵਾਲੇ ਤੇ ਮੋਟਰ ਸਾਈਲ ਵਾਲਿਆਂ ਦਾ ਧੰਨਵਾਦ ਕਰਦਾ ਹਾਂ ਵਧਾਈ ਦਿੰਦਾ ਹਾਂ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੨੭.

(ਦੀਵਾਨ ਹਾਲ ਮੰਜੀ ਸਾਹਿਬ, ਅੰਮ੍ਰਿਤਸਰ, ੦੮-੦੮-੧੯੮੩)

ਸਟੇਜ ਸੈਕਟਰੀ - ਹੁਣ ਆਪ ਜੀ ਦੇ ਸਾਹਮਣੇ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਆਪਣੇ ਵਿਚਾਰ ਰੱਖਣਗੇ ਅਤੇ ਜਥੇ ਵਿੱਚ ਜਾਣ ਵਾਲੇ ਸਿੰਘਾਂ ਨੂੰ ਵਿਦਾਇਗੀ ਦੇਣਗੇ, ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ,

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥
ਸ਼੍ਰੋਮਣੀ ਅਕਾਲੀ ਦਲ ॥ ਜ਼ਿੰਦਾਬਾਦ ॥
ਸ਼੍ਰੋਮਣੀ ਅਕਾਲੀ ਦਲ ॥ ਜ਼ਿੰਦਾਬਾਦ ॥

ਸਤਿਗੁਰੂ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ ਜੀ ਦੀ ਪਵਿੱਤਰ ਗੋਦ ਵਿੱਚ ਸਜੀ ਹੋਈ ਗੁਰੂ ਰੂਪ ਸਾਧ ਸੰਗਤ ਜੀਉ,

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਸਤਿਗੁਰੂ ਜੀ ਦੀ ਗੋਦ ਵਿੱਚ ਸੱਜ ਕੇ ਆਪ ਜੀ ਨੇ ਸੁੰਦਰ ਵਿਚਾਰ ਸ੍ਰਵਣ ਕੀਤੇ ਨੇ ਬੁਲਾਰਿਆਂ ਪਾਸੋਂ, ਵਡਭਾਗੀ ਬਣੇ ਹੋ। ਸਤਿਗੁਰ ਜੀ ਦੀ ਮਹਾਨ ਕਿਰਪਾ ਦਾ ਸਦਕਾ, ਜੋ ਧਰਮ ਯੁੱਧ ਮੋਰਚੇ ਦੇ ਨਾਂਅ ਉੱਪਰ ਸੰਘਰਸ਼ ਜਾਰੀ ਹੈ। ਸਮੇਂ ਸਮੇਂ ਮੁਤਾਬਕ ਗੁਰੂ ਸਾਹਿਬ....., ਹਰ ਬਿਪਤਾ ਦੇ ਸਮੇਂ ਤੋਂ ਸੁਤੰਤਰਤਾ ਸਹਿਤ ਰੱਖ ਕੇ, ਖ਼ਾਲਸਾ ਪੰਥ ਨੂੰ ਜਿੱਤ ਬਖਸ਼ ਰਹੇ ਹਨ। ਸੋ ਆਉਣ ਵਾਲੇ ਸਮੇਂ ਵਿੱਚ ਵੀ ਆਪਾਂ ਨੂੰ ਦ੍ਰਿੜਤਾ ਸਹਿਤ ਇਕੱਤਰਤਾ ਨਾਲ ਮਜ਼ਬੂਤ ਹੋ ਕੇ ਚੱਲਣ ਤੋਂ, ਹੋਰ ਵੀ ਗੁਰੂ ਸਾਹਿਬ ਦੀ ਬਖਸ਼ਸ਼ ਜ਼ਰੂਰ ਹਾਸਲ ਹੋਵੇਗੀ। ਮੈਂ ਆਪਣੇ ਵੱਲੋਂ ਜਥੇ ਵਿੱਚ ਜਾਣ ਵਾਲੇ, ਜਿਤਨੇ ਵੀ ਜਥੇਦਾਰ ਆਏ ਹਨ, ਉਹਨਾਂ ਸਾਰਿਆਂ ਦਾ ਅਤੇ ਨਾਲ ਜਾਣ ਵਾਲੇ ਵਲੰਟੀਅਰ ਸਿੰਘਾਂ ਦਾ, ਮਾਈਆਂ ਬੀਬੀਆਂ ਤੇ ਭੈਣਾਂ ਦਾ ਧੰਨਵਾਦ ਕਰਦਾ ਹਾਂ ਅਤੇ ਸਭ ਨੂੰ ਵਧਾਈ ਦਿੰਦਾ ਹਾਂ, ਜੋ ਆਪ ਕੁਰਬਾਨੀ ਕਰਨ ਵਾਸਤੇ ਜਾ ਰਹੇ ਹੋ। ਖ਼ਾਸ ਤੌਰ 'ਤੇ ਸੱਚਖੰਡ ਵਾਸੀ ਮਹਾਂਪੁਰਖ, ਪੂਰਨ ਬ੍ਰਹਮ ਗਿਆਨੀ ਸੰਤ ਬਾਬਾ ਸੁੰਦਰ ਸਿੰਘ ਜੀ, ਜੋ ਭਿੰਡਰਾਂਵਾਲੇ ਹਨ, ਉਹਨਾਂ ਦੇ ਛੋਟੇ ਭਾਈ ਸੰਤ ਬਾਬਾ ਇੰਦਰ ਸਿੰਘ ਜੀ, ਜੋ ਇਸ ਵੇਲੇ ਬਧਨੀ ਕਲਾਂ ਪਿੰਡ ਵਿੱਚ ਰਹਿ ਕੇ ਕੀਰਤਨ ਦੁਆਰਾ ਗੁਰਮਤਿ ਦਾ ਪ੍ਰਚਾਰ ਕਰਕੇ, ਸੰਗਤਾਂ ਨੂੰ ਨਿਹਾਲ ਕਰ ਰਹੇ ਹਨ ਅਤੇ ਉਹਨਾਂ ਦੀ ਬੰਸ ਵਿੱਚੋਂ, ਜੋ ਉਹਨਾਂ ਦੇ ਭੈਣ ਜੀ ਹਨ। ਉਹਨਾਂ ਦੀ ਬੰਸ ਵਿੱਚੋਂ ਉਹਨਾਂ ਦਾ ਸਾਰਾ ਪਰਿਵਾਰ ਭਾਈ ਕਰਨੈਲ ਸਿੰਘ ਜੀ ਦਾ (ਵੀ) ਨਾਲ ਜਾ ਰਿਹਾ ਹੈ, ਮੈਂ ਉਹਨਾਂ ਦਾ ਵੀ ਧੰਨਵਾਦ ਕਰਦਾ ਹਾਂ। ਬਾਕੀ ਥਾਂ ਥਾਂ ਤੋਂ ਕਿਸੇ ਵੀ ਇਲਾਕੇ ਵਿੱਚੋਂ ਜੋ ਵੀ ਸੱਜਣ ਆਏ ਆ, ਮੈਂ ਸਾਰਿਆਂ ਦਾ ਧੰਨਵਾਦੀ ਹਾਂ।

ਹਿੰਦੂਆਂ ਨੂੰ ਧਮਕੀਆਂ ਭਰੀਆਂ ਚਿੱਠੀਆਂ ਪਾਉਣ ਦੀ ਸਾਜ਼ਿਸ਼

ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਸੰਗਤਾਂ ਦੇ ਚਰਨਾਂ ਵਿੱਚ ਤੇ ਅਖ਼ਬਾਰਾਂ ਵਾਲਿਆਂ ਨੂੰ ਸੂਚਿਤ ਕਰਨਾ ਚਾਹੁਨਾ ਆਂ ਕਿ ਇਹ ਖ਼ਬਰ ਜ਼ਰੂਰ ਪ੍ਰਕਾਸ਼ਤ ਕਰਨ। ਆਹ ਚਿੱਠੀ ਆ ਦਾਸ ਦੇ ਹੱਥ ਵਿੱਚ ਇੱਕ.....। ਸੱਤ ਚਿੱਠੀਆਂ ਇਹ ਕਾਦੀਆਂ ਦੇ ਇਲਾਕੇ ਵਿੱਚ ਗਈਆਂ ਤੇ ਇੱਕ ਪ੍ਰੀਤਮ ਸਿੰਘ ਭਾਟੀਏ ਦੇ ਪਾਸ ਪਹੁੰਚੀ ਆ। ਇਸ ਚਿੱਠੀ ਵਿੱਚ ਵੀ ਕਿਸੇ ਹਿੰਦੂ ਬਾਰੇ ਲਿਖਿਆ ਹੋਇਆ ਕਿ ੫੦ ਹਜ਼ਾਰ ਰੁਪਿਆ ਲੈ ਕੇ ਫਲਾਣੇ ਦਿਨ ਨੂੰ, ੧੨-੦੮-੮੩ ਨੂੰ ਰੇਲਵੇ ਲਾਈਨ ਦੇ ਪਾਸ, ਜਿੱਥੇ ਭਾਟੀਏ ਸਾਹਿਬ ਦਾ ਸ਼ੈਲਰ ਹੈ.....। ਉਹ ਚਿੱਠੀ ਜਿਸ ਨੂੰ ਪਾਈ (ਗਈ ਹੈ) ਉਸ ਨੂੰ ਕਿਹਾ ਹੈ ਕਿ ੫੦ ਹਜ਼ਾਰ ਰੁਪਿਆ ਲੈ ਕੇ ਉਥੇ ਫਲਾਣੇ ਟਾਈਮ 'ਤੇ ਪਹੁੰਚ ਜਾਹ ਤੇ ਜੇ ਨਾ ਪਹੁੰਚਿਆ ਤੇ ਆਪਣਾ ਕਮਰਕੱਸਾ ਤਿਆਰ ਰੱਖ, ਤੈਨੂੰ ਕੁਝ ਦਿਨਾਂ ਦੇ ਅੰਦਰ-ਅੰਦਰ ਖਤਮ ਕਰ ਦੇਣਾ। ਉੱਪਰ ਲਿਖਿਆ,

'ੴ ਖ਼ਾਲਿਸਤਾਨ ਜ਼ਿੰਦਾਬਾਦ'

ਥੱਲੇ ਸਮਾਪਤੀ 'ਤੇ ਜਾ ਕੇ ਲਿਖਿਆ,

'ਭਿੰਡਰਾਂਵਾਲਾ ਜ਼ਿੰਦਾਬਾਦ'।

ਸੋ ਮੈਂ ਸੰਗਤ ਨੂੰ ਬੇਨਤੀ ਕਰਦਾ ਹਾਂ ਕਿ ਇਹ ਕੰਮ ਗੌਰਮੈਂਟ ਦੀਆਂ ਕਾਲੀਆਂ ਕਰਤੂਤਾਂ ਦਾ ਹੈ ਜਿਹੜੇ ਕੇਸ ਉਸ ਨੇ ਦਰਜ ਕੀਤੇ ਸੀ, ਸਿੰਘਾਂ 'ਤੇ ਝੂਠੇ ਮੁਕੱਦਮੇ ਬਣਾਏ ਸਨ। ਉਹਨਾਂ ਵਿੱਚੋਂ ਗੁਰੂ ਸਾਹਿਬ ਦਾ ਓਟ ਆਸਰਾ ਤੱਕ ਕੇ, ਸਿੰਘ ਸਾਰੇ ਚੜ੍ਹਦੀ ਕਲਾ ਵਿੱਚ ਰਿਹਾਅ ਹੋ ਕੇ, ਬਰੀ ਹੋ ਕੇ ਆ ਰਹੇ ਹਨ (ਪਰ) ਉਸ ਨੂੰ ਛਪਾਉਣ ਵਾਸਤੇ, ਆਪਣੀ ਕਾਲੀ ਕਰਤੂਤ ਨੂੰ ਲੁਕਾਉਣ ਵਾਸਤੇ ਤੇ ਜਥੇ ਦੀ ਚੜ੍ਹਦੀ ਕਲਾ ਵੇਖ ਕੇ, ਇਸ ਨੂੰ ਦਾਗ਼ ਲਾਉਣ ਵਾਸਤੇ, ਕਲੰਕਤ ਕਰਨ ਵਾਸਤੇ , ਇਹ ਹਰਕਤ ਗੌਰਮੈਂਟ ਨੇ ਸ਼ੁਰੂ ਕਰ ਦਿੱਤੀ ਆ ਕਿ ਆਪਣੇ ਕੁਝ ਟਾਊਟਾਂ ਨੂੰ, ਆਪਣੇ ਚਾਟੜਿਆਂ ਨੂੰ ਪੈਰ ਕੇ, ਹਿੰਦੂਆਂ ਦੇ ਨਾਵਾਂ ਉੱਪਰ ਚਿੱਠੀਆਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ।

ਉਹ ਵੱਖਰੀ ਗੱਲ ਆ ਕਿ ਹਿੰਦੂ ਸਿੱਖਾਂ ਨਾਲ ਸਾਥ ਬਹੁਤ ਘੱਟ ਦੇ ਰਹੇ ਆ, ਭਾਵੇਂ ਐਮਰਜੈਂਸੀ ਵੇਲੇ ੬੦ ਕਰੋੜ ਲੋਕਾਂ ਨੂੰ ਸੁਤੰਤਰ ਕਰਨ ਵਾਸਤੇ, ੨ ਕਰੋੜ ਦੀ ਗਿਣਤੀ ਵਾਲੇ, ਲੋਕਾਂ ਵਿੱਚੋਂ ਵਿਸ਼ੇਸ਼ ਤੌਰ 'ਤੇ ਅਕਾਲੀ ਦਲ ਨੇ, ਜਿਹਨਾਂ ਨੂੰ ਸਿੱਖੀ ਦਾ ਮਾਣ ਪ੍ਰਾਪਤ ਹੈ, ਉਹਨਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮੋਰਚਾ ਅਰੰਭ ਕਰਕੇ, ਖ਼ਾਲਸਾ ਜੀ ਜਿੱਤ ਪ੍ਰਾਪਤ ਕੀਤੀ ਤੇ ੬੦ ਕਰੋੜ ਨੂੰ ਸੁਤੰਤਰ ਕਰਾਉਣ ਵਾਸਤੇ ੨ ਕਰੋੜ ਵਿੱਚੋਂ ੪੦ ਹਜ਼ਾਰ ਦੀ ਗ੍ਰਿਫ਼ਤਾਰੀ.....ਤੇ ਉਹਨਾਂ ਛੱਲੀ ਰਾਮ ਹੁਰਾਂ ਨੇ ਦਿੱਤੀ ਤਾਂ (ਉਸਦਾ) ਉਹਨਾਂ ਨੂੰ ਪਤਾ ਹੋਵੇਗਾ, ਪਰ ਜੇ ਸਮੁੱਚੇ ਤੌਰ 'ਤੇ ਪੰਜਾਬੀਆਂ ਦੀ ਸਹੂਲਤ ਵਾਸਤੇ, ਪੰਜਾਬ ਦੀ ਚੜ੍ਹਦੀ ਕਲਾ ਵਾਸਤੇ, ਸਮੂਹ ਨੂੰ ਸੁਖ ਦੇਣ ਵਾਸਤੇ, ਅਕਾਲੀ ਦਲ ਨੇ ਮੋਰਚਾ ਅਰੰਭਿਆ ਹੋਇਆ ਤਾਂ ਇਹਦੇ ਵਿੱਚ ੬੦ ਕਰੋੜ ਦੀ ਗਿਣਤੀ ਵਾਲਿਆਂ ਵਿੱਚੋਂ ਹੁਣ ਤੱਕ ੪੦ ਸੌ ਵੀ ਨਹੀਂ ਹੋਏ। ਭਾਵੇਂ ਅਸੀਂ ਏਕਤਾ ਨੂੰ ਮੁੱਖ ਰੱਖ ਕੇ ਕਹੀ ਜ਼ਰੂਰ ਜਾਨੇ ਆਂ ਕਿ ਜੀ ਅੱਜ ੫ ਹਿੰਦੂ ਭਰਾ ਆਏ ਆ, ਅੱਜ ੧੦ ਆਏ ਆ ਤੇ ਜਦੋਂ ਐਮਰਜੈਂਸੀ ਲੱਗੀ ਆ, ਆਪਾਂ ੪੦ ਹਜ਼ਾਰ ਗਏ ਸੀ, ਜ਼ਿਆਦਾ ਗਿਣਤੀ ਦਾ ਤਾਂ ਬਾਬਾ ਜੀ ਨੂੰ ਪਤਾ ਹੋਏਗਾ। ਮੇਰੇ ਸੁਣਨ ਵਿੱਚ ਇੰਨੀ ਆਈ ਆ, ਪੱਕਾ ਤਾਂ ਬਾਬਾ ਜੀ ਦੱਸ ਦੇਣਗੇ ਕਿੰਨੀ ਸੀ। ਆਪਾਂ ੨ ਕਰੋੜ ਦੀ ਗਿਣਤੀ ਵਾਲੇ ੪੦ ਹਜ਼ਾਰ ਜਾਈਏ ਤੇ ਛੱਲੀ ਰਾਮ ਹੁਣੀ ੬੦ ਕਰੋੜ ਦੀ ਗਿਣਤੀ ਵਿੱਚੋਂ ੪੦ ਸੌ ਵੀ ਨਾ

ਆਉਣ, ੪ ਹਜ਼ਾਰ ਵੀ। ਇਹ ਕਾਹਦੀ ਏਕਤਾ ? ਇੱਕ ਪੁੱਛਿਆ ਅੱਜ ਇੱਕ (ਹਿੰਦੂ) ਨੇ, ਸੰਤ ਜੀ ਏਕਤਾ ਕਿਵੇਂ ਹੋ ਸਕਦੀ ਆ ? ਮੈਂ ਆਖਿਆ ਜੀ ਅਸੀਂ ੪੦ ਹਜ਼ਾਰ ਗਏ ਸੀ, ਹਜ਼ਾਰ ਹਜ਼ਾਰ ਦਾ ਤੁਸੀਂ ਜਥਾ ਲਿਆਉ, ਆਪੇ ਏਕਤਾ ਹੋ ਜਾਊਗੀ। ਕਹਿੰਦੇ ਜੀ ਇਹ ਤਾਂ ਨਾ ਮੁਮਕਨ ਜਿਹਾ ਤੇ ਫਿਰ ਮੈਂ ਕਿਹਾ ਏਕਤਾ ਕਰਾਵੇਗਾ ਕੌਣ ? ਤੇ ਉਹਨਾਂ ਲੋਕਾਂ ਨੂੰ ਡਰਾਉਣ ਵਾਸਤੇ, ਧਮਕਾਉਣ ਵਾਸਤੇ, ਜਥੇ ਨੂੰ ਬਦਨਾਮ ਕਰਨ ਵਾਸਤੇ ਤੇ ਥਾਂ ਥਾਂ 'ਤੇ ਚਿੱਠੀਆਂ ਪਾਉਣੀਆਂ ਅਰੰਭ ਕਰ ਦਿੱਤੀਆਂ ਤੇ ਚਿੱਠੀਆਂ (ਪਾਉਣ) ਵਾਲਿਆਂ ਨੂੰ ਵੀ ਮੈਂ ਕਹਾਂਗਾ (ਕਿ) ਭਾਵੇਂ ਕਿਸੇ ਦੇ ਨਾਂਅ 'ਤੇ ਪਾਈ ਚੱਲੋ (ਪਰ) ਗੱਲ ਕਦੇ (ਨਾ ਕਦੇ) ਨਿਕਲਦਿਆਂ ਨਿਕਲਦਿਆਂ ਨਿਕਲ ਜਾਂਦੀ ਆ ਤੇ ਜੇ ਇਹਨਾਂ ਦਾ ਪਤਾ ਲੱਗ ਗਿਆ ਤਾਂ ਚੰਗੀ ਗੱਲ ਨਹੀਂ। ਇਹਦਾ ਸਿੱਟਾ ਬਹੁਤ ਮਾੜਾ ਨਿਕਲੂ, ਕਿਉਂਕਿ ਉਹ (ਚਿੱਠੀਆਂ ਪਾਉਣ ਵਾਲਾ) ਜਥੇ ਦੀ ਪੱਗ ਲਹਾਉਣੀ ਚਾਹੁੰਦਾ ਤੇ ਦਸਵੇਂ ਪਾਤਿਸ਼ਾਹ ਦੀ ਟਕਸਾਲ ਨੂੰ ਕਲੰਕਤ ਕਰਨਾ ਚਾਹੁੰਦਾ ਤੇ ਜੇ ਕਿਤੇ ਮੇਰੀ ਦਾੜ੍ਹ ਹੇਠਾਂ ਆ ਗਿਆ ਤੇ ਲਿਹਾਜ਼ ਮੈਥੋਂ ਵੀ ਨਹੀਂ ਹੋਣਾ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸੋ ਇਹ ਚਿੱਠੀਆਂ....., ਇਹਦੇ ਵਿੱਚ ਕੁਝ ਕੁ ਨਾਂਅ ਵੀ ਦਿੱਤੇ ਆ, ਇੱਕ ਤਾਂ ਜਗਮੋਹਣ ਲਾਲ ਆ ਕੋਈ, ਇੱਕ ਤਿਲਕ ਰਾਜ, ਓਮ ਪ੍ਰਕਾਸ਼, ਸੁਭਾਸ਼ ਚੰਦਰ, ਮਹਿੰਦਰ ਲਾਲ ਤੇ ਬ੍ਰਿਜ ਮੋਹਣ....., ਕਿਉਂਕਿ ਨਾਂਅ ਤੇ ਇਹੋ ਜਿਹੇ ਹੋਣੇ ਆਂ।

ਸੋ ਖ਼ਾਲਸਾ ਜੀ ਇਹਨਾਂ ਦੇ ਨਾਵਾਂ 'ਤੇ ਚਿੱਠੀਆਂ ਪਾਈਆਂ। ਇੱਕ ਚਿੱਠੀ ਮੇਰੇ ਕੋਲ ਹੋਰ ਵੀ ਆ, ਉਹ ਕਿਸੇ ਹੋਰ ਪ੍ਰੇਮੀ ਦੇ ਨਾਂਅ 'ਤੇ ਪਾਈ ਆ। ਇੱਕ ਸਿੰਘ ਨਾਂਅ ਵਾਲੇ ਦੇ ਨਾਂਅ 'ਤੇ ਵੀ ਪਾ ਦਿੱਤੀ ਆ, ਭਈ ਕਿਤੇ ਇਕੱਲੇ ਹਿੰਦੂਆਂ ਦੇ ਨਾਂਅ 'ਤੇ ਹੋਈ ਤਾਂ ਕਿਤੇ ਸ਼ੱਕ ਹੀ ਨਾ ਪੈ ਜਾਵੇ। ਪੰਜਾਬ ਐਂਡ ਸਿੰਧ ਬੈਂਕ ਦੀ ਜੋ ਕਾਦੀਆਂ ਵਿੱਚ ਬਰਾਂਚ ਆ, ਉਥੋਂ ਦਾ ਸੇਵਾ ਕਰਨ ਵਾਲਾ ਜੋ ਪ੍ਰਮੁੱਖ ਸੇਵਾਦਾਰ ਆ, ਮੈਨੇਜਰ ਦੇ ਰੂਪ ਵਿੱਚ, ਉਹ ਮੈਨੂੰ ਪਤਾ ਲੱਗਾ ਸਿੱਖ ਆ ਤੇ ਉਹਨੂੰ ਚਿੱਠੀ ਤੇ ਲਿਖਿਆ, ਜੇ ਤੂੰ ੧੨-੦੮-੮੩ ਨੂੰ ੩ ਲੱਖ ਰੁਪਿਆ ਲੈ ਕੇ ਫਲਾਣੇ ਥਾਂ 'ਤੇ ਆ ਜਾਵੇਂ ਤਾਂ ਤੇ ਤੇਰੀ ਬੰਦ ਖਲਾਸੀ ਆ। ਨਹੀਂ ਤੇ ਭਿੰਡਰਾਂਵਾਲੇ ਵੱਲੋਂ ਮੈਨੂੰ ਆਗਿਆ ਹੋ ਗਈ ਆ ਤੇ ਮੈਂ ਤੈਨੂੰ ਫਲਾਣੇ ਦਿਨ ਗੱਡੀ ਚਾੜ੍ਹ ਦੇਣਾ, ਪਰ ਤੂੰ ਸਿੱਖੀ ਸਰੂਪ ਵਾਲਾਂ, ਤੈਨੂੰ ਸਾਡੀ ਦੱਬ ਕੇ ਸਹਾਇਤਾ ਕਰਨੀ ਚਾਹੀਦੀ ਆ, ਤੂੰ ਖੁੱਲਾ ਗੱਫਾ ਲੈ ਕੇ ਆਵੀਂ। ਆਹ ਚਿੱਠੀ 'ਚ ਲਿਖਿਆ ਤੇ ਇਹੋ ਜਿਹੇ ਲੋਕਾਂ ਤੋਂ ਵੀ ਆਪਾਂ ਬਚਣਾ। ਨਾਂਅ ਬਦਨਾਮ ਕਰਨ ਵਾਸਤੇ, ਇਸ ਚੱਲ ਰਹੇ ਮੋਰਚੇ ਵਿੱਚ ਰੁਕਾਵਟਾਂ ਖੜੀਆਂ ਕਰਨ ਵਾਸਤੇ, ਹਰ ਹਰਬਾ ਗੌਰਮੈਂਟ ਨੇ ਵਰਤਣਾ (ਪਰ) ਉਹਨਾਂ ਤੋਂ ਆਪਾਂ ਨੂੰ ਪੂਰੀ ਸਾਵਧਾਨਤਾ ਨਾਲ ਰਹਿਣਾ ਚਾਹੀਦਾ। ਡਾਕਿਆਂ ਵਿੱਚ, ਚੋਰੀਆਂ ਵਿੱਚ, ਨਸ਼ੇ ਵਰਤਣ ਵਿੱਚ, ਟਕਸਾਲ ਦਾ ਵਿਸ਼ਵਾਸ਼ ਨਾ ਸੀ, ਨਾ ਹੈ ਤੇ ਨਾ ਆਉਣ ਵਾਲੇ ਸਮੇਂ ਵਿੱਚ ਕਦੇ ਹੋਵੇਗਾ। ਇਹਨਾਂ ਚੀਜ਼ਾਂ ਦੇ ਨਾਂਅ ਉੱਪਰ, ਕੋਈ ਮੇਰਾ ਨਾਂਅ ਲੈ ਕੇ ਬਾਹਰ ਕੰਮ ਕਰਦਾ ਤੇ ਮੈਂ ਸੰਗਤਾਂ ਨੂੰ ਬੇਨਤੀ ਕਰਾਂਗਾ ਫੜ ਕੇ ਚੰਗੀ ਤਰ੍ਹਾਂ ਚਾਹਟਾ ਛਕਾ ਦਿਉ ਤੇ ਜਦੋਂ ਚਾਹਟਾ ਛਕਾਉਣ ਤੋਂ ਪਿੱਛੋਂ ਮੇਰੇ ਕੋਲੇ ਲੈ ਆਏ, ਬਾਕੀ ਕਸਰ ਮੈਂ ਕੱਢ ਦਿਆਂਗਾ। ਇਹ ਨਾ ਹੋਵੇ (ਕਿ ਕਿਸੇ) ਤੁਰੇ ਜਾਂਦੇ ਨੂੰ ਛਕਾਉਣ ਲੱਗ ਜਾਉ, ਮੁੜਕੇ (ਮੈਨੂੰ) ਅੱਗੋਂ ਨਾ ਕਿਸੇ ਨੂੰ ਛਕਾਉਣਾ ਪਵੇ। ਤਸੱਲੀ ਪੂਰੀ ਕਰ ਕੇ ਛਕਾਇਉ।

ਨਰਕਧਾਰੀਆਂ ਦਾ ਸੁਆਗਤ ਕਰਨ ਬਾਰੇ ਝੂਠੀ ਖ਼ਬਰ

ਨਰਕਧਾਰੀਆਂ ਬਾਰੇ ਅੱਜ ਅਖ਼ਬਾਰਾਂ ਵਿੱਚ ਖ਼ਬਰਾਂ ਪੜ੍ਹ ਕੇ ਮਨ ਬੜਾ ਹੈਰਾਨ ਹੋਇਆ। ਨਰਕਧਾਰੀਆਂ, ਬਰੈਕਟ ਵਿੱਚ ਨਿਰੰਕਾਰੀਆਂ.....,ਉਹ ਜਿਹਨਾਂ ਨੂੰ ਤੇ ਲਹਿਜੇ ਦਾ ਪਤਾ, ਉਹਨਾਂ ਨੂੰ ਸਮਝ ਤਾਂ ਆਈ ਹੋਵੇਗੀ, ਪਰ ਆਮ ਜਨਤਾ ਦੇ ਮਨ ਵਿੱਚ ਭੁਲੇਖਾ ਪੈ ਸਕਦਾ ਕਿ ਭਿੰਡਰਾਂਵਾਲੇ ਨੇ ਆਖਿਆ ਕਿ ਨਿਰੰਕਾਰੀ ਜਦੋਂ ਇਥੇ ਆਉਣ, ਤਾਂ ਉਹਨਾਂ ਦਾ ਸੁਆਗਤ ਕੀਤਾ ਜਾਵੇ ਜਾਂ ਤਾਂ ਨਾਲ ਦੱਸ ਦਿੰਦੇ ਕਿ ਜਿਵੇਂ ਗੁਰੂ ਕੇ ਨਿੰਦਕ ਦਾ ਸੁਆਗਤ ਕਰੀਦਾ, ਉਸ ਤਰ੍ਹਾਂ ਕਰਨਾ। ਫਿਰ ਵੀ ਸ਼ੱਕ ਨਾ ਕਿਸੇ ਨੂੰ ਪੈਂਦੀ। ਇਕੱਲੇ ਅੱਖਰ ਲਿਖ ਦਿੱਤੇ ਨੇ ਕਿ ਨਰਕਧਾਰੀਆਂ ਦਾ ਸੁਆਗਤ ਭਿੰਡਰਾਂਵਾਲੇ ਨੇ ਕਿਹਾ ਕਰੋ। ਹੁਣ ਇਹਦਾ ਕੀ ਪਤਾ ਕਿਵੇਂ ਕਰਨਾ ? ਸਤਿਗੁਰੂ ਕਿਰਪਾ ਕਰਨ, ਆਪਾਂ ਗਲ਼ ਕਿਸੇ ਦੇ ਪੈਣਾ ਨਹੀਂ ਤੇ ਜੇ ਮੱਲੋ ਮੱਲੀ ਆਣ ਕੇ ਕੋਈ ਗਲ਼ ਚੜੇਗਾ, ਫਿਰ ਲਾਹੁਣ ਤੋਂ ਟਲਣਾ ਨਹੀਂ। ਉਹਨਾਂ ਨੇ ਸਕੀਮਾਂ ਬਣਾਈਆਂ ਕਿ ਘੰਟਾ ਘਰ ਵਾਲੇ ਪਾਸੇ ੨੧-੨੧ ਬੰਦਿਆਂ ਦੇ ਜਥੇ ਭੇਜ ਕੇ ਤੇ ਸ਼੍ਰੋਮਣੀ ਅਕਾਲੀ ਦਲ ਤੇ ਭਿੰਡਰਾਂਵਾਲੇ ਦੀ ਪਿਆਸ ਬੁਝਾ ਦੇਈਏ ਤੇ ਇਹਨਾਂ ਨੂੰ ਕਹੀਏ ਜਿੰਨਾ ਖ਼ੂਨ ਪੀਣਾ ਪੀ ਲਵੋ ਤੇ ਜਦੋਂ ਟਕਰਾ ਹੋਇਆ, ਉਦੋਂ ਕਹਿ ਦਿਆਂਗੇ ਜੀ ਇਹ ਤਾਂ ਅਕਾਲੀ ਦਲ ਨੇ ਕਰਵਾਇਆ, ਭਿੰਡਰਾਂਵਾਲੇ ਨੇ ਕਰਵਾਇਆ। ਮੈਂ ਸੰਗਤ ਦੇ ਚਰਨਾਂ ਵਿੱਚ ਬੇਨਤੀ ਕਰਾਂਗਾ ਇਹ ਇਲਜ਼ਾਮ ਆਪਣੇ 'ਤੇ ਕੋਈ ਸਿੱਧ ਨਹੀਂ ਹੋਣਾ। ਜੇ ਚਾਹਟਾ ਛਕਾ ਦਿੱਤਾ ਨਾ ਕਿਸੇ ਨੇ ਤਾਂ ਕੋਈ ਨੁਕਸਾਨ ਨਹੀਂ ਹੁੰਦਾ। ਫਿਕਰ ਨਾ ਕਰਿਉ, ਕਿਉਂਕਿ ਸਿੱਖਿਆ ਉਹਨਾਂ ਨੇ ਦਿੱਤੀ ਆ। ਜੇ ਉਹ ਸ਼ਾਂਤਮਈ ਨਾਲ ਆਉਣ ਲੱਗੇ ਆ ਤੇ ਉਹਨਾਂ ਨੂੰ ਕਿਸੇ ਨੇ ਚਾਹਟਾ ਛਕਾ ਦਿੱਤਾ ਤੇ ਕਹਿੰਦੇ (ਨੇ) ਕੇਸ ਬਣੇਗਾ ਤੇ ਜੇ ਆਪਣੇ ਸ਼ਾਂਤਮਈ ਗਏ ਸੀ ਤੇ ਉਹਨਾਂ ਨੇ ਤੇਰਾਂ ਭੁੰਨ ਦਿੱਤੇ ਸੀ, ਉਹਨਾਂ 'ਤੇ ਕਿੰਨੇ ਕੁ ਕੇਸ ਚੱਲੇ ਸੀ। ਆਪਣੇ ਸਿੰਘ ਲੜਨ 'ਤੇ ਨਹੀਂ ਸੀ ਗਏ ਉਦੋਂ ਅਠੱਤਰ ਵਿੱਚ, ੧੯੭੯ ਨੂੰ। (ਉਹ ਵੀ ਤਾਂ) ਸ਼ਾਂਤੀ ਨਾਲ ਹੀ ਗਏ ਸੀ ਨਾ, (ਕਿ) ਸਾਡੇ ਗੁਰੂ ਦੀ ਨਿੰਦਿਆ ਨਾ ਕਰੋ ਤੇ ਜੇ ਦੋਬਾਰਾ ਇਹ ਸ਼ਾਂਤੀ ਨਾਲ ਆਉਣਗੇ ਤੇ ਆਪਾਂ (ਵੀ ਉਹੋ) ਰਸਤਾ ਅਖ਼ਤਿਆਰ ਕਰ ਲਾਂਗੇ, ਅੱਗੇ ਜਿਵੇਂ ਗੁਰੂ ਨੂੰ ਭਾਵੇਗਾ।

ਮੈਂ ਆਪਣੇ ਵੱਲੋਂ ਜਥੇ 'ਚ ਜਾਣ ਵਾਲੇ ਜਥੇਦਾਰਾਂ ਦਾ, ਸਾਰੇ ਮਾਈਆਂ, ਭਾਈਆਂ, ਗੁਰਮੁਖਾਂ, ਨੌਜੁਆਨਾਂ ਦਾ ਧੰਨਵਾਦ ਕਰਦਾਂ ਤੇ ਜਿਹਨਾਂ ਸਿੰਘਾਂ ਨੇ ਅੱਜ ਸ਼ਰਾਬ ਛੱਡੀ ਆ ਤੇ ਦਾਹੜੀ 'ਤੇ ਕੇਸ ਰੱਖਣ ਦਾ ਪ੍ਰਣ ਕੀਤਾ, ਉਹਨਾਂ ਸਿੰਘਾਂ ਨੂੰ ਵੀ ਬੇਨਤੀ ਕਰਾਂਗਾ (ਕਿ) ਸਿੰਘੋਂ ਪ੍ਰਣ ਕਰਕੇ ਮੁਕਰਨਾ ਨਹੀਂ। ਸਿੱਖੀ ਸਰੂਪ ਵਿੱਚ ਸਾਬਤ ਰਹਿਣਾ, ਬਾਣੀ ਪੜ੍ਹਨੀ ਤੇ ਰਹਿਤ ਮਰਯਾਦਾ ਵਿੱਚ ਚੱਲਣਾ। ਸਤਿਗੁਰੂ ਕਿਰਪਾ ਕਰਨਗੇ, ਜ਼ਰੂਰ ਚੜ੍ਹਦੀ ਕਲਾ ਹੋਵੇਗੀ। ਸਦਾ ਕੇਸਰੀ ਨਿਸ਼ਾਨ ਸਾਹਿਬ ਦੇ ਥੱਲੇ ਰਹਿ ਕੇ, ਪੰਥ ਦੀ ਨੰਗੇ ਧੜ ਡਟ ਕੇ ਹਮਾਇਤ ਕਰਨੀ, ਘੁੰਡ ਜਿਹਾ ਕੱਢ ਕੇ ਨਹੀਂ। ਸਤਿਗੁਰੂ ਕਿਰਪਾ ਕਰਨ ਸਾਨੂੰ ਸਾਰਿਆਂ ਨੂੰ ਉਦਮ ਬਖਸ਼ਣ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੨੮.

(ਦੀਵਾਨ ਹਾਲ ਮੰਜੀ ਸਾਹਿਬ, ਅੰਮ੍ਰਿਤਸਰ, ੦੯-੦੮-੧੯੮੩)

ਸਟੇਜ ਸੈਕਟਰੀ - ਸੰਤ ਗਿਆਨੀ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸੇਵਾ ਵਿੱਚ ਕਿ ਉਹ ਸੰਗਤ ਨੂੰ ਸੰਬੋਧਨ ਕਰਨ ਅਤੇ ਵਰਤਮਾਨ ਪੰਥਕ ਹਲਾਤ 'ਤੇ ਚਾਨਣਾ ਪਾਉਣ, ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ।

ਸਤਿਗੁਰੂ ਗਰੀਬ ਨਿਵਾਜ, ਸੱਚੇ ਪਾਤਿਸ਼ਾਹ ਜੀ ਦੀ ਸਾਜ਼ੀ ਨਿਵਾਜ਼ੀ, ਗੁਰੂ ਰੂਪ ਗੁਰੂ ਖ਼ਾਲਸਾ ਸਾਧ ਸੰਗਤ ਜੀਉ, ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਪਿਆਰੇ ਖ਼ਾਲਸਾ ਜੀ, ਆਪ ਜੀ ਨੇ ਸਤਿਗੁਰੂ ਜੀ ਦੀ ਪਵਿੱਤਰ ਗੋਦ ਵਿੱਚ ਬੈਠ ਕੇ ਸੁੰਦਰ ਵਿਚਾਰ ਸੁਰਵਣ ਕੀਤੇ ਹਨ। ਵਰਤਮਾਨ ਸਮੇਂ ਦੇ ਸੰਬੰਧ ਵਿੱਚ ਬੋਲਣ ਵਾਲੇ ਬੁਲਾਰਿਆਂ ਨੇ ਆਪ ਜੀ ਨੂੰ, ਵਿਚਾਰ ਸੁਣਾ ਕੇ ਨਿਹਾਲ ਕੀਤਾ ਹੈ। ਸੋ ਜਿਸ ਤਰੀਕੇ ਦੇ ਨਾਲ ਗੌਰਮੈਂਟ ਨੇ ਤਸ਼ੱਦਦ ਕਰਕੇ, ਸਿੱਖਾਂ ਦੇ ਵਿੱਚ ਦਹਿਸ਼ਤ ਫੈਲਾਉਣ ਦੀ ਕੋਸ਼ਿਸ਼ ਜਾਰੀ ਕੀਤੀ ਹੋਈ ਹੈ, ਇਸ ਤੋਂ ਸੰਗਤਾਂ ਨੂੰ ਘਬਰਾਉਣ ਦੀ ਲੋੜ ਨਹੀਂ। ਜਿਸ ਤਰੀਕੇ ਨਾਲ ਗੁਰਮੁਖ ਪਿਆਰੇ ਭਾਈ ਇੰਦਰਜੀਤ ਸਿੰਘ ਜੀ ਨੇ, ਜੋ ਜਥੇ ਵਿੱਚ ਜਾ ਰਹੇ ਹਨ, ਆਪਣਾ ਵਿਚਾਰ ਦਿੱਤਾ ਹੈ, (ਉਸੇ ਤਰ੍ਹਾਂ) ਹਰ ਪਿੰਡ ਵਿੱਚ, ਹਰ ਥਾਂ 'ਤੇ ਨੌਜੁਆਨਾਂ ਨੂੰ ਜਥੇਬੰਦੀ ਦੇ ਰੂਪ ਵਿੱਚ ਇਕੱਤਰ ਹੋ ਕੇ, ਆਪੋ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਨਾ ਚਾਹੀਦਾ ਹੈ। ਜਿੱਥੇ ਜਿੱਥੇ ਵੀ ਇਹੋ ਜਿਹੇ ਲੋਕ, ਝੂਠੇ ਮੁਕਾਬਲੇ ਬਣਾ ਕੇ ਜਾਂ ਝੂਠੇ ਦੋਸ਼ ਲਾ ਕੇ ਸਿੰਘਾਂ ਨੂੰ ਪਕੜਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ, ਉਹਨਾਂ ਨੂੰ ਮੂੰਹ ਤੋੜਵਾਂ ਉੱਤਰ ਦੇਣ ਵਾਸਤੇ ਆਪਾਂ ਨੂੰ ਮਜ਼ਬੂਤੀ ਨਾਲ ਇੱਕ ਥਾਂ ਇਕੱਤਰ ਹੋਣਾ ਚਾਹੀਦਾ ਹੈ, ਪਰ ਉੱਤਰ ਦੇਣ ਵਾਸਤੇ ਕੇਵਲ ਇਕੱਤਰਤਾ ਨਾਲ ਨਹੀਂ ਸਰੇਗਾ। ਇਕੱਤਰਤਾ ਦੇ ਨਾਲ ਨਾਲ, ਮੂੰਹ ਤੋੜਵਾਂ ਜਵਾਬ ਦੇਣ ਵਾਸਤੇ ਉਹ ਵਸਤੂ ਵੀ ਕੋਲ ਚਾਹੀਦੀ ਹੈ। ਦਾਸ ਦਾ ਕਹਿਣ ਤੋਂ ਭਾਵ ਹੈ ਕਿ ਹਥਿਆਰ ਹਰ ਇੱਕ ਸਿੰਘ ਨੂੰ ਰੱਖਣੇ ਚਾਹੀਦੇ ਆ।

ਡਾ. ਗਿੱਲ ਸਮੇਤ ਅੱਠ ਸਿੰਘ ਗ੍ਰਿਫ਼ਤਾਰ

ਦਾਸ ਨੂੰ ਅੱਜ ਪਤਾ ਲੱਗਾ ਕਿ ਮੁਕਤਸਰ ਸਾਹਿਬ ਦੇ ਇਲਾਕੇ ਵਿੱਚ, ਕੋਈ ਇੱਕ ਦੋ ਪਟਾਕੇ ਚੱਲ ਗਏ ਕਿਸੇ ਥਾਂ 'ਤੇ (ਪਰ) ਨੁਕਸਾਨ ਕਿਸੇ ਦਾ ਹੋਇਆ ਨਹੀਂ। ਉਸ ਦੇ ਵਿੱਚ ਡਾਕਟਰ ਹਨ, ਗਿੱਲ ਸਾਹਿਬ, ਜੋ ਗੁਰਸਿੱਖੀ ਖਿਆਲਾਂ ਦੇ ਹਨ, ਸੋ ਬੜੇ ਪਿਆਰ ਤੇ ਸਤਿਕਾਰ ਨਾਲ,

ਇਲਾਜ ਦੇ ਵਿੱਚ ਹਿੱਸਾ ਲੈਂਦੇ ਤੇ ਗਰੀਬਾਂ ਦੀ ਮਦਦ ਕਰਦੇ ਹਨ। ਉਹਨਾਂ ਨੂੰ ਕੇਵਲ ਇਸੇ ਗੱਲ 'ਤੇ ਵਿਸ਼ੇਸ਼ ਤੌਰ 'ਤੇ ਪਕੜਿਆ ਗਿਆ ਹੈ ਕਿ ਤੂੰ ਧਰਮ ਯੁੱਧ ਮੋਰਚੇ ਵਿੱਚ, ਸ੍ਰੀ ਦਰਬਾਰ ਸਾਹਿਬ ਪਹੁੰਚ ਕੇ ਦਿਵਾਨ ਹਾਲ ਮੰਜੀ ਸਾਹਿਬ ਅਸਥਾਨ ਵਿੱਚੋਂ, ਗ੍ਰਿਫ਼ਤਾਰੀ ਦੇ ਰੂਪ ਵਿੱਚ ਸੇਵਾ ਕਿਉਂ ਕੀਤੀ ਆ ? ਭਾਵੇਂ ਤੁਹਾਡਾ ਗੁਨਾਹ ਹੈ ਚਾਹੇ ਨਹੀਂ, ਪਰ ਤੁਸੀਂ ਅਕਾਲੀਆਂ ਨਾਲ ਰਲ਼ ਗਏ ਹੋ, ਇਸ ਵਾਸਤੇ ਤੁਹਾਨੂੰ ਗ੍ਰਿਫ਼ਤਾਰ ਕਰਨਾ ਜ਼ਰੂਰੀ ਹੈ। ਮੈਨੂੰ ਇਹ ਵੀ ਪਤਾ ਲੱਗਾ ਕਿ ਸਾਂਸੀ ਹੈ ਜਿਹੜਾ, ਉਹ ਲੈ ਗਿਆ ਪਕੜ ਕੇ ਉਸ ਨੂੰ ਤੇ ਮਿਲਣ ਵੀ ਕਿਸੇ ਨੂੰ ਨਹੀਂ ਦਿੰਦਾ। ਬਾਕੀ ਤਿੰਨ ਉਸ ਦੇ ਹੋਰ ਸੇਵਾਦਾਰ ਮੁਲਾਜ਼ਮ ਹਨ। ਇਹ ਤਿੰਨ ਚਾਰ ਸਿੰਘ ਫੈਡਰੇਸ਼ਨ ਦੇ ਪਕੜੇ ਹੋਏ ਆ। ਅੱਠਾਂ ਸਿੰਘਾਂ ਦੀ ਰਿਪੋਰਟ ਦਾਸ ਨੂੰ ਉਥੋਂ ਆਈ ਆ ਤੇ ਉਹਨਾਂ ਨੂੰ ਤੰਗ ਕੀਤਾ ਜਾ ਰਿਹਾ।

ਕੜਿਆਂ ਵਾਲੇ ਪੁਲਸੀਏ ਦਾ ਜ਼ੁਲਮ

ਇੱਕ ਕੋਈ ਕੜਿਆਂ ਵਾਲਾ, ਨਾਂਅ ਤੇ ਮੈਨੂੰ ਵਿਸਰ ਗਿਆ ਉਹਦਾ, ਉਹ ਕੜਿਆਂ ਵਾਲਾ ਕਰਕੇ ਮਸ਼ਹੂਰ ਹੈ। ਉਸ ਨੇ ਪਕੜ ਕੇ ਤੇ ਸਿੰਘਾਂ ਦੇ ਉੱਪਰ ਬਹੁਤ ਭਾਰੀ ਤਸ਼ੱਦਦ ਜਾਰੀ ਕੀਤਾ ਹੋਇਆ ਹੈ ਤੇ ਸਿੰਘਾਂ ਵਿੱਚ ਵੀ ਕਈ ਤਰ੍ਹਾਂ ਦੇ ਖਿਆਲ ਆ ਰਹੇ (ਹਨ) ਕਿ ਪਤਾ ਨਹੀਂ, ਜੇ ਸਰਕਾਰ ਇਸੇ ਤਰ੍ਹਾਂ ਕਰੀ ਗਈ ਤੇ ਅਸੀਂ ਕਿਵੇਂ ਠਹਿਰਾਂਗੇ ?

ਭਾਈ ਬੋਤਾ ਸਿੰਘ ਤੇ ਭਾਈ ਗਰਜਾ ਸਿੰਘ

ਮੈਂ ਨੌਜੁਆਨਾਂ ਨੂੰ ਬੇਨਤੀ ਵੀ ਕਰਾਂਗਾ ਤੇ ਭਰੋਸਾ ਵੀ ਦਿਵਾਵਾਂਗਾ.....। ਬਹੁਤੇ ਕਾਹਲੇ ਪੈਣ ਦੀ ਲੋੜ ਨਹੀਂ, ਆਪਣੇ 'ਤੇ ਉਹ ਸਮਾਂ ਵੀ ਆਇਆ, ਜਦੋਂ ਹਕੂਮਤ ਵੱਲੋਂ ਐਲਾਨ ਹੋ ਜਾਂਦਾ ਸੀ ਕਿ ਜਿੱਥੇ ਵੀ ਸਿੱਖ ਦਿਸੇਗਾ, ਸਿਰ ਵੱਢ ਕੇ ਸਾਡੇ ਪਾਸ ਲਿਆਂਦਾ ਜਾਵੇ ਤੇ ਇਨਾਮ ਦਿੱਤਾ ਜਾਵੇਗਾ, (ਪਰ) ਆਪਾਂ ਉਦੋਂ ਵੀ ਨਹੀਂ ਮੁੱਕੇ। ਜਦੋਂ ਸਿੱਖਾਂ ਨੂੰ ਖ਼ਤਮ ਕਰਨ ਵਾਸਤੇ ਤਹੱਈਆ ਕੀਤਾ ਗਿਆ, ਉਸ ਵੇਲੇ ਖ਼ਾਲਸੇ ਨੂੰ, ਭਾਵੇਂ ਕੁਝ ਕੁ ਸਮਾਂ ਅਲੋਪ ਹੋ ਕੇ ਦਿਨ ਕੱਟਣੇ ਪਏ। ਇੱਕ ਸਮਾਂ ਐਸਾ ਵੰਗਾਰ ਦਾ ਆ ਗਿਆ। ਤੁਰਕਾਂ ਦੀ ਫੌਜ ਜਾ ਰਹੀ ਸੀ ਤੇ ਆਪਸ ਵਿੱਚ ਗੱਲਾਂ ਕਰ ਰਹੇ ਸਨ, ਕਹਿ ਰਹੇ ਸੀ ਕਿ ਅੱਜ ਖ਼ਾਲਸਾ ਦੁਨੀਆਂ ਵਿੱਚੋਂ ਖ਼ਤਮ ਕਰ ਦਿੱਤਾ ਹੈ। ਉਸ ਵੇਲੇ ਭਾਈ ਗਰਜਾ ਸਿੰਘ ਔਰ ਬੋਤਾ ਸਿੰਘ ਦੇ ਕੰਨ ਵਿੱਚ ਇਹ ਅਵਾਜ਼ ਪਈ। (ਉਹਨਾਂ ਨੇ) ਆਪਣੇ ਮਨ ਨੂੰ ਠਕੋਰਿਆ, ਵੰਗਾਰਿਆ ਹੈ ਤੇ ਨਾਲ ਇਹ ਵੀ ਮਹਿਸੂਸ ਕੀਤਾ ਹੈ ਕਿ ਜੇ ਸਾਡੇ ਜਿਊਂਦਿਆਂ, ਸਾਡੇ ਹੁੰਦਿਆਂ ਹੋਇਆਂ, ਇਹੋ ਹੀ ਆਵਾਜ਼ਾਂ ਸਾਡੇ ਕੰਨਾਂ ਵਿੱਚ ਪੈਣ ਤੇ ਸਾਡੇ ਜਿਊਣ ਦਾ ਕੋਈ ਫਾਇਦਾ ਨਹੀਂ। ਵੈਰੀ ਕਹਿਣ ਕਿ ਸਿੱਖ ਜਿਹੜਾ ਹੈ, ਦੇਸ਼ ਵਿੱਚੋਂ ਖ਼ਤਮ ਕਰ ਦਿੱਤਾ ਗਿਆ ਹੈ। ਉਸ ਵੇਲੇ ਦੋਹਾਂ ਨੇ ਵਿਚਾਰ ਕੀਤੀ ਕਿ ਕੀ ਕਰਨਾ ਚਾਹੀਦਾ ਹੈ ? ਵਿਚਾਰ ਕਰਕੇ ਫ਼ੈਸਲਾ ਕਰ ਲਿਆ ਕਿ ਆਪਾਂ ਨੂੰ ਖ਼ਾਲਸਾ ਰਾਜ ਕਾਇਮ ਕਰਨਾ ਚਾਹੀਦਾ ਹੈ। ਹੁਣ ਤਾਂ ਆਪਾਂ ਬਹੁਤ ਗਿਣਤੀ 'ਚ ਹਾਂ, ਠੀਕ ਜਦੋਂ ਤੱਕ ਸ਼ਾਂਤਮਈ ਢੰਗ ਨਾਲ ਆਪਣਾ ਇਹ ਕੰਮ ਚੱਲਦਾ ਤੇ ਚੱਲਣਾ ਵੀ ਚਾਹੀਦਾ, ਪਰ ਗਰਮੀ ਵਾਸਤੇ ਵੀ ਤਿਆਰ ਰਹਿਣਾ ਚਾਹੀਦਾ। ਇਹ ਨਹੀਂ ਕਿ ਗਰਮੀ ਦਾ ਐਲਾਨ ਹੋ ਜਾਵੇ ਤੇ ਮੁੜ ਕੇ ਤੁਸੀਂ ਕੋਈ ਟਾਹਲੀਆਂ 'ਤੇ ਚੜ੍ਹ ਕੇ ਟੰਬੇ ਵੱਢਦੇ ਫਿਰੋ, ਮੌਕੇ 'ਤੇ ਗੱਲ ਨਹੀਂ ਬਣਨੀ। ਉਹ ਪਹਿਲਾਂ ਵੱਢ ਕੇ ਛਾਂਗ ਛੂੰਗ ਕੇ ਰੱਖੋ। ਖ਼ਾਲਸਾ ਜੀ ਉਹਨਾਂ ਨੇ

ਉਸੇ ਮੌਕੇ 'ਤੇ, ਕਿਉਂਕਿ ਦੋ ਤਾਂ ਹੈ ਸਨ, ਕਿਹੜਾ ਕੋਈ ਬਹੁਤੀ ਲੰਬੀ ਕੈਬਨਿਟ ਦੀ ਇਕੱਤਰਤਾ ਹੋਣੀ ਸੀ। ਇਕੱਠੇ ਇੱਕੋ ਥਾਂ ਬੈਠੇ ਸੀ। ਫ਼ੈਸਲਾ ਕਰ ਲਿਆ ਕਿ ਖ਼ਾਲਸਾ ਰਾਜ ਕਾਇਮ ਕਰਨਾ। ਵਿਚਾਰ ਕੀਤੀ ਗਈ ਪਾਰਲੀਮੈਂਟ ਹਾਊਸ ਕਿੱਥੇ ਬਣਾਈਏ, ਕੁਰਸੀ ਕਿਹੜੀ ਬਣੇਗੀ। ਸੋ ਬੈਰੀਅਰ ਕਿੱਥੇ ਲੱਗੇਗਾ, ਟੈਕਸ ਕਿੰਨਾ, ਕਿਹੜੀ ਚੀਜ਼ ਨੂੰ ਲਾਉਣਾ। ਬੈਠ ਕੇ ਫ਼ੈਸਲਾ ਕੀਤਾ, ਪੱਥਰ ਦਾ ਇੱਕ ਢੇਲਾ ਜਿਹਾ, ਰੋੜਾ ਜਿਹਾ, ਉਹ ਕੁਰਸੀ ਬਣਾ ਲਈ। ਨਿਸ਼ਾਨ ਸਾਹਿਬ ਬਰਛਾ ਬਣਾ ਕੇ ਕੱਪੜਾ ਚੜ੍ਹਾ ਕੇ, ਨਿਸ਼ਾਨ ਸਾਹਿਬ ਲਹਿਰਾ ਦਿੱਤਾ। ਖ਼ਾਲਸਾ ਰਾਜ ਕਾਇਮ ਕਰ ਦਿੱਤਾ। ਖੋਤੇ ਨੂੰ ਗੱਡੇ ਆਦਿਕ ਨੂੰ ਟਕਾ-ਆਨਾ, ਇਹ ਟੈਕਸ ਲਾ ਕੇ ਉਗਰਾਹੁਣਾ ਸ਼ੁਰੂ ਕਰ ਦਿੱਤਾ, ਤਾਂ ਉਸ ਵੇਲੇ ਤੁਰਕਾਂ ਨੂੰ ਪਤਾ ਲੱਗਾ। ਜਿਹੜੇ ਲੋਕ ਜਾਂਦੇ ਸੀ, ਜਿਹਨਾਂ ਤੋਂ ਟੈਕਸ ਉਗਰਾਹੀਦਾ ਸੀ, ਉਹ ਪੁੱਛਦੇ ਆ ਭਾਈ ਕਿਹਦੀ ਚੌਂਕੀ ਆ ? ਕਿਹਦਾ ਬੈਰੀਅਰ ਲੱਗਾ ਹੈ ? ਕਿਹਦੀ ਚੁੰਗੀ ਆ ਇਥੇ ? ਕਹਿੰਦੇ ਖ਼ਾਲਸੇ ਦਾ ਰਾਜ ਆ, ਲੋਕੀਂ ਹੈਰਾਨ.....।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸੋ ਉਸ ਵਰਤਮਾਨ ਸਮੇਂ ਦੀ ਹਕੂਮਤ ਦੇ ਸਾਰੇ ਲੋਕ ਹੈਰਾਨ ਸਨ ਕਿ ਸਿੱਖ ਤੇ ਭਾਲਿਆਂ ਵੀ ਦੇਸ਼ ਵਿੱਚੋਂ ਕਿਤੇ ਲੱਭਦਾ ਨਹੀਂ ਤੇ ਇਹ ਆਪਣੇ ਇਥੇ ਕਮਰੇ ਬਣਾ ਕੇ, ਆਪਣੀਆਂ ਰਿਹਾਇਸ਼ਾਂ ਬਣਾ ਕੇ ਤੇ ਆਪਣਾ ਪਾਰਲੀਮੈਂਟ ਹਾਊਸ ਬਣਾ ਕੇ ਬੈਠੇ (ਹੋਏ) ਆ, ਬੜਾ ਅਨੋਖਾ ਖ਼ਾਲਸਾ ਹੈ। ਸੋ ਸਤਿਗੁਰੂ ਸੱਚੇ ਪਾਤਿਸ਼ਾਹ ਜੀ ਨੇ ਕਿਰਪਾ ਕੀਤੀ, ੭ ਕੁ ਦਿਨ ਰਾਜ ਚੱਲਿਆ, ਪਰ ੨ ਸਿੰਘਾਂ ਦਾ ਕਾਇਮ ਕੀਤਾ ਸੀ, ...ਉਸ ਰਾਜ ਵਿੱਚ ਜਦੋਂ ਕਿ ਸਿੱਖ ਦਾ ਨਾਂਅ ਲੈਣਾ ਵੀ ਮੁਸ਼ਕਲ ਸੀ ਤੇ ਜੇ ਉਹਨਾਂ ਨੇ ਕਾਇਮ ਕਰ ਦਿੱਤਾ (ਸੀ) ਤੇ ਹੁਣ ਤਾਂ ਗੱਲ ਹੀ ਕੁਝ ਨਹੀਂ, ਹੌਸਲਾ ਰੱਖਣ ਦੀ ਲੋੜ ਆ। ਜਿਹੜੇ ਲੋਕ ਇਹੋ ਜਿਹੀਆਂ ਗੱਲਾਂ ਕਰ ਰਹੇ ਆ, ਉਹਨਾਂ ਨੇ ਸਿੱਖਾਂ ਦਾ ਇਤਿਹਾਸ ਪੜ੍ਹਿਆ ਨਹੀਂ।

ਜਾਨੀ ਖਾਂ ਤੇ ਮਾਨੀ ਖਾਂ

ਜਾਨੀ ਖਾਂ ਤੇ ਮਾਨੀ ਖਾਂ ਵਰਗੇ ਵੀ ਕਹਿੰਦੇ ਸੀ ਕਿ ਸਾਡੇ ਅੱਗੇ ਸਿੱਖ ਅੱਖ ਨਹੀਂ ਚੁੱਕ ਸਕਦਾ, ਧੌਣ ਨਹੀਂ ਉੱਚੀ ਕਰ ਸਕਦਾ, ਪਰ ਜਿੱਦੋਂ ਸਿੱਖਾਂ ਦਾ ਟਾਈਮ ਆ ਗਿਆ, ਉਦੋਂ ਕੋਠੇ 'ਚ ਲੁਕ ਕੇ ਬੈਠ ਗਏ, ਅੰਦਰੋਂ ਜਿੰਦਰਾ ਵੀ ਲਾ ਲਿਆ। ਸਿੰਘਾਂ ਨੇ ਖਿਆਲ ਕੀਤਾ ਕਿ ਤੇਲ ਪਾ ਕੇ ਸਾੜ ਦੇਈਏ। ਫਿਰ ਸਾੜਨ ਤੋਂ ਪਹਿਲਾਂ ਵਿਚਾਰ ਹੋਈ ਕਿ ਜੇ ਇਸੇ ਤਰ੍ਹਾਂ ਸਾੜ ਦਿੱਤੇ ਤੇ ਗੱਲ ਨਹੀਂ ਬਣਨੀ, ਇਹਨਾਂ ਨੂੰ ਫੜਨਾ ਚਾਹੀਦਾ। ਉੱਪਰ ਚੜ੍ਹ ਕੇ ਛੱਤ ਪੁੱਟ ਕੇ ਖ਼ਾਲਸਾ ਜੀ ਅੰਦਰੋਂ ਕੱਢ ਲਏ। ਫਿਰ ਜੋ ਮੌਕਾ ਵਰਤਿਆ ਹੋਵੇਗਾ, (ਉਹ) ਉਹਨਾਂ ਨੂੰ ਪਤਾ ਹੋਵੇਗਾ ਜਾਂ ਜਿਹਨਾਂ ਸੂਰਮਿਆਂ ਨੇ ਵਰਤਾਇਆ, ਉਹਨਾਂ ਨੂੰ ਪਤਾ ਹੋਵੇਗਾ।

ਦਰਬਾਰ ਸਾਹਿਬ ਕੰਪਲੈਕਸ ਦੀਆਂ ਫੋਟੋ

ਅੱਜ ਵੀ ਇੱਕ ਜਹਾਜ਼ ਇਥੇ ਉੱਡਿਆ ਫਿਰਦਾ ਸੀ। ਇੱਕ ਪ੍ਰੇਮੀ ਕਹਿੰਦਾ ਸੀ ਅਖੇ ਇਹ ਫੋਟੋ ਖਿੱਚਦੇ ਫਿਰਦੇ ਆ। ਉਸ ਜਹਾਜ਼ ਦੇ ਨਾਲ, ਹੈਲੀਕਾਪਟਰ ਦੇ ਨਾਲ, ਕਹਿੰਦਾ ਫੋਟੋ ਖਿੱਚਦੇ ਆ। ਇਹਦੇ ਤੋਂ ਘਬਰਾਉਣਾ ਨਹੀਂ ਚਾਹੀਦਾ ਹੈਗਾ। ਫੋਟੋ ਅੱਗੇ ਤੇ ਕੋਈ ਨਹੀਂ (ਇਹਨਾਂ ਕੋਲ)

ਹੈਗੀ ਹੁਣੀ ਆਪਣੀ। ਨਾ ਨਾਨਕ ਨਿਵਾਸ ਦੀ ਫੋਟੋ ਆ, ਨਾ ਇਸ ਹਾਲ ਦੀ ਫੋਟੋ ਆ ਤੇ ਜਿਹਨਾਂ ਨੇ ਬਣਾਇਆ ਉਹਨਾਂ ਨੂੰ ਪਤਾ ਨਹੀਂ ਫੋਟੋ ਕਿਹੋ ਜਿਹੀ ਚੀਜ਼ ਹੁੰਦੀ ਆ। ਫੋਟੋ ਫੂਟੋ ਤੋਂ ਕੋਈ ਘਬਰਾਉਣ ਦੀ ਲੋੜ ਨਹੀਂ। ਸਭ ਦੇ ਸਰੀਰ ਕੱਚੇ ਚੰਮਾਂ ਦੇ ਆ, ਸਟੀਲ ਦਾ ਕਿਸੇ ਦਾ ਨਹੀਂ ਤੇ ਜੇ ਮੋਨਾ-ਘੋਨਾ, ਸ਼ਰਾਬੀ-ਕਬਾਬੀ, ਵਿਭਚਾਰੀ ਗੋਲੀ ਚਲਾਉਣ ਤੋਂ ਸੰਕੋਚ ਨਹੀਂ ਕਰ ਸਕਦਾ ਤੇ ਦਿਲ ਕਰੜਾ ਕਰ ਸਕਦਾ ਤੇ ਜਿਹਦੇ ਪਿਤਾ ਦਾ ਆਪਣੇ ਪੁੱਤਰ ਨੂੰ ਹੁਕਮ ਹੋਵੇ ਤੇ ਨਾਲ ਪ੍ਰਣ ਹੋਵੇ ਕਿ :

ਸਵਾ ਲਾਖ ਸੇ ਏਕ ਲੜਾਊਂ ॥
ਤਬੈ ਗੋਬਿੰਦ ਸਿੰਘ ਨਾਮ ਕਹਾਊਂ ॥
ਚਿੜੀਆਂ ਤੇ ਮੈਂ ਬਾਜ ਤੁੜਾਊਂ ॥

ਤੇ ਜੇ ਉਹਦਾ ਅੰਮ੍ਰਿਤ ਛਕਿਆ ਹੋਵੇ ਤੇ ਗਾਤਰੇ ਕ੍ਰਿਪਾਨ ਤੇ ਸ੍ਰੀ ਸਾਹਿਬ ਹੱਥ ਵਿੱਚ ਹੋਵੇ ਤੇ ਖ਼ਾਲਸਾ ਜੀ ਨਾਲ ਨਾਲ ਹੋਰ ਮਸਾਲਾ ਵੀ ਤੁਹਾਡੇ ਕੋਲ ਹੋਵੇ ਤੇ ਫਿਰ ਡਰੀ ਜਾਈਏ ਘੋਨਿਆਂ ਮੋਨਿਆਂ ਤੋਂ। ਕੀ ਖੋਹੀਆਂ ਨਾ ਜਾਣਗੀਆਂ ? ਪਰ ਤਾਂ ਖੋਹੀਆਂ ਜਾਣੀਆਂ, ਜੇ ਮਨ ਮਜ਼ਬੂਤ ਹੋਊ ਤੇ ਮਨ ਤਾਂ ਮਜ਼ਬੂਤ ਹੋਊ, ਜੇ ਸ੍ਰੀ ਗੁਰੂ ਗਰੰਥ ਸਾਹਿਬ 'ਤੇ ਅਡੋਲ ਨਿਸ਼ਚਾ ਹੋਊ ਤੇ ਜੇ ਇੰਦਰਾ ਦੀ ਚਪਲੀ 'ਤੇ ਨਿਸ਼ਚਾ ਹੋਇਆ ਤੇ ਗੱਲ ਕੋਈ ਨਹੀਂ ਬਣਨੀ।

ਸਿੱਖ ਇੱਕ ਵੱਖਰੀ ਕੌਮ

ਅੱਜ ਕੁਝ ਕੁ ਪ੍ਰੇਮੀ ਮਿਲੇ ਸੀ। ਕਹਿਣ ਲੱਗੇ ਜੀ ਪਹਿਲਾਂ ਸਾਨੂੰ ਤੁਸੀਂ ਭਰੋਸਾ ਦੁਆ ਦਿਉ ਕਿ ਸਿੱਖ ਕੌਮ ਵੱਖਰੀ ਕਿਵੇਂ ਆਂ ? ਸਾਨੂੰ ਭਰੋਸਾ ਦੁਆ ਦਿਉ ਤੇ ਮੈਂ ਇੱਕੋ ਗੱਲ ਕਹੀ ਤੇ ਮੂੰਹ ਟੁੱਟੀ ਠੂਟੀ ਵਰਗਾ ਕਰ ਲਿਆ। ਕਹਿਣ ਲੱਗੇ ਜੀ ਸਖਤ ਸ਼ਬਦ ਆ ਤੇ ਮੈਂ ਕਿਹਾ ਜਿਹੜਾ ਪਿਉ ਦਾ ਬਣਨ ਨੂੰ ਨਾ ਤਿਆਰ ਹੋਵੇ ਤੇ ਉਹ ਨਰਮੀ ਨਾਲ ਸੂਤ ਕਿਵੇਂ ਆਊ ? ਜਿਹੜਾ ਮੁੰਡਾ ਪਿਉ ਨਾਲ ਨਹੀਂ ਰਲਦਾ, ਉਹਨੂੰ ਕਹੀਦਾ ਕੀ ਆ ? ਕਹਿੰਦਾ ਜੀ ਉਹਨੂੰ ਤੇ ਭੈੜੇ ਜਿਹੇ ਅੱਖਰ ਨਾਲ ਵਰਤੀਦਾ ਤੇ ਮੈਂ ਆਖਿਆ ਜਿਹੜਾ ਸਿੱਖ ਹੋ ਕੇ ਮੂੰਹ ਕਾਲਾ ਆਪਣੇ ਹੱਥੀਂ ਕਰੇ, ਉਹਨੂੰ ਕੀ ਕਹੋਗੇ ? ਕੋਈ ਉੱਤਰ ਨਹੀਂ। ਉਏ ਸਿੱਖਾਂ ਦੇ ਪੁੱਤਰ ਹੋਈਏ ਤੇ ਕਹੀਏ ਸਿੱਖ ਵੱਖਰੀ ਕੌਮ ਨਹੀਂ ? ਉਹਨੂੰ ਸਿੱਖ ਅਖਵਾਉਣ ਦਾ ਹੱਕ ਈ ਨਹੀਂ, ਉਹਨੂੰ ਜ਼ੈਲ ਸਿੰਘ ਨਹੀਂ ਕਹਾਉਣਾ ਚਾਹੀਦਾ।

ਕਕਾਰਾਂ ਦਾ ਫਲਸਫ਼ਾ

ਕਕਾਰਾਂ ਨੂੰ, ਮੈਂ ਆਖਿਆ ਕਿ ਕੱਕਾ ਅੱਖਰ ਕਿਉਂ ਸਾਰਿਆਂ ਨੂੰ ਲਾ ਦਿੱਤਾ ? ਕੋਈ ਹੋਰ ਬਦਲ ਕੇ ਲਾ ਦਿੰਦੇ। ਕਹਿੰਦਾ ਅਖੇ ਮੈਨੂੰ ਤੇ ਪਤਾ ਨਹੀਂ। ਮੇਰੇ ਕੋਲ ਆਇਆ ਸੀ, ਅਖੇ ਤੁਸੀਂ ਦੱਸ ਦਿਉ ? ਮੈਂ ਆਖਿਆ ਤੂੰ ਪੜ੍ਹਿਆ ਕਿੰਨਾ ? ਅਖੇ ਪੜ੍ਹਿਆ ਤਾਂ ੧੫-੧੬, ਪਰ ਇਹਦਾ ਪਤਾ ਨਹੀਂ। ਉਹਦਾ ਕਾਰਨ ਕੀ ਆ. ਆਪਾਂ ਨੂੰ ਸਿੱਖ ਹੋ ਕੇ ਨਾ ਪਤਾ ਹੋਣ ਦਾ ? ਸਾਨੂੰ ਗੁਰੂ ਕੀ ਬਾਣੀ 'ਤੇ ਨਿਸ਼ਚਾ ਨਹੀਂ ਰਹਿ ਗਿਆ ਜਾਂ ਅਸੀਂ ਗੁਰਮਤਿ ਦਾ ਇਤਿਹਾਸ ਨਹੀਂ ਪੜ੍ਹਦੇ। ਜਨ, ਗਨ, ਮਨ ਹੀ ਪੜੀ ਜਾਂਦੇ ਆਂ ਸਾਰੀ। ਜਦੋਂ ਕੰਨ 'ਤੇ ਵੱਜਦੀ ਆ ਫਿਰ ਪੜ੍ਹਦੇ,

ਦੇਹ ਸ਼ਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ ॥

ਉਦੋਂ ਇਹ ਵੀ ਰੇਡੀਉ ਤੋਂ ਸੁਣਾਉਣ ਲੱਗ ਪੈਂਦੇ ਆ। ਸੋ ਖ਼ਾਲਸਾ ਜੀ, ਕੱਕਾ ਅੱਖਰ ਜਿਹੜਾ (ਇਹ) ਸਿੱਖ ਦਾ ਪ੍ਰਤੀਕ ਆ। ਜਿਵੇਂ ਕਥਾ ਅੱਖਰ ਆ 'ਕ' ਨਾਂਅ ਹੈ ਸਿੱਖ ਦਾ, ਥਾ ਨਾਂਅ ਹੈ ਜਗ੍ਹਾ ਦਾ। ਸਿੱਖ ਰੂਪ ਦੀ ਪ੍ਰਾਪਤੀ ਕਰਾਉਣ ਵਾਲੀ ਜਿਹੜੀ ਜਗ੍ਹਾ ਹੋਵੇ, ਉਹਦਾ ਨਾਮ ਕਥਾ ਹੁੰਦਾ। 'ਕ' ਸਿੱਖ ਦਾ ਪ੍ਰਤੀਕ ਹੈ। ਇਸ ਵਾਸਤੇ ਪੰਜਾਂ ਨੂੰ ਕੱਕੇ ਅੱਖਰ ਲਾਏ ਆ ਤੇ ਜੇ ਪੰਜੇ ਕਕਾਰ ਆ ਤੇ ਫਿਰ ਆਤਮਾ, ਅਨੰਦ, ਸੁਖ ਜ਼ਰੂਰ ਮਿਲੇਗਾ ਤੇ ਜੇ ਆਤਮਾ, ਅਨੰਦ, ਸੁਖ ਦੀ ਪ੍ਰਾਪਤੀ ਹੋ ਗਈ ਤੇ ਫਿਰ ਜ਼ਕਰੀਏ ਨੂੰ ਕਹਿ ਸਕਦੇ ਆਂ ਕਿ ਤੂੰ ਹਕੂਮਤ ਦੇ ਨਸ਼ੇ ਵਿੱਚ ਬੇਸ਼ੱਕ ਸਾਡੀ ਖੋਪਰੀ ਲਾਹ ਲਾ, ਪਰ ਯਾਦ ਰੱਖੀਂ ਬੱਚੂ, ਸਾਨੂੰ ਤੇ ਖੋਪਰੀ ਲੱਥੀ ਦਾ ਦੁੱਖ ਕੋਈ ਨਹੀਂ, ਸੁੱਖ ਵਿੱਚ ਆਂ, ਪਰ ਤੈਨੂੰ ਛਿੱਤਰਾਂ ਨਾਲ ਕੁੱਟ ਕੇ ਅੱਗੇ ਲਿਜਾਵਾਂਗੇ ਤੇ ਜੇ ਪੰਜਾਂ ਕੱਕਿਆਂ ਦੇ ਧਾਰਨੀ ਹੋ ਜਾਈਏ ਤੇ ਸੁੱਖ ਸਰੂਪ ਦੀ ਪ੍ਰਾਪਤੀ ਵਾਲੇ ਬਣ ਜਾਈਏ ਤੇ ਫਿਰ ਵਿਚਾਰੀ ਬੀਬੀ ਇੰਦਰਾ ਦੀ ਚਪਲੀ ਦਾ ਕਿਹਦੇ 'ਤੇ ਰੋਹਬ ਤੇ ਦੁੱਖ ਰਹਿ ਸਕਦਾ ? ਬਿਲਕੁਲ ਨਹੀਂ.....। ਇੰਦਰਾ ਦੀ ਚਪਲੀ ਦਾ ਰੋਹਬ ਤੇ ਦਬਾਅ ਸਾਡੇ 'ਤੇ ਤਦੋਂ ਤੱਕ ਆ, ਜਦੋਂ ਤੱਕ ਸਾਡੀ ਦਾਹੜੀ ਕਾਲੀ ਕੀਤੀ ਆ। ਇੱਕ ਤਾਂ ਹੁੰਦੀ ਆ ਨਾ, ਤੇ ਇੱਕ ਹੋਈ ਆ। ਦਾਹੜਾ ਕਾਲਾ ਸੁਤੇ ਸਿੱਧ ਤਾਂ ਵੱਖਰੀ ਗੱਲ ਆ, ਜੁਆਨੀ ਦਾ ਪ੍ਰਤੀਕ ਆ ਤੇ ਇੱਕ ਦਾਹੜੀ ਨੂੰ ਕਾਲਖ ਲਾ ਕੇ ਕਾਲੀ ਕਰਦੇ ਆ, ਜਿਵੇਂ ਗਿਆਨੀ ਨੇ ਕੀਤੀ ਹੋਈ ਆ। ਕਈ ਵਾਰੀ ਦਾਸ ਨੇ ਬੇਨਤੀ ਕੀਤੀ ਆ (ਕਿ) ਬੁਢੇਪੇ ਵੇਲੇ ਮੂੰਹ ਨੂੰ ਕਾਲਖ ਲਾਉਂਦੇ ਆਂ ਤੇ ਮੂੰਹ ਤਾਂ ਠੀਕ ਆ ਕਾਲਾ ਹੋ ਗਿਆ। ਜੇ ਸੁੱਕ ਕੇ ਮੂੰਹ ਸੁੱਕੀ ਮੂਲੀ ਵਰਗਾ ਹੋ ਗਿਆ, ਝਿਰੜੀਆਂ ਪੈਣ ਲੱਗੀਆਂ, ਜੁਆਨੀ ਦਾ ਚਿਰਾਗ਼ ਕਿਹੜੇ ਪਿਉ ਤੋਂ ਲੈ ਕੇ ਆਉਂਗੇ ? ਇਹ ਨਾ ਖ਼ਿਆਲ ਕਰਿਉ (ਕਿ) ਮੈਂ ਇਥੇ ਕਹਿਨਾਂ, ਦਿੱਲੀ ਵੀ ਕਹਿ ਕੇ ਆਇਆਂ, ਜਿੱਥੇ ਬੈਠਾ ਵੀ ਸਾਹਮਣੇ ਸੀ। ਇੰਨੀ ਕੁ ਵਾਟ ਸੀ, ਉਥੇ ਵੀ ਕਿਹਾ।

ਸੋ ਖ਼ਾਲਸਾ ਜੀ ਜਿਹੜੇ ਲੋਕ ਇਹੋ ਜਿਹੇ ਆ, ਉਹਨਾਂ ਲੋਕਾਂ ਵੱਲੋਂ ਇਹੋ ਜਿਹੇ ਬਿਆਨ ਦੇਣ ਤੋਂ ਆਪਾਂ ਨੂੰ ਘਬਰਾਹਟ ਵਿੱਚ ਨਹੀਂ ਆਉਣਾ ਚਾਹੀਦਾ। ਰਾਸ਼ਟਰਪਤੀ ਨੇ ਬਿਆਨ ਦਿੱਤਾ (ਹੈ), ਇਹ ਕੋਈ ਅਕਾਲ ਪੁਰਖ ਦਾ ਬਿਆਨ ਨਹੀਂ ਗਾ। ਅਕਾਲ ਪੁਰਖ ਵੱਲੋਂ ਤਾਂ ਸਿੱਖ ਵੱਖਰੀ ਕੌਮ ਰਚੀ ਹੋਈ ਆ,

'ਖ਼ਾਲਸਾ ਅਕਾਲ ਪੁਰਖ ਕੀ ਫੌਜ'

ਕਿਹਾ ਤੇ ਉਹ ਵੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਪਣੀ ਮਰਜ਼ੀ ਨਾਲ ਨਹੀਂ ਰਚਿਆ, ਅਕਾਲ ਪੁਰਖ ਦਾ ਹੁਕਮ ਮੰਨ ਕੇ ਖ਼ਾਲਸਾ ਕੌਮ ਨੂੰ, ਖ਼ਾਲਸਾ ਫੌਜ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਤਿਆਰ ਕੀਤਾ। ਇਸ ਵਾਸਤੇ ਨਿਸ਼ਚੇਵਾਚਕ ਸਿੱਖ ਇੱਕ ਵੱਖਰੀ ਕੌਮ ਆ। ਠੀਕ ਆ ਆਪਾਂ ਨੂੰ ਇਹਦੇ 'ਤੇ ਹੁਣ ਜ਼ੋਰ ਕਿਉਂ ਦੇਣਾ ਪੈ ਗਿਆ ? ਇਹਦਾ ਮੁੱਖ ਕਾਰਨ ਇਹ ਬਣ ਗਿਆ ਕਿ ਆਪਣੇ ਕੁਝ ਲਾਲਚੀ ਲੀਡਰਾਂ ਨੇ ਆਪਣੀਆਂ ਫੈਕਟਰੀਆਂ ਜਾਂ ਕਾਰਖਾਨਿਆਂ ਨੂੰ ਬਚਾਉਣ ਵਾਸਤੇ, ਲਾਲਚ ਵਿੱਚ ਆ ਕੇ ਸਿੱਖ ਕੌਮ ਦਾ ਬੇੜਾ ਗਰਕ ਕਰ ਦਿੱਤਾ। ਉਸ ਵੇਲੇ ਇਹਨਾਂ ਦੇ ਥੱਲੇ ਲੱਗ ਕੇ ਚੁੱਪ ਵੱਟ ਲਈ ਤੇ ਨਾਲ ਲੱਗ ਕੇ ਤੁਰ ਪਏ, ਕਹਿਣ ਦੀ ਜ਼ੁਰਅਤ ਨਾ ਕੀਤੀ। ਜੇ ਕਿਤੇ ਤਿਆਗ ਭਾਵਨਾ ਗੁਰੂ ਕੇ ਪਿਆਰਿਆਂ ਵਾਂਗੂੰ ਹੁੰਦੀ, ਜਿਹਨਾਂ ਗੁਰੂ ਕੇ ਯੋਧਿਆਂ ਨੇ ਕੁਰਸੀ ਦੇ ਲੱਤ ਮਾਰੀ ਸੀ, ਭਾਈ ਨਵਾਬ ਕਪੂਰ ਸਿੰਘ ਦੀ ਤਰ੍ਹਾਂ, ਤਾਂ ਸ਼ਾਇਦ ਸਾਨੂੰ ਅੱਜ ਇਹ ਸੰਘਰਸ਼, ਸਿੱਖ ਕੌਮ ਦੇ ਨਾਂਅ ਦੇ ਉੱਪਰ ਇੰਨਾ ਤੇਜ਼ੀ ਨਾਲ ਨਾ ਚਲਾਉਣਾ ਪੈਂਦਾ ਤੇ ਨਾ ਇਹ ਤਸੀਹੇ ਝੱਲਣੇ

ਪੈਂਦੇ, ਪਰ ਜੇ ਕਿਸੇ ਟਾਈਮ 'ਤੇ ਇੱਕ ਨੇ ਗ਼ਲਤੀ ਕਰ ਲਈ ਆ ਤੇ ਹੁਣ ਵੀ ਕਈਆਂ ਦੇ ਦਿਲ ਧੜਕਦੇ ਆ। ਜੀ ਸਿੱਖ ਵੱਖਰੀ ਕੌਮ ਜੇ ਨਾ ਮੰਨੇ, ਮੋਰਚਾ ਈ ਨਾ ਕਿਤੇ ਵਿੱਚੇ ਲੁਟਕ ਜਾਵੇ। ਲੁਟਕਦਾ ਨਹੀਂ ਡਰੋ ਨਾ, ਤੁਸੀਂ ਨਾ ਲੁਟਕੇ ਤਾਂ ਮੋਰਚਾ ਨਹੀਂ ਲੁਟਕਦਾ। ਜੇ ਤੁਸੀਂ ਲੁਟਕ ਗਏ, ਮੋਰਚਾ ਜ਼ਰੂਰ ਲੁਟਕੂਗਾ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸਿੱਖ ਕੌਮ ਨਾ ਲੁਟਕੀ ਤਾਂ ਮੋਰਚਾ ਨਹੀਂ ਲੁਟਕਦਾ। ਕਈ ਕਹਿੰਦੇ ਜੀ ਫਲਾਣਾ ਲੀਡਰ ਲੁਟਕ ਜਾਊ। ਬੰਦਾ ਜ਼ਰੂਰ ਕੋਈ ਨਾ ਕੋਈ ਲੁਟਕ ਸਕਦਾ ਵਿੱਚ, ਢਿੱਲਾ ਮੱਠਾ ਹੋ ਸਕਦਾ ਤੇ ਜੇ ਕੋਈ ਇਸ ਕੰਮ ਤੋਂ, ਧਰਮ ਦੇ ਕੰਮ ਤੋਂ, ਆਪਣੇ ਲਾਲਚ ਵਾਸਤੇ, ਆਪਣੇ ਨਿੱਜੀ ਪ੍ਰਯੋਜਨਾਂ ਵਾਸਤੇ, ਇੱਕ ਅੱਧਾ ਲੁਟਕ ਵੀ ਜਾਵੇਗਾ ਤਾਂ ਘਾਟਾ ਨਹੀਂ ਪੈਣ ਲੱਗਾ। ਨੌਜੁਆਨ ਪਨੀਰੀ ਬਥੇਰੀ ਆ, ਆਪੇ ਆ ਜਾਣਗੇ ਕੋਈ ਨਾ ਕੋਈ, ਪਰ ਚੜ੍ਹਦੀ ਕਲਾ ਵਿੱਚ ਰਹੋ।

ਦਰਬਾਰਾ ਸਿੰਹੁ ਦਾ ਬਿਆਨ

ਸਿੱਖ ਵੱਖਰੀ ਕੌਮ ਆਂ। ਨਿਸ਼ਚੇ ਵਾਚਕ ਆ। ਜੁੱਤੀ 'ਤੇ ਲਕੀਰ ਕਢਾ ਕੇ ਕਾਗਜ਼ 'ਤੇ ਲਿਖਾਉਣਾ ਇਹਨਾਂ ਤੋਂ। ਇਹ ਨਾ ਖਿਆਲ ਕਰੋ ਭਈ ਐਵੇਂ ਉਥੇ ਬੋਲ ਦੇਣਗੇ ਤੇ (ਅਸੀਂ) ਮੰਨ ਲਵਾਂਗੇ। ਤੁਹਾਡੇ ਸਾਹਮਣੇ ਲੀਡਰ ਕੌਮ ਦੇ ਕਾਗਜ਼ ਦੱਸਣਗੇ, ਵਿਖਾਉਣਗੇ ਤੇ ਤਾਂ ਤੁਹਾਨੂੰ ਨਿਸ਼ਚਾ ਆਉਣਾ ਤੇ ਐਵੇਂ ਨਾ ਭੁਲੇਖਿਆਂ ਵਿੱਚ ਪਏ ਰਿਹਾ ਕਰੋ। ਜ਼ਰਾ ਕੁ ਅਖ਼ਬਾਰ 'ਚ ਖ਼ਬਰ ਆਈ (ਕਿ) ਫਲਾਣਾ ਜੁੱਤੀਉ ਜੁੱਤੀ ਹੋ ਗਿਆ, ਫਲਾਣੇ ਨੇ ਫਲਾਣੇ ਦੇ ਘਸੁੰਨ ਮਾਰ ਦਿੱਤਾ, ਹੁਣ ਇਹ ਲੜ ਪਏ। ਅੱਜ ਵੀ ਮੈਨੂੰ ਇੱਕ ਰਿਪੋਰਟ ਮਿਲੀ ਆ (ਕਿ) ਆਹ ਪੰਜਾਬ ਦਾ ਮੁੱਖ ਮੰਤਰੀ ਜ਼ਕਰੀਆ...., ਇਹ ਕਹਿੰਦਾ ਜੀ ਅਖੇ ਫਿਰਕੇ ਇਕੱਠੇ ਕਰਕੇ, ਉਹਨੂੰ ਕੌਮ ਮੰਨਿਆ ਜਾਂਦਾ। ਬਾਕੀ ਅਸੀਂ ਸਾਰੇ ਹਿੰਦੁਸਤਾਨੀ ਆਂ, ਸਿੱਖ ਵੱਖਰੀ ਕੌਮ ਨਹੀਂ, ਪਰ ਇਹਦੀ ਹੁਣ ਮਤ ਮਰੀ ਆ, ਇਹਦੇ 'ਤੇ ਟਾਈਮ ਬਹੁਤਾ ਲਾਉਣ ਦੀ ਲੋੜ ਨਹੀਂ। ਇਹਨੂੰ ਪੁੱਛਿਆ ਜਾਵੇ ਭਈ ਜਿਹੜਾ, ਤੂੰ ਕਹਿਨਾਂ ਫਿਰਕਿਆਂ ਨੂੰ ਇਕੱਠਿਆਂ ਕਰਕੇ...? ਚਲੋ ਸਿੱਖਾਂ ਦਾ ਤੇ ਤੂੰ ਹੈ ਈ ਨਹੀਂ, ...ਬਹੁਰੂਪੀਆ ਰੂਪ ਰੱਖ ਲਿਆ। ਰੱਬ ਨੇ ਤੈਨੂੰ ਦਾਹੜੀ ਕੁਦਰਤੀ ਮਰਦ ਨੂੰ ਦਿੱਤੀ ਆ ਤੇ ਮਰਦ ਵੀ ਤੂੰ ਅਖਵਾਉਣ ਦਾ ਹੱਕਦਾਰ ਨਹੀਂ। ਆ ਗਈ ਸਰੀਰਕ ਚਿੰਨਾਂ ਕਰਕੇ। ਹਿੰਦੂ ਤੇ ਮੁਸਲਮਾਨ ਦੋ ਕੌਮਾਂ, ਇੱਕੇ ਦੇਸ਼ ਵਿੱਚ ਵੱਸ ਰਹੇ ਆ, ਇਹ ਦੋ ਕੌਮਾਂ ਕਿਵੇਂ ਹੋ ਗਈਆਂ ? ਬਾਕੀ ਦੀਆਂ ਦੀ ਗੱਲ ਤੇ ਛੱਡ ਲਉ। ਇਹੋ ਜਿਹਿਆਂ ਲੋਕਾਂ ਦੇ ਬਿਆਨਾਂ 'ਤੇ ਆਪਾਂ ਨੂੰ ਬਹੁਤੀ ਚਿੰਤਾ ਨਹੀਂ ਕਰਨੀ ਚਾਹੀਦੀ। ਕਿਉਂਕਿ ਜਿਹੜਾ ਮਨੁੱਖ ਆਜ਼ਾਦ ਨਹੀਂ, ਜ਼ਮੀਰ ਕਰਕੇ ? ਆਪਾਂ ਤਾਂ ਸਰੀਰ ਕਰਕੇ ਹੁਣ ਗ਼ੁਲਾਮ ਆਂ ਨਾ ਕੁਝ ਲੋਕ ? ਜਿਹੜਾ ਜ਼ਮੀਰ ਕਰਕੇ ਆਜ਼ਾਦ ਨਹੀਂ ਤੇ ਚਪਲੀਆਂ ਝਾੜਨ ਦਾ ਸ਼ੌਕੀ ਆ ਤੇ ਕੁਰਸੀ ਦਾ ਪਿਆਰਾ, ਉਹ ਮਨੁੱਖ ਆਪਣਾ ਪ੍ਰਯੋਜਨ ਹੀ ਸੋਚਦਾ ਹੁੰਦਾ, ਕੌਮ ਦਾ ਨਹੀਂ ਤੇ ਕੌਮ ਦਾ ਸੋਚਣ ਵਾਲੇ ਜਿਹੜੇ ਆ, ਉਹ ਲਾਲਚ ਕਦੇ ਨਹੀਂ ਕਰਦੇ। ਸਤਿਗੁਰੂ ਅੱਗੇ ਅਰਦਾਸ ਕਰੀਏ, ਸੱਚੇ ਪਾਤਿਸ਼ਾਹ ਸਾਨੂੰ ਸਾਰਿਆਂ ਨੂੰ ਹੀ ਨਿਰਲਾਲਚ ਜੀਵਣ ਬਖਸ਼ਣ ਤੇ ਜੋ ਆਪਾਂ ਇਰਾਦਾ ਕਰਕੇ ਤੁਰੇ ਆਂ, ਇਹਦੇ 'ਤੇ ਪੂਰੇ ਉਤਰਾਂਗੇ ਤੇ ਨਿਸ਼ਚੇਵਾਚਕ ਉਤਰਾਂਗੇ ਤੇ ਗੁਰੂ ਸਾਹਿਬ ਜੀ ਉਤਾਰਨਗੇ। ਜੋ

ਅਨੰਦਪੁਰ ਦਾ ਮਤਾ, ਉਹ ਪੂਰਾ ਪੂਰਾ ਮਿਲੇਗਾ, ਗੁਰੂ ਦੀ ਕਿਰਪਾ ਨਾਲ ਡੋਲਣ ਦੀ ਲੋੜ ਨਹੀਂ। ਬਾਕੀ ਜੋ ਥਾਂ ਥਾਂ 'ਤੇ ਅਨੇਕ ਪ੍ਰਕਾਰ ਦਾ ਪ੍ਰਾਪੇਗੰਡਾ, ਇਹਦੇ ਤੋਂ ਬਚ ਕੇ ਰਹਿਣਾ।

ਦਰਬਾਰਾ ਸਿੰਹੁ ਦੀ ਸਾਜ਼ਿਸ਼

ਇੱਕ ਖਬਰ ਮੈਨੂੰ ਮਿਲੀ, ਖਿਆਲ ਭੁੱਲ ਚੱਲਿਆ ਸੀ। ਇਹਨੇ ਕਿਤੇ ਜਾ ਕੇ ਇੰਦਰਾ ਕੋਲੇ ਕਿਹਾ.....। ਕੀ ਖੋਰੇ ਮੈਡਮ ਕਹਿੰਦੇ ਹੁੰਦੇ, ਆਪਾਂ ਬੀਬੀ ਕਹਿ ਲੈਂਦੇ ਆਂ। ਆਂਦਾ ਮੈਡਮ ਫਿਕਰ ਨਾ ਕਰ, ਮੇਰਾ ਸਾਲ ਤਾਂ ਰਹਿ ਗਿਆ ਇੱਕੋ, ਪਰ ਮੈਂ ਲੌਂਗੋਵਾਲ ਤੇ ਭਿੰਡਰਾਂਵਾਲੇ ਨੂੰ, ਟੌਹੜੇ ਨੂੰ ਤੇ ਤਲਵੰਡੀ ਨੂੰ, ਜੇ ਜੁੰਡਿਉਂ ਜੁੰਡੀ ਨਾ ਨਾ ਕਰਾਇਆ ਨਾਨਕ ਨਿਵਾਸ ਵਿੱਚ, ਸਮੁੰਦਰੀ ਹਾਲ ਵਿੱਚ ਤੇ ਮੈਨੂੰ ਪਿਉ ਦਾ ਨਾ ਗਿਣੀਂ। ਸਿੱਖ ਤੇ ਅੱਗੇ ਨਹੀਂ ਤੈਨੂੰ ਗਿਣਦੇ, ਇੰਦਰਾ ਹੋ ਸਕਦਾ ਮਾੜਾ ਮੋਟਾ ਗਿਣਦੀ ਹੋਵੇ। ਹੁਣ ਉਹ ਵੀ ਹਟ ਜਾਵੇਗੀ। ਨਾ ਅਸੀਂ ਹੋਏ ਆਂ ਤੇ ਨਾ ਹੋਣਾ। ਇਹਨੇ ਉਥੇ ਇੰਦਰਾ ਕੋਲੇ ਜਾ ਕੇ ਕਿਹਾ, ਕਿਸੇ ਬਹੁਤ ਖ਼ਾਸ ਜ਼ਿੰਮੇਵਾਰ ਬੰਦੇ ਦੇ ਕੋਲੋਂ ਮੈਨੂੰ ਪਤਾ ਲੱਗਾ। ਹੁਣ ਇਹ ਤੁਸੀਂ ਸੋਚਣਾ, ਭਈ ਆਪਾਂ ਇਹਨੂੰ ਪਿਉ ਦਾ ਕਹਿਣ ਦੇਣਾ ਕਿ ਜਾਂ ਨਹੀਂ ? ਜੇ ਤਾਂ ਕਹਿਣ ਦੇਣਾ, ਫਿਰ ਤਾਂ ਆਪਾਂ ਨੂੰ ਲੜਨਾ ਪਊਗਾ ਤੇ ਜੇ ਆਪਾਂ ਇਕੱਠੇ ਰਹੇ ਸਾਰੇ ਤੇ ਆਪਾਂ ਤਾਂ ਅੱਗੇ ਹੀ ਕਹੀ ਜਾਨੇ ਆਂ ਕਿ (ਇਹ) ਹੈ ਹੀ ਨਹੀਂ ਕਿਸੇ ਮਾਂ ਪਿਉ ਦਾ। ਜੇ ਮਾਂ ਪਿਉ ਦਾ ਹੁੰਦਾ ਤੇ ਇਸ਼ਟ ਨੂੰ ਅੱਗ ਕਿਉਂ ਲਵਾਉਂਦਾ ? ਕਿਸੇ ਮੁਸਲਮਾਨ ਨੇ ਕੁਰਾਨ ਨੂੰ ਅੱਗ ਨਹੀਂ ਲਵਾਈ ਆਪਣੇ ਰਾਜ ਵਿੱਚ। ਕਿਸੇ ਹਿੰਦੂ ਨੇ ਗੀਤਾ ਨੂੰ ਅੱਗ ਨਹੀਂ ਲਵਾਈ, ਆਪਣੇ ਹੱਥੀਂ ਆਪਣੇ ਰਾਜ ਵਿੱਚ। ਇੱਕੋ ਇੱਕ ਬਹੁਰੂਪੀਏ ਰੂਪ ਵਿੱਚ ਸਿੱਖੀ ਨੂੰ ਦਾਗ਼ ਲਾਉਣ ਵਾਲਾ ਇਹ ਮਨੁੱਖ ਆ, ਜਿਹੜੇ ਮਨੁੱਖ ਨੇ ਖ਼ਾਲਸਾ ਜੀ ਆਪਣੇ ਇਸ਼ਟ ਨੂੰ ਵੀ ਅੱਗ ਲਵਾ ਕੇ ਤੇ ਫਿਰ ਵੀ ਕੁਰਸੀ ਦਾ ਤਿਆਗ ਨਹੀਂ ਕੀਤਾ। ਧੀਆਂ ਤੇ ਭੈਣਾਂ ਸਿੱਖਾਂ ਦੀਆਂ ਨੰਗੀਆਂ ਕਰਵਾ ਕੇ ਫਿਰ ਵੀ ਇਸ ਬੇਸ਼ਰਮ ਮਨੁੱਖ ਨੇ ਤਿਆਗ ਨਹੀਂ ਕੀਤਾ ਤੇ ਇਹੋ ਜਿਹੇ ਜਿਹੜੇ ਮਨੁੱਖ ਘਟੀਆ ਬੰਦੇ ਆ। ਮੈਂ ਜੀ ਆਹ ਕਰ ਦਿਉਂ, ਮੈਂ ਜੀ ਜਿਹ ਕਰ ਦਿਉਂ....., ਸਤਿਗੁਰੂ ਅੱਗੇ ਅਰਦਾਸ ਕਰੀਏ.....।

ਪੁਲਸ ਅਫ਼ਸਰਾਂ ਦੇ ਜ਼ੁਲਮ

ਜਿਹੜੇ ਅੱਜ ਮੈਨੂੰ ਪਤਾ ਲੱਗਾ, ਸਾਲ ਹੋ ਗਿਆ ਕਿਸੇ ਨੇ ਰਿਪੋਰਟ ਤੇ ਨਹੀਂ ਦਿੱਤੀ, ਪਰ ਚੰਗਾ ਹੋ ਗਿਆ ਛੇਤੀ ਛੇਤੀ ਨੇੜੇ ਇਸ ਦਾ ਪਤਾ, ਇਸ ਗੱਲ ਲੱਗ ਗਿਆ। ਦੋ ਕੁ ਅਫ਼ੀਸਰ ਵਿੱਚੇ ਵਿੱਚੇ ਲੁਕੇ ਫਿਰਦੇ ਰਹੇ, ਨਾਂਅ ਤੇ ਮੈਂ ਨਹੀਂ ਲੈਂਦਾ। ਇਹਨਾਂ ਆਫ਼ੀਸਰਾਂ ਨੇ ਜਿੰਨੀ ਅੱਤ ਚੁੱਕੀ ਆ, ਸ਼ਾਇਦ ਹੀ ਹੋ ਸਕਦਾ ਕਿਸੇ ਆਫ਼ੀਸਰ ਨੇ ਇੰਨਾ ਤਸ਼ੱਦਦ ਸਿੰਘਾਂ 'ਤੇ ਕੀਤਾ ਹੋਵੇ, ਪਰ ਮਹਾਰਾਜ ਅੱਗੇ ਅਰਦਾਸ ਕਰੋ ਗੁਰੂ ਕੀ ਸੰਗਤ ਕਿ ਸੱਚੇ ਪਾਤਿਸ਼ਾਹ ਸਿੰਘਾਂ ਦੀ ਭਾਵਨਾ ਪੂਰੀ ਕਰਨ ਤੇ ਸਿੱਖ ਕੌਮ ਨੂੰ ਚੜ੍ਹਦੀ ਕਲਾ ਬਖਸ਼ਣ। ਇੱਕ ਤਾਂ ਜਿਹੜਾ ਮੈਂ ਨਾਂਅ ਲੈ ਰਿਹਾਂ, ਇੱਕ (ਤਾਂ) ਅੱਗੇ ਈ ਪ੍ਰਚਲਤ ਆ। ਇੱਕ ਤਾਂ ਸਾਂਸੀ ਨੇ ਬਹੁਤ ਤੰਗ ਕੀਤਾ। ਇੱਕ ਭਗਵਾਨ ਸਿੰਘ ਕੜਿਆਂ ਵਾਲਾ ਤੇ ੨ ਗੁਪਤ ਆ। ਇਹਨਾਂ ਨੇ ਸਭ ਤੋਂ ਜ਼ਿਆਦਾ ਤਸੀਹੇ ਸਿੰਘਾਂ ਨੂੰ....., ਜਿਹੜੇ ਦੱਸਣੇ ਵੀ ਸਟੇਜ 'ਤੇ ਮੁਸ਼ਕਲ ਆ ਸਿੰਘ ਵਾਸਤੇ। ਇਸ ਤਰੀਕੇ ਦੇ ਨਾਲ ਸਿੰਘਾਂ ਨੂੰ ਤੰਗ ਕੀਤਾ। ਗੁਰੂ ਅੱਗੇ ਅਰਦਾਸ ਕਰੀਏ ਸੱਚੇ ਪਾਤਿਸ਼ਾਹ, ਸਾਨੂੰ ਸੁਮੱਤ ਬਖਸ਼ੋ, ਏਕਤਾ ਵਿੱਚ ਚੱਲਣ ਦਾ ਉਦਮ

ਬਖਸ਼ੋ, ਆਪ ਦੇ ਪਵਿੱਤਰ ਸ਼ਬਦ ਰੂਪੀ ਚਰਨਾਂ ਦਾ ਪਿਆਰ ਬਖਸ਼ੋ, ਪੰਜਾਂ ਕਕਾਰਾਂ ਵਿੱਚ ਰਹਿਣ ਵਾਸਤੇ ਤਤਪਰਤਾ ਸਹਿਤ ਹੋ ਕੇ ਚੱਲਣ ਦਾ ਬਲ ਬਖਸ਼ੋ ਤੇ ਗੁਰੂ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ, ਸ਼ਹੀਦਾਂ ਦੇ ਡੁੱਲੇ ਹੋਏ ਖ਼ੂਨ ਦਾ ਹੱਕ ਲੈਣ ਦਾ ਵੀ ਸਾਨੂੰ ਬਲ ਬਖਸ਼ੋ।

ਵਿੰਗ ਕੱਢ ਅਕਾਲੀ ਦਲ

ਸਮਾਪਤੀ ਵਿੱਚ ਮੈਂ ਆਪਣੇ ਵੱਲੋਂ ਜਥੇ 'ਚ ਜਾਣ ਵਾਲੇ ਜਿਹੜੇ ਸਿੰਘ ਆ, ਇਹਨਾਂ ਦਾ ਧੰਨਵਾਦ ਵੀ ਕਰਦਾਂ ਤੇ ਖ਼ਾਸ ਕਰਕੇ ਭਾਈ ਇੰਦਰਜੀਤ ਸਿੰਘ ਦਾ, ਜਿਹੜੇ ਜਥੇਦਾਰ ਇਥੇ ਬੋਲ ਕੇ ਗਏ ਆ.....। ਉਹਨਾਂ ਨੇ ਕੇਸਰੀ ਨਿਸ਼ਾਨ ਸਾਹਿਬ ਦੀ ਗੱਲ ਕੀਤੀ ਆ ਤੇ ਨੌਜੁਆਨ ਸਿੰਘ ਵੀ ਕਾਫੀ ਦਾਸ ਕੋਲ ਗਏ ਸੀ। ਦਰਸ਼ਨ ਵੀ ਉਹਨਾਂ ਨੇ ਦਿੱਤੇ ਸੀ। ਜਿਸ ਦਿਨ ਇਦੋਂ ਪਹਿਲਾਂ ਨਾਲ ਦੇ ਪ੍ਰੇਮੀ ਜਥਾ ਲੈ ਕੇ ਗਏ ਆ। ਮੈਂ ਉਹਨਾਂ ਨੂੰ ਪੁੱਛਿਆ ਕਿ ਭਾਈ ਮੈਂ ਵਿਦਾਇਗੀ ਤਾਂ ਦੇਣੀ ਆ ਤੇ ਤੁਸੀਂ ਦੱਸੋ ਬੋਲਣਾ ਕੀ ਆ ? ਕਹਿੰਦੇ ਬਾਕੀ ਤੇ ਕੁਝ ਬੋਲੀ ਚੱਲੀਂ, ਸਾਡੇ ਜਥੇ ਬਾਰੇ ਬੋਲ ਦਈਂ। (ਮੈਂ ਆਖਿਆ), ਅੱਗੇ ਵੀ ਸਾਰੇ ਜਥਿਆਂ ਬਾਰੇ ਬੋਲਦਾਂ ਨਵੀਂ ਗੱਲ ਕਿਉਂ ਆਂ ? ਕਹਿੰਦੇ ਜੀ ਸਾਡੇ ਜਥੇ ਦਾ ਨਾਂਅ ਆ 'ਸਿੱਖ ਨੌਜੁਆਨ ਅਕਾਲੀ ਦਲ ਵਿੰਗ ਕੱਢ'। ਅੱਗੇ ਵੀ ਮੈਂ ਇੱਕ ਦਿਨ ਬੇਨਤੀ ਕੀਤੀ ਸੀ। ਮੈਂ ਪੁੱਛਿਆ ਭਈ ਤੁਸੀਂ ਇਹ ਵੱਖਰਾ ਨਾਂਅ ਕਿਉਂ ਅਕਾਲੀ ਦਲ ਤੋਂ ਰੱਖਿਆ ? ਕਹਿੰਦੇ ਸਿੱਖ ਨੌਜੁਆਨ ਅਕਾਲੀ ਦਲ ਤੇ ਉਹੋ ਹੀ ਆ। ਵਿੰਗ ਕੱਢ ਈ ਵੱਖਰਾ। ਵਿੰਗ ਅੱਖਰ ਤਾਂ ਅੱਗੇ ਈ ਯੂਥ ਵਿੰਗ ਵਿੱਚ, ਯੂਥ ਵਿੰਗ ਨਾਂਅ ਆਉਂਦਾ। ਕੇਵਲ ਕੱਢਣ ਦਾ ਨਾਂਅ ਈ ਆਂ। ਮੈਂ ਪੁੱਛਿਆ ਭਈ ਵਿੰਗ ਕੱਢਣੇ ਕਿਹਦੇ ਆ ? ਕਹਿੰਦੇ ਜੇ ਤੁਹਾਡੇ ਪਏ ਤਾਂ ਤੁਹਾਡੇ ਕੱਢ ਦਿਆਂਗੇ, ਜੇ ਹੋਰ ਦੇ ਪਏ ਤਾਂ ਹੋਰ ਦੇ। ਹੱਸਦੇ ਰਹੇ, ਨੌਜੁਆਨ ਆਂ ਸਾਰੇ। ਇਹਨਾਂ 'ਤੇ ਮਨ ਖੁਸ਼ ਹੋਇਆ ਇੱਕ ਗੱਲ ਤੋਂ। ਪਹਿਲੇ ਦਿਨ ਪੰਜ ਸੌ ਪੰਜੀਆਂ ਦਾ ਜਥਾ ਲੈ ਕੇ ਗਏ ਸੀ। ਪੰਜੀਆਂ ਦੀਆਂ ਦਾਹੜੀਆਂ ਰੱਖੀਆਂ ਸੀ ਤੇ ਪੰਜ ਸੌ ਦੀਆਂ ਕੱਟੀਆਂ ਸੀ। ਉਸ ਦਿਨ ਇਹਨਾਂ ਨੇ ਪ੍ਰਣ ਕੀਤਾ ਸੀ ਕਿ ਅਸੀਂ ੫੦੦ ਦੇ ੫੦੦, ਅੱਜ ਤੋਂ ਨਾ ਤਾਂ ਕੇਸ ਕਟਾਵਾਂਗੇ, ਨਾ ਦਾਹੜਾ ਕਟਾਵਾਂਗੇ ਤੇ ਨਾ ਸ਼ਰਾਬ ਪੀਵਾਂਗੇ ਤੇ ਜੇ ਭਾਈ ਨੌਜੁਆਨ, ਇੰਨੇ ਪੂਰਾਂ ਦੇ ਪੂਰ ਇਸ ਪਾਸੇ ਤੁਰ ਪੈਣ ਤੇ ਇਹ ਤਾਂ ਫਿਰ ਚਾਰ ਕੁ ਦਿਨ ਦੀ ਗੱਲ ਆ, ਬਹੁਤੀ ਨਹੀਂ ਤੇ ਅੱਜ ਵਾਲੇ ਜਥੇ ਨੂੰ ਵੀ ਬੇਨਤੀ ਕੀਤੀ ਆ ਤੇ ਇਹਨਾਂ ਨੇ ਵੀ ਬੇਨਤੀ ਦਾਸ ਦੀ ਪ੍ਰਵਾਨ ਕੀਤੀ ਆ। ਮੈਂ ਆਪਣੇ ਵੱਲੋਂ ਵਿਸ਼ੇਸ਼ ਤੌਰ 'ਤੇ ਇਹਨਾਂ ਦਾ ਧੰਨਵਾਦ ਵੀ ਕਰਦਾਂ ਤੇ ਇਹਨਾਂ ਨੂੰ ਵਧਾਈ ਵੀ ਦਿੰਦਾ ਹਾਂ। ਜੋ ਤੁਸੀਂ ਧਰਮ ਯੁੱਧ ਮੋਰਚੇ 'ਚ ਸਰੀਰਕ ਤੌਰ 'ਤੇ ਹਿੱਸਾ ਤਾਂ ਪਾ ਹੀ ਰਹੇ ਹੋ, ਪਰ ਸਿੱਖੀ ਸਰੂਪ ਵਿੱਚ ਜਿਹੜੇ ਪਤਿਤਪੁਣੇ ਦੀ ਨਦੀ ਵਿੱਚ ਰੁੜ ਗਏ ਸੀ, ਉਹਦੇ ਵਿੱਚੋਂ ਵੀ ਗੁਰੂ ਸਾਹਿਬ ਨੇ ਤੁਹਾਨੂੰ ਅੱਜ ਕੱਢਿਆ, ਪਰ ਮੈਂ ਇਥੇ ਫਿਰ ਬੇਨਤੀ ਕਰਾਂ, ਆਪਣੇ ਬਚਨ 'ਤੇ ਪੱਕੇ ਰਿਹੋ। ਅੱਗੇ ਤਾਂ ਕਈ ਵਾਰੀ ਕਹਿ ਦਿੰਦੇ ਹੋਂ ਕਿ ਕੜਾਹ ਖਾਣੇ ਮੁੱਕਰ ਜਾਂਦੇ ਆ, ਹੁਣ ਤੁਹਾਡੇ ਮੂੰਹ ਨੂੰ ਤੇ ਅਜੇ ਕੜਾਹ ਲੱਗਾ ਨਹੀਂ. ਠਹਿਰ ਕੇ ਲਗਾਵਾਂਗੇ, ਜਦੋਂ ਜੇਲ੍ਹ ਵਿੱਚੋਂ ਆਵੋਗੇ, ਪਰ ਰਹਿਉ ਪੱਕੇ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੨੯.

(ਦੀਵਾਨ ਹਾਲ ਮੰਜੀ ਸਾਹਿਬ, ਅੰਮ੍ਰਿਤਸਰ, ੧੪-੦੮-੧੯੮੩)

ਸਤਿਗੁਰੂ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ ਜੀ ਦੀ ਪਵਿੱਤਰ ਗੋਦ ਵਿੱਚ ਸਜੇ ਹੋਏ ਗੁਰੂ ਰੂਪ ਗੁਰੂ ਖ਼ਾਲਸਾ ਜੀ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਰਾੜਾ ਸਾਹਿਬ ਨੇੜੇ ਚਾਰ ਸਿੰਘਾਂ ਦੀ ਸ਼ਹੀਦੀ

ਦਾਸ ਤੋਂ ਪਹਿਲੋਂ ਬੋਲਣ ਵਾਲੇ ਪ੍ਰੇਮੀਆਂ ਨੇ ਆਪਣੇ ਵਿਚਾਰ ਦਿੱਤੇ ਹਨ, ਭਾਵੇਂ ਮਨ ਵਿੱਚ ਵਿਚਾਰਾਂ ਦਾ ਖਿਆਲ ਅੱਜ ਕੁਝ ਹੋਰ ਸੀ, ਪਰ ਸਥਿਤੀ ਵੇਖ ਕੇ ਸੰਗਤਾਂ ਦੇ ਚਰਨਾਂ ਵਿੱਚ ਇੱਕੋ ਬੇਨਤੀ ਕਰਕੇ ਸਮਾਪਤੀ ਕਰ ਦੇਵਾਂਗਾ, ਕੇਵਲ ਇੱਕ ਡੇਢ ਮਿੰਟ ਵਿੱਚ। ਜੈਸ ਤਰ੍ਹਾਂ ਬੁਲਾਰਿਆਂ ਨੇ ਹੁਣੇ ਹੁਣੇ ਦੱਸਿਆ ਹੈ ਕਿ ਜੋ ਵਿਧਾਨ ਹੈ, ਇਹ ਆਪਣੀ ਰਾਖੀ ਨਹੀਂ ਕਰ ਰਿਹਾ, ਐਸੇ ਵਿਧਾਨ ਨੂੰ ਅੱਗ ਲਾ ਦੇਣੀ ਚਾਹੀਦੀ ਹੈ। ਸੋ ਅੱਗ ਲਾਉਣ ਦੇ ਸੰਬੰਧ ਵਿੱਚ, ਲੀਡਰ ਸਾਹਿਬਾਨਾਂ ਦੀਆਂ ਅਜੇ ਵਿਚਾਰਾਂ ਹੋਣਗੀਆ, ਉਹ ਤੁਹਾਨੂੰ ਆਪ ਦੱਸਣਗੇ, ਪਰ ਆਹ ਚਿੱਠੀ ਸੁਣ ਕੇ ਸ਼ਾਇਦ ਹੋ ਸਕਦਾ ਕਿ ਇਹਦੇ ਤੋਂ ਟਾਲਾ ਨਾ ਹੋ ਸਕੇ। ਜੇ ਇਕੱਲੇ ਵਿਧਾਨ ਪਾੜਨ ਦੇ ਨਾਲ ਵੀ ਨਾ ਸਰੇ। ਹੁਣੇ ਹੀ ਇੱਕ ਪੱਤ੍ਰਿਕਾ ਦਾਸ ਨੂੰ ਇਥੇ ਬੈਠੇ ਨੂੰ ਮਿਲੀ ਆ। ਚਾਰ ਸਿੰਘ ਗੁਰਦੁਆਰਾ ਰਾੜਾ ਸਾਹਿਬ ਦੇ ਨੇੜੇ, ਜੋ ਲੁਧਿਆਣੇ ਜ਼ਿਲ੍ਹੇ 'ਚ ਆ, ਗੋਲੀਆਂ ਮਾਰ ਕੇ ਪੁਲਸ ਨੇ ਅੱਜ ਮਾਰ ਦਿੱਤੇ ਆ। ਇਹਨਾਂ ਦੇ ਨਾਂਅ ਸ. ਰਾਜ ਅਜਮੇਰ ਸਿੰਘ, ਪਿਤਾ ਦਾ ਨਾਂਅ ਹੈ ਗੁਰਜੰਟ ਸਿੰਘ, ਪਿੰਡ ਕਿਲਾ ਰਾਉਪੁਰ, ਦਲੀਪ ਸਿੰਘ, ਪਿਤਾ ਦਾ ਨਾਂਅ ਹੈ ਹਜ਼ਾਰਾ ਸਿੰਘ, ਪਿੰਡ ਪਾਇਲ, ਤੀਜਾ ਹੈ ਨਿਰਮਲ ਸਿੰਘ, ਪਿਤਾ ਦਾ ਨਾਂਅ ਅਜਮੇਰ ਸਿੰਘ, ਬਰਨਾਲੇ ਤੋਂ, ਚੌਥਾ ਡਰਟਰ ਹੈ ਪਿੰਡ ਕਰਾਣੀ ਕਲਾਂ ਤੋਂ, ਉਹਦਾ ਨਾਂਅ ਨਹੀਂ, ਕੇਵਲ ਡਕਟਰ ਅੱਖਰ ਕਰਕੇ ਪਤਾ ਲੱਗਾ। ਹੁਣੇ ਇੱਕ ਸਿੰਘ ਨੇ ਦੱਸਿਆ, ਉਹ ਇਥੇ ਸਟੇਜ 'ਤੇ ਹੀ ਬੈਠਾ, ਉਹਦੇ ਕੋਲੋਂ ਜਾਣਕਾਰੀ ਮਿਲੀ ਆ ਕਿ ਇਹਨਾਂ ਚੌਹਾਂ ਸਿੰਘਾਂ ਨੂੰ ਦਰੱਖਤਾਂ ਨਾਲ ਬੰਨ ਕੇ ਤੇ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਤੇ ਮੈਂ ਸੰਗਤ ਨੂੰ ਬੇਨਤੀ ਕਰਾਂਗਾ, ਭਾਵੇਂ ਹਰ ਰੋਜ਼ ਇਹ ਬੇਨਤੀਆਂ ਕਰੀ ਦੀਆਂ (ਪਰ) ਕਈ ਅਸਰ ਕਰਦੇ (ਆ) ਕਈ ਨਹੀਂ.....। ਜਦੋਂ ਤੱਕ ਸਿੰਘੋ ਹਥਿਆਰ ਲੈ ਕੇ, ਅਪੋ ਆਪਣੀ ਜ਼ਿੰਮੇਵਾਰੀ ਤੋਂ ਕੰਮ ਨਹੀਂ ਲੈਂਦੇ, ਤਦੋਂ ਤੱਕ ਆਪਣਾ ਗ਼ੁਲਾਮੀ ਤੋਂ ਛੁਟਕਾਰਾ ਨਹੀਂ ਹੋਣਾ ਤੇ ਮੈਂ ਸੰਗਤ ਨੂੰ

ਬੇਨਤੀ ਕਰਾਂਗਾ (ਕਿ) ਥਾਂ ਥਾਂ 'ਤੇ ਤਤਪਰ ਹੋਵੋ ਅਤੇ ਇਹਨਾਂ ਸ਼ਹੀਦਾਂ ਦੇ ਡੁੱਲੇ ਹੋਏ ਖ਼ੂਨ ਦਾ ਹੱਕ ਲੈਣ ਵਾਸਤੇ ਢਿੱਲ ਨਹੀਂ ਕਰਨੀ ਚਾਹੀਦੀ, ਪਰ ਐਸਾ ਨਹੀਂ ਕਿ ਢਿੱਲ ਦੇ ਸੰਬੰਧ ਵਿੱਚ ਕਿ ਕਿਸੇ ਰੇਹੜੀ ਵਾਲੇ ਨੂੰ, ਰਿਕਸ਼ੇ ਵਾਲੇ ਨੂੰ ਮਾਰ ਦੇਵੋ, ਇਹ ਨਹੀਂ.....(ਪਰ) ਜਿਹਨਾਂ ਲੋਕਾਂ ਨੇ ਐਸਾ ਤਸ਼ੱਦਦ ਕਰਕੇ, ਬੇਰਹਿਮੀ ਦੇ ਨਾਲ ਸਿੰਘਾਂ ਨੂੰ ਮਾਰਨਾ ਅਰੰਭ ਕੀਤਾ, ਜਦੋਂ ਤੱਕ ਉਹਨਾਂ ਦੀਆ ਕੁਲਾਂ ਵੱਲ ਧਿਆਨ ਨਹੀਂ ਆਪਾਂ ਦਿੰਦੇ, ਹੱਕ ਲੈਣ ਵਾਸਤੇ, ਪਾਲਣਾ ਵਾਸਤੇ ਨਹੀਂ। ਹੱਕ ਲੈਣ ਵਾਸਤੇ ਜਦੋਂ ਤੱਕ ਧਿਆਨ ਨਹੀਂ ਦਿੰਦੇ, ਤਦੋਂ ਤੱਕ ਇਹ ਨਿਪਟਾਰਾ ਹੋਣਾ ਨਹੀਂ। ਸੋ ਮੈਂ ਬੇਨਤੀ ਕਰਾਂਗਾ ਜੋ ਰੜਕ ਤੇ ਅਣਖ ਹੈ, ਇਹੋ ਜਿਹੇ ਲੋਕਾਂ ਨੂੰ ਚਾਹਟਾ ਛਕਾਉਣ ਵਾਸਤੇ ਆਪਾਂ ਨੂੰ ਕਿਸੇ ਪ੍ਰਕਾਰ ਦੀ ਕੋਈ ਵੀ ਢਿੱਲ ਨਹੀਂ ਕਰਨੀ ਚਾਹੀਦੀ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਗੁਰਦੁਆਰਾ ਐਕਟ ਖ਼ਤਮ ਕਰਨ ਦੀ ਸਾਜ਼ਿਸ਼

ਬਾਕੀ ਜੋ ਗੁਰਦੁਆਰਾ ਐਕਟ ਦੇ ਸੰਬੰਧ ਵਿੱਚ....., ਆਪਾਂ ਤਾਂ ਆਲ ਇੰਡੀਆ ਚਾਹੁੰਦੇ ਸੀ, ਆਹ ਛੋਟਾ ਜਿਹਾ ਜਿਹੜਾ ਬਣਿਆ ਹੋਇਆ ਉਹਨੂੰ ਵੀ ਸਮਾਪਤ ਕਰਨ ਵਾਸਤੇ ਕੋਸ਼ਿਸ਼ ਕੀਤੀ ਗਈ ਆ। ਇੱਕ ਚਿੱਠੀ ਟੌਹੜਾ ਸਾਹਿਬ ਦੇ ਪਾਸ ਆ ਗਈ, ਇੱਕ ਮੇਰੇ ਪਾਸ ਵੀ ਆਈ ਆ, ਹੋ ਸਕਦਾ ਸੰਤ ਜੀ ਦੇ ਪਾਸ ਵੀ ਆਈ ਹੋਵੇ। ਹਲਫੀਆ ਬਿਆਨ ਇੱਕ ਸਿੰਘ ਦੇ ਆਏ ਆ, ਜਿਸ ਦੇ ਨਾਂਅ ਉੱਪਰ ਐਫ. ਆਈ. ਆਰ. ਲਿਖਾਈ ਆ। ਉਹਨੇ ਆਪਣੀ ਦਸਤੀ ਚਿੱਠੀ ਭੇਜੀ ਆ ਦਸਤਖ਼ਤ ਕਰਕੇ ਕਿ ਮੈਥੋਂ ਜ਼ਬਰਦਸਤੀ ਕੋਰੇ ਕਾਗ਼ਜ਼ 'ਤੇ ਦਸਤਖ਼ਤ ਕਰਵਾਏ ਗਏ ਆ। ਉਹਦਾ ਨਾਂਅ ਸਿੰਘ ਆ। ਸ਼ੇਰ ਸਿੰਘ, ਸ਼ਾਇਦ ਉਹਦਾ ਨਾਂਅ ਆਂ। ਉਹਦਾ ਨਾਂਅ ਵਰਤ ਕੇ, ਦਸਤਖ਼ਤ ਜ਼ਬਰਦਸਤੀ ਕਰਵਾ ਕੇ ਤੇ ਉੱਪਰ ਆਪਣੀ ਮਨਮਰਜ਼ੀ ਦੇ ਅੱਖਰ ਲਿਖ ਕੇ ਗੌਰਮੈਂਟ ਨੂੰ ਕਹਿ ਦਿੱਤਾ, ਜੀ ਇਹ ਸਿੱਖ ਨੇ ਕਿਹਾ ਕਿ ਇਹ ਐਕਟ ਵੀ ਨਹੀਂ ਰਹਿਣਾ ਚਾਹੀਦਾ। ਸੋ ਸ਼ਾਇਦ ਹੋ ਸਕਦਾ ਇਸ ਗੱਲ 'ਤੇ ਪ੍ਰਧਾਨ ਸਾਹਿਬ ਵੀ ਤੁਹਾਡੇ ਅੱਗੇ ਇਹਦੇ ਬਾਰੇ ਦੱਸਣਗੇ। ਇਹੋ ਜਿਹੀਆਂ ਹਰਕਤਾਂ ਤੇ ਗੌਰਮੈਂਟ ਉਤਰੀ ਹੋਈ ਆ ਤੇ ਇਸ ਤੋਂ ਸ਼ਾਇਦ ਤੁਹਾਨੂੰ ਇਹ ਸਿੱਖਿਆ ਕਿ ਆਪਣਾ ਹੱਕ ਲੈਣ ਵਾਸਤੇ ਕਿਸੇ ਪ੍ਰਕਾਰ ਦੀ ਢਿੱਲ ਨੌਜੁਆਨਾਂ ਨੂੰ ਨਹੀਂ ਕਰਨੀ ਚਾਹੀਦੀ।

ਬਾਕੀ ਕੱਲ ਨੂੰ ਪੰਦਰਾਂ ਅਗਸਤ ਹੈ, ਸੋ ਸਟੇਜ ਦੇ ਉੱਪਰੋਂ ਤੁਹਾਨੂੰ ਦੱਸਿਆ ਗਿਆ ਕਿ ਨਵਾਂ ਪ੍ਰੋਗਰਾਮ ਦਿੱਤਾ ਜਾਵੇਗਾ (ਪਰ) ਉਹਦੇ ਬਾਰੇ ਤੇ ਸੰਤ ਜੀ ਦੱਸਣਗੇ। ਸੋ ਮੈਂ ਬੇਨਤੀ ਕਰਾਂਗਾ ਸੰਗਤ ਨੂੰ, ਸਤਿਕਾਰਯੋਗ ਮਹਾਂਪੁਰਖ ਸੱਚਖੰਡ ਵਾਸੀ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਮਹਾਂਪੁਰਖ ਭਿੰਡਰਾਂ ਮਹਿਤੇ ਵਾਲੇ, ...ਉਹਨਾਂ ਦੀ ਬਰਸੀ ਮਨਾਈ ਜਾ ਰਹੀ ਹੈ, ਕੱਲ ਨੂੰ ਪਾਠ ਅਰੰਭ ਹੋਵੇਗਾ। ਪਰਸੋਂ ੧੬ ਤਰੀਕ ਨੂੰ ਰੈਣ ਸਬਾਈ ਕੀਰਤਨ, ਇਸੇ ਅਸਥਾਨ 'ਤੇ ਹੋਵੇਗਾ। ੧੭ ਤਰੀਕ ਨੂੰ ਅੰਮ੍ਰਿਤ ਵੇਲੇ ਭੋਗ ਪੈ ਕੇ, ਇਸ ਤੋਂ ਉਪਰੰਤ ਅੱਧਾ ਘੰਟਾ ਕੀਰਤਨ ਅਤੇ ਫਿਰ ਜੋ ਪਿਆਰੇ ਗੁਰਮੁਖ, ਗੁਰ ਸੱਜਣ, ਸੰਤ ਮਹਾਤਮਾ, ਲੀਡਰ, ਸਿੰਘ ਸਾਹਿਬਾਨ ਇਥੇ ਆਏ ਹੋਣਗੇ, ਉਹ ਆਪੋ ਆਪਣੇ ਵਿਚਾਰ ਦੱਸਣਗੇ। ਸੰਗਤਾਂ ਨੂੰ ਮੈਂ ਬੇਨਤੀ ਕਰਾਂਗਾ, ਮਹਾਂਪੁਰਖਾਂ ਦੀ ਯਾਦ ਵਿੱਚ, ਵੱਧ ਤੋਂ ਵੱਧ ਜਿਤਨੀ ਸੰਗਤ ਇਥੇ ਪਹੁੰਚ ਸਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ।

ਮੈਂ ਆਪਣੇ ਵੱਲੋਂ ਜਾਣ ਵਾਲੇ ਜਥੇ ਦੇ ਲੀਡਰ ਸਾਹਿਬਾਨਾਂ ਦਾ ਅਤੇ ਨਾਲ ਜਾਣ ਵਾਲੇ ਗੁਰਸਿੱਖ

ਵਰਕਰ, ਸਿੱਖ ਮਾਈ ਭਾਈ, ਸਾਰਿਆਂ ਦਾ ਧੰਨਵਾਦ ਕਰਦਾ ਹਾਂ। ਹਰ ਰੋਜ਼ ਆਪਾਂ ਇਹ ਤੇ ਕਹਿ ਕੇ ਥੱਕ ਗਏ ਹਾਂ ਕਿ ਅਸੀਂ ਚਿਤਾਵਨੀ ਦਿੰਦੇ ਹਾਂ, ਸਿੱਟੇ ਗੰਭੀਰ ਨਿਕਲਣਗੇ, ਗੌਰਮੈਂਟ ਨੂੰ ਭੁਗਤਣੇ ਪੈਣਗੇ, ਜ਼ਿੰਮੇਵਾਰ ਗੌਰਮੈਂਟ ਹੋਵੇਗੀ। ਆਪਾਂ ਕਹੀ ਜਾ ਰਹੇ ਹਾਂ, ਅਖ਼ਬਾਰ ਲਿਖੀ ਜਾ ਰਹੇ ਆ। ਸੁਣਨ ਵਾਲੇ ਵੀ ਅੱਕ ਗਏ ਤੇ ਲਿਖਣ ਵਾਲੇ ਵੀ ਤੇ ਆਹ ਚਾਰ ਅੱਜ ਰੇੜ ਦਿੱਤੇ ਆ। ਇਹਨਾਂ ਵਾਸਤੇ ਸੰਗਤ ਜਾਣੇ.....। ਗੁਰੂ ਕੇ ਸਿੰਘੋ ਤਿਆਰ ਹੋ ਕੇ, ਜੋ ਪੰਥ ਦੇ ਲੀਡਰ, ਜ਼ਿੰਮੇਵਾਰ, ਇਸ ਸਟੇਜ ਤੋਂ ਪ੍ਰੋਗਰਾਮ ਦੇਣਗੇ, ਉਹਦੇ ਸੰਬੰਧੀ ਤੁਸੀਂ ਆਪਣੇ ਮਨਾਂ ਵਿੱਚ ਵਿਚਾਰ ਰੱਖਣਾ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੩੦.

(ਦੀਵਾਨ ਹਾਲ ਮੰਜੀ ਸਾਹਿਬ, ਅੰਮ੍ਰਿਤਸਰ, ੧੬-੦੮-੧੯੮੩)

ਸਟੇਜ ਸੈਕਟਰੀ - ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਆਪਣੇ ਵਿਚਾਰ ਰੱਖ ਰਹੇ ਹਨ ਅਰ ਜਾਣ ਵਾਲੇ ਜਥਿਆਂ ਨੂੰ ਅਸ਼ੀਰਵਾਦ ਦੇਣਗੇ, ਉਹਨਾਂ ਦੇ ਵਿਚਾਰ ਸਰਵਣ ਕਰੋ,

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥
ਸ਼੍ਰੋਮਣੀ ਅਕਾਲੀ ਦਲ ॥ ਜ਼ਿੰਦਾਬਾਦ ॥
ਸ਼੍ਰੋਮਣੀ ਅਕਾਲੀ ਦਲ ॥ ਜ਼ਿੰਦਾਬਾਦ ॥
ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸ੍ਰੀ ਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਵਿੱਤਰ ਗੋਦ ਵਿੱਚ ਸਜੇ ਹੋਏ ਗੁਰੂ ਰੂਪ ਗੁਰੂ ਖ਼ਾਲਸਾ ਸਾਧ ਸੰਗਤ ਜੀਉ, ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਸਤਿਗੁਰੂ ਜੀ ਦੀ ਪਵਿੱਤਰ ਗੋਦ ਵਿੱਚ ਇਸਥਿਤ ਹੋ ਕੇ ਆਪ ਜੀ ਨੇ ਬੁਲਾਰਿਆਂ ਦੇ ਪਾਸੋਂ ਸੁੰਦਰ ਵਿਚਾਰ ਸੁਣੇ ਹਨ, ਵਡਭਾਗੀ ਬਣੇ ਹੋ। ਜੋ ਧਰਮ ਯੁੱਧ ਮੋਰਚਾ ਚੱਲ ਰਿਹਾ ਹੈ, ਹੱਕੀ ਮੰਗਾਂ ਵਾਸਤੇ, ਇਸਦੇ ਵਿੱਚ ਬੇਅੰਤ ਗ੍ਰਿਫ਼ਤਾਰੀਆਂ ਹੋ ਚੁੱਕੀਆਂ ਹਨ, ਬੇਅੰਤ ਸਿੰਘਾਂ ਨੇ ਸ਼ਹੀਦੀਆਂ ਦਿੱਤੀਆਂ ਹਨ। ਸੋ ਹਰ ਰੋਜ਼ ਆਪਾਂ ਸਟੇਜ ਉੱਪਰੋਂ ਪ੍ਰਚਾਰ ਦੇ ਸੰਬੰਧ ਵਿੱਚ ਹੀ ਵਿਚਾਰਾਂ ਕਰ ਰਹੇ ਹਾਂ ਕਿ ਕਿਸ ਤਰ੍ਹਾਂ ਅੱਤਿਆਚਾਰ ਉਸ ਨੇ ਅਰੰਭ ਕੀਤਾ ਹੈ। ਇਸ ਨੂੰ ਰੋਕਣ ਵਾਸਤੇ ਆਪਾਂ ਨੂੰ ਲਾਮਬੰਦ ਹੋ ਕੇ, ਅੰਮ੍ਰਿਤ ਛਕ ਕੇ, ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਲੜ ਲੱਗ ਕੇ, ਤਿਆਰ-ਬਰ-ਤਿਆਰ ਹੋਣਾ ਚਾਹੀਦਾ ਹੈ ਅਤੇ ਸ਼ਸ਼ਤਰਧਾਰੀ ਹੋ ਕੇ, ਆਪਣੇ ਹੱਕ ਵਾਸਤੇ ਜੂਝਣ ਲਈ, ਹਰ ਮੋੜ 'ਤੇ, ਹਰ ਮੋੜ ਦਾ ਮੁਕਾਬਲਾ ਕਰਨ ਵਾਸਤੇ, ਢਲਿਆਈ ਆਦਿਕ ਦਾ ਤਿਆਗ ਕਰਨਾ ਚਾਹੀਦਾ ਹੈ।

ਚੰਦੋ ਕਲਾਂ ਵਿੱਚ ਪੁਲੀਸ ਦਾ ਘੇਰਾ

ਜੇ ਗੌਰਮੈਂਟ ਨੇ ਥਾਂ ਥਾਂ 'ਤੇ ਨੌਜੁਆਨਾਂ ਦਾ ਖ਼ੂਨ ਪੀਣਾ ਅਰੰਭਿਆ ਹੈ, ਉਥੇ ਨਾਲ ਨਾਲ ਹੀ ਸੰਪਰਦਾਵਾਂ ਨੂੰ ਵੀ ਖ਼ਤਮ ਕਰਨ ਦੀ ਕੋਸ਼ਿਸ਼ ਇਹਨਾਂ ਨੇ ਜਾਰੀ ਕਰ ਦਿੱਤੀ ਹੈ। ਪਹਿਲਾਂ

ਤਾਂ ਇਸੇ ਹੀ ਦਮਦਮੀ ਟਕਸਾਲ ਨੂੰ, ਜਿਸ ਨੂੰ ਭਿੰਡਰਾਂਵਾਲੀ ਟਕਸਾਲ ਕਿਹਾ ਜਾਂਦਾ ਹੈ, ਇਹਨੂੰ ਖ਼ਤਮ ਕਰਨ ਵਾਸਤੇ ਚੰਦੋ ਕਲਾਂ ਵਿੱਚ ਗੌਰਮੈਂਟ ਨੇ ਉਦਮ ਕੀਤਾ। ੭ ਹਜ਼ਾਰ ਬੰਦਾ ਪੁਲੀਸ ਦਾ ਉਥੇ ਪਹੁੰਚਿਆ, ਪਰ ਇਹਨਾਂ ਦੀ ਦਾਲ ਨਾ ਗਲੀ, ਸਤਿਗੁਰੂ ਦੀ ਕਿਰਪਾ ਨਾਲ ਦਾਸ ਉਥੋਂ ਨਿਕਲ ਆਇਆ।

ਸੰਤ ਜਰਨੈਲ ਸਿੰਘ ਦੀ ਗ੍ਰਿਫ਼ਤਾਰੀ

ਉਸ ਦੇ ਪਿੱਛੋਂ, ਗ੍ਰਿਫ਼ਤਾਰੀ ਦੇ ਵਰੰਟ ਦਾਸ ਦੇ ਜਾਰੀ ਹੋਏ, ੧੬ ਤਰੀਕ ਨੂੰ ਉਹ ਰਸੀਦ ਦਾਸ ਨੂੰ ਮਿਲੀ ਤੇ ੨੦ ਤਰੀਕ ਨੂੰ ਗ੍ਰਿਫ਼ਤਾਰੀ ਦੇਣ ਦਾ ਦਾਸ ਨੇ ਐਲਾਨ ਕਰ ਦਿੱਤਾ, ਪਰ ਇਹਨਾਂ ਦਾ ਖਿਆਲ ਸੀ ਕਿ ਕਿਸੇ ਤਰੀਕੇ ਨਾਲ ਇਸ ਸਾਧ ਨੂੰ ਮਾਰਿਆ ਜਾਵੇ ਤੇ ਚੰਗਾ। ੧੫ ਹਜ਼ਾਰ ਬੰਦਾ ਪੁਲੀਸ ਦਾ ਲਿਆ ਕੇ, ਮਹਿਤੇ ਦੇ ਦੁਆਲੇ ਸਟੇਨਾਂ ਬਰੇਨਾਂ ਇਹਨਾਂ ਨੇ ਆਪਣੀਆਂ ਬੀੜੀਆਂ, ਪਰ ਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ, ਗੁਰੂ ਗੋਬਿੰਦ ਸਿੰਘ ਸਾਹਿਬ ਦੀ ਕਿਰਪਾ ਦਾ ਸਦਕਾ, ਖ਼ਾਲਸਾ ਜੀ ਕੌਮ ਇਕੱਤਰ ਹੋਈ ਤੇ ੨੦ ਸਤੰਬਰ ਨੂੰ ਦਾਸ ਨੇ ਗ੍ਰਿਫ਼ਤਾਰੀ ਦਿੱਤੀ ਲੱਖਾਂ ਦਾ ਇਕੱਠ ਸੀ। ੨੫ ਕੁ ਦਿਨ ਦਾ ਸਮਾਂ ਪੁਲੀਸ ਹਿਰਾਸਤ ਵਿੱਚ ਕੱਟ ਕੇ ਦਾਸ ਬਾਹਰ ਆਇਆ। ਉਸ ਤੋਂ ਪਿੱਛੋਂ ਸਮਾਂ ਚੱਲਿਆ। ਸਤਿਗੁਰੂ ਦੀ ਕ੍ਰਿਪਾ ਹੋਈ, ਸਿੰਘਾਂ ਦਾ ਮੋੜ ਮੁੜਿਆ ਅੰਮ੍ਰਿਤ ਛਕਣ ਵਾਲੇ ਪਾਸੇ। ੧੦-੧੦ ਹਜ਼ਾਰ ਨੂੰ ਇੱਕ ਦਿਹਾੜੀ ਵਿੱਚ ਵੀ ਅੰਮ੍ਰਿਤ ਛਕਾਉਣ ਦਾ ਸੁਭਾਗ ਦਾਸ ਨੂੰ ਪ੍ਰਾਪਤ ਹੋਇਆ।

ਬੰਬਈ ਪੁਲੀਸ ਘੇਰੇ ਵਿੱਚੋਂ ਨਿਕਲਣਾ

ਬੰਬਈ ਦਾ ਚੱਕਰ ਲੱਗਾ, ਉਥੇ ਜਾ ਕੇ ਕਥਾ ਕੀਰਤਨ ਅਰੰਭ ਕੀਤਾ ਗਿਆ, ਸੰਗਤਾਂ 'ਚ ਪ੍ਰਚਾਰ ਸ਼ੁਰੂ ਹੋਇਆ, ਪਰ ਇਸ ਗੌਰਮੈਂਟ ਨੂੰ ਗੁਰਮਤਿ ਦਾ ਪ੍ਰਚਾਰ ਨਾ ਚੰਗਾ ਲੱਗਾ, ਪੰਜਾਬ ਦੇ ਮੁੱਖ ਮੰਤਰੀ ਜ਼ਕਰੀਏ ਨੇ, ਇਥੋਂ ਕਾਗ਼ਜ਼ ਤਿਆਰ ਕਰਕੇ, ਜਿਹੜਾ ਬਚਨਾ ਡੀ. ਐਸ. ਪੀ. ਆ, ਇਹਨੂੰ ਗੁਰਬਚਨ ਸਿੰਘ ਵੀ ਸ਼ਾਇਦ ਕਹਿੰਦੇ ਆ। ਇਸ ਡੀ. ਐਸ. ਪੀ. ਦੇ ਰਾਹੀਂ, ਪਹਿਲਾਂ ਕੋਠੀ ਵਿੱਚ ਬੈਠ ਕੇ ਤਿਆਰ ਕੀਤਾ ਤੇ ਫਿਰ ਤੁਰਿਆ ਕਿੱਥੋਂ, ਇਹ ਤਾਂ ਅਜੇ ਨਹੀਂ ਦੱਸਦਾ, ਸਮਾਂ ਆਇਆ ਤਾਂ ਦੱਸਾਂਗਾ ਜ਼ਰੂਰ ਕਿੱਥੋਂ ਤੁਰਿਆ ਸੀ। ਇਹ ਕਾਗਜ਼ ਲੈ ਕੇ ਜਹਾਜ਼ ਰਾਹੀਂ ਦਿੱਲੀ ਪਹੁੰਚਿਆ। ਉਥੇ ਮਤਾ ਪਾਸ ਹੋ ਗਿਆ ਕਿ ਭਿੰਡਰਾਂਵਾਲੇ ਨੂੰ ਬੰਬਈ ਦੇ ਇਲਾਕੇ ਵਿੱਚ ਖ਼ਤਮ ਕੀਤਾ ਜਾਵੇ। ਖ਼ਾਲਸਾ ਜੀ ੩੦ ਹਜ਼ਾਰ ਦਾ ਘੇਰਾ ਉਥੇ ਪਿਆ। ੧੦-੧੦ ਹਜ਼ਾਰ ਦਾ ਘੇਰਾ ਇੱਕ ਇੱਕ ਨਾਕੇ 'ਤੇ ਸੀ। ਨਾਸਿਕ ਵੱਲ, ਪੂਨੇ ਵੱਲ ਤੇ ਜਿਹੜੀ ਇਧਰ ਪੰਜਾਬ ਵੱਲ ਨੂੰ ਸੜਕ ਆਉਂਦੀ ਆ ਰਾਜਿਸਥਾਨ ਵਾਲੀ.....। ਸਤਿਗੁਰੂ ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਕਿਰਪਾ ਹੋਈ। ਭਾਵੇਂ ਰਸਤੇ ਦੇ ਵਿੱਚ ੪੫ ਮਿੰਟ ਪੁਲੀਸ ਨੇ ਪੁੱਛਗਿੱਛ ਵੀ ਕੀਤੀ। ਦਾਸ ਨੂੰ ਵੀ ਇੱਕ ਅਫ਼ੀਸਰ ਨੇ ਪੁੱਛਿਆ ਕਿ ਭਿੰਡਰਾਂਵਾਲਾ ਕਹਾਂ ਹੈ ? ਦਾਸ ਪਹਿਲਾਂ ਚੁੱਪ ਰਿਹਾ, ਦੂਜੀ ਵੇਰਾਂ ਉਹਨੇ ਫਿਰ ਪੁੱਛਿਆ ਅਫ਼ੀਸਰ ਨੇ ਕਿ ਭਿੰਡਰਾਂਵਾਲਾ ਕਹਾਂ ਹੈ ? ਇੱਕ ਸਿੰਘ ਸੀ ਨਾਲ, ਸਿਆਣਾ ਡਰਾਈਵਰ, ਉਹ ਕਹਿਣ ਲੱਗਾ, ਭਿੰਡਰਾਂਵਾਲਾ ਵਹਾਂ ਹੀ ਹੈ। ਹੈ ਅਸੀਂ ਸੀ ਵੀ ਮਹਾਂਰਾਸ਼ਟਰ ਦੇ ਵਿੱਚ, ਇਹ ਝੂਠ ਨਹੀਂ ਸੀ। ੪੫ ਮਿੰਟ ਉਹਨੇ ਪੁੱਛ ਪੜਤਾਲ ਕੀਤੀ, ਗੁਰੂ

ਸਾਹਿਬ ਦੀ ਕਿਰਪਾ ਨਾਲ ਉਥੋਂ ਸੁਰਖਰੂ ਹੋ ਕੇ ਨਿਕਲ ਆਏ। ਬੜਾ ਭਾਰੀ ਗੌਰਮੈਂਟ ਨੂੰ ਗੁੱਸਾ ਆਇਆ। ਉਥੋਂ ਦਾ ਜਿਹੜਾ ਮੁੱਖ ਮੰਤਰੀ ਸੀ, ਬੰਬਈ ਦੇ ਸਿੰਘਾਂ ਨੂੰ ਉਸ ਨੇ ਕਿਹਾ ਕਿ ਭਿੰਡਰਾਂਵਾਲਿਆ ਨੇ ਤੇ ਬੰਬੇ ਦੀ ਸਿੱਖ ਸੰਗਤ ਨੇ ਹਮਾਰਾ ਨਾਅ ਚਾਕ ਡਾਲਾ ਹੈ। ਇਹੋ ਜਿਹੀਆਂ ਗੱਲਾਂ ਉਸ ਨੇ ਕੀਤੀਆਂ। ਹਥਿਆਰਾਂ ਦੀ ਤਲਾਸ਼ੀ ਉਸ ਨੇ ਲਈ, ਹਥਿਆਰਾਂ ਦੇ ਲਾਇਸੈਂਸ ਚੈਕ ਕੀਤੇ। ਸਾਰੇ ਖ਼ਾਲਸਾ ਜੀ ਲਾਇਸੈਂਸੀ ਜਿਹੜੇ ਹਥਿਆਰ ਸੀ, ਉਹਨੇ ਵੇਖ ਕੇ ਅਖ਼ਬਾਰਾਂ ਵਿੱਚ ਵੀ ਕਿਹਾ ਕਿ ਭਿੰਡਰਾਂਵਾਲਿਆਂ ਦੇ ਹਥਿਆਰ ਅਸੀਂ ਚੈਕ ਕੀਤੇ ਆ, ਸਾਰੇ ਲਾਇਸੈਂਸੀ ਹਨ, ਪਰ ਪੰਜਾਬ ਦੇ ਮੁੱਖ ਮੰਤਰੀ ਜ਼ਕਰੀਏ ਦਾ ਇਹ ਰਟਨ ਲੱਗਾ ਆ ਹੁਣ ਤੱਕ ਵੀ.....। ਅੱਜ ਵੀ ਅਖ਼ਬਾਰਾਂ ਵਿੱਚ ਕੁਝ ਆਇਆ, ਇਹ ਤਾਂ ਮੈਂ ਸਮਾਪਤੀ ਦੇ ਟਾਈਮ 'ਤੇ ਦੱਸਾਂਗਾ। ਇਹਨਾਂ ਨੇ ਸ਼ੁਰੂ ਕੀਤਾ ਕਿ ਇਹ ਜੀ ਹਥਿਆਰ ਖ਼ਤਰਨਾਕ ਲਈ ਫਿਰਦੇ ਆ। ਇਹਨਾਂ ਨੂੰ ਪੁੱਛੋ ਕਿ ਤੁਹਾਡੇ ਕੋਲ ਰਬੜ ਦੀਆਂ ਗੋਲੀਆਂ ? ਤੁਹਾਡੇ ਕੋਲ ਖ਼ਤਰਨਾਕ ਨਹੀਂ ?

ਸਰਕਾਰੀ ਫਿਰਕਾਪ੍ਰਸਤੀ ਦੀਆਂ ਉਦਾਹਰਣਾਂ

ਸ਼ਰਾਰਤ ਆਪ ਕਰਦੇ ਆ, ਫਿਰਕਾਪ੍ਰਸਤੀ ਨੂੰ ਜਨਮ ਆਪ ਦਿੰਦੇ ਆ ਤੇ ਕਹਿ ਰਹੇ ਆ ਅਕਾਲੀ ਦਲ ਨੂੰ ਤੇ ਸਿੱਖਾਂ ਨੂੰ.....ਅਖੇ ਜੀ ਇਹ ਫਿਰਕਾਪ੍ਰਸਤ ਆ। ਮੈਂ ਦੋ ਚਾਰ ਮਸਾਲਾਂ ਸੂਖਮ ਜਿਹੇ ਰੂਪ ਵਿੱਚ ਦੇਵਾਂਗਾ। ਕਿਉਂਕਿ ਸਮਾਂ ਬਹੁਤ ਹੋ ਚੁੱਕਾ, ਸੰਗਤ ਨੇ ਜਾਣਾ....., ਜਥੇ ਨੇ। ਫਿਰਕਾ ਪ੍ਰਸਤੀ ਨੂੰ ਜਨਮ ਕੌਣ ਦਿੰਦਾ ? ਮਹਾਸ਼ਾ ਪ੍ਰੈਸ ਤੇ ਗੌਰਮੈਂਟ ਤੇ ਇੰਦਰਾ ਗਾਂਧੀ ਦੀਆਂ ਚਪਲੀਆਂ ਝਾੜਨ ਵਾਲੇ ਬਹੁਰੂਪੀਏ ਰੂਪ ਵਿੱਚ, ਪੱਗਾਂ ਬੰਨਣ ਵਾਲੇ ਕੁਝ ਲੋਕ। ਕਿਵੇਂ ਜਨਮ ਦਿੰਦੇ ਆ ?

ਪਟਿਆਲੇ ਦੇ ਵਿੱਚ, ਅਸ਼ੋਕ ਕੁਮਾਰ ਮਾਰਿਆ ਗਿਆ, ਉਹਦੀ ਲਾਸ਼ ਦਾ ਅਜੇ ਸਸਕਾਰ ਨਹੀਂ ਸੀ ਕੀਤਾ, ਪਰ ਜੁਡੀਸ਼ੀਅਲੀ ਜਾਂਚ ਅਰੰਭ ਹੋ ਗਈ। ਹੁਕਮ ਹੋ ਗਿਆ (ਕਿ) ਇਹਦੀ ਜਾਂਚ ਕੀਤੀ ਜਾਵੇਗੀ, ਪਰ ਡੇਢ ਦਰਜਨ ਤੋਂ ਵੱਧ (ਸਿੰਘ) ਮਹਿਤੇ ਵਿੱਚ ਮਾਰੇ ਗਏ, ਸ਼ਹੀਦ ਹੋ ਗਏ। ਚੰਦੋ ਕਲਾਂ ਵਿੱਚ ਸ੍ਰੀ ਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀਆਂ ਪੋਥੀਆਂ ਸਾੜੀਆਂ ਗਈਆਂ, ਦੋ ਬੱਸਾਂ ਨੂੰ ਅੱਗ ਲਾਈ ਗਈ। ੩ ਲੱਖ ਦਾ ਮਾਲ ਚੰਦੋ ਕਲਾਂ ਪਿੰਡ ਦੀ ਸੰਗਤ ਦਾ ਲੁੱਟਿਆ ਗਿਆ। ਚੰਦੂ ਕਲਾਂ ਦੀ ਇਨਕੁਆਰੀ ਖ਼ਾਲਸਾ ਜੀ ਅੱਜ ਤੱਕ ਬੰਦ ਆ, ਅਜੇ ਅਰੰਭ ਨਹੀਂ ਹੋਈ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੇ-ਅਦਬੀ ਹੋ ਜਾਵੇ ਤਾਂ ਇਨਕੁਆਰੀ ਬੰਦ, ਬੱਸਾਂ ਸੜ ਜਾਣ ਤੇ ਤਾਂ ਵੀ ਇਨਕੁਆਰੀ ਬੰਦ, ਪਿੰਡ ਦਾ ਮਾਲ ਭੰਨ ਦਿੱਤਾ ਜਾਵੇ ਤਾਂ ਵੀ ਇਨਕੁਆਰੀ ਬੰਦ ਤੇ ਜੇ ਟੋਪੀ ਵਾਲਾ ਇੱਕ ਮਾਰਿਆ ਜਾਵੇ ਤਾਂ ਸਸਕਾਰ ਕਰਨ ਤੋਂ ਪਹਿਲਾਂ ਇਨਕੁਆਰੀ ਅਰੰਭ। ਫਿਰਕਾਪ੍ਰਸਤੀ ਨੂੰ ਜਨਮ ਕੌਣ ਦਿੰਦਾ ?

ਲਾਲਾ ਜਗਤ ਨਰਾਇਣ ਮਾਰਿਆ ਗਿਆ, ਗੱਡੀ ਕਿਸੇ ਨੇ ਚੜ੍ਹਾ ਦਿੱਤਾ। ਮੋਟਰ ਸਾਈਕਲ ਵਾਲੇ ਦਾ ਨਾਅ ਆ ਗਿਆ ਅਖ਼ਬਾਰਾਂ ਵਿੱਚ। ਉਹਦੀ ਲਾਸ਼ ਦਾ ਪੋਸਟ ਮਾਰਟਮ ਕਰਕੇ ਤੇ (ਉਹਦੇ) ਪੁੱਤਰ ਰਮੇਸ਼ ਨੂੰ ਦੇ ਦਿੱਤੀ, ਪਰ ਮੇਰੀ ਉਮਰ ਤੋਂ ਛੋਟੇ ਆਪਣੇ ਸਿੱਖ ਨੌਜੁਆਨ ਭਰਾ, ਟਰਾਲੀਆਂ 'ਚ ਬੈਠੇ ਸੰਗਤ ਨੂੰ ਦੁੱਧ ਪਿਆ ਕੇ, ਰੋਟੀ ਖੁਆ ਕੇ, ਘਰਾਂ ਨੂੰ ਜਾਂਦੇ ਵਾਪਸ, ਗੋਲੀਆਂ ਮਾਰ ਕੇ ਭੁੰਨ ਦਿੱਤੇ.....। ਪਹਿਲਾਂ ਤਾਂ ਉਹਨਾਂ ਦੀ ਇਨਕੁਆਰੀ ਅਰੰਭ (ਹੀ) ਨਹੀਂ ਸੀ ਕਰਦੇ (ਪਰ)

ਜਦੋਂ ਅਕਾਲੀ ਦਲ ਨੇ, ਸੰਪਰਦਾਵਾਂ ਨੇ, ਜਥੇਬੰਦੀਆਂ ਨੇ ਰਲ਼ ਕੇ ਜ਼ੋਰ ਪਾਇਆ, ਇਨਕੁਆਰੀ ਅਰੰਭ ਹੋ ਗਈ। ਉਸ ਇਨਕੁਆਰੀ ਦੀ ਪੈਰਵਾਈ ਕਰਨ ਵਾਸਤੇ, ਦਾਸ ਨੇ ਆਪਣੇ ਵੱਲੋਂ, ਬਾਬਾ ਠਾਰਾ ਸਿੰਘ ਜੀ ਤੇ ਭਾਈ ਅਮਰੀਕ ਸਿੰਘ ਜੀ ਦੀ ਡਿਊਟੀ ਲਾਈ ਤੇ ਜਦੋਂ ਸਰਗਰਮੀ ਨਾਲ ਇਹ ਕੰਮ ਕਰਨ ਲੱਗੇ ਤੇ ਪਤਾ ਲੱਗਾ ਕਿ ਵੱਡੇ ਵੱਡੇ ਅਫ਼ੀਸਰ ਇਹਦੇ ਵਿੱਚ ਫਸਣਗੇ। ਹੋਰ ਤਾਂ ਕੋਈ ਚਾਰਾ ਨਾ ਚੱਲਿਆ, ਜਥੇ ਦੀ ਬੱਸ ਆ ਰਹੀ ਸੀ, ਵਾਹਿਗੁਰੂ, ਟੈਕਸੀ, ਜੀਪ.....। ਆਈ ਸੀ ਖਡੂਰ ਸਾਹਿਬ ਨੂੰ ਤੇ ਖਡੂਰ ਸਾਹਿਬ ਤੋਂ ਚੱਲੀ ਸੀ ਵਾਪਸ। ਰਾਹ ਵਿੱਚ ਜੀਪ ਪਕੜ ਲਈ ਤੇ ਤਿੰਨ ਉਹਦੇ ਵਿੱਚ ਸਿੰਘ ਸੀ। ਉਹਨਾਂ ਨੂੰ ਪਕੜ ਕੇ ਮੁਕੱਦਮਾ ਬਣਾ ਦਿੱਤਾ। ਉਹਨਾਂ ਨੂੰ ਛੁਡਾਉਣ ਵਾਸਤੇ, ਪੈਰਵਾਈ ਕਰਨ ਵਾਸਤੇ ਦਾਸ ਨੇ ਅਮਰੀਕ ਸਿੰਘ ਨੂੰ ਭੇਜਿਆ ਤੇ ਫੜ ਕੇ ਉਹਨੂੰ ਜੇਲ੍ਹ ਵਿੱਚ ਪਾ ਦਿੱਤਾ। ਉਹਦੇ ਪਿੱਛੇ ਠਾਰਾ ਸਿੰਘ ਨੂੰ ਭੇਜਿਆ ਤੇ ਫੜ ਕੇ ਉਹਨੂੰ ਜੇਲ੍ਹ ਵਿੱਚ ਬੰਦ ਕਰ ਦਿੱਤਾ।

(ਖ਼ਾਲਸਾ ਜੀ) ਰਾਹ ਦੋ ਰਹਿ ਜਾਂਦੇ ਆ ਅਖੀਰ, ਇੱਕ ਤਾਂ ਸ਼ਾਂਤਮਈ ਢੰਗ ਦਾ, ਜਿਹਦੇ ਨਾਲ ਆਪਾਂ ਹੁਣ ਚੱਲ ਰਹੇ ਆਂ ਤੇ ਇੱਕ ਦੂਜਾ ਤੁਸੀਂ ਸਾਰੇ ਜਾਣਦੇ ਈ ਆਂ, ਮੋਟਰ ਸਾਈਕਲ ਵਾਲਾ, ਪਰ ਉਹ ਦਾਸ ਨੇ ਪਹਿਲਾਂ ਅਪਨਾਉਣਾ ਯੋਗ ਨਹੀਂ ਸਮਝਿਆ ਤੇ ਸਾਰੇ ਲੋਕਾਂ ਦੇ ਮਨਾਂ ਵਿੱਚ....., ਗੌਰਮੈਂਟ ਤੇ ਅੱਗੇ ਈ ਕਹੀ ਜਾਂਦੀ ਆ ਕਿ ਇਹ ਗਰਮ ਬੜਾ, ਇਹ ਤੇਜ਼ੀ ਬਹੁਤੀ ਕਰਦਾ। ਮੈਂ ਸੋਚਿਆ ਪਹਿਲਾਂ ਸ਼ਾਂਤਮਈ ਦਾ ਢੰਗ ਆਪਾਂ ਨੂੰ ਅਪਨਾਉਣਾ ਚਾਹੀਦਾ। ਮੋਰਚਾ ਲਾ ਦਿੱਤਾ ਤਾਂ ਗੌਰਮੈਂਟ ਦੇ ਵਜ਼ੀਰਾਂ ਨੇ ਸ਼ੁਰੂ ਕਰ ਦਿੱਤਾ ਕਿ ਪੰਜਾਂ ਸੱਤਾਂ ਦਿਨਾਂ 'ਚ ਖਤਮ ਹੋ ਜਾਏਗਾ। ਪ ਹਜ਼ਾਰ ਤੋਂ ਵੱਧ ਗ੍ਰਿਫ਼ਤਾਰੀ ਨਹੀਂ ਹੋਵੇਗੀ ਤੇ ਗੁਰੂ ਦੀ ਕਿਰਪਾ ਨਾਲ ਪ-ਪ ਹਜ਼ਾਰ ਦੇ ਜਥੇ ਇੱਕੋ ਦਿਨ ਹੀ ਜਾਣ ਲੱਗ ਪਏ। ਉਹਦੇ ਵਿੱਚ ਵੀ ਇਹ ਝੂਠੇ ਹੋਏ ਗੌਰਮੈਂਟ ਵਾਲੇ। ਫਿਰ ਇਹਨਾਂ ਨੇ ਪ੍ਰਾਪੇਗੰਡਾ ਸ਼ੁਰੂ ਕੀਤਾ ਕਿ ਹਿੰਦੂਆਂ ਨੂੰ ਮਾਰਨ ਲੱਗੇ ਆ। ਹਿੰਦੂਆਂ ਨਾਲ ਵਿਤਕਰਾ ਕਰਦੇ ਆ, ਹਿੰਦੂਆਂ ਦਾ ਗਲ ਘੁੱਟਦੇ ਆ ਤੇ ਹਿੰਦੂ ਮਹਾਸ਼ਾ ਪ੍ਰੈਸ ਨੇ ਵੀ ਅੱਡੀ ਚੋਟੀ ਦਾ ਜ਼ੋਰ ਲਾ ਦਿੱਤਾ। ਪੁਲਸ 'ਤੇ ਜ਼ੋਰ ਪਾਉਣ ਤੇ ਸੰਗਤ (ਵੱਲੋਂ) ਇਨਕੁਆਰੀ ਮਹਿਤੇ ਦੀ ਸ਼ੁਰੂ ਹੋ ਗਈ.....। ਇਹਨੂੰ ਗੌਰਮੈਂਟ ਨੂੰ ਪੁੱਛੋ, ਭਈ ਜੇ ਤੁਸੀਂ ਸੱਚੇ ਹੋਂ, ਇਨਕੁਆਰੀ ਪੂਰੀ ਹੋ ਚੁੱਕੀ ਆ, ਤਕਰੀਬਨ ਦੋ ਮਹੀਨੇ ਹੋ ਚੁੱਕੇ ਆ ਤੇ ਰਲੀਜ਼ ਕਿਉਂ ਨਹੀਂ ਕਰਦੇ ? ਸਪੱਸ਼ਟ ਕਿਉਂ ਨਹੀਂ ਕਰਦੇ ? ਅਖ਼ਬਾਰਾਂ ਵਿੱਚ ਕਿਉਂ ਨਹੀਂ ਦਿੰਦੇ ? ਕਿਹਦਾ ਕਸਰੂ ਆ ? ਦੋ ਮਹੀਨੇ ਹੋ ਗਏ ਫ਼ੈਸਲਾ ਹੋਏ ਨੂੰ ਇਨਕੁਆਰੀ ਦਾ, ਉਸ ਕੇਸ ਦਾ ਤੇ ਗੌਰਮੈਂਟ ਕਾਗਜ਼ ਈ ਦੱਬੀ ਬੈਠੀ ਆ, ਕਿਉਂਕਿ ਉਹਦੇ 'ਚ ਵੱਡੇ ਵੱਡੇ ਅਫ਼ੀਸਰ ਫਸਦੇ ਆ।

ਸੋ ਖ਼ਾਲਸਾ ਜੀ ਇਦੋਂ ਪਿੱਛੋਂ ਥਾਂ ਥਾਂ 'ਤੇ ਸਿੰਘਾਂ ਨੂੰ ਸ਼ਹੀਦ ਕਰਨ ਦਾ ਚੱਕਰ, ਇਸ ਗੌਰਮੈਂਟ ਨੇ ਚਲਾਇਆ ਤੇ ਚੱਕਰ ਦੇ ਵਿੱਚ ਜਿਵੇਂ ਜਿਵੇਂ ਸਿੰਘਾ ਦੀਆਂ ਸ਼ਹੀਦੀਆਂ ਹੁੰਦੀਆਂ ਗਈਆਂ ਤੇ ਨੌਜੁਆਨਾਂ ਵਿੱਚ ਵੀ ਖ਼ੂਨ ਗਰਮ ਹੁੰਦਾ ਗਿਆ। ਗੱਡੀ ਕਿਤੇ ਕਿਸੇ ਨੂੰ, ਕੋਈ ਚੜ੍ਹਾ ਦੇਵੇ ਤੇ (ਕਹਿੰਦੇ ਨੇ) ਮਾਰ ਦਿੱਤਾ ਭਿੰਡਰਾਂਵਾਲੇ ਨੇ। ਮੱਧਿਆ ਪ੍ਰਦੇਸ਼ ਵਿੱਚ ਇੱਕ ਐਕਸੀਡੈਂਟ ਹੋ ਗਿਆ, ਸੁੱਚਾ ਸਿੰਘ ਹੁਣਾਂ ਦਾ। ਹੁਣ ਤੇ ਆ ਗਏ, ਬਰੀ ਹੋ ਗਏ, ਇੱਕ ਰਹਿ ਗਿਆ ਇਹਨਾਂ ਵਿੱਚੋਂ, ਉਹ ਵੀ ਆ ਜਾਊ ਸਮੇਂ ਨਾਲ ਤੇ ਕਹਿੰਦੇ ਜੀ ਭਿੰਡਰਾਂਵਾਲੇ ਦੀ ਸਾਜ਼ਿਸ਼ ਨਾਲ ਇਹ ਕੀਤਾ ਗਿਆ।

ਅਨੰਦਪੁਰ ਇੱਕ ਸ਼ਾਦੀ ਲਾਲ ਤੋਂ ਗਨੀ ਲਾਲ ਕਿਸੇ ਨੇ ਬਣਾ ਦਿੱਤਾ ਤੇ ਇਹ ਵੀ ਕਹਿੰਦੇ ਭਿੰਡਰਾਂਵਾਲੇ ਨੇ ਕਰਵਾਇਆ।

ਮੈਂ ਜੇਲ੍ਹ 'ਚ ਬੈਠਾਂ, ਤਰਨ ਤਾਰਨ ਗੱਡੀ ਚੜ੍ਹ ਗਏ (ਤੇ) ਕਹਿੰਦੇ ਇਹ ਵੀ ਭਿੰਡਰਾਂਵਾਲੇ ਨੇ ਕਰਵਾਇਆ।

ਜੇ ਦਹੇੜੂ ਘਰੇ ਮਾਰਨ ਵਾਸਤੇ ਗਈ ਆ ਪੁਲਸ। ਕਨੂੰਨ ਦੇ ਮੁਤਾਬਕ....., ਮੈਂ ਬਹੁਤਾ ਤਾਂ ਪੜ੍ਹਿਆ ਨਹੀਂ, ਪੜ੍ਹਿਆਂ ਲਿਖਿਆਂ ਨੂੰ ਜ਼ਿਆਦਾ ਪਤਾ ਤੇ ਜਿੰਨੀ ਕੁ ਵਾਕਫ਼ੀ ਦਾਸ ਨੂੰ ਹੈ.....। ਕਾਨੂੰਨ ਦੇ ਮੁਤਾਬਕ ਇਹ ਆ ਕਿ ਜਿਹੜੇ ਬੰਦੇ ਨੂੰ ਫੜਨਾਂ, ਉਹਦੇ ਪਿੰਡ ਵਿੱਚੋਂ, ਉਥੋਂ ਦਾ ਚੌਕੀਦਾਰ, ਨੰਬਰਦਾਰ ਤੇ ਸਰਪੰਚ, ਇਹਨਾਂ ਤਿੰਨਾਂ ਵਿੱਚੋਂ ਇੱਕ ਨੂੰ ਲੈਣਾ ਅਤਿਅੰਤ ਜ਼ਰੂਰੀ ਹੁੰਦਾ ਨਾਲ ਤੇ ਘਰ ਵਾਲੇ ਦਾ ਜਿਹੜਾ ਮਾਲ-ਧੰਨ ਆਂ, ਉਹ ਲੁੱਟਿਆ ਨਾ ਜਾਵੇ ਤੇ ਜਦੋਂ ਭਾਈ ਰਾਈਫਲਾਂ ਲੈ ਕੇ ਕਿਸੇ ਦੇ ਘਰੇ ਵੜ ਜਾਈਏ ਮਾਰਨ ਵਾਸਤੇ ਤੇ ਫਿਰ ਹਰ ਇੱਕ ਬੰਦਾ ਚਾਰਾ ਕਰਦਾ (ਕਿ) ਮੈਂ ਕਿਵੇਂ ਬਚਾਂ ? ਥਾਂ ਥਾਂ 'ਤੇ ਕਹਿੰਦੇ ਨੇ ਨਾ ਪੁਲੀਸ ਮੁਕਾਬਲਾ ਹੋਇਆ। ਹੁਣ ਤੱਕ ਇੱਕ ਹੋਇਆ। ਇੱਕ ਹੋਰ ਸੀ....., ਕਾਰ ਵਾਲਾ ਵੀ ਛੱਡ ਕੇ ਭੱਜ ਗਏ ਸੀ ਪੁਲਸ ਵਾਲੇ। ਇੱਕ ਦੇਹੜੂ ਕਾਂਡ ਵਿੱਚ ਮੁਕਾਬਲਾ ਹੋਇਆ। ਇਹ ੩੦-੩੨ ਸੀ ਤੇ ਅਖ਼ਬਾਰਾਂ ਦੇ ਮੁਤਾਬਕ, ਉਥੇ ੨ ਸੀ। ਕਈਆਂ ਨੇ ੮ ਲਿਖੇ ਆ, ਕਈਆਂ ਨੇ ੨ ਲਿਖੇ ਆ। ਜੇ ਇਥੇ ੨ ਸਿੰਘ ਸੀ ਤੇ ਉਹ ੩੨ ਸੀ ਤੇ ਪਾਬੀਆਂ ਵਾਲੇ ਗਹੀਰੇ ਵਿੱਚ ਤੇ ਮੰਜਿਆਂ ਦੇ ਥੱਲੇ ਤੇ ਤੂੜੀ ਦੇ ਕੁੱਪਾਂ ਵਿੱਚ ਪੁਲੀਸ ਕਿਉਂ ਵੜੀ ? ਉਹਨਾਂ ਪਤੰਦਰਾਂ ਦੇ ਸਾਹਮਣੇ ਹੁੰਦੇ ਤੇ ਪਤਾ ਲੱਗ ਜਾਂਦਾ ਕੀ ਭਾਅ ਵਿਕਦੀ ਆ ?

ਜਦੋਂ ਸਿੰਘ ਨੂੰ ਫੜ ਲੈਂਦੇ ਆ, ਬੰਨ ਲੈਂਦੇ ਆ, ਕੁੱਟ ਕੁੱਟ ਕੇ, ਨਹੁੰ ਤੋੜ ਤੋੜ ਕੇ, ਲੂਣ ਭਰ ਭਰ ਕੇ, ਮੋਮਬੱਤੀਆਂ ਜਗਾ ਕੇ, ਹੱਥਾਂ ਦੇ ਥੱਲੇ ਰੱਖ ਕੇ, ਉੱਪਰ ਹੱਥ ਇਸ ਤਰ੍ਹਾਂ ਰਖਾ ਕੇ, ਹੱਥ ਸਾੜ ਕੇ ਤੇ ਐਸ. ਐਸ. ਪੀ. ਜਲੰਧਰ ਦਾ, ਪੰਜਾਬ ਦੇ ਮੁੱਖ ਮੰਤਰੀ ਜ਼ਕਰੀਏ ਨੂੰ ਵਾਇਰਲੈਸ ਕਰਦਾ ਕਿ ਭਾਈ ਗੁਰਮੀਤ ਸਿੰਘ ਧੂਲਕੋਟ ਵਾਲਾ ਤਾਂ ਬਿਨਾਂ ਵਾਹਿਗੁਰੂ ਤੇ ਅਕਾਲ ਪੁਰਖ ਤੋਂ ਨਾਂਅ ਹੀ ਨਹੀਂ ਕਿਸੇ ਦਾ ਲੈਂਦਾ ਤੇ ਹੁਣ ਕਿਵੇਂ ਕਰੀਏ ? ਤੇ ਮੁੱਖ ਮੰਤਰੀ ਜਿਹੜਾ (ਆਪਣੇ ਆਪ ਨੂੰ) ਆਂਦਾ ਮੈਂ ਸਿੱਖ ਆਂ ਤੇ (ਉਹ) ਕਹਿੰਦਾ ਗੋਲੀ ਮਾਰ ਦਿਉ ਇਹਦੇ। ਇਸ ਤਰੀਕੇ ਨਾਲ ਮਾਰਿਆ ਗਿਆ ਭਾਈ ਧੂਲ ਕੋਟ ਵਾਲੇ ਨੂੰ।

ਜੇ ਤਾਂ ਪੰਡਿਤਾਂ ਦੇ ਘਰੇ ਜੰਮੀ ਬੀਬੀ.....। ਮੈਂ ਬੇਨਤੀ ਕੀਤੀ ਫਿਰਕਾਪ੍ਰਸਤੀ ਨੂੰ ਜਨਮ ਕੌਣ ਦਿੰਦਾ ਤੇ ਭੰਡਿਆ ਕਿਸ ਨੂੰ ਜਾਂਦਾ ? ਝੂਠੇ ਦੋਸ਼ ਕਿਸ ਕੌਮ ਦੇ ਉੱਪਰ ਲਾਏ ਜਾਂਦੇ ਆ ? ਪੰਡਿਤਾਂ ਦੇ ਘਰੇ ਜੰਮੀ ਕੁੜੀ, ਜਨਤਾ ਦੀਆਂ ਲੈ ਕੇ ਵੋਟਾਂ, ਹਿੰਦੁਸਤਾਨ ਦੀ ਬਣੀ ਪ੍ਰਾਈਮ ਮਨਿਸਟਰ ਬੀਬੀ ਇੰਦਰਾ ਗਾਂਧੀ.....। ਉਹਨੂੰ ਮਿਲ ਜਾਵੇ ਸਜ਼ਾ ੧੯੭੭ ਵਿੱਚ ਤੇ ਪਾਂਡੇ ਹੁਰੀਂ ਜਹਾਜ਼ ਅਗਵਾਹ ਕਰਕੇ ਲੈ ਜਾਣ ਤਾਂ ਅਸੈਂਬਲੀ ਦੀ ਸੀਟ ਵਾਸਤੇ ਦੋਹਾਂ ਨੂੰ ਟਿਕਟਾਂ.....। ਇੱਕ ਨੂੰ ਯੂ. ਪੀ. 'ਚ, ਇੱਕ ਨੂੰ ਬਿਹਾਰ 'ਚ ਤੇ ਜੇ ਗੁਰੂ ਦੇ ਲਾਲ, ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੇਅਦਬੀ ਨੂੰ ਨਾ ਸਹਾਰ੍ਹਦੇ ਹੋਏ, ਗਜਿੰਦਰ ਸਿੰਘ ਤੇ ਉਹਦੇ ਸਾਥੀ, ਜਹਾਜ਼ ਅਗਵਾਹ ਕਰਕੇ ਲੈ ਜਾਣ ਤੇ ਕੁਲ ਮਹਾਸ਼ਾ ਪ੍ਰੈਸ ਤੇ ਕੁਲ੍ਹ ਮਹਾਸ਼ਿਆਂ ਨਾਲ ਸੰਬੰਧ ਰੱਖਣ ਵਾਲੇ ਤੇ ਹਿੰਦੂ ਸਾਮਰਾਜ ਦੇ ਵਜ਼ੀਰ ਤੇ ਸੈਂਟਰ ਦੀ ਪਟਰਾਣੀ , ਇਹ ਕਹਿੰਦੇ ਜੀ ਦੇਸ਼ ਦੀ ਅਖੰਡਤਾ ਭੰਗ ਹੋ ਚੱਲੀ। ਗਜਿੰਦਰ ਸਿੰਘ ਹੁਰਾਂ ਨੂੰ ਵਾਪਸ ਕੀਤਾ ਜਾਵੇ ਜਾਂ ਫਾਂਸੀ ਲਾਈ ਜਾਵੇ, ਕਿਉਂਕਿ ਤੂੰ ਬਹੁਤੀ ਸੁਹੱਪਣ ਵਾਲੀ ਆਂ ਨਾ,

ਸ੍ਰੀ ਗੁਰੂ ਗਰੰਥ ਸਾਹਿਬ ਜੀ ਨਾਲੋਂ ? ਤੇਰੀ ਕੀਮਤ ਜ਼ਿਆਦਾ ਹੁਣੀ ਆਂ ? ਸਤਿਗੁਰੂ ਵਾਸਤੇ ਜਹਾਜ਼ ਅਗਵਾਹ ਹੋ ਜਾਵੇ ਤਾਂ ਲੱਤ 'ਚ ਟੀਕਾ ਲਾ ਕੇ ਲੱਤ ਗਾਲ਼ੀ ਜਾਂਦੀ ਆ, ੪ ਅਗਸਤ ਨੂੰ ਗੁਰਬਖਸ਼ ਸਿੰਘ ਦੀ ਤੇ ਜੇ ਪੰਡਿਤਾਂ ਦੀ ਲੜਕੀ ਵਾਸਤੇ ਜਹਾਜ਼ ਅਗਵਾਹ ਹੋ ਜਾਵੇ ਤਾਂ ਐਮ. ਐਲ. ਏ. ਫਲੈਟ ਵਿੱਚ ਰਿਹਾਇਸ਼ੀ ਕਮਰਾ ਮਿਲਦਾ। ਜੇ ਸਤਿਗੁਰੂ ਵਾਸਤੇ ਜਹਾਜ਼ ਅਗਵਾਹ ਕਰ ਲਵੇ, ਗੁਰੂ ਕਾ ਸਿੱਖ ਮੁਸੀਬਤ ਸਿੰਘ, ਪਹਿਲਾ ਨਾਂਅ ਉਹਦਾ ਸੀ ਮਨਜੀਤ ਸਿੰਘ ਉਰਫ ਮੁਸੀਬਤ ਸਿੰਘ ਤੇ ਉਹਦੇ ੨੦ ਅਗਸਤ ਨੂੰ ਰਾਜਾਸਾਂਸੀ ਅੱਡੇ 'ਤੇ ਖ਼ਾਲਸਾ ਜੀ ਗੋਲੀ ਮਾਰੀ ਜਾਂਦੀ ਆ ਤੇ ਜੇ ਪੰਡਿਤਾਂ ਦੀ ਕੁੜੀ ਵਾਸਤੇ ਜਹਾਜ਼ ਅਗਵਾਹ ਹੋ ਜਾਵੇ ਤਾਂ ਦੇਸ਼ ਭਗਤੀ ? ਸਿੱਖ ਦੇ ਇਸ਼ਟ ਵਾਸਤੇ ਜਹਾਜ਼ ਅਗਵਾਹ ਹੋ ਜਾਵੇ ਤੇ ਦੇਸ਼ ਨਾਲ ਗ਼ਦਾਰੀ ? ਇਹ ਫਿਰਕਾ ਪ੍ਰਸਤੀ ਨੂੰ ਜਨਮ ਕੌਣ ਦਿੰਦਾ ?

ਅੱਜ ਤੁਸਾਂ ਹੁਣੇ ਸੁਣਿਆ ਦਾਸ ਤੋਂ ਪਹਿਲੋਂ ਕਿ ਬਾਬਾ ਬਿਸ਼ਨ ਸਿੰਘ ਜੀ, ਬਾਬਾ ਬਕਾਲਾ ਸਾਹਿਬ ਵਾਲਿਆਂ ਦੀ ਕਾਰ ਘੇਰ ਲਈ ਆ। ਮੈਂ ਬੇਨਤੀ ਕਰਨਾਂ ਸੰਗਤ ਦੇ ਚਰਨਾਂ ਵਿੱਚ ਨੌਜੁਆਨੋ ਖ਼ਾਸ ਕਰਕੇ ਤੁਹਾਨੂੰ....। ਜਿੱਥੇ ਪੈਲੀ ਖਰੀਦ ਰਹੇ ਹੋ, ਕੋਠੀਆਂ ਪਾ ਰਹੇ ਹੋ। ਉਹ ਕੋਠੀਆਂ ਤੇ ਪੈਲੀ ਖਰਦਣੀ ਬੰਦ ਕਰਕੇ, ਇੱਕ ਇੱਕ ਮੋਟਰ ਸਾਈਕਲ ਤੇ ਇੱਕ ਇੱਕ ਵਧੀਆ ਰਿਵਾਲਵਰ ਖਰੀਦਣਾ ਸ਼ੁਰੂ ਕਰੋ। ਨਿੱਤ ਪੁੱਛਦੇ (ਜੇ) ਨਾ ਕੀ ਕਰਨਾ ? ਇਹ.....।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਜੈਕਾਰਿਆਂ ਵਾਲੇ ਪਾਸੇ ਅਜੇ ਬਹੁਤਾ ਨਾ ਪਈਏ, ਜਦੋਂ ਖਰੀਦ ਲਉਗੇ, ਉਦੋਂ ਛੱਡਾਂਗੇ, ਅਜੇ ਫੋਕੇ ਜਿਹੇ ਜੈਕਾਰਿਆਂ ਨਾਲ ਬਣਨਾ ਕੁਝ ਨਹੀਂ, ਖਰੀਦ ਕੇ ਛੱਡਿਉ। ਇਹ ਕਿਉਂ ਕਿਹਾ ? ਪੂਰਨ ਬ੍ਰਹਮ ਗਿਆਨੀ, ਮਹਾਂਪੁਰਖ ਜਿਹਨਾਂ ਨੇ ਇਥੇ ਇੰਦਰਾ ਦੀਆਂ ਭੂਆਂਟਣੀਆਂ ਭੂਆਈਆਂ ੧੯੭੭ 'ਚ ਜਲੂਸ ਕੱਢ ਕੇ। ਦਾਸ ਦਾ ਕਹਿਣ ਤੋਂ ਭਾਵ ਹੈ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ, ਜਿਹੜੇ ਦਾਸ ਤੋਂ ਪਹਿਲਾਂ ਇਸ ਟਕਸਾਲ ਦੀ ਸੇਵਾ ਨਿਭਾਉਂਦੇ ਸਨ। ਉਹਨਾਂ ਮਹਾਂਪੁਰਸ਼ਾਂ ਨੇ, ਸਤਿਕਾਰ ਯੋਗ :

ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ ॥

(ਸਿਰੀ ਰਾਗੁ ਮ: ੩, ੩੨)

ਐਸੇ ਮਹਾਂਪੁਰਖਾਂ ਦੀ ਮਾਤਾ ਸਤਿਕਾਰ ਯੋਗ ਮਾਤਾ ਲਾਭ ਕੌਰ ਜੀ। ਉਹ ਢੀਂਡ ਵਾਲੇ ਰਹਿ ਰਹੇ, ਮੁਕਤਸਰ ਤੋਂ ਪਰੇ ਤੇ ਖ਼ਾਲਸਾ ਜੀ ਕੱਲ ਜਥੇ ਦੀ ਬੱਸ ਉਥੇ ਭੇਜੀ ਗਈ, ਆਪਣੇ ਜਥੇ ਦੀ ਤੇ ਜਿਹੜੇ ਦੁਸ਼ਟ ਨੇ ਸਿੰਘਾਂ ਦਾ ਖ਼ੂਨ ਪੀਤਾ ਸੀ, ਸਾਂਸੀ ਸਾਂਸੀ ਕਰਕੇ ਜਿਹਨੂੰ ਕਹਿੰਦੇ (ਆ) ਗੁਰਚਰਨ ਸਿੰਹੁ, ਉਹਨੇ (ਵੀ) ਬਹੁਤ ਸਿੰਘਾਂ ਦਾ ਖ਼ੂਨ ਪੀਤਾ ਸੀ। ਅਖ਼ਬਾਰਾਂ ਵਿੱਚੋਂ ਮੈਨੂੰ ਪਤਾ ਲੱਗਾ ਕਿ ਉਹ ਵੀ ਮੋਟਰ ਸਾਈਕਲ 'ਤੇ ਜਾ ਰਿਹਾ ਸੀ ਤੇ ਪਿੱਛੋਂ ਵੀ ਕੋਈ ਮੋਟਰ ਸਾਈਕਲ ਵਾਲਾ ਮਿਲ ਪਿਆ ਤੇ ਦੋਵੇਂ ਮਿਲ ਕੇ ਗੱਡੀ ਚੜ੍ਹਨ ਜਾ ਰਹੇ ਸੀ। ਪਿਛਲੇ ਨੇ ਚੜ੍ਹਾ ਦਿੱਤਾ ਤੇ ਇਹ ਤਾਂ ਉਹਨਾਂ ਨੂੰ ਪਤਾ ਕਿ ਕਿਵੇਂ ਚੜ੍ਹੇ ? ਉਹ ੧:੧੫ ਮਿੰਟ 'ਤੇ ਗੱਡੀ ਚੜ੍ਹਦਾ ਸਾਂਸੀ ਤੇ ਬੱਸ ਇਥੋਂ ੧:੩੦ ਵਜੇ ਤੁਰਦੀ ਆ ਤੇ ੬:੦੦ ਵਜੇ ਮੁਕਤਸਰ ਪਹੁੰਚਦੀ ਆ, ਉਥੇ ਇਸ ਸਿੰਘ ਨੂੰ ਪਤਾ ਨਹੀਂ ਸੀ ਕਿ ਉਹ (ਗੱਡੀ) ਚੜ੍ਹ ਗਿਆ ਤੇ ਸਿੰਘ ਗੱਡੀ ਦੇ ਟੈਰਾਂ ਦੀ ਹਵਾ ਚੈਕ ਕਰਾਉਣ ਲੱਗ ਗਿਆ ਤੇ ਉਥੋਂ ਪੁਲੀਸ ਦਾ ਪ੦੦ ਬੰਦਾ ਆ ਗਿਆ। ਫਿਰੋਜ਼ਪੁਰ ਵਾਲੇ ਐਸ. ਐਸ. ਪੀ. ਨੂੰ ਮੈਂ ਕਹਿਣਾ ਚਾਹੁੰਨਾਂ....., ਨਾਂਅ ਤੇ ਮੇਰੇ ਯਾਦ ਨਹੀਂ, ਪੁੱਛ ਲਾਂਗੇ ਕਿਸੇ ਨੂੰ। ਠੀਕ ਆ ਕਿ ਤੇਰੇ ਕੋਲ ਅਹੁਦਾ,

(ਤੂੰ) ਮਨਮਰਜ਼ੀਆਂ ਕਰ ਲਾ ਜਿੰਨੀਆਂ ਹੁੰਦੀਆਂ, ਪਰ ਇਹ ਗੁਰੂ ਕੀ ਉਹ ਕੌਮ ਆਂ ਜਿਹਨਾਂ ਨੇ ਹਾਥੀ 'ਤੇ ਬੈਠਿਆਂ ਲਖਪਤ ਤੇ ਜਸਪਤ ਵਰਗਿਆਂ ਨੂੰ ਜਿਉਂ ਵੱਲ ਦੇ ਨਾਲੋਂ ਕੱਦੂ ਵੱਢੀ ਦਾ, ਇਸ ਤਰ੍ਹਾਂ ਭਾਈ ਨਗਾਹੂ ਸਿੰਘ ਨੇ ਵੱਢਿਆ ਸੀ। ਜਾਨੀ ਖਾਂ ਤੇ ਮਾਨੀ ਖਾਂ ਨੇ, ਸਾਹਿਬਜ਼ਾਦਿਆਂ 'ਤੇ ਵਾਰ ਕੀਤਾ ਸੀ ਤੇ ਗੁਰੂ ਕੇ ਸਿੱਖ ਯੋਧਿਆਂ ਨੇ, ਕੋਠੇ ਵਿੱਚੋਂ ਕੱਢ ਕੇ, ਤੋਲ ਪਾ ਪਾ ਕੇ, ਨਿੱਕਾ ਨਿੱਕਾ ਕਰਕੇ ਸਾੜਿਆ ਸੀ ਉਹਨਾਂ ਨੂੰ। ਇਥੇ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਨੂੰ ਭੰਗ ਕਰਨ ਵਾਸਤੇ, ਜੋ ਜ਼ਾਲਮ ਲੋਕ ਇਥੇ ਆਏ ਆ ਤਾਂ ਉਹਨਾਂ ਦਾ ਸਿਰ ਵੱਢ ਕੇ, ਉਹਦੀ ਗੇਂਦ ਬਣਾ ਕੇ, ਖਿੱਦੋ ਬਣਾ ਕੇ, ਬੁੱਢੇ ਜੌਹੜ ਜਾ ਕੇ, ਖਿੱਦੋ ਖੂੰਡੀ ਖੇਡਿਆ ਸੀ ਸਿੱਖਾਂ ਨੇ ਤੇ ਤੂੰ ਕਿਹੜੇ ਬਾਗ ਦੀ ਮੂਲੀ ਏਂ। ਅਸੀਂ ਭੇਜਿਆ ਮਹਾਂਪੁਰਖਾਂ ਦੀ ਮਾਤਾ ਨੂੰ ਲਿਆਉਣ ਲਈ ਬੱਸ ਨੂੰ ਤੇ ਮਹਾਂਪੁਰਖਾਂ ਦੀ ਬਰਸੀ ਆ ਤੇ ਸਤਿਕਾਰ ਯੋਗ ਮਾਤਾ ਤੇ ਉਹਨਾਂ ਦਾ ਪਰਿਵਾਰ ਇਥੇ ਆਉਣਾ ਚਾਹੀਦਾ, ਪਰ ਇਸ ਦੁਸ਼ਟ ਐਸ. ਐਸ. ਪੀ. ਫਿਰੋਜ਼ਪੁਰ ਵਾਲੇ ਨੇ ਵਾਇਰਲੈਸ ਕਰ ਦਿੱਤੀ ਕਿ ਭਿੰਡਰਾਂਵਾਲੇ ਦੀ ਬੱਸ ਆ ਰਹੀ ਆ ਤੇ ਜੇ ਮੋਟਰ ਸਾਈਕਲ ਵਾਲੇ ਚਲੇ ਗਏ ਤੇ ਚਲੇ ਗਏ, ਕੋਈ ਗੱਲ ਨਹੀਂ, ਪਰ ਇਹ ਬੱਸ ਨਹੀਂ ਇਥੋਂ ਜਾਣੀ ਚਾਹੀਦੀ, ਇਹਨੂੰ ਫੜ ਲਉ ਤੇ ਉਹ ਸਿੰਘ ਜਦੋਂ ਹਵਾ ਵੇਖਣ ਲੱਗਾ, (ਇਹ) ਜਾ ਕੇ ਦੁਆਲੇ ਹੋ ਗਏ। ਜੇ ਪੁੱਛਿਆ ਭਈ ਕੀ ਗੱਲ ਆ ਤੇ ਕਹਿੰਦੇ ਅਖੇ ਪਤਾ ਨਹੀਂ ? ਆਹ ਸਾਂਸੀ ਨੂੰ ਤੇ ਚੜ੍ਹਾਇਆ ਈ ਭਿੰਡਰਾਂਵਾਲੇ ਨੇ ਆਂ। ਤੁਸੀਂ ਕਿਧਰ ਆ ਗਏ ਬੱਸ ਲੈ ਕੇ ? ਤੁਸੀਂ ਮੋਟਰ ਸਾਈਕਲ ਵਾਲਿਆਂ ਨੂੰ ਲੈਣ ਆਏ ਹੋਵੋਂਗੇ ? ਉਹ ੧: ੧੫ ਮਿੰਟ 'ਤੇ ਗੱਡੀ ਚੜ੍ਹਦਾ। ਬੱਸ ੧:੩੦ ਵਜੇ ਇਥੋਂ ਚੱਲਦੀ ਆ ਤੇ ੬:੦੦ ਵਜੇ ਮੁਕਤਸਰ ਪਹੁੰਚਦੀ ਆ ਤੇ ਕਹਿੰਦੇ, ਤੁਸੀਂ ਮੋਟਰ ਸਾਈਕਲ ਵਾਲਿਆਂ ਨੂੰ ਲੈਣ ਆਏ ਉਂ।

ਬੱਸ ਛੱਡਣ ਲਈ ਅਲਟੀਮੇਟਮ

ਮੈਨੂੰ ਪਤਾ ਲੱਗਾ ਸਵੇਰੇ। ਸੰਤਾਂ ਨਾਲ ਵੀ ਮੈਂ (ਇਸ ਬਾਰੇ) ਗੱਲ ਕੀਤੀ ਸੀ, ਹੋਰ ਵੀ ਜਿੱਥੇ ਜਿੱਥੇ ਮੈਂ ਯੋਗ ਸਮਝਿਆ ਇੱਕ ਥਾਂ 'ਤੇ ਸੁਨੇਹਾ ਦਿੱਤਾ ਸੀ। ਭਈ ਜੇ ਤਾਂ ਪ:੦੦ ਵਜੇ ਤੱਕ ਛੱਡ ਦਿਉਂ ਤਾਂ ਵਾਹ ਭਲੀ ਤੇ ਨਹੀਂ ਤਾਂ ਕਹਿੰਦੇ ਨੇ ਲੁਕ ਲੁਕਾ ਵਾਲੀ ਗੱਲ ਮੇਰੇ ਕੋਲ ਕੋਈ ਨਹੀਂ। ਪ:੦੦ ਵਜੇ ਤੱਕ ਬੱਸ ਛੱਡ ਦਿਉ ਤਾਂ ਚੰਗਾ ਤੇ ਜੇ ਨਾ ਛੱਡੀ ਗਈ ਤਾਂ ਪ,੦੦੦ ਹਿੰਦੂਆਂ ਨੂੰ ਇੱਕੋ ਘੰਟੇ 'ਚ ਵੱਢਾਂਗੇ, ਯਾਦ ਰੱਖ ਲਿਉ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਕਈ ਭਰਾ ਕਹਿੰਦੇ ਆ ਇਹ ਕੀ ਕਾਰਨ ਬੱਸ ਫੜੀ ਪੁਲੀਸ ਨੇ, ਲੱਗ ਪਿਆ ਹਿੰਦੂਆਂ ਨੂੰ ? ਹਿੰਦੂਆਂ ਨਾਲ ਸਾਡਾ ਵੈਰ ਨਹੀਂ ਕੋਈ, ਪਰ ਬੱਸ ਨੂੰ ਫੜਾਉਣ ਵਾਲਾ ਕੌਣ ਆਂ ? ਉਹ ਮਹਾਸ਼ਾ ਪ੍ਰੈਸ[੯] ਆ। ਉਥੋਂ ਦਾ ਐਸ. ਐਸ. ਪੀ. ਕੌਣ ਆ, ਉਸ ਨੂੰ ਪੁੱਛੇ ਜਾ ਕੇ ? ਹਿੰਦੂ ਇੱਕ ਮਾਰਿਆ ਜਾਵੇ ਤਾਂ ਸੈਂਟਰ ਗੌਰਮੈਂਟ ਭੱਜੀ ਆਉਂਦੀ ਆ ਪੰਜਾਬ ਨੂੰ। ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਚਤੁਰਵੇਦੀ ਸੈਕਟਰੀ ਤੇ ਸਾਡੇ ਭਰਾਵਾਂ ਦੀਆਂ ਪੱਗਾਂ ਲਾਹ ਕੇ ਦਾਹੜੀਆਂ ਮੁੰਨ ਕੇ ਪੰਜਾਬ ਨੂੰ, ਸਿੱਖਾਂ ਨੂੰ ਤੋਰ ਦਿੱਤਾ ਤੇ ਕੰਨ 'ਤੇ ਜੂੰ ਨਹੀਂ ਸਰਕੀ। ਸਿੱਖਾਂ ਦੀਆਂ ਲਾਸ਼ਾਂ ੪੦੦ ਰੋੜ ਦਿੱਤੀਆਂ ਤੇ ਕਹਿੰਦੇ ਨੇ ਅਸੀਂ ਤੇ ਰੋੜੀ ਕੋਈ ਨਹੀਂ ਤੇ ਜਦੋਂ ਤੱਕ ਇਹਨਾਂ ਨੂੰ ਸੋਕ ਨਹੀਂ ਲੱਗਦਾ, ਸੂਤ ਕਿਵੇਂ ਆਉਣਗੇ ? ਅਸੀਂ ਬੱਸ ਭੇਜਦੇ ਆਂ ਸੰਗਤ ਲਿਆਉਣ ਵਾਸਤੇ ਤੇ ਤੁਸੀਂ ਫੜ੍ਹ ਕੇ ਉਹਨਾਂ 'ਤੇ ਪਾਉਂਦੇ

ਆਂ ਕਤਲ ਤੇ ਜਦੋਂ ਸਾਨੂੰ ਪਤਾ ਭਈ ਕੀਰਤਨ ਕਰਦਿਆਂ, ਕਥਾ ਕਰਦਿਆਂ, ਮਹਾਂਪੁਰਖਾਂ ਦੀ ਬਰਸੀ ਮਨਾਉਂਦਿਆਂ, ਸੰਗਤ ਦੇ ਜੋੜੇ ਝਾੜਦਿਆਂ, ਕੁਰਾਹਿਤਾਂ ਛੁਡਾਉਂਦਿਆਂ, ਅੰਮ੍ਰਿਤ ਛਕਾਉਂਦਿਆਂ ਸਾਡੇ 'ਤੇ ਕਤਲ ਪੈਣੇ ਈ ਪੈਣੇ ਆਂ, ਫਿਰ ਪੰਦਰਾਂ ਵੀਹਾਂ ਨੂੰ ਇੱਕ ਇੱਕ ਜਣਾ ਗੱਡੀ ਚੜ੍ਹਾ ਕੇ ਕਿਉਂ ਨਾ ਭਾਜੀ ਵੰਡ ਦੇਈਏ। ਇਹ ਸੋਚਣਾ ਪੈਣਾ ਆਪਾਂ ਨੂੰ ਮਜ਼ਬੂਰ ਹੋ ਕੇ।

ਬਾਬਾ ਬਿਸ਼ਨ ਸਿੰਘ ਜੀ ਦੇ ਤੁਸਾਂ ਦਰਸ਼ਨ ਘੱਟ ਕੀਤੇ ਹੋਣੇ ਆਂ, ਲੇਕਨ ਮੈਂ ਕੀਤੇ ਆ। ਉਹਨਾਂ ਦਾ ਇੰਨਾ ਸਰੀਰ ਬਜ਼ੁਰਗ ਆ (ਕਿ) ਉਹਨਾਂ ਦੀ ਕਿਰਿਆ ਕਰਾਉਣੀ ਹੋਵੇ ਤਾਂ ਸਰੀਰ ਆਪਣੇ ਹੱਥਾਂ 'ਚ ਸੰਭਾਲਣਾ ਪੈਂਦਾ, ਪਕੜਨਾ ਪੈਂਦਾ, ਇੰਨੇ ਬਜ਼ੁਰਗ ਆ ਉਹ। ਉਹਨਾਂ ਦੀ ਕਾਰ ਜਾ ਰਹੀ (ਸੀ ਤੇ ਇਹ ਕਹਿੰਦੇ) ਅਖੇ ਜੀ ਬਦਮਾਸ਼ ਆ। ਉਏ ਸਾਰੀਆਂ ਸੰਪਰਦਾਵਾਂ ਹੀ ਬਦਮਾਸ਼ ਬਣ ਗਈਆਂ ? ਇਕੱਲੀ ਪੰਡਤਾਣੀ ਦੇਸ਼ ਭਗਤਣੀ ਰਹਿ ਗਈ ਦੇਸ਼ ਵਿੱਚ ?

ਸੋ ਖ਼ਾਲਸਾ ਜੀ ਬੇਨਤੀ ਕਰਾਂਗਾ ਸਾਰੀ ਸੰਗਤ ਨੂੰ, ਮੈਂ ਆਪਣੇ ਵੱਲੋਂ ਜਾਣ ਵਾਲੇ ਜਥੇ ਦਾ ਵੀ ਧੰਨਵਾਦ ਕਰਦਾਂ ਤੇ ਸੰਗਤ ਨੂੰ ਇੱਕ ਬੇਨਤੀ ਕਰਦਾਂ, ਕੱਲ ਦੇ ਸੰਬੰਧ ਵਿੱਚ (ਕਿ) ਸੰਤ ਮਹਾਂਪੁਰਖਾਂ ਦੀ ਬਰਸੀ ਮਨਾਈ ਜਾ ਰਹੀ ਆ। ਅੱਜ ਪਾਠ ਮੱਧ ਵਿੱਚ ਆਇਆ। ਕੱਲ ਨੂੰ ੯:੦੦ ਵਜੇ ਭੋਗ ਪਵੇਗਾ। ੯:੦੦ ਤੋਂ ੯:੩੦ ਵਜੇ ਤੱਕ ਕੀਰਤਨ। ੯:੩੦ ਵਜੇ ਤੋਂ ੧੦:੩੦ ਵਜੇ ਤੱਕ ਇੱਕ ਘੰਟਾ ਕਥਾ ਹੋਵੇਗੀ, ਦਾਸ ਕਰੇਗਾ। ਉਸ ਤੋਂ ਪਿੱਛੋਂ ਸਤਿਕਾਰ ਯੋਗ ਗੁਰਮੁਖ ਪਿਆਰੇ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਬਾਬਾ ਹਰਚੰਦ ਸਿੰਘ ਜੀ ਲੌਂਗੋਵਾਲ ਅਤੇ ਹੋਰ ਸੰਪਰਦਾਵਾਂ ਦੇ ਜਥੇਦਾਰ, ਹੋਰ ਗੁਰਮੁਖ ਪਿਆਰੇ ਮਹਾਤਮਾ, ਗੁਰਸਿੱਖ ਤੇ ਜ਼ਿਲ੍ਹੇ ਦੇ ਜਥੇਦਾਰ, ਜੋ ਵੀ ਪਤਵੰਤੇ ਇਥੇ ਪਹੁੰਚਣਗੇ....., ਉਹ ਸਾਰੇ ਮਹਾਂਪੁਰਖਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਨਗੇ, ਪਰ ਮੈਂ ਅੱਜ ਵੀ ਬੇਨਤੀ ਕਰਦਾਂ, ਕੱਲ ਵੀ ਕਥਾ ਵਿੱਚ ਕਰਾਂਗਾ.....। ਅੱਜ ਸੰਤਾਂ ਮਹਾਂਪੁਰਖਾਂ ਦੀ ਯਾਦ ਵਿੱਚ ਸੰਗਤਾਂ ਜਿਹੜੀਆਂ ਬਾਹਰੋਂ ਆਈਆਂ, ਉਹਨਾਂ ਨੂੰ ਬੇਨਤੀ ਕਰਨ ਲੱਗਾਂ, ...ਇਕੱਤਰ ਹੋਏ ਹਾਂ। ਸਭ ਤੋਂ ਵੱਡੀ ਸ਼ਰਧਾਂਜ਼ਲੀ ਤੇ ਸਭ ਤੋਂ ਵੱਡਾ ਪਿਆਰ, ਮੈਂ ਸਮਝਦਾ ਹਾਂ ਇਹੀ ਅਰਪਣ ਹੋਵੇਗਾ ਮਹਾਂਪੁਰਖਾਂ ਨੂੰ ਕਿ ਜੋ ਉਹਨਾਂ ਨੇ ਬਚਨ ਕਹੇ ਤੇ ਸੌਂਤੀ ਨਾਹਰੇ ਲਾ ਕੇ ਕਿਹਾ ਸੀ, ਅਸੀਂ ਲੜਕੀਆਂ ਦੇ ਕੇ ਰਾਜ ਨਹੀਂ ਕਰਨਾ, ਧੀਆਂ ਦੇ ਡੋਲੇ ਦੇ ਕੇ ਰਾਜ ਨਹੀਂ ਕਰਨਾ, ਰਾਜ ਲਿਆ ਤਾਂ ਜਿਵੇਂ ਖ਼ਾਲਸਾ ਲੈਂਦਾ ਰਿਹਾ, ਉਸੇ ਤਰ੍ਹਾਂ ਲਵਾਂਗੇ, ਨਹੀਂ ਤਾਂ ਘੋੜਿਆਂ ਦੀਆਂ ਕਾਠੀਆਂ 'ਤੇ ਦਿਨ ਕੱਟਾਂਗੇ ਤੇ ਮੈਂ ਬੇਨਤੀ ਕਰਦਾ ਹਾਂ, ਆਪਾਂ ਨੂੰ ਉਹਨਾਂ ਦੇ ਕਹੇ ਹੋਏ ਬਚਨਾਂ ਨੂੰ ਚੇਤੇ ਕਰਨਾ ਚਾਹੀਦਾ। ਉਹ ਨਾਹਰੇ ਲਾਇਆ ਕਰਦੇ ਸੀ ਜਲੂਸਾਂ ਵਿੱਚ,

ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ ॥

ਕੱਲ ਨੂੰ ਇਹ ਨਾਹਰਾ ਲੁਆਵਾਂਗੇ, ਪਰ ਅਫਸੋਸ ਆ, ਅਸੀਂ ਕਹਿਣਾ ਅਰੰਭ ਕਰ ਦਿੱਤਾ,

ਧਰਮ ਜਾਵੇ ਤਾਂ ਜਾਵੇ ਸਾਡੀ ਕੁਰਸੀ ਕਿਤੇ ਨਾ ਜਾਵੇ ॥

ਅਸੀਂ ਅਸਤੀਫੇ ਵੀ ਦਿੱਤੇ ਨੇ ਮੈਨੂੰ ਮੁਆਫ ਕਰਿਉ ਕੋਈ ਗੁੱਸਾ ਨਾ ਕਰੇ, ਕੋਈ ਜ਼ਿੰਮੇਵਾਰ ਨੇ ਕਰਨਾ ਤੇ ਬੇਸ਼ੱਕ ਕਰ ਲਿਉ। ਅਸੀਂ ਅਸਤੀਫੇ ਦਿੱਤੇ ਆ ਤਿਆਗ ਵਿਖਾਇਆ, ਪਰ ਦੁੱਖ ਦੀ ਗੱਲ ਆ ਕਿ ਖੁਦਗਰਜ਼ੀ ਲੋਕ ਜਾ ਕੇ ਫਿਰ ਭੱਤਾ ਲਈ ਜਾਂਦੇ ਆ। ਉਹ ਸਾਡੇ ਆਖੇ ਮੰਨਣ ਕਿਵੇਂ ? ਅਸੀਂ ਜਾ ਕੇ ਕਹਿਨੇ ਆਂ ਤੂੰ ਸਾਡਾ ਮਾਈ ਬਾਪ ਆਂ। ਉਏ ਮਾਈ ਬਾਪ ਸਾਡਾ ਗੁਰੂ ਗਰੰਥ ਸਾਹਿਬ (ਹੈ) ਤੇ :

ਸਤਿਗੁਰ ਸਾਹਿਬ ਛਡ ਕੈ ਮਨਮੁਖ ਹੋਇ ਬੰਦੇ ਦਾ ਬੰਦਾ॥

(ਵਾਰਾਂ ਭਾਈ ਗੁਰਦਾਸ ਜੀ, ੧੫-੪-੧)

ਬਣ ਗਏ ਆਂ, ਸਾਡੀ ਭਾਵਨਾਂ ਕਿਵੇਂ ਪੂਰੀ ਹੋਊ ? ਪੁਰਾਤਨ ਸਿੱਖ ਨਾਹਰੇ ਲਾਉਂਦੇ ਹੁੰਦੇ ਸੀ, ਇੱਕ ਤਾਂ ਨਾਹਰਾ ਲੱਗਿਆ (ਕਿ) 'ਕੁਰਸੀ ਕਿਤੇ ਨਾ ਜਾਵੇ, ਧਰਮ ਜਾਂਦਾ ਤੇ ਜਾਣ ਦੇ' ਪਰ ਸਾਰੇ ਨਹੀਂ, ਖੁਦਗਰਜ਼ੀ ਲੋਕ ਤੇ ਨੌਜੁਆਨੋ ਤੁਸੀਂ ਵੀ ਲਾਉਣ ਲੱਗ ਪਏ ਓ। ਨੌਜੁਆਨ ਪੀੜੀ ਨਾਹਰੇ ਲਾਉਣ ਲੱਗ ਪਈ ਆ :

ਧਰਮ ਜਾਵੇ ਤਾਂ ਜਾਵੇ ਪਰ ਦਾਹੜੀ ਸਾਡੇ ਮੂੰਹ ਤੇ ਨਾ ਆਵੇ।

ਇਹ ਕਿਹਦੇ ਲਿਆਉਣੀ ਆ ਤੁਸੀਂ ? ਆਪਾਂ ਵੀ ਸੰਕੋਚੀਏ ਤੇ ਜਿਹੜੇ ਕੁਝ ਖੁਦਗਰਜ਼ ਲੋਕ ਇਹੋ ਜਿਹੀਆਂ ਗੱਲਾਂ ਕਰਦੇ ਆ, ਉਹਨਾ ਵੱਲੋਂ ਧਿਆਨ ਮੋੜ ਕੇ ਗੁਰੂ ਗਰੰਥ ਸਾਹਿਬ ਵੱਲ ਧਿਆਨ ਲਾਈਏ।

ਲੌਂਗੋਵਾਲ ਨਾਲ ਲੜਾਈ ਝਗੜਾ ਨਾ ਪੈਣ ਦਾ ਵਿਸ਼ਵਾਸ

ਜਥੇਦਾਰਾਂ ਨੇ ਇਥੇ ਕਿਹਾ ਕਿ ਸੰਤਾਂ (ਸੰਤ ਭਿੰਡਰਾਂਵਾਲੇ ਤੇ ਸੰਤ ਲੌਂਗੋਵਾਲ) ਦਾ ਪਿਆਰ ਵਧਿਆ ਰਹੇ, ਬਹੁਤ ਚੰਗੀ ਗੱਲ ਆ, ਪਰ ਮੇਰੇ ਖਿਆਲ 'ਚ ਇਹ ਗੱਲ ਕਹਿਣ ਦੀ ਲੋੜ ਨਹੀਂ, ਪਰ ਜੇ ਪਿਆਰ ਸਤਿਕਾਰ ਵਿੱਚ ਆ ਕੇ ਕਹੀ ਆ ਤਾਂ ਚੰਗੀ ਆ, ਪਰ ਮੈਂ ਬੇਨਤੀ ਕਰਾਂਗਾ ਸਾਡੀ ਤਾਂ ਸਾਧਾਂ ਦੀ ਲੜਾਈ ਕੋਈ ਨਹੀਂ ਪੈਣੀ, (ਪਰ) ਤੁਸੀਂ ਜਿੰਨੇ ਲੀਡਰ ਤੇ ਜਥੇਦਾਰ ਆਂ ਜਿਲ੍ਹਿਆਂ ਦੇ, ਤੁਸੀਂ ਆਪੋ ਆਪਣੇ ਥਾਵਾਂ 'ਤੇ ਟਿਕ ਕੇ ਚੱਲਿਉ, ਤੁਸੀਂ ਛੜਾਂ ਨਾ ਮਾਰੋ। ਕੋਈ ਕਹਿੰਦਾ ਮੈਂ ਫਲਾਣੇ ਦਾ ਜਥੇਦਾਰ ਆਂ, ਮੈਂ ਫਲਾਣੇ ਦਾ ਜਥੇਦਾਰ ਆਂ, ਇਹਨਾਂ ਚੀਜ਼ਾਂ ਵੱਲ ਜੇ ਜਿਲ੍ਹਿਆਂ ਦੇ ਜਥੇਦਾਰ, ਸਰਕਲਾਂ ਦੇ ਜਥੇਦਾਰ ਤੇ ਜ਼ਿੰਮੇਵਾਰ, ਆਪਾਂ ਸਾਰੇ ਗਲਵਕੜੀ ਪਾ ਕੇ ਤੁਰਾਂਗੇ, ਸਾਡੇ ਬਾਰੇ ਸ਼ੱਕ ਕਰਨ ਦੀ ਲੋੜ ਨਹੀਂ। ਮੈਂ ਬਥੇਰੇ ਵੇਰਾਂ ਇਥੋਂ ਨਿਸਚਾ ਦੁਆ ਚੁੱਕਿਆਂ (ਕਿ) ਮੈਂ ਆਪਣੀ ਜ਼ਿੰਦਗੀ ਵਿੱਚ, ਨਾ ਤਾਂ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਬਣਨਾ, ਨਾ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਨਾ, ਨਾ ਐਮ. ਐਲ. ਏ., ਐਮ. ਪੀ. ਤੇ ਵਜ਼ੀਰ ਬਣਨਾ ਤੇ ਨਾ ਸ਼ਾਇਦ ਮੈਂ ਚਾਰ ਆਨੇ ਦਾ ਮੈਂਬਰ ਬਣਨਾ ਤੇ ਜੇ ਕੁਰਸੀ ਲੈਣੀ (ਹੀ) ਕੋਈ ਨਹੀਂ ਤੇ ਸਾਡੀ ਲੜਾਈ ਪਊਗੀ ਕਿਵੇਂ ਭਲਾ ? ਸਾਡੀ ਲੜਾਈ ਬਿਲਕੁਲ ਨਹੀਂ ਪੈਣੀ। ਇਹ ਅਖ਼ਬਾਰਾਂ ਵਿੱਚ ਈ ਆ ਰਿਹਾ ? ਹੋ ਸਕਦਾ ਕਿਸੇ ਕਾਰਨ ਗੁਰਮਤਿ ਦੇ ਆਧਾਰ 'ਤੇ, ਕਿਸੇ ਵਿਚਾਰ ਦਾ ਮਤਭੇਦ ਹੋ ਸਕਦਾ ਤੇ ਜਿਹੜੀ ਇਹ ਲੜਾਈ ਆ ਨਾ ਕਿ ਜੁੰਡਿਉ ਜੁੰਡੀ ਹੋਣ ਨੂੰ ਤਿਆਰ ਆ.....। ਕੱਲ ਨੂੰ ਅਖ਼ਬਾਰਾਂ ਵਿੱਚ ਲਿਖ ਦਿੰਦੇ ਆ (ਕਿ) ਭਿੰਡਰਾਂਵਾਲਾ ਤਿਆਰ ਆ ਮਾਰਨ ਨੂੰ, ਲੌਂਗੋਵਾਲ ਨੂੰ ਤੇ ਲੌਂਗੋਵਾਲ ਕਹਿੰਦਾ ਮੈਂ ਵੀ ਫਿਕਰ ਨਾ ਕਰੋ ਤਿਆਰ ਆਂ। ਇਹ ਕੇਵਲ ਇਹਨਾਂ ਲੋਕਾਂ ਦੀ ਨੀਤੀ ਆ, ਜਿਹੜੇ ਲੋਕ ਚਾਹੜੇ ਨੂੰ ਵੇਖਣਾ ਨਹੀਂ ਚਾਹੁੰਦੇ, ਕਛਹਿਰਾ ਪਾਉਣਾ ਨਹੀਂ ਚਾਹੁੰਦੇ। ਉਹਨਾਂ ਲੋਕਾਂ ਦਾ ਖਿਆਲ ਹੋ ਸਕਦਾ, ਕ੍ਰਿਪਾਨ ਵਾਲੇ ਕਿਸੇ ਦਾ ਨਹੀਂ। ਸਤਿਗੁਰੂ ਅੱਗੇ ਅਰਦਾਸ ਕਰੀਏ ਮਿਲ ਕੇ ਚੱਲੋ, ਇਕੱਤਰ ਹੋ ਕੇ ਚਲੋ,

ਮਿਲਬੇ ਕੀ ਮਹਿਮਾ ਬਰਨਿ ਨ ਸਾਕਉ ਨਾਨਕ ਪਰੈ ਪਰੀਲਾ॥

(ਗੂਜਰੀ ਮ: ੫, ੪੯੮)

ਬੱਸ ਫੜਨ ਵਾਲੇ ਅਫਸਰਾਂ ਨੂੰ ਚਿਤਾਵਨੀ

ਮੈਂ ਉਹਨਾਂ ਅਫੀਸਰਾਂ ਨੂੰ ਵੀ ਅੱਜ ਚਿਤਾਵਨੀ ਦੇਣੀ ਚਾਹੁੰਨਾ ਬਿਨਾਂ ਨਾਂਅ ਲਏ ਤੋਂ (ਜਿਹਨਾਂ) ਪਹਿਲਾਂ ਤਾਂ ਬੱਸ ਫੜ੍ਹ ਲਈ ਤੇ ਸਾਰੀ ਰਾਤ ਸਿੰਘਾਂ ਨੂੰ ਪੁੱਛਗਿੱਛ ਵਿੱਚ ਰੱਖਿਆ ਤੇ ਛੱਡਣ ਲੱਗੇ ਕਹਿੰਦੇ ਜਾ ਕੇ ਬਾਬਾ ਜੀ ਨੂੰ ਨਾ ਦੱਸਿਉ। ਜੇ ਦੱਸਣਾ ਵੀ ਤੇ ਨਾਂਅ ਨਾ ਸਾਡਾ ਲਿਉ। ਇਹਨਾਂ ਨੂੰ ਅਫੀਮ ਜੂ ਖਵਾਉਂਦੇ ਰਹੇ ਰਾਤ ਨੂੰ, ਤੁਹਾਡਾ ਨਾਂਅ ਨਾ ਲੈਣਗੇ ਮੇਰੇ ਕੋਲੇ ਇਹ ? ਬੱਸ ਫੜੀ ਕਿਉਂ ? ਕਿਹੜਾ ਪਾਪ ਕੀਤਾ ਬੱਸ ਨੇ ? ਤੇ ਉਹਨਾਂ ਲੋਕਾਂ ਨੂੰ ਅਸੀਂ ਦੱਸਣਾ ਚਾਹੁੰਨੇ ਆਂ (ਕਿ) ਠੀਕ ਆ ਤੁਹਾਡੇ ਹੱਥ ਵਿੱਚ ਰਾਜ ਆ, ਕਰੋ ਜੀ ਸਦਕੇ ਕਰੋ, ਪਰ ਇਹ ਗੁਰੂ ਕੀ ਕੌਮ ਆਂ, ਜਿਹਦੇ ਬਾਰੇ ਮੈਂ ਤਾਂ ਤੁਹਾਨੂੰ ਅੱਗੇ ਕਈ ਵੇਰਾਂ ਕਹਿ ਚੁੱਕਿਆਂ ਤੇ ਕਈ ਗੁਰਮੁਖ ਭਰਾ ਵੱਡੇ ਜਿਹੜੇ ਆ, ਰੋਕਦੇ ਵੀ ਆ (ਪਰ) ਸੱਚ ਤੋਂ ਰਿਹਾ ਨਹੀਂ ਜਾਂਦਾ। ਜੇ ਜ਼ਿੰਦਗੀ ਦਾਸ ਦੀ ਰਹੀ.....।

ਦਸ ਲੱਖ ਰੁਪਏ ਤੱਕ ਦਾ ਨੁਕਸਾਨ ਪੂਰਾ ਕਰਨ ਦਾ ਵਾਅਦਾ

ਮੋਰਚਾ ਤਾਂ ਨਿਸ਼ਚੇ ਐਤਕਾਂ ਸਫਲ ਹੋਣਾ, ਇਹ ਤਾਂ ਹੈ ਨਹੀਂ ਕਿ ਜੇ ਹੋਇਆ.....। ਕਿਉਂਕਿ ਜ਼ਰੂਰ ਸਫਲ ਹੋਵੇਗਾ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲਾਇਆ ਮੋਰਚਾ ਅੱਜ ਤੱਕ ਕਦੇ ਫੇਲ੍ਹ ਨਹੀਂ ਹੋਇਆ ਤੇ ਨਾ ਅਗਾਂਹ ਹੀ ਹੋਵੇਗਾ। ਇਹ ਵੀ ਜ਼ਰੂਰ ਸਫਲ ਹੋਵੇਗਾ, ਪਰ ਜੇ ਮੋਰਚੇ ਦੀ ਸਫ਼ਲਤਾ ਤੱਕ ਦਾਸ ਦੇ ਸਰੀਰ ਦੀ ਬਨਾਵਟ ਰਹਿ ਗਈ ਤੇ ਮੈਨੂੰ ਤੁਹਾਡੇ ਬਾਹਰ ਵੀ ਜੋੜੇ ਝਾੜਨ ਦਾ ਮੌਕਾ ਕਿਤੇ ਲੱਗ ਗਿਆ ਤੇ ਮੈਂ ਸੰਗਤ ਨੂੰ ਯਕੀਨ ਦਿਵਾਉਂਦਾ ਹਾਂ ਅੱਜ ਵੀ ਸਟੇਜ 'ਤੇ, ਅੱਗੇ ਵੀ ਦਿਵਾਇਆ (ਕਿ) ਸਿੰਘੋ ਦਿਲ ਨਾ ਛੱਡੋ, ਹੌਸਲਾ ਨਾ ਹਾਰੋ। ਜਿਹੜੇ ਸਿੰਘਾਂ ਦੇ ਇੰਜਣ ਭੰਨੀ ਦੇ ਆ, ਮੋਟਰਾਂ ਲਾਹੀ ਦੀਆਂ ਗੌਰਮੈਂਟ ਵੱਲੋਂ, ਘਰਾਂ ਨੂੰ ਅੱਗ ਲਾਈ ਜਾ ਰਹੀ ਆ, ਬਿਸਤਰੇ ਚੁੱਕੇ ਜਾ ਰਹੇ ਆ। ਜੇ ਮੈਂ ਬਾਹਰ ਆ ਗਿਆ ਤੇ ਇੱਕ ਮਹੀਨੇ ਦੇ ਵਿੱਚ ਵਿੱਚ ੧੦ ਲੱਖ ਤੱਕ ਜਿਹੜੇ ਸਿੱਖ ਦਾ ਨੁਕਸਾਨ ਪੁਲਸ ਨੇ ਕੀਤਾ ਹੋਇਆ, ਉਹ ਅਸੀਂ ਜ਼ਰੂਰ ਦੇਵਾਂਗੇ, ਚਾਹੇ ਕੋਲੋਂ ਦੇ ਦੇਈਏ ਤੇ ਚਾਹੇ ਉਹਨਾਂ ਦੀ ਧੌਣ 'ਤੇ ਗੋਡਾ ਰੱਖ ਕੇ, ਇਹਨਾਂ ਤੋਂ ਤੁਹਾਨੂੰ ਵਾਪਸ ਦਿਵਾ ਦੇਈਏ। ਦਿਲ ਨਾ ਛੱਡੋ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਜ਼ਾਲਮਾਂ ਤੋਂ ਬਦਲਾ ਲੈਣ ਦਾ ਐਲਾਨ

ਗੱਡੀਆਂ ਜਿੰਨੀਆ ਮਰਜ਼ੀ ਫੜ ਲਉ ਪੁਲਸ ਵਾਲਿਉ, ਭਾਵੇਂ ਸਾਰੀਆਂ ਸਾੜ ਦਿਉ ਗੁਰੂ ਕੇ ਸਿੱਖ ਤਾਂ ਘੋੜੇ ਦੀਆਂ ਕਾਠੀਆਂ ਤੇ ਰਹਿ ਕੇ ਜੰਗਲਾਂ 'ਚ ਭੁੱਖੇ ਦਿਨ ਕੱਟਦੇ ਰਹੇ ਆਂ, ਪਰ ਤੁਸੀਂ ਆਪਣੀ ਵਿਚਾਰ ਜ਼ਰੂਰ ਨਾਲ ਨਾਲ ਰੱਖਿਉ। ਮੈਂ ਬੇਨਤੀ ਕਰ ਦਿੱਤੀ ਆ, ਸਰੀਰ ਰਿਹਾ ਤੇ ਜ਼ਰੂਰ ਸਾਰਾ ਕੁਝ ਕਰੂੰ ਤੇ ਜੇ ਸਰੀਰ ਸ਼ਾਂਤ ਹੋ ਗਿਆ, ਕੋਈ ਭਾਣਾ ਵਰਤ ਗਿਆ ਤੇ ਪੁਲਸ ਵਾਲਿਉ ਕਿਤੇ ਇਹ ਨਾ ਖਿਆਲ ਕਰਿਉ ਬਾਕੀ ਪੱਗਾਂ ਵਾਲੇ ਸੌਂ ਜਾਣਗੇ। ਇਹ ਜਾ ਕੇ ਇੰਗਲੈਂਡ ਵਿੱਚ ਵੀ ਆਪਣਾ ਹੱਕ ਲੈਣਾ ਜਾਣਦੇ ਆ ਤੇ ਜੇ ਸੰਮਨ ਬੁਰਜ 'ਤੇ ਜ਼ਬਰਦਸਤੀ ਕਰਕੇ ਘੋੜੇ ਰੱਖ ਲਏ (ਸੀ), ਉਥੋਂ ਕੱਢ ਕੇ ਘੋੜੇ ਚੁੱਪ ਕਰਕੇ ਨਹੀਂ ਆਂਦੇ। ਦੱਸ ਕੇ ਆਂਦੇ, ਨਾਂਅ ਬਿਦੀ

ਚੰਦ, ਗੋਤ ਆ ਸੀਨਾ ਤੇ ਚੱਲਿਆਂ ਭਾਈ ਰੂਪੇ ਤੇ ਚੱਲਿਆਂ ਮੀਰੀ ਪੀਰੀ ਦੇ ਮਾਲਕ ਦੇ ਦਰ 'ਤੇ ਜੇ ਜ਼ੁਰਅਤ ਹੈ ਤਾਂ ਆ ਜਾਈਂ ਤੇ ਉਥੇ ਜੇ ਫਿਰ ਜਿਸ ਵੇਲੇ ਪਹੁੰਚਿਆ ਤੇ ਉਹਨੂੰ ਲੋਹੇ ਦੇ ਚਨੇ ਚਬਾਏ ਆ। ਇਹ ਭੁਝੰਗੀ ਛੋਟੇ ਛੋਟੇ ਆਜ਼ਾਦਪੁਰੀ ਦੇ ਨਾਲ ਆਏ ਹੋਏ ਆ। ਇਹ ਸੁਣਾਉਂਦੇ ਹੁੰਦੇ ਉਥੋਂ ਦਾ ਛੰਦ, ਕੱਲ ਨੂੰ ਇਹ ਵੀ ਤੁਹਾਨੂੰ ਸੁਣਾਉਣਗੇ।

ਹਥਿਆਰ ਰੱਖਣ ਦੀ ਅਪੀਲ

ਸੋ ਮੈਂ ਆਪਣੇ ਵੱਲੋਂ ਜਥੇ ਵਿੱਚ ਜਾਣ ਵਾਲੇ ਜਥੇਦਾਰਾਂ ਦਾ, ਮਾਈਆਂ, ਬੀਬੀਆਂ, ਨੌਜੁਆਨ ਸਿੰਘ, ਬਜ਼ੁਰਗਾਂ ਦਾ, ਸਾਰੇ ਵਲੰਟੀਅਰਾਂ ਦਾ, ਬਹੁਤ ਧੰਨਵਾਦ ਕਰਦਾ ਹਾਂ ਤੇ ਜੋ ਪੰਥਕ ਪ੍ਰੋਗਰਾਮ ਆ, ਉਹਦੇ 'ਤੇ ਫੁੱਲ ਚੜ੍ਹਾਉਣ ਵਾਸਤੇ ਸਾਰਿਆਂ ਨੂੰ ਤਿਆਰ ਰਹਿਣਾ ਚਾਹੀਦਾ। ਹਥਿਆਰ ਵੱਧ ਤੋਂ ਵੱਧ ਰੱਖੋ, ਜਿਹੜੇ ਵੀਰ ਕਹਿੰਦੇ ਜੀ ਲਾਇਸੈਂਸ ਨਹੀਂ ਬਣਦੇ....., ਜੇ ਹਿੰਦੂ ਦਾ ਪੁੱਤ ਪਵਨ ਕੁਮਾਰ ੨੩੦ ਗਰਨੇਡ ਬਿਨਾਂ ਲਾਇਸੈਂਸ ਤੋਂ ਆਪਣੇ ਘਰੇ ਰੱਖ ਸਕਦਾ ਤੇ ਪੁਲਸ ਉਹਦੇ ਘਰੇ ਫੜ ਸਕਦੀ ਆ ਤੇ ਉਹਨੂੰ ਕੋਈ ਸਜ਼ਾ ਨਹੀਂ ਦਿੰਦੀ ਤੇ ਜੇ ਛੱਲੀ ਰਾਮ ਤੇ ਗੁੱਲੀ ਰਾਮ ਨੂੰ ਬਿਨਾਂ ਲਾਇਸੈਂਸ ਦੇ ਹਥਿਆਰ ਰੱਖਣ ਦੀ ਇਜ਼ਾਜ਼ਤ ਆ ਤੇ ਮੈਂ ਤੁਹਾਡੇ ਕੋਲੋਂ ਪੁੱਛਣਾ ਚਾਹੁਨਾਂ (ਕਿ) ਛੇਵੇਂ ਪਾਤਿਸ਼ਾਹ ਨੇ ਜਹਾਂਗੀਰ ਤੋਂ ਕਿੰਨੇ ਲਾਇਸੈਂਸ ਲਏ ਸੀ ? ਦਸਵੇਂ ਪਾਤਿਸ਼ਾਹ ਨੇ ਔਰੰਗਜ਼ੇਬ ਤੋਂ ਕਿੰਨੇ ਲਾਇਸੈਂਸ ਲਏ ਸੀ ? ਤੇ ਜੇ ਆਪਣੇ ਬਾਪੂ ਨੇ ਕਿਸੇ ਤੋਂ ਲਾਇਸੈਂਸ ਨਹੀਂ ਲਿਆ ਤੇ ਤੁਹਾਨੂੰ ਕੀ ਲੋੜ ਪੈ ਗਈ ਤੇ ਜੇ ਗੁਲੀ ਰਾਮ ੨੩੦ ਰੱਖਦਾ ਤੇ ਤੁਸੀਂ ਘੱਟੋ ਘੱਟ ੨੦੦ ਤਾਂ ਇੱਕ ਜਣਾਂ ਰੱਖਿਆ ਕਰੋ। ਹਥਿਆਰਬੰਦ ਹੋਵੋ, ਦ੍ਰਿੜ੍ਹਤਾ ਸਹਿਤ ਚੱਲੋ, ਨਸ਼ਿਆਂ ਦਾ ਤਿਆਗ ਕਰੋ, ਕੇਸ ਦਾਹੜਾ ਸਾਬਤ ਰੱਖੋ, ਅੰਮ੍ਰਿਤ ਛਕੋ, ਗੁਰੂ ਵਾਲੇ ਬਣੋ। ਸ਼ਹੀਦਾਂ ਦੇ ਡੁੱਲ੍ਹੇ ਲਹੂ ਦਾ ਅਤੇ ਭੈਣਾਂ ਦੀ ਲੁੱਟੀ ਇਜ਼ਤ ਦਾ ਹੱਕ ਲੈਣ ਲਈ ਤਤਪਰ ਰਹੋ। ਬੋਲਦਿਆਂ ਗ਼ਲਤੀ ਹੋਈ ਹੋਵੇ ਤਾਂ ਮੁਆਫ਼ ਕਰ ਦੇਣਾ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੩੧.

(ਦੀਵਾਨ ਹਾਲ ਮੰਜੀ ਸਾਹਿਬ, ਅੰਮ੍ਰਿਤਸਰ, ੧੬-੦੮-੧੯੮੩)

ਸਟੇਜ ਸੈਕਟਰੀ - ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਆਪਣੇ ਵਿਚਾਰ ਰੱਖ ਰਹੇ ਹਨ ਅਰ ਜਾਣ ਵਾਲੇ ਜਥਿਆਂ ਨੂੰ ਅਸ਼ੀਰਵਾਦ ਦੇਣਗੇ, ਉਹਨਾਂ ਦੇ ਵਿਚਾਰ ਸਰਵਣ ਕਰੋ,

ਸ੍ਰੀ ਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਵਿੱਤਰ ਗੋਦ ਵਿੱਚ ਸਜੇ ਹੋਏ ਗੁਰੂ ਰੂਪ ਗੁਰੂ ਖ਼ਾਲਸਾ ਸਾਧ ਸੰਗਤ ਜੀਉ, ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਅਕਾਲੀ ਐਮ.ਐਲ.ਏਜ਼ ਅਤੇ ਐਮ.ਪੀਜ਼ ਨੇ ਦਰਬਾਰਾ ਸਿੰਹੁ ਦੇ ਘਰੋਂ ਰੋਟੀ ਖਾਧੀ

ਖ਼ਾਲਸਾ ਜੀ, (ਦਾਸ ਨੂੰ) ਕਾਂਗਰਸੀਆਂ ਦੇ ਕੋਲੇ ਘੁੱਟ ਪਾਣੀ ਦਾ ਪੀਂਦਾ ਕਿਸੇ ਨੇ ਫੜਿਆ ਤੇ ਦੱਸੋ ਤੇ ਆਪਣੇ ਭਰਾਵਾਂ ਦੇ ਵਿੱਚੋਂ, ਲੀਡਰਾਂ ਵਿੱਚੋਂ, ਜਿਹੜੇ ਐਮ. ਐਲ. ਏ. ਆ। ਇਹਨਾਂ ਦੀ ਗੱਲ ਕਰਦਾਂ ਐਮ. ਐਲ. ਏਜ਼ ਦੀ, ਇੱਕ ਵੀ ਬਚਿਆ ਜਿਹਨੇ ਦਰਬਾਰੇ ਦੇ ਘਰੇ ਜਾ ਕੇ ਰੋਟੀ ਨਹੀਂ ਖਾਧੀ ? ਤੇ ਖਾਧੀ ਕਦੋਂ ਆ ? ਜਦੋਂ ਦੋਵੇਂ ਬੱਸਾਂ ਸੜ ਚੁੱਕੀਆਂ, ਇਸ਼ਟ ਨੂੰ ਅੱਗ ਲੱਗ ਚੁੱਕੀ ਆ, ੧੮ ਸਿੰਘ ਮਹਿਤੇ ਸ਼ਹੀਦ ਹੋ ਚੁੱਕੇ ਆ। ਮੈਂ ੨੫ ਦਿਨ ਜੇਲ੍ਹ 'ਚ ਰਹਿ ਆਇਆਂ ਤੇ ਫੈਡਰੇਸ਼ਨ ਦੇ ਵਿਦਿਆਰਥੀ ਪੁੱਠੇ ਜੇਲ੍ਹਾਂ 'ਚ ਲਮਕਾਏ ਜਾ ਚੁੱਕੇ ਆ। ਉਦੋਂ ਪਿੱਛੋਂ ਜਿੰਦੇਂ ਗਿ: ਜੈਲ ਸਿੰਘ ਨੂੰ ਰਾਸ਼ਟਰਪਤੀ ਦੀਆਂ ਵੋਟਾਂ ਪਾਈਆਂ। ਉਦੋਂ ਚੰਡੀਗੜ੍ਹ ਰੋਟੀ ਕਿਹਦੇ-ਘਰੇ ਖਾਧੀ ਸੀ ਇਹਨਾਂ ਭਰਾਵਾਂ ਨੇ ? ਉਹ ਸਿੱਖਾਂ ਦੇ ਇਸ਼ਟ ਦੇ ਕਾਤਲ ਦੇ ਘਰੋਂ ਰੋਟੀ ਖਾ ਕੇ ਵੀ ਅਕਾਲੀ, ਲਾਇਸੈਂਸ ਬਣਾ ਕੇ ਵੀ ਅਕਾਲੀ, ਇੰਦਰਾ ਨੂੰ ਮਿਲ ਕੇ ਵੀ ਅਕਾਲੀ ਤੇ ਮੇਰੀਆਂ ਤੁਹਾਡੀਆਂ ਦਿੱਤੀਆਂ ਹੋਈਆਂ ਬੱਸਾਂ ਸੜ ਜਾਣ ਤਾਂ ਵੀ ਕਾਂਗਰਸੀ, ਲਾਇਸੈਂਸ ਰੱਦ ਹੋ ਜਾਣ ਤਾਂ ਵੀ ਕਾਂਗਰਸੀ, ਸਿੰਘ ਸ਼ਹੀਦ ਹੋ ਜਾਣ ਤਾਂ ਵੀ ਕਾਂਗਰਸੀ, ਸਿੱਖਾਂ ਦੇ ਘਰਾਂ ਦੀ ਕੁਰਕੀ ਮੇਰੇ ਨਾਲਦਿਆਂ ਦੀ ਹੋ ਜਾਵੇ ਤਾਂ ਵੀ ਕਾਂਗਰਸੀ, ਅੱਗ ਲਾ ਕੇ ਸਾੜ ਦੇਣ ਤਾਂ ਵੀ ਕਾਂਗਰਸੀ, ਸਾਡੇ ਪੰਥ ਦੀ ਧੀ ਤੇ ਪਿਉ ਦਾ ਸੰਬੰਧ ਕਰਾ ਦਿੱਤਾ ਜਾਵੇ, ਮੈਂ ਤਾਂ ਵੀ ਕਾਂਗਰਸੀ ਤੇ ਤੁਹਾਡਾ ਕੀ ਫੈਸਲਾ ਹੈ ? ਇਹਦਾ ਉੱਤਰ ਕੌਣ ਦਿਉ ?

ਸ਼ਾਂਤਮਈ ਅਤੇ ਸਿੱਖ ਇਤਿਹਾਸ

ਇੱਕ ਜਿਹੜੀ ਆ ਸ਼ਾਂਤਮਈ ਆ, ਇਹ ਲੰਮੀ ਕਿੰਨੀ ਕੁ ਆ ? ਮੈਨੂੰ ਇਹਦਾ ਪਤਾ ਨਹੀਂ ਲੱਗਾ। ਗੁਰ ਇਤਿਹਾਸ ਤੇ ਸਿੱਖ ਇਤਿਹਾਸ ਵਿੱਚੋਂ ਅਕਾਲੀ ਦਲ ਦੇ ਇਤਿਹਾਸ ਨੂੰ ਛੱਡ ਕੇ, ਦੋ ਪੀੜ੍ਹੀਆਂ ਲਗਾਤਾਰ ਕੋਈ ਪੜ੍ਹਿਆ ਲਿਖਿਆਂ ਤੇ ਕੋਈ ਲੀਡਰ ਤੇ ਕੋਈ ਲਿਖਤ ਨੂੰ ਇਹ ਸਿੱਧ ਕਰ ਦੇਵੇ ਕਿ ਦੋ ਪੀੜ੍ਹੀਆਂ ਸ਼ਾਂਤਮਈ ਹੈ ਤੇ ਮੈਂ ਸੰਗਤ 'ਚ ਖੜੋ ਕੇ ਪ੍ਰਣ ਕਰਦਾਂ ਕਿ ਆਪਣਾ ਸਿਰ ਵੱਢ ਕੇ ਤੁਹਾਨੂੰ ਦੇ ਦਿਉਂਗਾ। ਅਕਾਲੀ ਦਲ ਦੇ ਇਤਿਹਾਸ ਨੂੰ ਛੱਡ ਕੇ ਗੁਰ ਇਤਿਹਾਸ ਤੇ ਸਿੱਖ ਇਤਿਹਾਸ ਵਿੱਚ ਦੋ ਪੀੜ੍ਹੀਆਂ ਲਗਾਤਾਰ ਸ਼ਾਂਤਮਈ ਨਹੀਂ ਰਹੀ ਤੇ ਆਪਣੇ ਇਤਿਹਾਸ ਵਿੱਚ ਜਿਹੜਾ ਹੁਣ ਚੱਲ ਰਿਹਾ ਇਹ ੧੪ ਪੀੜ੍ਹੀਆਂ ਸ਼ਾਂਤਮਈ ਹੋ ਗਈ ਆ, (ਇਹ) ਕਿਉਂ ? ਸਿੱਖ ਇੰਦਰਾ ਦੇ ਹੋ ਕਿ ਗੁਰੂ ਦੇ ਹੋ ? ਉਹ ਬੋਲਦੇ ਨਹੀਂ, ਕਿਹਦੇ ਸਿੱਖ ਹਾਂ ? ਤੇ ਜੇ ਗੁਰੂ ਦੇ ਸਿੱਖ ਹਾਂ ਤੇ ਫਿਰ ਸ਼ਾਂਤਮਈ ਲੰਮੀ ਕਿੰਨੀ ਕੁ ਆ ? ਇੱਕ ਬਜ਼ੁਰਗ ਨੇ ਮੈਨੂੰ ਪੁੱਛਿਆ ਸੀ, ਇੱਕ ਦਿਨ, ਸੀਗਾ ਧੋਤੀ ਬੰਨੀ ਪ੍ਰੇਮੀ ਉਹ, ਉਹ ਕਹਿਣ ਲੱਗਾ ਬਾਬਾ ਜੀ, ਜਿਸ ਮਨੁੱਖ ਦੇ ਕੁੜੀ ਜੰਮ ਪਵੇ ਤੇ ੨੦-੨੨ ਸਾਲ ਦੀ ਹੋ ਜਾਵੇ, ਉਸ ਮਾਤਾ ਪਿਤਾ ਨੂੰ ਨੀਂਦ ਨਹੀਂ ਆਉਂਦੀ ਕਿ ਮੇਰੀ ਲੜਕੀ ਕੁਆਰੀ ਨੌਜੁਆਨ ਘਰੇ ਬੈਠੀ ਆ ਤੇ ਆਪਣੀ ਸਾਰਿਆਂ ਦੀ ਸ਼ਰਮ ਈ ਲੱਥੀ ਆ। ਸ਼ਾਂਤੀ ੪੦ ਸਾਲ ਦੀ ਹੋ ਗਈ, ਵਿਆਹੁਣੀ ਕਦੋਂ ਆਂ ਇਹ ? ਪੰਜਵੇਂ ਪਾਤਿਸ਼ਾਹ ਨੇ ਸ਼ਾਂਤਮਈ ਸ਼ਹੀਦੀ ਦਿੱਤੀ ਆ, ਇੱਕ ਪੀੜ੍ਹੀ ਤੇ ਛੇਵੇਂ ਪਾਤਿਸ਼ਾਹ ਨੇ ਚੰਦੂ ਦੇ ਨੱਕ 'ਚ ਨਕੇਲ ਪਾ ਕੇ ਕੁੱਤਿਆਂ ਵਿੱਚ ਬੱਧਾ ਸੀ। ਜਿੱਥੇ ਹੁਣ ਗਿਆਨੀ ਜੈਲ ਸਿੰਘ ਆ ਨਾ ਰਾਸ਼ਟਰਪਤੀ ਦੇ ਅਹੁਦੇ 'ਤੇ, ਇਸ ਅਹੁਦੇ 'ਤੇ ਚੰਦੂ ਸੀ ਉਦੋਂ ਜਹਾਂਗੀਰ ਦੇ ਅੱਗੇ। ਜਿਵੇਂ ਹੁਣ ਇੰਦਰਾ ਦੇ ਅੱਗੇ ਇਹ ਆ। ਇਸ ਅਹੁਦੇ ਦੀ ਪ੍ਰਾਪਤੀ ਵਾਲੇ ਨੇ, ਜਦੋਂ ਗੁਰੂ ਘਰ ਤੇ ਅੱਖ ਰੱਖੀ ਤੇ ਗੁਰੂ ਘਰ ਨੂੰ ਮਰਵਾਉਣਾ ਚਾਹਿਆ ਤੇ ਗੁਰੂ ਘਰ ਨੇ ਬਖਸ਼ਿਆ ਨਹੀਂ। ਨੱਕ 'ਚ ਨਕੇਲ ਪਾ ਕੇ ਕੁੱਤੇ ਵਾਂਗੂ ਬੱਧਾ ਸੀ ਉਹਨੂੰ। ਇਹ ਬਦਲਾ ਨਹੀਂ ਲਿਆ ? ਜ਼ਿਆਦੇ ਸਿਆਣੇ ਆਂ ਛੇਵੇਂ ਪਾਤਿਸ਼ਾਹ ਨਾਲੋਂ ਆਪਾਂ ਸਾਰੇ ਹੀ ? ਨੌਵੇਂ ਪਾਤਿਸ਼ਾਹ ਨੇ ਸ਼ਾਂਤਮਈ ਸ਼ਹੀਦੀ ਦਿੱਤੀ, ਦਸਵੇਂ ਪਾਤਿਸ਼ਾਹ ਨੇ ਬਦਲਾ ਲਿਆ। ਦੋ ਪੀੜ੍ਹੀਆਂ ਪੀੜੀ ਦਰ ਪੀੜੀ ਹੋ ਗਈ ਆ। ਇਹ ਤਾਂ ਗੁਰ ਇਤਿਹਾਸ ਆ, ਅੱਗੇ ਸਿੱਖ ਇਤਿਹਾਸ ਚੱਲਦਾ। ਛੋਟੇ ਸਾਹਿਬਜ਼ਾਦਿਆਂ ਨੇ ਸ਼ਾਂਤਮਈ ਸ਼ਹੀਦੀ ਦਿੱਤੀ, ਬੰਦਾ ਸਿੰਘ ਬਹਾਦਰ ਨੇ ਜਾਨੀ ਖਾਂ ਤੇ ਮਾਨੀ ਖਾਂ ਮੁਰਿੰਡੇ ਵਾਲੇ ਥਾਨੇਦਾਰਾਂ ਨੂੰ ਕੋਠੇ 'ਚੋਂ ਕੱਢ ਕੇ ਜਿਉਂਦਿਆਂ ਨੂੰ ਸਾੜਿਆ ਤੇ ਝੂਠਾ ਨੰਦ ਜਿਸ ਨੂੰ ਸੁੱਚਾ ਨੰਦਾ ਗਰੰਥਾਂ ਨੇ ਲਿਖਿਆ, ਉਹਦੀ ਲੜਕੀ ਚੰਡਾਲਾਂ ਨਾਲ ਵਿਆਹੀ ਆ ਤੇ ਵਜ਼ੀਦੇ ਦੀ ਛਾਤੀ 'ਤੇ ਘੋੜਾ ਚੜ੍ਹਾਇਆ। ਬਦਲਾ ਲਿਆ ਛੋਟੇ ਸਾਹਿਬਜ਼ਾਦਿਆਂ ਦਾ, ਉਹੀ ਪੀੜ੍ਹੀ। ਕਿਉਂਕਿ ਸਾਹਿਬਜ਼ਾਦੇ ਬਿੰਦੀ ਔਲਾਦ ਆ, ਆਪਾਂ ਨਾਦੀ ਔਲਾਦ ਆਂ। ਹੈ ਆਪਾਂ (ਵੀ) ਸਿੱਖ, ਉਹ ਵੀ ਸਿੱਖ, ਆਪਣੇ ਭਰਾ, ਉਸੇ ਪੀੜ੍ਹੀ 'ਚ ਬਦਲਾ ਲਿਆ। ਬਾਬਾ ਮਨੀ ਸਿੰਘ ਨੇ ਬੰਦ ਬੰਦ ਕਟਵਾਇਆ ਤੇ ਦੂਜੀ ਪੀੜ੍ਹੀ ਹੁੰਦੀ ਪੁੱਤਰ ਤੇ ਭਤੀਜੇ ਦੀ ਤੇ ਬਾਬਾ ਅਕਰ ਸਿੰਘ ਜੀ ਭਤੀਜਾ ਸੀ, ਬਾਬਾ ਮਨੀ ਸਿੰਘ ਦੇ। ਉਹਨਾਂ ਨੇ ਜ਼ਲਾਦ ਦਾ ਸਿਰ ਵੱਢਿਆ, ਬਦਲਾ ਲਿਆ। ਤਾਰੂ ਸਿੰਘ ਦੀ ਖੋਪਰੀ ਲੱਥੀ, ਆਪਣੇ ਪੈਰ ਦੀ ਜੁੱਤੀ ਨਾਲ ਇੱਕ ਸਿੱਖ ਦੇ ਰਾਹੀਂ ਕੁੱਟ ਕੁੱਟ ਕੇ ਬਾਹੀਆਂ ਦਿਨਾਂ ਵਿੱਚ ਖਾਨ ਬਹਾਦਰ ਜ਼ਕਰੀਏ ਨੂੰ ਪ੍ਰਲੋਕ 'ਚ ਭੇਜਿਆ। ਖੋਪਰੀ

ਲਹਾਉਣ ਵੇਲੇ ਸ਼ਾਂਤੀ ਆ ਤੇ ਜਦੋਂ ਖੋਪਰੀ ਲੱਥ ਗਈ ਉਦੋਂ ਛਿੱਤਰ ਫੜ੍ਹ ਲਿਆ, ਚੱਲ ਬਣ ਬੱਚੂ ਲੱਗ ਅੱਗੇ। ਉਹੋ ਪੀੜ੍ਹੀ ਆ। ਲਖਪਤ ਤੇ ਜਸਪਤ ਨੇ ਸਿੱਖਾਂ ਨੂੰ ਮੁਕਾਉਣ ਦਾ ਤਹੱਈਆ ਕੀਤਾ ਤੇ ਭਾਈ ਨਬਾਊ ਸਿੰਘ ਜੀ, ਜਿਹਨੂੰ ਅੱਜ ਦੇ ਲੋਕ ਪਛੜੀਆਂ ਸ਼੍ਰੇਣੀਆਂ ਕਹਿੰਦੇ ਨੇ, ਹਰੀਜਨ ਕਹਿੰਦੇ ਨੇ, ਇਹਨਾਂ ਵਿੱਚੋਂ ਸੀ ਪ੍ਰੇਮੀ ਉਹ। ਭਾਈ ਨਬਾਊ ਸਿੰਘ ਨੇ ਹਾਥੀ 'ਤੇ ਚੜ੍ਹ ਕੇ ਲਖਪਤ ਦਾ ਸਿਰ ਐਉਂ ਵੱਢਿਆ ਸੀ ਜਿਵੇਂ ਕੱਦੂ ਵੱਲ ਨਾਲੋਂ ਵੱਢ ਕੇ ਥੱਲੇ ਸੁੱਟ ਦੇਈਦਾ, ਦਰਖ਼ਤ ਤੋਂ। ਉਸੇ ਪੀੜ੍ਹੀ 'ਚ ਹੀ ਬਦਲਾ ਲਿਆ। ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ, ਸ਼ਾਂਤਮਈ ਸ਼ਹੀਦੀ ਦਿੱਤੀ ਆ ਤੇ ਗ੍ਰੰਥ ਨੂੰ ਨੌਰੰਗੇ ਦੀ ਛਾਤੀ 'ਤੇ ਚੜ੍ਹੇ ਆ। ਕੋਈ ਇਤਿਹਾਸਕਾਰ ਦੱਸੇ ਇੱਕ ਰਾਤ ਵੀ ਨੌਰੰਗੇ ਨੂੰ ਪਿੱਛੇ ਦਿੱਲੀ ਸੌਣ ਦਿੱਤਾ ਸਿੱਖਾਂ ਨੇ।

ਆਹ ੨੮ ਤੱਕ ਤਾਂ ਆਪਾਂ ਸ਼ਾਂਤਮਈ ਰਹੇ, ੧੩ ਸਿੰਘ ਸ਼ਹੀਦ ਹੋ ਗਏ ਤੇ ੭੦ ਜ਼ਖ਼ਮੀ ਹੋ ਗਏ ਤੇ ਸਿੱਖਾਂ ਦਾ ਕਾਤਲ ਕਮਿਸ਼ਨਰ ਦੀ ਕਾਰ ਵਿੱਚ, ਪਹਿਲਾਂ ਤਾਂ ਸਾਰੀ ਰਾਤ ਜਲੰਧਰ ਰਿਹਾ, ੪:੦੦ ਵਜੇ ਅੰਮ੍ਰਿਤ ਵੇਲੇ ਰਾਮਾ ਮੰਡੀ ਮੋੜ ਜਿਹੜੀ ਹੁਸ਼ਿਆਰਪੁਰ ਨੂੰ ਸੜਕ ਜਾਂਦੀ ਆ ਜਲੰਧਰ ਤੋਂ, ਉਹ ਚੌਂਕ ਕਮਿਸ਼ਨਰ ਆਪ ਲੰਘਾ ਕੇ ਆਇਆ ਤੇ ਦਿੱਲੀ ਕਮਿਸ਼ਨਰ ਦੀ ਕਾਰ 'ਚ ਗਿਆ। ਫਿਰ ਆਪਾਂ ਅਦਾਲਤ ਦਾ ਕੁੰਡਾ ਖੜਕਾਇਆ। ਉਸ 'ਚ ਆਪਾਂ ਝੂਠੇ ਸਿੱਧ ਹੋਏ ਤੇ ਉਮਰਾਨੰਗਲ ਦੀ ਗਵਾਹੀ ਨਾਲ ਗੁਰਬਚਨਾ ਬਰੀ ਹੋਇਆ। ਨਾਲੇ ਮਰ ਗਏ, ਨਾਲੇ ਜ਼ਖ਼ਮੀ ਹੋਏ, ਘਰ ਲੁੱਟੇ ਗਏ ਤੇ ਅਦਾਲਤ ਵਿੱਚ ਵੀ ਝੂਠੇ ਸਿੱਧ ਹੋਏ। ਅਖੀਰ,

ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ॥

(ਆਸਾ ਵਾਰ ਮ: ੧, ੪੭੬)

ਦਾ ਰਸਤਾ ਜਦੋਂ ਅਖ਼ਤਿਆਰ ਕੀਤਾ ਗੁਰੂ ਕਲਗੀਧਰ ਦੇ ਰਸਤੇ ਚੱਲੇ। ੮੦ 'ਚ ਗੁਰਬਚਨੇ ਨੂੰ ਗੁਰੂ ਕੇ ਲਾਲਾਂ ਨੇ ਗੱਡੀ ਚੜ੍ਹਾ ਦਿੱਤਾ। ਭਵਨ ਬਣਦਾ ਪੰਜਾਬ 'ਚ ਕਿਤੇ (ਤਾਂ) ਦੱਸੋ?

ਮੁੜਕੇ ਫੜਿਆ ਗਿਆ ਅਮਰੀਕ ਸਿੰਘ, ਆਹ ਬੈਠਾ ਇਥੇ ਕੋਲੇ, ਮਗਰੋਂ ਫ਼ਤਹਿ ਬੁਲਾ ਲਊ ਤੁਹਾਨੂੰ। ਇਹ ਤੇ ਠਾਰਾ ਸਿੰਘ ਫੜੇ ਗਏ ਤੇ ਸ਼ਾਂਤਮਈ ਮੋਰਚਾ ਆਪਾਂ ਫਿਰ ਅਰੰਭ ਕਰ ਦਿੱਤਾ ਤੇ ਪੁਲੀਸ ਨੇ ਗੋਲੀਆਂ ਨਾਲ ਭੁੰਨਣੇ ਸ਼ੁਰੂ ਕਰ ਦਿੱਤੇ ਝੂਠੇ ਪੁਲੀਸ ਮੁਕਾਬਲੇ ਬਣਾ ਕੇ। ਫਿਰ ਮਾਰੀ ਦਿਆਂ ਨੂੰ ਕਿਸੇ ਗੁਰੂ ਕੇ ਸਿੱਖ ਨੂੰ ਅੱਕ ਚੱਬਣਾ ਪਿਆ ਤੇ ਅੱਗੋਂ ਮੂੰਹ ਤੋੜਵਾਂ ਜਵਾਬ ਦੇਣਾ ਪਿਆ। ਹੁਣ ਵੀ ਪੁਲੀਸ ਪੰਜਾਬ 'ਚ ਈ ਆ, ਇਹਨੂੰ ਕਹੋ ਖਾਂ ਭਲਾ ਝੂਠਾ ਮੁਕਾਬਲਾ ਬਣਾ ਕੇ ਕਿਸੇ ਸਿੱਖ ਨੂੰ ਮਾਰਨ ਹੁਣ।

ਪਿੱਛੋਂ ਫਿਰ ਡੰਡਾ ਚਾੜ੍ਹ ਦਿੱਤਾ ਭਿੰਡਰਾਂਵਾਲਾ ਸਰਕਾਰੀਆ, ਭਿੰਡਰਾਂਵਾਲਾ ਕਾਂਗਰਸੀ, ਭਿੰਡਰਾਂਵਾਲਾ ਟਾਊਟ, ਇਹਨੂੰ ਸਟੇਜ 'ਤੇ ਨਹੀਂ ਬੋਲਣ ਦਿੱਤਾ ਜਾਊਗਾ। ਇਹਦੇ ਨਾਲ ਸਾਡਾ ਬਾਈਕਾਟ ਆ, ਇਹਦੇ ਨਾਲ ਸਾਡੇ ਮਤਭੇਦ ਆ, ਮੈਂ ਫਿਰ ਚੁੱਪ ਹੋ ਗਿਆ। ਚੁੱਪ ਹੋਣ ਤੋਂ ਪਿੱਛੋਂ ਕੀ ਹੋਇਆ? ੧੪ ਤੋਂ ਲੈ ਕੇ ੨੦ ਤਰੀਕ ਤੱਕ ਕੀ ਹਾਲਤ ਹੋਈ ਆ ਹਰਿਆਣੇ ਵਿੱਚ? ਮੈਂ ਤੁਹਾਨੂੰ ਪਹਿਲਾਂ ਦੱਸ ਦਿੱਤੀ ਆ ਉਹ। ਸਰੂਪਾਂ ਦਾ ਸੜਨਾ, ਗੁਰਦੁਆਰਿਆਂ ਦਾ ਸਾੜਨਾ, ਟਰੱਕਾਂ ਨੂੰ ਅੱਗ ਲਾਉਣੀ, ਕੁੜੀਆਂ ਸਿੱਖਾਂ ਦੀਆਂ ਨੰਗੀਆਂ ਕਰਨੀਆਂ, ਸਿੱਖਾਂ ਦੇ

ਕੇਸ ਕਤਲ ਕਰਨੇ, ਛੱਪੜਾਂ 'ਚ ਡਬੋ ਕੇ ਮਾਰਨਾ, ਇਹ ੨੦ ਤਰੀਕ ਤੱਕ ਹੁੰਦਾ ਰਿਹਾ। ਅਖ਼ਬਾਰਾਂ ਵਾਲੇ ਭਾਈਉ ਤੇ ਜਿੰਮੇਵਾਰ ਸੱਜਣੋਂ, ਆਪਣਾ ਕੀ ਸੀ ? 'ਪੁਰਜ਼ੋਰ ਸ਼ਬਦਾਂ 'ਚ ਨਿਖੇਧੀ, ਸਿੱਟੇ ਗੰਭੀਰ ਨਿਕਲਣਗੇ, ਸਰਕਾਰ ਜਿੰਮੇਵਾਰ ਹੋਵੇਗੀ ਤੇ ਇਹ ਕੰਮ ਸਰਕਾਰ ਦੇ ਏਜੰਟਾਂ ਦਾ।' ਇਹ ਚਾਰ ਸ਼ਬਦਾਂ ਤੋਂ ਅਗਾਂਹ ਕਦਮ ਕਿਉਂ ਨਹੀਂ ਪੁੱਟਦੇ ? ਸ਼ਰਮ ਆਉਂਦੀ ਆ ? ਇਹ ਸਿੱਟੇ ਗੰਭੀਰ ਨਾਲ, ਨਿਖੇਧੀ ਨਾਲ, ਜ਼ਿੰਮੇਵਾਰੀ ਨਾਲ, ਸਰਕਾਰੀ ਏਜੰਟਾਂ ਦੇ ਕਹਿਣ ਨਾਲ, ਉਹਨਾਂ ਭੈਣਾਂ ਦੀ ਇਜ਼ਤ ਬਚ ਗਈ ? ਤੇ ਜਦੋਂ ੨੦ ਤਰੀਕ ਨੂੰ ਇਥੇ ਭਬੂਕੇ ਪੈਣ ਲੱਗੇ ਪੰਜਾਬ ਵਿੱਚ, ਉਦੋਂ ਪਿੱਛੋਂ ਹਰਿਆਣੇ 'ਚ ਖ਼ਬਰ ਕਿਸੇ ਸਿੱਖ ਮਰੇ ਦੀ ਆਈ ਆ ਤਾਂ ਦੱਸੋ ? ਹੁਣ ਵੀ ਤਾਂ ਹਰਿਆਣੇ ਵਿੱਚ ਪੁਲੀਸ ਤੇ ਮਿਲਟਰੀ ਹੈਗੀ ਆ।

ਸੰਤ ਜਰਨੈਲ ਸਿੰਘ ਦਾ ਬਾਈਕਾਟ ਅਤੇ ਮੰਜੀ ਸਾਹਿਬ ਵਿਖੇ ਬੋਲਣ 'ਤੇ ਪਾਬੰਦੀ

ਹੁਣ ਇਹਨਾਂ ਨੇ ਅੱਤ ਚੁੱਕ ਲਈ ਫਿਰ, ਆਂਦੇ ਜੀ ਇਹਦੇ ਨਾਲ ਤਾਂ ਅਸੀਂ ਬੋਲਣਾ ਈ ਨਹੀਂ। ਅਸੀਂ ਇਹਨੂੰ ਮੰਜੀ ਸਾਹਿਬ 'ਤੇ ਨਹੀਂ ਬੋਲਣ ਦੇਣਾ, ਇਹ ਸਰਕਾਰ ਦੀ ਬੋਲੀ ਬੋਲਦਾ ਤੇ ਮੈਂ ਵੱਟ ਲਈ ਆ ਹੁਣ ਚੁੱਪ। ਹੁਣ ਉਦੋਂ ਬੋਲੋਂਗਾ, ਜਿੰਦੇਂ ਸਾਰੇ ਬਾਹਾਂ ਖੜ੍ਹੀਆਂ ਕਰਕੇ ਪਿੱਟੇ, ਸਿਆਪਾ ਕੀਤਾ, ਮਰ ਗਏਂ ਆਂ, ਕਿਸੇ ਪਾਸੇ ਹਿੱਲ ਪੈ। ਉਦੋਂ ਮੈਂ ਵੀ ਬੋਲ ਪਊਂ, ਨਹੀਂ ਤੇ ਮੈਂ ਵੀ ਚੁੱਪ ਈ ਆਂ। ਇਹ ਸ਼ਾਂਤਮਈ ਕਦੋਂ ਤੱਕ ਰੱਖਣੀ ਆਂ ? ਹਿੰਦੂ ਸਿੱਖ ਏਕਤਾ ਤੁਹਾਡੀ ਕਾਹਦੀ ਆ ?

ਗਿ: ਜੈਲ ਸਿੰਘ ਦੇ ਪ੍ਰਚਾਰ ਦਾ ਜਵਾਬ

ਅਖੇ ਜੀ ਸਿੱਖ ਵੱਖਰੀ ਕੌਮ ਨਹੀਂ। ਉਹ ਚੌਧਰੀ ਬਣਿਆਂ ਬੈਠਾ, ਉਥੇ ਗਿਆਨੀ ਜੈਲ ਸਿੰਹੁ। ਉਹ ਵੀ ਨਿੰਦਿਆਂ ਕਰੀ ਜਾਂਦਾ (ਤੇ ਕਹਿੰਦਾ) ਮੈਂ ਸਿੱਖ ਵੱਖਰੀ ਕੌਮ ਦਾ ਹਾਮੀ ਨਹੀਂ। ਉਹ ਭਲਿਆ ਮਾਣਸਾ ਠੀਕ ਆ, ਤੈਨੂੰ ਰੱਬ ਨੇ ਅਹੁਦਾ ਦੇ ਦਿੱਤਾ ਕਿਸੇ ਕਾਰਨ ਤੇ ਪਿੱਛੇ ਤੇਰਾ ਕਰਮ ਚੰਗਾ ਹੋਵੇਗਾ ਜਾਂ ਕਿਸੇ ਹੋਰ ਹੀ ਕਾਰਨ ਤੈਨੂੰ ਮਿਲ ਗਿਆ ਹੋਵੇਗਾ। ਕਿਵੇਂ ਕਹਿਨਾਂ ਸਿੱਖ ਵੱਖਰੀ ਕੌਮ ਨਹੀਂ ? ਮੈਂ ਵੰਗਾਰ ਕੇ ਚੈਲੰਿਜ ਕਰਕੇ ਕਹਿਨਾਂ, ਸਿੱਖ ਵੱਖਰੀ ਕੌਮ ਆ ਤੇ ਪ੍ਰਮਾਣ ਦੇਵਾਂਗਾ। ਟੇਪ ਰਿਕਾਰਡ ਹੋ ਰਹੀ ਆ। ਇਹ ਸੁਣ ਕੇ ਕੋਈ ਉੱਤਰ ਦੇਵੇ, ਸਿਰ ਵੱਢਵਾ ਲਊਂ।

ਪਹਿਲਾਂ ਤਾਂ ਜਨਮ ਤੋਂ ਹੀ ਸਿੱਖ ਵੱਖਰੀ ਕੌਮ ਆਂ, ਸਿੱਖ ਬਿਨਾ ਜੰਮਦਾ ਈ ਕੋਈ ਨਹੀਂ। ਸਿੱਖ ਮੁੱਢ ਆ, ਬਾਕੀ ਟਹਿਣੇ-ਟਹਿਣੀਆਂ ਤੇ ਪੱਤਰੇ ਆ।

ਦੂਜਾ ਸਿੱਖ ਇਸ਼ਟ ਕਰਕੇ ਸਿੱਖ ਵੱਖਰੀ ਕੌਮ ਆਂ, ਗੁਰੂ ਕਰਕੇ। ਗੀਤਾ ਦੇ ੧੮ ਅਧਿਆਏ, ਕੁਰਾਨ ਦੇ ੩੦ ਸਪਾਰੇ ਆ। ਕੁਰਾਨ ਦੇ ੩੦ ਸਪਾਰਿਆਂ ਵਿੱਚ ਕਿਸੇ ਹਿੰਦੂ ਨੂੰ ਕੋਈ ਜਗ੍ਹਾ ਨਹੀਂ। ਗੀਤਾ ਦੇ ੧੮ ਅਧਿਆਇਆਂ ਵਿੱਚ ਕਿਸੇ ਮੁਸਲਮਾਨ ਨੂੰ ਕੋਈ ਜਗ੍ਹਾ ਨਹੀਂ ਤੇ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿੱਚ ਕੁੱਲ ਨੂੰ ਥਾਂ ਦਿੱਤਾ। ਇਥੇ ਜੁਲਾਹਿਆਂ ਵਿਚੋਂ ਕਬੀਰ ਜੀ ਬੈਠੇ ਆ, ਚਮਿਆਰਾਂ ਵਿੱਚੋਂ ਰਵੀਦਾਸ ਜੀ ਬੈਠੇ ਆ, ਘੁਮਿਆਰਾਂ ਵਿੱਚੋਂ

ਬੇਣੀ ਜੀ ਬੈਠੇ ਆ, ਨਾਈਆਂ ਵਿੱਚੋਂ ਸੈਣ ਜੀ ਬੈਠੇ ਆ, ਛੀਬਿਆਂ ਵਿੱਚੋਂ ਨਾਮਦੇਵ ਜੀ ਬੈਠੇ ਆ, ਬ੍ਰਾਹਮਣਾਂ ਵਿੱਚੋਂ ਜੈ ਦੇਵ ਜੀ ਬੈਠੇ ਆ, ਜੱਟਾਂ ਵਿੱਚੋਂ ਧੰਨਾ ਜੀ ਬੈਠੇ ਆ, ਹਰੀਜਨਾਂ ਵਿੱਚੋਂ ਬਾਲਮੀਕ ਜੀ ਬੈਠੇ ਆ ਤੇ ਵੇਸ਼ਵਾ ਵਿੱਚੋਂ ਗਨਕਾ ਬੈਠੀ ਆ, ਪਾਪੀਆਂ ਵਿੱਚੋਂ ਅਜਾਮਲ ਬੈਠਾ। ਇਥੇ ਥਾਂ ਦਿੱਤਾ ਕਿਹਨੂੰ ਨਹੀਂ ? ਇਸੇ ਵਾਸਤੇ ਕਬੀਰ ਜੀ ਨੇ ਕਿਹਾ :

ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ ॥
ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ ॥

(ਸਲੋਕ ਕਬੀਰ, ੧੩੬੭)

ਇਸ ਕਰਕੇ ਸਿੱਖ ਇੱਕ ਵੱਖਰੀ ਕੌਮ ਆਂ।

ਕਿਸੇ ਮਸੀਤ ਵਿੱਚ ਹਿੰਦੂ ਮੱਥਾ ਨਹੀਂ ਟੇਕ ਸਕਦਾ। ਕਿਸੇ ਸ਼ਿਵ ਦੁਆਲੇ 'ਚ ਮੁਸਲਮਾਨ ਮੱਥਾ ਨਹੀਂ ਟੇਕ ਸਕਦਾ ਤੇ ਆਹ ਦਰਬਾਰ ਸਾਹਿਬ 'ਚ ਕਿਹੜੇ ਹਿੰਦੂ ਤੇ ਮੁਸਲਮਾਨ ਨੂੰ ਮੱਥਾ ਟੇਕਣੋਂ ਰੋਕਿਆ ? ਇਸ ਵਾਸਤੇ ਸਿੱਖ ਵੱਖਰੀ ਕੌਮ ਆਂ।

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥

(ਸੂਹੀ ਮ: ੫, ੭੪੭)

ਇਸ ਵਾਸਤੇ ਸਿੱਖ, ਵੱਖਰੀ ਕੌਮ ਆ। ਇੱਕ ਦਰਵਾਜਾ ਮਸੀਤ ਦਾ ਹੋਵੇਗਾ, ਇੱਕ ਦਰਵਾਜਾ ਗਿਰਜੇ ਦਾ ਹੋਵੇਗਾ, ਇੱਕ ਦਰਵਾਜਾ ਸ਼ਿਵ ਦੁਆਲੇ ਦਾ ਹੋਵੇਗਾ। ਜੇ ਚਾਰ ਦਰਵਾਜੇ ਹੋਣਗੇ ਤੇ ਕੇਵਲ ਗੁਰੂ ਕੇ ਅਸਥਾਨ 'ਤੇ ਹੋਣਗੇ, ਨਹੀਂ ਤੇ ਚਾਰ ਦਰਵਾਜੇ ਦਾ ਨੰਬਰ ਕਿਤੇ ਨਹੀਂ ਮਿਲੇਗਾ ਦੁਨੀਆ 'ਚ। ਇਸ ਵਾਸਤੇ ਸਿੱਖ ਵੱਖਰੀ ਕੌਮ ਆਂ।

ਦੁਨੀਆ ਦਾ ਚੱਕਰ ਕੱਟ ਲਉ, ਕਿਸੇ ਸ਼ਿਵ ਦੁਆਲੇ, ਕਿਸੇ ਮਸੀਤ, ਕਿਸੇ ਗਿਰਜੇ ਵਿੱਚ, ਤੁਹਾਨੂੰ ਲੰਗਰ ਨਹੀਂ ਮਿਲੇਗਾ। ਜੇ ਲੰਗਰ, ਸੰਗਤ, ਪੰਗਤ ਮਿਲੇਗੀ ਤੇ ਇੱਕੋ ਇੱਕ ਗੁਰੂ ਦੇ ਦਰਬਾਰ 'ਚੋਂ ਮਿਲੇਗੀ। ਇਸ ਵਾਸਤੇ ਸਿੱਖ ਵੱਖਰੀ ਕੌਮ ਆਂ।

ਹਿੰਦੂ ਦੇ ਘਰ ਵਾਲੀ ਟੋਪੀ ਨਹੀਂ ਰੱਖ ਸਕਦੀ, ਹਿੰਦੂ ਦੇ ਘਰ ਵਾਲੀ ਬੋਧੀ ਨਹੀਂ ਰੱਖ ਸਕਦੀ। ਹਿੰਦੂ ਦੇ ਘਰ ਵਾਲੀ ਜਨੇਊ ਨਹੀਂ ਪਾ ਸਕਦੀ। ਹਿੰਦੂ ਦੇ ਘਰ ਵਾਲੀ ਬਾਰਾਂ ਤਿਲਕ ਨਹੀਂ ਲਾ ਸਕਦੀ। ਮੁਸਲਮਾਨ ਦੇ ਘਰ ਵਾਲੀ ਨੂੰ ਸੁਨਤ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਤੇ ਨਮਾਜ਼ ਉਹ ਪੜ੍ਹ ਨਹੀਂ ਸਕਦੀ ਮਸੀਤ ਵਿੱਚ। ਜੇ ਪੜ੍ਹ ਸਕਦੀ ਆ ਤੇ ਵਿਚਾਲੇ ਪਰਦਾ ਪਾ ਕੇ ਪੜ੍ਹੇਗੀ, ਐਵੇਂ ਨਹੀਂ। ਇਸੇ ਵਾਸਤੇ ਕਬੀਰ ਜੀ ਨੇ ਖੰਡਨ ਕੀਤਾ, ਕਬੀਰ ਜੀ ਕਹਿੰਦੇ ਨੇ :

ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ ॥
ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ ॥

(ਆਸਾ ਕਬੀਰ, ੪੭੭)

ਜੇ ਸੁਨਤ ਕੀਤਿਆਂ ਈ ਤੁਰਕ ਬਣਨਾ, ਉਹ ਬੰਦੇ ਦੀ ਸੁਨਤ ਤਾਂ ਕਰ ਦੇਉਗੇ, ਜਨਾਨੀ ਦੀ ਸੁਨਤ ਕੀ ਕਰੋਗੇ ? ਇਸ ਵਾਸਤੇ ਮੁਸਲਮਾਨੋ ਅੱਧੇ ਤੁਸੀਂ ਮੁਸਲਮਾਨ ਹੋ, ਅੱਧੇ ਤੁਸੀਂ ਹਿੰਦੂ ਹੋ।

ਤੁਸੀਂ ਮਾਸਟਰ ਹੋ, ਟੀਚਰ ਹੋ, ਦੋ ਬੱਚੇ ਸ਼ਹਿਰ ਦੇ ਤਹਾਡੇ ਕੋਲ ਪੜ੍ਹਨ ਆਉਂਦੇ ਆ।

ਇੱਕ ਨੂੰ ਤੁਸੀਂ ਕੋਲ ਬੈਠਾ ਕੇ ਪੜ੍ਹਾਉਨੇ ਆਂ, ਇੱਕ ਨੂੰ ਥੱਲੇ ਪੌੜੀਆਂ ਦੇ ਵਿੱਚ ਬੈਠਾਈ ਰੱਖਨੇ ਆਂ। ਉਹਨੂੰ ਕਹਿੰਦੇ ਮੱਥੇ ਨਾ ਲੱਗੀਂ ਮੇਰੇ ਤੇ ਰਜਿਸਟਰ ਵਿੱਚ ਹਾਜ਼ਰੀ ਦੋਹਾਂ ਦੀ ਆ ਤੇ ਜਦ ਸਲਾਨਾ ਇਮਤਿਹਾਨ ਹੋਇਆ ਪਾਸ ਮੁੰਡਾ ਉਹੀ ਹੋਵੇਗਾ ਜਿਹੜਾ ਮਾਸਟਰ ਕੋਲ ਬੈਠਾ ਕਿ ਜਿਹਨੂੰ ਮੱਥੇ ਈ ਨਹੀਂ ਲਾਇਆ ਮਾਸਟਰ ਨੇ ? ਸਵਾਲ ਦੱਸਿਆ ਹੀ ਨਹੀਂ, ਪਾਸ ਉਹ ਹੋਵੇਗਾ, ਕਿਹੜਾ ਹੋਵੇਗਾ ਦੱਸੋ ? ਉਹ ਬੋਲਦੇ ਨਹੀਂ, ਕੋਲ ਬੈਠਾ ਪਾਸ ਹੋਵੇਗਾ ਕਿ ਥੱਲੇ ਬੈਠਾ ? ਤੇ ਜਿਹੜੇ ਧਰਮ 'ਚ ਇੱਕ ਜਨਾਨੀ ਮੱਥੇ ਈ ਨਹੀਂ ਲੱਗ ਸਕਦੀ, ਉਹ ਕਿੱਥੇ ਜਾਵੇਗੀ ? ਮਰਦ ਤਾਂ ਬਹਿਸ਼ਤ 'ਚ, ਸਵਰਗ ਨੂੰ ਚੱਲਿਆ ਗਿਆ। ਜਨਾਨੀ ਕਿਹੜੇ ਖੂਹ 'ਚ ਡਿੱਗੇਗੀ ? ਇਹ ਇੱਕੋ ਇੱਕ ਸਿੱਖ ਧਰਮ ਹੈ, ਜੇ ਅੰਮ੍ਰਿਤ ਮੈਂ ਖੰਡੇ ਦਾ ਛਕਿਆ ਘਰ ਵਾਲੀ ਨੂੰ ਛਕਣਾ ਪਵੇਗਾ। ਜੇ ਮਰਦ ਅਖੰਡ ਪਾਠੀ ਆ ਤੇ ਘਰ ਵਾਲੀ ਪੜ੍ਹੀ ਆ ਤੇ ਉਹ ਵੀ ਅਖੰਡ ਪਾਠ ਦੀ ਰੌਲ ਲਾ ਸਕਦੀ ਆ। ਜੇ ਮਰਦ ਕੀਰਤਨ ਕਰਦਾ ਤੇ ਘਰ ਵਾਲੀ ਵੀ ਕੀਰਤਨ ਕਰ ਸਕਦੀ ਆ।

ਇਥੇ ਇੱਕ ਪੜ੍ਹੇ ਲਿਖੇ, ਜਿਹੜੇ ਚਿਮਚਾਗਿਰੀਆਂ ਕਰਨ ਵਾਲੇ, ਇੱਕ ਸਵਾਲ ਉਠਾਉਂਦੇ ਆ। ਹਿੰਦੂ ਸਿੱਖ ਏਕਤਾ ਨੂੰ ਪ੍ਰਮੁੱਖ ਰੱਖ ਕੇ ਉਹ ਕਹਿੰਦੇ ਜੀ ਕੀ ਇਹ ਸਾਰਾ ਪ੍ਰਚਾਰ ਕਰਦਾ ਤੇ ਸਿੱਖਾਂ ਵਿੱਚ ਫਿਰ ਬੀਬੀਆਂ ਨੂੰ, ਪੰਜਾਂ ਪਿਆਰਿਆਂ ਦਾ ਪ੍ਰਸ਼ਾਦ ਕਿਉਂ ਨਹੀਂ ਦਿੰਦੇ ? ਪੰਜਾਂ ਪਿਆਰਿਆਂ 'ਚ ਲਾਉਂਦੇ ਕਿਉਂ ਨਹੀਂ ? ਇਹ ਕਈ ਸਵਾਲ ਉਠਾਉਂਦੇ ਆ ਗੁਰਮਤਿ ਨੂੰ ਨੀਵਾਂ ਦਿਖਾਉਣ ਵਾਸਤੇ। ਇਹਦਾ ਉੱਤਰ ਖ਼ਾਲਸਾ ਜੀ ਇਹ ਆ। ਜਿਸ ਵੇਲੇ ੧੭੫੬ ਬਿਕਰਮੀ, ੧੬੯੬ ਈ: ਨੂੰ, ਗੁਰੂ ਗੋਬਿੰਦ ਸਿੰਘ ਜੀ ਸੱਚੇ ਪਾਤਿਸ਼ਾਹ ਨੇ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ ਆ, ਉਸ ਵੇਲੇ ਕਲਗੀਧਰ ਨੇ ਇਹ ਨਹੀਂ ਸੀ ਕਿਹਾ ਕਿ ਮੈਨੂੰ ਇੱਕ ਮਰਦ ਦੇ ਸਿਰ ਦੀ ਲੋੜ ਆ ਜਾਂ ਜਨਾਨੀ ਦੇ ਸਿਰ ਦੀ ਲੋੜ ਆ। ਉਸ ਵੇਲੇ ਸੰਗਤ 'ਚ ਤੇਗ਼ ਕੱਢ ਕੇ ਕਿਹਾ ਸੀ ਕਿ ਗੁਰਮੁਖੋ, ਸਾਨੂੰ ਇੱਕ ਸਿਰ ਦੀ ਲੋੜ ਆ। ਕੋਈ ਇੱਕ ਸਿਰ ਦਿਉ ਤੇ ਜੇ ਪੰਜਾਂ ਪਿਆਰਿਆਂ 'ਚ ਲੱਗਣਾ ਸੀ ਤੇ ਸਾਡੀਆਂ ਮਾਂਵਾਂ ਭੈਣਾਂ ਵਿੱਚ ਬੈਠੀਆਂ ਸਨ, ਉਸ ਵੇਲੇ ਉੱਠ ਕੇ ਇੱਕ ਅੱਧੀ ਸਿਰ ਵਢਵਾ ਲੈਂਦੀ। ਪੰਜਾਂ ਪਿਆਰਿਆਂ 'ਚ ਨਾ ਲਾਉਣਾ ਤੇ ਪੰਜਾਂ ਪਿਆਰਿਆਂ ਦਾ ਪ੍ਰਸ਼ਾਦਿ ਬੀਬੀਆਂ ਨੂੰ ਨਾ ਦੇਣਾ, ਇਹਦਾ ਮੁੱਖ ਕਾਰਨ ਇਹ ਆ ਕਿ ਸਿਰ ਪੰਜਾਂ ਮਰਦਾਂ ਨੇ ਵਢਵਾਇਆ ਸੀ। ਇਸ ਵਾਸਤੇ ਮਰਦ ਵੇਸ ਵਾਲਿਆਂ ਨੂੰ ਪੰਜਾਂ ਪਿਆਰਿਆਂ 'ਚ ਲਾਇਆ ਜਾਂਦਾ, ਦੂਜੇ ਨੂੰ ਨਹੀਂ। ਬਾਕੀ ਬਾਂਵਾਂ 'ਤੇ ਦੱਸੋ ਵਿਤਕਰਾ ਕਿੱਥੇ ਆ ? ਇਹਦਾ ਕੋਈ ਜਵਾਬ ਦੇ ਸਕਦਾ ਤੇ ਦੇ ਦਿਉ ?

ਸ਼ਸ਼ਤਰਧਾਰੀ ਹੋ ਕੇ ਜ਼ੁਲਮ ਵਿਰੁੱਧ ਜੂਝਣ ਦੀ ਅਪੀਲ

ਜਿੰਨੇ ਤੁਸੀਂ ਆਏ ਹੋ ਗੁਰੂ ਕੇ ਸਿੱਖ, ਤੁਹਾਡਾ ਧਨਵਾਦ ਮੇਰੇ ਵੱਲੋਂ, ਪਰ ਇਹ ਵੀ ਕਈ ਵਾਰੀ ਕਹਿੰਦੇ ਆ ਭਿੰਡਰਾਂਵਾਲਿਆ ਚੁੱਕ ਦਿਆਂਗੇ ਫੱਟੇ, ਤੂੰ ਫਿਕਰ ਨਾ ਕਰ, ਇੱਕ ਵਾਰੀ ਕਹਿ ਦੇ ਮਾੜਾ ਜਿਹਾ। ਉਏ ਕੀੜੀ ਦੀ ਤੁਹਾਥੋਂ ਲੱਤ ਨਹੀਂ ਟੁੱਟੀ ਵੀਹਾਂ ਮਹੀਨਿਆਂ 'ਚ, ਤੁਸੀਂ ਫੱਟੇ ਕਿੱਥੋਂ ਚੁੱਕ ਦਿਉਗੇ ? ਜਿਹੜੇ ਵੀਹਾਂ ਮਹੀਨਿਆਂ ਦੇ ਫੱਟੇ ਚਰਾ ਕੇ ਰੱਖੇ, ਮੈਨੂੰ ਜਗ੍ਹਾ ਤੇ ਦੱਸ ਦਿਉ, ਕਿਤੇ ਵੇਖ ਹੀ ਆਈਏ ਜਾ ਕੇ 'ਨੇਰ੍ਹੇ ਸਵੇਰੇ।

ਡਾਹ (ਕੇ) ਕਿੱਥੇ ਰੱਖਣੇ ਆ ? ਓ ਭੈਣਾਂ ਲੁੱਟੀਆਂ ਗਈਆਂ, ਇਸ਼ਟ ਸਾੜ ਦਿੱਤਾ, ਗੁਰਦੁਆਰਿਆਂ ਨੂੰ ਅੱਗਾਂ ਲਾਈਆਂ, ਸਿੱਖਾਂ ਦੀ ਇਜ਼ਤ ਲੁੱਟੀ ਗਈ ਤੇ ਤੁਹਾਡੇ ਕੰਨ 'ਤੇ ਜੂੰਅ ਨਹੀਂ ਸਰਕੀ। ਤੁਸੀਂ ਕਹਿਨੇ ਫੱਟੇ ਚੁੱਕ ਦਿਆਂਗੇ। ਕਿਵੇਂ ਚੁੱਕ ਲਉਗੇ ਫੱਟੇ ਤੁਸੀਂ ? ਉਂ ਕਹਿੰਦੇ ਆਂ ਸੰਤ ਜੀ ਜੋ ਕਹੇਂਗਾ ਕਰਾਂਗੇ। ਮੈਂ ਇੱਕ ਬੇਨਤੀ ਵਿਸ਼ੇਸ਼ ਤੌਰ 'ਤੇ ਕੀਤੀ ਆ। ਉਹਦਾ ਦੱਸੋ ਕਿੰਨਿਆਂ ਨੇ ਤੁਹਾਡੇ ਵਿੱਚੋਂ ਅਸਰ ਕਬੂਲਿਆ, ਕਿੰਨਿਆਂ ਨੇ ਗੱਲ ਮੰਨੀ ਆਂ ? ੭ ਸਾਲ ਤੇ ਹੋ ਗਏ, ਮੈਨੂੰ ਸਮੁੱਚੇ ਤੌਰ 'ਤੇ ਕਹਿੰਦੇ ਨੂੰ। ੨੦ ਮਹੀਨੇ ਹੋ ਗਏ ਵਿਸ਼ੇਸ਼ ਤੌਰ 'ਤੇ ਕਹਿੰਦੇ ਨੂੰ। ਓ ਸਿੰਘੋ ਮੋਟਰ ਸਾਈਕਲ ਲਉ, ਰਿਵਾਲਵਰ ਖਰੀਦੋ। ਇੱਕ ਇੱਕ ਪਿੰਡ ਵਿੱਚ ਇੱਕ ਇੱਕ ਮੋਟਰ ਸਾਈਕਲ ਤੇ ੩-੩ ਰਿਵਾਲਵਰ ਤੇ ੩-੩ ਨੌਜੁਆਨ ਪੈਦਾ ਹੋ ਜਾਵੋ। ਕਿੰਨੇ ਪਿੰਡਾਂ ਨੇ ਗੱਲ ਮੰਨੀ ਮੇਰੀ। ਹੁਣ ਜਦੋਂ ਠੁਕਣ ਲੱਗ ਗਈਆਂ, ਹੁਣ ਕਹਿੰਦੇ ਸੰਤ ਜੀ ਕਿਤੇ ਸ਼ਸ਼ਤਰ ਮਿਲਣਗੇ ? ਸੰਤ ਕੋਲ ਤਾਂ ਗੁਟਕੇ ਦਾ ਪ੍ਰਸ਼ਾਦਿ ਆ, ਲੈ ਲਉ ਜਿਹਨੇ ਲੈਣਾ ਤੇ ਜੇ ਮੈਂ ਕਿਤੇ ਅੱਗੇ ਬਿਆਨ ਦੇ ਦਿੰਦਾ ਸੀ ਅਖ਼ਬਾਰ 'ਚ ਤੇ ਭਾਈਆਂ ਦਾ ਬਿਆਨ ਆ ਜਾਂਦਾ ਸੀ ਇਹ ਜੀ ਫੁੱਟ ਪਾਉਂਦਾ, ਇਹ ਇੱਕ ਵਿਅਕਤੀ ਦਾ ਪ੍ਰੋਗਰਾਮ (ਆ), ਪੰਥਕ ਪ੍ਰੋਗਰਾਮ ਤਾਂ ਸ਼ਾਂਤਮਈ ਆ, ਹੁਣ ਰੱਖ ਲਉ ਸ਼ਾਂਤਮਈ, ਸਾਧ ਕੀ ਕਹਿੰਦਾ।

ਅਨੰਦਪੁਰ ਸਾਹਿਬ ਦੇ ਮਤੇ ਵਿੱਚ ਸ਼ਸ਼ਤਰਾਂ ਦੀ ਮਦ

ਕਈ ਵੀਰ ਇਹ ਵੀ ਪੁੱਛਦੇ ਨੌਜੁਆਨ ਪੜ੍ਹੇ ਲਿਖੇ ? ਕਹਿੰਦੇ ਸੰਤ ਜੀ ਲਾਇਸੈਂਸ ਨਹੀਂ ਬਣਦੇ। ਲਾਇਸੈਂਸ ਨਹੀਂ ਬਣਦੇ ਕੀ ਕਰੀਏ ? ਤੁਹਾਡੇ ਕੋਲੋਂ ਇੱਕ ਮੈਂ ਪੁੱਛਣੀ ਆਂ ਗੱਲ ਛੋਟੀ ਜਿਹੀ, ਇਹਦਾ ਹਾਂ ਨਾਂਹ 'ਚ ਉੱਤਰ ਦੇ ਦਿਉ। ਆਹ ਜਿੰਨੇ ਗੁਰੂ ਕੇ ਸਿੱਖ ਬੈਠੇ ਹੋ। ਕੀ ਤੁਸੀਂ ਅਨੰਦਪੁਰ ਦਾ ਮਤਾ ਲੈਣ 'ਚ ਸਹਿਮਤ ਹੋ ਜਾਂ ਨਹੀਂ ? ਲੈਣਾ ਨਾ ਅਨੰਦਪੁਰ ਦਾ ਮਤਾ ਤੇ ਜੇ ਅਨੰਦਪੁਰ ਦਾ ਮਤਾ ਲੈਣਾ ਤੇ ਲਾਇਸੈਂਸ ਕੀ ਕਰਨੇ ਆਂ ? ਸਿੱਖ ਤੁਸੀਂ ਇੰਦਰਾ ਦੇ ਹੋ ਕਿ ਸਿੱਖ ਗੁਰੂ ਦੇ ਹੋ ? ਗੁਰੂ ਹਰਿਗੋਬਿੰਦ ਸਾਹਿਬ ਸੱਚੇ ਪਾਤਿਸ਼ਾਹ ਨੇ ਜਹਾਂਗੀਰ ਕੋਲੋਂ ਕਿੰਨੇ ਲਾਇਸੈਂਸ ਲਏ ਸੀ ? ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਕੋਲੋਂ ਕਿੰਨੇ ਲਾਇਸੈਂਸ ਲਏ ਸੀ ? ਜੇ ਗੁਰੂ ਨੇ ਲਾਇਸੈਂਸ ਨਹੀਂ ਲਿਆ ਤੇ ਜਿਹੜਾ ਮੁੰਡਾ ਪਿਉ ਵਰਗਾ ਨਾ ਹੋਵੇ ? ਉਹਨੂੰ ਲੋਕ ਕੀ ਕਹਿੰਦੇ ਆ ? ਦਸਵੇਂ ਪਾਤਿਸ਼ਾਹ ਦੇ ਆਪਾਂ ਸਿੱਖ ਹੋਈਏ ਤੇ ਲਾਇਸੈਂਸ ਮੰਗੀਏ ਮੋਨਿਆਂ ਤੋਂ ? ਫਿਰ ਆਪਾਂ ਨੂੰ ਲੋਕ ਕੀ ਕਹਿਣਗੇ ? ਅਨੰਦਪੁਰ ਦਾ ਮਤਾ ਲੈਣਾ ਕਿ ਨਹੀਂ ? ਅਨੰਦਪੁਰ ਦੇ ਮਤੇ ਦੀ ਕਾਪੀ ਆ, ਉਹਦਾ ਛੇਵਾਂ ਪਹਿਰਾ ਪੜ੍ਹ ਲਿਉ। ਨਾ ਤਾਂ ਤੁਹਾਨੂੰ ਲੀਡਰ ਦੱਸਦੇ ਆ ਤੇ ਨਾ ਅਖ਼ਬਾਰਾਂ ਵਾਲੇ ਲਿਖਦੇ ਆ, ਨਾ ਗੌਰਮਿੰਟ ਲਿਖਦੀ ਆ, ਤੁਹਾਥੋਂ ਲਕੋਈ ਬੈਠੇ ਆ। ਮੇਰੇ ਕੰਮ ਦਾ ਪਹਿਰਾ ਤਾਂ ਉਹੀ ਆ, ਵੈਸੇ ਬਾਕੀ ਵੀ ਕੰਮ ਦੇ ਈ ਆ, ਪਰ ਉਹ ਪੱਕਾ। ਉਹਦੇ ਛੇਵੇਂ ਪਹਿਰੇ ਵਿੱਚ ਲਿਖਿਆ, ਛੇਵੇਂ 'ਚ ਕਿ .੧੨ ਬੋਰ ਤੋਂ ਲੈ ਕੇ ਕਾਰਬਾਈਨ ਤੱਕ ਕਿਸੇ ਚੀਜ਼ ਦਾ ਲਾਇਸੈਂਸ ਬਣਾਉਣ ਦੀ ਕੋਈ ਲੋੜ ਨਹੀਂ। ਉਹਦੇ 'ਚ ਲਿਖਿਆ ਤੇ ਉਹ ਕਾਪੀਆਂ ਪੰਡ ਬੰਨ ਕੇ ਇਥੋਂ ਲੈ

ਜਾਉਂ ਇਹਨਾਂ ਤੋਂ ਤੇ ਇੱਕ ਕਾਪੀ ਰੱਖਿਆ ਕਰੋ ਖੀਸੇ 'ਚ, ਇੱਕ ਕਾਰਬਾਈਨ ਮੋਢੇ 'ਤੇ ਰੱਖ ਲਿਆ ਕਰੋ। ਉਹਦੇ 'ਚ ੩੦ ਵੀ ਪੈਂਦੀਆਂ, ੧੫ ਵੀ ਪੈਂਦੀਆਂ, ਮੈਗਜ਼ੀਨ ਦਾ ਹਿਸਾਬ ਹੁੰਦਾ ਤੇ ਜਿਹੜਾ ਅਫ਼ੀਸਰ ਪੁੱਛੇ ਭਈ ਇਹ ਲਾਇਸੈਂਸ ਕਿੱਥੇ ਆ ? ਕਹੋ ਜੀ ਆਹ ਅਨੰਦਪੁਰ ਦਾ ਮਤਾ। ਇਹ ਬਣਾਇਆ ਕਿੰਨੇ ਆ ? ਟੌਹੜਾ ਸਾਹਿਬ ਨੇ, ਬਰਨਾਲੇ ਨੇ, ਜਸਵਿੰਦਰ ਸਿੰਹੁ ਨੇ, ਗੁਰਮੀਤ ਸਿੰਹੁ ਨੇ, ਰਾੜੇਵਾਲੀਏ ਨੇ, ਭਾਗ ਸਿੰਘ ਐਮ.ਐਲ.ਏ. ਨੇ ਹੋਰ ਵੀ ਕਈਆਂ ਦੇ ਨਾਂਅ ਵਿੱਚ ਲਿਖੇ ਹੋਏ ਆ। ਉਹ ਪੜ੍ਹ ਲਉ ਤੁਸੀਂ ਸਾਰੇ। ਇਹਨਾਂ ਨੇ ਬਣਾ ਕੇ ਦਿੱਤਾ, ਇਹਨਾਂ ਨੇ ਪਾਸ ਕੀਤਾ। ਕਿਉਂਕਿ ਪਹਿਲਾਂ ਲਾਇਸੈਂਸ ਵਾਲੇ ਨੂੰ ਪੁੱਛਦੇ ਨੇ ਤੂੰ ਕਿਉਂ ਬਣਾਇਆ, ਤਫ਼ਤੀਸ਼ ਨਹੀਂ ਕੀਤੀ ? ਮਤਾ ਇਹਨਾਂ ਨੇ ਪਾਸ ਕੀਤਾ, ਆਪਾਂ ਇਹਦੀ ਪਾਲਣਾ ਕਰਨੀ ਆਂ ਤੇ ਜੇ ਪੁੱਛੇ ਕਿ ਮੈਂ ਤਾਂ ਕਿਸੇ ਮਤੇ ਮੁਤੇ ਨੂੰ ਨਹੀਂ ਜਾਣਦਾ, ਇਥੇ ਰੱਖ ਦੇ ਕਾਰਬਾਈਨ ਤੇ ੩ ਵੱਖੀ ਵਿੱਚ ਦੀ ਲੰਘਾਹੋ ਤੇ ਤੂੰ ਅਗਾਂਹ ਚੱਲ, ਅਸੀਂ ਫਿਰ ਸੋਚ ਲਵਾਂਗੇ। ਆਪੇ ਮਤਾ ਪਾਸ ਹੋ ਜਾਉ। ਜੇ ਪਵਨ ਕੁਮਾਰ ੨੩੦ ਗਰਨੇਡ ਰੱਖ ਸਕਦਾ ਤੇ ਤੁਸੀਂ ਸਿੱਖਾਂ ਦੇ ਪੁੱਤ ਕਿਉਂ ਨਹੀਂ ਰੱਖ ਸਕਦੇ, ਇਹਦਾ ਕੀ ਕਾਰਨ ਸੀ ? ਹਾਂ ਜੇ ਬਹੁਤੇ ਕਨੂੰਨ ਦੇ ਪਾਬੰਧ ਹੋ ਗਏ ਆਂ, ਉਹਦੇ ਕੋਲੋਂ ੨੩੦ ਗਰਨੇਡ ਨਿਕਲੇ ਸੀ, ਚੱਲੋ ਆਪਾਂ ਘੱਟ ਗਿਣਤੀ ਆਂ ੩੦ ਘੱਟ ਰੱਖ ਲਿਆ ਕਰੋ, ੨੦੦ ਗਰਨੇਡ ਤੇ ਇੱਕ ਜਾਣਾ ਘਰੇ ਰੱਖਿਆ ਕਰੋ। ਆਪਣੇ ਪਿਤਾ ਦਾ ਹੁਕਮ ਹੈ :

ਬਿਨਾ ਸ਼ਸਤ੍ਰ ਕੇਸੰ ਨਰੰ ਭੇਡ ਜਾਨੋ ॥
ਗਹੇ ਕਾਨ ਤਾਂ ਕੋ ਕਿਤੇ ਲੈ ਸਿਧਾਨੋ ॥
ਇਹ ਮੋਰ ਆਗਯਾ ਸੁਨੋ ਲੈ ਪਿਆਰੇ ॥
ਬਿਨਾ ਤੇਗ ਕੇਸੰ ਨ ਦਿਵੋ ਦਿਦਾਰੇ ॥

ਮਹਾਰਾਜ ਕਹਿੰਦੇ, ਜਿਹਦੇ ਕੋਲ ਸ਼ਸ਼ਤਰ ਨਹੀਂ ਤੇ ਕੇਸ ਨਹੀਂ ਜਿਹਦੇ ਸਿਰ 'ਤੇ, ਮੈਂ ਉਹਨੂੰ ਕਦੇ ਦਰਸ਼ਨ ਨਹੀਂ ਦੇਵਾਂਗਾ, ਭਾਵੇਂ ਲੱਖ ਯਤਨ ਕਰ ਲਵੇ ਕੋਈ ਤੇ ਅੱਜ ਕੀ ਆ, ਉਹ ਛੱਲੀ ਰਾਮ ਹੁਣਾਂ ਦਾ ਮੂੰਹ ਸਿਰ ਮੁੰਨ ਕੇ ਮੁਹੰਮਦ ਵਰਗਾ ਕੀਤਾ ਹੁੰਦਾ, ਮੁਹੰਮਦ ਦੇ ਕੌਲੇ ਵਰਗਾ ਕੀਤਾ ਹੁੰਦਾ। ਟੱਲੀ ਵਰਗਾ, ਛੱਲੀ ਵਰਗਾ ਸਿਰ ਕੀਤਾ ਤੇ ਕਹਿੰਦੇ ਜੀ ਸਾਡੇ ਨਾਲ ਕਲਗੀਧਰ ਗੱਲਾਂ ਕਰਕੇ ਗਏ ਆ। ਕਿਉਂਕਿ ਕੇਸਾਧਾਰੀ ਰਹਿ ਘੱਟ ਗਏ, ਫਿਰ ਮੋਨੇ ਨਾਲ ਹੀ ਗੱਲਾਂ ਕਰਨੀਆਂ ਪੈਣੀਆਂ ਹੁੰਦੀਆਂ ਨੇ। ਮਹਾਰਾਜ ਨੇ ਕਿਹਾ :

ਅਸ ਕ੍ਰਿਪਾਨ ਖੰਡੇ ਖੜਗ ਤੁਪਕ ਤਬਰ ਅਰ ਤੀਰ
ਸੈਫ ਸਰੋਹੀ ਸੈਹਥੀ ਯਹੀ ਹਮਾਰੇ ਪੀਰ ॥

ਤੇ ਸਾਡੇ ਭਰਾ ਕਹਿੰਦੇ ਸ਼ਸ਼ਤਰ ਰੱਖਣਾ ਈ ਮਾੜਾ। ਕ੍ਰਿਪਾਨ ੬ ਇੰਚੀ, ੯ ਇੰਚੀ ਤੇ ਜੇ ਤੇਰੇ ਪਾਈ ਨਹੀਂ, ਤੈਨੂੰ ਅਧਿਕਾਰ ਕੀ ਆ ਕ੍ਰਿਪਾਨ ਦਾ ਫੈਸਲਾ ਕਰਨ ਦਾ ? ਜੇ ਛੱਲੀ ਰਾਮ ਰੱਖ ਸਕਦਾ ਤੇ ਤੁਸੀਂ ਵੀ ਰੱਖੋ। ਜੋ ਰੱਖ ਸਕਦੇ, ਵੱਡੇ ਤੋਂ ਵੱਡਾ ਹਥਿਆਰ ਰੱਖੋ ਪਰ ਹਥਿਆਰ ਰੱਖ ਕੇ ਕਿਸੇ ਦੇ ਘਰ ਨੂੰ ਅੱਗ ਲਾਉਣੀ, ਘਰ ਲੁੱਟਣਾ, ਮਸੂਮ ਨੂੰ ਮਾਰਨਾ, ਕਿਸੇ ਦੀ ਇੱਜ਼ਤ ਲੁੱਟਣੀ, ਇਹਦੇ ਮੈਂ ਬਹੁਤ ਵਿਰੁੱਧ ਆਂ।

ਔਰਤਾਂ ਦੀ ਇਜ਼ਤ ਕਰਨ ਦੀ ਹਦਾਇਤ

ਇੱਕ ਮੇਰੀ ਬੇਨਤੀ ਵੀ ਆ ਤੁਹਾਡੇ ਚਰਨਾਂ ਵਿੱਚ, ਪੂਰੀ ਹਦਾਇਤ ਆ, ਕਿੰਨੀ ਕਟਾ-ਵੱਢੀ ਸ਼ੁਰੂ ਹੋ ਜਾਵੇ। ਕਿੰਨੀ ਸ਼ਾਂਤਮਈ ਹੋ ਜਾਵੇ, ਜੋ ਮਰਜ਼ੀ ਹੁੰਦਾ ਫਿਰੇ, ਜੇ ਕਿਸੇ ਦੀ ਧੀ ਭੈਣ ਆਪਣੇ ਘਰੇ ਆ ਜਾਵੇ, ਭਾਵੇਂ ਨਰਕਧਾਰੀਆਂ ਦੀ ਵੀ ਕਿਉਂ ਨਾ ਹੋਵੇ, ਚਾਹੇ ਕਿਸੇ ਹੋਰ ਦੀ ਹੋਵੇ। ਧੀ ਭੈਣ ਘਰੇ ਆ ਜਾਵੇ ਉਹਨੂੰ ਭੈਣ ਸਮਝ ਕੇ ਘਰੇ ਰੱਖਣਾ, ਉਹਦੀ ਇੱਜ਼ਤ ਨਹੀਂ ਲੁੱਟਣੀ। ਇਹ ਚੇਤਾ ਰੱਖਿਉ ਆਪਣੇ ਮਨ ਵਿੱਚ।

ਰਾਮ ਚੰਦਰ ਜੀ ਤੇ ਤੁਲਸੀ ਜੀ ਦੀ ਕਹਾਣੀ

ਆਪਣੇ ਇਸ਼ਟ ਦਾ ਹੁਕਮ ਹੁੰਦਾ ਸ਼ਸ਼ਤਰਧਾਰੀ ਹੋਣ ਦਾ ਤੇ ਛੱਲੀ ਰਾਮ ਹੁਰਾਂ ਵੱਲੋਂ ਕੀ ਆ ? ਤੁਲਸੀ ਭਗਤ ਨੇ ਅਰਾਧਨਾ ਕੀਤੀ ਤੇ ਰਾਮ ਚੰਦਰ ਜੀ ਪਰਗਟ ਹੋ ਗਏ ਤੇ ਰਾਮ ਚੰਦਰ ਨੇ ਪ੍ਰਗਟ ਹੋ ਕੇ ਚੰਗੀ ਧੋਤੀ ਬੱਧੀ ਆ, ਸਿਰ 'ਤੇ ਸੋਹਣਾ ਜੂੜਾ ਰਾਮ ਚੰਦਰ ਜੀ ਦੇ ਤੇ ਤੁਲਸੀ ਮੱਥਾ ਨਹੀਂ ਟੇਕਦਾ। ਉਹ ਭਗਵਾਨ ਰਾਮ ਚੰਦਰ ਜੀ ਕਹਿਣ ਲੱਗੇ ਕੀ ਗੱਲ ਮੱਥਾ ਨਹੀਂ ਟੇਕਦਾ ? ਕਹਿੰਦਾ ਤੂੰ ਰਾਮ ਚੰਦਰ ਨਹੀਂ ਉਹੋ। ਕਹਿੰਦੇ ਮੈਂ ਤਾਂ ਤੇਰੀ ਭਾਵਨਾ ਕਰਕੇ ਪ੍ਰਗਟ ਹੋਇਆਂ, ਮੈਂ ਉਹੋ ਹੀ ਹਾਂ। ਕਹਿੰਦਾ ਬਿਲਕੁਲ ਗ਼ਲਤ ਆ। ਤੁਲਸੀ ਰਮਾਇਣ ਪੜ੍ਹਿਉ ਕਿਤੇ, ਉਹਦੇ 'ਚ ਲਿਖਿਆ ਹੋਇਆ :

ਤੁਲਸੀ ਮਸਤਕ ਤਉ ਟਿਕੇ ਧਨੁਸ ਬਾਣ ਹੋਏ ਹਾਥ ॥

ਤੁਲਸੀ ਜੀ ਕਹਿੰਦਾ ਰਾਮ ਚੰਦਰ ਜੀ, ਸਾਡਾ ਮੱਥਾ ਤੈਨੂੰ ਤਾਂ ਟਿਕੇਗਾ, ਜੇ ਤੇਰੇ ਹੱਥ 'ਚ ਧਨੁਸ਼ ਤੇ ਤੀਰ ਹੋਣਗੇ, ਜਿਹੜੇ ਰਾਵਣ ਨੂੰ ਮਾਰਨ ਗਏ ਸੀ ਉਹੋ.....। ਉਧਰੋਂ ਪੈਰੋਕਾਰ ਰਹਿਬਰ ਨੂੰ ਕਹਿੰਦਾ ਕਿ ਧਨੁਸ਼ ਤੇ ਤੀਰ ਲਿਆ ਤੇ ਇਧਰ ਰਹਿਬਰ ਪੈਰੋਕਾਰ ਨੂੰ ਕਹਿੰਦਾ ਲਿਆ ਭਈ ਤੇਗ਼ ਲੈ ਆ, ਬੰਦੂਕ ਲੈ ਆ, ਰਿਵਾਲਵਰ ਲੈ ਆ, ਤੋਪ ਲੈ ਆ, ਕੁਝ ਨਾ ਕੁਝ ਤੇ ਲਿਆ। ਹੁਣ ਤੁਸੀਂ ਸੋਚ ਲਉ ਭਈ ਕਿਹਦੇ ਪੁੱਤ ਬਣ ਕੇ ਚੱਲਣਾ। ਗੁਰੂ ਕੇ ਪੁੱਤ ਬਣਨਾ ਤੇ ਸ਼ਸ਼ਤਰ ਰੱਖ ਲਉ, ਇੰਦਰਾ ਦੇ ਪੁੱਤ ਬਣਨਾ ਤੇ ਚਪਲੀ ਝਾੜ ਲਉ। ਵੈਸੇ ਗੁਰੂ ਇਤਿਹਾਸ ਵਿੱਚ ਜੋੜੇ ਦੀ ਪੂਜਾ ਤਾਂ ਹੈਗੀ ਆ। ਗੁਰਬਾਣੀ ਦੀ ਪੂਜਾ ਤਾਂ ਹੈਗੀ ਆ ਪਹਿਲਾਂ ਹੀ, ਪਰ ਚਪਲੀ ਦੀ ਪੂਜਾ ਦੁਨੀਆ 'ਚ ਕਿਤੇ ਨਹੀਂ। ਚਪਲੀ ਦੀ ਪੂਜਾ ਹੈ ਤੇ ਇੱਕੋ ਇੱਕ ਦਿੱਲੀ ਭਵਨ ਦੇ ਵਿੱਚ ਹੋ ਰਹੀ ਆ, ਹੋਰ ਕਿਤੇ ਨਹੀਂ।

ਕਾਂਗਰਸੀ ਏਜੰਟ ਕਹਿਣ ਵਾਲਿਆਂ ਨੂੰ ਜਵਾਬ

ਹੁਣ ਪ੍ਰਚਾਰ ਆ ਨਿੱਤ ਦਾ, ਇਹੋ ਕਹਿੰਦੇ ਭਿੰਡਰਾਂਵਾਲਾ ਕਾਂਗਰਸ ਨਾਲ ਰਲ ਗਿਆ। ਮੇਰੇ ਕੋਲ ਤੇ ਭਾਈਉ ਕੋਈ ਕਾਂਗਰਸੀ ਆ ਜਾਵੇ, ਕਾਮਰੇਡ ਆ ਜਾਵੇ, ਚਾਹੇ ਕੋਈ ਹੋਰ ਆ ਜਾਵੇ, ਮੇਰਾ ਕੰਮ ਤਾਂ ਗਾਤਰੇ ਕ੍ਰਿਪਾਨ ਪਵਾਉਣੀ ਤੇ ਉਹਦੇ ਨਸ਼ੇ ਛੁਡਾਉਣਾ। ਜੇ ਹੁਣ ਭਲਾ ਤੁਹਾਡੇ 'ਚੋਂ ਉੱਠ ਕੇ ਕੋਈ ਕਾਂਗਰਸੀ ਪ-੭ ਕਹਿ ਦੇਣ ਕਿ ਭਿੰਡਰਾਂਵਾਲਿਆ. ਸਾਨੂੰ ਅੰਮ੍ਰਿਤ ਛਕਾ ਦਿਉ ਤੇ ਮੈਂ ਕਿਵੇਂ ਉਹਨੂੰ ਕਹੂੰਗਾ ਕਿ ਨਹੀਂ ਛਕਾਉਂਦਾ। ਮੇਰੀ ਡਿਊਟੀ

ਆ ਅੰਮ੍ਰਿਤ ਛਕਾਉਣ ਦੀ, ਜੇ ਮੈਂ ਡਿਊਟੀ 'ਚ ਕੋਤਾਹੀ ਕਰਾਂਗਾ ਤੇ ਕਲਗੀਧਰ ਮੈਨੂੰ ਮੁਆਫ਼ ਕਿਵੇਂ ਕਰਨਗੇ ?

ਅਹੁਦਾ ਨਾ ਲੈਣ ਦਾ ਐਲਾਨ

ਕਈਆਂ ਵੀਰਾਂ ਨੂੰ ਇਹ ਵੀ ਸ਼ੱਕ ਆ ਕਿ ਬਠਿੰਡੇ ਦੇ ਇਲਾਕੇ 'ਚ ਸਿੰਘੋ ਪ੍ਰਚਾਰ ਵੀ ਕੁਝ ਹੋਇਆ। ਸਿੰਘੋ ਮੇਰੇ ਕੋਲ ਰਿਪੋਰਟਾਂ ਆਈਆਂ ਕਿ ਭਿੰਡਰਾਂਵਾਲਾ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਬਣਨ ਨੂੰ ਫਿਰਦਾ। ਇਹਦੇ ਬਾਰੇ ਮੈਂ ਸਪਸ਼ਟੀਕਰਨ ਤੁਹਾਨੂੰ ਜ਼ਰਾ ਕੁ ਦੇ ਦਿਆਂ। ਅਖ਼ਬਾਰਾਂ ਵਾਲੇ ਤੇ ਭਾਈ ਛਾਪਦੇ ਨਹੀਂ, ਅੱਜ ਪ੍ਰੇਮੀ ਮਿਲੇ ਆ, ਸ਼ਾਇਦ ਵਿਚਾਰਾਂ ਸੁਣ ਕੇ ਛਾਪ ਦੇਣ ਤਾਂ ਚੰਗੀ ਗੱਲ ਹੋਵੇਗੀ। ਬਹੁਤ ਘੱਟ ਛਾਪਦੇ ਆ, ਕਹਿੰਦੇ ਅਖੇ ਕਰੜਾ ਕੰਮ ਆ। ਹੁਣ ਇਹਦੇ (ਗੁਰੂ ਰਾਮ ਦਾਸ ਲੰਗਰ) 'ਚ ਬਾਬੇ ਖੜਕ ਸਿੰਘ ਨੇ ਲੈਂਟਰ ਪਾਇਆ, ਸਰੀਏ ਤੇ ਗਾਡਰਾਂ ਪਾ ਪਾ ਕੇ ਤੇ ਲੈਂਟਰ ਮਜ਼ਬੂਤ ਕੀਤਾ ਤੇ ਜੇ ਪਾਉਣਾ ਹੁੰਦਾ ਲੈਂਟਰ ਤੇ ਵਿੱਚ ਪਾ ਦਿੰਦੇ ਵੰਝ ਬਾਂਸ ਉਹਦੇ ਉੱਤੇ ਖੜੋ ਜਾਂਦਾ ? ਜੇ ਗੱਲਾਂ ਕਰੜੀਆਂ ਤੇ ਫਿਰ ਕੰਮ ਵੀ ਕਰੜਾ ਹੀ ਹੋਵੇਗਾ ਤੇ ਜੇ ਗੱਲਾਂ ਪੋਲੀਆਂ ਪੋਲੀਆਂ ਤੇ ਤਾਹੀਉਂ ਸੌਂਤੀਆਂ ਸਾਲਾਂ ਦੇ ਛਿੱਤਰ ਖਾਈ ਜਾਨੇ ਆਂ ਨਾ ਆਪਾਂ। ਮੈਂ ਆਪਣੀ ਜ਼ਿੰਦਗੀ ਵਿੱਚ, ਆਪਣੀ ਮੈਂ ਖੁਦ ਦੀ ਗੱਲ ਕਰਨਾ, ਜਥੇ ਦੇ ਸਿੰਘਾਂ ਦੀ ਨਹੀਂ। ਕਿਤੇ ਇਹ ਨਾ ਖ਼ਿਆਲ ਕਰਿਉ ਕਿ ਜਥੇ ਦੇ ਸਿੰਘਾਂ ਦੀ ਗੱਲ ਵੀ ਵਿੱਚੇ ਹੀ ਠੋਕੀ ਜਾਂਦਾ। ਮੈਂ ਆਪਣੀ ਜ਼ਿੰਦਗੀ 'ਚ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ, ਸ਼੍ਰੋਮਣੀ ਕਮੇਟੀ ਦਾ ਪ੍ਰਧਾਨ, ਕੋਈ ਸ਼੍ਰੋਮਣੀ ਕਮੇਟੀ ਦਾ ਮੈਂਬਰ, ਐਮ.ਐਲ.ਏ., ਐਮ.ਪੀ., ਵਜ਼ੀਰ, ਕਿਸੇ ਵੀ ਮੁਰਾਤਬੇ 'ਤੇ ਮੈਂ ਬੈਠਾ, ਜੋ ਤੁਸੀਂ ਗੁਰੂ ਕੀ ਸੰਗਤ ਸਜ਼ਾ ਦਿਉਂਗੇ ਮੈਂ ਭੁਗਤਾਂਗਾ। ਮੈਂ ਤੇ ਨਾ ਤੁਹਾਡਾ ਲੀਡਰ ਆਂ, ਨਾ ਤੁਹਾਡਾ ਸੰਤ ਆਂ, ਤੁਹਾਡਾ ਚੌਂਕੀਦਾਰ ਆਂ, ਗੋਲਾਂ ਤੁਹਾਡਾ, ਨੌਕਰ ਆਂ। ਜੋੜੇ ਝਾੜਨੇ ਆਂ ਤੇ ਝਾੜਨੇ ਆਂ, ਪ੍ਰਚਾਰਨੇ ਵੀ ਆ ਜਿਵੇਂ, ਹੁਣੇ ਝਾੜ ਕੇ ਹਟਿਆਂ।

ਕੁਰਬਾਨੀ ਦੇ ਜਜ਼ਬੇ ਨਾਲ ਅੱਗੇ ਆਉਣ ਦੀ ਅਪੀਲ

ਨੌਜੁਆਨੋ ਇੱਕ ਤੁਹਾਡਿਆਂ ਚਰਨਾਂ 'ਚ ਬੇਨਤੀ ਆ। ਬੈਠਾਉਣ ਨੂੰ ਤਾਂ ਵੱਖਰੇ ਵੱਖਰੇ ਵੀ, ਪਰ ਵੱਖਰੇ ਕਰਨ ਲੱਗੇ ਤਾਂ ਸੂਤ ਨਹੀਂ ਆਉਣਾ ਕੰਮ। ਜਿੱਥੇ ਜਿੱਥੇ ਬੈਠੇ ਓ, ਜਿਹਨਾਂ ਨੇ ਕੇਸ ਦਾਹੜਾ ਕਟਾਇਆ ਤੇ ਸ਼ਰਾਬਾਂ ਪੀਂਦੇ ਓ। ਉਹਨਾਂ ਨੂੰ ਇੱਕ ਬੇਨਤੀ ਆ ਕਿ ਧਿਆਨ ਨਾਲ ਸੁਣ ਕੇ ਹਾਂ ਕਹਿਉ, ਉਵੇਂ ਛੇਤੀ ਦੇਣੀ ਹਾਂ ਨਾ ਮੇਰੇ ਕੋਲ ਕਹਿਉ। ਇੱਕ ਆਹ ਜਿਹੜਾ ਪਿੰਡਾਂ ਵਿੱਚ ਦੋ ਦੋ ਜਥੇਦਾਰ ਦੇ ਤੌਰ 'ਤੇ ਸੇਵਾਦਾਰ ਚੁਣੇ ਜਾ ਰਹੇ ਆ। ਉਹਨਾਂ ਪ੍ਰਤੀ ਵੀ ਇੱਕ ਬੇਨਤੀ ਆ, ਮੇਰੇ ਨਾਲ ਨਾਂਅ ਉਹ ਲਿਖਾਇਉ, ਜਿਹਨੂੰ ਫਾਂਸੀ ਦਾ ਰੱਸਾ ਚੰਗਾ ਲੱਗਦਾ, ਜਿਹਨੇ ਚਰਖੜੀ 'ਤੇ ਚੜ੍ਹਨਾ, ਜਿਹਨੂੰ ਉਬਲਦੇ ਦੇਗ਼ੇ ਨਾਲ ਪਿਆਰ ਆ, ਜਿਹਨੇ ਮੋਟਰ ਸਾਈਕਲ ਤੇ ਚੜ੍ਹ ਕੇ ਸ਼ਹੀਦਾਂ ਦਾ ਹੱਕ ਲੈਣਾ ਤੇ ਆਪਣਾ ਸੀਸ ਤਲੀ 'ਤੇ ਰੱਖ ਕੇ ਯਾਰ ਦੀ ਗਲੀ 'ਚ ਤੁਰਨਾ। ਮੇਰੇ ਕੋਲੇ ਨਾਂਅ ਉਹ ਲਿਖਾਇਉ ਤੇ ਜਿਹਨੇ ਟਿਕਟ ਲੈਣੀ ਆਂ, ਉਹ ਕੁਰਸੀ ਵਾਲੀ, ਦੂਜੀ ਟਿਕਟ ਨਹੀਂ। ਕੁਰਸੀ ਵਾਲੀ ਟਿਕਟ ਜਿਹਨੇ ਲੈਣੀ ਆਂ ਤੇ ਮੁੰਡੇ ਕੁੜੀਆਂ ਨੂੰ ਨੌਕਰੀ 'ਤੇ ਲੁਆਉਣਾ, ਉਹ ਲਾਲਚ ਵਿੱਚ ਆ ਕੇ ਮੇਰੇ ਕੋਲੇ ਨਾਂਅ ਨਾ ਲਿਖਵਾਇਉ, ਆਪਦਾ

ਹੋਰ ਜਿੱਥੇ ਮਰਜੀ ਲਿਖਵਾ ਲਿਉ। ਮੇਰੇ ਕੋਲੇ ਲਾਲਚ ਲੂਲਚ ਕੋਈ ਨਹੀਂ ਗਾ ਕਿ ਚੇਅਰਮੈਨੀ ਦੀ ਕੁਰਸੀ ਦਿਉਂ, ਤੈਨੂੰ ਮੈਂਬਰ ਬਣਾ ਦਿਉਂਗਾ। ਫਾਂਸੀ ਚੜ੍ਹਨਾ ਤੇ ਲਿਖਵਾ ਦਿਉ, ਹੱਕ ਲੈਣਾ ਤੇ ਲਿਖਵਾ ਦਿਉ, ਮਰਨਾ ਤੇ ਲਿਖਵਾ ਦਿਉ। ਦੇਸ਼ ਕੌਮ ਦੀ ਰਾਖੀ ਵਾਸਤੇ ਸ੍ਰੀ ਗੁਰੂ ਗਰੰਥ ਸਾਹਿਬ ਵਾਸਤੇ ਖ਼ੂਨ ਦੇਣਾ ਤੇ ਲਿਖਵਾ ਦਿਉ ਤੇ ਜੇ ਕੁਰਸੀ ਪਿਆਰੀ ਰੱਖਣੀ ਤੇ ਚੰਮ ਬਚਾਉਣਾ ਤੇ ਫਿਰ ਜਿੱਧਰ ਮਰਜੀ ਲਿਖਵਾਉ, ਮੇਰੇ ਕੋਲ ਭੁਲੇਖੇ ਵਿੱਚ ਨਾ ਕਿਤੇ ਆ ਜਾਇਉ।

ਸਾਬਤ ਸੂਰਤ ਰਹਿਣ ਅਤੇ ਨਸ਼ੇ ਛੱਡਣ ਦੀ ਅਪੀਲ

ਇੱਕ ਜਿਹਨਾਂ ਕੇਸ ਦਾਹੜਾ ਕਟਾਇਆ, ਸ਼ਰਾਬ ਪੀਂਦੇ ਹੋ, ਤੁਹਾਡਿਆਂ ਚਰਨਾਂ ਵਿੱਚ ਇੱਕ ਨਿਮਰਤਾ ਸਹਿਤ ਬੇਨਤੀ ਆ। ਤੁਹਾਨੂੰ ਮੈਂ ਭਰਾ ਬਣਾਉਣਾ ਆਪਣੇ, ਜੇ ਤਾਂ ਭਰਾ ਬਣਨਾ ਤੇ ਹਾਂ ਕਹਿ ਦਿਉ, ਨਹੀਂ ਬਣਨਾ ਤੇ ਨਾਂਹ ਕਹਿ ਦਿਉ, ਪਰ ਅਜੇ ਹੁਣੇ ਨਹੀਂ ਪਹਿਲਾਂ ਸੁਣ ਲਉ ਸਾਰਾ। ਹਾਂ ਤਾਂ ਕਹਿਉ ਜੇ ਮੈਨੂੰ ਚੰਗਾ ਸਮਝਦੇ ਓ, ਜੇ ਲੁੱਚਾ ਸਮਝਦੇ ਓ ਤੇ ਫਿਰ ਹਾਂ ਨਾ ਕਹਿਉ। ਜਿਹਨਾਂ ਦਾਹੜੀ ਕੱਟੀ ਆ ਤੇ ਬੋਲਿਉ ਵੀ ਉਹੋ ਹੀ ਜਿਹਨਾ ਕੱਟੀ, ਜਿਹਨਾਂ ਰੱਖੀ ਉਹ ਨਾ ਵਿੱਚ ਬੋਲਿਉ। ਮੈਨੂੰ ਚੰਗਾ ਸਮਝਦੇ ਆਂ, ਮੇਰੇ ਭਰਾ ਬਣਨਾ ਤੇ ਕੇਸ ਦਾਹੜਾ ਰੱਖਣਾ, ਸ਼ਰਾਬ ਛੱਡਣੀ ਆਂ, ਫਿਰ ਹਾਂ ਕਹੋ ਤੇ ਜੇ ਮੈਨੂੰ ਲੁੱਚਾ ਸਮਝਦੇ ਓ, ਸ਼ਰਾਬ ਪੀਣੀ ਤੇ ਦਾਹੜੀ ਕਟਾਉਣੀ ਆਂ ਤੇ ਫਿਰ ਨਾਂਹ ਕਹਿ ਦਿਉ। ਇਹ ਫੈਸਲਾ ਕਰ ਲਉ ਜਿਹਨਾਂ ਨੇ ਕੱਟੀ ਆ। ਦੱਸੋ ਭਰਾ ਬਣਨਾ ਕਿ ਨਹੀਂ ਬਣਨਾ ? (ਸੰਗਤ ਵਿੱਚੋਂ ਅਵਾਜ਼ 'ਬਣਨਾ ਜੀ') ਅੱਛਾ, ਜੇ ਬਣਨਾ ਤੇ ਜੇ ਚੰਗਾ ਕਹੋਗੇ, (ਫਿਰ) ਕੇਸ ਦਾਹੜਾ ਰੱਖਣਾ ਪੈਣਾ ਤੇ ਸ਼ਰਾਬ ਛੱਡਣੀ ਪੈਣੀ ਆਂ, ਲੁੱਚਾ ਕਹਿ ਦਿਉਗੇ ਤੇ ਖਹਿੜਾ ਛੁੱਟ ਜਾਊ। ਜੇ ਕੇਸ ਦਾਹੜਾ ਰਖਵਾ ਕੇ ਤੇ ਤੁਹਾਨੂੰ ਕਿਹਾ ਭਈ ਮੈਨੂੰ ਸੰਤ ਮੰਨੋ ਤੇ ਮੱਥਾ ਟੇਕੋ, ਆਪ ਦੀ ਰਗੜ ਕੇ ਮੁੰਨ ਲਿਉ। ਵੈਸੇ ਤਾਂ ਪਹਿਲਾਂ ਹੀ ਰਗੜ ਕੇ ਮੁਨ ਕੇ ਆਏ ਓ, ਜਿਹੜੀ ਹੈਗੀ ਉਹ ਵੀ ਮੁਨ ਲਿਉ ਤੇ ਜੇ ਤੁਹਾਨੂੰ ਕਹਾਂ ਮੇਰੇ ਚੇਲੇ ਬਣ ਜਾਉ ਤੇ ਤਾਂ ਵੀ ਮੁਨ ਲਿਉ। ਭਰਾ ਬਣਾ ਕੇ ਚੱਲਣਾ ਤੇ ਭਰਾ ਬਣ ਕੇ ਚੱਲਣਾ, ਨਾ ਤੁਹਾਡਾ ਮੈਂ ਚੇਲਾਂ ਤੇ ਨਾ ਤੁਸੀਂ ਮੇਰੇ ਚੇਲੇ ਓ। ਇਹ ਆ ਮੇਰਾ ਨਿੱਤ ਦਾ ਪ੍ਰਚਾਰ।

ਗਦਾਰ ਕਹਿਣ ਵਾਲਿਆਂ ਨੂੰ ਸਟੇਜ 'ਤੇ ਨਾ ਬੋਲਣ ਦੇਣ ਦੀ ਅਪੀਲ

ਹੁਣ ਤੁਸੀਂ ਜਿਹੜੇ ਓ ਸਾਰੇ, ਵਿਸ਼ੇਸ਼ ਤੌਰ 'ਤੇ ਆਏ ਆਂ ਬਠਿੰਡਾ ਤੇ ਰੋਪੜ ਦਾ ਇਲਾਕਾ। ਬਾਕੀ ਵੀ ਸਾਰੀ ਸੰਗਤ ਜਿਤਨੀ ਆਏ ਹੋ। ਇੱਕ ਸਿੰਘ ਵੀ ਉੱਠ ਕੇ ਦੱਸੇ ਕਿ ਹੁਣ ਮੇਰਾ ਇਹ ਪ੍ਰਚਾਰ ਪੰਥ ਦੇ ਹੱਕ ਦਾ ਕਿ ਕਾਂਗਰਸ ਦੇ ਹੱਕ ਦਾ ? ਜਾਂ ਕਿ ਸਿੱਖੀ ਅਸੂਲਾਂ ਦਾ ਤੇ ਫਿਰ ਜਿਹੜਾ, ਬਹਿ ਜਾਉ (ਸੰਗਤ ਨੂੰ ਬੈਠਣ ਵਾਸਤੇ ਕਹਿੰਦੇ ਹਨ) ਫਿਰ ਜਿਹੜਾ ਅਖ਼ਬਾਰਾਂ ਵਿੱਚ ਨਿੱਤ ਆਉਂਦਾ, ਇਹ ਜੀ ਸਰਕਾਰੀਆ, ਇਹ ਜੀ ਕਾਂਗਰਸ ਦਾ ਏਜੰਟ ਆ, ਮੇਰੇ ਮਨ 'ਚ ਤਾਂ ਇਹਦਾ ਬੋਝ ਕੋਈ ਨਹੀਂ, ਪਰ ਮੈਂ ਪੁੱਛਨਾ ਤਾਂ ਆਂ, ਪੁਨਾ ਪੁਨਾ ਕਿ ਇਹ ਸਾਰੇ ਮੇਰੇ ਕੋਲੇ ਆਣ ਕੇ ਕਹਿੰਨੇ ਆਂ, ਅਸੀਂ ਤੇਰੇ ਨਾਲ ਆਂ ਤੇ ਜਦੋਂ ਬਾਹਰ ਇਹ (ਕਾਲੀ) ਗਾਲਾਂ ਕੱਢਦੇ, ਤੁਹਾਡੇ ਕੰਨਾਂ 'ਤੇ ਜੂੰ ਨਹੀਂ ਸਰਕਦੀ। ਇਹ ਕਰਦੇ ਕੀ ਰਹਿੰਨੇ ਓ ? ਇਹਨਾਂ

ਨੂੰ ਹਟਾਉਣ ਦਾ ਇੱਕ ਰਸਤਾ, ਪੱਗ ਲਾਹ ਕੇ ਨਹੀਂ ਹਟਾਉਣੇ, ਕੁੱਟ ਕੇ ਨਹੀਂ ਹਟਾਉਣੇ, ਗਾਲ਼ਾਂ ਕੱਢ ਕੇ ਨਹੀਂ ਹਟਾਉਣੇ, ਇੱਕੋ ਇੱਕ ਰਸਤਾ ਅਖ਼ਤਿਆਰ ਕਰੋ। ਜਿਹੜੀ ਸਟੇਜ 'ਤੇ ਗਾਲ਼ਾਂ ਕੱਢਣ ਵਾਲਾ ਕੋਈ ਬੋਲਦਾ, ਉਥੇ ਸੰਗਤ ਬੈਠੀ ਹੁੰਦੀ ਆ ਹਜ਼ਾਰਾਂ ਦੇ ਹਿਸਾਬ ਨਾਲ। ਉਥੇ ਉੱਠ ਕੇ, ਜਿਹਨੇ ਅਖ਼ਬਾਰਾਂ 'ਚ ਗਾਲ਼ਾਂ ਕੱਢੀਆਂ, ਉਹਨੂੰ ਕਹੋ ਹੱਥ ਜੋੜ ਕੇ ਭਈ ਗੁਰਮੁਖਾ ਅਸੀਂ ਤਾਂ ਹਾਂ ਗ਼ਦਾਰ ਨਾਲ ਤੇ ਤੂੰ ਆਂ ਸਤੋਮਣੀ ਤੇ ਤੇਰੇ ਵਾਸਤੇ ਇਸ ਸਟੇਜ 'ਤੇ ਥਾਂ ਕੋਈ ਨਹੀਂ, ਤੂੰ ਕਿਰਪਾ ਕਰਕੇ ਆਪਣੇ ਘਰ ਨੂੰ ਜਾਹ। ਅਸੀਂ ਮੋਰਚੇ 'ਚ ਵੀਂ ਜਾਵਾਂਗੇ, ਜਥਾ ਲੈ ਕੇ ਵੀ ਜਾਵਾਂਗੇ। ਪੰਥ ਵਾਸਤੇ ਆਪਣਾ ਪੁੰਨ ਦਾਨ ਵੀ ਕਰਾਂਗੇ ਤੇ ਖ਼ੂਨ ਵੀ ਡੋਲਾਂਗੇ। ਪੰਥ ਦੇ ਅਸੀਂ ਨਾਲ ਹਾਂ ਪਰ ਜਿਹੜਾ ਤੂੰ ਹੈਂ ਨਿੰਦਿਆਂ ਕਰਨ ਵਾਲਾ, ਅਸੀਂ ਤੇਰੇ ਨਾਲ ਨਹੀਂ ਤੁਰਨਾ, ਅਸੀਂ ਤੇ ਗ਼ਦਾਰ ਨਾਲ ਤੁਰਾਂਗੇ। ਜਦੋਂ ਸੰਗਤ ਨੇ ਜਵਾਬ ਦੇ ਦਿੱਤਾ ਨਾ, ਜਿਵੇਂ ਮਰੀ ਮਾਂ ਨੂੰ ਕੋਈ ਦੱਬ ਕੇ, ਸਾੜ ਕੇ ਆਇਆ ਹੁੰਦਾ, ਇਸ ਤਰ੍ਹਾਂ ਦਾ ਮੂੰਹ ਕਰਕੇ ਮੋਢੇ 'ਤੇ ਸਾਫ਼ਾ ਰੱਖਿਆ ਹੋਊ ਤੇ ਤੁਰੇ ਆਉਣਗੇ। ਪਤਾ ਲਗ ਜਾਊ ਕਿ ਸੰਗਤ ਖੜੀ ਕਿੱਥੇ ਆ ? ਉਹ ਗ਼ਦਾਰ ਕਹਿੰਦੇ ਆ, ਤੁਸੀਂ ੬੦੦ ਦਾ ਜਥਾ ਲੈ ਕੇ ਆ ਜਾਂਦੇ ਓ ਤੇ ਕੱਲ ਨੂੰ ਗ਼ਦਾਰ ਕਹਿਣਗੇ ਕਿਵੇਂ ਨਾ ? ਇਹ ਨਹੀਂ ਕਿ ਇੱਕ ਮਨੁੱਖ ਦੇ ਗ਼ਦਾਰ ਕਹਿਣ 'ਤੇ ਆਪਾਂ ਜਥੇ ਬੰਦ ਕਰਨੇ, ਬਿਲਕੁਲ ਗ਼ਲਤ ਆ, ਜਥੇ ਲਿਆਉਣੇ ਆਂ।

ਮੋਰਚਾ ਪੰਥ ਦਾ

ਇਹ ਮੋਰਚਾ ਨਾ ਤਾਂ ਲੌਂਗੋਵਾਲ ਦਾ, ਨਾ ਇਹ ਮੋਰਚਾ ਭਿੰਡਰਾਂਵਾਲੇ ਦਾ, ਨਾ ਇਹ ਮੋਰਚਾ ਕਿਸੇ ਹੋਰ ਲੀਡਰ ਦਾ। ਇਹ ਮੋਰਚਾ ਐਸ ਵੇਲੇ ਪੰਥ ਦਾ ਆ। ਮੋਰਚੇ ਦੀ ਸਫ਼ਲਤਾ ਜ਼ਰੂਰ ਹਰ ਹਾਲਤ 'ਚ ਕਰਨੀ ਆਂ, ਹਰ ਕੀਮਤ 'ਤੇ, ਤੇ ਕਰਨੀ ਵੀ ਅਨੰਦਪੁਰ ਦੇ ਮਤੇ 'ਤੇ ਆ। ਇਹ ਨਹੀਂ ਕਿ ਚੰਡੀਗੜ੍ਹ ੬੦-੪੦ 'ਤੇ ਹੋ ਜਾਵੇ ਤੇ ਫਲਾਣਾ ਕੁਝ ਹੋ ਜਾਵੇ। ਇੱਕ ਸਮਾਂ ਪਰਖ ਦਾ ਆਉਣਾ ਤੁਹਾਡਾ ਵੀ ਤੇ ਮੇਰਾ ਵੀ। ਉਦੋਂ ਪਤਾ ਲੱਗਣਾ, ਜੇ ਕੁੰਡੀਆਂ ਦੇ ਸਿੰਗ ਜੁੜਨ 'ਤੇ ਨਿਖੜਦੀ ਕਿਹੜੀ ਆ। ਉਦੋਂ ਪਤਾ ਲੱਗੂਗਾ, ਜਦੋਂ ਇਹ ਕੰਮ ਪੂਰਾ ਹੋਣ ਲੱਗਾ। ਜੇ ਤਾਂ ਅਨੰਦਪੁਰ ਦੇ ਮਤੇ ਦੇ ਆਧਾਰ 'ਤੇ ਪੂਰਾ ਕੰਮ ਹੋ ਗਿਆ, ਫਿਰ ਤਾਂ ਆਪਾਂ ਜੈਕਾਰੇ ਛੱਡਣੇ ਸਾਰਿਆਂ ਨੇ ਤੇ ਜੇ ਉਦੋਂ ਕੰਮ ਕਮ ਹੋਇਆ, ਘੱਟ ਹੋਇਆ, ਥੋੜ੍ਹਾ ਹੋਇਆ ਤੇ ਫਿਰ ਮੇਰੀ ਜ਼ਿੰਮੇਵਾਰੀ ਆ, ਤੁਹਾਨੂੰ ਦੱਸਣ ਦੀ, ਤੁਹਾਡਾ ਚੌਂਕੀਦਾਰਾ ਕਰਨ ਦੀ ਕਿ ਸਿੰਘੋ ਆਹ ਅਨੰਦਪੁਰ ਦੇ ਮਤੇ ਦੀ ਕਾਪੀ। ਇਹਦੇ ਵਿੱਚ ਆਹ ਕੁਝ ਲਿਖਿਆ ਹੋਇਆ ਤੇ ਇਹਨਾਂ ਭਰਾਵਾਂ ਨੇ ਲਿਖਿਆ, ਮੈਂ ਤਾਂ ਲਿਖਿਆ ਨਹੀਂ। ਇਹਦੇ ਮੁਤਾਬਕ ਆਹ ਚੀਜ਼ਾਂ ਮਿਲੀਆਂ, ਬਾਕੀ ਐਨੀਆਂ ਰਹਿੰਦੀਆਂ, ਤੁਸੀਂ ਦੱਸੋ ਹੁਣ ਕੀ ਕਰਨਾ ? ਤੇ ਜੇ ਤਾਂ ਲਕੀਰ ਦੇ ਫਕੀਰ ਬਣ ਕੇ ਘਰਾਂ ਨੂੰ ਜਾਣਾ ਹੋਇਆਂ ਤੇ ਫਿਰ ਦੋਬਾਰਾ ਛਿੱਤਰ ਖਾਣੇ ਆਂ, ਫਿਰ ਤੇ ਜੈਕਾਰਾ ਛੱਡ ਦਿਉ ਤੇ ਜੇ ਪੂਰਾ ਹੱਕ ਲੈਣਾ ਤੇ ਕਿਚ ਡਟ ਜਾਇਉ। ਜਿੰਮੇਵਾਰੀ ਮੇਰੀ (ਤੁਹਾਨੂੰ) ਦੱਸਣ ਦੀ। ਜੇ ਤਾਂ ਦੱਸਣ ਤੋਂ ਮੈਂ ਕਮਜ਼ੋਰੀ ਵਿਖਾਈ ਜਾਂ ਕਿਸੇ ਲੀਡਰ ਦੀ ਕਾਣ ਮੰਨੀ, ਤਾਂ ਮੈਨੂੰ ਤੁਸੀਂ ਮੁਆਫ਼ ਨਾ ਕਰਿਉ ਤੇ ਜੇ ਲਕੀਰ ਦੇ ਫ਼ਕੀਰ ਬਣ ਕੇ ਤੁਸੀਂ ਤੁਰ ਗਏ ਤਾਂ ਫਿਰ ਕਲਗੀਧਰ ਨੇ ਮੁਆਫ਼ ਤੁਹਾਨੂੰ ਵੀ ਨਹੀਂ ਕਰਨਾ। ਐਤਕੀਂ ਦੋ ਬੀਰ ਰਸੀ ਗੁਰੂਆਂ

ਦੇ ਅਸਥਾਨ ਤੋਂ ਮੋਰਚਾ ਅਰੰਭ ਹੋਇਆ ਇਹੈ। ਅਨੰਦਪੁਰ ਦਾ ਮਤਾ ਪਾਸ ਹੋਇਆ ਪੁੱਤਰਾਂ ਦੇ ਦਾਨੀ ਦੇ ਅਸਥਾਨ ਤੋਂ, ਜਿੱਥੇ ਖ਼ਾਲਸਾ ਜੰਮਿਆ ਤੇ ਇਹਦੀ ਅਰਦਾਸ ਹੋਈ ਆ ਮੀਰੀ ਪੀਰੀ ਦੇ ਮਾਲਕ ਦੇ ਅਸਥਾਨ 'ਤੇ। ਅਧਵਾਟੇ ਤੇ ਕੰਮ ਖੜਾ ਨਹੀਂ ਕਿਤੇ ਤੇ ਦੋਵੇਂ ਹੀ ਗੁਰੂ, ਇੱਕ ਤਲਵਾਰ ਨਾਲ ਝਟਕਾਉਣ ਵਾਲਾ ਤੇ ਦੂਜਾ ਕੜਾਹੇ 'ਚ ਪਾ ਕੇ ਸਾੜਨ ਵਾਲਾ। ਮੁਆਫ਼ ਕਰਨ ਵਾਲਾ ਕੋਈ ਨਹੀਂ ਦੋਹਾਂ 'ਚੋਂ। ਇਹ ਆਪ ਦਾ ਵੇਖ ਲਿਉ, ਸੋਚ ਲਿਉ ਪੁਰਾਣੇ ਇਤਿਹਾਸ ਬਾਰੇ ਤੇ ਸਮਾਪਤੀ 'ਤੇ ਇੱਕ ਬੇਨਤੀ ਆ ਤੁਹਾਡੇ ਚਰਨਾਂ 'ਚ। ਆਹ ਦੋ ਕੁ ਲੀਡਰ ਆਏ ਸੀ ਇਧਰ ਉਹਨਾਂ ਨੂੰ ਅਗਾਂਹ ਭੇਜ ਦੇ (ਪਹਿਰੇਦਾਰ ਨੂੰ ਕਹਿੰਦੇ ਹਨ) ਇੱਕ ਨਲੀਨੀ ਸਾਹਿਬ ਆਉਂਦੇ ਸੀ, ਇੱਕ ਹੋਰ ਸੀ, ਨਾਲ ਸਰਦਾਰਾ ਸਿੰਘ ਕੋਹਲੀ। ਉਹਨਾਂ ਨੂੰ ਇਥੇ ਭੇਜ ਦੇਹ ਜ਼ਰਾ ਕੁ (ਪਹਿਰੇਦਾਰ ਨੂੰ ਕਹਿੰਦੇ ਹੋਏ) ਆ ਜਾਉ, ਆ ਜਾਉ, ਲੰਘ ਆਉ ਵੇਖੋ ਫਰਲਾ ਛੱਡਿਆ (ਉਹਨਾਂ ਲੀਡਰਾਂ ਨੂੰ ਕਹਿੰਦੇ ਹੋਏ) ਉਹ ਨਲੀਨੀ ਸਾਹਿਬ ਵੀ ਇਥੇ ਨਾਲ ਈ ਸੀ, ਉਹਨੂੰ ਵੀ ਇਥੇ ਅਗਾਂਹ ਹੀ ਲੈ ਆ, ਸੰਗ ਨਾ। ਆ ਜਾਹ, ਆ ਜਾਹ, ਅਗਾਂਹ ਹੀ ਲੰਘ ਆ, ਪਿੱਛੇ ਨੂੰ ਕਿਉਂ ਜਾਨਾ। (ਉਹਨਾਂ ਨੂੰ ਫ਼ਤਹਿ ਬੁਲਾਉਂਦੇ ਹੋਏ)

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਬਹਿ ਜਾਉ, ਇਥੇ ਹੀ ਬਹਿ ਜਾਉ। ਇਥੇ ਆ ਜਾਹ, ਆ ਜਾਹ, ਬਹੁਤਾ ਸਖ਼ਤ ਨਹੀਂ ਕਹਿੰਦਾ ਜ਼ਿਆਦਾ, ਢਿੱਲਾ ਜਿਹਾ ਹੀ ਕੰਮ ਰੱਖੂੰ ਥੋੜਾ ਜਿਹਾ।

ਪੰਥ ਦੀ ਹਮਾਇਤ ਕਰਨ ਦੀ ਅਪੀਲ

ਇੱਕ ਬੇਨਤੀ ਆ ਸਾਰੀ ਸੰਗਤ ਦੇ ਚਰਨਾਂ ਵਿੱਚ। ਪੰਥ ਦੀ ਨੰਗੇ ਧੜ ਹਮਾਇਤ ਕਰਨੀ ਆਂ, ਨੰਗੇ ਧੜ, ਘੁੰਡ ਜਿਹਾ ਕੱਢ ਕੇ ਨਹੀਂ। ਜਿਵੇਂ ਕਈ ਵੇਰਾਂ ਇਹ ਭਾਈ ਘੁੰਡ ਕੱਢ ਲੈਂਦੇ ਆ ਨਾ। ਕਿਸੇ ਦੀ ਮਦਦ ਕਰਨੀ ਪਵੇ, ਕਹਿੰਦੇ ਲੁਕ ਕੇ ਤਾਂ ਕਰ ਦਿਆਂਗੇ, ਪ੍ਰਤੱਖ ਨਹੀਂ, ਸਾਹਮਣੇ ਨਾ ਗੱਲ ਕਰਾਈਂ ਕਿਸੇ ਦੇ। ਇਸ ਤਰ੍ਹਾ ਦੀ (ਨਹੀਂ) ਕਰਨੀ, ਘੁੰਡ ਚੁੱਕ ਕੇ ਪੰਥ ਦੀ ਮਦਦ ਕਰਨੀ ਆ, ਡਟ ਕੇ। ਕੇਸਰੀ ਨਿਸ਼ਾਨ ਸਾਹਿਬ ਥੱਲੇ.....।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

(ਆਉਣ ਵਾਲੇ ਦੂਜੇ ਲੀਡਰ ਨੂੰ ਫ਼ਤਹਿ ਬੁਲਾਉਂਦੇ ਹੋਏ), ਇਥੇ ਆ ਜਾਉ। ਕੇਸਰੀ ਨਿਸ਼ਾਨ ਸਾਹਿਬ ਦੇ ਰਹਿਣਾ ਥੱਲੇ। ਸ੍ਰੀ ਗੁਰੂ ਗਰੰਥ ਸਾਹਿਬ ਤੋਂ ਬਿਨਾਂ ਕਿਸੇ ਨੂੰ ਪੂਜਣਾ ਨਹੀਂ। ਅਕਾਲ ਤਖ਼ਤ ਸਾਹਿਬ ਤੇ ਹਰਿਮੰਦਰ ਸਾਹਿਬ ਤੋਂ ਦੂਰ ਨਹੀਂ ਹੋਣਾ, ਪਰ ਇਹਦੇ ਵਿੱਚ ਇੱਕ ਨੁਕਤਾ ਜ਼ਰੂਰ ਚੇਤੇ ਰੱਖਿਉ। ਇਹਨਾਂ ਕਹਿ ਕੇ ਨਹੀਂ ਕਿ ਭਿੰਡਰਾਂਵਾਲਾ ਕਹਿੰਦਾ ਪੰਥ ਦੀ ਹਮਾਇਤ ਕਰਨੀ, ਇਹ ਠੀਕ ਆ। ਜੋ ਮਰਜੀ ਖੜੋ ਜਾਏ, ਹਮਾਇਤ ਈ ਹਮਾਇਤ ਆ। ਇਹਦੇ 'ਚ ਇੱਕ ਗੱਲ (ਇਹ) ਚੇਤੇ ਰੱਖਣੀ ਜ਼ਰੂਰੀ ਕਿ ਕੇਸਰੀ ਨਿਸ਼ਾਨ ਸਾਹਿਬ ਦਾ ਨਾਂਅ ਲੈ ਕੇ, ਸ੍ਰੀ ਗੁਰੂ ਗਰੰਥ ਸਾਹਿਬ ਦਾ ਵਾਸਤਾ ਪਾ ਕੇ, ਪੰਥ ਦੇ ਨਾਂਅ ਦੀ ਡੁਗਡੁਗੀ ਖੜਕਾ ਕੇ, ਹੁਕਮਨਾਮੇ ਦੀ ਉਲੰਘਣਾ ਕਰਕੇ, ਸ਼ਹੀਦਾਂ ਦਾ ਖ਼ੂਨ ਪੀ ਕੇ, ਨਰਕਧਾਰੀਆਂ ਨੂੰ ਬਾਪੂ ਕਹਿ

ਕੇ, ਉਹਨਾਂ ਤੋਂ ਵੋਟਾਂ ਲੈ ਕੇ, ਕੁਰਸੀ ਨੂੰ ਕਾਇਮ ਜਿਹਨਾਂ ਨੇ ਰੱਖਿਆ ਜਾਂ ਰੱਖਣ ਦੇ ਇਛੁਕ ਆ ਅਗਾਂਹ ਨੂੰ, ਉਹਨਾਂ ਤੋਂ ਬਚ ਕੇ ਰਹਿਉ। ਜੇ ਤਾਂ ਮੈਂ ਨਰਕਧਾਰੀਆਂ ਦੇ ਘਰੇ ਜਾ ਕੇ ਵੋਟਾਂ ਮੰਗੀਆਂ ਜਾਂ ਮੰਗਾਂ ਤੇ ਮੇਰੇ ਕੋਲ ਜਿੰਨੇ ਤੁਸੀਂ ਹੁਣ ਹੋ ਦੋਬਾਰਾ ਪੌੜੀਆਂ ਨਾ ਚੜ੍ਹਿਉ ਤੇ ਜੇ ਤੁਹਾਨੂੰ ਦਿਸਦਾ ਭਈ ਮੈਂ ਤੁਹਾਡਾ ਚੌਂਕੀਦਾਰ ਆਂ ਤੇ ਫਿਰ ਭਾਵੇਂ ਘਰ ਨੂੰ ਨਾ ਜਾਇਉ। ਫੈਸਲਾ ਤੁਸਾਂ ਆਪਣਾ ਆਪ ਈ ਕਰਨਾ। ਮੈਂ ਆਪਣੇ ਹੱਥ 'ਚ ਫੈਸਲਾ ਨਹੀਂ ਰੱਖਦਾ। ਲੀਡਰ ਤਾਂ ਆਪਦੇ ਹੱਥ 'ਚ ਰੱਖਦੇ ਆ ਨਾ, ਭਈ ਜੇ ਦੂਜੇ ਨੇ ਫੈਸਲਾ ਕੀਤਾ, ਕਿਤੇ ਭੇਜ ਹੀ ਨਾ ਦੇਣ ਅੰਦਰ ਸਾਨੂੰ। ਇਹ ਫੈਸਲਾ ਚੇਤੇ ਰੱਖਿਉ।

ਹਮਲੇ ਦਾ ਮੁਕਾਬਲਾ ਕਰਨ ਦੀ ਅਪੀਲ

ਕਈ ਪੁੱਛਦੇ ਭਈ ਕਰਨਾ ਕੀ ਆ ? ਨਿਸ਼ਾਨਾ ਕੀ ਆ ? ਪਰਗਟ ਕਰਕੇ ਦੱਸਣਾ ਚਾਹੀਦਾ। ਪਰਗਟ ਇਹੋ ਈ ਆ, ਜਿੱਦੇਂ ਹਰਿਮੰਦਰ ਸਾਹਿਬ 'ਤੇ ਪਤਾ ਲੱਗ ਜਾਏ ਕਿ ਪੁਲੀਸ ਨੇ ਹਮਲਾ ਕਰ ਦਿੱਤਾ, ਪਰ ਪੂਰਾ ਪਤਾ ਕਰਕੇ। ਇਹ ਨਾ ਹੋਵੇ ਕਿ ਜਾ ਕੇ ਕੋਈ ਫੁਰਕਲਾ ਛੱਡ ਦੇਏ ਤੇ ਤੁਸੀਂ ਉਧਰ ਕੰਮ ਸ਼ੁਰੂ ਕਰ ਦਿਉਂ। ਜਿੱਦੇਂ ਹਰਿਮੰਦਰ ਸਾਹਿਬ 'ਤੇ ਹਮਲਾ ਹੋਵੇ, ਉਸ ਦਿਨ ਆਪ ਦੇ ਲਾਗ ਦੇ ਕਸਬਿਆਂ ਤੇ ਵੱਡਿਆਂ ਸ਼ਹਿਰਾਂ ਵਿੱਚ, ਆਹ ਪੱਗ ਤੋਂ ਬਿਨਾ ਕੋਈ ਦਿਸਣਾ ਨਹੀਂ ਚਾਹੀਦਾ, ਮੁਸਲਮਾਨਾਂ 'ਤੇ ਤਰਸ ਕਰਿਉ।

ਬੋਲੇ ਸੋ ਨਿਹਾਲ॥ ਸਤਿ ਸ੍ਰੀ ਅਕਾਲ॥

ਪਰ ਇਹ ਗੱਲ, ਮੈਂ ਤਾਂ ਕਹੀ ਆ, ਜੇ ਹਰਿਮੰਦਰ ਸਾਹਿਬ 'ਤੇ ਇਹ ਗੱਲ ਹੋਵੇ, ਕਈ ਤਾਂ ਇਹ ਰੌਲਾ ਪਾਉਂਦੇ ਆ ਨਾ ਕਿ ਭਿੰਡਰਾਂਵਾਲਾ ਕਹਿੰਦਾ ਚੁੱਕ ਦਿਉ ਇੱਕ ਫਿਰਕੇ ਦੇ ਫੱਟੇ, ਇਸ ਤਰ੍ਹਾਂ ਨਹੀਂ। ਇਹਦੇ ਵਿੱਚ ਇੱਕ ਗੱਲ ਰੱਖੀ ਆ ਭਈ ਜੇ ਇਥੇ (ਹਮਲਾ) ਹੋਵੇ ਤਾਂ। ਇਹ ਚੇਤਾ ਰੱਖ ਲਿਉ ਤੇ ਕਿੱਕਰ ਦੇ ਡਾਹਣੇ ਨਾ ਵੱਢਦੇ ਫਿਰਿਉ, ਜਿਵੇਂ ਫਲੇ ਨੂੰ ਧੂਹ ਪਾਉਣ ਲਈ ਵੱਢਦੇ ਹੁੰਨੇ ਆ। ਇਹ ਪਹਿਲੋਂ ਹੀ ਆਪਣੀ ਤਿਆਰੀ ਕਰਕੇ ਰੱਖਿਉ।

ਬੋਲੇ ਸੋ ਨਿਹਾਲ॥ ਸਤਿ ਸ੍ਰੀ ਅਕਾਲ॥

ਇਹ ਬੱਲੇ ਵੀ ਜੈਕਾਰੇ ਛੱਡੀ ਜਾਂਦੇ ਆ, ਸਾਡੇ ਨਾਲ ਸਹਿਮਤ ਹੋ ਗਏ ਉਹ। (ਸੰਗਤ ਵਿੱਚੋਂ ਇੱਕ ਸਿੰਘ ਪੁੱਛਦਾ, "ਆਰਡਰ ਦਾ ਪਤਾ ਕਿਵੇਂ ਲੱਗੇਗਾ ਕਿ ਆਰਡਰ ਹੋ ਗਿਆ ?") ਆਰਡਰ ਤਾਂ, ਆਰਡਰ ਇੱਕ ਮੇਰਾ ਹੁੰਦਾ, ਪੁਨਾ ਪੁਨਾ ਨਹੀਂ ਮੇਰੇ ਵੱਲੋਂ ਤਾਂ ਹੋ ਗਿਆ ਪਰ ਆਰਡਰ ਮੰਨਣਾ.....। ਠਹਿਰ ਜਾਹ (ਕਿਸੇ ਸਿੰਘ ਨੂੰ ਕਹਿੰਦੇ ਹਨ) ਆਰਡਰ ਮੰਨਿਆ ਨਹੀਂ ਕਿਸੇ ਨੇ, ਆਹ ਜਿੰਨੇ ਬੈਠੇ ਕਿੰਨਿਆਂ ਨੇ ਹਥਿਆਰ ਲਏ ਆ।

ਖ਼ਾਲਿਸਤਾਨ

ਇਕ ਜਿਹੜਾ ਕਹਿੰਦੇ ਆ, ਅਖ਼ਬਾਰਾਂ ਵਿੱਚ ਵੀ ਆਉਂਦਾ ਤੇ ਕਈ ਆਣ ਕੇ ਮੈਨੂੰ ਪੁੱਛਦੇ ਆ, ਸੰਤ ਜੀ ਕੋਈ ਹਿੰਦੂਆਂ ਬਾਰੇ ਸਪਸ਼ਟੀਕਰਨ ਦਿਉ। ਇਹ ਠੇਕਾ ਲਿਆ ਕਿ ਸਿੱਖ ਹੀ ਸਪਸ਼ਟੀਕਰਨ ਦੇਵੇ। ਇੱਕ ਆਹ ਪੁੱਛਦੇ ਆ ਭਈ ਖ਼ਾਲਿਸਤਾਨ ਬਾਰੇ ਕੁਝ ਦੱਸਿਆ ਕਰੋ ਸਾਨੂੰ। ਤੁਹਾਡਾ ਕੀ ਖ਼ਿਆਲ ਆ ? ਮੇਰਾ ਖ਼ਿਆਲ ਤਾਂ ਬਹੁਤੀ ਵੇਰਾਂ ਤੁਸੀਂ ਪੜ੍ਹਿਆ

ਹੋਵੇਗਾ। ਅੱਜ ਆਹ ਜਿਹੜੇ ਗੁਰਮੁਖ ਆਏ ਆ, ਇਹਨਾਂ ਨੂੰ ਵੀ ਕਹਾਂਗਾ, ਜੇ ਕਿਤੇ ਐਡੀਟੋਰੀਅਲ ਕੋਈ ਲਿਖ ਸਕਦਾ ਤਾਂ ਲਿਖ ਦੇਵੇ, ਜੇ ਕਲਮ ਕੰਮ ਕਰ ਸਕਦੀ ਆ ਉਹਦੀ। ਮੈਂ ਨਾ ਤਾਂ ਖ਼ਾਲਿਸਤਾਨ ਦਾ ਵਿਰੋਧ ਕੀਤਾ ਅਤੇ ਨਾ ਅਜੇ ਹਮਾਇਤ ਕੀਤੀ ਆ। ਦੇਸ਼ ਵਿੱਚ ਈ ਆਪਾਂ ਰਹਿਣਾ, ਜਿਹੜੇ ਲੋਕ ਕਹਿੰਦੇ ਆ ਨਾ ਦੇਸ਼ 'ਚੋਂ ਨਿਕਲ ਜਾਉ, ਇਹ ਉਹਨਾਂ ਨੂੰ ਬੜਾ ਭਾਰੀ ਭੁਲੇਖਾ।

ਗਿਰੀ ਲਾਲ ਜੈਨ

ਉਹ ਨਾਂਅ ਕੀ ਦੱਸਿਆਂ ਸੀ, ਜਿਹੜਾ ਹੁਣ ਦੱਸਿਆ ਸੀ ਐਡੀਟਰ ਦਾ (ਕਿਸੇ ਨੂੰ ਪੁੱਛਦੇ ਹਨ, ਅਤੇ ਉਹ ਅੱਗੋਂ ਦੱਸਦਾ ਹੈ-ਗਿਰੀ ਲਾਲ ਜੈਨ)। ਇੱਕ ਗਿਰੀ ਲਾਲ ਜੈਨ, ਕੋਈ ਜੈਨ ਆਂ, ਉਹਨੇ ਇੱਕ ਖ਼ਬਰ ਦਿੱਤੀ ਆ ਕਿ ੧੧:੦੦ ਵੱਜ ਗਏ ਆ, ਇੱਕ ਘੰਟਾ ਰਹਿੰਦਾ ੧੨:੦੦ ਵੱਜਣ 'ਚ। ਉਹਨੂੰ....., ਮੱਥੇ 'ਤੇ ਲੱਗਾ ਨਹੀਂ ਉਹ, ਨਹੀਂ ਤੇ ਉਹਨੇ ਲਿਖਣਾ ਨਹੀਂ ਸੀ ਇਹ ਤੇ ਮੈਂ ਅਖ਼ਬਾਰਾਂ ਵਾਲਿਆਂ ਨੂੰ ਬੇਨਤੀ ਕਰਦਾਂ, ਇਹ ਖ਼ਬਰ ਮੇਰੀ ਜ਼ਰੂਰ ਛਾਪ ਦਿਉ। ਬਾਕੀ ਜੇ ਕੱਟਣੀ ਹੋਈ ਤਾਂ ਤੁਹਾਡੀ ਮਰਜ਼ੀ। ਗਿਰੀ ਲਾਲ ਨੂੰ ਸੰਬੋਧਨ ਕਰਕੇ ਕਿ ਗਿਰੀ ਲਾਲ ਇਹ ਤੈਨੂੰ ਪਤਾ ਨਹੀਂ ਜਦੋਂ ਤੁਹਾਡੀਆਂ ੩੦-੩੦ ਹਜ਼ਾਰ (ਲੜਕੀਆਂ) ਜਾਂਦੀਆਂ ਸੀ, ਉਦੋਂ ਪੱਗਾਂ ਵਾਲੇ ਛੁਡਾ ਕੇ ਲਿਆਏ ਆ। ਕੈਂਚੀ ਤੇ ਪੱਛਣਾ, ਦੁਬਧਾ ਤੇ ਫਿਰਕਾਪ੍ਰਸਤੀ ਦੇ ਪ੍ਰਤੀਕ ਆ। ਕ੍ਰਿਪਾਨ ਏਕਤਾ ਦੀ ਪ੍ਰਤੀਕ ਆ। ਜਿਹੜੀ ਕ੍ਰਿਪਾਨ ਨੂੰ ਅੱਜ ੧੨:੦੦ ਵਜੇ ਵਾਸਤੇ ਵੰਗਾਰਿਆ ਜਾਂਦਾ। ਉਹ ਕੈਂਚੀ ਪਛਣੇ ਵਾਲੇ ਚੇਤਾ ਕਰਨ। ਗਿਰੀ ਲਾਲ ਜੈਨ ਵਰਗੇ ਤੇ ਬਾਕੀ ਵੀ ਜਿਤਨੇ ਬੈਠੇ ਪ੍ਰਧਾਨ ਮੰਤਰੀ ਤੱਕ। ਜਿਹੜੀਆਂ ੩੦-੩੦ ਹਜ਼ਾਰ ਛਡਾਈਆਂ, ਉਹ ਕੈਂਚੀ ਤੇ ਪਛਣੇ ਵਾਲਿਆਂ ਨੇ, ਕੈਂਚੀ ਤੇ ਪਛਣੇ ਨਾਲ ਨਹੀਂ ਛਡਾਈਆਂ ਨੇ। ਉਹ ਕ੍ਰਿਪਾਨ ਵਾਲਿਆਂ ਨੇ ਕ੍ਰਿਪਾਨ ਨਾਲ ਛਡਾ ਕੇ ਲਿਆਂਦੀਆਂ ਸੀ, ਇਹ ਚੇਤਾ ਰੱਖਿਉ। ਜਿਹੜੇ ਦੇਸ਼ ਦੇ ਅੱਜ ਰਾਜੇ ਬਣਕੇ ਸਿੱਖਾਂ ਦੇ ੧੨:੦੦ (ਵਜੇ) ਨੂੰ ਵੰਗਾਰ ਰਹੇ ਆ, ੧੨:੦੦ ਵੱਜਣ ਨੂੰ। ਇਹਨਾਂ ਸਿੱਖਾਂ ਨੇ ੧੦੦ ਪਿੱਛੇ ੯੦ ਸਿਰ ਦਿੱਤੇ ਆ (ਇਸ) ਧਰਤੀ ਵਾਸਤੇ ਤੇ ਜਿਹੜੇ ਕਹਿੰਦੇ ਆ ਕਿ ਇਥੋਂ ਨਿਕਲ ਜਾਉ, ਅਸੀਂ ਉਹਨਾਂ ਨੂੰ ਥੋੜਾ ਜਿਹਾ....., ਬਹੁਤਾ ਨਹੀਂ ਅਜੇ ਸਮਾਂ ਆਉਣ 'ਤੇ ਦੱਸੂੰਗਾ। ਤੁਹਾਨੂੰ ਥੋੜਾ ਜਿਹਾ ਚੇਤਾ ਕਰਾਉਣਾ ਚਾਹੁਨਾ, ਐਸੇ ਲੋਕਾਂ ਨੂੰ। ਇਹ ਸਾਨੂੰ ਕੱਢਣ ਦੀ ਤਿਆਰੀ ਨਾ ਕਰੋ, ਤੁਸੀਂ ਆਪ ਸੋਚੋ ਕੀ ਕਰਨਾ? ਭਈ ਸਾਡੇ ਨਾਲ ਰਹਿਣਾ ਕਿ ਨਹੀਂ ਰਹਿਣਾ?

ਇੱਕ ਪ੍ਰੇਮੀ ਆਇਆ, ਫਰਾਂਸ ਦਾ, ਉਹ ਕਹਿਣ ਲੱਗਾ ਜੀ ਤੁਸੀਂ ੨ ਫੀਸਦੀ ਆਂ, ਉਹ ੯੮ ਫੀਸਦੀ ਆ, ਤੁਸੀਂ ਲੜੋਗੇ ਕਿਵੇਂ? ਦਾਸ ਨੇ ਉੱਤਰ ਦਿੱਤਾ ਸੀ ਸ਼ੇਰ ਇੱਕੋ ਹੁੰਦਾ ਜ਼ਿੰਦਗੀ 'ਚ ਮਸਾਂ ਤੇ ਸੂਰੀ ਦੇ ਛਿਆਂ ਮਹੀਨਿਆਂ ਪਿੱਛੋਂ ੧੧ ਜੰਮ ਪੈਂਦੇ ਆ ਤੇ ਕੁੱਤੇ ਕਤੂਰੇ ਚਉਂ-ਚਉਂ ਤੇ ਬਥੇਰਾ ਕਰਦੇ ਆ ਪਰ ਜਦੋਂ (ਸ਼ੇਰ) ਕਿਤੇ ਨਿਕਲਦਾ ਘੁਰਨੇ 'ਚੋਂ ਤੇ ਉਦੋਂ ਜਿਉਂਦਾ ਕੋਈ ਨਹੀਂ ਜੰਗਲ 'ਚੋਂ....। ਅਸੀਂ ਇਸ ਤਰ੍ਹਾਂ ਕਰਾਂਗੇ।

੧੨:੦੦ ਵਜੇ ਦਾ ਇਤਿਹਾਸ

ਜਿਹੜਾ ਕਹਿੰਦੇ ਆ ਅਖੇ ੧੨:੦੦, ਬਾਹਰਵੇਂ ਘੰਟੇ 'ਚ ਜਾਣਾ ਕਿ ਨਹੀਂ। ਇਹਨਾਂ ਨੂੰ ਦੱਸ ਦੇਨਾਂ ਸਿੰਘਾਂ ਦੇ ੧੨:੦੦ ਕਦੋਂ ਵੱਜਦੇ ਨੇ, ਤੁਹਾਨੂੰ ਵੀ ਦੱਸਣਾ ਚਾਹੁਨਾ ਸਿੰਘੋ। ਬਹੁਤਿਆਂ ਨੂੰ ਪਤਾ ਨਹੀਂ ਸਿੱਖਾਂ ਦੇ ੧੨:੦੦ ਵੱਜਦੇ ਕਦੋਂ ਰਹੇ ਆ? ਇਹ ਲੋਕਾਂ ਨੇ ਮਖੌਲ ਬਣਾ ਲਿਆ। ਸਿੱਖਾਂ ਦੇ ੧੨:੦੦ ਉਦੋਂ ਵੱਜਦੇ ਹੁੰਦੇ ਸੀ, ਜਦੋਂ ਜ਼ਾਲਮ ਦੀ ਫ਼ੌਜ ਪੋਹ ਦੇ ਮਹੀਨੇ 'ਚ, ਰਾਤ ਨੂੰ ੧੨:੦੦ ਵਜੇ ਠੰਢ ਦੀ ਮਾਰੀ ਸੌਂ ਜਾਂਦੀ ਸੀ ਤੇ ਸਿੱਖ ਰਾਤ ਨੂੰ ੧੨:੦੦ ਵਜੇ ਹੱਲਾ ਬੋਲ ਕੇ ਉਹਨੂੰ ਚਾਟਾ ਛਕਾਉਂਦੇ ਸੀ ਤੇ ਜੇਠ ਹਾੜ ਦੇ ਮਹੀਨੇ 'ਚ ੧੨:੦੦ ਵਜੇ ਦਿਨੇ ਅੰਦਰ ਵੜ ਕੇ ਸੌਂਦੇ ਸੀ ਤੇ ਸਿੱਖ ਉਦੋਂ ਬਾਹਰ ਨਿਕਲ ਕੇ ਉਹਨਾਂ ਨੂੰ ਚਾਟਾ ਛਕਾ ਕੇ, ਇਹਨਾਂ ਨੂੰ ਗਿਰੀ ਲਾਲ ਹੁਰਾਂ ਨੂੰ (ਲੜਕੀਆਂ) ਛਡਾ ਕੇ ਲਿਆ ਕੇ ਦਿੰਦੇ ਹੁੰਦੇ ਸੀ। ਉਦੋਂ ਸਿੱਖਾਂ ਦੇ ੧੨:੦੦ ਵੱਜਦੇ ਹੁੰਦੇ ਸੀ। ਅਸੀਂ ਇਹ ਤੁਹਾਨੂੰ ਦੱਸਣਾ ਚਾਹੁੰਦੇ ਆਂ, ਜਿਹੜੇ ਬਾਹਰਵੇਂ ਘੰਟੇ ਦੀ ਗੱਲ ਕਰਦੇ ਆ। ਇਸ ਬਾਹਰਵੇਂ ਘੰਟੇ 'ਚ ਅਸੀਂ ਵੜਨਾ, ਹਰ ਹਾਲਤ ਵੜਨਾ ਤੇ ਬਾਹਰਵੇਂ ਘੰਟੇ 'ਚ ਵੜ ਕੇ ਤੇ ਐਂਤਕੀ ਤੁਹਾਨੂੰ ਦੱਸਾਂਗੇ ੧੨:੦੦ ਸਿੱਖਾਂ ਦੇ ਵੱਜਦੇ ਕਿਵੇਂ ਆਂ? ਚੇਤਾ ਵੇਖਿਉ ਕਿਵੇਂ ਆਉਂਦਾ ਤੁਹਾਨੂੰ? ਕਰਦੇ ਕੀ ਆ (ਇਹ)? ਗਿੱਦੜ ਦਾ ਤੇ ਬਾਹਮਣੀ ਦਾ ਪੁੱਤ ਉੱਠ ਕੇ ਸਿੰਘਾਂ ਨੂੰ ਤੇ ਸ਼ੇਰਾਂ ਨੂੰ ਘੂਰਦਾ। ਉਥੇ ਪਾਰਲੀਮੈਂਟ 'ਚ ਬੈਠੇ ਬੜਕਾਂ ਮਾਰੀ ਜਾਂਦੇ ਆ, ਮੈਂ ਤਾਂ ਅੱਗੇ ਇੱਕ ਚੈਲੰਜ ਕੀਤਾ ਸੀ। ਅੱਜ ਇਹਦੇ ਬਿਆਨ 'ਤੇ ਫਿਰ ਕਹਿੰਦਾ, ਭਈ ਜਿੰਨੇ ਤੁਸੀਂ ਪਾਰਲੀਮੈਂਟ ਹਾਊਸ ਦੇ ਮੈਂਬਰ ਹੋ, ਜਿੰਨੇ ਵਜ਼ੀਰ ਆਂ ਪ੍ਰਧਾਨ ਮੰਤਰੀ ਦੇ ਸਮੇਤ, ਆਪਣੀ ਗਿਣਤੀ ਦੱਸੋ ਤੁਸੀਂ ਵੀ। ੧੫-੧੫ ਤੁਸੀਂ ਆ ਜਾਉ ਤੇ ਇੱਕ ਇੱਕ ਸਾਧ ਅਸੀਂ ਨਿਕਲ ਆਉਂਦੇ ਆਂ ਤੁਹਾਡਾ ਪਤਾ ਲੱਗੂ ਖੜ੍ਹੇ ਕਿੱਥੇ ਕੁ ਆ? ਉਥੇ ਬੈਠੇ ਕਲਮ ਦਾ ਹੁਕਮ ਦੇ ਕੇ ਲੜਾਈ ਜਾਂਦੇ ਛੱਲੀ ਰਾਮ (ਹੁਰੀਂ) ਬੱਲੇ ਵਾਲਿਆਂ ਨੂੰ। ਹੁਕਮ ਦੇ ਦੇਣਾ ਬਹੁਤ ਸੌਖਾ ਪਰ ਜਦੋਂ ਸੀਸ ਤਲੀ 'ਤੇ ਰੱਖ ਕੇ ਜਥੇਦਾਰ ਬਣ ਕੇ ਅੱਗੇ ਤੁਰਨਾ ਪਵੇ, ਉਦੋਂ ਬਹੁਤ ਔਖਾ ਹੁੰਦਾ। ਇਹ ਜੈਨ ਗਿਰੀ ਵਰਗਿਆਂ ਨੂੰ ਚੇਤਾ ਆ ਗਿਆ। ਭੇਡਾਂ ਨੇ ਤੇ ਮਛਰਨਾ ਸੀ, ਲੇਲੇ ਵੀ ਮਛਰ ਗਏ। ਉਹ ਕਿਸੇ ਹੋਰ ਨੇ ਤੇ ਸਾਨੂੰ ਵੰਗਾਰਨਾ ਸੀ ਤੇ ਇਹ ਛੱਲੀ ਰਾਮ ਹੁਰੀਂ ਵੀ ਵੰਗਾਰਨ ਲੱਗ ਗਏ, ਪਰ ਛੱਲੀ ਰਾਮ ਹੁਰਾਂ ਦੇ ਵੰਗਾਰਨ ਦਾ ਕੋਈ ਕਾਰਨ ਆ? ਉਹਦਾ ਕਾਰਨ ਸਾਡੀ ਨਲਾਇਕੀ ਆ, ਸਾਡੇ ਚੌਧਰੀਆਂ ਦੀ। ਉਹ ਕਹਿੰਦਾ ਪੂਰਾ ਤੋਲੀਏ, ਉਹ ਕਹਿੰਦਾ ਥੜੇ ਨਾ ਚੜ੍ਹੀਂ। ਉਹ ਕਹਿੰਦੇ ਸਿੱਖਾਂ ਨੂੰ ਕੱਢ ਕੇ ਹਟਣਾ ਤੇ ਇਹ ਕਹਿੰਦੇ ਸ਼ਾਂਤਮਈ ਰੱਖਣੀ ਆਂ। ਇਹ ਗੱਲ ਜਾਊਗੀ ਕਿੱਧਰ ਨੂੰ? ਇਹਨਾਂ ਲੋਕਾਂ ਤੋਂ ਡਰਨ ਦੀ ਲੋੜ ਨਹੀਂ ਗੀ। ਸਾਵਧਾਨ ਰਹੋ ਪੂਰੇ।

ਹਥਿਆਰਾਂ ਦੇ ਲਾਇਸੈਂਸ

ਜਿਹੜੇ ਪਿੰਡਾਂ ਵਿੱਚ ਲਾਇਸੈਂਸ ਬਣ ਰਹੇ ਆ। ਹਿੰਦੂਆਂ ਦੇ ਬਣਾਏ ਜਾ ਰਹੇ ਆ ਤੇ ਸਿੱਖਾਂ ਦੇ ਕੈਂਸਲ ਕੀਤੇ (ਜਾ ਰਹੇ) ਆ। ਸਾਡੇ ਕੋਲ ਰਿਪੋਰਟਾਂ ਵੀ ਕੱਲ ਪਰਸੋਂ ਦੀਆਂ ਆਈਆਂ। ਸਿੱਖਾਂ ਨੇ (ਲਾਇਸੈਂਸ ਲਈ) ਦਰਖ਼ਾਸਤਾਂ ਦਿੱਤੀਆਂ, ਉਹਨਾਂ ਵਿਚਾਰਿਆਂ ਨੂੰ ਜਵਾਬ ਮਿਲਿਆ।

ਘਬਰਾਉ ਨਾ ਕੋਈ ਨਹੀਂ। ਤੁਹਾਡੇ ਕੋਲੇ ਤਾਂ ਮਾਮਲਾ ਤਾਰਨ ਜੋਗੇ ਪੈਸੇ ਨਹੀਂ, ਤਾਂ ਲਾਇਸੈਂਸ, ਆਪਣਾ, ਹਥਿਆਰ ਲਉਗੇ ਕਿਵੇਂ ਤੁਸੀਂ ? ਇਹਨਾਂ ਨੂੰ ਬਣਾਈ ਚੱਲਣ ਦਿਉ, ਪਿੰਡਾਂ 'ਚ ਦੱਬ ਕੇ ਤੇ ਜਿੱਦੋਂ ਸਮਾਂ ਆ ਗਿਆ ਖੋਹ ਲਿਉ ਉਦੋਂ, ਢਿੱਲ ਨਾ ਕਰਿਉ, ਉਡੀਕਦੇ ਨਾ ਰਿਹੋ ਕਿ ਭਿੰਡਰਾਂਵਾਲਾ ਹੁਕਮ ਕਰੂ ਤਾਂ ਖੋਵਾਂਗੇ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਉਦੋਂ ਪਹਿਲਾਂ ਤੁਹਾਥੋਂ ਪਹਿਲ ਹੋਵੇ ਨਾ ਸ਼ਾਂਤੀ ਰੱਖਿਉ, ਪਰ ਜੇ ਸਿੱਧੀਆਂ ਕਰ ਕੇ ਚਲਾਉਣ ਲੱਗਣ ਨਾ, ਉਦੋਂ ਖੋਹ ਲੈਣੀਆਂ, ਢਿੱਲ ਨਹੀਂ ਕਰਨੀ।

ਹੋਰ ਹੁਣ ਕੋਈ ਜੇ ਕਿਸੇ ਸੱਜਣ ਨੇ ਪ੍ਰਸ਼ਨ ਕਰਨਾ, ਜੇ ਰਹਿ ਗਿਆ ਤਾਂ ਦੱਸ ਦਿਉ ? ਬਾਕੀ ਜਿੰਨੇ ਕੁ ਪ੍ਰਸ਼ਨ ਮੈਂ ਕੀਤੇ ਆ, ਉਹਨਾਂ ਦਾ ਉੱਤਰ ਹਿੰਦੁਸਤਾਨ ਦਾ ਕੋਈ ਮਨੁੱਖ ਦੇ ਦੇਵੇ। ਮੈਂ ਆਪਣਾ ਸਿਰ ਕੱਟ ਕੇ ਆਪਣੇ ਹੱਥੀਂ ਤੁਹਾਨੂੰ ਦੇ ਦਿਉਂਗਾ ਤੇ ਜੇ ਗੱਲਾਂ ਸਾਰੀਆਂ ਸੱਚੀਆਂ ਤੇ ਫਿਰ ਤੁਸੀਂ ਸੋਚ ਲਉ, ਆਪਾਂ ਗ਼ੁਲਾਮੀ ਗਲ਼ੋਂ ਲਾਹੁਣੀ ਆ ਕੇ ਨਹੀਂ ਲਾਹੁਣੀ ?

ਜਿਹੜੇ ਇਥੇ ਬੈਠੇ ਇੰਦਰਾ ਦੇ ਸੋਹਿਲੇ ਗਾ ਰਹੇ ਆ, ਉਹਨਾਂ ਨੂੰ ਕੋਈ ਸ਼ਰਮ ਤੋਂ ਕੰਮ ਲੈਣਾ ਚਾਹੀਦਾ। ਲੜ੍ਹਕੀਆਂ ਨੰਗੀਆਂ ਹੋਈਆਂ, ਸਿੱਖਾਂ ਦੀਆਂ ਮੁੱਛਾਂ ਮੁੰਨ ਕੇ ਘਰਾਂ ਨੂੰ ਤੋਰ ਦਿੱਤੇ ਆ। ਇਸ਼ਟ ਨੂੰ ਅੱਗਾਂ ਲਾ ਦਿੱਤੀਆਂ (ਪਰ ਇਹ) ਕਹਿੰਦੇ ਜੀ ਵਿਧਾਨ ਦੀ ੨੫ ਧਾਰਾ ਸਾੜ ਦਿੱਤੀ, ਬੜਾ ਪਾਪ ਹੋ ਗਿਆ। ਹਾਂ ਪਾਪ ਇੱਕ ਜ਼ਰੂਰ ਹੋਇਆ ਸਾਡੇ ਲੀਡਰਾਂ ਤੋਂ, ਉਹ ਮਹਾਰਾਜ ਕਿਰਪਾ ਕਰਕੇ (ਉਸ) ਪਾਪ ਤੋਂ ਅਗਾਂਹ ਬਚਾ ਲਵੇ। ਇੱਕ ਪਾਪ ਹੋਇਆ। ਜੇ ਸਾਰਾ ਹੀ ਸਾੜ ਦਿੰਦੇ ਚੰਗਾ ਸੀ, ਇੱਕ ਕਾਗਜ਼ ਜਿਹਾ ਸਾੜ ਕੇ ਕੀ ਕਰਨਾ ਸੀ। ਜਿਹੜੇ ਵਿਧਾਨ ਨੇ ਸੈਂਤੀਆਂ ਸਾਲਾਂ 'ਚ ਸਿੱਖ ਕੌਮ ਨੂੰ ਬਚਾਇਆ ਈ ਨਹੀਂ, ਇੱਜ਼ਤ ਈ ਨਹੀਂ ਰੱਖੀ, ਉਹ ਰੱਖ ਕੇ ਕੀ ਕਰਨਾ ਸੀ ? ਕਹਿੰਦੇ ਜੀ ਅਖੇ ਹਿਸਾਬ ਕਿਤਾਬ 'ਚ ਸਿੱਖ ੨ ਫੀਸਦੀ ਹੈ। ਬਹਿ ਕੇ ਟੇਬਲ 'ਤੇ ਗੱਲ ਕਰੋ, ਫਿਰ ਦੱਸਾਂਗੇ ਕਿੰਨੇ ਫੀਸਦੀ ਆਂ। ੯੦ ਸਿਰ ਅਸੀਂ ਦਿੱਤੇ ਆ ਤੇ ੧੦ ਛੱਲੀ ਰਾਮ ਹੁਰਾਂ ਨੇ ਦਿੱਤੇ ਆ। ਸਾਡੇ ਨਾਲ ਹਿਸਾਬ ਕਰ ਲੈਣ, ਜੇ ਤਾਂ ਵਿਆਜ਼ ਪਾਇਆ ਤਾਂ ਇਹਨਾਂ ਦਾ ਕੱਖ ਨਹੀਂ ਬਣਦਾ ਹਿੰਦੁਸਤਾਨ 'ਚ, ਪਰ ਸਿੱਖ ਵਿਆਜ਼ ਲਾਉਂਦਾ ਨਹੀਂ ਗਾ, ਤਰਸ ਕਰ ਲੈਂਦਾ। ਵਿਆਜ਼ ਛੱਡ ਦਿਆਂਗੇ, ੯੦ ਸਿਰਾਂ ਦੀ ਧਰਤੀ ਸਾਨੂੰ ਦੇ ਦੇਣ ਤੇ ੧੦ ਸਿਰਾਂ ਦੀ ਜਿੱਥੇ ਕਿਤੇ ਪਹਾੜੀ ਇੱਕ ਅੱਧੀ ਮਿਲਦੀ ਆ ਲੈ ਲੈਣ, ਲੈਣੀ ਆਂ ਤੇ। ਨਹੀਂ ਤਾਂ ਸਮੁੰਦਰ 'ਚ ਵੜ ਜਾਣ ਸਾਰੇ। ਸਿੱਖਾਂ ਨੂੰ ਗੁਰੂ ਦਾ ਹੁਕਮ ਆਂ :

'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥'

(ਸਲੋਕ ਮ: ੯, ੧੪੨੭)

ਨਾ ਭੈ ਮੰਨਣਾ ਤੇ ਨਾ ਭੈ ਕਿਸੇ ਨੂੰ ਦੇਣਾ। ਹੋਰ ਕੋਈ ਕਿਸੇ ਨੇ ਪੁੱਛਣਾ, ਕੋਈ ਗੱਲ 'ਚ ਸ਼ੱਕ ਹੈ ਤਾਂ ਪੁੱਛ ਲਉ। ਸੰਗੋ ਸੁੰਗੋ ਨਾ, ਪਰ ਪਿਉ ਦੇ ਬਣ ਕੇ ਰਹਿਣਾ। ਜਿਹਨਾਂ ਦਾਹੜੀਆਂ ਕਟਾਈਆਂ ਅਗਾਂਹ ਨੂੰ ਨਾ ਕਟਾਇਉ। (ਸੰਗਤ ਵਿੱਚੋਂ ਇੱਕ ਸਿੰਘ ਸੰਤਾਂ ਨਾਲ ਗੱਲਬਾਤ ਕਰਦਾ ਹੈ)

ਸਿੰਘ - ਕੁਝ ਦਿਨ ਹੋਏ, ਅਸੀਂ ਆਏ ਸੀ ਬਾਬਾ ਜੀ ਤੁਹਾਡੇ ਕੋਲ।

ਸੰਤ - ਹਾਂ.....।

ਸਿੰਘ – ਤੁਸੀਂ ਕਿਹਾ ਸੀ ਕਿ ਆਹ ਚਿੱਠੀ ਲੌਂਗੋਵਾਲ ਨੂੰ ਦੇਣੀ ਆਂ।
ਸੰਤ – ਹਾਂ ਚਿੱਠੀ ਇਹਨਾਂ ਨੇ ਦੇ ਦਿੱਤੀ।

ਹਿੰਦੁਸਤਾਨ ਦੇ ਇੱਕ ਵੀ ਹਿੰਦੂ ਨੇ, ਸਿੱਖਾਂ ਦੇ ਮਾਰੇ ਜਾਣ ਦੀ ਨਿਖੇਧੀ ਕੀਤੀ ਕਦੇ ? ਕਦੇ ਕਿਹਾ ਭਈ ਸਿੱਖ ਮਾਰੇ ਗਏ ਬਹੁਤ ਮਾੜਾ ਕੰਮ ਹੋਇਆ। ਹਿੰਦੁਸਤਾਨ ਦੇ ਇੱਕ ਹਿੰਦੂ ਦਾ ਬਿਆਨ ਦੱਸੋ ? ਹਿੰਦੂ ਮਾਰੇ ਗਏ, ੧੦-੧੦ ਹਜ਼ਾਰ ਰੁਪਇਆ ਗੌਰਮਿੰਟ ਨੇ ਉਹਨਾਂ ਨੂੰ ਦਿੱਤਾ। ਸਿੱਖ ੨੦੦ ਤੋਂ ਉੱਪਰ ਮਾਰਿਆ ਗਿਆ, ਸਰਕਾਰ ਨੇ ਇੱਕ ਵੀ ਸਿੱਖ ਦੇ ਪੁੱਤਰ ਨੂੰ ਕੋਈ ਧੇਲਾ ਦਿੱਤਾ ?

ਟੌਹੜਾ, ਲੌਂਗੋਵਾਲ, ਤਲਵੰਡੀ, ਉਮਰਾਨੰਗਲ ਅਤੇ ਕੋਹਲੀ ਦੀਆਂ ਨਿਰੰਕਾਰੀਆਂ ਨੂੰ ਚਿੱਠੀਆਂ

ਆਹ ਇੱਕ ਫਰਲੇ ਵਾਲਾ ਵੀ ਬੈਠਾ। ਆਹ ਸਰਦਾਰਾ ਸਿੰਘ ਕੋਹਲੀ, ਪਟਿਆਲੇ ਵਾਲਾ। ਇਹਨੂੰ ਵੀ ਫੜਿਆ ਸੀ, ਇਹਨੂੰ ਖੋਰੇ ਸਾਲ ਪਿੱਛੋਂ ਛੱਡਿਆ ਕਿ ਕਿੰਨੇ ਕੁ ਚਿਰ ਪਿੱਛੋਂ.....। (ਕੋਹਲੀ ਕੁਝ ਬੋਲਦਾ ਹੈ)
ਸੰਤ – ਹੈਂ ..?
ਕੋਹਲੀ – ਸਾਢੇ ੧੦ ਮਹੀਨੇ ਪਿੱਛੋਂ ..।
ਸੰਤ – ਹੈਂ....ਕੀ ?
ਕੋਹਲੀ – ਸਾਢੇ ੧੦ ਮਹੀਨੇ ਪਿੱਛੋਂ।
ਸੰਤ – ਇਹਨੂੰ ਸਾਢੇ ੧੦ ਮਹੀਨੇ ਰੱਖਿਆ ਤੇ ਜਿਹੜੇ ਛੱਲੀ ਰਾਮ ਹੁਰੀਂ ਫੜੇ ਸ਼ੁਗੀ, ਉਹਨਾਂ ਨੂੰ ਉਦੋਂ ਨਾਲ ਹੀ ਛੱਡ ਦਿੱਤਾ। ਚਿੱਠੀਆਂ ਤੇ ਇਹ ਵੀ ਪਾਉਂਦੇ ਰਹੇ ਗੁਰਬਚਨੇ ਨੂੰ, ਹੁਣ ਕਹਿੰਦੇ ਨਹੀਂ ਪਾਉਂਦੇ। ਪਹਿਲਾਂ ਦੀ ਗੱਲ ਆ ਹੁਕਮਨਾਮੇ ਤੋਂ। (ਕੋਹਲੀ ਕੁਝ ਬੋਲਦਾ ਹੈ ਪਰ ਸਮਝ ਨਹੀਂ ਲੱਗਦੀ)
ਸੰਤ – ਮੇਰੇ ਕੋਲ ਆ ਚਿੱਠੀ ਉਹ, ਮੈਂ ਝੂਠ ਨਹੀਂ ਬੋਲਦਾ, ਹਾਂ, ਜੇ ਕਵੇਂ ਤੇ ਇਥੇ ਵਿਖਾ ਦੇਨਾ ਸੱਦ ਕੇ। ਟੌਹੜਾ ਸਾਹਿਬ ਦੀ, ਤਲਵੰਡੀ ਦੀ, ਲੌਂਗੋਵਾਲ ਸਾਹਿਬ ਦੀ, ਉਮਰਾਨੰਗਲ ਦੀ। ਸਰਦਾਰਾ ਸਿੰਘ ਕੋਹਲੀ, ਕੀ ਪਾਈਆਂ ਨਹੀਂ ? ਉਹ ਚਿੱਠੀ ਮੇਰੇ ਕੋਲ ਆ, ਕਹੋਂ ਤਾਂ ਵਿਖਾ ਦਿਉਂ। ਆਹ, ਰਛਪਾਲ ਸਿੰਘ ਹੈ ਇਥੇ ? ਚਿੱਠੀ ਲਿਆ ਤੇ ਇਹਨਾਂ ਨੂੰ ਵਿਖਾ ਦੇਹ। ਨਾਲੇ ਸੰਗਤ ਵੇਖ ਲਊ, ਜਾ ਲਿਆ। (ਕੋਹਲੀ ਫਿਰ ਕੁਝ ਬੋਲਦਾ ਹੈ ਪਰ ਪਤਾ ਨਹੀਂ ਲੱਗਦਾ)
ਸੰਤ – ਉਹ ਪਹਿਲਾਂ ਦੀ ਆ ਘਬਰਾ ਨਾ।

ਫੈਡਰੇਸ਼ਨ ਵਲੋਂ ਪ੍ਰਣ ਕਰਨ ਦਾ ਸੱਦਾ

੧੩ ਮਾਰਚ ਨੂੰ ਪਰਸੋਂ, ਵਿਦਿਆਰਥੀ ਵਰਗ ਵੱਲੋਂ ਇੱਕ ਕਦਮ ਚੁੱਕਿਆ ਗਿਆ ਫੈਡਰੇਸ਼ਨ ਵੱਲੋਂ ਤੇ ਮੇਰੀ ਇਹ ਇੱਕ ਬੇਨਤੀ ਆ ਕਿ ਇਹ ਪ੍ਰਣ ਆਪਾਂ ਕਰਨਾ ਗੁਰਦੁਆਰਿਆਂ ਵਿੱਚ। ਪ੍ਰਣ ਤਾਂ ਭਾਵੇਂ ਪਹਿਲਾਂ ਵੀ ਕੀਤਾ ਪਰ ਇਸ ਦਿਨ ਸਾਰਿਆਂ ਥਾਂਵਾਂ 'ਤੇ (ਪ੍ਰਣ ਹੋਵੇਗਾ) ਕਿਉਂਕਿ

ਆਪਣਾ ਇਕੱਠ ਇੱਕ ਥਾਂ ਹੁੰਦਾ ਨਹੀਂ ਤੇ ਪਿੰਡ ਪਿੰਡ 'ਚ ਸੰਗਤ ਜੁੜ ਜਾਂਦੀ ਆ, ਤਕਰੀਬਨ ਸਾਰਿਆਂ ਗੁਰਦੁਆਰਿਆਂ 'ਚ। ਉਹ ਇਕੱਠੇ ਹੋ ਕੇ ਇੱਕ ਥਾਂ ਜੁੜ ਕੇ ਤੇ ਜਿਹੜਾ ਪ੍ਰਚਾਰ ਸੁਣ ਚੱਲੇ ਓ, ਪਿੰਡਾਂ 'ਚ ਜ਼ਰੂਰ ਕਰ ਦਿਉ। ਸਰਕਾਰ ਕੀ ਕਰ ਰਹੀ ਆ ਤੇ ਆਪਣੇ ਨਾਲ ਧੱਕਾ ਕੀ ਕੀ ਹੋਇਆ ? ਤੇ ਇਹ ਜਿਹੜੇ ਸਰਕਾਰ ਦੇ ਸੋਹਿਲੇ ਗਾਉਂਦੇ ਆ ਕੀ ਕਰ ਰਹੇ ਆ ? ਇਹ ਸਾਰਾ ਦੱਸ ਦਿਉ ਪਿੰਡਾਂ 'ਚ ਧਿਆਨ ਨਾਲ ਕਿ ਭਿੰਡਰਾਂਵਾਲੇ ਨੇ ਕਿਹਾ ਕਿ ਕੀ ਕਰਨਾ, ਇਹ ਵੀ ਦੱਸ ਦਿਉ। ਇਹ ਪ੍ਰਚਾਰ ਕਰਨ ਵਾਸਤੇ ਕਿ ਸੰਗਰਾਂਦ ਵਾਲੇ ਦਿਨ, ਇੱਕ ਦਿਨ, ਸਾਰੇ ਪਿੰਡ ਦੀ ਸੰਗਤ, ਜਿੱਥੇ ਜਿੱਥੇ ਪਿੰਡਾਂ 'ਚ ਗੁਰਦੁਆਰੇ ਹਨ। ਉਥੇ ਇਕੱਠੇ ਹੋ ਕੇ ਤੇ ਇਹ ਨਿਯਮ ਕਰਨਾ ਕਿ ਜਿੱਦੋਂ ਦਰਬਾਰ ਸਾਹਿਬ 'ਤੇ ਸਰਕਾਰ ਕੋਈ ਹਰਕਤ ਕਰੇ ਤੇ ਜਿਹੜੀ ਮੈਂ ਪਹਿਲਾਂ ਬੇਨਤੀ ਕੀਤੀ ਆ, ਉਹ (ਪੂਰੀ ਕਰਨੀ) ਬੋਲਦਿਆਂ ਗ਼ਲਤੀ ਹੋਵੇ ਤਾਂ ਗੁਰੂ ਕੀ ਸੰਗਤ ਮੁਆਫ਼ ਕਰਿਉ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੩੨.

(ਦੀਵਾਨ ਹਾਲ, ਮੰਜੀ ਸਾਹਿਬ, ਅੰਮ੍ਰਿਤਸਰ, ੨੦-੦੮-੧੯੮੩)

ਸਟੇਜ ਸੈਕਟਰੀ - ਸ੍ਰੀ ਮਾਨ ਸੰਤ ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਆਪਣੇ ਵਿਚਾਰ ਰੱਖ ਰਹੇ ਹਨ। ਉਹਨਾਂ ਦੇ ਵਿਚਾਰ ਸਰਵਣ ਕਰੋ, ਉਹ ਜਾਣ ਵਾਲੇ ਜਥਿਆਂ ਨੂੰ ਅਸ਼ੀਰਵਾਦ ਦੇਣਗੇ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥
ਸ਼੍ਰੋਮਣੀ ਅਕਾਲੀ ਦਲ ॥ ਜ਼ਿੰਦਾਬਾਦ ॥
ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸਤਿਗੁਰੂ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ ਜੀ ਦੀ ਸਾਜ਼ੀ ਨਿਵਾਜ਼ੀ ਗੁਰੂ ਰੂਪ ਸਾਧ ਸੰਗਤ ਜੀਉ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਪਿਆਰੇ ਖ਼ਾਲਸਾ ਜੀ ਆਪ ਜੀ ਨੇ ਸਟੇਜ ਉੱਪਰੋਂ ਬੋਲਣ ਵਾਲੇ ਬੁਲਾਰਿਆਂ ਦੇ ਪਾਸੋਂ ਸੁੰਦਰ ਵਿਚਾਰ ਸਰਵਣ ਕੀਤੇ ਹਨ, ਵਡਭਾਗੀ ਬਣੇ ਹੋ। ਜੋ ਧਰਮਯੁੱਧ ਮੋਰਚਾ ਕਾਫ਼ੀ ਸਮੇਂ ਤੋਂ ਚੱਲ ਰਿਹਾ ਹੈ, ਇਸ ਦੇ ਵਿੱਚ ਬੇਅੰਤ ਸਿੰਘਾਂ ਨੇ ਔਰ ਮਾਈਆਂ ਬੀਬੀਆਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ ਹਨ।

ਭਾਈ ਮਸੀਬਤ ਸਿੰਘ ਅਤੇ ਭਾਈ ਗੁਰਮੀਤ ਸਿੰਘ ਧੂਲਕੋਟ ਦੀ ਸ਼ਹਾਦਤ

ਬਹੁਤ ਸਿੰਘਾਂ ਨੇ ਆਪਣਾ ਖ਼ੂਨ ਡੋਲ੍ਹ ਕੇ ਇਸ ਮੋਰਚੇ ਨੂੰ ਕਾਮਯਾਬ ਬਣਾਉਣ ਵਾਸਤੇ ਕੁਰਬਾਨੀਆਂ ਕੀਤੀਆਂ ਹਨ, ਜਿਹਨਾਂ ਵਿੱਚੋਂ ਅੱਜ ਦੇ ਦਿਨ, ੨੦ ਤਰੀਕ ਹੈ ਨਾ ਭਾਈ (ਕਿਸੇ ਸਿੰਘ ਨੂੰ ਪੁੱਛਦੇ ਹੋਏ) ਮਨਜੀਤ ਸਿੰਘ ਉਰਫ਼ ਮੁਸੀਬਤ ਸਿੰਘ ੪ ਅਗਸਤ ਨੂੰ ਜਿਸ ਵੇਲੇ ਇਕੱਤਰਤਾ ਰੂਪ ਵਿੱਚ ਮੋਰਚਾ ਅਜੇ ਅਰੰਭ ਹੋਇਆ (ਸੀ)। ੧੯ ਜੁਲਾਈ ਨੂੰ ਭਾਈ ਅਮਰੀਕ ਸਿੰਘ ਦੀ ਗ੍ਰਿਫ਼ਤਾਰੀ ਹੋਣ ਤੋਂ ਉਪਰੰਤ ਇਹ ਮੋਰਚਾ ਅਰੰਭ ਹੋਇਆ (ਸੀ)। ਨੰਬਰਵਾਰ ਜਥੇ ਚੱਲਦੇ ਰਹੇ। ਪਹਿਲੇ ਇੱਕ ਦੋ ਜਥਿਆਂ ਦੇ ਵਿੱਚੋਂ ਭਾਈ ਮੱਖਣ ਸਿੰਘ ਜੀ ਮੱਤੇਵਾਲ, ਇਹ ਵੀ ਜਥਾ ਲੈ ਕੇ ਗਏ। ਫਿਰੋਜ਼ਪੁਰ ਆਪਣੇ ਸਾਥੀਆਂ ਸਮੇਤ ਕਾਫ਼ੀ ਸਮਾਂ ਇਹਨਾਂ ਨੇ ਲਾਇਆ। ੨੦ ਅਗਸਤ ਨੂੰ ਜਦੋਂ ਇਥੇ ਸਾਰਾ ਹੀ ਅਕਾਲੀ ਦਲ, ਸਮੁੱਚੇ ਤੌਰ 'ਤੇ ਸਾਰੀ ਸੰਗਤ (ਨੇ) ਇਕੱਠੀ ਹੋ ਕੇ ਜਥਾ ਤੋਰਿਆ, ਉਸ ਦਿਨ ਭਾਈ ਮਨਜੀਤ ਸਿੰਘ ਜੀ ਨੇ, ਜਿਹਨਾਂ ਦਾ ਨਾਉਂ ਅਖ਼ਬਾਰਾਂ ਵਿੱਚ ਵਿਸ਼ੇਸ਼ ਤੌਰ 'ਤੇ

ਮੁਸੀਬਤ ਸਿੰਘ ਕਰਕੇ ਆਇਆ । ਜਿਹਨਾਂ ਦਾ ਜਨਮ ਅਸਥਾਨ ਮਹਿਤਾ ਪਿੰਡ ਹੈ । ਉਹਨਾਂ ਗੁਰਮੁਖਾਂ ਨੇ, ਜੋ ਸਰਕਾਰ ਨੇ ਕਾਫ਼ੀ ਸਮੇਂ ਤੋਂ ਲੈ ਕਰਕੇ ਸਿੰਘਾਂ ਦਾ ਖ਼ੂਨ ਪੀਣਾ ਅਰੰਭਿਆ ਸੀ, ਉਸ ਦਾ ਹੱਕ ਲੈਣ ਵਾਸਤੇ, ਅਨੰਦਪੁਰ ਸਾਹਿਬ ਦੇ ਮਤੇ ਦੀ ਪੂਰਤੀ ਵਾਸਤੇ, ਸ੍ਰੀ ਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਨੂੰ ਅੱਗ ਲਾਉਣ ਵਾਲੇ ਜ਼ਾਲਮਾਂ ਤੋਂ ਹੱਕ ਲੈਣ ਵਾਸਤੇ, ਸਿੱਖ ਕੌਮ ਦੀ ਚੜ੍ਹਦੀ ਕਲਾ ਕਰਨ ਵਾਸਤੇ, ਸਿੱਖੀ ਸ਼ਾਨ ਨੂੰ ਚਮਕਾਉਂਦਿਆਂ ਹੋਇਆਂ, ਪ੍ਰਫੁਲਤਾ ਦੇ ਸਹਿਤ ਵੇਖਣ ਵਾਸਤੇ, ਆਪਣੇ ਆਪ ਨੂੰ ਮੌਤ ਦੇ ਮੂੰਹ ਵਿੱਚ ਪਾਇਆ । ਜਹਾਜ ਅਗਵਾਹ ਕੀਤਾ । ਜਹਾਜ਼ ਇਸ ਵਾਸਤੇ ਅਗਵਾਹ ਨਹੀਂ ਸੀ ਕੀਤਾ ਕਿ ਕੋਈ ਹਿੰਦੁਸਤਾਨ ਵਿੱਚ, ਗੜਬੜ ਉਹ ਕੋਈ ਕਰਾਉਣੀ ਚਾਹੁੰਦਾ ਸੀ । ਭਾਵੇਂ ਹਿੰਦੂ ਲੋਕਾਂ ਨੇ ਜਾਂ ਹੁਕਮਰਾਨ ਲੋਕਾਂ ਨੇ, ਸਿੱਖਾਂ ਨੂੰ ਭੰਡਣ ਵਾਸਤੇ ਪ੍ਰਾਪੇਗੰਡਾ ਤਾਂ ਸ਼ੁਰੂ ਕੀਤਾ ਕਿ ਸਿੱਖਾਂ ਨੇ ਜਹਾਜ ਅਗਵਾਹ ਕੀਤਾ, ਇਹ ਦੇਸ਼ ਨਾਲ ਧ੍ਰੋਹੀ ਹੈ, ਗ਼ਦਾਰੀ ਹੈ, ਇਹੋ ਜਿਹੇ ਫਤਵੇ ਦਿੱਤੇ, ਪਰ ਉਸ ਯੋਧੇ ਨੇ, ਇਸ ਸੂਰਮੇ ਨੇ, ਜੋ ਇਹਨਾਂ ਲੋਕਾਂ ਨੇ ਰੋਸ ਮੁਜ਼ਾਹਰੇ ਦੇ ਸੰਬੰਧ ਵਿੱਚ ਕਦਮ ਚੁੱਕੇ ਸਨ, ਉਹਨਾਂ ਤੋਂ ਸਿੱਖਿਆ ਲੈਂਦਿਆਂ ਹੋਇਆਂ, ਆਪਣੇ ਇਸ਼ਟ ਦੇ ਸਤਿਕਾਰ ਨੂੰ ਕਾਇਮ ਕਰਨ ਵਾਸਤੇ, ਇਹ ਕਦਮ ਚੁੱਕਿਆ । ੧੯੭੨ ਵਿੱਚ ਜਿਸ ਵੇਲੇ ਬੀਬੀ ਇੰਦਰਾ ਨੂੰ ਸਜ਼ਾ ਹੋਈ ਸੀ, ਇਸ ਵੇਲੇ ਪਾਂਡੇ ਹੁਰਾਂ ਨੇ ਜਹਾਜ ਅਗਵਾਹ ਕੀਤਾ ਸੀ ਤੇ ਜੇ ਭਾਈ ਇੱਕ ਪੰਡਿਤਾਂ ਦੀ ਲੜਕੀ ਵਾਸਤੇ ਜਹਾਜ ਅਗਵਾਹ ਹੋ ਸਕਦਾ ਹੈ ਤੇ ਸਿੱਖਾਂ ਦੇ ਇਸ਼ਟ ਵਾਸਤੇ ਤੇ ਸਿੱਖ ਕੌਮ ਦੀ ਸ਼ਾਨ ਵਾਸਤੇ, ਇਹਨੂੰ ਉੱਚਿਆਂ ਕਰਨ ਵਾਸਤੇ ਤੇ ਗੌਰਮੈਂਟ ਦੇ ਕੰਨ ਖੋਲ੍ਹਣ ਵਾਸਤੇ, ਰੋਸ ਮੁਜ਼ਾਹਰੇ ਦੇ ਰੂਪ ਵਿੱਚ ਸਿੱਖ ਜਹਾਜ ਅਗਵਾਹ ਕਿਉਂ ਨਹੀਂ ਕਰ ਸਕਦਾ ? ਜੇ ਤਾਂ ਵਾਧਾ ਕੀਤਾ ਤਾਂ ਦੱਸਣ ਤੇ ਜੇ ਇਹਨਾਂ ਨੇ ਪ੍ਰੂਹਿਲਾਂ ਇੱਕ ਜਨਾਨੀ ਵਾਸਤੇ ਜਹਾਜ ਅਗਵਾਹ ਕਰ ਲਿਆ ਤੇ ਫਿਰ ਸਿੱਖ ਨੇ ਆਪਣੇ ਇਸ਼ਟ ਵਾਸਤੇ ਕਰ ਲਿਆ, ਸਿੱਖ ਨੇ ਗ਼ਦਾਰੀ ਕਿਵੇਂ ਕੀਤੀ ਤੇ ਇਹਨਾਂ ਦੀ ਦੇਸ਼ ਭਗਤੀ ਦੁਨੀਆ 'ਚ ਕਿਵੇਂ ਹੋ ਗਈ ? ਉਸ ਸਿੱਖ ਨੂੰ ਰਾਜਾਸਾਂਸੀ ਦੇ ਅੱਡੇ 'ਤੇ ਪਕੜ ਕੇ, ਪਹਿਲਾਂ ਭਰੋਸਾ ਦਿੱਤਾ ਗਿਆ । ਭਰੋਸਾ ਦੇਣ ਤੋਂ ਪਿੱਛੋਂ ਛਲ ਵਿੱਚ ਲਿਜਾ ਕੇ, ਅੱਜ ਦੇ ਦਿਨ ਖ਼ਾਲਸਾ ਜੀ, ਗੋਲੀ ਦਾ ਸ਼ਿਕਾਰ ਬਣਾ ਕੇ ਮੌਤ ਦੇ ਘਾਟ ਉਤਾਰਿਆ । ਉਸ ਸਿੰਘ ਨੇ ਸ਼ਹਾਦਤ ਪ੍ਰਾਪਤ ਕੀਤੀ, ਧਨ ਹੈ ਉਸ ਦੀ ਮਾਤਾ ਤੇ ਉਸਦੇ ਪਿਤਾ, ਜਿਹਨਾਂ ਦੇ ਨੌਜੁਆਨ ਭੁਝੰਗੀ ਨੇ ਦੇਸ਼ (ਆਜ਼ਾਦੀ ਵਾਸਤੇ) ਤੇ ਕੌਮ ਵਾਸਤੇ ਆਪਾ ਕੁਰਬਾਨ ਕੀਤਾ । ਐਸੇ ਬੀਰ, ਐਸੇ ਸ਼ਹੀਦ ਜਿਸ ਵੀ ਕੌਮ ਵਿੱਚ ਹੋਣ, ਉਹ ਕੌਮ ਕਦੇ ਹਾਰਦੀ ਨਹੀਂ । ਉਸ ਗੁਰਮੁਖ ਗੁਰਸਿੱਖ ਦੀ ਵੀ ਅੱਜ ਆਪਾਂ ਯਾਦ ਮਨਾ ਰਹੇ ਹਾਂ, ਸਲਾਨਾ ਬਰਸੀ ਮਨਾ ਰਹੇ ਹਾਂ, ਦੋਹਾਂ ਸਿੰਘਾਂ ਦੀ ਇਕੱਠੀ ਬਰਸੀ ਮਨਾਈ ਗਈ ਹੈ, ਪਾਠ ਕੱਲ ਦਾ ਆਰੰਭ ਹੋਇਆ, ਅੱਜ ਪਾਠ ਮੱਧ ਵਿੱਚ ਆਇਆ ।

ਅੱਜ ਦੇ ਦਿਨ ਭਾਈ ਮਨਜੀਤ ਸਿੰਘ ਉਰਫ਼ ਮੁਸੀਬਤ ਸਿੰਘ ਨੇ ਸ਼ਹਾਦਤ ਦਿੱਤੀ ਆ ਤੇ ਕੱਲ ਨੂੰ ੨੧ ਤਰੀਕ ਹੈ । ੨੧ ਤਰੀਕ ਵਾਲੇ ਦਿਨ ਰਾਹੋਂ ਜੋ ਧਮਾਕਾ ਹੋਇਆ ਸੀ, ਉਸ ਦੇ ਸੰਬੰਧ ਵਿੱਚ ਭਾਈ ਗੁਰਮੀਤ ਸਿੰਘ ਜੋ ਧੂਲਕੋਟ ਤੋਂ ਹੈ । ਇੱਕੋ ਇੱਕ ਇਕਲੌਤਾ ਪੁੱਤਰ ਸੀ ਮਾਪਿਆਂ ਦੇ, ਅੱਗੇ ਕੋਈ ਬੰਸ ਨਹੀਂ, ਉਸ ਨੂੰ ਪਕੜ ਕੇ, ਉਹਦੇ ਨਹੁੰ ਤੋੜ ਕੇ, ਉਹਦੇ ਵਿੱਚ ਲੂਣ ਪਾ ਪਾ ਕੇ, ਹੱਥਾਂ ਦੇ ਥੱਲੇ ਮੋਮਬਤੀਆਂ ਰੱਖ ਕੇ ਹੱਥ ਸਾੜ ਕੇ, ਫਿਰ ਭੁੱਲਰ ਨੇ ਵਾਇਰਲੈੱਸ ਕੀਤੀ, ਪੰਜਾਬ ਦੇ ਮੁੱਖ ਮੰਤਰੀ ਜ਼ਕਰੀਏ ਨੂੰ ਕਿ ਇਹਦੇ ਹੱਥ ਸਾੜ ਦਿੱਤੇ ਆ, ਨਹੁੰ ਤੋੜ ਦਿੱਤੇ ਆ, ਲੂਣ ਉੱਪਰ ਪਾ ਦਿੱਤਾ, ਪਰ ਇਹ ਸਤਿ ਸ੍ਰੀ ਅਕਾਲ ਤੇ ਵਾਹਿਗੁਰੂ ਤੋਂ ਬਿਨਾ ਮੂੰਹੋਂ ਕੁਝ ਬੋਲਦਾ

ਨਹੀਂ। ਇਸ ਬਹੁਰੂਪੀਏ ਦੇ ਮੂੰਹ ਵਿੱਚੋਂ ਉਸ ਵੇਲੇ ਅਵਾਜ਼ ਨਿਕਲੀ ਕਿ ਇਹਨੂੰ ਗੋਲੀ ਮਾਰ ਕੇ ਮੌਤ ਦੇ ਘਾਟ ਉਤਾਰ ਦਿਉ। ਇਸ ਤਰੀਕੇ ਦੇ ਨਾਲ ਉਹਨੂੰ ਸ਼ਹੀਦ ਕੀਤਾ ਗਿਆ। ਸਮਾਂ ਕਿਤੇ ਆਇਆ, ਅੱਜ ਨਹੀਂ ਜਾਂ ਕੱਲ ਪਰਸੋਂ ਨੂੰ ਨਹੀਂ, ਕਿਤੇ ਸਮੇਂ ਨੇ ਇਜਾਜ਼ਤ ਦਿੱਤੀ ਤੇ ਭੁੱਲਰ ਇਕਬਾਲ ਵੀ ਹੋਇਆ, ਭੁੱਲਰ ਜਿਹੜਾ ਐਸ.ਐਸ.ਪੀ. ਆ ਜਲੰਧਰ ਵਾਲਾ, ਇੱਕ ਬਹੁਤ ਵੱਡੇ ਵਿਅਕਤੀ ਕੋਲੇ ਇਕਬਾਲ ਵੀ ਹੋਇਆ ਕਿ ਜਦੋਂ ਇੰਨੇ ਤਸੀਹੇ ਦੇ ਕੇ ਤੇ ਮੈਂ ਵਾਇਰਲੈੱਸ ਕੀਤੀ ਆ, ਉਸ ਵੇਲੇ ਮੁੱਖ ਮੰਤਰੀ ਨੇ ਕਿਹਾ ਕਿ ਇਹਨੂੰ ਮੌਤ ਦੇ ਘਾਟ ਉਤਾਰ ਦਿਉ ਤੇ ਮੁਕਾਬਲਾ ਬਣਾ ਦਿਉ। ਉਹ ਆਪ ਇਕਬਾਲ ਹੋਇਆ, ਪਰ ਨਾ ਦੱਸਣ ਤੋਂ ਕੇਵਲ ਇੱਕ ਕੋਈ ਕਾਰਨ ਆਂ, ਜਿਸ ਕਰਕੇ ਮੈਂ ਸੰਕੋਚ ਕੀਤੀ ਆ, ਸਮਾਂ ਆਇਆ ਸਤਿਗੁਰੂ ਨੇ ਜੇ ਕਿਤੇ ਬਖ਼ਸ਼ਸ਼ ਕਰ ਦਿੱਤੀ ਤੇ ਇਹ ਲੋਕ ਤੁਹਾਨੂੰ (ਤੁਹਾਡੇ ਕੋਲ) ਸਟੇਜਾਂ 'ਤੇ ਮੰਨਣਗੇ, ਨਹੀਂ ਤਾਂ ਉਥੇ ਜ਼ਰੂਰ ਮੰਨਣਗੇ, ਜਿੱਥੇ ਮਨਾਉਂਦੇ ਹੁੰਦੇ ਆ। ਸੋ ਖ਼ਾਲਸਾ ਜੀ ਉਹਨਾਂ ਯੋਧਿਆਂ ਦੀ ਯਾਦ ਵਿੱਚ ਵੀ ਅੱਜ ਆਪਾਂ ਇਕੱਤਰ ਹੋਏ ਹਾਂ। ਮੈਂ ਸੰਗਤ ਵਿੱਚ ਬੇਨਤੀ ਕਰਾਂਗਾ, ਅੱਜ ਸ਼ਨਿਛਰ ਵਾਰ ਆ, ਇਕੱਠ ਭਾਵੇਂ ਅੱਜ ਵੀ ਕਾਫ਼ੀ ਆ, ਪਰ ਕੱਲ ਨੂੰ ਦੋਹਾਂ ਸ਼ਹੀਦਾਂ ਦੀ ਯਾਦ ਵਿੱਚ, ਭੋਗ ਪਵੇਗਾ ਤੇ ੧:੦੦ ਵਜੇ ਤੋਂ ਲੈ ਕੇ ਸ਼ਾਮ ਤੱਕ ਦੀਵਾਨ ਸੱਜੇਗਾ। ਵੱਧ ਤੋਂ ਵੱਧ ਸੰਗਤਾਂ ਨੂੰ ਦੀਵਾਨ ਵਿੱਚ ਹਾਜ਼ਰੀ ਭਰਨੀ ਚਾਹੀਦੀ ਹੈ।

ਅਖ਼ਬਾਰਾਂ ਦੀ ਭੁਲੇਖਾ-ਪਾਊ ਨੀਤੀ

ਕਈ ਪ੍ਰਕਾਰ ਦੀਆਂ ਖ਼ਬਰਾਂ ਅਖ਼ਬਾਰਾਂ ਵਿੱਚ ਆਉਂਦੀਆਂ, ਇੱਕ ਦੂਜੇ 'ਚ ਫੁੱਟ ਪਾਉਣ ਵਾਸਤੇ, ਉਹਨਾਂ ਤੋਂ ਆਪਾਂ ਨੂੰ ਸਾਵਧਾਨ ਵੀ ਰਹਿਣਾ ਚਾਹੀਦਾ, ਪਰ ਕਈ ਐਸੀਆਂ ਦਲੀਲਾਂ ਆ ਜਾਂਦੀਆਂ, ਜਿਹਨਾਂ ਦੇ ਨਾਲ ਕਈ ਵਾਰੀ ਕੁਝ ਵੀਰਾਂ ਨੂੰ ਮਹਿਸੂਸ ਹੋ ਜਾਂਦਾ, ਪਰ ਉਹਨਾਂ ਦਾ ਪਛੋਕੜ ਆਪਾਂ ਸਾਰਿਆਂ ਨੂੰ ਧਿਆਨ ਵਿੱਚ ਜ਼ਰੂਰ ਰੱਖਣਾ ਚਾਹੀਦਾ। ਦਾਸ ਨੇ ਮਹਾਂਪੁਰਖਾਂ ਦੀ ਯਾਦ ਮਨਾਉਂਦਿਆਂ ਹੋਇਆਂ ਬਰਸੀ ਵਾਲੇ ਦਿਨ ਇਥੇ ਕਥਾ ਕਰਦਿਆਂ, ਕੁਝ ਕੁ ਆਪਣੇ ਵਿਚਾਰ ਪ੍ਰਗਟ ਕੀਤੇ ਸੀ, ਉਹਨਾਂ ਵਿਚਾਰਾਂ ਨੂੰ ਮੁੱਖ ਰੱਖਦਿਆਂ ਹੋਇਆਂ, ਗੌਰਮੈਂਟ ਦੇ ਵਿੱਚ, ਵਿਸ਼ੇਸ਼ ਤੌਰ 'ਤੇ ਜੋ ਹਿੰਦੂ ਬਰਾਦਰੀ ਨਾਲ ਸੰਬੰਧ ਰੱਖਣ ਵਾਲੇ ਲੋਕ ਆ, ਉਹਨਾਂ ਨੇ ਦਾਸ ਦੀ ਜਾਨ ਦਾ ਬੜਾ ਭਾਰੀ ਸਿਆਪਾ ਕੀਤਾ, ਬਹੁਤ ਪਿਟੇ ਆ, ਡਿਕਟੇਟਰ ਸਾਹਿਬ ਨੂੰ ਅਪੀਲਾਂ ਵੀ ਕੀਤੀਆਂ ਪਾਂਡੇ ਵਰਗਿਆਂ ਨੇ, ਜੋਗਿੰਦਰ ਪਾਲ ਪਾਂਡੇ ਸ਼ਾਇਦ ਉਹਦਾ ਨਾਉਂ ਆਂ। ਉਹਨਾਂ ਨੇ ਕਿਹਾ ਕਿ ਇਥੇ ਗਰਮ ਬਿਆਨ ਬਾਜ਼ੀ ਨਾ ਦਿਉ, ਇਹ ਕਿਸੇ ਨੂੰ ਕੋਈ ਹੱਕ ਨਹੀਂ, ਸੋ ਇਹੋ ਜਿਹੀਆਂ ਗੱਲਾਂ ਕਰਨੀਆਂ ਇਹ ਠੀਕ ਨਹੀਂ, ਭਿੰਡਰਾਂਵਾਲੇ ਹਿੰਦੂਆਂ ਦਾ ਨਾਂਅ ਲੈ ਦਿੱਤਾ। ਉਹ ਜਦੋਂ ਜਪੁਜੀ ਸਾਹਿਬ ਵਿੱਚ ਪੰਗਤੀ ਆਉਂਦੀ ਆ,

ਕੇਤੇ ਲੈ ਲੈ ਮੁਕਰੁ ਪਾਹਿ ॥ (ਜਪੁ, ੫)

ਜੇ ਕਿਸੇ ਨੂੰ ਪੁਛੀਏ ਕਿ ਤੂੰ ਦੂਜੀ ਪੰਗਤੀ ਕਿਉਂ ਨਹੀਂ ਪੜ੍ਹਦਾ, ਉੱਤਰ ਪਤਾ ਕੀ ਦਿੰਦੇ ਆ ? ਉੱਤਰ ਇਹ ਦਿੰਦੇ ਆ, ਕਿ ਸਾਰਾ ਜਪੁਜੀ ਸਾਹਿਬ ਸਾਡੇ ਵਾਸਤੇ ਈ ਆ, ਬਾਕੀ ਤੁਸੀਂ ਪੜ੍ਹ ਲਿਉ,

ਕੇਤੇ ਲੈ ਲੈ ਮੁਕਰੁ ਪਾਹਿ ॥
ਕੇਤੇ ਮੂਰਖ ਖਾਹੀ ਖਾਹਿ ॥ (ਜਪੁ, ੫)

ਸਾਡੀ ਪੰਗਤੀ, ਸਾਡੇ ਵਾਸਤੇ ਆ ਤੇ

ਕੇਤੇ ਮੂਰਖ ਖਾਹੀ ਖਾਹਿ ॥ (ਜਪੁ, ੫)

ਤੁਹਾਡੇ ਵਾਸਤੇ ਆ। ਉਹ ਹੀ ਹਾਲਤ ਇਹਨਾਂ ਲੋਕਾਂ ਦੀ ਆ ਤੇ ਜਵਾਬ ਦੇਣ ਵਾਲਿਆਂ ਦੀ ਆ।

ਮੈਂ ਜੋ ਪ੍ਰਚਾਰ ਕੀਤਾ ਟੇਪ ਚਿਕਾਰਡ ਮੌਜੂਦ ਆ, ਸ਼ਾਇਦ ਟੈਲੀਵੀਜ਼ਨ (ਵੀਡੀਉ ਕੈਸਟ) 'ਤੇ ਵੀ ਹੋਵੇਗੀ ਉਹ, ਦੂਜੀਆਂ ਟੇਪਾਂ (ਆਡੀਉ ਕੈਸਟਾਂ) ਵਿੱਚ ਵੀ ਭਰਿਆ। ਉਹਦਾ ਪਿਛੋਕੜ ਕੋਈ ਨਹੀਂ ਦੱਸਿਆ ਤੇ ਅਗਾਂਹ ਜਾ ਕੇ ਕੁਝ ਨਹੀਂ ਦੱਸਿਆ। ਕੇਵਲ ਦੋ ਅੱਖਰ ਵਿੱਚੋਂ ਕੱਟ ਲਏ ਤੇ ਭਿੰਡਰਾਂਵਾਲਾ ਕਹਿੰਦਾ ਜੀ ਹਿੰਦੂਆਂ ਨੂੰ ਸਜ਼ਾ ਦੇਵਾਂਗੇ। ਕਿਹਾ ਕਿਉਂ ? ਇਹ ਪੁੱਛਿਆ ਕਿਸੇ ਨੇ ਭਿੰਡਰਾਂਵਾਲੇ ਨੂੰ ਕਿ ਤੈਨੂੰ (ਇਹ) ਕਹਿਣ ਦੀ ਸਟੇਜ 'ਤੇ ਕੀ ਲੋੜ ਪੈ ਗਈ ? ਆਹ ਹੁਣੇ ਮੈਂ ਉੱਤਰ ਰਿਹਾ ਸੀ ਪੌੜੀਆਂ ਤੋਂ, ਨਾਂਅ ਤੇ ਮੇਰੇ ਯਾਦ ਨਹੀਂ ਵੀਰ ਦਾ। ਉਹਦੇ ਨਾਲ ਦੋ ਹਿੰਦੂ ਸੇਠ ਇਥੇ ਸ਼ਹਿਰ ਦੇ ਆਏ, ਮੁੜਕੇ ਮੁੜਕੀ (ਹੋਏ)। ਮੈਂ ਪੁੱਛਿਆ.....? ਅਜੇ ਦੂਜੀ ਕੁ ਮੰਜ਼ਲ 'ਤੇ ਗਏ ਤੇ ਮੈਂ ਉਥੇ ਆ ਗਿਆ। ਮੈਂ ਕਿਹਾ ਕੀ ਗੱਲ ਆ ? ਕਹਿੰਦੇ ਜੀ ਦਰਸ਼ਨ ਕਰਨ ਆਏ ਸੀ। ਮੈਂ ਕਿਹਾ ਮੁੜਕੇ ਨਾਲ ਭਿੱਜੇ ਆਂ ? ਕਹਿੰਦੇ ਸ਼ੱਕ ਜਿਹੀ ਸੀ, ਪਤਾ ਨਹੀਂ ਸੁੱਕੇ ਮੁੜਾਂਗੇ ਕਿ ਨਹੀਂ। ਹੁਣ ਕਹਿੰਦੇ ਜੀ ਅਸੀਂ ਕੱਲ ਨੂੰ ਕਾਫ਼ੀ ਹਿੰਦੂ ਇਕੱਠੇ ਕਰਕੇ ਲਿਆਵਾਂਗੇ ਤੇ ਉਹਨਾਂ ਦੀ ਤਸੱਲੀ ਕਰਾਵਾਂਗੇ। ਅਖ਼ਬਾਰਾਂ ਨੇ ਰੂਪ ਇਹੋ ਜਿਹਾ ਦੇ ਦਿੱਤਾ। ਹੁਣ ਜਿਹੜੇ ਇਹੋ ਜਿਹੇ ਅਖ਼ਬਾਰ ਆ, ਉਹਨਾਂ ਨੂੰ ਵੀ ਇਹੋ ਹੀ ਕਹੀ ਚੱਲੋ ਹਿੰਦੂ ਸਿੱਖ ਏਕਤਾ, ਸਾਡੇ ਹਿੰਦੂ ਭਾਈ ਭਾਈ ਤੇ ਜਿਹਦਾ ਦਿਨੇ-ਰਾਤ ਈ ਕਲਗੀਧਰ ਜੀ ਦੀ ਨਿੰਦਿਆ ਕਰਨ ਉੱਤੇ ਜ਼ੋਰ ਆ, ਜੱਸ ਵਰਗੇ, ਵਰਿੰਦਰ ਵਰਗੇ, ਵਿਜੇ ਕੁਮਾਰ ਵਰਗੇ ਤੇ ਰਮੇਸ਼ ਵਰਗੇ, ਜਿਹੜੇ ਇਹੋ ਜਿਹੇ ਲੋਕ ਕਲਗੀਧਰ ਨੂੰ, ਰਾਣੇ ਪ੍ਰਤਾਪ ਦੇ ਨਾਲ ਤੇ ਸ਼ਿਵਾ ਮਰਹੱਟੇ ਦੇ ਨਾਲ ਤੁਲਨਾ ਦਿੰਦੇ ਆ। ਉਹਨਾਂ ਲੋਕਾਂ ਬਾਰੇ ਕਿਤੇ ਸੰਗਤ ਨੂੰ ਸੂਚਿਤ ਕੀਤਾ ਜਾਵੇ ਤੇ ਇਹ ਸੂਚਿਤ ਕਰਨ ਤੋਂ ਬੁਖ਼ਾਰ ਸਾਨੂੰ ਚੜ੍ਹ ਜਾਵੇ। ਕੀ ਇਹ ਸਿਆਣਪ ਹੈ ?

ਬੱਸ ਥਾਨੇ ਬੰਦ ਕਰਨੀ

ਮੈਂ ਇਹਦੇ ਸੰਬੰਧ ਵਿੱਚ ਬਿਆਨ ਦਿੱਤਾ ਸੀ, ਜਦੋਂ ਹਿੰਦੂਆਂ ਦੀ ਗੱਲ ਸਟੇਜ ਤੋਂ ਚੱਲੀ ਆ ਕਿ ਜੇ ਅਸੀਂ ਆਪਣੇ ਸੱਚਖੰਡ ਵਾਸੀ ਮਹਾਂਪੁਰਖ, ਅਸੀਂ ਜਿਹਨਾਂ ਨੂੰ ਆਪਣਾ ਪਿਤਾ ਮੰਨਦੇ ਆਂ, ਆਪਣੇ ਬਜ਼ੁਰਗ ਮੰਨਦੇ ਆਂ, ਉਹਨਾਂ ਦੀ ਮਾਤਾ ਬਿਰਧ (ਹੋਵੇ) ਤੇ ਉਹਨਾਂ ਦੇ ਪੁੱਤਰ ਨੇ ਚੜ੍ਹਾਈ ਕੀਤੀ ਹੋਵੇ ਤੇ ਪੁੱਤਰ ਦੀ ਚੜ੍ਹਾਈ ਦੇ ਸੰਬੰਧ ਵਿੱਚ ਬਰਸੀ ਮਨਾਉਂਦੇ ਹੋਈਏ ਤੇ ਬਰਸੀ ਦੇ ਸੰਬੰਧ ਵਿੱਚ, ਬ੍ਰਹਮ ਗਿਆਨੀ ਦੀ ਮਾਤਾ ਨੂੰ ਲੈਣ ਜਾਵੇ ਬੱਸ। ਉਹਨਾਂ ਦੇ ਪਰਿਵਾਰ ਨੂੰ ਲੈਣ ਜਾਵੇ ਤੇ ਬੱਸ ਨੂੰ ਫੜ੍ਹ ਕੇ ਥਾਣੇ ਵਿੱਚ ਬੰਦ ਕੀਤਾ ਜਾਵੇ। ਉਹਦੇ ਛਡਾਉਣ ਦੇ ਸੰਬੰਧ ਵਿੱਚ ਮੈਂ ਬਿਆਨ ਦਿੱਤਾ ਤੇ ਨਾਲ ਇਹ ਕਿਹਾ ਕਿ ਇਹ ਅੱਖਰ ਕਿਉਂ ਵਰਤੇ ਆ ? ਅੱਖਰ ਤਾਂ ਵਰਤੇ ਆ, ਅਸ਼ੋਕ ਕੁਮਾਰ ਨਾਮੀ ਇੱਕ ਵਿਅਕਤੀ ਪੁਲੀਸ ਦੀ ਗੋਲੀ ਨਾਲ ਮਾਰਿਆ ਗਿਆ ਪਟਿਆਲੇ 'ਚ। ਸੈਂਟਰ ਦੀ ਗੌਰਮੈਂਟ ਦੀਆਂ ਬੰਮੀਆਂ ਹਿੱਲ ਗਈਆਂ, ਕੰਧਾਂ ਹਿੱਲ ਗਈਆਂ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੌੜੀ ਆਈ, ਗ੍ਰਹਿ ਮੰਤਰੀ ਸੇਠੀ ਭੱਜਿਆ ਆਇਆ, ਚਤੁਰਵੇਦੀ ਦੀ ਅੱਡੀ ਨਹੀਂ ਲੱਗੀ, ਉਹ ਵੀ ਉਥੇ ਪਹੁੰਚਿਆ, ਪਰ ਪੱਗਾਂ ਵਾਲਿਓ ਵੀਰੋ ਆਪਾਂ ੨੦੦ ਸ਼ਹੀਦ ਹੋ ਚੱਲੇ ਆਂ, ਕੁਝ ਹੀ ਘੱਟ

ਹੋਵਾਂਗੇ, ਕੋਈ ਸਰਕਾਰ ਦਾ ਚੌਕੀਦਾਰ ਤੁਹਾਡਾ ਪਤਾ ਲੈਣ ਆਇਆ ? ਜੇ ਸਿੱਖ ਦੇ ਪੁੱਤ ਦੀ ਸ਼ਹਾਦਤ ਦੀ ਕੁੱਤੇ ਜਿਨੀ ਵੀ ਕਦਰ ਨਹੀਂ ਤੇ ਹਿੰਦੂ ਦਾ ਪੁੱਤ ਮਰ ਜਾਵੇ ਤਾਂ ਸੈਂਟਰ ਹਿੱਲ ਜਾਂਦੀ ਆ। ਫਿਰ ਹੱਥ ਉਥੇ ਲਾਉਣਾ ਚਾਹੀਦਾ, ਜਿੱਥੇ ਇਹ ਹਿਲਦੇ ਆ ਤੇ ਜਿੱਥੇ ਇਹਨਾਂ ਨੂੰ ਪਤਾ ਈ ਕੁਝ ਨਹੀਂ, ਉਥੇ ਹੱਥ ਲਾ ਕੇ ਕਰਨਾ ਕੀ ਆ ? ਕੋਈ ਹਿੰਦੂ ਮਾਰਿਆ ਆਪਾਂ, ਕੇਵਲ ਬਿਆਨ ਦਿੱਤਾ ਨਾ ਤੇ ਬਿਆਨ ਵੀ ਇਸ ਸ਼ਰਤ 'ਤੇ ਦਿੱਤਾ ਸੀ, ਭਈ ਜੇ ਅਸੀਂ ਬਜ਼ੁਰਗ ਮਾਤਾ ਨੂੰ ਲੈਣ ਗਏ ਤਾਂ ਵੀ ਕਾਤਲ, ਜੇ ਅਸੀਂ ਅੰਮ੍ਰਿਤ ਛਕਾਉਣ ਗਏ ਤਾਂ ਵੀ ਕਾਤਲ, ਬੁੱਟਰਾਂ ਦਾ ਮੁੰਡਾ ਇੱਕ ਫੜਿਆ ਪ੍ਰਚਾਰ ਕਰਨ ਗਿਆ, ਕੁੱਟ ਕੁੱਟ ਕੇ ਹੱਡ ਤੋੜ ਦਿੱਤੇ ਆ, ਫਰੀਦਕੋਟ ਜੇਲ੍ਹ 'ਚ ਜਾ ਕੇ ਵੇਖ ਲਉ। ਕਥਾ ਕਰਨ ਗਿਆ ਪਿੰਡ 'ਚ। ਪਿੰਡ 'ਚ ਕਥਾ ਕਰਨ ਗਏ ਨੂੰ ਫੜ੍ਹ ਕੇ ਲੱਤਾਂ ਤੋੜੀਆਂ ਉਹਦੀਆਂ। ਜੇ ਕਥਾ ਕਰਦੇ ਅਸੀਂ ਕਾਤਲ ਆਂ, ਅੰਮ੍ਰਿਤ ਸੰਚਾਰ ਕਰਦੇ ਅਸੀਂ ਕਾਤਲ ਆਂ, ਆਪਣੀ ਮਾਤਾ ਨੂੰ ਲੈਣ ਗਏ ਵੀ ਅਸੀਂ ਕਾਤਲ ਆਂ, ਕਥਾ ਗੁਰੂ ਕੀ ਬਾਣੀ ਦੀ ਅਸੀਂ ਐਥੇ ਬਹਿ ਕੇ ਕਰੀਏ, ਅਸੀਂ ਕਾਤਲ ਆਂ ਤੇ ਸ਼ਹੀਦ (ਦੀ ਅਰਥੀ) ਦੇ ਮੋਢਾ ਲਾ ਦੇਈਏ ਜਾ ਕੇ, ਅਸਥੀਆਂ ਨੂੰ ਲਿਜਾਣ ਵਾਸਤੇ (ਜਾਈਏ) ਅਸੀਂ ਕਾਤਲ ਆਂ ਤੇ ਫਿਰ ਸਾਨੂੰ ਸੋਚਣਾ ਪਊਗਾ, ਭਈ ਜੇ ਅਸੀਂ ਝੂਠੇ ਹੀ ਕਾਤਲ ਆਂ ਤੇ ਸੱਚੇ ਬਣ ਕੇ ਵਿਖਾ ਦੇਈਏ ਚੱਜ ਨਾਲ। ਬਿਆਨ ਦਿੱਤਾ, ਕਿਵੇਂ ਪਿੱਟੀ ਆ ਗੌਰਮਿੰਟ ? ਕਿਵੇਂ ਪਿੱਟੇ ਆ ਪਾਂਡੇ ਹੁਰੀਂ ?

ਅੱਜ ੧੩ ਮਹੀਨਿਆਂ ਤੋਂ ਉੱਪਰ ਹੋ ਗਿਆ ਇੱਕ ਦਿਨ, ਮੋਰਚਾ ਲੱਗੇ ਨੂੰ, ਗ੍ਰਿਫ਼ਤਾਰੀ ਦੇ ਰੂਪ ਵਿੱਚ। ਅੱਜ ੨੦ ਤਰੀਕ ਆ, ੧੯ ਤਰੀਕ ਨੂੰ ਲੱਗਾ ਸੀ, ੧੩ ਮਹੀਨੇ ਪੂਰੇ ਹੋ ਗਏ ਆ, ਉੱਪਰ ਇੱਕ ਦਿਨ ਜਾ ਰਿਹਾ ਅੱਜ। ੧੩ ਮਹੀਨਿਆਂ 'ਚ ਕਦੇ ਪਾਂਡੇ ਦਾ ਬਿਆਨ ਪੜ੍ਹਿਆ ਕਿ ਸਿੱਖ ਮਾਰੇ ਗਏ, ਬਹੁਤ ਮਾੜਾ ਹੋਇਆ। ਇਤਨੀ ਭਾਰੀ ਗ੍ਰਿਫ਼ਤਾਰੀ ਦੇ ਚੁੱਕੇ ਆ, ਪਾਂਡੇ ਨੂੰ ਕੋਈ ਦਰਦ ਨਹੀਂ। ਸ਼ਹੀਦ ਹੋ ਗਏ, ਕੋਈ ਦਰਦ ਨਹੀਂ। ਸਿੱਖਾਂ ਦੀਆਂ ਬੀਬੀਆਂ ਰੰਡੀਆਂ ਹੋ ਗਈਆਂ, ਕੋਈ ਦਰਦ ਨਹੀਂ। ਟਰੈਕਟਰਾਂ ਨੂੰ ਅੱਗ ਲਾ ਕੇ ਸਾੜ ਦਿੱਤਾ ਕੁੱਪ ਕਲਾਂ ਵਿੱਚ, ਕੋਈ ਦਰਦ ਨਹੀਂ ਤੇ ਅਜੇ ਤੇ ਨਾਂਅ ਹੀ ਲਿਆ ਸਟੇਜ ਤੋਂ ਛੁੱਟੀ ਵੀ ਨਹੀਂ ਦਿੱਤੀ ਕੋਈ ਤੇ ਤਾਪ ਪਹਿਲਾਂ ਹੀ ਚੜ੍ਹ ਗਿਆ ਸਾਰਿਆਂ ਨੂੰ।

ਸੰਗਤ ਲੁੱਟੀ ਜਾਣ 'ਤੇ ਦਸਮੇਸ਼ ਪਿਤਾ ਜੀ ਦਾ ਹੁਕਮ

ਕਈ ਕਹਿੰਦੇ ਜੀ, ਅਖੇ ਇਹ ਗੁਰੂਆਂ ਦੀਆਂ ਪ੍ਰੰਪਰਾਵਾਂ ਤੋਂ ਉਲਟ ਆ, ਮੈਂ ਸਟੇਜ 'ਤੇ ਪੁੱਛਣਾ ਚਾਹੁੰਦਾ ਹਾਂ, ਕੀ ਕਲਗੀਧਰ ਜੀ ਨੂੰ ਡਾਕੂ ਕਹੋਗੇ ਸਿੱਖਾਂ ਦੇ ਪੁੱਤ ? ਜ਼ਬਾਨ ਸੜੇਗੀ ਨਾ ? ਅਨੰਦਪੁਰ ਦੀ ਠੇਰੀ 'ਤੇ ਬੈਠੇ ਆ, ਮੇਰੇ ਚੋਜੀ ਪ੍ਰੀਤਮ, ਪੁੱਤਰਾਂ ਦੇ ਦਾਨੀ। ਸੰਗਤ ਨੇ ਬੇਨਤੀ ਕੀਤੀ ਸੱਚੇ ਪਾਤਿਸ਼ਾਹ ਸੰਗਤ ਲੁੱਟੀ ਗਈ, ਮੁਗ਼ਲਾਂ ਨੇ ਲੁੱਟ ਲਈ। ਮਹਾਰਾਜ ਕਹਿੰਦੇ ਬਹਿ ਜਾਉ ਕੋਈ ਨਹੀਂ। ਦੂਜੇ ਦਿਨ ਫਿਰ ਸੰਗਤ ਆਈ ਬੇਨਤੀ ਕੀਤੀ ਜੀ ਸਾਨੂੰ ਲੁੱਟ ਲਿਆ। ਮਹਾਰਾਜ ਕਹਿੰਦੇ, ਸਬਰ ਕਰੋ ਬਹਿ ਜਾਉ। ਤੀਜੀ ਵੇਰਾਂ ਫਿਰ ਸੁਨੇਹਾ ਆਇਆ, ਮਹਾਰਾਜ ਸੰਗਤ ਲੁੱਟੀ ਗਈ। ਸੱਚੇ ਪਾਤਿਸ਼ਾਹ ਜੀ ਚੜ੍ਹਦੀ ਜੁਆਨੀ ਆਂ। ਅਜੇ ਦਾਹੜਾ ਮਾਮੂਲੀ ਜਿਹਾ ਸੀ, ਆਇਆ ਨਹੀਂ ਸੀ, ਜਿਵੇਂ ਮਾੜੀ ਮੋਟੀ ਲੂੰਈ ਫੁੱਟਦੀ ਇਹੋ ਜਿਹਾ ਚਿਹਰਾ ਸੀ ਉਦੋਂ ਸਤਿਗੁਰੂ ਦਾ। ਉਸ ਵੇਲੇ ਮਹਾਰਾਜ ਨੇ ਕਿਹਾ, ਬੀਰ ਰਸ ਵਿੱਚ ਆ ਕੇ, ਖ਼ਾਲਸਾ ਜੀ ! ਸਾਡੇ ਕੰਨ੍ਹ ਵਿੱਚ ਇਹ ਅਵਾਜ਼

ਨਹੀਂ ਪੈਣੀ ਚਾਹੀਦੀ ਕਿ ਸੰਗਤ ਲੁੱਟੀ ਗਈ। ਕੱਲ ਤੋਂ ਸਾਡੇ ਕੰਨ੍ਹ ਵਿੱਚ ਇਹ ਅਵਾਜ਼ ਪੈਣੀ ਚਾਹੀਦੀ ਆ ਕਿ ਗੁਰੂ ਕੇ ਖ਼ਾਲਸੇ ਨੇ ਮਾਰ ਬਟਾਰਾ ਕਰ ਲਿਆ, ਮਾਰ ਬਟਾਰਾ ਕੀਤਾ। ਇਹਦਾ ਅਰਥ ਕਦੇ, ਜਿਹੋ ਜਿਹੇ ਅਰਥ ਮੇਰੀ ਵਿਚਾਰ ਦੇ ਕੱਢੇ ਆ ਤੇ ਜੇ ਇਹੀ ਵਿਚਾਰ ਇਧਰ ਲੈ ਲਈਏ ਤੇ ਮੇਰਾ ਖਿਆਲ ਆ ਕਿ ਸਿੱਖ ਦਾ ਪੁੱਤਰ ਗੁਰੂ ਨੂੰ ਡਾਕੂ ਕਹੂ। ਕੀ ਗੁਰੂ ਨੇ ਚੰਗਾ ਕੀਤਾ ਇਹੇ ? ਗੱਲ ਕਿੱਥੋਂ ਤੋਰੀ, ਲਿਜਾ ਕੇ ਲਾਈ ਕਿੱਥੇ ? ਟੀਕਾ-ਟਿਪਣੀ ਸਮਝਦੀ ?

ਭਾਈ ਬਿਦੀ ਚੰਦ ਦੀਆਂ ਸਾਖੀਆਂ

ਮੈਂ ਬੇਨਤੀ ਕਰਾਂਗਾ ਨੌਜੁਆਨੋ ! ਸਾਡਾ ਆਦਰਸ਼ ਹੈ, ਸਾਡਾ ਧਰਮ ਹੈ, ਸਾਡਾ ਅਸੂਲ ਹੈ ਕਿ ਸਿੱਖ ਦੇ ਪੁੱਤ ਨੇ ਨਿਹੱਥੇ ਉੱਤੇ ਵਾਰ ਨਹੀਂ ਕਰਨਾ। ਕਈ ਕਹਿੰਦੇ ਜੀ ਅਖੇ ਲੁਕ ਕੇ ਵਾਰ ਕਰਨਾ ਜਿਹੜਾ ਆ, ਉਹ ਸਿੱਖ ਅਖਵਾ ਈ ਨਹੀਂ ਸਕਦਾ ਤੇ ਜੇ ਭਲਾ ਮੈਂ ਪੁੱਛ ਲਵਾਂ ਭਈ ਲੁੱਕ ਕੇ ਬਾਹਰ ਨਿਕਲਣਾ ਇਹ ਚੰਗਾ ? ਭਾਈ ਬਿਦੀ ਚੰਦ ਜੀ ਨੂੰ ਕੀ ਕਹੋਗੇ ? ਉਹ ਜਿਸ ਸੂਰਮੇ ਨੂੰ ਮੀਰੀ ਪੀਰੀ ਦੇ ਮਾਲਕ ਨੇ ਆਪਣਾ ਹਿਰਦਾ ਕਰਾਰ ਦਿੱਤਾ। 'ਬਿਧੀਆ ਛੀਨਾ, ਗੁਰੂ ਕਾ ਸੀਨਾ'। ਛੀਨਾ ਗੋਤ ਸੀ, ਸੀਨਾ ਹਿਰਦੇ ਨੂੰ ਕਹੀਦਾ ਤੇ ਪੱਟੀ ਦੀ ਸਾਖੀ ਕੀ ਆ ? ਝੁੰਬਲ ਮਾਰਿਆ, ਪੁਲਸ ਵਾਲਾ ਪੁੱਛਦਾ ਕੌਣ ਆਂ ? ਕਹਿੰਦਾ ਮੈਂ ਬੁਢੜੀ ਆਂ, ਮੈਂ ਮਾਈ ਆਂ। ਉਹ ਤਾਂ ਝੂਠ ਹੋਇਆ ਬਿਦੀ ਚੰਦ ਦਾ, ਅਸੀਂ ਇਕੱਲੇ ਸੱਚ ਪੁੱਤਰ ਰਹਿ ਗਏ। ਝੁੰਬ ਨਹੀਂ ਚੁੱਕਿਆ ਉਪਰੋਂ, ਉਸੇ ਤਰ੍ਹਾਂ ਝੁੰਬਲ ਜਿਹਾ ਮਾਰ ਕੇ ਬਾਹਰ ਨਿਕਲਿਆ। ਛਾਲ ਮਾਰ ਦਿੱਤੀ ਭੱਠ ਵਿੱਚ। ਫਿਰ ਤਾਂ ਬਿਦੀ ਚੰਦ ਵੀ ਝੂਠ ਈ ਬੋਲਿਆ।

ਪੰਡਤਾਣੀ ਆ ਗਈ ਰੋਂਦੀ। ਹੱਥ ਜੋੜੇ ਮੈਂ ਜੀ ਕੁੜੀ ਵਿਆਹੁਣੀ ਆਂ, ਪੈਸੇ ਲਿਆ ਕੇ ਦਿਉ। ਸ਼ਾਹੂਕਾਰ ਦਾ, ਉਹਦਾ ਘਰ ਜਾਕੇ ਭੰਨਿਆ ਜਿਹੜਾ ਸਾਰੇ ਸ਼ਹਿਰ ਤੋਂ ਧਨੀ ਸੀ। ਡਾਕਾ ਮਾਰਨਾ ਸਿੱਖ ਨੂੰ ਕਿੱਥੇ ਹੁਕਮ ਆਂ ? ਉਹ ਲਿਆ ਕੇ ਲਾਇਆ ਕਿੱਥੇ ? ਪੈਸੇ ਲਿਆ ਕੇ ਪੰਡਿਤ ਦੀ ਕੁੜੀ ਵਿਆਹੀ ਆ, ਸਿੱਖ ਦੀ ਨਹੀਂ ਵਿਆਹੀ। ਫਿਰ ਤਾਂ ਬਿਦੀ ਚੰਦ ਬਹੁਤ ਭੈੜਾ ਸੀ।

ਹਿੰਦੂ ਸਿੱਖ ਏਕਤਾ ਦੇ ਨਾਅਰੇ

ਅਫ਼ਸੋਸ ਆ ਸਾਨੂੰ, ਉਹ ਜਿਹੜੇ ਨਿਤਾ ਪ੍ਰਤੀ ਅਸੀਂ ਹਿੰਦੂ ਸਿੱਖ, ਹਿੰਦੂ ਸਿੱਖ ਕੂਕਦੇ ਹਾਂ। ਉਹ ਸਾਡੀਆਂ ਭੈਣਾਂ ਨੰਗੀਆਂ ਕਰਕੇ ਤੋਰੀ ਫਿਰਦੇ ਆ। ਉਹ ਸਾਡਾ ਖ਼ੂਨ ਪੀਣ 'ਤੇ ਤੁਲੇ ਆ ਤੇ ਸਿੱਖਾਂ ਦੀਆਂ ਦਾਹੜੀਆਂ ਪੁੱਟ ਕੇ, ਮੁੰਨ ਕੇ ਹੱਥਾਂ 'ਚ ਫੜ੍ਹਾਉਂਦੇ ਆ। ਪੱਗਾਂ ਲਾਹ ਕੇ ਕਰਨਾਲ 'ਚ ਤੇ ਪੱਗਾਂ ਸਾੜ ਦਿੱਤੀਆਂ। ਸਾਡੀ ਇਹੋ ਜਿਹੀ ਨਿੱਤ ਦੀ ਔਕਾਤ ਆ ? ਕੀ ਦਸਵੇਂ ਪਾਤਿਸ਼ਾਹ ਨੂੰ ਕਹੋਂਗੇ ਇਹ ਬਚਨ ? ਛੇਵੇਂ ਪਾਤਿਸ਼ਾਹ ਨੂੰ ਕਹੋਂਗੇ ? ਚੋਲਾ ਵੱਜ ਜਾਂਦਾ ਚੋਲਾ, ਟਹਿਣੀ ਟੁੱਟ ਜਾਂਦੀ ਆ, ਕੀਰਤਪੁਰ ਸਾਹਿਬ। ਫੁੱਲ 'ਤੇ ਤਰਸ ਆ ਜਾਂਦਾ, ਸੱਤਵੇਂ ਪਾਤਿਸ਼ਾਹ ਨੂੰ। ਬਚਨ ਹੋਇਆ ਕਿ ਤੁਸਾਂ ਆਪਣਾ ਕਠੋਰਪੁਣਾ ਕਿਉਂ ਕੀਤਾ, ਚੋਲਾ ਕਿਉਂ ਨਹੀਂ ਸੰਭਾਲ ਕੇ ਰੱਖਿਆ ? ਮੇਰੇ ਚੋਜੀ ਪ੍ਰੀਤਮ ਨੇ ਜਿੰਨਾ ਚਿਰ ਗੁਰਤਾ ਗੱਦੀ ਕੀਤੀ। ਚੋਲਾ ਪਕੜ ਕੇ ਆਪਣੇ ਹੱਥ ਵਿੱਚ ਤੁਰਿਆ ਕਰਦੇ, ਚੋਲਾ ਖੁੱਲ੍ਹਾ ਨਹੀਂ ਛੱਡਿਆ। ਫੁੱਲ 'ਤੇ ਤਰਸ ਆ, ਫੁੱਲ ਦਾ ਦਰਦ ਆ ਤੇ ਮਾਰ ਕੇ ਤਲਵਾਰ ਸਮੇਤ ਘੋੜੇ ਦੇ ਵੱਢ

ਕੇ ਸੰਜੋਅ ਦੇ ਸਮੇਤ ਅਸਵਾਰ ਨੂੰ ਝਟਕਾ ਕੇ ਧਰਤੀ 'ਚ ਗੱਡ ਦਿੰਦੇ ਸੀ। ਉਦੋਂ ਛੇਵੇਂ ਪਾਤਿਸ਼ਾਹ 'ਚ ਦਇਆ ਕਿੱਥੇ ਸੀ ?

ਆਹ ਜਦੋਂ ਆਪਾਂ ਗਏ ਆਂ ਅਠੱਤਰ ਨੂੰ, ਕਿੰਨੀਆਂ ਤੋਪਾਂ ਸੀ ਤੁਹਾਡੇ ਕੋਲੇ ਪੱਗਾਂ ਵਾਲਿਉ, ਦੱਸੋ ਤੁਹਾਡੇ ਨੱਸਿਆਂ 'ਤੇ ਵਾਰ ਨਹੀਂ ਹੋਇਆ ਤੇ ਜੇ ਕਿਸੇ ਦਾ ਬਣਾਇਆ ਹੋਇਆ ਫਾਰਮੂਲਾ, ਉਹ ਉਸੇ ਤਰ੍ਹਾਂ ਲਾਗੂ ਕੋਈ ਕਰ ਦੇਵੇ ਤੇ ਆਪਾਂ ਕਿੱਲ੍ਹੀ ਜਾਈਏ, ਆਪਾਂ ਟੱਪੀ ਜਾਈਏ, ਜੀ ਇਹ ਫਾਰਮੂਲਾ ਸਿੱਖ ਦਾ ਕਰਮ ਨਹੀਂ। ਉਏ ਸਿੱਖ ਦਾ ਕਰਮ ਆਂ ਕਿਸੇ 'ਤੇ ਵਾਧਾ ਨਹੀਂ ਕਰਨਾ। ਸਿੱਖ ਦਾ ਕਰਮ ਆਂ ਕਿਸੇ ਦੀ ਧੀ-ਭੈਣ ਦੀ ਇੱਜ਼ਤ ਨਹੀਂ ਲੁੱਟਣੀ। ਸਿੱਖ ਦਾ ਕਰਮ ਆਂ ਕਿਸੇ ਨੂੰ ਗਾਲ਼ ਨਹੀਂ ਕੱਢਣੀ। ਸਿੱਖ ਦਾ ਕਰਮ ਇਹ ਨਹੀਂ, ਕਿ ਭੈਣ ਨੰਗੀ ਤੁਰੀ ਫਿਰੇ ਤੇ ਸਿੱਖ ਨੀਵੀਂ ਪਾ ਕੇ ਖੁਸਰਾ ਬਣ ਕੇ ਬੈਠਾ ਰਹੇ। ਇਹ ਵੀ ਸਿੱਖ ਦੇ ਪੁੱਤ ਦਾ ਕੰਮ ਨਹੀਂ ਗਾ।

ਸਿੰਘਾਂ ਨੂੰ ਅਪੀਲ

ਸੋ ਮੈਂ ਬੇਨਤੀ ਕਰਾਂਗਾ ਸਾਰੇ ਸਿੰਘਾਂ ਨੂੰ, ਨੌਜੁਆਨੋ ਚੜ੍ਹਦੀ ਕਲਾ ਵਿੱਚ ਰਹੋ। ਕੇਸਰੀ ਨਿਸ਼ਾਨ ਸਾਹਿਬ ਦੇ ਥੱਲੇ ਰਹਿਣਾ। ਭਾਵੇਂ ਕੋਈ ਕਿਸੇ ਨੂੰ ਗਾਲ਼ਾਂ ਕੱਢੇ, ਕਿਸੇ ਨੂੰ ਮੰਦਾ ਬੋਲੇ, ਆਪਾਂ ਕੇਸਰੀ ਨਿਸ਼ਾਨ ਸਾਹਿਬ ਦਾ ਪੱਲਾ ਨਹੀਂ ਛੱਡਣਾ ਤੇ ਪੰਥ ਦੀ ਡਟ ਕੇ ਨੰਗੇ ਧੜ ਹਮਾਇਤ ਕਰਨੀ, ਘੁੰਡ-ਘੁੰਡ ਕੱਢ ਕੇ ਨਹੀਂ। ਸਤਿਗੁਰੂ ਗਰੰਥ ਸਾਹਿਬ ਤੋਂ ਬਿਨਾ, ਕਿਸੇ ਪਖੰਡੀ ਨੂੰ ਮੱਥਾ ਨਹੀਂ ਟੇਕਣਾ, ਹਾਂ ਕੋਈ ਲੀਡਰ ਹੈ ਜ਼ਿੰਮੇਵਾਰ, ਕੋਈ ਮਹਾਤਮਾ ਤੁਹਾਡੇ ਕੋਲੇ ਆਉਂਦਾ, ਉਹਨੂੰ ਪ੍ਰੇਮ ਨਾਲ ਫ਼ਤਹਿ ਬੁਲਾਉ ਪਰ ਪੈਰਾਂ ਵੱਲ ਭੱਜ ਕੇ ਨਾ ਪਿਆ ਕਰੋ। ਖੰਡੇ ਬਾਟੇ ਦਾ ਅੰਮ੍ਰਿਤ ਛਕੋ। ਕੇਸ ਦਾਹੜਾ ਕਟਾਉਣੋਂ ਹਟ ਜਾਉ , ਨਸ਼ਿਆਂ ਦਾ ਤਿਆਗ ਕਰੋ। ਕੇਸਰੀ ਨਿਸ਼ਾਨ ਸਾਹਿਬ ਦਾ ਨਾਂਅ ਲੈ ਕੇ, ਸ੍ਰੀ ਗੁਰੂ ਗਰੰਥ ਸਾਹਿਬ ਦਾ ਵਾਸਤਾ ਪਾ ਕੇ, ਪੰਥ ਦੇ ਨਾਂਅ ਦੀ ਡੁਗਡੁਗੀ ਖੜਕਾ ਕੇ, ਹੁਕਮਨਾਮੇ ਦੀ ਉਲੰਘਣਾ ਕਰਕੇ, ਸ਼ਹੀਦਾਂ ਦਾ ਖ਼ੂਨ ਪੀ ਕੇ, ਨਰਕਧਾਰੀਆਂ ਨੂੰ ਬਾਪੂ ਕਹਿ ਕੇ, ਉਹਨਾਂ ਤੋਂ ਵੋਟਾਂ ਲੈ ਕੇ, ਕੁਰਸੀ ਨੂੰ ਕਾਇਮ ਰੱਖਣ ਦਾ ਕੋਈ ਇੱਛੁਕ ਹੋਵੇ, ਭਾਵੇਂ ਕਿੱਡਾ ਵੱਡੇ ਤੋਂ ਵੱਡਾ, ਛੋਟੇ ਤੋਂ ਛੋਟਾ ਉਹਦਾ ਕਦੇ ਇਤਬਾਰ ਨਹੀਂ ਕਰਨਾ। ਇਹ ਚੇਤਾ ਰੱਖਣਾ।

ਬਹੁਰੂਪੀਆਂ ਨੂੰ ਸਿਰੋਪੇ ਨਾ ਦੇਣ ਦੀ ਅਪੀਲ

ਬਾਕੀ ਮੈਂ ਆਪਣੇ ਵੱਲੋਂ ਜੋ ਜਥੇ 'ਚ ਜਾਣ ਵਾਲੇ ਉਹਨਾਂ ਨੂੰ ਵਧਾਈ ਵੀ ਦਿੰਦਾ ਹਾਂ ਅਤੇ ਨੌਜੁਆਨੋਂ ਤੁਹਾਨੂੰ ਬੇਨਤੀ ਵੀ ਕਰਦਾ ਹਾਂ। ਇਕੱਲਾ ਪ੍ਰਚਾਰ ਸੁਣਿਆਂ, ਮਿੰਟ ਕੁ ਅਸਰ ਕੀਤਾ ਤੇ ਫਿਰ ਜਾ ਕੇ ਉਧਰ ਨੂੰ ਤੁਰ ਗਏ। ਮੈਂ ਹਿੰਦੁਸਤਾਨ ਦੇ ਵਸਨੀਕ ਸਿੱਖਾਂ ਨੂੰ ਵੈਸੇ ਤਾਂ ਸਮੁੱਚੇ ਤੌਰ 'ਤੇ ਪਰ ਵਿਸ਼ੇਸ਼ ਤੌਰ 'ਤੇ ਹਿੰਦੁਸਤਾਨ ਦੇ ਸਿੱਖਾਂ ਨੂੰ ਬੇਨਤੀ ਕਰਾਂਗਾ। ਉਹ ਜਿਹੜੇ ਲੋਕ ਸਿੱਖ ਵੱਖਰੀ ਕੌਮ ਮੰਨਣ ਤੋਂ ਮੁਨਕਰ ਆ, ਉਹ ਸਿੱਖੀ ਸਰੂਪ ਵਾਲਿਉ (ਤੁਸੀਂ) ਉਹਨਾਂ ਨੂੰ ਸੇਹਰੇ ਦੇਵੋ, ਉਹਨਾਂ ਨੂੰ ਸਿਰੋਪਾ ਪਾਵੋ, ਮਰ ਨਹੀਂ ਜਾਈਦਾ ਆਪਾਂ ਤੋਂ। ਜਿਹੜਾ ਗੁਰੂ ਗਰੰਥ ਸਾਹਿਬ ਜੀ ਦੀ ਚਲਾਈ ਹੋਈ ਮਰਿਯਾਦਾ ਨੂੰ, ਸਤਿਗੁਰੂ ਕਲਗੀਧਰ ਦੇ ਦਿੱਤੇ ਹੋਏ ਸਰੂਪ ਨੂੰ, ਮੰਨਣ ਤੋਂ ਮੁਨਕਰ ਆ ਤੇ ਦਾਹੜੀਆਂ ਤੇ ਮੂੰਹ ਕਾਲਾ ਕਰਦਾ ਤੇ ਕਹਿੰਦਾ ਕਿ ਸਿੱਖ ਵੱਖਰੀ ਕੌਮ ਨਹੀਂ ਤੇ ਸਿੱਖਾਂ ਦੇ ਪੁੱਤ ਉੱਠ ਕੇ ਤੁਸੀਂ ਸਟੇਜਾਂ 'ਤੇ ਉਹਨਾਂ ਨੂੰ ਸਿਰੋਪਾ ਦੇਵੋ, ਸਿੱਖ ਅਖਵਾਉਣ ਦੇ ਹੱਕਦਾਰ

ਹੋ ? ਕਿਹੜੀ ਬਿਪਤਾ ਪਈ ਆ ਆਪਣੇ 'ਤੇ ? ਤੁਸੀਂ ਸਿਰਪਾਉ ਦੇਨੇ ਆਂ,ਉਹ ਸੁਨੇਹਾ ਭੇਜ ਦਿੰਦੇ, ਫਲਾਣੇ ਪਿੰਡ ਐਨੇ ਸਿੱਖ ਮਾਰ ਦਿਉ। ਤੁਸੀਂ ਜਾ ਕੇ ਰੋਨੇ ਆਂ, ਉਹ ਕਹਿੰਦੇ ਦੋ ਹੋਰ ਮਾਰ ਦਿਉ। ਸਿਰਪਾਉ ਉਹਨਾਂ ਨੂੰ ਦੇਨੇ ਉਂ।

ਸ਼ਸ਼ਤਰਧਾਰੀ ਹੋਣ ਅਤੇ ਹੱਕ ਹਾਸਲ ਕਰਨ ਦੀ ਅਪੀਲ

ਬੇਨਤੀ ਕਰਾਂਗਾ ਸਾਰੀ ਸੰਗਤ ਨੂੰ, ਇਕੱਠਿਆਂ ਰਹਿਣਾ, ਕਿਸੇ ਅਖ਼ਬਾਰ ਦੀਆਂ ਖ਼ਬਰਾਂ ਸੁਣ ਕੇ ਕਾਹਲੇ ਨਹੀਂ ਪੈਣਾ। ਬੜੀ ਧੀਰਜ ਤੇ ਧੰਭਲ (ਠਰੰਮੇ) ਨਾਲ ਚੱਲਣਾ, ਹਥਿਆਰ ਪੂਰੇ ਰੱਖਣੇ ਆਂ। ਸ਼ਸ਼ਤਰਧਾਰੀ ਹੋਵੋ, ਕੋਈ ਲਾਇਸੈਂਸਾਂ-ਲਾਇਸੂੰਸਾਂ ਦੀ ਲੋੜ ਨਹੀਂ ਗੀ। ਜੇ ਹਿੰਦੂ ਦੇ ਪੁੱਤ ਨੂੰ ਗਰਨੇਡ ਲੈਣ ਵਾਸਤੇ ਲਾਇਸੈਂਸ ਦੀ ਲੋੜ ਨਹੀਂ, ਜੇ ਭੇਡ ਤੇ ਬੱਕਰੀ ਦੇ ਪੁੱਤ ਨੂੰ ਸ਼ਸ਼ਤਰ ਰੱਖਣ ਵਾਸਤੇ (ਲਾਇਸੈਂਸ ਦੀ) ਕੋਈ ਲੋੜ ਨਹੀਂ। ਓ ਸ਼ੇਰ ਦਾ ਪੁੱਤ ਕਿਉਂ ਇਹਨਾਂ ਅੱਗੇ ਜਾ ਕੇ ਖੜਾ ਹੋ ਜਾਵੇ ਕਿ ਮੈਨੂੰ ਹਥਿਆਰ (ਦਾ ਲਾਇਸੈਂਸ) ਦੇ ਦਿਉ ? ਬਾਕੀ ਲਾਹਨਤ ਆ ਆਪਣੇ ਜੀਵਣ ਨੂੰ, ਪੱਗ ਸਿਰ 'ਤੇ ਹੋਵੇ, ਦਾਹੜਾ ਸਾਬਤ ਹੋਵੇ ਤੇ ਟੋਪੀ ਵਾਲਾ ਆਉਂਦਾ ਹੋਵੇ ਤੇ ਚੁੱਪ ਕਰਕੇ ਉਹਨਾਂ ਨੂੰ ਫੜ੍ਹਾ ਦਿਉਂ, ਲੈ ਬੱਚਿਆਂ ਵਾਲਿਆ ਲੈ ਜਾ। ਜੰਮੇ ਕਾਹਨੂੰ ਸਿੱਖਾਂ ਦੇ ਘਰੇ ? ਤਤਪਰ ਹੋਵੋ, ਸਤਿਗੁਰੂ ਗਰੰਥ ਸਾਹਿਬ ਜੀ ਦੇ ਵਾਸਤੇ ਜੂਝੋ, ਸ਼ਹੀਦਾਂ ਵਾਸਤੇ ਜੂਝੋ। ਅਨੰਦਪੁਰ ਦੇ ਮਤੇ ਵਾਸਤੇ, ਜਦੋਂ ਤੱਕ ਪੂਰਤੀ ਨਹੀਂ ਹੁੰਦੀ ਜਾਂ ਕੋਈ ਕਿਸੇ ਵਾਸਤੇ ਕੋਝੇ ਅੱਖਰ ਕੋਈ ਬੋਲਦਾ, ਉਹਦੀ ਪਰਵਾਹ ਨਹੀਂ ਕਰਨੀ। ਅਨੰਦਪੁਰ ਦੇ ਮਤੇ ਦੀ ਪੂਰਤੀ, ਸਿੱਖ ਵੱਖਰੀ ਕੌਮ ਨਿਸਚੇ ਵਾਚਕ, ਜਦੋਂ ਤੱਕ ਕਲਮ ਨਾਲ ਲਿਖਵਾ ਕੇ ਨਹੀਂ ਲੈਂਦੇ, ਭਾਵੇਂ ਸਾਰੇ ਦਾ ਸਾਰਾ ਦੋ ਕਰੋੜ ਦਾ ਦੋ ਕਰੋੜ ਖ਼ਤਮ ਹੋ ਜਾਈਏ, ਤਦੋਂ ਤੱਕ ਇੱਕ ਇੰਚ ਵੀ ਪਿੱਛੇ ਨਹੀਂ ਹਟਣਾ ਤੇ ਜਿਹੜਾ ਪਿੱਛੇ ਹਟੇਗਾ, ਉਹਨੂੰ ਤੁਸੀਂ ਵੀ ਧਿਆਨ 'ਚ ਰੱਖਣਾ, ਮੈਂ ਵੀ ਰੱਖਣਾ। ਜੇ ਤਾਂ ਮੈਂ ਗ਼ਲਤੀ ਕਰੂੰਗਾ ਤੇ ਮੇਰੇ ਨਾਲ ਕੋਈ ਲਿਹਾਜ਼ ਨਾ ਕਰਿਉ। ਕੋਈ ਸੰਤਪੁਣਾ ਮੇਰਾ ਨਾ ਵੇਖਿਉ ਤੇ ਜੇ ਕੋਈ ਹੋਰ ਕਰੂਗਾ ਤੇ ਉਹਦਾ ਵੀ ਨਹੀਂ ਵੇਖਣਾ, ਪਰ ਗੱਲਾਂ ਸੁਣ ਕੇ ਨਾ ਕਹਿ ਦਿਆ ਕਰੋ, ਫਲਾਣਾ ਬਹਿ ਗਿਆ, ਫਲਾਣਾ ਡਿੱਗ ਪਿਆ, ਡਿਮਕਾ ਆਹ ਹੋ ਗਿਆ। ਜਦੋਂ ਤੱਕ, ਭਾਵੇਂ ਹੌਲੀ ਕੰਮ ਰਿੜਦਾ, ਭਾਵੇਂ ਤੇਜੀ ਨਾਲ ਰਿੜਦਾ, ਕਿਸੇ ਢੰਗ ਨਾਲ ਰਿੜਿਆ ਤੇ ਜਾਂਦਾ, ਜਾਮ ਤਾਂ ਨਹੀਂ ਨਾ ਪਹੀਆ ਅਜੇ ਹੋਇਆ। ਜਦੋਂ ਪਹੀਆ ਜਾਮ ਹੋਵੇਗਾ, ਕੋਈ ਗੱਲ ਗ਼ਲਤ ਹੋਵੇਗੀ, ਮੈਂ ਵੀ ਤੁਹਾਡਾ ਛੋਟਾ ਜਿਹਾ ਚੌਕੀਦਾਰ ਆਂ, ਦੱਸਣ ਤੋਂ ਸੰਕੋਚ ਨਹੀਂ ਕਰਾਂਗਾ। ਭੈ ਕਦੇ ਕਿਸੇ ਦਾ ਮੰਨਾਂਗਾ ਨਹੀਂ ਤੇ ਨਾ ਕਿਸੇ ਨੂੰ ਭੈ ਕਦੇ ਦੇਵਾਂਗਾ। ਸਿੱਖ ਦਾ ਤਾਂ ਕਰਮ ਹੀ ਇਹੋ ਹੈ :

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥

(ਸਲੋਕ ਮ: ੯, ੧੪੨੭)

ਹਿੰਦੂ ਮਾਰਨ ਦਾ ਐਲਾਨ ਕਰਨ ਦਾ ਦੋਸ਼

ਬਾਕੀ ਜਿਹੜੀਆਂ ਖ਼ਬਰਾਂ, ਇਹਨਾਂ ਬਾਰੇ ਬਹੁਤਾ ਫਿਕਰ ਨਾ ਕਰੋ। ਮੈਂ ਖ਼ਬਰ ਦਿੱਤੀ ਸੀ ਕਿ ਹਰ ਪਿੰਡ ਵਿੱਚ ਇੱਕ ਮੋਟਰ ਸਾਈਕਲ ਤੇ ੩ ਨੌਜੁਆਨ ਤੇ ੩ ਰਿਵਾਲਵਰ ਵਧੀਆ ਤੇ ਇਹ ਜਿਹੜੀ ਖ਼ਬਰ ਆ ਵਿਰੋਧੀ ਅਖ਼ਬਾਰਾਂ ਨੇ ਦਿੱਤੀ ਆ, ਮਹਾਸ਼ਾ ਪ੍ਰੈੱਸ ਨੇ, ਭਿੰਡਰਾਂਵਾਲਾ ਕਹਿੰਦਾ

ਜੀ ਇਹ ਲੈ ਕੇ ਹਿੰਦੂ ਟੁੱਕ ਦਿਉ। ਕਦੇ ਮੇਰੀ ਜ਼ੁਬਾਨ ਤੋਂ ਸੁਣਿਆ ? ਮੈਂ ਜਿੱਥੇ ਹਿੰਦੂਆਂ ਦਾ ਅੱਖਰ ਵਰਤਿਆ ਮੁਕਾਰਾਂਗਾ ਨਹੀਂ ਕਦੇ ਵੀ। ਕਿਹਾ ਸੀ, ਪਰ ਇਹਨਾਂ ਗੱਲਾਂ ਨੂੰ ਮੁੱਖ ਰੱਖ ਕੇ। (ਜਦ) ਉਹਨਾਂ ਬੱਸ ਛੱਡ ਦਿੱਤੀ, ਕਿਸੇ ਦੇ ਚਪੇੜ ਮਾਰੀ ਆ (ਅਸੀਂ) ? ਤੁਹਾਨੂੰ ਮੈਂ ਇੱਕ ਗੱਲ ਪੁੱਛ ਹੀ ਲਵਾਂ। ਇਹ ਜੀ ਅਖੇ ਠੀਕ ਨਹੀਂ। ਆਹ ਜੀਪ ਫੜ੍ਹੀ ਨੂੰ ੧੩ ਮਹੀਨੇ ਹੋ ਗਏ, ਛੁਡਾ ਲਈ ? ੮੦ ਹਜ਼ਾਰ ਰੁਪਇਆ ਲਾਇਆ ਉਂਦੇ, ਉਹਦੇ 'ਤੇ। ਨਵੀਂ ਜੀਪ ਲਈ, ੧੭ ਤਰੀਕ ਨੂੰ ਫੜ੍ਹੀ, ਫੜ੍ਹੀ ਵੀ ਪਿਛਲੇ ਸਾਲ। ਉਹ ਉਹਨਾਂ ਛੱਡੀ ਨਹੀਂ ਵਾਹੀ ਜਾਂਦੇ ਆ। ੩ ਲੱਖ ਦੀ, ਸੰਗਤ ਨੇ ਇਹ ਬਣਾ ਕੇ ਦਿੱਤੀ ਆ। ਇਹ ਇਥੇ ਖੜ੍ਹੀ ਰਹੇ, ਮੁੜ ਕੇ ਵੱਡੀ ਲੈ ਕੇ ਦਿੱਤੀ ਆ, ੩-੪ ਲੱਖ ਉਹਦੇ 'ਤੇ ਲੱਗਾ। ੭ ਲੱਖ ਦੀਆਂ ਚੰਦੋ ਕਲਾਂ ਸਾੜ ਦਿੱਤੀਆਂ ਤੇ ਛਡਾਈਏ ਕਿਵੇਂ, ਜੇਕਰ ਚਾਟਾ ਨਾ ਛਕਾਈਏ ? ਬੱਸਾਂ ਨਾ ਫੜ੍ਹਨ, ਜੀਪਾਂ ਕਾਰਾਂ ਨਾ ਫੜ੍ਹਨ। ਕਾਗਜ਼ ਗ਼ਲਤ ਆ ਚਲਾਣ ਕਰਨ, ਭੁਗਤਾਂਗੇ। ਟੈਕਸ ਨਹੀਂ ਭਰਿਆ, ਭੁਗਤਾਂਗੇ। ਇਹ ਕੀ ਮਤਲਬ ਭਈ ਜਥੇ ਦੀ ਬੱਸ ਗਈ, ਜਦੋਂ ਮਰਜ਼ੀ ਫੜ੍ਹ ਕੇ ਉਹਨੂੰ ਥਾਨੇ 'ਚ ਬੰਦ ਕਰ ਦਿਉ। ਖੁਸਰਿਆਂ ਦੀਆਂ ਬੱਸਾਂ ? ਇਹੋ ਜਿਹਾ ਕੰਮ ਕੀਤਾ, ਜ਼ਰੂਰ ਟੱਕਰ ਹੋਵੇਗੀ ਤੇ ਨਹੀਂ ਅਸੀਂ ਤਾਂ ਸ਼ਾਂਤਮਈ ਚਾਹੁੰਨੇ ਆਂ।

ਸ਼ਾਂਤਮਈ ਢੰਗ ਨਾਲ ਸਾਡਾ ਮੋਰਚਾ ਚੱਲ ਰਿਹਾ। ਦੱਸੋ ਕਿਹੜੇ ਵਲੰਟੀਅਰ ਨੇ ਅੱਗ ਲਾਈ ਆ ਕਿਤੇ ਜਥੇ 'ਚ ਜਾਂਦਿਆਂ ਹੋਇਆਂ ? ਤੇ ਜੇ ਬਾਹਰ ਕੋਈ ਲਾ ਦੇਵੇ ਤੇ ਠੇਕਾ ਲਿਆ ਸਾਡਾ ਇਥੇ ਬੈਠਿਆ ਦਾ ਚੁੱਕਣ ਦਾ। ਜੇ ਸ਼ਾਂਤਮਈ ਜਾਂਦਿਆਂ ਨੂੰ ਛੇੜੋਗੇ, ਗ਼ਲਤ ਫਹਿਮੀ ਪੈਦਾ ਕਰੋਗੇ ਤੇ ਸਿੱਟਾ ਜ਼ਰੂਰ ਗੰਭੀਰ ਨਿਕਲੂ ਤੇ ਨਹੀਂ ਤੇ ਸੁੱਕੇ ਸਿਰ ਕੰਮ ਚੱਲੀ ਜਾਂਦਾ। ਇਧਰੋਂ ਤੁਰੀ ਜਾਂਦੇ, ਤੁਸੀਂ ਫੜ੍ਹੀ ਜਾਨੈਂ, ਲੰਗਰ ਛਕ ਕੇ ਮੁੜ ਆਉਨੇ ਆਂ। ਜਦੋਂ ਤੱਕ ਨਿਬੜੂਗਾ ਕੰਮ ਨਿਬੜਦਾ ਰਹੇ ਪਰ ਨੌਜੁਆਨੋਂ ਤਤਪਰ ਜ਼ਰੂਰ ਰਹਿਣਾ। ਇਹ ਨਾ ਉਡੀਕਦੇ ਰਿਹੋ, ਇਧਰੋਂ ਸੁਨੇਹਾ ਕੋਈ ਆ ਜਾਵੇ, ਨਿੱਤ ਕਹਿੰਨੇ ਆਂ ਜੀ ਕੋਈ ਗਰਮ ਪ੍ਰੋਗਰਾਮ ਦਿਉ। ਇਥੇ ਐਲਾਨ ਹੋ ਜਾਏ ਤੇ ਮੁੜਕੇ ਉਥੇ ਦੁਆਲੇ ਹੋਏ ਬੈਠੋ ਭਾਈ ਸਾਨੂੰ ਕੁਝ ਦਿਉ। ਇਥੇ ਖੀਸੇ 'ਚ ਨਹੀਂ ਪਾ ਕੇ ਰੱਖਿਆ, ਜੇਬ 'ਚ ਨਹੀਂ ਪਾ ਕੇ ਰੱਖਿਆ, ਜਿਹੜਾ ਤੁਹਾਨੂੰ ਕੱਢ ਕੇ ਦੇ ਦੇਣਾ। ਆਪਣੀਆਂ ਬਾਹਾਂ ਦੇ ਨਾਲ, ਆਪਣੇ ਦਿਮਾਗ ਦੇ ਨਾਲ ਪੈਦਾ ਕਰੋ। ਆਪਣੀ ਤਾਕਤ ਦੇ ਨਾਲ ਪੈਦਾ ਕਰੋ ਤੇ ਚੱਲੋ ਮਿਲ ਕੇ। ਨਸ਼ਿਆਂ ਦਾ ਤਿਆਗ ਕਰਨਾ, ਪੰਥ ਦੀ ਭਟ ਕੇ ਹਮਾਇਤ ਕਰਨੀ ਆਂ ਤੇ ਵਿਰੋਧੀਆਂ ਤੋਂ ਸਾਵਧਾਨ ਰਹਿਣਾ ਤੇ ਦੇਹਧਾਰੀਆਂ ਨੂੰ ਪੂਰੀ ਸਿਕੱਸ਼ਤ ਦੇਣੀ ਆਂ ਤੇ ਜਿਹੜੇ ਗੁਰੂ ਕੇ ਨਿੰਦਕ ਆ, ਉਹਨਾਂ ਵੱਲ ਧਿਆਨ ਪੂਰਾ ਪੂਰਾ ਦੇਣਾ। ਜਿਹੜੇ ਧੀਆਂ ਭੈਣਾਂ ਦੀ ਇੱਜ਼ਤ ਲੁੱਟਦੇ ਆ, ਸਤਿਗੁਰੂ ਗਰੰਥ ਸਾਹਿਬ ਜੀ ਦੀ ਬੇ-ਅਦਬੀ ਕਰਦੇ ਆ, ਉਹਨਾਂ ਨੂੰ ਚਾਟਾ ਪੂਰੇ ਤਰੀਕੇ ਨਾਲ ਛਕਾਉਣਾ। ਹੁਕਮਨਾਮੇ ਦੀ ਪਾਲਣਾ ਕਰਨੀ ਆਂ, ਹਰ ਯੋਗ ਤਰੀਕੇ ਨਾਲ ਨਰਕਧਾਰੀਆਂ ਨੂੰ ਵਧਣੋ ਫੁਲਣੋਂ ਰੋਕਣਾ। ਇਹ ਮੈਂ ਨਹੀਂ ਕਹਿ ਰਿਹਾ, ਹੁਕਮਨਾਮੇ ਵਿੱਚ ਲਿਖਿਆ।

ਭਾਈ ਗੁਰਚਰਨ ਸਿੰਘ ਦੀ ਰਿਹਾਈ

ਸੋ ਜੇ ਗੌਰਮੈਂਟ ਨੇ ਵਿਦਿਆਰਥੀਆਂ ਨੂੰ ਫੜਿਆ ਸੀ ਭਾਈ ਅਮਰੀਕ ਸਿੰਘ, ਠਾਰਾ ਸਿੰਘ, ਉਹਨਾਂ ਦੇ ਨਾਲ ਦੇ ਵਿਦਿਆਰਥੀ ਪਹਿਲਾਂ ਕਾਫ਼ੀ ਆਏ ਆ, ਅੱਜ ਭਾਈ ਗੁਰਚਰਨ ਸਿੰਘ ਜੀ,

ਜਿਹੜੇ ਇਥੇ ਕਮੇਟੀ ਵਿੱਚ ਵੀ ਪਹਿਲਾਂ ਮੁਲਾਜ਼ਮ ਸਨ, ਫੈਡਰੇਸ਼ਨ ਦੇ ਵਿਦਿਆਰਥੀ ਵੀ ਆ। ਮੇਰੇ ਨਾਲ ਵੀ ਉਹਨਾਂ ਦਾ ਗੂੜਾ ਪਿਆਰ ਹੈ। ਉਹ ਦਿੱਲੀ ਜਿਸ ਵੇਲੇ ਖੇਡਾਂ ਹੋਈਆਂ, ਉਸ ਵੇਲੇ ਇਸ਼ਤਿਹਾਰਾਂ ਦੀ ਸੇਵਾ ਇਸ ਪ੍ਰੇਮੀ ਨੇ ਕੀਤੀ ਸੀ। ਗੌਰਮੈਂਟ ਨੇ ਇਹਨੂੰ ਪਕੜ ਲਿਆ (ਪਰ) ਹੁਣ ਤੱਕ ਇਹਦਾ ਚਲਾਣ ਈ ਨਹੀਂ ਪੇਸ਼ ਕਰ ਸਕੇ। ਉਹ ਪ੍ਰੇਮੀ ਵੀ ਅੱਜ ਇਥੇ ਆਇਆ। ਇਸ ਗੱਲ ਦੀ ਵੀ ਮੈਂ ਪੰਥ ਨੂੰ, ਸਾਰਿਆਂ ਨੂੰ ਵਧਾਈ ਦਿੰਦਾ, ਸੰਗਤ ਨੂੰ ਅਤੇ ਪ੍ਰੇਮੀ ਨੂੰ ਬੇਨਤੀ ਵੀ ਕਰਾਂਗਾ, ਨਾਲੇ ਤੇ ਸਿਹਰੇ ਦੇ ਰੂਪ ਵਿੱਚ ਸਿਰੋਪਾ ਪ੍ਰਾਪਤ ਕਰਨ ਤੇ ਨਾਲੇ ਸੰਗਤ ਨੂੰ ਫ਼ਤਹਿ ਬੁਲਾ ਦੇਣ, ਭਾਈ ਗੁਰਚਰਨ ਸਿੰਘ ਜੀ। ਬਹੁਤ ਭਾਰੀ ਇਹਦੇ ਕੁੱਟ ਪਈ ਆ, ਇਸੇ ਗੱਲ ਵਿੱਚ ਕਿ ਤੂੰ ਇਸ਼ਤਿਹਾਰ ਇਥੇ ਸੁੱਟ ਕੇ ਕੰਮ ਕਿਉਂ ਵਗਾੜਿਆ, ਇਥੇ ਹਲ ਚਲ ਕਿਉਂ ਪਾਈ ਆ ? ਇਥੇ ਕਾਗਜ਼ ਸਿੱਖ ਦਾ ਪੁੱਤ ਸੁੱਟ ਦੇਵੇ ਤੇ ਤਾਂ ਵੀ ਫਿਰਕਾ ਪ੍ਰਸਤੀ ਤੇ ਟੋਪੀ ਵਾਲਾ ਜਹਾਜ਼ ਲੈ ਜਾਵੇ ਤੇ ਤਾਂ ਵੀ ਦੇਸ਼ ਭਗਤੀ। ਇਹ ਹੁਣ ਤੁਸੀਂ ਫੈਸਲਾ ਕਰਨਾ ਕਿ ਕਿਵੇਂ ਚਲਣਾ ?

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੩੩.

(ਇਜਲਾਸ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ,
ਦੀਵਾਨ ਹਾਲ ਮੰਜੀ ਸਾਹਿਬ, ਅੰਮ੍ਰਿਤਸਰ, ੨੦-੦੯-੧੯੮੩)

ਸਟੇਜ ਸੈਕਟਰੀ - ਹੁਣ ਬੇਨਤੀ ਆ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੂੰ ਕਿ ਉਹ ਸੰਬੋਧਨ ਕਰਨ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥
ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥
ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸਤਿਗੁਰੂ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ ਜੀ ਦੀ ਪਵਿੱਤਰ ਹਜ਼ੂਰੀ ਵਿੱਚ ਸਜੀ ਹੋਈ, ਗੁਰੂ ਰੂਪ ਗੁਰੂ ਖ਼ਾਲਸਾ ਸਾਧ ਸੰਗਤ ਜੀਉ, ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਲਾਲਾ ਜਗਤ ਨਰਾਇਣ ਦੀ ਬਿਆਨਬਾਜ਼ੀ

ਪਿਆਰੇ ਖ਼ਾਲਸਾ ਜੀ, ਅੱਜ ਆਪਾਂ ਸ਼ਹੀਦਾਂ ਦੀ ਯਾਦ ਵਿੱਚ ਇਥੇ ਇਕੱਤਰ ਹੋਏ ਹਾਂ। ਉਹ ਸ਼ਹੀਦੀ ਦਾ ਕਾਰਨ ਕੀ ਬਣਿਆ ? ਮਹਿਤੇ ਦੇ ਵਿੱਚ ਨੌਜੁਆਨਾਂ ਨੂੰ ਆਪਣਾ ਖ਼ੂਨ ਡੋਲ੍ਹਣ ਦੀ ਕੀ ਲੋੜ ਪਈ ? ਸਤਿਕਾਰ ਯੋਗ ਸਚਖੰਡ ਵਾਸੀ, ਸਿੰਘ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿ: ਗੁਰਦਿਆਲ ਸਿੰਘ ਜੀ ਅਜਨੋਹਾ ਸਾਹਿਬ ਅਤੇ ਵਰਤਮਾਨ ਸਮੇਂ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ, ਇਹਨਾਂ ਦੇ ਸੰਬੰਧ ਵਿੱਚ ਲਾਲਾ ਜਗਤ ਨਰਾਇਣ[ਦ] ਨੇ ਬਹੁਤ ਮੰਦ-ਭਾਸ਼ਾ ਦੇ ਸ਼ਬਦ ਵਰਤੇ। ਇਥੋਂ ਤੱਕ ਕਿਹਾ ਕਿ ਇਹ ਦੋਵੇਂ ਹੀ ਸਿੰਘ, ਸਿੱਖ, ਦੇਸ਼ ਦੇ ਗ਼ੱਦਾਰ ਹਨ ਤੇ ਇਹਨਾਂ ਦਾ ਜੋ ਬਾਹਰ ਦਾ ਪਾਸ (ਪਾਸਪੋਰਟ) ਬਣਿਆ ਹੋਇਆ, ਉਹ ਰੱਦ ਕਰ ਦੇਣਾ ਚਾਹੀਦਾ, ਕੈਂਸਲ ਕਰ ਦੇਣਾ ਚਾਹੀਦਾ ਹੈ। ਨੌਜੁਆਨ ਵਿਦਿਆਰਥੀਆਂ ਨੇ, ਜਿਹਨਾਂ ਦੇ ਵਿਸ਼ੇਸ਼ ਤੌਰ ਦੇ ਸੱਦੇ 'ਤੇ ਅੱਜ ਆਪਾਂ ਇਥੇ ਗੁਰੂ ਗਰੰਥ ਸਾਹਿਬ ਜੀ ਦੇ ਚਰਨ ਪਰਸ ਰਹੇ ਹਾਂ। ਫ਼ੈਡਰੇਸ਼ਨ ਦੇ ਵਿਦਿਆਰਥੀਆਂ ਨੇ ਇਕੱਠੇ ਹੋ ਕੇ, ਜਿਸ ਕਾਗਜ਼ ਦੇ ਉੱਪਰ ਕਾਲੀ ਕਰਤੂਤ ਦਾ ਅੱਖਰ, ਉਸ ਨੇ ਲਿਖਿਆ ਹੋਇਆ ਸੀ। ਉਹਨਾਂ ਅੱਖਰਾਂ ਨੂੰ,

ਉਸ ਕਾਗਜ਼ ਨੂੰ, ਪੁਲੀਤ ਜਾਣ ਕੇ ਸਾੜਨਾ ਚਾਹਿਆ। ਉਸ ਸੜੇ ਹੋਏ ਕਾਗਜ਼ ਦੇ ਗ੍ਰੁੱਸੇ ਵਿੱਚ, ਹਕੂਮਤ ਦੇ ਨਸ਼ੇ ਵਿੱਚ ਆ ਕੇ, ਰਾਜ ਦੇ ਗਰੂਰ ਵਿੱਚ ਆ ਕੇ, ਇਹਨਾਂ ਵਿਦਿਆਰਥੀਆਂ 'ਤੇ ਕੁੱਟ ਮਾਰ ਵੀ ਹੋਈ, ਮੁਕਦਮੇਂ ਬਣੇ, ਪਰ ਆਪਣੇ (ਸਿੱਖ ਕੌਮ) ਵੱਲੋਂ ਸਮੁੱਚੇ ਤੌਰ 'ਤੇ ਜਥੇਬੰਦੀ ਦੇ ਰੂਪ ਵਿੱਚ ਕੋਈ ਐਕਸ਼ਨ ਨਹੀਂ ਲਿਆ ਗਿਆ। ਜ਼ਾਤੀ ਤੌਰ 'ਤੇ ਕਿਸੇ ਨਾਲ ਮਤਭੇਦ ਹੋ ਸਕਦਾ ਪਰ ਸਿੱਖਾਂ ਕੋਲੇ ਇਹ ਦੋ ਮਹਾਨ ਥਾਂ ਹਨ, ਇੱਕ ਗੁਰਦੁਆਰਿਆਂ ਦਾ ਪ੍ਰਬੰਧ ਅਤੇ ਇਸ ਤੋਂ ਪਹਿਲਾਂ, ਪਹਿਲੇ ਨੰਬਰ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪ੍ਰਮੁੱਖ ਸੇਵਾਦਾਰ ਨੂੰ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰਮੁੱਖ ਸੇਵਾਦਾਰ ਧਾਰਮਿਕ ਬਾਡੀ ਦਾ ਜੋ ਹੈ, ਉਹਨੂੰ ਇੱਕ ਦੁਆਨੀ ਪੋਲੀ ਦਾ ਲਾਲਾ ਉੱਠ ਕੇ, ਇਹ ਗੱਲ ਕਹੇ ਕਿ ਦੇਸ਼ ਦਾ ਗ਼ਦਾਰ ਆ ਤੇ ਸਾਡੇ ਕੰਨ 'ਤੇ ਜੂੰਅ ਨਾ ਸਰਕੇ, ਤੁਹਾਨੂੰ ਸਮਝ ਲੈਣਾ ਚਾਹੀਦਾ ਕਿ ਅਸੀਂ ਜ਼ਾਤੀ ਈਰਖਾ ਦੇ ਵਿੱਚ ਸੜੇ ਹੋਏ ਹਾਂ।

ਲਾਲਾ ਜਗਤ ਨਰਾਇਣ ਦੀ ਮੌਤ ਅਤੇ ਚੰਦੋ ਕਲਾਂ ਕਾਂਡ

ਸਮਾਂ ਆਇਆ, ਲੰਘਦਾ ਗਿਆ। ਫਿਰ ਖ਼ਬਰਾਂ ਆਈਆਂ, ਲਾਲਾ ਜਗਤ ਨਰਾਇਣ ਨੇ ਆਪਣੇ ਅਖ਼ਬਾਰ ਵਿੱਚ ਲਿਖ ਦਿੱਤਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਸ਼ਹਿਜ਼ਾਦਿਆਂ ਦੀ ਤਰ੍ਹਾਂ ਜੀਵਨ ਬਤੀਤ ਕਰਨ ਵਾਲੇ ਹਨ ਤੇ ਬੜੇ ਭਾਰੀ ਸ਼ਕੀਨ ਹਨ, ਸ਼ੌਕੀ ਹਨ। ਫਿਰ ਵੀ ਅਸੀਂ ਸੁੱਤੇ ਰਹੇ। ਜਦੋਂ ਉਸ ਨੇ ਪੁਨਾ ਪੁਨਾ ਮਸਾਲਾ ਲਾ ਲਾ ਕੇ, ਗੁਰੂਆਂ ਤੇ ਸਿੰਘਾਂ ਨੂੰ ਟੁੰਬਣਾ ਸ਼ੁਰੂ ਕਰ ਦਿੱਤਾ, ਕਿਸੇ ਮਾਈ ਦੇ ਲਾਲ ਤੋਂ ਨਾ ਰਿਹਾ ਗਿਆ, ਉਹਨੂੰ ਗੱਡੀ ਚੜ੍ਹਾ ਦਿੱਤਾ। ਗੱਡੀ ਚੜ੍ਹਾਉਣ ਤੋਂ ਪਿੱਛੋਂ....., ਉਹ ੯ ਤਰੀਕ ਨੂੰ ਚੜ੍ਹਿਆ, ੯ ਸਤੰਬਰ ਨੂੰ ਤੇ ੧੨ ਤਰੀਕ ਨੂੰ ਦਾਸ ਦੇ ਵਰੰਟ ਜਾਰੀ ਹੋਏ। ਦਾਸ ਨੂੰ ਪਤਾ ਲੱਗਾ। ਮੈਂ ੫:੦੦ ਵਜੇ ਅੰਮ੍ਰਿਤ ਵੇਲੇ ੧੪ ਤਰੀਕ ਨੂੰ ਇਥੇ ਪਹੁੰਚ ਗਿਆਂ, ਮਹਿਤੇ। ਜ਼ਾਲਮ ਹਕੂਮਤ ਨੇ, ਚੰਦੋ ਕਲਾਂ ਵਿੱਚ ਪਹੁੰਚ ਕੇ, ਦੋ ਬੱਸਾਂ ਜੋ ਸੰਗਤ ਦੀਆਂ ਸਨ, ਮੇਰੀਆਂ ਨਹੀਂ। ਮੈਂ ਤਾਂ ਘਾਹ ਖੋਤਦਾ ਆਇਆਂ ਘਰੋਂ, ਉਹ ਗੁਰੂ ਕੀ ਸੰਗਤ ਨੇ ਬਖ਼ਸ਼ਸ਼ ਕੀਤੀਆਂ ਸੀ, ਪ੍ਰਚਾਰ ਕਰਨ ਵਾਸਤੇ, ਵਿਚਰਣ ਵਾਸਤੇ, ਉਹਨਾਂ ਦੋਹਾਂ ਬੱਸਾਂ ਨੂੰ ਅੱਗ ਲਾ ਕੇ ਸਾੜ ਦਿੱਤਾ। ਵਿੱਚ ਸ੍ਰੀ ਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਦੀਆਂ ਪੋਥੀਆਂ ਵੀ ਸਨ, ਸਿੰਘਾਂ ਨੇ ਯਤਨ ਕੀਤਾ ਕੱਢਣ ਦਾ, ਸਮੇਂ ਦੀ ਮਜ਼ਬੂਰੀ ਦੇ ਕਾਰਨ ਨਾ ਕੱਢ ਸਕੇ। ਪੋਥੀਆਂ ਵਿੱਚ ਸਾੜ ਦਿੱਤੀਆਂ, ੩ ਲੱਖ ਦਾ ਮਾਲ ਚੰਦੋ ਕਲਾਂ ਪਿੰਡ ਵਿੱਚੋਂ ਲੁੱਟਿਆ ਗਿਆ। ਮਹਿਤੇ ੧੬ ਤਰੀਕ ਨੂੰ ਦਾਸ ਨੂੰ ਸ਼ਾਮ ਦੇ ੪:੦੦ ਵਜੇ ਵਰੰਟਾਂ ਦੀ ਰਸੀਦ ਮਿਲੀ। ਉਹ ਰਸੀਦ ਮਿਲਣ 'ਤੇ ਉਸੇ ਵੇਲੇ ਦਾਸ ਨੇ ਐਲਾਨ ਕਰ ਦਿੱਤਾ ਕਿ ਮੈਂ ੨੦ ਸਤੰਬਰ ਨੂੰ ਗ੍ਰਿਫ਼ਤਾਰੀ ਦੇਵਾਂਗਾ। ਅੱਖਰ ਵੀ ਪਏ, ਟੇਪ ਰਿਕਾਰਡ ਵੀ ਹੋਏ ਹੋਏ ਹਨ। ਉਸੇ ਵੇਲੇ ਐਲਾਨ ਤੋਂ ਪਿੱਛੋਂ, ਸੰਗਤਾਂ ਦੀ ਆਵਾਜਾਈ ਸ਼ੁਰੂ ਹੋ ਗਈ। ਪੁਲੀਸ ਨੇ ਵੀ ਬਾਹਰ ਗੁਰਦੁਆਰਾ ਸਾਹਿਬਾਨ ਦੇ ਆਲੇ ਦੁਆਲੇ, ਸਟੇਨਾਂ, ਬਰੇਨਾਂ, ਲਾਈਟ ਮਸ਼ੀਨਗੰਨਾਂ ਬੀੜ ਲਈਆਂ। ਸਮੇਂ ਸਮੇਂ ਮੁਤਾਬਕ ਜ਼ਿੰਮੇਵਾਰ ਸੱਜਣ ਵੀ ਪਹੁੰਚੇ, ਦਰਸ਼ਨ ਦਿੱਤੇ ਸਾੜਿਆਂ ਨੇ। ੨੦ ਤਰੀਕ ਦਾ ਦਿਨ ਆਇਆ, ਜਿਸ ਦਿਨ ਤੇ ਆਪਾਂ ਹੁਣ ਇਕੱਤਰ ਹੋਏ ਬੈਠੇ ਆਂ। ਉਸ ਦਿਨ ਪਹਿਰਾਵੇ ਦੀ ਕੋਈ ਦਾਸ ਦੀ ਤਬੀਦਲੀ ਸੀ। ਕਈਆਂ ਵੀਰਾਂ ਨੇ ਕਿਸੇ ਢੰਗ ਨਾਲ ਅੱਖਰ ਵਰਤੇ, ਕਈਆਂ ਨੇ ਕਿਸੇ (ਢੰਗ) ਨਾਲ, ਆਪੋ ਆਪਣਾ ਖਿਆਲ ਸੀ ਸੱਜਣਾਂ ਦਾ। ਕੋਈ ਤਾਂ

ਕਹਿਣ ਲੱਗਾ ਡਰਦੇ ਨੇ ਭੇਸ ਬਦਲ ਲਿਆ, ਕੋਈ ਕਿਸੇ ਤਰੀਕੇ ਨਾਲ। ਦਾਸ ਨੂੰ ਪੁੱਛਿਆ ਕੀ ਗੱਲ ਆ, ਇਹ ਲਿਬਾਸ ਕਿਉਂ ਤੂੰ ਬਦਲਿਆ ? ਦਾਸ ਦੀ ਇਹ ਬੇਨਤੀ ਸੀ ਕਿ ਜਦੋਂ ਕੋਈ ਮੁੰਡੇ ਨੂੰ ਵਿਆਹੁਣ ਵਾਸਤੇ ਜਾਵੇ, ਉਹ ਖੱਟਾ ਪਰਨਾ ਤੇ ਖੱਟੀ ਪੱਗ ਬੰਨ ਕੇ ਜਾਂਦਾ। ਕੁਦਰਤੀ ਆਪਣੇ ਪੰਜਾਬ ਵਿੱਚ ਸਿੱਖਾਂ ਦੇ ਰਿਵਾਜ਼ ਆ। ਮੈਂ ਮੋਤ ਰੂਪ ਲਾੜੀ ਨੂੰ ਵਿਆਹੁਣ ਵਾਸਤੇ ਚੱਲਿਆਂ, ਜੋ ਪੰਜਾਬ ਦੇ ਮੁੱਖ ਮੰਤਰੀ ਜ਼ਕਰੀਏ ਦੇ ਕੋਲ ਅਤੇ ਹਿੰਦੁਸਤਾਨ ਦੀ ਪਟਰਾਣੀ ਇੰਦਰਾ ਦੇ ਕੋਲ, ਕੋਈ ਗਰੰਥੀ ਲਾਵਾਂ ਪੜ੍ਹਨ ਵਾਲਾ ਹੈ ਤੇ ਜੇਲ੍ਹ ਵਿੱਚ ਜਿੱਥੇ ਮੈਨੂੰ ਰੱਖਣਾ, ਲਾਵਾਂ ਪੜ੍ਹਾਉਣੀਆਂ, ਉਥੇ ਮੈਨੂੰ ਭੇਜ ਦੇਣ ਤੇ ਮੈਂ ਤਿਆਰ ਹੋ ਕੇ ਚੱਲਿਆਂ। ਉਸ ਦਿਨ ਐਦੋਂ ਕਈ ਗੁਣਾਂ ਇਕੱਠ ਜ਼ਿਆਦਾ ਸੀ। ਸਾਰੇ ਹੀ ਲੀਡਰ ਸਾਹਿਬਾਨ, ਹੋਰ ਵੀ ਜ਼ਿੰਮੇਵਾਰ ਸੱਜਣ ਇਥੇ ਪਹੁੰਚੇ ਹੋਏ ਸੀ। ਦੁਪਹਿਰੇ ਤਕਰੀਰ ਕਰਕੇ ਦੁਪਹਿਰਾਂ ਢੱਲਣ ਤੋਂ ਪਿੱਛੋਂ ਗ੍ਰਿਫਤਾਰੀ ਦੇ ਦਿੱਤੀ। ਗ੍ਰਿਫਤਾਰੀ ਦੇ ਕੇ ਦਾਸ ਉਥੋਂ ਚਲਿਆ ਗਿਆ। ਉਥੋਂ ਜਾਣ ਤੋਂ ੨੦ ਕੁ ਮਿੰਟ ਪਿੱਛੋਂ ਜ਼ਾਲਮ ਹਕੂਮ ਨੇ ਸ਼ਾਂਤ ਮਾਹੌਲ ਨੂੰ ਵਿਗਾੜਨ ਵਾਸਤੇ.....। (ਦਾਸ 'ਤੇ) ਚਿੱਕੜ ਜ਼ਰੂਰ ਸੁੱਟਿਆ ਜਾਂਦਾ ਕਿ ਗਰਮ ਬਹੁਤ ਆ। ਚਿੱਕੜ ਜ਼ਰੂਰ ਸੁੱਟਿਆ ਜਾਂਦਾ ਕਿ ਅੜਬ ਬਹੁਤ ਆ। ਚਿੱਕੜ ਜ਼ਰੂਰ ਸੁੱਟਿਆ ਜਾਂਦਾ ਕਿ ਕਾਂਗਰਸ ਦਾ ਏਜੰਟ ਆਂ, ਪਰ ਜਦੋਂ ਚਰਖੜੀ ਦੇ ਦੰਦੇ 'ਤੇ ਚੜੇ ਹੋਏਏ ਪਤਾ ਉਦੋਂ ਲੱਗਦਾ ਵਾਹਿਗੁਰੂ ਮੁੰਹੋ ਨਿਕਲਦਾ ਕਿ ਗਾਲ਼ ਨਿਕਲਦੀ ਆ। ਗੱਲਾਂ ਕਹਿਣੀਆਂ ਬੜੀਆਂ ਸੌਖੀਆਂ।

੨੦ ਸਤੰਬਰ ਨੂੰ ਦਾਸ ਉਥੋਂ ਚਲਿਆ ਗਿਆ। ਕਈ ਵੀਰ ਤਾਂ ਇਹ ਵੀ ਕਹਿੰਦੇ ਆ, ਆਪਣੇ ਕਵੀ ਵੀਰ ਕਵਿਤਾ ਵੀ ਬਣਾਈ ਫਿਰਦੇ ਆ। ਮੈਂ ਇੱਕ ਨਿਮਰਤਾ ਸਹਿਤ ਕਈ ਵੇਰਾਂ ਬੇਨਤੀ ਕੀਤੀ ਆ ਜਾਂ ਤਾਂ ਸਾਡੇ ਮਨ ਵਿੱਚ ਸਤਿਕਾਰ ਘੱਟ ਆ ਗੁਰੂ ਦਾ ਤੇ ਜਾਂ ਕੋਈ ਮਨ ਤੇ ਪ੍ਰਭਾਵ ਟੋਡਾ ਪਿਆ। ਸਾਰੇ ਕਹਿੰਦੇ ਆ, ਅਖੇ ਜਰਨੈਲ ਸਿੰਘ ਨੇ ਇੱਕ ਬੜਾ ਕੰਮ ਕੀਤਾ, ਕੌਮ ਨੂੰ ਜਗ੍ਹਾ ਦਿੱਤਾ। ਮੈਂ ਕਵੀ ਜਨਾ ਨੂੰ ਬੇਨਤੀ ਕਰਾਂਗਾ, ਮੇਰੇ ਨਾਅ 'ਤੇ ਕਵਿਤਾ ਬਣਾਉਣ ਨਾਲੋਂ ਤੁਹਾਨੂੰ ਸਭ ਤੋਂ ਪਹਿਲਾਂ ਸ੍ਰੀ ਗੁਰੂ ਗਰੰਥ ਸਾਹਿਬ ਦੇ ਸਤਿਕਾਰ ਵਿੱਚ ਬਣਾਉਣੀ ਚਾਹੀਦੀ ਆ। ਕਿਉਂ ਬਣਾਉਣੀ ਚਾਹੀਦੀ ਆ ? ਅੱਜ ਜੇ ਕੌਮ ਜਾਗੀ ਆ ਤਾਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ੧੪ ਸਤੰਬਰ ਨੂੰ ਸ਼ਹੀਦੀ ਦੇਣੀ, ਚੰਦੋ ਕਲਾਂ ਵਿੱਚ, ਇਹ ਕੌਮ ਦੀ ਜਾਗਦੇ ਹੋਣ ਦੀ ਨਿਸ਼ਾਨੀ ਆਂ। ਗੁਰੂ ਸਾਹਿਬ ਨੇ ਆਪਣੇ ਆਪ ਨੂੰ ਅਗਨ ਭੇਟ ਕੀਤਾ। ਜੇ ਪੋਥੀਆਂ ਅਗਨ ਭੇਟ ਨਾ ਹੋਈਆਂ ਹੁੰਦੀਆਂ, ਸਰੂਪ ਅਗਨ ਭੇਟ ਨਾ ਹੋਇਆ ਹੁੰਦਾ ਤੇ ਮੈਂ ਨਿਸਚੇ ਨਾਲ ਕਹਿਣ ਨੂੰ ਤਿਆਰ ਆਂ, ਸ਼ਾਇਦ ਇੰਨੀ ਜਾਗ੍ਰਤੀ ਆਪਣੇ 'ਚ ਨਾ ਆਉਂਦੀ।

ਸਤਿਗੁਰੂ ਦੇ ਸਤਿਕਾਰ ਨੂੰ ਕਾਇਮ ਰੱਖਣ ਵਾਸਤੇ, ਸਿੰਘਾਂ ਨੇ ਸ਼ਾਂਤਮਈ ਢੰਗ ਨਾਲ, ਉਥੇ ਖ਼ਾਲਸਾ ਜੀ ਪਹੁੰਚ ਕੇ ਸੰਗਤ ਦੀ ਸੇਵਾ ਕੀਤੀ, ਪਰ ਜ਼ਾਲਮ ਹਕੂਮਤ ਨੇ ਗੋਲੀਆਂ ਮਾਰ ਕੇ ਸਿੰਘਾਂ ਨੂੰ ਭੁੰਨ ਦਿੱਤਾ। ਇੱਕ ਬੁੱਟਰਾਂ ਤੋਂ ਸਿੰਘ ਆ, ਚੰਨਣ ਸਿੰਘ ਉਹਦਾ ਨਾਅ ਆਂ ਬਜ਼ੁਰਗ ਦਾ। ਉਹਦਾ ਭੁਝੰਗੀ ਬਾਰ੍ਹਵੀਂ ਜਮਾਤ ਵਿੱਚ ਪੜ੍ਹਦਾ ਸੀ। ਸਾਰੀ ਦਿਹਾੜੀ ਲੰਗਰ ਛਕਾਉਂਦਾ ਰਿਹਾ, ਦੁੱਧ ਛਕਾਉਂਦਾ ਰਿਹਾ ਸੰਗਤ ਨੂੰ ਤੇ ਜਦੋਂ ਜਾਣ ਲੱਗਾ ਥਾਨੇ ਦੇ ਅੱਗੋਂ ਦੀ ਲੰਘਿਆ; ਟਰਾਲੀ ਵਿੱਚ ਬੈਠੇ ਦੇ, ਗੋਲੀ ਮਾਰ ਕੇ ਉਹਨੂੰ ਮਾਰਿਆ। ਅਸੀਂ ਕੂਕਦੇ ਹਾਂ ਜ਼ਰੂਰ, ਠੀਕ ਆ ਸਾਡੀ ਹਿੰਦੂ ਸਿੱਖ ਏਕਤਾ, ਅਸੀਂ ਇਕੱਠਿਆਂ ਰਹਿਣਾ। ਧਰਦੇਹ ਪਿੰਡ ਦਾ ਨੌਜੁਆਨ ਮੁੰਡਾ, ਕਰਤਾਰ ਸਿੰਘ ਦਾ, ਗੋਲੀ ਮਾਰ ਕੇ ਟਰਾਲੀ ਵਿੱਚ ਬੈਠੇ ਨੂੰ, ਉਹਨੂੰ ਮਾਰਿਆ। ਇੱਕ ਬੋਰੇ ਵਾਲ ਦਾ, ਬੋਰੇ ਵਾਲ

ਪਿੰਡ ਆ, ਉਥੇ ਮਹਿਤੇ ਦੇ ਲਾਗੇ ਆ ਇਹ ਸਾਰੇ ਪਿੰਡ, ਉਹਦੇ ਗੋਲੀ ਮਾਰ ਕੇ ਭੁੰਨ ਦਿੱਤਾ। ਸਮਾਂ ਆ ਗਿਆ, ਲਾਸ਼ਾਂ ਅੰਮ੍ਰਿਤਸਰ ਪਹੁੰਚ ਗਈਆਂ। ਮੈਂ ਤਾਂ ਇਥੇ ਨਹੀਂ ਸੀ, ਤੁਸੀਂ ਜਿਤਨੇ ਬੈਠੇ ਹੋ ਜ਼ਰੂਰ ਹੋਵੋਂਗੇ। ਇੰਨਾ ਕੁ ਫਰਕ ਹੋ ਸਕਦਾ ਇਥੇ ਨਹੀਂ ਤੇ ਮਹਿਤੇ ਗੁਰਦੁਆਰੇ ਹੋਵੋਂਗੇ। ਬਾਹਰ ਕਿਤੇ ਨਹੀਂ ਹੋਵੋਂਗੇ। ਉਸੇ ਟਾਈਮ ਦੀ ਗੱਲ ਆ। ਲਾਸ਼ਾਂ ਲਿਆਂਦੀਆਂ, ਤੁਹਾਨੂੰ ਪਤਾ ਭਈ ਕਿਵੇਂ ਪੋਸਟ ਮਾਰਟਮ ਹੋਇਆ, ਕਿਵੇਂ ਲਾਸ਼ਾਂ ਖੁਰਦ ਬੁਰਦ ਗੌਰਮੈਂਟ ਨੇ ਕੀਤੀਆਂ ? ਇਹਦੇ ਬਾਰੇ ਮੈਨੂੰ ਤਾਂ ਦੱਸਣਾ ਠੀਕ ਨਹੀਂ, ਤੁਹਾਡਾ ਜ਼ਿਆਦਾ ਦੱਸਣਾ ਯੋਗ ਹੋਵੇਗਾ।

ਸਮਾਂ ਲੰਘਦਾ ਗਿਆ, ਦਾਸ ਜੇਲ੍ਹ 'ਚ ਚਲਿਆ ਗਿਆ। ਕੌਮ ਇਕੱਠੀ ਹੋਈ, ਗੁਰੂ ਸਾਹਿਬ ਦੀ ਕਿਰਪਾ ਹੋਈ। ਗੁਰੂ ਦੇ ਲਾਲ ਭਾਈ ਗਜਿੰਦਰ ਸਿੰਘ ਹੁਰਾਂ ਨੇ ਰੋਸ ਮੁਜ਼ਾਹਰਾ ਕਰਨ ਵਾਸਤੇ ਜਹਾਜ ਅਗਵਾਹ ਕਰ ਲਿਆ। ਮੈਂ ਨੌਜੁਆਨਾਂ ਨੂੰ ਇੱਕ ਬੇਨਤੀ ਕਰਾਂਗਾ, ਰਾਤ ਬਹੁਤ ਤੁਸਾਂ ਇਕੱਠ ਕੀਤਾ ਤੇ ਉਥੇ ਪੁੱਛਦੇ ਸੀ, ਭਈ ਆਪਾਂ ਕੀ ਆਂ ਤੇ ਕੀ ਕਰਨਾ ? ਸਾਰੀ ਜ਼ਿੰਮੇਵਾਰੀ ਕਰਨ ਦੀ ਤਾਂ, ਫੈਸਲਾ ਦੇਣ ਦੀ ਤਾਂ ਪੰਥ ਦੇ ਜਿੰਮੇ ਆਂ, ਪਰ ਮੈਂ ਨਿੱਜੀ ਤੌਰ 'ਤੇ ਆਪਣੀ ਰਾਇ ਜ਼ਰੂਰ ਦੇਵਾਂਗਾ, ਝਿਜਕਾਂਗਾ ਨਹੀਂ।

ਸਿੱਖ ਕੌਮ ਦੀ ਗ਼ੁਲਾਮੀ ਦੀਆਂ ਉਦਾਹਰਣਾਂ

ਮੈਂ ਰਾਤੀਂ ਨੌਜੁਆਨਾਂ ਨੂੰ ਬੇਨਤੀ ਕੀਤੀ ਸੀ ਕਿ ਤੁਹਾਡੇ ਚਰਨਾਂ 'ਚ ਪਹਿਲਾਂ ਇਹ ਬੇਨਤੀ ਕਰਨੀ ਆਂ, ਕਿ ਆਪਾਂ ਗ਼ੁਲਾਮ ਆਂ। ਜਦੋਂ ਤੱਕ ਹਰ ਸਿੱਖ ਦੇ ਪੁੱਤਰ ਦੇ ਹਿਰਦੇ ਵਿੱਚ, ਬਜ਼ੁਰਗ ਦੇ, ਮਾਤਾ ਦੇ, ਬੀਬੀਆਂ ਦੇ, ਇਹ ਗੱਲ ਘਰ ਨਹੀਂ ਕਰ ਜਾਂਦੀ ਕਿ ਅਸੀਂ ਗ਼ੁਲਾਮ ਹਾਂ। ਜਿੰਨੀਆਂ ਮਰਜ਼ੀ ਟਾਹਰਾਂ ਮਾਰ ਲਈਏ, ਜਿਨੀਆਂ ਮਰਜ਼ੀ ਗੱਲਾਂ ਕਰ ਲਈਏ, ਨਹੀਂ ਰਾਜ ਮਿਲਣਾ ਤੇ ਨਾ ਗ਼ੁਲਾਮੀ ਗਲੋਂ ਲਹਿਣੀ ਆਂ। ਗ਼ੁਲਾਮੀ ਹਮੇਸ਼ਾਂ ਉਦੋਂ ਗਲੋ ਲਹਿੰਦੀ ਆ, ਜਦੋਂ ਮਨੁੱਖ ਇਹ ਮਹਿਸੂਸ ਕਰ ਲਵੇ, ਅਹਿਸਾਸ ਕਰ ਲਵੇ ਕਿ ਮੈਂ ਗ਼ੁਲਾਮੀਂ ਦੀ ਜ਼ਿੰਦਗੀ ਨਾਲੋਂ ਮੌਤ ਨੂੰ ਪਸੰਦ ਕਰਦਾਂ। ਮੈਂ ਇਹ ਜ਼ਿੰਦਗੀ ਰੱਖਣੀ ਚੰਗੀ ਨਹੀਂ ਸਮਝਦਾ, ਉਦੋਂ ਗ਼ੁਲਾਮੀ ਗਲੋਂ ਲਹਿੰਦੀ ਆ, ਨਹੀਂ ਤਾਂ ਨਹੀਂ ਲਹਿੰਦੀ। ਗ਼ੁਲਾਮ ਕਿਵੇਂ ਹਾਂ ? ਇਹਦੇ ਸੰਬੰਧ 'ਚ ਟਾਈਮ ਥੋੜ੍ਹਾ ਹੀ ਲਵਾਂਗਾ, ਕਿਉਂਕਿ ਟਾਈਮ ਬਹੁਤ ਜ਼ਿਆਦਾ ਹੋ ਚੁੱਕਾ, ਬੜੀ ਸਵੇਰ ਦੀ ਸੰਗਤ ਬੈਠੀ। ਕਿਉਂਕਿ ਗ਼ੁਲਾਮੀ ਦੀਆਂ ਮੁੱਖ ਮੁੱਖ ਨਿਸ਼ਾਨੀਆਂ ਦੱਸਾਂਗਾ, ਬਹੁਤੇ ਵਿਸਥਾਰ ਵਿੱਚ ਨਹੀਂ ਜਾਵਾਂਗਾ।

ਅਖ਼ਬਾਰ ਤੁਸੀਂ ਪੜ੍ਹਦੇ ਹੋ। ਹਿੰਦੁਸਤਾਨ ਵਿੱਚ ਏਸ਼ੀਆਈ ਖੇਡਾਂ ਦਾ ਹੋਣਾ ਤੇ ਲਕੀਰ ਕੱਢ ਕੇ ਸਿੱਖ ਵਾਸਤੇ ਅੱਖਰ ਵਰਤਿਆ ਜਾਣਾ। ਚਾਹੇ ਕਛਹਿਰੇ ਵਾਲਾ, ਚਾਹੇ ਚਾਦਰੇ ਵਾਲਾ, ਚਾਹੇ ਮੋਨਾ ਘੋਨਾ, ਨਾਂਅ ਸਿੰਘ ਹੋਣਾ ਚਾਹੀਦਾ, ਉਹ ਹਰਿਆਣੇ ਦੀ ਲਕੀਰ ਟੱਪ ਕੇ, ਹਰਿਆਣੇ ਵਿੱਚ ਦੀ ਲੰਘ ਕੇ, ਦਿੱਲੀ ਨਹੀਂ ਜਾ ਸਕਦਾ। ਟੋਪੀ ਵਾਲਾ ਜਾ ਸਕਦਾ ਹਿੰਦੂ। ਅਮਰੀਕਾ ਵਿੱਚੋਂ ਸਿੱਖ ਆਵੇ, ਹਵਾਈ ਅੱਡੇ ਤੋਂ ਪਿੱਛੇ ਮੋੜਿਆ ਜਾਂਦਾ, ਪਰ ਹਿੰਦੂ ਉਸੇ ਜਹਾਜ ਵਿੱਚ ਆਵੇ ਤਾਂ ਦਿੱਲੀ ਪਹੁੰਚ ਸਕਦਾ। ਇਹ ਗ਼ੁਲਾਮੀ ਦੀ ਨਿਸ਼ਾਨੀ ਆਂ।

ਹਿੰਦੁਸਤਾਨ ਦੀ ਪ੍ਰਧਾਨ ਮੰਤਰੀ, ਜਿਉਂ (ਭਰਪੂਰ ਸਿੰਘ) ਬਲਬੀਰ ਜੀ ਕਹਿ ਕੇ ਗਏ ਆ ਨਾ, ਮੁਕਦਮੇਂ ਬਣੇ ਆਂ, ਅਜੇ ਹੋਰ ਬਣਨੇ ਆਂ। ਹਿੰਦੁਸਤਾਨ ਦੀ ਪ੍ਰਧਾਨ ਮੰਤਰੀ, ਇਹ ਗੱਲ ਕਹਿ ਦੇਵੇ ਕਿ ਮੈਂ ਅਕਾਲੀਆਂ ਨੂੰ ਕਹਿਣਾ ਚਾਹੁੰਦੀ ਹਾਂ ਜਾਂ ਸਿੱਖਾਂ ਨੂੰ ਕਹਿਣਾ ਚਾਹੁੰਦੀ ਹਾਂ, ਪੰਜਾਬ

ਵਾਲਿਆਂ ਨੂੰ (ਕਿ) ਤੁਸੀਂ ਮੋਰਚਾ ਲਾਇਆ, ਤੁਸੀਂ ਇਸ ਤਰ੍ਹਾਂ ਦੀਆਂ ਚੀਜਾਂ ਮੰਗਦੇ ਹੋ, ਬਾਹਰਲੇ ਸਿੱਖਾਂ ਵਾਸਤੇ ਸੋਚ ਲਿਉ ਕੀ ਬਣੂੰ, ਕੋਈ ਮੁਕਦਮਾਂ ਦਰਜ ਨਹੀਂ, ਕਿਉਂਕਿ ਪੰਡਿਤਾਂ ਦੇ ਘਰੇ ਜੰਮੀਂ ਆਂ ਪਰ ਜੇ ਸਿੱਖਾਂ ਵਿੱਚੋਂ ਭਿੰਡਰਾਂਵਾਲਾ ਇਹ ਗੱਲ ਕਹਿ ਦੇਵੇ ਜਾਂ ਸਮੁੰਦਰੀ ਹਾਲ 'ਚ ਮੀਟਿੰਗ ਵਿੱਚ ਕਿ ਬੀਬੀ ਇੰਦਰਾ ਜੇ ਰਾਜ ਦੇ, ਹਕੂਮਤ ਦੇ ਨਸ਼ੇ ਵਿੱਚ ਆ ਕੇ, ਤੇਰੇ ਮਨ 'ਚ ਇੰਨਾ ਹੰਕਾਰ ਆ ਕਿ ਤੂੰ ਸਿੱਖਾਂ ਨੂੰ ਚਿਤਾਵਨੀ ਦੇਣਾ ਚਾਹੁਨੀ ਆ ਕਿ ਸੋਚ ਲਉ ਬਾਹਰਲਿਆਂ ਬਾਰੇ ਕੀ ਬਣੂੰ ਤੇ ਤੈਨੂੰ ਵੀ ਚੇਤਾ ਰੱਖਣਾ ਚਾਹੀਦਾ, ਸਾਨੂੰ ੨੦-੨੦ ਹਿੰਦੂ ਆਉਂਦੇ ਆ, ਇਦੋਂ ਵੱਧ ਨਹੀਂ। (ਕੋਈ ਸਿੰਘ ਜੈਕਾਰਾ ਛੱਡਣ ਲੱਗਦਾ: ਬੋਲੇ.....।) ਸਿੰਘੋ ਜੈਕਾਰਾ ਨਹੀਂ ਛੱਡਣਾ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਮੈਂ ਜੈਕਾਰੇ ਵਾਲੇ ਸੱਜਣਾਂ ਨੂੰ ਬੇਨਤੀ ਕਰਾਂਗਾ, ਇਹਦੇ 'ਚੋਂ ਮਿਲਦਾ ਕੀ ਆ ? ਜੈਕਾਰੇ ਮਗਰੋਂ ਛੱਡ ਲਿਉ, ਜਦੋਂ ਉਠਾਂਗੇ, ਪਹਿਲਾਂ ਗੱਲ ਸੁਣ ਲਉ ਸਾਰੀ। ਹੈਂ ਗ਼ੁਲਾਮ, ਛੱਡੀ ਜਾਨੈਂ ਜੈਕਾਰੇ। ਪਹਿਲਾਂ ਆਜ਼ਾਦ ਹੋਵੋ, ਇਹ ਰਸ ਦੇ ਵਿੱਚ ਫਰਕ ਨਾ ਪਾਉ। ਸੁਣਨ ਦੀ ਕੋਸ਼ਿਸ਼ ਕਰੋ, ਗ਼ੁਲਾਮ ਕਿਵੇਂ ਆਂ ? ਮੈਂ ਇਕੱਲਿਆਂ ਗੁੱਸੇ ਵਿੱਚ ਆ ਕੇ ਗੱਲਾਂ ਨਹੀਂ ਕੀਤੀਆਂ। ਮੇਰੇ 'ਤੇ ਦੋਸ਼ ਵੀ ਲੱਗੇ ਨੇ ਇਹਨਾਂ ਗੱਲਾਂ ਦੇ। ਗਰਮ ਬੋਲਦਾ, ਦੇਸ਼ 'ਚ ਪੁਆੜਾ ਪਾਉਣਾ ਚਾਹੁੰਦਾ, ਲਹੂ ਮਾਸ ਦਾ ਰਿਸ਼ਤਾ ਤੋੜਨਾ ਚਾਹੁੰਦਾ ਪਰ ਮੈਂ ਤੁਹਾਡੇ ਕੋਲੋਂ ਅੱਜ ਪੁੱਛਨਾ ਕਿ ਇਹ ਰਿਸ਼ਤਾ ਕੀ ਆ ? ਹਿੰਦੁਸਤਾਨ ਦੀ ਪ੍ਰਧਾਨ ਮੰਤਰੀ ਦੀ ਜ਼ਿੰਮੇਵਾਰੀ ਦੇਸ਼ ਲਈ ਮੇਰੇ ਨਾਲੋਂ ਜ਼ਿਆਦਾ ਕਿ ਘੱਟ ਆ ? ਮੈਂ ਇੱਕ ਮਮੂਲੀ ਸਿੱਖਾਂ ਦਾ ਸੇਵਾਦਾਰ ਹਾਂ। ਉਹ ਤੁਹਾਡੀਆਂ ਵੋਟਾਂ ਲੈ ਕੇ ਬਣੀ, ਮੈਂ ਤੁਹਾਡੀ ਕਿਸੇ ਦੀ ਵੋਟ ਲੈ ਕੇ ਸੰਤ ਨਹੀਂ ਬਣਿਆ। ਮੈਂ ਉਸ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਦੀ ਕਿਰਪਾ ਨਾਲ, ਸੱਚਖੰਡ ਵਾਸੀ ਸੰਤ ਕਰਤਾਰ ਸਿੰਘ ਜੀ ਦੀ ਮਿਹਰ ਦਾ ਸਦਕਾ, ਉਹਨਾਂ ਦਾ ਸਦਕਾ ਸਟੇਜ 'ਤੇ ਆਇਆਂ। ਉਹ ਹਿੰਦੁਸਤਾਨ ਦੀ ਜਨਤਾ ਦੀਆਂ ਵੋਟਾਂ ਲੈ ਕੇ (ਪ੍ਰਧਾਨ ਮੰਤਰੀ) ਬਣੀ ਤੇ ਜੋ ਉਹ ਕਹਿੰਦੀ ਆ ਪੱਗ ਤੇ ਚੁੰਨੀ ਵਾਲੀਆਂ ਸਿੱਖਾਂ ਦੀਆਂ ਕੌਰ ਨਾਂਅ ਵਾਲੀਆਂ ਬੀਬੀਆਂ, ਉਨਾਂ ਬਾਰੇ ਪ੍ਰਧਾਨ ਤੇ ਲੀਡਰ ਸੋਚ ਲੈਣ। ਆਪਾਂ ਖੁਸਰੇ ਤੇ ਹਾਂ ਨਹੀਂ ਭਈ ਉੱਤਰ ਨਹੀਂ ਦੇਣਾ। ਦੁਨੀਆ ਦੇ ਕਿਸੇ ਰਹਿਬਰ ਨੂੰ, ਕਿਸੇ ਕਿਤਾਬ ਵਿੱਚ, ਕਿਸੇ ਲਿਖਤ ਵਿੱਚ, ਪੜ੍ਹੇ-ਲਿਖੇ ਫ਼ਿਲਾਸਫਰ ਸੱਜਣ ਤੁਸੀਂ ਬੈਠੇ ਹੋ, ਮੈਂ ਤਾਂ ਅਨਪੜ੍ਹ ਬੰਦਾ, ਪਰ ਕਿਸੇ ਰਹਿਬਰ ਦੇ ਨਾਂਅ ਨਾਲ ਮੈਨੂੰ ਮਰਦ ਅੱਖਰ ਵਿਖਾ ਦਿਉ, ਕਿੱਥੇ ਲਿਖਿਆ ? ਮਰਦ ਲਿਖਿਆ ਤੇ ਇੱਕੋ ਇੱਕ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਬਾਰੇ ਲਿਖਿਆ :

ਵਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ॥
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥

(ਵਾਰਾਂ ਭਾਈ ਗੁਰਦਾਸ ਦੂਜਾ, ੪੧-੧੭-੧੭)

ਤੇ ਜਿਹੜਾ ਮੁੰਡਾ ਪਿਉ ਵਰਗਾ ਨਾ ਹੋਵੇ, ਉਹਨੂੰ ਭਲਾ ਕਹੀਦਾ ਕੀ ਆ ? ਉਹ ਤੁਸੀਂ ਮਗਰੋਂ ਹਿਸਾਬ ਕਿਤਾਬ ਕਰ ਲਿਉ। ਜਿਹੜਾ ਮੁੰਡਾ ਬਾਪੂ ਆਪ ਦੇ ਨਾਲ ਨਾ ਰਲੇ, ਲੋਕੀਂ ਸ਼ੱਕ ਕਰਦੇ ਆ। ਪਿਤਾ ਹੋਵੇ ਗੁਰੂ ਗੋਬਿੰਦ ਸਿੰਘ ਸਾਹਿਬ, ਉਹਨੂੰ ਟੁੰਬਿਆ ਜਾਵੇ, ਟਰਕਾਂ ਮਾਰੀਆਂ ਜਾਣ, ਨਫ਼ਰਤ ਦੇ ਬਚਨ ਕਹੇ ਜਾਣ, ਤੁਸੀਂ ਸਾਡੇ 'ਚੋਂ ਜੰਮੇ ਹੋ, ਸਾਡੇ 'ਚੋਂ ਜੰਮੇ ਹੋ, ਬਾਹਮਣ ਹੋ ਤੇ ਆਪਣਾ ਪਿਤਾ ਵੰਗਾਰ ਕੇ ਕਹਿੰਦਾ, ਗ਼ਲਤ ਗੱਲ ਨਾ ਕਰ ਬਾਹਮਣ :

'ਛਤ੍ਰੀ ਕੋ ਪੂਤ ਹੌਂ ਬਾਮਨ ਕੋ ਨਾਹਿ ॥'

ਉਹ ਵੀ ਕੇਸਾਧਾਰੀ ਹਿੰਦੂ ਮੱਲੋ ਮੱਲੀ ਬਣਾਉਣਾ ਚਾਹੁੰਦੇ ਦਸਵੇਂ ਪਾਤਿਸ਼ਾਹ ਨੂੰ । ਮਹਾਰਾਜ ਕਹਿੰਦੇ ਬਿਲਕੁਲ ਇਹ ਗੱਲ ਨਹੀਂ ਹੋਵੇਗੀ ।

ਜੇ ਤਾਂ ਮੈਂ ਕਹਿ ਦੇਵਾਂ ੨੦-੨੦ ਦੀ ਗਿਣਤੀ ਆਉਂਦੀ ਆ ਸਾਨੂੰ ਤੇ ਮੁਕਦਮਾਂ ੫੦੬ ਧਾਰਾ ਦੇ ਅਧੀਨ ਦਰਜ ਹੁੰਦਾ (ਪਰ) ਉਹਦੇ 'ਤੇ ਨਹੀਂ, ਕਿਉਂਕਿ ਪੰਡਿਤਾਂ ਦੇ ਘਰੇ ਜੰਮੀ ਆਂ । ਜੇ ਹਿੰਦੁਸਤਾਨ ਦਾ ਗ੍ਰਹਿ ਮੰਤਰੀ ਕਹਿ ਦੇਵੇ, ਕੱਢ ਲਉ ੮ ਦਿਨਾਂ ਦੇ ਵਿੱਚ ਵਿੱਚ ਭਿੰਡਰਾਂਵਾਲੇ ਨੂੰ ਗੁਰੂ ਨਾਨਕ ਨਿਵਾਸ ਵਿੱਚੋਂ । ਬਾਹਮਣ ਦੇ ਘਰੇ ਜੰਮਿਆਂ ਤੇ ਮੁਕੱਦਮਾਂ ਕੋਈ ਦਰਜ ਨਹੀਂ ਤੇ ਭਿੰਡਰਾਂਵਾਲਾ ਇਥੋਂ ਸਟੇਜ ਤੋਂ ਜਾਂ ਕੋਈ ਲੀਡਰ ਕਹਿ ਦੇਵੇ, ਤੈਨੂੰ ਚਬਾਵਾਂਗੇ ਲੋਹੇ ਦੇ ਚਣੇ, (ਅਸੀਂ) ਵੰਗਾਂ ਨਹੀਂ ਪਾਈਆਂ । ਆ ਜਾਈਂ ਤਿਆਰ ਹੋ ਕੇ ਤੇ ਮੁਕਦਮਾਂ ਦਰਜ ਆ । ਜੇ ਭੱਟਾਚਾਰੀਆ ਹਿੰਦੂਆਂ ਦੇ ਘਰੇ ਜੰਮਿਆਂ, ਅਦਾਲਤ ਨਿਆਂ ਕਰ ਰਹੀ ਆ ਲੁਧਿਆਣੇ, ਮੁਕਦਮਾਂ ਚੱਲ ਰਿਹਾ ਤੇ ਭੱਟਾਚਾਰੀਆ ਪਾਰਲੀਮੈਂਟ ਵਿੱਚ ਬਿਆਨ ਦੇ ਰਿਹਾ ਕਿ ਨਛੱਤਰ ਸਿੰਘ ਨੂੰ ਫਾਂਸੀ ਲੱਗਣੀ ਚਾਹੀਦੀ ਸੀ । ਉਹਦੇ 'ਤੇ ਮੁਕਦਮਾਂ ਕੋਈ ਦਰਜ ਨਹੀਂ । ਜੇ ਸੁਆਮੀ ਦਿਤਿਆਵੇਸ ਹਰਿਆਣੇ ਦੇ ਰਹਿਣ ਵਾਲਾ ਹਿੰਦੂ, ਉਹ ਕਹਿ ਦੇਵੇ ਚੁੱਕੋ ਕਛਹਿਰਾ ਪਰਨਾ ਤੇ ਨਿਕਲ ਜਾਉ ਸਿਖੜੇ ਸਾਰੇ ਇਥੋਂ, ਤੁਹਾਡਾ ਕੋਈ ਕੰਮ ਨਹੀਂ (ਇਥੇ), ਕੋਈ ਮੁਕਦਮਾਂ ਦਰਜ ਨਹੀਂ । ਜੇ ਪੰਜਾਬ ਦਾ ਵਿੱਤ ਮੰਤਰੀ ਕੇਵਲ ਕ੍ਰਿਸ਼ਨ ਬਾਹਮਣਾਂ ਦੇ ਘਰੇ ਜੰਮਿਆਂ, ਉਹ ਕਹਿ ਦੇਵੇ ਕਿ ਸਾਰੀਆਂ ਸੰਪਰਦਾਵਾਂ ਖ਼ਤਮ ਕਰ ਦੇਣੀਆਂ । ਅੱਜ ਤੋਂ ੬ ਮਹੀਨੇ ਪਹਿਲਾਂ ਦੀ ਖ਼ਬਰ ਆ ਅਕਾਲੀ ਪੱਤਰਕਾ ਦੀ । ਅਕਾਲੀ ਪੱਤਰਕਾ 'ਚ ਮੈਂ ਖੁਦ ਪੜ੍ਹੀ ਆ, ਸਾਰੀਆਂ ਸੰਪਰਦਾਵਾਂ ਖ਼ਤਮ ਕਰ ਦੇਣੀਆਂ, ਕੋਈ ਮੁਕਦਮਾਂ ਦਰਜ ਨਹੀਂ । ਜੇ ਕਿਹਾ ਜਾਵੇ ਸਿੱਖਾਂ ਨੂੰ ਕੁਚਲ ਦਿਆਂਗੇ, ਦਲ ਦਿਆਂਗੇ, ਮਲ ਦਿਆਂਗੇ, ਕੋਈ ਮੁਕਦਮਾਂ ਦਰਜ ਨਹੀਂ । ਜੇ ਹਰਬੰਸ ਲਾਲ ਖੰਨਾ, ਐਥੇ ਅੰਮ੍ਰਿਤਸਰ ਦੀ ਪਵਿੱਤਰ ਧਰਤੀ ਵਿੱਚ, ਇਹ ਗੱਲ ਕਹਿ ਦੇਵੇ ਕਿ

ਦੁੱਕੀ ਤਿੱਕੀ ਖਹਿਣ ਨਹੀਂ ਦੇਣੀ ॥
ਸਿਰ 'ਤੇ ਪਗੜੀ ਰਹਿਣ ਨਹੀਂ ਦੇਣੀ ॥

.....

ਕੱਛ ਕੜਾ ਕ੍ਰਿਪਾਨ ॥
ਇਹਨੂੰ ਭੇਜੋ ਪਾਕਿਸਤਾਨ ॥

ਕੋਈ ਮੁਕਦਮਾਂ ਦਰਜ ਨਹੀਂ ।

੮੦ ਹਜ਼ਾਰ ਦੀ ਜੀਪ ਦਿੱਤੀ ਪੰਜਾਂ ਪਿਆਰਿਆਂ ਵਾਸਤੇ ਇੱਕ ਸਿੱਖ ਨੇ, ੧੭ ਜੁਲਾਈ ਨੂੰ ਪਿਛਲੇ ਸਾਲ ਉਹ ਫੜ੍ਹ ਲਈ ਪੁਲਸ ਨੇ । ਉਹਦੇ ਸੰਬੰਧ ਵਿੱਚ ਜਿਹੜੇ ਸਿੰਘ ਫੜ੍ਹੇ ਸੀ, ਜਗੀਰ ਸਿੰਘ, ਅਜਾਇਬ ਸਿੰਘ, ਮੰਗਲ ਸਿੰਘ, ਅਮਰੀਕ ਸਿੰਘ ਤੇ ਠਾਰਾ ਸਿੰਘ, ਉਹ ਸਿੰਘ ਅੱਜ ਸਟੇਜ 'ਤੇ ਬੈਠੇ ਆ (ਪਰ) ਜੀਪ ਥਾਨੇ 'ਚ ਆ, ੩ ਲੱਖ ਦੀ ਬੱਸ ਦਿੱਤੀ ਸੰਗਤ ਨੇ ਪ੍ਰਚਾਰ ਵਾਸਤੇ....., ਮੇਰੇ ਸਤਿਕਾਰ ਯੋਗ ਮੇਰੇ ਪਿਤਾ ਸਮਰੱਥ, ਮਹਾਂਪੁਰਖ ਬ੍ਰਹਮ ਗਿਆਨੀ , ਸਾਨੂੰ ਨੌਜੁਆਨੀ ਉਮਰ ਦੇ ਵਿੱਚ ਵਿਛੋੜਾ ਦੇ ਗਏ ਪਰਾਲਬਦ ਦੇ ਮੁਤਾਬਕ । ਉਹਨਾਂ ਦੀ ਬਜ਼ੁਰਗ ਮਾਤਾ, ਮਾਤਾ ਲਾਭ ਕੌਰ ਜੀ, ਉਹਨੂੰ ਅਸੀਂ ਲੈਣ ਜਾਈਏ, ਝੀਂਡ ਵਾਲੇ ਮੁਕਤਸਰ

ਤੋਂ ਤੇ ਜ਼ਾਲਮ ਹਕੂਮਤ ਉਸ ਨਵੀਂ ਬੱਸ ਨੂੰ ਪਕੜ ਕੇ ਤੇ ਮੁਕਤਸਰ ਤੋਂ ਲਿਆ ਕੇ, ਖ਼ਾਲਸਾ ਜੀ ਸਾਦਕ ਥਾਣੇ ਵਿੱਚ ਖੜ੍ਹੀ ਕਰ ਦੇਵੇ। ਹੁਣ ਮੈਂ ਤੁਹਾਡੇ ਕੋਲੋਂ ਪੁੱਛਣਾ ਚਾਹੁੰਨਾ, ਜਿਹੜੇ ਕਹਿੰਦੇ ਜੀ ਇਹ ਗ਼ਲਤ ਬੋਲਦਾ, ਇਹ ਗਰਮ ਬੋਲਦਾ, ਇੰਨਾ ਵਾਧਾ ਹੋਣ ਤੋਂ ਪਿੱਛੋਂ ਕਿਹਾ ਸੀ, ਭਈ ਜੇ ਸਾਡੀ ਬੱਸ ਪ:00 ਵਜੇ ਨੂੰ ਨਾ ਛੱਡੀ ਤੇ ਪ ਹਜ਼ਾਰ ਹਿੰਦੂਆਂ ਨੂੰ ਇੱਕ ਘੰਟੇ 'ਚ ਵੱਢਾਂਗਾ। ਹੁਣ ਇੰਨਾ ਨੁਕਸਾਨ ਹੋਣ ਤੋਂ ਪਿੱਛੋਂ ਕਿਉਂ ਹਿੰਦੂ ਅੱਖਰ ਵਰਤਿਆ ? ਕੋਈ ਕਹਿੰਦਾ ਜੀ, ਸੰਤਾਂ ਦੇ ਮੂੰਹੋਂ ਹਿੰਦੂ ਫਬਦਾ ਨਹੀਂ। ਮੈਂ ਕਿਹਨੂੰ ਸਰਟੀਫਿਕੇਟ ਦਿੱਤਾ ਕਿ ਮੈਂ ਸੰਤ ਆਂ ? ਕਿਸੇ ਬੰਦੇ ਨੂੰ ਲਿਖ ਕੇ ਦਿੱਤਾ ਕਿ ਮੈਂ ਸੰਤ ਆਂ ? ਮੈਂ ਤਾਂ ਜਰਨੈਲ ਸਿੰਘ ਆਂ, ਤਖ਼ਲਸ ਖ਼ਾਲਸਾ।

ਹਿੰਦੂ ਅੱਖਰ ਕਿਉਂ ਵਰਤਿਆ ? ਹਿੰਦੂਆਂ ਨਾਲ ਉਸ ਤਰ੍ਹਾਂ ਮੇਰਾ ਵੈਰ ਨਹੀਂ। ਵੈਰ ਹੁੰਦਾ, ਤਾਂ ਮੈਂ ਹਿੰਦੂਆਂ ਦੀ ਕੁੜੀ ਨਾ ਛੁਡਾ ਕੇ ਦਿੰਦਾ ਜਲਾਲਾਬਾਦ ਤੋਂ। ਹੁਕਮ ਚੰਦ ਹਿੰਦੂ ਦੀ ਲੜਕੀ, ਹਿੰਦੂ ਚੁੱਕ ਕੇ ਲੈ ਗਿਆ, ਜ਼ਬਰਦਸਤੀ ਨੌਜੁਆਨ ਮੁੰਡਾ। ੧੦ ਹਜ਼ਾਰ ਦੇ ਇਕੱਠ ਵਿੱਚ ਸਟੇਜ 'ਤੇ ਆ ਕੇ ਚੀਕਾਂ ਮਾਰ ਕੇ ਰੋਇਆ, (ਕਹਿੰਦਾ) ਸੰਤ ਜੀ, ਤੁਸੀਂ ਦਮਦਮੀ ਟਕਸਾਲ ਦੇ ਸੇਵਾਦਾਰ ਹੋ। ਪੁਰਾਤਨ ਸਮੇਂ ਵਿੱਚ ਸਿੱਖ ਹਿੰਦੂਆਂ ਦੀਆਂ ਲੜਕੀਆਂ ਛਡਾਉਂਦੇ ਰਹੇ ਆ। ਮੇਰੀ ਨੌਜੁਆਨ ਕੁਆਰੀ ਲੜਕੀ ਨੂੰ ਹਿੰਦੂ ਚੁੱਕ ਕੇ ਲੈ ਗਿਆ.....। ਜੇ ਮੇਰੇ ਮਨ 'ਚ ਵਿਤਕਰਾ ਹੁੰਦਾ, ਮੈਂ ਉਹਨੂੰ ਕਹਿੰਦਾ ਸਟੇਜ ਤੋਂ ਉੱਠ ਜਾਹ ਤੇ ਜਾ ਕੇ ਹਿੰਦੂਆਂ ਨੂੰ ਕਹਿ ਦੇਹ, ਪਰ ਨਹੀਂ, ਗੁਰੂ ਕੇ ਸਿੱਖ ਦਾ ਫਰਜ਼ ਆ :

ਨਾਨਕ ਨਾਮ ਚੜ੍ਹਦੀ ਕਲਾ ॥
ਤੇਰੇ ਭਾਣੇ ਸਰਬਤ ਦਾ ਭਲਾ ॥

ਮੈਂ ਇਹਦੇ 'ਤੇ ਚੱਲਿਆਂ। ਮੈਂ ੧੨:00 ਵਜੇ ਬੋਲ ਰਿਹਾ ਸਾਂ ਸਟੇਜ 'ਤੇ ਜਲਾਲਾਬਾਦ, ਜਿਹੜਾ ਫਾਜ਼ਲਕਾ ਦੇ ਕੋਲ ਆ। ਉਹਨੂੰ ਕਿਹਾ ਪ:00 ਵਜਦੇ ਨੂੰ ਤੇਰੀ ਲੜਕੀ ਘਰ ਆ ਜਾਊ, ਪਰ ਜੇ ਗੱਲ ਠੀਕ ਹੋਈ ਤੇ, ਹੋਰ ਕੋਈ ਰੌਲਾ ਨਾ ਹੋਇਆ ਤੇ ਮਹਿੰਦਰ ਸਿੰਘ ਸਾਈਆਂ ਵਾਲੇ ਦੀ ਦਾਸ ਨੇ ਡਿਊਟੀ ਲਾਈ....., ਖ਼ਾਲਸਾ ਜੀ ਪੌਣੇ ਪੰਜ ਵਜਦੇ ਨੂੰ ਉਹ ਲੜਕੀ ਲਿਆ ਕੇ ਹਿੰਦੂ ਦੇ ਘਰੇ ਦਿੱਤੀ।

ਕੈਲਾਸ ਚੰਦਰ ਕਰਿਆਨੇ ਦੀ ਦੁਕਾਨ ਵਾਲਾ ਇਥੇ, ਉਹਦੀ ਦੁਕਾਨ ਨੂੰ ਅੱਗ ਲੱਗ ਗਈ। ਕਰਿਆਨਾ ਯੂਨੀਅਨ ਨੇ ਕਿਹਾ ਕਿ ਭਿੰਡਰਾਂਵਾਲੇ ਦਾ ਨਾਂਅ ਲੈ ਦੇ, ਉਹਨੇ ਨਹੀਂ ਲਿਆ। ਦੋ ਸਿੱਖ ਤੇ ਇੱਕ ਉਹ ਹਿੰਦੂ, ਤਿੰਨੇ ਮੇਰੇ ਕਮਰੇ 'ਚ ਆਏ। ਆ ਕੇ ਰੋ ਪਿਆ। ਮੈਂ ਕਿਹਾ ਕੀ ਗੱਲ ਰੋਨਾਂ ਕਿਉਂ ਆਂ ? ਕਹਿਣ ਲੱਗਾ ਜੀ ਮੇਰੀ ਦੁਕਾਨ ਸੜ ਗਈ। ਮੈਂ ਕਿਹਾ ਦੱਸ ਕੀ ਚਾਹੁਨਾ ? ਕਹਿੰਦਾ ਜੇ ਤੁਸੀਂ ੧੦੦ ਕੁ ਰੁਪਇਆ ਦੇ ਦਿਉ ਤੇ ਮੈਨੂੰ ਬਹਾਨਾ ਮਿਲ ਜਾਊਗਾ ਉਗਰਾਹੀ ਕਰਨ ਦਾ। ਉਹਨੂੰ ਪ00 ਰੁਪਇਆ ਦਿੱਤਾ।

ਰਮਾਇਣ ਨੂੰ ਅੱਗ ਲੱਗੀ ਕਪੂਰਥਲੇ, ਉਥੋਂ ਦੇ ਲੀਡਰ ਨੂੰ ਪ ਹਜ਼ਾਰ ਰੁਪਇਆ ਉਹਦੇ ਮੁਕਦਮੇਂ ਤੇ ਖਰਚਿਆ ਜਥੇ ਨੇ।

ਦੋ ਹਿੰਦੂ ੪ ਤਰੀਕ ਨੂੰ ਸ਼ਹੀਦ ਹੋ ਗਏ, ਰਾਹ ਰੋਕੂ ਕੰਮ ਵਿੱਚ, ੧੦ ਹਜ਼ਾਰ ਰੁਪਇਆ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਨੇ ਦਿੱਤਾ। ਕਿਹੜੀ ਗੱਲ ਤੋਂ ਕਹਿੰਦੇ ਕਿ ਫੁੱਟ ਪਾਉਂਦਾ।

ਸਿੱਖ, ਮੈਂ ਤਾਂ ਕਹਿ ਰਿਹਾਂ ਇਥੇ ਮਹਿੰਦਰ ਸਿੰਘ ਬੈਠਾ ਰੋਡਿਆਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਆ, ਇਹਦਾ ਕੁੜਮ ਤੇ ਇਹਦੀ ਨੂੰਹ, ਉਹਨੂੰ ਨੰਗਿਆਂ ਕਰਕੇ ਫਿਰੋਜ਼ਪੁਰ ਦੇ ਥਾਨੇ ਖੱਲ ਖੁਰਦ ਵਿੱਚ, ਧੀ ਤੇ ਪਿਉ ਦਾ ਸੰਬੰਧ ਕਰਾਇਆ। ਹੁਣ ਜਿਹਦੇ ਕੋਲ ਆ ਕੇ ਰੋਂਦੀਆਂ ਪਿੱਟਣਾ ਉਹਨੇ ਕਿ ਜਿਹਨਾਂ ਕੋਲ ਜਾਣਾ ਨਹੀਂ ਉਹਨਾਂ ਪਿੱਟਣਾ।

ਜਗੀਰ ਸਿੰਘ, ਤਾਰਾ ਸਿੰਘ ਦਾ ਪੁੱਤਰ, ਅੱਕਾਂਵਾਲੀ ਤੋਂ ਇਥੇ ਆਇਆ ਹੋਇਆ ਅੱਜ ਉਹ, ਉਹਦਾ ਪੱਟ ਚੀਰ ਕੇ ਲੂਣ ਭਰ ਦਿੱਤਾ। ਇਹ ਗ਼ੁਲਾਮੀ ਦੀਆਂ ਨਿਸ਼ਾਨੀਆਂ ਮੈਂ ਦੱਸ ਰਿਹਾਂ।

ਤੁਹਾਨੂੰ ਪਹਿਲਾਂ ਕਿਹਾ ਸੀ ਗ਼ੁਲਾਮ ਕਿਵੇਂ ਆਂ ? ਹਿੰਦੂ ਮਰ ਜਾਏ ਇਨਕੁਆਰੀ ਆ, ਸਿੱਖ ਮਰ ਜਾਏ ਇਨਕੁਆਰੀ ਨਹੀਂ। ਹਿੰਦੂ ਮਰ ਜਾਏ, ਲਾਸ਼ ਵਾਪਸ ਆ, ਸਿੱਖ ਮਰ ਜਾਏ ਲਾਸ਼ ਵਾਪਸ ਨਹੀਂ। ਹਿੰਦੂ ਮਰ ਜਾਏ ਸਿੱਖ ਨੂੰ ਸਜਾ ਹੈ, (ਪਰ) ਸਿੱਖ ਮਰ ਜਾਏ ਉਹਦੀ ਇਨਕੁਆਰੀ ਖ਼ਤਮ ਕੀਤੀ ਜਾਂਦੀ ਆ। ਪੰਡਿਤਾਂ ਦ ਘਰੇ ਜੰਮੀ ਲੜਕੀ ਜਨਤਾ ਦੀਆਂ ਲੈ ਕੇ ਵੋਟਾਂ, ਹਿੰਦੁਸਤਾਨ ਦੀ ਬਣੀ ਪ੍ਰਾਈਮ ਮਨਿਸਟਰ, ਬੀਬੀ ਇੰਦਰਾ ਗਾਂਧੀ, ਉਹਨੂੰ ੧੯੭੭ ਵਿੱਚ ਸਜ਼ਾ ਦਿੱਤੀ ਅਦਾਲਤ ਨੇ, ਭੁਗਤਣ ਵਾਸਤੇ ਜੇਲ੍ਹ ਵਿੱਚ ਗਈ। ਉਹਦੇ ਸਹਿਯੋਗੀ ਪਾਂਡੇ ਹੁਰਾਂ ਨੇ ਜਹਾਜ ਅਗਵਾ ਕੀਤਾ। ਉਹਨੂੰ ਇੱਕ ਨੂੰ ਯੂ.ਪੀ. 'ਚ, ਇੱਕ ਨੂੰ ਬਿਹਾਰ 'ਚ ਅਸੈਂਬਲੀ ਦੀ ਟਿਕਟ ਤੇ ਜੇ ਗੁਰੂ ਕੇ ਲਾਲਾਂ ਨੇ, ਗਜਿੰਦਰ ਸਿੰਘ ਹੁਰਾਂ ਨੇ ਤੇ ਉਹਦੇ ਸਾਥੀਆਂ ਨੇ, ਜਹਾਜ ਅਗਵਾਹ ਕਰ ਲਿਆ ਤੇ ਦੇਸ਼ ਨਿਕਾਲਾ। ਰਿਸ਼ਤਾ ਸਾਡਾ (ਕਹਿੰਦੇ) ਨਹੁੰ-ਮਾਸ ਦਾ। ਪੰਡਿਤਾਂ ਦੀ ਕੁੜੀ ਵਾਸਤੇ ਜਹਾਜ ਅਗਵਾਹ ਹੋਵੇ, ਐਮ.ਐਲ.ਏ ਫਲੈਟ ਵਿੱਚ ਹਿੰਦੂ ਨੂੰ ਕਮਰਾ। ਸਿੱਖ ਆਪਣੇ ਇਸ਼ਟ ਵਾਸਤੇ ਜਹਾਜ ਅਗਵਾਹ ਕਰੇ.....। ਜਿੱਦੋਂ ਸਮੁੱਚੇ ਤੌਰ 'ਤੇ ਪੰਥ ਨੇ ਇਥੋਂ, ੪ ਅਗਸਤ ਨੂੰ ਮੋਰਚਾ ਅਰੰਭ ਕੀਤਾ, ਇਕੱਠੇ ਹੋ ਕੇ ਸਾਰਿਆਂ ਨੇ, ਗੁਰਬਖ਼ਸ਼ ਸਿੰਘ ਨੇ ਜਹਾਜ ਅਗਵਾਹ ਕੀਤਾ, ਲੱਤ 'ਚ ਟੀਕਾ ਲਾ ਕੇ ਲੱਤ ਗਾਲ਼ ਦਿੱਤੀ ਆ, ਜੇਲ੍ਹ 'ਚ ਆ, ਜੇਲ੍ਹ ਭੁਗ਼ਤਦਾ ਅਜੇ। ਪੰਡਿਤਾਂ ਦੀ ਕੁੜੀ ਵਾਸਤੇ ਜਹਾਜ ਅਗਵਾਹ ਹੋਵੇ, ਦੇਸ਼ ਭਗਤੀ। ਸਿੱਖ ਦੇ ਇਸ਼ਟ ਵਾਸਤੇ ਜਹਾਜ ਅਗਵਾਹ ਹੋਵੇ....। ਆਹ ਮਾਤਾ ਬੈਠੀ ਆ ਇਥੇ। ਮਨਜੀਤ ਸਿੰਘ ਉਰਫ਼ ਮਸੀਬਤ ਸਿੰਘ ਮਹਿਤੇ ਪਿੰਡ ਦਾ ਜੰਮਿਆਂ, ਰਹਿੰਦਾ ਅੰਮ੍ਰਿਤਸਰ ਆ ਇਥੇ। ਉਹਦੇ ਗੋਲੀ ਮਾਰ ਕੇ ਰਾਜਾਸਾਂਸੀ ਅੱਡੇ 'ਤੇ ਮਾਰ ਦਿੱਤਾ। ਤੁਸੀਂ ਦੱਸੋ ਕਿ ਗੁਰੂ ਕੇ ਸਿੱਖੋ, ਕੀ ਪੰਡਿਤਾਂ ਦੀ ਕੁੜੀ ਜਿੰਨੀ ਵੀ ਆਪਣੇ ਇਸ਼ਟ ਗੁਰੂ ਗਰੰਥ ਸਾਹਿਬ ਜੀ ਦੀ ਕੀਰਤ ਨਹੀਂ ਤੇ ਕੀ ਆਪਾਂ ਗੁਰੂ ਤੇ ਭਰੋਸਾ ਰੱਖਨੇ ਆਂ ? ਜੇ ਪੰਡਿਤ੍ਰਾਂ ਦੀ ਕੁੜੀ ਵਾਸਤੇ, ਜਹਾਜ, ਰੋਸ ਮੁਜ਼ਾਹਰੇ ਵਾਸਤੇ ਉਡਾਇਆ ਜਾ ਸਕਦਾ (ਤੇ) ਸਿੱਖ ਦੇ ਇਸ਼ਟ ਵਾਸਤੇ, ਸਿੱਖ ਦੇ ਦਾਹੜੇ ਵਾਸਤੇ, ਸਿੱਖ ਦੀ ਕ੍ਰਿਪਾਨ ਵਾਸਤੇ, ਸਿੱਖ ਦੇ ਹਰਿਮੰਦਰ ਸਾਹਿਬ ਵਾਸਤੇ, ਜਹਾਜ ਅਗਵਾਹ ਕਿਉਂ ਨਹੀਂ ਹੋ ਸਕਦਾ ? ਹਾਂ ਜੇ ਜਹਾਜ ਨੂੰ ਸਾੜਿਆ, ਜੇ ਜਹਾਜ ਨੂੰ ਭੰਨਿਆਂ, ਜੇ ਜਹਾਜ ਨੂੰ ਅੱਗ ਲਾਈ ਆ, ਜੇ ਜਹਾਜ ਦੀ ਸਵਾਰੀ ਮਾਰੀ ਆ, ਜੇ ਜਹਾਜ ਦੀ ਸਵਾਰੀ ਨੂੰ ਲੁੱਟਿਆ, ਆਪਾਂ ਸਾਰੇ ਗੁਨਾਹਗਾਰ ਆਂ, ਆਪਣੇ ਲੀਡਰ ਵੀ ਗੁਨਾਹਗਾਰ ਆ। ਜਹਾਜ ਵਿੱਚ ਬਹਿ ਕੇ ਰੋਸ ਮੁਜ਼ਾਹਰੇ ਵਾਸਤੇ ਜਹਾਜ ਸਿੱਖ ਲੈ ਜਾਏ ਤਾਂ ਦੇਸ਼ ਨਾਲ ਗ਼ਦਾਰੀ। ਹਿੰਦੂ, ਸਿੱਖਾਂ ਦੀ ਕੁੜੀ ਨੰਗੀ ਕਰ ਦੇਏ ਤਾਂ ਦੇਸ਼ ਭਗਤੀ। ਦੱਸੋ ਕਦੋਂ ਤੱਕ ਗ਼ੁਲਾਮੀ ਸਹਿਣ ਕਰਨੀ ਆਂ ? ਕਿਤਨੀ ਬੇ-ਇਨਸਾਫ਼ੀ ਆ, ਕਿੰਨੀਆਂ ਮਿਸਾਲਾਂ ਤੁਹਾਨੂੰ ਗ਼ੁਲਾਮੀ ਦੀਆਂ ਦਿੱਤੀਆਂ, ਇਹਦੀ ਜ਼ਿੰਮੇਵਾਰੀ ਤੁਹਾਡੇ 'ਤੇ ਆਉਣੀ ਆਂ।

ਸਿੱਖ ਨੌਜੁਆਨਾਂ ਨੂੰ ਅਪੀਲ

ਮੈਂ ਬੇਨਤੀ ਕਰਾਂਗਾ ਨੌਜੁਆਨਾਂ ਨੂੰ। ਬੋਲਣ ਲੱਗਿਆਂ ਮੈਂ ਇੱਕ ਅੱਖਰ ਵਰਤਿਆ ਸੀ। ਜਿਹੜਾ ਪੁੱਤਰ ਆਪਣੇ ਪਿਉ ਨਾਲ ਨਹੀਂ ਰਲਦਾ, ਉਹਨੂੰ ਬਹੁਤ ਮੰਦ ਭਾਸ਼ਾ ਅੱਖਰ, ਨਾਲ ਵਰਤਿਆ (ਜਾਣਿਆ) ਜਾਂਦਾ, ਯਾਦ ਕੀਤਾ ਜਾਂਦਾ। ਮੈਂ ਤੁਹਾਡੇ ਕੋਲੋਂ ਬਾਹਾਂ ਖੜੀਆਂ ਕਰਾਉਣੀਆਂ ਇੱਕ ਗੱਲ ਕਹਿ ਕੇ। ਦੋ ਵੇਰਾਂ ਕਰਾਉਣੀਆਂ ਪੈਣੀਆਂ। ਤੁਸੀਂ ਦੱਸੋ ਸਾਰੇ ਜਿਤਨੇ ਬੈਠੇ ਹੋ। ਕੀ ਆਪਾਂ ਅਨੰਦਪੁਰ ਦਾ ਮਤਾ ਚਾਹੁਨੇ ਆਂ, ਪੂਰਾ ਕੇ ਨਹੀਂ? ਤੇ ਜੇ.....। ਚਹੁਨੇ ਹਾਂ, ਚਹੁਨੇ ਹਾਂ (ਸੰਗਤ ਵਿੱਚੋਂ ਅਵਾਜ਼ਾਂ ਆਉਂਦੀਆਂ ਹਨ) ਬਸ ਠੀਕ ਆ ਇੰਨੇ ਨਾਲ ਹੀ ਸਰ ਜਾਊ ਮੇਰਾ। ਜੇ ਅਨੰਦਪੁਰ ਦਾ ਮਤਾ ਚਹੁੰਦੇ ਉਂ, ਜਿਹੜਾ ਮਨੁੱਖ ਆਪਣੀ ਜ਼ਿੰਦਗੀ ਵਿੱਚ ਇੱਕ ਵੇਰਾਂ ਘਰੇ ਜੰਮ ਕੇ ਤੇ ਦੋਬਾਰਾ ਆਪਣੇ ਘਰੇ ਪੈਰ ਹੀ ਨਾ ਪਾਵੇ, ਉਹਦਾ ਘਰ ਵੱਸਦਾ ਰਹਿ ਸਕਦਾ ਕਦੇ? ਆਪਾਂ ਜੰਮੇ ਕਿੱਥੇ, ਜਿੰਨੇ ਬੈਠੇ ਆਂ ਇਥੇ? ਗੁਰੂ ਕੇ ਖ਼ਾਲਸੇ ਦਾ ਜਨਮ ਅਸਥਾਨ ਆ ਅਨੰਦਪੁਰ ਸਾਹਿਬ। ਇਕੱਲਾ ਖ਼ਾਲਸੇ ਦਾ ਜਨਮ (ਅਸਥਾਨ) ਨਹੀਂ, ਪੁੱਤਰਾਂ ਦੇ ਦਾਨੀ ਦਾ ਬਚਨ ਦੇਣ ਦਾ ਖ਼ਾਲਸੇ ਨੂੰ ਵੀ ਉਹ ਥਾਂ ਹੈ। ਇਸ ਅੰਮ੍ਰਿਤ ਦੀ ਦਾਤ ਵੱਟੇ ਕਿ ਖ਼ਾਲਸਾ ਜੀ ਮੈਨੂੰ ਵੀ ਅੰਮ੍ਰਿਤ ਬਖ਼ਸ਼ੋ ਤੇ ਧੰਨ ਗੁਰੂ ਕਾ ਸਿੱਖ ਖੁਸ਼ਾਮਦੀ ਨਹੀਂ ਸੀ। ਕਿੰਨੀ ਨਿਡਰਤਾ ਬਖ਼ਸ਼ਦੇ ਆ, ਆਪਣੇ ਖ਼ਾਲਸੇ ਨੂੰ। ਪੁੱਤਰਾਂ ਦੇ ਦਾਨੀ ਨੂੰ ਕਹਿ ਦਿੱਤਾ ਆ..... ਪੁੱਤਰ ਨੇ, ਸਿੱਖ ਨੇ, ਕਿ ਪਿਤਾ ਜੀ ਅੰਮ੍ਰਿਤ ਛਕੋ, ਜਵਾਬ ਨਹੀਂ ਪਰ ਕਿਰਪਾ ਕਰਕੇ ਇਹ ਦੱਸੋ, ਬਖ਼ਸ਼ਿਸ਼ ਕਰੋ, ਆਪ ਜੀ ਨੇ ਅੰਮ੍ਰਿਤ ਵੱਟੇ ਪੰਜ ਸਿਰ ਲਏ ਆ, ਮੁੰਗਫਲੀ ਵੱਟੇ ਨਹੀਂ ਦਿੱਤਾ ਪਰ ਅੰਮ੍ਰਿਤ ਦੀ ਦਾਤ ਵੱਟੇ ਆਪ ਜੀ ਕੀ ਬਖ਼ਸ਼ੋਗੇ? ਧੰਨ ਪੁੱਤਰਾਂ ਦੇ ਦਾਨੀ ਸੱਚੇ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ। ਮਹਾਰਾਜ ਕਹਿਣ ਲੱਗੇ, ਭਾਈ ਦਇਆ ਸਿੰਘ ਜੀ, ਤੁਸਾਂ ਪੰਜ ਸਿਰ ਦਿੱਤੇ ਆ, ਥਾਂਵਾਂ ਥਾਂਵਾਂ ਤੋਂ ਆ ਕੇ ਤੇ ਜੇ ਸਾਨੂੰ ਤੁਸੀਂ ਖੰਡੇ ਬਾਟੇ ਦਾ ਅੰਮ੍ਰਿਤ ਬਖਸ਼ੋਗੇ, ਅਸੀਂ ਅਕਾਲ ਪੁਰਖ ਨੂੰ ਹਾਜ਼ਰ ਨਾਜ਼ਰ ਜਾਣ ਕੇ ਕਹਿੰਦੇ ਹਾਂ, ਸਾਰਾ ਸਰਬੰਸ ਤੁਹਾਡੇ ਉੱਤੋਂ ਕੁਰਬਾਨ ਕਰ ਦਿਆਂਗੇ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਖ਼ਾਲਸਾ ਜੀ, ਉਸ ਪੁੱਤਰਾਂ ਦੇ ਦਾਨੀ ਦੇ ਪ੍ਰਣ ਕਰਨ ਦੇ ਅਸਥਾਨ ਤੋਂ, ਉਸ ਪੁੱਤਰਾਂ ਦੇ ਦਾਨੀ ਨਾਦੀ ਔਲਾਦ ਦੇ ਉੱਪਰੋਂ, ਬਿੰਦੀ ਔਲਾਦ ਨੂੰ ਸ਼ਹੀਦ ਕਰਨ ਦਾ ਪ੍ਰਣ ਦੇਣ ਵਾਲੇ ਥਾਂ ਤੋਂ ਰੈਜੂਲੇਸ਼ਨ ਪਾਸ ਹੋਇਆ ਹੋਏ ਤੇ ਆਪਾਂ ਭਲਾ ਸਾਰੇ, ਜਿੰਨੇ ਨੌਜੁਆਨ ਨੇ, ਉਹਨਾਂ ਨੂੰ ਤੇ ਮੈਂ ਖ਼ਾਸ ਕਰਕੇ ਕਹੂੰਗਾ, ਆਪਣੇ ਚਿਹਰੇ 'ਤੇ ਹੱਥ ਮਾਰਕੇ ਵੇਖੋ, ਆਪਾਂ ਅਨੰਦਪੁਰ ਵੜੇ ਆਂ ਘਰੇ। ਆਪਣੇ ਦਾਹੜੇ ਸਾਬਤ ਆ? ਕ੍ਰਿਪਾਨਾਂ ਹੈਗੀਆਂ? ਬਾਣੀ ਕੰਠ ਆ? ਸ਼ਰਾਬ ਤੇ ਨਹੀਂ ਪੀਂਦੇ? ਤੇ ਜਿਹੜਾ ਬੰਦਾ ਘਰ 'ਚ ਨਹੀਂ ਵੜਦਾ, ਉਹਨੂੰ ਤਖ਼ਤੇ ਕੌਣ ਲਾਉਣ ਦਿਊਗਾ, ਚਿਪਸ ਕੌਣ ਪਾਉਣ ਦਊਗਾ, ਬਾਰੀਆਂ ਕੌਣ ਲਾਉਣ ਦੇਊ ਉਹਨੂੰ? ਅਨੰਦਪੁਰ ਦਾ ਮਤਾ ਲੈਣਾ ਤੇ ਪਹਿਲਾਂ ਅਨੰਦਪੁਰ ਘਰੇ ਵੜੋ, ਅੰਮ੍ਰਿਤ ਛਕੋ, ਫਿਰ ਜ਼ਰੂਰ ਮਿਲੂਗਾ। ਇੱਕ ਆਹ ਅਖ਼ਬਾਰਾਂ ਦੀਆਂ ਗੱਲਾਂ ਸੁਣ ਕੇ ਸ਼ੰਕਿਆਂ ਵਿੱਚ ਨਾ ਪਿਆ ਕਰੋ।

ਧਮਕੀ ਭਰੀਆਂ ਚਿੱਠੀਆਂ

ਮੈਂ ਤੁਹਾਨੂੰ ਇੱਕ ਬੇਨਤੀ ਜ਼ਰੂਰ ਕਰਾਂਗਾ । ਟਕਸਾਲ ਦੀ ਪੱਗ ਲਹਾਉਣ ਵਾਸਤੇ ਬਹੁਤ ਯਤਨ ਜਾਰੀ ਆ, ਖਾਸ਼ ਕਰਕੇ ਇੱਕ ਯਤਨ ਮੇਰੀਆਂ ਅੱਖਾਂ ਦੇ ਸਾਹਮਣੇ ਆਇਆ । ਇਹ ਕੀ ਆ, ਚਿੱਠੀਆਂ ਦਾ ? ਦਿੱਲੀ, ਕਲਕੱਤੇ, ਬੰਬਈ, ਕਾਦੀਆਂ, ਮੀਏ ਵਿੰਡ, ਤਰਨ ਤਾਰਨ ਸਾਹਿਬ ਇਹਨਾਂ ਸਾਰਿਆਂ ਥਾਂਵਾਂ 'ਤੇ ਚਿੱਠੀਆਂ ਗਈਆਂ ਤੇ ਕੱਲ ਦੀ ਗੱਲ ਆ ਸ਼ਾਇਦ ਕਿ ਪਰਸੋਂ ਦੀ, ਦਲਬੀਰ ਸਿੰਘ ਸ਼ਾਹ, ਹਰੀ ਸਿੰਘ ਆਰੇਵਾਲਾ, ਇਹ ਪੰਚਾਇਤ ਰੂਪੀ, ਕਿਉਂਕਿ ਇੱਕ ਦਿਲਾ ਰਾਮ ਆ ਕੋਈ ਪੰਡਿਤ, ਉਹਨੂੰ ਨਾਲ ਲੈ ਕੇ ਆਏ ਮੇਰੇ ਕੋਲੇ, ਕਹਿੰਦੇ ਸੰਤ ਜੀ, ਇਹਨੇ 'ਤੇ ਕੁਝ ਨਹੀਂ ਕਿਹਾ ਤੇ ਮੈਂ ਕਿਹਾ, ਮੈਂ ਇਹਨੂੰ ਕੀ ਕਿਹਾ ? ਅਖੇ ਜੀ ਇਹਨੂੰ ਚਿੱਠੀ ਚਲੇ ਗਈ । ਮੈਂ ਇਹਨੂੰ ਪੁੱਛਿਆ ਕੀ ਗੱਲ ਆ ? ਕਹਿੰਦੇ ਜੀ ਚਿੱਠੀ ਚਲੇ ਗਈ, ਰੋਟੀ ਬੰਦ ਹੋ ਗਈ । ਮੈਂ ਕਿਹਾ ਇਹਦੇ 'ਤੇ ਦਸਤਖ਼ਤ ਹੈ ਕਿਸੇ ਦੇ । ਕਹਿੰਦੇ ਜ਼ਿੰਦਾਬਾਦ ਭਿੰਡਰਾਂਵਾਲਾ ਲਿਖਿਆ ਸੀ । ਇਹ ਸਰਾਸਰ ਸ਼ਰਾਰਤ ਆ । ਖ਼ਾਲਸਾ ਜੀ ਟਕਸਾਲ ਦੀ ਪੱਗ ਨੂੰ ਹੱਥ ਪਾਉਣ ਦੀਆਂ ਕੋਸ਼ਿਸ਼ਾਂ ।

ਸਿੱਖਾਂ 'ਤੇ ਅੱਤਵਾਦੀ ਅਤੇ ਕਾਤਲ ਹੋਣ ਦਾ ਦੋਸ਼

ਕਾਂਗਰਸ ਦੇ ਏਜੰਟ ਕਹਿਣਾ, ਗ਼ਦਾਰ ਕਹਿਣਾ, ਇਹ ਕੌਣ ਕਰ ਰਿਹਾ, ਦੋਫਾੜ ਪਾਉਣ ਵਾਸਤੇ ਪੰਥ ਦੇ ਵਿੱਚ, ਫੁੱਟ ਪੈਦਾ ਕਰਕੇ, ਲੜਾ ਕੇ, ਜੁੰਡੋ-ਜੁੰਡੀ ਕਰਾਕੇ, ਆਪਣੀ ਕੁਰਸੀ ਨੂੰ ਕਾਇਮ ਰੱਖਣ ਦੀਆਂ ਸਾਜ਼ਿਸ਼ਾਂ ਗੌਰਮੈਂਟ ਵੱਲੋਂ ਜਾਰੀ ਹਨ, ਇਹਨਾਂ ਚੀਜਾਂ ਤੋਂ ਬਚਣਾ । ਅੰਮ੍ਰਿਤ ਛਕਾਉਣਾ, ਰਹਿਤ ਰਖਾਉਣੀ, ਬਾਣੀ ਪੜ੍ਹਾਉਣੀ, ਕੇਸਰੀ ਨਿਸ਼ਾਨ ਸਾਹਿਬ ਦੇ ਥੱਲੇ ਇਕੱਠਿਆਂ ਕਰਨਾ ਤੇ ਗੁਰੂ ਗਰੰਥ ਸਾਹਿਬ ਦੇ ਲੜ ਲਾਉਣਾ, ਅਕਾਲ ਤਖ਼ਤ ਸਾਹਿਬ ਤੇ ਹਰਿਮੰਦਰ ਸਾਹਿਬ ਨਾਲ ਜੋੜਨਾ, ਧੀਆਂ ਭੈਣਾਂ ਦੀ ਲੁੱਟੀ ਇਜ਼ਤ, ਮਸੂਮਾਂ ਦਾ ਪੀਤਾ ਖ਼ੂਨ, ਸਤਿਗੁਰੂ ਦੀ ਕੀਤੀ ਬੇ-ਅਦਬੀ, ਇਹਦਾ ਹੱਕ ਲੈਣ ਦੇ ਇੱਛੁਕ ਰਹਿਣਾ ਤੇ ਹੱਕ ਲੈਣ ਦੀ ਨੌਜੁਆਨਾਂ ਨੂੰ ਪ੍ਰੇਰਨਾ ਕਰਨੀ ਤੇ ਨੰਗੇ ਧੜ, ਘੁੰਡ ਚੁੱਕ ਕੇ, ਘੁੰਡ ਕੱਢ ਕੇ ਨਹੀਂ, ਪੰਥ ਦੀ ਹਮਾਇਤ ਕਰਨ ਦਾ ਐਲਾਨ ਕਰਨਾ । ਤੁਸੀਂ ਮੈਨੂੰ ਦੱਸੋ ਭਈ ਜੇ ਇਹ ਕੰਮ ਕਾਂਗਰਸ ਦੇ ਏਜੰਟਾਂ ਦਾ ਤੇ ਬਾਕੀ ਦਿਆਂ ਦਾ ਫਿਰ ਕੀ ਕੰਮ ਆਂ ? ਜੇ ਇਹ ਕੰਮ ਏਜੰਟਾਂ ਦਾ, ਮੈਂ ਏਜੰਟ ਆਂ । ਜੇ ਇਹ ਕੰਮ ਭੈੜੇ ਬੰਦਿਆਂ ਦਾ, ਮੈਂ ਭੈੜਾਂ । ਜੇ ਇਹ ਕੰਮ ਜਨਸੰਘੀਆਂ ਦਾ, ਮੈਂ ਜਨਸੰਘੀ ਆਂ । ਜੇ ਇਹ ਕੰਮ 'ਕਾਲੀਆਂ ਦਾ ਮੈਂ 'ਕਾਲੀ ਆਂ ਤੇ ਜੇ ਇਹ ਕੰਮ ਅਕਾਲੀਆਂ ਦਾ ਤੇ ਮੈਂ ਅਕਾਲੀ ਤਾਂ ਹੈਗਾਂ ਪਹਿਲਾਂ ਹੀ । ੧੦-੧੦ ਹਜ਼ਾਰ ਬੰਦੇ ਨੂੰ ਆਪ ਪੰਜਾਂ ਪਿਆਰਿਆਂ ਦੀ ਸੇਵਾ ਵਿੱਚ ਲੱਗਕੇ, ਸਤਿਗੁਰੂ ਦੇ ਸਾਹਮਣੇ ਪ੍ਰਣ ਕਰਵਾ ਕੇ, ਇੱਕ ਇੱਕ ਦਿਹਾੜੀ ਵਿੱਚ ਅੰਮ੍ਰਿਤ ਛਕਾਉਣਾ ਤੇ ਫਿਰ ਕਹਿਣਾ ਜੀ ਏਜੰਟ ਆ ।

ਜਸਵੰਤ ਸਿੰਘ ਠੇਕੇਦਾਰ ਦੀ ਬਿਆਨ ਬਾਜ਼ੀ

ਮੇਰੇ ਮਨ 'ਚ ਇੱਕ ਐਸੀ ਸੱਟ ਵੱਜੀ ਰਾਤ, ਇੰਗਲੈਂਡ ਵਿੱਚੋਂ ਇੱਕ ਪ੍ਰੇਮੀ ਆਇਆ । ਜਿਸ ਮਨੁੱਖ ਦੀ ਬਾਬਤ ਅਸੀਂ ਸੀਸ ਤਲੀ 'ਤੇ ਰੱਖੀ ਫਿਰਦੇ ਆਂ, ਜਿਸ ਮਨੁੱਖ ਦੀ ਬਾਬਤ ਮੈਂ ਸਟੇਜ ਤੋਂ ਖੜੋ ਕੇ ਗੌਰਮੈਂਟ ਨੂੰ ਵੰਗਾਰਿਆ ਸੀ ਕਿ ਜਿਸ ਜਸਵੰਤ ਸਿੰਘ ਠੇਕੇਦਾਰ ਦਾ ੫੦ ਹਜ਼ਾਰ

ਰੁਪਇਆ ਤੂੰ ਸਿਰ ਦਾ ਮੁੱਲ ਪਾਇਆ। ਉਸ ਮਨੁੱਖ ਨੂੰ ਗੌਰਮੈਂਟ ਦੇ, ਪੁਲੀਸ ਦੇ ਕਿਸੇ ਬੰਦੇ ਨੇ ਗੋਲੀ ਨਾਲ ਮਾਰਿਆ ਤੇ ਸਿੱਖ ਕੌਮ ਜਿਊਂਦੀ ਆ, ਬਦਲਾ ਲਵੇਗੀ, ਪਰ ਅੱਜ ਉਹ ਲੋਕ ਇੰਗਲੈਂਡ ਵਿੱਚ ਜਾ ਕੇ ਕਹਿੰਦੇ ਭਿੰਡਰਾਂਵਾਲਾ ਕਾਂਗਰਸ ਨਾਲ ਰਲ ਗਿਆ। ਮੈਂ ਤੁਹਾਨੂੰ ਹੱਥ ਜੋੜ ਕੇ ਆਏ ਨੌਜੁਆਨਾਂ ਨੂੰ ਬੇਨਤੀ ਕਰਾਂਗਾ, ਮੇਰੇ ਨਾਂਅ 'ਤੇ ਖ਼ਬਰਾਂ ਛਪਣ, ਲੀਡਰਾਂ ਦੇ ਨਾਂਅ 'ਤੇ ਖ਼ਬਰਾਂ ਛਪਣ, ਕਿਸੇ ਹੋਰ ਜਿੰਮੇਵਾਰਾਂ ਦੇ ਨਾਂਅ 'ਤੇ ਖ਼ਬਰਾਂ ਛਪਣ, ਤੁਸੀਂ ਅਖ਼ਬਾਰਾਂ ਵੱਲ ਧਿਆਨ ਨਹੀਂ ਦੇਣਾ। ਅਖ਼ਬਾਰਾਂ ਦਾ ਖਹਿੜਾ ਛੱਡ ਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਤੇ ਓਟ ਆਸਰਾ ਰੱਖਣਾ।

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥

(ਰਾਮਕਲੀ ਵਾਰ, ਮ: ੩, ੯੫੩)

ਇਹ ਚਾਲਾਂ ਗੌਰਮੈਂਟ ਨੇ ਬਹੁਤ ਚੱਲਣੀਆਂ, ਹਰ ਤਰੀਕੇ ਨਾਲ ਚੱਲਣੀਆਂ। ਆਪਣੇ ਵਿੱਚੋਂ ਖਰੀਦ ਕੇ ਵੀ ਚੱਲਣੀਆਂ, ਪਰ ਮੈਂ ਇੱਕ ਬੇਨਤੀ ਕਰਾਂਗਾ, ਮੈਂ ਮਾਣ ਤੇ ਕਰਦਾ ਨਹੀਂ। ਸਤਿਗੁਰੂ ਦੀ ਹਜ਼ੂਰੀ 'ਚ, ਦਿਲੋਂ ਤੁਹਾਡੇ ਕੋਲੋਂ ਖਿਮਾਂ ਮੰਗ ਕੇ ਇੱਕ ਬੇਨਤੀ ਕਰਨ ਲੱਗਾਂ। ਸਰਕਾਰ ਤੋਂ ਗੁਰੂ ਗਰੰਥ ਸਾਹਿਬ ਜੀ ਬਚਾਉਣ, ਪਰ ਇੱਕ ਚੇਤਾ ਰੱਖਿਉ, ਅਕਾਲੀ ਦਲ ਦੇ ਮੋਰਚੇ ਬਹੁਤ ਲੱਗੇ ਆ, ਸ਼ਹੀਦੀਆਂ ਬਹੁਤ ਹੋਈਆਂ, ਅਕਾਲੀ ਦਲ ਨੇ ਸਿੱਖ ਕੌਮ ਦੀ ਨੁਮਾਇੰਦਗੀ ਕੀਤੀ, ਕਰ ਰਹੇ ਤੇ ਕਰੇਗਾ, ਪਰ ਇੱਕ ਗੱਲ ਯਾਦ ਰੱਖਿਉ, ਅੱਜ ਤੱਕ ਸੰਤ ਜੀ (ਸੰਤ ਲੌਂਗੋਵਾਲ) ਬੈਠੇ (ਨੇ) ਦੱਸਣਗੇ, ਦੂਜੇ ਲੀਡਰ ਬੈਠੇ (ਨੇ) ਦੱਸ ਦੇਣਗੇ। ਕਿਸੇ ਵੀ ਸੰਘਰਸ਼ ਵਿੱਚ, ਜਦੋਂ ਤੋਂ ਅਕਾਲੀ ਦਲ ਹੋਂਦ ਵਿੱਚ ਆਇਆ, ਕੋਈ ਸਿੱਖ ਦੱਸੇ ਕਿ ਸਮੂਹ ਸੰਪਰਦਾਵਾਂ, ਸਮੂਹ ਜਥੇਬੰਦੀਆਂ, ਸਾਰਿਆਂ ਨੇ ਰਲ਼ ਕੇ ਸਮੁੱਚੇ ਤੌਰ 'ਤੇ ਪੰਥ ਦੇ ਨਾਲ ਸਹਿਯੋਗ ਦਿੱਤਾ ਹੋਵੇ। ਇਕੱਲਾ ਇਕੱਲਾ ਤਾਂ ਹੋ ਸਕਦਾ ਬੰਦਾ ਭੇਜ ਦਿੱਤਾ ਹੋਵੇ ਕਿਸੇ ਨੇ ਪਰ ਐਤਕੀਂ ਕੀ ਹੋਇਆ, ਜਦੋਂ ਮੋਰਚਾ ਲੱਗਾ, ਸਮੁੰਦਰੀ ਹਾਲ ਵਿੱਚ ਮੀਟਿੰਗ ਹੋਈ ਆ। ੩੦ ਮਹਾਤਮਾਂ ਮੁਖੀ ਜਿਹਨਾਂ ਨੂੰ ਦੁਨੀਆ ਜਾਣਦੀ ਆ, ਕਾਰ ਸੇਵਾ ਵਾਲੇ, ਕੀਰਤਨ ਵਾਲੇ, ਕਥਾ ਵਾਲੇ, ਹੋਰ ਥਾਂਵਾਂ ਥਾਂਵਾਂ ਤੋਂ, ਭਗਵੇ ਲਿਬਾਸ ਵਾਲੇ ਸਾਰੇ ਆਏ, ਸਾਰਿਆਂ ਨੇ ਪ੍ਰਣ ਕੀਤਾ ਤੇ ਫਿਰ ਕਿਹੜੀ ਗੱਲੋਂ ਡੋਲੀ ਜਾਨੇ ਆਂ ? ਕਿਤੇ ਵਿਕ ਨਾ ਜਾਈਏ, ਕਿਤੇ ਡਿੱਗ ਨਾ ਪਈਏ, ਕਿਤੇ ਧੋਖਾ ਨਾ ਹੋ ਜਾਵੇ, ਯਕੀਨ ਨਹੀਂ ਕਿਸੇ 'ਤੇ।

ਕਦੇ ਵੀ ਕੋਈ ਅਹੁਦਾ ਨਾ ਲੈਣ ਦਾ ਐਲਾਨ

ਮੈਂ ਅਕਾਲ ਤਖ਼ਤ ਸਾਹਿਬ ਤੋਂ ਬੇਨਤੀ ਕੀਤੀ ਸੀ ਤੁਹਾਨੂੰ ਇੱਕ, ਅੱਜ ਵੀ ਕਰਦਾਂ। ਮੈਂ ਆਪਣੀ ਜ਼ਿੰਦਗੀ ਵਿੱਚ.....। ਬਹੁਤ ਵੇਰਾਂ ਪ੍ਰਣ ਅੱਗੇ ਕਰ ਚੁੱਕਿਆਂ ਅੱਜ ਫਿਰ ਕਹਿਣਾ ਚਹੁਨਾ ਦੁਹਰਾ ਕੇ। ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਬਣਾਂ, ਸ਼੍ਰੋਮਣੀ ਕਮੇਟੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਬਣਾਂ, ਮੈਂ ਆਪ ਦੀ ਗੱਲ ਕਰਦਾਂ, (ਕਿਸੇ) ਸਿੰਘ ਦੀ ਨਹੀਂ। ਮੈਂ ਇਹਨਾਂ ਮੁਰਾਤਬਿਆਂ 'ਤੇ ਕਿਤੇ ਆਵਾਂ। ਐਮ.ਐਲ.ਏ. ਬਣਾ, ਵਜ਼ੀਰ ਬਣਾ, ਐਮ.ਪੀ. ਬਣਾ, ਜੁੱਤੀਆਂ ਤੁਹਾਡੀਆਂ ਹੋਣਗੀਆਂ, ਸਿਰ ਮੇਰਾ ਹੋਊਗਾ। ਮੇਰਾ ਕੰਮ ਕੇਵਲ ਆ ਤੁਹਾਡੇ ਕੇਸ ਦਾਹੜੇ ਜਿਹਨਾਂ ਦੇ ਮੁੰਨੇ, ਦੂਜਿਆਂ ਦੇ ਤੇ ਹੈਗੇ ਈ ਹੈਗੇ ਆ ਅੱਗੇ। ਜਿਹੜੇ ਕੇਸ ਦਾਹੜੇ ਮੁੰਨਦੇ ਆ, ਦੇਹਧਾਰੀਆਂ ਦੇ ਮਗਰ ਲੱਗਦੇ ਆ, ਨਸ਼ੇ ਖਾਂਦੇ ਆ, ਪੁੱਠੇ ਪਾਸੇ ਤੁਰਦੇ ਆ, ਉਹਨਾਂ ਨੂੰ ਪ੍ਰੇਰ ਕੇ, ਹੱਥ ਜੋੜ ਕੇ, ਆਪਣੇ ਭਰਾ ਬਣਾ ਕੇ ਗੁਰੂ ਗਰੰਥ ਸਾਹਿਬ ਦੇ ਲੜ ਲਾਉਣਾ ਤੇ ਪੰਥ ਨਾਲ ਜੋੜਨਾ, ਮੇਰਾ ਇਹ ਕੰਮ ਆਂ।

ਅਨੰਦਪੁਰ ਸਾਹਿਬ ਦੇ ਮਤੇ ਤੋਂ ਘੱਟ ਫੈਸਲਾ ਨਾ ਮੰਨਣ ਦਾ ਭਰੋਸਾ

ਅਨੰਦਪੁਰ ਦੇ ਮਤੇ ਬਾਰੇ, ਮੈਂ ਵੀ, ਡਿਕਟੇਟਰ ਸਾਹਿਬ ਨੇ ਵੀ, ਸੁਖਜਿੰਦਰ ਸਿੰਘ ਨੇ ਵੀ, ਟੌਹੜਾ ਸਾਹਿਬ ਨੇ, ਤਲਵੰਡੀ ਸਾਹਿਬ ਨੇ, ਬਾਕੀ ਸਾਰਿਆਂ ਲੀਡਰਾਂ ਨੇ ਇਥੇ ਸਟੇਜ ਤੋਂ ਕਿਹਾ, ਟੈਲੀਵੀਜ਼ਨ (ਵੀਡੀਉ) ਤੇ ਭਰਿਆ ਕਿ ਅਨੰਦਪੁਰ ਦੇ ਮਤੇ ਤੋਂ ਘੱਟ ਅਸੀਂ ਰਤੀ ਮਾਤਰ ਵੀ ਗੱਲ ਨਹੀਂ ਕਰਾਂਗੇ। ਜੇ ਤੁਰਿਆ ਜਾਂਦਾ ਕੰਮ, ਜਿੰਨਾ ਕੁ ਤੁਰਦਾ ਤੁਰਨ ਦਿਉ। ਜਦੋਂ ਕੋਈ ਬੈਠੂਗਾ, ਜਦੋਂ ਕੋਈ ਲਿਟੂਗਾ, ਜਦੋਂ ਕੋਈ ਵਿਕੂਗਾ ਤੇ ਮੈਂ ਤੁਹਾਨੂੰ ਕਹਿ ਚੁੱਕਿਆਂ, ਭਈ ਡਰ ਮੈਂ ਮੰਨਦਾ ਨਹੀਂ ਤੇ ਨਾ ਡਰ ਮੈਂ ਕਿਸੇ ਨੂੰ ਦੇਨਾ। ਜੇ ਕੋਈ ਫੈਸਲਾ ਹੋਊ, (ਜਿਵੇਂ) ਸਾਰੇ ਜਿੰਮੇਵਾਰਾਂ ਨੇ ਕਿਹਾ, ਭਈ ਇਥੇ ਕਰਾਂਗੇ ਤੇ ਫਿਰ ਕਿਉਂ ਡਰੀ ਜਾਨੇ ਆਂ ਤੇ ਜੇ ਇਥੇ ਕਹਿ ਕੇ ਕੋਈ ਮੁਕਰੂਗਾ, ਮੈਂ ਤੁਹਾਡਾ ਚੌਕੀਦਾਰ ਆਂ, (ਚੌਕੀਦਾਰਾ) ਪੂਰਾ ਜ਼ਰੂਰ ਕਰੂੰਗਾ, ਜਿਹੜਾ ਮੈਂ ਤੁਹਾਡਾ ਲੂਣ ਤੇ ਆਟਾ ਖਾਨਾ, ਇੰਨੀ ਕੁ ਡੁਗਡੁਗੀ, ਇੰਨਾ ਕੁ ਢੋਲ ਤੁਹਾਡਾ ਜ਼ਰੂਰ ਖੜਕਾਊਂ ਕਿ ਖ਼ਾਲਸਾ ਜੀ ਆਹ ਅਨੰਦਪੁਰ ਦੇ ਮਤੇ ਦੀ ਕਾਪੀ, ਇਹਦੇ 'ਚ ਆਹ ਲਿਖੀਆਂ ਚੀਜ਼ਾਂ ਤੇ ਰੈਜ਼ੂਲੇਸ਼ਨ ਪਾਸ ਕਰਨ ਵਾਲੇ ਆਹ ਆਹ ਸੱਜਣ ਆਂ। ਇਥੋਂ ਤੱਕ ਕੰਮ ਸਾਡਾ ਮੁੱਕਿਆ, ਇਥੋਂ ਤੱਕ ਰਹਿੰਦਾ, ਹੁਣ ਤੁਸੀਂ ਦੱਸੋ ਕੀ ਕਰਨਾ ? ਉਹ੍ਹੋਂ ਜ਼ਿਮੇਵਾਰੀ ਹੋਣੀ ਤੁਹਾਡੀ ਤੇ ਡਰੀ ਕਿਉਂ ਜਾਨੇ ਆਂ ?

ਲਾਲਾ ਖ਼ਬਰ ਦੇ ਦਿੰਦਾ, ਜੀ ਲੱਤੋ ਲੱਤੀ ਹੋ ਪਏ। ਦੂਜਾ ਖ਼ਬਰ ਦੇ ਦਿੰਦਾ ਆਹ ਕੁਝ ਹੋ ਗਿਆ। ਠੀਕ ਆ ਕਿਸੇ ਨਾਲ ਮਾੜਾ ਮੋਟਾ ਖ਼ਿਆਲ ਵੱਖਰਾ ਤਾਂ ਕਿਸੇ ਦਾ ਹੋ ਸਕਦਾ, ਪਰ ਜਿੱਥੇ ਅਨੰਦਪੁਰ ਦੇ ਮਤੇ ਦੀ ਗੱਲ ਆ, ਜਿੱਥੇ ਕੇਸ ਤੇ ਦਾਹੜੇ ਦੀ ਗੱਲ ਆ, ਜਿੱਥੇ ਸਿੱਖੀ ਸਰੂਪ ਦੀ ਗੱਲ ਆ, ਉਥੇ ਚਿੰਤਾ ਫਿਕਰ ਨਾ ਕਰੋ, ਸਤਿਗੁਰੂ ਦੀ ਕ੍ਰਿਪਾ ਹੋਵੇਗੀ।

ਜੁਝਾਰੂਆਂ ਨੂੰ ਸੰਭਾਲਣ ਦਾ ਯਕੀਨ

ਜੇ ਗ਼ੁਲਾਮੀਂ ਗਲ਼ੋਂ ਲਾਹੁਣੀ ਆਂ ਤੇ ਪ੍ਰੋਗਰਾਮ ਮੰਗਦੇ ਆਂ। ਮੈਂ ਨਿੱਜੀ ਤੌਰ 'ਤੇ ਕਹਿ ਰਿਹਾਂ, ਪੰਥਕ ਪ੍ਰੋਗਰਾਮ ਤਾਂ ਪੰਥਕ ਲੀਡਰ ਦੇਣਗੇ। ਮੇਰੀ ਤਾਂ ਉਹਦੇ 'ਚ ਕੋਈ ਰਾਇ ਨਹੀਂ ਹੁੰਦੀ, ਪਰ ਤੁਹਾਨੂੰ ਬੇਨਤੀ ਇੱਕ ਕਰਾਂਗਾ, ਗ਼ੁਲਾਮੀ ਗਲ਼ੋਂ ਲਾਹੁਣੀ ਆਂ। ਪਹਿਲਾਂ ਅਨੰਦਪੁਰ ਘਰੇ ਵੜ੍ਹ ਜਾਉ ਤੇ ਫਿਰ ਮੋਟਰ ਸਾਈਕਲ, ਇੱਕ ਪਿੰਡ ਵਿੱਚ ਇੱਕ ਤੇ ਤਿੰਨ ਸਵਾਰ ਤੇ ਤਿੰਨ ਰਿਵਾਲਵਰ ਨਵੇਂ ਲਉ। ਜਿਹੜਾ ਇਹ ਕੇਸ ਮੇਰੇ 'ਤੇ ਬਣੂੰ, ਮੇਰੀ ਛਿੱਲ ਲਵੇ, ਬੰਦ ਬੰਦ ਕੱਟਿਆ ਜਾਵੇ, ਸਾੜਿਆ ਜਾਵਾਂ, ਮੈਂ ਝੱਲੂੰਗਾ। ਇੱਕ ਇੱਕ ਮੋਟਰ ਸਾਈਕਲ ਹਰ ਪਿੰਡ ਵਿੱਚ ਤੇ ਤਿੰਨ ਤਿੰਨ ਰਿਵਾਲਵਰ ਨਵੇਂ ਤੇ ਤਿੰਨ ਤਿੰਨ ਨੌਜੁਆਨ। ਉਹ ਬੰਦੇ ਮਾਰਨ ਵਾਸਤੇ ਨਹੀਂ ਆਪਾਂ ਕਰਨੇ। ਸਿੱਖ ਲਈ ਹਥਿਆਰ ਰੱਖ ਕੇ ਬੰਦਾ ਮਾਰਨਾ ਬਹੁਤ ਵੱਡਾ ਪਾਪ ਆ, ਪਰ ਖ਼ਾਲਸਾ ਜੀ ਸਿੱਖ ਦਾ ਹਥਿਆਰ ਰੱਖ ਕੇ ਹੱਕ ਨਾ ਲੈਣਾ, ਉਦੋਂ ਵੀ ਵੱਡਾ ਪਾਪ ਆ। ਇਹ ਤੁਸੀਂ ਸੋਚੋ, ਵਰਤਣੇ ਕਿਵੇਂ ਆਂ ? ਗ਼ੁਲਾਮੀ ਗਲ਼ੋਂ ਲਾਹੁਣੀ ਆਂ ਤੇ ਰਸਤਾ ਅਖ਼ਤਿਆਰ ਕਰਨਾ ਪੈਣਾ। ਚਾਹੇ ਅੱਜ ਕਰ ਲਿਉ, ਚਾਹੇ ਫਿਰ ਕਰ ਲਿਉ, ਪਰ ਇਹ ਨਹੀਂ ਭਈ ਲੈ ਕੇ ਮੋਟਰ ਸਾਈਕਲ, ਕੋਈ ਰੇਹੜੀ ਵਾਲਾ, ਰਿਕਸ਼ੇ ਵਾਲਾ, ਰੇੜ ਦਿਉ ਜਾਂ ਕਿਸੇ ਦੀ ਦੁਕਾਨ ਲੁੱਟ ਲਉ ਜਾਂ ਕਿਸੇ ਦੀ ਹੋਰ ਕੋਈ ਚੋਰੀ ਕਰ ਲਉ, ਇਹ ਸਿੱਖੀ ਦਾ ਅਸੂਲ ਨਹੀਂ। ਕਈ ਕਹਿੰਦੇ ਪ੍ਰੋਗਰਾਮ ਕੋਈ ਕਰੜਾ ਜਿਹਾ ਦਿਉ। ਮੈਂ ਪ੍ਰੋਗਰਾਮ

ਤੁਹਾਨੂੰ ਦੇਨਾਂ ਤੇ ਲੈ ਜਾਉ, ਜਿਹੜਾ ਪੂਰਾ ਕਰਕੇ ਆਊਗਾ, ਛਾਤੀ ਨਾਲ ਲਾਉਂਗਾ ਉਹਨੂੰ। ਜਿਹਨਾਂ ਨੇ ਸ੍ਰੀ ਗੁਰੂ ਗਰੰਥ ਸਾਹਿਬ ਦੇ ਸਰੂਪ ਨੂੰ ਅੱਗ ਲਾਈ ਆ। ਜਿਹਨਾਂ ਨੇ ਸਾਡੀਆਂ ਧੀਆਂ ਨੰਗੀਆਂ ਕਰਕੇ ਬਜ਼ਾਰਾਂ ਤੇ ਪਿੰਡਾਂ ਵਿੱਚ ਤੋਰਿਆ। ਜਿਹਨਾਂ ਨੇ ਕੁਲਵੰਤ ਸਿੰਘ ਨਾਗੋਕੇ ਵਾਲੇ ਦੇ ਢਿੱਡ ਵਿੱਚ ਦੀ ਸੀਖਾਂ ਲੋਹੇ ਦੀਆਂ ਤੱਤੀਆਂ ਕਰਕੇ ਸਾੜਿਆ। ਜਿਹੜਾ ਉਹਨਾਂ ਸ਼ਹੀਦਾਂ ਦਾ ਹੱਕ ਲੈ ਕੇ (ਆਏਗਾ), ਉਥੋਂ ਨਿਕਲਣਾ ਤੁਹਾਡਾ ਕੰਮ, ਇਥੇ ਸੰਭਾਲਣਾ ਮੇਰਾ ਕੰਮ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਇਹ ਪ੍ਰੋਗਰਾਮ ਮੈਂ ਬੁੱਧੀ ਜੀਵੀਆਂ ਦੀ ਮੀਟਿੰਗ ਵਿੱਚ ਵੀ ਦਿੱਤਾ ਸੀ ਤੇ ਤੁਹਾਡੇ ਵਿੱਚ ਵੀ ਦੇ ਦਿੱਤਾ। ਹੁਣ ਜਿਹੜੇ ਸੱਜਣ ਨੇ ਨਵਾਂ ਪ੍ਰੋਗਰਾਮ ਮੇਰੇ ਕੋਲੋਂ ਪੁੱਛਣਾ, ਉਹ ਇਹ ਕੰਮ ਕਰ ਕੇ, ਆ ਕੇ ਪੁੱਛਿਉ ਤੇ ਜਿਹੜਾ ਪੰਥਕ ਪ੍ਰੋਗਰਾਮ ਆਪਣਾ ਸਾਰਿਆਂ ਦਾ ਸਾਂਝਾ, ਉਹ ਜਦੋਂ ਪੰਥਕ ਲੀਡਰ ਬੈਠ ਕੇ ਆਪਣੀ ਵਿਚਾਰ ਕਿਤੇ ਕਰਨਗੇ, ਉਦੋਂ ਤੁਹਾਨੂੰ ਦੱਸ ਦੇਣਗੇ।

ਜਦੋਂ ਤੱਕ ਇੱਕ ਥਾਂ ਇਕੱਠੇ ਨਹੀਂ ਹੁੰਦੇ, ਕੇਸਰੀ ਨਿਸ਼ਾਨ ਸਾਹਿਬ ਦੇ ਥੱਲੇ ਖੜੋਂਦੇ ਨਹੀਂ, ਗੁਰੂ ਗਰੰਥ ਸਾਹਿਬ 'ਤੇ ਅਡੋਲ ਨਿਸਚਾ ਨਹੀਂ ਹੁੰਦਾ, ਉਦੋਂ ਤੱਕ ਖ਼ਾਲਸਾ ਜੀ ਫੁੱਟ ਜ਼ਰੂਰ ਪਵੇਗੀ। ਇੰਦੌਰ ਦੀਆਂ ਤੁਸੀਂ ਫੋਟੋ ਨਹੀਂ ਵੇਖੀਆਂ। ਇੱਕ ਅਖ਼ਬਾਰ 'ਤੇ ਥੋੜ੍ਹੀਆਂ ਜਿਹੀਆਂ ਦੇਖੀਆਂ। ਟੈਲੀਵੀਜ਼ਨ (ਵੀਡੀਉ) 'ਤੇ ਸ਼ਾਇਦ ਮੈਨੂੰ ਪਤਾ, ਲੀਡਰਾਂ ਨੂੰ ਵੀ ਦੇ ਗਏ ਭਰਕੇ ਤੇ ਮੈਨੂੰ ਵੀ ਦੇ ਗਏ ਆ। ਉਹਦੇ ਵਿੱਚ ਇੰਨੀ ਦੁਰਦਸ਼ਾ ਕੀਤੀ ਆ, ਸਿੱਖਾਂ ਨੂੰ ਜੁੰਡਿਆਂ ਤੇ ਕੇਸਾਂ ਤੋਂ ਫੜ੍ਹ ਫੜ੍ਹ ਕੇ ਥੱਲੇ ਸੁੱਟਿਆ। ਮੁਆਫ਼ੀ ਦੇ ਦਿਉ, ਜੁੰਡੇ ਅੱਖਰ (ਸ਼ਬਦ) ਮੈਥੋਂ ਕਿਹਾ ਗਿਆ ਕੇਸਾਂ ਨੂੰ। ਕੇਸਾਂ ਤੋਂ ਫੜ੍ਹ ਫੜ੍ਹ ਥੱਲੇ ਸੁੱਟਿਆ ਅੰਮ੍ਰਿਤਧਾਰੀਆਂ (ਨੂੰ) ਤੇ ਕਈ ਗੱਲਾਂ ਸਟੇਜ 'ਤੇ ਦੱਸਣ ਵਾਲੀਆਂ ਨਹੀਂ, ਜਿਹੜੇ ਕੁਕਰਮ ਉਥੇ ਸਿੱਖਾਂ ਨਾਲ ਕੀਤੇ ਆ ਤੇ ਇਹ ਮੈਂ ਬੇਨਤੀ ਕਰਾਂਗਾ, ਜਿੱਥੇ ਏਕਤਾ ਦੀਆਂ ਗੱਲਾਂ ਉਹ ਵੀ ਰੱਖੋ, ਜਿਹੜਾ ਪ੍ਰੋਗਰਾਮ ਆਪਾਂ ਨੂੰ ਪੰਥਕ ਸਮੁੱਚੇ ਤੌਰ 'ਤੇ, ਉਹਦੇ 'ਤੇ ਵੀ ਚੱਲੋ, ਪਰ ਜੇ ਗ਼ੁਲਾਮੀ ਗ਼ਲੋਂ ਲਾਹੁਣੀ ਆਂ, ਇਹ ਪ੍ਰੋਗਰਾਮ ਨੂੰ ਪੂਰਾ ਨਿਭਾਉ। ਚੜ੍ਹਦੀ ਕਲਾ ਵਿੱਚ ਰਹੋ।

ਪੰਜਾਬੀ ਬਾਰੇ ਸੰਤ ਜਰਨੈਲ ਸਿੰਘ ਦੇ ਵਿਚਾਰ

ਇੱਕ ਜਿਹੜਾ ਸਭ ਤੋਂ ਪਹਿਲਾਂ ਬੋਲਣ ਦੇ ਟਾਈਮ 'ਤੇ ਆਪਣੇ ਭੁੱਲਰ ਸਾਹਿਬ ਨੇ ਇੱਕ ਗੱਲ ਕਹੀ ਸੀ, ਆਹ ਹਿੰਦੀ ਪੰਜਾਬੀ ਬਾਰੇ। ਮੈਂ ਵੀ ਬੇਨਤੀ ਕਰਾਂਗਾ। ਮੈਂ ਬਾਹਰਲੇ ਸੂਬਿਆਂ 'ਚ ਜਾਂਦਾ ਰਿਹਾਂ ਹੁਣ ਥੋੜੇ ਕੁ ਮਹੀਨੇ ਹੋਏ ਨਹੀਂ ਜਾਇਆ ਗਿਆ। ਹਰ ਬੋਰਡ 'ਤੇ ਅੰਗਰੇਜ਼ੀ, ਹਿੰਦੀ ਤੇ ਉਰਦੂ ਲਿਖਿਆ ਮਿਲੂ, ਪੰਜਾਬੀ ਕਿਤੇ ਨਹੀਂ ਪਰ ਇਥੇ ਪੰਜਾਬੀ ਲਿਖੀ ਹੋਊ ਤੇ ਸਭ ਤੋਂ ਥੱਲੇ ਲਿਖੀ ਹੋਊ। ਇਹ ਕੰਮ ਕਰਨਾ ਵੀ ਤੁਹਾਡਾ ਕੰਮ ਆਂ, ਨੌਜੁਆਨਾਂ ਦਾ। ਮੇਰੀ ਤੇ ਬੇਵਸੀ ਤੇ ਮਜ਼ਬੂਰੀ ਦੇ ਕਾਰਨ, ਮੈਂ ਇਥੇ ਬੈਠਾਂ। ਸਮਾਂ ਆ ਗਿਆ, ਬਾਹਰ ਵਿਚਰਿਆ ਤੁਹਾਡੇ ਵਿੱਚ ਜ਼ਿੰਦਗੀ ਨੇ ਇਜ਼ਾਜ਼ਤ ਦਿੱਤੀ ਤੇ ਤੁਹਾਡੇ ਜੋੜੇ ਝਾੜਨ ਦਾ ਟਾਈਮ ਮਿਲਿਆ ਤੇ ਉਦੋਂ ਜਿਹੜੀ ਮੇਰੀ ਸੇਵਾ ਲਾਉਣੀ ਆਂ ਲਾ ਦਿਉ। ਮੈਂ ਹੁਣ ਤੁਹਾਨੂੰ ਬੇਨਤੀ ਕਰ ਦਿੱਤੀ ਆ।

ਭਾਈ ਰਣਜੀਤ ਸਿੰਘ ਨੂੰ ਸੋਨੇ ਨਾਲ ਤੋਲਣ ਦਾ ਵਾਅਦਾ

ਇੱਕ ਆਹ ਚਰਚਾ ਨਵੀਂ ਜਿਹੀ ਚੱਲੀ ਸੀ, ਇਹ ਕਹਿ ਕੇ ਸਮਾਪਤ ਕਰ ਦਿੰਦਾ। ਕਹਿੰਦੇ ਜੀ ਭਿੰਡਰਾਂਵਾਲੇ ਨੇ ਸਟੇਜਾਂ 'ਤੇ ਖੜੋ ਕੇ ਕਈ ਵੇਰਾਂ ਕਿਹਾ ਤੇ ਝੂਠ ਬੋਲੀ ਜਾਂਦਾ ਕਿ ਜਿਹਨਾਂ ਨੇ ਗੁਰਬਚਨੇ ਨੂੰ ਗੱਡੀ ਚਾੜਿਆ, ਉਹਨਾਂ ਨੂੰ ਸੋਨੇ ਨਾਲ ਤੋਲੂੰਗਾ। ਮੈਂ ਅੱਜ ਵੀ ਕਹਿਨਾਂ ਭਈ ਤੋਲੂੰਗਾ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਪਰ ਤੋਲੂੰਗਾ ਕਦੋਂ, ਜਦੋਂ ਬਰੀ ਹੋ ਗਏ ਤੇ ਜੇ ਕੋਈ ਮਾਈ ਦਾ ਲਾਲ ਕਹਿੰਦਾ, ਭਈ ਨਹੀਂ ਛੇਤੀ ਤੋਲਣੇ ਚਾਹੀਦੇ ਆ ਤੇ ਜਿੱਥੇ ਉਹਨਾਂ ਕੋਲ ਹੈਗਾ ਤੇ ਉਹ ਲੈ ਆਉਣ ਤੇ ਮੈਂ ਆਪਣੇ ਪਿਉ ਦਾ ਪੁੱਤ ਨਹੀਂ ਹੋਊਂ ਜੇ ਸੱਤਾਂ ਦਿਨਾਂ ਦੇ ਵਿੱਚ ਵਿੱਚ ਉਹਨੂੰ ਸੋਨੇ ਨਾਲ ਨਾ ਤੋਲਿਆ। ਮੈਨੂੰ ਮੇਰੇ ਪਿਤਾ ਦਾ ਪੁੱਤਰ ਨਾ ਗਿਣਿਉਂ। ਦਾ ਗਿਣ ਲਿਉ, ਪਰ ਕੁਝ ਸਮੇਂ ਹੁੰਦੇ ਆ, ਮਜ਼ਬੂਰੀਆਂ ਹੁੰਦੀਆਂ। ਮੈਨੂੰ ਪੁੱਛਿਆ ਸੀ ਪੁਲਸ ਵਾਲੇ ਨੇ, ਇਥੇ ਨਹੀਂ, ਸਟੇਜ 'ਤੇ ਮੈਨੂੰ ਕਹੋ ਕਿ ਆਖੀ ਜਾਂਦਾ। ਪੁਲੀਸ ਹਿਰਾਸਤ ਵਿੱਚ ਵੀ ਇਹੀ ਕਿਹਾ ਸੀ। ਮੈਨੂੰ ਪੁੱਛਿਆ ਸੀ ਤੇਰੇ ਕੋਲ ਸੋਨਾ ਹੈਗਾ, ਜਿਹਦੇ ਨਾਲ ਤੂੰ ਤੋਲਣਾ ਰਣਜੀਤ ਸਿੰਘ ਤੇ ਕਾਬਲ ਸਿੰਘ ਨੂੰ। ਮੈਂ ਕਿਹਾ ਤੁਹਾਡੇ ਕੋਲ ਰਣਜੀਤ ਸਿੰਘ ਹੈਗਾ। ਤੁਸੀਂ ਰਣਜੀਤ ਸਿੰਘ ਦੇ ਦਿਉ, ਮੈਂ ਸੋਨਾ ਦੇ ਦੇਨਾ। ਕਹਿੰਦੇ ਸੋਨਾ ਕਿੱਥੋਂ ਲਿਆਵੇਂਗਾ, ਮੈਂ ਕਿਹਾ ਜਿੱਥੋਂ ਤੁਸੀਂ ਰਣਜੀਤ ਸਿੰਘ ਨੂੰ ਲਿਆਉਂਗੇ। ਗੱਲਾਂ ਕਰਨੀਆਂ ਬਹੁਤ ਸੌਖੀਆਂ, ਕਮਾਉਣੀਆਂ ਬਹੁਤ ਔਖੀਆਂ ਹੁੰਦੀਆਂ।

ਨੌਜੁਆਨਾਂ ਨੂੰ ਅਪੀਲ

ਮੈਂ ਨੌਜੁਆਨੋਂ ਤੁਹਾਡੇ ਚਰਨਾਂ 'ਚ ਹੱਥ ਜੋੜ ਕੇ ਬੇਨਤੀ ਕਰਦਾਂ। ਰਾਤੀਂ ਤੁਸੀਂ ਟਾਈਮ ਮੰਗਿਆ ਸੀ। ਪਹਿਲੇ ਬੁਲਾਰਿਆਂ ਨੇ ਵੀ ਕਿਹਾ, ਮੈਂ ਵੀ ਹੱਥ ਜੋੜ ਕੇ ਬੇਨਤੀ ਕਰਦਾਂ, ਜਦੋਂ ਤੱਕ ਆਪਣੇ ਘਰੇ ਨਾ ਵੜੇ, ਗਾਤਰੇ ਕ੍ਰਿਪਾਨ, ਤੇੜ ਕਛਹਿਰਾ ਤੇ ਰਸਨਾ ਉੱਤੇ ਗੁਰਬਾਣੀ ਤੇ ਹੱਥ ਵਿੱਚ ਖੰਡਾ ਨਾ ਹੋਇਆ, ਉਦੋਂ ਤੱਕ ਆਪਣੇ ਤੇ ਕੁੱਟ ਪੈਣੀ ਆਂ। ਇਹ ਮਰਜ਼ੀ ਹੁਣ ਤੁਹਾਡੀ ਆ ਕਿ ਕੁੱਟ ਤੋਂ ਆਪਾਂ ਸਵੇਰੇ ਹੀ ਬਚਣਾ ਕਿ ਜਾਂ ਸਾਲ ਛੇ ਮਹੀਨੇ ਕੁੱਟ ਖਾ ਕੇ ਫਿਰ ਸਿੱਧੇ ਰਸਤੇ ਪੈਣਾ ? ਇਹ ਫੈਸਲਾ ਹੁਣ ਤੁਹਾਡੇ ਹੱਥ ਵਿੱਚ ਆ। ਮੈਂ ਆਪਣੇ ਵੱਲੋਂ ਜੋ ਫੈਡਰੇਸ਼ਨ ਦੀ ਅੱਜ ਚੋਣ ਹੋਈ ਆ। ਇਹਦੇ ਬਾਰੇ 'ਚ ਪੰਗਤੀ ਪੜ੍ਹ ਲਵਾਂ, ਸਿੱਟਾ ਜੋ ਕੱਢਣਾ ਸੋ ਕੱਢ ਲਿਉ, ਪਰ ਮੇਰੇ ਨਾਲ ਬੀਤੀ ਕਰਕੇ, ਮੈਂ ਤਾਂ ਕਹਿਨਾਂ। ਜਿਹਦੇ ਨਾਲ ਬੀਤੀ ਹੋਏ, ਉਹਨੂੰ ਜ਼ਿਆਦਾ ਪਤਾ ਹੁੰਦਾ। ਫਰੀਦ ਜੀ ਨੇ ਬਚਨ ਕਹੇ ਆ :

ਜਾਂ ਕੁਆਰੀ ਭਾ ਚਾਉ ਵੀਵਾਹੀ ਤਾਂ ਮਾਮਲੇ ॥
ਫਰੀਦਾ ਏਹੋ ਪਛੋਤਾਉ ਵਤਿ ਕੁਆਰੀ ਨ ਥੀਐ ॥

(ਸਲੋਕ ਫਰੀਦ, ੧੩੮੧)

ਮੈਂ ਵੀ ਜਦੋਂ ਸੰਤਾਂ ਨੂੰ ਬਾਪੂ-ਬਾਪੂ ਕਹਿੰਦਾ ਸਾਂ, ਮੈਂ ਵੀ ਬਥੇਰੀਆਂ ਟਾਹਰਾਂ ਮਾਰਦਾ ਸੀ ਤੇ ਜਿੰਦਣ ਇਹ ਸਹਿਣਾ ਪੈ ਗਿਆ ਬਦਕਿਸਮਤੀ ਨਾਲ, ਰੋਂਦਾ ਤਾਂ ਹੁਣ ਵੀ ਨਹੀਂ ਗਾ ਪਰ ਇੰਨਾ ਭਈ ਚੀਕਾਂ ਨਿਕਲਦੀਆਂ ਦਿਨ ਰਾਤ। ਇਹ ਜ਼ਿੰਮੇਵਾਰੀ....., ਹੁਣ ਭਾਈ ਅਮਰੀਕ ਸਿੰਘ ਨੂੰ ਜ਼ਰੂਰ

ਕਹਾਂਗਾ। ਸਤਿਗੁਰੂ ਦੀ ਹਜ਼ੂਰੀ ਵਿੱਚ ਤੈਨੂੰ ਪੰਥ ਨੇ ਨਿਵਾਜ਼ਿਆ। ਨੌਜੁਆਨਾਂ ਨੇ ਵਡਿਆਇਆ, ਸ਼ੱਕ ਮੈਨੂੰ ਅੱਗੇ ਈ ਕੋਈ ਨਹੀਂ, ਪਰ ਮੇਰੀ ਜ਼ਿੰਮੇਵਾਰੀ ਆ, ਮਹਾਂਪੁਰਖਾਂ ਦੇ ਥਾਂ ਹੋਣ ਦੇ ਨਾਤੇ। ਜੇ ਇਥੇ ਜ਼ਿੰਮੇਵਾਰੀ ਅੱਜ ਚੁੱਕੀ ਆ ਤੇ ਫਿਰ ਇਹ ਤਾਂ ਜ਼ਰੂਰ ਹੋ ਜਾਵੇ ਭਾਵੇਂ,

'ਸਿਰ ਜਾਵੇ ਤਾਂ ਜਾਵੇ
ਮੇਰਾ ਸਿੱਖੀ ਸਿਦਕ ਨਾ ਜਾਵੇ॥'

ਇਦੋਂ ਪਾਸੇ ਆਪਾਂ ਕਿਤੇ ਹੋਣਾ ਨਹੀਂ ਤੇ ਨੌਜੁਆਨੋਂ ਤੁਸੀਂ ਰਾਤ ਆਏਂ ਆਂ ਤੇ ਮੈਨੂੰ ਮਿਲੇ ਆਂ। ਬਹੁਮਤ ਮੈਂ ਉਹਨਾਂ 'ਚੋਂ ਵੇਖਿਆ। ਉਹਨਾਂ ਦੀ ਇਹ ਹਾਲਤ ਬਣੀ ਆਂ ਜਿਹੜੀ ਆਮ ਲੋਕਾਂ ਤੋਂ ਸੁਣੀ ਦਾ,

'ਧਰਮ ਜਾਵੇ ਤਾਂ ਜਾਵੇ
ਦਾਹੜੀ ਸਾਡੇ ਮੂੰਹ 'ਤੇ ਨਾ ਆਵੇ।'

ਪਤਾ ਨਹੀਂ ਤੁਸੀਂ ਇਹ ਕਿਹਦੇ ਮੂੰਹ 'ਤੇ ਲਿਆਉਣੀ ਆਂ ? ਮੈਂ ਬੇਨਤੀ ਕਰਦਾ ਹਾਂ। ਅੱਜ ਆਏ ਓ ਕੇਸ ਦਾਹੜਾ ਰੱਖ ਕੇ ਜਾਉ, ਸ਼ਰਾਬ ਛੱਡ ਕੇ ਜਾਉ, ਅੰਮ੍ਰਿਤ ਭਾਵੇਂ ਕੁਝ ਦਿਨ ਠਹਿਰ ਕੇ ਛਕ ਲਿਉ। ਇਹ ਨਾ ਸਮਝਿਉ ਭਈ ਰਾਤ ਕਰ ਦਿੱਤੀ ਆ। ਇਹ ਤਾਂ ਕੀਤੀ, ਭਈ ਪਹਿਲੀ ਵੇਰਾਂ ਆਏ ਤੇ ਮੁੜਕੇ ਕਿਤੇ ਇਹ ਨਾ ਹੋਵੇ ਭਈ ਮੱਲੋ ਮੱਲੀ ਕ੍ਰਿਪਾਨ ਚੁਣ ਲਉ, ਪਰ ਜੇ ਤੁਹਾਨੂੰ ਦਾਹੜੀ ਚੰਗੀ ਨਹੀਂ ਲੱਗਦੀ ਤੇ ਇਥੇ ਅਰਦਾਸ ਕਰੋ ਸੱਚੇ ਪਾਤਿਸ਼ਾਹ ਸਾਨੂੰ ਬੀਬੀਆਂ ਬਣਾ ਦੇਹ ਤੇ ਬੀਬੀਆਂ ਨੂੰ ਮਰਦ ਬਣਾ ਦੇ। ਵਟਾਂਦਰਾ ਕਰ ਲਉ ਨਾ ਦਾਹੜੀ ਆਵੇ, ਨਾ ਨਾਈ ਛਿਤਰ 'ਤੇ ਪਛਣਾ ਘਸਾ ਕੇ ਤੁਹਾਡੇ ਮੂੰਹ 'ਤੇ ਮਲੇ ਤੇ ਨਾ ਸਾਨੂੰ ਪ੍ਰਚਾਰਕਾਂ ਨੂੰ ਸਿਰ ਖਪਾਈ ਕਰਨੀ ਪਵੇ। ਇਹਦਾ ਫੈਸਲਾ ਤੁਸੀਂ ਕਰ ਲਉ ਕਿ ਮਾਈਆਂ ਬਣਨਾ ਕਿ ਬੀਬੀਆਂ ?

ਸਮਾਪਤੀ ਵਿੱਚ ਮੈਂ ਫੈਡਰੇਸ਼ਨ ਨੂੰ ਵਧਾਈ ਦਿੰਦਾ ਹਾਂ ਤੇ ਮਹਿਤੇ ਵਾਲੇ ਸ਼ਹੀਦਾਂ ਨੂੰ ਤੇ ਉਹਨਾਂ ਗੁਰਮੁਖਾਂ ਦੀਆਂ ਰੂਹਾਂ ਬਾਰੇ ਸਤਿਗੁਰੂ ਦੇ ਚਰਨਾਂ ਵਿੱਚ ਬੇਨਤੀ ਤੇ ਤਹਿ ਦਿਲੋਂ ਸ਼ਰਧਾਂਜਲੀ ਭੇਟ ਕਰਦਾ ਹਾਂ, ਪਰ ਸੱਚੀ ਸ਼ਰਧਾਂਜਲੀ ਇਹ ਹੀ ਹੋਵੇਗੀ, ਜਿਹਨਾਂ ਨੇ ਗੋਲੀਆਂ ਨਾਲ ਉਹਨਾਂ ਨੂੰ ਭੁੰਨਿਆ, ਉਹਨਾਂ ਨੂੰ ਜਿੱਦੇਂ ਗੱਡੀ ਚੜ੍ਹਾ ਕੇ ਸੁਰਖਰੂ ਹੋਵਾਂਗੇ। ਮੈਂ ਸਮਝਨਾ ਉਦੋਂ (ਉਸ ਦਿਨ) ਸਹੀ ਸ਼ਰਧਾਂਜਲੀ ਹੋਊ।

ਬੋਲਦਿਆਂ ਕੋਈ ਗ਼ਲਤੀ ਹੋਈ ਹੋਵੇ ਤਾਂ ਮੁਆਫ਼ੀ ਬਖ਼ਸ਼ੋ। (ਸਿੰਘ ਜੈਕਾਰਾ ਛੱਡਣ ਲੱਗਦਾ ਹੈ ਸੰਤ ਰੋਕਦੇ ਹੋਏ ਕਹਿੰਦੇ ਹਨ) "ਠਹਿਰ ਜਾਉ ਭਾਈ, ਠਹਿਰ ਜਾਉ ਸਿੰਘੋ, ਜੈਕਾਰਾ ਨਹੀਂ.....। ਧਰਮ ਯੁੱਧ ਮੋਰਚਾ ਜਿਹੜਾ ਚੱਲ ਰਿਹਾ, ਉਹਦੇ 'ਚ ਢਿੱਲ ਨਹੀਂ ਕਿਸੇ ਪ੍ਰਕਾਰ ਦੀ ਆਉਣ ਦੇਣੀ, ਜਥੇ ਵੱਧ ਤੋਂ ਵੱਧ ਇਸੇ ਤਰ੍ਹਾਂ ਹੀ ਤੋਰੀ ਜਾਣੇ ਆਂ। ਗੁਰੂ ਨੂੰ ਭਾਵੇ ਚੜ੍ਹਦੀ ਕਲਾ ਹੋਵੇਗੀ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

* * *

ਵਿਆਖਿਆਨ - ੩੪.

(ਦੀਵਾਨ ਹਾਲ ਮੰਜੀ ਸਾਹਿਬ, ਅੰਮ੍ਰਿਤਸਰ, ੧੬-੧੦-੧੯੮੩)

ਸਟੇਜ ਸੈਕਟਰੀ - ਸ੍ਰੀ ਮਾਨ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਆਪਣੇ ਵਿਚਾਰ ਰੱਖ ਰਹੇ ਹਨ, ਉਹਨਾਂ ਦੇ ਵਿਚਾਰ ਸਰਵਣ ਕਰੋ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸਤਿਗੁਰੂ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ ਜੀ ਦੀ ਗੋਦ ਵਿੱਚ ਸਜੇ ਹੋਏ ਗੁਰੂ ਰੂਪ ਗੁਰੂ ਖ਼ਾਲਸਾ ਸਾਧ ਸੰਗਤ ਜੀਉ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਝੂਠਾ ਅਖ਼ਬਾਰੀ ਪ੍ਰਾਪੇਗੰਡਾ

ਸਤਿਗੁਰੂ ਜੀ ਦੀ ਗੋਦ ਵਿੱਚ ਸਜ ਕੇ ਆਪ ਜੀ ਨੇ ਗੁਰਮੁਖਾਂ ਦੇ ਪਾਸੋਂ ਸੁੰਦਰ ਵਿਚਾਰ ਸੁਣੇ ਹਨ, ਵਡਭਾਗੀ ਬਣੇ ਹੋ। ਅਖ਼ਬਾਰਾਂ ਦੇ ਵਿੱਚ ਚਰਚਾ ਅਨੇਕ ਪ੍ਰਕਾਰ ਦੀ ਚੱਲ ਰਹੀ ਹੈ। ਹੁਣ ਦੇ ਸਮੇਂ ਤੋਂ ਕੁਝ ਚਿਰ ਪਹਿਲਾਂ ਮਨਿਸਟਰੀ ਦੇ ਵਿੱਚ ਰਹੇ ਹੋਏ ਮਨਿਸਟਰਾਂ ਨੇ ਅਨੇਕ ਪ੍ਰਕਾਰ ਦੀਆਂ ਅਫ਼ਵਾਹਾਂ ਉਡਾ ਕੇ, ਅਕਾਲੀ ਦਲ ਨੂੰ ਫੁੱਟ ਦਾ ਸ਼ਿਕਾਰ ਬਣਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਕੋਸ਼ਿਸ਼ਾਂ ਕਰਦੇ ਕਰਦੇ, ਜਿਉਂ ਗੁਰੂ ਸਾਹਿਬਾਨ ਦਾ ਫ਼ੁਰਮਾਨ ਹੈ :

ਮਨ ਕੀ ਮਨ ਹੀ ਮਾਹਿ ਰਹੀ ॥

(ਸੋਰਠਿ ਮ: ੯, ੬੩੧)

ਵਾਲੀ ਹਾਲਤ ਉਹਨਾਂ ਦੀ ਹੋ ਗਈ। ਜਿਹੜੇ ਲੋਕ ਇਹ ਗੱਲਾਂ ਕਰ ਰਹੇ ਸਨ ਕਿ ਸਿੱਖ ਕੌਮ ਦੀਆਂ ਖੁਸ਼ੀਆਂ, ਸਫਲਤਾ ਸਹਿਤ ਚੱਲ ਰਹੇ ਧਰਮ ਯੁੱਧ ਮੋਰਚੇ ਦੀ ਪ੍ਰਾਪਤੀ ਦੀਆਂ ਖੁਸ਼ੀਆਂ. ਕੁਝ ਦਿਨਾਂ ਦੇ ਵਿੱਚ ਵਿੱਚ ਮਿੱਟੀ ਵਿੱਚ ਮਿਲਾ ਦਿੱਤੀਆਂ ਜਾਣਗੀਆਂ, ਪਰ ਗੁਰੂ ਸਾਹਿਬ ਦਾ ਫੁਰਮਾਨ ਹੈ :

ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ ॥

(ਸੋਰਠਿ ਮ: ੯, ੧੪੨੮)

ਬਣਾ ਦਿੰਦਾ ਸਤਿਗੁਰੂ। ਜਿਹੜੇ ਮਨੁੱਖ ਨੇ, ਇਹ ਗੱਲਾਂ ਕਹਿਣੀਆਂ ਸ਼ੁਰੂ ਕੀਤੀਆਂ ਸਨ, ਉਸ

ਨੂੰ ਆਪਣੇ ਆਪ ਦਾ ਚੇਤਾ ਨਹੀਂ ਸੀ ਕਿ ਮੇਰੇ ਨਾਲ ਕਿਸ ਤਰ੍ਹਾਂ ਬੀਤੇ ਗੀ, ਪਰ ਉਸ ਦੇ ਬੀਤਣ ਦੇ ਸੰਬੰਧ ਵਿੱਚ.....।

ਇੰਦਰਾ ਗਾਂਧੀ ਦੀ ਨੀਤੀ ਅਤੇ ਸੰਤਾਂ ਦੇ ਸਵਾਲ

ਇੱਕ ਦਿਨ ਅੱਗੇ ਵੀ ਦਾਸ ਨੇ ਬੇਨਤੀ ਕੀਤੀ ਸੀ, ਅੱਜ ਵੀ ਕਰਾਂਗਾ। ਇੰਦਰਾ ਗਾਂਧੀ ਦਾ, ਪ੍ਰਧਾਨ ਮੰਤਰੀ ਦਾ ਇੱਕ ਬਿਆਨ ਆਇਆ ਸੀ, ਕੱਲ ਦੇ ਅਖ਼ਬਾਰਾਂ ਵਿੱਚ ਬੜੀ ਭਾਰੀ ਘਬਰਾਹਟ ਵਿੱਚ ਆ ਕੇ ਉਸ ਨੇ ਨੁਕਤਾਚੀਨੀ ਕਰਨੀ ਅਰੰਭ ਕੀਤੀ। ਮੈਨੂੰ ਅੱਜ ਪਤਾ ਵੀ ਲੱਗਾ ਕੁਝ ਪ੍ਰੇਮੀਆਂ ਤੋਂ, ਅਖ਼ਬਾਰਾਂ ਵਾਲਿਆਂ ਤੋਂ ਕਿ ਸ਼ਾਇਦ ਉਸ ਦੀ ਪ੍ਰੈੱਸ ਮੀਟਿੰਗ ਜਿਹੜੀ ਆ, ਇਹ ਕਈਆਂ ਸਾਲਾਂ ਪਿੱਛੋਂ ਦਸਦੇ ਸੀ ਹੋਈ ਆ, ਉਸ ਤਰ੍ਹਾਂ ਖ਼ਬਰਾਂ ਉਹਦੀਆਂ ਭਾਵੇਂ ਨਿੱਤ ਆਉਂਦੀਆਂ ਤੇ ਜਦੋਂ ਉਹਨਾਂ ਨੇ ਪੁੱਛਿਆ ਕਿ ਭਿੰਡਰਾਂਵਾਲੇ ਨੇ ਆਹ ਗੱਲ ਸਟੇਜ ਤੋਂ ਕਹੀ ਆ, ਕਿ ੧ ਲੱਖ ੭੦ ਹਜ਼ਾਰ ਦੀ ਗ੍ਰਿਫ਼ਤਾਰੀ ਦੇ ਕੇ ੧੫੦ ਸਿੰਘਾਂ ਦੀ ਸ਼ਹੀਦੀਆਂ ਉਪਰੰਤ ਵੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਕਹਿਣ 'ਤੇ (ਸ਼੍ਰੋਮਣੀ) ਕਮੇਟੀ ਵੱਲੋਂ ਕਹਿਣ 'ਤੇ, ਸੁੰਪਰਦਾਵਾਂ ਅਤੇ ਆਪੋਜੀਸ਼ਨ ਪਾਰਟੀਆਂ ਵੱਲੋਂ ਕਹਿਣ ਦੇ ਬਾਵਜੂਦ ਵੀ ਪੰਜਾਬ ਦੇ ਮੁੱਖ ਮੰਤਰੀ ਨੂੰ ਨਹੀਂ ਬਦਲਿਆ ਗਿਆ ? ਉਹਦਾ ਕਾਰਨ ਕੀ ਸੀ ? ਕਾਰਨ ਇੱਕੋ ਇੱਕ ਇਹ ਸੀ ਕਿ ਬਹੁਰੂਪੀਏ ਰੂਪ ਵਿੱਚ ਪੱਗ ਵਾਲੇ ਨੂੰ ਮੁਖੀ ਬਣਾ ਕੇ ਤੇ ਬਾਕੀ ਦੇ ਸਾਰੇ ਸਿੱਖਾਂ ਦੀਆਂ ਇਹ ਪੱਗਾਂ ਲਹਾਉਣ ਦੀ ਚਾਹਵਾਨ ਸੀ। ਜਿੰਨਾ ਚਿਰ ਤਾਂ ਉਹ ਲਾਹੁੰਦਾ ਰਿਹਾ, ਸਿੱਖਾਂ ਦੀਆਂ ਪੱਗਾਂ ਲੱਥਦੀਆਂ ਰਹੀਆਂ, ਸਿੱਖਾਂ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਲੁੱਟਦੀ ਰਹੀ, ਬਜ਼ਾਰਾਂ 'ਚ ਤੇ ਪਿੰਡਾਂ ਵਿੱਚ, ਤਦੋਂ ਤੱਕ ਤਾਂ ਕਦੇ ਵਿਦੇਸ਼ ਯਾਤਰਾ 'ਤੇ, ਕਦੇ ਹੋਰ ਤਰ੍ਹਾਂ ਦੇ ਅਲਟੀਮੇਟਮ, ਕਦੇ ਕਿਸੇ ਪ੍ਰਕਾਰ ਦੇ ਆਨੇ ਬਹਾਨੇ ਬਣਾਉਂਦੀ ਰਹੀ ਅਰ ਜਦੋਂ ਕੋਈ ਐਸਾ ਸਮਾਂ ਆਇਆ। ਹਿੰਦੂ ਬਰਾਦਰੀ ਨਾਲ ਸੰਬੰਧ ਰੱਖਣ ਵਾਲੇ ਲੋਕਾਂ ਨੂੰ ਕਿਸੇ ਨੇ ਛੇਆਂ-ਸੱਤਾਂ ਨੂੰ ਮਾਰ ਦਿੱਤਾ। ਜਿਸ ਦੀ ਨਿਖੇਧੀ ਸਾਰੇ ਸਿੱਖਾਂ ਨੇ ਕੀਤੀ, ਨਿਖੇਧੀ ਕਰਨ ਦੇ ਬਾਵਜੂਦ ਵੀ, ਉਹਨਾਂ ਸੱਤਾਂ ਦਾ ਇੰਨਾ ਭਾਰੀ ਦੁੱਖ ਹੋਇਆ ਇਸ ਨੂੰ, ਜਿੱਥੇ ਪੱਗਾਂ ਵਾਲਿਆਂ ਦੇ ਡੇਢ ਸੌ ਸ਼ਹੀਦ ਸਿੰਘਾਂ ਦੇ ਖ਼ੂਨ ਤੋਂ ਪ੍ਰਭਾਵਤ ਨਹੀਂ ਹੋਈ, ੧੬ ਮਹੀਨੇ ਮੋਰਚਾ ਚੱਲਿਆ, ਮਹਿਸੂਸ ਨਹੀਂ ਕੀਤਾ। ਕੋਈ ਲੋੜ ਨਹੀਂ ਸਮਝੀ ਕਿ ਇੱਕ ਬੰਦੇ ਨੂੰ ਬਦਲਿਆ ਜਾਵੇ, ਪਰ ਜਦੋਂ ਉਹਨਾਂ ਸੱਤਾਂ ਦਾ ਖ਼ੂਨ ਡੁੱਲ੍ਹਿਆ ਤੇ ਖ਼ਾਲਸਾ ਜੀ ਅੱਠ ਪਹਿਰ ਵੀ ਨਹੀਂ ਕੱਢ ਸੱਕੀ। ਆਪਣਾ (ਸਾਡਾ) ਖ਼ੂਨ ਡੁੱਲ੍ਹੇ ਤਾਂ ੧੬ ਮਹੀਨੇ ਲੰਘ ਸਕਦੇ ਆ, ਬੰਦਾ ਨਹੀਂ ਬਦਲਿਆ ਜਾ ਸਕਦਾ, ਪਰ ਜੇ ਟੋਪੀਆਂ ਵਾਲਿਆਂ ਦਾ ਖ਼ੂਨ ਡੁੱਲ੍ਹੇ ਤਾਂ ੮ ਪਹਿਰ ਨਹੀਂ ਲੰਘ ਸਕਦੇ, ਸਾਰੀ ਮਨਿਸਟਰੀ ਤੋੜੀ ਜਾ ਸਕਦੀ ਆ। ਸੋ ਲੌਂਗੋਵਾਲ ਸਾਹਿਬ ਨੇ ਤਾਂ ਤੋੜਨੀ ਨਹੀਂ ਸੀ, ਨਾ ਭਿੰਡਰਾਂਵਾਲਿਆਂ ਨੇ, ਮਨਿਸਟਰੀ ਨੂੰ ਤੋੜਨ ਦੀ ਤਾਕਤ ਇਹਦੇ (ਇੰਦਰਾ ਗਾਂਧੀ) ਹੱਥ ਵਿੱਚ ਸੀ ਦਿੱਲੀ। ਉਹਨਾਂ ਸੱਤਾਂ ਦੇ ਮਰਨ ਉੱਤੋਂ, ਤਾਕਤ ਨੂੰ ਵਰਤਣ ਦਾ ਕਿਵੇਂ ਚੇਤਾ ਆਇਆ ? ਸਿੱਖਾਂ ਦੀ ੧ ਲੱਖ ੭੦ ਹਜ਼ਾਰ ਗ੍ਰਿਫ਼ਤਾਰੀ ਤੇ ਡੇਢ ਸੌ ਸ਼ਹੀਦਾਂ ਦੀ ਸ਼ਹਾਦਤ ਤੋਂ ਪਿੱਛੋਂ ਵੀ (ਤਾਕਤ) ਵਰਤਣ ਦਾ ਚੇਤਾ ਕਿਉਂ ਭੁੱਲ ਗਿਆ ? ਉਹਦਾ ਕਾਰਨ ਹੈ ਕਿ ਪੱਗ ਦਸਤਾਰ ਨੂੰ ਤੇ ਦਾਹੜੇ, ਕਛਹਿਰੇ, ਕ੍ਰਿਪਾਨ ਨੂੰ ਇਹ ਸਰਕਾਰ ਵੇਖਣਾ ਪਸੰਦ ਨਹੀਂ ਕਰਦੀ। ਮੈਂ ਇਥੋਂ, ਸਟੇਜ ਤੋਂ ਇੱਕ ਦਿਨ ਬੋਲ ਦਿੱਤਾ, ਅਖ਼ਬਾਰਾਂ ਵਿੱਚ ਵੀ ਖ਼ਬਰਾਂ ਕੁਝ ਭੰਨ ਤੋੜ ਕੇ ਕਈਆਂ ਨੇ ਦੇ ਦਿੱਤੀਆਂ, ਕਿਸੇ ਹੋਰ ਢੰਗ ਨਾਲ। ਜਦੋਂ ਪ੍ਰੈੱਸ ਵਾਲਿਆਂ ਨੇ

ਇਸ ਨੂੰ ਪੁੱਛਿਆ ਤੇ ਘਬਰਾ ਕੇ ਕਹਿਣ ਲੱਗੀ ਕਿ ਆਹ ਭਿੰਡਰਾਂਵਾਲੇ ਨੇ (ਜੋ) ਗੱਲ ਕਹੀ ਆ, ਇਹ ਮੇਰੇ ਮਨ ਵਿੱਚ ਨਹੀਂ, ਮੈਨੂੰ ਹਿੰਦੂ ਸਿੱਖਾਂ ਦਾ ਇੱਕੋ ਜਿਹਾ ਪਿਆਰ ਆ। ਇਹ ਤਾਂ ਦੁਨੀਆ ਜਾਣਦੀ ਆ, ਇੱਕੋ ਜਿਹਾ ਪਿਆਰ ਹੈ ਕਿ ਜਾਂ ਵਧ-ਘਟ ਹੈ। ਇੱਕੋ ਜਿਹੇ ਪਿਆਰ ਦਾ ਸਬੂਤ ਇਹ ਦੇ ਨਹੀਂ ਸਕੇਗੀ। ਕੇਵਲ ਹਕੂਮਤ ਦੇ ਨਸ਼ੇ ਵਿੱਚ ਆ ਕੇ ਭਾਵੇਂ ਧਿੰਙੋ ਜ਼ੋਰੀ ਨਾਲ, ਅਖ਼ਬਾਰਾਂ ਵਿੱਚ, ਟੈਲੀਵੀਜ਼ਨ ਤੇ ਰੇਡੀਓ 'ਤੇ ਪ੍ਰਾਪੇਗੰਡਾ ਕਰੀ ਜਾਵੇ, ਅਸੂਲਨ ਤੌਰ 'ਤੇ ਅਸਲੀਅਤ ਤੌਰ 'ਤੇ, ਪ੍ਰਗਟ ਕਰ ਕੇ ਨਹੀਂ ਵਿਖਾ ਸਕੇਗੀ।

ਮੈਂ ਪੁੱਛਣਾ ਚਾਹੁੰਦਾ ਹਾਂ, ਇਸ ਨੂੰ, ਪ੍ਰਧਾਨ ਮੰਤਰੀ ਨੂੰ ? ਜਿਹੜਾ ਇਹ ਕਹਿੰਦੀ ਹੈ ਇੱਕੋ ਜਿੰਨਾ ਪਿਆਰ ਹੈ ਮੇਰੇ ਮਨ ਵਿੱਚ, ਕੋਈ ਵਿਤਕਰਾ ਨਹੀਂ। ਅਸ਼ੋਕ ਕੁਮਾਰ ਪੁਲੀਸ ਦੀ ਗੋਲੀ ਨਾਲ ਮਾਰਿਆ ਗਿਆ, ਪਟਿਆਲੇ ਵਿੱਚ, ਕਿਸੇ ਸਿੱਖ ਨੇ ਇਹ ਨਹੀਂ ਕਿਹਾ ਚੰਗਾ ਹੋ ਗਿਆ। ਨਿਖੇਧੀ ਵੀ ਕੀਤੀ ਗਈ ਜਿੰਮੇਵਾਰਾਂ ਵੱਲੋਂ, ਉਹਦੀ ਲਾਸ਼ ਦਾ ਸਸਕਾਰ ਕਰਨ ਤੋਂ ਪਹਿਲਾਂ ਜੂਡੀਸ਼ੀਅਲੀ ਜਾਂਚ ਦਾ ਹੁਕਮ ਦੇ ਦਿੱਤਾ ਗਿਆ ਸੀ। ਇੱਕ ਬੰਦਾ ਮਰਿਆ ਪੁਲੀਸ ਦੀ ਗੋਲੀ ਨਾਲ ਤੇ ਮੈਂ ਪ੍ਰਧਾਨ ਮੰਤਰੀ ਨੂੰ ਪੁੱਛਣਾ ਚਾਹੁਨਾ ਸਟੇਜ ਤੋਂ ਤੇ ਜ਼ਿੰਮੇਵਾਰੀ ਨਾਲ ਪੁੱਛਦਾ ਹਾਂ ਕਿ ਬੀਬੀ ਜੇ ਤੈਨੂੰ ਪੱਗਾਂ ਵਾਲਿਆਂ ਦਾ ਸਤਿਕਾਰ ਹੈ ਤੇ ਡੇਢ ਸੌ ਸਿੰਘਾਂ ਦਾ ਖ਼ੂਨ ਡੁੱਲ੍ਹਿਆ, ਕਿੰਨੀ ਵੇਰਾਂ ਅਕਾਲੀ ਦਲ ਨੇ ਮੰਗ ਕੀਤੀ ਕਿ ਜੂਡੀਸ਼ੀਅਲੀ ਜਾਂਚ ਦਾ ਹੁਕਮ ਕਰੋ ਤੇ ਜਾਂਚ ਕਰਵਾਵੋ। ਕੀ ਡੇਢ ਸੌ ਸਿੱਖਾਂ ਦੇ ਡੁੱਲ੍ਹੇ ਹੋਏ ਖ਼ੂਨ ਤੋਂ ਪਿੱਛੋਂ ਵੀ ਹੁਣ ਤੱਕ ਜੂਡੀਸ਼ੀਅਲੀ ਜਾਂਚ ਕਰਾਉਣ ਦਾ ਹੁਕਮ ਲਾਗੂ ਹੋਇਆ ? ਇਹਦਾ ਜਵਾਬ ਦੇ ਸਕਦੀ ਆ ਤੇ ਅਖ਼ਬਾਰਾਂ ਵਿੱਚ ਦੇਵੇ, ਰੇਡੀਓ ਤੇ ਟੈਲੀਵੀਜ਼ਨਾਂ 'ਤੇ ਦੇਵੇ। ਸਿੱਧ ਕਰੇ (ਕਿ) ਮੈਂ ਹੁਕਮ ਕੀਤਾ। ਜੇ ਮਹਿਤੇ ਵਾਲੇ ਕਾਂਡ ਦਾ ਹੁਕਮ ਹੋਇਆ ਸੀ, ਉਹ ਜਾਂਚ ਹੋ ਗਈ ? ਚਾਰ ਮਹੀਨੇ ਤੋਂ ਉੱਪਰ ਹੋ ਗਿਆ ਸਮਾਂ ਖ਼ਾਲਸਾ ਜੀ ਫੈਸਲਾ ਹੋਏ ਨੂੰ ਅਦਾਲਤ ਵਿੱਚ ਤੇ ਉਹ ਜਿਹੜਾ ਹੁਕਮ ਆਂ ਉਹਨੂੰ ਨੱਪ ਕੇ ਰੱਖੀ ਬੈਠੀ ਆ, ਕਿਉਂਕਿ ਜਿਹਨਾਂ ਬੁੱਚੜ ਸੁਭਾਅ ਵਾਲੇ ਆਫ਼ੀਸਰਾਂ ਨੇ ੧੮ ਨੌਜੁਆਨਾਂ ਦਾ ਖ਼ੂਨ ਪੀਤਾ, ਮਹਿਤੇ ੨੦ ਸਤੰਬਰ ਨੂੰ, ਮੇਰੀ ਗ੍ਰਿਫ਼ਤਾਰੀ ਵਾਲੇ ਦਿਨ ਮੇਰੇ ਪਿੱਛੋਂ, ਉਹ ਸਾਰਾ ਹੀ ਫੈਸਲਾ ਗੌਰਮੈਂਟ ਦੇ ਉਲਟ ਜਾਂਦਾ, ਉਹਨੂੰ ਨੱਪੀ ਬੈਠੀ ਆ ਤੇ ਕਹਿੰਦੀ ਮੇਰੇ ਮਨ 'ਚ ਦਰਦ ਬਹੁਤ ਆ। ਦਰਦ ਹੈ ਨਹੀਂ, ਪੈਦਾ ਭਾਵੇਂ ਹੋ ਜਾਵੇ ਗੁਰੂ ਦੀ ਕਿਰਪਾ ਨਾਲ।

ਸ੍ਰੀ ਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੇ ਪਵਿੱਤਰ ਸਰੂਪ ਨੂੰ, ਚੰਦੋ ਕਲਾਂ ਵਿਖੇ ੧੪ ਸਤੰਬਰ ਸੰਨ ੧੯੮੧ ਨੂੰ ਲਾਲਾ ਜਗਤ ਨਰਾਇਣ ਦੀ ਮੌਤ ਤੋਂ ੫ ਦਿਨ ਪਿੱਛੋਂ, ਖ਼ਾਲਸਾ ਜੀ ਅਗਨ ਭੇਟ ਕੀਤਾ ਗਿਆ। ਆਹ ਭੱਠੀ ਨੇ ਕੀਤਾ ਸੀ, ਜਿਹੜਾ ਹਸਪਤਾਲ ਸੀ, ਕਹਿੰਦੇ ਨੇ ਨਿਕਲ ਗਿਆ ਉਥੋਂ। ਉਹ ਖ਼ਾਲਸਾ ਜੀ, ਉਸ ਪਵਿਤਰਤਾ ਨੂੰ ਭੰਗ ਕਰਨ ਵਾਲੇ ਲੋਕਾਂ ਨੂੰ, ਸਟੇਨਾਂ ਦੀ ਛਾਂ ਦੇ ਥੱਲੇ ਰੱਖਿਆ ਜਾ ਰਿਹਾ ਤੇ ਰੱਖਿਆ ਸੀ ਹੁਣ ਤੱਕ। ਅਗਾਂਹ ਵੀ ਸ਼ਾਇਦ ਯਤਨ ਕਰਨਗੇ ਰੱਖਣ ਦਾ।

੮੦ ਸਾਲ ਦਾ ਧੋਲੇ ਦਾ ਲਾਲਾ ਮਰ ਗਿਆ, ਉਦੋਂ, ਉਹਦੇ ਕੇਸ ਦੀ ਇਨਕੁਆਰੀ ਵੀ ਹੋ ਗਈ, ਫੈਸਲਾ ਵੀ ਹੋ ਗਿਆ, ਫੈਸਲੇ ਤੋਂ ਪਿੱਛੋਂ ਇੱਕ ਬਰੀ ਤੇ ਇੱਕ ੨੦ ਸਾਲ ਕੈਦ ਹੋਇਆ ਤੇ ਜਿਹੜਾ ਸਵਰਨ ਸਿੰਘ ਬਰੀ ਹੋਇਆ, ਉਹਦੇ ਬਾਰੇ ਦੋਬਾਰਾ ਰਿੱਟ ਕਰ ਦਿੱਤੀ (ਕਹਿੰਦੇ ਨੇ) ਸਾਨੂੰ ਪੂਰਾ ਫੈਸਲਾ (ਇਨਸਾਫ਼) ਨਹੀਂ ਮਿਲਿਆ। ਇੰਦਰਾ ਤੈਨੂੰ ਉਹਦਾ ਤਾਂ ਦਰਦ ਹੈ ਪਰ ਕੀ

ਸਾਡੇ ਇਸ਼ਟ ਨੂੰ ਅੱਗ ਲੱਗੀ ਆ, (ਕੀ) ਇਹ ਕੋਸ਼ਿਸ਼ ਕੀਤੀ ਆ ਸੰਨ ੧੯੮੧ ਤੋਂ ਲੈ ਕੇ ੧੯੮੩ ਤੱਕ, ਹੁਣ ਤੱਕ, ਕਿ ਸਿੱਖਾਂ ਦੇ ਇਸਟ ਨੂੰ ਅੱਗ ਲੱਗੀ ਆ, ਉਹਦੀ ਇਨਕੁਆਰੀ ਅਰੰਭ ਹੀ ਕਰਾ ਦੇਵਾਂ ? ਉੱਝ ਦਰਦ ਬੜਾ। ਇਹ ਸੋਚਣ ਵਾਲੀ ਲੋੜ (ਗੱਲ) ਆ ਖ਼ਾਲਸਾ ਜੀ ਕੇਵਲ ਜੋਸ਼ ਵਾਸਤੇ ਜਾਂ ਕਿਸੇ ਨੂੰ ਗਰਮ ਕਰਨ ਵਾਸਤੇ ਗੱਲਾਂ ਨਹੀਂ, (ਇਹ) ਦਲੀਲਾਂ। ਇਹਦਾ ਉੱਤਰ ਦੇਵੋ, ਇਥੇ ਸਟੇਜ 'ਤੇ ਖਲੋ ਕੇ ਪੁੱਛਣਾ ਚਹੁਨਾ, ਸੰਗਤਾਂ ਦੇ ਸਾਹਮਣੇ ਆਣ ਕੇ, ਆਪ ਦੀਆਂ ਸਟੇਜਾਂ 'ਤੇ ਖੜੋ ਕੇ, ਅਖ਼ਬਾਰਾਂ 'ਚ ਉੱਤਰ ਦੇਵੋ ਤੇ ਸ੍ਰੀ ਗੁਰੂ ਗਰੰਥ ਸਾਹਿਬ ਦੇ ਸਰੂਪ ਦੀ ਬੇ-ਅਦਬੀ ਦੀ ਇਨਕੁਆਰੀ ਕਿਉਂ ਅਰੰਭ ਨਹੀਂ ਹੋਈ ? ਤੇ ਲਾਲੇ ਦੀ ਇਨਕੁਆਰੀ ਕਿਉਂ ਸੰਪੂਰਨ ਹੋ ਗਈ ?

ਸੀਤਲ ਸਿੰਘ ਫ਼ੌਜੀ ਅਤੇ ਪਿਆਰਾ ਸਿੰਘ ਫ਼ੌਜੀ ਨੂੰ ਤਸੀਹੇ ਦੇ ਕੇ ਮਾਰਨਾ

ਉਹ ਕਹਿੰਦੀ ਆ, ਮੈਂ ਬੜੀ ਇਨਸਾਫ਼ ਪਸੰਦ ਇਸਤਰੀ ਹਾਂ, ਇਹ ਦੱਸ ਸਕਦੀ ਹੈ, ਸੰਨ ੧੯੪੭ ਤੋਂ ਲੈ ਕੇ ਹੁਣ ਦੇ ਸਮੇਂ ਤੱਕ, ਮਿਲਟਰੀ ਦੇ ਵਿੱਚ ਕਿਸੇ ਵੀ ਸਿੱਖ ਆਫ਼ੀਸਰ ਨੇ ਇੱਕ ਵੀ ਹਿੰਦੂ ਨੌਜੁਆਨ ਨੂੰ ਮਾਰਿਆ ਹੋਵੇ ? ਪਰ ਸਿੱਖਾਂ ਨੂੰ ਕੀ ਹੋਇਆ ? ਅਟਾਰੀ ਬਾਰਡਰ 'ਤੇ ਸਟੇਨਗੰਨ ਇੱਕ ਗਵਾਚ ਗਈ, ਉਹਦੇ ਸੰਬੰਧ ਵਿੱਚ ਸੀਤਲ ਸਿੰਘ ਨਾਮ ਵਾਲੇ ਵਿਅਕਤੀ ਨੂੰ ਪਕੜਿਆ ਗਿਆ। ਹਿੰਦੂ ਆਫ਼ੀਸਰ ਉਸ ਦੇ ਉੱਪਰ ਸੀ। ਉਸ ਨੇ ਆਪਣੀ ਮੌਜੂਦਗੀ ਵਿੱਚ ਆਪਣੇ ਕੋਲ ਹੁੰਦਿਆਂ ਹੋਇਆਂ ਸੀਤਲ ਸਿੰਘ ਦੇ ਮੂੰਹ 'ਚ ਖ਼ਾਲਸਾ ਜੀ ਵਿਸ਼ਟਾ ਪਾਇਆ, ਗੰਦਗੀ ਪਾਈ ਗਈ। ਅੱਖਾਂ ਵਿੱਚ ਮਿਰਚਾਂ ਪਾਈਆਂ ਗਈਆਂ। ਬਾਹਾਂ ਚੀਰ ਕੇ ਲੂਣ ਨਾਲ ਭਰੀਆਂ ਗਈਆਂ। ਕਿੱਕਰ ਦੀਆਂ ਸੂਲਾਂ, ਹਰੀਆਂ ਵੱਢ ਕੇ ਟਹਿਣੀਆਂ, ਉਹ ਵਿਛਾ ਕੇ ਤੇ ਸੀਤਲ ਸਿੰਘ ਦੀਆਂ ਬਾਹਾਂ ਬੰਨ ਕੇ, ਲੱਤਾਂ ਤੋਂ ਫੜ੍ਹ ਕੇ ਪਹਿਲਾਂ ਉਸ ਪਾਸੇ ਨੂੰ, ਫਿਰ ਇਸ ਪਾਸੇ ਨੂੰ ਸੂਲਾਂ ਦੇ ਉੱਪਰ ਦੀ ਖਿੱਚਿਆ ਗਿਆ। ਕੀ ਉਹਦੀ ਇਨਕੁਆਰੀ ਪੂਰੀ ਹੋ ਗਈ ਆ ? ਸਟੇਨ ਗੰਨ ਤਾਂ ਲੱਭ ਗਈ ਡਰੇਨ ਵਿੱਚੋਂ, ਗੰਦੇ ਨਾਲੇ ਵਿੱਚੋਂ ਤੇ ਬੀਬੀ ਇੰਦਰਾ ਅਸੀਂ ਤੈਨੂੰ ਪੁੱਛਣਾ ਚਾਹੁੰਦੇ ਆਂ, ਸੀਤਲ ਸਿੰਘ ਸਾਨੂੰ ਦੇਹ, ਜੇ ਤੂੰ ਇਨਸਾਫ਼ ਪਸੰਦ ਆਂ ? ਤੇਰੀ ਬਰਾਦਰੀ ਦੇ ਲੋਕਾਂ ਨੇ ਮਾਰਿਆ ਉਹਨੂੰ। ਦੋ ਬੈਰਲਾਂ ਗੁਆਚੀਆਂ ਮੇਰਠ ਵਿੱਚ, ਸੰਗਤਾਂ ਤੋਂ ਪਤਾ ਲੱਗਾ ਮੇਰਠ ਵਾਲੀਆਂ ਤੋਂ ਕਿ ਦੋਵੇਂ ਬੈਰਲਾਂ ਰਾਈਫ਼ਲ ਦੀਆਂ, ਹਿੰਦੂ ਦੀ ਬੈਰਕ ਵਿੱਚੋਂ, ਹਿੰਦੂ ਦੇ ਕਮਰੇ ਵਿੱਚੋਂ ਮਿਲ ਗਈਆਂ ਤੇ ਕੁੱਟ ਕੇ ਮਾਰ ਦਿੱਤਾ ਪਿਆਰਾ ਸਿੰਘ ਫਿਰੋਜਪੁਰ ਜਿਲ੍ਹੇ ਦਾ, ਉਹ ਬੈਰਲਾਂ ਤੇ ਮਿਲ ਗਈਆਂ ਤੇ ਪਿਆਰਾ ਸਿੰਘ ਕਿੱਥੋਂ ਲਿਆ ਕੇ ਦੇਵੋਂਗੀ ?

ਹਿੱਟ ਲਿਸਟ ਬਣਾਉਣ ਦਾ ਦੋਸ਼

ਫਿਰ ਉਹਨੇ ਕਿਹਾ ਕਿ ਹਿੱਟ ਲਿਸਟ ਬਣਾਈ ਆ ਭਿੰਡਰਾਂਵਾਲੇ ਨੇ। ਅੱਜ ਅਖ਼ਬਾਰਾਂ ਵਿੱਚ ਉਹ ਤੁਸੀਂ ਪੜ੍ਹ ਵੀ ਲਿਆ ਹੋਵੇਗਾ। ਮੈਂ ਚੈਲੰਜ ਕੀਤਾ, ਵਾਰਨਿੰਗ ਦਿੱਤੀ ਆ, ਮੇਰੀ ਜ਼ਿੰਦਗੀ ਵਿੱਚ ਜਦੋਂ ਤੱਕ ਸੁਆਸ ਆ, ਇੰਦਰਾ ਸਿੱਧ ਕਰੇ ਉਹ ਹਿੱਟ ਲਿਸਟ ਲਿਖਣ ਵਾਸਤੇ ਮੈਂ ਕਾਗਜ਼ ਕਿੱਥੋਂ ਲਿਆ ? ਪੈੱਨ ਕਿੱਥੋਂ ਲਿਆ ? ਸਿਆਹੀ ਦੁਆਤ ਕਿੱਥੋਂ ਲਈ ਆ ? ਸੀ.ਬੀ.ਆਈ. ਨੂੰ ਲਾਵੇ ਇਹਦੀ ਪੜਤਾਲ 'ਤੇ ਤੇ ਜੇ ਉਹ ਸਿੱਧ ਕਰ ਦੇਵੇ ਦਸਤਖ਼ਤ ਕੀਤੇ ਕਿਸੇ ਕਾਗਜ਼ ਉੱਪਰ

ਕਿ ਬੰਦੇ ਮਾਰਨ ਵਾਸਤੇ ਇਹਨੇ ਦਸਤਖ਼ਤ ਕੀਤੇ ਆ। ਮੈਂ ਹਜ਼ੂਰ ਦੀ ਹਜ਼ੂਰੀ 'ਚ ਖੜੋ ਕੇ ਕਹਿ ਰਿਹਾਂ, ਆਪਣਾ ਸਿਰ ਵੱਢ ਕੇ ਸੰਗਤਾਂ ਨੂੰ ਦੇ ਦੇਵਾਂਗਾ ਤੇ ਜਾਂ ਗੁਰੂ ਨਾਨਕ ਨਿਵਾਸ ਵਿੱਚੋਂ ਵੀ ਛੱਡ ਕੇ ਬਾਹਰ ਚਲਿਆ ਜਾਵਾਂਗਾ, ਪਰ ਉਹ ਦੱਸੇ, ਸਬੂਤ ਦੇਵੇ ਤੇ ਜੇ ਸਬੂਤ ਨਹੀਂ, ਅਣਖ਼ ਤੇ ਗ਼ੈਰਤ ਹੈ, ਉਹਨੂੰ ਕੋਈ ਸ਼ਰਮ ਹੈ ਥੋੜੀ ਘਣੀ ਤੇ ਉਹਨੂੰ ਪ੍ਰਧਾਨ ਮੰਤਰੀ ਦਾ ਅਹੁਦਾ ਛੱਡ ਕੇ ਤੇ ਬਜ਼ਾਰਾਂ ਵਿੱਚ ਲੋਕਾਂ ਦੇ ਸਾਹਮਣੇ ਆਉਣਾ ਚਾਹੀਦਾ। ਐਡੀ ਜ਼ਿੰਮੇਵਾਰੀ ਜਿਹਦੇ 'ਤੇ ਹੋਵੇ ਤੇ ਪ੍ਰਧਾਨ ਮੰਤਰੀ ਹੋਵੇ ਤੇ ਸੁਣ ਕੇ ਆਪ ਦੇ ਚਹੇਤਿਆਂ ਤੋਂ, ਆ ਰਮੇਸ਼ ਵਰਗਿਆਂ ਦੀਆਂ ਖ਼ਬਰਾਂ, ਵਰਿੰਦਰ ਤੇ ਜੱਸ ਵਰਗਿਆਂ ਦੀਆਂ ਤੇ ਕਹਿਣਾ ਸ਼ੁਰੂ ਕਰ ਦੇਵੇ, ਇਹ ਬੜਾ ਖ਼ਤਰਨਾਕ ਆ, ਇਹਨੇ (ਹਿੱਟ) ਲਿਸਟ ਬਣਾਈ ਆ। ਕਿੱਥੇ ਆ ਲਿਸਟ ਉਹ ? ਕੇਵਲ ਅਖ਼ਬਾਰਾਂ ਵਿੱਚ ਆ ਪਰ ਜੇ ਲਿਸਟ ਇਹਨੇ ਕਿਹਾ ਬਣਾਈ ਆ, ਇਹਨੂੰ ਕਿਤੋਂ ਪਤਾ ਲੱਗਾ, ਉਹਨਾਂ ਪਤਾ ਕਰਨ ਵਾਲੇ ਬੰਦਿਆਂ ਨੂੰ ਫੜੇ। ਜਿਸ ਤਰ੍ਹਾਂ ਇਨਟੈਰੋਗੇਸ਼ਨ ਦੂਜੇ ਸਿੰਘਾਂ ਨੂੰ ਕੀਤਾ ਜਾਂਦਾ, ਉਹਨਾਂ ਨੂੰ ਕਰੇ ਤੇ ਉਹ ਅਗਾਂਹ ਦੱਸਣ ਭਈ ਕਿੱਥੇ ਕਾਗਜ਼ ਆ ਤੇ ਉਹ ਕਾਗਜ਼ ਲਿਆ ਕੇ ਤੇ ਉਹਨਾਂ ਨੂੰ ਵਿਖਾਵੇ ਤੇ ਮੈਂ ਹੱਥ ਕੜੀ ਲਵਾ ਕੇ ਬਾਹਰ ਜਾਵਾਂਗਾ। ਇੰਨਾ ਝੂਠ, ਜਿਹੜਾ ਬੰਦਾ ਇਨਸਾਫ਼ ਦੀ ਕੁਰਸੀ 'ਤੇ ਬੈਠ ਕੇ ਆਪਣੀ ਜ਼ਿੰਮੇਵਾਰੀ ਦੀ ਕੁਤਾਹੀ ਕਰਦਾ ਹੈ, ਕੀ ਉਹ ਮਨੁੱਖ ਅਖਵਾਉਣ ਦਾ ਹੱਕਦਾਰ ਹੈ ?

ਸ਼ਸਤਰ ਰੱਖਣੇ ਗੁਰੂ ਦਾ ਹੁਕਮ

ਦੂਜਾ ਹਥਿਆਰਾਂ ਬਾਰੇ ਸੀ, ਉਹਨਾਂ ਕਿਹਾ ਜੀ ਅਖੇ ਮੈਂ ਸੁਣਿਆ, ਮੈਨੂੰ ਸੀ.ਆਈ.ਡੀ. ਤੋਂ ਪਤਾ ਲੱਗਾ, ਸਿੰਘ ਹਥਿਆਰ ਲਈ ਫਿਰਦੇ ਆ ਤੇ ਮੈਂ ਪੁੱਛਣਾ ਚਾਹੁਨਾ ਭਈ ਹਥਿਆਰ ਖੁਸਰਿਆਂ ਕੋਲੇ ਹੁੰਦੇ ਆ ਕਿ ਮਰਦਾਂ ਕੋਲੇ ? ਅਸੀਂ ਤੇਰੇ ਸਿੱਖ ਨਹੀਂ ਬੀਬੀ ਇੰਦਰਾ ਤੇ ਨਾ ਤੇਰੇ ਪਿਉ ਦੇ ਆਂ। ਅਸੀਂ ਸਿੱਖ ਹਾਂ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਅਸੀਂ ਸਿੱਖ ਹਾਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ। ਸਾਡੇ ਪਿਤਾ ਦਾ ਹੁਕਮ ਹੈ :

ਬਿਨਾ ਸਸਤ੍ਰ ਕੇਸੰ ਨਰੰ ਭੇਡ ਜਾਨੋ ॥
ਗਹੇ ਕਾਨ ਤਾਂ ਕੋ ਕਿਤੈ ਲੈ ਸਿਧਾਨੋ ॥
ਇਹੈ ਮੋਰ ਆਗਯਾ ਸੁਣੋ ਲੈ ਪਿਆਰੇ ॥
ਬਿਨਾ ਤੇਗ ਕੇਸੰ ਦਿਵੋ ਨ ਦਿਦਾਰੇ ॥

ਅਸੀਂ ਦਰਸ਼ਨ ਕਰਨੇ (ਨੇ) ਹਰਿਮੰਦਰ ਸਾਹਿਬ ਦੇ, ਮਹਾਰਾਜ ਕਹਿੰਦੇ (ਨੇ) ਸਾਡੇ ਕੋਲੇ ਆਇਉ ਨਾ ਸ਼ਸਤਰਾਂ ਤੋਂ ਬਿਨਾਂ, (ਅਸੀਂ) ਜਾਈਏ ਕਿਧਰ ਨੂੰ ? ਤੂੰ ਉਥੇ ਗਿਆਂ ਨਾਲ ਬੋਲਦੀ ਕਿਸੇ ਨਾਲ ਨਹੀਂ, ਮਸ਼ਕਰੀਆਂ ਕਰਦੀ ਆਂ। ਇਥੇ ਸਿੰਘ ਦਰਬਾਰ ਸਾਹਿਬ ਨੂੰ ਜਾਂਦਾ, ਮਹਾਰਾਜ ਕਹਿੰਦੇ ਸ਼ਸ਼ਤਰਾਂ ਤੋਂ ਬਿਨਾ ਸਾਡੇ ਕੋਲ ਆਉ ਨਾ, ਸਿੰਘ ਜਾਵੇ ਕਿੱਥੇ ? ਸਾਡੇ ਪਿਤਾ ਦਾ ਹੁਕਮ ਹੈ :

ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰ ਤੀਰ ॥
ਸੈਫ ਸਰੋਹੀ ਸੈਹਥੀ ਯਹੀ ਹਮਾਰੇ ਪੀਰ ॥

ਇਹ ਤਾਂ ਸੰਤਾਂ (ਲੌਂਗੋਵਾਲ) ਦੀ ਢਿਲ ਆ, ਅਜੇ ਕੋਈ ਤੋਪ ਨਹੀਂ ਲੈ ਰਹੇ। ਪਿਤਾ ਗੁਰੂ ਗੋਬਿੰਦ

ਸਿੰਘ ਜੀ ਦਾ ਹੁਕਮ ਹੋਵੇ ਤੇ ਜੇ ਇਸੇ ਤਰ੍ਹਾਂ ਹੀ ਗਲ਼ ਸਾਡਾ ਘੁੱਟੀ ਗਈ ਉਹੋ ਤੇ ਤੋਪ ਲੈਣ ਵਾਸਤੇ ਸੰਤ ਜੀ (ਲੌਂਗੋਵਾਲ) ਵੀ ਮਜ਼ਬੂਰ ਹੋਣ। ਉਹ (ਸੰਤ ਲੌਂਗੋਵਾਲ) ਸ਼ਾਂਤੀ ਸ਼ਾਂਤੀ ਕੂਕੀ ਜਾਂਦੇ ਆ। ਇਹ (ਇੰਦਰਾ ਗਾਂਧੀ) ਅੱਤਵਾਦੀ ਅੱਤਵਾਦੀ ਕੂਕੀ ਜਾਂਦੀ ਆ, ਉਥੇ ਬੈਠੀ। ਮੈਂ ਕੱਲ ਖ਼ਬਰ ਦਿੱਤੀ ਸੀ, ਅਖ਼ਬਾਰਾਂ ਵਾਲਿਆਂ ਦੀ ਇਹ ਮਰਜ਼ੀ ਆ, ਸਤਿਗੁਰੂ ਕਿਰਪਾ ਕਰਨ, ਸਾਰਿਆਂ ਨੂੰ ਸੁਮੱਤ ਬਖ਼ਸ਼ਣ, ਬਹੁਤਾ ਕੀ ਗੁੱਸੇ ਵਿੱਚ ਕਹਿਣਾ ਕਿਸੇ ਨੂੰ। ਜਿਹੜੀ ਖ਼ਬਰ ਪੰਥ ਦੇ ਹਿੱਤ ਵਿੱਚ ਆ, ਉਹ ਆਪਣੇ ਅਖ਼ਬਾਰ ਨੂੰ ਚਲਾਉਣ ਵਾਸਤੇ ਉਥੇ ਬੈਠੇ ਕੱਟ ਦਿੰਦੇ ਆ ਤੇ ਜਿਹੜੀ ਪੈਸਿਆਂ ਦੇ ਹਿੱਤ ਵਿੱਚ ਆ ਤੇ ਪ੍ਰੈੱਸ ਦੇ ਕਾਗਜ਼ਾਂ ਦੇ ਹਿੱਤ ਵਿੱਚ ਆ ਤੇ ਗੌਰਮੈਂਟ ਦੇ ਹੱਕ ਵਿੱਚ ਆ, ਚੁੱਕ ਕੇ ਲਾ ਦਿੰਦੇ ਆ। ਮੈਂ ਕੱਲ ਖ਼ਬਰ ਦਿੱਤੀ ਸੀ, ਹਥਿਆਰਾਂ ਦੇ ਸੰਬੰਧ ਵਿੱਚ ਕਿ ਬੀਬੀ ਤੈਨੂੰ ਦਿੱਲੀ 'ਚ ਬੈਠੀ ਨੂੰ ਤੇਰੀ ਸੀ.ਆਈ.ਡੀ. ਨੇ ਇਹ ਖ਼ਬਰ ਤਾਂ ਦੇ ਦਿੱਤੀ ਆ ਕਿ ਹਥਿਆਰ ਲੈ ਕੇ ਸਿੰਘ ਵਿਚਰਦੇ ਆ ਪਰ ਮੈਂ ਤੈਨੂੰ ਪੁੱਛਣਾ ਚਾਹੁੰਦਾ ਹਾਂ, ਗਰਨੇਡ ਦਾ ਲਾਇਸੈਂਸ ਬਣਦਾ ? ਆਹ ਜਿਹੜੇ ਫ਼ੌਜੀ ਗਰਨੇਡ ਹੁੰਦੇ ਆ, ਇਹਦਾ ਲਾਇਸੈਂਸ ਬਣਦਾ ਕਿਤੇ ਦੁਨੀਆ 'ਚ ? ਤੇਰੀ ਬਰਾਦਰੀ ਨਾਲ ਸੰਬੰਧ ਰੱਖਣ ਵਾਲਿਆਂ ਵਿੱਚੋਂ, ਪਵਨ ਕੁਮਾਰ ਕੋਲੋਂ ੨੩੦ ਗਰਨੇਡ ਗੁਦਾਮ ਵਿੱਚੋਂ ਫੜੇ ਗਏ। ਸਾਲ ਤੋਂ ਉੱਪਰ ਹੋ ਗਿਆ ਸਮਾਂ। ਮੈਂ ਤੈਨੂੰ ਪੁੱਛਣਾ ਚਾਹੁਨਾ ਦੱਸ ਉਹਦਾ ਤੇਰੇ ਕੋਲੇ ਕੀ ਜਵਾਬ ਆ ? ਕੀ ਸਜ਼ਾ ਦਿੱਤੀ ਉਹਨੂੰ ? ਆਹ ਮੈਨੂੰ ਅੱਜ ਪਤਾ ਲੱਗਾ। ਮੈਂ ਉਦੋਂ (ਉਸ ਦਿਨ) ਅਖ਼ਬਾਰ ਨਹੀਂ ਪੜ੍ਹ ਸਕਿਆ, ਪਰਸੋਂ, ਖੋਨੇ ਚੌਥੇ, ਦੱਸਦੇ ਨੇ ਉਹਨੂੰ ਬਰੀ ਕਰ ਦਿੱਤਾ। ਹਿੰਦੂ ਕੋਲ ੨੩੦ ਗਰਨੇਡ ਨਿਕਲਣ ਤੇ ਕੋਈ ਖ਼ਤਰਾ ਨਹੀਂ ਤੇ ਸਿੱਖ ਲਾਇਸੈਂਸੀ ਹਥਿਆਰ ਲੈ ਕੇ ਤੁਰੇ, ਰਵਾਇਤੀ ਹਥਿਆਰ ਲੈ ਕੇ ਤੁਰਿਆ ਫਿਰੇ, ਤਾਂ ਖ਼ਤਰਾ ਪੈ ਗਿਆ। ਇਹਦੇ ਸੰਬੰਧ ਵਿੱਚ ਖ਼ਾਲਸਾ ਜੀ ਜੋ ਵੀ ਸਜ਼ਾ ਮੈਨੂੰ ਭੁਗਤਣੀ ਪਵੇਗੀ, ਖਿੜੇ ਮੱਥੇ ਭੁਗਤਣ ਨੂੰ ਤਿਆਰ ਆਂ।

ਲੌਂਗੋਵਾਲ ਨਾਲ ਮਤਭੇਦ ਦੀਆਂ ਝੂਠੀਆਂ ਖ਼ਬਰਾਂ

ਇਹ ਨਾ ਖਿਆਲ ਕਰਿਆ ਕਰੋ ਜੀ ਖ਼ਬਰਾਂ ਆ ਗਈਆਂ, ਲੌਂਗੋਵਾਲ ਤੇ ਭਿੰਡਰਾਂਵਾਲੇ ਲੜ ਪਏ। ਆ ਇੱਕ ਜਤਿੰਦਰ ਸਿੰਘ ਆ ਕੋਈ ਪ੍ਰੇਮੀ, ਉਹਨੇ ਵੀ ਇੱਕ ਦਿਨ ਖ਼ਬਰ ਦੇ ਦਿੱਤੀ, ਅਖੇ ਜੀ ਭਿੰਡਰਾਂਵਾਲਾ ਤੇ ਲੌਂਗੋਵਾਲ ਉੱਤੋਂ ਉੱਤੋਂ ਬੋਲਦੇ ਆ ਤੇ ਵਿੱਚੋਂ ਨਹੀਂ, ਓ ਨਾ ਉਹਦੇ ਮੂੰਹ 'ਤੇ ਦਾੜੀ ਆ, ਸ਼ਰਾਬ ਰੱਜ ਕੇ ਪੀਂਦਾ, ਬਾਣੀ ਦਾ ਪਤਾ ਕੋਈ ਨਹੀਂ, ਇਹਦੇ ਕੋਲ ਥਰਮਾਮੀਟਰ ਕਿਹੜਾ ਸਾਡੇ ਅੰਦਰ ਦਾ, ਕਿੱਥੋਂ ਦਾ ਬ੍ਰਹਮ ਗਿਆਨ ਆ ਤੇਰੇ ਕੋਲ ? ਇੰਨਾ ਮਨਘੜਤ ਤੇ ਝੂਠਾ ਪ੍ਰਚਾਰ। ਸੋ ਮੈਂ ਬੇਨਤੀ ਕਰਾਂਗਾ ਸੰਗਤਾਂ ਨੂੰ, ਇਸ ਵਾਦ ਵਿਵਾਦ ਵਿੱਚ ਨਾ ਪਉ ਤੇ ਸ਼ਾਇਦ ਕੋਈ ਮਤ ਭੇਦ ਆ, ਕੋਈ ਫ਼ਰਕ ਆ, ਕੋਈ ਕੁਝ ਨਹੀ.....। ਜਥੇਦਾਰ ਸਾਹਿਬਾਨਾਂ ਨੂੰ ਜ਼ਰੂਰ ਬੇਨਤੀ ਕਰਾਂਗਾ, ਦੂਜੇ ਲੀਡਰਾਂ ਨੂੰ ਵੀ, ਉਹ ਕਈ ਵਾਰ ਆਣ ਕੇ ਕਹਿੰਦੇ ਸੰਤ ਜੀ ਤੁਸੀਂ ਨਾ ਲੜ ਪਿਉ, ਤੁਸੀਂ ਇਕੱਠੇ ਰਹੋ ਤੇ ਮੈਂ ਬੇਨਤੀ ਕਰਾਂਗਾ ਸਾਡੀ ਲੜਾਈ ਦੀ ਚਿੰਤਾ ਨਾ ਕਰੋ, ਸੁਪਨੇ ਵਿੱਚ ਵੀ, ਅਸੀਂ ਜੇ ਮਾਤਾ ਮੋਟਾ....., ਪਹਿਲਾਂ ਤਾਂ ਰੁਸਦੇ ਈ ਨਹੀਂ ਤੇ ਰੁੱਸਾਂਗੇ ਤੇ ਜ਼ਿਆਦਾ ਗੁਰਬਾਣੀ ਪੜ੍ਹਾਂਗੇ ਤੇ ਸੰਥਿਆ ਇੱਕ ਦੂਜੇ ਨੂੰ ਦੇ ਲਵਾਂਗੇ, ਪਰ ਤੁਸੀਂ ਸਾਰੇ ਲੀਡਰ ਤੇ ਜਥੇਦਾਰ ਸਾਵਧਾਨ ਰਹੋ, ਤੁਹਾਡਾ ਸਿਆਪਾ ਨਾ ਕਿਤੇ ਅਖ਼ਬਾਰਾਂ 'ਚ ਸ਼ੁਰੂ ਹੋ ਜਾਵੇ, ਇਹਨੂੰ ਬਚਾ ਕੇ ਰੱਖਿਉ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਮੰਦਰਾਂ ਵਿੱਚ ਹਥਿਆਰ

ਸੋ ਪੂਰੀ ਦ੍ਰਿੜਤਾ ਦੇ ਨਾਲ, ਜਥੇ ਲੈ ਕੇ ਆਉਣੇ ਆਂ, ਸਾਵਧਾਨਤਾ ਸਹਿਤ ਚੱਲਣਾ ਤੇ ਜਦੋਂ ਤੱਕ ਮਤਾ ਪੂਰਾ ਨਹੀਂ ਹੁੰਦਾ ਤੇ ਸਿੱਖ ਵੱਖਰੀ ਕੌਮ ਮੰਨਦੀ ਨਹੀਂ.....। ਇੱਕ ਉਹਨੇ ਪ੍ਰਚਾਰ ਕੀਤਾ ਉਹਦਾ ਤੇ ਸੰਤ ਜੀ ਉੱਤਰ ਦੇਣਗੇ, ਕਿਉਂਕਿ ਮੈਨੂੰ ਪਹਿਲਾ ਨੇਤਾ ਬਣਾਇਆ ਨਾ ਉਹਨੇ। ਉਹ ਕਹਿੰਦੀ ਜੀ ਲੌਂਗੋਵਾਲ ਸਾਹਿਬ ਨੂੰ ਮੈਂ ਅਪੀਲ ਕਰਤੀ ਹੂੰ ਕਿ ਅੱਤਵਾਦੀਉਂ ਸੇ ਰਿਸ਼ਤਾ ਜੁਦਾ ਕਰ ਲੋਂ। ਅੱਤਵਾਦੀਉਂ ਕੇ ਨੇਤਾ ਸੇ ਰਿਸ਼ਤਾ ਤੋੜ ਲੋਂ। ਹੁਣ ਇਹ ਨਹੀਂ ਪਤਾ ਉਹ ਅੱਤਵਾਦੀ ਕਹਿ ਕਿਹਨੂੰ ਰਹੀ ਆ ਆਪਣੇ ਵੱਲੋਂ। ਅਖ਼ਬਾਰੀ ਤੌਰ 'ਤੇ ਤੇ ਆਪਾਂ ਨੂੰ ਕਹਿ ਰਹੀ ਨਾ ਪੱਗ ਵਾਲਿਆਂ ਨੂੰ ਪਰ ਉਹਨਾਂ (ਹਿੰਦੂਆਂ) ਨੂੰ ਸਤਿਵਾਦੀ ਕਹਿ ਰਹੀ ਆ। ਮੈਂ ਸਟੇਜ ਤੋਂ ਖੜੋ ਕੇ ਕਹਿਣ ਨੂੰ ਤਿਆਰ ਆਂ। ਹਿੰਦੂ ਮੰਦਰਾਂ ਵਿੱਚੋਂ, ਆਪਣੇ ਸਿੰਘ ਮੈਂ ਨਾਲ ਭੇਜਾਂਗਾ, ਗੁਰੂ ਕੀ ਹਜ਼ੂਰੀ 'ਚ ਖੜਾ ਆਂ ਮਨਘੜਤ ਗੱਲ ਨਹੀਂ। ਇੰਦਰਾ ਆਪਦੇ ਭੇਜੇ ਬੰਦੇ, ਮੈਂ ਸਟੇਨਾਂ ਤੇ ਗਰਨੇਡ ਹਿੰਦੂ ਧਾਰਮਿਕ ਮੰਦਰਾਂ ਵਿੱਚੋਂ ਫੜਾਵਾਂਗਾ, ਦੱਸੋ ਸਜ਼ਾ ਕੀ ਦੇਵੇਗੀ ? ਮੰਦਰ ਦਾ ਨਾਂਅ ਨਹੀਂ ਇਥੇ ਦੱਸਣਾ।

ਰਾਸ਼ਟਰਪਤੀ ਰਾਜ

ਬਾਕੀ ਆਹ ਜਿਹੜੀਆਂ ਕਾਰਵਾਈਆਂ ਹੋ ਰਹੀਆਂ, ਖ਼ਾਲਸਾ ਜੀ ਤੁਹਾਨੂੰ ਸਾਵਧਾਨ ਰਹਿਣਾ ਚਾਹੀਦਾ। ਆਹ ਜਿਹੜਾ ਰਾਸ਼ਟਰਪਤੀ ਰਾਜ ਲਾਗੂ ਕੀਤਾ, ਇਹਦੇ ਵਿੱਚ ਬਹੁਤੇ ਖੁਸ਼ ਨਾ ਹੋਵੋ। ਇਹ ਬਹਾਨਾ ਬਣਾਉਣ ਵਾਸਤੇ, ਦਰਬਾਰ ਸਾਹਿਬ ਦੇ ਅੰਦਰ ਆਉਣ ਵਾਸਤੇ, ਉਹ ਯਤਨ ਕਰ ਰਹੇ ਆ। ਕਦੇ ਕਿਤੇ ਸਿਪਾਹੀ ਮਾਰ ਦਿੱਤਾ, ਕਦੇ ਕਿਤੇ ਥਾਨੇਦਾਰ ਮਾਰ ਦਿੱਤਾ, ਕਦੇ ਕਿਸੇ ਮੰਦਰ ਦੇ ਵਿੱਚ ਬੰਬ ਸੁਟਾ ਦਿੱਤਾ। ਅੱਜ ਤਾਂ ਸਾਰੇ ਅਖ਼ਬਾਰਾਂ ਨੇ ਲਿਖਿਆ ਬੰਬ ਸੁੱਟਣ ਵਾਲਾ ਵੀ ਹਿੰਦੂ ਸੀ। ਇੱਕ ਪਾਸੇ ਕਹਿੰਦੇ ਹਿੰਦੂਆਂ ਦੇ ਵੈਰੀ ਆ ਤੇ ਜਿਹੜੇ ਹਿੰਦੂ ਨੇ ਸੁੱਟਿਆ ਤੇ ਸਿੱਖਾਂ ਨੂੰ ਕਹਿਨੈ ਅੱਤਵਾਦੀ, ਉਹ ਕਿਹਨਾਂ 'ਚ ਆ, ਕੀ ਕਹੋਂਗੇ ਹੁਣ। ਮੰਦਰਾਂ ਵਿੱਚ (ਬੰਬ) ਸੁੱਟਣਾ ਮਨਘੜਤ ਗੱਲਾਂ, ਕੌਮ ਦੇ ਨਾਂਅ ਨੂੰ ਬਦਨਾਮ ਕਰਨ ਵਾਸਤੇ ਆ।

ਗੁਰਦਾਸਪੁਰ ਜੇਲ੍ਹ ਵਿੱਚ ਮੰਦਰ ਬਣਾਉਣਾ

ਆਹ ਠਾਰਾ ਸਿੰਘ ਬੈਠਾਂ ਸੰਗਤ ਦੇ ਪਿੱਛੇ। ਵੱਡਾ ਡਾਕੂ ਸਾਡੇ 'ਚੋਂ ਇਹ ਸੀ ਜਥੇ 'ਚੋਂ। ਇਹਨੂੰ ਫੜ ਕੇ ਲੈ ਗਈ ਗੌਰਮੈਂਟ, ਕਹਿੰਦੀ ਸੀ ਬਦਮਾਸ਼ ਆ ਇਹ ਤੇ ਇਸ ਬਦਮਾਸ਼ ਨੇ ਕੰਮ ਕੀ ਕੀਤਾ ਉਥੇ ? ਇੱਕ ਗੁਰਦੁਆਰਾ ਬਣਾਇਆ ਗੁਰਦਾਸਪੁਰ ਤੇ ਇੱਕ ਮੰਦਰ ਬਣਾਇਆ। ਉਹ ਕਹਿੰਦੀ ਆ ਭਿੰਡਰਾਂਵਾਲਾ ਮੰਦਰ ਢਾਹੁੰਦਾ ਤੇ ਮੰਦਰਾਂ ਨੂੰ ਪਸੰਦ ਨਹੀਂ ਕਰਦਾ, ਢਾਹੁਣਾ ਚਾਹੁੰਦਾ, ਹਿੰਦੂਆਂ ਨੂੰ ਮਾਰਦਾ ਤੇ ਜਿਹੜਾ ਭਿੰਡਰਾਂਵਾਲੇ ਦੇ ਨਾਲ ਆ, ਜਿੰਮੇਵਾਰ ਸੱਜਣਾਂ 'ਚੋਂ, ਉਹ ਜਾ ਕੇ ਉਥੇ ਮੰਦਰ ਬਣਾਉਂਦੇ ਆ। ਇਹਦਾ ਅੰਦਾਜ਼ਾ ਹੁਣ ਤੁਸੀਂ ਆਪ ਲਾ ਲਿਉ ਕਿ ਮੈਂ ਮੰਦਰ ਢਾਹੁਣ ਦੇ ਹੱਕ ਵਿੱਚ ਆ ਜਾਂ ਰੱਖਣ ਦੇ ਹੱਕ ਵਿੱਚ ਆਂ। ਸਾਡੇ ਪਿਉ ਨੇ ਤੇ ਮੰਦਰਾਂ ਵਾਸਤੇ ਸਾਰਾ ਉੱਠ ਕੇ ਸਰਬੰਸ ਕੁਰਬਾਨ ਕਰ ਦਿੱਤਾ ਤੇ ਇਹ ਉੱਠ ਕੇ ਗੁਰਦੁਆਰਿਆਂ ਨੂੰ ਢਾਹੁਣ ਵਾਲਿਆਂ ਨੂੰ ਸਹਾਇਤਾ ਦਿੰਦੀ ਆ, ਦੇਹਧਾਰੀ ਪਖੰਡਵਾਦੀਆਂ ਨੂੰ ਤੇ ਉਲਟਾ ਦੋਸ਼ ਲਾਉਂਦੀ ਆ ਸਿੱਖਾਂ 'ਤੇ

ਸਿੱਖ ਅਖੇ ਖ਼ਰਾਬ ਕਰਦੇ ਆ ਤੇ ਜੇ ਖ਼ਰਾਬ ਕਰਦੇ ਆ ਤੇ ਮੇਜ 'ਤੇ ਬਹਿ ਕੇ ਹਿਸਾਬ ਕਿਤਾਬ ਕਰ ਲੈ, ੯੩ ਸਿਰ ਸਿੱਖਾਂ ਨੇ ਦਿੱਤੇ ਆ ਤੇ ੯੩ ਸਿਰਾਂ ਦੀ ਧਰਤੀ ਇਹਨਾਂ ਨੂੰ ਦੇ ਦੇਹ ਤੇ ੭ ਸਿਰਾਂ ਦੀ ਪਹਾੜੀ ਜਿਹੜੀ ਤੁਹਾਨੂੰ ਮਿਲਦੀ ਆ, ਤੁਸੀਂ ਲੈ ਲਉ, ਤੰਗੀ ਬੰਦ ਹੋ ਜਾਊ। ਇੰਨਾ ਸਰਾਸਰ ਗ਼ਲਤ ਪ੍ਰਚਾਰ, ਇਸ ਝੂਠੇ ਪ੍ਰਚਾਰ ਤੋਂ ਬਚਣਾ। ਇੱਕ ੬ ਹਜ਼ਾਰ ਦੀ ਮੂਰਤੀ ਇਹ ਭਾਈ ਉਥੇ ਲਾ ਆਇਆ। ਮੈਂ ਉਹਨੂੰ ਪੁੱਛਿਆ ਭਈ ਮੂਰਤੀ ਤੂੰ ਕਾਹਦੇ ਵਾਸਤੇ ਲਾਈ ਆ ? ਅਖੇ ਜੀ ਜਿਹੜੇ ਹਿੰਦੂ ੨-੩ ਸੀ ਜੇਲ੍ਹ ਵਿੱਚ, ਮਾੜੇ ਮੋਟੇ ਚੋਰੀ ਚਾਰੀ 'ਚ ਆਏ ਸੀ, ਉਹ ਰੋਣ ਲੱਗ ਪਏ, ਕਹਿੰਦੇ ਬਾਬਾ ਜੀ ਮੂਰਤੀ ਲਾ ਦਿਉ। ਮੈਂ ਆਖਿਆ ੬ ਹਜ਼ਾਰ ਦੀ ਜੇ ਥਰੀ ਨਟ ਦੀ ਲਈ ਹੁੰਦੀ, ਕਿਤੇ ਕੰਮ ਦਿੰਦੀ ਚੱਜ ਦਾ। ਸੋ ਖ਼ਾਲਸਾ ਜੀ ਇਹ ਥੋੜਾ ਜਿਹਾ ਨਰਮ ਸੁਭਾਅ ਦਾ, ਪਰ ਇਹਦੀ ਡਿਊਟੀ ਪਹਿਲਾਂ ਤੋਂ ਗੁਰਦੁਆਰਾ ਬਨਾਉਣ ਦੀ ਆ ਤੇ ਉਥੇ ਜਾ ਕੇ ਬਣਾ ਕੇ ਆਇਆ। ਗੁਰਦੁਆਰਾ ਬਣਾ ਦਿਉ, ਮੰਦਰ ਬਣਾ ਦਿਉ ਤਾਂ ਵੀ ਅੱਤਵਾਦੀ। ਮੰਦਰ ਵਾਸਤੇ ਸਿਰ ਦੇ ਦਿਉ ਤਾਂ ਵੀ ਅੱਤਵਾਦੀ ਤੇ ਮੰਦਰ 'ਚ ੬ ਹਜ਼ਾਰ ਦੀ ਮੂਰਤੀ ਕੋਲੋਂ ਪੈਸੇ ਲਾ ਕੇ ਰੱਖ ਦਿਉ ਤਾਂ ਵੀ ਅੱਤਵਾਦੀ ਤੇ ਇਹ ਹੁਣ ਤੁਸੀਂ ਸੋਚ ਲਉ ਆਪਾਂ ਕਿਵੇਂ ਕਰਨਾ ?

ਕ੍ਰਿਪਾਨ ਅਤੇ ਕੈਂਚੀ ਵਿੱਚ ਫ਼ਰਕ

ਗ਼ੁਲਾਮੀ ਗਲੋਂ ਲਾਹੁਣ ਵਾਸਤੇ ਤਿਆਰ ਰਹੋ। ਸੱਚੇ ਪਾਤਿਸ਼ਾਹ ਕਿਰਪਾ ਕਰਨ। ਇਹ ਗੱਲ ਜ਼ਰੂਰ ਚੇਤੇ ਰੱਖੋ। ਕ੍ਰਿਪਾਨ ਏਕਤਾ ਦੀ ਪ੍ਰਤੀਕ ਆ ਤੇ ਕੈਂਚੀ ਦੁਬਧਾ ਦੀ ਪ੍ਰਤੀਕ ਆ, ਫਿਰਕਾਪ੍ਰਸਤੀ ਨੂੰ ਜਨਮ ਦਿੰਦੀ ਆ। ਕ੍ਰਿਪਾਨ ਨਾਲ ਪੰਜ ਜ਼ਾਤੀਆਂ ਦੇ ਲੋਕਾਂ ਨੂੰ ਵੱਢ ਕੇ, ਉਹਨਾਂ ਦਾ ਸੀਸ ਕੱਟ ਕੇ ਧੜ ਤੋਂ, ਬਾਟੇ ਦੇ ਕੋਲ ਲਿਜਾ ਕੇ ਏਕਤਾ ਦੀ ਲੜੀ ਵਿੱਚ ਉਹਨਾਂ ਨੂੰ ਪਰੁੱਚ ਦਿੱਤਾ, ਪਰੋ ਦਿੱਤਾ ਤੇ ਆਪਣੇ ਬਣਾ ਲਿਆ ਤੇ ਆਪ ਉਹਨਾਂ ਦੇ ਚੇਲੇ ਬਣ ਗਏ,

ਵਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ॥
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥

(ਵਾਰਾਂ ਭਾਈ ਗੁਰਦਾਸ ਦੂਜਾ, ੪੧-੧੭-੧੭)

.....

ਰਹਿਣੀ ਰਹਹਿ ਸੋਈ ਸਿਖ ਮੇਰਾ ॥
ਉਹ ਸਾਹਿਬ ਮੈਂ ਉਸ ਕਾ ਚੇਰਾ ॥

ਬਚਨ ਕਹੇ ਆ। ਇੰਨੀ ਮਹਾਨਤਾ, ਪੰਜ ਜ਼ਾਤੀਆਂ ਦੇ ਪਛੜੇ ਹੋਏ ਲੋਕਾਂ ਨੂੰ ਦਿੱਤੀ ਆ ਗੁਰੂ ਜੀ ਨੇ ਤੇ ਕੈਂਚੀ ਨਾਲ ਬਣਦੇ ਆ ਦੋ। ਮੂੰਹ ਸਿਰ ਮੁੰਨ ਦਿਉ ਤੇ ਹਿੰਦੂ, ਸੁਨਤ ਕਰ ਕੇ ਲਵਾਂ ਕਟਾ ਦਿਉ ਤੇ ਮੁਸਲਮਾਨ ਤੇ ਜੇ ਕੈਂਚੀ ਦਾ ਕੰਮ ਬੰਦ ਹੋ ਜਾਵੇ ਤੇ ਕ੍ਰਿਪਾਨ ਗਾਤਰੇ ਆ ਜਾਵੇ ਤੇ ਰੌਲਾ ਰਹਿੰਦਾ ਈ ਕੋਈ ਨਹੀਂ, ਸਿੱਖ ਈ ਸਿੱਖ ਆ, ਪਰ ਇਹ ਸਮੇਂ ਨਾਲ ਕੁਝ ਹੋਊ। ਗੁਰੂ ਅੱਗੇ ਅਰਦਾਸ ਕਰੀਏ, ਸੱਚੇ ਪਾਤਿਸ਼ਾਹ ਸਾਨੂੰ ਸੁਮੱਤ ਬਖ਼ਸ਼ਣ, ਦ੍ਰਿੜਤਾ ਤੇ ਅਡੋਲਤਾ ਨਾਲ ਚੱਲੋ, ਰੋਧ ਤੋਂ ਵੱਧ ਮੋਰਚਿਆਂ ਵਿੱਚ ਹਾਜ਼ਰੀ ਭਰਿਆ ਕਰੋ।

ਮੈਨੂੰ ਅੱਜ ਪਤਾ ਲੱਗਾ, ਪ੍ਰੀਤਮ ਸਿੰਘ ਭੱਟੀ ੨੫ ਤਰੀਕ ਨੂੰ ਕਹਿੰਦੇ ਸ਼ਹਿਰ ਵਿੱਚੋਂ ਜਥਾ ਲਿਆ ਰਿਹਾ, ਸੋ ਮੈਂ ਸ਼ਹਿਰ ਨਿਵਾਸੀਆਂ ਨੂੰ ਵੀ ਬੇਨਤੀ ਕਰਾਂਗਾ, ਇਹ ਨਾ ਖਿਆਲ ਕਰਿਆ

ਕਰੋ ਜੀ ਇਹ ਫਲਾਣਾ ਜਥਾ ਲਿਜਾਂਦਾ ਮੈਂ ਨਹੀਂ। ਸਾਰਿਆਂ ਨੇ ਇਸ ਸਟੇਜ ਤੋਂ ਸੰਤਾਂ (ਸੰਤ ਲੌਂਗੋਵਾਲ) ਦਾ ਹੁਕਮ ਮੰਨ ਕੇ ਗੁਰੂ ਸਾਹਿਬ ਦੀ ਆਗਿਆ ਵਿੱਚ ਰਹਿ ਕੇ, ਇੱਕੋ ਦਰਵਾਜ਼ੇ ਵਿੱਚ ਦੀ ਜੇਲ੍ਹ ਨੂੰ ਜਾਣਾ। ਵੱਧ ਤੋਂ ਵੱਧ, ਜਿੰਨਾ ਇੱਕ ਦੂਜੇ ਨੂੰ ਸਹਿਯੋਗ ਦੇਵੋਗੇ, ਉਨੀ ਚੜ੍ਹਦੀ ਕਲਾ ਹੋਵੇਗੀ। ਮੈਂ ਆਪਣੇ ਵੱਲੋਂ ਭਾਈ ਜਗਦੇਵ ਸਿੰਘ ਜੀ ਖੁਡੀਆ ਜਥੇਦਾਰ ਸਾਹਿਬ ਦਾ ਧਨਵਾਦ ਕਰਦਾਂ ਤੇ ਬਾਗੀ ਸਾਹਿਬਾਨ ਨੂੰ ਵੀ ਕਹਾਂਗਾ ਕਿ ਆਪਾਂ ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਬਾਗੀ ਨਹੀਂ ਹੋਣਾ ਤੇ ਮਜ਼ਬੂਰ ਹੋ ਕੇ ਗੌਰਮੈਂਟ ਤੋਂ ਹੋਣਾ ਪਿਆ ਤੇ ਸਮੇਂ ਮੁਤਾਬਕ ਹੋਵੇਗਾ। ਅਜੇ ਤਾਂ ਠੀਕ ਠਾਕ ਹੀ ਚੱਲ ਰਿਹਾ ਕੰਮ। ਸੋ ਕ੍ਰਿਪਾਨ ਜਿਹੜੀ ਆ, ਗਾਤਰੇ ਪਾਉਣੀ ਅਤਿਅੰਤ ਜ਼ਰੂਰੀ ਆ।

ਜਥੇ ਵਿੱਚ ਜਾਣ ਵਾਲੇ ਸਿੰਘਾਂ ਨੂੰ ਅਪੀਲ

ਮੈਂ ਆਪਣੇ ਵੱਲੋਂ ਜਥੇ 'ਚ ਜਾਣ ਵਾਲੇ ਜਿਹੜੇ ਨੌਜੁਆਨ ਸਿੰਘ ਆ, ਤਕਰੀਬਨ ਪਪ ਕੁ ਸਿੰਘ ਸੀ ਉਹ, ਜਿਹਨਾਂ ਨੇ ਅੱਜ ਕੇਸ ਦਾਹੜਾ ਰੱਖਿਆ ਤੇ ਸ਼ਰਾਬ ਛੱਡਣ ਦਾ ਪ੍ਰਣ ਕੀਤਾ। ਸਿੰਘੋ ਬੇਨਤੀ ਕਰਾਂਗਾ, ਪ੍ਰਣ ਕਰਕੇ ਮੁਕਰਨਾ ਨਹੀਂ, ਪੱਕਿਆਂ ਰਹਿਣਾ ਤੇ ਜਿਹੜੇ ਜਥੇਦਾਰ ਸਾਹਿਬਾਨ ਨੇ ਪ੍ਰਣ ਕੀਤਾ ਕਿ ਅੱਗੇ ਵਾਸਤੇ ਵੀ ਚੜ੍ਹਦੀ ਕਲਾ ਵਿੱਚ ਰਹਾਂਗੇ। ਉਹਨਾਂ ਨੂੰ ਵੀ ਬੇਨਤੀ ਕਰਾਂਗਾ, ਆਪਣੇ ਬਚਨ 'ਤੇ ਪੱਕੇ ਰਹੋ। ਢਲਿਆਈ ਵਿੱਚ ਕਦੇ ਨਹੀਂ ਆਉਣਾ। ਗੁਰਬਾਣੀ 'ਤੇ ਨਿਸਚਾ ਰੱਖੋ, ਸਤਿਗੁਰੂ ਗਰੰਥ ਸਾਹਿਬ 'ਤੇ ਭਰੋਸਾ ਰੱਖ ਕੇ ਆਪਣਾ ਜੀਵਨ ਆਪਾਂ ਸਫ਼ਲ ਕਰ ਸਕੀਏ। ਬੋਲਦਿਆਂ ਕੋਈ ਗ਼ਲਤੀ ਹੋ ਗਈ ਹੋਵੇ, ਤਾਂ ਅਨਜਾਣ ਜਾਣ ਕੇ ਮੁਆਫ਼ ਕਰਿਉ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੩੫.

(ਦੀਵਾਨ ਹਾਲ ਮੰਜੀ ਸਾਹਿਬ, ਅੰਮ੍ਰਿਤਸਰ, ੨੦-੧੦-੧੯੮੩)

ਸਟੇਜ ਸੈਕਟਰੀ - ਸ੍ਰੀ ਮਾਨ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਆਪਣੇ ਵਿਚਾਰ ਰੱਖ ਰਹੇ ਹਨ, ਜਾਣ ਵਾਲੇ ਜਥੇ ਨੂੰ ਵਿਦਾਇਗੀ ਵੀ ਦੇਣਗੇ, ਉਹਨਾਂ ਦੇ ਵਿਚਾਰ ਸਰਵਣ ਕਰੋ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥
ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸਤਿਗੁਰੂ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ ਜੀ ਦੀ ਸਾਜ਼ੀ ਨਿਵਾਜ਼ੀ ਗੁਰੂ ਰੂਪ ਗੁਰੂ ਖ਼ਾਲਸਾ ਸਾਧ ਸੰਗਤ ਜੀਉ, ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਗੁਰੂ ਪਿਆਰੇ ਖ਼ਾਲਸਾ ਜੀ, ਆਪ ਜੀ ਨੇ ਗੁਰਮੁਖ ਪਿਆਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਜੀ ਟੌਹੜਾ ਜੀ ਦੇ ਪਾਸੋਂ ਅਤੇ ਵਿਦਵਾਨਾਂ ਵਿੱਚੋਂ ਮਹਾਨ ਵਿਦਵਾਨ, ਗਿ: ਲਾਲ ਸਿੰਘ ਜੀ ਦੇ ਪਾਸੋਂ ਸੋਹਣੇ ਵਿਚਾਰ ਸੁਣ ਕੇ ਅਨੰਦ ਮਾਣਿਆ ਹੈ। ਉਸ ਤੋਂ ਪਹਿਲਾਂ ਅੰਮ੍ਰਿਤ ਵੇਲੇ, ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਸੱਚੇ ਪਾਤਿਸ਼ਾਹ ਜੀ ਦੇ ਮੁਖਾਰਬਿੰਦ ਤੋਂ ਉਚਰੀ ਹੋਈ,

'ਧੁਰ ਕੀ ਬਾਣੀ ਆਈ ॥
ਤਿਨਿ ਸਗਲੀ ਚਿੰਤ ਮਿਟਾਈ ॥'

(ਸੋਰਠਿ ਮ: ੫, ੬੨੮)

ਦੇ ਮਹਾਂਵਾਕ ਦਾ ਪਵਿੱਤਰ ਵਿਚਾਰ, ਸਿੰਘ ਸਾਹਿਬ ਸ੍ਰੀ ਦਰਬਾਰ ਸਾਹਿਬ ਜੀ ਦੇ ਹੈੱਡ ਗਰੰਥੀ ਸਾਹਿਬ ਭਾਈ ਸਾਹਿਬ ਸਿੰਘ ਜੀ ਪਾਸੋਂ ਸੁਣ ਕੇ, ਵਡਭਾਗੀ ਬਣੇ ਹੋ।

ਸ. ਜੱਸਾ ਸਿੰਘ ਆਹਲੂਵਾਲੀਆ

ਜਿਸ ਸਮੇਂ ਦੇ ਵਿੱਚ ਸ. ਜੱਸਾ ਸਿੰਘ ਜੀ ਆਹਲੂਵਾਲੀਆ ਸਾਹਿਬ ਨੇ ਜਨਮ ਲਿਆ, ਬੜਾ ਭਿਆਨਕ ਸੀਨ ਸੀ। ਥਾਂ ਥਾਂ ਦੇ ਉੱਪਰ ਕੇਸ ਦਾਹੜੇ ਨੂੰ ਖ਼ਤਮ ਕਰਕੇ, ਸਦਾ ਵਾਸਤੇ ਦੁਨੀਆ ਦੇ ਵਿੱਚੋਂ (ਸਿੱਖੀ ਦੇ) ਚਿੰਨ ਮਿਟਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ। ਉਹਨਾਂ ਸਮਿਆਂ ਦੇ ਵਿੱਚ ਜਨਮ ਲੈ ਕੇ, ੫ ਕੁ ਸਾਲ ਦੀ ਉਮਰ ਤੋਂ ਮਾਤਾ ਸੁੰਦਰ ਕੌਰ[੨੧] ਜੀ ਦੀ ਗੋਦ ਦਾ ਅਨੰਦ

ਪ੍ਰਾਪਤ ਹੋਇਆ। ਤਕਰੀਬਨ ੧੦ ਸਾਲ ਦੀ ਉਮਰ ਤੱਕ, ਉਥੇ ਸਮਾਂ ਬਤੀਤ ਕਰਨ ਦਾ ਸੁਭਾਗ ਪ੍ਰਾਪਤ ਰਿਹਾ। ਉਸ ਤੋਂ ਪਿੱਛੋਂ ਆਪਣੇ ਮਾਮਾ ਜੀ ਨਾਲ ਹੋਰ ਥਾਂਵਾਂ 'ਤੇ ਵਿਚਰ ਕੇ, ਗੁਰੂ ਘਰ ਦੇ ਵਿੱਚੋਂ ਬਖ਼ਸ਼ਸ਼ਾਂ ਪ੍ਰਾਪਤ ਕਰਕੇ, ਅੱਗੇ ਸੇਵਾ ਅਰੰਭੀ। ਨਵਾਬ ਕਪੂਰ ਸਿੰਘ ਜੀ ਦੇ ਪਾਸੋਂ ਅੰਮ੍ਰਿਤ ਛਕਿਆ ਤੇ ਆਪਣੀ ਜ਼ਿੰਦਗੀ ਦੇ ਵਿੱਚ ਦੋ ਗੱਲਾਂ ਵਿਸ਼ੇਸ਼ ਤੌਰ 'ਤੇ ਬਤੀਤ ਕੀਤੀਆਂ। ਬਾਕੀ ਭਾਵੇਂ ਨੀਤੀ ਮੁਤਾਬਕ, ਸਮੇਂ ਸਮੇਂ ਮੁਤਾਬਕ ਚਲੇ ਹਨ ਪਰ ਅਰੰਭਤਾ ਤੋਂ ਲੈ ਕੇ, ਅੰਤਮ ਸਮੇਂ ਤੱਕ, ਇਹ ਦੋ ਚੀਜ਼ਾਂ ਦਾ ਤਿਆਗ ਨਹੀਂ ਕੀਤਾ, ਇੱਕ ਅੰਮ੍ਰਿਤ ਛਕਾਉਣਾ, ਇੱਕ ਬਾਣੀ ਪੜ੍ਹਨੀ, ਇੱਕ ਪੜ੍ਹਾਉਣੀ। ਆਸਾ ਜੀ ਦੀ ਵਾਰ ਦਾ ਕੀਰਤਨ ਆਪ ਕਰਿਆ ਕਰਦੇ, ਭਾਵੇਂ ਜੰਗ ਦਾ ਟਾਈਮ, ਭਾਵੇਂ ਸ਼ਾਂਤੀ ਦਾ ਟਾਈਮ ਹੋਵੇ ਤੇ ਅੰਮ੍ਰਿਤ ਛਕੇ ਤੋਂ ਬਿਨਾ ਆਪਣੇ ਜਥੇ ਵਿੱਚ ਕਿਸੇ ਨੂੰ ਭਰਤੀ ਨਹੀਂ ਸੀ ਕਰਿਆ ਕਰਦੇ, ਜੇ ਕੁਝ ਸਮੇਂ ਵਾਸਤੇ ਕੋਈ ਆਉਂਦਾ, ਉਹ ਸਿੱਖਿਆ ਲੈ ਕੇ ਉਹਨਾਂ ਪੂਰਨਿਆਂ 'ਤੇ ਪ੍ਰਪੱਕ ਹੋ ਕੇ, ਅੰਮ੍ਰਿਤਧਾਰੀ ਹੋ ਕੇ ਹੀ ਪੱਕੇ ਤੌਰ 'ਤੇ ਭਰਤੀ ਹੋ ਸਕਦਾ ਸੀ, ਨਹੀਂ ਤੇ ਘੱਟ ਰੱਖਿਆ ਕਰਦੇ ਸਨ। ਐਸਾ ਸੁਚੱਜਾ ਜੀਵਨ ਉਹਨਾਂ ਗੁਰਮੁਖਾਂ ਦਾ ਸੀ। ਤਾਂਹੀਉਂ ਹੀ ਗੁਰੂ ਸਾਹਿਬ ਜੀ ਨੇ ਪਵਿੱਤਰ ਬਖ਼ਸ਼ਸ਼ ਕੀਤੀ ਹੈ ਆਪਣੇ ਦੁਆਰ 'ਚ ਹੁਕਮਨਾਮੇ ਦੁਆਰਾ :

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥

(ਸੂਹੀ ਮ: ੫, ੭੪੯)

ਬਿਸਰਿਓ ਧੰਧੁ ਬੰਧੁ ਮਾਇਆ ਕੋ ਰਜਨਿ ਸਬਾਈ ਜੰਗਾ ॥

(ਸਾਰੰਗ ਮ: ੫, ੧੨੧੦)

ਜੰਗ ਵੀ ਕਰਿਆ ਕਰਦੇ:

ਖ਼ਾਲਸਾ ਸੋਇ ਜੋ ਚੜਹਿ ਤੁਰੰਗ ॥
ਖ਼ਾਲਸਾ ਸੋ ਜੋ ਕਰੈ ਨਿਤ ਜੰਗ ॥

ਘੋੜੇ ਦੀ ਸਵਾਰੀ ਦੇ ਬੜੇ ਭਾਰੀ ਮਾਹਰ ਸਨ ਅਤੇ ਜੰਗੀ ਯੋਧੇ ਸਨ, ਜਿੱਥੇ ਸ਼ਾਂਤੀ ਸੀ, ਬਾਣੀ ਪੜ੍ਹ ਕੇ ਹਿਰਦਾ ਠਰਿਆ ਹੋਇਆ ਸੀ, ਉਥੇ ਜ਼ੁਲਮ ਨੂੰ ਨਾਸ ਕਰਨ ਵਾਸਤੇ ਸਦਾ ਵਾਸਤੇ ਆਪ ਜੀ ਤਤਪਰ ਵੀ ਰਿਹਾ ਕਰਦੇ ਸਨ। ਸੰਸਾਰ ਵਿੱਚ ਜੋ ਵੀ ਪੈਦਾ ਹੋਇਆ ਸਭ ਨੇ ਕੂਚ ਕਰਨਾ ਹੈ। ਸੱਚੇ ਪਾਤਿਸ਼ਾਹ ਜੀ ਦਾ ਪਵਿੱਤਰ ਫ਼ੁਰਮਾਨ ਹੈ :

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥
ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥

(ਸਲੋਕ ਮ: ੯, ੧੪੨੯)

ਸਾਰੇ ਧੰਧਿਆਂ ਨੂੰ ਛੱਡਣਾ ਕਿਸ ਤਰ੍ਹਾਂ ਹੈ? ਇਹ ਨਹੀਂ ਕਿ ਧੰਧੇ ਛੱਡ ਕੇ ਤੇ ਝੌਂਪੜੀ ਪਾ ਕੇ ਜਾਂ ਕਿਤੇ ਕੁੰਦਰਾਂ ਵਿੱਚ ਵੜ ਕੇ, ਚੌਂਕੜੀ ਮਾਰ ਕੇ ਬੈਠੇ ਰਹੇ ਇਹਦਾ ਨਾਮ ਤਿਆਗ ਨਹੀਂ :

ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨੁ ਨਾਲਿ ॥

(ਸਲੋਕ ਕਬੀਰ, ੧੩੭੬)

ਕੰਮ ਵੀ ਕਰਨਾ ਹੈ, ਸੰਸਾਰੀ ਵਿਹਾਰ ਵੀ ਚਲਾਉਣੇ ਹਨ, ਗ੍ਰਹਿਸਤ ਮਾਰਗ ਵਿੱਚ ਰਹਿੰਦਿਆਂ ਹੋਇਆਂ ਸਾਰਿਆਂ ਤੋਂ ਨਿਰਲੇਪ ਰਹਿ ਕੇ, ਪ੍ਰਮੇਸ਼ਰ ਦੇ ਨਾਲ ਮਨ ਨੂੰ ਜੋੜ ਕੇ ਰੱਖਣਾ। ਇਸ ਤਰੀਕੇ ਨਾਲ ਆਪਣਾ ਜੀਵਨ ਬਤੀਤ ਕਰਨਾ ਹੈ, ਸਤਿਗੁਰੂ ਜੀ ਦਾ ਫ਼ੁਰਮਾਨ ਹੈ :

ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ ॥
ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ ॥੧॥
ਸੋ ਦਿਨੁ ਆਵਨ ਲਾਗਾ ॥
ਮਾਤ ਪਿਤਾ ਭਾਈ ਸੁਤ ਬਨਿਤਾ ਕਹਹੁ ਕੋਊ ਹੈ ਕਾ ਕਾ ॥

(ਧਨਾਸਰੀ ਕਬੀਰ, ੬੯੨)

ਦੱਸੋ ਕੌਣ ਹੈ ਕਿਸੇ ਦੀ ਮਾਂ ਤੇ ਕੌਣ ਹੈ ਕਿਸੇ ਦਾ ਪਿਤਾ :

ਕੋਤਿਆ ਕੇ ਬਾਪ ਕੋਤਿਆ ਕੇ ਬੇਟੇ ਕੇਤੇ ਗੁਰ ਚੇਲੇ ਹੂਏ ॥
ਆਗੈ ਪਾਛੈ ਗਣਤ ਨ ਆਵੈ ਕਿਆ ਜਾਤੀ ਕਿਆ ਹੁਣਿ ਹੂਏ ॥

(ਸਾਰੰਗ ਵਾਰ ਮ: ੪, ੧੨੩੮)

ਐਸੀ ਹਾਲਤ ਹੈ ਜੀਵਾਂ ਦੀ। ਜਿਸ ਤਰ੍ਹਾਂ ਅੰਮ੍ਰਿਤਸਰ ਸਾਹਿਬ ਤੋਂ ਗੱਡੀ ਤੇ ਚੜ੍ਹ ਕੇ ਕਲਕੱਤੇ ਜਾਣਾ ਹੋਵੇ, ਹਾਵੜੇ 'ਤੇ ਜਿਸ ਮਨੁੱਖ ਨੇ, ਜਿਸ ਸ਼ਟੇਸ਼ਨ ਤੱਕ ਪੈਸੇ ਦਿੱਤੇ ਹੋਣ। ਉਥੋਂ ਦਾ ਟਿਕਟ ਉਹਨੂੰ ਮਿਲਦਾ ਤੇ ਉਸ ਸਟੇਸ਼ਨ 'ਤੇ ਜਾ ਕੇ ਟੀ.ਟੀ. ਉਹਨੂੰ ਉਤਾਰ ਦਿੰਦਾ, ਉਸ ਨੂੰ ਉਤਰਨਾ ਪੈਂਦਾ, ਪਰ ਜਿਹਨੇ ਪੂਰਾ ਕਰਾਇਆ ਇਥੋਂ ਦੇ ਕੇ ਹਾਵੜੇ ਦਾ ਟਿਕਟ ਲਿਆ ਹੋਵੇ, ਉਥੇ ਪਹੁੰਚ ਕੇ ਟੀ .ਟੀ . ਜੋ ਹੁੰਦਾ ਨਾਲ ਜਾ ਰਿਹਾ ਗੱਡੀ ਦੇ। ਉਹ ਤਾਕੀਆਂ ਬੰਦ ਕਰਕੇ, ਸੋ ਉਤਾਰਦਾ ਜਾ ਰਿਹਾ ਸੁਆਰੀਆਂ ਨੂੰ। ਇੱਕ ਕੋਈ ਸੁਆਰੀ ਅੜ ਕੇ ਬੈਠ ਗਈ, ਉਹਨੂੰ ਪੁੱਛਿਆ ਕੀ ਗੱਲ ਆ ਤੂੰ ਉੱਤਰਦਾ ਨਹੀਂ ? ਕਹਿੰਦਾ ਮੈਂ ਪੈਸੇ ਪੂਰੇ ਦਿੱਤੇ ਸੀ। ਉਹ ਤਾਕੀਆਂ ਬੰਦ ਕਰਨ ਵਾਲੇ ਨੇ ਕਿਹਾ ਕਿ ਪੈਸੇ ਤੂੰ ਦਿੱਤੇ ਸਨ ਪੂਰੇ, ਪਰ ਉਹ ਸਟੇਸ਼ਨ 'ਤੇ ਆ ਗਿਆ, ਤੈਨੂੰ ਉੱਤਰਨਾ ਪਵੇਗਾ। ਉੱਤਰਦਾ ਨਹੀਂ, ਅਖੀਰ ਉਸ ਟੀ.ਟੀ. ਨੇ ਪੁਲੀਸ ਨੂੰ ਲਿਆ ਕੇ, ਹੋਰ ਕਰਮਚਾਰੀਆਂ ਦੀ ਸਹਾਇਤਾ ਲੈ ਕੇ, ਉਸ ਨੂੰ ਪਕੜ ਕੇ ਉਤਾਰ ਲਿਆ ਤੇ ਜੇਲ੍ਹ ਵਿੱਚ ਬੰਦ ਕਰ ਦਿੱਤਾ। ਇਸੇ ਤਰ੍ਹਾਂ ਹੀ ਖ਼ਾਲਸਾ ਜੀ ਇਹ ਜੀਵਨ ਹੈ। ਦੇਹ ਇੱਕ ਗੱਡੀ ਹੈ, ਜੀਵ ਆਤਮਾ ਇਸ ਵਿੱਚ ਸੁਆਰ ਹੈ, ੭੨ ਜੋ ਮੋਟੀਆਂ ਨਾੜੀਆਂ ਮੰਨੀਆਂ, ਉਸ ਤਰ੍ਹਾਂ ਕੁਲ ਨਾੜੀਆਂ ਦੀ ਗਿਣਤੀ ਗਰੰਥਾਂ ਵਿੱਚ ੭੨ ਕਰੋੜ ੭੨ ਲੱਖ ੭੨ ਹਜ਼ਾਰ ੭੦੨ ਮੰਨੀ ਆਂ, ਪਰ ਮੋਟੀਆਂ ਹੱਡੀਆਂ ਜਿਸ ਨੂੰ ਹੱਡ ਆਪਾਂ ਕਹਿੰਦੇ ਹਾਂ, ਇਹਨੂੰ ਡੱਬੇ ਮੰਨਿਆ ਹੈ। ਇਹਨਾਂ ਕੋਠੜੀਆਂ ਦੇ ਵਿੱਚ, ਇਹਨਾਂ ਡੱਬਿਆਂ ਦੇ ਵਿੱਚ, ਸੋ ਖ਼ਾਲਸਾ ਜੀ ਜੀਵ ਆਤਮਾ ਚੜ੍ਹਿਆ ਹੋਇਆ। ਦੇਹ ਰੂਪ ਸਮੁੱਚੇ ਤੌਰ 'ਤੇ ਗੱਡੀ ਹੈ ਸਾਰੀ। ਸੁਆਸਾਂ ਰੂਪੀ ਟਿਕਟ ਇਸ ਜੀਵ ਨੇ ਲਿਆ ਹੋਇਆ ਹੈ, ਪੁੰਨਾਂ ਰੂਪੀ ਪੈਸੇ ਦੇ ਕੇ। ਜਿੰਨੇ ਕੁ ਪੁੰਨ ਕਿਸੇ ਨੇ ਕੀਤੇ ਹਨ, ਜਿੰਨੇ ਕੁ ਸੁਆਸਾਂ ਰੂਪੀ ਟਿਕਟ ਲਿਆ ਹੋਇਆ ਹੈ। ਉਸ ਉਸ ਸਟੇਸ਼ਨ ਤੇ ਕਿਸੇ ਨੂੰ ਬਾਲਕ ਅਵਸਥਾ ਵਿੱਚ, ਕਿਸੇ ਨੂੰ ਕਸ਼ੋਰ ਅਵਸਥਾ ਵਿੱਚ, ਕਿਸੇ ਨੂੰ ਜੁਆਨੀ ਦੀ ਅਵਸਥਾ ਵਿੱਚ, ਕਿਸੇ ਨੂੰ ਪਰੋੜ ਅਵਸਥਾ ਵਿੱਚ, ਕਿਸੇ ਨੂੰ ਬਿਰਧ ਅਵਸਥਾ ਵਿੱਚ, ਅਖੀਰ ਹਾਵੜੇ ਸਟੇਸ਼ਨ 'ਤੇ ਆ ਕੇ ਉੱਤਰਨਾ ਪੈਂਦਾ ਹੈ, ਪਰ ਜਿਸ ਵੇਲੇ ਜੀਵ ਆਤਮਾ ਦੇਹ ਰੂਪੀ ਗੱਡੀ ਵਿੱਚ ਬੈਠ ਜਾਏ। ਕਾਲ ਰੂਪੀ ਟੀ.ਟੀ. ਨਾਲ ਨਾਲ ਚੱਲ ਰਿਹਾ ਹੈ। ਅੰਤ ਨੂੰ ਸਮਾਂ ਆਉਣ 'ਤੇ ਅੱਖਾਂ, ਨੱਕ, ਕੰਨ, ਇੰਦਰੀਆਂ ਰੂਪ ਜਿੰਨੀਆਂ ਵੀ ਤਾਕੀਆਂ ਹਨ, ਬਾਰੀਆਂ ਹਨ, ਇਹਨਾਂ ਨੂੰ ਬੰਦ ਕਰਦਾ ਹੈ, ਜੀਵ ਆਤਮਾ ਉਸ ਵੇਲੇ ਤੰਗ ਹੁੰਦਾ ਹੈ ਉੱਤਰਦਾ ਨਹੀਂ। ਕਾਲ ਰੂਪੀ ਟੀ.ਟੀ. ਜੋ ਹੈ, ਜਮਦੂਤਾਂ ਰੂਪੀ ਪੁਲੀਸ ਨੂੰ ਨਾਲ ਲੈ ਕੇ, ਜੀਵ ਆਤਮਾ ਰੂਪ ਅਸਵਾਰ ਨੂੰ, ਦੇਹ ਰੂਪੀ ਗੱਡੀ ਵਿੱਚੋਂ ਉਤਾਰ ਕੇ, ਜੂਨਾਂ

ਰੂਪੀ ਜੇਲ੍ਹ ਦੇ ਵਿੱਚ ਬੰਦ ਕਰ ਦਿੰਦਾ ਹੈ, ਪਰ ਉਹਨਾਂ ਨੂੰ ਕਰਦਾ ਹੈ ਖ਼ਾਲਸਾ ਜੀ, ਜਿਹਦਾ ਕੋਈ ਰਖਵਾਲਾ ਨਾ ਹੋਵੇ, ਜਿਹਦਾ ਕੋਈ ਮਾਲਕ, ਪਿਤਾ, ਗੁਰੂ ਨਾ ਹੋਵੇ, ਜਿਹਦਾ ਖਸਮ ਸਖਾਈ ਕੋਈ ਨਾ ਹੋਵੇ। ਆਪਣਾ ਮਾਲਕ ਬੜਾ ਡਾਢਾ ਹੈ। ਜਿਹੜਾ ਵੀ ਮਨੁੱਖ, ਸ੍ਰੀ ਗੁਰੂ ਗਰੰਥ ਸਾਹਿਬ ਦੇ ਚਰਨਾਂ ਵਿੱਚ ਲੱਗ ਗਿਆ, ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਜਿਸ ਨੇ ਤਿਆਰ ਬਰ ਤਿਆਰ ਜੀਵਣ ਬਤੀਤ ਕੀਤਾ। ਉਹਨਾਂ ਬਾਰੇ ਸਤਿਗੁਰੂ ਦਾ ਫੁਰਮਾਨ ਹੈ :

ਦੂਰਿ ਰਹੀ ਉਹ ਜਨ ਤੇ ਬਾਟ ॥

(ਆਸਾ ਮ: ੫, ੭੯੩)

ਉਹ ਰਸਤਾ ਬਹੁਤ ਦੂਰ ਰਹਿ ਜਾਂਦਾ ਹੈ :

ਨਾਮੁ ਸੁਣਤ ਜਮੁ ਦੂਰਹੁ ਭਾਗੈ ॥

(ਭੈਰਉ ਮ: ੫, ੧੧੫੦)

ਜਮਦੂਤ ਜਿਹੜਾ ਹੈ, ਉਹ ਪ੍ਰਮੇਸ਼ਰ ਦਾ ਨਾਮ ਜਪਣ ਵਾਲੇ ਦੇ ਪਾਸੋਂ, ਸੈਂਕੜੇ ਨਹੀਂ ਹਜ਼ਾਰਾਂ ਮੀਲ ਦੂਰ ਰਹਿੰਦਾ ਹੈ। ਲਾਗੇ ਨਹੀਂ ਲੱਗਦਾ, ਬੇਨਤੀਆਂ ਕਰਦਾ, ਹੱਥ ਜੋੜਦਾ ਹੈ, ਜੇ ਪ੍ਰਮੇਸ਼ਰ ਦਾ ਪਿਆਰਾ ਕਿਤੇ ਉਥੇ ਚਲਿਆ ਜਾਵੇ ਤਾਂ ਹੱਥ ਜੋੜ ਕੇ ਕਹਿੰਦਾ :

ਨਾਮੁ ਧਿਆਇਨਿ ਸਾਜਨਾ ਜਨਮ ਪਦਾਰਥੁ ਜੀਤਿ ॥
ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ ॥

(ਸਲੋਕ ਮ: ੫, ੧੪੨੫)

ਧਰਮਰਾਜਾ ਵੀ ਹੱਥ ਜੋੜ ਕੇ ਕਹਿੰਦਾ, ਆਉ ਗੁਰਮੁਖੋ, ਗੁਰਸਿੱਖੋ, ਗੁਰੂ ਕੇ ਲਾਡਲਿਉ, ਜੀ ਆਇਆਂ ਨੂੰ, ਤੁਸਾਂ ਇਥੇ ਚਰਨ ਪਾਏ। ਮੇਰੇ ਕੋਲ ਸਾਰੇ ਪਾਪੀ ਲੋਕ, ਅਪੱਧਰ ਕਰਨ ਵਾਲੇ ਲੋਕ ਆਉਂਦੇ ਹਨ। ਤੁਸਾਂ ਕਿਰਪਾ ਕੀਤੀ ਹੈ, ਖ਼ਾਲਸਾ ਜੀ ਕਿਹਨਾਂ ਨੂੰ ਕਹਿ ਰਿਹਾ ਹੈ ? ਜਿਹੜੇ ਕਕਾਰਾਂ ਵਿੱਚ ਪੂਰੇ ਹਨ, ਜਿਹੜੇ ਗੁਰੂ ਨਾਲ ਛਲ ਨਹੀਂ ਕਰਦੇ। ਮੁਆਫ਼ ਕਰਨਾ, ਅੱਜ ਸੁਭਾਅ ਇਹੋ ਜਿਹਾ ਬਣ ਗਿਆ ਹੈ, ਹਜ਼ੂਰ ਦੀ ਹਜ਼ੂਰੀ ਵਿੱਚ ਗਾਤਰਾ ਵੀ ਚੌੜਾ, ਕ੍ਰਿਪਾਨ ਵੀ ਵੱਡੀ, ਕਛਹਿਰਾ ਵੀ ਲੰਮਾ, ਗੋਡਿਆ ਤੱਕ ਹੋ ਜਾਂਦਾ। ਰਾਤ ਨੂੰ ਕ੍ਰਿਪਾਨ ਲੱਭਦੀ ਨਹੀਂ। ਇਹ ਬਹੁਤ ਘਾਟੇ ਵਾਲੀ ਗੱਲ ਹੈ, ਧੋਖਾ ਗੁਰੂ ਨਾਲ ਕਰ ਰਹੇ ਹਾਂ ਪਰ ਧੋਖਾ ਆਪਣੇ ਆਪ ਦੇ ਨਾਲ ਹੋ ਰਿਹਾ। ਗੁਰੂ ਨੂੰ ਤੇ ਕੋਈ ਘਾਟ ਨਹੀਂ :

ਵਡਾ ਨ ਹੋਵੈ ਘਾਟਿ ਨ ਜਾਇ ॥ (ਆਸਾ ਮ: ੧, ੯)

ਬਹੁਤਾ ਕਹੀ ਜਾਵੇ ਵੱਡਾ ਨਹੀਂ ਹੁੰਦਾ, ਜੇ ਕੋਈ ਗਾਲਾਂ ਕਢੀ ਜਾਵੇ ਘਟਦਾ ਨਹੀਂ, ਉਹਦਾ ਵਿਗੜਦਾ ਕੁਝ ਨਹੀਂ ਅਰ ਮਨੁੱਖ ਦੇ ਪੱਲੇ ਕੱਖ ਨਹੀਂ ਰਹਿੰਦਾ। ਆਪਾਂ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਲੜ ਲੱਗਣਾ ਚਾਹੀਦਾ।

ਗੁਰਮਤਿ ਦੇ ਧਾਰਨੀ ਹੋਣ ਦੀ ਅਪੀਲ

ਆਪਾਂ ਇਕੱਤਰ ਹੋਏ ਹਾਂ, ਧਰਮ ਯੁੱਧ ਮੋਰਚਾ ਚੱਲ ਰਿਹਾ ਹੈ। ਇਸ ਸੰਬੰਧੀ ਬੇਨਤੀ ਕਰਾਂਗਾ ਸਾਰੀ ਸੰਗਤ ਨੂੰ, ਮਾਈਆਂ ਨੂੰ ਵੀ ਤੇ ਸਿੰਘਾਂ ਨੂੰ ਵੀ ਕਿ ਜਿਤਨੇ ਆਪਾਂ ਇਥੇ ਇਕੱਤਰ ਹੋਏ ਹਾਂ ਜਾਂ ਬਾਹਰ ਸੰਗਤ ਰਹਿ ਰਹੀ ਹੈ, ਥਾਂਵਾਂ ਥਾਂਵਾਂ 'ਤੇ ਵਿਚਰ ਰਹੀ ਹੈ, ਕੰਮ ਕਾਰ ਆਪਣੇ

ਕਰ ਰਹੀ ਹੈ, ਕੀ ਆਪਣੇ ਸਾਰਿਆਂ ਦੀ ਰੁਚੀ ਹੈ ਕਿ ਅਨੰਦਪੁਰ ਦਾ ਮਤਾ ਪੂਰਾ ਲੈਣਾ ਹੈ ? ਜੇ ਅਨੰਦਪੁਰ ਦਾ ਮਤਾ ਖ਼ਾਲਸਾ ਜੀ ਆਪਾਂ ਪ੍ਰਾਪਤ ਕਰਨਾ ਹੈ ਤੇ ਆਪਾਂ ਨੂੰ ਆਪਣੇ ਮਨ ਵਿੱਚ ਇੱਕ ਖ਼ਿਆਲ ਜ਼ਰੂਰ ਰੱਖਣਾ ਪਵੇਗਾ। ਜਿਹੜਾ ਮਨੁੱਖ ਆਪਣੇ ਘਰੇ ਹੀ ਨਹੀਂ ਵੜਦਾ, ਉਹਨੂੰ ਘਰ ਦੀ ਸਫਾਈ ਕਰਨ ਵਾਸਤੇ ਕਿਸੇ ਨੇ ਦੇਣਾ ਕੀ ਹੈ ? ਆਪਾਂ ਜੰਮੇ ਆਂ (ਸੰਮਤ) ੧੭੫੬ ਵਿੱਚ, ਅਨੰਦਪੁਰ ਸਾਹਿਬ 'ਚ। ਇਹ ਜਿਤਨੇ ਆਪਾਂ ਬੈਠੇ ਆਂ, ਆਪਾਂ ਆਪਣੇ ਮਨਾਂ ਵਿੱਚ ਖ਼ਿਆਲ ਕਰੀਏ (ਕੀ) ਆਪਾਂ ਆਪਣੇ ਘਰੇ ਆਏ ਹੋਏ ਹਾਂ ? ਕੀ ਅੰਮ੍ਰਿਤ ਛਕਿਆ ਸਾਰਿਆਂ ਨੇ ? ਪੰਜ ਬਾਣੀਆਂ ਸਾਨੂੰ ਕੰਠ ਹਨ ? ਰਹਿਰਾਸ ਸਾਹਿਬ ਕੀਰਤਨ ਸੋਹਿਲੇ ਦਾ ਨਿਤਨੇਮ ਆਪਾਂ ਰਾਤ ਨੂੰ ਪੈਣ ਲੱਗਿਆਂ ਜ਼ਰੂਰ ਕਰਦੇ ਹਾਂ ? ਜੇ ਤਾਂ ਇਸ ਨਿਯਮ ਵਿੱਚ ਪੱਕੇ ਹਾਂ ਤੇ ਆਪਾਂ ਅਨੰਦਪੁਰ ਆਪਣੇ ਘਰ ਵੜ ਗਏ ਹਾਂ। ਫਿਰ ਤਾਂ ਅਨੰਦਪੁਰ ਦਾ ਮਤਾ ਬਹੁਤ ਮਾਮੂਲੀ ਜਿਹੀ ਗੱਲ ਹੈ, ਇਹ ਜ਼ਰੂਰ ਮੰਨਿਆ ਜਾਵੇਗਾ ਤੇ ਜੇ ਆਪਾਂ ਆਪ ਈ ਆਪਣੇ ਘਰੇ ਵੜਨ ਨੂੰ ਤਿਆਰ ਨਹੀਂ ਤੇ ਦੂਜਾ ਆਪਾਂ ਨੂੰ ਆਪਣੇ ਘਰੇ ਵਾੜੇਗਾ ਕੌਣ ? ਸ਼ਰੀਕ ਨੇ ਤਾਂ ਆਖਣਾ ਚੰਗਾ ਹੋਇਆ ਘਰੋਂ ਨਿਕਲਿਆ, ਘਰੇ ਵੜਿਆ ਤੇ ਮੋਰਚਾ ਬਣਾ ਕੇ ਬੈਠੇਗਾ। ਕੋਈ ਘਰ ਦਾ ਸਾਜੋ ਸਮਾਨ ਬਣਾ ਕੇ ਸਾਡੇ ਨਾਲ ਲੜਾਈ ਕਰੇਗਾ। ਇਹਨੂੰ ਬਾਹਰ ਹੀ ਤੁਰਿਆ ਫਿਰਨ ਦਿਉ। ਆਪਾਂ ਆਪਣੇ ਮਨਾਂ 'ਚ ਖ਼ਿਆਲ ਕਰੋ ਤੇ ਸੋਚੋ ਅਸੀਂ ਕਿੰਨਾ ਕੁ ਚਿਰ ਘਰ ਰਹਿਨੇ ਆਂ ਤੇ ਕਿੰਨਾ ਕੁ ਚਿਰ ਬਾਹਰ ਰਹਿਨੇ ਆਂ ? ਇਹਦੇ ਬਾਰੇ ਸਾਰਿਆਂ ਨੂੰ ਸੋਚਣਾ ਪੈਣਾ। ਇੱਕ ਦੋ ਕੁ ਲੀਡਰਾਂ ਨੂੰ ਨਹੀਂ, ਸਾਰੇ ਵਰਕਰਾਂ ਨੂੰ, ਸਾਰੇ ਮਾਈਆਂ ਭਾਈਆਂ ਨੂੰ, ਨੌਜੁਆਨ, ਬੱਚੇ, ਬਜ਼ੁਰਗਾਂ ਨੂੰ। ਅਨੰਦਪੁਰ ਦਾ ਮਤਾ ਲੈਣ ਵਾਸਤੇ ਘਰੇ ਆਉ, ਅੰਮ੍ਰਿਤ ਛਕੋ। ਸ੍ਰੀ ਗੁਰੂ ਗਰੰਥ ਸਾਹਿਬ ਦੇ ਉੱਪਰ ਅਡੋਲ ਨਿਸਚਾ ਰੱਖੋ ਤੇ ਗੁਰੂ ਨੂੰ ਅੰਗ ਸੰਗ ਜਾਣਾਂਗੇ, ਸੱਚੇ ਪਾਤਿਸ਼ਾਹ ਜ਼ਰੂਰ ਸਹਾਇਤਾ ਕਰਦੇ ਹਨ।

ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥੧॥
ਸੇਵਕ ਕਉ ਨਿਕਟੀ ਹੋਇ ਦਿਖਾਵੈ ॥ (ਆਸਾ ਮ: ੫, ੪੦੩)

ਉਹਦੇ 'ਤੇ ਯਕੀਨ ਰੱਖੀਏ, ਜ਼ਰੂਰ ਸਹਾਇਤਾ ਕਰਦਾ।

ਇੱਕ ਗੱਲ ਅਫ਼ਸੋਸ ਨਾਲ ਵੀ ਕਹਿਣੀ ਪੈਂਦੀ ਹੈ। ਆਹ ਥੋੜੇ ਜਿਹੇ ਦਿਨ ਹੋਏ ਆ, ਚੌਦਾਂ ਪੜ੍ਹੇ ਵਾਲੇ ਨੂੰ ਪੜ੍ਹੇ ਲਿਖੇ ਸੱਜਣ ਬੈਠੇ, ਖੋਰੇ ਬੀ.ਏ. ਕਹਿੰਦੇ ਹੁੰਦੇ ਇਹ। ਉਹ ਇੱਕ ਪ੍ਰੇਮੀ ਮਿਲ ਪਿਆ, ਸਿੱਖਾਂ ਦਾ ਪੁੱਤਰ ਪੜ੍ਹਿਆ ਲਿਖਿਆ। ਕਹਿਣ ਲੱਗਾ ਜੀ ਚਿੱਤ ਨਹੀਂ ਮੰਨਦਾ, ਮਨ ਨਹੀਂ ਮੰਨਦਾ ਕਿ ੩੦੦ ਸਾਲ ਪਿੱਛੋਂ ਵੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਆ ਕੇ ਖ਼ਾਲਸੇ ਦੀ ਸਹਾਇਤਾ ਕਰਨਗੇ। ਮੈਂ ਉਹਨੂੰ ਪੁੱਛ ਬੈਠਾ ਤੇਰਾ ਨਾਂਅ ਕੀ ਆ ? ਕਹਿੰਦਾ ਜੀ ਨਾਂਅ ਤਾਂ ਅਜਮੇਰ ਸਿੰਘ ਆ। ਮੈਂ ਕਿਹਾ ਅਜਮੇਰ ਦਾਸ ਹੀ ਕਹਾ ਲੈਂਦਾ, ਸਿੰਘ ਕਾਹਨੂੰ ਕਹਾਉਣਾ ਸੀ ? ਜਿਹਨੂੰ ਆਪਣੇ ਪਿਉ 'ਤੇ ਇਹ ਨਿਸਚਾ ਹੀ ਨਹੀਂ ਕਿ ਮੇਰਾ ਪਿਉ ਮੇਰੀ ਸਹਾਇਤਾ ਕਰੂਗਾ, ਉਹ ਪੁੱਤ ਕਿਵੇਂ ਅਖਵਾ ਸਕਦਾ ? ਗੁਰੂ ਸਾਹਿਬ ਦਾ ਫੁਰਮਾਨ ਹੈ :

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥
(ਸੂਹੀ ਮ: ੪, ੭੫੯)

ਭਾਈ ਬਿਦੀ ਚੰਦ ਜੀ

ਭਾਈ ਬਿਦੀ ਚੰਦ ਜੀ, ਭਾਵੇਂ ਪਿਛੋਕੜ, ਇਤਿਹਾਸ ਪੜ੍ਹ ਕੇ ਕਈ ਕੁ ਵੀਰ ਉਹਦਾ ਗ਼ਲਤ ਫਾਇਦਾ ਉਠਾਉਂਦੇ, ਪੁੱਠੇ ਪਾਸੇ ਲੱਗਦੇ ਆ ਅਤੇ ਭਾਈ ਬਿਦੀ ਚੰਦ ਦੀ ਕੁਰਬਾਨੀ ਨੂੰ ਲੁਕੋ ਕੇ, ਛਿਪਾ ਕੇ, ਆਪਣੇ ਨਿੱਜੀ ਪ੍ਰਯੋਜਨ ਨੂੰ ਪੂਰਾ ਕਰਨ ਵਾਸਤੇ ਪੁੱਠਾ ਰਸਤਾ ਅਖ਼ਤਿਆਰ ਕਰ ਲੈਂਦੇ ਆ। ਭਾਈ ਬਿਦੀ ਚੰਦ ਜੀ ਇੱਕੋ ਇੱਕ ਸਾਰੀ ਦੁਨੀਆ 'ਚੋਂ ਸਿੱਖ ਹੈ, ਜਿਸਨੂੰ ਗੁਰੂ ਸਾਹਿਬ ਨੇ ਆਪਣਾ ਹਿਰਦਾ ਅੱਖਰ ਕਿਹਾ ਹੋਵੇ। ਭਾਵੇਂ ਖ਼ਾਲਸੇ ਨੂੰ ਆਪਣਾ ਰੂਪ ਕਿਹਾ। ਆਪਣਾ ਮਾਲਕ ਦਸਵੇਂ ਸਰੂਪ ਵਿੱਚ ਕਿਹਾ। ਆਪਣੇ ਆਪ ਨੂੰ ਸੇਵਾਦਾਰ ਕਿਹਾ ਹੈ ਪਰ ਆਪਣਾ ਹਿਰਦਾ ਛੇਵੇਂ ਪਾਤਿਸ਼ਾਹ ਨੇ ਕੇਵਲ ਭਾਈ ਬਿਦੀ ਚੰਦ ਜੀ ਨੂੰ ਕਿਹਾ ਹੈ ਤੇ ਭਾਈ ਬਿਦੀ ਚੰਦ ਜੀ ਨੂੰ ਜਦੋਂ ਹਿਰਦਾ ਕਿਹਾ। ਭਾਈ ਬਿਦੀ ਚੰਦ ਜੀ ਨੇ ਸੇਵਾ ਕੀਤੀ। ਉਹ ਇਹ ਜਾਣ ਕੇ ਨਹੀਂ ਸੀ ਕੀਤੀ ਕਿ ਛੇਵੇਂ ਪਾਤਿਸ਼ਾਹ ਜੀ ਤੇ ਪਤਾ ਨਹੀਂ ਕਿੱਥੇ ਬੈਠੇ ਹੋਣਗੇ। ਪਤਾ ਨਹੀਂ ਮੇਰੀ ਰੱਖਿਆ ਕਰਨਗੇ ਕਿ ਨਹੀਂ ਕਰਨਗੇ, ਇਹ ਨਹੀਂ ਸੀ। ਉਹਨਾਂ ਨੂੰ ਨਿਸਚਾ ਸੀ :

ਘਰਿ ਬਾਹਰਿ ਤੇਰਾ ਭਰਵਾਸਾ ਤੂ ਜਨ ਕੈ ਹੈ ਸੰਗਿ ॥

(ਧਨਾਸਰੀ ਮ: ੫, ੬੭੭)

ਇਹ ਜਾਣ ਕੇ ਕਿ ਤੂੰ :

ਦੂਰਿ ਨਾਹੀ ਮੇਰੋ ਪ੍ਰਭੁ ਪਿਆਰਾ ॥

(ਸਾਰੰਗ ਮ: ੧, ੧੧੯੭)

ਖ਼ਾਲਸਾ ਜੀ ਮੱਚਦੇ ਭੱਠ 'ਚ ਛਾਲ ਮਾਰ ਦਿੱਤੀ। ਇੱਕ ਰੋਮ ਨਹੀਂ ਸੜਿਆ। ਇੱਕ ਰੋਮ ਨੂੰ ਸੇਕ ਨਹੀਂ ਲੱਗਾ। ਭਾਈ ਸੰਗਤੀਏ ਦੇ ਵੀ ਨਹੀਂ ਸੀ ਲੱਗਾ। ਗੁਰੂ ਨਾਨਕ ਦੇਵ ਸਾਹਿਬ ਸੱਚੇ ਪਾਤਿਸ਼ਾਹ ਜੀ ਦੇ ਹਜ਼ੂਰ ਜਦੋਂ ਭੇਟਾ ਕੀਤਾ। ਗੁਰੂ ਸਾਹਿਬ ਨੇ ਕਿਹਾ ਸੀ ਉਸ ਵੇਲੇ ਅਚੱਲ ਵਟਾਲੇ ਕਿ ਚਿਖ਼ਾ ਬਣਾ ਕੇ ਸੜ ਜਾ, ਨਹੀਂ ਸੀ ਸੜਿਆ। ਗੁਰੂ ਤੇ ਨਿਸਚਾ ਹੋਵੇ ਤਾਂ ਜ਼ਰੂਰ ਸਹਾਇਤਾ ਕਰਦਾ, ਗੁਰੂ ਸਾਹਿਬ ਦਾ ਹੁਕਮ ਹੈ :

ਨਿਸਚੈ ਕਰਿ ਅਪੁਨੀ ਜੀਤ ਕਰੋਂ ॥

ਮਾਨਾਂ ਵਾਲਾ ਗੋਲੀ ਕਾਂਡ

ਸਤਿਗੁਰੂ ਜੀ ਕਹਿੰਦੇ ਕਿ ਸਿੱਖਾ ਤੇਰਾ ਜਿਹੜਾ ਨਿਸਚਾ ਉਹਦੇ 'ਚ ਕਚਿਆਈ ਨਾ ਰੱਖ, ਪਰ ਨਿਸਚੈ ਨੂੰ ਪ੍ਰਤੱਖ ਕਰਨ ਵਾਸਤੇ ਇੱਕ ਰਾਹ ਹੈ। ਉਹ ਰਾਹ ਕੀ ਹੈ ? ਹੱਠ ਦਾ ਨਹੀਂ, ਉਹ ਰਾਹ ਕੀ ਹੈ ? ਸਤਿਗੁਰੂ ਦੇ ਚਰਨਾਂ ਵਿੱਚ ਅਰਦਾਸ ਦਾ ਕਿ ਸੱਚੇ ਪਾਤਿਸ਼ਾਹ ਕਿਰਪਾ ਕਰੋ, ਨਿਸਚਾ ਸਾਨੂੰ ਆਪ ਬਖ਼ਸ਼ੋ। ਖ਼ਾਸ ਕਰਕੇ ਸਰੀਰਕ ਤੌਰ 'ਤੇ ਘਟਨਾ ਵਾਪਰੀ ਹੈ। ਸੰਗਤਾਂ ਨੇ ਅਖ਼ਬਾਰਾਂ ਵਿੱਚੋਂ ਉਹ ਪੜ੍ਹੀ ਹੈ। ਇਥੇ ਰਹਿਣ ਵਾਲੇ ਜ਼ਿੰਮੇਵਾਰ ਸੱਜਣਾਂ ਨੇ ਉਹ ਸੀਨ ਵੇਖਿਆ। ਮਾਨਾਂ ਵਾਲੇ ਕਾਂਡ ਵਿੱਚ ਜਿਸ ਦਿਨ ਜਥੇ ਦੀ ਜੀਪ ਫਸੀ ਆ ਤੇ ਪੁਲੀਸ ਕਰਮਚਾਰੀਆਂ ਨੇ ਗੋਲੀ ਚਲਾਈ, ਬ੍ਰਸਟ ਮਾਰੇ, ਬਹੁਤ ਗੋਲੇ ਸੁੱਟੇ, ਉਥੋਂ ਦਾ ਜਿਹੜਾ ਸੀਨ ਹੈ। ਉਹਦੇ ਵਿੱਚ ਜਿਹੜੇ ਸਿੰਘ ਹਨ, ਉਹਨਾਂ ਨੂੰ ਪੁੱਛ ਕੇ ਵੇਖਿਆ ਜਾਵੇ। ਆਪਣਾ ਮਨ ਤੇ ਹੋ ਸਕਦਾ ਕਿਤੇ ਭਾਵਾਂ ਡੋਲ ਕਿਸੇ ਦਾ ਹੋ ਜਾਵੇ, ਪਰ ਉਹਨਾਂ ਸਿੰਘਾਂ ਦਾ ਨਹੀਂ ਹੋਵੇਗਾ। ਡਰਾਇਵਰ ਦੇ ਤਿੰਨ ਗੋਲੀਆਂ ਵੱਜੀਆਂ

ਹੋਣ। ਇੱਕ ਲੱਤ ਵਿੱਚ, ਇੱਕ ਕਮਰ ਕੱਸੇ ਦੇ ਅਸਥਾਨ 'ਤੇ ਤੇ ਇੱਕ ਪਾਸੇ 'ਤੇ। ਇੱਕ ਸ਼ਹੀਦ ਸਿੰਘ ਪੱਟਾਂ ਵਿੱਚ ਪਿਆ ਹੋਵੇ, ਇੱਕ ਮੋਢੇ 'ਤੇ ਪਿਆ ਹੋਵੇ, ਬਾਕੀ ਜ਼ਖ਼ਮੀਂ ਜੀਪ ਵਿੱਚ ਪਏ ਹੋਣ। ਜੀਪ ਨੂੰ ਅੱਗ ਲੱਗ ਚੁੱਕੀ ਹੋਵੇ। ਖੱਬੇ ਪਾਸੇ ਦਾ ਅਗਲਾ ਟਾਇਰ ਤੇ ਸੱਜੇ ਪਾਸੇ ਦਾ ਪਿਛਲਾ ਟਾਇਰ ਫਟ ਗਿਆ ਹੋਵੇ। ਫਿਰ ਵੀ ਲਾਸ਼ ਤੇ ਜ਼ਖ਼ਮੀਂ ਵਾਪਸ ਆ ਜਾਣ। ਇਹ ਕਿਹੜਾ ਸਿੱਖ ਤੇ ਕਿਹੜਾ ਸੰਤ ਤੇ ਕਿਹੜਾ ਜ਼ਿੰਮੇਵਾਰ ਆ ਜਿਹੜਾ ਕਹਿ ਸਕਦਾ ਕਿ ਮੈਂ ਲਿਆਇਆਂ ? ਛੇਵੇਂ ਪਾਤਿਸ਼ਾਹ, ਗੁਰੂ ਕਲਗੀਧਰ ਸੱਚੇ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਆਪ ਲਿਆਏ ਆ। ਨਿਸਚਾ ਰੱਖੀਏ ਤੇ ਜ਼ਰੂਰ ਕਿਰਪਾ ਹੋਵੇਗੀ।

ਭਾਈ ਬੋਤਾ ਸਿੰਘ ਤੇ ਭਾਈ ਗਰਜਾ ਸਿੰਘ

ਕੱਲ ਜਿਸ ਵੇਲੇ ਪ੍ਰਦਰਸ਼ਨੀ ਵੇਖ ਰਹੇ ਸਾਂ, ਉਸ ਵੇਲੇ ਗੁਰਮੁਖ ਪਿਆਰੇ ਭਾਈ ਸਤਿਬੀਰ ਸਿੰਘ ਜੀ ਪ੍ਰਿੰਸੀਪਲ ਸਾਹਿਬ ਨੇ ਇੱਕ ਇਸ਼ਾਰਾ ਕੀਤਾ ਸੀ। ਮਨ 'ਚ ਬੜੀ ਖੁਸ਼ੀ ਆਈ ਸੀ ਤੇ ਉਸ ਤੋਂ ਸਿੱਖਿਆ ਵੀ ਪ੍ਰਾਪਤ ਹੋਈ ਤੇ ਆਪਾਂ ਸਾਰਿਆਂ ਨੂੰ (ਪ੍ਰਾਪਤ) ਕਰਨੀ ਚਾਹੀਦੀ ਆ ਤੇ ਕਹਿਣ ਵਾਲਿਆਂ ਨੂੰ ਵੀ (ਪ੍ਰਾਪਤ) ਕਰਨੀ ਚਾਹੀਦੀ ਆ। ਭਾਈ ਗਰਜਾ ਸਿੰਘ ਤੇ ਬੋਤਾ ਸਿੰਘ ਦਾ ਸੀਨ, ਦਾਸ ਤੇ ਸੰਤ ਬਾਬਾ ਹਰਚੰਦ ਸਿੰਘ ਜੀ ਲੌਂਗੋਵਾਲ ਵੇਖ ਰਹੇ ਸੀ ਤਸਵੀਰ ਤੋਂ, ਤਾਂ ਇਹਨਾਂ ਸੱਜਣਾਂ ਨੇ ਉਸ ਵੇਲੇ ਕਿਹਾ ਸੀ ਕਿ ਗੁਰਮੁਖੋਂ, ਇਸ ਫੋਟੋ ਵਿੱਚੋਂ ਇੱਕ ਬੜੀ ਅਮੋਲਕ ਸਿਖਿਆ (ਮਿਲਦੀ ਹੈ), ਪੁਛਿਆ ਤੁਸੀਂ ਪੜ੍ਹੇ ਲਿਖੇ ਹੋ ਦੱਸੋ ? ਇਹਨਾਂ ਕਿਹਾ ਸੀ ਕਿ ਖ਼ਾਲਸੇ ਦਾ ਮੂੰਹ ਵੱਲ ਮੂੰਹ ਨਹੀਂ ਹੋਣਾ ਚਾਹੀਦਾ, ਪਿੱਠਾਂ ਜੁੜਨੀਆਂ ਚਾਹੀਦੀਆਂ। ਠੀਕ ਹੈ ਖ਼ਾਲਸੇ ਦਾ ਮੂੰਹ ਹਮੇਸ਼ਾਂ ਹੀ ਗੁਰੂ ਗਰੰਥ ਸਾਹਿਬ ਵੱਲ ਹੋਣਾ ਚਾਹੀਦਾ। ਜੇ ਗੁਰੂ ਗਰੰਥ ਸਾਹਿਬ ਤੋਂ ਮੂੰਹ ਫਿਰ ਕੇ ਮਨੁੱਖ ਵੱਲ ਹੋ ਜਾਵੇ ਤੇ ਫਿਰ ਘਾਟਾ ਪੈਂਦਾ, ਚਿਹਰਾ ਤਾਂ ਖ਼ਾਲਸੇ ਦਾ ਗੁਰੂ ਗਰੰਥ ਸਾਹਿਬ ਵੱਲ ਹੀ ਹੋਣਾ ਚਾਹੀਦਾ ਤੇ ਖ਼ਾਲਸੇ ਦੀਆਂ ਪਿੱਠਾਂ ਜ਼ਰੂਰ ਜੁੜਨੀਆਂ ਚਾਹੀਦੀਆਂ, ਪਰ ਹੁਣ ਜੇ ਕਿਸੇ ਦੀ ਨਾ ਪਿੱਠ ਹੋਵੇ ਤੇ ਨਾ ਮੂੰਹ ਹੋਵੇ ਉਹਦਾ ਕੀ ਕਰੀਏ ? ਇਹ ਕੇਵਲ ਲੌਂਗੋਵਾਲ ਤੇ ਜਰਨੈਲ ਸਿੰਘ ਦੀ ਪਿੱਠ ਹੀ ਨਹੀਂ ਜੁੜਨੀ ਚਾਹੀਦੀ, ਇਹ ਸਾਰਿਆਂ ਦੀ ਹੀ ਇੱਕ ਥਾਂ ਹੋਣੀ ਚਾਹੀਦੀ ਆ।

ਕੇਸਰੀ ਨਿਸ਼ਾਨ ਸਾਹਿਬ

ਉਹਦੇ ਵਿੱਚ ਤਾਂ ਲਾਭ ਹੋਵੇਗਾ। ਇਹ ਲਾਭ ਤਾਂ ਹੋਵੇਗਾ ਜੇ ਆਪਾਂ ਨੂੰ ਹਿਰਸ ਲਾਲਚ ਤੋਂ ਮੁਕਤੀ ਹੋਵੇਗੀ, ਕੇਵਲ ਗੁਰੂ ਕੀ ਬਾਣੀ 'ਤੇ ਨਿਸਚਾ, ਉਹ ਹਲੀਮੀ ਰਾਜ ਨੂੰ ਕਾਇਮ ਕਰਨਾ, ਇਹ ਆਪਣਾ ਨਿਸ਼ਾਨਾ ਹੋਵੇਗਾ। ਇਹ ਨਿਸ਼ਾਨਾ ਕਿਵੇਂ ਪ੍ਰਾਪਤ ਹੋਵੇਗਾ ? ਜੋ ਨਿਸ਼ਾਨ ਸਾਹਿਬ ਅੱਜ ਆਪਾਂ ਲਹਿਰਾ ਕੇ ਹਟੇ ਹਾਂ, ਇਹਦੇ ਥੱਲੇ ਰਹਾਂਗੇ। ਜੇ ਕਦੇ ਚਿੱਟੀ ਝੰਡੀ ਥੱਲੇ, ਕਦੇ ਹਰੀ ਝੰਡੀ ਥੱਲੇ, ਕਦੇ ਲਾਲ ਝੰਡੀ ਥੱਲੇ, ਇਸ ਤਰ੍ਹਾਂ ਤੁਰੇ ਫਿਰਦੇ ਰਹੇ ਤੇ ਘਾਟਾ ਪਵੇਗਾ। ਨਿਸ਼ਾਨ ਹੋਰ ਕੌਮਾਂ ਦੇ ਹਨ, ਅਸੀਂ ਉਹਨਾਂ ਦਾ ਸਤਿਕਾਰ ਕਰਦੇ ਹਾਂ, ਨਿਖੇਧੀ ਨਹੀਂ ਕਰਦੇ, ਪਰ ਉਹਨਾਂ ਨਿਸ਼ਾਨਾਂ ਦਾ ਖ਼ਾਲਸਾ ਜੀ ਬਹੁਤ ਹੀ ਫ਼ਰਕ ਹੈ, ਥੋੜਾ ਨਹੀਂ। ਕਿਸੇ ਦਾ ਨਿਸ਼ਾਨ ਆ ਸੜਦੇ ਕਾਨੇ

ਦੇ ਨਾਲ ਚਿੱਟੀ ਜਿਹੀ ਝੰਡੀ ਲਪੇਟ ਕੇ ਬੰਨ ਲੈਣੀ, ਕਿਸੇ ਦਾ ਨਿਸ਼ਾਨ ਹੈ ਬਾਂਸ ਦੇ ਨਾਲ ਹਰੀ ਲੀਰ ਲਪੇਟ ਕੇ ਬੰਨ ਲੈਣੀ। ਕਿਸੇ ਦਾ ਨਿਸ਼ਾਨ ਹੈ ਕਿਸੇ ਡੰਡੇ ਦੇ ਨਾਲ ਲਾਲ ਰੰਗ ਦਾ ਕੱਪੜਾ ਬੰਨ ਲੈਣਾ, ਪਰ ਸਿੱਖਾਂ ਦਾ ਨਿਸ਼ਾਨ (ਇਹ) ਨਹੀਂ। ਨਿਸ਼ਾਨ ਹਮੇਸ਼ਾਂ ਉਹਨਾਂ ਕੌਮਾਂ ਦੇ ਝੂਲਦੇ ਤੇ ਕਾਇਮ ਇਸ਼ਟ ਰਹਿੰਦੇ ਹਨ, ਜਿਹੜੀਆਂ ਕੌਮਾਂ ਆਪਣੇ ਨਿਸ਼ਾਨੇ ਨੂੰ ਕਾਇਮ ਰੱਖਣਾ ਜਾਣਦੀਆਂ। ਇਹ ਕਾਇਮ ਕਿਵੇਂ ਰਹਿੰਦੇ ਆ ? ਜਿਹੜੇ ਮਰਨ ਨੂੰ ਜ਼ਿੰਦਗੀ ਸਮਝਦੇ ਆ। ਜਿਹਨਾਂ ਨੇ ਲਾਲਚ ਤੇ ਕੁਰਸੀ ਨੂੰ ਜ਼ਿੰਦਗੀ ਸਮਝਿਆ, ਉਹਨਾਂ ਦੇ ਨਿਸ਼ਾਨ ਨਹੀਂ ਕਦੇ ਰਹਿੰਦੇ। ਜਿਹਨਾਂ ਨੇ ਜ਼ਿੰਦਗੀ ਨੂੰ, ਮੌਤ ਨੂੰ ਆਪਣੀ ਖਡਾਵੀ ਸਮਝਿਆ, ਉਹਨਾਂ ਦੇ ਖ਼ਾਲਸਾ ਜੀ ਨਿਸ਼ਾਨ ਝੂਲਦੇ ਆ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਨਿਸ਼ਾਨ ਸਾਹਿਬ ਦਾ ਅਲੰਕਾਰ ਤਾਂ ਅੱਗੇ ਵੀ ਇੱਕ ਦੋ ਵੇਰਾਂ ਸੁਣਾਇਆ ਪਰ ਅੱਜ ਜ਼ਰੂਰੀ ਇਸ ਵਾਸਤੇ ਸਮਝਿਆ, ਇੱਕ ਤਾਂ ਸ਼ਹੀਦ ਦੀ ਯਾਦ ਹੈ, ਭਾਈ ਜੱਸਾ ਸਿੰਘ ਜੀ ਦੀ ਤੇ ਇੱਕ ਉਹਨਾਂ ਦੀ ਯਾਦ ਵਿੱਚ ਨਿਸ਼ਾਨ ਸਾਹਿਬ ਨਵਾਂ ਲਹਿਰਾਇਆ ਗਿਆ। ਕਈ ਵਾਰੀ ਕਿਹਾ ਜਾਂਦਾ ਨਿਸ਼ਾਨ ਸਾਹਿਬ ਗੱਡ ਦਿੱਤਾ। ਨਹੀਂ, ਨਿਸ਼ਾਨ ਸਾਹਿਬ ਗੱਡੀ ਦਾ ਨਹੀਂ, ਨਿਸ਼ਾਨ ਸਾਹਿਬ ਜਾਂ ਤਾਂ ਝੂਲਦਾ ਜਾਂ ਲਹਿਰਾਈ ਦਾ। ਕਿੱਲੇ ਆਦਿਕ ਤਾਂ ਗੱਡ ਲਈਦੇ ਆ, ਮੁੰਨੀਆਂ ਆਦਿਕ (ਪਰ) ਨਿਸ਼ਾਨ ਸਾਹਿਬ ਹਮੇਸ਼ਾਂ ਲਹਿਰਾਇਆ ਜਾਂਦਾ। ਨਿਸ਼ਾਨ ਸਾਹਿਬ ਦੇ ਵਿੱਚੋਂ ਖ਼ਾਲਸਾ ਜੀ ਜਿਹੜੀ ਸਿੱਖਿਆ ਮਿਲਦੀ ਆ ਅੰਤਰੀਵ, ਜੇ ਉਸ ਨੂੰ ਆਪਾਂ ਧਾਰਨ ਕਰ ਲਈਏ, ਇੰਦਰਾ ਵਿਚਾਰੀ ਕਿਹੜੇ ਬਾਗ਼ ਦੀ ਮੂਲੀ ਆ, ਜਿਹੜੀ ਤੁਰ ਕੇ ਇਥੇ ਨੰਗੇ ਪੈਰੀਂ ਨਾ ਆਵੇ। ਇਥੇ ਵੱਡੇ ਵੱਡੇ ਲੋਕ ਇਦੋਂ ਸ਼ਕਤੀਆਂ ਵਾਲੇ ਆਉਂਦੇ ਰਹੇ, ਹੱਥ ਜੋੜ ਕੇ, ਮੂੰਹ 'ਚ ਘਾਹ ਲੈ ਕੇ ਪਰ ਉਹਨਾਂ ਕੋਲੋ, ਜਿਹਨਾਂ ਨੇ ਇਸ ਨਿਸ਼ਾਨ ਸਾਹਿਬ ਦੇ ਸਤਿਕਾਰ ਨੂੰ ਸਮਝਿਆ। ਨਿਸ਼ਾਨ ਸਾਹਿਬ ਦਾ ਬੜ੍ਹਾ ਧਰਤੀ ਤੋਂ ਉੱਚਾ ਹੁੰਦਾ। ਨਿਸ਼ਾਨ ਸਾਹਿਬ ਨੂੰ ਲਹਿਰਾਉਣਾ ਹੋਵੇ ਤਾਂ ਟੋਇਆ ਪੁੱਟ ਕੇ ਵਿੱਚ ਪੋਲ ਪਾ ਕੇ ਵੀ ਲਹਿਰਾਇਆ ਜਾ ਸਕਦਾ, ਪਰ ਉਹਦਾ ਕੀ ਕਾਰਨ ਆਂ ? ਨਿਸ਼ਾਨ ਸਾਹਿਬ ਜਿੱਥੇ ਲਹਿਰਾਈ ਦਾ ਬੜ੍ਹਾ ਬਣਾ ਕੇ ਲਹਿਰਾਈ ਦਾ ? ਉਹਦੇ ਵਿੱਚੋਂ ਸਿੱਖਿਆ ਮਿਲਦੀ ਖ਼ਾਲਸਾ ਜੀ, ਜਿਹੜਾ ਉੱਚਾਪਣ ਹੈ ਬੜ੍ਹੇ ਦਾ, ਇਸ ਤੋਂ ਸਿੱਖਿਆ ਲੈਣੀ ਤੇ ਖ਼ਾਲਸੇ ਨੇ ਨਿਆਰਾ ਰਹਿਣਾ। ਨਿਆਰਾ ਕੁੱਲੀ ਬਣਾ ਕੇ ਨਹੀਂ ਕਿਤੇ ਰਹਿਣਾ ਜਾਂ ਜਿਹੜੀ ਆਹ ਸ਼ੱਕ ਜਿਹੀ ਪਈ ਫਿਰਦੀ ਰਾਜ ਵਾਲੇ ਨੂੰ ਕਿ ਖੋਨੀ ਇਹ ਦੇਸ਼ ਵੱਖਰਾ ਚਾਹੁੰਦੇ ਆ, ਇਹੋ ਜਿਹਾ ਨਿਆਰਾ ਨਹੀਂ। ਖ਼ਾਲਸੇ ਨੇ ਰਹਿਤ ਬਹਿਤ ਵਿੱਚ ਨਿਆਰੇ ਰਹਿਣਾ। ਸਤਿਗੁਰੂ ਦਾ ਫੁਰਮਾਨ ਵੀ ਹੈ :

ਜਬ ਲਗ ਖਾਲਸਾ ਰਹੇ ਨਿਆਰਾ ॥
ਤਬ ਲਗ ਤੇਜ ਦੀਓ ਮੈ ਸਾਰਾ ॥

ਅੱਧਾ ਪੌਣਾ ਨਹੀਂ, ਸਾਰਾ ਅੱਖਰ ਵਰਤਿਆ। ਪਰ ਜੇ ਨਾ ਰਹੇ :

ਜਬ ਇਹ ਗਹੈ ਬਿਪਰਨ ਕੀ ਰੀਤ ॥
ਮੈ ਨ ਕਰਹੁ ਇਨ ਕੀ ਪ੍ਰਤੀਤ ॥

ਇਹ ਤਾਂ ਉਸ ਬੜ੍ਹੇ ਵਿੱਚੋਂ ਸਿੱਖਿਆ ਮਿਲਦੀ ਆ, ਉੱਚੇਪਣ ਵਿੱਚੋਂ ਕਿ ਵੱਖਰੇ ਰਹਿਣਾ।

ਕੱਲ ਪ੍ਰਦਰਸ਼ਨੀ ਦੇ ਦਰਸ਼ਨ ਕੀਤੇ ਸੀ। ਟਾਈਮ ਨਹੀਂ ਲੱਗਾ, ਸਰੀਰ ਨੇ ਇਜ਼ਾਜਤ ਨਹੀਂ ਦਿੱਤੀ, ਬਾਬਾ ਜੀ ਹੁਣਾਂ ਕੋਲ ਬਹਿਣ ਦੀ, ਢਿੱਲਾ ਹੋ ਗਿਆ ਸਰੀਰ, ਨਹੀਂ ਤੇ ਵਿਚਾਰ ਕਰਨੀ

ਸੀ। ਪ੍ਰਦਰਸ਼ਨੀ ਕੀਤੀ ਆ, ਮਨ ਬੇਹਬਲ ਹੋ ਰਿਹਾ ਸੀ। ਕਿਸ ਤਰ੍ਹਾਂ ਸਿੱਖਾਂ ਦੇ ਕੇਸ ਬੱਸ ਵਿੱਚ, ਗੱਡੀ ਦੀ ਰਾਡ ਦੇ ਨਾਲ ਲਪੇਟ ਕੇ ਖੋਪਰੀਆਂ ਲੱਥੀਆਂ। ਕਿਸ ਤਰ੍ਹਾਂ ਬੋਟੀਆਂ ਖਿਲਰੀਆਂ, ਪੈਰਾਂ ਦੇ, ਹੱਥਾਂ ਦੇ ਅੰਗ ਅੰਗ, ਟੋਟੇ ਟੋਟੇ ਹੋ ਗਏ, ਪਰ ਇਹ ਸਾਰਾ ਸੀਨ ਵੇਖ ਕੇ ਇੱਕ ਗੱਲ ਚਿਤ ਵਿੱਚ ਆਈ ਆ, ਸਾਰੇ ਰਾਜ ਵਿੱਚੋਂ ਜਿੱਥੇ ਜਿੱਥੇ ਵੀ ਵਿਖਾਉਣ ਵਾਲੇ ਸੱਜਣਾਂ ਨੇ ਰਾਜ ਦੀ ਸਥਾਪਤੀ ਦੀ ਗੱਲ ਕੀਤੀ ਆ। ਕਿਸੇ ਸਰਕਾਰ ਨੇ ਸ਼ਾਂਤਮਈ ਢੰਗ ਨਾਲ ਰਾਜ ਪ੍ਰਵਾਨ ਨਹੀਂ ਕੀਤਾ। ਫੋਟੋ ਅੱਜ ਵੀ ਵੇਖ ਲਿਉ, ਕੱਲ ਨੂੰ, ਅੱਗੇ ਵੇਖਣੀਆਂ ਤਾਂ ਵੇਖਦੇ ਹਾਂ। ਸ਼ਾਂਤਮਈ ਢੰਗ ਨਾਲ ਕੁਰਬਾਨੀਆਂ ਜ਼ਰੂਰ ਹੋਈਆਂ ਪਰ ਰਾਜ ਦੀ ਜਦੋਂ ਸਿਰਜਣਾ ਹੋਈ ਆ ਜਾਂ ਤਲਵਾਰ ਜਾਂ ਖੰਡੇ ਜਾਂ ਟੰਬੇ ਨਾਲ ਲਿਆ। ਕੱਲ ਵਾਲੀਆਂ ਫੋਟੋਆਂ ਵਿੱਚ ਦਾਸ ਨੇ ਜੋ ਪ੍ਰਤੀਤ ਕੀਤਾ, ਮੈਨੂੰ ਤਾਂ ਇਹੋ ਹੀ ਹੋਇਆ। ਹੋ ਸਕਦਾ ਮੈਂ ਗ਼ਲਤ ਹੋਵਾਂ, ਕਿਉਂਕਿ ਸਾਰਿਆਂ ਵਿੱਚ ਅਨਪੜ੍ਹ ਤਾਂ ਇਕੱਲਾ ਮੈਂ ਹੀ ਆਂ, ਬਾਕੀ ਪੜ੍ਹੇ ਲਿਖੇ ਆ। ਜੱਸਾ ਸਿੰਘ ਜੀ ਦੀ ਯਾਦ ਮਨਾ ਰਹੇ ਹਾਂ, ਸੂਰਮੇ ਮਹਾਂਬਲੀ ਦੀ। ਉਹਨਾਂ ਦਾ ਇਤਿਹਾਸ ਵੀ ਵੇਖੀਏ, ਭਾਵੇਂ ਛੰਭਾਂ ਦੇ ਵਿੱਚੋਂ ਕਿਨਾਰਾ ਵੀ ਕਈ ਵਾਰੀ ਕਰਨਾ ਪਿਆ। ਤਨ ਦੇ ਕੱਪੜੇ ਪਾੜ ਕੇ ਪੈਰਾਂ 'ਤੇ ਬੰਨਣੇ ਪਏ, ਭੁੱਖਿਆਂ ਤਿਹਾਇਆਂ ਰਹਿਣਾ ਪਿਆ, ਪਰ ਜ਼ਾਲਮ ਹਮੇਸ਼ਾਂ ਹੀ ਡੰਡੇ ਨਾਲ ਸੂਤ ਆਇਆ, ਨਿਮਰਤਾ ਨਾਲ ਨਹੀਂ ਆਇਆ, ਨਿਸ਼ਾਨ ਸਾਹਿਬ ਦੇ ਵਿੱਚੋਂ ਨਿਆਰਾਪਣ ਆਪਾਂ ਥੜ੍ਹੇ 'ਚੋਂ ਲੈਣਾ ਹੈ। ਨਿਆਰਾਪਣ ਕੀ ਹੈ ? ਪੰਜਾਂ ਕਕਾਰਾਂ ਦੀ ਰਹਿਤ ਅਰ ਧੋਖੇਵਾਲੀ ਨਹੀਂ ਕਿ ਕਦੇ ਕ੍ਰਿਪਾਨ ਉੱਪਰ ਦੀ, ਕਦੇ ਥੱਲੇ ਦੀ। ਅੰਮ੍ਰਿਤ ਛਕ ਕੇ ਪਤਾ ਲੱਗੇਗਾ, ਉਦਾਂ ਤਾਂ ਲੱਗਣਾ ਨਹੀਂ। ਜੇ ਗੱਲਾਂ 'ਚ ਛਕ ਲਿਆ ਤੇ ਇਹਦੇ ਨਾਲ ਜ਼ਾਲਮਾਂ ਦਾ ਨਾਸ ਕਿਵੇਂ ਕਰਾਂਗੇ ? ਜ਼ੁਲਮ ਨਾਲ ਟੱਕਰ ਕਿਵੇਂ ਲਵਾਂਗੇ ? ਗਾਤਰੇ ਵਾਲੀ ਕ੍ਰਿਪਾਨ ਚਾਹੀਦੀ ਆ, ਇਹ ਨਿਆਰਾ ਪਣ ਉਸ ਥੜ੍ਹੇ ਵਿੱਚੋਂ ਲੈਣਾ। ਜੋ ਨਿਸ਼ਾਨ ਸਾਹਿਬ ਦੇ ਪੋਲ ਉੱਪਰ ਕੱਪੜਾ ਪਹਿਨਾਇਆ ਗਿਆ ਹੈ, ਪਾਈਪ ਦੇ ਉੱਪਰ, ਉਹ ਕੱਪੜਾ ਕੇਵਲ ਇਸ ਵਾਸਤੇ ਨਹੀਂ ਕਿ ਖੱਟਾ ਰੰਗ, ਸੁਨਹਿਰੀ ਰੰਗ, ਇਸ ਵਾਸਤੇ ਨਹੀਂ। ਖ਼ਾਲਸਾ ਜੀ ਕੱਪੜਾ ਠੰਡ ਤੋਂ ਵੀ ਬਚਾਉਂਦਾ ਤੇ ਕੱਪੜਾ ਗਰਮੀ ਤੋਂ ਵੀ ਬਚਾਉਂਦਾ। ਉਸ ਨਿਸ਼ਾਨ ਸਾਹਿਬ ਦੇ ਚੋਲੇ ਵਿੱਚੋਂ ਅੰਤਰੀਵ ਸਿੱਖਿਆ ਲੈਣੀ ਆਂ ਕਿ ਜਿਹੜਾ ਵੀ ਮਾਈ ਭਾਈ ਨੇੜਿਉਂ ਦੂਰੋਂ, ਇਸ ਨਿਸ਼ਾਨ ਸਾਹਿਬ ਦੀ ਸ਼ਰਨ ਲਵੇਗਾ, ਉਹਨੂੰ ਪਾਪਾਂ ਰੂਪੀ ਪਾਲਾ ਤੇ ਤ੍ਰਿਸ਼ਨਾ ਰੂਪੀ ਅੱਗ ਨਹੀਂ ਸਾੜ ਸਕੇਗੀ, ਗੁਰੂ ਉਹਦੀ ਰਾਖੀ ਕਰੇਗਾ। ਇਹ ਉਹਦੇ ਵਿੱਚੋਂ ਸਿੱਖਿਆ ਮਿਲਦੀ ਹੈ। ਉੱਪਰ ਜੋ ਗੰਢਾਂ ਦਿੱਤੀਆਂ ਛੋਟੀਆਂ ਛੋਟੀਆਂ, ਟੱਲੀਆਂ, ਆਪਣੀਆਂ ਲੀਰਾਂ ਪਾੜ ਕੇ, ਟਾਕੀਆਂ ਪਾੜ ਕੇ, ਉਹ ਗੰਢਾਂ ਇਸ ਵਾਸਤੇ ਨਹੀਂ ਦਿੱਤੀਆਂ ਕਿ ਚੋਲਾ ਨਾ ਉੱਡ ਜਾਵੇ। ਨਹੀਂ, ਉਹਦੇ ਵਿੱਚੋਂ ਵੀ ਕੁਝ (ਸਬਕ) ਮਿਲਦਾ। ਜਿਸ ਤਰ੍ਹਾਂ ਉਹ ਨਿਸ਼ਾਨ ਸਾਹਿਬ ਦੇ ਚੋਲੇ ਨੂੰ ਕੱਸਣ ਵਾਸਤੇ ਗੰਢਾਂ ਦਿੱਤੀਆਂ ਹੋਈਆਂ, ਇਸੇ ਤਰ੍ਹਾਂ ਹੀ, ਬਿਰਤੀਆਂ ਰੂਪੀ ਜਿਹੜੀਆਂ ਲੀਰਾਂ, ਉਹਨਾਂ ਨੂੰ ਪ੍ਰੀਤ ਰੂਪੀ ਗੰਢ ਪਾ ਕੇ ਪ੍ਰਮੇਸ਼ਰ ਨਾਲ ਜੋੜਨਾ ਹੈ। ਉਹਨਾਂ ਲੀਰਾਂ ਤੋਂ ਸਿੱਖਿਆ ਲੈਣੀ ਆਂ। ਉੱਪਰ ਨਿਸ਼ਾਨ ਸਾਹਿਬ ਦੇ ਕਮਰ ਕੱਸਾ ਕੱਸਿਆ ਜਾਂਦਾ, ਉਹ ਕਮਰ ਕੱਸਾ ਇਹ ਨਹੀਂ ਕਿ ਕੇਵਲ ਝੂਲਦਾ ਸੋਹਣਾ ਲੱਗਦਾ, ਨਹੀਂ, ਉਹਦੇ ਤੋਂ ਸਿੱਖਿਆ ਮਿਲਦੀ ਆ ਕਿ ਜ਼ਾਲਮਾਂ ਨਾਲ ਟੱਕਰ ਲੈਣ ਵਾਸਤੇ, ਜ਼ੁਲਮ ਦਾ ਨਾਸ਼ ਕਰਨ ਵਾਸਤੇ, ਸਿੱਖ ਨੇ ਹਮੇਸ਼ਾ ਹੀ ਕਮਰ ਬੰਦ ਰਹਿਣਾ। ਕਮਰ ਕੱਸਾ ਕੱਸ ਕੇ ਰੱਖਣਾ ਹੈ। ਜਿਸ ਤਰ੍ਹਾਂ ਗੁਰੂ ਕੇ ਸਿੰਘ ਸੂਰਮੇ ਨੇ ਰੱਖਿਆ, ਜਿਹਨਾਂ ਦੀ ਯਾਦ ਅੱਜ ਆਪਾਂ ਮਨਾ ਰਹੇ ਹਾਂ।

ਪੰਜਾਬ ਸਰਕਾਰ ਤੋੜਨੀ

ਇੰਦਰਾ ਨੇ ਇੱਕ ਸੁਆਲ ਉਠਾਇਆ ਸੀ ਘਬਰਾਹਟ ਵਿੱਚ ਆ ਕੇ, ਕਿ ਭਿੰਡਰਾਂਵਾਲਿਆਂ ਨੇ ਜਿਹੜੀ ੭ ਤੇ ੧੫੦ ਦੀ ਗੱਲ ਕੀਤੀ ਆ, ਮੈਂ ਭਿੰਡਰਾਂਵਾਲੇ ਨੂੰ ਪੁੱਛਣਾ ਚਾਹੁਨੀ ਆਂ ? ਇਹ ਜਿਹੜੀ ਸਿੱਖਾਂ ਦੀ ਹਿੱਟ ਲਿਸਟ ਬਣਾਈ ਆ, ਉਹ ਕਿਹਨੇ ਬਣਾਈ ਆ ? ਹੁਣ ਬੀਬੀ ਇੰਦਰਾ ਮੈਂ ਇਥੇ ਬਾਬਾ ਅਟੱਲ ਜੀ ਦੇ ਸਥਾਨ 'ਤੇ ਖੜੋ ਕੇ ਪੁੱਛੀ ਜਾਨਾਂ, ਤੂੰ ਉਥੇ ਪਾਰਲੀਮੈਂਟ ਵਿੱਚ। ਇਸ ਤਰ੍ਹਾਂ ਤਾਂ ਗੱਲ ਦਾ ਸੁਆਦ ਜਿਹਾ ਨਹੀਂ ਆਉਂਦਾ, ਕਿਤੇ ਬੈਠ ਕੇ ਗੱਲ ਹੋਈ ਤਾਂ ਪਤਾ ਲੱਗੂ ਤੇ ਜਾਂ ਅਖ਼ਬਾਰਾਂ 'ਚ ਜਵਾਬ ਦੇਹ, ਅਜੇ ੪ ਦਿਨ ਹੋਏ ਨੇ ਮੈਨੂੰ ਚੈਲਿੰਜ ਕੀਤੇ ਨੂੰ ਤੇ ਉੱਤਰ ਨਹੀਂ ਕੋਈ ਦੇ ਰਹੀ। ਊਂ ਕਹਿੰਦੀ ਸਿੱਖਾਂ ਨਾਲ ਮੈਨੂੰ ਬਹੁਤ ਹਮਦਰਦੀ ਹੈ। ਭਿੰਡਰਾਂਵਾਲਿਆਂ ਨੇ ਗਲਤ ਕਹਿ ਦਿੱਤਾ। ੧ ਲੱਖ ੨੦ ਹਜ਼ਾਰ, ਹੁਣ ਤੇ ਸ਼ਾਇਦ ੨੨ ਹਜ਼ਾਰ ਹੋਣ, ਉਦੋਂ ੧ ਲੱਖ ੨੦ ਹਜ਼ਾਰ ਸੀ। ੧ ਲੱਖ ੨੦ ਹਜ਼ਾਰ ਦੀ ਗ੍ਰਿਫ਼ਤਾਰੀ, ੧੫੦ ਤੋਂ ਵੱਧ ਸਿੰਘਾਂ ਦੀਆਂ ਸ਼ਹੀਦੀਆਂ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਾਹਿਬ ਜੀ ਵੀ ਬੈਠੇ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਾਹਿਬ ਜੀ ਬੋਲ ਗਏ ਆ, ਬਾਕੀ ਪਤਵੰਤੇ ਸੱਜਣ ਹੋਰ ਸੁਲਝੇ ਹੋਏ ਬੈਠੇ ਆ। ਕੀ ਇੰਨੀਆਂ ਕੁਰਬਾਨੀਆਂ ਤੋਂ ਪਿੱਛੋਂ, ਇੰਨਾਂ ਘਰ ਲੁਟਾਉਣ ਤੋਂ ਉਪਰੰਤ, ਇੰਨਾ ਖ਼ੂਨ ਡੁੱਲਣ ਦੇ ਬਾਵਜੂਦ, ਕੀ ਇੰਦਰਾ ਨੇ ਆਪਣੇ ਕਹਿਣ ਤੇ ਪੰਜਾਬ ਦਾ ਮੁੱਖ ਮੰਤਰੀ ਬਦਲਿਆ ? ਥਾਂ ਥਾਂ 'ਤੇ ਆਪਣੀਆਂ ਤਕਰੀਰਾਂ, ਦਾਸ ਤੇ ਸੰਤਾਂ ਦੀ ਤਕਰੀਰ ਇਥੋਂ ਦੀ, ਅਸੀਂ ਬਾਹਰ ਨਹੀਂ ਜਾ ਸਕੇ। ਕੀ ਇਸ ਇੱਕ ਨਿਕੰਮੇ ਬੰਦੇ ਨੂੰ ਬਦਲ ਦਿਆਂ, ਜਿਹਦਾ ਖ਼ੂਨ ਪੀਣ 'ਤੇ ਇਰਾਦਾ ਤੁਲਿਆ ਹੋਇਆ ਸਿੱਖਾਂ ਦਾ ਤੇ ਤੁਹਾਡੇ ਆਖੇ ਲੱਗ ਕੇ ਤੁਹਾਡੀ ਚਪਲੀ ਝਾੜਨ ਦਾ ਸ਼ਕੀਨ ਬਣਿਆ ਬੈਠਾ, ਇਹਨੂੰ ਬਦਲ ਦਿਉ ਤੇ ਸ਼ਾਂਤੀ ਹੋ ਸਕਦੀ ਆ, ਪਰ ਕੀ ੧੬ ਮਹੀਨਿਆਂ ਵਿੱਚ ਉਹਨੂੰ ਬਦਲਿਆ ? ਹਿੰਦੂ ੭ ਕਿਸੇ ਨੇ ਮਾਰ ਦਿੱਤੇ ਬੱਸ ਵਿੱਚ, ਕਿਸੇ ਸਿੱਖ ਨੇ ਚੰਗਾ ਨਹੀਂ ਕਿਹਾ, ਸਾਰਿਆਂ ਨੇ ਕਿਹਾ ਮਾੜਾ ਹੋਇਆ, ਪਰ ਹਿੰਦੂ ੭ ਮਰ ਗਏ, ਅੱਠ ਪਹਿਰ ਨਹੀਂ ਲੰਘੇ, ਮਨਿਸਟਰੀ ਟੁੱਟ ਗਈ, ਰਾਸ਼ਟਰਪਤੀ ਰਾਜ ਲਾਗੂ ਹੋ ਗਿਆ, ਗੜਬੜ ਕਰਾਰ ਇਲਾਕੇ ਨੂੰ ਦੇ ਦਿੱਤਾ ਤੇ ਸਿੱਖ ੧੫੦ ਸ਼ਹੀਦ ਹੋਇਆ ਤੇ ਇੱਕ ਬੰਦਾ ਨਹੀਂ ਬਦਲਿਆ ਤੇ ਇਹ ਹੁਣ ਤੁਸੀਂ ਸੋਚੋ ਸਾਰੇ ਸਿੱਖ ਬੈਠ ਕੇ ਕਿ ਹਿੰਦੂ ਸਾਮਰਾਜ ਦੀ ਗੌਰਮੈਂਟ ਦੇ ਮਨ ਵਿੱਚ ਆਹ ਪੱਗ ਤੇ ਦਾਹੜੇ ਪ੍ਰਤੀ ਕੀ ਖ਼ਿਆਲ ਹੈ ? ਜੇ ਗੱਲ ਗ਼ਲਤ ਹੈ ਤੇ ਕੋਈ ਚੈਲਿੰਜ ਕਰੋ ਤੇ ਮੈਂ ਆਪਣਾ ਸਿਰ ਵੱਢ ਕੇ ਤੁਹਾਨੂੰ ਦੇ ਦਿਉਂਗਾ।

ਬੋਲੇ ਸੋ ਨਿਹਾਲ.....

ਮੈਂ ਨਾਹਰੇ ਵਾਲਿਆਂ ਨੂੰ ਬੇਨਤੀ ਕਰਾਂਗਾ ਕਿ ਨਾਹਰੇ 'ਚ ਨਾ ਬਹੁਤਾ ਜਾਉ, ਸੁਣਨ ਵੱਲ ਧਿਆਨ ਦਿਉ।

ਸਿੱਖਾਂ 'ਤੇ ਮੁਕਦਮੇਂ ਪਰ ਹਿੰਦੂਆਂ 'ਤੇ ਨਹੀਂ

ਹਿੰਦੁਸਤਾਨ ਦੀ ਪ੍ਰਧਾਨ ਮੰਤਰੀ ਕਹਿ ਦੇਵੇ ਕਿ ਸਿੱਖਾਂ ਨੂੰ ਸੋਚ ਲੈਣਾ ਚਾਹੀਦਾ ਪੰਜਾਬ ਵਾਲਿਆਂ ਨੂੰ, ਬਾਹਰਲੇ ਸੂਬਿਆਂ ਵਿੱਚ ਬੈਠੇ ਸਿੱਖਾਂ ਦਾ ਕੀ ਬਣੇਗਾ ? ਇਹ ਧਮਕੀ ਆ। ਉਹ ਪ੍ਰਧਾਨ ਮੰਤਰੀ ਆ ਤੇ ਮੈਂ ਇੱਕ ਛੋਟਾ ਜਿਹਾ ਤੁਹਾਡਾ ਚੌਂਕੀਦਾਰ ਆਂ ਪਰ ਉੱਤਰ ਦੇਣਾ ਤੇ ਸਾਡਾ ਫਰਜ਼ ਆ ਨਾ। ਉਹਨੇ ਧਮਕੀ ਦਿੱਤੀ ਆ ਕਿ ਬਾਹਰਲੇ ਸਿੱਖਾਂ ਦਾ ਸੋਚ ਲਉ ਕੀ ਬਣੂੰ, ਕੋਈ ਮੁਕਦਮਾ ਦਰਜ਼ ਨਹੀਂ, ਕਿਉਂਕਿ ਪੰਡਿਤਾਂ ਦੇ ਘਰੇ ਜੰਮੀ ਆਂ ਤੇ ਜੇ ਭਿੰਡਰਾਂਵਾਲੇ ਨੇ ਸਟੇਜ 'ਤੇ ਖੜੋ ਕੇ

ਕਹਿ ਦਿੱਤਾ ਕਿ ਬੀਬੀ ਜੇ ਤੇਰਾ ਇਹ ਖ਼ਿਆਲ ਆ ਤੇ ਤੇਰਾ ਨਜ਼ਰੀਆ ਪੱਗ ਤੇ ਦਾਹੜੇ ਵਾਲਿਆਂ ਵਾਸਤੇ ਇਹ ਆ ਤੇ ਗਿਣਤੀ ਅਸੀਂ ਵੀ ਕਰੀਂ ਬੈਠੇਂ ਆਂ, ਸਾਨੂੰ ੨੦-੨੦ ਆਉਂਦੇ ਆ ਤੇ ਮੁਕਦਮਾ ੫੦੬ ਧਾਰਾ ਅਧੀਨ ਦਰਜ ਆ, ਅਦਾਲਤ ਵਿੱਚ। ਹੁਣ ਨਾ ਤਾਂ ਤਲਵਾਰ ਦੇ ਕੇ ਇੰਦਰਾ ਨੇ ਕਿਸੇ ਨੂੰ ਭੇਜਿਆ ਅਤੇ ਨਾ ਤਲਵਾਰ ਦੇ ਕੇ ਜਰਨੈਲ ਸਿੰਘ ਨੇ ਕਿਸੇ ਨੂੰ ਭੇਜਿਆ ਤੇ ਮੇਰੇ 'ਤੇ ਮੁਕਦਮਾ ਦਰਜ ਕਿਉਂ ਆਂ ਤੇ ਇੰਦਰਾ 'ਤੇ ਕਿਉਂ ਨਹੀਂ ਹੋਇਆ ? ਜੇ ਵਿਧਾਨ ਇੱਕ ਆ ਸਾਰਿਆਂ ਵਾਸਤੇ। ਜੇ ਸਾਂਝੀਵਾਲਤਾ ਦੀ ਕਹਿਨੀ ਆਂ ਮੈਂ ਬਹੁਤੀ ਪਿਆਰੀ ਆਂ ਤੇ ਬਹੁਤੀ ਚੰਗੀ ਆਂ।

ਗ੍ਰਹਿ ਮੰਤਰੀ ਸੇਠੀ ਬਿਨਾ ਪੜਤਾਲ ਕੀਤੀ ਤੋਂ ਐਲਾਨ ਕਰ ਦਿੰਦਾ ਕਿ ਭਿੰਡਰਾਂਵਾਲੇ ਨੂੰ ਅੱਠਾਂ ਦਿਨਾਂ ਦੇ ਵਿੱਚ ਵਿੱਚ ਗੁਰੂ ਨਾਨਕ ਨਿਵਾਸ ਵਿੱਚੋਂ ਕੱਢ ਲਵਾਂਗੇ, ਕੋਈ ਮੁਕਦਮਾ ਦਰਜ ਨਹੀਂ ਤੇ ਜੇ ਭਿੰਡਰਾਂਵਾਲਾ ਕਹਿ ਦੇਵੇ ਚਬਾਵਾਂਗੇ ਲੋਹੇ ਦੇ ਚਣੇ, ਆਵੀਂ ਤਕੜੇ ਹੱਥੀਂ, ਪਹਿਲਾਂ ਤੂੰ ਆਵੀਂ ਅੱਗੇ ਲੱਗ ਕੇ, ਹੋਰ ਨਾ ਮਰਵਾ ਬੈਠੀਂ ਕਿਸੇ ਦੇ ਤੇ ਮੁਕਦਮਾ ਦਰਜ ਆ। ਗੱਲ ਕੇਵਲ ਬੋਲਣ ਦੀ ਆ, ਗੋਲੀ ਚਲਾਉਣ ਦੀ ਦੋਹਾਂ ਪਾਸਿਆਂ ਤੋਂ ਕਿਸੇ ਦੀ ਨਹੀਂ ਸੀ। ਸਟੇਜ ਤੋਂ ਬੋਲਣ ਦੀ ਗੱਲ ਆ, ਉਹ ਜਿਸ ਦੇਸ਼ ਵਿੱਚ ਸਿੱਖ ਦੀ ਜ਼ਬਾਨ 'ਤੇ ਇੰਨੀ ਪਾਬੰਧੀ ਲੱਗ ਜਾਵੇ ਕਿ ਸਿੱਖ ਬੋਲ ਵੀ ਨਹੀਂ ਸਕਦਾ, ਉਹ ਸਿੱਖ ਕਿਵੇਂ ਕਹਿ ਸਕਦਾ ਮੈਂ ਆਜ਼ਾਦ ਆਂ ?

ਮੁਕਦਮਾ ਚੱਲ ਰਿਹਾ ਲੁਧਿਆਣੇ, ਫੈਸਲਾ ਹੋਣ ਲੱਗਾ, ਭੱਟਾਚਾਰੀਆ ਪਾਰਲੀਮੈਂਟ ਵਿੱਚ ਬੈਠ ਕੇ ਦਿੱਲੀ ਕਹਿ ਰਿਹਾ ਕਿ ਨਛੱਤਰ ਸਿੰਘ ਨੂੰ ਫਾਂਸੀ ਲੱਗਣੀ ਚਾਹੀਦੀ ਆ, ਉਹਨੂੰ ਕੀ ਅਧਿਕਾਰ ਹੈ ਇਹ ਕਹਿਣ ਦਾ ? ਉਹਦੇ 'ਤੇ ਕੋਈ ਮੁਕੱਦਮਾ ਦਰਜ ਨਹੀਂ। ਸੁਆਮੀ ਅਦਿਤਿਆ ਵੇਸ ਹਰਿਆਣੇ ਦੇ ਰਹਿਣ ਵਾਲਾ, ਉਹ ਕਹਿ ਰਿਹਾ ਹੈ ਕਿ ਸਿੱਖ ਸਾਰੇ ਕਛਹਿਰਾ ਪਰਨਾ ਚੁੱਕੋ, ਪੰਜਾਬ ਨੂੰ ਨਿਕਲ ਜਾਵੋ, ਹਰਿਆਣੇ ਵਿੱਚ ਸਿੱਖਾਂ ਦਾ ਕੋਈ ਕੰਮ ਨਹੀਂ, ਕੋਈ ਮੁਕਦਮਾ ਦਰਜ ਨਹੀਂ, ਕਿਉਂਕਿ ਮੁੰਡੇ ਪੰਡਿਤਾਂ ਦੇ ਆ।

ਕੇਵਲ ਕ੍ਰਿਸ਼ਨ ਜਿਹੜਾ ਵਿੱਤ ਮੰਤਰੀ ਸੀ ਪਹਿਲਾਂ, ਉਹਨੇ ਅੱਜ ਤੋਂ ੫-੬ ਮਹੀਨੇ ਪਹਿਲਾਂ ਇੱਕ ਖ਼ਬਰ ਦਿੱਤੀ ਸੀ ਕਿ ਸਮੂਹ ਸਿੱਖ ਸੰਪਰਦਾਵਾਂ ਨੂੰ ਖ਼ਤਮ ਕਰ ਦਿੱਤਾ ਜਾਵੇਗਾ, ਕੁਚਲ ਦਿਆਂਗਾ, ਰਗੜ ਦਿਆਂਗਾ, ਮਲ ਦਿਆਂਗਾ, ਇਹ (ਧਮਕੀਆਂ) ਤਾਂ ਆਉਂਦੀਆਂ ਹੀ ਰਹਿੰਦੀਆਂ, ਹੁਣ ਹਟ ਗਿਆ, ਕੋਈ ਮੁਕਦਮਾ ਦਰਜ ਨਹੀਂ।

ਬਲਦੇਵ ਪ੍ਰਕਾਸ਼ ਇਥੋਂ ਦੇ ਰਹਿਣ ਵਾਲਾ, ਲੀਡਰ ਸਾਹਿਬਾਨ ਤਾਂ ਜਾਣਦੇ, ਮੈਂ ਤਾਂ ਕਦੀ ਵੇਖਿਆ ਨਹੀਂ ਉਹਨੂੰ। ਉਹਨੇ ਬਿਆਨ ਦਿੱਤਾ, ਇੱਕ ਵੇਰਾਂ ਇਸ਼ਤਿਹਾਰ ਵੀ ਛਾਪੇ ਸੀ ਕਿ

ਦੁੱਕੀ ਤਿੱਕੀ ਖਹਿਣ ਨਹੀਂ ਦੇਣੀ ॥
ਸਿਰ 'ਤੇ ਪਗੜੀ ਰਹਿਣ ਨਹੀਂ ਦੇਣੀ ॥

.....

ਕੱਛ ਕੜਾ ਕ੍ਰਿਪਾਨ ॥
ਇਹਨੂੰ ਭੇਜੋ ਪਾਕਿਸਤਾਨ ॥

ਕੋਈ ਮੁਕਦਮਾ ਦਰਜ ਨਹੀਂ। ੨ ਬੱਸਾਂ ਦਿੱਤੀਆਂ ਹੋਈਆਂ ਗੁਰੂ ਕੀ ਸੰਗਤ ਦੀਆਂ ਜਥੇ ਨੂੰ, ੧੪ ਸਤੰਬਰ ੧੯੮੧ ਨੂੰ ਚੰਦੋ ਕਲਾਂ ਵਿਖੇ ਸਾੜ ਦਿੱਤੀਆਂ, ਸ੍ਰੀ ਗੁਰੂ ਗਰੰਥ ਸਾਹਿਬ ਦੀਆਂ ਪੋਥੀਆਂ ਵੀ ਵਿੱਚ ਸਾੜ ਦਿੱਤੀਆਂ, ਪਿੰਡ ਵਿੱਚੋਂ ੩ ਲੱਖ ਦਾ ਮਾਲ ਲੁੱਟ ਲਿਆ।

੮੦ ਸਾਲ ਦੀ ਉਮਰ ਦਾ ਇੱਕ ਧੋਲੇ ਦਾ ਲਾਲਾ ਮਰ ਗਿਆ, ਉਹਦੀ ਇਨਕੁਆਰੀ ਨਹੀਂ ਕੇਵਲ ਹੋਈ, ਖ਼ਾਲਸਾ ਜੀ ਉਹਦੇ ਕੇਸ ਦਾ ਫੈਸਲਾ ਹੋ ਗਿਆ। ਇੱਕ ਨੂੰ ੨੦ ਸਾਲ ਸਜ਼ਾ ਕਰ ਦਿੱਤੀ, ਇੱਕ ਬਰੀ ਕਰ ਦਿੱਤਾ, ਪਰ ਜਿਹੜਾ ਬਰੀ ਕੀਤਾ ਉਹਦੇ 'ਤੇ ਫਿਰ ਰਿੱਟ ਕਰ ਦਿੱਤੀ ਆ ਕਿ ਸਾਨੂੰ ਪੂਰਾ, ਇਹਦੇ ਵਿੱਚੋਂ ਫੈਸਲਾ (ਇਨਸਾਫ਼) ਨਹੀਂ ਮਿਲਿਆ, ਹੱਕ ਨਹੀਂ ਮਿਲਿਆ। ੮੦ ਸਾਲ ਦੀ ਉਮਰ ਦੇ ਲਾਲੇ ਦੀ ਕਦਰ ਤਾਂ ਹੈ ਤੇ ਫੈਸਲਾ ਹੋ ਸਕਦਾ ਪਰ ਸਿੱਖਾਂ ਦੇ ਇਸ਼ਟ ਨੂੰ ਲੱਗੀ ਹੋਈ ਅੱਗ, ਉਹਦਾ ਫੈਸਲਾ ਤਾਂ ਕੀ ਉਹਦੀ ਇਨਕੁਆਰੀ ਹੁਣ ਤੱਕ ਆਰੰਭ ਨਹੀਂ ਹੋਈ ਖ਼ਾਲਸਾ ਜੀ। ਇਹ ਤੁਸੀਂ ਦੱਸੋ ਕਿ ਇਸ ਗੌਰਮੈਂਟ ਦੇ ਮਨ ਵਿੱਚ ਕਿਹਦਾ ਪਿਆਰ ਆ, ਕਿਹਦਾ ਦਰਦ ਆ ? ਇਹਦੇ ਬਾਰੇ ਕਦੇ ਖ਼ਿਆਲ ਕੀਤਾ ਆਪਾਂ ? ਏਕਤਾ ਦਾ ਸਬੂਤ ਦਿੱਤਾ, ਜਿੱਦੇਂ ੭ ਹਿੰਦੂ ਮਰੇ ਬੱਸ ਵਿੱਚ। ਪ੍ਰਧਾਨ ਸਾਹਿਬ ਨੇ ਪੰਜਾਬ ਬੰਦ 'ਚ ਸ਼ਾਮਲ ਹੋਣ ਦਾ ਹੁੰਗਾਰਾ ਦੇ ਦਿੱਤਾ। ਬਾਕੀ ਪਾਰਟੀਆਂ ਵੀ ਸ਼ਾਮਲ ਹੋਈਆਂ। ਜਿਤਨੇ ਆਪਾਂ ਸਿੱਖ ਬੈਠੇ ਆਂ, ਆਪਾਂ ਵੀ ਹਮਦਰਦੀ ਪ੍ਰਗਟਾਈ, ਆਪਣੇ ਪ੍ਰਧਾਨ ਨੇ ਵੀ ਪ੍ਰਗਟਾਈ। ਡੇਢ ਸੌ ਸਿੱਖ ਸ਼ਹੀਦ ਹੋ ਗਿਆ, ਕੀ ਹਿੰਦੁਸਤਾਨ ਦੇ ੬੮ ਕਰੋੜ ਹਿੰਦੂਆਂ ਵਿੱਚੋਂ ਇੱਕ ਨੇ ਵੀ ਹਉਕਾ ਭਰਿਆ ? ਕੋਈ ਬਾਂਹ ਖੜ੍ਹੀ ਕਰ ਕੇ ਕਹਿ ਦਿਉ, ਇੱਕ ਹਿੰਦੂ ਨੇ ਵੀ ? ੨ ਹਿੰਦੂ ਸ਼ਹੀਦ ਹੋ ਗਏ, ਇੱਕ ਮਲੇਰ ਕੋਟਲੇ 'ਚ, ਇੱਕ ਪਟਿਆਲੇ। ਪ੍ਰਧਾਨ ਜੀ ਇਥੇ ਬੈਠੇ ਆ, ਸ਼ਾਇਦ ਦੱਸਣਗੇ ਬੋਲਣ ਵੇਲੇ। ੧੦ ਹਜ਼ਾਰ ਰੁਪਇਆ ਕਮੇਟੀ ਤੇ ਅਕਾਲੀ ਦਲ ਨੇ ਉਹਨਾਂ ਸ਼ਹੀਦਾਂ ਸਾਰਿਆਂ ਨੂੰ ਦਿੱਤਾ, ੫-੫ ਹਜ਼ਾਰ ਜਥੇ ਨੇ ਆਪਣੇ ਵੱਲੋਂ ਦਿੱਤਾ। ਆਪਣਾ ਡੇਢ ਸੌ ਸਿੰਘ ਸ਼ਹੀਦ ਹੋਇਆ ਹੈ, ਕੀ ਹਿੰਦੁਸਤਾਨ ਦੇ ੬੮ ਕਰੋੜ ਵਿੱਚੋਂ ਇੱਕ ਨਵੀਂ ਪੈਂਜੀ ਤੁਹਾਨੂੰ ਕਿਸੇ ਸਿੱਖ ਸ਼ਹੀਦਾਂ ਦੇ ਪਰਿਵਾਰ ਨੂੰ ਦਿੱਤੀ ਕਿਸੇ ਨੇ ? ਇਹ ਨਹੀਂ ਕਿ ਆਪਾਂ ਮੰਗਤੇ ਆਂ। ਇਹਦਾ ਅਰਥ ਇਹ ਨਾ ਕੱਢ ਲਿਉ ਭਈ ਮੈਂ ਮੰਗਦਾਂ। ਇਹ ਇਸ ਵਾਸਤੇ ਕਹਿ ਰਿਹਾਂ ਕਿ ਉਹਨਾਂ ਦੀ ਰੁਚੀ ਕੀ ਆ ਤੇ ਆਪਣੀ ਕੀ ਆ ?

ਸਰਕਾਰੀ ਵਿਤਕਰਾ

੨ ਬੁੱਚੜ ਮਾਰੇ ਗਏ, ਇੱਕ ਮੱਖਣ ਸਿੰਘ ਤੇ ਇੱਕ ਪਰਮਾਨੰਦ। ਮੱਖਣ ਸਿੰਘ ਨੇ ੧੨ (ਬੰਦੇ) ਪਹਿਲਾਂ ਮਾਰੇ ਸੀ ਤੇ ਤੇਰ੍ਹਵਾਂ ਕੁਲਵੰਤ ਸਿੰਘ ਨਾਗੋਕਿਆਂ ਵਾਲਾ ਮਾਰਿਆ ਸੀ। ਐਫ. ਆਈ. ਆਰ ਵਿੱਚ ਉਹਨੇ ਆਪਣਾ ਨਾਂਅ ਦਰਜ ਵੀ ਕਰਵਾਇਆ ਸੀ ਕਿ ਮੈਂ ਮਾਰਿਆ। ਸਿੱਖਾਂ ਵਾਸਤੇ ਦੋਵੇਂ ਹੀ ਕਮੀਨੇ ਸੀ, ਪਰ ਖ਼ਾਲਸਾ ਜੀ ਇਸ ਗੌਰਮੈਂਟ ਦੇ ਮਨ ਵਿੱਚ ਕੀ ਆ ? ਮੱਖਣ ਸਿੰਘ ਦੇ ਨਾਂਅ ਨਾਲ 'ਸਿੰਘ' ਅੱਖਰ ਲੱਗਦਾ ਤੇ ਸਿਰ 'ਤੇ ਜੂੜਾ ਸੀ, ਉਹ ੩ ਦਿਨ ਪਹਿਲਾਂ ਮਾਰਿਆ, ਉਹਦੀ ਇੱਕ ਧੋਲੇ ਦੀ ਵੀ ਸਹਾਇਤਾ ਨਹੀਂ ਤੇ ਪਰਮਾਨੰਦ ੩ ਦਿਨ ਪਿੱਛੋਂ ਮਰਿਆ, ਉਹਨੂੰ ੭੫ ਹਜ਼ਾਰ ਰੁਪਇਆ ਦਿੱਤਾ ਗੌਰਮੈਂਟ ਨੇ। ਬੰਦੇ ਦੋਵੇਂ ਗੌਰਮੈਂਟ ਦੇ ਸੀ ਪਰ ਉਹ ਸਿੱਖਾਂ ਦੇ ਘਰੇ ਜੰਮਿਆਂ, ਉਹ ਪੰਡਿਤਾਂ ਦੇ ਜੰਮਿਆਂ, ਦੱਸੋ ਵਿਤਕਰਾ ਕੌਣ ਕਰਦਾ ?

ਐਮਰਜੈਂਸੀ ਦਾ ਮੋਰਚਾ

ਐਮਰਜੈਂਸੀ ਲੱਗੀ, ਪ੍ਰਧਾਨ ਜੀ ਬੈਠੇ (ਨੇ) ਉਦੋਂ ਵੀ ਡਿਕਟੇਟਰ ਇਹ ਹੀ ਸਨ, ਸੰਤ ਜੀ। ਆਪਾਂ ੨ ਕਰੋੜ ਦੀ ਗਿਣਤੀ ਵਾਲਿਆਂ ਨੇ ੪੦ ਹਜ਼ਾਰ ਨੇ ਗ੍ਰਿਫ਼ਤਾਰੀ ਦਿੱਤੀ ਆ, ੬੮ ਕਰੋੜ

ਨੂੰ ਬੰਦ ਖ਼ਲਾਸੀ ਕਰਨ ਵਾਸਤੇ, ਕਰਵਾਉਣ ਵਾਸਤੇ ਤੇ ਹੁਣ ਮੋਰਚਾ ਚੱਲਦਾ ਸਮੁੱਚੇ ਤੌਰ 'ਤੇ ਪੰਜਾਬੀਆਂ ਵਾਸਤੇ। ਕੀ ੬੮ ਕਰੋੜ ਦੀ ਗਿਣਤੀ ਵਾਲਿਆਂ ਵਿੱਚੋਂ ੪੦ ਸੌ ਨੇ ਵੀ ਗ੍ਰਿਫ਼ਤਾਰੀ ਦਿੱਤੀ ਆ ? ੬੮ ਕਰੋੜ 'ਚੋਂ ੪੦ ਸੌ ਨਹੀਂ, ੨ ਕਰੋੜ 'ਚੋਂ ੪੦ ਹਜ਼ਾਰ, ਇਹ ਏਕਤਾ ਕਿਹੜੇ ਢੰਗ ਨਾਲ ਹੈ ? ਫਿਰ ਤੁਸੀਂ ਜਿੰਨਾ ਮਰਜ਼ੀ ਕਹੀ ਜਾਵੋ ਸਾਰੇ, ਮੈਂ ਵੀ ਕਹੀ ਜਾਨਾ, ਸੰਤ ਵੀ ਬੋਲਦੇ, ਲੀਡਰ ਬਾਕੀ ਵੀ ਬੋਲੀ ਜਾਂਦੇ ਆ, ਕਦੇ ਉਹਨਾਂ ਨੇ ਵੀ ਕਿਹਾ ਤੁਹਾਡੀ ਏਕਤਾ ਨਾਲ ਅਸੀਂ ਸਹਿਮਤ ਹਾਂ। ਠੀਕ ਆ ਸਿੱਖ ਵਾਧਾ ਨਹੀਂ ਕਰਦਾ ਪਰ ਸਿੱਖ ਨੂੰ ਇਹ ਕਿੱਥੇ ਲਿਖ ਕੇ ਦਿੱਤਾ ਭਈ ਹਰ ਵੇਲੇ ਕੁੱਟ ਖਾਈ ਚੱਲੋ।

ਸਿੱਖਾਂ ਦੀਆਂ ਧੀਆਂ ਨੰਗੀਆਂ ਕੀਤੀਆਂ, ਭੈਣਾਂ ਦੀ ਬੇਇਜ਼ਤੀ ਕੀਤੀ, ਘਰ ਲੁੱਟੇ ਗਏ। ਸੀਤਲ ਸਿੰਘ ਦੇ ਮੂੰਹ ਵਿੱਚ ਵਿਸ਼ਟਾ ਪਾਇਆ ਗਿਆ। ਸਟੇਨਗੰਨ ਗੁਆਚੀ ਹਿੰਦੂ ਦੀ, ਕੁੱਟ ਕੇ ਮਾਰ ਦਿੱਤਾ ਸਿੱਖ। ਸਟੇਨ ਗੰਨ ਤੇ ਮਿਲ ਗਈ, ਕੀ ਬੀਬੀ ਇੰਦਰਾ ਸੀਤਲ ਸਿੰਘ ਆਪਾਂ ਨੂੰ ਹੁਣ ਦੇ ਦੇਵੇਗੀ ? ਬੈਰਲਾਂ ਗਵਾਚ ਗਈਆਂ ਦੋ ਮੇਰਠ ਵਿੱਚ, ਉਹ ਲੱਭੀਆਂ ਹਿੰਦੂ ਦੀ ਬੈਰਕ ਵਿੱਚੋਂ, ਕੁੱਟ ਕੇ ਮਾਰ ਦਿੱਤਾ ਪਿਆਰਾ ਸਿੰਘ ਫਿਰੋਜ਼ਪੁਰ ਜਿਲ੍ਹੇ ਦਾ, ਉਹ ਬੈਰਲਾਂ 'ਤੇ ਲੱਭ ਗਈਆਂ, ਪਿਆਰਾ ਸਿੰਘ ਦੇ ਦੇਵੇ ਇੰਦਰਾ ਜਿੱਥੋਂ ਦਿੰਦੀ ਆ ?

ਉਹ ਇਸ ਕਰਕੇ ਧਿਆਨ ਦਿਉ ਤੇ ਆਪ ਦੀ ਈਰਖਾ ਵਿੱਚ ਆ ਕੇ ਘਰੀਂ ਬੈਠਣ ਦੀ ਕੋਸ਼ਿਸ਼ ਨਾ ਕਰਿਉ। ਇਹ ਮਤਾ ਖ਼ਿਆਲ ਕਰਿਉ, ਭਈ ਮੋਰਚੇ 'ਚ ਘੱਟ ਸਿੰਘ ਗਏ ਤੇ ਆਪੇ ਲੌਂਗੋਵਾਲ ਦੀ ਬੇ-ਇਜ਼ਤੀ ਹੋਵੇਗੀ ਜਾਂ ਭਿੰਡਰਾਂਵਾਲੇ ਦੀ ਹੋਵੇਗੀ। ਤਾਨੇ ਸਾਨੂੰ ਸਾਰਿਆਂ ਦੇ ਪੈਣਗੇ। ਆ ਬੋਕਰ ਹੁੰਦੀ ਆ ਨਾ, ਜਿਹਨੂੰ ਮਾਂਜਾ ਕਹਿੰਦੇ ਨੇ, ਝਾੜੂ ਵੀ ਕਹਿੰਦੇ ਆ। ਉਹਨੂੰ ਰੱਸੀ 'ਚ ਬੰਨ ਦੇਈਏ ਤੇ ਨੌਜੁਆਨ ਤੋਂ ਵੀ ਨਹੀਂ ਤੋੜੀ ਦਾ ਉਹ ਤੇ ਜੇ ਇੱਕ ਇੱਕ ਤੀਲਾ ਦੇ ਦੇਈਏ ਤੇ ੩ ਸਾਲ ਦਾ ਮੁੰਡਾ ਵੀ ਚੂਰਾ ਚੂਰਾ ਕਰ ਦਿੰਦਾ। ਇਹ ਹੁਣ ਆਪਾਂ ਵੇਖ ਲਉ, ਇੱਕ ਮੁੱਠ ਰਹਿ ਕੇ, ਇਹ ਘੁਸੰਨ ਬਣਾ ਕੇ ਚੱਲਣਾ ਜਾਂ ਪੰਜਾ ਚਪੇੜ ਬਣਾ ਕੇ ਚੱਲਣਾ। ਪੀੜ ਜਿਹੜੀ ਚੀਜ਼ ਦੀ ਜ਼ਿਆਦਾ ਲੱਗਦੀ ਆ ਉਹ ਬਣਾ ਲਉ। ਏਕਤਾ ਦਾ ਸਬੂਤ ਆਪਾਂ ਅੱਗੇ ਵੀ ਦਿੱਤਾ ਸੰਗਤ ਨੇ ਤੇ ਆਉਣ ਵਾਲੇ ਸਮੇਂ ਵਿੱਚ ਵੀ ਇਹ ਨਾ ਉਪਰਾਮ ਹੋਵੋ ਕਿ ਮੋਰਚਾ ਢਿੱਲਾ ਹੋ ਗਿਆ, ਮੋਰਚਾ ਮੁਲਤਵੀ ਹੋਣ ਲੱਗਾ। ਸੰਤਾਂ ਨੇ ਬਹੁਤ ਸੋਹਣਾ ਪਰਸੋਂ ਚੌਥੇ ਇੱਕ ਸ਼ਬਦ ਵਰਤਿਆ ਸੀ। ਕਹਿਣ ਲੱਗੇ ਸੀ ਕਿ ਮੋਰਚਾ ਮੁਲਤਵੀ ਕਰਨ ਵਾਲਿਆਂ ਨੂੰ ਬੇਨਤੀ ਕਰਾਂਗੇ ਕਿ ਉਹ ਬਾਣੀ ਪੜ੍ਹਿਆ ਕਰਨ, ਉਹਨਾਂ ਦਾ ਇਰਾਦਾ ਦ੍ਰਿੜ੍ਹ ਹੋ ਜਾਵੇ, ਹੁਣ ਜਾਂ ਸਿਰ ਲੱਗੂਗਾ ਜਾਂ ਕੁਝ ਮਿਲੂਗਾ, ਮੋਰਚਾ ਮੁਲਤਵੀ ਹੋਣ ਦੀ ਝਾਕ ਮੁਕਾ ਦਿਉ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸਿੱਖਾਂ ਦੇ ਸ਼ਸ਼ਤਰਾਂ 'ਤੇ ਇੰਦਰਾ ਨੂੰ ਇਤਰਾਜ਼

ਸੋ ਸੰਗਤ ਦੇ ਚਰਨਾਂ ਵਿੱਚ ਬੜੀ ਨਿਮਰਤਾ ਸਹਿਤ ਬੇਨਤੀ ਆ। ਜੇ ਭਾਈ ਜੱਸਾ ਸਿੰਘ ਗੁਰਮੁਖ ਪਿਆਰੇ ਸੂਰਬੀਰ ਯੋਧੇ ਦੀ ਆਪਾਂ ਯਾਦ ਮਨਾ ਰਹੇ ਹਾਂ ਤੇ ਇਹਦਾ ਮਤਲਬ ਇਹ ਨਹੀਂ ਕਿ ਨਿਗ੍ਹਾ ਪਰਾਤ ਵੱਲ ਹੋਵੇ ਕਿ ਕਦੋਂ ਕੁਣਕਾ ਵਰਤੇ ਤੇ ਲੈ ਕੇ ਚੱਲੀਏ। ਇਥੋਂ ਕੁਝ ਆਪਾਂ ਨੂੰ ਲੈ ਕੇ ਜਾਣਾ ਚਾਹੀਦਾ। ਸ਼ਸਤਰਧਾਰੀ ਹੋਣਾ, ਤਿਆਰ ਬਰ ਤਿਆਰ ਰਹਿਣਾ। ਅਖ਼ਬਾਰਾਂ

ਵਾਲਿਆਂ ਨੇ ਖ਼ਬਰ ਦੁਬਾਰਾ ਵੀ ਨਹੀਂ ਦਿੱਤੀ, ਪਤਾ ਨਹੀਂ ਕੀ ਕਾਰਨ ਆ ? ਇੰਦਰਾ ਨੇ ਇੱਕ ਗੱਲ ਕਹੀ ਆ। ਅਖੇ ਜੀ ਸਿੱਖ ਹਥਿਆਰ ਲੈ ਕੇ ਵਿਚਰਦੇ ਕਿਉਂ ਆਂ ? ਉਹਨੂੰ ਪੁੱਛ ਲਿਉ ਤੁਸੀਂ ਵੀ, ਮੈਨੂੰ ਤੇ ਦੱਸਦੀ ਨਹੀਂ, ਪਤਾ ਨਹੀਂ ਕੀ ਗੱਲ ਆ, ਤੁਹਾਨੂੰ ਸ਼ਾਇਦ ਦੱਸ ਦੇਵੇ। ਇੰਦਰਾ ਅਸੀਂ ਨਾ ਤੇਰੇ ਸਿੱਖ ਆਂ ਤੇ ਨਾ ਤੇਰੇ ਪਿਉ ਨਹਿਰੂ ਦੇ ਆਂ। ਅਸੀਂ ਸਿੱਖ ਹਾਂ ਗੁਰੂ ਹਰਿਗੋਬਿੰਦ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਸੱਚੇ ਪਾਤਿਸ਼ਾਹ ਜੀ ਦੇ। ਉਹਦੇ ਸਿੱਖ ਹਾਂ ਤੇ ਜਿਹਨਾਂ ਵਡੇਰਿਆਂ ਦੀ ਯਾਦ ਵਿੱਚ ਅਸੀਂ ਬੈਠੇ ਹਾਂ, ਪਹਿਲਾਂ ਉਹਨਾਂ ਦਾ ਪਿਛੋਕੜ ਪੜ੍ਹ ਲੈ, ਭਈ ਉਹ ਕੌਣ ਸੀ ? ਹੁਣ ਤੇਰੇ ਆਖੇ ਲੱਗੀਏ ਕਿ ਅਸੀਂ ਆਪਦੇ ਗੁਰੂ ਦੇ ਲੱਗੀਏ। ਸਾਡੇ ਪਿਤਾ ਦਾ ਹੁਕਮ ਆਂ ਸ਼ਸ਼ਤਰਾਂ ਬਿਨਾਂ ਮੈਂ ਦਰਸ਼ਨ ਨਹੀਂ ਦੇਣੇ, ਜਿਹੜਾ ਮੇਰੇ ਕੋਲ ਆਊਗਾ। ਜਿਹਨੇ ਮੇਰੇ ਦਰਸ਼ਨ ਕਰਨੇ ਸ਼ਸ਼ਤਰਧਾਰੀ ਹੋ ਕੇ ਆਇਉ, ਜਿਹਨੇ ਮੇਰੇ ਦਰਸ਼ਨ ਨਹੀਂ ਕਰਨੇ ਉਹਦੀ ਮਰਜ਼ੀ। ਆਪਣਾ ਰਹਿਬਰ ਕਹਿ ਰਿਹਾ ਸ਼ਸ਼ਤਰਾਂ ਸਮੇਤ ਆਉ (ਤੇ) ਉਹਨਾਂ ਦਾ ਪੈਰੋਕਾਰ ਕਹਿ ਰਿਹਾ ਰਹਿਬਰ ਨੂੰ ਸ਼ਸ਼ਤਰ ਧਾਰ ਕੇ ਆ। ਇਹ ਮਨਘੜਤ ਗੱਲ ਨਹੀਂ, ਪੜ੍ਹ ਲਉ ਤੁਲਸੀ ਰਮਾਇਣ। ਤੁਲਸੀ ਜੀ ਨੇ ਅਰਾਧਣਾ ਕੀਤੀ, ਰਾਮ ਚੰਦਰ ਜੀ ਪ੍ਰਗਟ ਹੋ ਗਏ ਤੇ ਮੱਥਾ ਨਹੀਂ ਟੇਕਿਆ ਤੁਲਸੀ ਜੀ ਨੇ ਤੇ ਪੁੱਛਦੇ ਭਗਵਾਨ ਜੀ, ਮੱਥਾ ਨਹੀਂ ਟੇਕਦਾ, ਗੁੱਸੇ ਹੋ ਗਿਆਂ ? ਕਹਿੰਦਾ ਜੀ ਮੱਥਾ ਕਿਹਨੂੰ ਟੇਕਾਂ, ਤੁਸੀਂ ਉਹ ਹੈ ਹੀ ਨਹੀਂ। ਰਾਮ ਚੰਦਰ ਜੀ ਕਹਿਣ ਲੱਗੇ, ਮੈਂ ਉਹੋ ਹੀ ਹਾਂ, ਮੱਥਾ ਟੇਕ ਲੈ, ਕਹਿੰਦਾ ਇਵੇਂ ਨਹੀਂ ਗੱਲ ਬਣਦੀ। ਤੇਰੇ ਜੂੜਾ ਠੀਕ ਸੁੰਦਰ ਹੈਗਾ, ਦਾਹੜਾ ਕੁਦਰਤ ਨੇ ਤੈਨੂੰ ਨਹੀਂ ਦਿੱਤਾ। ਕ੍ਰਿਸ਼ਨ ਜੀ ਤੇ ਰਾਮ ਚੰਦਰ ਦੇ ਦਾਹੜਾ ਨਹੀਂ ਆਇਆ, ਬਾਕੀ ਸਾਰੇ ਅਵਤਾਰਾਂ ਦੇ ਆਏ ਆ। ਨਾ ਤੇਰੇ ਕੋਲ ਧਨੁਸ਼ ਆ, ਨਾ ਤੇਰੇ ਕੋਲ ਤੀਰ ਆ, ਤੈਨੂੰ ਮੱਥਾ ਕਿਵੇਂ ਟੇਕ ਲਵਾਂ ? ਤੁਲਸੀ ਜੀ ਨੇ ਕਿਹਾ, ਜੇ ਮੱਥਾ ਟਿਕਾਉਣਾ ਤਾਂ

'ਤੁਲਸੀ ਮਸਤਕ ਤਉ ਟਿਕੈ, ਧਨੁਸ਼ ਬਾਣ ਹੋਏ ਹਾਥ ॥'

ਤੁਲਸੀ ਜੀ ਕਹਿੰਦੇ ਮੇਰਾ ਮੱਥਾ ਤੈਨੂੰ ਤਾਂ ਟਿਕੂ ਜੇ ਧਨੁਸ਼ ਤੇ ਤੀਰ ਤੇਰੇ ਕੋਲ ਹੋਣ। ਨਿਗ੍ਹਾ ਮਾਰ ਲਉ ਕਿੰਨਾ ਕੰਮ ਉਲਟਾ। ਪੈਰੋਕਾਰ ਰਹਿਬਰ ਨੂੰ ਕਹਿੰਦਾ ਤੇ ਇਧਰ ਰਹਿਬਰ ਪੈਰੋਕਾਰ ਨੂੰ ਕਹਿੰਦਾ (ਕਿ) ਸ਼ਸ਼ਤਰ ਧਾਰ ਕੇ ਆ। ਸ਼ਸ਼ਤਰਾਂ ਤੋਂ ਬਿਨਾਂ ਤੂੰ ਭੇਡੂ ਵਰਗਾ, ਭੇਡ ਵਰਗਾ :

ਬਿਨਾ ਸਸਤਰੰ ਕੇਸੰ ਨਰੰ ਭੇਡ ਜਾਨੋ ॥
ਗਹੇ ਕਾਨ ਤਾ ਕਉ ਕਿਤੇ ਨ ਸਧਾਨੋ ॥
ਇਹੀ ਮੋਰ ਆਗਯਾ ਸੁਨੋ ਹੇ ਪਿਆਰੇ ॥
ਬਿਨਾ ਸ਼ਸਤਰ ਕੇਸੰ ਨ ਦਿਉ ਦਿਦਾਰੇ ॥

.....

ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰ ਤੀਰ ॥
ਸੈਫ ਸਰੋਹੀ ਸੈਹਥੀ ਯਹੀ ਹਮਾਰੇ ਪੀਰ ॥

ਉਹਨਾਂ ਦੇ ਸਪੁੱਤਰਾਂ ਨੂੰ, ਉਹਨਾਂ ਦੇ ਪੈਰੋਕਾਰਾਂ ਨੂੰ ਅੱਜ ਉਠ ਕੇ ਪ੍ਰਧਾਨ ਮੰਤਰੀ ਬਣ ਕੇ ਕਹਿੰਦੀ ਆ ਕਿ ਸ਼ਸ਼ਤਰ ਨਹੀਂ ਲੈ ਕੇ ਫਿਰਨਾ ਚਾਹੀਦਾ ਤੇ ਜਿਹਨਾਂ ਦਾ ਤੱਕੜੀ ਤੋਲਣ ਦਾ ਕੰਮ ਆਂ ਤੇ ਜਨੇਊ ਗਲ਼ 'ਚ ਪਾ ਕੇ ਤੇ ਕੇਵਲ ਕੁੰਜੀ ਬੰਨਣ ਦਾ ਕੰਮ ਆਂ। ਅੱਜ ਉਹਨਾਂ ਦੇ ਲੋਕ ੨੩੦ ਗਰਨੇਡ ਰੱਖ ਰਿਹਾ, ਪਵਨ ਕੁਮਾਰ ੨੩੦। ਹਿੰਦੂ ਸੁਰੱਖਸ਼ਾ ਸੰਮਤੀ

ਪਟਿਆਲੇ ਦਾ ਪ੍ਰਧਾਨ ਪਵਨ ਕੁਮਾਰ। ਉਹਦੇ ਕੋਲੋਂ ੨੩੦ ਗਰਨੇਡ ਨਿਕਲੇ ਆ ਤੇ ਬਰੀ ਵੀ ਕਰ ਦਿੱਤਾ, ਕੋਈ ਕੁੱਟ ਮਾਰ ਨਹੀਂ। ਇੰਟੈਰੋਗੇਸ਼ਨ ਨਹੀਂ ਤੇ ਜੇ ਸਿੱਖ ਦੇ ਪੁੱਤਰ ਕੋਲ ਖਾਲੀ ਕਾਰਤੂਸ ਵੀ ਕੋਈ ਨਹੀਂ ਫੜਿਆ ਤੇ ਪੁੱਠਾ ਲਮਕਾ ਦਿੱਤਾ ਤੇ ਸੀਖਾਂ ਲੰਘਾ ਲੰਘਾ ਪੇਟ ਵਿੱਚ ਦੀ ਮਾਰ ਦਿੱਤਾ। ਕੀ ਗਰਨੇਡ ਦਾ ਲਾਇਸੈਂਸ ਬਣਦਾ ? ਤੁਸੀਂ ਸੋਚ ਲਉ ਖ਼ਾਲਸਾ ਜੀ। ਜੇ ਪਵਨ ਕੁਮਾਰ ੨੩੦ ਰੱਖ ਸਕਦਾ ਤੇ ਮੈਂ ਬੇਨਤੀ ਕਰਾਂਗਾ ਤੇ ਐਲਾਨ ਵੀ ਕਰਾਂਗਾ ਤੁਹਾਨੂੰ ਡਰੋ ਨਾ ਕੋਈ ਲੋੜ ਨਹੀਂ ਲਾਇਸੈਂਸਾਂ ਲਾਇਸੂੰਸਾਂ ਦੀ। ਜੇ ਅਨੰਦਪੁਰ ਦਾ ਮਤਾ ਲੈਣਾ ਤੇ ਮਤੇ ਦੀ ਕਾਪੀ ਪ੍ਰਧਾਨ ਜੀ ਬੈਠੇ ਨੇ, ਹੁਕਮ ਕਰ ਦੇਣਗੇ ਆਪਣੇ ਸੇਵਕਾਂ ਨੂੰ। ਉਹਨਾਂ ਤੋਂ ਕਾਪੀ ਲਉ ਅਨੰਦਪੁਰ ਦੇ ਮਤੇ ਦੀ। ਇੱਕ ਰੱਖੋ ਖੀਸੇ 'ਚ ਤੇ ਹਥਿਆਰ ਰੱਖੋ ਗਾਤਰੇ, ਜਿਹੜਾ ਪੁਲੀਸ ਕਰਮਚਾਰੀ ਕਹਿੰਦਾ ਖ਼ਾਲਸਾ ਜੀ ਲਾਇਸੈਂਸ ਕਿੱਥੇ ਆ ? ਉਹਨੂੰ ਕਹੋ ਜੀ ਆਹ ਅਨੰਦਪੁਰ ਦਾ ਮਤਾ। ਉਹ ਪੁੱਛੂਗਾ ਇਥੇ ਕਿੱਥੇ ਲਿਖਿਆ, ਛੇਵਾਂ ਪਹਿਰਾ ਵਿਖਾ ਦਿਉ। ਛੇਵੇਂ ਪਹਿਰੇ 'ਚ ਲਿਖਿਆ, .੧੨ ਬੋਰ ਪਸਤੌਲ ਤੋਂ ਲੈ ਕੇ ਕਾਰਬਾਈਨ ਤੱਕ ਕਿਸੇ ਲਾਇਸੈਂਸ ਦੀ ਲੋੜ ਨਹੀਂ। ਉਹਨੂੰ ਕਹੋ ਜੀ ਅਕਾਲੀ ਦਲ ਦਾ ਅਨੰਦਪੁਰ ਦਾ ਮਤਾ ਤੇ ਅਸੀਂ ਹਾਂ ਪੰਥ ਦੇ ਸੇਵਾਦਾਰ, ਅਕਾਲੀ ਦਲ ਦੇ ਨਾਲ ਹਾਂ ਤੇ ਅੱਠਾਂ ਕਿ ਨੌਆਂ, ਖੋਰੀ ਦਸਾਂ ਮੈਂਬਰਾਂ ਦੇ ਨਾਂਅ ਵੀ ਲਿਖੇ ਆ। ਇਹ ਪੜ੍ਹਾ ਦਿਉ, ਕਹੁ ਜੀ ਇਹਨਾਂ ਲੀਡਰਾਂ ਨੇ ਪਾਸ ਕੀਤਾ। ਪਹਿਲਾਂ ਉਹਨਾਂ ਨੂੰ ਪੁੱਛੋ ਜਾ ਕੇ ਤੇ ਫਿਰ ਰਿਵਾਲਵਰ ਦੇਵਾਂਗੇ ਤੇ ਜੇ ਕਹਿਣ ਉਹਨਾਂ ਤੋਂ ਤੇ ਅਸੀਂ ਪੁੱਛਣਾ ਨਹੀਂ, ਤੁਹਾਥੋਂ ਖੋਹਣਾ ਤੇ ਫਿਰ ਤਿੰਨ ਵੱਖੀ ਵਿੱਚ ਦੀ ਕੱਢ ਦਿਉ, ਆਪ ਅਗਾਂਹ ਹੋ ਜਾਇਉ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਆਪਾਂ ਸਿੱਖ ਗੁਰੂ ਦੇ ਹਾਂ।

ਸ਼ਸ਼ਤਰ ਰੱਖ ਕੇ ਡਾਕੇ ਮਾਰਨੇ, ਇਜ਼ਤ ਲੁੱਟਣੀ ਅਤੇ ਹੱਕ ਨਾ ਲੈਣਾ ਪਾਪ

ਇੱਕ ਬੇਨਤੀ ਕਰੂੰਗਾ, ਹਥਿਆਰ ਕੋਲ ਰੱਖ ਕੇ ਦੁਕਾਨ ਲੁੱਟਣੀ। ਆਹ ਮੇਰੇ ਨਾਂਅ 'ਤੇ ਬੜਾ ਸਿਆਪਾ ਸ਼ੁਰੂ ਕੀਤਾ ਕਈਆਂ ਨੇ। ਦੁਕਾਨ ਲੁੱਟਣੀ, ਘਰ ਕਿਸੇ ਦਾ ਲੁੱਟਣਾ, ਕਿਸੇ ਮਾਸੂਮ ਨੂੰ ਮਾਰਨਾ, ਕਿਸੇ ਧੀ ਭੈਣ ਦੀ ਇੱਜ਼ਤ ਲੁੱਟਣੀ, ਇਹਦੇ ਖ਼ਾਲਸਾ ਜੀ ਮੈਂ ਸਖ਼ਤ ਵਿਰੁੱਧ ਆਂ। ਕਿਤਨਾ ਕਿਸੇ ਨਾਲ ਲੜ ਪਈਏ, ਭਾਵੇਂ ਨਰਕਧਾਰੀਆਂ ਦੀ ਧੀ ਭੈਣ ਹੋਵੇ, ਭਾਵੇਂ ਰਾਧਾ ਸੁਆਮੀਆਂ ਦੀ ਹੋਵੇ ਤੇ ਕਿਤੇ ਐਸਾ ਸਮਾਂ ਭਿਆਨਕ ਆ ਜਾਵੇ, ਇਹਨਾਂ ਲੋਕਾਂ ਦੀਆਂ ਧੀਆਂ ਭੈਣਾਂ ਆਪਣੇ ਘਰੇ ਆ ਜਾਣ, ਆਪਾਂ ਆਪਣੀਆਂ ਭੈਣਾਂ ਬਣਾ ਕੇ ਰੱਖਣੀਆਂ, ਇੱਜ਼ਤ ਨਹੀਂ ਕਿਸੇ ਦੀ ਲੁੱਟਣੀ, ਇਹ ਜੀਵਨ ਰੱਖਣਾ। ਸੋ ਹਥਿਆਰਾਂ ਦੇ ਸੰਬੰਧ ਵਿੱਚ ਇਹ ਵੀ ਬੇਨਤੀ ਆ ਸ਼ਸ਼ਤਰਧਾਰੀ ਹੋਵੋ। ਹਥਿਆਰ ਰੱਖ ਕੇ ਨਿਹੱਥੇ ਨੂੰ ਮਾਰਨਾ, ਨਿਰਦੋਸ਼ੇ ਨੂੰ ਮਾਰਨਾ, ਦੁਕਾਨ ਲੁੱਟਣੀ, ਮਸੂਮ ਦਾ ਗਲ ਘੁੱਟਣਾ, ਧੀ ਭੈਣ ਦੀ ਇੱਜ਼ਤ ਤੱਕਣੀ, ਇਦੋਂ ਵੱਡਾ ਪਾਪ ਨਹੀਂ ਸਿੱਖ ਵਾਸਤੇ ਤੇ ਸ਼ਸ਼ਤਰਧਾਰੀ ਹੋ ਕੇ ਹੱਕ ਨਾ ਲੈਣਾ, ਇਦੋਂ ਵੱਡਾ ਵੀ ਪਾਪ ਕੋਈ ਨਹੀਂ। ਨਾ ਤਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜਹਾਂਗੀਰ ਤੋਂ ਕੋਈ ਲਾਇਸੈਂਸ ਲਿਆ ਸੀ ਤੇ ਨਾ ਗੁਰੂ ਦਸਵੇਂ ਪਾਤਿਸ਼ਾਹ ਜੀ ਨੇ ਔਰੰਗੇ ਤੋਂ ਕੋਈ ਲਾਇਸੈਂਸ ਲਿਆ

ਸੀ। ਗੁਰੂ ਦੇ ਸਿੱਖ ਹੋਂ ਤੇ ਗੁਰੂ ਦੀ ਆਗਿਆ 'ਤੇ ਚੱਲੋ। ਬਾਹਮਣੀ ਦੇ ਸਿੱਖ ਆਂ ਤੇ ਉਹਦੀ ਆਗਿਆ 'ਤੇ ਚੱਲੋ। ਮੈਂ ਆਪਣੇ ਵੱਲੋਂ ਇਹੀ ਸ਼ਰਧਾਂਜਲੀ ਸਮਝਦਾ ਹਾਂ ਕਿ ਭਾਈ ਜੱਸਾ ਸਿੰਘ ਨੇ ਜ਼ਾਲਮਾਂ ਦੇ ਦੰਦ ਖੱਟੇ ਕਰਨ ਵਾਸਤੇ, ਜਿਸ ਤਰੀਕੇ ਨਾਲ ਸੂਰਬੀਰਤਾ ਤੇ ਸਿਆਣਪ ਨਾਲ ਤੇ ਬਾਣੀ ਪੜ੍ਹ ਕੇ ਜੀਵਨ ਬਤੀਤ ਕੀਤਾ, ਉਹੋ ਜਿਹਾ ਜੀਵਨ ਬਣਾਈਏ, ਇਹ ਸੱਚੀ ਸ਼ਰਧਾਂਜਲੀ ਹੋਵੇਗੀ। ਬੋਲਦਿਆਂ ਕੋਈ ਗ਼ਲਤੀ ਵਾਲਾ ਅੱਖਰ ਵਰਤਿਆ ਗਿਆ ਹੋਵੇ, ਸਾਧ ਸੰਗਤ ਦੇ ਦਰ ਦਾ ਨਿਮਾਣਾ ਸੇਵਕ, ਅਨਪੜ੍ਹ ਤੇ ਅਨਜਾਣ ਜਾਣ ਕੇ ਸਾਰੀ ਸੰਗਤ ਮੁਆਫ਼ੀ ਬਖ਼ਸ਼ਿਉ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੩੬.

(ਗੁਰੂ ਰਾਮ ਦਾਸ ਲੰਗਰ ਅੰਮ੍ਰਿਤਸਰ, ਜਨਵਰੀ ੧੯੮੪)

ਸਤਿਗੁਰੂ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ ਜੀ ਦੀ ਸਾਜ਼ੀ ਨਿਵਾਜ਼ੀ ਗੁਰੂ ਰੂਪ ਗੁਰੂ ਖ਼ਾਲਸਾ ਸਾਧ ਸੰਗਤ ਜੀਉ, ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਖ਼ਾਲਸਾ ਜੀ, ਪਹਿਲੇ ਦਿਨ ਖ਼ਬਰ ਦਿੱਤੀ ਆ ਦਾਸ ਨੇ, ਕਿ ਮੇਰਾ ਪੰਥ ਨਾਲ ਕੋਈ ਵਿਰੋਧ ਨਹੀਂ। ਅੱਜ ਵੀ ਮੈਂ ਕਹਿੰਨਾ, ਮੇਰਾ ਕੋਈ ਵਿਰੋਧ ਨਹੀਂ। ਅੱਗੇ ਵਾਸਤੇ ਵੀ ਪੰਥ ਨਾਲ ਮੇਰਾ ਕੋਈ ਵਿਰੋਧ ਨਹੀਂ। ਅੱਜ ਵੀ ਖ਼ਬਰ ਦੇਨਾ, ਅੱਗੇ ਵੀ ਦਿੱਤੀਆਂ, ਅਗਾਂਹ ਨੂੰ ਵੀ ਦੇਵਾਂਗਾ ਕਿ ਕਿਸੇ ਨਾਲ ਕਿਤਨਾ ਵੀ ਵੱਡੇ ਤੋਂ ਵੱਡਾ ਮਤਭੇਦ ਆ, ਮੋਰਚਾ ਆਪਾਂ ਜ਼ਰੂਰ ਸਫ਼ਲ ਕਰਨਾ। ਮੇਰੀਆਂ ਖ਼ਬਰਾਂ ਇਹ ਆਉਣ ਤੇ ਦੂਜੇ ਪਾਸੇ ਖ਼ਬਰਾਂ ਇਹ ਹੋਣ ਕਿ ਭਿੰਡਰਾਂਵਾਲੇ ਨੇ ਨਾਟਕ ਖੇਡਿਆ। ਤੁਹਾਡੇ ਤੋਂ ਦੱਸੋ ਕਿਹਦੀ ਜ਼ਬਾਨ 'ਚੋਂ ਕੁਝ ਨਿਕਲਿਆ ? ਬਸ ਇੰਨਾ ਕੁ ਈ ਆ ?

ਲਾਲਚੀ, ਧੋਖੇਬਾਜ਼ ਤੇ ਫਰੇਬੀ ਸਿਆਸਤਦਾਨਾਂ ਤੋਂ ਸਾਵਧਾਨ ਰਹਿਣ ਦੀ ਅਪੀਲ

ਮੈਂ ਬੇਨਤੀ ਕਰਾਂਗਾ ਸਾਰਿਆਂ ਨੂੰ ਪੰਥ ਦੇ ਨਾਲ ਰਹਿਣਾ। ਕੇਸਰੀ ਨਿਸ਼ਾਨ ਸਾਹਿਬ ਦਾ ਸਤਿਕਾਰ ਕਾਇਮ ਕਰਨਾ। ਸਤਿਗੁਰੂ ਗਰੰਥ ਸਾਹਿਬ ਦੇ ਲੜ ਲੱਗਣਾ, ਪਰ ਇਹਦੇ ਵਿੱਚ ੩ ਗੱਲਾਂ ਦਿਥੋਂ ਚੇਤੇ ਕਰਕੇ ਜਾਇਉ, ਟੇਪ ਹੁੰਦੀਆਂ ਉਹ ਵੀ ਲੈ ਜਾਇਉ। ਕੇਸਰੀ ਨਿਸ਼ਾਨ ਸਾਹਿਬ ਦਾ ਨਾਂਅ ਲੈ ਕੇ, ਪੰਥ ਦੇ ਨਾਂਅ ਦੀ ਡੁਗਡੁਗੀ ਖੜਕਾ ਕੇ, ਸ੍ਰੀ ਗੁਰੂ ਗਰੰਥ ਸਾਹਿਬ ਦਾ ਵਾਸਤਾ ਪਾ ਕੇ, ਹੁਕਮਨਾਮੇ ਦੀ ਉਲੰਘਣਾ ਕਰਕੇ, ਸ਼ਹੀਦਾਂ ਦਾ ਖ਼ੂਨ ਪੀ ਕੇ, ਨਰਕਧਾਰੀਆਂ ਨੂੰ ਬਾਪੂ ਕਹਿ ਕੇ, ਉਹਨਾਂ ਕੋਲੋਂ ਵੋਟਾਂ ਲੈ ਕੇ, ਕੁਰਸੀ ਨੂੰ ਕਾਇਮ ਰੱਖਣ ਦਾ ਕੋਈ ਪ੍ਰੇਮੀ ਹੋਵੇ, ਉਸ ਤੋਂ ਤੁਸਾਂ ਸਾਵਧਾਨ ਰਹਿਣਾ। ਜੇ ਤਾਂ ਮੈਂ ਆਂ ਤੇ ਮੇਰੇ ਕੋਲ ਦੁਬਾਰਾ ਨਾ ਵੜਿਉ ਇਥੇ ਤੇ ਜੇ ਕੋਈ ਹੋਰ ਆ, ਉਹਦੇ ਬਾਰੇ ਮੈਂ ਨਹੀਂ ਕਹਿਣਾ, ਤੁਸੀਂ ਕੀ ਕਰਨਾ (ਇਹ) ਤੁਸੀਂ ਸੋਚੋ ਕੀ ਕਰਨਾ ? ਜਦੋਂ ਤੁਹਾਡੇ 'ਤੇ ਤਸ਼ੱਦਦ ਹੋਵੇਗਾ, ਉਦੋਂ ਮੈਂ ਸੋਚੂੰਗਾ ਕੀ ਕਰਨਾ ਤੇ ਜੇ ਮੇਰੇ ਬਾਰੇ ਕੁਝ ਹੋ ਗਿਆ, ਮੈਂ ਆਪਣੇ ਬਾਰੇ ਕਹਿਣਾ ਨਹੀਂ, ਮੈਂ ਗੁਰੂ ਦੀ ਦਰਗਾਹ ਵਿੱਚ ਚੱਲਣਾ। ਗੁਰੂ ਦੇ ਸਿਰ ਆ, ਆਪਾਂ

ਨੂੰ ਸਰੀਰ ਬਾਰੇ ਕਿਸੇ ਨੇ ਪ੍ਰੇਰਨਾ ਨਹੀਂ ਦਿੱਤੀ। ਇਹ ਗੁਰੂ ਦੇ ਸਿਰ ਆ। ਕਿਸੇ ਮਜ਼ਲੂਮ ਬਾਰੇ ਤਸ਼ੱਦਦ ਬਰਦਾਸ਼ਤ ਨਹੀਂ ਕੀਤਾ। ਕੋਈ ਨੌਜੁਆਨ, ਕੋਈ ਲੀਡਰ, ਕੋਈ ਸਾਡਾ ਭਰਾ, ਮਾਈ ਭਾਈ, ਇੱਕ ਬੰਦਾ ਦੱਸੋ ਜਿਹਦੀ ਰਿਪੋਰਟ ਮੇਰੇ ਕੋਲੇ ਸਤਾਰਾਂ ਮਹੀਨਿਆਂ ਵਿੱਚ ਆਈ ਹੋਵੇ, ਮੈਨੂੰ ਪੁਲੀਸ ਤੰਗ ਕਰਦੀ, ਮੈਨੂੰ ਫਲਾਣਾ ਬਦਮਾਸ਼ ਤੰਗ ਕਰਦਾ, ਉਹਦੇ ਘਰ ਦੀ ਸਾਰ ਨਾ ਲਈ ਹੋਵੇ, ਸੰਭਾਲ ਨਾ ਕੀਤੀ ਹੋਵੇ, ਮੈਂ ਗੁਰੂ ਕਾ ਦੇਣਦਾਰ ਹੋਵਾਂਗਾ। ਤੇ ਯਕੀਨ ਨਾ ਕਰੋ। ਪ੍ਰੈਕਟੀਕਲ ਕਰ ਕੇ ਦਿਖਾਉ। ਗੁਰਮਤਿ ਆ :

ਗੁਰਸਿਖ ਮੀਤ ਚਲਹੁ ਗੁਰ ਚਾਲੀ ॥

(ਧਨਾਸਰੀ ਮ: ੪, ੬੬੭)

ਗੁਰੂ ਦੀ ਮਤ ਕੀ ਆ :

ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥
ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥

(ਆਸਾ ਸ਼ੇਖ ਫਰੀਦ, ੪੮੮)

ਗੁਰਸਿਖ ਮੀਤ ਚਲਹੁ ਗੁਰ ਚਾਲੀ ॥
ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥

(ਧਨਾਸਰੀ ਮ: ੪, ੬੬੭)

ਸੱਚ ਕਹਿਣ ਦੀ ਜ਼ੁਰਅਤ ਰੱਖੋ, ਪਰ ਸੱਚ ਕਹਿਣ ਦੀ ਜ਼ੁਰਅਤ ਦਾ ਅਰਥ ਇਹ ਨਹੀਂ ਕੱਢ ਲੈਣਾ ਕਿ ਕਿਸੇ ਦੀ ਪੱਗ ਆਪਾਂ ਲਾਹੁਣੀ ਆਂ ਜਾਂ ਕਿਸੇ ਦੇ ਦਾਹੜੇ ਨੂੰ ਹੱਥ ਪਾਉਣਾ, ਇਹਦਾ ਅਰਥ ਇਹ ਨਹੀਂ ਗਾ। ਸੱਚ ਕਹਿਣਾ, ਝਿਜਕ ਨਹੀਂ ਕਰਨੀ ਪਰ ਗੁਰਮਤਿ ਅਨੁਸਾਰ ਰਹਿ ਕੇ। ਇੱਕ ਤਾਂ ਗਾਲ਼ ਨਹੀਂ ਕੱਢਣੀ। ਇੱਕ ਮੰਦ ਭਾਸ਼ਾ ਨਹੀਂ ਵਰਤਣੀ ਤੇ ਇੱਕ ਅਣਹੋਇਆ ਦੋਸ਼ ਨਹੀਂ ਲਾਉਣਾ। ਇਹ ਗੱਲਾਂ ਚੇਤੇ ਰੱਖਣੀਆਂ ਤੇ ਸੱਚ ਕਹਿਣ ਤੋਂ ਝਿਜਕਣਾ ਨਹੀਂ, ਜੇ ਸੱਚ ਦੇ ਆਸਰੇ ਰਹਾਂਗੇ ਤੇ ਮਤਾ ਖ਼ਿਆਲ ਕਰਿਉ ਮੇਰੇ ਮਗਰੋਂ ਕੋਈ ਲੀਡਰ ਟੁੱਟ ਜਾਊ, ਮੇਰੇ ਮਗਰੋਂ ਫਲਾਣਾ ਬੰਦਾ ਟੁੱਟ ਜਾਊ, ਘਾਟਾ ਪੈ ਜਾਊ। ਆਪਾਂ ਪੁੱਤ ਗੁਰੂ ਦੇ ਆਂ ਤੇ ਗੁਰੂ ਦੇ ਪੁੱਤਰਾਂ ਨੇ ਸੱਤ ਅਤੇ ਨੌਂ ਸਾਲ ਦੀ ਉਮਰ ਵਿੱਚ ਕਿਹਾ ਸੀ, ਵਜੀਦਿਆ ਇੱਕ ਗੱਲ ਚੇਤੇ ਰੱਖ ਲਾ। ਉਮਰ ਭਾਵੇਂ ਛੋਟੀ ਆ, ਪਰ ਚੇਤਾ ਰੱਖੀਂ, ਸਾਡੀ ਸ਼ਹੀਦੀ ਤੋਂ ਮਗਰੋਂ ਤੇਰੀ ਛਾਤੀ ਤੇ ਘੋੜੇ ਚੜ੍ਹਾ ਕੇ ਹੱਕ ਲਵਾਂਗੇ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਉਹਨਾਂ ਨੇ ਸੀਸ ਦਿੱਤਾ ਤੇ ਸੀਸ ਲਾਉਣ ਦੇ ਟਾਈਮ ਕਿਹਾ ਕੀ ਸੀ ? ਆਪਸ ਵਿੱਚ ਦੀ ਲੜਾਈ ਨਹੀਂ।

ਦਰਬਾਰ ਸਾਹਿਬ ਸਮੂਹ ਵਿੱਚ ਕਿਸੇ ਅੱਗੇ ਹੱਥ ਨਾ ਚੁੱਕਣ ਦਾ ਐਲਾਨ

ਐਸ ਚਾਰ-ਦੁਆਰੀ ਦੇ ਅੰਦਰ ਕਾਇਰਤਾਂ, ਬੁਜ਼ਦਿਲੀ, ਡਰਪੋਕ, ਜੋ ਵੀ ਦੂਸ਼ਣ ਮੇਰੇ 'ਤੇ ਲੱਗੇਗਾ, ਮੈਂ ਉਹ ਬਰਦਾਸ਼ਤ ਕਰਨਾਂ ਤੇ ਤੁਹਾਨੂੰ ਵੀ ਕਹਾਂਗਾ ਕਰੋ। ਲੜਾਈ ਅੱਜ ਆਪਸੀ ਨਹੀਂ ਹੈਗੀ, ਲੜਾਈ ਅੱਜ ਆ ਪੱਗ ਤੇ ਟੋਪੀ ਦੀ, ਕੇਸ ਦਾਹੜੇ ਦੀ। ਇਥੇ ਲੜਾਈ ਪਹੁੰਚੀ ਆ, ਇਸ ਮੋੜ 'ਤੇ ਆ ਗਏ ਆਂ ਆਪਾਂ। ਆਪਾਂ ਨੇ ਇਹ ਸੋਚ ਕੇ ਚੱਲਣਾ ਕਿ ਅਸੀਂ ਸਿਰ 'ਤੇ ਪੱਗ ਰੱਖ ਕੇ, ਗਾਤਰੇ ਕ੍ਰਿਪਾਨ ਪਾ ਕੇ, ਸਾਬਤ ਦਾਹੜਾ ਰੱਖ ਕੇ ਵਿਚਰਣਾ ਜਾਂ ਕਿ ਮੂੰਹ ਸਿਰ ਮੋਨਾ

ਕੇ, ਸਿਰ 'ਤੇ ਟੋਪੀ ਲੈ ਕੇ ਤੇ ਇੰਦਰਾ ਦੀ ਚਪਲੀ ਝਾੜ ਕੇ ਵਿਚਰਨਾ, ਲੜਾਈ ਇਥੇ ਆ, ਤੁਹਾਡੇ ਹੱਥ ਤੇ ਇਥੇ ਬੰਨੇ ਹੋਣਗੇ, ਇਸ ਚਾਰ ਦੁਆਰੀ 'ਚ (ਪਰ) ਮੇਰੇ ਹੱਥ ਇਥੇ ਵੱਢੇ ਆ, ਆਪ ਦਿਆਂ ਵਾਸਤੇ, ਗੌਰਮਿੰਟ ਵਾਸਤੇ ਨਹੀਂ। ਗੌਰਮਿੰਟ ਚੜ੍ਹ ਕੇ ਆਈ ਤੇ ਟੱਕਰ ਪੂਰੀ ਲਵਾਂਗਾ ਤੇ ਜੇ ਇਹਨਾਂ ਵਿੱਚੋਂ ਕੋਈ ਹੋਊਗਾ ਤੇ ਮੈਂ ਗਲ਼ ਲਹਾਊਂਗਾ, ਗਲ਼ ਨਹੀਂ ਪਊਂਗਾ (ਪਰ) ਸਦਾ ਵਾਸਤੇ ਨਹੀਂ, ਕੁਝ ਸਮੇਂ ਤੱਕ। ਇਹ ਫੈਸਲਾ ਹੁਣ ਤੁਸੀਂ ਕਰ ਲਉ, ਜਿਹਨੇ ਬੈਠੇ ਆ, ਜਿਹੜੇ ਗੌਰ ਨਾਲ ਸੁਣ ਰਹੇ ਆਂ। ਸਿੱਖੀ ਵਾਲੇ ਪਾਸੇ ਆਉ, ਮੋਰਚਾ ਸਫ਼ਲ ਕਰਨ ਵਾਸਤੇ ਤਤਪਰ ਰਹੋ ਤੇ ਗਾਲ਼ਾਂ ਨਹੀਂ ਕੱਢਣੀਆਂ, ਸੰਕੋਚ ਕਰੋ, ਫੁੱਟ ਦਾ ਸ਼ਿਕਾਰ ਨਾ ਹੋਵੋ।

ਕੁਰਸੀ ਵਾਲੇ ਨਹੀਂ, ਸੱਚੇ ਹੀ ਸ਼ਹੀਦ ਹੁੰਦੇ ਨੇ

ਜਿਹੜਾ ਮੇਰੇ ਬਾਰੇ ਕਹੇਗਾ ਕਿ ਨਾਲੇ ਤੂੰ ਪ੍ਰਚਾਰ ਕਰਨਾਂ, ਨਾਲੇ ਇਹ ਤੇਰੇ ਨਾਲ ਧੱਕਾ ਹੋ ਰਿਹਾ, ਉਹਦੇ (ਬਾਰੇ) ਇੱਕ ਪ੍ਰਸ਼ਨ ਆ ਮੇਰਾ ਤੁਹਾਡੇ 'ਤੇ ਨਿੱਕਾ ਜਿਹਾ ਸਾਰਿਆਂ 'ਤੇ ? ਦੁਨੀਆਂ ਦੇ ਵਿੱਚ ਜਿੰਨਾ ਕੁ ਮੈਂ ਪੜ੍ਹਿਆ ਇਤਿਹਾਸ, ਹੋ ਸਕਦਾ ਮੈਂ ਕਿਸੇ ਥਾਂ 'ਤੇ ਗ਼ਲਤ ਹੋਵਾਂ, ਤੁਸੀਂ ਸਮਝਾ ਦਿਉ। ਪੜ੍ਹੇ ਲਿਖੇ ਹੋ ਸਾਰੇ, ਮੈਂ ਅਨਪੜ੍ਹ ਆਂ। ਕੀ ਕਿਸੇ ਹਿਸਟਰੀ ਵਿੱਚ, ਕਿਸੇ ਇਤਿਹਾਸ ਵਿੱਚ, ਇਹ ਲਿਖਿਆ ਆਉਂਦਾ ਕਿ ਕੁਰਸੀ ਵਾਲੇ ਨੂੰ ਫਾਂਸੀ ਲੱਗੀ ਹੋਵੇ ਜਾਂ ਰਾਜਨੀਤਕ ਦਾ ਬੰਦ ਬੰਦ ਕੱਟਿਆ ਹੋਵੇ ਜਾਂ ਸ਼ਰਾਬ ਪੀਣ ਵਾਲੇ ਦੀ ਖੋਪੜੀ ਲੱਥੀ ਹੋਵੇ ਜਾਂ ਕਿਸੇ ਝੂਠ ਬੋਲਣ ਵਾਲੇ ਤੋਂ ਚੱਕੀਆਂ ਭਿਆਈਆਂ ਹੋਣ ? ਜਾਂ ਸੂਲਾਂ ਦੀਆਂ ਸੇਜਾਂ 'ਤੇ ਦੁਆ ਕਰਨ ਵਾਲਾ ਕੋਈ ਪਿਆ ਹੋਵੇ ? ਇੱਕ ਮੈਨੂੰ ਮਿਸਾਲ ਦੇ ਦਿਉ ? ਜੇ ਚੱਕੀ ਪੀਸੀ ਆ ਤੇ ਸੱਚ ਕਹਿਣ ਵਾਲਿਆਂ ਪੀਸੀ ਆ। ਜੇ ਖੋਪੜੀ ਲੱਥੀ ਆ ਤੇ ਸੱਚ ਦੀ ਸੇਵਾ ਕਰਨ ਵਾਲਿਆਂ ਦੀ ਲੱਥੀ ਆ। ਜੇ ਬੰਦ ਬੰਦ ਕਟਵਾਇਆ ਤੇ ਸੱਚ ਬੋਲਣ ਵਾਲੇ, ਸੱਚ ਦੀ ਰਾਖੀ ਕਰਨ ਵਾਲੇ ਨੇ ਕਟਵਾਇਆ। ਇਸ ਵਾਸਤੇ ਜੇ ਤੇ ਕਮਾਉਣਾ ਸੱਚ, ਫਿਰ ਤੇ ਤਸ਼ੱਦਦ ਪਵੇਗਾ ਸਹਾਰਨਾ ਤੇ ਜੇ ਲੈਣੀ ਆਂ ਕੁਰਸੀ ਤੇ ਫਿਰ ਗੋਡੇ ਘੁੱਟ ਲਿਆ ਕਰੋ ਕਿਸੇ ਦੇ ਜਾ ਕੇ ਕੁਝ ਨਹੀਂ ਹੁੰਦਾ।

ਚੰਬਲ ਦੀ ਘਾਟੀ ਦਾ ਡਾਕੂ ਹੋਣ ਦਾ ਦੋਸ਼

ਇੱਕ ਗੱਲ ਅੱਜ ਦੁਖਦਾਇਕ ਮੈਨੂੰ ਮਿਲੀ ਆ ਤੇ ਉਹਦੇ ਬਾਰੇ ਮੈਂ ਇਥੇ ਸੰਬੋਧਨ ਕਰ ਦੇਣਾ ਜ਼ਰੂਰੀ ਸਮਝਨਾ ਤੇ ਖਾਸ਼ ਕਰਕੇ ਨੌਜੁਆਨ ਵਿਦਿਆਰਥੀਆਂ ਨੂੰ ਇੱਕ ਹਦਾਇਤ ਵੀ ਕਰਦਾਂ। ਜੇ ਤਾਂ ਵਿਦਿਆਰਥੀਉ ਮੇਰੇ ਨਾਲ ਵਰਤਣਾ (ਫਿਰ) ਤੇ ਮੇਰੇ ਆਖੇ ਲੱਗਣਾ ਪਵੇਗਾ। ਇਹ ਨਹੀਂ ਕਿ ਮੇਰੇ ਅਧੀਨ ਰਹਿਣਾ ਪਵੇਗਾ। ਅਧੀਨ ਤਾਂ ਮੈਂ ਹੀ ਰਹਾਂਗਾ ਤੁਹਾਡੇ, ਸੰਗਤ ਰੂਪ ਵਿੱਚ, ਇਕੱਲੇ ਇਕੱਲੇ ਦੇ ਨਹੀਂ ਪਰ ਆਖੇ ਜ਼ਰੂਰ ਲੱਗਣਾ ਪਊ, ਜੇ ਮੈਂ ਗੁਰਮਤਿ 'ਤੇ ਚੱਲਾਂ (ਪਰ) ਜੇ ਮਨਮਤਿ ਕਰਨ ਲੱਗਾਂ, ਫਿਰ ਬਿਲਕੁਲ ਨਾ ਮੇਰੇ ਆਖੇ ਲੱਗਿਉ। ਇੱਕ ਹਦਾਇਤ ਆ ਤੁਹਾਨੂੰ ਵਿਦਿਆਰਥੀਆਂ ਨੂੰ, ਲੀਡਰਾਂ ਨੂੰ ਮੇਰੀ ਹਦਾਇਤ ਨਹੀਂ। ਉਹ ਤਾਂ ਮੈਂ, ਦੇਣ ਦਾ ਟਾਈਮ (ਜਦ) ਆਊ ਤਾਂ ਦੇਵਾਂਗਾ। ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਹਦਾਇਤ ਆ। ਗੱਲ ਜਿਹੜੀ ਮੈਂ ਕਹਿਣ ਲੱਗਾਂ ਤੁਹਾਨੂੰ ਸੁਣ ਕੇ ਸਹਾਰਨੀ ਔਖੀ ਹੋਣੀ ਆਂ। ਮੈਨੂੰ ਇਹ ਮਜ਼ਬੂਰੀ 'ਚ ਤਾਂ ਕਹਿਣੀ ਪਈ ਆ, ਪੈ ਰਹੀ ਆ, ਜੇ ਤੁਹਾਨੂੰ ਬਾਹਰੋਂ ਪਤਾ ਲੱਗਾ, ਇਹ ਨਾ ਤੁਸੀਂ ਮੈਨੂੰ ਪਤਾ ਨਾ ਹੋਵੇ ਤੇ ਆਪਸ ਵਿੱਚ ਜੁੰਡੋ

ਦੁੱਗੀ ਹੋ ਜਾਵੇ, ਇਸ ਕਰਕੇ ਸਟੇਜ 'ਤੇ ਮੈਨੂੰ ਕਹਿਣਾ ਪੈ ਰਿਹਾ। ਗੱਲ ਆ ਕੌੜੀ ਤੇ ਸਹਾਰਨੀ ਆਂ ਬਹੁਤ ਵੱਡਾ ਦਿਲ ਕਰਕੇ। ਗੁਰੂ ਅੱਗੇ ਅਰਦਾਸ ਕਰੋ ਸਾਰੇ ਕਿ ਸੱਚੇ ਪਾਤਿਸ਼ਾਹ ਸਾਨੂੰ ਸਾਰਿਆਂ ਨੂੰ ਸੁਮੱਤ ਬਖ਼ਸ਼ ਦੇਵੇ। ਇਦੋਂ ਵੱਧ ਮੈਂ ਇਸ ਪਾਸੇ ਬਾਰੇ ਕੁਝ ਕਹਿਣਾ ਨਹੀਂ। ਇੱਕ ਪ੍ਰੇਮੀ ਨੇ, ਨਾਂਅ ਤਾਂ ਭਾਵੇਂ ਮੈਂ ਨਹੀਂ ਲੈਣਾ, ਹੋ ਸਕਦਾ ਕਈਆਂ ਨੂੰ ਉਹਦੇ ਨਾਂਅ ਦਾ ਪਤਾ ਹੋਵੇ। ਖਾਸ਼ ਕਰਕੇ ਫੈਡਰੇਸ਼ਨ ਵਾਲੇ ਜੇ ਸੁਣ ਕੇ ਤਕਰੀਰ, ਜੇ ਆਪਣੀ ਮਨ ਮਰਜੀ ਕੀਤੀ ਤੇ ਮੈਂ ਸਾਥ ਨਹੀਂ ਜੇ ਦੇ ਸਕਣਾ ਤੇ ਗੱਲ ਸਹਾਰਨੀ ਵੀ ਔਖੀ ਆ ਪਰ ਜੇ ਨਾਲ ਰਹਿਣਾ ਤੇ ਫਿਰ ਸਹਾਰਨੀ ਪਵੇਗੀ, ਨਹੀਂ ਰਹਿਣਾ ਤੇ ਤੁਹਾਡੀ ਮਰਜੀ। ਇੱਕ ਪ੍ਰੇਮੀ ਨੇ ਇਹ ਗੱਲ ਕਹੀ ਆ ਕਿ ਜਿਹੜੀ ਬੀਬੀ ਸਿੰਘਾਂ ਦੀ ਸਹਾਇਤਾ ਕਰਦੀ ਆ, ਉਹ ਫੂਲਾਂ ਦੇਵੀ ਆ। ਆਹ ਬੈਠੀ ਆ ਉਹ ਬੀਬੀ ਤੇ ਬੀਬੀ ਨੂੰ ਕਹਾਂਗਾ ਕਿ ਜੇ ਕਿਸੇ ਸਿੰਘ ਕੋਲੇ ਨਾਂਅ ਦੱਸਿਆ ਤੇ ਮੇਰੇ ਮੱਥੇ ਨਾ ਮੁੜ ਕੇ ਲੱਗੀਂ। ਬੀਬੀ ਉੱਠ ਕੇ ਇੱਕ ਵਾਰੀ ਸਿੰਘਾਂ ਨੂੰ ਫ਼ਤਹਿ ਬੁਲਾ ਦੇ। ਇਹ ਬੀਬੀ ਆ ਸਾਰੇ ਜਾਣਦੇ ਇਹਨੂੰ। ਬਹਿ ਜਾ ਥੱਲੇ ਬੀਬੀ। ਇਸ ਬੀਬੀ ਨੂੰ ਇੱਕ ਪ੍ਰੇਮੀ ਨੇ ਫੂਲਾਂ ਦੇਵੀ ਡਾਕੂ ਦੇ ਨਾਲ ਇਹ ਖਿਤਾਬ ਦਿੱਤਾ ਤੇ ਮੈਨੂੰ ਖਿਤਾਬ ਕੀ ਦਿੱਤਾ ? ਮੈਨੂੰ ਖਿਤਾਬ ਦਿੱਤਾ ਚੰਬਲ ਘਾਟੀ ਦਾ ਡਾਕੂ ਤੇ ਸਾਨ ਤੇ ਮੈਂ ਇਸ ਪ੍ਰੇਮੀ ਬਾਰੇ ਸਤਿਗੁਰੂ ਰਾਮਦਾਸ ਜੀ ਸੱਚੇ ਪਾਤਿਸ਼ਾਹ ਦੇ ਚਰਨਾਂ 'ਚ ਅਰਦਾਸ ਕਰਦਾਂ ਕਿ ਮਹਾਰਾਜ ਕ੍ਰਿਪਾ ਕਰੋ, ਉਹ ਸਾਡਾ ਭਰਾ ਆ ਤੇ ਉਹਨੂੰ ਸੁਮੱਤ ਬਖ਼ਸ਼ ਦਿਉ। ਜਿਸ ਕਰਕੇ ਉਹ ਵੀ ਸਿੱਖੀ ਦੇ ਰਸਤੇ 'ਤੇ ਚੱਲ ਕੇ ਆਪਣਾ ਮਨੁੱਖਾ ਜਨਮ ਸਫ਼ਲ ਕਰ ਸਕੇ ਤੇ ਚੌਰਾਸੀ ਦੇ ਗੇੜ ਵਿੱਚੋਂ ਬਚ ਜਾਵੇ। ਮੇਰੀ ਤੇ ਇਹ ਅਰਦਾਸ ਆ ਉਹਦੇ ਬਾਰੇ.....।

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫ਼ਤਹਿ ॥

* * *

ਵਿਆਖਿਆਨ - ੩੭.

(ਗੁਰੂ ਰਾਮ ਦਾਸ ਲੰਗਰ, ਅੰਮ੍ਰਿਤਸਰ, ੦੧-੦੨-੧੯੮੪)

ਰਾਜ ਕਰੇਗਾ ਖ਼ਾਲਸਾ ॥ ਰਾਜ ਕਰੇਗਾ ਖ਼ਾਲਸਾ ॥
ਦੇਗ ਤੇਗ ਫ਼ਤਹਿ ॥ ਪੰਥ ਕੀ ਜੀਤ ॥
ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸਤਿਗੁਰੂ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ ਜੀ ਦੀ ਸਾਜ਼ੀ ਨਿਵਾਜ਼ੀ ਗੁਰੂ ਰੂਪ ਗੁਰੂ ਖ਼ਾਲਸਾ ਸਾਧ ਸੰਗਤ ਜੀਉ ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਪਿਆਰੇ ਖ਼ਾਲਸਾ ਜੀ ਸਾਰੀ ਸੰਗਤ ਦੇ ਚਰਨਾਂ ਵਿੱਚ ਮੇਰੀ ਨਿਮਰਤਾ ਸਹਿਤ ਬੇਨਤੀ ਹੈ ਕਿ ਸਤਿਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਦੀ ਪਵਿੱਤਰ ਹਜ਼ੂਰੀ ਵਿੱਚ ਖੜੋਣਾ ਸਾਨੂੰ ਸੋਭਦਾ ਨਹੀਂ। ਜਿੱਥੇ ਜਿੱਥੇ ਵੀ ਖੜੇ ਹੋ ਬੈਠਣ ਦੀ ਕ੍ਰਿਪਾਲਤਾ ਕਰੋ ਅਤੇ ਜਿਹੜੇ ਸੱਜਣ ਬਾਹਰੋਂ ਆ ਰਹੇ ਆ, ਉਹਨਾਂ ਨੂੰ ਇਹ ਬੇਨਤੀ ਆ ਕਿ ਜਿਸ ਜਗ੍ਹਾ ਉੱਤੇ ਤੁਹਾਨੂੰ ਜਗ੍ਹਾ ਮਿਲੇ, ਇਥੇ ਸ਼ਾਂਤੀ ਦੇ ਨਾਲ, ਆਰਾਮ ਦੇ ਨਾਲ ਬੈਠ ਕੇ ਸੁਣਨ ਦੀ ਕ੍ਰਿਪਾਲਤਾ ਕਰੋ। ਜੇ ਕਿਸੇ ਨੂੰ ਕੋਈ ਬਹੁਤੀ ਭੁੱਖ ਲੱਗੀ ਆ ਜਾਂ ਸਰੀਰ 'ਚ ਢਲਿਆਈ ਆ, ਉਹਨੇ ਜਾਣਾ ਵੀ ਹੈ ਤੇ ਚੁੱਪ ਕਰਕੇ ਜਾਣ ਦੀ ਕੋਸ਼ਿਸ਼ ਕਰੇ। ਸਤਿਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਦੀ ਹਜ਼ੂਰੀ ਵਿੱਚ ਆਪਾਂ ਰੌਲਾ ਪਾਉਂਦੇ ਸੋਭਦੇ ਨਹੀਂ, ਕਿਉਂਕਿ ਰਹਿਤਨਾਮੇ ਵਿੱਚ ਬਚਨ ਆਉਂਦੇ ਹਨ :

ਹਰਿ ਜਸ ਸੁਨਤੇ ਬਾਤ ਚਲਾਵਹਿ ॥
ਕਹਿ ਗੋਬਿੰਦ ਸਿੰਘ ਜਮਪੁਰ ਜਾਵਹਿ ॥

ਇੰਨੀ ਸਜ਼ਾ ਮਿਲਦੀ ਆ। ਹਜ਼ੂਰ ਦੀ ਹਜ਼ੂਰੀ ਵਿੱਚ ਕੋਈ ਵਿਚਾਰ ਗੁਰਮਤਿ ਦੀ ਚੱਲ ਰਹੀ ਹੋਵੇ, ਆਪਾਂ ਇਸ ਜਗ੍ਹਾ ਵਿੱਚ ਆ ਕੇ ਨਰਕ ਦੇ ਭਾਗੀ ਨਹੀਂ ਬਣਨਾ, ਬਲਕਿ ਨਰਕ ਵਿੱਚੋਂ ਨਿਕਲਣਾ ਹੈ।

ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਜਿਲ੍ਹਾ ਪੱਧਰ ਦਾ ਇਕੱਠ

ਸੋ ਅੱਜ ਦਾ ਜੋ ਇਕੱਠ ਹੈ, ਫੈਡਰੇਸ਼ਨ ਵੱਲੋਂ ਜਿਲ੍ਹਾ ਪੱਧਰ 'ਤੇ (ਉਸ ਵਿੱਚ) ਬੜੇ ਪਿਆਰ ਦੇ ਨਾਲ ਤੁਸਾਂ ਸਬੂਤ ਦਿੱਤਾ। ਵਿਸ਼ੇਸ਼ ਤੌਰ 'ਤੇ ਨੌਜੁਆਨ ਵਰਗ ਇਥੇ ਪਹੁੰਚੇ ਹੋਂ। ਦਾਸ ਨੂੰ ਹੁਕਮ ਹੋਇਆ ਤੁਹਾਡੇ ਜੋੜੇ ਝਾੜਨ ਦਾ, ਪ੍ਰਚਾਰ ਰੂਪ ਦੇ ਵਿੱਚ। ਦਾਸ ਤੋਂ ਪਹਿਲਾਂ ਬਹੁਤ ਸੁਲਝੇ

ਹੋਏ ਸੱਜਣ ਭਾਈ ਬਲਬੀਰ ਸਿੰਘ ਜੀ ਅਤੇ ਭਾਈ ਦਵਿੰਦਰ ਸਿੰਘ ਜੀ ਅਤੇ ਦੂਜੇ ਸਾਹਿਬਾਨ ਅਤੇ ਉਹਨਾਂ ਤੋਂ ਪਹਿਲਾਂ ਕਵਿਤਾ ਦੇ ਰੂਪ ਵਿੱਚ ਲਾਭ ਸਿੰਘ ਜੀ ਪਾਂਧੀ, ਬਖ਼ਸ਼ੀਸ਼ ਸਿੰਘ ਦਿਆਲਪੁਰੀ ਸਮੇਤ ਭੁਝੰਗੀਆਂ ਦੇ, ਵਰਤਮਾਨ ਸਮੇਂ ਦੇ ਸੰਬੰਧ ਵਿੱਚ ਜਿਹਨਾਂ ਜਿਹਨਾਂ ਦੁਸ਼ਟਾਂ ਨੇ ਸਿੱਖਾਂ ਦਾ ਖ਼ੂਨ ਪੀਤਾ, ਉਹਨਾਂ ਨੂੰ ਜਿਸ ਜਿਸ ਤਰੀਕੇ ਨਾਲ ਮੌਕੇ 'ਤੇ ਪਹੁੰਚ ਕੇ, ਕਿਸੇ ਗੁਰੂ ਕੇ ਸੂਰਬੀਰ ਯੋਧਿਆਂ ਨੇ ਗੱਡੀ ਚੜ੍ਹਾਇਆ, ਉਹ ਵਾਰਦਾਤ ਸਾਰੀ ਸਰਵਣ ਕੀਤੀ ਹੈ।

ਆਪਾਂ ਹੁਣ ਇਹ ਵਿਚਾਰਾਂ ਇਥੇ ਸੁਣ ਰਹੇ ਸਾਂ। ਅਨੰਦਪੁਰ ਦੇ ਮਤੇ ਦੇ ਸੰਬੰਧ ਵਿੱਚ। ਅਨੰਦਪੁਰ ਦਾ ਮਤਾ ਕੇਵਲ ਇੰਨਾ ਹੀ ਨਹੀਂ, ਆਹ ੨-੪ ਚੀਜਾਂ, ਪਾਣੀ ਮੰਗ ਲਿਆ, ਬਿਜਲੀ ਮੰਗ ਲਈ, ਕਣਕ ਦਾ ਭਾਅ ਵਧਾ ਲਿਆ, ਸਰੋਂ ਦਾ ਤੇਲ ਕਿਸੇ ਪਾਸੇ ਲਾ ਲਿਆ, ਇੰਨਾ ਕੰਮ ਕੇਵਲ ਅਨੰਦਪੁਰ ਦੇ ਮਤੇ ਵਿੱਚ ਨਹੀਂ ਹੈ। ਭਾਈ ਸਾਹਿਬ ਨੇ ਬੋਲਦਿਆਂ ਕਿਹਾ ਸੀ ਕਿ ਅਨੰਦਪੁਰ ਦਾ ਮਤਾ, ਇਹ ਦੱਸਦਾ ਹੈ ਕਿ ਆਪਾਂ ਜਿਤਨੇ ਇਕੱਠੇ ਹੋਏ ਹਾਂ, ਅਨੰਦਪੁਰ ਦੀ ਠੇਰੀ ਉੱਪਰ, ਜੋ ਸਤਿਗੁਰੂ ਜੀ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ, ਉਹਨਾਂ ਵਿਚਾਰਾਂ ਦੇ ਆਪਾਂ ਧਾਰਨੀ ਬਣਨਾ ਹੈ। ਸਤਿਗੁਰੂ ਸੱਚੇ ਪਾਤਿਸ਼ਾਹ ਜੀ ਨੇ ਖ਼ਾਲਸਾ ਪੰਥ ਨੂੰ ਪੈਦਾ ਕਰਨ ਵਾਸਤੇ ਕੀ ਕੁਝ ਕੀਤਾ, ਇਹ (ਦੱਸਣ ਵਾਸਤੇ) ਬਹੁਤ ਲੰਮੇ ਸਮੇਂ ਦੀ ਲੋੜ ਹੈ। ਸਮਾਂ ਸੂਖਮ ਹੋਣ ਦੇ ਕਾਰਨ ਦਾਸ ਥੋੜਿਆਂ ਮਿੰਟਾਂ ਵਿੱਚ ਬੇਨਤੀ ਕਰਕੇ ਸਮਾਪਤ ਕਰੇਗਾ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਸੱਚੇ ਪਾਤਿਸ਼ਾਹ ਜੀ ਨੇ ਜਿਸ ਵੇਲੇ ਦੁਸ਼ਟ ਦਮਨ ਰੂਪ ਵਿੱਚ ਭੰਬੋਰ ਸਾਹਿਬ, ਜੋ ਹਜ਼ੂਰ ਸਾਹਿਬ ਤੋਂ ੬੦ ਮੀਲ ਦੀ ਦੂਰੀ 'ਤੇ ਹੈ। ਉਸ ਜਗ੍ਹਾ ਵਿੱਚ ੧ ਲੱਖ ਬੁੱਚੜਾਂ ਨੂੰ, ਕਸਾਈਆਂ ਨੂੰ ਮੌਤ ਦੇ ਘਾਟ ਉਤਾਰ ਕੇ ਗਊਆਂ ਛਡਾਈਆਂ ਅਤੇ ੭੧ ਹਜ਼ਾਰ ਵੇਰਾਂ ਰਾਜ ਕੀਤਾ।

ਦਸਮੇਸ਼ ਪਿਤਾ ਜੀ ਦੇ ਮਾਤ ਲੋਕ ਵਿੱਚ ਆਉਣ ਦੀ ਕਥਾ

ਸੋ ਸਮਾਂ ਆਇਆ ਹੇਮਕੁੰਟ ਸਾਹਿਬ 'ਤੇ ਤਪੱਸਿਆ ਵਾਸਤੇ ਲਿਵਲੀਨ ਹੋਏ। ਸਾਰੇ ਹੀ ਦੇਵਤੇ ਤੇ ਪੀਰ, ਜੀਵਾਂ ਨੂੰ ਸ਼ਾਂਤੀ ਦੇਣ ਵਾਸਤੇ, ਮਾਤ ਲੋਕ ਵਿੱਚ ਅਵਤਾਰ ਧਾਰ ਕੇ ਆਏ, ਪਰ ਆਪਣੀ ਆਪਣੀ ਉਰਝਾਨਾਂ ਵਾਲੀ ਹਾਲਤ ਵਿੱਚ ਪੁੱਜ ਗਏ। ਉਸ ਵੇਲੇ ਅਕਾਲ ਪੁਰਖ ਪ੍ਰਮੇਸ਼ਰ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਆਪਣੇ ਪਾਸ ਬੁਲਾਇਆ,

'ਮੈਂ ਅਪਨਾ ਸੁਤ ਤੋਹਿ ਨਿਵਾਜਾ ॥'

ਕਹਿ ਕੇ ਮਾਤ ਲੋਕ ਵਿੱਚ ਭੇਜਿਆ। ਸਤਿਗੁਰੂ ਜੀ ਨੇ ਕਿਹਾ ਸਾਡਾ ਚਿੱਤ ਨਹੀਂ ਸੀ ਕਰਦਾ ਆਉਣ ਨੂੰ, ਸਾਡੀ ਸੁਰਤ ਉਸ ਪ੍ਰਮੇਸ਼ਰ ਦੇ ਚਰਨਾਂ ਵਿੱਚ ਚੁੱਭ ਰਹੀ ਸੀ, ਲੱਗੀ ਹੋਈ ਸੀ। ਆਪਣਾ ਹੁਕਮ ਦੇ ਕੇ ਅਕਾਲ ਪੁਰਖ ਨੇ ਸਾਨੂੰ ਭੇਜਿਆ। ਹੁਕਮ ਵਿੱਚ, ਇਹ ਕਿਹਾ ਕਿ ਕਿਸੇ ਦੀ ਕਾਣ ਨਹੀਂ ਰੱਖਣੀ, ਕਿਸੇ ਦਾ ਭੈ ਨਹੀਂ ਮੰਨਣਾ ਤੇ ਕਿਸੇ ਦੇ ਨਾਲ ਵੈਰ, ਬਿਨਾਂ ਕਾਰਨ ਗ੍ਰਹਿਣ ਨਹੀਂ ਕਰਨਾ। ਕੀ ਕਰਨਾ ਹੈ ? ਸੱਚ ਬੋਲਣਾ, ਧਰਮ ਤੇ ਜੀਵਾਂ ਨੂੰ ਚਲਾਉਣਾ, ਕੁਰੀਤੀਆਂ ਵੱਲੋਂ ਹਟਾਉਣਾ, ਨਸ਼ਿਆਂ ਤੋਂ ਦੂਰ ਕਰਨਾ, ਧਰਮ ਵਾਸਤੇ ਸ਼ਹਾਦਤਾਂ ਦੇਣ ਵਾਸਤੇ ਤਤਪਰ ਕਰਨਾ। ਕੇਵਲ ਸ਼ਹਾਦਤਾਂ ਹੀ ਨਹੀਂ ਦੇਣੀਆਂ, ਸ਼ਹਾਦਤਾਂ ਦੇ ਕੇ ਤੇ ਸ਼ਹੀਦੀਆਂ ਜਿਹੜੇ ਕਰਨ ਵਾਲੇ ਆ ਭਾਵ ਜਿਹੜੇ ਕਾਤਲ ਹਨ, ਉਹਨਾਂ ਨੂੰ ਨਾਲ ਨਾਲ ਚਾਹਟਾ ਵੀ ਛਕਾਉਣਾ, ਦੰਡ ਵੀ ਦੇਣਾ। ਆਪਣੇ ਆਉਣ ਦਾ ਕਾਰਨ ਗੁਰੂ ਗੋਬਿੰਦ ਸਿੰਘ ਸਾਹਿਬ ਸੱਚੇ ਪਾਤਿਸ਼ਾਹ ਜੀ ਨੇ ਦੱਸਿਆ, ਖ਼ਾਲਸਾ ਜੀ ਆਪ ਆਪਣੀ ਰਸਨਾ

ਦੁਆਰਾ, ਆਪਣੀ ਕਲਮ ਦੁਆਰਾ, ਬਚਿੱਤਰ ਨਾਟਕ ਪੜ੍ਹ ਕੇ ਦੇਖੋ :

ਹਮ ਇਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥

.....

ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥

ਮੂਲ ਨਾਮ ਮੁੱਢ ਦਾ, ਜੜ੍ਹਾਂ ਤੋਂ ਪੁੱਟਣ ਵਾਸਤੇ, ਜਿਸ ਟਾਈਮ ਅਸੀਂ ਆਏ ਆਂ ।

ਯਹੀ ਕਾਜ ਧਰਾ ਹਮ ਜਨਮੰ ॥
ਸਮਝ ਲੇਹੁ ਸਾਧੂ ਸਭ ਮਨਮੰ ॥

ਸਾਧੂ ਅੱਖਰ ਵਰਤਿਆ, ਉਥੇ ਇਹ ਨਹੀਂ ਕਿਹਾ ਰਾਜਨੀਤਕੋ ਤੁਸੀਂ ਵੀ । ਇਹ ਨਹੀਂ ਕਿਹਾ, ਸਾਧੂ ਅੱਖਰ ਕਿਉਂ ਵਰਤਿਆ ? ਕਿਉਂਕਿ ਸ਼ਰਧਾ ਹਮੇਸ਼ਾ ਸੰਤ ਮਹਾਤਮਾ ਗੁਰਸਿੱਖਾਂ ਨੂੰ ਰਹਿੰਦੀ ਆ । ਰਾਜਨੀਤਕਾਂ ਨੂੰ ਗੁਰੂ 'ਤੇ ਬਹੁਤ ਘੱਟ ਸ਼ਰਧਾ ਰਹਿੰਦੀ ਆ । ਸਾਰੇ ਹੀ ਮਨਾਂ ਵਿੱਚ ਸਮਝ ਲਉ ਕਿ ਅਸੀਂ ਅਕਾਲ ਪੁਰਖ ਦਾ ਹੁਕਮ ਮੰਨ ਕੇ ਦੁਸ਼ਟਾਂ ਦੀਆਂ ਜੜ੍ਹਾਂ ਪੁੱਟਣ ਵਾਸਤੇ, ਸੰਤਾਂ ਮਹਾਤਮਾਂ ਨੂੰ ਬਚਾਉਣ ਵਾਸਤੇ, ਉਹਨਾਂ ਦੀ ਰਾਖੀ ਕਰਨ ਵਾਸਤੇ, ਮਜ਼ਲੂਮਾਂ ਦੇ ਸਹਾਇਕ ਬਣ ਕੇ ਅਸੀਂ ਆਏ ਹਾਂ । ਸਤਿਗੁਰੂ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ ਜੀ ਨੇ ਸ੍ਰੀ ਪਟਨਾ ਸਾਹਿਬ ਵਿਖੇ ਆਪਣਾ ਅਵਤਾਰ ਧਾਰਿਆ । ਪਟਨਾ ਸਾਹਿਬ ਵਿਖੇ ਅਵਤਾਰ ਧਾਰ ਕੇ ਜੰਗ ਸ਼ੁਰੂ ਕਰ ਦਿੱਤਾ । ਪਹਿਲਾਂ ਤੇ ਏਕਤਾ ਦਾ ਸਬੂਤ ਦਿੱਤਾ । ਏਕਤਾ ਦੇ ਸਬੂਤ ਵੇਲੇ ਉਮਰ ਕਿੰਨੀ ਸੀ ? ਕੇਵਲ ਇੱਕ ਮਹੀਨੇ ਦੀ ।

ਭੀਖਣ ਸ਼ਾਹ ਜੀ

ਜਿਸ ਵੇਲੇ ਭੀਖਣ ਸ਼ਾਹ ਨੇ ਘੜਾਮ ਦੇ ਵਿੱਚ, ਉਸ ਨੂੰ ਘੜਾਮ ਦਾ ਕਸਬਾ ਕਹਿ ਦੇਨੇ ਆਂ, ਪਟਿਆਲੇ ਜਿਲ੍ਹੇ 'ਚ ਆ । ਜਿੱਥੇ ਰਾਮ ਚੰਦਰ ਦੇ ਨਾਨਕੇ, ਕੁਸ਼ੱਲਿਆ ਦੇ ਪੇਕੇ ਆ । ਇਸ ਜਗ੍ਹਾ ਵਿੱਚ ਖੜੋ ਕੇ, ਉਹਨੇ ਪਟਨਾ ਸਾਹਿਬ ਵੱਲ ਚਿਹਰਾ ਕਰਕੇ ਸਿਜ਼ਦਾ ਕੀਤਾ । ਨਾਲ ਦੇ ਮੁਰੀਦਾਂ ਨੇ ਪੁੱਛਿਆ ਪੀਰ ਜੀ ਕੀ ਹੋ ਗਿਆ ? ਇਹ ਅੱਜ ਚੜ੍ਹਦੇ ਵੱਲ ਨੂੰ, ਕੀ ਕਾਰਨ ਆ ? ਕਹਿੰਦੇ ਜੋ ਦਰਸ਼ਨ ਅਸੀਂ ਕਰਕੇ ਆਏ ਆਂ ਪ੍ਰਲੋਕ ਵਿੱਚ, ਅੱਖ ਦਾ, ਦਸਵੇਂ ਦਵਾਰ ਦੁਆਰਾ ਦੇਖਦਾ ਸਾਂ । ਇਸ ਵਾਸਤੇ ਸਿਜ਼ਦਾ ਉਧਰ ਨੂੰ ਕੀਤਾ । ਸਤਿਗੁਰ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ ਜੀ ਨੂੰ ਪਰਖਣ ਵਾਸਤੇ, ਦੋ ਕੁੱਜੀਆਂ, ਦੋ ਮੱਘੇ ਕਹਿ ਲਈਏ ਜਾਂ ਬਰਤਨ ਕਹਿ ਲਈਏ, ਉਹ ਲੈ ਕੇ, ਭੀਖਣ ਸ਼ਾਹ, ਖ਼ਾਲਸਾ ਜੀ ਪਟਨਾ ਸਾਹਿਬ ਪਹੁੰਚਿਆ । ਮਾਮਾ ਕਿਰਪਾਲ ਚੰਦ ਜੀ, ਜੋ ਗੁਰੂ ਸਾਹਿਬ ਜੀ ਦੇ ਮਾਮਾ ਜੀ ਸਨ, ਉਹਨਾਂ ਨੂੰ ਮਿਲਿਆ । ਸਾਰੀ ਗੱਲ ਦੱਸੀ ਕਿ ਮੈਂ ਗੁਰੂ ਤੇਗ ਬਹਾਦਰ ਸਾਹਿਬ ਸੱਚੇ ਪਾਤਿਸ਼ਾਹ ਜੀ ਦੇ ਲਾਲ ਦੇ ਦਰਸ਼ਨ ਕਰਨੇ ਹਨ । ਮਾਤਾ ਜੀ ਦੇ ਪਾਸ ਬੇਨਤੀ ਕੀਤੀ ਗਈ । ਬੇਨਤੀ ਕਰਨ 'ਤੇ ਮਾਤਾ ਜੀ ਨੇ ਖ਼ਿਆਲ ਕੀਤਾ ਕਿ ਮੁਸਲਮਾਨਾਂ ਦਾ ਰਾਜ ਹੈ, ਪੀਰ ਸਾਇਦ ਕਿਤੇ ਕੋਈ ਐਸੀ ਗੱਲ ਨਾ ਕਰੇ । ਮਾਤਾ ਜੀ ਨੇ ਸੰਕੋਚ ਕੀਤੀ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਬਾਹਰ ਮਾਮਾ ਕ੍ਰਿਪਾਲ ਚੰਦ ਜੀ ਦੀ ਗੋਦ ਵਿੱਚ ਦੇ ਕੇ, ਘਰ ਤੋਂ ਬਾਹਰ ਲਿਆਉਣ ਵਾਸਤੇ ।

ਫਿਰ ਭੀਖਣ ਸ਼ਾਹ ਨੇ ਬਹੁਤਾ ਜ਼ੋਰ ਦਿੱਤਾ। ਮਾਮਾ ਕਿਰਪਾਲ ਚੰਦ ਜੀ ਨੇ ਆਪਣੀ ਭੈਣ ਜੀ ਨੂੰ, ਗੁਰੂ ਸਾਹਿਬ ਜੀ ਦੀ ਮਾਤਾ ਜੀ ਨੂੰ, ਜਾ ਕੇ ਬੇਨਤੀ ਕੀਤੀ। ਆਪਣੀ ਗੋਦ ਵਿੱਚ ਲੈ ਕੇ, ਮਾਮਾ ਕ੍ਰਿਪਾਲ ਚੰਦ ਜੀ ਚੋਜੀ ਪ੍ਰੀਤਮ ਜੀ ਨੂੰ ਲੈ ਕੇ ਆਏ, ਤਾਂ ਭੀਖਣ ਸ਼ਾਹ ਬੋਲਿਆ ਨਹੀਂ, ਗੁਪਤ ਬਚਨ ਹੋਇਆ। ਗੁਪਤ ਵਿਚਾਰ ਚੱਲ ਰਹੀ ਹੈ, ਦੋਵੇਂ ਕੁੱਜੀਆਂ ਅੱਗੇ ਕਰ ਦਿੱਤੀਆਂ ਗੁਰੂ ਸਾਹਿਬਾਨ ਦੇ ਤੇ ਮਨ ਵਿੱਚ ਸੰਕਲਪ ਕੀਤਾ ਕਿ ਜੇ ਤਾਂ ਸੱਚੇ ਪਾਤਿਸ਼ਾਹ ਜੀ ਇੱਕ ਪੱਖੀ ਹੋਏ, ਇੱਕ ਕੌਮ ਦੀ ਕੇਵਲ ਰਾਖੀ ਕਰਨ ਵਾਲੇ ਹੋਏ, ਇੱਕ ਧੜੇ ਵਿੱਚ ਹੋਏ, ਫਿਰ ਤਾਂ ਇੱਕ ਕੁੱਜੀ 'ਤੇ ਹੱਥ ਰੱਖਣਗੇ ਤੇ ਜੇ ਸਮੂਹ ਦੇ ਰਾਖੇ ਹੋਏ ਤਾਂ ਦੋਹਾਂ 'ਤੇ ਰੱਖਣਗੇ। ਇਸੇ ਵਾਸਤੇ ਗੁਰੂ ਸਾਹਿਬ ਨੇ ਚੌਪਈ ਸਾਹਿਬ ਵਿੱਚ ਕਹਿ ਦਿੱਤਾ :

ਘਟ ਘਟ ਕੇ ਅੰਤਰ ਕੀ ਜਾਨਤ ॥
ਭਲੇ ਬੁਰੇ ਕੀ ਪੀਰ ਪਛਾਨਤ ॥

(ਚੌਪਈ ਪਾ: ੧੦)

ਘਟ ਘਟ ਕੇ ਅੰਤਰ ਜਾਮੀ ॥

ਐਸੇ ਸਤਿਗੁਰੂ ਜੀ ਹਨ। ਦੋਵਾਂ ਕੁੱਜੀਆਂ 'ਤੇ, ਇੱਕ ਮਹੀਨੇ ਦੀ ਉਮਰ ਆ, ਇਤਿਹਾਸ ਪੜ੍ਹ ਲਿਉ। ਇੱਕ ਮਹੀਨੇ ਦੀ ਉਮਰ ਵਿੱਚ ਆਪਣੀਆਂ ਬਾਹਾਂ ਲੰਮੀਆਂ ਕਰਕੇ, ਦੋਹਾਂ ਕੁੱਜੀਆਂ 'ਤੇ ਰੱਖ ਦਿੱਤੀਆਂ। ਭੀਖਣ ਸ਼ਾਹ ਨੇ ਨਮਸਕਾਰ ਕੀਤੀ ਕਿ ਆਪ ਸਭ ਦੇ ਰੱਖਿਅਕ ਹੋ ਤੇ ਜ਼ੁਲਮ ਦੇ ਨਾਸਕ ਹੋ। ਇਹ ਕਹਿ ਕੇ ਖ਼ਾਲਸਾ ਜੀ ਵਾਪਸ ਆਏ।

ਗਾਗਰਾਂ ਭੰਨਣੀਆਂ

ਪੌਣੇ ਕੁ ਪੰਜ ਸਾਲ ਦੀ ਉਮਰ ਵਿੱਚ ਗਲੇਲੇ ਮਾਰ ਕੇ ਘੜੇ ਭੰਨ ਦਿੱਤੇ। ਘੜੇ ਭੰਨਣ ਤੋਂ ਪਿੱਛੋਂ ਗਾਗਰਾਂ ਲੋਹੇ ਦੀਆਂ ਬਣਾ ਲਈਆਂ ਬੀਬੀਆਂ ਨੇ। ਤੀਰ ਮਾਰ ਕੇ ਉਹਨਾਂ ਵਿੱਚ ਵੀ ਛੇਕ ਕਰ ਦਿੱਤੇ। ਇਕੱਲੇ ਛੇਕ ਨਹੀਂ ਕੀਤੇ, ਛੇਕ ਕਰਕੇ ਬਚਾਇਆ ਵੀ ਆ। ਇੱਕ ਗਾਗਰ 'ਤੇ ਤੀਰ ਮਾਰਿਆ ਪਾਣੀ ਵਿੱਚ, ਹਨੇਰੇ ਦੇ ਕਾਰਨ ਦਿੱਸਿਆ ਨਹੀਂ, ਪਾਣੀ ਭਰਨ ਵਾਲਿਆਂ ਨੂੰ, ਇੱਕ ਸੱਪ ਛੋਟਾ ਜਿਹਾ, ਉਹ ਗਾਗਰ ਵਿੱਚ ਸੀ। ਤੀਰ ਮਾਰ ਕੇ ਨਾਲੇ ਤਾਂ ਗਾਗਰ ਵਿੰਨ ਦਿੱਤੀ, ਨਾਲੇ ਸੱਪ ਨੂੰ ਪ੍ਰਲੋਕ ਨੂੰ ਭੇਜਿਆ। ਬੀਬੀਆਂ ਨੇ ਇਕੱਠੀਆਂ ਹੋ ਕੇ ਮਾਤਾ ਜੀ ਨੂੰ ਬੇਨਤੀ ਕੀਤੀ, ਮਾਤਾ ਜੀ ਆਪ ਦੇ ਲਾਲ ਨੂੰ ਹਟਾਉ। ਉਹਨਾਂ ਘੜੇ ਭੰਨ ਦਿੱਤੇ, ਅਸੀਂ ਗਾਗਰਾਂ ਬਣਾਈਆਂ, ਹੁਣ ਉਹ ਵੀ ਭੰਨ ਦਿੱਤੀਆਂ। ਮਾਤਾ ਜੀ ਨੇ ਪੁੱਛਿਆ ਲਾਲ ਜੀ ਇਹ ਕੀ ਕੀਤਾ ? ਕਹਿਣ ਲੱਗੇ ਮਾਤਾ ਜੀ ਅਸੀਂ ਤਾਂ ਭਲਾ ਕੀਤਾ, ਜੇ ਕਿਸੇ ਦਾ ਭਲਾ ਕਰੀਏ ਬੁਰਾ ਮੰਨਦਾ। ਇਹ ਕੀ ਭਲਾ, ਗਾਗਰ ਭੰਨ ਦਿੱਤੀ ? ਮਹਾਰਾਜ ਕਹਿੰਦੇ ਗਾਗਰ ਦਾ ਪਾਣੀ ਡੋਲ੍ਹੋ ਜਾਂ ਪਾਣੀ ਡੋਲਿਆ ਤੇ ਵਿੱਚੋਂ ਸੱਪ ਨਿਕਲਿਆ ਮਰਿਆ ਹੋਇਆ। ਮਹਾਰਾਜ ਕਹਿੰਦੇ ਮਾਤਾ ਜੀ, ਇਹ ਪਾਣੀ ਜਿੰਨੇ ਪਰਿਵਾਰ ਦੇ ਜੀਅ ਪੀਂਦੇ ਕੋਈ ਬਚਦਾ ? ਨਮਸਕਾਰ ਕੀਤੀ ਸਾਰਿਆਂ ਨੇ। ਸਤਿਗੁਰੂ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ ਜੀ ਨੇ ਸੂਖਮ ਰੂਪ ਵਿੱਚ ਇਹਨੂੰ (ਇਸ ਸਾਖੀ) ਨੂੰ ਕਰ ਲਵਾਂ। ਉਥੋਂ ਚੋਜੀ ਪ੍ਰੀਤਮ ਜੀ ਪੰਜਾਬ ਨੂੰ ਆਏ। ਕਾਸ਼ੀ ਪਹੁੰਚੇ। ਗੰਗਾ ਨੇ ਗਊ ਦਾ ਰੂਪ ਧਾਰ ਕਰਕੇ ਮਾਤਾ ਜੀ ਦਾ ਇਸ਼ਨਾਨ ਕਰਾਇਆ। ਰਸਤਾ ਤਹਿ ਕਰਕੇ ਅਨੰਦਪੁਰ ਆਏ।

ਕਸ਼ਮੀਰੀ ਪੰਡਿਤ

ਕਸ਼ਮੀਰ ਦੇ ਪੰਡਿਤ ਆਏ। ਮੂੰਹ 'ਚ ਘਾਹ ਲਿਆ, ਸ਼ਾਂਤੀ 'ਚ ਠੰਢੇ ਹਉਕੇ ਤੇ ਬੁੱਲ੍ਹਾਂ 'ਤੇ ਸਿੱਕਰੀ ਆ। ਟੁੱਟੇ ਛਿੱਤਰ ਤੇ ਫਟੇ ਹੋਏ ਬਸਤਰ ਪਾਏ ਆ। ਚਿਹਰੇ ਜ਼ਰਦ ਹੋਏ ਹਨ। ਜਿਵੇਂ ਹੁਣ ਦੀਵਾਨ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਜਿਆ ਹੋਇਆ। ਇਸ ਤਰ੍ਹਾਂ ਹੀ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸੱਚੇ ਪਾਤਿਸ਼ਾਹ ਜੀ ਦੇ ਚਰਨਾਂ 'ਚ ਦੀਵਾਨ ਸਜੇ ਆ। ਕਸ਼ਮੀਰੀ ਪੰਡਿਤਾਂ ਨੇ ਐਸੀ ਹਾਲਤ ਵਿੱਚ ਆ ਕੇ ਹੱਥ ਜੋੜ ਕੇ ਬੇਨਤੀ ਕੀਤੀ, ਤਾਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਪੁੱਛਿਆ, "ਪਿਤਾ ਜੀ ਇਹ ਕੌਣ ਆਂ ਮਜ਼ਲੂਮ ਲੋਕ ?" ਉਸ ਵੇਲੇ ਕਿਹਾ ਲਾਲ ਜੀ, ਇਹ ਕਸ਼ਮੀਰ ਦੇ ਪੰਡਿਤ ਹਨ, ਦੁਖੀ ਹਨ। ਕੀ ਦੁੱਖ ਆ ਜੀ ਇਹਨਾਂ ਨੂੰ ? ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਦਸਵੇਂ ਪਾਤਿਸ਼ਾਹ ਨੂੰ ਕਹਿਣ ਲੱਗੇ ਲਾਲ ਜੀ, ਇਹਨਾਂ ਦਾ ਧਰਮ ਨੌਰੰਗਾ[29] ਨਾਸ ਕਰ ਰਿਹਾ ਹੈ। ਇਹਨਾਂ ਦੇ ਧਰਮ ਦੀ ਰਾਖੀ ਵਾਸਤੇ ਕਿਸੇ ਮਹਾਂਪੁਰਖ ਦੇ ਸੀਸ ਦੀ ਲੋੜ ਹੈ। ਕੌਣ ਹੈ ਦੁਨੀਆ 'ਚ ਐਸਾ ਪੀਰ ? ਕਿਹੜਾ ਕਿਸੇ ਪੀਰ ਦਾ ਪੁੱਤਰ ? ਜਿਹੜਾ ਉੱਠ ਕੇ ਆਪਣੇ ਪਿਉ ਨੂੰ ਕਹੇ, ਪਿਤਾ ਜੀ ! ਤੁਹਾਡੇ ਤੋਂ ਕੌਣ ਵੱਡਾ ? ਆਪ ਸਿਰ ਦੇਵੋ। ਜੋ ਪਹਿਲੇ ਸਰੂਪਾਂ ਵਿੱਚ ਬਚਨ ਕਹੇ ਹਨ :

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥

(ਬਿਹਾਗੜਾ ਮ: ਪ, ਪਖਖ)

ਇਹ ਪੂਰੇ ਕਰੋ। ਉਸ ਵੇਲੇ ਸਤਿਗੁਰ ਗਰੀਬ ਨਿਵਾਜ ਸੱਚੇ ਪਾਤਿਸ਼ਾਹ ਜੀ ਨੇ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਛਾਤੀ ਨਾਲ ਲਾਇਆ, ਕਸ਼ਮੀਰੀ ਪੰਡਿਤਾਂ ਨੂੰ ਕਿਹਾ ਕਿ ਤੁਹਾਡੇ ਧਰਮ ਦੀ ਰੱਖਿਆ, ਤੁਹਾਡੇ ਧਾਰਮਿਕ ਚਿੰਨ ਜਨੇਊ, ਟੋਪੀ ਤੇ ਧੋਤੀ ਦੀ ਰਾਖੀ ਅਸੀਂ ਕਰਾਂਗੇ। ਭਾਵੇਂ ਪਹਿਲੇ ਸਰੂਪ ਵਿੱਚ ਝੂਠੇ ਜਨੇਊ ਦਾ ਖੰਡਨ ਕੀਤਾ ਹੈ ਪਰ ਕਿਸੇ ਦੇ ਧਰਮ 'ਤੇ ਹੱਲਾ ਨਹੀਂ। ਸਤਿਗੁਰੂ ਨੇ ਸ਼ਰਨ ਆਏ ਨੂੰ ਮਜ਼ਲੂਮ ਜਾਣ ਕੇ ਰੱਖਿਆ ਕੀਤੀ। ਕਸ਼ਮੀਰੀ ਪੰਡਿਤ ਜਿਵੇਂ ਸ਼ੇਰ ਦੇ ਮੂੰਹ ਵਿੱਚੋਂ ਕੋਈ ਬਚ ਜਾਵੇ, ਅੱਗ 'ਚੋਂ ਨਿਕਲ ਜਾਵੇ, ਕਾਲ ਦੇ ਮੂੰਹ ਵਿੱਚੋਂ ਬਚ ਜਾਵੇ, ਮਰੇ ਨੂੰ ਅੰਮ੍ਰਿਤ ਮਿਲ ਜਾਵੇ, ਜਿਉਂਦਾ ਹੋ ਜਾਵੇ, ਪਿਆਸੇ ਨੂੰ ਪਾਣੀ ਮਿਲੇ ਇੰਨੇ ਖੁਸ਼ ਹੋਏ। ਗਏ ਨੌਰੰਗੇ ਕੋਲੇ, ਨੌਰੰਗੇ[29] ਨੂੰ ਦੱਸਿਆ। ਨੌਰੰਗੇ[29] ਨੇ ਖੁਸ਼ੀ ਪਰਗਟ ਕੀਤੀ ਕਿ ਇੱਕ ਦੇ ਨਾਲ ਮੇਰਾ ਕੰਮ ਸੂਤ ਆ ਜਾਵੇਗਾ, ਪਰ ਉਹਨੂੰ ਕੀ ਪਤਾ ਸੀ ਕਿ :

ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ ॥

(ਸਲੋਕ ਕਬੀਰ, ੧੩੬੫)

ਵਾਲੀ ਮੇਰੇ ਨਾਲ ਗੱਲ ਬਣਨੀ ਆਂ।

ਨੌਵੇਂ ਪਾਤਿਸ਼ਾਹ ਜੀ ਦੀ ਦਿੱਲੀ ਵੱਲ ਰਵਾਨਗੀ

ਸਤਿਗੁਰੂ ਤੇਗ ਬਹਾਦਰ ਸਾਹਿਬ ਸੱਚੇ ਪਾਤਿਸ਼ਾਹ ਅਨੰਦਪੁਰ ਸਾਹਿਬ ਤੋਂ ਰਵਾਨਾ ਹੋਏ, ਚੱਲੇ। ਥਾਂ ਥਾਂ 'ਤੇ ਪਹੁੰਚ ਕੇ ਜੀਵਾਂ ਦੀ ਕਲਿਆਣ ਕਰਦੇ ਆਗਰੇ ਪਹੁੰਚੇ। ਉਥੇ ਆਜੜੀ ਨੂੰ ਭੇਜਿਆ, ਮਠਿਆਈ ਲਿਆਂਦੀ। ਸੋ ਉਥੋਂ ਦੇ ਕੋਤਵਾਲ ਨੂੰ ਨਾਂਅ ਪੁੱਛਿਆ। ਸਤਿਗੁਰੂ ਦੀ ਹਜ਼ੂਰੀ ਵਿੱਚ ਪਹੁੰਚ ਕੇ ਨਾਂਅ ਦੱਸਿਆ। ਉਸ ਨੂੰ ਇਸ ਇਨਾਮ ਦੀ ਇੱਛਿਆ ਸੀ, ਉਸ ਦੀ ਭਾਵਨਾ ਪੂਰੀ

ਕੀਤੀ। ਭਾਈ ਮਤੀ ਦਾਸ ਸਮੇਤ ਦਿੱਲੀ ਪਹੁੰਚੇ। ਭੂਤਾਂ ਵਾਲੀ ਹਵੇਲੀ ਵਿੱਚ ਨਿਵਾਸ ਕੀਤਾ ਗਿਆ। ਪ੍ਰੇਤ ਨੇ ਲਿਆ ਕੇ ਗੰਨੇ ਦਿੱਤੇ।

ਪਸੂ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ ॥
ਨਾਨਕ ਦਾਸ ਤੇਰੀ ਸਰਣਾਈ ਸਦਾ ਸਦਾ ਬਲਿਹਾਰੈ ॥

(ਬਿਲਾਵਲ ਮ: ੫, ੮੦੨)

ਉਸ ਮੇਰੇ ਚੋਜੀ ਪ੍ਰੀਤਮ ਨੂੰ ਭੂਤਾਂ ਤੇ ਪ੍ਰੇਤਾਂ ਦਾ ਕੀ ਡਰ ਸੀ। ਉਹ ਝੂਠੀ ਸਹੁੰ ਖਾ ਕੇ.....। ਇਹ ਜ਼ਰੂਰੀ ਆ ਸੁਣਾਉਣਾ। ਪ੍ਰੇਤ ਕਿਵੇਂ ਹੋਇਆ ਤੇ ਕੌਣ ਸੀ ? ਦੋ ਭਰਾ ਸਨ, ਯਾਦ ਰੱਖ ਲਉ ਨੌਜੁਆਨੋਂ ਖਾਸ਼ ਕਰਕੇ ਤੁਸੀਂ ਵੀ, ਮੈਂ ਵੀ ਤੁਹਾਡੇ ਵਿੱਚ ਆਂ। ਅੱਜ ਅਕਾਲ ਤਖਤ ਤੇ ਸਹੁੰ ਖਾ ਕੇ, ਹਰਿਮੰਦਰ ਸਾਹਿਬ 'ਚ ਪ੍ਰਣ ਕਰਕੇ, ਮੰਜੀ ਸਾਹਿਬ ਤੇ ਪ੍ਰਣ ਕਰਕੇ, ਝੂਠੀਆਂ ਸਹੁੰਆਂ ਖਾਣ ਦਾ ਜਿਹੜਾ ਤਹੱਈਆ ਲੋਕਾਂ ਨੇ ਕਰ ਲਿਆ। ਮਤਾ ਖ਼ਿਆਲ ਕਰੋ ਬੈਕੁੰਠ 'ਚ ਸਚ ਖੰਡ 'ਚ ਜਾਵਾਂਗੇ। ਇੱਕ ਸਹੁੰ ਖਾਦੀ ਆ ਇੱਕ, ਕੀ ? ਦੋ ਭਰਾਵਾਂ ਨੇ ਹਵੇਲੀ ਬਣਾਈ। ਵੱਡਾ ਤਕੜਾ ਸੀ ਸਰੀਰਕ ਤੌਰ 'ਤੇ ਛੋਟਾ ਕਮਜ਼ੋਰ ਸੀ। ਛੋਟੇ ਨੇ ਪੰਚਾਇਤ ਇਕੱਠੀ ਕੀਤੀ ਕਿ ਹਵੇਲੀ 'ਚ ਅਸੀਂ ਦੋਹਾਂ ਭਰਾਵਾਂ ਨੇ ਪੈਸੇ ਲਾਏ ਆ। ਜਦੋਂ ਪੰਚਾਇਤ ਇਕੱਠੀ ਹੋਈ, ਮਹਾਰਾਜ ਦਾ ਪ੍ਰਕਾਸ਼ ਨਹੀਂ ਸੀ ਉਥੇ, ਜੋ ਪੰਚਾਇਤ ਇਕੱਠੀ ਹੋਈ ਤੇ ਵੱਡੇ ਨੂੰ ਪੁੱਛਿਆ ਭਾਈ ਹਵੇਲੀ 'ਤੇ ਪੈਸੇ ਤੂੰ ਲਾਏ ਆ। ਪੰਚਾਇਤ ਦਾ ਨਾਉਂ ਲੈ ਕੇ ਸਹੁੰ ਖਾ ਗਿਆ, ਕਹਿੰਦਾ ਮੈਂ ਲਾਏ ਆ। ਪੈਸੇ ਦੋਹਾਂ ਦੇ ਇਕੱਠੇ ਸੀ। ਜਦੋਂ ਪੰਚਾਇਤ ਵਿੱਚ ਸਹੁੰ ਖਾਦੀ। ਪੰਚਾਇਤ ਨੇ ਫੈਸਲਾ ਵੱਡੇ ਦੇ ਹੱਕ ਵਿੱਚ ਕਰ ਦਿੱਤਾ, ਜਿਵੇਂ ਅੱਜ ਕੱਲ ਵੀ ਆ ਨਾ ਕਈ ਤਰ੍ਹਾਂ, ਮੈਂ ਦੱਸਣ ਲੱਗਾਂ ਕੀ ਹੋ ਰਿਹਾ। ਖ਼ਾਲਸਾ ਜੀ ਜਦੋਂ ਫੈਸਲਾ ਹੋ ਗਿਆ। ਜਿਹਦੀ ਬਾਬਤ ਸਹੁੰ ਖਾਦੀ ਸੀ, ਮਨ ਦੀ ਇੱਛਾ ਵੀ ਉਧਰੇ ਰਹਿਣੀ ਸੀ। ਮਰਨ ਲੱਗਾ ਤੇ ਮੰਦਰ 'ਚ ਨਿਗ੍ਹਾ ਰਹਿ ਗਈ, ਪ੍ਰੇਤ ਬਣ ਗਿਆ। ਮੈਂ ਨਹੀਂ ਕਹਿ ਰਿਹਾ, ਗੁਰਬਾਣੀ ਪੜ੍ਹੋ, ਜਿਹੜੇ ਅਖੰਡ ਪਾਠੀ ਆ ਉਹਨਾਂ ਨੂੰ ਪਤਾ :

ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਸਰਪ ਜੋਨਿ ਵਲਿ ਵਲਿ ਅਉਤਰੈ ॥੧॥
ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਰਹਾਉ ॥੧॥
ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਬੇਸਵਾ ਜੋਨਿ ਵਲਿ ਵਲਿ ਅਉਤਰੈ ॥੨॥
ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਸੂਕਰ ਜੋਨਿ ਵਲਿ ਵਲਿ ਅਉਤਰੈ ॥੩॥
ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥੪॥
ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥੫॥੨॥

(ਗੂਜਰੀ ਤ੍ਰਿਲੋਚਨ, ੫੨੬)

ਇਹ ਭਗਤਾਂ ਦੀ ਬਾਣੀ ਆਂ। ਮੰਦਰ 'ਚ ਨਿਗ੍ਹਾ ਰਹੀ ਪ੍ਰੇਤ ਬਣਿਆਂ। ਪ੍ਰੇਤ ਦੀ ਜੂਨੀ ਬੜੀ ਨਾਜ਼ਕ

ਹੁੰਦੀ ਆ । ਸਵਾ ਮਣ ਪੱਕਾ ਖ਼ੂਨ ਨਿੱਤ ਪੀਵੈ ਤੇ ਰੱਜਦਾ ਤੇ ਜਿਹਦੇ ਨਾਲ ਬੀਬੀਆਂ ਕੱਪੜੇ ਸਿਊਂਦੀਆਂ, ਸੂਈ । ਇਹਦੇ ਨੱਕੇ ਵਿੱਚ ਦੀ, ਜਿਹਦੇ ਵਿੱਚ ਆਪਾਂ ਧਾਗਾ ਪ੍ਰੋਨੇ ਆਂ, ਇੰਨਾ ਮੂੰਹ ਹੁੰਦਾ ਪ੍ਰੇਤ ਦਾ ਤੇ ਪਾਣੀ ਦੇ ਲਾਗੇ ਜਾ ਨਹੀਂ ਸਕਦਾ । ਸਾਰੀ ਜ਼ਿੰਦਗੀ ਭੁੱਖੇ ਦੀ ਤੇ ਪਲੀਤ ਹੋਏ ਦੀ ਲੰਘਦੀ ਆ ਤੇ ਪ੍ਰੇਤ ਬਣਦਾ ਕੌਣ ਆ ? ਇੱਕ ਸ਼ਰਾਬ ਪੀਣ ਵਾਲਾ, ਗੁਰੂ ਤੋਂ ਬੇਮੁਖ, ਝੂਠ ਬੋਲਣ ਵਾਲਾ, ਜਿਹੜਾ ਨਾਮ ਨਹੀਂ ਜਪਦਾ । ਬਾਣੀ 'ਚ ਲਿਖਿਆ,

'ਕਲਿ ਮਹਿ ਪ੍ਰੇਤ ਜਿਨ੍ਹੀ ਰਾਮੁ ਨ ਪਛਾਤਾ ਸਤਜੁਗਿ ਪਰਮ ਹੰਸ ਬੀਚਾਰੀ ॥
ਦੁਆਪੁਰਿ ਤ੍ਰੈਤੈ ਮਾਣਸ ਵਰਤਹਿ ਵਿਰਲੈ ਹਉਮੈ ਮਾਰੀ ॥'

(ਭੈਰਉ ਮ: ੩, ੧੧੩੧)

ਸੋ ਖ਼ਾਲਸਾ ਜੀ, ਉਹਨੇ ਗੰਨੇ ਲਿਆਂਦੇ । ਭਈ ਮਤੀ ਦਾਸ ਜੀ ਨੇ ਚੂਪੇ, ਸ਼ਕਤੀ ਪ੍ਰਾਪਤ ਹੋਈ । ਗੁਰੂ ਅੱਗੇ ਬੇਨਤੀ ਕੀਤੀ, ਗੁਰੂ ਜੀ ਨੇ ਕਿਹਾ, ਭਈ ਮਤੀ ਦਾਸ ਸਾਡੇ ਕੋਲੇ ਤਾਕਤ ਨਹੀਂ । ਜੀ ਆਪ ਤਾਂ ਸਮੁੰਦਰ ਹੋ, ਮੇਰੇ ਕੋਲ ਤਾਂ ਚੰਦ ਬੂੰਦਾਂ ਹਨ । ਮਹਾਰਾਜ ਕਹਿਣ ਲੱਗੇ ਜੇ ਅਸੀਂ ਸਮੁੰਦਰ ਬਰਦਾਸ਼ਤ ਕਰੀ ਬੈਠੇ, ਤੂੰ ਚੰਦ ਬੂੰਦਾਂ ਕਿਉਂ ਨਹੀਂ ਜਰ ਕੇ ਰੱਖਦਾ, ਭਾਣੇ ਵਿੱਚ ਰਹੋ । ਤੂੰ ਕਿਉਂ ਕਿਹਾ, ਮੈਂ ਦਿੱਲੀ ਤੇ ਲਾਹੌਰ ਦੀ ਇੱਟ ਨਾਲ ਇੱਟ ਖੜਕਾ ਦਿਆਂਗਾ । ਇਹ ਗੱਲ ਸੁਣੀ ਦੂਤ ਨੇ । ਜਿਵੇਂ ਹੁਣ ਵੀ ਆਪਣੇ 'ਚ ਕਈ ਹੈ ਨੇ, ਗੁੱਸਾ ਨਾ ਮੇਰਾ ਕਰਿਉ । ਆਪਣੇ 'ਚ ਵੀ ਕਈ ਬੈਠੇ ਆ, ਜਿਹਨਾਂ ਨੇ ਜਾ ਕੇ ਲੂਤੀਆਂ ਲਾਉਣੀਆਂ । ਬੇਸ਼ਕ ਖੜਕਦੇ ਦਰਵਾਜ਼ੇ ਲਾਇਉ ।

ਭਾਈ ਮਤੀ ਦਾਸ ਜੀ

ਖ਼ਾਲਸਾ ਜੀ, ਦੂਤ ਨੇ ਜਾ ਕੇ ਨੌਰੰਗੇ[੨੫] ਨੂੰ ਦੱਸਿਆ, ਹੇ ਬਾਦਸ਼ਾਹ ਤੂੰ ਗੁਰੂ ਨੂੰ ਮੁਸਲਮਾਨ ਬਣਾਉਣ ਨੂੰ ਕਹਿਨਾਂ, ਤੈਥੋਂ ਗੁਰੂ ਕਾ ਸਿੱਖ ਵੀ ਮੁਸਲਮਾਨ ਨਹੀਂ ਬਣੇਗਾ । ਉਸ ਵੇਲੇ ਈਰਖਾ ਦੀ ਅੱਗ ਵਿੱਚ ਸੜੇ ਹੋਏ ਨੇ ਬੁਲਾ ਲਿਆ । ਮਤੀ ਦਾਸ ਨੂੰ ਕਟਹਿਰੇ 'ਚ ਖੜਾ ਕਰਕੇ ਕਹਿਣ ਲੱਗਾ, ਮਤੀ ਦਾਸ ਤੂੰ ਇਹ ਗੱਲ ਕਹੀ ਆ ਕਿ ਮੈਂ ਦਿੱਲੀ ਤੇ ਲਾਹੌਰ ਦੀ ਇੱਟ ਨਾਲ ਇੱਟ ਖੜਕਾ ਦਿਆਂਗਾ । ਜੇ ਹੁਣ ਵਰਗਾ ਹੁੰਦਾ ਤਾਂ ਜ਼ਰੂਰ ਹੀ ਝੂਠ ਬੋਲ ਦਿੰਦਾ, ਕਹਿੰਦਾ ਜੀ ਮੈਂ ਤੇ ਨਹੀਂ ਕਿਹਾ, ਕੁਰਸੀ ਦੇ ਦੇਹ । ਮਤੀ ਦਾਸ ਨੇ ਕੀ ਕਿਹਾ, ਮਤੀ ਦਾਸ ਕਹਿਣ ਲੱਗਾ ਕਿ ਇਹ ਨਹੀਂ ਕਿ ਪਹਿਲਾਂ ਕਿਹਾ ਸੀ, ਹੁਣ ਤੇਰੇ ਮੂੰਹ 'ਤੇ ਵੀ ਕਹਿਨਾ, ਜਿੰਨੇ ਇਕੱਠ 'ਚ ਕਹਿਨਾਂ ਉਥੇ ਵੀ ਕਹਾਂਗਾ । ਮੈਂ ਗੁਰੂ ਤੇਗ ਬਹਾਦਰ ਸਾਹਿਬ ਦਾ ਸਿੱਖ ਹਾਂ । ਜਿਹੜੀ ਗੱਲ ਜ਼ਬਾਨ 'ਚੋਂ ਨਿਕਲ ਗਈ, ਉਹਦੀ ਬਾਬਤ ਸਿਰ ਲਾ ਦਿਆਂਗਾ, ਉਹ ਬਚਨ ਵਾਪਸ ਨਹੀਂ ਲਵਾਂਗਾ । ਕਿਹਾ, ਤੂੰ ਦੱਸ ਕੀ ਚਾਹੁੰਨਾ ? ਲਾਲਚ ਦੇਣੇ ਸ਼ੁਰੂ ਕੀਤੇ, ਲਾਲਚ । ਸਤਿਗੁਰੂ ਅੱਗੇ ਅਰਦਾਸ ਕਰੀਏ, ਬਚਾਵੇ ਸਾਨੂੰ ਸਾਰਿਆਂ ਨੂੰ । ਸਤਿਗੁਰੂ ਸੱਚੇ ਪਾਤਿਸ਼ਾਹ ਸ੍ਰੀ ਦੇ ਪਿਆਰੇ ਨੂੰ ਲਾਲਚ ਦੇਣੇ ਸ਼ੁਰੂ ਕੀਤੇ । ਲਾਲਚ ਕੀ ਦਿੱਤਾ, ਇੱਕ ਨੌਜੁਆਨ ਲੜਕੀ ਨੌਰੰਗੇ ਨੇ ਆਪਣੀ ਸ਼ਿੰਗਾਰ ਕੇ ਲਿਆ ਕੇ ਅੱਗੇ ਖੜ੍ਹੀ ਕਰ ਦਿੱਤੀ ਕਿ ਮਤੀ ਦਾਸ ਤੂੰ ਇੱਕ ਵੇਰਾਂ ਮੂੰਹ 'ਚੋਂ ਕਹਿ ਦੇ ਕਿ ਮੈਂ ਗੁਰੂ ਤੇਗ ਬਹਾਦਰ ਸਾਹਿਬ ਦਾ ਸਿੱਖ ਨਹੀਂ ਹਾਂ । ਦਾਹੜਾ ਕਟਾ ਦੇਹ, ਜ਼ਰਾ ਤੰਬਾਕੂ ਚੱਬ ਲਾ, ਘੁੱਟ ਸ਼ਰਾਬ ਦੀ ਪੀ ਲਾ, ਆਹ ਮੇਰੀ ਲੜਕੀ ਆ, ਹੁਣੇ ਤੇਰੇ ਨਾਲ ਵਿਆਹ, ਨਿਕਾਹ ਕਰ ਦੇਨਾ, ਤੈਨੂੰ ਨਵਾਬ ਬਣਾ ਦਿਆਂਗਾ । ਧੰਨ ਗੁਰੂ ਕੇ ਸਿੱਖ ਆ, ਧੰਨ ਨਮਸਕਾਰ ਆ, ਕੇਵਲ ਕਰੋੜਾਂ ਵੇਰਾਂ ਨਹੀਂ, ਸਵਾਸ ਸਵਾਸ । ਉਹ

ਗੁਰੂ ਦੇ ਸੂਰਬੀਰ ਯੋਧੇ ਨੇ, ਉਸ ਵੇਲੇ ਵੀ ਨੌਰੰਗੇ[ਨੂੰ] ਕਿਹਾ, ਉਏ ਨੌਰੰਗਿਆਂ, ਤੂੰ ਦਿੱਲੀ ਦੇ ਤਖ਼ਤ ਦਾ ਮਾਲਕ ਆਂ, ਤੇਰੇ ਕੋਲੇ ਸ਼ਕਤੀ ਆ ਦੁਨਿਆਵੀ, ਮੈਂ ਉਸ ਗੁਰੂ ਦਾ ਸਿੱਖ ਹਾਂ, ਜਿਸ ਗੁਰੂ ਦੇ ਫੁਰਨੇ ਨਾਲ ਤੇਰੇ ਵਰਗੇ ਪਲ ਵਿੱਚ ਪੈਦਾ ਹੋ ਕੇ, ਖਿਨ ਮਹਿ ਨਾਸ ਕਰ ਦੇਵੇ। ਤੂੰ ਕੌਣ ਆਂ ਮੈਨੂੰ ਭਰਮਾਉਣ ਵਾਲਾ ? ਤੇਰੀ ਲੜਕੀ ਦੇ ਰਿਸ਼ਤੇ ਨੂੰ, ਤੇਰੀ ਲੜਕੀ ਦੇ ਲਾਲਚ ਨੂੰ, ਜੁੱਤੀ ਦੀ ਨੋਕ ਨਾਲ ਠੁਕਰਾਉਂਦਾ ਹਾਂ। ਇਹਨੂੰ ਆਪਣੀ ਨੂੰ ਘਰ ਨੂੰ ਲੈ ਜਾਹ, ਮੈਂ ਸੀਸ 'ਤੇ ਆਰਾ ਤਾਂ ਚਲਵਾ ਲਵਾਂਗਾ, ਆਪਣਾ ਧਰਮ ਨਹੀਂ ਛੱਡਾਂਗਾ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਖ਼ਾਲਸਾ ਜੀ ਭਾਈ ਮਤੀ ਦਾਸ ਨੂੰ ਕਿਹਾ ਗਿਆ ਕਿ ਜਾਹ ਇੱਕ ਵੇਰਾਂ ਗੁਰੂ ਕੋਲੇ ਜਾ ਆਉ। ਸਵੇਰੇ ਆ ਕੇ ਗੱਲ ਕਰਾਂਗੇ ਤੇਰੇ ਨਾਲ। ਗੁਰੂ ਕੋਲੇ, ਗੁਰੂ ਕਾ ਸੂਰਬੀਰ ਯੋਧਾ ਗਿਆ। ਜਾ ਕੇ ਨਮਸਕਾਰ ਕੀਤੀ ਗੁਰਦੇਵ ਜੀ ਨੂੰ, ਮਹਾਰਾਜ ਨੇ ਪੁੱਛਿਆ, ਸੁਣਾ ਮਤੀ ਦਾਸ ਕੀ ਹਾਲ ਆ ? ਸੱਚੇ ਪਾਤਿਸ਼ਾਹ ਚੜ੍ਹਦੀ ਕਲਾ, ਪਰਚਾ ਬੜਾ ਕਰੜਾ। ਮੈਂ ਨਤਿਨਵੇਂ ਨੰਬਰ ਨਹੀਂ ਲੈਣਾ ਚਾਹੁੰਦਾ, ਸੌ ਬਟਾ ਸੌ ਚਾਹੁੰਦਾ ਹਾਂ। ਪਰਚਾ ਕੀ ਆ ਸਿੱਖਾ ? ਸੱਚੇ ਪਾਤਿਸ਼ਾਹ, ਸਵੇਰੇ ਆਰੇ ਨਾਲ ਚੀਰਿਆ ਜਾਣਾ, ਕਿਰਪਾ ਕਰਿਉ। ਮਹਾਰਾਜ ਜੀ ਕਹਿੰਦੇ, ਭਾਈ ਮਤੀ ਦਾਸ.....। ਧੰਨ ਸੱਚੇ ਪਾਤਿਸ਼ਾਹ ਮਹਾਰਾਜ ਜੀ ਕਹਿੰਦੇ, ਭਈ ਮਤੀ ਦਾਸ ਤੂੰ ਜਪੁਜੀ ਸਾਹਿਬ ਦਾ ਨਿਤਨੇਮੀ ਹੈਂ, ਜਪੁਜੀ ਸਾਹਿਬ ਦਾ ਪਾਠ ਕਰੀਂ, ਗੁਰੂ ਨਾਨਕ ਪਾਤਿਸ਼ਾਹ ਜੀ ਤੇਰੀ ਰੱਖਿਆ ਕਰਨਗੇ। ਆਪ ਨਹੀਂ ਕਿਹਾ, ਅਸੀਂ ਕਰਾਂਗੇ। ਕਿੰਨੀ ਨਿਮਰਤਾ। ਭਾਈ ਪਹਿਲਾਂ ਬੋਲ ਕੇ ਗਿਆ ਸੀ ਕਿ ਨਿਮਰਤਾ ਰੱਖਣੀ ਚਾਹੀਦੀ ਆ। ਆਪ ਗੁਰੂ ਹੋਵੇ, ਆਪ ਮਾਲਕ ਹੋਵੇ :

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥

(ਰਾਮਕਲੀ ਵਾਰ, ਰਾਇ ਬਲਵੰਡ, ੯੬੬)

ਸਰੂਪ ਹੋਵੇ। ਇਹ ਨਹੀਂ ਕਿਹਾ ਅਸੀਂ ਰਾਖੀ ਕਰਾਂਗੇ। ਜਪੁਜੀ ਸਾਹਿਬ ਦਾ ਪਾਠ ਕਰੀਂ, ਗੁਰੂ ਨਾਨਕ ਪਾਤਿਸ਼ਾਹ ਜੀ ਤੇਰੀ ਰਾਖੀ ਕਰਨਗੇ, ਤੈਨੂੰ ਦੁੱਖ ਨਹੀਂ ਲੱਗੇਗਾ। ਮਤੀ ਦਾਸ ਨੇ,

'ਬਚਨੁ ਗੁਰੂ ਜੋ ਪੂਰੇ ਕਹਿਓ ਮੈ ਛੀਕਿ ਗਾਂਠਰੀ ਬਾਧਾ ॥'

(ਸਾਰੰਗ ਮ: ੫, ੧੨੦੪)

ਉਹਦੇ ਮੁਤਾਬਕ ਰਿਦੇ ਰੂਪੀ ਫੁੱਲ ਵਿੱਚ, ਪ੍ਰੀਤ ਰੂਪੀ ਗੰਢ ਦੇ ਕੇ। ਭਾਵਨਾ ਰੂਪੀ ਹੱਥਾਂ ਨਾਲ ਕੱਸ ਕੇ, ਬਚਨ ਬੰਨ ਲਿਆ। ਅੰਮ੍ਰਿਤ ਵੇਲਾ ਹੋਇਆ। ਮਤੀ ਦਾਸ ਪਹੁੰਚਿਆ ਹੈ ਚਾਂਦਨੀ ਚੌਂਕ ਵਿੱਚ, ਉਥੇ ਫੇਰ ਪੁੱਛਿਆ ਨੌਰੰਗੇ[ਨੇ], ਪਰ ਭਾਈ ਮਤੀ ਦਾਸ ਨੇ ਕਿਹਾ ਸੀ :

ਸੀਸੁ ਆਰਾ ਪਿਆਰਾ ਲਗਤ ਹੈ ਤੁਸੀ ਕਾਰਾ ਕਰੋ ਬਨਾਏ ॥
ਸਿਰ ਜਾਵੇ ਤਾਂ ਜਾਵੇ ਮੇਰਾ ਸਿਖੀ ਸਿਦਕ ਨਾ ਜਾਏ ॥

ਇਹ ਬਚਨ ਭਾਈ ਮਤੀ ਦਾਸ ਨੇ ਕਹੇ। ਖ਼ਾਲਸਾ ਜੀ ਸੀਸ ਲੱਗ ਗਿਆ। ਭਾਈ ਦਿਆਲਾ ਜੀ ਉਬਾਲੇ ਗਏ। ਭਾਈ ਸਤੀ ਦਾਸ ਨੂੰ ਰੂੰ 'ਚ ਲਪੇਟ ਕੇ ਸਾੜਿਆ ਗਿਆ। ਸਤਿਗੁਰੂ ਸੱਚੇ ਪਾਤਿਸ਼ਾਹ ਜੀ ਦੇ ਨਾਲ ਵਿਚਾਰਾਂ ਹੋਈਆਂ। ਨੌਰੰਗਾ[ਨੇ] ਦੋਹਾਂ ਤੋਂ ਇੱਕ ਕਰਨਾ ਚਾਹੁੰਦਾ ਸੀ। ਸਵਾ ਮਣ ਪੱਕੀਆਂ ਮਿਰਚਾਂ ਕਾਲੀਆਂ ਛਾਣ ਕੇ ਕੱਪੜ ਛਾਣ ਕੀਤੀਆਂ, ਤਿੰਨ ਸਾਬਤ ਨਿਕਲੀਆਂ। ਇਹ ਦ੍ਰਿਸ਼ਟਾਂਤ ਦਿੱਤਾ ਕਿ ਤਿੰਨ ਬਣਨਗੇ। ਖ਼ਾਲਸਾ ਸਾਡਾ ਅੱਗੇ ਪੈਦਾ ਹੋਵੇਗਾ। ਸਤਿਗੁਰੂ ਜੋਤੀ ਜੋਤਿ ਸਮਾਏ। ਚੋਜੀ ਪ੍ਰੀਤਮ ਕੋਲੇ ਸੁਨੇਹਾ ਪਹੁੰਚਿਆ ਤੇ ਅੱਜ ਦਿੱਲੀ 'ਚ ੧੪ ਸੌ ਘਰ ਵਿੱਚੋਂ ਕਿਸੇ ਨੇ ਉੱਠ

ਕੇ ਜ਼ੁਰਅਤ ਨਹੀਂ ਕੀਤੀ। ਡੌਂਡੀ ਪਿੱਟੀ ਗਈ ਕਿ ਜੋ ਕੋਈ ਗੁਰੂ ਤੇਗ ਬਾਹਦਰ ਜੀ ਦਾ ਸਿੱਖ ਹੈ ਤੇ ਉੱਠ ਕੇ ਗੁਰੂ ਕੇ ਧੜ ਦਾ ਸਸਕਾਰ ਕਰੇ, ਪਰ ਲੱਖੀ ਸ਼ਾਹ ਨੇ ਬਹਾਨੇ ਦੇ ਨਾਲ ਗੁਰੂ ਸਾਹਿਬ ਦਾ ਧੜ ਲਿਜਾ ਕੇ ਰਕਾਬ ਗੰਜ ਵਾਲੇ ਥਾਂ 'ਤੇ ਆਪਣੇ ਘਰ ਵਿੱਚ ਰੱਖ ਕੇ, ਚੰਦਾ ਲਾ ਕੇ ਸਮੇਤ ਧੜ ਦੇ ਸਸਕਾਰ ਕਰ ਦਿੱਤਾ। ਸਤਿਗੁਰੂ ਸੱਚੇ ਪਾਤਿਸ਼ਾਹ ਦੇ ਪਾਸ ਭਾਈ ਜੈਤਾ ਜੀ ਪਹੁੰਚੇ। ਜਿਹਨਾਂ ਦਾ ਨਾਂਅ ਅੰਮ੍ਰਿਤ ਛਕ ਕੇ ਜੀਵਨ ਸਿੰਘ ਬਣਿਆ। ਚੋਜੀ ਪ੍ਰੀਤਮ ਨੇ

'ਰੰਘਰੇਟੇ ਗੁਰੂ ਕੇ ਬੇਟੇ'

ਕਹਿਕੇ ਛਾਤੀ ਨਾਲ ਲਾਇਆ। ਹੋ ਕੀ ਰਿਹਾ ਹੁਣ ਅਨੰਦਪੁਰ, ਸੀਸ ਪਹੁੰਚ ਗਿਆ, ਸੰਗਤਾਂ ਅੱਜ ਬਹੁਤ ਜ਼ਿਆਦਾ ਇਕੱਠੀਆਂ , ਸੀਸ ਪਿਤਾ ਦਾ ਪੁੱਤਰ ਦੀ ਝੋਲੀ ਵਿੱਚ ਹੈ। ਅੰਗੀਠਾ ਬਣਿਆ ਹੋਇਆ। ਸੀਸ ਅੰਗੀਠੇ 'ਤੇ ਰੱਖ ਦਿੱਤਾ, ਅਰਦਾਸ ਅਕਾਲ ਪੁਰਖ ਅੱਗੇ ਕਰਕੇ। ਪਿਤਾ ਗੁਰੂ ਦੇ ਸੀਸ ਨੂੰ ਪੁੱਤਰ ਗੁਰੂ ਨੇ ਚੰਦਾ ਲਾ ਦਿੱਤਾ। ਇੱਕੋ ਇੱਕ ਗੁਰੂ ਤੇਗ ਬਹਾਦਰ ਸਾਹਿਬ ਜੀ ਹਨ ਦੁਨੀਆ ਦੇ ਵਿੱਚ, ਜਿਹਨਾਂ ਦੇ ਸਰੀਰ ਦਾ ਸਸਕਾਰ ਦੋ ਥਾਂਵਾਂ 'ਤੇ ਹੋਇਆ। ਨਹੀਂ ਤੇ ਕਿਸੇ ਰਹਿਬਰ ਤੇ ਕਿਸੇ ਮਨੁੱਖ ਦਾ ਸਸਕਾਰ ਦੋ ਥਾਂਵਾਂ 'ਤੇ ਕਦੇ ਨਹੀਂ ਹੋਇਆ। ਇੱਕੋ ਗੁਰੂ ਦਾ ਸਸਕਾਰ ਦੋ ਥਾਂਵਾਂ 'ਤੇ ਪਰ ਧੰਨ ਸੱਚੇ ਪਾਤਿਸ਼ਾਹ ਜੀ ਕੀ ਕਹਿ ਰਹੇ ਆ, ਪਿਤਾ ਦਾ ਸਸਕਾਰ ਹੁੰਦਾ ਵੇਖ ਕੇ, ਉਸ ਵੇਲੇ ਸਤਿਗੁਰੂ ਨੇ ਬਚਨ ਕੀਤੇ ਕਿ ਖ਼ਾਲਸਾ ਜੀ ਅੱਜ ੧੪ ਸੌ ਘਰ ਵਿੱਚੋਂ ਸਾਡੇ ਪਿਤਾ ਨੂੰ ਗੁਰੂ ਕਹਿਣ ਨੂੰ ਕੋਈ ਤਿਆਰ ਨਹੀਂ ਹੋਇਆ। ਗੁਰੂ ਕਾ ਸਿੱਖ ਕਹਾਉਣ ਨੂੰ ਕੋਈ ਤਿਆਰ ਨਹੀਂ ਹੋਇਆ। ਇੰਨੀ ਕਾਇਰਤਾ ਤੇ ਬੁਜ਼ਦਿਲੀ ਦਿਲਾਂ 'ਚ ਛਾ ਗਈ ਆ। ਹਕੂਮਤ ਦੇ ਬੱਲੇ ਕੌਮ ਲੱਗ ਗਈ ਆ। ਸਮਾਂ ਆਵੇਗਾ, ਅਸੀਂ ਆਪਣੇ ਪਿਤਾ ਦਾ ਬਦਲਾ ਵੀ ਲਵਾਂਗੇ ਤੇ ਐਸੀ ਕੌਮ ਵਿੱਚ ਰੂਹ ਫੂਕਾਂਗੇ। ਦੱਸਣ ਦੀ ਲੋੜ ਨਹੀਂ ਪਵੇਗੀ, ਦਸਵੇਂ ਪਾਤਿਸ਼ਾਹ ਦਾ ਸਿੱਖ ਕਿਹੜਾ ? ਲੱਖਾਂ 'ਚ ਇੱਕ ਸਿੱਖ ਸਾਡਾ ਖੜਾ ਹੋਇਆ, ਬਿਨਾਂ ਦੱਸਣ ਤੋਂ ਪਤਾ ਲੱਗੇਗਾ, ਕਲਗੀਧਰ ਦਾ ਪੁੱਤਰ ਹੈ।

ਖ਼ਾਲਸੇ ਦੀ ਸਾਜਨਾ

ਉਹ ਖ਼ਾਲਸਾ ਜੀ ਸਮਾਂ ਆਇਆ, ੧੭੫੬ ਬਿਕਰਮੀ, ੧੬੯੯ ਈ. ਵਿਸਾਖੀ ਦਾ ਦਿਨ, ਬਹੁਤ ਵੱਡਾ ਇਕੱਠ ਕੀਤਾ, ਇਕੱਠ ਵਿੱਚ ਸ੍ਰੀ ਸਾਹਿਬ ਖਿੱਚ ਲਈ, ਗਾਤਰੇ ਵਾਲੀ ਸੀ ਤਾਂ ਖਿੱਚੀ ਨਾ, ਕੰਘੇ ਵਾਲੀ ਹੁੰਦੀ ਤਾਂ ਕਾਹਦੇ 'ਚੋਂ ਖਿੱਚਣੀ ਸੀ। ਗਾਤਰੇ ਵਾਲੀ ਸ੍ਰੀ ਸਾਹਿਬ ਖਿੱਚ ਲਈ। ਖਿੱਚ ਕੇ ਸ੍ਰੀ ਸਾਹਿਬ ਨਾਲ ਕਿਹਾ ਕਿ ਖ਼ਾਲਸਾ ਜੀ, ਸਾਨੂੰ ਇੱਕ ਸਿਰ ਦੀ ਲੋੜ ਹੈ। ਇਹ ਨਹੀਂ ਕਿਹਾ ਕਿਸੇ ਬੀਬੀ ਦੇ ਸਿਰ ਦੀ ਲੋੜ ਹੈ, ਕਿਸੇ ਮਰਦ ਦੇ ਸਿਰ ਦੀ ਲੋੜ ਹੈ ਜਾਂ ਕਿਹੜੀ ਕੌਮ ਦੇ ਸਿਰ ਦੀ ਲੋੜ ਹੈ, ਕਿਹੜੀ ਪਾਰਟੀ ਦੇ ਸਿਰ ਦੀ ਲੋੜ ਆ, ਨਹੀਂ, ਇੱਕ ਸਿਰ ਦੀ ਲੋੜ ਆ। ਸਿਰ ਦਿੱਤਾ ਭਾਈ ਦਇਆ ਸਿੰਘ ਜੀ ਨੇ, ਦਇਆ ਰਾਮ ਸੀ ਪਹਿਲਾਂ ਭਾਵੇਂ ਨਾਂਅ, ਅੰਮ੍ਰਿਤ ਛਕ ਕੇ ਦਇਆ ਸਿੰਘ ਬਣ ਗਏ। ਤੰਬੂ ਵਿੱਚ ਲੈ ਗਏ, ਤਲਵਾਰ ਨਾਲ ਝਟਕਾ ਦਿੱਤਾ। ਸੀਸ ਜੁਦਾ ਕਰ ਦਿੱਤਾ ਧੜ ਤੋਂ। ਮੈਂ ਆਪਣੇ ਲਿਖਾਰੀ ਭਾਈਆਂ ਨੂੰ ਤੇ ਢਾਡੀ ਭਾਈਆਂ ਨੂੰ ਵੀ ਜ਼ਰੂਰ ਕਹਾਂਗਾ। ਕਈ ਵਾਰੀ ਕਹਿੰਦੇ ਜੀ ਬੱਕਰੇ ਵੱਢੇ ਆ। ਕਿਸੇ ਇਤਿਹਾਸ ਵਿੱਚ ਬੱਕਰੇ ਦੀ ਕੀਮਤ ਕੋਈ ਦੱਸ ਸਕਦਾ, ਭਈ ਕਿੰਨੇ ਰੁਪਏ ਦਾ ਲਿਆਂਦਾ ਸੀ ਇੱਕ ਬੱਕਰਾ ? ਕੋਈ ਦੱਸ ਸਕਦਾ ਦੇਣ ਵਾਲਾ ਕੌਣ

ਸੀ, ਲਿਜਾਣ ਵਾਲਾ ਕੌਣ ਸੀ ? ਕਿਹੜੀ ਮੰਡੀ ਤੋਂ ਖਰੀਦੇ, ਉਹਨਾਂ ਦਾ ਹੁਲੀਆ ਕੀ ਸੀ ? ਉਹ ਐਨਾ ਝੂਠ ਬੋਲੀ ਜਾਨੇ, ਸਿੱਖ ਹੋ ਕੇ। ਜਿਹਦਾ ਗੁਰੂ ਪਖੰਡੀ ਆ, ਜਿਸਦਾ ਗੁਰੂ ਫਰੇਬੀ ਆ, ਉਹਦਾ ਪੁੱਤ, ਕਦੇ ਸਰਹੰਦ ਦੀ ਕੰਧ 'ਚ ਖਲੋ ਕੇ ਨਹੀਂ ਕਹਿ ਸਕਦਾ :

ਸਿਰ ਜਾਵੇ ਤਾਂ ਜਾਵੇ, ਮੇਰਾ ਸਿੱਖੀ ਸਿਦਕ ਨਾ ਜਾਵੇ ॥

ਗਾਂਧੀ ਨੂੰ ਬਾਪੂ ਕਹਿਣ ਵਾਲੇ

ਮੈਨੂੰ ਅਫ਼ਸੋਸ ਨਾਲ ਕਹਿਣਾ ਪੈਂਦਾ। ਮੈਂ ਗੁੱਸੇ ਨਾਲ ਤੇ ਨਹੀਂ ਕਹਿੰਦਾ, ਅਫ਼ਸੋਸ ਨਾਲ ਕਹੂੰਗਾ, ਕਿਉਂਕਿ ਛੋਟਾ ਆਂ। ਪਿੱਛੋਂ ਕਈ ਵਾਰੀ ਕਹਿ ਵੀ ਦਿੰਦੇ ਆ ਕਿ ਤੂੰ ਕਿਉਂ ਸਾਨੂੰ ਝਿੜਕਿਆ ? ਓ ਬੁਲਾਰੇ ਤੇ ਪ੍ਰੇਮੀ ਭਾਈਓ ਤੇ ਵਿਦਿਆਰਥੀਓ, ਖਾਸ ਕਰਕੇ ਤੁਹਾਨੂੰ ਮੈਂ ਜ਼ਰੂਰ ਕਹਾਂਗਾ ਅੱਜ। ਹਿੰਦੁਸਤਾਨ ਦਾ ਬਾਪੂ, ਸਾਡੇ ਮੀਤ ਪ੍ਰਧਾਨ ਨੇ ਬੋਲਿਆ ਸੀ। ਉਹ ਬਾਪੂ ਬਾਹਮਣਾਂ ਦਾ ਹੋਵੇਗਾ, ਸਾਡਾ ਬਾਪੂ ਤੇ ਗੁਰੂ ਗਰੰਥ ਸਾਹਿਬ ਆ।

ਸਤਿਗੁਰ ਸਾਹਿਬ ਛਡ ਕੈ ਮਨਮੁਖ ਹੋਇ ਬੰਦੇ ਦਾ ਬੰਦਾ॥

(ਵਾਰਾਂ ਭਾਈ ਗੁਰਦਾਸ ਜੀ, ੧੫-੪-੧)

ਨਹੀਂ ਬਣਨਾ ਸਿੱਖ ਨੇ। ਜਿਹਨੂੰ ਲੋਕਾਂ ਨੇ ਰਾਸ਼ਟਰੀ ਬਾਪੂ ਕਹਿ ਦਿੱਤਾ, ਲਾਲਚੀਆਂ ਨੇ, ਉਹ ਰਾਸ਼ਟਰੀ ਬਾਪੂ ਪਖੰਡੀ ਦੇ ਚਰਖੇ ਨਾਲ ਹਿੰਦੁਸਤਾਨ ਆਜ਼ਾਦ ਹੋਇਆ ? ਫਾਂਸੀ 'ਤੇ ਭਗਤ ਸਿੰਘ ਲਟਕਿਆ। ਓਡਵਾਇਰ ਨੂੰ ਮਾਰਨ ਵਾਸਤੇ ਊਧਮ ਸਿੰਘ ਪਹੁੰਚਿਆ। ਓਏ ੬ ਗੋਲੀਆਂ ਦੇ ਨਾਲ ਵੱਖੀ ਵਿੱਚ ਦੀ ਲੰਘਾ ਕੇ ਆਜ਼ਾਦੀ ਮਿਲੀ ਕਿ ਚਰਖੇ ਦੀਆਂ ਫੱਟੀਆਂ ਨਾਲ ਮਿਲੀ ਆ ? ਤੋਪ ਦਾ ਗੋਲਾ ਵੱਜਿਆ, ਫੱਟੀ ਉੱਡੀ ਬਾਰਡਰ ਤੋਂ, ਦਿੱਲੀਓਂ ਉਰਾਂ ਖਲੋਂਦੀ ਨਹੀਂ। ਉਥੇ ਕਛਹਿਰਿਆਂ ਵਾਲੇ ਤੇ ਦਾਹੜਿਆਂ ਵਾਲੇ ਤੇ ਗਾਤਰੇ ਕ੍ਰਿਪਾਨਾਂ ਤੇ ਸਿੰਘ ਨਾਂਅ ਵਾਲੇ ਸੀਸ ਤਲੀ 'ਤੇ ਰੱਖਣ ਵਾਲੇ ਲੜਨ ਤੇ ਰਾਸ਼ਟਰੀ ਬਾਪੂ ਇਹਨਾਂ ਦਾ ਗਾਂਧੀ। ਇਹ ਰੱਖੀ ਫਿਰਨ ਆਪ ਦਾ। ਕੁਝ ਅਕਲ ਤੋਂ ਕੰਮ ਲਿਆ ਕਰੋ ਬੋਲਣ ਲੱਗੇ।

ਸਤਿਗੁਰੂ ਗੋਬਿੰਦ ਸਿੰਘ ਸਾਹਿਬ ਸੱਚੇ ਪਾਤਿਸ਼ਾਹ ਜੀ ਨੇ, ਜਿਸ ਵੇਲੇ ਖ਼ਾਲਸੇ ਦਾ ਸੀਸ ਧੜ ਤੋਂ ਜੁਦਾ ਕਰਕੇ, ਅੰਮ੍ਰਿਤ ਦੇ ਬਾਟੇ ਕੋਲੇ ਲਿਜਾ ਕੇ ਯੂਨਟੀ ਪੈਦਾ ਕੀਤੀ, ਏਕਤਾ ਪੈਦਾ ਕੀਤੀ। ਕਿਹਨੇ ਕੀਤੀ ? ਕੈਂਚੀ ਤੇ ਪਛਣਾ ਦੁਬਧਾ ਤੇ ਫਿਰਕਾਪ੍ਰਸਤੀ ਦੇ ਪ੍ਰਤੀਕ ਆ। ਕ੍ਰਿਪਾਨ ਏਕਤਾ ਦੀ ਪ੍ਰਤੀਕ ਆ ਨੌਜੁਆਨੋਂ। ਜਿਸ ਤੋਂ ਅੱਜ ਤੁਸੀਂ ਜਿਵੇਂ ਤੀਰ ਤੋਂ ਕਾਂ ਚੱਲਦਾ, ਇਸ ਤਰ੍ਹਾਂ ਤੁਸੀਂ ਡਰਦੇ ਓ ਕ੍ਰਿਪਾਨ ਪਾਉਣ ਤੋਂ। ਇੱਕੋ ਇੱਕ ਕ੍ਰਿਪਾਨ, ਸ੍ਰੀ ਸਾਹਿਬ ਹੈ ਜੋ ਸਾਰਿਆਂ ਨੂੰ ਇੱਕ ਥਾਂ ਬੈਠਾਉਣ ਵਾਲੀ ਆ ਤੇ ਪਛਣੇ ਤੇ ਕੈਂਚੀ ਨਾਲ ਮੂੰਹ ਸਿਰ ਮੁੰਨ ਦੇਈਏ ਹਿੰਦੂ ਬਣ ਜਾਂਦਾ, ਲਵਾਂ ਕੱਟ ਕੇ ਸੁਨਤ ਕਰ ਦੇਈਏ ਮੁਸਲਮਾਨ ਬਣ ਜਾਂਦਾ ਤੇ ਕ੍ਰਿਪਾਨ ਨਾਲ ਸਿਰ ਵੱਢ ਕੇ ਅੰਮ੍ਰਿਤ ਦੇ ਬਾਟੇ ਕੋਲ ਲੈ ਜਾਈਏ ਤੇ ਗੁਰੂ ਦਾ ਮਾਲਕ ਬਣ ਜਾਂਦਾ। ਮਹਾਰਾਜ ਕਹਿੰਦੇ ਹਨ :

ਰਹਿਣੀ ਰਹਹਿ ਸੋਈ ਸਿਖ ਮੇਰਾ ॥
ਉਹ ਸਾਹਿਬ ਮੈ ਉਸ ਕਾ ਚੇਰਾ ॥

ਇਹ ਕ੍ਰਿਪਾਨ ਨਾਲ ਮਿਲਿਆ ਸੀ ਕਿ ਕੈਂਚੀ-ਪਛਣੇ ਨਾਲ ਮਿਲਿਆ ਸੀ।

ਦਸਮੇਸ਼ ਪਿਤਾ ਜੀ ਦਾ ਬਾਹਮਣ ਨੂੰ ਜਵਾਬ

ਸਤਿਗੁਰੂ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ ਜੀ ਬਾਣੀ ਰਚ ਰਹੇ ਹਨ, ਬਾਹਮਣ ਆ ਗਿਆ। ਬਾਹਮਣ ਆ ਕੇ ਕਹੀ ਗਿਆ, ਕਹੀ ਗਿਆ। ਜੀ ਤੁਸੀਂ ਪੰਡਿਤਾਂ 'ਚੋਂ ਹੋ ? ਜੀ ਤੁਸੀਂ ਹਿੰਦੂਆਂ 'ਚੋਂ ਹੋ ? ਤੁਸੀਂ ਬ੍ਰਾਹਮਣਾਂ 'ਚੋਂ ਹੋ ? ਮਹਾਰਾਜ ਕਹਿੰਦੇ ਜਾ ਗੁਰਮੁਖਾ ਤੂੰ ਜਿਹੜਾ ਕੁਝ ਕਹਿਣਾ ਸੀ ਕਹਿ ਲਿਆ, ਹੁਣ ਤੁਰਦਾ ਹੋ ਇਥੋਂ। ਹਟਿਆ ਈ ਨਾ। ਮਹਾਰਾਜ ਕਹਿੰਦੇ,

'ਛਤ੍ਰੀ ਕੋ ਪੂਤ ਹੌ ਬਾਮਨ ਕੋ ਨਾਹਿ ॥'

ਮੈਂ ਛੱਤਰੀ ਦਾ ਪੁੱਤਰ ਹਾਂ ਕਿਸੇ ਬਾਹਮਣ ਬ੍ਰਹਮਣ ਦਾ ਪੁੱਤਰ ਨਹੀਂ ਤੇ ਦਸਵੇਂ ਪਾਤਿਸ਼ਾਹ ਨਾਲੋਂ ਜ਼ਿਆਦਾ ਸਿਆਣਾ ਬੋਲਣ ਵਾਲਾ। ਦਸਵੇਂ ਪਾਤਿਸ਼ਾਹ ਵੰਗਾਰ ਕੇ ਕਹਿ ਰਹੇ (ਨੇ) ਮੈਂ ਛੱਤਰੀ ਦਾ ਪੁੱਤ ਨਹੀਂ। ਇੱਕ ਅਖ਼ਬਾਰ, ਇੱਕ ਮੈਗਜ਼ੀਨ, ਇੱਕ ਇਸ਼ਤਿਹਾਰ, ਇੱਕ ਰੇਡੀਓ ਤੇ ਟੈਲੀਵਿਜ਼ਨ ਵਿਖਾਉ, ਜਿਹਦੇ 'ਤੇ ਸਿੱਖ ਹਿੰਦੂ ਏਕਤਾ ਕਦੇ ਬੋਲਿਆ ਗਿਆ ਹੋਵੇ ਤੇ ਦਿਨੇ ਰਾਤ ਤੁਹਾਡਾ ਰਾਗ ਚੱਲਦਾ ਹਿੰਦੂ ਸਿੱਖ ਏਕਤਾ, ਹਿੰਦੂ ਸਿੱਖ ਏਕਤਾ। ਉਹ ਕਹਿੰਦਾ ਪੂਰਾ ਤੋਲੀਏ, ਉਹ ਕਹਿੰਦਾ ਫੜੇ ਨਾ ਚੜੀਂ। ਇਹ ਹਿੰਦੂ ਸਿੱਖ ਏਕਤਾ ? ਦਸਮੇਸ਼ ਪਿਤਾ ਦੇ ਪੁੱਤਰ ਹਾਂ।

ਟਕਸਾਲ ਦੀ ਗੱਲ ਚੱਲੀ ਸੀ। ਮੈਂ ਕਿਸੇ 'ਤੇ ਕਿੰਤੂ ਪ੍ਰੰਤੂ ਨਹੀਂ ਕਰਦਾ, ਮੇਰੇ ਮਨ 'ਚ ਸਤਿਕਾਰ ਆ ਸਿੱਖੀ ਧਰਮ ਵਾਸਤੇ ਤੇ ਸਿੱਖੀ ਧਰਮ 'ਤੇ ਚੱਲਣ ਵਾਲੇ ਸਾਰਿਆਂ ਵਾਸਤੇ। ਮੈਂ ਭਾਈ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਖ਼ੁਸ਼ਾਮਦ ਦਾ ਸੁਭਾਅ ਛੱਡ ਦਿਉ। ਲੌਂਗੋਵਾਲ ਦਾ ਮੈਂ ਸਤਿਕਾਰ ਕਰਦਾ ਰਿਹਾ ਤੇ ਹੈ ਜਿੰਨਾ ਕੁ ਗੁਰੂ ਰਖਾਉਂਦਾ ਮੇਰਾ ਕਿਸੇ ਤੇ ਕੋਈ ਜ਼ਾਤੀ ਤੌਰ 'ਤੇ ਵਿਰੋਧ ਨਹੀਂ, ਪਰ ਜੇ ਮੈਂ ਪੱਪੂ ਸਾਹਿਬ ਨੂੰ ਪੁੱਛ ਲਵਾਂ, ਕੁੱਕੂ ਸਾਹਿਬ ਜੀ ਨੂੰ, ਟਕਸਾਲ ਬਾਰੇ ਗੱਲ ਉਹਨਾਂ ਕੋਲੋ ਕਰ ਲਿਆ ਕਰੋ, ਜਦੋਂ ਟਕਸਾਲੀ ਕੋਲੇ ਨਾ ਬੈਠ ਹੋਣ, ਮੈਂ ਟਕਸਾਲੀ ਆਂ। ਸੰਤ ਹਰਚੰਦ ਸਿੰਘ ਜੀ ਠੀਕ ਆ ਲੌਂਗੋਵਾਲ ਜੰਮੇ ਹਨ। ਉਥੋਂ ਦੇ ਲੋਕਾਂ ਮੁਤਾਬਕ ਭਾਗਾਂ ਵਾਲੀ ਉਹ ਧਰਤੀ ਆ। ਉਸ ਧਰਤੀ 'ਤੇ ਮੇਰਾ ਕਰੋੜਾਂ ਵਾਰੀ ਸੁਆਸ ਸੁਆਸ ਮੱਥਾ ਝੁਕਦਾ। ਬਾਬਾ ਦੀਪ ਸਿੰਘ ਜੀ ਦੀ ਟਕਸਾਲ 'ਤੇ ਮੈਂ ਚੌਦਵੇਂ ਥਾਂ ਹਾਂ, ਪਰ ਮੇਰੀ ਕਰਨੀ ਬਾਬਾ ਦੀਪ ਸਿੰਘ ਵਾਲੀ ਨਹੀਂ। ਕਰਨੀ ਮੇਰੀ ਢੀਠਾਂ ਵਾਲੀ ਆ, ਉਹ ਸੰਗਤ ਬਖ਼ਸ਼ ਲਿਉ। ਬਾਬਾ ਮਨੀ ਸਿੰਘ ਜੀ ਟਕਸਾਲ ਦੇ ਮੋਢੀ, ਐਸ ਵੇਲੇ ਬਾਬਾ ਕਰਤਾਰ ਸਿੰਘ ਜੀ ਨੇ, ਸੱਤੋਵਾਲੀ ਗਲੀ ਵਾਲੇ ਸਰਦਾਰ ਜੀ। ਬਾਬਾ ਮਨੀ ਸਿੰਘ ਸਾਹਿਬ ਜੀ ਦੀ ਟਕਸਾਲ ਵਿੱਚ ਪੀੜੀ ਦਰ ਪੀੜੀ ਚੱਲ ਰਹੀ ਆ ਨਾ ਅੰਮ੍ਰਿਤਸਰ ਤੋਂ, ਉਹਦੀ ਟਕਸਾਲ ਦੇ ਮੋਢੀ ਬਾਬਾ ਅਮੀਰ ਸਿੰਘ ਤੋਂ ਪਿੱਛੋਂ, ਬਾਬਾ ਕਰਤਾਰ ਸਿੰਘ ਜੀ ਆ ਸੱਤੋ ਵਾਲੀ ਗਲੀ ਵਾਲੇ ਤੇ ਬਾਬਾ ਦੀਪ ਸਿੰਘ ਦੀ ਟਕਸਾਲ ਉਹ ਤੁਹਾਡੇ ਕੋਲ ਬੈਠੀ ਆ, ਚੱਲ ਰਹੀ ਆ। ਖ਼ੁਸ਼ਾਮਦ ਦੀ ਵੀ ਕੋਈ ਹੱਦ ਹੁੰਦੀ ਆ। ਆ ਜਿੰਨਾਂ ਨੌਜੁਆਨ ਵਰਗ ਬੈਠਾ, ਮੈਨੂੰ ਕਿਸੇ ਹੋਰ ਨਾਲ ਜੋੜ ਦਿਉਂ, ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਨੂੰ ਕਿਸੇ ਹੋਰ ਨਾਲ ਜੋੜ ਦਿਉਂ ਤੇ ਜਿਹੜੇ ਇਹਨਾਂ ਦੋਹਾਂ ਟਕਸਾਲਾਂ ਦੇ ਸੇਵਾਦਾਰ ਮੌਕੇ 'ਤੇ ਹੋਣ, ਉਹਨਾਂ ਨੂੰ ਕਿਹਦੇ ਨਾਲ ਜੋੜੋਗੇ ? ਉਹਨੂੰ ਕਿਹਦੇ ਨਾਲ ਜੋੜੋਗੇ ?

ਧਰਮ ਯੁੱਧ ਮੋਰਚਾ ਚੱਲ ਰਿਹਾ। ਕੋਈ ਸੰਪਰਦਾ ਹੈ, ਕੋਈ ਜਥੇਬੰਦੀ ਹੈ। ਚਾਹੇ ਨਿਹੰਗ ਸਿੰਘ ਹਨ, ਚਾਹੇ ਕਾਰ ਸੇਵਾ ਵਾਲੇ ਹਨ। ਚਾਹੇ ਕਥਾ ਵਾਲੇ ਹਨ ਤੇ ਚਾਹੇ ਕੀਰਤਨ ਵਾਲੇ ਹਨ

ਤੇ ਚਾਹੇ ਤੁੰਬੀਆਂ ਫੜ ਕੇ ਪਿੰਡਾਂ 'ਚੋਂ ਮੰਗ ਕੇ ਖਾਣ ਵਾਲੇ ਹਨ। ਐਸ ਵੇਲੇ ਧਰਮ ਯੁੱਧ ਮੋਰਚੇ ਦੇ ਵਿੱਚ ਤੇ ਇਹਦੀ ਸੰਪੂਰਨਤਾ ਵਾਸਤੇ ਅਨੰਦਪੁਰ ਮਤੇ 'ਤੇ ਚੱਲਦਿਆਂ ਹੋਇਆਂ, ਅਨੰਦਪੁਰ ਦੀ ਧਾਰਨਾ ਦੇ ਅਧੀਨ, ਇੱਕ ਇੱਕ ਸਿੱਖ ਦਾ ਬੱਚਾ ਇੰਦਰਾ ਦੇ ਪੈਰੋਕਾਰਾਂ ਨੂੰ ਛੱਡ ਕੇ ਮਰਨ ਨੂੰ ਤਿਆਰ ਹੈ। ਆਹ ਟੇਢੀਆਂ-ਵਿੰਗੀਆਂ ਜਿਹੀਆਂ ਗੱਲਾਂ ਕਰਨ ਵਾਲੇ ਸਿੱਖ ਆ ? ਸਿੱਖੀ ਦਾ ਅਸੂਲ ਹੈ ? ਖ਼ਾਲਸਾ ਜੀ ਬੇਨਤੀ ਕਰਾਂਗਾ, ਕਿਹਾ ਜਾਂਦਾ, ਹੁਣੇ ਮੈਂ ਸੁਣਿਆ ਸੀ। ਫੈਡਰੇਸ਼ਨ, ਅਕਾਲੀ ਦਲ ਤੇ ਭਿੰਡਰਾਂਵਾਲੇ ਦਾ ਨਾਂਅ ਆਉਂਦਾ ਸੀ ਟੈਲੀਵੀਜ਼ਨ 'ਤੇ। ਇਹ ਬੀ.ਬੀ.ਸੀ. ਲੰਡਨ, ਸ਼ਾਇਦ ਕਹਿੰਦੇ ਉਥੋਂ ਆਉਂਦਾ ਸੀ, ਹੁਣ ਵੀ ਆਉਂਦਾ ਤੇ ਆਉਂਦਾ ਰਹੇਗਾ। ਇਹਦੇ ਵਿੱਚ ਕੋਈ ਫਰਕ ਨਹੀਂ ਪੈਣ ਲੱਗਾ। ਉੱਪਰੋਂ ਬੁਕਲ ਮਾਰ ਕੇ ਬਹਿ ਜਾਈਏ, ਅੰਦਰੋਂ ਛੁਰੀ ਵਗਾਈਏ। ਗੁਰੂ ਕੀ ਬਾਣੀ ਦਾ ਫੈਸਲਾ ਹੈ,

ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥

(ਆਸਾ ਫਰੀਦ, ੪੮੮)

ਗੁਰੂ ਕੀ ਬਾਣੀ ਦਾ ਫੈਸਲਾ, ਮੇਰਾ ਨਹੀਂ। ੧੮ ਮਹੀਨੇ ਤੋਂ ਉੱਪਰ ਹੋ ਗਏ ਮੋਰਚਾ ਲੱਗੇ ਨੂੰ। ਇੱਕ ਸਿੱਖ ਤੁਹਾਡੇ ਵਿੱਚੋਂ ਉੱਠ ਕੇ ਮੈਨੂੰ ਚੈਲੰਜ ਕਰ ਸਕਦਾ, ਤੁਹਾਨੂੰ ਅਧਿਕਾਰ ਆ, ਮੈਂ ਤੁਹਾਡਾ ਚੌਕੀਦਾਰ ਆਂ। ਮੈਂ ਤੁਹਾਡਾ ਸੰਤ ਨਹੀਂ, ਮੈਂ ਤੁਹਾਡਾ ਲੀਡਰ ਨਹੀਂ। ਤੁਹਾਡੇ ਦਰ ਦਾ ਕੁੱਤਾ ਹਾਂ, ਗੁਰੂ ਕੀ ਸੰਗਤ ਦੇ ਦਰ ਦਾ ਕੂਕਰ ਹਾਂ। ਇੱਕ ਬੰਦਾ ਉੱਠ ਕੇ ਕਹੋ ਅਠਾਰਾਂ ਮਹੀਨਿਆਂ ਵਿੱਚ, ਥੱਲੇ ਵਾਲੇ ਚੌਕੀਦਾਰ ਤੋਂ ਲੈ ਕੇ ਉੱਪਰ ਡਿਕਟੇਟਰ ਤੱਕ, ਇੱਕ ਵੀ ਅਖ਼ਬਾਰ ਵਿੱਚ ਕਦੇ ਮੇਰੇ ਮੂੰਹ 'ਚੋਂ ਕਿਸੇ ਦੇ ਵਿਰੁੱਧ ਖ਼ਬਰ ਸੁਣੀ ਆਂ ? ਕਦੇ ਮੇਰੇ ਮੂੰਹ ਤੋਂ ਕਿਸੇ ਲੀਡਰ ਦੇ, ਕਿਸੇ ਵਰਕਰ ਦੇ, ਕਿਸੇ ਮੈਂਬਰ ਦੇ ਵਿਰੁੱਧ, ਕਦੇ ਕਿਸੇ ਨੇ ਅਵਾਜ਼ ਸੁਣੀ ਤਾਂ ਉੱਠ ਕੇ ਕਹੋ ? ਟੇਪ ਰਿਕਾਰਡ ਦੇ ਦਿਉ, ਅਖ਼ਬਾਰ ਦੇ ਦਿਉ, ਇਸ਼ਤਿਹਾਰ ਦੇ ਦਿਉ। ੧੮ ਮਹੀਨਿਆਂ ਵਿੱਚ ਇੱਕ ਵੀ ਖ਼ਬਰ ਮੇਰੇ ਵੱਲੋਂ ਕਿਸੇ ਦੇ ਵਿਰੁੱਧ, ਸਿੱਖਾਂ ਨੂੰ ਮੁੱਖ ਰੱਖ ਕੇ ਕਹਿ ਰਿਹਾਂ। ਕਿਸੇ ਲਾਲੇ ਦੇ ਵਿਰੁੱਧ ਨਾ ਕਹਿ ਦਿਉ, ਇਹ ਤਾਂ ਮੈਂ ਦੇਣੀ ਹੀ ਦੇਣੀ ਆਂ। ਕਿਸੇ ਸਿੱਖ ਦੇ ਵਿਰੁੱਧ ਕਹੁ ਮੈਂ ਅਵਾਜ਼ ਉਠਾਈ ਆ। ਸਿੱਖੀ ਦੇ ਵਿਰੋਧੀਆਂ ਦੇ ਵਿਰੁੱਧ ਅਵਾਜ਼ ਜ਼ਰੂਰ ਉਠਾਈ ਆ। ਇਹ ਸੁਭਾਅ ਖੁਸ਼ਾਮਦ ਦਾ ? ਗੱਲਾਂ ਭਿੰਡਰਾਂਵਾਲੀ ਟਕਸਾਲ ਨਾਲ ਤੇ ਚਮਚਾ-ਗਿਰੀਆਂ ?

ਸੰਤ ਜਰਨੈਲ ਸਿੰਘ ਦਾ ਪ੍ਰੋਗਰਾਮ

ਮੈਂ ਬੇਨਤੀ ਕਰਾਂਗਾ, ਤੁਸੀਂ ਅਖ਼ਬਾਰਾਂ 'ਚ ਪੜ੍ਹਿਆ ਕਿ ਭਿੰਡਰਾਂਵਾਲਾ ਕਾਂਗਰਸ ਦਾ ਏਜੰਟ ਆ। ਪੜ੍ਹਿਆ ਨਾ ਅਖ਼ਬਾਰਾਂ 'ਚ ? ਹੁਣ ਮੈਂ ਤੁਹਾਨੂੰ ਬੇਨਤੀ ਕਰਨੀ ਆਂ। ਭਈ ਮੈਨੂੰ ਗੁਰੂ ਨੇ ਕਿੱਥੇ ਖਲ੍ਹਾਰਿਆ, ਜੋ ਤੁਸੀਂ ਸਮਝਣਾ ਉਹ ਤੁਹਾਡੀ ਆਪਣੀ ਮਰਜ਼ੀ ਆ। ਮੇਰਾ ਕੰਮ ਕੀ ਆ ? ਅੰਮ੍ਰਿਤ ਛਕਾਉਣਾ, ਕਥਾ ਕਰਨੀ ਤੇ ਕਿਸੇ ਵਰਗ ਦਾ ਕੋਈ ਵੀ ਆ ਜਾਵੇ, ਉਹਦੇ ਦਾਹੜੀ ਕੇਸ ਰਖਾਉਣੇ ਤੇ ਉਹਦੇ ਨਸ਼ੇ ਛੁਡਾਉਣੇ ਤੇ ਸਿੰਘ ਨਾਂਅ ਵਾਲੇ ਨੂੰ ਅੰਮ੍ਰਿਤ ਛਕਾ ਕੇ ਤੇ ਮੋਟਰ ਸਾਈਕਲ ਲੈ ਕੇ, ਨਾਲ ਰਿਵਾਲਵਰ ਇੱਕ। ਇੱਕ ਕੋਲੇ ਇੱਕ ਤੇ ਤਿੰਨਾਂ ਸਵਾਰਾਂ ਕੋਲੇ ਤਿੰਨ ਤੇ ਜਿਹਨਾਂ ਨੇ ਬਹੁ ਬੇਟੀਆਂ, ਧੀਆਂ, ਭੈਣਾਂ ਦੀ ਇੱਜ਼ਤ ਲੁੱਟੀ ਆ, ਮਸੂਮਾਂ ਦਾ ਖ਼ੂਨ ਪੀਤਾ, ਸ੍ਰੀ ਗੁਰੂ ਗਰੰਥ

ਸਾਹਿਬ ਦੇ ਸਰੂਪਾਂ ਨੂੰ ਅੱਗਾਂ ਲਾਈਆਂ। ਉਹਨਾਂ ਨੂੰ ਜਿਹੜਾ ਗੱਡੀ ਚੜ੍ਹਾਵੇਗਾ, ਉਹਨੂੰ ਮੈਂ ਸਾਭਾਂਗਾ। ਇਹ ਮੇਰਾ ਪ੍ਰੋਗਰਾਮ ਆ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਇਹਦੇ 'ਚ ਹੁਣ ਤੁਸੀਂ ਦੱਸ ਦਿਉ ਭਈ, ਸਿੰਘੋ ਇੱਕ ਮਿੰਟ ਠਹਿਰ ਜਾਉ, ਜੈਕਾਰਿਆਂ 'ਚ ਨਾ ਬਹੁਤਾ ਪਵੋ, ਇਹ ਹੁਣ ਤੁਸੀਂ ਦੱਸੋ, ਕੀ ਮੈਂ ਇਸ ਗੱਲ ਵਿੱਚ ਪੰਥ ਦੀ ਵਿਰੋਧਤਾ ਕਰਨਾ ਕਿ ਪੰਥ ਦੀ ਹਮਾਇਤ ? ਫੈਸਲਾ ਤੁਸੀਂ ਜਾਣ ਲੱਗੇ ਕਰ ਜਾਇਉ। ਮੇਰਾ ਕੰਮ ਹੈ, ਕੇਸਰੀ ਨਿਸ਼ਾਨ ਸਾਹਿਬ ਦੇ ਥੱਲੇ ਇਕੱਠਿਆਂ ਕਰਨਾ, ਸ੍ਰੀ ਗੁਰੂ ਗਰੰਥ ਸਾਹਿਬ ਦੇ ਲੜ ਲਾਉਣਾ ਤੇ ਪੰਥ ਦੀ ਹਮਾਇਤ ਕਰਨੀ ਆਂ, ਪੰਥ ਦੀ ਹਮਾਇਤ। ਕਿਵੇਂ ਕਰਨੀ ਆਂ ? ਨੰਗੇ ਧੜ, ਵੱਜ ਦੇ ਵੱਜ, ਬੁਲੰਦ ਅਵਾਜ਼ ਨਾਲ। ਇਹ ਨਹੀਂ ਕਿ ਜੇ ਮੈਂ ਜਾ ਕੇ ਡਿਕਟੇਟਰ ਨੂੰ ਮਿਲਿਆ ਤੇ ਇੰਦਰਾ ਗਾਂਧੀ ਰੁੱਸ ਜਾਊ, ਜੇ ਮੈਂ ਇੰਦਰਾ ਨੂੰ ਮਿਲਿਆ ਤੇ ਡਿਕਟੇਟਰ ਰੁੱਸ ਜਾਊ। ਜੇ ਮੈਂ ਡਿਕਟੇਟਰ ਨੂੰ ਮਿਲਿਆ ਤਾਂ ਭਿੰਡਰਾਂਵਾਲਾ ਰੁੱਸ ਜਾਊ। ਘੁੰਡ ਜਿਹਾ ਕੱਢ ਕੇ, ਇਹ ਹਮਾਇਤ ਨਹੀਂ ਗੀ, ਇਹ ਪਰਦਾ। ਘੁੰਡ ਚੁੱਕ ਕੇ ਹਮਾਇਤ ਕਰਨੀ ਪੰਥ ਦੀ ਪਰ ਇਹਦੇ ਵਿੱਚ ਇੱਕ ਗੱਲ ਚੇਤੇ ਜ਼ਰੂਰੀ ਰੱਖਣੀ ਆਂ। ਉਹ ਕੀ ਆ ? ਕੇਸਰੀ ਨਿਸ਼ਾਨ ਸਾਹਿਬ ਦਾ ਨਾਂਅ ਲੈ ਕੇ, ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਵਾਸਤਾ ਪਾ ਕੇ, ਪੰਥ ਦੇ ਨਾਂਅ ਦੀ ਡੁਗਡੁਗੀ ਖੜਕਾ ਕੇ, ਸ਼ਹੀਦਾਂ ਦਾ ਖ਼ੂਨ ਪੀ ਕੇ, ੧੯੭੯ ਨੂੰ, ੧੦ ਜੂਨ ਨੂੰ ਨਿਕਲਿਆ ਹੁਕਮਨਾਮਾ, ਉਹਦੀ ਉਲੰਘਣਾ ਕਰਕੇ ਤੇ ਨਰਕਧਾਰੀਆਂ ਨੂੰ ਬਾਪੂ ਕਹਿ ਕੇ, ਉਹਨਾਂ ਤੋਂ ਵੋਟਾਂ ਲੈ ਕੇ, ਕੁਰਸੀ ਨੂੰ ਕਾਇਮ ਰੱਖਣ ਦਾ ਜਿਹੜਾ ਇੱਛੁਕ ਹੈ ਜਾਂ ਜਿਹਨਾਂ ਕੁਰਸੀ ਕਾਇਮ ਰੱਖੀ, ਸ਼ਹੀਦਾਂ ਦੇ ਖ਼ੂਨ ਉੱਪਰ ਦੀ ਲੰਘ ਕੇ, ਉਹਨਾਂ ਤੋਂ ਤੁਸਾਂ ਬਚ ਕੇ ਰਹਿਣਾ। ਜੇ ਤਾਂ ਮੈਂ ਨਰਕਧਾਰੀਆਂ ਦੇ ਘਰੇ ਗਿਆ ਤੇ ਮੇਰੇ ਕੋਲ ਦੁਬਾਰਾ ਕੋਈ ਨਾ ਜੇ ਆਇਉ ਤੇ ਜੇ ਮੈਂ ਤੁਹਾਡੇ ਜੋੜੇ ਝਾੜੇ ਤੇ ਆਪਣਾ ਖ਼ੂਨ ਦਿੱਤਾ, ਫਿਰ ਭਾਵੇਂ ਦਿਨੇ-ਰਾਤ ਆ ਜਾਉ। ਫੈਸਲਾ ਤੁਸੀਂ ਕਰਨਾ, ਮੈਂ ਨਹੀਂ ਕਹਿੰਦਾ ਮੈਂ ਕੁਝ ਕੀਤਾ। ਜੇ ਇਹ ਕਾਂਗਰਸ ਦਾ ਪ੍ਰਚਾਰ ਆ ਤੇ ਮੈਂ ਕੱਟੜ ਕਾਂਗਰਸੀ ਆਂ। ਜੇ ਇਹ ਪ੍ਰਚਾਰ ਜਨਸੰਘੀਆਂ ਦਾ ਤੇ ਮੈਂ ਜਨਸੰਘੀ ਆਂ। ਜੇ ਇਹ ਪ੍ਰਚਾਰ ਪੰਥ ਦਾ ਤੇ ਮੈਂ ਪੰਥਕ ਆਂ। ਜੇ ਇਹ ਪ੍ਰਚਾਰ ਕਾਲੀਆਂ ਦਾ ਅੱਖਰ ਬੜੇ ਹੋਰੇ ਜਿਹੇ ਆ, ਜੇ ਇਹ ਪ੍ਰਚਾਰ ਕਾਲੀਆਂ ਦਾ, ਇੱਕ ਅਕਾਲੀ, ਇੱਕ ਕਾਲੀ। ਅਕਾਲੀ ਉਹ ਆ ਜਿਹੜਾ ਇਥੇ ਮੱਥਾ ਟੇਕਦਾ, ਕਾਲੀ ਉਹ ਆ ਜਿਹੜਾ ਇਥੇ ਵੀ ਟੇਕ ਦਿੰਦਾ ਤੇ ਜਾ ਕੇ ਵੈਸ਼ਨੋ ਦੇਵੀ ਨੂੰ ਮਾਂ ਕਹਿ ਕੇ ਮੱਥਾ ਟੇਕਦਾ। ਇਹ ਜਿਹੜਾ ਮੈਂ ਪ੍ਰਚਾਰ ਕੀਤਾ, ਇਹ ਪ੍ਰਚਾਰ ਕਰਨ ਵਾਲੇ ਨੂੰ ਜੋ ਫਤਵਾ ਤੁਸੀਂ ਗੁਰੂ ਕੀ ਸੰਗਤ ਦੇਵੋਂਗੇ, ਮੈਂ ਆਪਣੇ ਦਿਲ ਵਿੱਚ ਉਹਨੂੰ ਵਸਾਵਾਂਗਾ, ਸਵੀਕਾਰ ਕਰਾਂਗਾ, ਪਰ ਕੰਮ ਮੈਂ ਇਹ ਨਹੀਂ ਛੱਡਾਂਗਾ, ਜਿਹੜਾ ਕਿਹਾ। ਇਹ ਹੁਣ ਤੁਸੀਂ ਦੱਸੋ ਭਈ ਕਾਂਗਰਸੀ ਆਂ ? ਜੇ ਟੈਲੀਵੀਜ਼ਨ ਉੱਤੋਂ ਨਾਂਅ ਕਢਾਇਆ ਤੇ ਕਿਹਨੇ ਕਢਾਇਆ ? ਮੈਂ ਬੰਦ ਕਰਵਾਇਆ ? ਮੇਰੇ ਨਾਲਦੇ ਸਿੰਘ, ਜਿਹੜੇ ਜਥੇ 'ਚ ਐਥੇ ਰਹਿੰਦੇ, ਮੈਂ ਉਹਨਾਂ ਦੀ ਗੱਲ ਕਰਦਾਂ। ਉਹ ਇਹ ਨਾ ਕਹਿਣ ਸਾਨੂੰ ਦੂਰ ਸਮਝਦਾ, ਮੇਰੇ ਨਾਲ ਸਿੰਘ ਜਿਹੜੇ ਹਨ ਜਾਂ ਪਿੰਡਾਂ ਵਿੱਚੋਂ ਜੋ ਤੁਸੀਂ ਗੁਰੂ ਕੇ ਸਿੱਖ ਆਏ ਹੋ, ਕਿਸੇ ਸਿੰਘ ਨਾਂਅ ਵਾਲੇ ਦਾ ਜਿਹੜਾ ਗੁਰੂ ਗਰੰਥ ਸਾਹਿਬ ਨੂੰ ਮੰਨਣ ਵਾਲਾ ਤੇ ਪੰਥ ਤੇ ਅਕਾਲੀ ਦਲ ਦੇ ਨਾਲ ਤੁਰਦਾ, ਕਿਸੇ ਦਾ ਲਾਇਸੈਂਸ ਛੱਡਿਆ ਗੌਰਮੈਂਟ ਨੇ, ਕੈਂਸਲ ਨਹੀਂ ਕੀਤੇ ? ਹੋ ਸਕਦਾ ਤੁਹਾਡੇ ਵਿੱਚੋਂ ਕਿਸੇ ਦੇ ਛੱਡੇ ਹੋਣ। ਮੇਰੇ ਨਾਲ ਦੇ ਸਿੰਘਾਂ ਦਾ ਇੱਕ ਲਾਇਸੈਂਸ

ਵੀ ਜੇ ਗੌਰਮੈਂਟ ਨੇ ਰਹਿਣ ਦਿੱਤਾ ਤੇ ਗੱਲ ਕਰੋ। ਮੇਰੇ ਲਾਇਸੈਂਸ ਕੈਂਸਲ ਤੇ ਰਾਜ ਕਾਂਗਰਸ ਦਾ ਤੇ ਮੈਨੂੰ ਅਖ਼ਬਾਰਾਂ 'ਚ ਅਕਾਲੀਆਂ ਦੇ ਕੁਝ ਵਰਕਰਾਂ ਵੱਲੋਂ, ਸਾਰਿਆਂ ਵੱਲੋਂ ਨਹੀਂ, ਕਿਹਾ ਜਾ ਰਿਹਾ ਕਿ ਭਿੰਡਰਾਂਵਾਲਾ ਕਾਂਗਰਸ ਦਾ ਏਜੰਟ ਆ।

ਸੰਧੂ, ਜੀਰਾ, ਛੋਟੇਪੁਰ ਤੇ ਨਿਰਲੇਪ ਕੌਰ ਵਲੋਂ ਸੰਤਾਂ 'ਤੇ ਦੋਸ਼

ਤਾਲਬ ਸਿੰਘ ਸੰਧੂ ਜਿਲ੍ਹਾ ਲੁਧਿਆਣਾ ਅਕਾਲੀ ਦਲ ਦਾ ਪ੍ਰਧਾਨ, ਹਰੀ ਸਿੰਘ ਜ਼ੀਰਾ ਜਿਲ੍ਹਾ ਫਿਰੋਜਪੁਰ ਦਾ, ਅਕਾਲੀ ਦਲ ਦਾ ਪ੍ਰਧਾਨ ਜਿਲ੍ਹੇ ਦਾ , ਸੁੱਚਾ ਸਿੰਘ ਛੋਟੇਪੁਰ ਗੁਰਦਾਸਪੁਰ ਦਾ ਤੇ ਨਿਰਲੇਪ ਕੌਰ ਬਾਰੇ ਮੈਨੂੰ ਕਹਿਣਾ ਹੀ ਨਹੀਂ ਸੀ ਚਾਹੀਦਾ, ਤੁਸੀਂ ਜਾਣਦੇ ਆਂ। ਇੱਕ ਬਠਿੰਡੇ ਤੋਂ ਖੋਰੇ ਜਸਵੰਤ ਸਿੰਘ, ਕੀ ਉਹਦਾ ਨਾਂਅ ਆਂ। ਇਹਨਾਂ ਬੰਦਿਆਂ ਨੇ ਕਿਹਾ ਕਿ ਭਿੰਡਰਾਂਵਾਲਾ ਕਾਂਗਰਸ ਦਾ ਏਜੰਟ ਤੇ ਪੰਥ ਦਾ ਗ਼ੱਦਾਰ ਆ। ੬ ਸਤੰਬਰ ਦੀ 'ਅਜੀਤ' ਪੜ੍ਹ ਲਉ, ਕੱਢ ਕੇ ਅਖ਼ਬਾਰਾਂ 'ਚੋਂ। ਹੁਣ ਤੁਸੀਂ ਸੋਚਣਾ ਭਈ ਮੈਂ ਕੀ ਆਂ ? ਮੇਰੇ ਲਾਇਸੈਂਸ ਕੈਂਸਲ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਦੇ ਲਾਇਸੈਂਸ ਬਣੇ ਆਂ। ਮੇਰੇ ਲਾਇਸੈਂਸ ਕੈਂਸਲ ਤੇ ਗੁਰਬਚਨੇ ਦੇ ਭਰਾ ਉਮਰਾ ਨੰਗਲ ਦੇ ਬਣੇ ਆਂ।

ਅੱਠਾਂ ਸਾਲਾਂ ਵਿੱਚ, ਕਿਸੇ ਹਿੰਦੁਸਤਾਨ ਦੇ ਸਿੱਖ ਨੇ, ਦਾਸ ਨੂੰ, ਮੈਨੂੰ, ਕਿਸੇ ਕਾਂਗਰਸੀ ਐਮ.ਐਲ.ਏ. ਦੇ ਘਰੋਂ, ਕਿਸੇ ਅਕਾਲੀ ਐਮ.ਐਲ.ਏ. ਦੇ ਘਰੋਂ, ਕਿਸੇ ਕਾਮਰੇਡ ਐਮ.ਐਲ.ਏ. ਦੇ ਘਰੋਂ, ਇੱਕ ਪਾਣੀ ਦੀ ਫਿੱਕੀ ਘੁੱਟ ਪੀਂਦਿਆਂ ਵੀ ਕਿਸੇ ਨੇ ਵੇਖਿਆ ਤੇ ਉੱਠ ਕੇ ਕਹੋ, ਮੈਂ ਸਜ਼ਾ ਭੁਗਤਦਾਂ। ਅੱਠਾਂ ਸਾਲਾਂ 'ਚ, ਇੱਕ ਅੱਧੇ ਦਿਨ ਦੀ ਮੈਂ ਗੱਲ ਨਹੀਂ ਕਰਦਾ। ਅਗਾਂਹ ਵੀ ਮੈਨੂੰ ਜੇ ਕਿਸੇ ਵਜ਼ੀਰ ਦੇ ਘਰੇ ਪਾਣੀ ਪੀਂਦਾ ਫੜ ਲਿਆ, ਤਾਂ ਵੀ ਜੋ ਮਰਜ਼ੀ ਕਰ ਲਿਉ ਤੇ ਸਾਡੇ ਭਾਈ ੩੬ ਦੇ ੩੬ ਐਮ.ਐਲ.ਏ.। ੨ ਬੱਸਾਂ ਸੜਨੀਆਂ, ਸਰੂਪ ਨੂੰ ਅੱਗ ਲੱਗਣੀ, ੧੮ ਸਿੰਘ ਮਹਿਤੇ ਸ਼ਹੀਦ ਹੋ ਜਾਣੇ, ੨੫ ਦਿਨ ਮੈਂ ਜੇਲ੍ਹ ਵਿੱਚ ਜਾ ਆਉਣਾ। ਵਿਦਿਆਰਥੀ ਪੁੱਠੇ ਟੰਗੇ ਜਾਣੇ। ਇਹਦੀਆਂ ਭਾਈ ਦੀਆਂ ਲੱਤਾਂ ਟੁੱਟ ਗਈਆਂ, ਹਰਮਿੰਦਰ ਸਿੰਘ ਖ਼ਾਲਸੇ ਦੀਆਂ, ਕੁੱਕੂ ਦੀਆਂ। ਇਹ ਵਿਚਾਰਾ ਦੁੱਖ ਭੋਗਦਾ ਪਟਿਆਲੇ ਜੇਲ੍ਹ ਵਿੱਚ, ਹੱਥਕੜੀਆਂ ਲੱਗੀਆਂ, ਲੱਤਾਂ ਟੁੱਟਣ ਦੇ ਬਾਵਜੂਦ। ਇੰਨਾ ਕੁਝ ਹੋਣ ਤੋਂ ਪਿੱਛੋਂ ਕੀ ਆਪਣਾ ਇੱਕ ਐਮ.ਐਲ.ਏ. ਵੀ ਬਚਿਆ, ਜਿਹਨੇ ਦਰਬਾਰੇ ਦੇ ਘਰੇ ਰੋਟੀ ਨਹੀਂ ਖਾਦੀ ? ਕੋਈ ਹੈ ਜਵਾਬ ਤੇ ਦੇ ਦਿਉ ?

ਭਾਈ ਕੁਲੰਵਤ ਸਿੰਘ ਨਾਗੋਕੇ ਦੀ ਸ਼ਹਾਦਤ

ਕੁਲਵੰਤ ਸਿੰਘ ਨਾਗੋਕਿਆਂ ਵਾਲਾ, ਮੇਰਾ ਮਿੱਤਰ ਤੇ ਕਵੀ ਯਾਰ ਤੇ ਭਰਾ ਸਿੱਖੀ ਦੇ ਤੌਰ 'ਤੇ। ਉਂਗਲ ਵਰਗੀਆਂ ਮੋਟੀਆਂ ਸੁਰਾਖਾਂ ਲੋਹੇ ਦੀਆਂ ਗਰਮ ਕਰਕੇ, ਪੇਟ ਵਿੱਚ ਦੀ ਕੱਢੀਆਂ, ਮੱਥਾ ਸਾੜਿਆ, ਇੱਕ ਇੱਕ ਪੋਟਾ ਕਰਕੇ ਉਹਦਾ ਤੋੜਿਆ, ਲੱਤ ਸੱਜੀ ਭੰਨ ਦਿੱਤੀ। ਦਾਸ ਨੇ ਹੱਥੀ ਉਹਦਾ ਇਸ਼ਨਾਨ ਕਰਾਇਆ। ਅਰਥੀ ਦੇ ਟਾਈਮ 'ਤੇ ਟੌਹੜਾ ਸਾਹਿਬ ਵੀ ਪਹੁੰਚੇ ਸੀ। ਜਦੋਂ ਸਸਕਾਰ ਕਰਾਇਆ, ਸੰਗਤ ਬਹੁਤ ਸੀ। ਇੰਨਾ ਉਹਨੂੰ ਕੋਹ ਕੋਹ ਕੇ ਮਾਰਿਆ। ਉਹ ਐਸ.ਐਸ.ਪੀ. ਬੈਂਸ, ਸੁਰਜੀਤ ਸਿੰਘ, ਜਿਹੜਾ ਐਸ ਵੇਲੇ ਸੰਗਰੂਰ ਲੱਗਾ। ਉਹ ਕੀ ਤੁਹਾਡੇ ਗੁੰਮੇ

ਦੀ ਚਾਹ ਪੀ ਕੇ ਨਹੀਂ ਗਿਆ ? ਫੈਸਲਾ ਕਰੋ, ਇਹ ਕਿੱਥੋਂ ਸਿੱਖਦਾ ਚਲਾਕੀਆਂ ਜਿਹੀਆਂ, ਮੇਰੇ ਕੋਲੇ।

ਅਕਾਲੀ ਵਿਰੋਧ ਦੇ ਬਾਵਜੂਦ ਜਥੇ ਲਿਜਾਣ ਦੀ ਹਦਾਇਤ

ਸੋ ਬੇਨਤੀ ਕਰਾਂਗਾ ਤੁਹਾਨੂੰ, ਕਿ ਜਿਹੜਾ ਪ੍ਰਾਪੇਗੰਡਾ ਸੁਣ ਕੇ, ਕਿਸੇ ਦੀਆਂ ਗੱਲਾਂ ਸੁਣ ਕੇ, ਆਪਾਂ ਜਥੇ ਬੰਦ ਨਹੀਂ ਕਰਨੇ। ਜਥੇ ਲਿਆਉਣੇ ਆਂ। ਇਹ ਮੋਰਚਾ, ਜੇ ਜੂ, ਮੈਂ ਤਾਂ ਵਿੱਚ ਰੱਖੀ ਨਹੀਂ।

'ਨਿਸਚੈ ਕਰਿ ਅਪਨੀ ਜੀਤ ਕਰੋਂ॥'

'ਤੇ ਖੜ੍ਹਾ ਹਾਂ। ਭਾਈ ਦਲਬੀਰ ਸਿੰਘ ਤੁਹਾਨੂੰ ਦੱਸ ਗਿਆ, ਜਿਸ ਦਿਨ ਦਾਸ ਨੇ ਅਰਦਾਸ ਕੀਤੀ ਆ ੧੯ ਜੁਲਾਈ ਨੂੰ, ਅਮਰੀਕ ਸਿੰਘ ਦੀ ਗ੍ਰਿਫ਼ਤਾਰੀ ਤੋਂ। ਗ਼ੁਲੂਕੋਜ਼ ਦੀ ਬੋਤਲ ਲੱਗੀ ਸੀ ਮੇਰੇ। ਡਾਕਟਰਾਂ ਨੇ ਕਿਹਾ ਸੀ ਹਿੱਲਣਾ ਨਹੀਂ। ਛੋਟੇ ਦਾ, ਮਨਜੀਤ ਸਿੰਘ ਦਾ ਟੈਲੀਫ਼ੋਨ ਗਿਆ। ਉਹਦੇ ਵਿੱਚ ਕੇਵਲ ਇੰਨਾ ਮੈਨੂੰ ਸੁਨੇਹਾ ਮਿਲਿਆ ਕਿ ਅਮਰੀਕ ਸਿੰਘ ਫੜਿਆ ਗਿਆ ਤੇ ਟੈਲੀਫ਼ੋਨ ਕੱਟਿਆ ਗਿਆ। ਉਸੇ ਵੇਲੇ ਇੰਨੀ ਬਿਮਾਰੀ ਦੀ ਹਾਲਤ ਵਿੱਚ ਉੱਠ ਕੇ ਮੈਂ ਇਥੇ ਪਹੁੰਚਿਆਂ। ਆਉਂਦਿਆਂ ਸਲਾਹ ਕਰਕੇ ਕੁਝ ਸੱਜਣਾਂ ਨਾਲ, ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜਾ ਕੇ ਅਰਦਾਸ ਕੀਤੀ।

ਦਲ ਭੰਜਨ ਗੁਰ ਸੂਰਮਾਂ ਵਡ ਜੋਧਾ ਬਹੁ ਪਰਉਪਕਾਰੀ॥
(ਵਾਰਾਂ ਭਾਈ ਗੁਰਦਾਸ ਜੀ, ੧-੪੮-੪)

ਮੋਰਚਾ ਅਰੰਭ ਕਰਨ ਸਮੇਂ ਕੀਤੀ ਗਈ ਅਰਦਾਸ

ਸੱਚੇ ਪਾਤਿਸ਼ਾਹ, ਹੇ ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸੱਚੇ ਪਾਤਿਸ਼ਾਹ ਜੀ, ਜੇ ਤਾਂ ਮੈਂ ਆਪਣੀ ਨਿੱਜੀ ਸ਼ੋਹਰਤ ਵਾਸਤੇ ਮੋਰਚਾ ਲਾਉਣ ਲੱਗਾ ਤੇ ਮੈਨੂੰ ਸਫ਼ਲਤਾ ਨਾ ਪ੍ਰਾਪਤ ਹੋਵੇ, ਅਸਫ਼ਲਤਾ ਪ੍ਰਾਪਤ ਹੋਵੇ ਤੇ ਜੇ ਮੈਂ ਸਿੱਖ ਕੌਮ ਤੇ ਸਿੱਖੀ ਸਰੂਪ ਵਾਸਤੇ, ਧਰਮ ਵਾਸਤੇ, ਮਜ਼ਲੂਮਾਂ ਦੀ ਰਾਖੀ ਵਾਸਤੇ, ਗ਼ੈਰਤ ਤੇ ਅਣਖ਼ ਵਾਸਤੇ ਮੋਰਚਾ ਅਰੰਭ ਕਰਨ ਲੱਗਾਂ ਤੇ ਫਿਰ ਤੁਹਾਡਾ ਆਪਣਾ ਬਿਰਦ ਹੈ, ਤੁਸੀਂ ਗਰੀਬ ਨਿਵਾਜ਼ ਹੋ, ਸੱਚੇ ਪਾਤਿਸ਼ਾਹ ਮੋਰਚੇ 'ਚ ਸਫ਼ਲਤਾ ਬਖ਼ਸ਼ਿਓ। ਅਰਦਾਸ ਮੈਂ ਇਹ ਕੀਤੀ ਸੀ, ਇਹਦੇ 'ਚ ਹੁਣ ਵੀ ਪੱਕਾਂ।

ਜੂਸ ਪੀ ਕੇ ਮੋਰਚਾ ਨਹੀਂ ਛੱਡਿਆ ਜਾਵੇਗਾ

ਡਾਵਾਂ ਡੋਲ ਨਾ ਹੋਵੋ। ਮਤਾਂ ਕੋਈ ਸਿੱਖ ਖ਼ਿਆਲ ਵਿੱਚ ਪੈ ਜਾਵੇ। ਜੇ ਮੋਰਚਾ ਫੇਲ੍ਹ ਹੋ ਗਿਆ, ਸ਼ਾਇਦ ਭਿੰਡਰਾਂਵਾਲੇ ਜਾਂ ਕਿਸੇ ਹੋਰ ਦੀ ਪੱਗ ਲੱਥੇਗੀ। ਖ਼ਾਲਸਾ ਜੀ ਜੇ ਮੋਰਚੇ 'ਚ ਆਪਾਂ ਢਲਿਆਈ ਕੀਤੀ। ਇਹ ਕਿਸੇ ਇਕੱਲੇ ਦੁਕੱਲੇ ਲੀਡਰ ਦੀ ਪੱਗ ਨਹੀਂ ਲੱਥਣੀ, ਸਮੁੱਚੇ ਤੌਰ 'ਤੇ ਕੌਮ ਦੀ ਲੱਥੇਗੀ। ਕਿਸੇ ਈਰਖਾ 'ਚ ਆ ਕੇ ਮੋਰਚਾ ਬੰਦ ਨਹੀਂ ਕਰਨਾ। ਮੋਰਚਾ ਨਿਸਚੈ ਕਰਕੇ ਸਫ਼ਲ ਕਰਨਾ, ਪਰ ਸਫ਼ਲ ਕਰਨਾ ਕਿੱਥੋਂ ਤੱਕ ਆ ? ਸਾਡੇ ਭਾਈ ਇਸ ਗੱਲ 'ਤੇ ਸਹਿਮਤ ਹੋ ਗਏ ਕਿ ਪਾਣੀ ਦਾ ਮਾਮਲਾ ਸੁਪਰੀਮ ਕੋਰਟ ਨੂੰ ਤੇ ਚੰਡੀਗੜ੍ਹ ਸਾਡੇ ਭਾਈ ਪਹਿਲਾਂ ਗਏ ਤੇ ਕਹਿੰਦੇ

੬੦:੪੦ 'ਤੇ ਦੇ ਦਿਉ। ਫਿਰ ਗਏ ਤੇ ਕਹਿੰਦੇ ਮੱਧ ਮਾਰਗ ਤੱਕ ਦੇ ਦਿਉ। ਫੇਰ ਗਏ ਤੇ ਕਹਿੰਦੇ ਰੇਲਵੇ ਫਾਟਕ ਤੱਕ ਦੇ ਦਿਉ। ਹੁਣ ਪਤਾ ਨਹੀਂ ਕਿੱਥੋਂ ਤੱਕ ਮੰਗਣਗੇ, ਚੰਡੀਗੜ੍ਹ। ਪਾਣੀ ਸੁਪਰੀਮ ਕੋਰਟ ਨੂੰ ਤੇ ਅਬੋਹਰ ਫਾਜ਼ਿਲਕਾ ਅਖ਼ਬਾਰਾਂ ਵਿੱਚ ਆਉਂਦਾ.....।

ਤੁਹਾਨੂੰ ਮੈਂ ਇੱਕ ਬੇਨਤੀ ਕਰਾਂ, ਅਨੰਦਪੁਰ ਦੇ ਮਤੇ ਦੀ ਕਾਪੀ ਬਦਕਿਸਮਤੀ ਨਾਲ ਇਹਨਾਂ ਨੇ ਇੱਕ ਮੈਨੂੰ ਦੇ ਦਿੱਤੀ ਆ ਜਿਹੜੀ ਸਹੀ ਸੀ। ਉਹ ਮੇਰੇ ਕੋਲ ਆ। ਐਤਕੀਂ ਜਾਂ ਟਾਂਡਿਆਂ ਆਲੀ ਰਹੂ ਜਾਂ ਭਾਂਡਿਆਂ ਵਾਲੀ, ਐਤਕੀ ਜੂਸ ਨਹੀਂ ਮੂੰਹ ਨੂੰ ਲੱਗਦਾ, ਨਿਸਚਾ ਰੱਖਿਉ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਆਹ ਇੱਕ ਗੱਲ, ਜੈਕਾਰਾ ਤਾਂ ਛੱਡ ਦਿੱਤਾ, ਇੱਕ ਗੱਲ ਤੁਹਾਡੇ ਤੇ ਆਉਣੀ ਆਂ। ਤੁਹਾਡਾ ਅਹਿਸਾਨ ਆਂ ਮੇਰੇ 'ਤੇ। ਮੈਂ ਤੁਹਾਡਾ ਕਰਜਾਈ ਆਂ। ਕਰਜਾ ਮੈਥੋਂ ਲੱਥਣਾ ਤੇ ਨਹੀਂ,। ਕੋਸ਼ਿਸ਼ ਜਾਰੀ ਆ, ਜੇ ਲੱਥ ਗਿਆ ਤੇ। ਤੁਸਾਂ ਮੇਰੇ ਸਿਰ ਕਰਜਾ ਚਾੜਿਆ, ਖ਼ੂਨ ਦਾ। ਆਪਣੇ ਪੁੱਤਰ, ਭਰਾ, ਮਾਂਵਾਂ, ਭੈਣਾਂ, ਧੀਆਂ ਮਰਵਾ ਕੇ ਮੈਨੂੰ ਕਰਜਾਈ ਕੀਤਾ। ਕੋਸ਼ਿਸ਼ ਜਾਰੀ ਆ, ਗੁਰੂ ਕਿਰਪਾ ਕਰੇ, ਸ਼ਾਇਦ ਲੱਥ ਜਾਵੇ, ਪਰ ਫਿਰ ਵੀ ਜਿੰਨੇ ਮੇਰੇ ਸਰੀਰ 'ਤੇ ਰੋਮ ਆਂ, ਇੰਨੀ ਵਾਰੀ ਜਨਮ ਧਾਰ ਕੇ ਤੇ ਮੈਂ ਆਪਣਾ ਸਿਰ ਵੱਢ ਵੱਢ ਕੇ ਤੁਹਾਡਿਆਂ ਚਰਨਾਂ 'ਤੇ ਰੱਖੀ ਜਾਵਾਂ ਤੇ ਤੁਹਾਡਾ ਕਰਜਾ ਮੈਥੋਂ ਉੱਤਰਨਾ ਨਹੀਂ, ਪਰ ਇੱਕ ਪਰਖ ਤੁਹਾਡੇ 'ਤੇ ਆਉਣੀ ਆਂ, ਜਿੱਦੇਂ ਫੈਸਲਾ ਹੋਇਆ। ਮੈਂ ਭਾਵੇਂ ਸਟੇਜ 'ਤੇ ਨਹੀਂ ਜਾਂਦਾ, ਚੁੱਪ ਹਾਂ। ਵਿਰੋਧਤਾ ਕਿਸੇ ਦੀ ਕਰਦਾ ਨਹੀਂ ਤੇ ਲਿਹਾਜ ਮੈਥੋਂ ਹੁੰਦਾ ਨਹੀਂ। ਬਦਕਿਸਮਤੀ ਕਹਿ ਲਉ ਕਿਸੇ ਦੀ। ਸੋ ਖ਼ਾਲਸਾ ਜੀ, ਜਿੱਦੇਂ ਇਹ ਫੈਸਲਾ ਹੋਣ ਲੱਗਾ, ਕਾਪੀ ਆਹ ਅਨੰਦਪੁਰ ਦੇ ਮਤੇ ਦੀ ਮੇਰੇ ਖੀਸੇ ਵਿੱਚ ਵੀ ਹੈ, ਦਸਤਖ਼ਤ ਆਹ ਇਹਨਾਂ ਭਰਾਵਾਂ ਦੇ। ਜੇ ਤਾਂ ਉਹਦੇ ਅਧੀਨ ਫੈਸਲਾ ਹੋਇਆ ਤੇ ਫਿਰ ਤਾਂ ਜੈਕਾਰਾ ਛੱਡੂੰਗਾ ਮੈਂ ਵੀ ਉੱਚੀ ਤੇ ਜੇ ਫੈਸਲਾ ਉਦੋਂ ਆਸੇ ਪਾਸੇ ਹੋਣ ਲੱਗਾ ਤੇ ਮੈਂ ਆਂ ਤੁਹਾਡਾ ਚੌਕੀਦਾਰ, ਤੁਹਾਡਾ ਕੁੱਲੀ ਆਂ ਇਥੇ ਮੈਂ, ਮੇਰੀ ਡਿਊਟੀ ਉਦੋਂ ਕੀ ਆ ? ਤੁਹਾਨੂੰ ਇਕੱਠਿਆਂ ਕਰਕੇ, ਮੇਰੀ ਇਹ ਦੱਸਣ ਦੀ ਡਿਊਟੀ ਆ ਕਿ ਖ਼ਾਲਸਾ ਜੀ ਅਨੰਦਪੁਰ ਦੇ ਮਤੇ ਦੀ ਕਾਪੀ ਆਹ ਜੇ ਮੇਰੇ ਹੱਥ ਵਿੱਚ। ਇਹਦੇ 'ਤੇ ਐਨੀਆਂ ਚੀਜ਼ਾਂ ਲਿਖੀਆਂ ਹੋਈਆਂ ਤੇ ਜਿਹੜੀਆਂ ਨਹੀਂ ਲਿਖੀਆਂ, ਉਹ ਲੋਕਾਂ ਦੇ ਸਾਹਮਣੇ ਇਹਨਾਂ ਭਾਈਆਂ ਨੇ ਕਹੀਆਂ। ਉਹਨਾਂ ਵਿੱਚੋਂ ਆਪਾਂ ਨੂੰ ਐਨਾ ਕੁਝ ਮਿਲ ਗਿਆ ਤੇ ਐਨਾ ਕੁ ਛੱਡ ਕੇ ਉਰਾਂ-ਪਰਾਂ ਹੋਣ ਲੱਗਾ। ਹੁਣ ਤੁਸੀਂ ਦੱਸੋ ਕੀ ਕਰਨਾ ? ਉਦੋਂ ਤੁਹਾਡੇ 'ਤੇ ਗੱਲ ਆਉਣੀ ਆਂ। ਮੈਂ ਤਾਂ ਆਪਣੇ ਸਿਰ-ਧੜ ਦੀ ਬਾਜੀ ਲਾਊਂਗਾ। ਨਾ ਮੈਂ ਜੂਸ ਪੀ ਕੇ ਕੋਈ ਗੱਲ ਕਰਾਂ ਤੇ ਨਾ ਸਰਕਾਰ ਦੇ ਪੈਰੀਂ ਪੈ ਕੇ ਗੱਲ ਕਰਾਂ। ਐਂ ਕਰੂੰ ਖੜਕਾ ਕੇ ਕਟਹਿਰੇ 'ਚ। ਨਿਊਂਦਾ ਹੈ ਨਹੀਂ, ਸਿਰ ਵੱਢਿਆ ਜਾਊ ਤੇ ਵੱਸ ਨਹੀਂ। ਕਹਿੰਦੇ ਸਰੀਰ ਨਾਸ਼ਵੰਤ ਆ। ਹੁਣ ਕਹੀ ਤਾਂ ਜਾਂਦੇ ਓ, ਜੀ ਗਰਮ ਪ੍ਰੋਗਰਾਮ ਦੇਹ, ਸ਼ਾਇਦ ਮੈਂ ਵੀ ਖ਼ਿਆਲ ਰੱਖਦਾ ਹੋਵਾਂ, ਪਰ ਇੱਕ ਗੱਲ ਮੈਂ ਪੁਛ ਲਵਾਂ, ਜਿੰਨੇ ਆਪਾਂ ਬੈਠੇ ਆਂ, ਇਹ ਕਹਿੰਦੇ ਤਾਂ ਸਾਰੇ ਕਿ ਗਰਮ ਪ੍ਰੋਗਰਾਮ ਦਿਉ (ਪਰ) ਨਿਭਾਉਗੇ। (ਸੰਗਤ ਵਿੱਚੋਂ ਕੋਈ ਸਿੰਘ ਕੁਝ ਪੁੱਛਦਾ ਸੰਤ ਅੱਗੋਂ ਕਹਿੰਦੇ) ਦੱਸ ਦੇਨਾ ਹੁਣੇ ਈ, ਬਹੋ ਨਾ, ਮੈਂ ਦੱਸ ਦੇਨਾ ਹੁਣੇ ਈ, (ਇੱਕ ਸਿੰਘ ਕਹਿੰਦਾ ਜੀ ਨਿਭਾਵਾਂਗੇ) ਭਾਈ ਕਹਿੰਦਾ, ਹਾਂ ਜੀ ਨਿਭਾਵਾਂਗੇ।

ਹੱਕ ਲੈਣ ਪਰ ਮਜ਼ਲੂਮਾਂ 'ਤੇ ਹੱਥ ਨਾ ਚੁੱਕਣ ਦੀ ਹਦਾਇਤ

ਮੈਨੂੰ ੯ ਮਹੀਨੇ ਤੋਂ ਉੱਪਰ ਹੋ ਗਿਆ ਐਲਾਨ ਕੀਤੇ ਨੂੰ। ਆਹ ਜਿੰਨੇ ਆਪਾਂ ਬੈਠੇ ਆਂ, ਹੁਣ, ਹਾਂ ਜੀ ਕਿਹੋ। ਭਈ ਜਿੰਨੇ ਆਪਾਂ ਬੈਠੇ ਆਂ, ਇਹਨਾਂ ਵਿੱਚੋਂ ਕਿੰਨੇ ਆਂ, ਜਿਹਨਾਂ ਨੇ ਇਹ ਬਚਨ ਕਮਾਇਆ। ਮੈਂ ਕਿਹਾ ਸੀ ਇੱਕ ਇੱਕ ਪਿੰਡ ਵਿੱਚ ਇੱਕ ਇੱਕ ਮੋਟਰ ਸਾਈਕਲ, ਤਿੰਨ ਤਿੰਨ ਨੌਜੁਆਨ, ਤਿੰਨ ਤਿੰਨ ਰਿਵਾਲਵਰ ਨਵੇਂ। ਕਿੰਨਿਆਂ ਪਿੰਡਾਂ 'ਚ ਆ ਜਿਹਨਾਂ ਨੇ ਬੰਦੋਬਸਤ ਕੀਤਾ ? ਹੁਣ ਕਹੋ ਖਾਂ ਹਾਂ ਜੀ, ਬਸ।

ਸੋ ਬੇਨਤੀ ਇਹ ਆ ਭਈ ਮੋਟਰ ਸਾਈਕਲ ਲਉ, ਰਿਵਾਲਵਰ ਖਰੀਦੋ। ਕਰਨਾ ਕੀ ਆ, ਦੁਕਾਨਾਂ ਨਹੀਂ ਲੁੱਟਣੀਆਂ, ਦੁਕਾਨਾਂ ਸਾੜਨੀਆਂ ਨਹੀਂ, ਧੀਆਂ ਭੈਣਾਂ ਦੀ ਇੱਜ਼ਤ ਨਹੀਂ ਲੁੱਟਣੀ, ਰੇਹੜੀਆਂ ਵਾਲਿਆਂ ਨੂੰ ਨਹੀਂ ਮਾਰਨਾ, ਸਿੱਖ ਹੋ ਕੇ ਜੇ ਕਿਸੇ ਬੰਦੇ ਨੂੰ ਮਾਰਦਾ ਉਹ ਸਿੱਖ ਨਹੀਂ ਤੇ ਸਿੱਖ ਹੋ ਕੇ ਜੇ ਹੱਕ ਨਾ ਲਵੇ ਤਾਂ ਉਹ ਵੀ ਸਿੱਖ ਨਹੀਂ। ਇਹ ਸੋਚ ਲਉ ਭਈ ਕਰਨਾ ਕੀ ਆ ਹੁਣ ? ਜਿਹਨਾਂ ਨੇ ਮਸੂਮਾਂ ਦਾ ਖੂਨ ਪੀਤਾ, ਜਿਹਨਾਂ ਨੇ ਧੀ ਤੇ ਪਿਉ ਦਾ ਸੰਬੰਧ ਕਰਾਇਆ, ਜ਼ਬਰਦਸਤੀ ਬਾਣਿਆਂ 'ਚ। ਜਿਹਨਾਂ ਨੇ ਸ੍ਰੀ ਗੁਰੂ ਗਰੰਥ ਸਾਹਿਬ ਦੇ ਸਰੂਪ ਨੂੰ ਅੱਗਾਂ ਲਾਈਆਂ ਤੇ ਰੂੜੀ 'ਚ, ਗੋਹੇ 'ਚ ਦੱਬਿਆ। ਉਹਨਾਂ ਨੂੰ ਜਿਹੜਾ ਵੀ ਤੁਹਾਡੇ 'ਚੋਂ ਗੱਡੀ ਚੜ੍ਹਾ ਕੇ ਆਵੇਗਾ, ਮੈਂ ਸਾਂਭਾਂਗਾ ਤੇ ਜੋ ਮੈਨੂੰ ਉਹਦੀ ਬਾਬਤ ਇਵਜ਼ਾਨਾ ਚਕਾਉਣਾ ਪਿਆ, ਚਕਾਊਂਗਾ। ਇਹ ਕਿੰਨੇ ਚਿਰ ਦਾ ਪ੍ਰੋਗਰਾਮ ਮੈਂ ਸ਼ੁਰੂ ਕੀਤਾ, ਵਾਹਿਗੁਰੂ, ਐਲਾਨ ਕੀਤਾ। ਕਿੰਨਿਆਂ ਕੁ ਨੇ ਕਮਾਇਆ ਤੇ ਜਿੰਨੇ ਬੈਠੇ ਆ, ਜਦੋਂ ਆਉਂਦੇ ਆ, ਫਿਕਰ ਨਾ ਕਰ ਭਿੰਡਰਾਂਵਾਲਿਆ ਚੁੱਕ ਦਿਆਂਗੇ ਫੱਟੇ। ਰੱਖੇ ਕਿੱਥੇ ਅਠਾਰਾਂ ਮਹੀਨਿਆਂ ਦੇ ਫੱਟੇ ਚਿਰਾ ਕੇ। ਇਕੱਲਾ ਕਹਿ ਦੇਣ 'ਤੇ ਯਕੀਨ ਨਾ ਕਰੋ। ਠੀਕ ਆ ਜੇ ਕੋਈ ਪ੍ਰੇਮੀ ਗਾਲਾਂ ਮੈਨੂੰ ਕੱਢਦਾ, ਕੱਢਣ ਦਿਉ। ਦੱਸ ਮੈਂ ਤੁਹਾਨੂੰ ਦਿੱਤਾ। ਕੰਮ ਮੇਰਾ ਕੀ ਆ ਤੇ ਵੀਰਾਂ ਦਾ ਕੀ ਆ। ਹੁਣ ਫੈਸਲਾ ਤੁਸੀਂ ਕਰ ਲਉ ਭਈ ਕਾਂਗਰਸੀ ਕੌਣ ਆਂ ? ਮੈਂ ਨਹੀਂ ਕਿਸੇ ਨੂੰ ਕਹਿੰਦਾ ਕਿ ਕੋਈ ਹੈ ਕਿ ਨਹੀਂ। ਇਹਦੇ ਬਾਰੇ ਤੁਸਾਂ ਸੋਚਣਾ ਗੁਰੂ ਕੇ ਸਿੱਖਾਂ ਨੇ, ਪਰ ਇੱਕ ਬੇਨਤੀ ਕਰਾਂਗਾ। ੧੮ ਮਹੀਨਿਆਂ 'ਚ ਪਹਿਲਾਂ ਵੀ ਕਹਿ ਚੁੱਕਿਆ। ਕਿਸੇ ਸੱਜਣ ਨੇ ਅਖ਼ਬਾਰ ਵਿੱਚ ਮੇਰੇ ਵੱਲੋਂ ਕੋਈ ਪੜ੍ਹਿਆ, ਕਿਸੇ ਲੀਡਰ ਦੇ ਉਲਟ ਤੇ ਉੱਠ ਕੇ ਦੱਸ ਦਿਉ।

ਮਿਲ ਕੇ ਚੱਲਣ ਵਿੱਚ ਕਾਮਯਾਬੀ ਵਾਲੀ ਸਾਖੀ

ਸਾਖੀ ਇੱਕ ਚੇਤੇ ਕਰ ਕੇ ਜਾਉ, ਗੁਰੂ ਗੋਬਿੰਦ ਸਿੰਘ ਸਾਹਿਬ ਸੱਚੇ ਪਾਤਿਸ਼ਾਹ ਅਨੰਦਪੁਰ ਸਾਹਿਬ ਠਹਿਰੇ ਹੋਏ ਸਨ ਤੇ ਲਾਂਗਰੀ ਆ ਗਿਆ, ਜਿਵੇਂ ਕਈ ਹੁਣ ਉੱਠ ਕੇ ਵਿੱਚੋਂ ਭੱਜ ਗਏ ਸੀ ਨਾ ਲੰਗਰ ਛਕਣ, ਭੁੱਖ ਲੱਗੀ ਹੋਣ ਤੋਂ। ਲਾਂਗਰੀ ਆ ਕੇ ਬੇਨਤੀ ਕਰਨ ਲੱਗਾ ਜੀ ਲੰਗਰ ਤਿਆਰ ਹੈ। ਮਹਾਰਾਜ ਕਹਿੰਦੇ ਚੌਲ ਬਣਾ ਲਉ ਅੱਜ ਬਹੁਤੇ। ਚੌਲ ਬਣਾ ਕੇ ਢੇਰ ਲਾ ਦਿੱਤਾ। ਸਤਿਗੁਰੂ ਜੀ ਨੇ ਕਿਹਾ ਕਿ ਜਾਉ ਭਾਈ ਹਿਰਨ ਲੈ ਕੇ ਆਉ, ਜਿਹਨੂੰ ਹਿਰਨ ਕਹਿੰਨੇ ਆਂ, ਉਹ ਲੈ ਕੇ ਆਉ। ਹਿਰਨ ਲਿਆਂਦੇ ਗਏ ਚੌਲਾਂ ਦੀ ਢੇਰੀ 'ਤੇ ਲਾ ਦਿੱਤੇ। ਜਦ ਚੌਲਾਂ ਦੀ ਢੇਰੀ 'ਤੇ ਲਾਏ, ਉਹਨਾਂ ਨੇ ਨਾਲੇ ਤੇ ਚੌਲ ਖਾ ਲਏ, ਨਾਲੇ ਉਥੋਂ ਤੁਰ ਗਏ। ਸਿੰਘਾਂ ਨੇ ਪੁੱਛਿਆ ਜੀ ਇਹ ਕੀ ਗੱਲ ? ਕਹਿੰਦੇ ਸਵੇਰੇ ਦੱਸਾਂਗੇ, ਮਹਾਰਾਜ ਕਹਿਣ ਲੱਗੇ, ਕੱਲ ਨੂੰ ਦੱਸਾਂਗੇ। ਦੂਜੇ ਦਿਨ ਫਿਰ ਲੰਗਰ ਦਾ ਟਾਈਮ ਹੋਇਆ, ਮਹਾਰਾਜ ਕਹਿੰਦੇ ਚੌਲ ਅੱਜ ਫਿਰ ਬਣਾਉ। ਚੌਲ ਬਣਾਏ ਗਏ।

ਮਹਾਰਾਜ ਕਹਿੰਦੇ ਅੱਜ ਕੁੱਤੇ ਲਿਆਉ। ਜਦ ਕੁੱਤੇ ਲਿਆ ਕੇ ਲਾਏ ਚੌਲਾਂ 'ਤੇ ਉਹਨਾਂ ਨੇ ਬੁਰਕੀ ਭਰੀ ਤੇ ਜਿਹੜਾ ਪਿੱਛੇ ਖੜਾ ਸੀ, ਉਹਨੇ ਲੱਕ ਤੋਂ ਫੜ ਲਿਆ, ਤੀਜਾ ਲੱਤ ਤੋਂ, ਕੋਈ ਪੂਛ ਤੋਂ ਫੜ ਕੇ ਖਿੱਚੀ ਫਿਰਦੇ ਆ। ਚੌਲ ਸਾਰੇ ਈ ਖਰਾਬ ਹੋ ਗਏ ਅਤੇ ਲਹੂ ਲੁਹਾਨ ਹੋ ਕੇ ਚਲੇ ਗਏ। ਮਹਾਰਾਜ ਬੈਠੇ ਹੱਸੀ ਜਾਂਦੇ ਆ। ਦਇਆ ਸਿੰਘ ਨੇ ਪੁੱਛਿਆ, ਮਹਾਰਾਜ ਇਹ ਕੀ ਗੱਲ ਆ ? ਕੱਲ ਹਿਰਨਾਂ ਨੂੰ ਚੌਲ ਖੁਆਏ, ਅੱਜ ਕੁੱਤਿਆਂ ਨੂੰ, ਕਾਰਨ ਕੀ ਆ ? ਮਹਾਰਾਜ ਕਹਿੰਦੇ ਸਿੰਘੋ ਆਉਣ ਵਾਲੇ ਸਮੇਂ ਸੰਬੰਧੀ ਤੁਹਾਨੂੰ ਸਿੱਖਿਆ ਦਿੱਤੀ ਆ। ਜੇ ਤਾਂ ਹਿਰਨਾਂ ਦੀ ਤਰ੍ਹਾਂ ਚੱਲੋਗੇ ਮਿਲ ਕੇ ਇਕੱਠੇ, ਫਿਰ ਤਾਂ ਕੁਰਸੀ ਦੇ ਲਾਲਚ ਰੂਪੀ ਚੌਲ ਵੀ ਮਿਲ ਜਾਣਗੇ ਤੇ ਪੇਟ ਪੂਰਤੀ ਵੀ ਰਊਗੀ ਤੇ ਜੇ ਕੁੱਤਿਆਂ ਵਾਂਗੂ ਲੜ ਪਏ, ਫਿਰ ਲਹੂ ਲੁਹਾਨ ਵੀ ਹੋਉਗੇ, ਛਿੱਤਰ ਵੀ ਖਾਉਗੇ, ਮਿਲਣਾ ਵੀ ਕੱਖ ਨਹੀਂ। (ਸੰਗਤ ਹੱਸਣ ਲੱਗ ਪੈਂਦੀ ਹੈ) ਹੱਸਣ ਵਾਲੀ ਗੱਲ ਨਹੀਂ ਇਹ ਕੋਈ, ਸੋਚੋ ਖੜੇ ਕਿੱਥੇ ਆਂ ?

ਕਾਂਗਰਸੀ ਅਤੇ ਏਜੰਟ ਕਹਿਣ ਵਾਲਿਆਂ ਨੂੰ ਸਟੇਜਾਂ 'ਤੇ ਬੋਲਣ ਤੋਂ ਰੋਕਣ ਦੀ ਅਪੀਲ

ਐਸ ਵੇਲੇ ਹਿੰਦੁਸਤਾਨ ਦਾ ਕੁੱਲ ਹਿੰਦੂ, ਇੱਕ ਪਲੇਟ ਫਾਰਮ 'ਤੇ ਖੜ੍ਹਾ, ਸਿੱਖ ਦੀ ਪੱਗ ਲਾਉਣ ਨੂੰ। ਤੁਹਾਡੀ ਹਿੰਦੂ ਸਿੱਖ ਏਕਤਾ ਹੀ ਨਹੀਂ ਮੁੱਕਦੀ। ਹੱਸੇ ਕਿਹੜੀ ਗੱਲ ਤੋਂ, ਸੋਚੋ ਤਾਂ ਸਹੀ, ਤੁਸੀਂ ਸਿਆਣੇ ਆਂ। ਜਿਹਨੇ ਬੈਠੇ ਓ ਤੁਹਾਡੇ ਸਾਰਿਆਂ ਤੋਂ ਅਨਪੜ੍ਹ ਮੈਂ ਈ ਆਂ ਇਕੱਲਾ, ਬਾਕੀ ਤੁਸੀਂ ਪੜ੍ਹੇ ਲਿਖੇ ਓ ਸਾਰੇ। ਇੱਕ ਥਾ ਚੱਲੋ, ਕਿਸੇ ਨਾਲ ਗਿਲਾ ਹੈ, ਕਿਸੇ ਨਾਲ ਕੋਈ ਗੁੱਸਾ ਹੈ, ਉਹਦੇ ਨਾਲ ਡਾਂਗ ਸੋਟੇ ਨਾਲ ਲੜਨ ਨਾਲੋਂ ਚੁੱਪ ਹੋ ਜਾਣਾ ਚੰਗਾ ਤੇ ਜਿਹੜਾ ਤੁਸੀਂ ਕਹਿੰਨੇ ਉ, ਜੀ ਅਸੀਂ ਜੋ ਕਹੋਂਗਾ ਕਰਾਂਗੇ, ਜੋ ਕਹੋਂਗਾ ਤੇਰੇ ਆਖੇ ਲੱਗਾਂਗੇ। ਤੈਨੂੰ ਇਹ ਕਾਂਗਰਸੀ ਕਹਿੰਦੇ ਆ, ਅਸੀਂ ਸਹਾਰਦੇ ਨਹੀਂ। ਨਾਲੇ ਕਹੀ ਜਾਨੇ ਆ ਸਹਾਰਦੇ ਨਹੀਂ, ਨਾਲੇ ਸੁਣ ਕੇ ਆ ਕੇ ਦੱਸ ਦੇਨੇ ਆਂ, ਫਿਰ ਸਹਾਰਦੇ ਕਿਵੇਂ ਨਹੀਂ ? ਜਿਹਨਾਂ ਨੇ ਕਾਂਗਰਸੀ ਕਿਹਾ, ਜਿਹਨਾਂ ਨੇ ਪੰਥ ਦਾ ਗ਼ਦਾਰ ਕਿਹਾ, ਉਹਨਾਂ ਨਾਲ ਕਰਨਾ ਕੀ ਆ ? ਕੀ ਪੱਗ ਲਾਹੁਣੀ ਆਂ ਕਿਸੇ ਦੀ ? ਬਿਲਕੁਲ ਨਹੀਂ। ਕੀ ਕਿਸੇ ਦੇ ਦਾਹੜੇ ਨੂੰ ਹੱਥ ਪਾਉਣਾ ? ਬਿਲਕੁਲ ਹੀ ਨਹੀਂ। ਕਰਨਾ ਕੀ ਆ, ਸਜ਼ਾ ਕੀ ਆ ? ਜਿਹੜਾ ਬੰਦਾ ਤੁਹਾਨੂੰ ਕੌਮ ਦੀ ਪਿੱਠ 'ਚ ਛੁਰਾ ਮਾਰਦਾ ਪ੍ਰਤੀਤ ਹੁੰਦਾ, ਜਿਹੜਾ ਬੰਦਾ ਦਾਹੜੇ ਤੇ ਪੱਗ ਨੂੰ ਹੱਥ ਪਾਉਂਦਾ ਪ੍ਰਤੀਤ ਹੁੰਦਾ, ਜਿਹੜਾ ਸ੍ਰੀ ਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਦੀ ਬੇਅਦਬੀ ਕਰਦਾ, ਸ਼ਹੀਦਾਂ ਦੀ ਛਾਤੀ 'ਤੇ ਪੈਰ (ਰੱਖ ਕੇ) ਲੰਘ ਕੇ ਕੁਰਸੀ ਨੂੰ ਜਾਂਦਾ ਪ੍ਰਤੀਤ ਹੁੰਦਾ। ਉਹਨੂੰ ਕੀ ਕਰਨਾ ? ਇੱਕੋ ਗੱਲ ਕਰਨੀ ਆਂ, ਜਦੋਂ ਸਟੇਜ 'ਤੇ ਆਉਂਦਾ, ਉਹਨੂੰ ਪੁੱਛ ਲਉ, ਪਿਆਰ ਨਾਲ, ਲੜ ਕੇ ਨਹੀਂ। ਹੌਲੀ ਜਿਹੀ ਕੰਨ 'ਚ, ਗੁਰਮੁਖਾ ਭਿੰਡਰਾਂਵਾਲਾ ਗ਼ਦਾਰ ਆ ? ਉਹਨੇ ਕਹਿਣਾ ਤੇ ਹੈਗਾ ਈ ਆ ਜਿਹਨੇ ਕਿਹਾ ਤੇ ਜੇ ਕਹੇ ਜੀ ਹਾਂ, ਕਾਂਗਰਸ ਨਾਲ ਰਲਿਆ ਅੰਦਰੇ ਅੰਦਰ। ਉਹਨੂੰ ਕਹਿਣਾ ਕੀ ਆ ? ਕਿ ਗੁਰਮੁਖਾ ਤੈਨੂੰ ਪਿਆਰ ਨਾਲ ਕਹਿੰਨੇ ਆਂ, ਐਸ ਸਟੇਜ 'ਤੇ ਤੇਰੇ ਵਾਸਤੇ ਥਾਂ ਨਹੀਂ ਤੇ ਤੂੰ ਜਾਹ ਜਿਹੜੀ ਕੋਈ ਗ਼ਦਾਰ ਦੀ ਗੱਲ ਹੋਵੇਗੀ ਅਸੀਂ ਸੁਣ ਲਾਂਗੇ। ਸੰਗਤ ਵੱਲੋਂ ਧੱਕੇ ਹੋਏ ਬੰਦੇ ਨੂੰ ਨਾ ਐਸ ਲੋਕ ਵਿੱਚ, ਨਾ ਪ੍ਰਲੋਕ ਵਿੱਚ ਜ਼ਰ ਨਹੀਂ ਰਹੇਗੀ। ਐਡਾ ਵੱਡਾ ਧੱਕਾ ਸੰਗਤ ਦਾ। ਜੇ ਲੜ ਕੇ ਹੀ ਆਪਸ ਵਿੱਚ ਦੀ ਕਿਸੇ ਨੂੰ ਹਟਾਇਆ

ਫਿਰ ਕੀ ਖੱਟਿਆ ਉਸ ਵਿੱਚੋਂ । ਸਰਕਾਰ ਤਾਂ ਚਾਹੁੰਦੀ ਆ ਕਿ ਕਿਹੜਾ ਟਾਈਮ ਹੋਵੇ, ਮੰਜੀ ਸਾਹਿਬ ਤੇ ਅਕਾਲ ਤਖ਼ਤ ਸਾਹਿਬ 'ਤੇ, ਆਹ ਸੜਕ ਜਿਹੜੀ ਆ ਸਮੁੰਦਰੀ ਹਾਲ ਦੇ ਅੱਗੋਂ ਦੀ, ਇਹਨਾਂ ਲੰਗਰਾਂ 'ਚ ਸਿੱਖਾਂ ਦਾ ਕਦੋਂ ਖ਼ੂਨ ਆਪਸ ਵਿੱਚ ਦੀ ਡੁੱਲ੍ਹੇ ਤੇ ਕਦੋਂ ਅਸੀਂ ਸੁਰਖਰੂ ਹੋਈਏ ? ਕੀ ਆਪਾਂ ਗੌਰਮੈਂਟ ਸਫ਼ਲ ਕਰਨੀ ਆਂ ਕਿ ਆਪਾਂ ਆਪਣਾ ਇਰਾਦਾ ਸਫ਼ਲ ਕਰਨਾ । ਮਿਲ ਕੇ ਚੱਲੋ, ਸਾਰੇ ਨੌਜੁਆਨ ਤਕੜੇ ਹੋ ਕੇ । ਜਿਹੜੇ ਕੋਈ ਇਹੋ ਜਿਹੇ ਗਾਲ਼ਾਂ ਕੱਢਣ ਵਾਲੇ ਆ, ਇਥੇ ਆ ਕੇ ਜੂ ਕਹਿੰਨੇ ਭਈ ਨਜਿੱਠ ਲਈਏ ਤੇ ਆਉਂਦੇ ਆਂ ਤੁਸੀਂ ਪਿੰਡਾਂ ਵਿੱਚੋਂ ਤੇ ਪਿੰਡਾਂ ਵਿੱਚ ਹੀ ਗਾਲ਼ਾਂ ਕੱਢਣ ਵਾਲੇ ਰਹਿੰਦੇ ਆ । ਉਥੇ ਪੁੱਛ ਲਿਆ ਕਰੋ, ਪਰ ਪੁੱਛਣਾ ਇਸ ਤਰ੍ਹਾਂ ਜਿਵੇਂ ਮੈਂ ਦੱਸਿਆ, ਗਾਲ਼ਾਂ ਕੱਢ ਕੇ ਨਹੀਂ । ਮੈਂ ਨਾ ਗਾਲ਼ ਕੱਢਣ ਦੇ ਹੱਕ 'ਚ ਆਂ, ਨਾ ਆਪਸ ਵਿੱਚ ਦੀ ਡੰਡੇ ਖੜਕਾਉਣ ਦੇ ਹੱਕ 'ਚ ਆਂ ।

ਨਾਨਕ ਨਿਵਾਸ ਛੱਡਣਾ

ਗੁਰੂ ਨਾਨਕ ਨਿਵਾਸ ਵਿੱਚੋਂ ਆਇਆਂ, ਪ ਸਿੰਘ ਸਨ ਕੇਵਲ, ਜਿਹੜੇ ਮੈਨੂੰ ਕੱਢਣ ਗਏ ਸੀ ਤੇ ਮੇਰੇ ਨਾਲ ਸਾਢੇ ਤਿੰਨ ਸੌ ਤੋਂ ਵੱਧ ਸੀ ਸਿੰਘ, ਪਤੰਗਿਆਂ ਵਰਗੇ ਤਿਆਰ ਬਰ ਤਿਆਰ । ਕੀ ਤੁਹਾਡਾ ਇਹ ਹਿਰਦਾ ਕਹਿੰਦਾ ਕਿ ਪ ਬੰਦੇ ਜੇ ਮੈਨੂੰ ਇਥੋਂ ਕੱਢਣਾ ਚਾਹੁਣ ਤੇ ਮੈ ਅੜ ਜਾਵਾਂ, ਕੱਢ ਲੈਣਗੇ ਉਹ ? ਕਿਉਂ ਨਿਕਲਿਆਂ ਉਥੋਂ ? ਇਸ ਵਾਸਤੇ ਕਿ ਗੌਰਮੈਂਟ ਨੂੰ ਫ਼ੇਲ੍ਹ ਕਰਨਾ, ਅਨੰਦਪੁਰ ਦਾ ਮਤਾ, ਵੱਖਰੀ ਕੌਮ, ਪ੍ਰਸਨਲ ਲਾਅ, ਹੋਰ ਕਈ ਗੱਲਾਂ, ਉਹਦੇ ਵਿੱਚ ਆਉਂਦੀਆ, ਇਹ ਸਾਰਾ ਪੂਰਾ ਕਰਨਾ । ਗ਼ੁਲਾਮੀ ਸਿੱਖਾਂ ਦੇ ਗਲ਼ੇ ਲਹੁਣੀ ਆਂ ਤੇ ਗ਼ੁਲਾਮੀ ਬੜੀ ਡੂੰਘੀ ਪਈ ਹੋਈ ਆ । ਬੜੀ ਭਾਰੀ ਪਈ ਹੋਈ ਆ ਡੂੰਘੀ ਨਹੀਂ, ਬਹੁਤੀ ਭਾਰੀ ਪਈ ਹੋਈ ਆ ।

ਸਿੱਖਾਂ ਨਾਲ ਵਿਤਕਰਾ

ਜੇ ਤੇ ਪੰਡਿਤਾਂ ਦੇ ਘਰੇ ਜੰਮੀ ਕੁੜੀ, ਜਨਤਾ ਦੀਆਂ ਲੈ ਕੇ ਵੋਟਾਂ, ਹਿੰਦੁਸਤਾਨ ਦੀ ਬਣੀ ਪ੍ਰਾਈਮ ਮਨਿਸਟਰ ਇੰਦਰਾ ਗਾਂਧੀ, ਉਹਨੂੰ ਕੈਦ ਹੋ ਜਾਵੇ ਤੇ ਜੇਲ੍ਹ 'ਚ ਚਲੀ ਜਾਵੇ ਤੇ ਪਾਂਡੇ ਹੁਣੀ ਜਹਾਜ਼ ਅਗਵਾਹ ਕਰ ਲੈਣ ਤੇ ਟਿਕਟ ਮਿਲਦੀ ਆ, ਕੁਰਸੀ (ਮਿਲਦੀ ਆ) ਤੇ ਜੇ ਤੁਸੀਂ ਸਿੱਖਾਂ ਦੇ ਪੁੱਤ ਸ੍ਰੀ ਗੁਰੂ ਗਰੰਥ ਸਾਹਿਬ ਵਾਸਤੇ ਜਹਾਜ਼ ਅਗਵਾਹ ਕਰ ਲਵੋ ਤੇ ਫਿਰ ਦੇਸ਼ ਨਿਕਾਲਾ ਮਿਲਦਾ ਗਜਿੰਦਰ ਸਿੰਘ ਹੁਰਾਂ ਨੂੰ । ਬਾਹਮਣਾਂ ਦੀ ਕੁੜੀ ਵਾਸਤੇ ਜਹਾਜ਼ ਅਗਵਾਹ ਕਰਨ ਵਾਲਿਆਂ ਨੂੰ ਕੁਰਸੀ । ਸਿੱਖ ਦੇ ਇਸ਼ਟ ਵਾਸਤੇ ਜਹਾਜ਼ ਅਗਵਾਹ ਕਰਨ ਵਾਲਿਆਂ ਨੂੰ ਦੇਸ਼ ਨਿਕਾਲਾ । ਪੰਡਿਤਾਂ ਦੀ ਕੁੜੀ ਵਾਸਤੇ ਜਹਾਜ਼ ਅਗਵ੍ਹਾਹ ਕਰਨ ਵਾਲਿਆਂ ਨੂੰ ਐਮ.ਐਲ.ਏ. ਫਲੈਟ ਵਿੱਚ ਰਿਹਾਇਸ਼ੀ ਕਮਰਾ । ਸਿੱਖਾਂ ਦੇ ਇਸ਼ਟ ਵਾਸਤੇ ਜਹਾਜ਼ ਅਗਵਾਹ ਕਰਨ ਵਾਲਿਆਂ ਨੂੰ ਲੱਤ 'ਚ ਟੀਕਾ ਲਾ ਕੇ ਲੱਤ ਗਾਲ਼ੀ ਗਈ ਆ । ਪੰਡਿਤਾਂ ਦੀ ਕੁੜੀ ਵਾਸਤੇ ਜਹਾਜ਼ ਅਗਵਾਹ ਕਰਨ ਵਾਲਿਆਂ ਨੂੰ, ਦੇਸ਼ ਭਗਤੀ ਦਾ ਖਿਤਾਬ ਤੇ ਸਿੱਖਾਂ ਦੇ ਇਸ਼ਟ ਵਾਸਤੇ ਜਹਾਜ਼ ਅਗਵਾਹ ਕਰਨ ਵਾਲੇ ਮਨਜੀਤ ਸਿੰਘ ਉਰਫ਼ ਮੁਸੀਬਤ ਸਿੰਘ ਨੂੰ ਰਾਜਾ ਸਾਂਸੀ ਅੱਡੇ 'ਤੇ ਗੋਲੀ ਮਾਰ ਕੇ ਮਾਰਿਆ ਜਾਂਦਾ । ਕੀ ਇਹ ਆਜ਼ਾਦੀ ਆ ? ਹਿੰਦੂ ਸਿੱਖ ਏਕਤਾ ? ਇਹ ਸੋਚ ਲਉ ।

ਹਿੰਦੂ ਕੋਲੋਂ ਇੱਕ ਹਜ਼ਾਰ ਟਨ ਚਰਬੀ ਫੜੀ ਜਾਣੀ

ਇੱਕ ਹਜ਼ਾਰ ਟਨ ਗਊ ਦੀ ਚਰਬੀ ਫੜੀ ਗਈ ਬਠਿੰਡਿਓਂ, ਘਰੇ ਬੈਠੇ ਦੀ ਜ਼ਮਾਨਤ ਹੋ ਗਈ ਤੇ ਤਲਵੰਡੀ ਨੇ ਇੰਨਾ ਹੀ ਕਹਿ ਦਿੱਤਾ ਕਿ ਛੋਟੀ ਜਿਹੀ ਇੱਕ ਹਕੂਮਤ ਬਣਾ ਲਉ, ਪੈਰਲੈਲ ਜਿਹਨੂੰ ਕਹਿੰਦੇ ਆ, ਅਖੇ ਉਹ ਬਣਾ ਲਉ ਤੇ ਫੜ ਕੇ ਅੰਦਰ ਦੇ ਦਿੱਤਾ। ਲੱਕ ਉਹਦਾ ਹਿੱਲਦਾ ਨਹੀਂ, ਕਹਿੰਦੇ ਇਹ ਖ਼ਤਰਨਾਕ ਆ। ਜਿਹਦਾ ਲੱਕ ਨਹੀਂ ਹਿਲਦਾ, ਉਹ ਖ਼ਤਰਨਾਕ ਆ ਤਲਵੰਡੀ ਤਾਂ ਜਿਹੜਾ ਇੱਕ ਹਜ਼ਾਰ ਟਨ ਗਊ ਦੀ ਚਰਬੀ ਬਰਤਨਾਂ, ਢੋਲਾਂ 'ਚ ਪਾ ਕੇ ਬੈਠਾ ਤੇ ਲੋਕਾਂ ਦੇ ਪਿੰਡਾਂ 'ਚ ਲਈ ਜਾਂਦਾ, ਘਿਉ 'ਚ ਪਾ ਕੇ ਖੁਆਈ ਜਾਂਦਾ, ਉਹਦੀ ਜ਼ਮਾਨਤ ਕਹਿੰਦੇ ਕਰ ਦਿੱਤੀ ਗਈ, ਕਿਉਂਕਿ ਹਿੰਦੂ ਦਾ ਪੁੱਤ ਆ ਉਹ। ਕੀ ਇਹ ਆਜ਼ਾਦੀ ਆ ? ਉਹ ਮੈਨੂੰ ਨੰਬਰ ਭੁੱਲ ਗਿਆ ਕੋਠੀ ਦਾ, ਸ਼ਾਇਦ ਭਾਈ ਤੋਂ ਪੁੱਛ ਕੇ ਤੁਹਾਨੂੰ ਦੱਸ ਦਿਉਂਗਾ।

ਧਰਿੰਦਰ ਬ੍ਰਹਮਚਾਰੀ ਅਤੇ ਪਵਨ ਕੁਮਾਰ

ਧਰਿੰਦਰ ਬ੍ਰਹਮਚਾਰੀ ਦੀ ਕਾਰਬਾਈਨ ਦਾ ਲਾਇਸੈਂਸ ਬਠਿੰਡੇ ਦੇ ਨਾਅ 'ਤੇ ਬਣਿਆਂ। ਆਪਾਂ ਗੌਰਮੈਂਟ ਦਾ ਲਾਇਸੈਂਸ ਲੈ ਲਈਏ ਤੇ ਅੱਤਵਾਦੀ ਤੇ ਧਰਿੰਦਰ ਬ੍ਰਹਮਚਾਰੀ ਦੀ ੫੦੦ ਬੰਦੂਕ ਫੈਕਟਰੀ 'ਚੋਂ ਫੜੀ ਜਾਵੇ ਤੇ ਸਤਿਵਾਦੀ। ਕਿਉਂਕਿ ਬਾਹਮਣਾਂ ਦਾ ਮੁੰਡਾ। ਤੁਹਾਡੇ ਕੋਲੋਂ ਇੱਕ ਅੱਧਾ ਵੀ ਗਰਨੇਡ ਨਾ ਫੜਿਆ ਜਾਵੇ, ਸ਼ੱਕ ਹੀ ਪੈ ਜਾਵੇ ਤਾਂ ਵੀ ਅੱਤਵਾਦੀ ਤੇ ਪਵਨ ਕੁਮਾਰ ਕੋਲੋਂ ੨੩੦ ਗਰਨੇਡ ਫੜੇ ਜਾਣ ਤਾਂ ਸਤਿਵਾਦੀ ਕਿਉਂਕਿ ਬਾਹਮਣਾਂ ਦਾ ਮੁੰਡਾ।

ਸਿੱਖਾਂ 'ਤੇ ਕੇਸ ਪਰ ਹਿੰਦੂਆਂ 'ਤੇ ਨਹੀਂ

ਜੇ ਇੰਦਰਾ ਗਾਂਧੀ ਕਹਿ ਦੇਵੇ ਕਿ ਪੰਜਾਬ ਦੇ ਸਿੱਖ ਬਾਹਰਲੀਆਂ ਸਟੇਟਾਂ ਵਾਲੇ, ਸਿੱਖਾਂ ਬਾਰੇ ਸੋਚ ਲਵੋ ਕੀ ਬਣੇਗਾ, ਕੋਈ ਮੁਕਦਮਾ ਦਰਜ ਨਹੀਂ। ਜੇ ਸੁਆਮੀ ਅਦਿਤਿਆਵੇਸ ਕਹਿ ਦੇਵੇ ਹਰਿਆਣੇ 'ਚੋਂ ਸਿੱਖ ਨਿਕਲ ਜਾਵੋ ਕੋਈ ਗੱਲ ਨਹੀਂ। ਜੇ ਭੱਟਾਚਾਰੀਆ ਕਹਿ ਦੇਵੇ ਨਛੱਤਰ ਸਿੰਘ ਨੂੰ ਫਾਂਸੀ ਲੱਗਣੀ ਚਾਹੀਦੀ ਆ, ਕੋਈ ਗੱਲ ਨਹੀਂ। ਜੇ ਹਰਬੰਸ ਲਾਲ ਖੰਨਾ ਕਹਿ ਦੇਵੇ,

'ਦੁੱਕੀ ਤਿੱਕੀ ਖਹਿਣ ਨਹੀਂ ਦੇਣੀ ॥
ਸਿਰ 'ਤੇ ਪਗੜੀ ਰਹਿਣ ਨਹੀਂ ਦੇਣੀ ॥'

.....

'ਕੱਛ ਕੜਾ ਕਿਰਪਾਨ ॥
ਇਹਨੂੰ ਭੇਜੋ ਪਾਕਿਸਤਾਨ ॥'

ਕੋਈ ਮੁਕਦਮਾ ਦਰਜ ਨਹੀਂ। ਜੇ ਕੇਵਲ ਕ੍ਰਿਸ਼ਨ ਕਹਿ ਦੇਵੇ ਕਿ ਸਮੂਹ ਸਿੱਖ ਸੰਪਰਦਾਵਾਂ ਨੂੰ ਖ਼ਤਮ ਕਰ ਦਿੱਤਾ ਜਾਵੇਗਾ, ਕੋਈ ਮੁਕਦਮਾ ਦਰਜ ਨਹੀਂ ਤੇ ਜੇ ਹਿੰਦੂ ਜੈ ਸੰਘ ਵਾਲੇ ਰਾਜਿਸਥਾਨ ਵਿੱਚੋਂ ਕਹਿ ਦੇਣ, ਅਲਟੀਮੇਟਮ ਦੇ ਰੂਪ ਵਿੱਚ ਕਿ ੫ ਦਸੰਬਰ ਤੱਕ ਸਾਰੇ ਸਿੱਖ ਰਾਜਿਸਥਾਨ ਛੱਡ ਕੇ ਪੰਜਾਬ ਨੂੰ ਚਲੇ ਜਾਉ, ਤਾਂ ਕੋਈ ਮੁਕਦਮਾ ਦਰਜ ਨਹੀਂ, ਅਜੇ ਹਾਊਸ (ਪਾਰਲੀਮੈਂਟ ਦਾ ਸੈਸ਼ਨ) ਚੱਲਦਾ ਸੀ ਤੇ ਜੇ ਭਿੰਡਰਾਂਵਾਲਾ ਕਹਿ ਦੇਵੇ ਕਿ ਭਈ ਜੇ ਰਾਜਿਸਥਾਨ ਦੇ ਸਿੱਖਾਂ ਨੂੰ ਕੁਝ

ਕਿਹਾ ਤੇ ਪੰਜਾਬ ਦੇ ਹਿੰਦੂ ਪ੍ਰਲੋਕ ਦੀ ਤਿਆਰੀ ਕਰ ਲਉ ਤੇ ਗਹਿਮਾਂ ਗਹਿਮ ਪਾਰਲੀਮੈਂਟ ਲੱਗੀ ਰਹਿੰਦੀ ਆ। (ਸੰਗਤ ਹੱਸਣ ਲੱਗ ਪੈਂਦੀ ਹੈ) ਓ ਕਿਹੜੀ ਗੱਲ ਤੋਂ ਹੱਸੀ ਜਾਨੇ ਉਂ ? ਓ ਹੱਸਦੇ ਓਂ, ਮੈਂ ਸਿੱਖ ਇਥੇ ਬੋਲ ਰਿਹਾਂ ਤੇ ਉਹਨਾਂ ਨੂੰ ਅੱਗ ਲੱਗ ਜਾਂਦੀ, ਸਿੱਖਾਂ ਦਾ ਮੁੰਡਾ ਬੋਲਿਆ ਕਿਉਂ ਆ ? ਪੰਡਿਤਾਂ ਦੀ ਕੁੜੀ ਬੋਲ ਪਏ ਤਾਂ ਵੀ ਕੋਈ ਨਹੀਂ। ਮੁੰਡਾ ਬੋਲ ਪਏ ਤਾਂ ਵੀ ਕੋਈ ਗੱਲ ਨਹੀਂ। ਕਿਹੜੀ ਗੱਲ ਤੋਂ ਹੱਸਦੇ ਉਂ ? ਅਣਖ ਮੁੱਕ ਗਈ ਆ ਆਪਣੀ ?

ਫ਼ੌਜੀ ਸੀਤਲ ਸਿੰਘ ਅਤੇ ਪਿਆਰਾ ਸਿੰਘ

ਸੀਤਲ ਸਿੰਘ ਦੇ ਮੂੰਹ ਵਿੱਚ ਵਿਸ਼ਟਾ ਪਾਇਆ ਗਿਆ ਕੁੱਤਿਆਂ ਦਾ ਫ਼ੌਜ ਵਿੱਚ। ਸਟੇਨਗੰਨ ਗੁਆਚੀ ਹਿੰਦੂ ਦੀ, ਕੁੱਟ ਕੇ ਮਾਰਿਆ ਸੀਤਲ ਸਿੰਘ ਤੇ ਸਟੇਨ ਗੰਨ ਤੇ ਲੱਭ ਗਈ ਡਰੇਨ 'ਚੋਂ, ਗੰਦੇ ਨਾਲੋਂ 'ਚੋਂ, ਲਿਆਉ, ਸੀਤਲ ਸਿੰਘ ਲਿਆਉ। ਬੈਰਲਾਂ ਦੋ ਗੁਆਚੀਆਂ ਮੇਰਠ। ਬੈਰਲਾਂ ਦੋ ਮਿਲੀਆਂ ਹਿੰਦੂ ਦੀ ਬੈਰਕ 'ਚੋਂ, ਕੁੱਟ ਕੇ ਮਾਰ ਦਿੱਤਾ ਪਿਆਰਾ ਸਿੰਘ ਫਿਰੋਜ਼ਪੁਰ ਜਿਲ੍ਹੇ ਦਾ। ਇਹ ਕਿੱਥੇ ਅਣਖ ਆਪਣੀ, ਆਪਣੇ ਕੋਲ ਹੈਗੀ। ਪੰਡਿਤ ਦਾ ਮੁੰਡਾ ਇਥੋਂ ਚੱਲਿਆ ਭਾਵੇਂ ਸਾਰੀ ਦੁਨੀਆ ਦਾ ਚੱਕਰ ਲਾ ਆਵੇ ਕੋਈ ਗੱਲ ਨਹੀਂ ਤੇ ਸਿੱਖ ਦਾ ਪੁੱਤ ਇਥੋਂ ਏਸ਼ੀਆਈ ਗੇਮਾਂ 'ਚ, ਦਿੱਲੀ ਨੂੰ ਜਾਵੇ ਤਾਂ ਕਹਿੰਦੇ ਹਰਿਆਣਾ ਨਹੀਂ ਲੰਘਣ ਦੇਣਾ। ਜੇ ਪੰਡਿਤਾਂ ਦੇ ਲੀਡਰ ਇਹ ਬਿਆਨ ਦੇ ਦੇਣ ਕਿ ਸ਼ਸ਼ਤਰਧਾਰੀ ਹੋਵੋ, ਤ੍ਰਿਸ਼ੂਲ ਖਰੀਦੋ, ਕ੍ਰਿਪਾਨਾਂ ਖਰੀਦੋ, ਬਰਛੇ ਖਰੀਦੋ, ਪਸਤੌਲ ਖਰੀਦੋ, ਰਾਈਫ਼ਲਾਂ ਖਰੀਦੋ ਤੇ ਬਲਦੇਵ ਪ੍ਰਕਾਸ਼ ਕਹਿ ਦੇਵੇ ਕਿ ਜਿਹੋ ਜਿਹੇ 'ਅੱਤਵਾਦੀਆਂ' ਕੋਲ ਹਥਿਆਰ ਆ, ਉਹੋ ਜਿਹੇ ਹਥਿਆਰਾਂ ਨਾਲ ਹੀ ਅੱਗੋਂ ਉੱਤਰ ਦਿੱਤਾ ਜਾਵੇਗਾ, ਕੋਈ ਗੱਲ ਬਾਤ ਨਹੀਂ। ਇਹ ਤਾਂ ਸਮਾਂ ਦੱਸੂ ਭਈ ਚਲਾਉਣੇ ਵੀ ਆਂ, ਕਿ ਸਾਡੇ ਕੰਮ ਆਉਣੇ ਆਂ ਉਹ।

ਸ਼ਸ਼ਤਰਧਾਰੀ ਹੋਣ ਦੀ ਅਪੀਲ

ਸਿੰਘੋ ਕੁਝ ਤਾਂ ਅਕਲ ਤੋਂ ਕੰਮ ਲਵੋ। ਬਹੁਤੇ ਨੌਜੁਆਨ ਕਹਿੰਦੇ ਆ ਸੰਤ ਜੀ ਲਾਇਸੈਂਸ ਤਾਂ ਬਣਦੇ ਨਹੀਂ, ਕੀ ਕਰੀਏ ਤੇ ਆਪਾਂ ਸਿੱਖ ਇੰਦਰਾ ਦੇ ਨਹੀਂ, ਆਪਾਂ ਸਿੱਖ ਗੁਰੂ ਹਰਿਗੋਬਿੰਦ ਸਾਹਿਬ ਦੇ ਆਂ। ਜੇ ਬਾਹਮਣਾਂ ਦੇ ਮੁੰਡੇ ਨੂੰ ਲਾਇਸੈਂਸ ਦੀ ਲੋੜ ਨਹੀਂ ਤਾਂ ਸਿੱਖਾਂ ਦੇ ਮੁੰਡੇ ਨੂੰ ਕੀ ਲੋੜ ਆ ? ਜੇ ੨੩੦ ਗਰਨੇਡ ਪਵਨ ਕੁਮਾਰ ਰੱਖ ਸਕਦਾ ਹਿੰਦੁਸਤਾਨ ਵਿੱਚ, ਮੈਂ ਵੰਗਾਰ ਕੇ ਤੇ ਲਲਕਾਰ ਕੇ ਕਹਾਂਗਾ। ਜੋ ਵੀ ਮੈਨੂੰ ਇਹਦੇ ਬਾਰੇ ਭੁਗਤਣਾ ਪਿਆ ਭੁਗਤੂੰਗਾ। ਹਰ ਗੁਰਸਿੱਖ ਦਾ ਮੁੰਡਾ, ਘੱਟ ਤੋਂ ਘੱਟ ੨੦੦ ਗਰਨੇਡ ਜ਼ਰੂਰ ਰੱਖੋ ਆਪਣੇ ਘਰੇ ਜੇ ਤੁਸੀਂ ਰੱਖ ਸਕਦੇ ਆਂ। ਤੁਹਾਡੇ 'ਤੇ ਪਾਬੰਧੀ ਕਿਉਂ ? ੯੦ ਸਿਰ ਹਿੰਦੁਸਤਾਨ ਵਾਸਤੇ ਪੱਗ ਵਾਲਿਆਂ ਨੇ ਦਿੱਤੇ। ੯੦ ਸਿਰਾਂ ਵਾਲਾ ਕਹਿੰਦੇ ਆ ਹਥਿਆਰ ਨਹੀਂ ਰੱਖ ਸਕਦਾ ਤੇ ੧੦ ਸਿਰਾਂ ਵਾਲਾ, ਗੁੱਲੀ ਰਾਮ ਛੱਲੀ ਰਾਮ ੨੩੦ ਗਰਨੇਡ ਰੱਖ ਸਕਦਾ। ਇਹ ਅਸੂਲ ਆ ? ਜੇ ਤੁਸੀਂ ਬਹੁਤੇ ਪਾਬੰਧ ਹੋ ਗਏ ਓ ਨਾ ਕਾਨੂੰਨ ਦੇ ਤੇ ੩੦ ਘੱਟ ਰੱਖ ਲਿਉ, ੨੦੦ ਜ਼ਰੂਰ ਰੱਖਿਆ ਕਰੋ ਇੱਕ ਜਣਾ। ਛੇਵੇਂ ਪਾਤਿਸ਼ਾਹ ਨੇ ਕਿੰਨੇ ਲਾਇਸੈਂਸ ਲਏ ਸੀ ਜਹਾਂਗੀਰ ਤੋਂ ? ਦਸਵੇਂ ਪਾਤਿਸ਼ਾਹ ਨੇ ਕਿੰਨੇ ਲਾਇਸੈਂਸ ਲਏ ਸੀ ਨੌਰੰਗੇ ਤੋਂ ? ਓਏ ਪੁੱਤ ਗੁਰੂ ਦੇ ਤੇ ਲਾਇਸੈਂਸ ਭਾਲੋ ਇਹਨਾਂ ਤੋਂ ?

ਜੁਝਾਰੂਆਂ ਨੂੰ ਪਨਾਹ ਦੇਣ ਅਤੇ ੧੦ ਲੱਖ ਤੱਕ ਦੇ ਨੁਕਸਾਨ ਭਰਨ ਦਾ ਐਲਾਨ

ਮਿਲ ਕੇ ਚੱਲੋ, ਨਸ਼ਿਆਂ ਦਾ ਤਿਆਗ ਕਰੋ। ਜਿਹਨੇ ਨੌਜੁਆਨ ਵਿਦਿਆਰਥੀ ਵਰਗ ਆਏ ਹੋ, ਤੁਹਾਨੂੰ ਬੇਨਤੀ ਕਰਾਂਗਾ। ਅੱਗੇ ਤੁਹਾਡਾ ਇੱਕ ਅਲਾਹਮਾ ਸੀ, ਸਾਰੇ ਸਿੱਖਾਂ ਸਿਰ ਵੀ, ਲੀਡਰਾਂ ਸਿਰ ਵੀ ਕਿ ਸੰਤ ਜੀ ਜੇ ਕਿਤੇ ਧਰਮ ਵਾਸਤੇ ਤੁਰ ਪਈਏ, ਕੋਈ ਸੰਭਾਲਦਾ ਨਹੀਂ। ਹੁਣ ਤੁਹਾਡੀ ਢਿੱਲ ਹੈ, ਮੇਰੇ ਵੱਲੋਂ ਕੋਈ ਢਿੱਲ ਨਹੀਂ। ਜਿਹੜਾ ਧਰਮ ਵਾਸਤੇ ਕੁਝ ਕਰੇਗਾ, ਉਹਨੂੰ ਮੈਂ ਸੰਭਾਲੂਗਾ, ਜੇ ਮੇਰੇ ਕੋਲ ਪਹੁੰਚ ਗਿਆ। ੧੦ ਲੱਖ ਰੁਪਏ ਤੱਕ, ਧਰਮ ਦਾ ਕੰਮ ਕਰਨ ਵਾਲੇ ਦਾ ਪੰਜਾਬ ਵਿੱਚੋਂ ਜਾਂ ਹਿੰਦੁਸਤਾਨ ਵਿੱਚੋਂ ਕਿਸੇ ਸਿੱਖ ਦਾ ਨੁਕਸਾਨ ਹੋ ਗਿਆ। ਜੇ ਪਰਾਲਬਦ ਮੇਰੀ ਰਹੀ ਤੇ, ਤੁਹਾਡੇ ਜੋੜੇ ਝਾੜਨ ਦਾ ਮੈਨੂੰ ਮੌਕਾ ਮਿਲਿਆ, ਮੈਂ ਇਥੋਂ ਬਾਹਰ ਨਿਕਲ ਗਿਆ। ੧੦ ਲੱਖ ਰੁਪਏ ਤੱਕ ਤੁਹਾਡਾ ਹਰਜਾਨਾ ਮੈਂ ਭਰੂੰਗਾ ਇੱਕ ਮਹੀਨੇ ਦੇ ਵਿੱਚ ਵਿੱਚ, ਪਰ (ਉਦੋਂ) ਜਦੋਂ ਇਥੋਂ ਨਿਕਲਿਆ। ਇਥੇ ਬੈਠੇ ਤੋਂ ਨਾ ਮੰਗ ਲਿਉ ਆ ਕੇ। ਇਥੇ ਬੈਠਾ ਤੇ ਮੈਂ ਤੁਹਾਡੇ ਕੋਲੋਂ ਲੈ ਕੇ ਖਾਨਾ, ਹੋਰ ਕੀ ਚਾਹੁੰਨੇ ਮੇਰੇ ਕੋਲੋਂ ? ਆਪਾਂ ਪੰਥ ਦੀ ਵਿਰੋਧਤਾ ਨਹੀਂ ਕਰਨੀ, ਪੰਥ ਦੀ ਡਟ ਕੇ ਹਮਾਇਤ ਕਰਨੀ ਆਂ, ਪਰ ਜਿਹੜੀ ਗੱਲ ਪਹਿਲਾਂ ਦੱਸੀ ਆ ਨਰਕਧਾਰੀਆਂ ਵਾਲੀ, ਉਹਦੇ ਤੋਂ ਸਾਵਧਾਨ ਰਹਿਣਾ।

ਰਹਿਤ ਮਰਿਯਾਦਾ ਦੇ ਧਾਰਨੀ ਹੋਣ ਦੀ ਅਪੀਲ

ਨੌਜੁਆਨ ਵੀਰੋ, ਜੇ ਅਨੰਦਪੁਰ ਦੇ ਮਤੇ ਦੇ ਹਾਮੀ ਹੋ, ਇੱਕ ਵਾਰ ਹਾਂ 'ਚ ਜਾਂ ਨਾਂਹ 'ਚ ਤੁਸੀਂ ਉੱਤਰ ਦੇਣਾ। ਮੈਂ ਪਹਿਲਾਂ ਇਹ ਪੁੱਛ ਕੇ ਫੇਰ ਅਗਾਂਹ ਗੱਲ ਕਹਿਣੀ ਆਂ। ਪਹਿਲਾਂ ਇਹ ਦੱਸੋ ਭਈ ਜਿਨੇ ਆਪਾਂ ਇਥੇ ਬੈਠੇ ਆਂ, ਆਪਾਂ ਅਨੰਦਪੁਰ ਦੇ ਮਤੇ ਦੇ ਹਾਮੀ ਹਾਂ, ਪੂਰਾ ਚਾਹੁੰਨੇ ਆਂ ? ਕਿਉਂ ਭਈ ਅਨੰਦਪੁਰ ਦਾ ਮਤਾ ਚਾਹੁੰਦੇ ਹਾਂ ਕਿ ਨਹੀਂ ?

.....ਚਾਹੁੰਨੇ ਆ, ਚਾਹੁੰਨੇ ਆਂ।

ਇਹ ਠੀਕ ਆ ਤੁਸੀਂ ਚਾਹੁੰਦੇ ਓ ਤੇ ਜਿਹੜਾ ਬੰਦਾ ਆਪਣੇ ਘਰੇ ਨਾ ਆਵੇ ਉਹਨੂੰ ਕੋਈ ਗੁਆਂਢੀ ਚੀਜ਼ ਦਿੰਦਾ ਹੁੰਦਾ ? ਜਿਹੜਾ ਬੰਦਾ ਆਪਦੇ ਘਰੇ ਹੀ ਨਾ ਆਵੇ, ਉਹਨੂੰ ਕਦੀ ਗੁਆਂਢੀ ਨੇ ਕੋਈ ਵਸਤੂ ਹੁਦਾਰੀ ਦਿੱਤੀ ਆ, ਉਹਦੇ ਵਰਤਣ ਨੂੰ ? ਨਹੀਂ ਨਾ ਦਿੰਦਾ। ਆਪਣਾ ਜਨਮ ਕਿੱਥੇ ਹੋਇਆ ? ਖ਼ਾਲਸੇ ਦਾ ਜਨਮ ਅਨੰਦਪੁਰ ਹੋਇਆ। ਆਪਾਂ ਅਨੰਦਪੁਰ ਆਪਣੇ ਘਰੇ ਵੜਦੇ ਆਂ ? ਕਿੰਨਿਆਂ ਦੇ ਕੇਸ ਦਾਹੜੇ ਆ ? ਕਿੰਨਿਆਂ ਦੇ ਗਾਤਰੇ ਕ੍ਰਿਪਾਨਾਂ ? ਕਿੰਨੇ ਪੰਜ ਬਾਣੀਆਂ ਪੜ੍ਹਦੇ ਆਂ ? ਕਿੰਨੇ ਅੰਮ੍ਰਿਤ ਛਕ ਕੇ ਗੁਰੂ ਦੇ ਲੜ ਲੱਗ ਕੇ ਆਪਾਂ ਚੱਲ ਰਹੇ ਆਂ ? ਮਤਾ ਅਨੰਦਪੁਰ ਦਾ ਮੰਗੀ ਜਾਨੇ ਆਂ, ਮੱਥਾ ਗਾਂਧੀ ਨੂੰ ਟੇਕੀ ਜਾਨੇ ਆਂ। ਹਿੰਦੁਸਤਾਨ ਦਾ ਬਾਪੂ, ਹਿੰਦੁਸਤਾਨ ਦਾ ਬਾਪੂ, ਕਿਵੇਂ ਮਿਲ ਜਾਊ ਹਾਲੇ ? ਅਨੰਦਪੁਰ ਘਰੇ ਆਉ। ਆਪਣੇ ਘਰੇ ਵੜ ਕੇ ਆਪਣੇ ਬਾਪੂ ਦੇ ਲੜ ਲੱਗੀਏ, ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਤੇ ਅੰਮ੍ਰਿਤ ਛਕੋ ਪੰਜਾਂ ਪਿਆਰਿਆਂ ਤੋਂ।

'ਕੰਨਾ ਮੰਨਾ ਕੁ ਰ ਰ , ਤੂੰ ਮੇਰਾ ਚੇਲਾ ਤੇ ਮੈਂ ਤੇਰਾ ਗੁ ਰ ਰ॥'

ਵਾਲਿਆਂ ਤੋਂ ਬਚੋ।

ਕੋਈ ਹਨੇ ਦੀ ਕੋਈ ਬੰਨੇ ਦੀ ॥
ਕੋਈ ਪਹਾੜਾਂ ਵਾਲੀ ਰੰਨੇ ਦੀ ॥
ਕੋਈ ਢੋਲ ਢਮੱਕਾ ਸਰਵਰ ਦਾ ॥'

ਇਹਨਾਂ ਦੇ ਅੜਿੱਕੇ ਨਹੀਂ ਚੜ੍ਹਨਾ ਤੇ ਇੱਕ ਅਰਦਾਸ ਕਰਿਆ ਕਰੋ ਗੁਰੂ ਅੱਗੇ।

ਟਾਈਮ ਮੈਂ ਤੁਹਾਡਾ ਜ਼ਿਆਦਾ ਲੈ ਲਿਆ, ਵਿਦਿਆਰਥੀ ਵੀ ਕੁਝ ਔਖੇ ਜਿਹੇ ਆ। ਸੋ ਇਹ ਟਾਈਮ ਇੰਨਾ ਮਨਜ਼ੂਰ ਕਰਿਉ, ਧਾਰਨਾ ਨਾਲ ਇੱਕ ਸ਼ਬਦ ਪੜ੍ਹ ਲਈਏ। ਮੇਰੇ ਕੋਲ ਕਈ ਸੱਜਣ ਕਹਿੰਦੇ ਜੀ ਅਸੀਂ ਫਰਿਆਦ ਕਿੱਥੇ ਕਰੀਏ ? ਫਰਿਆਦ ਆਪਾਂ ਇਥੇ ਕਰਨੀ ਆਂ, ਗੁਰੂ ਗਰੰਥ ਸਾਹਿਬ ਦੇ ਅੱਗੇ। ਫਰਿਆਦ ਰਾਜਨੀਤਕ ਵੀ ਕਰਦੇ ਆ, ਫਰਿਆਦ ਵਿਦਿਆਰਥੀ ਵੀ ਕਰਦੇ ਆ, ਫਰਿਆਦ ਅਨਪੜ੍ਹ ਵੀ ਕਰਦੇ ਆ, ਪੜ੍ਹੇ ਲਿਖੇ ਵੀ ਕਰਦੇ ਆ ਤੇ ਫਰਿਆਦ ਬ੍ਰਹਮ ਗਿਆਨੀ ਵੀ ਕਰਦੇ ਆ ਪਰ ਫਰਿਆਦਾਂ-ਫਰਿਆਦਾਂ ਦਾ ਫ਼ਰਕ ਆ। ਉਹ ਧਾਰਨਾ ਪੜ੍ਹ ਕੇ ਤੇ ਮੈਂ ਤੁਹਾਡੇ ਤੋਂ ਖਿਮਾ ਮੰਗਾਂਗਾ ਤੇ ਇਹ ਸੁਨੇਹਾ ਮੇਰਾ ਜ਼ਰੂਰ ਜਾਂਦਿਆਂ ਪਹੁੰਚਾ ਦਿਉ ਧਾਰਨ ਕਰਕੇ।

ਅਕਾਲੀਆਂ ਦੀ ਸ਼ਾਂਤਮਈ 'ਤੇ ਵਿਅੰਗ

ਮੋਟਰ ਸਾਈਕਲ ਖਰੀਦਣੇ, ਹਥਿਆਰ ਖਰੀਦ ਕੇ ਸ਼ਸ਼ਤਰਧਾਰੀ ਹੋ ਕੇ ਤਿਆਰ ਬਰ ਤਿਆਰ ਹੋਣਾ, ਮਿਲ ਕੇ ਚੱਲਣਾ, ਅਨੰਦਪੁਰ ਦੇ ਮਤੇ ਦੀ ਪ੍ਰਾਪਤੀ ਤੱਕ। ਜਿਹੜਾ ਵੀ ਉਰਾ ਪਰਾ ਕਰਦਾ, ਉਹਦੇ ਨਾਲ ਪੂਰਾ ਟੱਕਰ ਕੇ ਚੱਲਣਾ। ਟੱਕਰ ਕੇ ਜਾਣਦੇ ਨਾ ਕੀ ਹੁੰਦਾ ? ਟੱਕਰ ਕੇ ਇਹ ਨਹੀਂ ਭਈ ਡਾਂਗੋ ਡਾਂਗੀ। ਜਦੋਂ ਸਮਾਂ ਆਏਗਾ ਫਿਰ ਵੇਖੀ ਜਾਊ, ਅਜੇ ਵਿਚਾਰਾਂ ਦੀ ਟੱਕਰ ਆ। ਵਿਚਾਰਾਂ ਨਾਲ ਦਲੀਲਾਂ ਦੇ ਦੇ ਕਰਕੇ, ਕਾਇਲ ਕਰਕੇ ਚੱਲਣਾ ਤੇ ਕਾਣ ਨਹੀਂ ਮੰਨਣੀ। ਹੁਣ ਤੱਕ ਬੇੜਾ ਕਾਣ ਨੇ ਹੀ ਆਪਣਾ ਖ਼ਰਾਬ ਕੀਤਾ। ਅਕਾਲੀ ਦਲ ਦੇ ਇਤਿਹਾਸ ਨੂੰ ਛੱਡ ਕੇ ਸਿੱਖ ਇਤਿਹਾਸ ਤੇ ਗੁਰ ਇਤਿਹਾਸ ਵਿੱਚ ਤੁਸੀਂ ਇੱਕ ਵੀ ਕੋਈ ਦੱਸ ਦਿਉ, ਜਿੱਥੇ ਦੋ ਪੀੜੀਆਂ ਲਗਾਤਾਰ ਸ਼ਾਂਤਮਈ ਮੋਰਚਾ ਹੋਵੇ, ਕੋਈ ਦੱਸ ਦਿਉ (ਇਥੇ ਬਹਿ ਜਾਹ, ਕਿਸੇ ਸਿੰਘ ਨੂੰ ਕਹਿ ਰਹੇ ਹਨ) ਕੋਈ ਦੱਸ ਦਿਉ। ਦੋ ਪੀੜ੍ਹੀਆਂ, ਅਕਾਲੀ ਦਲ ਦੇ ਇਤਿਹਾਸ ਨੂੰ ਛੱਡ ਕੇ, ਗੁਰ ਇਤਿਹਾਸ ਤੇ ਸਿੱਖ ਇਤਿਹਾਸ ਵਿੱਚ, ਦੋ ਪੀੜ੍ਹੀਆਂ ਲਗਾਤਾਰ ਸ਼ਾਂਤਮਈ, ਤੁਹਾਡੇ ਪੜ੍ਹਿਆਂ ਲਿਖਿਆਂ ਦੀ ਬੋਲੀ ਮੁਤਾਬਕ ਪੀਸ ਫੁਲ, ਕਦੇ ਵੇਖਿਆ ? ਤੇ ਆਪਣਿਆਂ ਨੂੰ ਚੌਦਾਂ ਪੀੜ੍ਹੀਆਂ ਹੋ ਗਈਆਂ। ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਚੌਦਵੀਂ ਪੀੜ੍ਹੀ 'ਚ ਆ ਹੁਣ ਅਕਾਲੀ ਦਲ ਦੇ ਹਿਸਾਬ ਨਾਲ ਪ੍ਰਧਾਨਗੀ 'ਚ।

ਅਕਾਲੀ ਸ਼ਾਂਤਮਈ ਅਤੇ ਸਿੱਖ ਇਤਿਹਾਸ

ਚੌਦਾਂ ਪੀੜ੍ਹੀਆਂ ਲਗਾਤਾਰ ਹੋ ਗਏ ਆ ਸ਼ਾਂਤਮਈ 'ਚ ਤੇ ਗੁਰ ਇਤਿਹਾਸ ਕੀ ਕਹਿੰਦਾ ? ਗੁਰ ਇਤਿਹਾਸ ਹੈ, ਪੰਜਵੇਂ ਪਾਤਿਸ਼ਾਹ ਸ਼ਾਂਤਮਈ ਸ਼ਹੀਦੀ ਦਿੱਤੀ ਤੇ ਦੂਜੀ ਪੀੜ੍ਹੀ ਛੇਵੇਂ ਪਾਤਿਸ਼ਾਹ ਨੇ ਬਦਲਾ ਲਿਆ। ਨੌਵੇਂ ਪਾਤਿਸ਼ਾਹ ਸ਼ਾਂਤਮਈ ਸ਼ਹੀਦੀ ਦਿੱਤੀ ਤੇ ਦਸਵੇਂ ਪਾਤਿਸ਼ਾਹ ਦੂਜੀ ਪੀੜ੍ਹੀ 'ਚ ਬਦਲਾ ਲਿਆ। ਛੋਟੇ ਸਾਹਿਬਜ਼ਾਦਿਆਂ ਸ਼ਹੀਦੀ ਦਿੱਤੀ, ਉਸੇ ਪੀੜ੍ਹੀ 'ਚ ਬੰਦਾ ਸਿੰਘ ਬਹਾਦਰ ਨੇ ਬਦਲਾ ਲਿਆ। ਬਾਬਾ ਮਨੀ ਸਿੰਘ ਨੇ ਸ਼ਾਂਤਮਈ ਸ਼ਹੀਦੀ ਦਿੱਤੀ, ਦੂਜੀ ਪੀੜ੍ਹੀ 'ਚ ਬਾਬਾ ਅਜਰ

ਸਿੰਘ ਨੇ ਬਦਲਾ ਲਿਆ। ਜਸਪਤ ਤੇ ਲਖਪਤ ਨੇ ਸਿੱਖਾਂ ਦਾ ਖ਼ੂਨ ਪੀਤਾ, ਉਸੇ ਪੀੜ੍ਹੀ ਵਿੱਚ ਹੀ ਭਾਈ ਨਬਾਊ ਸਿੰਘ ਨੇ ਹਾਥੀ 'ਤੇ ਚੜ੍ਹ ਕੇ ਉਹਦਾ ਸਿਰ ਵੱਢਿਆ, ਬਦਲਾ ਲਿਆ। ਭਾਈ ਮਤੀ ਦਾਸ, ਭਾਈ ਸਤ੍ਰੀ ਰਾਮ, ਭਾਈ ਦਿਆਲਾ ਜੀ ਸ਼ਾਂਤਮਈ ਸ਼ਹੀਦੀ ਦਿੱਤੀ, ਰਾਤ ਨੂੰ ਆਪ ਛਾਤੀ 'ਤੇ ਚੜ੍ਹੇ, ਨੌਰੰਗੇ ਨੂੰ ਦਿੱਲੀ 'ਚੋਂ ਕੱਢਿਆ। ਭਾਈ ਤਾਰੂ ਸਿੰਘ ਨੇ ਖੋਪਰੀ ਲੁਹਾਈ, ਸ਼ਾਂਤਮਈ ਸੰਘਰਸ਼ ਲੜਿਆ ਤੇ ਉਸੇ ਸੰਘਰਸ਼ ਦੇ ਦੌਰਾਨ ਹੀ ਆਪਣੇ ਪੈਰ ਦੀ ਜੁੱਤੀ ਨਾਲ, ਇੱਕ ਸਿੱਖ ਦੁਆਰਾ, ਖਾਨ ਬਹਾਦਰ ਜ਼ਕਰੀਏ ਨੂੰ ਪ੍ਰਲੋਕ ਨੂੰ ਭੇਜਿਆ। ਸ਼ਾਂਤਮਈ ਸਿੰਘਾਂ ਦਾ ਖ਼ੂਨ ਪੀਤਾ ਹੈ ਅਬਦਾਲੀ ਨੇ ਤੇ ਇਸ ਦਮਦਮੀ ਟਕਸਾਲ ਦੇ ਪ੍ਰਮੁੱਖ ਸੇਵਾਦਾਰ ਪੂਰਨ ਬ੍ਰਹਮ ਗਿਆਨੀ ਸਿੱਖੀ ਦੇ ਥੰਮ ਬਾਬਾ ਦੀਪ ਸਿੰਘ ਜੀ ਸ਼ਹੀਦ ਨੇ ੭੫ ਸਾਲ ਤੋਂ ਉੱਪਰ ਦੀ ਉਮਰ ਵਿੱਚ ਜਾ ਕੇ ਸੀਸ ਤਲੀ 'ਤੇ ਰੱਖ ਕੇ ਖੰਡੇ ਦੇ ਨਾਲ ਉਸ ਜ਼ਾਲਮ ਨੂੰ ਇਥੋਂ ਦੇਸ਼ ਵਿੱਚੋਂ ਕੱਢਿਆ। ੭੯ ਵਿੱਚ ਸ਼ਾਂਤਮਈ ਕੁੱਟ ਖਾਧੀ, ੧੩ ਸ਼ਹੀਦ ਹੋਏ, ੭੯ ਜ਼ਖ਼ਮੀ ਹੋਏ ਤੇ ੮੦ ਵਿੱਚ ਗੁਰਬਚਨੇ ਨੂੰ ਕਿਸੇ ਪ੍ਰੇਮੀ ਨੇ ਗੱਡੀ ਚੜ੍ਹਾ ਦਿੱਤਾ। ਭਵਨ ਬਣਦਾ ਕਿਤੇ ਪੰਜਾਬ 'ਚ ? ਦੋ ਪੀੜ੍ਹੀਆਂ ਦੱਸੋ ਕਿੱਥੇ ਸ਼ਾਂਤਮਈ ਆਪਣੇ 'ਚ, ਕੋਈ ਜਵਾਬ ਦੇ ਦਿਉ ?

ਅਕਾਲੀ ਦਲ ਵੱਲੋਂ ਸੰਤ ਜਰਨੈਲ ਸਿੰਘ 'ਤੇ ਦੋਸ਼

ਇੰਨੀ ਗੱਲ ਈ, ਜੀ ਭਿੰਡਰਾਂਵਾਲਾ ਗਰਮ ਆ ਜੀ, ਭਿੰਡਰਾਂਵਾਲਾ ਫੁੱਟ ਪਾਉਂਦਾ ਜੀ, ਭਿੰਡਰਾਂਵਾਲਾ ਪੰਥ ਦੇ ਵਿਰੁੱਧ ਬੋਲਦਾ। ਦੱਸੋ ਕਿਸੇ ਬੰਦੇ ਨੂੰ ਮੈਂ ਕਿਹਾ ਕਿ ਜਥੇ 'ਚ ਨਾ ਜਾਇਉ ? ਕਿਸੇ ਬੰਦੇ ਨੂੰ ਕਿਹਾ ਕਿ ਲੌਂਗੋਵਾਲ ਨੂੰ ਨਾ ਮਿਲਿਉ ? ਕਿਸੇ ਬੰਦੇ ਨੂੰ ਕਿਹਾ ਭਈ ਤੂੰ ਘਰੇ ਬੈਠਾ ਰਹਿ ? ਕਿਸੇ ਬੰਦੇ ਨੂੰ ਕਿਹਾ ਕਿ ਤੂੰ ਸਟੇਜ 'ਤੇ ਰੌਲਾ ਪਾਵੀਂ ? ਕਿਸੇ ਬੰਦੇ ਨੂੰ ਕਿਹਾ ਕਿ ਧਰਮ ਵਾਸਤੇ ਤੂੰ ਨਾ ਤੁਰੀਂ ? ਕਿਸੇ ਬੰਦੇ ਨੂੰ ਕਿਹਾ ਕਿ ਅਕਾਲੀ ਦਲ ਦੇ ਫੰਡ 'ਚ ਪੈਸੇ ਨਾ ਇਕੱਠੇ ਕਰਾ ? ਕਿਸੇ ਸਿੱਖ ਨੇ ਮੇਰੇ ਨਾਂਅ 'ਤੇ ਸ਼ਹੀਦੀ ਫੰਡ ਖੁੱਲਿਆ ਵੇਖਿਆ ਅੱਜ ਤਾਈਂ ?

ਤਿਆਰ ਬਰ ਤਿਆਰ ਹੋਣ ਦੀ ਅਪੀਲ

ਸੋ ਮੈਂ ਇੱਕ ਬੇਨਤੀ ਤੁਹਾਨੂੰ ਕਰਦਾਂ, ਤਿਆਰ ਬਰ ਤਿਆਰ ਰਹਿਣਾ, ਪੰਥ ਦੀ ਹਮਾਇਤ ਕਰਨੀ, ਨਸ਼ਿਆਂ ਤੋਂ ਬਚਣਾ, ਅੰਮ੍ਰਿਤ ਛਕਣਾ, ਗੁਰੂ ਦੇ ਲੜ ਲੱਗਣਾ। ਗੁਰਬਾਣੀ ਪੜ੍ਹਨੀ ਤੇ ਸ਼ਹੀਦਾਂ ਦਾ ਹੱਕ ਲੈਣਾ, ਮੇਰੇ ਵੱਲੋਂ ਪ੍ਰੋਗਰਾਮ ਤੁਹਾਨੂੰ ਪੱਕਾ ਤੇ ਜਿਹੜੀਆਂ ਬੇਨਤੀਆਂ ਕਰਦੇ ਆਂ, ਉਹ ਬੇਨਤੀਆਂ ਆਪਾਂ ਗੁਰੂ ਗਰੰਥ ਸਾਹਿਬ ਅੱਗੇ ਕਰੀਏ, ਜਿਵੇਂ ਮਹਾਂਪੁਰਖ ਕਰਦੇ ਆ। ਇਹਨਾਂ ਤੋਂ ਸਿੱਖਿਆ ਲੈ ਕੇ, ਸੋ ਇੱਕੋ ਧਾਰਨਾ ਇਹ ਪੜ੍ਹ ਕੇ ਆਪਾਂ ਸਾਰੇ ਤੇ ਸਮਾਪਤੀ ਹੋਵੇਗੀ ਮੇਰੇ ਵੱਲੋਂ। ਫੈਡਰੇਸ਼ਨ ਵਾਲਾ ਪ੍ਰੋਗਰਾਮ ਆਂ, ਉਹ ਸੁਣਨ ਦੀ ਕ੍ਰਿਪਾਲਤਾ ਕਰ ਲਿਉ ਤੇ ਪੜ੍ਹਿਉ ਗੱਜ ਕੇ। ਕਿਤੇ ਘੁੰਡ ਜਿਹਾ ਕੱਢ ਕੇ ਨਾ ਪੜ੍ਹਿਉ। ਗੀਤ ਗਾਉਣੇ ਹੋਣ, ਬੋਲੀਆਂ ਪਾਉਣੀਆਂ ਹੋਣ, ਬੜਾ ਉੱਚੀ ਸਾਰੇ ਬੋਲਦੇ ਆਂ ਤੇ ਸ਼ਬਦ ਪੜ੍ਹਨ ਲੱਗੇ ਥੱਲੇ ਜਿਹੇ ਨਾ ਰਹਿਉ। ਇਹ ਵੀ ਗੱਜ ਕੇ ਪੜ੍ਹਿਉ।

ਪ੍ਰਮੇਸ਼ਰ ਦੇ ਪਿਆਰੇ, ਅਕਾਲ ਪੁਰਖ ਵਾਹਿਗੁਰੂ ਅੱਗੇ ਜਿਸ ਤਰ੍ਹਾਂ ਬੇਨਤੀ ਕਰਦੇ ਆਂ, ਉਹਦੀ ਧਾਰਨਾ ਬਾਹਰਲੀ ਹੋਵੇਗੀ ਤੇ ਪੰਗਤੀ ਗੁਰਬਾਣੀ ਦੀ ਹੋਵੇਗੀ। ਉਹਦੇ ਆਧਾਰ 'ਤੇ ਆਪਾਂ ਸਾਰਿਆਂ

ਨੇ ਪੜ੍ਹਨਾ ਤੇ ਪ੍ਰੇਮ ਨਾਲ ਪੜ੍ਹਨ ਦੀ ਕੋਸ਼ਿਸ਼ ਕਰਿਉ। ਬੇਨਤੀਆਂ ਕਰਦੇ ਹੋਏ ਅਕਾਲ ਪੁਰਖ ਅੱਗੇ ਕੀ ਕਹਿੰਦੇ ਹਨ ?

ਸੰਤ : ਸਾਡਾ ਤੇ ਨਿਮਾਣਿਆਂ ਦਾ ਤੂੰ ਹੀ ਏ ਹੋਰ ਕੋਈ ਆਸਰਾ ਨਹੀਂ ॥
ਸਾਡਾ ਤੇ ਨਿਮਾਣਿਆਂ ਦਾ ਤੂੰ ਹੀ ਏ ਹੋਰ ਕੋਈ ਆਸਰਾ ਨਹੀਂ ॥
ਸੰਗਤ : ਸਾਡਾ ਤੇ ਨਿਮਾਣਿਆਂ ਦਾ ਤੂੰ ਹੀ ਏ ਹੋਰ ਕੋਈ ਆਸਰਾ ਨਹੀਂ ॥
ਸਾਡਾ ਤੇ ਨਿਮਾਣਿਆਂ ਦਾ ਤੂੰ ਹੀ ਏ ਹੋਰ ਕੋਈ ਆਸਰਾ ਨਹੀਂ ॥
ਸਾਡਾ ਤੇ ਨਿਮਾਣਿਆਂ ਦਾ ਤੂੰ ਹੀ ਏ ਹੋਰ ਕੋਈ ਆਸਰਾ ਨਹੀਂ ॥
ਸੰਤ : ਸਾਡਾ ਤੇ ਨਿਮਾਣਿਆਂ ਦਾ ਤੂੰ ਹੀ ਏ ਹੋਰ ਕੋਈ ਆਸਰਾ ਨਹੀਂ ॥
ਸਾਡਾ ਤੇ ਨਿਮਾਣਿਆਂ ਦਾ ਤੂੰ ਹੀ ਏ ਹੋਰ ਕੋਈ ਆਸਰਾ ਨਹੀਂ ॥
ਸੰਗਤ : ਸਾਡਾ ਤੇ ਨਿਮਾਣਿਆਂ ਦਾ ਤੂੰ ਹੀ ਏ ਹੋਰ ਕੋਈ ਆਸਰਾ ਨਹੀਂ ॥
ਸਾਡਾ ਤੇ ਨਿਮਾਣਿਆਂ ਦਾ ਤੂੰ ਹੀ ਏ ਹੋਰ ਕੋਈ ਆਸਰਾ ਨਹੀਂ ॥
ਸੰਤ : ਕੇਤੀ ਕੋਈ ਕੋਇ ਕੇਤੀ ਕੋਈ ਕੋਇ ॥
ਸੰਗਤ : ਕੇਤੀ ਕੋਈ ਕੋਇ ਕੇਤੀ ਕੋਈ ਕੋਇ ॥
ਸੰਤ : ਮੰਝ ਨਿਮਾਣੀ ਇੱਕ ਤੂੰ ਹੋਰ ਕੋਈ ਆਸਰਾ ਨਹੀਂ ॥
ਸਾਡਾ ਤੇ ਨਿਮਾਣਿਆਂ ਦਾ ਤੂੰ ਹੀ ਏ ਹੋਰ ਕੋਈ ਆਸਰਾ ਨਹੀਂ ॥
ਸੰਗਤ : ਸਾਡਾ ਤੇ ਨਿਮਾਣਿਆਂ ਦਾ ਤੂੰ ਹੀ ਏ ਹੋਰ ਕੋਈ ਆਸਰਾ ਨਹੀਂ ॥
ਸਾਡਾ ਤੇ ਨਿਮਾਣਿਆਂ ਦਾ ਤੂੰ ਹੀ ਏ ਹੋਰ ਕੋਈ ਆਸਰਾ ਨਹੀਂ ॥

ਇਹ ਬੇਨਤੀ ਕਰਨੀ, ਸ੍ਰੀ ਗੁਰੂ ਗਰੰਥ ਸਾਹਿਬ ਜੀ ਅੱਗੇ, ਇੱਕ ਜਿਹੜਾ ਭਰਮ ਹੋ ਰਿਹਾ ਉਹ ਵੀ ਪੰਗਤੀ ਨਾਲ ਕੱਢ ਲਈਏ। ਕਈ ਕਹਿੰਦੇ ਜੀ ਤੂੰ ਇਕੱਲਾਂ, ਸਾਰੇ ਤੇਰੇ ਨਾਲੋਂ ਟੁੱਟ ਕਰਕੇ ਤੇ ਸਰਕਾਰ ਨਾਲ ਜੁੜਦੇ ਜਾਂਦੇ ਤੇ ਸਰਕਾਰ ਵੀ ਤੇਰੇ ਮਗਰ ਪਈ ਆ। ਰਾਧਾ ਸੁਆਮੀਏ, ਨਰਕਧਾਰੀਏ, ਕੁਝ ਹੋਰ ਵੀ ਬਣਾਉਟੀ, ਇਸ ਵਾਸਤੇ ਅਖੇ ਖਿਆਲ ਰੱਖਣਾ ਚਾਹੀਦਾ। ਖ਼ਾਲਸਾ ਜੀ ਇਹਨਾਂ ਚੀਜ਼ਾਂ ਤੋਂ ਡਰੋ ਨਾ, ਸਤਿਗੁਰੂ ਦਾ ਆਸਰਾ ਰੱਖਣਾ ਚਾਹੀਦਾ। ਇਕੱਲੇ ਦੇ ਬਾਬਤ ਪੰਗਤੀ ਪੜ੍ਹ ਕੇ ਫਿਰ ਸਮਾਪਤੀ ਕਰਦੇ ਆਂ। ਸਾਰੇ ਇਕੱਲੇ ਇਕੱਲੇ ਈ ਆਂ, ਮੇਰੇ ਬਾਰੇ ਬਹੁਤਾ ਖ਼ਿਆਲ ਨਾ ਕਰਿਆ ਕਰੋ। ਸਤਿਗੁਰੂ ਅੱਗੇ ਅਰਦਾਸ ਕਰੀਏ, ਆਪਾਂ ਗੁਰੂ ਦੇ ਲੜ ਲੱਗੇ ਰਹੀਏ ਤੇ ਫਿਰ ਪ੍ਰਵਾਹ ਨਹੀਂ ਕਿਸੇ ਦੀ। ਇਕੱਲੇ ਬਾਰੇ ਪੜ੍ਹਨਾ :

ਸੰਤ : ਇਹ ਪੰਛੀ ਇਕੱਲਾ ਏ ਇਹਦੇ ਮਗਰ ਸ਼ਿਕਾਰੀ ਬਹੁਤੇ ॥
ਇਹ ਪੰਛੀ ਇਕੱਲਾ ਏ ਇਹਦੇ ਮਗਰ ਸ਼ਿਕਾਰੀ ਬਹੁਤੇ ॥
ਸੰਗਤ : ਇਹ ਪੰਛੀ ਇਕੱਲਾ ਏ ਇਹਦੇ ਮਗਰ ਸ਼ਿਕਾਰੀ ਬਹੁਤੇ ॥
ਇਹ ਪੰਛੀ ਇਕੱਲਾ ਏ ਇਹਦੇ ਮਗਰ ਸ਼ਿਕਾਰੀ ਬਹੁਤੇ ॥
ਸੰਤ : ਇਹ ਪੰਛੀ ਇਕੱਲਾ ਏ ਇਹਦੇ ਮਗਰ ਸ਼ਿਕਾਰੀ ਬਹੁਤੇ ॥
ਇਹ ਪੰਛੀ ਇਕੱਲਾ ਏ ਇਹਦੇ ਮਗਰ ਸ਼ਿਕਾਰੀ ਬਹੁਤੇ ॥
ਸੰਗਤ : ਇਹ ਪੰਛੀ ਇਕੱਲਾ ਏ ਇਹਦੇ ਮਗਰ ਸ਼ਿਕਾਰੀ ਬਹੁਤੇ ॥
ਇਹ ਪੰਛੀ ਇਕੱਲਾ ਏ ਇਹਦੇ ਮਗਰ ਸ਼ਿਕਾਰੀ ਬਹੁਤੇ ॥

ਸੰਤ : ਸਰਵਰ ਪੰਖੀ ਹੇਕੜੋ ਸਰਵਰ ਪੰਖੀ ਹੇਕੜੋ ॥
ਸੰਗਤ : ਸਰਵਰ ਪੰਖੀ ਹੇਕੜੋ ਸਰਵਰ ਪੰਖੀ ਹੇਕੜੋ ॥
ਸੰਤ : ਫਾਹੀਵਾਲ ਪਚਾਸ ॥ ਇਹਦੇ ਮਗਰ ਸ਼ਿਕਾਰੀ ਬਹੁਤੇ ॥
ਇਹ ਪੰਛੀ ਇਕੱਲਾ ਏ ਇਹਦੇ ਮਗਰ ਸ਼ਿਕਾਰੀ ਬਹੁਤੇ ॥
ਸੰਗਤ : ਇਹ ਪੰਛੀ ਇਕੱਲਾ ਏ ਇਹਦੇ ਮਗਰ ਸ਼ਿਕਾਰੀ ਬਹੁਤੇ ॥
ਇਹ ਪੰਛੀ ਇਕੱਲਾ ਏ ਇਹਦੇ ਮਗਰ ਸ਼ਿਕਾਰੀ ਬਹੁਤੇ ॥
ਸੰਤ : ਇਹੁ ਤਨੁ ਲਹਰੀ ਗਡੁ ਥਿਆ ਇਹੁ ਤਨੁ ਲਹਰੀ ਗਡੁ ਥਿਆ ॥
ਸੰਗਤ : ਇਹੁ ਤਨੁ ਲਹਰੀ ਗਡੁ ਥਿਆ ਇਹੁ ਤਨੁ ਲਹਰੀ ਗਡੁ ਥਿਆ ॥
ਸੰਤ : ਸਚੇ ਤੇਰੀ ਆਸ ॥ ਇਹਦੇ ਮਗਰ ਸ਼ਿਕਾਰੀ ਬਹੁਤੇ ॥
ਇਹ ਪੰਛੀ ਇਕੱਲਾ ਏ ਇਹਦੇ ਮਗਰ ਸ਼ਿਕਾਰੀ ਬਹੁਤੇ ॥
ਸੰਗਤ : ਇਹ ਪੰਛੀ ਇਕੱਲਾ ਏ ਇਹਦੇ ਮਗਰ ਸ਼ਿਕਾਰੀ ਬਹੁਤੇ ॥
ਇਹ ਪੰਛੀ ਇਕੱਲਾ ਏ ਇਹਦੇ ਮਗਰ ਸ਼ਿਕਾਰੀ ਬਹੁਤੇ ॥

ਇਹ ਬਾਹਰਲਿਆਂ ਸ਼ਿਕਾਰੀਆਂ ਤੋਂ ਨਾ ਡਰੋ, ਜੀਵ ਇੱਕੋ ਇੱਕ ਪੰਛੀ ਆ, ਏਕਾਈਲ, ਨੇਕਾਈਲ, ਨੇਤਾਈਲ, ਅਜ਼ਰਾਈਲ ਤੇ ਜ਼ਬਰਾਈਲ, ਇਹ ਪੰਜ ਸ਼ਿਕਾਰੀ ਆ ਤੇ ਇਹਨਾਂ ਦਾ ਮਾਲਕ ਕੌਣ ਆਂ ? ਉਹ ਆ ਕਾਲ। ਕਾਲ ਰੂਪੀ ਸ਼ਿਕਾਰੀ ਨੇ ਸ਼ਿਕਾਰੀ ਰੱਖੇ ਹੋਏ ਆ ਪੰਜ ਤੇ ਸ਼ਿਕਾਰ ਇਹਨਾਂ ਦਾ ਕੌਣ ਆ ? ਉਹ ਆ ਜੀਵ। ਇਹਦੇ ਤੋਂ ਬਚਣ ਦੀ ਲੋੜ ਆ, ਬਾਕੀ ਤਾਂ :

ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ ॥
ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ ॥੧॥
ਵਾਹੁ ਮੇਰੇ ਸਾਹਿਬਾ ਵਾਹੁ ॥
ਗੁਰਮੁਖਿ ਸਦਾ ਸਲਾਹੀਐ ਸਚਾ ਵੇਪਰਵਾਹੁ ॥

(ਸੂਹੀ ਮ: ੩, ੭੫੫)

ਉਹਦੇ ਆਸਰੇ ਰਹੀਏ :

ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ ॥
ਜਾਮਿ ਗੁਰੂ ਹੋਇ ਵਲਿ ਗਿਆਨ ਅਰੁ ਧਿਆਨ ਅਨਨ ਪਰਿ ॥

(ਸਵਈਏ, ਮ: ਚੌਥੇ ਕੇ, ਨਲੁ, ੧੩੯੯)

ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ ॥
ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ ॥

(ਮਾਰੂ ਵਾਰ, ਮ: ੫, ੧੦੮੬)

ਗੁਰੂ ਦੇ ਲੜ ਲੱਗੀਏ ਤੇ ਪੰਥ ਦੀ ਡਟ ਕੇ ਹਮਾਇਤ ਕਰੀਏ। ਬੋਲਦਿਆਂ ਜਾਣ ਬੁਝ ਕੇ ਤਰਕ ਲਾਉਣ ਦੀ ਕੋਸ਼ਿਸ਼ ਕੀਤੀ ਨਹੀਂ ਤੇ ਸੱਚ ਕਹਿਣ ਤੋਂ ਰਿਹਾ ਨਹੀਂ ਜਾਂਦਾ ਤੇ ਸਾਰੀ ਸੰਗਤ ਦਾ ਧਨਵਾਦ। ਆਈ ਹੋਈ ਸੰਗਤ ਨੂੰ ਇੱਕ ਬੇਨਤੀ ਹੈ, ਕੁਲਵੰਤ ਸਿੰਘ ਨਾਗੋਕੇ, ਵਾਲਾ ਗੁਰਮੁਖ, ਜਿਹਨੇ ਧਰਮ ਵਾਸਤੇ ਆਪਣੇ ਖ਼ੂਨ ਦਾ ਕਤਰਾ ਕਤਰਾ, ਬੂੰਦ ਬੂੰਦ ਵਹਾ ਦਿੱਤੀ ਆ। ਉਸ ਪਿਆਰੇ ਦੀ ਯਾਦ ਵਿੱਚ ਪ ਫ਼ਰਵਰੀ ਨੂੰ ਵੱਲੇ ਨਗਰ ਵਿਖੇ, ਜਿੱਥੇ ਜਾ ਕੇ ਬਣਾਉਟੀ ਮੁਕਾਬਲਾ ਬਣਾ ਕੇ ਉਹਨੂੰ ਸ਼ਹੀਦ ਕਰਕੇ ਸਰੀਰ ਸੁੱਟਿਆ ਸੀ ਤੇ ਉਸ ਜਗ੍ਹਾ ਉੱਪਰ ਪਿੰਡ ਵਾਲਿਆਂ ਵਿਸ਼ੇਸ਼ ਉਦਮ

ਕਰਕੇ, ਇਲਾਕੇ ਵਾਲਿਆਂ ਨੇ ਸਮੁੱਚੇ ਤੌਰ 'ਤੇ ਉਦਮ ਕਰਕੇ, ਉਹਨਾਂ ਦੀ ਯਾਦ ਵਿੱਚ, ਯਾਦ ਬਣਾਉਣ ਦੀ ਕੋਸ਼ਿਸ਼ ਅਰੰਭੀ ਹੋਈ ਹੈ। ੫ ਫ਼ਰਵਰੀ ਨੂੰ ਉਥੇ ਇਲਾਕੇ ਵਾਲੇ ਇਕੱਠ ਕਰ ਰਹੇ ਹਨ। ਸੋ ਮੈਂ ਆਈ ਸੰਗਤ ਨੂੰ ਵਿਸ਼ੇਸ਼ ਤੌਰ 'ਤੇ ਅੰਮ੍ਰਿਤਸਰ ਜਿਲ੍ਹੇ ਵਾਲੇ ਸਾਰਿਆਂ ਸੱਜਣਾਂ ਨੂੰ ਬੇਨਤੀ ਕਰਾਂਗਾ। ੫ ਫ਼ਰਵਰੀ ਵਾਲੇ ਦਿਨ, ਉਸ ਥਾਂ 'ਤੇ ਪਹੁੰਚ ਕੇ ਪਿਆਰੇ ਦੀ ਯਾਦ ਵਿੱਚ ਆਪਣਾ ਜਿੰਨਾ ਕੁ ਹਿੱਸਾ ਤਨ, ਮਨ ਤੇ ਧਨ ਕਰਕੇ ਪਾ ਸਕੋ, ਉਹ ਵੱਧ ਤੋਂ ਵੱਧ ਪਾਉਣ ਦੀ ਕੋਸ਼ਿਸ਼ ਕਰਨੀ ਆਂ, ਪਰ ਉਥੇ ਜਾ ਕੇ ਤੇ ਕੋਈ ਝੜਕਾਹਟ ਵਾਲੀ ਗੱਲ ਨਹੀਂ ਕਰਨੀ। ਸੋ :

'ਸਿਰ ਦਿਤਿਆਂ ਬਾਝ ਨਹੀਂ ਰਹਿਣਾ ॥
ਧਰਮ ਸਿਰ ਦਿਤਿਆਂ ਬਾਝ ਨਹੀਂ ਰਹਿਣਾ ॥

ਇਤ ਆਦਿਕ ਨਾਹਰੇ ਜਾਂ :

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥

(ਮਾਰੂ ਕਬੀਰ, ੧੧੦੫)

ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ ॥
ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ ॥

(ਸਲੋਕ ਕਬੀਰ, ੧੩੬੭)

ਸੋ :

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥

(ਸਲੋਕ ਕਬੀਰ, ੧੩੬੫)

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥

(ਸਲੋਕ ਮ: ੧, ੧੪੧੨)

ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ ॥
ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ ॥

(ਸਲੋਕ ਮ: ੧, ੧੪੧੨)

ਇਹ ਚਾਰ ਕੁ ਨਾਹਰੇ ਲਾਉਣੇ ਹਨ।

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥

(ਮਾਰੂ ਵਾਰ ਮ: ੫, ੧੧੦੨)

ਇੰਨੀ ਬੇਨਤੀ ਕਰਕੇ ਤੁਹਾਡੇ ਕੋਲੋਂ ਖਿਮਾ ਮੰਗਦਾ ਹਾਂ। ਫੈਡਰੇਸ਼ਨ ਦੇ ਪ੍ਰਧਾਨ ਸਾਹਿਬ ਦਾ, ਸਕੱਤਰ ਸਾਹਿਬ ਦਾ ਅਤੇ ਮੀਤ ਪ੍ਰਧਾਨ ਦਾ....., ਪਹਿਲਾਂ ਕਹਿਣਾ ਸੀਗਾ, ਗੁੱਸਾ ਹੀ ਨਾ ਕਰ ਜਾਇਉ। ਪ੍ਰਧਾਨ ਸਾਹਿਬ ਦਾ, ਮੀਤ ਪ੍ਰਧਾਨ ਸਾਹਿਬ ਦਾ, ਸਕੱਤਰ-ਸੈਕਟਰੀਆਂ ਦਾ ਅਤੇ ਆਈ ਹੋਈ ਗੁਰੂ ਕੀ ਸਾਰੀ ਸੰਗਤ ਦਾ ਧਨਵਾਦ ਕਰਾਂ।

ਵਿਅਕਤੀ ਦੀ ਨਹੀਂ, ਗੁਰੂ ਗਰੰਥ ਸਾਹਿਬ ਦੀ ਉਪਮਾ ਕਰਨ ਦੀ ਅਪੀਲ

ਇੱਕ ਬੁਲਾਰਿਆਂ ਨੂੰ ਬੇਨਤੀ ਸਮਾਪਤੀ 'ਚ ਕਰ ਦੇਵਾਂ। ਜਿਹੜਾ ਇਹ ਕਿਹਾ ਹੈ ਕਿ ਭਿੰਡਰਾਂਵਾਲੇ ਨੇ ਸੁੱਤੀ ਕੌਮ ਜਗਾ ਦਿੱਤੀ, ਪ੍ਰਵਾਨਿਆਂ ਦੇ ਨਾਲ ਹੈ ਕੌਮ। ਇਹਨਾਂ ਨਾਹਰਿਆਂ ਨਾਲ ਪ੍ਰਭੂਤਾ ਨਹੀਂ, ਮੈਂ ਸਮਝਦਾ ਹਾਂ ਇਹ ਘਾਟ ਆ। ਘਾਟਾ ਅੱਖਰ ਕਿਉਂ ਵਰਤਿਆ ? ਆਪਾਂ ਨੂੰ ਹਰ ਇੱਕ ਨੂੰ ਇਹ ਕਹਿਣਾ ਚਾਹੀਦਾ, ਖਾਸ਼ ਕਰਕੇ ਮੈਂ ਵਾਡੀਆਂ ਤੇ ਲਿਖਾਰੀਆਂ ਨੂੰ ਕਹਾਂਗਾ। ਜੇ ਤੁਹਾਨੂੰ ਕਵਿਤਾ ਬਣਾਉਣ ਦਾ ਚਾਅ ਹੈ ਤਾਂ ਗੁਰੂ ਗਰੰਥ ਸਾਹਿਬ ਦੀ ਯਾਦ ਵਿੱਚ ਇੱਕ ਕਵਿਤਾ ਜ਼ਰੂਰ ਬਣਾ ਲਉ। ਬਹੁਤੀਆਂ ਬਣਾ ਸਕੋ ਤਾਂ ਬਹੁਤ ਚੰਗਾ ਆ। ਉਹ ਕੀ ਹੈ ? ਜੋ ਵੀ ਬੁਲਾਰਾ ਸਟੇਜ 'ਤੇ ਬੋਲਦਾ, ਸਭ ਪਹਿਲਾਂ ਉਹਦਾ ਫਰਜ਼ ਬਣਦਾ ਕਹਿਣ ਦਾ ਕਿ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਨੇ, ੧੪ ਸਤੰਬਰ ੧੯੮੧ ਨੂੰ ਚੰਦੋ ਕਲਾਂ ਵਿਖੇ ਆਪਣਾ ਸਰੂਪ ਅੱਗ ਵਿੱਚ ਪਾ ਕੇ, ਆਪਣੇ ਸਰੀਰ ਦੀ ਆਹੂਤੀ ਦੇ ਕੇ ਚੰਦੋ ਕਲਾਂ ਵਿੱਚ ਤੇ ਕੌਮ ਦੀ ਇੱਜ਼ਤ ਮਾਣ ਤੇ ਸ਼ਾਨ ਨੂੰ ਉੱਚਿਆਂ ਕੀਤਾ। ਜੇ ਸਤਿਗੁਰੂ ਗਰੰਥ ਸਾਹਿਬ ਜੀ ਅਗਨ ਭੇਟ ਉਥੇ ਨਾ ਹੁੰਦੇ, ਉਥੇ ਚੰਦੋ ਕਲਾਂ ਵਿੱਚ ਸ਼ਹੀਦੀ ਨਾ ਦਿੰਦੇ ਤੇ ਸ਼ਾਇਦ ਸਿੰਘਾਂ ਦੀ ਇਕੱਲੀ ਸ਼ਹੀਦੀ ਨਾਲ ਕੌਮ ਇੰਨੀ ਨਾ ਜਾਗਦੀ। ਇਸ ਵਾਸਤੇ ਸਤਿਗੁਰੂ ਦੇ ਸਤਿਕਾਰ ਵਿੱਚ, ਜਿੰਨਾ ਕਹਿ ਸਕਦੇ ਆਂ, ਓਨਾ ਕਿਹਾ ਕਰੋ। ਮੇਰੇ ਵਰਗੇ ਨਿਕੰਮੇ ਬੰਦੇ ਵਾਸਤੇ ਬਹੁਤਾ ਕਹਿਣਾ ਸੋਭਦਾ ਨਹੀਂ।

ਮੈਥੋਂ ਬੋਲਦਿਆਂ, ਅਣਜਾਨਪੁਣੇ ਵਿੱਚ ਕੋਈ ਗੱਲ ਗ਼ਲਤ ਕਹੀ ਗਈ ਹੋਵੇ, ਤਾਂ ਛੋਟਾ ਜਾਣ ਕੇ ਮੁਆਫ਼ੀ ਬਖ਼ਸ਼ਿਉ, ਕਿਉਂਕਿ ਪੜ੍ਹਿਆਂ ਲਿਖਿਆਂ ਵਿੱਚ ਅਨਪੜ੍ਹ ਦਾ ਬੋਲਣਾ, ਬਹੁਤਾ ਸੋਭਦਾ ਨਹੀਂ। ਸੋ ਸਾਰੀ ਸੰਗਤ, ਆਪਣਾ ਛੋਟਾ ਸੇਵਾਦਾਰ ਜਾਣ ਕੇ ਮੁਆਫ਼ੀ ਬਖਸ਼ ਦੇਣੀ। ਬਾਕੀ ਬੇਨਤੀ ਵੀ ਆ, ਜੇ ਮੈਂ ਹੋਰ ਘੰਟਾ ਲੱਗਾ ਰਹਿੰਦਾ, ਫਿਰ ਵੀ ਤੁਸੀਂ ਬੈਠਣ ਦੀ ਖੇਚਲ ਕਰਨੀ ਸੀ। ਮੈਂ ਵੀ ਇਥੇ ਦਰਸ਼ਨ ਗੁਰੂ ਸਾਹਿਬ ਦੇ ਕਰਨੇ ਸੀ ਅਤੇ ਆਪ ਨੇ, ਸੰਗਤ ਨੇ, ਦਾਸ ਨੂੰ ਦਰਸ਼ਨ ਦੇਣੇ ਸਨ। ਇਸ ਵਾਸਤੇ ਦਾਸ ਦੀ ਬੇਨਤੀ ਮੰਨ ਕੇ, ਜੇ ਤਾਂ ਅੱਜ ਵਾਲੀ ਬੇਨਤੀ ਮੰਨ ਕੇ ਬੈਠੇ ਰਹੇ, ਫਿਰ ਤੇ ਮੈਨੂੰ ਯਕੀਨ ਹੋਏਗਾ, ਕੱਲ ਵਾਲੇ ਕਹੇ 'ਤੇ ਚੱਲ ਪਉਗੇ ਤੇ ਜੇ ਹੁਣ ਬੇਨਤੀ ਕਰਕੇ ਮੈਂ ਬਹਿ ਗਿਆ ਤੇ ਤੁਸੀਂ ਚੁੱਪ ਕਰਕੇ ਤੁਰਦੇ ਹੋਏ ਤੇ ਫਿਰ ਮੈਨੂੰ ਇੰਨਾ ਹੋਏਗਾ ਸ਼ਾਇਦ ਕੱਲ ਨੂੰ ਵੀ ਨਾ ਮੰਨਣ। ਇਸ ਵਾਸਤੇ ਬੇਨਤੀ ਹੈ, ਬਹੁਤਾ ਸਮਾਂ ਤੁਹਾਡਾ ਲੈਂਦਾ ਨਹੀਂ। ਵਿਦਿਆਰਥੀਆਂ ਨੂੰ ਵੀ ਕਹਾਂਗਾ, ਜਿਹੜੇ ਤੁਹਾਡੇ ਮਤੇ ਪੜ੍ਹਨ ਵਾਲੇ ਤੇ ਇਹਨਾਂ ਨੂੰ ਪੜ੍ਹਨ ਵਿੱਚ ਹੀ ਸਾਰ ਲਉ। ਬਾਕੀ ਬਥੇਰਾ ਕੁਝ ਹੋ ਗਿਆ, ਗੁਰੂ ਕਿਰਪਾ ਕਰਨ, ਆਪਾਂ ਨੂੰ ਗੁਰੂ ਜੀ ਦੀ ਹਜ਼ੂਰੀ ਵਿੱਚ ਬੈਠਣ ਦੀ ਸਮਰੱਥਾ ਬਖ਼ਸ਼ਣ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੩੮.

੧ੳ

ਗੁਰੂ ਪਿਆਰੇ ਖ਼ਾਲਸਾ ਜੀ, ਆਪ ਜੀ ਨੇ ਇਕੱਤਰ ਹੋ ਕੇ ਬੋਲਣ ਵਾਲੇ ਬੁਲਾਰਿਆਂ ਦੇ ਪਾਸੋਂ, ਹੁਡਿਆਰਾ ਸਾਹਿਬ ਜੀ ਦੇ ਪਾਸੋਂ, ਗੁਰਮੁਖ ਪਿਆਰੇ ਭਾਈ ਬਲਬੀਰ ਸਿੰਘ ਦੇ ਪਾਸੋਂ ਵਰਤਮਾਨ ਸਮੇਂ ਦੇ ਸੰਬੰਧ ਵਿੱਚ ਸ੍ਰਵਣ ਕੀਤਾ ਹੈ। ਜੋ ਸੰਗਤ ਦੀ ਰੁਚੀ ਹੈ ਕਾਫ਼ੀ ਵਿਚਾਰ ਸੁਣਨ ਦੀ, ਭਾਵੇਂ ਦਾਸ ਦਾ ਪੜ੍ਹਿਆਂ ਲਿਖਿਆਂ ਵਿੱਚ ਬੋਲਣ ਦਾ ਫਰਜ਼ 'ਤੇ ਨਹੀਂ ਬਣਦਾ, ਪਰ ਪੜ੍ਹਿਆਂ ਲਿਖਿਆਂ ਦੇ ਹੁਕਮ ਨੂੰ ਮੰਨ ਕਰਕੇ ਸੰਗਤ ਦੇ ਜੋੜੇ ਝਾੜਨ ਦੀ ਕੋਸ਼ਿਸ਼ ਕਰਾਂਗਾ। ਕੋਈ ਅੱਖਰ ਬੋਲਦਿਆਂ ਹੋਇਆਂ ਅਨਪੜ੍ਹਤਾ ਦੇ ਕਾਰਨ ਵੱਧ ਘੱਟ ਨਿਕਲ ਜਾਵੇ ਤੇ ਖਿਮਾ ਬਖ਼ਸ਼ਣੀ। ਗੱਲ ਚੱਲੀ ਸੀ ਅਨੰਦਪੁਰ ਦੇ ਮਤੇ ਦੀ। ਅਨੰਦਪੁਰ ਦਾ ਮਤਾ ਜੋ ਹੈ, ਉਹ ਵੀ ਤਿੰਨ ਪ੍ਰਕਾਰ ਦਾ ਬਣ ਚੁੱਕਿਆ। ਜਿਹੜੇ ਵਿੱਚ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਜੀ ਘੁਸਰੇ ਫਿਰਦੇ ਆ। ਇਹ ਤਿੰਨ ਗੁਣ ਹਨ, ਰਜੋ, ਤਮੋ ਤੇ ਸਤੋ ਗੁਣ। ਤਿੰਨ ਹੀ ਅਵਸਥਾ, ਜਾਗਤ, ਸੁਪਨ ਤੇ ਸਤੋਪਤ। ਤਿੰਨ ਹੀ ਅਵਸਥਾ ਹਨ ਉਮਰ ਦੀਆਂ, ਬਾਲਕ, ਜੁਆਨੀ ਅਤੇ ਬਿਰਦ, ਪਰ ਇਹਨਾਂ ਸਾਰਿਆਂ ਨੇ ਇਹ ਮਿਲ ਗੋਭਾ ਜਿਹਾ ਕਰ ਦਿੱਤਾ। ਇੱਕ ਤਾਂ ਭਾਈ ਸਾਹਿਬ ਨੇ ਨਾਂਅ ਲੈ ਕੇ ਤੁਹਾਨੂੰ ਦੱਸ ਦਿੱਤਾ ਕਿ ਭਾਰਦਵਾਜ਼ ਦਾ ਫਾਰਮੂਲਾ, ਇੱਕ ਬਲਬੀਰ ਸਿੰਘ ਬਰਾੜ ਨੇ ਬਣਾਇਆ ਤੇ ਇੱਕ ਅਕਾਲੀ ਦਲ ਵੱਲੋਂ ਆਂ। ਸ਼ਾਇਦ ਹੋ ਸਕਦਾ ਜਿਹਨਾਂ ਨੇ ਕਾਪੀਆਂ ਪੜ੍ਹੀਆਂ, ਉਹਨਾਂ ਨੂੰ ਤੇ ਮਾੜਾ ਮੋਟਾ ਪਤਾ ਹੋਵੇਗਾ, ਬਹੁਮਤ ਸੰਗਤ ਨੂੰ ਤੇ ਅਜੇ ਇਹ ਹੀ ਨਹੀਂ ਪਤਾ ਕਿ ਕਾਪੀਆਂ ਹੈ ਕਿਹੜੀਆਂ- ਕਿਹੜੀਆਂ ? ਇਹ ਢਲਿਆਈ ਜ਼ਿੰਮੇਵਾਰਾਂ ਦੀ ਆ।

ਹਿੰਦੁਸਤਾਨ ਵਿੱਚ ਸਿੱਖਾਂ ਦੀ ਗ਼ੁਲਾਮੀ

ਜਿਸ ਤਰ੍ਹਾਂ ਭਾਈ ਨੇ ਕਿਹਾ, ਠੀਕ ਹੈ, ਇਹ ਅੱਤਕਥਨੀ ਨਹੀਂ, ਪਰ ਮੈਂ ਬੇਨਤੀ ਕਰਾਂਗਾ, ਪਹਿਲਾਂ ਸਰਕਾਰ ਦੇ ਪੱਖ ਤੋਂ। ਉਹ ਆਪਣੇ ਨਾਲ ਕੀ ਕਰ ਰਹੀ ਆ। ਬਾਕੀ ਜੋ ਆਪਣੇ ਘਰ ਵਿੱਚ ਹੈ, ਉਹਦੇ ਬਾਰੇ ਵੀ ਮੈਂ ਜ਼ਰੂਰ ਅੱਜ ਦੋ ਚਾਰ ਬੇਨਤੀਆਂ ਕਰਾਂਗਾ, ਸਮੇਂ ਸਮੇਂ ਨਾਲ। ਸਾਰਿਆਂ ਤੋਂ ਪਹਿਲਾਂ ਤਾਂ ਆਪਾਂ ਨੂੰ ਪਿੰਡਾਂ ਵਿੱਚ ਜਾ ਕੇ ਹਰ ਇੱਕ ਮਾਈ ਭਾਈ ਨੂੰ, ਹਰ ਇੱਕ ਬੱਚੇ ਨੂੰ, ਨੌਜੁਆਨ, ਬਜ਼ੁਰਗ ਨੂੰ ਇਹ ਅਹਿਸਾਸ ਕਰਾਉਣਾ ਚਾਹੀਦਾ ਏ ਕਿ ਆਪਾਂ ਹਿੰਦੁਸਤਾਨ ਵਿੱਚ ਗ਼ੁਲਾਮ ਹਾਂ। ਜਦੋਂ ਮਨੁੱਖ ਨੂੰ ਇਹ ਅਹਿਸਾਸ ਹੋ ਜਾਵੇ, ਯਕੀਨ ਹੋ ਜਾਵੇ ਕਿ ਮੈਂ ਗ਼ੁਲਾਮੀ 'ਚ ਦਿਨ ਕੱਟ ਰਿਹਾਂ ਤੇ ਮੈਂ ਇਹ ਗ਼ੁਲਾਮੀ ਆਪਣੇ ਗਲ਼ੋਂ ਦੂਰ ਕਰਨੀ ਆਂ, ਉਸ ਵੇਲੇ ਮਨੁੱਖ ਕੋਈ ਰਸਤਾ ਅਖ਼ਤਿਆਰ ਕਰ ਸਕਦਾ ਤੇ ਜਦੋਂ ਅੱਖਾਂ ਮੀਟ ਕੇ ਬੈਠਾ ਰਹੇ ਤਾਂ ਕਿਸੇ ਰਸਤੇ 'ਤੇ ਚੱਲ ਕੇ

ਆਪਣਾ ਪੰਧ ਨਹੀਂ ਨਬੇੜ ਸਕਦਾ। ਇਸ ਗੱਲ ਦਾ ਅਹਿਸਾਸ ਕਰਾਉਣ ਵਾਸਤੇ ਕੁਝ ਜ਼ਰੂਰੀ ਚੀਜ਼ਾਂ ਦੱਸਣੀਆਂ ਪਿੰਡਾਂ ਵਿੱਚ ਯੋਗ ਹੋਣਗੀਆਂ ਕਿ ਸਰਕਾਰ ਆਪਣੇ ਨਾਲ ਧੱਕਾ ਕੀ ਕਰ ਰਹੀ ਆ ਤੇ ਆਪਾਂ ਗ਼ੁਲਾਮ ਕਿਵੇਂ ਹਾਂ ਤੇ ਗ਼ੁਲਾਮੀ ਦਾ ਕਾਰਨ ਕੀ ਆ ? ਮੁਆਫ਼ ਕਰਿਉ ਗੁੱਸਾ ਨਾ ਕਰਿਉ, ਗ਼ੁਲਾਮੀ ਦਾ ਕਾਰਨ, ਮੁੱਢਲੀ ਆਪਣੀ ਨਲਾਇਕੀ ਲੀਡਰਾਂ ਦੀ। ਸੰਨ ੪੭ ਦੇ ਵਿੱਚ ਜੋ ਭੱਠਾ ਬੈਠਾਇਆ ਉਸ ਮੌਕੇ ਦੇ ਲੀਡਰਾਂ ਨੇ। ਉਹਦਾ ਇਵਜ਼ਾਨਾ ਆਪਾਂ ਹੁਣ ਚੁਕਾ ਰਹੇ ਹਾਂ ਅਤੇ ਪਤਾ ਨਹੀਂ ਕਿੰਨਾ ਕੁ ਚੁਕਾਉਣਾ ਪਵੇ ? ਸਰਕਾਰ ਜੋ ਕੁਝ ਕਰ ਰਹੀ ਹੈ, ਹਿੰਦੂ ਸਾਮਰਾਜ ਦੇ ਨਾਲ ਤੁਰ ਕੇ ਉਹਨਾਂ ਨੂੰ ਆਪਣੇ ਹੱਥ ਵਿੱਚ ਰੱਖਦੀ ਹੋਈ, ਚਾਹੇ ਸਿੱਖ ਦੀ ਦਾਹੜੀ ਕਿਸੇ ਦੀ ਕੱਟੀ ਆ, ਚਾਹੇ ਖੁੱਲ੍ਹੇ ਖ਼ਿਆਲਾਂ ਦਾ, ਚਾਹੇ ਗੁਰਮਤਿ ਦੇ ਖ਼ਿਆਲਾਂ ਦਾ ਹੈ, ਉਹਨਾਂ ਸਾਰਿਆਂ ਨੂੰ ਹੀ ਕੁਚਲਣ ਵਾਸਤੇ, ਕੁਲ ਹਿੰਦੁਸਤਾਨ ਦਾ ਹਿੰਦੂ ਇੱਕ ਪਲੇਟਫਾਰਮ 'ਤੇ ਖੜਾ। ਉਹ ਹੀ ਬੋਲੀ ਚੌਕੀਦਾਰ ਬੋਲ ਰਿਹਾ ਹਿੰਦੂਆਂ ਵਿੱਚੋਂ ਤੇ ਉਹ ਹੀ ਬੋਲੀ ਪ੍ਰਧਾਨ ਮੰਤਰੀ ਬੋਲ ਰਹੀ ਹੈ ਤੇ ਇਹਦੀਆਂ ਕਈ ਉਦਾਹਰਣਾਂ ਹਨ।

ਸਿੱਖਾਂ 'ਤੇ ਕੇਸ ਦਰਜ ਕਰਨਾ ਪਰ ਹਿੰਦੂਆਂ 'ਤੇ ਨਹੀਂ

ਜੇ ਤਾਂ ਸਿੱਖ ਕਿਸੇ ਸਟੇਜ 'ਤੇ ਤਕਰੀਰ ਕਰ ਦੇਵੇ ਤਾਂ ਉਸਦੇ ਵਿਰੁੱਧ ਮੁਕਦਮਾਂ ਦਰਜ ਹੋ ਸਕਦਾ ਪਰ ਜੇ ਹਿੰਦੂ ਕੋਈ ਬੋਲੇ ਉਸ ਦੇ ਵਿਰੁੱਧ ਮੁਕਦਮਾ ਨਹੀਂ, ਉਹਨੂੰ ਵਧਾਈਆਂ ਮਿਲਦੀਆਂ। ਹਿੰਦੁਸਤਾਨ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਰਤਮਾਨ ਸਮੇਂ ਦੀ, ਜੇ ਕਿਸੇ ਸਟੇਜ 'ਤੇ ਖਲੋ ਕੇ ਬੋਲਦੀ ਹੈ ਕਿ ਮੈਂ ਪੰਜਾਬ ਦੇ ਸਿੱਖਾਂ ਨੂੰ ਕਹਿੰਦੀ ਹਾਂ ਕਿ ਸੋਚ ਲਵੋ, ਬਾਹਰਲੀਆਂ ਸਟੇਟਾਂ ਵਿੱਚ ਬੈਠੇ ਸਿੱਖਾਂ ਦਾ ਕੀ ਬਣੇਗਾ ? ਇਹ ਧਮਕੀ ਹੈ ਤੇ ਉਹਦੇ 'ਤੇ ਮੁਕਦਮਾ ਕੋਈ ਦਰਜ ਨਹੀਂ। ਜੇ ਇਸੇ ਦੇ ਜਵਾਬ ਵਿੱਚ ਭਿੰਡਰਾਂਵਾਲਾ ਇਥੋਂ ਅੰਮ੍ਰਿਤਸਰ ਤੋਂ ਕਹਿ ਦੇਵੇ ਕਿ ਜੇ ਬੀਬੀ ਤੇਰੀ ਇਹ ਰੁਚੀ ਆ ਤੇ ਗਿਣਤੀ ਅਸੀਂ ਵੀ ਕਰੀਂ ਬੈਠੇ ਆਂ, ਸਾਨੂੰ ੨੦-੨੦ ਆਉਂਦੇ ਆ ਤੇ ਮੁਕਦਮਾ ਦਰਜ ਹੋ ਜਾਂਦਾ।

ਜੇ ਭੱਟਚਾਰੀਆ ਪਾਰਲੀਮੈਂਟ ਵਿੱਚ ਬਿਆਨ ਦੇਵੇ....., ਜਦ ਕਿ ਹਿੰਦੁਸਤਾਨ ਦੇ ਕਾਨੂੰਨ ਮੁਤਾਬਕ, ਵਿਧਾਨ ਮੁਤਾਬਕ ਇਹ ਹੈ ਕਿ ਪਾਰਲੀਮੈਂਟ ਵਿੱਚ ਬਿਆਨ ਉਸ ਮਨੁੱਖ ਦੇ ਵਿਰੁੱਧ ਦਿੱਤਾ ਜਾ ਸਕਦਾ ਹੈ, ਜਿਹੜਾ ਮਨੁੱਖ ਹਾਜ਼ਰ ਹੋਵੇ, ਜਿਹੜਾ ਅੱਗੋਂ ਜਵਾਬ ਦੇ ਸਕੇ। ਜਿਹੜਾ ਹਾਜ਼ਰ ਨਹੀਂ, ਉਹਦੇ ਵਿਰੁੱਧ ਪਾਰਲੀਮੈਂਟ ਵਿੱਚ ਬੋਲਣ ਦਾ ਕਿਸੇ ਨੂੰ ਕੋਈ ਅਧਿਕਾਰ ਨਹੀਂ। ਲਾਲੇ ਜਗਤ ਨਰਾਇਣ ਦਾ ਕੇਸ ਚੱਲ ਰਿਹਾ ਸੀ ਲੁਧਿਆਣੇ ਤੇ ਭੱਟਚਾਰੀਆ ਬੈਠਾ ਦਿੱਲੀ। ਉਹ ਪਾਰਲੀਮੈਂਟ ਵਿੱਚ ਬੈਠਾ ਕਹਿ ਰਿਹਾ ਕਿ ਨਛੱਤਰ ਸਿੰਘ ਨੂੰ ਫਾਂਸੀ ਲੱਗਣੀ ਚਾਹੀਦੀ ਆ ਪਰ ਉਹਦੇ ਵਿਰੁੱਧ ਕੋਈ ਕੇਸ ਦਰਜ ਨਹੀਂ। ਸੁਆਮੀ ਅਦਵਿਤਿਆਵੇਸ ਹਰਿਆਣੇ 'ਚ ਰਹਿਣ ਵਾਲਾ, ਹਿੰਦੂ ਬਰਾਦਰੀ ਨਾਲ ਸੰਬੰਧ ਰੱਖਣ ਵਾਲਾ, ਉਹ ਮਨੁੱਖ ਕਹਿੰਦਾ ਕਿ ਹਰਿਆਣੇ ਦੇ ਸਿੱਖ ਸਾਰੇ ਆਪਣਾ ਕਛਹਿਰਾ ਪਰਨਾ ਚੁੱਕੋ ਤੇ ਸਭ ਪੰਜਾਬ ਨੂੰ ਨਿਕਲ ਜਾਉ, ਉਹਦੇ ਵਿਰੁੱਧ ਵੀ ਕੋਈ ਮੁਕਦਮਾ ਦਰਜ ਨਹੀਂ, ਨਾ ਉਹਨੂੰ ਕੋਈ ਇੰਟਰੋਗੇਸ਼ਨ ਕੀਤਾ। ਕੋਈ ਉਹਦੇ 'ਤੇ ਤਸ਼ੱਦਦ ਨਹੀਂ।

ਹਿੰਦੂ ਜੈ ਸੰਘ ਸਮਤੀ ਬਣੀ, ਉਹਨੇ ਬਿਆਨ ਦਿੱਤਾ ਰਾਜਿਸਥਾਨ ਵਿੱਚ, ਕਿ ੫ ਦਸੰਬਰ ਤੱਕ ਸਾਰੇ ਸਿੱਖ ਇਥੋਂ ਰਾਜਿਸਥਾਨ ਵਿੱਚੋਂ ਚਲੇ ਜਾਉ, ਨਹੀਂ ਤੇ ਗੰਭੀਰ ਸਿੱਟੇ ਨਿਕਲਣਗੇ। ਦਿੱਲੀ

'ਚ ਸ਼ੈਸ਼ਨ ਚੱਲਦਾ ਸੀ ਉਸ ਵੇਲੇ, ਕਿਸੇ ਨੇ ਉਸ 'ਤੇ ਉਥੇ ਨੁਕਤਾਚੀਨੀ ਨਹੀਂ ਕੀਤੀ, ਕੋਈ ਅਵਾਜ਼ ਨਹੀਂ ਉਠਾਈ, ਕਿਸੇ ਨੇ ਨਿਖੇਧੀ ਨਹੀਂ ਕੀਤੀ। ੩ ਦਿਨ ਦਾਸ ਚੁੱਪ ਰਿਹਾ ਕਿ ਚਲੋ ਕੋਈ ਲੀਡਰ ਹੋਰ ਬੋਲ ਪਵੇਗਾ (ਪਰ) ਸਾਰਿਆਂ ਨੇ ਕੰਨਾਂ ਵਿੱਚ ਰੂੰ ਦੇ ਬੁੱਜੇ ਦੇ ਲਏ ਤੇ ਤੀਜੇ ਦਿਨ, ਅਖ਼ਬਾਰਾਂ ਵਾਲੇ ਇਕੱਠੇ ਕਰਕੇ ਦਾਸ ਨੇ ਇੱਕ ਬਿਆਨ ਦੇ ਦਿੱਤਾ ਕਿ ਜੇ ਹਿੰਦੂ ਜੈ ਸੰਮਤੀ ਦੀ ਇਹ ਰੁਚੀ ਹੈ ਕਿ ਰਾਜਿਸਥਾਨ ਦੇ ਸਿੱਖਾਂ ਨੂੰ ਇਥੋਂ ਕੱਢਣਾ ਤੇ ਮੈਂ ਪੰਜਾਬ ਦੇ ਹਿੰਦੂਆਂ ਨੂੰ ਵਾਰਨਿੰਗ ਦੇਣੀ ਚਹੁਨਾ ਕਿ ਪ੍ਰਲੋਕ ਦੀ ਤਿਆਰੀ ਕਰ ਲਉ। ਮੈਂ ਵੀ ਬਿਆਨ ਦਿੱਤਾ ਤੇ ਉਹਨਾਂ ਵੀ ਬਿਆਨ ਦਿੱਤਾ। ਉਹਨਾਂ ਪਹਿਲਾਂ ਬਿਆਨ ਦਿੱਤਾ, ਮੈਂ ਉੱਤਰ ਵਿੱਚ ਬਿਆਨ ਦਿੱਤਾ। ਮੈਂ ਸਟੇਜ 'ਤੇ ਬੋਲਦਾਂ ਤੇ ਅੱਗ ਲੱਗਦੀ ਆ ਪਾਰਲੀਮੈਂਟ ਵਿੱਚ ਤੇ ਜੇ ਹਿੰਦੂ ਸਟੇਜ 'ਤੇ ਬੋਲਦਾ ਤੇ ਕਹਿੰਦੇ ਸ਼ਾਂਤੀ ਵਰਤਦੀ ਆ। ਬਿਆਨ ਉਹਦਾ ਵੀ ਉਹੋ ਹੀ ਆ। ਉਹਦਾ ਕਾਰਨ ਕੀ ਆ ? (ਇਹ) ਕਿ ਉਹ ਹਿੰਦੂਆਂ ਦੇ ਘਰ ਜੰਮਿਆ, ਆਪਾਂ ਸਿੱਖਾਂ ਦੇ ਘਰੇ ਜੰਮ ਪਏ ਆਂ। ਇਹ ਦਬਾਉਣ ਦੀ ਇਹਨਾਂ ਦੀ ਕੁਟਲ ਨੀਤੀ ਹੈ।

ਰਹਿ ਚੁੱਕਾ ਵਿਤ ਮੰਤਰੀ ਕੇਵਲ ਕ੍ਰਿਸ਼ਨ (ਐਥੇ ਅਗਾਂਹ ਹੀ ਲੈ ਆ ਜੇ ਕੋਈ ਹੈ ਭਾਈ ਤੇ ਇੱਕ ਸਿੰਘ ਨੂੰ ਕਹਿੰਦੇ ਹੋਏ) ਆਹ ਰਹਿ ਚੁੱਕਾ ਵਿਤ ਮੰਤਰੀ ਕੇਵਲ ਕ੍ਰਿਸ਼ਨ। ਉਹਨੇ ਅੱਜ ਤੋਂ ੭-੮ ਮਹੀਨੇ ਪਹਿਲਾਂ ਇੱਕ ਖ਼ਬਰ ਦਿੱਤੀ ਸੀ 'ਅਕਾਲੀ ਪੱਤ੍ਰਕਾ' ਵਿੱਚ ਕਿ ਸਮੂਹ ਸਿੱਖ ਸੰਪਰਦਾਵਾਂ ਨੂੰ ਖ਼ਤਮ ਕਰ ਦਿੱਤਾ ਜਾਵੇਗਾ, ਉਹਦੇ 'ਤੇ ਕੋਈ ਮੁਕਦਮਾ ਦਰਜ ਨਹੀਂ।

ਐਸ ਸ਼ਹਿਰ ਦੇ ਵਿੱਚ ਰਹਿਣ ਵਾਲਾ ਹਰਬੰਸ ਲਾਲ ਖੰਨਾ, ਉਹਨੇ ਬਿਆਨ ਦਿੱਤੇ। ਉਹਨੇ ਕਿਹਾ ਹੈ ਕਿ

ਦੁੱਕੀ ਤਿੱਕੀ ਖਹਿਣ ਨਹੀਂ ਦੇਣੀ ॥
ਸਿਰ 'ਤੇ ਪਗੜੀ ਰਹਿਣ ਨਹੀਂ ਦੇਣੀ ॥

.....

ਕੱਛ ਕੜਾ ਕ੍ਰਿਪਾਨ ॥
ਇਹਨੂੰ ਭੇਜੋ ਪਾਕਿਸਤਾਨ ॥

ਉਹਦੇ 'ਤੇ ਕੋਈ ਮੁਕਦਮਾ ਦਰਜ ਨਹੀਂ, ਕਿਉਂਕ ਉਹ ਹਿੰਦੂਆਂ ਦੇ ਘਰੇ ਜੰਮਿਆਂ।

ਲਾਲਾ ਜਗਤ ਨਰਾਇਣ ਜੋ ਗੱਡੀ ਚੜ੍ਹ ਚੁੱਕਿਆ, ਪ੍ਰਲੋਕ ਨੂੰ ਚਲਿਆ ਗਿਆ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਸੱਚੇ ਪਾਤਿਸ਼ਾਹ ਜੀ ਦੇ ਬਾਰੇ ਉਹਨੇ ਆਪਣੇ ਅਖ਼ਬਾਰਾਂ 'ਚ ਲਿਖਿਆ ਕਿ ਗੁਰੂ ਗੋਬਿੰਦ ਸਿੰਘ ਜੀ ਸ਼ਹਿਜ਼ਾਦਿਆਂ ਦੇ ਤਰ੍ਹਾਂ ਜੀਵਨ ਬਤੀਤ ਕਰਨ ਵਾਲੇ ਸਨ, ਬੜੇ ਸ਼ਕੀਨ ਸਨ, ਕੋਈ ਮੁਕਦਮਾ ਉਹਦੇ 'ਤੇ ਦਰਜ ਨਹੀਂ। ਸੱਚਖੰਡ ਵਾਸੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਰਹਿ ਚੁੱਕੇ ਜਥੇਦਾਰ ਗਿ: ਗੁਰਦਿਆਲ ਸਿੰਘ ਜੀ ਅਜਨੋਹਾ, ਉਹ ਦੇਸ਼ ਦੇ ਗ਼ਦਾਰ ਹਨ, ਉਹਨਾਂ ਦਾ ਬਾਹਰ ਦਾ ਪਾਸ ਕੈਂਸਲ ਕੀਤਾ ਜਾਵੇ, ਇਹ ਲਾਲੇ ਦੇ ਬਿਆਨ ਆਂ, ਲਾਲੇ ਜਗਤ ਨਰਾਇਣ ਦੇ ਕੋਈ ਮੁਕਦਮਾ ਦਰਜ ਨਹੀਂ। ਵਰਤਮਾਨ ਸਮੇਂ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਜੀ ਟੌਹੜਾ, ਇਹ ਦੇਸ਼ ਦੇ ਗ਼ਦਾਰ ਆ, ਇਹਨਾਂ ਦਾ ਪਾਸ ਬਾਹਰ ਦਾ ਕੈਂਸਲ ਕੀਤਾ ਜਾਵੇ, ਇਹ ਲਾਲੇ ਦੇ ਅਖ਼ਬਾਰਾਂ 'ਚ ਬਿਆਨ ਆਏ, ਉਹਦੇ 'ਤੇ ਕੋਈ ਮੁਕਦਮਾ ਦਰਜ ਨਹੀਂ।

੫੦੦ ਬੰਦੂਕ ਧਰਿੰਦਰ ਬ੍ਰਹਮਚਾਰੀ ਕੋਲੋਂ ਫੜੀ ਗਈ, ਉਹਨੂੰ ਕੋਈ ਸਜਾ ਨਹੀਂ । ਜੇ ਤਰੀਕ ਕੁਗਤਣੀ ਹੋਵੇ ਤੇ ਜਹਾਜ਼ 'ਤੇ ਆ ਸਕਦਾ । ਕੋਈ ਤਸ਼ੱਦਦ ਨਹੀਂ, ਕੋਈ ਪੁੱਛ ਪੜਤਾਲ ਨਹੀਂ ਬਹੁਤੀ । ਇੱਕ ਹਜ਼ਾਰ ਟਨ ਚਰਬੀ, ਬਠਿੰਡੇ ਵਾਲਿਉ ਤੁਸੀਂ ਖਾਸ਼ ਕਰਕੇ ਸੁਣੋ, ਤੁਹਾਡੇ ਇਲਾਕੇ ਦੀ ਗੱਲ ਆ । ਇੱਕ ਹਜ਼ਾਰ ਟਨ ਚਰਬੀ ਤਿੰਨਾਂ ਹਿੰਦੂਆਂ ਦੇ ਘਰੋਂ ਫੜੀ ਗਈ, ਫਾਰਮਾਂ ਵਿੱਚੋਂ ਤੇ ਘਰੇ ਬੈਠਿਆਂ ਦੀਆਂ ਜਮਾਨਤਾਂ ਹੋ ਗਈਆਂ । ੨੩੦ ਗਰਨੇਡ ਪਵਨ ਕੁਮਾਰ ਦੇ ਗੁਦਾਮ ਵਿੱਚੋਂ ਫੜੇ ਗਏ, ਸਵਾ ਸਾਲ, ਡੇਢ ਸਾਲ ਤਾਂ ਪਹਿਲਾਂ ਕਿਹਾ ਕੁਝ ਨਹੀਂ ਤੇ ਜੋ ਹੁਣ ਫੜਿਆ ਤੇ ੧੪ ਤਰੀਕ ਤੋਂ ਲੈ ਕੇ ਹੁਣ ਤਕ ਜੋ ਹਰਿਆਣੇ ਵਿੱਚ ਵਾਪਰਿਆ, ਉਹ ਪਵਨ ਕੁਮਾਰ ਦੇ ਕਾਰਨ ਵਾਪਰਿਆ । ਉਹਨੂੰ ਸਜ਼ਾ ਕੀ ਮਿਲੀ ਆ ਪਵਨ ਕੁਮਾਰ ਨੂੰ ? ਪਹਿਲਾਂ ਜਿਲ੍ਹੇ ਪਟਿਆਲੇ ਦਾ ਹਿੰਦੂ ਸੁਰੱਖਿਆ ਸੰਮਤੀ ਦਾ ਪ੍ਰਧਾਨ ਸੀ । ਜਦੋਂ ੨੩੦ ਗਰਨੇਡ ਉਹਦੇ ਕੋਲੋਂ ਫੜੇ ਗਏ, ਉਹਨੂੰ ਸਜ਼ਾ ਇਹ ਦੇ ਦਿੱਤੀ ਕਿ ਪੰਜਾਬ ਦੀ ਹਿੰਦੂ ਸੁਰੱਖਿਆ ਸੰਮਤੀ ਦਾ ਉਹਨੂੰ ਪ੍ਰਧਾਨ ਬਣਾ ਦਿੱਤਾ ਗਿਆ, ਕਿਉਂਕਿ ਬ੍ਰਾਹਮਣਾਂ ਦੇ ਘਰੇ ਜੰਮਿਆਂ ਉਹ । ਇਹ ਸਾਰਾ ਕੁਝ ਆ, ਹਿੰਦੂ ਸੁਰੱਖਿਆ ਸੰਮਤੀ ਆ, ਹਿੰਦੂ ਸੰਗਠਨ ਸੰਮਤੀ ਆ, ਹਿੰਦੂ ਜੈ ਸੰਘ ਸੰਮਤੀ ਆ, ਹਿੰਦੂ ਸ਼ਿਵ ਸੈਨਾ ਸੰਮਤੀ ਆ । ਬਾਕੀ ਜਿਹੜੀਆਂ ਗੱਲਾਂ ਮੈਂ ਹਿੰਦੂਆਂ ਦੇ ਸੰਬੰਧ ਵਿੱਚ ਤੁਹਾਨੂੰ ਦੱਸ ਚੁੱਕਿਆਂ । ਇਹ ਸਾਰਾ ਕੁਝ ਹੀ ਕਰਨ ਵਾਲੇ ਹਿੰਦੂਆਂ ਨੂੰ, ਹਿੰਦੁਸਤਾਨ ਦੇ ਇੱਕ ਵੀ ਹਿੰਦੂ ਨੇ ਕਦੇ ਕਿਹਾ ਕਿ ਸਾਡਾ ਇਹਨਾਂ ਨਾਲ ਕੋਈ ਸੰਬੰਧ ਨਹੀਂ । ਨਾ ਜੈ ਸੰਮਤੀ ਬਾਰੇ, ਨਾ ਹਿੰਦੂ ਜੈ ਸੰਘ ਬਾਰੇ, ਨਾ ਸ਼ਿਵ ਸੈਨਾ ਬਾਰੇ, ਨਾ ਸੁਰੱਖਿਆ ਸੰਮਤੀ ਬਾਰੇ, ਨਾ ਸੰਗਠਨ ਸੰਮਤੀ ਬਾਰੇ, ਬੰਦੂਕਾਂ ਵਾਲੇ, ਗਰਨੇਡਾਂ ਵਾਲੇ, ਚਰਬੀ ਵਾਲੇ, ਤੰਬਾਕੂ ਸੁੱਟਣ ਵਾਲੇ, ਇਹ ਜਿਤਨੇ ਹਿੰਦੂ, ਗਾਲ਼ਾਂ ਕੱਢਣ ਵਾਲੇ ਸਿੱਖਾਂ ਨੂੰ, ਕਦੇ ਹਿੰਦੁਸਤਾਨ ਦੇ ਇੱਕ ਵੀ ਹਿੰਦੂ ਨੇ ਕਦੇ ਕਿਹਾ ਕਿ ਇਹਨਾਂ ਨਾਲ ਸਾਡਾ ਕੋਈ ਸੰਬੰਧ ਨਹੀਂ । ਇੱਕ ਖ਼ਬਰ ਦੱਸੋ ਕਿਸੇ ਅਖ਼ਬਾਰ 'ਚ । ਆਹ ਐਡੀਟਰ ਸਾਹਿਬ ਵੀ ਇਥੇ ਬੈਠੇ ਆ, ਇਹ ਵੀ ਬਿਆਨ 'ਚ ਇਸ ਗੱਲ ਨੂੰ ਜ਼ਰੂਰ ਰੱਖਣ । ਕੀ ਕੀਤਾ, ੧੪ ਤਰੀਕ ਨੂੰ ਇੱਕ ਮਮੂਲੀ ਬੰਦੇ ਪਵਨ ਕੁਮਾਰ ਦੇ ਫੜੇ ਜਾਣ ਤੋਂ ? ਹਿੰਦੂ ਸੁਰੱਖਿਆ ਸੰਮਤੀ ਵਾਲਿਆਂ ਨੇ ਹੜਤਾਲਾਂ ਸ਼ੁਰੂ ਕੀਤੀਆਂ ।

ਸਿੱਖਾਂ 'ਤੇ ਅਤਿਆਚਾਰ ਅਤੇ ਸਰੂਪ ਸਾੜਨੇ

੨੪ ਸਰੂਪ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਖ਼ਾਲਸਾ ਜੀ, ਦੁਖੀ ਹਿਰਦੇ ਨਾਲ ਕਹਿਣਾ ਪੈਂਦਾ । ਗੁਰੂ ਕ੍ਰਿਪਾ ਕਰਕੇ ਸੰਗਤ ਨੂੰ ਸੁਮੱਤ ਬਖ਼ਸ਼ੇ ਤੇ ਇਹਦਾ ਬਦਲਾ ਸੰਗਤ ਚੁਕਾਵੇਗੀ ਜ਼ਰੂਰ । ੨੪ ਸਰੂਪ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਾਣੀਪਤ ਸਾੜੇ ਆ । ਪਾਣੀਪਤ ਦੇ ਸਿੰਘ ਇਥੇ ਆਏ ਆ, ਉਹ ਆਉਣਗੇ ਥੋੜੇ ਚਿਰ ਤੱਕ, ਉਧਰ ਗਏ ਹੋਏ ਆ । ੬ ਗੁਰਦੁਆਰੇ ਸਾੜ ਦਿੱਤੇ ਆ, ੧੨੫ ਸਿੰਘਾਂ ਦੇ ਕੇਸ ਮੁੰਨ ਕੇ ਪੰਜਾਬ 'ਚ ਭੇਜ ਦਿੱਤੇ ਆ । ੧੨ ਟਰੱਕ ਸਾੜੇ ਆ, ੨ ਕਾਰਾਂ ਸਾੜੀਆਂ, ੨ ਮੁੰਡੇ ਛੋਟੇ ਮਾਰੇ ਆ, ੧੨ ਸਿੰਘਾਂ ਤੋਂ ਵੱਧ ਸਿੰਘਾਂ ਨੂੰ ਪਾਣੀ 'ਚ ਡਬੋ ਡਬੋ ਕੇ ਮਾਰਿਆ, ਪਾਣੀਪਤ ਤੇ ਕਰਨਾਲ ਦੇ ਸੰਨ੍ਹ ਵਿੱਚ । ਸੈਂਕੜੇ ਦੁਕਾਨਾਂ ਸਿੱਖਾਂ ਦੀਆਂ ਸਾੜ ਦਿੱਤੀਆਂ ਤੇ ਉਹਦੇ ਬਾਰੇ ਹਿੰਦੂਆਂ ਨੇ ਕੀ ਕਿਹਾ ? ਰਾਜੀਵ ਗਾਂਧੀ ਇੰਦਰਾ ਦਾ ਮੁੰਡਾ, ਉਹਨੇ ਸਾਰਿਆਂ ਅਖ਼ਬਾਰਾਂ ਵਿੱਚ ਇਹ ਖ਼ਬਰਾਂ ਛਾਪੀਆਂ ਤੇ ਧਨਵਾਦ ਕੀਤਾ ਹਿੰਦੂਆਂ ਦਾ ਇਹਨੇ, ਕਿ ਹਿੰਦੂਆਂ ਨੇ ਬੜੇ ਸਬਰ ਤੋਂ ਕੰਮ ਲਿਆ । ਇੰਨੀ ਬੇ-ਅਦਬੀ ਕੀਤੀ ਸਿੱਖੀ ਦੀ ਤੇ ਇੱਕ ਲੜਕੀ ਸਿੱਖਾਂ ਦੀ ਨੰਗੀ ਕਰਕੇ

ਦੋ ਘੰਟੇ ਜੀ.ਟੀ. ਰੋਡ 'ਤੇ ਖੜ੍ਹੀ ਰੱਖੀ ਤੇ ਉਹਦੇ ਕੋਲ ਢੋਲ ਵਜਾ ਕੇ ਭੰਗੜਾ ਪਾਇਆ। ਉਹ ਸਿੰਘ ਦੱਸਣਗੇ ਤੁਹਾਨੂੰ ਆਪ ਤੇ ਰਜੀਵ ਕਹਿੰਦਾ ਹਿੰਦੂਆਂ ਨੇ ਸਬਰ ਤੋਂ ਕੰਮ ਲਿਆ ਤੇ ਵਰਿੰਦਰ ਜਲੰਧਰ ਦੇ ਰਹਿਣ ਵਾਲਾ, ਜਿੱਥੋਂ ਭਾਈ ਆਏ ਆ, ਉਹਨੇ ਖ਼ਬਰ ਦੇ ਦਿੱਤੀ ਆ, ਵਧਾਈ ਭੇਜੀ ਹਿੰਦੂਆਂ ਨੂੰ, ਵਰਿੰਦਰ ਨੇ, ਇਹ ਅਖ਼ਬਾਰਾਂ 'ਚ ਛਪਿਆ।

ਅਕਾਲੀ ਦਲ ਵੱਲੋਂ ਜੁਝਾਰੂਆਂ ਨਾਲੋਂ ਨਾਤਾ ਤੋੜਨਾ

ਇਹ ਸਿੱਖਾਂ ਦੀਆਂ ਕੁੜੀਆਂ ਨੰਗੀਆਂ ਕਰਨ, ਸਰੂਪ ਸਾੜਨ, ਗੁਰਦੁਆਰੇ ਸਾੜਨ, ਗੱਡੀਆਂ ਸਾੜਨ, ਇੱਜ਼ਤ ਲੁੱਟਣ ਤੇ ਪ੍ਰਧਾਨ ਮੰਤਰੀ ਦਾ ਮੁੰਡਾ ਤੇ ਅਖ਼ਬਾਰਾਂ ਵਾਲੇ ਹਿੰਦੂ ਵਧਾਈਆਂ ਭੇਜਣ ਤੇ ਆਪਣਾ ਫਾਰਮੂਲਾ ਕੀ ਆ ਭਾਈਆਂ ਦਾ ? ਅਕਾਲੀ ਦਲ ਦਾ ਫਾਰਮੂਲਾ ਆਪਣਾ ਕੀ ਆ ? ਜੇ ਦਲ ਖ਼ਾਲਸੇ ਦੇ ਨਾਂਅ 'ਤੇ ਕੋਈ ਦਸ ਮੁੰਡੇ ਸਿੱਖਾਂ ਦੇ ਤੁਰ ਪਏ, ਸਾਡਾ ਜੀ ਇਹਨਾਂ ਨਾਲ ਕੋਈ ਸੰਬੰਧ ਨਹੀਂ। ਜੇ ਖ਼ਾਲਿਸਤਾਨ ਦਾ ਨਾਹਰਾ ਲਾ ਦਿੱਤਾ ਕਿਸੇ ਸਿੱਖ ਨੇ, ਜੀ ਅਕਾਲੀ ਦਲ ਦਾ ਇਹਦੇ ਨਾਲ ਵੀ ਕੋਈ ਸੰਬੰਧ ਨਹੀਂ। ਜੇ ਜਹਾਜ਼ ਅਗਵਾਹ ਕਰਕੇ ਕੋਈ ਲੈ ਗਿਆ ਸਿੱਖਾਂ ਦਾ ਪੁੱਤਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸੰਬੰਧ ਵਿੱਚ ਰੋਸ ਮੁਜਾਹਰਾ ਕਰਨ ਵਾਸਤੇ, ਜੀ ਸਾਡਾ ਇਹਨਾਂ ਨਾਲ ਵੀ ਕੋਈ ਸੰਬੰਧ ਨਹੀਂ। ਜੇ ਮੋਟਰ ਸਾਈਕਲ 'ਤੇ ਚੜ੍ਹ ਕੇ ਕੋਈ ਗੁਰੂ ਕਾ ਸਿੱਖ ਤੁਰ ਪਿਆ ਸ਼ਹੀਦਾਂ ਦਾ ਹੱਕ ਲੈਣ ਵਾਸਤੇ, ਸਾਡਾ ਇਹਨਾਂ ਨਾਲ ਵੀ ਕੋਈ ਸੰਬੰਧ ਨਹੀਂ ਤੇ ਜੇ ਭਿੰਡਰਾਂਵਾਲੇ ਨੇ ਇਹ ਨਿਯਮ ਕਰ ਲਿਆ ਕਿ ਇੱਕ ਦਿਹਾੜੀ ਵਿੱਚ ਘੱਟ ਤੋਂ ਘੱਟ ੧੦੦ ਸਿੱਖਾਂ ਦੇ ਪੁੱਤਰਾਂ ਦਾ ਕੇਸ ਦਾਹੜਾ ਰਖਾਉਣਾ ਤੇ ਸ਼ਰਾਬ ਛੁਡਾਉਣੀ ਆਂ ਤੇ ਅੰਮ੍ਰਿਤ ਛਕਣ ਵਾਲੇ ਪਾਸੇ ਪ੍ਰੇਰਨਾ ਤੇ ਪੰਥ ਨਾਲ ਜੋੜਨਾ, ਕੇਸਰੀ ਨਿਸ਼ਾਨ ਸਾਹਿਬ ਦੇ ਥੱਲੇ ਇਕੱਠਿਆਂ ਕਰਨਾ, ਗੁਰੂ ਗਰੰਥ ਸਾਹਿਬ ਦੇ ਲੜ ਲਾਉਣਾ ਤੇ ਅਕਾਲ ਤਖ਼ਤ ਸਾਹਿਬ ਨਾਲ ਜੋੜਨਾ, ਸਾਡਾ ਇਹਦੇ ਨਾਲ ਵੀ ਕਹਿੰਦੇ ਕੋਈ ਸੰਬੰਧ ਨਹੀਂ। ਮੈਂ ਤੁਹਾਥੋਂ ਪੁੱਛਣਾ ਚਾਹੁੰਦਾ, ਆਪਣਾ ਸੰਬੰਧ ਕਿਹਦੇ ਨਾਲ ਆ ? ਆਪਣਾ ਸਿੱਖਾਂ ਦਾ ਪੁੱਤਰ ਕੋਈ ਕਦਮ ਚੁੱਕਦਾ ਤੇ ਪਾਰਟੀ ਕਹਿੰਦੀ ਸਾਡਾ ਇਹਨਾਂ ਨਾਲ ਸੰਬੰਧ ਕੋਈ ਨਹੀਂ। ਹਿੰਦੂਆਂ ਦਾ ਪੁੱਤਰ ਕੋਈ ਮਾੜੇ ਤੋਂ ਮਾੜਾ ਕੰਮ ਕਰਦਾ ਤੇ ਹਿੰਦੂ ਕਦੇ ਨਹੀਂ ਕਹਿੰਦਾ ਸਾਡਾ ਇਹਦੇ ਨਾਲ ਕੋਈ ਸੰਬੰਧ ਨਹੀਂ ਤੇ ਆਪਾਂ ਪੜ੍ਹਾਈ ਕਿਹੜੀ ਪਾਠਸ਼ਾਲਾ ਤੋਂ ਸਿੱਖੀ ਆ ? ਕਿਹੜੇ ਸਕੂਲ 'ਚੋਂ ਪੜ੍ਹ ਕੇ ਆਏ ਆਂ ? ਕੀ ਆਪਾਂ ਗ਼ੁਲਾਮ ਨਹੀਂ ?

ਹਿੰਦੂ ਹਾਈਜੈਕਰਾਂ ਨੂੰ ਇਨਾਮ ਅਤੇ ਸਿੱਖ ਹਾਈਜੈਕਰਾਂ ਨੂੰ ਸਜਾਵਾਂ

ਪੰਡਿਤਾਂ ਦੇ ਘਰੇ ਜੰਮੀ ਕੁੜੀ, ਜਨਤਾ ਦੀਆਂ ਲੈ ਕੇ ਵੋਟਾਂ, ਹਿੰਦੁਸਤਾਨ ਦੀ ਬਣੀ ਪ੍ਰਾਈਮ ਮਨਿਸਟਰ ਇੰਦਰਾ ਗਾਂਧੀ। ੧੯੭੨ ਵਿੱਚ ਉਹਦੇ ਕੀਤੇ ਕਰਮਾਂ ਅਨੁਸਾਰ, ਜੱਜ ਸਜ਼ਾ ਦੇ ਗਿਆ ਸੁਪਰੀਮ ਕੋਰਟ ਦਾ ਤੇ ਜੇਲ੍ਹ ਭੁਗਤਣ ਜਾਂਦੀ ਆ ਤੇ ਪਾਂਡੇ ਹੁਣੀ ਉਹਦੇ ਸਹਿਯੋਗੀ ਜਹਾਜ਼ ਅਗਵਾਹ ਕਰ ਲੈਂਦੇ ਰੋਸ ਮੁਜ਼ਾਹਰਾ ਕਰਨ ਵਾਸਤੇ, ਉਹਨਾਂ ਨੂੰ ਇੱਕ ਨੂੰ ਯੂ.ਪੀ. ਵਿੱਚ ਇੱਕ ਨੂੰ ਬਿਹਾਰ ਵਿੱਚ ਸੀਟਾਂ ਮਿਲਦੀਆਂ, ਟਿਕਟਾਂ ਮਿਲਦੀਆਂ ਤੇ ਜੇ ਸਿੱਖਾਂ ਦੇ ਇਸ਼ਟ ਨੂੰ ੧੪ ਸਤੰਬਰ ਨੂੰ ਚੰਦੋ ਕਲਾਂ ਵਿੱਚ, ਸੰਗਤ ਦੀਆਂ ਦਿੱਤੀਆਂ ਹੋਈਆਂ ੨ ਬੱਸਾਂ, ਉਹਨਾਂ ਨੂੰ ਤੇ ਵਿੱਚ ਪੋਥੀਆਂ, ਉਹਨਾਂ ਨੂੰ ਅੱਗ ਲਾ ਕੇ ਸਾੜ ਦਿੱਤਾ। ੩ ਲੱਖ ਦਾ ਮਾਲ ਚੰਦੋ ਕਲਾਂ ਵਿੱਚੋਂ ਪੁਲੀਸ ਨੇ ਲੁੱਟਿਆ ਦਿਨ

ਦੀਵੀ ਤੇ ਗੁਰੂ ਕੇ ਸਿੱਖਾਂ ਤੋਂ ਨਾ ਰਿਹਾ ਗਿਆ, ਗਜਿੰਦਰ ਸਿੰਘ ਹੁਣਾਂ ਤੋਂ, ਉਹ ਰੋਸ ਮੁਜ਼ਾਹਰਾ ਕਰਨ ਵਾਸਤੇ ਜਹਾਜ਼ ਅਗਵਾਹ ਕਰਕੇ ਲੈ ਗਏ ਤੇ ਉਹਨਾਂ ਨੂੰ ਦੇਸ਼ ਨਿਕਾਲਾ ਤੇ ਪਾਰਲੀਮੈਂਟ 'ਚ ਸਵਾਲ ਉੱਠਦਾ ਤੇ ਪਾਕਿਸਤਾਨ ਵਾਲਿਆਂ ਨੂੰ ਕਹਿੰਦੇ ਜਹਾਜ਼ ਦੇ ਅਗਵਾਹਕਾਰ ਸਾਡੇ ਪੇਸ਼ ਕੀਤੇ ਜਾਣ, ਇਹਨਾਂ ਨੂੰ ਫਾਂਸੀ ਲਾਉਣਾ। ਤੁਸੀਂ ਦੱਸੋ ਨੌਜੁਆਨੋਂ, ਗੁਰੂ ਕੇ ਸਿੱਖੋ, ਪੰਡਿਤਾਂ ਦੀ ਕੁੜੀ ਵਾਸਤੇ ਜਹਾਜ਼ ਅਗਵਾਹ ਹੋਵੇ ਤੇ ਸੀਟਾਂ ਮਿਲਦੀਆਂ, ਕੁਰਸੀਆਂ ਮਿਲਦੀਆਂ ਤੇ ਸਿੱਖਾਂ ਦੇ ਇਸ਼ਟ ਵਾਸਤੇ ਜਹਾਜ਼ ਅਗਵਾਹ ਹੋਵੇ ਤੇ ਦੇਸ਼ ਨਿਕਾਲਾ ਮਿਲਦਾ। ਪੰਡਿਤਾਂ ਦੀ ਕੁੜੀ ਇੰਦਰਾ ਵਾਸਤੇ ਜਹਾਜ਼ ਅਗਵਾਹ ਹੋਵੇ, ਰੋਸ ਮੁਜ਼ਾਹਰੇ ਵਾਸਤੇ ਐਮ.ਐਲ.ਏ. ਫਲੈਟ ਵਿੱਚ ਰਿਹਾਇਸ਼ੀ ਕਮਰਾ ਮਿਲਦਾ ਤੇ ਸਿੱਖਾਂ ਦੇ ਇਸ਼ਟ ਵਾਸਤੇ ੪ ਅਗਸਤ ਨੂੰ ਗੁਰਬਖ਼ਸ਼ ਸਿੰਘ ਜਹਾਜ ਅਗਵਾਹ ਕਰਦਾ ਤਾਂ ਉਹਦੀ ਲੱਤ 'ਚ ਟੀਕਾ ਲਾ ਕੇ ਲੱਤ ਗਾਲ਼ੀ ਜਾਂਦੀ ਆ। ਬਠਿੰਡੇ ਵਾਲਿਓ ਤੁਹਾਨੂੰ ਖਾਸ ਕਰਕੇ ਪਤਾ, ਬਠਿੰਡੇ ਜੇਲ੍ਹ ਵਿੱਚ ਜੇਲ੍ਹ ਭੁਗਤ ਰਿਹਾ। ਪੰਡਿਤਾਂ ਦੀ ਕੁੜੀ ਵਾਸਤੇ ਜਹਾਜ਼ ਅਗਵਾਹ ਹੋਵੇ ਇੰਦਰਾ ਵਾਸਤੇ ਤਾਂ ਦੇਸ਼ ਭਗਤੀ ਦਾ ਖਿਤਾਬ ਮਿਲਦਾ ਤੇ ਸਿੱਖਾਂ ਦੇ ਇਸ਼ਟ ਵਾਸਤੇ ਜਹਾਜ਼ ਅਗਵਾਹ ਕੀਤਾ ਜਾਵੇ ਰੋਸ ਮੁਜ਼ਾਹਰਾ ਕਰਨ ਨੂੰ ਤਾਂ ੨੦ ਅਗਸਤ ਨੂੰ ਮਨਜੀਤ ਸਿੰਘ ਉਰਫ਼ ਮਸੀਬਤ ਸਿੰਘ ਪਿੰਡ ਮਹਿਤਾ, ਅੰਮ੍ਰਿਤਸਰ, ਰਾਜਾਸਾਂਸੀ ਅੱਡੇ 'ਤੇ ਉਹਨੂੰ ਗੋਲੀ ਮਾਰ ਕੇ ਮੌਤ ਦੇ ਘਾਟ ਉਤਾਰਿਆ ਜਾਂਦਾ। ਹਾਂ, ਜੇ ਸਿੱਖਾਂ ਨੇ ਜਹਾਜ਼ ਅਗਵਾਹ ਕਰਕੇ ਸਾੜਿਆ ਹੁੰਦਾ, ਜਹਾਜ਼ ਦਾ ਕੁਝ ਭੰਨਿਆ ਤੋੜਿਆ ਹੁੰਦਾ, ਜਹਾਜ਼ ਦੀਆਂ ਸਵਾਰੀਆਂ ਨੂੰ ਜ਼ਖ਼ਮੀ ਕੀਤਾ ਜਾ ਮਾਰਿਆ ਹੁੰਦਾ, ਤਾਂ ਆਪਾਂ ਮਹਿਸੂਸ ਕਰਦੇ ਕਿ ਸਿੱਖਾਂ ਨੇ ਗੁਨਾਹ ਕੀਤਾ। ਕੇਵਲ ਰੋਸ ਮੁਜ਼ਾਹਰਾ ਕੀਤਾ, ਗੁਨਾਹ ਨਹੀਂ ਕੀਤਾ, ਪਾਪ ਨਹੀਂ ਕੀਤਾ, ਜੋ ਕੀਤਾ ਬਿਲਕੁਲ ਠੀਕ ਕੀਤਾ। ਸਵਾਲ ਇਸ ਚੀਜ਼ ਦਾ ਕਿ ਕੀ ਹਿੰਦੁਸਤਾਨ ਵਿੱਚ ਆਪਣੇ ਇਸ਼ਟ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਸਤਿਕਾਰ, ਉਹ ਪੰਡਿਤਾਂ ਦੀ ਕੁੜੀ ਜਿੰਨਾ ਵੀ ਨਹੀਂ ? ਸਿੱਖੋ ਆਪਾਂ ਆਜ਼ਾਦ ਹਾਂ ? ਕੋਈ ਕਹਿ ਸਕਦਾ ਗੁਰੂ ਕਾ ਸਿੱਖ ? ਕਿਵੇਂ ਤੁਸੀਂ ਪਿੰਡਾਂ ਵਿੱਚ ਕਹਿੰਦੇ ਹੋ ਕਿ ਅਸੀਂ ਆਜ਼ਾਦੀ ਨਾਲ ਜਿਉ ਰਹੇ ਹਾਂ ?

ਹਿੰਦੂ ਸਿੱਖ ਏਕਤਾ ਦੇ ਨਾਹਰੇ

ਪਾਰਲੀਮੈਂਟ ਵਿੱਚ ਵੀ ਨਾਹਰੇ ਲੱਗ ਰਹੇ ਆ, ਰਾਸ਼ਟਰਪਤੀ ਭਵਨਾਂ ਵਿੱਚ ਵੀ ਲੱਗ ਰਹੇ ਆ, ਸਾਡੇ ਅਖ਼ਬਾਰਾਂ ਵਾਲੇ ਵੀਰ ਵੀ ਕਹਿ ਰਹੇ ਆ, 'ਹਿੰਦੂ ਸਿੱਖ ਏਕਤਾ, ਹਿੰਦੂ ਸਿੱਖ ਏਕਤਾ,' ਦਿਨੇ ਰਾਤ ਝੰਡਾ ਫੜ ਕੇ ਕੂਕੀ ਜਾਂਦੇ ਆ। ਮੈਂ ਪੁੱਛਣਾ ਚਾਹੁਨਾ, ਮੇਰੇ ੫੧-੫੨ ਸਵਾਲ ਆ, ਕੁਝ ਉਹਦੇ ਵਿੱਚੋਂ ਪੁੱਟ ਹੋ ਗਏ, ਬਾਕੀ ਵੀ ਕਰਾਂਗਾ। ਉਹਨਾਂ ਦਾ ਉੱਤਰ ਦੇਵੇ ਕੋਈ ਤੇ ਮੈਂ ਆਪਣਾ ਸਿਰ ਵਢਵਾ ਕੇ ਤੁਹਾਨੂੰ ਦੇ ਦਿਆਂਗਾ। ਹਿੰਦੁਸਤਾਨ ਦੇ ਇੱਕ ਹਿੰਦੂ ਨੇ ਕਦੇ ਕਿਸੇ ਅਖ਼ਬਾਰ ਵਿੱਚ ਖ਼ਬਰ ਦਿੱਤੀ ਆ ਕਿ ਸਿੱਖ ਹਿੰਦੂ ਏਕਤਾ, ਹਿੰਦੂ ਸਿੱਖ ਏਕਤਾ ਤੇ ਹੁੰਦਾ ਹੈ। ਸਿੱਖ ਹਿੰਦੂ ਏਕਤਾ ਕਦੇ ਅਖ਼ਬਾਰ 'ਚ ਆਇਆ ਕਿਸੇ 'ਚ ? ਸਿੱਖ ਦਾ ਨਾਂਅ ਪਹਿਲਾਂ ਲਿਖਣਾ, ਜਿਹੋ ਜਿਹੀ ਗਊ ਮਾਰ ਦਿੱਤੀ, ਉਹੋ ਜਿਹਾ ਸਿੱਖ ਦਾ ਨਾਂਅ ਪਹਿਲਾਂ ਲਿਖ ਦਿੱਤਾ, ਇੰਨਾ ਮਾੜਾ ਸਮਝਦੇ ਆ। ਇੰਨਾ ਅਤਿਆਚਾਰ ਆ ਤੇ ਸਿਖਲਾਈ ਦਿੱਤੀ ਆ ਹਿੰਦੂਆਂ ਨੇ ਤੇ ਸਿੱਖੇ ਆ ਸਿੱਖ। ਸਿੱਖਣ ਵਾਲੇ ਨੂੰ ਤਸੀਹੇ ਤੇ ਸਿਖਾਉਣ ਵਾਲੇ ਨੂੰ ਕੁਰਸੀਆਂ, ਇਦੋਂ ਵੱਡੀ ਬੇਇਨਸਾਫ਼ੀ ਕੀ ਹੋਵੇਗੀ ਹੋਰ ?

ਹਿੰਦੂ ਅਫ਼ਸਰਾਂ ਵੱਲੋਂ ਸਿੱਖਾਂ 'ਤੇ ਜ਼ੁਲਮ

੩੭ ਸਾਲ ਹੋ ਗਏ ਹਿੰਦੁਸਤਾਨ ਆਜ਼ਾਦ ਹੋਏ ਨੂੰ, ਸਿੱਖਾਂ ਨੂੰ ਨਹੀਂ, ਹਿੰਦੁਸਤਾਨ ਆਜ਼ਾਦ ਹੋਏ ਨੂੰ। ਸੈਂਤੀਆਂ ਸਾਲਾਂ ਵਿੱਚ ਮੇਰਾ ਖ਼ਿਆਲ ਆਂਦਾ ਸਾਰੀ ਗੌਰਮਿੰਟ ਨੂੰ ਤੇ ਸਾਰੀ ਹਿੰਦੁਸਤਾਨ ਦੀ ਜਨਤਾ ਨੂੰ, ਖਾਸ਼ ਕਰਕੇ ਹਿੰਦੂ ਸਾਮਰਾਜ ਨੂੰ.....। ਇਹਨਾਂ ਅਖ਼ਬਾਰਾਂ ਵਾਲੇ ਵੀਰਾਂ ਨੂੰ ਬੇਨਤੀ ਕਰਾਂਗਾ ਇਹ ਚੈਲਿੰਜ ਮੇਰਾ ਅਖ਼ਬਾਰਾਂ ਵਿੱਚ ਛਾਪਣ ਦੀ ਕੋਸ਼ਿਸ਼ ਕਰਿਉ, ਜੇ ਜ਼ੁਰਅਤ ਹੈ ਤੇ। ਹਿੰਦੁਸਤਾਨ ਦੀ ਮਿਲਟਰੀ ਵਿੱਚ, ਕਿਸੇ ਵੀ ਸਿੱਖ ਆਫ਼ੀਸਰ ਨੇ ਕਿਸੇ ਹਿੰਦੂ ਨੌਜੁਆਨ ਨੂੰ, ਇੱਕ ਨੂੰ ਵੀ ਮੌਤ ਦੇ ਘਾਟ ਉਤਾਰਿਆ ਤੇ ਕੋਈ ਸਬੂਤ ਦਿਉ ? ਮਿਲਟਰੀ ਵਿੱਚ ਸਿੱਖ ਨੌਜੁਆਨ ਆਫ਼ੀਸਰ ਨੇ ਹਿੰਦੂ ਨੌਜੁਆਨ ਸਿਪਾਹੀ ਨੂੰ ਇੱਕ ਨੂੰ ਵੀ ਮੌਤ ਦੇ ਘਾਟ ਉਤਾਰਿਆ, ਗੋਲੀ ਮਾਰ ਕੇ ਤੇ ਦੱਸੋ ? ਪਰ ਸਿੱਖਾਂ ਨਾਲ ਕੀ ਹੋ ਰਿਹਾ ? ਅਟਾਰੀ ਬਾਰਡਰ 'ਤੇ ਸਟੇਨ ਗੰਨ ਗਵਾਚ ਗਈ ਹਿੰਦੂ ਦੀ, ਪਕੜ ਲਿਆ ਸੀਤਲ ਸਿੰਘ ਨੂੰ, ਉਹਦੇ ਮੂੰਹ ਵਿੱਚ ਕੁੱਤਿਆਂ ਦਾ ਵਿਸ਼ਟਾ ਪਾਇਆ ਜਿਊਂਦੇ ਦੇ, ਅੱਖਾਂ ਵਿੱਚ ਲਾਲ ਮਿਰਚਾਂ ਪਾਈਆਂ, ਅੰਦਰ ਮਿਰਚਾਂ ਪਾਈਆਂ, ਬਾਹਾਂ ਪਛਣੇ ਨਾਲ ਚੀਰ ਕੇ ਲੂਣ ਨਾਲ ਭਰੀਆਂ ਤੇ ਕਿੱਕਰ ਦੀਆਂ ਟਾਹਣੀਆਂ ਵੱਢ ਕੇ ਕੰਡਿਆਂ ਵਾਲੀਆਂ, ਉਹ ਵਿਛਾ ਕੇ ਉੱਪਰ ਦੀ ਲੱਤਾਂ ਤੋਂ ਫੜ ਕੇ ਘਸੀਟਿਆ, ਖਿੱਚਿਆ ਉਸ ਨੂੰ, ਉਹਦੀ ਮੌਤ ਹੋ ਗਈ। ਜਦੋਂ ਪੋਸਟ ਮਾਰਟਮ ਕੀਤਾ, ਅੱਧਾ ਕਿਲੋ ਲਾਲ ਮਿਰਚਾਂ ਉਹਦੇ ਅੰਦਰੋਂ ਨਿਕਲੀਆਂ। ਉਹ ਡਾਕਟਰ ਦੀ ਰਿਪੋਰਟ ਵੇਖ ਲਉ ਤੇ ਐਫ.ਆਈ.ਆਰ., ਜਿਹੜਾ ਮੁਕਦੱਮਾ ਉਹ ਵੀ ਵੇਖ ਲਿਉ ਤੇ ਜਦੋਂ ਕੀਤੀ ਤਫ਼ਤੀਸ਼ ਤਾਂ ਸਟੇਨ ਗੰਨ ਲੱਭ ਗਈ ਡੇਰਨ 'ਚੋਂ, ਗੰਦੇ ਨਾਲੇ 'ਚੋਂ, ਸੇਮ ਵਾਲੇ 'ਚੋਂ। ਉਹ ਸਟੇਨ ਗੰਨ ਤਾਂ ਲੱਭ ਗਈ ਹਿੰਦੂ ਦੀ, ਲਿਆਉ ਸੀਤਲ ਸਿੰਘ ਸਿੱਖਾਂ ਦਾ ਦੇ ਦਿਉ, ਹਿੰਦੂ ਸਿੱਖ ਏਕਤਾ ਵਾਲਿਓ। ਦੋ ਬੈਰਲਾਂ ਗੁਆਚੀਆਂ ਮੇਰਠ, ਕੁੱਟ ਕੇ ਮਾਰ ਦਿੱਤਾ ਪਿਆਰਾ ਸਿੰਘ ਫਿਰੋਜਪੁਰ ਜਿਲ੍ਹੇ ਦਾ ਤੇ ਤਲਾਸ਼ੀ ਲਈ ਤੇ ਦੋਵੇਂ ਬੈਰਲਾਂ ਰਾਈਫਲ ਦੀਆਂ ਨਿਕਲੀਆਂ ਹਿੰਦੂ ਦੀ ਬੈਰਕ ਵਿੱਚੋਂ। ਉਹਨੂੰ ਇੱਕ ਘੰਟੇ ਦਾ ਵੀ ਪਿੱਠੂ ਨਹੀਂ ਲਾਇਆ, ਇਹ ਹਿੰਦੂ ਸਿੱਖ ਏਕਤਾ ? ਕੀ ਇਹ ਵਿਤਕਰਾ ਨਹੀਂ ? ਕੀ ਇਹ ਗ਼ੁਲਾਮੀ ਦੀ ਨਿਸ਼ਾਨੀ ਨਹੀਂ ?

ਫੈਡਰੇਸ਼ਨ ਦੇ ਮੈਂਬਰਾਂ ਨੂੰ ਤਸੀਹੇ

ਫੈਡਰੇਸ਼ਨ ਦੇ ਮੁੰਡਿਆਂ ਨੂੰ ਫੜ ਕੇ ਪੁੱਠਿਆ ਲਟਕਾ ਛੱਡਿਆ, ਕੀ ਪੰਜਾਬ ਦੇ ਵਿੱਚ ਇੱਕ ਵੀ ਹਿੰਦੂਆਂ ਦੇ ਮੁੰਡੇ ਵਿਦਿਆਰਥੀ ਨੂੰ ਫੜ ਕੇ ਜੇਲ੍ਹ 'ਚ ਦਿੱਤਾ ? ਇਹਦੋਂ ਵੱਡਾ ਵਿਤਕਰਾ ਹੋਰ ਕੀ ਆ ? ਇਹ ਤਸੀਹੇ ਦਿੱਤੇ ਗਏ ਕੇਵਲ ਸਿੱਖਾਂ ਨੂੰ। ਕੀ ਪੰਜਾਬ ਦੇ ਵਿੱਚ ਜਿੱਥੇ ਸਿੱਖਾਂ ਦੀ ਬਹੁਗਿਣਤੀ ਆ, ਕੀ ਇਸ ਥਾਂ ਵਿੱਚ ਇੱਕ ਵੀ ਹਿੰਦੂ ਦੇ ਮੂੰਹ ਵਿੱਚ ਗਊ ਦਾ ਹੱਡ ਦਿੱਤਾ ਛੱਤੀਆਂ ਸਾਲਾਂ 'ਚ ਕਿਸੇ ਸਿੱਖ ਨੇ ?

ਸਿਪਾਹੀ ਸ਼ਿਆਮ ਸੁੰਦਰ ਦੇ ਜ਼ੁਲਮ

ਜੇ ਜਸਬੀਰ ਸਿੰਘ ਪਿੰਡ ਚੁੱਪਕੀਤੀ, ਤਹਿਸੀਲ ਮੋਗਾ, ਜਿਲ੍ਹਾ ਫਰੀਦਕੋਟ, ਗੁਰਦੁਆਰੇ ਦਾ ਗਰੰਥੀ, ਜਥੇ ਦਾ ਮੈਂਬਰ, ਉਹਦੇ ਕੋਲੋਂ ਕੁਝ ਨਹੀਂ ਨਿਕਲਿਆ, ਕੇਵਲ ਸ਼ੱਕ ਪੈ ਗਈ ਕਿ ਇਥੇ

ਸਿੱਖ ਆਉਂਦੇ, ਸਿੰਘ ਆਉਂਦੇ ਆ। ਜਿਹਨਾਂ ਨੂੰ ਅੱਤਵਾਦੀਆਂ ਦੇ ਖ਼ਿਤਾਬ ਗੌਰਮਿੰਟ ਨੇ ਦਿੱਤੇ ਆ ਤੇ ਉਹਨੂੰ ਪਕੜ ਕੇ ਛਾਤੀ 'ਤੇ ਬੈਠ ਕੇ, ਸ਼ਿਆਮ ਸੁੰਦਰ ਸਿਪਾਹੀ ਨੇ, ਉਹਦੇ ਮੂੰਹ ਵਿੱਚ ਥੁੱਕਿਆ ਤੇ ਮੂੰਹ ਵਿੱਚ ਤੰਬਾਕੂ ਭੋਰਿਆ। ਇਹ ਹਿੰਦੂ ਸਿੱਖ ਏਕਤਾ ? ਕੀ ਇਹਦੇ ਵਿੱਚੋਂ ਸ਼ਾਂਤੀ ਜਨਮ ਲਏਗੀ ਕਿ ਤਸ਼ੱਦਦ ਜਨਮ ਲਏਗਾ ? ਜਗੀਰ ਸਿੰਘ, ਪਿਤਾ ਦਾ ਨਾਂਅ ਤਾਰਾ ਸਿੰਘ, ਪਿੰਡ ਇੱਟਾਂ ਵਾਲੀ, ਜਿਲ੍ਹਾ ਫਰੀਦਕੋਟ, ਮੋਗੇ ਖੱਡੀ ਬੁਣਨ ਦਾ ਕੰਮ ਕਰਦੇ ਆ, ਉਹਦੇ ਕੋਲੋਂ ਕੋਈ ਚੀਜ਼ ਬਰਾਮਦ ਨਹੀਂ ਹੋਈ, ਉਹਦਾ ਪੱਟ ਇਥੋਂ ਚੀਰ ਕੇ ਮੋਟੇ ਥਾਂ ਤੋਂ ਐਨੀ ਚਰਬੀ ਵਿੱਚੋਂ ਕੱਢ ਕੇ (ਇਸ਼ਾਰੇ ਨਾਲ ਸਮਝਾਉਂਦੇ ਹੋਏ) ਤੇ ਬਰੀਕ ਲੂਣ ਰਗੜ ਕੇ ਉਹਨੂੰ ਭਰ ਕੇ ਉਪਰੋਂ ਟਾਕੀ ਨਾਲ ਬੰਨ ਦਿੱਤਾ। ਉਹ ਮੁੰਡਾ ਹੁਣ ਬਰੀ ਹੋਇਆ, ਪਰਸੋਂ ਮੇਰੇ ਕੋਲੋਂ ਇਥੋਂ ਗਿਆ। ਉਹਦੇ ਅਜੇ ਵੀ ਦਾਗ ਪੱਟ 'ਤੇ ਹੈਗਾ। ਇਹ ਹਿੰਦੂ ਸਿੱਖ ਏਕਤਾ ? ਦੱਸੋ ਸਿੱਖੋ, ਕਿੱਥੋਂ ਦੀ ਹਿੰਦੂ ਸਿੱਖ ਏਕਤਾ ਇਹ ? ਕੀ ਇਹ ਗੌਰਮਿੰਟ ਤਸੀਹੇ ਨਹੀਂ ਦੇ ਰਹੀ ?

ਭਾਈ ਕੁਲਵੰਤ ਸਿੰਘ ਨਾਗੋਕੇ ਦੀ ਸ਼ਹਾਦਤ

ਕੁਲਵੰਤ ਸਿੰਘ ਨਾਗੋਕਿਆਂ ਵਾਲਾ, ਆਹ ਸਾਡੇ ਨਾਲ, ਖਾਸ਼ ਕਰਕੇ ਅਖ਼ਬਾਰਾਂ ਵਾਲੇ ਭਰਾਵਾਂ ਨੂੰ, ਇਹ ਮੋਕੇ ਦੀ ਬੇਨਤੀ ਜ਼ਰੂਰ ਕਰਨੀ ਚਾਹੁੰਦਾ। ਕਿਉਂਕਿ ਕਈ ਵਾਰੀ ਮਿਲਿਆ ਘੱਟ ਜਾਂਦਾ ਤੇ ਰਿਪੋਰਟਾਂ ਉਥੋਂ ਮੇਰੇ ਜਾਂਦੀਆਂ ਬੜੀਆਂ ਵਿਰੁੱਧ ਤੇ ਉਹਦੇ ਅਧਾਰ 'ਤੇ ਕਈ ਵਾਰੀ ਸ਼ਿਕਾਰ ਹੋ ਜਾਂਦੇ ਪ੍ਰੇਮੀ। ਕੁਲਵੰਤ ਸਿੰਘ ਨਾਗੋਕਿਆਂ ਵਾਲਾ ਪੁਲੀਸ ਨੇ ਪਕੜ ਲਿਆ, ਜੱਜ ਦੇ ਪੇਸ਼ੀ ਹੋਈ, ਜੱਜ ਨੇ ਹੁਕਮ ਕੀਤਾ ਕਿ ਇਹਦਾ ਡਾਕਟਰੀ ਮੁਆਇਨਾ ਕਰਾਇਆ ਜਾਵੇ। ਉਹ ਡਾਕਟਰੀ ਮੁਆਇਨਾ ਕਰਾਉਣ ਦੇ ਥਾਂ, ਉਹਨੂੰ ਮੌਤ ਦੇ ਘਾਟ ਉਤਾਰਿਆ ਗਿਆ ਤੇ ਮੌਤ ਦੇ ਘਾਟ ਉਤਾਰਿਆ ਕਿਵੇਂ ? ਇੱਕ ਇੱਕ ਪੋਟਾ ਹਥੌੜਿਆਂ ਦੇ ਨਾਲ ਜਾਂ ਇੱਟਾਂ ਨਾਲ, ਕੁੱਟ ਕੁੱਟ ਕੇ ਤੇ ਡਾਂਗਾਂ ਨਾਲ ਤੋੜਿਆ। ਸੱਜੀ ਲੱਤ ਉਹਦੀ ਤੋੜੀ, ਉਂਗਲ ਵਰਗੀਆਂ ਸਲਾਖਾਂ, ਲੋਹੇ ਦੀਆਂ ਸੀਖਾਂ ਮੋਟੀਆਂ ਤੱਤੀਆਂ ਕਰਕੇ ਗਰਮ ਪੇਟ ਵਿੱਚ ਦੀ ਤਿੰਨਾਂ ਥਾਂਵਾਂ ਤੋਂ ਦੀ ਲੰਘਾਈਆਂ। ਮੈਂ ਹੱਥੀਂ ਸਸਕਾਰ ਕਰਾਇਆ ਉਹਦਾ ਤੇ ਇਸ਼ਨਾਨ ਕਰਵਾਇਆ, ਸੁਣ ਕੇ ਨਹੀਂ ਮੈਂ ਕਹਿ ਰਿਹਾ ਕਿਸੇ ਤੋਂ। ਉਹਦਾ ਇਥੋਂ ਮੱਥਾ ਸਾੜਿਆ ਗਿਆ, ਗਰਮ ਸੀਖਾਂ ਨਾਲ, ਸਲਾਖਾਂ ਨਾਲ (ਇਸ਼ਾਰੇ ਨਾਲ ਦੱਸਦੇ ਹੋਏ) ਫਿਰ ਉਹਨੂੰ ਮੌਤ ਦੇ ਘਾਟ ਉਤਾਰਿਆ। ਜਿਹੜਾ ਕਹਿੰਦੇ ਜੀ ਮੁਕਦਮੇ ਅਦਾਲਤ ਵਿੱਚ ਜਾਣੇ ਚਾਹੀਦੇ, ਹੱਥੀਂ ਕੁਝ ਨਹੀਂ ਕਰਨਾ ਚਾਹੀਦਾ ਤੇ ਜਿਹੜਾ ਮੁਕਦਮਾ ਅਦਾਲਤ ਵਿੱਚ ਗਿਆ, ਉਹਦੇ ਬਾਰੇ ਗੌਰਮਿੰਟ ਨੇ ਕੀ ਕੀਤਾ ? ਕੀ ਜੱਜ ਦਾ ਹੁਕਮ ਮੰਨਿਆ ?

ਭਾਈ ਗੁਰਮੀਤ ਸਿੰਘ ਦੀ ਸ਼ਹਾਦਤ

ਗੁਰਮੀਤ ਸਿੰਘ ਰਾਹੋਂ ਬੰਬ ਕਾਂਡ ਵਿੱਚ ਫੜਿਆ ਗਿਆ, ਉਹਦੇ ਹੱਥਾਂ ਦੇ ਸਾਰੇ ਨਹੁੰ ਜੰਮੂਰਾਂ ਨਾਲ ਤੋੜੇ ਗਏ, ਪਲਾਸ ਦੇ ਨਾਲ ਖਿੱਚੇ ਗਏ। ਇੱਕ ਨਹੁੰ ਤੋੜ ਕੇ ਜਿਉਂਦੇ ਦਾ, ਉੱਪਰ ਲੂਣ ਭੁੱਕਿਆ ਗਿਆ। ਫਿਰ ਦੂਜਾ ਤੋੜ ਕੇ ਦੂਜੇ ਨਹੁੰ 'ਤੇ ਭੁੱਕਿਆ ਗਿਆ ਤੇ ਕਹਿੰਦੇ ਕੀ ਰਹੇ ? ਇੱਕੋ ਗੱਲ ਕਹਿੰਦੇ ਰਹੇ ਕਿ ਤੂੰ ਕਹਿ ਦੇ ਭਿੰਡਰਾਂਵਾਲੇ ਨੇ ਬੰਬ ਦਿੱਤਾ। ਉਹਨੇ ਉੱਤਰ ਕੀ ਦਿੱਤਾ

ਕਿ ਮੈਂ ਤਾਂ ਜੋ ਕੁਝ ਲਿਆ ਕਲਗੀਧਰ ਤੋਂ ਲਿਆ ਤੇ ਵਾਹਿਗੁਰੂ ਤੋਂ ਬਿਨਾ ਉਹਨੇ ਕੁਝ ਕਿਹਾ ਨਹੀਂ ਤੇ ਜਿਸ ਵੇਲੇ ਉਹਦੇ ਨਹੁੰ ਸਾਰੇ ਤੋੜ ਦਿੱਤੇ। ਆਹ ਜਿਹੜਾ ਭੁੱਲਰ ਬੈਠਾ, ਮਹਾਰਾਜ ਕਿਰਪਾ ਕਰੇ ਸੰਗਤ ਨੂੰ, ਜਲੰਧਰ ਐਸ.ਐਸ.ਪੀ. ਬਣਿਆ ਬੈਠਾ। ਇਹਨੇ ਉਸ ਵੇਲੇ ਵਾਇਰਲੈੱਸ ਕੀਤੀ, ਮੇਰੇ ਕੋਲੇ ਸਬੂਤ ਆ ਇਸ ਚੀਜ਼ ਦਾ, ਮੂੰਹ 'ਤੇ ਵੀ ਭੁਗਤਾ ਦਿਊਂ ਜੇ ਕਿਤੇ ਸਮਾਂ ਆਇਆ (ਪਰ) ਹੁਣ ਨਹੀਂ। ਬਹੁਤ ਵੱਡਾ ਸਬੂਤ ਆ ਮਜ਼ਬੂਤੀ ਵਾਲਾ, ਇਹਨੇ ਵਾਇਰਲੈੱਸ ਕੀਤੀ, ਰਹਿ ਚੁੱਕੇ ਪੰਜਾਬ ਦੇ ਮੁੱਖ ਮੰਤਰੀ ਜ਼ਕਰੀਏ ਦਰਬਾਰੇ ਨੂੰ ਕਿ ਇਹਦੇ ਨਹੁੰ ਸਾਰੇ ਤੋੜ ਦਿੱਤੇ ਆ, ਐਨੇ ਤਸੀਹੇ ਦਿੱਤੇ ਆ, ਇਹ ਬਿਨਾ ਵਾਹਿਗੁਰੂ ਤੋਂ ਕੁਝ ਨਹੀਂ ਕਹਿੰਦਾ, ਹੁਣ ਕੀ ਕਰੀਏ ? ਉਹ ਕਹਿੰਦਾ ਹੁਣ ਇਹਨੂੰ ਗੋਲੀ ਮਾਰ ਦਿਉ। ਇਸ ਤਰੀਕੇ ਨਾਲ ਉਹਨੂੰ ਮਾਰਿਆ ਗਿਆ।

ਭਾਈ ਅਮਰਜੀਤ ਸਿੰਘ ਦਹੇੜੂ, ਭਾਈ ਬਲਜੀਤ ਸਿੰਘ ਅਤੇ ਹੋਰ ਸਿੰਘਾਂ ਦੀ ਸ਼ਹੀਦੀ ਅਤੇ ਕਨੂੰਨ ਦੀ ਦੁਰਵਰਤੋਂ

ਅਮਰਜੀਤ ਸਿੰਘ ਦਹੇੜੂ ਵਾਲੇ ਦਾ ਕੀ ਹਾਲ ਕੀਤਾ ? ਬਲਜੀਤ ਸਿੰਘ ਦਾ ਕੀ ਹਾਲ ਕੀਤਾ ? ਬਾਕੀ ਹੋਰ ਕਿਤਨੇ ਸਿੰਘ ਸ਼ਹੀਦ ਹੋਏ ਆ ਪਕੜ ਕੇ, ਜਿਹੜਾ ਕਹਿੰਦੇ ਜੀ ਅਖੇ ਕਨੂੰਨ ਕਿਸੇ ਨੂੰ ਹੱਥ 'ਚ ਨਹੀਂ ਲੈਣ ਦੇਣਾ। ਜਨਤਾ ਨੂੰ ਤਾਂ ਕਨੂੰਨ ਹੱਥ 'ਚ ਨਹੀਂ ਲੈਣ ਦੇਣਾ ਤੇ ਗੌਰਮੈਂਟ ਨੂੰ ਕਿਹਨੇ ਇਹ ਪਰਮਟ ਲਿਖ ਕੇ ਦਿੱਤਾ ਕਿ ਹੱਥ 'ਚ ਕਨੂੰਨ ਰੱਖੇ ? ਇਹ ਪੁਲਸ ਦੇ ਹੱਥ 'ਚ ਕਨੂੰਨ ਹੈ ? ਪੁਲਸ ਦਾ ਕੰਮ ਹੈ ਮੁਲਜ਼ਮ ਨੂੰ ਪਕੜ ਕੇ ਜੱਜ ਦੇ ਹਵਾਲੇ ਕਰਨਾ ਤੇ ਜੱਜ ਦਾ ਕੰਮ ਹੈ ਉਹਨੂੰ ਸਜ਼ਾ ਦੇਣੀ। ਚਾਹੇ ਫਾਂਸੀ ਚਾੜ੍ਹ ਦੇਵੇ ਤੇ ਚਾਹੇ ਉਹਨੂੰ ਬਰੀ ਕਰ ਦੇਵੇ। ਪੁਲੀਸ ਨੇ ਕਿੱਥੇ ਪਰਮਟ ਲਿਆ ਇਸ ਕਨੂੰਨ ਦਾ ਭਈ ਅਸੀਂ ਗੋਲੀਆਂ ਨਾਲ ਭੁੰਨਣਾ ? ਇਦੋਂ ਵੱਡੀ ਬੇਇਨਸਾਫ਼ੀ ਤੇ ਧੱਕਾ ਹੋਰ ਕਿੱਥੇ ਆ ਦੱਸੋ ? ਪੰਡਿਤਾਂ ਦੇ ਘਰੇ ਜੰਮਿਆ ਜੋ ਮਰਜੀ ਕਰੇ ਤੇ ਸਿੱਖਾਂ ਦੇ ਘਰੇ ਜੰਮਿਆ ਮੁੰਡਾ ਬੋਲ ਵੀ ਨਹੀਂ ਸਕਦਾ। ਇਦੋਂ ਵੱਧ ਗ਼ੁਲਾਮੀ ਆਪਣੇ 'ਤੇ ਕੀ ਹੋਵੇਗੀ ?

ਸਿੱਖਾਂ ਨੂੰ ਹੱਕ ਦੇਣ ਵਿੱਚ ਹਿੰਦੂਆਂ ਨਾਲੋਂ ਵਿਤਕਰਾ

ਇੱਕ ਸਵਾਲ ਹੋਰ ਆ। ਇਹ ਭਾਈ ਤੁਸੀਂ ਜ਼ਰੂਰ ਲਿਖ ਦਿਉ ਗੁਰਮੁਖੋ। ਹਿੰਦੁਸਤਾਨ ਵਿੱਚ ਸੌਂਤੀਆਂ ਸਾਲਾਂ ਵਿੱਚ, ਹਿੰਦੀ ਬੋਲਣ ਵਾਸਤੇ, ਹਿੰਦੀ ਭਾਸ਼ਾ ਦੇ ਆਧਾਰ 'ਤੇ ਸੂਬਾ ਬਣਾਉਣ ਵਾਸਤੇ, ਹਿੰਦੂ ਇੱਕ ਵੱਖਰੀ ਕੌਮ ਕਹਾਉਣ ਵਾਸਤੇ, ਹਿੰਦੀ ਬੋਲਦੇ ਇਲਾਕਿਆਂ ਵਿੱਚ ਵਗ ਰਹੇ ਦਰਿਆਵਾਂ ਦੇ ਪਾਣੀਆਂ ਦੀ ਪ੍ਰਾਪਤੀ ਵਾਸਤੇ, ਹਿੰਦੂ ਧਾਰਮਿਕ ਸ਼ਹਿਰਾਂ ਨੂੰ ਪਵਿੱਤਰ ਦਰਜਾ ਦਿਵਾਉਣ ਵਾਸਤੇ, ਹਿੰਦੂ ਧਾਰਮਿਕ ਮੰਦਰਾਂ ਦੇ ਨਾਂਅ ਉੱਪਰ ਗੱਡੀ ਦਾ ਨਾਂਅ ਰਖਵਾਉਣ ਵਾਸਤੇ, ਹਿੰਦੂ ਧਾਰਮਿਕ ਚਿੰਨ ਜਨੇਊ ਗਲ਼ 'ਚ ਪਾ ਕੇ ਜਹਾਜ਼ 'ਚ ਚੜ੍ਹਨ ਵਾਸਤੇ, ਹਿੰਦੀ ਬੋਲਦੇ ਇਲਾਕਿਆਂ 'ਚ ਲੱਗੇ ਹੈੱਡ ਵਰਕਸਾਂ 'ਤੇ ਕੰਟਰੋਲ ਕਰਨ ਵਾਸਤੇ, ਡੈਮ ਬਣਾਉਣ ਦੀ ਮਨਜ਼ੂਰੀ ਲੈਣ ਵਾਸਤੇ, ਛੱਤੀਆਂ ਸਾਲਾਂ ਵਿੱਚ ਇੱਕ ਘੰਟੇ ਦੀ ਕੈਦ ਕਿਸੇ ਹਿੰਦੂ ਨੇ, ਐਜ਼ੀਟੇਸ਼ਨ ਦੇ ਰੂਪ ਵਿੱਚ, ਮੋਰਚੇ ਦੇ ਰੂਪ ਵਿੱਚ ਕੱਟੀ ਆ ਤੇ ਕੋਈ ਉੱਤਰ ਦਿਉ ? ਚਾਹੇ ਕੋਈ ਸੈਂਟਰ ਦਾ ਵਜ਼ੀਰ ਉੱਤਰ ਦੇ ਦੇਵੇ ? ਚਾਹੇ ਹਿੰਦੁਸਤਾਨ ਦਾ ਕੋਈ ਸਧਾਰਨ ਹਿੰਦੂ ਉੱਤਰ ਦੇ ਦੇਵੇ ? ਇਸ ਦੇ ਉਲਟ ਕੀ ਹੋ ਰਿਹਾ ? ਆਹ ਹਿੰਦੂ ਸਿੱਖ ਏਕਤਾ ਵਾਲਿਓ, ਪੰਜਾਬੀ ਬੋਲਣ ਵਾਸਤੇ, ਪੰਜਾਬੀ ਸੂਬਾ ਲੈਣ ਵਾਸਤੇ, ਪੱਗ ਵਾਲਿਆਂ

ਨੂੰ ੫੭ ਹਜ਼ਾਰ ਨੂੰ ਅੰਦਰ ਜਾਣਾ ਪਿਆ। ਜਿਹਨਾਂ ਤੁਸਾਂ ਮੰਗ ਕੀਤੀ ਆ ਸੂਬੇ ਦੀ, ਉਹਨਾਂ ਦਾ ਸੂਬਾ ਹੁਣ ੮੪ ਤੱਕ ਅਜੇ ਲੰਗੜਾ ਤੁਰਿਆ ਫਿਰਦਾ ਤੇ ਜਿਹਨਾਂ ਮੰਗ ਨਹੀਂ ਕੀਤੀ ਉਹਨਾਂ ਨੂੰ ਹਰਿਆਣਾ ਤੇ ਹਿਮਾਚਲ ਉਦੋਂ ਦਾ ਈ ਦਿੱਤਾ ਪੂਰਾ ਦਾ ਪੂਰਾ ਈ। ਜਿਹੜਾ ਮੰਗਦਾ ਉਹਨੂੰ ਦਿੰਦੇ ਕੁਝ ਨਹੀਂ, ਜਿਹੜਾ ਮੰਗਦਾ ਨਹੀਂ ਉਹਦੀ ਝੋਲੀ 'ਚ ਪਾਈ ਜਾਂਦੇ ਮੱਲੋ ਮੱਲੀ। ਕੀ ਇਹ ਵਿਤਕਰਾ ਨਹੀਂ ? ਇਹ ਕਿਉਂ ਨਹੀਂ ਪੂਰਾ ਕੀਤਾ ? ਕਿਉਂਕਿ ਇਥੇ ਸਿੱਖਾਂ ਦੀ ਬਹੁਗਿਣਤੀ ਸੀ, ਉਥੇ ਹਿੰਦੂਆਂ ਦੀ ਬਹੁ ਗਿਣਤੀ ਆ ? ਇਹ ਪ੍ਰਤੱਖ ਮਸਾਲ ਆ ਤੁਹਾਡੇ ਸਾਹਮਣੇ। ਹਰਿਮੰਦਰ ਸਾਹਿਬ ਦੇ ਨਾਂਅ 'ਤੇ ਗੱਡੀ ਦਾ ਨਾਂਅ ਰਖਵਾਉਣ ਵਾਸਤੇ, ਸ਼ਹਿਰ ਨੂੰ ਪਵਿੱਤਰ ਦਰਜਾ ਦਿਵਾਉਣ ਵਾਸਤੇ, ਸਿੱਖ ਇੱਕ ਵੱਖਰੀ ਕੌਮ ਕਹਾਉਣ ਵਾਸਤੇ, ਟਰਾਂਸਮੀਟਰ ਲਗਾ ਕੇ ਦਰਬਾਰ ਸਾਹਿਬ ਵਿਖੇ ਗੁਰਬਾਣੀ ਦਾ ਕੀਰਤਨ ਪ੍ਰਸਾਰਨ ਕਰਨ ਵਾਸਤੇ। ਸਿੱਖਾਂ ਦਾ ਧਾਰਮਿਕ ਅੰਗ, ਚਿੰਨ ਨਹੀਂ, ਸਿੱਖਾਂ ਦਾ ਧਾਰਮਿਕ ਅੰਗ ਕ੍ਰਿਪਾਨ ਗਾਤਰੇ ਪਾ ਕੇ ਜਹਾਜ਼ 'ਚ ਚੜਨ ਵਾਸਤੇ, ਪੰਜਾਬੀ ਬੋਲਦੇ ਇਲਾਕਿਆਂ ਵਿੱਚ ਦੀ ਵਗਦੇ ਦਰਿਆਵਾਂ ਦੇ ਪਾਣੀ ਦੀ ਪ੍ਰਾਪਤੀ ਵਾਸਤੇ, ਹੈੱਡ ਵਰਕਸਾਂ 'ਤੇ ਕੰਟਰੋਲ ਕਰਨ ਵਾਸਤੇ, ਡੈਮ ਬਣਾਉਣ ਦੀ ਮਨਜ਼ੂਰੀ ਲੈਣ ਵਾਸਤੇ ਤੇ ਸਿੱਖਾਂ ਨੂੰ ਦੋ ਦੇਸ਼ਾਂ ਦੀ ਨਾਗਰਿਕਤਾ ਪ੍ਰਾਪਤ ਕਰਨ ਵਾਸਤੇ ੨ ਲੱਖ ਤੋਂ ਵੱਧ ਗ੍ਰਿਫਤਾਰੀ ਵੀ ਦੇ ਦਿੱਤੀ ਆ ਤੇ ੨੦੦ ਤੋਂ ਉੱਪਰ ਸ਼ਹੀਦ ਹੋ ਚੁੱਕੇ ਆ ਤੇ ਅਜੇ ਹਿੰਦੁਸਤਾਨ ਦਾ ਪ੍ਰੈਸ ਕੂਕਦਾ ਕਿ ਸਿੱਖ ਫਿਰਕਾਪ੍ਰਸਤ ਆ। ਇਹ ਕੀ ਕਾਰਨ ਆਂ ? ਤੁਸੀਂ (ਸਿੱਖਾਂ ਨੇ) ਪਾਣੀ ਦੀ ਘੁੱਟ ਲੈਣੀ ਆ ਤੇ ਤੁਹਾਨੂੰ ਖ਼ੂਨ ਦਾ ਇੱਕ ਗਲਾਸ ਭਰ ਕੇ ਦੇਣਾ ਪੈਂਦਾ ਹਿੰਦੂਆਂ ਨੂੰ। ਹਿੰਦੂਆਂ ਨੇ ਖ਼ੂਨ ਦਾ ਗਲਾਸ ਲੈਣਾ ਹੋਵੇ ਤਾਂ ਪਾਣੀ ਦੀ ਘੁੱਟ ਨਹੀਂ ਦੇਣੀ ਪੈਂਦੀ। ਇਹ ਹਿੰਦੂ ਸਿੱਖ ਏਕਤਾ ? ਇਹਦਾ ਕੋਈ ਉੱਤਰ ਹੈ ਤੇ ਦੇ ਦਿਉ।

ਰਿਹਾਈ ਬਾਰੇ ਗ਼ਲਤ ਪ੍ਰਾਪੇਗੰਡੇ

ਇੱਕ ਆਹ ਮੇਰੇ ਬਾਰੇ ਚੱਲਦਾ, ਅਖੇ ਜੀ ਇਹ ਗੌਰਮੈਂਟ ਨੇ ਤਾਂ ਛੱਡ ਦਿੱਤਾ, ਅਖੇ ਇਹ ਰਲਿਆ। ਮੇਰਾ ਇਹਦੇ 'ਤੇ ਇੱਕ ਪ੍ਰਸ਼ਨ ਆਂ ਜੇ ਤੇ ਮੇਰੀ ਗ਼ਲਤੀ ਸੀ ਤੇ ਮੈਨੂੰ ਗੌਰਮੈਂਟ ਨੇ ਤਾਂ ਫੜਿਆ ਸੀ ਤੇ ਮੈਨੂੰ ਗੌਰਮੈਂਟ ਜਵਾਬ ਦੇਵੇ ਕਿ ਛੱਡਿਆ ਕਿਉਂ ਆਂ ? ਤੇ ਜੇ ਮੇਰੀ ਗ਼ਲਤੀ ਕੋਈ ਨਹੀਂ ਸੀ ਤਾਂ ਫੜਿਆ ਕਿਉਂ ? ਮਿਨਤ ਤਾਂ ਮੈਂ ਕੀਤੀ ਨਹੀਂ, ਨਾ ਜੱਜ ਦੀ, ਨਾ ਕਿਸੇ ਮੰਤਰੀ ਦੀ। ਮੰਤਰੀ ਜ਼ਰੂਰ ਮਿਨਤਾ ਕੱਢਦੇ ਰਹੇ, ਭਈ ਮੰਨ ਜਾਹ। ਜੇ ਗੁਨਾਹ ਸੀ ਤੇ ਛੱਡਿਆ ਕਿਉਂ ਤੇ ਜੇ ਗੁਨਾਹ ਨਹੀਂ ਸੀ ਤਾਂ ਫੜਿਆ ਕਿਉਂ ? ਵਰੰਟ ਮੇਰੇ ਜਾਰੀ ਸੀ ਜਾਂ ਕਿ ਬੱਸਾਂ ਦੇ ? ਜੇ ਮੇਰੇ ਵਰੰਟ ਜਾਰੀ ਸੀ ਤਾਂ ਬੱਸਾਂ ਕਿਹੜੇ ਕਨੂੰਨ ਦੇ ਅਧੀਨ ਸਾੜੀਆਂ ? ਕੀ ਬੱਸਾਂ ਭੱਜੀਆਂ ਜਾਂਦੀਆਂ ਸੀ, ਜਿਹੜੀਆਂ ਫੜ ਕੇ ਸਾੜੀਆਂ ? ਵਰੰਟ ਮੇਰੇ ਜਾਰੀ ਸਨ ਜਾਂ ਕਿ ਗੁਰੂ ਗਰੰਥ ਸਾਹਿਬ ਦੇ ? ਜੇ ਮੇਰੇ ਵਰੰਟ ਜਾਰੀ ਸਨ ਤਾਂ ਗੁਰੂ ਗਰੰਥ ਸਾਹਿਬ ਨੂੰ ਕਿਸ ਕਨੂੰਨ ਅਧੀਨ ਸਾੜਿਆ ਚੰਦੋ ਕਲਾਂ ਵਿੱਚ ? ਕਨੂੰਨ ਇਹ ਕਹਿੰਦਾ ਜਿਹੜਾ ਬਨੈਂਟੀ ਜਿਹਾ ਬਣਿਆ ਹੋਇਆ ਕਿ ਜਿਸ ਮਨੁੱਖ 'ਤੇ ਕੋਈ ਕੇਸ ਹੋਵੇ, ਉਹਨੂੰ ਪਹਿਲਾਂ ਦੱਸਿਆ ਜਾਂਦਾ, ਭਾਈ ਤੇਰੇ 'ਤੇ ਆਹ ਦੋਸ਼ ਆ ਤੇ ਪੇਸ਼ ਹੋ ਜਾਹ। ਜੇ ਉਹ ਪੇਸ਼ ਨਾ ਹੋਵੇ ਤੇ ਫਿਰ ਉਹਦੇ ਵਰੰਟ ਜਾਰੀ ਕੀਤੇ ਜਾਂਦੇ ਆ, ਕੁਰਕੀ ਦੇ। ਜੇ ਫਿਰ ਵੀ ਪੇਸ਼ ਨਾ ਹੋਵੇ ਤਾਂ ਭਗੌੜਾ ਕਰਾਰ ਦੇ ਕੇ ਉਹਨੂੰ ਮਾਰਿਆ ਜਾਂਦਾ। ੯ ਤਰੀਕ ਨੂੰ ਮਰਦਾ ਲਾਲਾ ਜਗਤ ਨਾਰਾਇਣ ਤੇ ੧੨ ਤਰੀਕ ਨੂੰ ਮੇਰੇ ਵਰੰਟ ਜਾਰੀ ਹੁੰਦੇ ਆ। ੧੪ ਤਰੀਕ ਨੂੰ ਕਾਂਡ

ਵਾਪਰਦਾ ਚੰਦੋ ਕਲਾਂ 'ਚ ਤੇ ੧੬ ਸਤੰਬਰ ਨੂੰ ੪:੦੦ ਵਜੇ ਸ਼ਾਮ ਨੂੰ ਮੈਨੂੰ ਵਰੰਟਾਂ ਦੀ ਰਸੀਦ ਦਿੱਤੀ ਜਾਂਦੀ ਆ ਤੇ ਵਰੰਟਾਂ ਵਾਲੀ ਜੋ ਰਸੀਦ ਆ, ਉਹ ਵਿਖਾਉਣ ਤੋਂ ਪਹਿਲਾਂ ਇਹ ਸਾਰਾ ਨੁਕਸਾਨ ਕਿਸ ਕਨੂੰਨ ਦੇ ਅਧੀਨ ਇਹਨਾਂ ਨੇ ਕੀਤਾ ? ਗੌਰਮੈਂਟ ਇਹਦਾ ਉੱਤਰ ਦੇਵੇ।

ਮੈਂ ਪੈਸੇ ਨਾਲ ਨਹੀਂ ਖਰੀਦਿਆ ਜਾ ਸਕਦਾ - ਸੰਤ ਜਰਨੈਲ ਸਿੰਘ

ਬਾਹਰ ਪ੍ਰਚਾਰ ਨਿੱਤ ਕੀ ਹੋ ਰਿਹਾ ? ਕਿ ਭਿੰਡਰਾਂਵਾਲਾ ਸਰਕਾਰੀਆ, ਜੀ ਭਿੰਡਰਾਂਵਾਲਾ ਕਾਂਗਰਸ ਨਾਲ ਰਲ ਗਿਆ। ਇਹ ਜੀ ਫਲਾਣੇ ਦੇ ਵਿਰੁੱਧ ਬੋਲਦਾ, ਫਲਾਣੇ ਦੀ ਉਪਜ ਆ। ਮੈਂ ਉਪਜ ਹਾਂ ਤੇ ਇੱਕੋ ਇੱਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਉਪਜ ਹਾਂ, ਉਹਦਾ ਪੁੱਤ ਆ, ਬਾਕੀ ਮਤਾ ਕੋਈ ਖ਼ਿਆਲ ਕਰੇ, ਕੋਈ ਲੀਡਰ, ਵਜ਼ੀਰ ਮੈਨੂੰ ਆਪਣਾ ਬਣਾ ਲਵੇਗਾ। ਹਾਂ ਕਈ ਇਹ ਕਹਿੰਦੇ ਆ ਕਿ ਭਿੰਡਰਾਂਵਾਲਾ ਫਲਾਣੇ ਦੀ ਝੋਲੀ 'ਚ ਪੈ ਗਿਆ। ਭਿੰਡਰਾਂਵਾਲੇ ਨੂੰ ਫਲਾਣੇ ਨੇ ਖਰੀਦ ਲਿਆ। ਇਹ ਗੱਲ ਠੀਕ ਆ, ਮੈਂ ਖਰੀਦਿਆ ਵੀ ਜਾ ਚੁੱਕਾਂ ਤੇ ਮੈਂ ਝੋਲੀ 'ਚ ਵੀ ਪੈ ਚੁੱਕਾਂ। ਮੈਂ ਝੋਲੀ 'ਚ ਪਿਆਂ ਪੰਜਾਂ ਪਿਆਰਿਆਂ ਦੀ 'ਚ, ਜਦੋਂ ਅੰਮ੍ਰਿਤ ਛਕਿਆ। ਝੋਲੀ 'ਚ ਪਿਆਂ ਸੱਚਖੰਡ ਵਾਸੀ ਸੰਤ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ, ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ, ਮਹਿਤੇ ਵਾਲੇ ਤੇ ਗੁਰੂ ਕੀ ਸਾਧ ਸੰਗਤ, ਇਹਦੀ ਝੋਲੀ 'ਚ ਪਿਆਂ ਮੈਂ ਤੇ ਜਿਹੜਾ ਖਰੀਦਿਆ, ਮੈਨੂੰ ਖਰੀਦਿਆ ਜਹਾਜ਼ ਅਗਵਾਹ ਕਰਨ ਵਾਲਿਆਂ ਨੇ। ਮੈਨੂੰ ਖਰੀਦਿਆ ਮੋਟਰ ਸਾਈਕਲ ਵਾਲਿਆਂ ਨੇ। ਮੈਨੂੰ ਖਰੀਦਿਆ ਜਿਹਨਾਂ ਨੇ ਸ਼ਹੀਦਾਂ ਦਾ ਬਦਲਾ ਲਿਆ ਉਹਨਾਂ ਨੇ ਤੇ ਪੈਸੇ ਵਾਲਿਉ ਮਤਾ ਖ਼ਿਆਲ ਕਰੋ, ਕੋਈ ਕੁਰਸੀ ਵਾਲਾ ਤੇ ਲੀਡਰੀ ਵਾਲਾ ਤੇ ਵਜ਼ੀਰੀ ਵਾਲਾ ਮੈਨੂੰ ਖਰੀਦ ਲਵੇਗਾ। ਉਹ ਕੁਰਸੀ ਵਾਲੇ ਕੁਰਸੀ ਵਾਲਿਆਂ ਨੂੰ ਖਰੀਦ ਸਕਦੇ ਆ ਤੇ ਜਿਹੜੀ ਟਕਸਾਲ ਦਾ ਪ੍ਰਣ ਇਹ ਆ ਕਿ ਅਰਦਾਸ ਕਰਕੇ ਸੀਸ ਤਲੀ 'ਤੇ ਰੱਖ ਕੇ ਤੇ ਤਿੰਨ ਮੀਲ ਤੁਰ ਕੇ ਇਥੇ ਪਹੁੰਚ ਕੇ ਆਪਣਾ ਪ੍ਰਣ ਪੂਰਾ ਕਰਕੇ ਤੇ ਇਥੋਂ ਅਬਦਾਲੀ ਵਰਗਿਆਂ ਨੂੰ ਸ਼ਾਲਾਂ ਚਕਾਉਣੀਆਂ। ਇਹ ਟਕਸਾਲ ਜਿੰਦਣ ਖਰੀਦੀ ਗਈ, ਉਦੋਂ ਕੁੱਲ ਦੁਨੀਆ ਖਰੀਦੀ ਜਾਵੇਗੀ ਤੇ ਕਿਹੜੇ ਬਾਗ਼ ਦੀ ਮੂਲੀ ਆ ਰਾਜਨੀਤਕ ਬੰਦੇ, ਚਾਹੇ ਕਿਸੇ ਪਾਰਟੀ ਨਾਲ ਆ ਕੋਈ, ਜਿਹੜੇ ਭਿੰਡਰਾਂਵਾਲੇ ਨੂੰ ਖਰੀਦ ਲੈਣਗੇ ? ਇਹ ਤੇ ਸਿਆਪਾ ਨਿੱਤ ਹੀ ਹੁੰਦਾ, ਭਿੰਡਰਾਂਵਾਲਾ ਸਰਕਾਰੀਆ, ਭਿੰਡਰਾਂਵਾਲਾ ਕਾਂਗਰਸ ਦੀ ਉਪਜ, ਭਿੰਡਰਾਂਵਾਲਾ ਪੰਥ ਦਾ ਗ਼ਦਾਰ ਤੇ ਖੁਸਰੇ ਤੁਸੀਂ ਵੀ ਬਣੇ ਬੈਠੇ, ਗੁੱਸਾ ਮੇਰਾ ਨਾ ਕਰਿਉ। ਪਹਿਲਾਂ ਸੁਣ ਲਉ, ਪਿੱਛੋਂ ਭਾਵੇਂ ਲੜ ਪਿਉ। ਖੁਸਰੇ ਤੁਸੀਂ ਵੀ ਬਣੇ ਉਂ। ਮੇਰਾ ਕੰਮ ਆ ਅੰਮ੍ਰਿਤ ਛਕਾਉਣਾ। ਮੇਰਾ ਕੰਮ ਆ ਕਥਾ ਕਰਨੀ। ਮੇਰਾ ਕੰਮ ਆ ਹਿੰਦੂ ਆਪ ਦੇ ਧਰਮ 'ਚ ਪੱਕਾ ਰਹੇ। ਵਾਸਤਵ ਦੇ ਵਿੱਚ ਜੇ ਵਿਚਾਰ ਕਰੀਏ ਤੇ ਹਿੰਦੂ ਜੰਮਦਾ ਕੋਈ ਨਹੀਂ। ਇਹ ਭਾਵੇਂ ਪੜ੍ਹੇ ਲਿਖੇ ਵੀਰ ਇਸ ਗੱਲ ਨਾਲ ਹੁਣ ਤਾਂ ਸਹਿਮਤ ਨਹੀਂ, ਸਾਰੀ ਸਟੋਰੀ ਸੁਣਕੇ ਇਹਨਾਂ ਨੂੰ ਮੰਨਣਾ ਪੈਣਾ। ਵੱਡੇ ਵੱਡੇ ਮੰਨੇ ਅੱਗੇ। ਆਪਣੀ ਕਲਮ ਨਾਲ ਨਹੀਂ ਇਹ ਮੰਨਦੇ।

ਹਿੰਦੂ ਤੇ ਮੁਸਲਮਾਨ ਦੇ ਲਖਣ ਅਤੇ ਸਿੱਖਾਂ ਦੀ ਵਿਸ਼ੇਸ਼ਤਾ

ਇਹ ਕਿੱਥੋਂ ਦਾ ਸਿਆਪਾ ਪਾ ਦਿੱਤਾ ਲਿਖਤ 'ਚ ? ਅਖੇ ਜੀ ਸਿੱਖ ਹਿੰਦੂਆਂ ਦਾ ਇੱਕ ਅੰਗ ਆ। ਹਿੰਦੂ ਵੱਡੇ ਭਾਈ, ਆਪਾਂ ਛੋਟੇ ਭਾਈ ਆਂ। ਇਹ ਕਿਹਨੇ ਪੜ੍ਹਾਇਆ

ਤੁਹਾਨੂੰ ? ਹਿੰਦੂ ਤਾਂ ਜੰਮਦਾ ਈ ਨਹੀਂ ਤਾਂ ਭਾਈ ਕਿਵੇਂ ਬਣ ਗਿਆ ? ੩੩ ਕਰੋੜ ਦੇਵਤਾ, ੯ ਕਰੋੜ ਦੇਵੀ ਆ, ਸਵਾ ਲੱਖ ਪੈਗੰਬਰ ਆ, ੫੨ ਬੀਰ ਆ, ੮੪ ਸਿੱਧ ਆ, ੬ ਜਤੀ ਆ, ੯ ਨਾਥ ਆ, ੬੪ ਜੋਗਨੀਆਂ ਆ, ੪੫ ਪਦਮ ਜਾਤ ਆ ਤੇ ਸਿੱਖਾਂ ਦੇ ਮੱਤ ਮੁਤਾਬਕ ੧੦ ਗੁਰੂ ਆ। ਕੋਈ ਦੁਨੀਆ ਦਾ ਪੜ੍ਹਿਆ ਲਿਖਿਆ ਫ਼ਿਲਾਸਫਰ ਇਹ ਦੱਸ ਸਕਦਾ, ਕਿਸੇ ਨੇ ਕੇਸ ਦਾਹੜਾ ਕਟਾਇਆ ਹੋਵੇ ? ਇੱਕ ਨੇ ਕੇਸ ਮੁੰਨੇ ਸਿੱਧ ਕਰੋ। ਜੇ ਇਬਰਾਹੀਮ ਵਰਗੇ ਨੇ ਮੁੰਨੇ, ਜਨਾਨੀ ਨੇ ਦੰਡ ਦਿੱਤਾ। ਸਿੱਖ ਦੀ ਨਿਸ਼ਾਨੀ ਆ ਮੁੱਢਲੀ ਕੇਸ ਤੇ ਦਾਹੜਾ। ਹਿੰਦੂ ਦੀ ਨਿਸ਼ਾਨੀ ਕੀ ਆ ? ਹਿੰਦੂ ਵੈਸੇ ਅਰਬੀ ਭਾਸ਼ਾ ਹੈ। ਅਰਬੀ ਦੇ ਵਿੱਚ ਚੋਰ ਨੂੰ ਹਿੰਦੂ ਕਹਿੰਦੇ ਆ। ਇਹਨਾਂ (ਨੇ) ਚੋਰ ਰਹਿਣਾ ਤੇ ਰਹਿਣ। ਜਿਹੋ ਜਿਹੇ ਜੰਮੇ ਆਂ, ਜੇ ਇਹੋ ਜਿਹੇ ਰਹਾਂਗੇ ਤੇ ਸਿੱਖ ਰਹਾਂਗੇ। ਜੇ ਹਿੰਦੂ ਬਣਨਾ ਤੇ ਕੈਂਚੀ ਤੇ ਪੱਛਣਾ ਵਰਤਣਾ ਪਵੇਗਾ। ਕੈਂਚੀ ਤੇ ਪੱਛਣੇ ਨਾਲ ਮੂੰਹ ਸਿਰ ਮੁੰਨ ਕੇ ਹਿੰਦੂ ਬਣਦਾ ਤੇ ਕੈਂਚੀ ਤੇ ਪੱਛਣੇ ਨਾਲ ਲਵਾਂ ਕੱਟ ਕੇ ਸੁਨਤ ਕਰ ਲਈਏ ਤੇ ਮੁਸਲਮਾਨ ਬਣਦਾ ਤੇ ਜੇ ਜਿਹੋ ਜਿਹੇ ਜੰਮੇ ਆਂ ਉਹੋ ਜਿਹੇ ਰਹੀਏ ਤਾਂ ਸਿੱਖ ਆ। ਗਾਤਰੇ ਕ੍ਰਿਪਾਨ ਪਾ ਲਈਏ ਤਾਂ ਸਿੰਘ ਆ। ਸੜਕ 'ਤੇ ਤੁਰੀਏ ਤਾਂ ਸਰਦਾਰ ਆ, ਪਰ ਜੇ ਜਿਹੋ ਜਿਹੇ ਜੰਮੇ ਆਂ ਹਿੰਦੂ ਵੀ ਉਹੋ ਜਿਹੇ ਤੁਰਨ ਤੇ ਉਹਨਾਂ ਨੂੰ ਬਾਬੂ ਜੀ, ਲਾਲਾ ਜੀ, ਛੱਲੀ ਰਾਮ, ਗੁੱਲੀ ਰਾਮ ਕੋਈ ਕਹੇਗਾ ? ਸਾਰੇ 'ਸਰਦਾਰ ਜੀ' ਕਹਿ ਕੇ ਅਵਾਜ਼ ਮਾਰਨਗੇ। ਹੁਣ ਤੁਸੀਂ ਦੱਸੋ, ਹਿੰਦੂਆਂ ਵਿੱਚੋਂ ਸਿੱਖ ਜੰਮੇ ਕਿ ਸਿੱਖਾਂ ਵਿੱਚੋਂ ਹਿੰਦੂ ਜੰਮੇ ? ਕੁਦਰਤ ਦੇ ਅਸੂਲ ਮੁਤਾਬਕ ਇਹਦਾ ਕੋਈ ਜਵਾਬ ਦੇਏ ਪੜ੍ਹਿਆ ਲਿਖਿਆ ? ਤੇ ਪਿੱਟੀ ਸਾਰੇ ਅਖ਼ਬਾਰ, ਰਸਾਲੇ, ਲੀਡਰ, ਇਹੀ ਪਿੱਟੀ ਜਾਂਦੇ ਆ, ਜੀ ਨਹੁੰ ਮਾਸ ਦਾ ਰਿਸ਼ਤਾ ਹਿੰਦੂ ਸਿੱਖ ਦਾ। ਇਹ ਨਾ ਸਾਡਾ ਰਿਸ਼ਤਾ ਟੁੱਟ ਜਾਵੇ, ਇਹ ਪੱਕਾ ਰਹਿਣਾ ਚਾਹੀਦਾ। ਇਹ ਦੱਸੋ ਰਿਸ਼ਤਾ ਹੈ ਕਾਹਦਾ ? ਜੰਮਿਆ ਸਿੱਖ ਆ, ਜਿਹੜਾ ਵਿਗੜਿਆ ਉਹ ਕਹਿੰਦਾ ਮੈਂ ਸਹੀ ਆਂ, ਮੈਂ ਵੱਡਾ। ਜਿਹੜਾ ਸੁਧਰਿਆ, ਸਹੀ ਜੰਮਿਆ, ਉਹ ਕਹਿੰਦੇ ਅਖੇ ਘੱਟ ਆ ਤੇ ਗ਼ਲਤ ਆ ਤੇ ਛੋਟਾ। ਇਹ ਕਿੱਥੋਂ ਦਾ ਇਨਸਾਫ਼ ਆ ਇਹ ?

ਹਿੰਦੂ ਦੇ ਲੱਖਣ

ਜਿਹੜੇ ਹਿੰਦੂ ਕਹਾਉਂਦੇ ਵੀ ਆ, ਉਹਨਾਂ ਨੂੰ ਜਾ ਕੇ ਬਜ਼ਾਰਾਂ 'ਚ ਪੁੱਛਿਉ, ਹਿੰਦੂ ਦਾ ਲੱਖਣ ਕੀ ਆ ? ੧੨ ਤਿਲਕ ਹੋਣੇ ਚਾਹੀਦੇ ਆ ਹਿੰਦੂ ਦੇ, ਮੱਥੇ 'ਤੇ, ਨੱਕ 'ਤੇ, ਠੋਡੀ, ਛਾਤੀ, ਕੱਛਾਂ, ਗੱਲਾਂ, ਕੰਨਾਂ, ਗਿੱਚੀ 'ਤੇ ਤਾਲਵਾ ਆਦਿਕ, ਇਹ ੧੨ ਤਿਲਕ ਲਾਵੇ, ਸਿਰ 'ਤੇ ਬੋਧੀ ਰੱਖੇ, ਚੋਟੀ ਜਿਹਨੂੰ ਕਹਿੰਦੇ ਆ, ਟੋਪੀ ਰੱਖੇ, ੯ ਧਾਗੇ ਦਾ ਜਨੇਊ ਗਲ਼ 'ਚ ਪਾਵੇ, ਸ਼ਿਵ ਲਿੰਗ ਦੀ ਚੂਨਾਮਤ ਲਵੇ। ਇਹਨਾ ਨੂੰ ਪਹਿਲਾਂ ਇਹ ਪੁੱਛਿਆ ਕਰੋ ਭਈ ਸ਼ਿਵ ਲਿੰਗ ਜੰਮਿਆ ਕਿੱਥੋਂ ਆਂ ? ਪਰ ਤੁਹਾਨੂੰ ਇਹ ਦੱਸਣਗੇ ਨਹੀਂ, ਜ਼ੋਰ ਲਾ ਲਿਉ ਤੇ ਜਿਹੜਾ ਆਪਣੇ ਪਿਉ ਬਾਰੇ ਨਹੀਂ ਦਸਦਾ, ਸਹੀ ਕਿਵੇਂ ਹੋਇਆ ? ਜਿਸ ਵੇਲੇ ਸ਼ਿਵ ਜੀ ਭਗਵਾਨ ਨੇ, ਪਾਰਬਤੀ ਦੇ ਨਾਲ ਕਿੜ ਕ੍ਰੀੜਾ ਕੀਤੀ ਕਾਮ ਦੀ, ਉਸ ਵੇਲੇ ਵਿਸ਼ਨੂੰ ਭਗਵਾਨ ਨੇ ਸੁਦਰਸ਼ਨ ਚੱਕਰ ਮਾਰ ਕੇ ੧੨ ਟੋਟੇ ਲਿੰਗ ਦੇ ਕਰ ਦਿੱਤੇ ਸੀ ਤਾਂ ਸ਼ਿਵ ਲਿੰਗ ਨਾਂਅ ਪਿਆ ਉਹਦਾ। ਜੇ ਗ਼ਲਤ ਹੋਵੇ ਤਾਂ ਮੈਂ ਆਪਣਾ ਸਿਰ ਵਢਵਾ ਲਊਂਗਾ। ਉਹ ਕੁਕਰਮ ਤੋਂ ਸ਼ਿਵ ਲਿੰਗ ਬਣਿਆ ਤੇ ਕਹਿੰਦੇ ਅਸੀਂ ਸਹੀ ਆਂ। ਉਹ ਵੀ ਪੂਜਾ ਕਰੇ ਤੇ

ਸ਼ਿਵ ਦੁਆਲੇ ਟੱਲੀਆਂ ਖੜਕਾਵੇ ਤੇ ਤੰਬਾਕੂ ਨਾ ਪੀਵੇ, ਉਸ ਹਿੰਦੂ ਤੋਂ ਸਾਨੂੰ ਕੋਈ ਨਫ਼ਰਤ ਨਹੀਂ। ਸਾਡੀ ਸਟੇਜ 'ਤੇ ਬੋਲੇ, ਬੁਲਾਵਾਂਗੇ। ਆਪਦੇ ਘਰੇ ਸੱਦੇਗਾ ਤੇ ਜਾ ਵੀ ਵੜਾਂਗੇ।

ਮੁਸਲਮਾਨ ਦੇ ਲੱਖਣ

ਮੁਸਲਮਾਨ ਆਂ ਪੱਕਾ ਮੁਸਲਮਾਨ ਬਣੇ, ਮੁਸਲਮਾਨਾਂ ਦੇ ਮੱਤ ਮੁਤਾਬਕ। ਗੁਰਮਤਿ ਦੇ ਮੁਤਾਬਕ ਤਾਂ ਫੇਰ ਮੈਂ ਦੱਸਾਂਗਾ। ਮੁਸਲਮਾਨ ਪੰਜ ਟਾਈਮ 'ਤੇ ਨਮਾਜ਼ਾਂ ਪੜ੍ਹੇ, 'ਲਾ ਇਲਾ ਇਲ ਇਲਾ, ਉਲ ਰਹਿਮਾਨ ਰਹੀਮ, ਲਾ ਇਲਾ ਇਲ ਇਲਾ', ਕਹਿਣ ਜਾਣਦਾ ਹੋਵੇ। 'ਅੱਲ੍ਹਾ ਹੂ ਅਕਬਰ, ਸੁਭਾਨ ਅੱਲ੍ਹਾ' ਕਹਿ ਕੇ ਬਾਂਗਾਂ ਦੇਣੀਆਂ ਆਉਂਦੀਆਂ ਹੋਣ। 'ਮੁਹੰਮਦ ਰਸੂਲ ਲਾ ਇਲਾ ਇਲ ਇਲਾ' ਵੀ ਕਹਿੰਦਾ ਹੋਵੇ। 'ਹਾਜ਼ਮਲ ਸੁਲਾਹ, ਹਾਜਮਲ ਫੋਲਾਹ, ਆਲੇ ਬੰਦਗੀ ਸਿਫਤ ਆਲੇ, ਮਿਰਤੀ ਫਲਾਹ', ਇਹ ਉਹਨੂੰ ਆਉਂਦਾ ਹੋਵੇ ਅਤੇ ਚਾਰ ਵੇਰਾਂ ਇਹ ਪੜ੍ਹੇ। 'ਲਾ ਇਲਾ ਇਲ ਇਲਾ ਮੁਹੰਮਦ ਰਸੂਲ', ਛੇ ਵੇਰਾਂ ਇਹ ਕਹੇ। ਸੁੰਨਤ ਮੁਸਲਮਾਨ ਦੀ ਕੀਤੀ ਹੋਵੇ, ਮੁਹੰਮਦ ਦਾ ਪੂਜਕ ਹੋਵੇ, ਖੁਦਾ ਦਾ ਉਪਾਸ਼ਕ ਹੋਵੇ, ਕੁਰਾਨ ਦਾ ਪਾਠੀ ਹੋਵੇ, ਲਵਾਂ ਕਟਾਈਆਂ ਹੋਣ, ਸੁਨਤ ਕੀਤੀ ਹੋਵੇ ਤੇ ਤੰਬਾਕੂ ਨਾ ਪੀਵੇ, ਉਹ ਮੁਸਲਮਾਨ ਸਾਡਾ ਭਰਾ।

ਸਿੱਖਾਂ ਦੀ ਲੜਾਈ ਕੁਰੀਤੀ ਨਾਲ

ਸਿੱਖ ਪੱਕਾ ਸਿੱਖ ਬਣੇ ਪੱਕਾ। ਜਿਹੜਾ ਸਿੱਖ ਅੰਮ੍ਰਿਤ ਛਕ ਕੇ, ਗਾਤਰੇ ਕ੍ਰਿਪਾਨ ਪਾ ਕੇ ਤੇ ਸ਼ਰਾਬ ਪੀਂਦਾ, ਮੇਰੇ ਵੱਲੋਂ ਐਲਾਨ ਆਂ ਤੁਹਾਨੂੰ, ਮਿੱਟੀ ਦੇ ਤੇਲ ਦਾ ਪੀਪਾ ਪਾ ਕੇ ਜਿਊਂਦੇ ਨੂੰ ਅੱਗ ਲਾ ਕੇ, ਸਾੜ ਕੇ ਮੇਰੇ ਕੋਲ ਆ ਜਾਉ, ਮੈਂ ਆਪੇ ਮੁਕਦਮਾ ਲੜੂੰ। ਹੁਣ ਤੁਸੀਂ ਦੱਸੋ ਭਈ ਮੇਰੀ ਲੜਾਈ ਕੁਰੀਤੀ ਨਾਲ ਆ ਜਾਂ ਜ਼ਾਤੀ ਨਾਲ ਆ ? ਇਹ ਕਿਵੇਂ ਕਹਿੰਦੇ ਆ ਕਿ ਹਿੰਦੂਆਂ ਦਾ ਵੈਰੀ ਬਣ ਗਿਆ ? ਇਹ ਤੁਹਾਡੀ ਕਿੱਥੋਂ ਦੀ ਸ਼ਾਂਤੀ ਆ ? ਇਹ ਲੰਮੀ ਕਿੰਨੀ ਕੁ ਆ ਸ਼ਾਂਤੀ ? ਕੀ ਇਹ ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਰਹਿਤ ਰਖਾਉਣੀ, ਕੇਸਰੀ ਨਿਸ਼ਾਨ ਸਾਹਿਬ ਦੇ ਥੱਲੇ ਇਕੱਠਿਆਂ ਕਰਨਾ, ਪੰਥ ਦੀ ਡਟ ਕੇ ਹਮਾਇਤ ਕਰਨੀ, ਸ੍ਰੀ ਅਕਾਲ ਤਖਤ ਸਾਹਿਬ ਤੇ ਦਰਬਾਰ ਸਾਹਿਬ ਨਾਲ ਜੋੜਨਾ, ਸ੍ਰੀ ਗੁਰੂ ਗਰੰਥ ਸਾਹਿਬ ਦੇ ਲੜ ਲਾਉਣਾ, ਜਿਹਨਾਂ ਨੇ ਧੀਆਂ ਭੈਣਾਂ ਦੀ ਇੱਜ਼ਤ ਲੁੱਟੀ ਆ, ਮਸੂਮਾਂ ਦਾ ਖ਼ੂਨ ਪੀਤਾ ਤੇ ਸ੍ਰੀ ਗੁਰੂ ਗਰੰਥ ਸਾਹਿਬ ਦੇ ਸਰੂਪ ਨੂੰ ਅੱਗਾਂ ਲਾਈਆਂ, ਉਹਨਾਂ ਨੂੰ ਗੱਡੀ ਚੜ੍ਹਾਉਣ ਦੇ ਇੱਛੁਕ ਰਹਿਣਾ ਤੇ ਗੱਡੀ ਚੜ੍ਹਾਉਣ ਵਾਸਤੇ ਪ੍ਰੇਰਨਾ ਕਰਨੀ। ਜੇ ਇਹ ਕੰਮ ਪਾਪੀ ਦਾ, ਜੇ ਇਹ ਕੰਮ ਕਾਂਗਰਸੀਆਂ ਦਾ ਤਾਂ ਮੈਂ ਕੱਟੜ ਪਾਪੀ ਆਂ ਤੇ ਕੱਟੜ ਕਾਂਗਰਸੀ ਆਂ। ਜੇ ਇਹ ਕੰਮ ਜਨ ਸੰਘੀਆਂ ਦਾ ਤੇ ਮੈਂ ਜਨ ਸੰਘੀ ਆਂ। ਜੇ ਇਹ ਕੰਮ ਅਕਾਲੀਆਂ ਦਾ ਤੇ ਮੈਂ ਜੰਮਿਆਂ ਹੀ ਅਕਾਲੀ ਆਂ ਤੇ ਜੇ ਇਹ 'ਕਾਲੀਆਂ ਦਾ ਤੇ ਮੈਂ ਕਾਲੀ ਆਂ। ਕਾਲੀ ਤੇ ਅਕਾਲੀ ਦਾ ਬੜਾ ਭਾਰੀ ਫ਼ਰਕ ਆ। ਅਕਾਲੀ ਉਹ ਜਿਹੜਾ ਅਕਾਲ ਪੁਰਖ ਨੂੰ ਮੰਨਦਾ ਤੇ ਕਾਲੀ ਉਹ ਜਿਹੜਾ ਕਾਲਕਾ ਨੂੰ ਮੰਨਦਾ। ਜਿਹੜਾ ਵੈਸ਼ਨੋ ਦੇਵੀ ਨੂੰ ਮਾਂ ਕਹਿ ਕੇ ਮੱਥਾ ਟੇਕਦਾ, ਸਿੱਖਾਂ ਦੇ ਘਰ ਜੰਮ ਕੇ, ਉਹ ਕਾਲੀ ਆ। ਇਹ ਪ੍ਰਚਾਰ ਆ ਨਿੱਤ ਦਾ ਤੇ ਪ੍ਰਾਪੇਗੰਡਾ ਕੀ ਆ ? ਪ੍ਰਾਪੇਗੰਡਾ ਹੈਗਾ ਵੱਡਿਆਂ ਵੱਡਿਆਂ ਚੌਧਰੀਆਂ ਵੱਲੋਂ, ਜੀ ਭਿੰਡਰਾਂਵਾਲਾ ਸਰਕਾਰ ਦੀ ਬੋਲੀ ਬੋਲਦਾ। ਜੇ ਕਹੋ ਤੇ ਨਾਂਅ ਵੀ ਦੱਸ ਦੇਨਾ।

ਛੋਟੇਪੁਰ, ਜ਼ੀਰਾ, ਸੰਧੂ ਅਤੇ ਜਸਵੰਤ ਸਿੰਘ ਐਡਵੋਕੇਟ ਵੱਲੋਂ ਦੋਸ਼

ਸੁੱਚਾ ਸਿੰਘ ਛੋਟੇਪੁਰ ਗੁਰਦਾਸਪੁਰ ਅਕਾਲੀ ਦਲ ਦਾ ਜਿਲ੍ਹੇ ਦਾ ਪ੍ਰਧਾਨ, ਹਰੀ ਸਿੰਘ ਜੀਰਾ ਫਿਰੋਜਪੁਰ ਜਿਲ੍ਹੇ ਦਾ ਪ੍ਰਧਾਨ ਅਕਾਲੀ ਦਲ ਦਾ, ਤਾਲਬ ਸਿੰਘ ਸੰਧੂ ਲੁਧਿਆਣੇ ਜਿਲ੍ਹੇ ਦਾ ਪ੍ਰਧਾਨ ਅਕਾਲੀ ਦਾਲ ਦਾ ਤੇ ਜਸੰਵਤ ਸਿੰਘ ਐਡਵੋਕੇਟ ਬਠਿੰਡੇ ਤੋਂ। ਕੱਲ ਦੀ ਖ਼ਬਰ ਤੋਂ ਮੈਨੂੰ ਪਤਾ ਲੱਗਾ, ਉਹਨਾਂ ਨੇ ਨਿਖੇਧੀ ਕਰ ਦਿੱਤੀ ਆ, ਦੂਜੇ ਪੱਖ ਤੋਂ ਪਰ ਪਹਿਲਾਂ ਇਹ ਜਿਹੜੀ ਖ਼ਬਰ ਆਈ ਆ, ੬ ਸਤੰਬਰ ਦੀ ਅਜੀਤ ਵਿੱਚ। ਇਹਨਾਂ ਚੋਹਾਂ ਮਨੁੱਖਾਂ ਨੇ ਖ਼ਬਰ ਦਿੱਤੀ ਆ ਕਿ ਭਿੰਡਰਾਂਵਾਲਾ ਤੇ ਜਗਦੇਵ ਸਿੰਘ ਤਲਵੰਡੀ ਕਾਂਗਰਸ ਦੇ ਏਜੰਟ ਤੇ ਪੰਥ ਦੇ ਗ਼ਦਾਰ ਹਨ। ਮੈਂ ਖੁਸਰਾ ਅੱਖਰ ਤੁਹਾਨੂੰ ਤਾਂ ਵਰਤਿਆ ਸੀ, ਇਹਨਾਂ ਲੋਕਾਂ ਨੇ ਗਾਲ਼ਾਂ ਕੱਢੀਆਂ, ਤੁਹਾਡੇ ਕੰਨ੍ਹ 'ਤੇ ਜੂੰ ਸਰਕੀ ਕਿਸੇ ਦੇ ? ਕੰਮ ਮੈਂ ਜਿਹੜਾ ਤੁਹਾਨੂੰ ਦੱਸ ਕੇ ਹੱਟਿਆਂ, ਕੰਮ ਮੇਰਾ ਇਹ ਆ। ਜੇ ਇਹ ਕੰਮ ਹੀ ਪੰਥ ਦੀ ਗ਼ਦਾਰੀ ਆ ਤੇ ਕਾਂਗਰਸ ਦਾ ਏਜੰਟਪੁਣਾ, ਤੁਸੀਂ ਦੱਸੋ ਫਿਰ ਅਕਾਲੀ ਦਲ ਦਾ ਕੀ ਕੰਮ ਆ ? ਮੇਰੇ ਲਾਇਸੈਂਸ ਸਾਰੇ ਰੱਦ ਆ, ਕੈਂਸਲ ਕੀਤੇ ਆ ਗੌਰਮਿੰਟ ਨੇ ਤੇ ਮੈਂ ਸਰਕਾਰੀਆਂ ਤੇ ਕਾਂਗਰਸੀ ਆਂ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਗੁਰਚਰਨ ਦੇ ਲਾਇਸੈਂਸ ਬਣੇ ਆ ਤੇ ਉਹ ਅਕਾਲੀ ਦਲ ਆ। ਮੇਰੇ ਲਾਇਸੈਂਸ ਤੇ ਮੇਰੇ ਨਾਲਦਿਆਂ ਦੇ ਸਾਰੇ ਰੱਦ ਆ ਤੇ ਉਮਰਾਨੰਗਲ ਦਾ ਲਾਇਸੈਂਸ ਬਣਿਆ ਕਾਰਬਾਈਨ ਦਾ। ਆ ਮੋਰਚੇ ਦੀ ਗੱਲ ਕਰ ਰਿਹਾਂ, ਪਿਛਲੀ ਨਹੀਂ, ਮੋਰਚੇ ਦੌਰਾਨ ਉਹ ਅਕਾਲੀ ਦਲ ਆ। ਸੋ ਖ਼ਾਲਸਾ ਜੀ ਇਹਨਾਂ ਗੱਲਾਂ ਤੋਂ ਸੁਚੇਤ ਤੇ ਸਾਵਧਾਨ ਰਹੋ। ਬੋਲਦਿਆਂ ਵੱਧ-ਘੱਟ ਬੋਲਿਆ ਗਿਆ ਹੋਵੇ ਤਾਂ ਸੰਗਤ ਬਖ਼ਸ਼ਣਹਾਰ ਹੈ, ਖਿਮਾ ਬਖ਼ਸ਼ਿਉ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੩੯.

(ਗੁਰੂ ਰਾਮਦਾਸ ਲੰਗਰ, ਅੰਮ੍ਰਿਤਸਰ, ੦੧-੦੪-੧੯੮੪)

ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਪਾਤਿਸ਼ਾਹ ਜੀ ਦੀ ਪਵਿੱਤਰ ਗੋਦ ਵਿੱਚ ਬੈਠੇ ਖ਼ਾਲਸਾ ਜੀ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਹਿੰਦੂ ਅਫ਼ਸਰਾਂ ਦੀਆਂ ਨਿਯੁਕਤੀਆਂ

ਆਪ ਜੀ ਪਵਿੱਤਰ ਸਰੋਵਰ ਦੇ ਇਸ਼ਨਾਨ, ਸਤਿਗੁਰੂ ਸਾਹਿਬਾਨ ਦੇ ਦਰਸ਼ਨ, ਮੱਸਿਆ ਦੇ ਦਿਹਾੜੇ ਤੇ ਪਹੁੰਚ ਕੇ ਇਥੇ ਕਰਕੇ ਵਡਭਾਗੀ ਬਣੇ ਹੋ। ਜੋ ਕੁਟਲ ਨੀਤੀਆਂ ਦੇ ਆਧਾਰ 'ਤੇ ਗੌਰਮੈਂਟ ਚੱਲ ਰਹੀ ਹੈ। ਅਖ਼ਬਾਰਾਂ ਵਿੱਚ ਵੀ ਤੁਸੀਂ ਪੜ੍ਹ ਰਹੇ ਹੋ ਕਿ ਕਿਸ ਤਰੀਕੇ ਦੇ ਨਾਲ ਸਿੱਖ ਕੌਮ ਨੂੰ ਮੁਕਾਉਣ ਵਾਸਤੇ, ਖ਼ਤਮ ਕਰਨ ਵਾਸਤੇ, ਗੌਰਮੈਂਟ ਨੇ ਕੋਝਾ ਰਸਤਾ ਅਖ਼ਤਿਆਰ ਕੀਤਾ ਹੋਇਆ ਹੈ। ਜੋ ਵੀ ਬਿਅੰਤ ਸਬੂਤ ਹਨ, ਹੁਣੇ ਹੁਣੇ ਦੋ ਕੁ ਦਿਨ ਹੋਏ, ਦੋ ਤਿੰਨ ਦਿਨ, ਕੁਝ ਆਫ਼ੀਸਰਾਂ ਦੀਆਂ ਤਬਦੀਲੀਆਂ ਹੋਈਆਂ ਹਨ। ਜਿਹਨਾਂ ਜਿਹਨਾਂ ਵਿੱਚ ਵੱਡੇ ਅਹੁਦਿਆਂ 'ਤੇ ਸਿੱਖ ਅਫ਼ੀਸਰ ਸੀ, ਉਹਨਾਂ ਨੂੰ ਤਬਦੀਲ ਕਰਕੇ ਉਹਨਾਂ ਦੀ ਥਾਂ ਹਿੰਦੂਆਂ ਨੂੰ ਬੈਠਾਇਆ ਗਿਆ। ਖਾਸ਼ ਕਰਕੇ ਇਸ ਪਵਿੱਤਰ ਅੰਮ੍ਰਿਤਸਰ ਸ਼ਹਿਰ ਦੇ ਵਿੱਚ ਵੀ, ਜੋ ਸਿੱਖੀ ਸਰੂਪ ਵਾਲਾ ਐਸ.ਐਸ.ਪੀ. ਉਸ ਨੂੰ ਬਦਲ ਕੇ, ਉਹਦੇ ਥਾਂ ਹਿੰਦੂ ਲਾਇਆ ਗਿਆ। ਗੁਰਦਾਸਪੁਰ ਦੇ ਜਿਲ੍ਹੇ ਵਿੱਚ ਵੀ ਜਿਸ ਨੇ ਮਾਨਾਂਵਾਲੇ ਕਾਂਡ ਵਿੱਚ ਜੀਪ ਦੇ ਉੱਪਰ ਬੰਬ ਸੁੱਟ ਕੇ ਸਿੰਘ ਸ਼ਹੀਦ ਕੀਤਾ ਸੀ ਪਾਂਡੇ, ਉਹਨੂੰ ਹੁਸ਼ਿਆਰਪੁਰ ਤੋਂ ਬਦਲ ਕੇ ਇਥੇ ਗੁਰਦਾਸਪੁਰ ਭੇਜਿਆ ਗਿਆ। ਇਸੇ ਤਰ੍ਹਾਂ ਹੋਰਨਾਂ ਜਿਲ੍ਹਿਆਂ ਵਿੱਚ ਵੀ.....। ਆਪਣੇ ੧੨-੧੩ ਜਿਲ੍ਹੇ ਆ ਪੰਜਾਬ ਦੇ, ਜਿਹਨਾਂ ਦੇ ਵਿੱਚ ਵੱਡੇ ਅਹੁਦੇ 'ਤੇ ਕੇਵਲ ੩ ਸਿੱਖ ਹਨ ਤੇ ੯ ਹਿੰਦੂ ਆ। ਹਾਈ ਕੋਰਟ ਦੇ ਵਿੱਚ ਸਿੱਖ ਟਾਵਾਂ ਟਾਵਾਂ ਤੁਹਾਨੂੰ ਕਿਤੇ ਮਿਲੇਗਾ, ਬਹੁਮਤ ਉਥੇ ਹਿੰਦੂਆਂ ਦਾ। ਬਾਹਰਲੇ ਸੂਬਿਆਂ ਵਿੱਚ ਲੱਭਦਾ ਨਹੀਂ ਸਿੱਖ। ਜੇ ਪੁੱਛਿਆ ਜਾਵੇ, ਕਹਿੰਦੇ ਜੀ ਇਥੇ ਸਿੱਖਾਂ ਦੀ ਘੱਟ ਗਿਣਤੀ ਆ। ਗਿਣਤੀ ਦੇ ਮੁਤਾਬਕ ਚਾਹੀਦਾ ਤੇ ਪੰਜਾਬ ਦੇ ਵਿੱਚ ਸਿੱਖਾਂ ਦੀ ਬਹੁ ਗਿਣਤੀ ਆ ਤੇ ਇਥੇ ੪ ਗੁਣਾਂ ਵੱਧ ਹਿੰਦੂ ਲਾਏ ਆ। ਉਹਦਾ ਇੱਕੋ ਇੱਕ ਕਾਰਨ ਆਂ ਕਿ ਕੋਈ ਸਮਾਂ ਪਵੇ, ਹੁਕਮ ਕਰਨਾ ਪਵੇ ਤੇ ਹਿੰਦੂ ਛੇਤੀ ਦੇ ਨਾਲ ਸਿੱਖਾਂ ਨੂੰ ਕੁਚਲਣ ਵਸਤੇ ਆਪਣਾ ਸਟੈਂਡ ਲੈ ਸਕਣ। ਇਸ ਵਾਸਤੇ ਤਬਦੀਲੀਆਂ ਕੀਤੀਆਂ ਜਾ ਰਹੀਆਂ।

ਸਿੱਖ ਸਟੂਡੈਂਟਸ ਫੈਡਰੇਸ਼ਨ ਉੱਪਰ ਪਾਬੰਦੀ

ਨੌਜੁਆਨ ਜਥੇਬੰਦੀ ਸਿੱਖ ਵਿਦਿਆਰਥੀਆਂ ਦੀ ਜੋ ਫੈਡਰੇਸ਼ਨ ਦੇ ਨਾਂਅ 'ਤੇ ਮਸ਼ਹੂਰ ਸੀ ਤੇ ਹੈ ਤੇ ਰਹੇਗੀ, ਉਸ ਨੂੰ ਕੁਚਲਣ ਵਾਸਤੇ ਪਾਰਲੀਮੈਂਟ ਵਿੱਚ ਬੈਠ ਕਰਕੇ ਫੈਸਲਾ ਕੀਤਾ ਗਿਆ ਕਿ ਇਸ ਜਥੇਬੰਦੀ 'ਤੇ ਪਾਬੰਧੀ ਲਾਈ ਜਾਵੇ, ਕਿਉਂਕਿ ਇਸ ਜਥੇਬੰਦੀ ਦੇ ਨਾਂਅ ਨਾਲ 'ਸਿੱਖ' ਅੱਖਰ ਲੱਗਦਾ। ਫੈਡਰੇਸ਼ਨਾਂ ਹੋਰ ਵੀ ਬਹੁਤ ਹਨ, ਖਾਸ਼ ਕਰਕੇ ਹਿੰਦੂ ਸਮਾਜ ਵਿੱਚ ਬਹੁਤ ਸਾਰੀਆਂ ਜਥੇਬੰਦੀਆਂ, ਜਿਵੇਂ ਕਿ ਆਰ.ਐਸ.ਐਸ. ਜਥੇਬੰਦੀ ਹੈ। ਸ਼ਿਵ ਸੈਨਾ ਇੱਕ ਜਥੇਬੰਦੀ ਦਾ ਨਾਂਅ ਉਹਨਾਂ ਨੇ ਰੱਖਿਆ, ਹਿੰਦੂ ਸੁਰੱਖਿਆ ਸੰਮਤੀ, ਹਿੰਦੂ ਜੈ ਸੰਘ ਸੰਮਤੀ, ਹਿੰਦੂ ਸੰਗਠਨ ਸੰਮਤੀ, ਹਿੰਦੂ ਪੰਜਾਬ ਸੰਮਤੀ, ਇਹ ਨਾਂਅ ਰੱਖੇ ਆ ਹਿੰਦੂਆਂ ਨੇ ਜਥੇਬੰਦੀਆਂ ਦੇ, ਜਿਹੜੀਆਂ ਨਿਤਾ ਪ੍ਰਤੀ ਗਾਲ੍ਹਾਂ ਕੱਢਦੀਆਂ, ਉਹਨਾਂ 'ਤੇ ਕਿਸੇ 'ਤੇ ਕੋਈ ਪਾਬੰਧੀ ਨਹੀਂ। ਜੇ ਸਿੱਖ ਵਿਦਿਆਰਥੀਆਂ ਨੇ ਇਕੱਠਿਆਂ ਹੋ ਕੇ ਨੌਜੁਆਨਾਂ ਨੂੰ ਨਸ਼ਿਆਂ ਵੱਲੋਂ ਮੋੜ ਕੇ, ਵਿਸ਼ਿਆਂ ਵੱਲੋਂ ਮੋੜ ਕੇ, ਖੋਟੇ ਕਰਮਾਂ ਵੱਲੋਂ ਮੋੜ ਕੇ, ਸਿੱਧੇ ਰਸਤੇ ਲਾਉਣ ਦਾ ਯਤਨ ਕੀਤਾ ਤਾਂ ਫਤਵਾ ਦੇ ਦਿੱਤਾ ਜੀ ਇਹ ਭੜਕਾਊ ਪ੍ਰਚਾਰ ਕਰਦੇ ਆ।

ਚੌਧਰੀ ਚਰਨ ਸਿੰਹੁ ਅਤੇ ਵਰਿੰਦਰ ਦੇ ਬਿਆਨ

ਸਿੱਖਾਂ 'ਤੇ ਤਾਂ ਨਿਗ੍ਹਾ ਆ ਗਈ ਕਿ ਭੜਕਾਊ ਪ੍ਰਚਾਰ ਕਰਦੇ ਆ ਪਰ ਜਿਹੜਾ ਚਰਨ ਚੌਧਰੀ ਵਰਗਾ ਅਖ਼ਬਾਰਾਂ ਵਿੱਚ ਬਿਆਨ ਦੇ ਚੁੱਕਾ ਕਿ ਹੁਣ ਸਿੱਖ ਕੁੱਤੇ ਭੌਂਕਦੇ ਆ, ਜਦੋਂ ਮੈਂ ਪ੍ਰਾਈਮ ਮਨਿਸਟਰ ਸੀ ਉਦੋਂ ਕੋਈ ਕੁੱਤਾ ਨਹੀਂ ਭੌਂਕਿਆ। ਸਿੱਖਾਂ ਨੂੰ 'ਕੁੱਤੇ' ਅੱਖਰ ਦੱਸਿਆ ਇਹਨੇ। ਵਰਿੰਦਰ ਜਿਹੜਾ ਸਾਰੇ ਸਿਆਪੇ ਦੀ ਮਾਂ ਆਂ ਅਖ਼ਬਾਰਾਂ ਵਿੱਚੋਂ, ਉਹਨੇ ਆਪਣੇ ਅਖ਼ਬਾਰਾਂ 'ਚ ਥੋੜ੍ਹਾ ਚਿਰ ਹੋਇਆ ਪਿੱਛੇ ਬਿਆਨ ਆਏ ਸੀ ਕਿ ਸਿੱਖਾਂ 'ਚੋਂ ਜਾਂ ਅਥਵਾ ਕਹਿ ਲਈਏ ਅਕਾਲੀਆਂ 'ਚੋਂ ਤਾਂ ਪੰਜਾਬ ਦੇ ਵਿੱਚ ਅਸਾਮ ਬਣਿਆ ਨਹੀਂ, ਅਸੀਂ ਅਸਾਮ ਜ਼ਰੂਰ ਬਣਾਵਾਂਗੇ। ਇਸ ਪ੍ਰਚਾਰ ਨੂੰ ਪਤਾ ਨਹੀਂ ਗੌਰਮੈਂਟ ਨੇ ਠੰਡਾ ਪ੍ਰਚਾਰ ਸਮਝਿਆ ਜਾਂ ਇਸ ਕਰਕੇ ਉਹਨੂੰ ਮੁਆਫ਼ ਕਰ ਦਿੱਤਾ ਕਿਉਂਕਿ ਹਿੰਦੂਆਂ ਦੇ ਘਰੇ ਜੰਮਿਆਂ। ਇਹ ਸਾਰੇ ਅਖ਼ਬਾਰਾਂ 'ਚ ਖ਼ਬਰਾਂ ਆਈਆਂ।

ਧਾਰਾ ੨੫

ਸਿੱਖ ਨੇ ਕੋਈ ਵੀ ਵਸਤੂ ਲੈਣੀ ਆਂ ਤਾਂ ਆਪਣਾ ਖ਼ੂਨ ਦੇਣਾ ਪੈਂਦਾ ਤੇ ਵਸਤੂ ਫਿਰ ਵੀ ਪਤਾ ਨਹੀਂ ਪ੍ਰਾਪਤ ਹੋਵੇ ਕਿ ਨਾ ਹੋਵੇ। ਅੱਜ ਵਾਲੇ ਅਖ਼ਬਾਰ ਵੀ ਪੜ੍ਹ ਲਵੋ, ਉਹਨਾਂ ਅਖ਼ਬਾਰਾਂ ਵਿੱਚ ਖ਼ਬਰਾਂ ਆਈਆਂ, ਬੜੇ ਦਮਗਜੇ ਵੀ ਮਾਰੇ ਗਏ ਆ, ਸਤਿਗੁਰੂ ਅੱਗੇ ਅਰਦਾਸ ਕਰੋ, ਮਹਾਰਾਜ ਪੂਰੀ ਵੀ ਰੱਖੇ, ਵਧਾਵੀਆਂ ਵੀ ਦਿੱਤੀਆਂ ਗਈਆਂ ੨੫ ਧਾਰਾ ਦੇ ਮੰਨਣ ਦੀਆਂ, ਪਰ ਇਹ ਅੱਖਰ ਸੋਧ ਕੇ ਪੜ੍ਹੋ ਫਿਰ ਪਤਾ ਲੱਗੇਗਾ ਵਿੱਚ ਕੀ ਆ ? ਅਖ਼ਬਾਰਾਂ 'ਚ ਲਿਖਿਆ ਕਿ ੨੫ ਧਾਰਾ ਦੀ ਸੋਧ ਕਰਨ ਵਾਸਤੇ ਵਿਚਾਰ ਕੀਤੀ ਜਾਵੇਗੀ। ਅੱਗੇ ਇੱਕ ਐਸਾ ਸਮਾਂ ਆਇਆ ਸੀ ਆਪਣੇ 'ਤੇ, ਸੰਤ ਫ਼ਤਹਿ ਸਿੰਘ ਜੀ ਹੁਰਾਂ ਨੇ ਮਰਨ ਵਰਤ ਰੱਖ ਲਿਆ। ਐਨ ਸਿਰੇ 'ਤੇ ਗੱਲ ਪਹੁੰਚ ਗਈ (ਪਰ) ਆਪਣੇ ਵਿੱਚੋਂ ਕੁਰਸੀਆਂ ਵਾਲੇ ਭਰਾਵਾਂ ਨੇ ਉਥੇ ਗਿਟਮਿਟ ਕਰਕੇ ਸਰਕਾਰ ਦੇ ਨਾਲ,

ਜਹਾਜ 'ਤੇ ਇਧਰ ਨੂੰ ਰਵਾਨਾ ਹੋ ਗਏ ਤੇ ਇਥੇ ਪਹੁੰਚ ਕੇ ਔਹ ਜੋ ਸਾਹਮਣੇ ਇਮਾਰਤ ਆ ਸ੍ਰੀ ਅਕਾਲ ਤਖ਼ਤ ਸਾਹਿਬ ਦੀ। ਸੋ ਇਥੇ ਉਹਦੇ ਖੱਬੇ ਪਾਸੇ ਵੱਲ ਉੱਪਰ ਖੜੋ ਕੇ ਤੇ ਸ੍ਰੀ ਹਰਿਮੰਦਰ ਸਾਹਿਬ ਵੱਲ ਚਿਹਰਾ ਕਰਕੇ ਕਹਿ ਦਿੱਤਾ ਕਿ ਮੈਂ ਤੁਹਾਨੂੰ ਪੂਰਨ ਭਰੋਸਾ ਦਿਵਾਉਨਾ ਕਿ ਇੰਦਰਾ ਆਪਣੀਆਂ ਮੰਗਾਂ ਮੰਨ ਗਈ ਆ ਤੇ ਸਾਰਿਆਂ ਨੇ ਜੈਕਾਰੇ ਛੱਡ ਦਿੱਤੇ, ਜੂਸ ਦੇ ਗਲਾਸ ਭਰੇ ਹੋਏ ਸੀ ਮੂੰਹ ਨੂੰ ਲਾ ਦਿੱਤੇ। ਜਦੋਂ ਥੋੜ੍ਹੇ ਜਿਹੇ ਦਿਨਾਂ ਪਿੱਛੋਂ ਨਕਸ਼ਾ ਉਲੀਕਿਆ ਗਿਆ ਤਾਂ ਗੁਲਾਜ਼ਾਰੀ ਲਾਲ ਨੰਦੇ ਨੇ, ਐਸੇ ਬੇੜੀਆਂ 'ਚ ਵੱਟੇ ਪਾਏ, ਜਿਹੜੇ ਹੁਣ ਤੱਕ ਨਿਕਲ ਨਹੀਂ ਰਹੇ। ਪਿੱਛੋਂ ਸਾਰੇ ਝੁਰਦੇ ਰਹੇ, ਇਹ ਕੀ ਬਣ ਗਿਆ ? ਹੁਣ ਕਹੀ ਤਾਂ ਸਾਰੇ ਜਾਨੇ (ਕਿ) ਸਾਡੀ ੨੫ ਧਾਰਾ ਮੰਨੀ ਗਈ ਆ ਤੇ ਜਿਹੜਾ ਹਫ਼ਤਾ ਸੀਗਾ, ਮਨਾਉਣਾ ਸੀ ਆਜ਼ਾਦ ਪੰਥ ਦੇ ਨਾਂਅ 'ਤੇ ਇਹ ਕਹਿੰਦੇ ਵਾਪਸ ਲੈ ਲਿਆ, ਅਖ਼ਬਾਰਾਂ 'ਚ ਆਇਆ। ਸੱਚ ਦਾ ਤਾਂ ਡਿਕਟੇਟਰ ਨੂੰ ਪਤਾ ਹੋਊ ਪਰ ਅਖ਼ਬਾਰਾਂ ਸਾਰਿਆਂ ਨੇ ਲਿਖ ਦਿੱਤਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਜੋ ਪੰਜਾਬ ਦੇ ਵਿੱਚ ਪੰਥਕ ਆਜ਼ਾਦ ਹਫ਼ਤਾ ਮਨਾਉਣਾ ਸੀ, ਉਹਨੂੰ ਕਹਿੰਦੇ ਵਾਪਸ ਲੈ ਲਿਆ। ਮੋਰਚਾ ਨਹੀਂ ਵਾਪਸ ਲਿਆ, ਕਿਤੇ ਇਹ ਨਾ ਭੁਲੇਖੇ 'ਚ ਰਿਹੋ। ਮੋਰਚਾ ਆਰੰਭ ਹੀ ਹੈ, ਇਹ ਜਿਹੜੇ ਆਜ਼ਾਦੀ ਦੇ ਦਿਨ ੭ ਕੁ ਮਨਾਉਣੇ ਸੀ, ਇਹ ਕਹਿੰਦੇ ਵਾਪਸ ਲੈ ਲਏ। ਉਹ ਪੜ੍ਹ ਕੇ ਅਖ਼ਬਾਰ ਤੋਂ ਲੈ ਕੇ ਆਇਆ, ਅਖੇ ਸੇਠੀ ਨੇ ਅਪੀਲ ਕੀਤੀ ਆ ਕਿ ੨੫ ਧਾਰਾ 'ਤੇ ਅਸੀਂ ਵਿਚਾਰ ਕਰਨ ਨੂੰ ਤਿਆਰ ਆਂ ਤੇ ਤਿਆਰ ਤੇ ਉਹ ਅੱਗੇ ਬਹੁਤ ਚਿਰ ਦੇ ਆ, ਪੇਸ਼ਕਸ਼ ਬੜੇ ਚਿਰ ਦੀ ਹੋਈ ਆ। ਵਿਚਾਰਾਂ ਵੀ ਬਹੁਤ ਚੱਲੀਆਂ, ਮੇਰੇ ਖ਼ਿਆਲ ੧੫-੧੬ ਤਾਂ ਮੀਟਿੰਗਾਂ ਹੋ ਚੁੱਕੀਆਂ ਹੁਣੀਆਂ ਨੇ ਇਹਨਾਂ ਵੀਹਾਂ ਮਹੀਨਿਆਂ 'ਚ ਹੀ ਤੇ ਕਈ ਭਰਾ ਮਿਲੇ ਆ ਕਹਿੰਦੇ ਸੰਤ ਜੀ ਵਧਾਈ ਹੋਵੇ, ਮੈਂ ਕਿਹਾ ਕਾਹਦੀ ? ਕਹਿੰਦੇ ੨੫ ਧਾਰਾ ਮੰਨੀ ਗਈ। ਮੈਂ ਕਿਹਾ ਜਿੱਦੇਂ ਲਿਖ ਕੇ ਇੰਦਰਾ ਦਿਊਗੀ, ਉਦੋਂ ਦੇ ਲਿਉ ਵਧਾਈ ਤੇ ਕੀ ਪਤਾ (ਉਹ) ਕੱਲ ਨੂੰ ਟਾਪੂ ਲਵਾ ਦਵੇ ਸਾਰਿਆਂ ਦਾ ਈ। ਲਿਖ ਕੇ ਕੀ ਦਿੱਤਾ ਉਹਨੇ ਸੇਠੀ ਨੇ ? ਇੰਦਰਾ ਨੇ ਲਿਖ ਕੇ ਦਸਤਖ਼ਤ ਕੀਤੇ ਵੀ ਹੈ ਨੇ ਕਿ ਤੁਹਾਡੀ ੨੫ ਧਾਰਾ ਜਿਹੜੀ ਇਹ ਮੰਗ ਠੀਕ ਆ ?

ਸਿੱਖਾਂ ਨਾਲ ਵਾਅਦੇ ਕਰਕੇ ਮੁਕਰਨਾ

ਉਹਨਾਂ ਲੋਕਾਂ 'ਤੇ ਵਿਸ਼ਵਾਸ਼ ਕਰਨਾ, ਉਹਨਾਂ ਲੋਕਾਂ ਦੇ ਉੱਪਰ ਫਿਰ ਵਿਛ ਜਾਣਾ, ਯਕੀਨ ਕਰਨਾ, ਜਿਹਨਾਂ ਲੋਕਾਂ ਨੇ ਵਿਧਾਨ ਦੇ ਸਮੇਂ ਵਿੱਚ ਜਾਂ ਅਥਵਾ ਕਹਿ ਲਈਏ ਹਿੰਦੁਸਤਾਨ ਦੀ ਆਜ਼ਾਦੀ ਦੇ ਸਮੇਂ 'ਤੇ। ਭਾਵੇਂ ਕਹੀ ਜਾਂਦੇ, ਦੇਸ਼ ਦੀ ਆਜ਼ਾਦੀ....। ਮੈਂ ਤੇ ਨਾ ਕਦੇ ਕਿਹਾ, ਨਾ ਕਹਿਨਾ ਤੇ ਨਾ ਅਜੇ ਕਹਿਣਾ, ਜਦੋਂ (ਆਜ਼ਾਦ) ਹੋਵਾਂਗੇ ਕਹਿ ਲਵਾਂਗੇ। ਹਿੰਦੁਸਤਾਨ ਦੀ ਆਜ਼ਾਦੀ ਦੇ ਸਮੇਂ ਮਹਾਤਮਾ ਗਾਂਧੀ ਨੇ ਆਪ ਬਿਆਨ ਦਿੱਤੇ ਹੋਏ ਆ। ਕੀ ਇਹਨਾਂ ਬਿਆਨਾਂ 'ਤੇ, ਇਹਨਾਂ ਵਾਅਦਿਆਂ 'ਤੇ, ਇਹ ਪੂਰੇ ਉੱਤਰੇ ਆ ? ਆਹ ਪੰਜਾਬ ਦੇ ਹਿੱਸੇ ਵਿੱਚ ਉਹਨਾਂ ਨੇ ਕਿਹਾ ਸੀ, ਇੱਕ ਐਸਾ ਖਿੱਤਾ ਬਣਾਇਆ ਜਾਵੇਗਾ, ਜਿਹਦੇ ਵਿੱਚ ਸਿੱਖ ਵੀ ਆਜ਼ਾਦੀ ਦਾ ਨਿੱਘ ਮਾਣ ਸਕਣਗੇ। ਆਜ਼ਾਦੀ ਮਾਣੀ ਹੀ ਜਾਨੇ ਆਂ ਨਾ ਆਪਾਂ, ਹੁਣ ਪੰਜਾਬ 'ਚ। ਕਿੰਨਾ ਬੇੜਾ ਗਰਕ ਕੀਤਾ ਸਿੱਖਾਂ ਦਾ ? ਕਿੰਨੀ ਬੇ-ਇਜ਼ਤੀ ਕੀਤੀ ਆ ? ਕਿੰਨੇ ਧਾਰਮਿਕ ਅਸਥਾਨਾਂ ਦੀ ਪਵਿੱਤਰਤਾ ਭੰਗ ਕੀਤੀ ਗਈ ਆ ? ਇਹ ਆਜ਼ਾਦੀ ਦਾ ਅਨੰਦ ਆ ? ਉਹਨੇ ਆਪ ਆਪਣੇ ਬਿਆਨਾਂ ਵਿੱਚ ਕਿਹਾ, ਮਹਾਤਮਾ ਗਾਂਧੀ

ਨੇ, ਕਿਸੇ ਸਮੇਂ 'ਚ ਕਿ ਜੇ ਸਿੱਖਾਂ ਨਾਲ ਧੱਕਾ ਹੋਏਗਾ ਤੇ ਸਿੱਖਾਂ ਨੂੰ ਆਪਣਾ ਸਟੈਂਡ ਲੈਣਾ ਚਾਹੀਦਾ ਤੇ ਸਿੱਖ ਜਨਤਾ ਦੀ ਅਵਾਜ਼, ਤੁਹਾਡੇ ਨਾਲ ਹੋਵੇਗੀ.....। ਤੁਹਾਨੂੰ ਕ੍ਰਿਪਾਨ ਦੀ ਮੁੱਠ 'ਤੇ ਹੱਥ ਰੱਖਣਾ ਚਾਹੀਦਾ। ਉਹ ਜਿਹੜੇ ਵਾਅਦੇ ਕੀਤੇ ਸੀ, ਇੱਕ ਵੀ ਪੂਰਾ ਕੀਤਾ, ਇਹਨਾਂ ਲੋਕਾਂ ਨੇ ਤੇ ਦੱਸ ਦਿਉ ? ਪਿੱਛੋਂ ਪੰਜਾਬੀ ਸੂਬੇ ਦੇ ਐਲਾਨ ਹੋਏ ਆ ਤੇ ਇਲਾਕੇ ਅਜੇ ਬਾਹਰ ਆ, ਧੱਕੇ ਖਾ ਰਹੇ ਸਿੱਖ। ਜੇ ਉਹਨਾਂ ਇਲਾਕਿਆਂ ਨੂੰ ਲੈਣ ਦਾ ਕਿਤੇ ਨਾਅ ਲਿਆ ਜਾਂਦਾ ਤੇ ਕਹਿੰਦੇ ਸਿੱਖ ਫਿਰਕਾਪ੍ਰਸਤ ਆ। ਉਹਨਾਂ ਲੋਕਾਂ 'ਤੇ ਅੱਜ ਫਿਰ ਯਕੀਨ ਕਰ ਬੈਠੇ ਆਂ। ਕੋਈ ਲਿਖਤ ਪੜ੍ਹਤ ਹੋਵੇ, ਕੋਈ ਸਾਹਮਣੇ ਬੈਠ ਕੇ ਉਹਨਾਂ ਨਾਲ ਗੱਲਾਂ ਹੋਈਆਂ ਹੋਣ ਤੇ (ਫਿਰ) ਪਤਾ ਵੀ ਲੱਗ ਸਕਦਾ, ਹਾਂ ਠੀਕ ਇਹਨਾਂ ਨੇ ਕਹੀਆਂ।

ਮੰਗਾਂ ਮੰਨਣ ਦਾ ਝੂਠਾ ਪ੍ਰਾਪੇਗੰਡਾ

ਕਈਆਂ ਦਾ ਇਹ ਵੀ ਵਿਚਾਰ ਆ, ਕਿਹਾ ਵੀ ਇੱਕ ਸੱਜਣ ਨੇ ਮੈਨੂੰ। ਉਹਨੇ ਇਹ ਗੱਲ ਵੀ ਕਹੀ ਸੀ ਅਖੇ ਜੀ, ਜੇ ਇੰਦਰਾ ਲਿਖ ਕੇ ਦੇਵੇ ਤੇ ਫਿਰ ਮੁਕਰ ਗਈ (ਤਾਂ) ਫਿਰ ਕੀ ਕਰੋਗੇ ? ਕੋਈ ਪ੍ਰੇਮੀ ਸੀ ਜ਼ਿੰਮੇਵਾਰ ਤੇ ਮੈਂ ਉੱਤਰ ਦਿੱਤਾ ਸੀ (ਕਿ) ਸਾਹਮਣੇ ਬੈਠਾ ਕੇ ਇੱਕ ਵਾਰੀ ਲਿਖਵਾ ਦੇ ਤੇ ਮੁੜਕੇ ਉਹਨੂੰ ਕਹੀਂ ਨਾ ਮੰਗਾਂ ਮੰਨੇ, ਮੈਂ ਮਨਵਾ ਲਊਂ ਆਪੇ। ਲਿਖ ਕੇ ਕਿਵੇਂ ਨਾ ਮੰਨੂ, ਪਰ ਮਨਵਾਉਣ ਵਾਲਾ ਕੋਈ ਚਾਹੀਦਾ ਤਾਂ ਮੰਨੂਗੀ ਤੇ ਹੁਣ ਕਈ ਬਹੁਤ ਖੁਸ਼ ਹੋਏ ਫਿਰਦੇ ਆਂ ਜੀ ਸਾਡੀ ੨੫ ਧਾਰਾ ਮੰਨੀ ਗਈ। ਮੈਂ ਤਾਂ ਆਪ ਇਸ ਗੱਲ ਵਿੱਚ ਖੁਸ਼ ਹਾਂ ਭਈ ਮੰਨੀ ਜਾਵੇ ਤਾਂ ਚੰਗਾ, ਪਰ ਮੇਰਾ ਨਿਸਚਾ, ਅਜੇ ਵੀ ਨਹੀਂ ਮੰਨੀ ਗਈ ਹੋਵੇਗੀ। ਅਜੇ ਇਹੋ ਮੰਗਾਂ ਬਹੁਤ ਆ। ਤੁਸਾਂ ਮੇਰੇ ਖ਼ਿਆਲ 'ਚ ਅੱਜ ਸੁਣਿਆਂ ਵੀ ਹੋਣਾ ਅਖ਼ਬਾਰਾਂ 'ਚ। ਕਹਿੰਦੇ ਸੀ ਕੀਰਤਨ ਕਰਨ ਨੂੰ ਗੌਰਮੈਂਟ ਨੇ ਐਲਾਨ ਕਰ ਦਿੱਤਾ। ਸੁਣਿਆ ਕਦੇ (ਕੀਰਤਨ) ? ਕਹਿੰਦੇ ਸ਼ਹਿਰ ਨੂੰ ਪਵਿੱਤਰ ਦਰਜਾ ਕਰਾਰ ਦੇ ਦਿੱਤਾ ਤੇ ਸੀ.ਆਰ.ਪੀ. ਵਾਲੇ ਤਾਂ ਤੰਮਾਕੂ (ਇਥੇ) ਹੋਟਲ ਕੋਲੇ ਬੈਠੇ ਪੀਈ ਜਾਂਦੇ ਆ, ਪਵਿੱਤਰ ਦਰਜਾ ਮਿਲ ਗਿਆ ? ਕਿੰਨੇ ਚਿਰ ਤੋਂ ਅਖ਼ਬਾਰਾਂ 'ਚ ਆ ਰਿਹਾ ਕਿ ਸਿੱਖਾਂ ਦੀਆਂ ਧਾਰਮਿਕ ਮੰਗਾਂ ਸਾਰੀਆਂ ਹੀ ਮੰਨੀਆਂ ਗਈਆਂ। ਇੱਕ ਵੀ ਮੰਨੀ ਕੋਈ ਸਿੱਧ ਕਰ ਸਕਦਾ ਤੁਹਾਡੇ ਵਿੱਚੋਂ ? ਜੇ ਕੇਵਲ ਅਖ਼ਬਾਰਾਂ ਤੇ ਰੇਡੀਉ ਤੇ ਭਰੋਸਾ ਹੈ ਤੇ ਫਿਰ ਉਹਨਾਂ ਗੱਲਾਂ 'ਤੇ ਭਰੋਸਾ ਕਰ ਲਉ, ਨਾਲੇ ਰੋਈ ਜਾਨੇ, ਨਾਲੇ ਕਹਿਨੇ ਠੀਕ ਆ।

ਸੰਤਾਂ 'ਤੇ ਮੋਰਚੇ ਦਾ ਵਿਰੋਧ ਕਰਨ ਦਾ ਦੋਸ਼

ਬਾਕੀ ਪ੍ਰਾਪੇਗੰਡਾ ਜੋ ਥਾਂ ਥਾਂ 'ਤੇ ਕਰ ਰਹੇ ਆ, ਇਹਦੇ ਤੋਂ ਸਵਾਧਾਨ ਰਹਿਣਾ। ਕੱਲ ਦੀਆਂ ਰਿਪੋਰਟਾਂ ਮੇਰੇ ਕੋਲ ਇੱਕ ਦੋ ਥਾਂਵਾਂ ਦੀਆਂ, ਅਸਲੀਅਤ ਦਾ ਤਾਂ ਦੱਸਣ ਵਾਲੇ ਨੂੰ ਪਤਾ ਹੋਵੇਗਾ। ਜੋ ਉਹਨਾਂ ਨੇ ਦੱਸਿਆ, ਜੇ ਉਹ ਸਹੀ ਹੋਣ ਤੇ ਫਿਰ ਤਾਂ ਤੁਸੀਂ ਆਪ ਹੀ ਅੰਦਾਜ਼ਾ ਲਗਾ ਲਉ, ਖੜ੍ਹੇ ਕਿੱਥੇ ਕਿੱਥੇ ਆਂ ? ਰਿਪੋਰਟਾਂ 'ਚ ਇਹ ਪਤਾ ਲੱਗਾ ਕਿ ਕੁਝ ਸੱਜਣ ਬਾਹਰ ਐਸੇ ਪ੍ਰੇਮੀ ਵਿਚਰ ਰਹੇ, ਮਹਾਰਾਜ ਸੁਮੱਤ ਬਖ਼ਸ਼ੇ ਉਹਨਾਂ ਨੂੰ। ਉਹਨਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਭਿੰਡਰਾਂਵਾਲਾ ਕਾਂਗਰਸ ਦੀ ਬੋਲੀ ਬੋਲਣ ਲੱਗ ਪਿਆ। ਭਿੰਡਰਾਂਵਾਲਾ ਪੰਥਕ ਮੋਰਚੇ ਨੂੰ ਪਿਛਾਂਹ ਖਿੱਚਦਾ। ਹੁਣ ਜਿਹੜੇ ਕਹਿਣ ਵਾਲੇ ਆ, ਉਹਨਾਂ ਬਾਰੇ ਤੁਹਾਡੇ ਕੋਲੇ ਨਾਅ ਲੈ ਦੇਈਏ ਤੇ ਅੱਬਲ

ਤਾਂ (ਤੁਸੀਂ) ਉੱ ਫੜਕਾ ਦਿਆਂਗੇ ਨਹੀਂ ਤੇ ਇੰਨਾ ਤੁਹਾਨੂੰ ਜ਼ਰੂਰ ਪਤਾ ਲੱਗ ਜਾਊ ਕਿ ਉਹਨਾਂ ਦਾ ਪਿਛੋਕੜ ਕੀ ਆ। ਉਹਨਾਂ ਲੋਕਾਂ ਦਾ ਜਿਹੜੇ ਕਹਿਣ ਵਾਲੇ ਆ। ਇਹੋ ਜਿਹੇ ਲੋਕਾਂ ਦਾ ਕਹਿਣ ਦਾ ਇੱਕੋ ਇੱਕ ਪ੍ਰਯੋਜਨ ਆ ਕਿ ਕਿਸੇ ਤਰੀਕੇ ਨਾਲ ਇਹਨਾਂ ਦਾ ਛਿੱਤਰ ਖੜਕਦਾ ਕਿ ਨਹੀਂ ਖੜਕਦਾ, ਆਪਸ ਵਿੱਚ ਦੀ ਸਾਰਿਆਂ ਦਾ, ਜਿਹੜੇ ਇਥੇ ਬੈਠੇ ਆ। ਇਹਨਾਂ ਚੀਜ਼ਾਂ ਤੋਂ ਆਪਾਂ ਸਾਵਧਾਨ ਰਹਿਣਾ। ਜਿਹੜੀ ਗੱਲ ਆ ਕਾਂਗਰਸੀਆਂ ਦੇ ਸੁਆਲ ਦੀ, ਉਹ ਹੁਣ ਤੁਸੀਂ ਸੋਚ ਲਉ, ਤੁਹਾਡੇ ਸਾਹਮਣੇ ਮੈਂ ੨-੪ ਪੁਆਇੰਟ ਰੱਖ ਦਿਆਂਗਾ। ਫੈਸਲਾ ਤੁਸੀਂ ਜਾਣ ਲੱਗੇ ਜਿਹੜਾ ਕਰ ਜਾਉਗੇ ਮੈਂ ਸਵੀਕਾਰ ਕਰ ਲਊਂ। ਲੀਡਰ ਹਮੇਸ਼ਾਂ ਫੈਸਲਾ ਆਪ ਦੇ ਹੱਥ 'ਚ ਰੱਖਦੇ ਆ ਤੇ ਮੈਂ ਫੈਸਲਾ ਤੁਹਾਡੇ ਹੱਥ ਦੇਨਾਂ। ਮੇਰੇ ਵਾਸਤੇ ਤੁਸੀਂ ਗੁਰੂ ਕੀ ਸੰਗਤ ਈ ਲੀਡਰ ਹੋ। ਮੈਂ ਨਾ ਤਾਂ ਤੁਹਾਡਾ ਲੀਡਰ ਆਂ ਤੇ ਨਾ ਹੀ ਤੁਹਾਡਾ ਸੰਤ ਆਂ। ਤੁਹਾਡਾ ਨੌਕਰ ਆਂ, ਚੌਕੀਦਾਰ ਆਂ ਤੁਹਾਡਾ, ਜਿਹੜੇ ਜੋੜੇ ਝੜਾਉਣੇ ਮੇਰੇ ਕੋਲੋ ਝੜਵਾ ਲਿਉ, ਪਰ ਜਿਹੜੇ ਭਰਾਵਾਂ ਨੇ ਇਹ ਕਹਿਣਾ ਸ਼ੁਰੂ ਕੀਤਾ ਕਿ ਇਹ ਕਾਂਗਰਸ ਨਾਲ ਰਲਿਆ, ਉਹਨਾਂ ਭਰਾਵਾਂ ਸੰਬੰਧੀ ਤੁਸੀਂ ਵੀ ਕੁਝ ਵਿਚਾਰ ਕਰ ਲਿਆ ਕਰੋ, ਤੁਹਾਡੇ ਵੀ ਦਿਮਾਗ ਰੱਬ ਨੇ ਦਿੱਤੇ, ਰੋਟੀ ਤੁਸੀਂ ਵੀ ਖਾਂਦੇ ਹੋ।

ਆਹ ਮੋਰਚਾ ਚੱਲਦੇ ਨੂੰ ਸਾਢੇ ਕੁ ਵੀਹ ਮਹੀਨੇ ਹੋ ਗਏ ਆ। ਇਹਨਾਂ ਦਿਨਾਂ ਦੇ ਵਿੱਚ ਜਿੰਨੇ ਜਥੇ ਦੇ ਲਾਇਸੈਂਸ ਬਣੇ ਸੀ, ਉਹ ਸਾਰੇ ਹੀ ਗੌਰਮਿੰਟ ਨੇ ਰੱਦ ਕਰ ਦਿੱਤੇ ਆ। ਮੇਰੇ ਲਾਇਸੈਂਸ ਰੱਦ ਹੋ ਗਏ ਆ ਤੇ ਭਰਾ ਕਹਿੰਦੇ ਕਾਂਗਰਸੀ ਆ ਤੇ ਜਿਹੜੇ ਕਹਿ ਰਹੇ ਆ ਉਹਨਾਂ ਦੇ ਲਾਇਸੈਂਸ ਬਣੇ ਆਂ। ਗੁਰਚਰਨ ਸਿੰਘ ਸਕੱਤਰ ਸ਼੍ਰੋਮਣੀ ਅਕਾਲੀ ਦਲ ਦੇ, ਇਹ ਹੁਣ ਤੁਸੀਂ ਸੋਚ ਲਉ ਭਈ ਖੜ੍ਹੇ ਕਿੱਥੇ ਕਿੱਥੇ ਆਂ ? ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਦੇ ਲਾਇਸੈਂਸ ਬਣਦੇ ਆ, ਉਹ ਅਕਾਲੀ ਆ ਤੇ ਭਿੰਡਰਾਂਵਾਲੇ ਦੇ ਲਾਇਸੈਂਸ ਰੱਦ ਹੁੰਦੇ ਕਾਂਗਰਸ ਦੇ ਰਾਜ ਵਿੱਚ ਤੇ ਭਿੰਡਰਾਂਵਾਲਾ ਕਾਂਗਰਸੀ ਆ। ਭਿੰਡਰਾਂਵਾਲੇ ਦੇ ਲਾਇਸੈਂਸ ਰੱਦ ਹੋ ਗਏ ਤੇ ਉਹ ਕਾਂਗਰਸੀ ਤੇ ਉਮਰਾਨੰਗਲ ਦੀ ਕਾਰਬਾਈਨ ਦਾ ਲਾਇਸੈਂਸ ਬਣ ਗਿਆ ਤੇ ਉਹ ਅਕਾਲੀ। ਬੇਸ਼ਕ ਉਹਨੇ ਜਥਾ ਵੀ ਲਿਜਾਣਾ, ਅੱਜ ਅਖ਼ਬਾਰਾਂ 'ਚ ਆਇਆ।

ਭਿੰਡਰਾਂਵਾਲਾ ਕਿਸੇ ਵੀ ਕਾਮਰੇਡ, ਅਕਾਲੀ, ਕਾਂਗਰਸੀ, ਸੋਸ਼ਲਿਸਟੀਏ, ਕਿਸੇ ਐਮ.ਐਲ.ਏ. ਦੇ ਘਰੇ ਨਾ ਵੜੇ, ਉਹ ਤਾਂ ਵੀ ਕਾਂਗਰਸੀ ਤੇ ਸਾਡੇ ਸਾਰੇ ਦੇ ਸਾਰੇ ਭਰਾ ਈ ਐਮ.ਐਲ.ਏ. ਜਾ ਕੇ ਸ੍ਰੀ ਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਦੇ ਕਾਤਲ, ਰਹਿ ਚੁੱਕੇ ਮੁੱਖ ਮੰਤਰੀ, ਜ਼ਕਰੀਏ ਦੇ ਰੂਪ ਵਿੱਚ ਦਰਬਾਰੇ ਦੇ ਘਰ ਰੋਟੀ ਖਾ ਲੈਣ ਤਾਂ ਵੀ ਅਕਾਲੀ। ਇੱਕ ਅੱਧਾ ਨਹੀਂ ਸਾਰੇ ਈ, ਬਚਿਆ ਭਾਵੇਂ ਕੋਈ ਇੱਕ ਅੱਧਾ ਹੋਵੇ ਤੇ ਉਹ ਵੀ ਜੇ ਕੋਈ ਬਿਮਾਰ ਹੋ ਗਿਆ ਹੋਇਆ ਤੇ, ਤੰਦਰੁਸਤ ਤੇ ਖਾ ਕੇ ਆਇਆ ਹੋਵੇਗਾ ਜ਼ਰੂਰ।

ਦਿੱਲੀ ਤੋਂ ਆ ਕੇ ਕੋਈ ਕਾਂਗਰਸ ਦਾ ਨੁਮਾਇੰਦਾ ਇਥੇ ਰੋਟੀ ਖਾ ਲਏ ਮੇਰੇ ਕੋਲੇ ਤੇ ਜਾਂ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਲਏ ਪ੍ਰੇਰਨਾ ਲੈ ਕੇ, ਉਹ ਭਿੰਡਰਾਂਵਾਲਾ ਨਹੀਂ ਬਣਦਾ ਤੇ ਭਿੰਡਰਾਂਵਾਲਾ ਅੰਮ੍ਰਿਤ ਛਕਾਉਣ ਵਾਲਾ ਕਾਂਗਰਸੀ ਬਣ ਜਾਂਦਾ, ਪਰ ਜੇ ਸਾਡੇ ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਲੀਡਰਾਂ ਵਿੱਚੋਂ ਲੀਡਰ ਆਪਣੀ ਲੜਕੀ ਕਾਂਗਰਸੀਆਂ ਦੇ ਮੁੰਡੇ ਨਾਲ ਵਿਆਹ ਦੇਣ ਤਾਂ ਵੀ ਅਕਾਲੀ ਰਹਿੰਦੇ ਆ। ਆ ਪਰਸੋ ਚੌਥੇ ਵਿਆਹ ਹੋਣਾ ਬਾਦਲ ਦੀ ਲੜਕੀ ਦਾ, ਕੈਰੋਂ ਦੇ ਮੁੰਡੇ ਨਾਲ ਵਿਆਹੁਣੀ ਆਂ ਤੇ ਕੈਰੋਂ ਪਰਿਵਾਰ ਉਹ ਆ, ਜਿਸ ਪਰਿਵਾਰ ਨੇ ਸ਼੍ਰੋਮਣੀ ਅਕਾਲੀ

ਦਲ ਦੇ ਰਹਿ ਚੁੱਕੇ ਪ੍ਰਧਾਨ ਜਥੇਦਾਰ ਮੋਹਨ ਸਿੰਘ ਤੁੜ ਨੂੰ ਬਰਫ਼ 'ਤੇ ਪਾਇਆ ਸੀ ਲੰਮਿਆਂ। ਜਿਸ ਪਰਿਵਾਰ ਨੇ ਸ਼੍ਰੋਮਣੀ ਅਕਾਲੀ ਦਲ ਦੇ ਰਹਿ ਚੁੱਕੇ ਪ੍ਰਧਾਨ ਦੇ ਘਰ ਦੀ ਕੁਰਕੀ ਕੀਤੀ ਹੋਵੇ, ਇੱਟਾਂ ਵੇਚੀਆਂ ਹੋਣ, ਜਾਇਦਾਦ ਕੁਰਕ ਕਰ ਦਿੱਤੀ ਹੋਵੇ, ਛੱਤ ਦੀਆਂ ਕੜੀਆਂ ਵੀ ਉਤਾਰ ਕੇ ਸਾੜ ਦਿੱਤੀਆਂ ਹੋਣ। ਜਿਸ ਪਰਿਵਾਰ ਨੇ ਬਠਿੰਡੇ ਜੇਲ੍ਹ ਵਿੱਚ ਆਹ ਜਿੱਡਾ ਕੁ ਭੁਝੰਗੀ ਰੋਂਦਾ ਚੁੱਕ ਕੇ ਲੈ ਗਿਆ ਇੱਕ ਸਿੰਘ, ਇਦੋਂ ਹੋਰ ਸਾਲ ਵੱਡਾ ਹੋਊ, ਇਹਦੀ ਉਮਰ ਦੇ ਬੱਚੇ, ਕਾਕਾ ਇੰਦਰ ਸਿੰਘ ਵਰਗਿਆਂ ਨੂੰ ਵੱਢ ਕੇ ਜੇਲ੍ਹ ਵਿੱਚ ਸੁੱਟਿਆ ਹੋਵੇ ਤੇ ਜਿਸ ਪਰਿਵਾਰ ਨੇ ਕਿਹਾ ਹੋਵੇ ਕਿ ਪੰਜਾਬੀ ਸੂਬਾ ਨਹੀਂ ਬਣਨ ਦੇਣਾ, ਸਿੱਖ ਬੋਲੀ ਤੇ ਪਾਬੰਦੀ ਲਾਵਾਂਗਾ ਤੇ ਮੁੱਖ ਮੰਤਰੀ ਦੇ ਅਹੁਦੇ 'ਤੇ ਹੁੰਦਿਆਂ ਫੜ ਕੇ ਸਿੱਖਾਂ ਨੂੰ ਅੰਦਰ ਸੁੱਟਾਂਗਾ। ਉਸ ਪਰਿਵਾਰ ਦੇ ਪੋਤਰੇ ਨੂੰ, ਪ੍ਰਤਾਪ ਸਿੰਘ ਕੈਰੋਂ ਦੇ ਪੋਤਰੇ ਨੂੰ। ਬਾਦਲ ਦੀ ਲੜਕੀ ਦਾ ਰਿਸ਼ਤਾ ਹੋਇਆ, ੪ ਤਰੀਕ ਨੂੰ ਵਿਆਹ ਆ। ਉਹ ਮੁੱਖ ਮੰਤਰੀ ਕਾਂਗਰਸੀਆਂ ਦਾ ਸੀ, ਇਹ ਮੁੱਖ ਮੰਤਰੀ ਰਹਿ ਚੁੱਕਿਆ ਅਕਾਲੀਆਂ 'ਚ। ਦੋਵਾਂ ਘਰਾਂ ਦੀ ਰਿਸ਼ਤੇਦਾਰੀ ਪਈ ਆ ਤੇ ਕਾਂਗਰਸੀ ਆ ਭਿੰਡਰਾਂਵਾਲਾ। ਇਹ ਸੋਚ ਲਉ ਆਪ।

ਕੋਈ ਸਿੰਘ ਤੁਹਾਡੇ ਵਿੱਚੋਂ ਦੱਸ ਦਿਉ, ਕਦੀ ਰਾਜੀਵ ਗਾਂਧੀ ਨਾਲ ਜਾਂ ਇੰਦਰਾ ਗਾਂਧੀ ਨਾਲ ਮੇਰੀ ਮੁਲਾਕਾਤ ਕਿਸੇ ਨੇ ਵੇਖੀ ਆ ਤੇ ਕੋਈ ਭਾਈ ਇਹਨਾਂ 'ਚੋਂ ਬਚਿਆ ਦੱਸ ਦਿਉ ਜਿਹੜਾ ਨਹੀਂ ਮਿਲਿਆ ਉਹਨਾਂ ਨੂੰ। ਨਿੱਤ ਮਿਲਣ ਵਾਲੇ ਇੰਦਰਾ ਨੂੰ ਅਕਾਲੀ ਤੇ ਜਿਹਨੂੰ ਇੰਦਰਾ ਜ਼ੋਰ ਲਾ ਹਟੀ ਹੋਵੇ (ਕਿ) ਮੈਨੂੰ ੨ ਮਿੰਟ ਗੱਲ ਕਰਨ ਨੂੰ ਦੇ ਦੇਹ ਤੇ ਉਹਨੂੰ ਮਿੰਟ ਵੀ ਨਾ ਦਿੱਤਾ ਹੋਵੇ ਤੇ ਉਹ ਕਾਂਗਰਸੀ। ਮੈਂ ੧੦ ਦਿਨ ਦਿੱਲੀ ਰਹਿ ਕੇ ਆਇਆਂ ਜਦੋਂ ਮੋਰਚੇ ਤੋਂ ਪਹਿਲਾਂ ਬਾਹਰ ਸੀ। ੧੫ ਸੌ ਨੂੰ ਅੰਮ੍ਰਿਤ ਛਕਾਇਆ ਦਸਾਂ ਦਿਨਾਂ 'ਚ ਤੇ ਟਿਟਕ ਕੇ ਮਰ ਗਈ ਆ ਇੰਦਰਾ ਤੇ ਰਾਜੀਵ ਕਿ ਸਾਡੇ ਨਾਲ ਗੱਲ ਕਰਨ ਨੂੰ ਟਾਈਮ ਦੇ ਦੇਹ। ਉਹ ਟਾਈਮ ਚਾਹੁੰਦੇ ਕਿਵੇਂ ਸੀ ? ਕਹਿੰਦੇ ਸੀ ਕਿਸੇ ਬਾਹਰ ਕੋਠੀ 'ਚ ਆ ਕੇ ਗੱਲ ਕਰ ਲਾ। ਮੈਂ ਉਹਨਾਂ ਨੂੰ ਉੱਤਰ ਦਿੱਤਾ ਸੀ, ਮੇਰੇ ਕੋਲ ਦੋ ਥਾਂ ਕੇਵਲ ਤੁਹਾਡੇ ਨਾਲ ਗੱਲ ਕਰਨ ਨੂੰ, ਹੋਰ ਕੋਈ ਨਹੀਂ। ਇੱਕ ਤਾਂ ਜਿੱਥੇ ਆਸਣ ਆਂ ਉਥੇ ਗੱਲ ਕਰ ਸਕਦੇ ਆਂ ਤੇ ਜਾਂ ਗੁਰਦੁਆਰਾ ਸਾਹਿਬ ਵਿੱਚ ਗੱਲ ਹੋ ਸਕਦੀ ਆ, ਬਾਕੀ ਕਿਸੇ ਕੋਠੀ ਵਿੱਚ ਨਹੀਂ। ਕੋਠੀਆਂ 'ਚ ਗੱਲਾਂ ਕਰਨੀਆਂ ਤਾਂ ਕੋਠੀਆਂ 'ਚ ਗੱਲਾਂ ਕਰਨ ਵਾਲੇ ਬਹੁਤ ਪ੍ਰੇਮੀ ਨੇ ਉਥੇ, ਉਹਨਾਂ ਨਾਲ ਗੱਲਾਂ ਕਰ ਲਿਉ। ਇੱਕ ਸਕਿੰਟ ਟਾਈਮ ਨਹੀਂ ਦਿੱਤਾ ਤੇ ਤਾਂ ਵੀ ਕਹਿੰਦੇ ਕਾਂਗਰਸੀ ਆਂ ਤੇ ਇਹ ਨਿੱਤ ਗੱਲਾਂ ਕਰਦੇ ਤੇ ਤਾਂ ਵੀ ਕਹਿੰਦੇ ਅਕਾਲੀ ਆਂ, ਇਹ ਸੋਚ ਲਵੋ।

ਸ਼ਾਂਤਮਈ ਅਤੇ ਸਿੱਖ ਇਤਿਹਾਸ

ਇੱਕ ਆਹ ਜਿਹੜੀ ਸ਼ਾਂਤਮਈ ਆ, ਇਹਦੀ ਲੰਬਾਈ ਦਾ ਨਹੀਂ ਪਤਾ ਲੱਗਾ ਕਿ ਕਿੰਨੇ ਫੁੱਟ ਲੰਬੀ ਆ ਇਹੈ ? ਇੱਕ ਬਜ਼ੁਰਗ ਸੀਗਾ, ਅੱਜ ਤੇ ਹੈਨੀ ਉਹ ਕੱਲ ਇਥੇ ਸੀ, ਚਲਿਆ ਗਿਆ, ਹਰਿਆਣੇ 'ਚੋਂ ਆਇਆ ਸੀ। ਤੁੜ ਦਾ ਯਾਰ ਸੀ ਉਹ। ਉਹਨੇ ਇੱਕ ਦਿਨ ਥੋੜਾ ਜਿਹਾ ਬਿਲਾਸ ਵਿੱਚ ਬਚਨ ਕਿਹਾ ਸੀ, ਕਹਿਣ ਲੱਗਾ ਸੰਤ ਜੀ, ਜਿਹਦੇ ਕੁੜੀ ਜੰਮ ਪਵੇ ਨਾ ਕੁੜੀ ਤੇ ੨੦-੨੨ ਸਾਲਾਂ ਦੀ ਹੋ ਜਾਵੇ, ਪਰਿਵਾਰ ਨੂੰ ਨੀਂਦ ਨਹੀਂ ਆਉਂਦੀ, ਸਾਡੀ ਲੜਕੀ ਵਿਆਹੁਣ ਵਾਲੀ ਆ ਤੇ ਸ਼ਾਂਤੀ ੪੦ ਸਾਲਾਂ ਦੀ ਹੋ ਗਈ ਆ, ਇਹਨੂੰ ਕੋਈ ਵੀ ਸਿੱਖ ਨਹੀਂ ਵਿਆਉਂਦਾ, ਸ਼ਰਮ

ਲੱਥ ਗਈ ਸਾਰਿਆਂ ਦੀ। ਗੱਲ ਉਹਦੀ ਭਾਵੇਂ ਹਾਸਰਸ ਵਾਲੀ ਸੀ ਪਰ ਸੀ ਬੜੀ ਵਜਨ ਵਾਲੀ। ਬਾਕੀ ਗੁਰ ਇਤਿਹਾਸ ਤੇ ਸਿੱਖ ਇਤਿਹਾਸ ਵਿੱਚ, ਦੋ ਪੀੜੀਆਂ ਲਗਾਤਾਰ ਸ਼ਾਂਤਮਈ ਕਿਤੇ ਨਹੀਂ ਗੀ। ਗਾਂਧੀ ਦੇ ਇਤਿਹਾਸ ਵਿੱਚ ਤੇ ਸ਼੍ਰੋਮਣੀ ਅਕਾਲੀ ਦਲ ਦੇ ਇਤਿਹਾਸ ਵਿੱਚ, ੧੪ ਪੀੜੀਆਂ ਹੈਗੀ ਆ, ਪਰ ਇਹ ਤੁਸੀਂ ਸੋਚ ਲਉ ਭਈ ਕਿਹੜਾ ਇਤਿਹਾਸ ਮੰਨਣਾ ? ਗੁਰ ਇਤਿਹਾਸ ਮੰਨਣਾ ਕਿ ਗਾਂਧੀਵਾਦ ਦਾ ਇਤਿਹਾਸ ਮੰਨਣਾ ? ਪ੍ਰਾਪੇਗੰਡਾ ਕੀਤਾ ਜਾਂਦਾ ਏ ਭਿੰਡਰਾਂਵਾਲੇ ਨੂੰ ਦੀਵਾਨ ਹਾਲ ਮੰਜੀ ਸਾਹਿਬ ਵਿਖੇ ਬੋਲਣ ਨਹੀਂ ਦਿੱਤਾ ਜਾਵੇਗਾ, ਪਰ ਤੁਸੀਂ ਇਥੇ ਆ ਗਏ, ਮੈਂ ਤੁਹਾਨੂੰ ਸੁਣਾ ਦਿਆਂ। ਉਥੇ ਜਾਂਦਾ ਤੁਸੀਂ ਉਥੇ ਜਾ ਵੜਨਾ ਸੀ, ਮੈਂ ਤਾਂ ਸੰਗਤ ਵਿੱਚ ਹੀ ਪ੍ਰਚਾਰ ਕਰਨਾ, ਇੱਟਾਂ ਨੂੰ ਤੇ ਮੈਂ ਸੁਣਾਉਣਾ ਨਹੀਂ, ਬੰਦੇ ਨੂੰ ਸੁਣਾਉਣਾ ਪਰ ਇਹਦੇ ਵਿੱਚ ਇੰਨਾ ਕੁ ਵਿਚਾਰ ਲਉ ਕਿ ਥਾਂ ਕਿਹੜੇ ਕਿਹੜੇ ਤੇ ਖੜ੍ਹੇ ਆਂ ? ਸ਼ਹੀਦਾਂ ਦੀ ਇੱਕੋ ਇੱਕ ਵਾਹਦ ਜਥੇਬੰਦੀ, ਇਹ ਪ੍ਰਚਾਰ ਕੀਤਾ ਜਾਂਦਾ, ਪਰ ਜੇ ਇਹਨੂੰ ਥੋੜਾ ਜਿਹਾ ਹੋਰ ਘੋਖ ਲਈਏ ਤੇ ਵਿੱਚੋਂ ਕੱਖ ਵੀ ਨਹੀਂ ਨਿਕਲਣਾ। ਇਹ ਕਹਿੰਦੇ ਹਨ ਕਿ (ਅਕਾਲੀ ਦਲ) ਸ਼ਹੀਦਾਂ ਦੀ ਵਾਹਦ ਜਥੇਬੰਦੀ ਆ, ਪਰ ਕੋਈ ਉੱਤਰ ਦੇ ਸਕਦਾ ਕਿ ੧੪ ਪ੍ਰਧਾਨਾਂ ਵਿੱਚੋਂ ਇੱਕ ਵੀ ਸ਼ਹੀਦ ਹੋਇਆ ਪੰਥ ਦੇ ਨਾਂਅ 'ਤੇ ? ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਚੌਦਵੇਂ ਥਾਂ 'ਤੇ (ਆ) ਅਕਾਲੀ ਦਲ ਵਿੱਚ ਪ੍ਰਧਾਨਗੀ 'ਤੇ। ੧੪ ਪ੍ਰਧਾਨਾਂ ਵਿੱਚੋਂ ਇੱਕ ਵੀ ਸ਼ਹੀਦ ਹੋਇਆ ਤੇ ਕੋਈ ਦੱਸੋ ? ਕਿਸੇ ਦਾ ਸ਼ਹੀਦਾਂ ਨਾਲ ਲਿੰਕ ਜੁੜਦਾ ਤੇ ਤਾਂ ਦੱਸੋ ? ਜਿਹਨੂੰ ਕਾਂਗਰਸੀ ਕਹਿ ਰਹੇ ਆ ਭਿੰਡਰਾਂਵਾਲੇ ਨੂੰ, ਉਹਨਾਂ ਦਾ ਮੁੱਢ ਹੀ ਸ਼ਹੀਦੀ ਆ। ਸਾਡਾ ਪਹਿਲਾ ਜਥੇਦਾਰ ਬਾਬਾ ਦੀਪ ਸਿੰਘ ਜੀ ਆ, ਉਹਨਾਂ ਦੇ ਚੌਦਵੇਂ ਥਾਂ 'ਤੇ ਮੈਂ ਆਂ ਤੇ ਜਿਹਨਾਂ ਦਾ ਮੁੱਢ, ਜਿਹਨਾਂ ਦੀਆਂ ਜੜ੍ਹਾਂ ਹੀ ਸ਼ਹੀਦੀ ਆ, ਉਹਨਾਂ ਨੂੰ ਤੇ ਕਹੀ ਜਾਂਦੇ ਕਾਂਗਰਸੀ ਆ ਤੇ ਜਿਹਨਾਂ ਦੇ ੧੪ ਵਿੱਚੋਂ ਇੱਕ ਵੀ ਸ਼ਹੀਦ ਨਹੀਂ ਹੋਇਆ, ਉਹ ਕਹਿੰਦੇ ਅਸੀਂ ਸ਼ਹੀਦਾਂ ਦੀ ਜਥੇਬੰਦੀ ਆਂ।

ਅਕਾਲੀ ਦਲ ਦੇ ਪ੍ਰਧਾਨਾਂ ਦਾ ਕੁਰਬਾਨੀ ਤੋਂ ਸੱਖਣਾ ਇਤਿਹਾਸ

ਇੱਕ ਬਜ਼ੁਰਗ ਸੀ, ਉਹਨੇ ਇੱਕ ਗੱਲ ਪੁੱਛੀ ਸੀ, ਮੈਨੂੰ ਤੇ ਉਹਦਾ ਕੋਈ ਜਵਾਬ ਆਇਆ ਨਹੀਂ ਤੇ ਤੁਸੀਂ ਦੇ ਦਿਉ ਜੇ ਕੋਈ ਦੇ ਸਕਦੇ ਹੋ, ਜਿਹੜੇ ਬੈਠੇ ਖੜ੍ਹੇ ਆਂ ? ਉਹਨੇ ਪੁੱਛਿਆ ਸੀ, ਕਹਿਣ ਲੱਗਾ ਜਰਨੈਲ ਸਿੰਹਾਂ, ਬਜ਼ਰੁਗ ਸੀ ਬਹੁਤ ਵੱਡਾ, ਬਾਬਾ ਖੜਕ ਸਿੰਘ ਵੇਲੇ ਦਾ ਸੀ ਉਹ। ਪਹਿਲਾਂ ਪਹਿਲਾਂ ਮਿਲਿਆ ਸੀ, ਜਦੋਂ ਮੋਰਚਾ ਲੱਗਾ ਸੀ, ਪਿੱਛੋਂ ਤਾਂ ਉਹਦੇ ਦਰਸ਼ਨ ਹੀ ਨਹੀਂ ਹੋਏ। ਉਹ ਕਹਿਣ ਲੱਗਾ, ਇਹਨਾਂ ਭਾਈਆਂ ਨੂੰ ਇਹ ਪੁੱਛੋ ਕਿ ੧੪ ਪ੍ਰਧਾਨਾਂ 'ਚੋਂ ਕਿਸੇ ਦੀ ਘਰ ਵਾਲੀ ਸ਼ਹੀਦ ਹੋਈ ਆ ? ਕਿਸੇ ਦਾ ਮੁੰਡਾ-ਕੁੜੀ ਕੋਈ ਸ਼ਹੀਦ ਹੋਇਆ ? ਕਿਸੇ ਦਾ ਰਿਸ਼ਤੇਦਾਰ ਕੋਈ ਸ਼ਹੀਦ ਹੋਇਆ ? ਇਹਨਾਂ ੧੪ ਵਿੱਚੋਂ ਕਿਸੇ ਇੱਕ ਦਾ ਦੱਸ ਦਿਉ ਤੇ ਸਜ਼ਾ ਜੋ ਦਿਉਗੇ ਉਹ ਭੁਗਤ ਲਊਂ ? ਮੈਂ ਕਿਹਾ ਬਾਬਾ ਜੀ ਮੈਨੂੰ ਤੇ ਇਸ ਗੱਲ ਦਾ ਪਤਾ ਨਹੀਂ, ਤੁਸੀਂ ਨਵਾਂ ਫਾਰਮੂਲਾ ਦੱਸਿਆ। ਉਹਨੇ ਫਿਰ ਦੱਸਿਆ, ਕਹਿਣ ਲੱਗਾ ਕਿ ਮੈਂ ਬਾਬਾ ਖੜਕ ਸਿੰਘ ਦੇ ਵੇਲੇ ਦਾਂ, ਜਿਹੜਾ ਪਹਿਲਾ ਜਥੇਦਾਰ ਪ੍ਰਧਾਨ ਸੀ। ਇਹ ਕੀ ਕਾਰਨ ਆਂ ੧੪ ਵਿੱਚੋਂ ਨਾ ਕੋਈ ਸ਼ਹੀਦ ਆ, ਨਾ ਰਿਸ਼ਤੇਦਾਰ, ਨਾ ਪੁੱਤਰ, ਨਾ ਘਰ ਵਾਲੀ, ਨਾ ਧੀ ਕੋਈ, ਨਾ ਕੋਈ ਮਿੱਤਰ, ਇਹ ਰਹੇ ਕਿੱਥੇ ਸਾਰੇ ? ਗੁਰਮਤਿ ਦਾ ਇਤਿਹਾਸ ਦੱਸਦੇ ਨਹੀਂ, ਬਾਹਰ ਜਾ ਕੇ ਪ੍ਰਾਪੇਗੰਡਾ ਬਿਜਲੀਆਂ ਦਾ, ਕੁਰਸੀਆਂ ਦਾ, ਭਾਵਾਂ ਦਾ, ਪਾਣੀ ਦਾ, ਸਰੋਂ, ਤੇਲ, ਸਾਬਣ ਦਾ, ਇਸ ਪਾਸੇ ਜ਼ੋਰ ਰਹਿੰਦਾ। ਸਿੱਖੀ ਸਰੂਪ,

ਦਾਹੜੇ, ਕੇਸਾਂ, ਕ੍ਰਿਪਾਨਾਂ ਵੱਲ, ਹਥਿਆਰਾਂ ਵੱਲ, ਕਿਸੇ ਦੀ ਨਿਗ੍ਹਾ ਨਹੀਂ ਗਈ। ਇਹ ਭਾਅ ਤੁਹਾਨੂੰ ੨੦੦ ਦੇ ਥਾਂ ਢਾਈ ਸੌ ਵੀ ਦੇ ਦੇਣ ਤੇ (ਕੇਸ) ਮੁੰਨ ਕੇ ਸਾਰਿਆਂ ਦੇ ਘਰ ਨੂੰ ਘੱਲ ਦੇਣ, ਉਹ ੫੦ ਰੁਪਏ ਚੰਗੇ ਰਹਿਣਗੇ ਕਿ ੨ ਰੁਪਏ ਭਾਅ ਦੇ ਘੱਟ ਮਿਲ ਜਾਣਗੇ ਤੇ ਆਪਣੇ ਘਰ 'ਚ ਬੈਠੇ ਹੋਵੋਗੇ ? ਸਾਬਤ ਸਿੱਖੀ ਸਰੂਪ ਗੁਰੂ ਦੇ ਸਨਮੁਖ ਹੋਵੋਗੇ, ਉਹਦਾ ਲਾਭ ਹੋਊ ਕਿ ਮੂੰਹ ਸਿਰ ਮਨਾ ਕੇ ਤੇ ਹਿੰਦੂਆਂ ਦੇ ਪੁੱਤ ਬਣ ਕੇ ਫਿਰ ਲਾਭ ਹੋਊਗਾ ੫੦ ਰੁਪਿਆਂ ਦਾ ?

ਪੰਜਵੇਂ ਪਾਤਿਸ਼ਾਹ ਜੀ ਨੇ ਸ਼ਾਂਤਮਈ ਸ਼ਹੀਦੀ ਦਿੱਤੀ ਆ, ਸਾਰੇ ਇਸ ਸਿੱਖ ਇਤਿਹਾਸ ਨੂੰ ਜਾਣਦੇ। ਕੁਰਬਾਨੀ ਮਹਾਰਾਜ ਨੇ ਕੀਤੀ ਆ, ਛੇਵੇਂ ਪਾਤਿਸ਼ਾਹ ਨੇ ਬਦਲਾ ਲਿਆ, ਦੂਜੀ ਪੀੜੀ ਆ।

ਨੌਵੇਂ ਪਾਤਿਸ਼ਾਹ ਨੇ ਸ਼ਾਂਤਮਈ ਸ਼ਹੀਦੀ ਦਿੱਤੀ ਆ, ਦਸਵੇਂ ਪਾਤਿਸ਼ਾਹ ਨੇ ਬਦਲਾ ਲਿਆ, ਇਹ ਤਾਂ ਗੁਰ ਇਤਿਹਾਸ ਆ। ਅੱਗੇ ਸਿੱਖ ਇਤਿਹਾਸ ਚੱਲ ਪੈਂਦਾ।

ਛੋਟੇ ਸਾਹਿਬਜ਼ਾਦਿਆਂ ਨੇ ਸ਼ਾਂਤਮਈ ਸ਼ਹੀਦੀ ਦਿੱਤੀ ਤੇ ਬੰਦਾ ਸਿੰਘ ਬਹਾਦਰ ਨੇ ਹਜ਼ੂਰ ਸਾਹਿਬ ਤੋਂ ਆ ਕੇ, ਵਜੀਦੇ ਦੀ ਛਾਤੀ 'ਤੇ ਘੋੜਾ ਚੜ੍ਹਾਇਆ ਤੇ ਜਾਨੀ ਖਾਂ ਤੇ ਮਾਨੀ ਖਾਂ ਮੁਰਿੰਡੇ ਵਾਲੇ ਥਾਨੇਦਾਰਾਂ ਨੂੰ ਕੱਢ ਕੇ ਅੰਦਰੋਂ, ਮਿੱਟੀ ਦਾ ਤੇਲ ਪਾ ਕੇ ਸਾੜਿਆ ਸੀ ਤੇ ਬਦਲਾ ਲਿਆ।

ਸ਼ਾਂਤਮਈ ਛੇਵੇਂ ਪਾਤਿਸ਼ਾਹ ਨੇ ਜਦੋਂ ਤਕ ਰੱਖੀ, ਗਵਾਲੀਅਰ ਦੇ ਕਿਲ੍ਹੇ 'ਚ ਰਹਿਣਾ ਪਿਆ ਤੇ ਜਦੋਂ ਬਾਬਾ ਬੁੱਢਾ ਜੀ ਤੋਂ ਆਗਿਆ ਲੈ ਕੇ, ਭਾਈ ਜੇਠਾ ਤੇ ਭਾਈ ਪੁਰਾਣਾ ਜਹਾਂਗੀਰ ਦੀ ਛਾਤੀ 'ਤੇ ਚੜ੍ਹ ਗਏ ਤੇ ਉਸੇ ਵੇਲੇ ਛੱਡਣਾ ਪਿਆ। ਕਹਿਣ ਲੱਗੇ ਛੇਤੀ ਜਾਉ ਕਿਲੇ 'ਚੋਂ। ਤੁਸੀਂ ਇਹ ਦੱਸੋ ਭਈ ਸ਼ਾਂਤਮਈ ਚੁੱਪ ਕਰਕੇ ਰਹੀ ਆ ਕਿ ਸ਼ਾਂਤਮਈ ਹਥਿਆਰ ਨਾਲ ਕਾਇਮ ਰਹੀ ਆ। ਮੈਂ ਸ਼ਾਂਤਮਈ ਦਾ ਹਾਮੀ ਨਹੀਂ ਹਾਂ, ਸ਼ਾਂਤਮਈ ਦੀ ਰੱਖਿਆ ਕਰਨ ਦਾ ਹਾਮੀ ਹਾਂ। ਸੁੱਕੀ ਜਿਹੀ ਸ਼ਾਂਤਮਈ ਚੁੱਕੀ ਫਿਰਨੀ, ਛਿੱਤਰ ਖਾਈ ਜਾਣੇ, ਕਿੱਥੇ ਦੀ ਸ਼ਾਂਤਮਈ ਆ ਇਹੈ।

ਬਾਬਾ ਮਨੀ ਸਿੰਘ ਜੀ ਦਾ ਬੰਦ ਬੰਦ ਕੱਟਿਆ ਗਿਆ, ਕੁਝ ਨਹੀਂ ਕਿਹਾ ਜਲਾਦ ਨੂੰ ਪਰ ਜਲਾਦ ਨੇ ਤਰਸ ਨਹੀਂ ਕੀਤਾ, ਇੱਕ ਟੋਕਾ ਮਾਰ ਲੈ, ਦੋ ਮਾਰ ਲੈ, ਬਸ ਕਰੇ, ਬਾਂਹ ਵੱਢ ਦਿੱਤੀ ਆ। ਫਿਰ ਵੀ ਬਸ ਕਰ ਦੇਹ, ਪਰ ਸਿੰਘ ਬੋਲਦਾ ਈ ਨਹੀਂ ਅੱਗੋਂ, ਉੱਤੋਂ ਸਿਰ ਵੱਢ ਕੇ, ਲੱਤਾਂ, ਢਿੱਡ, ਬਾਹਾਂ ਵੱਢ ਕੇ, ਪੰਡ ਬੰਨ ਕੇ ਟੋਕਰੇ 'ਚ ਰੱਖ ਦਿੱਤਾ, ਬੜਾ ਖੁਸ਼ ਹੋਏਗਾ ਜਲਾਦ ਕਿ ਮੈਂ ਸਿੱਖ ਮਾਰ ਲਿਆ, ਪਰ ਜਦੋਂ ਉਹਦੇ ਭਤੀਜਿਆਂ ਨੂੰ ਪਤਾ ਲੱਗਾ, ਉਹਨਾਂ ਚੁੱਕਿਆ ਖੰਡਾ ਤੇ ਜਲਾਦ ਦਾ ਸਿਰ ਵੱਢ ਲਿਆਂਦਾ। ਉਹਨੂੰ ਝਟਕਾ ਸੁੱਟਿਆ, ਬਸ ਸ਼ਾਂਤਮਈ ਹੋ ਗਈ।

ਭਾਈ ਸਤੀ ਰੂਪ ਜੀ, ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ, ਇਹਨਾਂ ਸ਼ਾਂਤਮਈ ਸ਼ਹੀਦੀ ਦਿੱਤੀ ਤੇ ਨੌਰੰਗਾ ਬਾਜ਼ ਨਹੀਂ ਆਇਆ। ਰਾਤ ਨੂੰ ਨੌਰੰਗੇ ਦੀ ਛਾਤੀ 'ਤੇ ਚੜ੍ਹ ਗਏ, ਉਦੋਂ ਪਿੱਛੋਂ ਦਿੱਲੀ 'ਚ ਸੌਂ ਨਹੀਂ ਸਕਿਆ ਇੱਕ ਰਾਤ ਵੀ, ਸ਼ਾਂਤਮਈ ਹੋ ਗਈ ਦਿੱਲੀ 'ਚ।

ਜਿਸ ਅਸਥਾਨ 'ਤੇ ਤੁਸੀਂ ਅੱਜ ਦਰਸ਼ਨਾਂ ਨੂੰ ਆਏ ਹੋ, ਪਵਿੱਤਰ ਸਰੋਵਰ ਦੇ ਇਸ਼ਨਾਨ ਕੀਤੇ, ਦਰਬਾਰ ਸਾਹਿਬ ਦੇ ਦਰਸ਼ਨ ਕੀਤੇ ਆ। ਮਨ 'ਚ ਕੁਝ ਟਿਕਾਅ ਆਇਆ ਹੋਵੇਗਾ। ਇਸ ਅਸਥਾਨ ਦੀ ਪਵਿੱਤਰਤਾ ਨੂੰ ਭੰਗ ਕਰਨ ਵਾਸਤੇ ਮੱਸੇ ਨੇ ਯਤਨ ਕੀਤਾ, ਮੱਸੇ ਰੰਗੜ ਨੇ। ਹੁੱਕਾ ਇਥੇ ਪੀਤਾ, ਵੇਸ਼ਵਾ ਨਚਾਈ ਤੇ ਜਦੋਂ ਗੁਰੂ ਕੇ ਸਿੱਖਾਂ ਨੂੰ ਬੀਕਾ ਨਗਰ ਪਤਾ ਲੱਗਾ, ਉਥੋਂ ਅਰਦਾਸਾ ਸੋਧ ਕੇ ਤੁਰ ਪਏ। ਨੰਬਰਦਾਰ ਬਣ ਕੇ ਇਥੇ ਆਣ ਕੇ ਮਾਮਲਾ ਤਾਰ ਗਏ। ਸਿਰ

ਵੱਢ ਕੇ ਮੱਸੇ ਦਾ, ਲਿਜਾ ਕੇ ਖਿੱਦੋ-ਖੂੰਡੀ ਖੇਡੇ, ਪਿੱਛੋਂ ਸ਼ਾਂਤਮਈ ਇਥੇ ਹੋਈ ਸੀ। ਰਾਖੀ ਕੀਤੀ ਸ਼ਾਂਤਮਈ ਦੀ।

ਉਦੋਂ ਪਿੱਛੋਂ ਅਮਰੀਕ ਸਿੰਘ ਫੜਿਆ ਗਿਆ ਤੇ ਆਪਾਂ ਮੋਰਚਾ ਲਾ ਦਿੱਤਾ ਜਿਹੜਾ ਅਜੇ ਚਲ ਰਿਹਾ, ਪਤਾ ਨਹੀਂ ਕਿੰਨਾ ਕੁ ਚਿਰ ਚੱਲੂ ਤੇ ਪੁਲੀਸ ਵਾਲਿਆਂ ਨੇ ਮਾਰ ਮਾਰ ਕੇ ਗੋਲੀਆਂ, (ਸਿੰਘ) ਭੁੰਨਣੇ ਸ਼ੁਰੂ ਕਰ ਦਿੱਤੇ। ਜਿੱਥੇ ਫੜ ਲੈਣੇ, ਮਾੜੀ ਜਿਹੀ ਸ਼ੱਕ ਹੋ ਜਾਵੇ, ਗੋਲੀਆਂ ਲੰਘਾ ਦਿੰਦੇ ਸੀ, ਭਈ ਪੁਲੀਸ ਮੁਕਾਬਲਾ ਹੋਇਆ। ਮੁਕਾਬਲਾ ਕਿਹੋ ਜਿਹਾ ? ਅਖੇ ਜੀ ਭਗੌੜੇ ਨੇ ਵੀ ਗੋਲੀਆਂ ਚਲਾਈਆਂ ਤੇ ਅੱਗੋਂ ਪੁਲੀਸ ਨੇ (ਵੀ) ਤੇ ਭਗੌੜੇ ਦੀ ਗੋਲੀ (ਪੁਲੀਸ ਨੂੰ) ਕੋਈ ਨਹੀਂ ਲੱਗੀ, ਪੁਲੀਸ ਦੀ ਗੋਲੀ ਨਾਲ ਅੱਤਵਾਦੀ ਹਲਾਕ ਹੋ ਗਿਆ ਤੇ ਗੋਲੀਆਂ ਗਈਆਂ ਕਿਧਰ, ਜਿਹੜੀਆਂ ਚਲਾਈਆਂ ਸੀ ਉਹਨੇ ?

ਮੁਕਾਬਲਾ ਖ਼ਾਲਸਾ ਜੀ ਕੇਵਲ ਦਹੇੜੂ ਹੋਇਆ। ਵੀਹਾਂ ਮਹੀਨਿਆਂ 'ਚ ਹੋਰ ਕਿਤੇ ਨਹੀਂ ਹੋਇਆ ਪੁਲਸ ਨਾਲ ਮੁਕਾਬਲਾ ਤੇ ਦਹੇੜੂ ੩੨ ਜਾਣੇ ਫੜਨ ਵਾਲੇ ਸੀ, ਜਿਹਨਾਂ ਨੂੰ ਫੜਨ ਗਏ ਸੀ, ਉਹ ੨ ਸੀ। ਦੋਵੇਂ ਨਿਕਲ ਗਏ, ਦੋਹਾਂ ਨੂੰ ਗੱਡੀ ਚੜ੍ਹਾ ਗਏ, ਇੱਕ ਇੰਸਪੈਕਟਰ ਨੂੰ ਤੇ ਇੱਕ ਸਿਪਾਹੀ ਨੂੰ। ਨਾਲੇ ਰਾਈਫਲ ਲੈ ਗਏ ਖੋਹ ਕੇ। ਬਾਕੀ ਗਹੀਰਿਆਂ 'ਚ ਵੜ ਕੇ, ਮੰਜਿਆਂ ਥੱਲੇ ਲੁਕ ਕੇ, ਤੂੜੀ ਦੇ ਕੁੱਪਾਂ 'ਚ ਲੁੱਕ ਕੇ, ਬਚੇ ਸੀ ਪੁਲਸ ਵਾਲੇ। ਦੋ ਘੰਟਿਆਂ ਪਿੱਛੋਂ ਪਿੰਡ ਵਾਲਿਆਂ ਨੇ ਜਾ ਕੇ ਤੂੜੀ ਦੇ ਕੁੱਪ ਵਿੱਚੋਂ ਤੇ ਮੰਜਿਆਂ ਥੱਲਿਉਂ ਕੱਢੇ ਸੀ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਜੈਕਾਰੇ ਵਾਲੇ ਪਾਸੇ ਨਹੀਂ ਪੈਣਾ, ਜੈਕਾਰੇ ਛੱਡਣ ਜੋਗੇ ਆਪਾਂ ਹੈ ਨਹੀਂ ਅਜੇ। ਮੈਂ ਇਸੇ ਪਾਸੇ ਆਉਣ ਲੱਗਾ, ਤੁਹਾਥੋਂ ਜੈਕਾਰੇ ਵੀ ਬੁਲਾ ਲਵਾਂਗਾ ਮੈਂ। ਆਪਾਂ ਜਿੰਨੇ ਬੈਠੇ ਹਾਂ, ਖੁਸਰੇ ਆਂ, ਭਾਵੇਂ ਮੇਰਾ ਗੁੱਸਾ ਈ ਕਰ ਲਉ ਤੁਸੀਂ ਕਿ ਸਾਧ ਕੀ ਬੋਲਦਾ ਬੋਲੀ ਅੱਜ। ਜਿਹਨੇ ਬੈਠੇ ਖੜ੍ਹੇ ਆਂ, ਆਪਾਂ ਇਥੇ ਇਕੱਠੇ ਹੋਏ ਆਂ ਅੱਜ, ਆਪਾਂ ਖਸੁਰੇ ਆਂ, ਮਰਦ ਕੋਈ ਨਹੀਂ ਆਪਣੇ 'ਚ ਅਜੇ। ਜੈਕਾਰਾ ਛੱਡ ਦੇਣ ਨਾਲ ਤੇ ਕੋਈ ਜ਼ੋਰ ਨਹੀਂ ਲੱਗਣਾ ਹੈਗਾ। ਇੱਕ ਨੇ ਛੱਡਿਆ, ਦੂਜੇ ਨੇ ਮਗਰੋਂ, ਵਾਹਵਾ ਜਿਹੀ ਰੌਣਕ ਬਣ ਗਈ। ਇਹਦੇ ਨਾਲ ਮੈਂ ਤਾਂ ਪਤੀਜਣਾ ਨਹੀਂਗਾ। ਇਸ ਜੈਕਾਰੇ ਦਾ ਲਾਭ ਕੀ ? ਇਹ ਤਾਂ ਤੁਹਾਨੂੰ ਇੱਕ ਥਾਂ ਦਾ ਸੀਨ ਦੱਸਿਆ ਕਿ ਜਿੱਥੇ ਸਚਾਈ ਦੇ ਨਾਲ ਮੁਕਾਬਲਾ ਹੋਇਆ, ਉਥੇ ਆਹ ਹਾਲਤ ਹੋਈ ਆ। ਜਿੱਥੇ ਪਖੰਡ ਦਾ ਮੁਕਾਬਲਾ ਹੋਇਆ, ਫੜ ਕੇ ਮਾਰਿਆ ਗਿਆ, ਉਥੇ ਝਰੀਟ ਨਹੀਂ ਆਈ ਪੁਲਸ ਵਾਲੇ ਦੇ ਕਿਸੇ ਦੇ ਤੇ ਜਦੋਂ ਪੁਲੀਸ ਵਾਲੇ ਨੂੰ ਜਵਾਬ ਮਿਲਣਾ ਸ਼ੁਰੂ ਹੋ ਗਿਆ ਅੱਗੋਂ। (ਬੀਬੀਆਂ ਨੂੰ ਸੰਬੋਧਨ ਹੋ ਕੇ- ਬੀਬੀਉ ਇਧਰ ਬੈਠੋ, ਐਧਰ ਬਹਿ ਜਾਉ ਬੀਬੀਆਂ 'ਚ) ਤੇ ਉਸ ਵੇਲੇ ਕਿਸੇ ਮਾਈ ਦੇ ਲਾਲ ਨੂੰ ਕੌੜਾ ਅੱਕ ਚੱਬਣਾ ਪਿਆ ਤੇ ਪੁਲੀਸ ਵਾਲੇ ਨੂੰ ਜਵਾਬ ਦੇਣਾ ਸ਼ੁਰੂ ਹੋ ਗਿਆ। ਹੁਣ ਪੰਜਾਬ ਦੇ ਵਿੱਚ ਪੁਲੀਸ ਹੈਗੀ ਆ, ਦੱਸੋ ਕਦੇ ਕਿਸੇ ਪੁਲੀਸ ਵਾਲੇ ਨੇ ਝੂਠਾ ਮੁਕਾਬਲਾ ਬਣਾ ਕੇ, ਕੋਈ ਸਿੱਖ ਮਾਰਿਆ ਤੇ ਦੱਸੋ ? ਹੁਣ ਵੀ ਗੋਲੀਆਂ ਕੋਲ ਆ ਉਹਨਾਂ ਦੇ, ਬੰਦੂਕਾਂ ਕੋਲ ਆ, ਤੋਪਾਂ ਵੀ ਕੋਲ ਆ, ਸਿਰ 'ਤੇ ਵੀ ਉਹਨਾਂ ਦੇ ਬੈਠੇ ਆ ਅਜੇ, ਪਰ ਹੱਥ ਕੋਈ ਨਹੀਂ ਲਾਉਂਦਾ।

ਪਿੱਛੋਂ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਭਿੰਡਰਾਂਵਾਲਾ ਕਾਂਗਰਸੀ ਆ ਤੇ ਮੈਂ ਤੁਹਾਨੂੰ ਦੱਸ ਚੁੱਕਿਆਂ। ਮੈਂ ਚੁੱਪ ਹੋ ਗਿਆਂ। ੪ ਮਹੀਨੇ ਤੋਂ ਕਿਸੇ ਅਖ਼ਬਾਰ ਵਿੱਚ ਪੜ੍ਹਿਆ ਕਿ ਮੋਟਰ ਸਾਈਕਲ

ਚੱਲਦੇ ਆ। ਮੋਟਰ ਸਾਈਕਲ ਵੀ ਬੰਦ ਆ ਤੇ ਕੰਮ ਵੀ ਬੰਦ ਆ ਤੇ ੧੪ ਤਰੀਕ ਤੋਂ ਲੈ ਕੇ ੨੦ ਤਰੀਕ ਤੱਕ ਕੀ ਵਾਪਰਿਆ ਆਪਣੇ ਨਾਲ ਭਲਾ ?

ਮਾਡਲ ਤੋੜਿਆ ਰੇਲਵੇ ਸਟੇਸ਼ਨ 'ਤੇ ਦਰਬਾਰ ਸਾਹਿਬ ਦਾ। ੮੦ ਕੁ ਹਜ਼ਾਰ ਰੁਪਏ ਦਾ ਬਣਿਆ ਸੀ ਉਹ। ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਫੋਟੋ ਵੱਢੀ ਗਈ ਤੇ ਚਿਹਰੇ 'ਤੇ ਛਿੱਤਰ ਮਾਰੇ ਗਏ ਤੇ ਸਾਡੀ ਸ਼ਾਂਤਮਈ।

ਹਰਿਆਣੇ ਦੇ ਵਿੱਚ ੨੪ ਸਰੂਪ ਸ੍ਰੀ ਗੁਰੂ ਗਰੰਥ ਸਾਹਿਬ ਦੇ ਸਾੜ ਦਿੱਤੇ ਅੱਗ ਲਾ ਕੇ। ੬ ਗੁਰਦੁਆਰੇ ਸਾੜ ਦਿੱਤੇ। ੧੨ ਟਰੱਕ ਤੇ ੨ ਕਾਰਾਂ ਸਿੱਖਾਂ ਦੀਆਂ ਸਾੜ ਦਿੱਤੀਆਂ।

੧੨੫ ਸਿੰਘਾਂ ਦੇ ਮੂੰਹ ਸਿਰ ਮੁੰਨ ਕੇ ਇਥੇ ਭੇਜ ਦਿੱਤੇ। ਸੈਂਕੜੇ ਦੁਕਾਨਾਂ ਸਾੜੀਆਂ। ੩ ਸਿੱਖ ਲੜਕੀਆਂ ਅਲਫ਼ ਨੰਗੀਆਂ ਕਰਕੇ, ਸੜਕ 'ਤੇ ੨ ਘੰਟੇ ਖੜ੍ਹੀਆਂ ਰੱਖੀਆਂ। ੭ ਦਿਨ ਇਹ ਕੰਮ ਹੁੰਦਾ ਰਿਹਾ। ਆਪਣਾ ਫਾਰਮੂਲਾ ਕੀ ਸੀ ? ਪੁਰਜ਼ੋਰ ਸ਼ਬਦਾਂ 'ਚ ਨਿਖੇਧੀ ਕਰਦੇ ਆਂ, ਸਿੱਟੇ ਗੰਭੀਰ ਨਿਕਲਣਗੇ, ਸਰਕਾਰ ਜ਼ਿੰਮੇਵਾਰ ਹੋਵੇਗੀ ਤੇ ਚੌਥਾ ਪੁਇੰਟ ਸੀ, ਇਹ ਕੰਮ ਸਰਕਾਰ ਦੇ ਏਜੰਟਾਂ ਦਾ। ਸਿੱਖ ਇਤਿਹਾਸ ਇਹਨਾਂ ਨੂੰ ਮੁਆਫ਼ ਨਹੀਂ ਕਰੇਗਾ। ਏਦੋਂ ਵੱਧ ਕੁਝ ਨਹੀਂ.....।

(ਸੰਗਤ ਵਿਚੋਂ ਕੋਈ ਜੈਕਾਰਾ ਛੱਡਣ ਲੱਗਦਾ....ਬੋਲੇ ਸੋ...)

ਇਹ ਕਿਹੜਾ ਸੋ ਨਿਹਾਲ ਵਾਲਾ ਤੇ ਆਪਣੇ ਇਹੋ ਬਿਆਨ ਆਉਂਦੇ ਰਹੇ ਤੇ ਜੋ ਇਥੇ ਪਤਾ ਲੱਗਾ ਕਿ ਸਿੱਖ ਲੜਕੀਆਂ ਦੀ ਬੇ-ਇਜ਼ਤੀ ਕੀਤੀ ਆ। ਲੜਕੀਆਂ ਰੋ ਰਹੀਆਂ ਸੜਕ 'ਤੇ, ਕੋਈ ਛੁਡਾਉਂਦਾ ਨਹੀਂ ਉਹਨਾਂ ਨੂੰ। ਜਿਹਨਾਂ ਦੀਆਂ ੩੦-੩੦ ਹਜ਼ਾਰ ਛਡਾਈਆਂ ਸੀ, ਉਹਨਾਂ ਨੇ ਅੱਜ ਛੁਡਾਉਣ ਵਾਲੇ ਲੋਕਾਂ (ਸਿੱਖਾਂ) ਦੀਆਂ ਭੈਣਾਂ ਨੰਗੀਆਂ ਕੀਤੀਆਂ। ਨਹੀਂ ਰਿਹਾ ਗਿਆ ਸਿੱਖਾਂ ਤੋਂ। ਉੱਠ ਕੇ ਛੱਲੀ ਰਾਮ ਹੁਰਾਂ ਦੀਆਂ ਢੇਰੀਆਂ ਲਾ ਦਿੱਤੀਆਂ ੨੦ ਦੀ ਰਾਤ ਨੂੰ। ਅੱਜ ਮੇਰੇ ਖ਼ਿਆਲ 'ਚ ਪਹਿਲੀ ਤਰੀਕ ਹੋਣੀ ਆ ਜਾਂ ਇਕੱਤੀ ਹੋਏਗੀ, ਇਥੇ ਕੁ ਹੁਣੀ ਆਂ, ਅੱਜ ਪਹਿਲੀ ਕਹਿੰਦੇ ਆ। ਸਵਾ ਮਹੀਨੇ ਤੋਂ ਉੱਪਰ ਹੋ ਗਿਆ, ਚਾਲੀਆਂ ਦਿਨਾਂ ਤੋਂ, ਪਰ ਕਿਸੇ ਅਖ਼ਬਾਰ 'ਚ ਖ਼ਬਰ ਪੜ੍ਹੀ ਕਿ ਹਰਿਆਣੇ ਵਿੱਚ ਕਿਸੇ ਸਿੱਖ ਦੀ ਦੁਕਾਨ ਸਾੜੀ ਜਾਂ ਕੋਈ ਸਿੱਖ ਮਾਰਿਆ। ਹੁਣ ਵੀ ਤਾਂ ਭਜਨ ਲਾਲ ਉਹੋ ਹੀ ਆ।

ਅਖ਼ਬਾਰਾਂ ਵਾਲਿਆਂ ਨੇ ਪੁੱਛਿਆ ਸੀ, ਕਹਿੰਦੇ ਸੀ ਕਿ, ਹਰਿਆਣੇ ਬਾਰੇ ਕੋਈ ਗੱਲ ਦੱਸੋ ? ਮੈਂ ਕਿਹਾ ਉਹਨਾਂ ਨੂੰ, ਇੱਕ ਉੱਤਰ ਦਿੱਤਾ, ਤੁਹਾਨੂੰ ਪਤਾ ਨਹੀਂ ਫਿੱਟ ਬੈਠੂ ਕਿ ਨਾ। ਦਾਸ ਨੇ ਤੇ ਇਹੋ ਉੱਤਰ ਦਿੱਤਾ ਸੀ ਕਿ ਜਿਹਨਾਂ ਸਾਡੇ ਇਸਟ ਨੂੰ ਅੱਗ ਲਾਈ ਆ, ਗੁਰਦੁਆਰਾ ਸਾਹਿਬਾਨ ਸਾੜਿਆ। ਸਾਡੀਆਂ ਭੈਣਾਂ ਦੀ ਇੱਜ਼ਤ ਲੁੱਟੀ ਆ। ਜਦੋਂ ਤੱਕ ਉਹਨਾਂ ਸਾਰਿਆਂ ਨੂੰ ਗੱਡੀ ਨਹੀਂ ਚੜ੍ਹਾਉਂਦੇ, ਤਦੋਂ ਤਕ ਹਿਰਦਾ ਸ਼ਾਂਤ ਨਹੀਂ ਹੋਵੇਗਾ ਤੇ ਮੁੱਢ ਭਜਨ ਲਾਲ ਆ ਤੇ ਭਜਨ ਲਾਲ ਨੂੰ ਸੁਨੇਹਾ ਵੀ ਭੇਜ ਦਿੱਤਾ ਕਿ ਬੱਚੂ ਭਾਵੇਂ ਸਮੁੰਦਰ 'ਚ ਘਰ ਪਾ ਲਈਂ, ਜਾ ਕੇ ਤੈਨੂੰ ਮਿਲਾਂਗੇ ਜ਼ਰੂਰ, ਸਮਾਂ ਤੇ ਭਾਵੇਂ ਵੱਧ-ਘੱਟ ਲੱਗ ਜਾਏ। ਉਹਨੂੰ ਮਿਲਣ ਦਾ ਕਰਾਰ ਆ, ਹੱਥੀਂ ਜਿੱਦੇਂ ਸੂਤ ਲੱਗ ਗਿਆ। ਉਹਦੀ ਬਾਬਤ ਜੋ ਵੀ ਹਰਜਾਨਾ ਮੈਨੂੰ ਚਕਾਉਣਾ ਪਵੇਗਾ, ਉਹ ਚੁਕਾਉਂਗਾ।

ਇਹ ਰੁਚੀ ਹੋਰ ਪਾਸੇ ਜਾ ਰਹੀ ਆ ਸਾਰਿਆਂ ਦੀ। ਪ੍ਰਾਪੇਗੰਡਾ ਸੁਣ ਸੁਣ ਕੇ ਤੇ ਸ਼ਿਕਾਰ ਹੋਈ ਜਾਨੇਂ ਆਂ, ਉਹਨਾਂ ਦਾ। ਆ ਜਿੰਨੀਆਂ ਮੈਂ ਸੰਮਤੀਆਂ ਦੇ ਤੁਹਾਨੂੰ ਪਹਿਲਾਂ ਨਾਅ ਦੱਸੇ, ਹਿੰਦੂ ਸੰਮਤੀਆਂ ਦੇ। ੫੦੦ ਬੰਦੂਕ ਧਰਿੰਦਰ ਬ੍ਰਹਮਚਾਰੀ ਕੋਲੋਂ ਫੜੀ ਗਈ ਆ। ੨੩੦ ਗਰਨੇਡ ਪਵਨ

ਕੁਮਾਰ ਕੋਲੋਂ ਫੜੇ ਗਏ ਆ। ਇੱਕ ਹਜ਼ਾਰ ਟਨ ਚਰਬੀ, ਆਹ ਬਠਿੰਡੇ ਤੋਂ ਸੰਗਤ ਆਈ ਆ, ਉਹਨੂੰ ਵੀ ਪਤਾ, ਤੁਹਾਨੂੰ ਵੀ (ਪਤਾ) ਅਖ਼ਬਾਰਾਂ ਵਾਲਿਓ, ਪੜ੍ਹਨ ਵਾਲਿਆਂ ਨੂੰ (ਵੀ) ਪਤਾ ਹੋਊ। ਇੱਕ ਹਜ਼ਾਰ ਟਨ ਚਰਬੀ ਬਠਿੰਡੇ ਹਿੰਦੂਆਂ ਦੇ ਘਰੋਂ ਫੜੀ ਗਈ। ਤੰਬਾਕੂ ਸੁੱਟਦਾ ਆਹ ਪਰਿਕਰਮਾ ਦੇ ਵਿੱਚ ਹਿੰਦੂ ਫੜਿਆ ਗਿਆ। ਸਾਰੇ ਰਿਹਾਅ ਕਰ ਦਿੱਤੇ।

ਇੰਦਰਾ ਗਾਂਧੀ ਕਹਿੰਦੀ ਪੰਜਾਬ ਦੇ ਸਿੱਖ ਸੋਚ ਲਵੋ, ਬਾਹਰ ਦੇ ਸਿੱਖਾਂ ਦਾ ਕੀ ਬਣੇਗਾ? ਧਮਕੀ ਦਿੱਤੀ ਆ ਇਹਨੇ। ਭੱਟਾਚਾਰੀਆ ਕਹਿੰਦਾ ਨਛੱਤਰ ਸਿੰਘ ਨੂੰ ਫਾਂਸੀ ਲੱਗਣੀ ਚਾਹੀਦੀ ਆ, ਲਾਲੇ ਵਾਲੇ ਕੇਸ ਨੂੰ। ਉਹਦੇ 'ਤੇ ਕੋਈ ਮੁਕਦਮਾ ਨਹੀਂ ਦਰਜ ਹੋਇਆ। ਕੇਵਲ ਕ੍ਰਿਸ਼ਨ, ਰਹਿ ਚੁੱਕਿਆ (ਸਾਬਕਾ) ਵਿੱਤ ਮੰਤਰੀ ਪੰਜਾਬ ਦਾ। ਉਹ ਕਹਿੰਦਾ ਕਿ ਸਮੂਹ ਸਿੱਖ ਸੰਸਥਾਵਾਂ ਖ਼ਤਮ ਕਰ ਦਿੱਤੀਆ ਜਾਣਗੀਆਂ। ਹਰਬੰਸ ਲਾਲ ਖੰਨਾ ਇਥੇ ਰਹਿੰਦਾ, ਤੁਸੀਂ ਤੇ ਭਾਵੇਂ ਵੇਖਿਆ ਹੋਵੇ, ਮੇਰੇ ਤੇ ਮੱਥੇ ਲੱਗਾ ਨਹੀਂ ਕਦੀ ਉਹ। ਉਹ ਕਹਿੰਦਾ,

ਦੁੱਕੀ ਤਿੱਕੀ ਖਹਿਣ ਨਹੀਂ ਦੇਣੀ॥
ਸਿਰ 'ਤੇ ਪਗੜੀ ਰਹਿਣ ਨਹੀਂ ਦੇਣੀ॥

.....

ਕੱਛ ਕੜਾ ਕ੍ਰਿਪਾਨ॥
ਇਹਨੂੰ ਭੇਜੋ ਪਾਕਿਸਤਾਨ॥

ਇਹ ਨਾਹਰੇ ਉਹਨੇ ਲਾਏ ਆ ਤੇ ਇਸ਼ਤਿਹਾਰ ਵੀ ਵੰਡੇ ਸੀ। ਉਹਦੇ 'ਤੇ ਕੋਈ ਮੁਕਦਮਾ ਕਿਸੇ ਨੇ ਦਰਜ ਨਹੀਂ ਕੀਤਾ ਤੇ ਹਿੰਦੂ ਜੈ ਸੰਘ ਸੰਮਤੀ ਵਾਲੇ, ਉਹਨਾਂ ਨੇ ਅਲਟੀਮੇਟਮ ਵੀ ਦੇ ਦਿੱਤਾ ਸੀ ਕਿ ੫ ਦਸੰਬਰ ਤੱਕ ਸਾਰੇ ਸਿੱਖ ਰਾਜਿਸਥਾਨ ਦੇ, ਕਛਹਿਰਾ ਪਰਨਾ ਚੁੱਕੋ ਤੇ ਪੰਜਾਬ ਨੂੰ ਨਿਕਲ ਜਾਉ। ੩ ਦਿਨ ਪਾਰਲੀਮੈਂਟ ਦਾ ਸੈਸ਼ਨ ਚੱਲਦੇ ਨੂੰ ਹੋ ਗਏ ਸੀ ਕਿਸੇ ਨੇ ਕੋਈ ਜਵਾਬ ਨਹੀਂ ਦਿੱਤਾ, ਬਿਨਾ ਨਿਖੇਧੀ ਤੋਂ ਤੇ ਜਦੋਂ ਪਤਾ ਲੱਗਾ ਸਿੰਘਾਂ ਨੂੰ ਕੁੱਟ ਪਊਗੀ, ਇੱਕ ਬਿਆਨ ਮੈਂ ਵੀ ਛੋਟਾ ਜਿਹਾ ਦੇ ਦਿੱਤਾ ਕਿ ਭਈ ਜੇ ਰਾਜਿਸਥਾਨ ਦੇ ਸਿੱਖ ਇਧਰ ਭੇਜਣੇ ਆਂ ਤੇ ਪੰਜਾਬ ਦੇ ਹਿੰਦੂ ਸਾਰੇ ਪ੍ਰਲੋਕ ਦੀ ਤਿਆਰੀ ਕਰ ਲਵੋ, ਕਿਉਂਕਿ ਉਹਨਾਂ ਨੂੰ ਬੈਠਾਉਣਾ, ਸਿੱਖਾਂ ਨੂੰ ਆਇਆ ਨੂੰ। ੩ ਦਿਨ ਪਾਰਲੀਮੈਂਟ ਵਿੱਚ ਅੱਗ ਲੱਗੀ ਰਹੀ ਆ।

ਹੁਣ ਕਹਿੰਦੇ ਜੀ ਅਖੇ ੨੫ ਧਾਰਾ ਸਾੜ ਕੇ ਸਿੱਖਾਂ ਨੇ ਸੰਵਿਧਾਨ ਦਾ ਅਪਮਾਨ ਕੀਤਾ। ਇਹਨਾਂ ਨੂੰ ਪੁੱਛੋ ਤੁਸੀਂ ਸਤਿਕਾਰ ਕੀਤਾ? ਵਿਧਾਨ ਦੇ ਕਨੂੰਨ ਮੁਤਾਬਕ ਇਹ ਲਿਖਿਆ ਕਿ ਜਿਹੜਾ ਬੰਦਾ ਸੈਸ਼ਨ ਦੇ ਵਿੱਚ ਮੌਜੂਦ ਨਾ ਹੋਵੇ, ਉਹਦੇ ਵਿਰੁੱਧ ਕੋਈ ਸਵਾਲ ਨਹੀਂ ਉਠਾਇਆ ਜਾ ਸਕਦਾ। ਕਨੂੰਨ ਵਿੱਚ ਇਹ ਲਿਖਿਆ ਹੋਇਆ ਤੇ ਭਿੰਡਰਾਂਵਾਲਾ ਇਥੇ ਤੁਹਾਡੇ 'ਚ ਬੈਠਾ ਤੇ ਜਾਨ ਮੇਰੀ ਨੂੰ ਉਥੇ ਰੋਂਦੇ ਰਹੇ ੩ ਦਿਨ ਦਿੱਲੀ 'ਚ ਬਹਿ ਕੇ। ਇਹਨਾਂ ਨੇ ਪਾਲਣਾ ਕੀਤੀ ਵਿਧਾਨ ਦੀ?

ਇਹ ਜਿੰਨੇ ਬੰਦਿਆਂ ਦਾ ਨਾਅ ਲੈ ਕੇ ਮੈਂ ਤੁਹਾਨੂੰ ਦੱਸਿਆ, ਕਦੇ ਹਿੰਦੁਸਤਾਨ ਦੇ ੭੦ ਕਰੋੜ ਹਿੰਦੂਆਂ ਵਿੱਚੋਂ, ਕਦੇ ਕਿਸੇ ਨੇ ਵੀ ਨਿਖੇਧੀ ਕੀਤੀ ਆ? ਕਦੇ ਕਿਸੇ ਨੇ ਕਿਹਾ ਸਾਡਾ (ਹਿੰਦੂ) ਸੰਮਤੀ ਨਾਲ ਕੋਈ ਸੰਬੰਧ ਨਹੀਂ ਜਾਂ ਗਊ ਦੀ ਚਰਬੀ ਵਾਲਿਆਂ ਨਾਲ ਕੋਈ ਸੰਬੰਧ ਨਹੀਂ ਜਾਂ ਰਾਈਫਲਾਂ ਬੰਦੂਕਾਂ ਵਾਲਿਆਂ ਨਾਲ ਕੋਈ ਸੰਬੰਧ ਨਹੀਂ? ਕਦੇ ਨਹੀਂ ਕਿਹਾ। ਇਹ ਜ਼ਰੂਰ ਕਿਹਾ ਰਾਜੀਵ ਨੇ, ਜਦੋਂ ਆਪਣੀ (ਸਿੱਖਾਂ ਦੀ) ਬੇ-ਇਜ਼ਤੀ ਹੋਈ ਹਰਿਆਣੇ ਵਿੱਚ ਕਿ ਮੈਂ ਹਿੰਦੂਆਂ ਦਾ

ਧੰਨਵਾਦ ਕਰਦਾਂ, ਜਿਹਨਾਂ ਸਬਰ ਤੋਂ ਕੰਮ ਲਿਆ। ਵਰਿੰਦਰ ਨੇ ਖ਼ਬਰ ਦਿੱਤੀ ਆ ਕਿ ਮੈਂ ਹਿੰਦੂਆਂ ਨੂੰ ਵਧਾਈ ਦੇਨਾ, ਇਹਨਾਂ ਸੰਤੋਖ ਤੋਂ ਕੰਮ ਲਿਆ।

ਮੈਂ ਆਪ ਤੇ ਇੱਕ ਖ਼ਬਰ ਪੜ੍ਹੀ ਨਹੀਂ, ਕੱਲ ਮੈਨੂੰ ਪਤਾ ਲੱਗਾ, ਇੰਦਰਾ ਗਾਂਧੀ ਦਾ ਕਿਤੇ ਬਿਆਨ ਆਇਆ, ਇੱਕ ਦੋ ਦਿਨ ਹੀ ਹੋਏ ਆ। ਉਹਨੇ ਬਿਆਨ ਦਿੱਤਾ ਕਿ ਜਿਹੜਾ ਸਰਹੱਦੀ ਸੂਬਾ, ਇਹਦੇ ਵਿੱਚ ਉਹਨਾਂ ਲੋਕਾਂ ਦੇ ਹੱਥ ਵਿੱਚ ਰਾਜ ਦੀ ਵਾਗਡੋਰ ਕਿਵੇਂ ਦਿੱਤੀ ਜਾ ਸਕਦੀ ਆ, ਜਿਹਨਾਂ ਲੋਕਾਂ 'ਤੇ ਜਨਤਾ ਨੂੰ ਭਰੋਸਾ ਨਹੀਂ ਰਿਹਾ ? ਇਹਦੇ ਅਰਥ ਕੱਢ ਲਿਉ ਕੀ ਨਿਕਲਣਗੇ ? ਉਹ ਸਿੱਖਾਂ ਨੂੰ ਰਾਜ ਦੇਣਾ ਈ ਪਸੰਦ ਨਹੀਂ ਕਰਦੀ, ਪਰ (ਇਸ ਬਿਆਨ ਦੀ) ਕਿਸੇ ਨੇ ਨਿਖੇਧੀ ਨਹੀਂ ਕੀਤੀ, ਹਿੰਦੂ ਨੇ।

ਆਪਣੇ ਭਾਈਆਂ ਨੂੰ ਪਤਾ ਨਹੀਂ ਸੁਪਨੇ 'ਚ ਰਾਤ ਨੂੰ ਕੀ ਦਿੱਸਿਆ ? ਜੇ ਤੇ ਦਲ ਖ਼ਾਲਸੇ ਦਾ ਨਾਂਅ ਰੱਖ ਲਿਆ, ਪੰਜਾਂ-ਸੱਤਾਂ ਮੁੰਡਿਆਂ ਨੇ, ਰਲ਼ ਕੇ ਸਿੱਖਾਂ ਦਿਆਂ ਨੇ ਤੇ ਸਾਡੇ ਭਾਈਆਂ ਦੇ ਬਿਆਨ ਹੁੰਦੇ ਆ, 'ਜੀ ਸਾਡਾ ਦਲ ਖ਼ਾਲਸੇ ਨਾਲ ਕੋਈ ਸੰਬੰਧ ਨਹੀਂ ਗਾ।' ਜੇ ਖ਼ਾਲਿਸਤਾਨ ਦਾ ਨਾਹਰਾ ਕਿਸੇ ਨੇ ਲਾ ਦਿੱਤਾ, ਕਹਿੰਦੇ 'ਸਾਡਾ ਉਹਨਾਂ ਨਾਲ ਵੀ ਕੋਈ ਸੰਬੰਧ ਨਹੀਂ।' ਜੇ ਜਹਾਜ ਲੈ ਕੇ ਗਜਿੰਦਰ ਸਿੰਘ ਹੁਰੀਂ ਉੱਡ ਗਏ, ਕਹਿੰਦੇ 'ਸਾਡਾ ਉਹਨਾਂ ਨਾਲ ਵੀ ਕੋਈ ਸੰਬੰਧ ਨਹੀਂ।' ਇਹ ਪਿੱਛੇ ਜਿਹੇ ਆ ਕੇ ਤੇ ਲੱਗ ਗਏ ਸੰਬੰਧ ਕਰਨ, ਗੱਲ ਮੈਂ ਪਹਿਲਾਂ ਦੀ ਕਰ ਰਿਹਾਂ। ਜੇ ਮੋਟਰ ਸਾਈਕਲ 'ਤੇ ਕੋਈ ਚੜ੍ਹ ਕੇ ਸ਼ਹੀਦਾਂ ਦਾ ਹੱਕ ਲੈਣ ਵਾਲਾ, 'ਕਹਿੰਦੇ ਸਾਡਾ ਉਹਨਾਂ ਨਾਲ ਵੀ ਕੋਈ ਸੰਬੰਧ ਨਹੀਂ ' ਤੇ ਭਿੰਡਰਾਂਵਾਲੇ ਨੇ ਕੇਸ ਦਾਹੜਾ ਰਖਾ ਕੇ, ਸ਼ਰਾਬ ਛਡਾ ਕੇ, ਅੰਮ੍ਰਿਤ ਛਕਾ ਕੇ ਤੇ ਖ਼ਾਲਸਾ ਪੰਥ ਦੇ ਨੁਮਾਇੰਦੇ ਪੈਦਾ ਕਰਨੇ ਸ਼ੁਰੂ ਕਰ ਦਿੱਤੇ ਨੇ ਤੇ ਕਹਿੰਦੇ ਭਿੰਡਰਾਂਵਾਲੇ ਨਾਲ ਵੀ ਕੋਈ ਸੰਬੰਧ ਨਹੀਂ, (ਇਹਨੂੰ) ਦੀਵਾਨ ਹਾਲ ਮੰਜੀ ਸਾਹਿਬ ਵਿਖੇ ਬੋਲਣ ਨਹੀਂ ਦਿੱਤਾ ਜਾਵੇਗਾ, ਤੁਸੀਂ ਬੋਲੇ ਓ ਕੋਈ। ਉਹ ਪੁੱਛਿਆ ਕਿਸੇ ਨੇ, ਇਹਨੇ ਕਿਹੜੀ ਗਊ ਮਾਰੀ ਆ, ਕਿਉਂ ਭਈ ਬੋਲਦੇ ਨਹੀਂ ਹੁਣ ? ਜਦੋਂ ਮੇਰੇ ਕੋਲ ਆਉਨੇ ਆਂ, ਉਦੋਂ ਕਹਿਨੇ ਆ ਚੁੱਕ ਦਿਆਂਗੇ ਫੱਟੇ ਸਾਧਾ ਤੂੰ ਫਿਕਰ ਨਾ ਕਰ, ਤੂੰ ਮਾੜਾ ਜਿਹਾ ਸੁਨੇਹਾਂ ਦੇਹ। ਕੀੜੀ ਦੀ ਲੱਤ ਨਹੀਂ ਟੁੱਟਦੀ, ਫੱਟਾ ਕਿੱਥੋਂ ਚੁੱਕ ਲਿਆਉਂਗੇ। ਵੀਹਾਂ ਮਹੀਨਿਆਂ ਦੇ ਫੱਟੇ ਚਰਾ ਕੇ ਰੱਖੇ ਕਿੱਥੇ ਇੰਨੇ।

ਆਹ ਜਿਹਨੇ ਸਿੱਖ ਬੈਠੇ-ਖੜ੍ਹੇ ਹੋ ਸਾਰੇ, ਸਰੀਰਕ ਤੌਰ 'ਤੇ ਭਾਵੇਂ ਮੈਂ ਬਹੁਤਿਆਂ ਨੂੰ ਜਾਣਦਾ ਹੋਵਾਂਗਾ, ਨਾਵਾਂ ਦੇ ਤੌਰ 'ਤੇ ਨਹੀਂ। ਇੱਕ ਬੰਦਾ ਤੁਹਾਡੇ 'ਚੋਂ ਉੱਠ ਕੇ ਮੈਨੂੰ ਸਾਹਮਣੇ ਆਕੇ ਕਹੇ, ਕਿਸੇ ਦੇ ਘਰੇ ਪੁਲੀਸ ਗਈ ਹੋਵੇ ਤੇ ਮੈਨੂੰ ਸੁਨੇਹਾ ਆਇਆ ਹੋਵੇ ਤੇ ਦੋਬਾਰਾ ਪੁਲੀਸ ਘਰੇ ਵੜੀ ਹੋਵੇ। ਕੋਈ ਦੱਸ ਦਏ ਉੱਠ ਕੇ। ਮੈਂ ਸਾਰਿਆਂ ਦੇ ਬਾਬਤ ਸਟੈਂਡ 'ਤੇ ਖੜਾਂ ਕਿ ਸਿਰ ਭਾਵੇਂ ਲੱਗ ਜਾਵੇ ਪਰ ਸਿੱਖਾਂ ਦੇ ਕੁੱਟ ਨਹੀਂ ਪੈਣ ਦੇਣੀ ਤੇ ਇਹ ਧੇਲੀ-ਧੇਲੀ ਦੇ ਬੰਦੇ ਉੱਠ ਕੇ ਕਹਿਣ, ਕਿ ਭਿੰਡਰਾਂਵਾਲਾ ਸਰਕਾਰ ਦਾ ਏਜੰਟ ਆ ਤੇ ਪੰਥ ਦਾ ਗ਼ਦਾਰ ਆ ਤੇ ਤੁਸੀਂ ਖੁਸਰਿਆਂ ਵਾਂਗੂ ਬਹਿ ਜਾਂਦੇ ਜੇ, ਉਥੇ ਬਾਹਰ ਉੱਠ ਕੇ, ਇਹ ਪੁੱਛਦੇ ਕਿਉਂ ਨਹੀਂ ?

ਆਹ ਤਾਲਬ ਸਿੰਘ ਸੰਧੂ ਲੁਧਿਆਣੇ ਜਿਲ੍ਹੇ ਦਾ, ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਆ, ਹੁਣ ਤਾਂ ਜੇਲ੍ਹ 'ਚ ਆ ਉਹ। ਹਰੀ ਸਿੰਘ ਜ਼ੀਰਾ, ਫਿਰੋਜਪੁਰ ਜਿਲ੍ਹੇ ਦਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦਾ। ਸੁੱਚਾ ਸਿੰਘ ਛੋਟੇਪੁਰ ਗੁਰਦਾਸਪੁਰ ਜਿਲ੍ਹੇ ਦਾ ਪ੍ਰਧਾਨ, ਜਸਵੰਤ ਸਿੰਘ ਐਡਵੋਕੇਟ ਬਠਿੰਡੇ ਤੋਂ। ਪਿੱਛੇ ਜਿਹੇ ਭਾਵੇਂ ਉਹਨੇ ਇੱਕ ਮਤਾ ਵੀ ਪਾਸ ਕਰ ਦਿੱਤਾ ਪਰ ੬ ਸਤੰਬਰ ਦੀ ਅਜੀਤ

ਵਿੱਚ, ਉਹ ਖ਼ਬਰ ਦੇ ਗਏ ਆ, ਅਖੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਤੇ ਭਿੰਡਰਾਂਵਾਲਾ ਕਾਂਗਰਸ ਦੇ ਏਜੰਟ ਤੇ ਪੰਥ ਦੇ ਗ਼ਦਾਰ ਆ ਤੇ ਪੜ੍ਹ ਕੇ ਬਹਿ ਜਾਇਉ ਚੁੱਪ ਕਰਕੇ ਪਿੰਡਾਂ 'ਚ, ਰੜਕ ਕਿੱਥੇ ਆ ਤੁਹਾਡੇ 'ਚ ?

ਇਹ ਨਹੀਂ, ਮੈਂ ਕਹਿ ਰਿਹਾ ਕਿ ਪਿੱਛੇ ਵੀ ਜੇ ਤੁਹਾਨੂੰ ਕਿਸੇ ਨੇ ਤੰਗ ਕੀਤਾ, ਅਗਾਂਹ ਨੂੰ ਵੀ ਪਿੰਡ ਵਿੱਚ ਕਿਸੇ ਨੂੰ ਪੁਲੀਸ ਤੰਗ ਕਰਦੀ ਆ, ਸੁਨੇਹਾ ਜ਼ਰੂਰ ਦੇ ਦਿਉ ਇੱਕ ਵੇਰਾਂ ਤੇ ਫਿਰ ਉਹਦਾ ਨਜ਼ਾਰਾ ਵੇਖ ਲਿਉ। ਦੋ ਕੁ ਗੱਲਾਂ ਚੇਤੇ ਰੱਖੋ ਤੇ ਕੰਮ ਸੌਖਾ ਹੋ ਜਾਊ। ਇੱਕ ਤਾਂ ਪੇਟੀ ਨੰਬਰ ਯਾਦ ਰੱਖਿਉ। ਜਿਹੜਾ ਕੁੱਟਦਾ ਨਾ ਤੁਹਾਨੂੰ ਕੋਈ ਪੁਲਸ ਵਾਲਾ, ਉਹਦਾ ਪੇਟੀ ਨੰਬਰ ਜ਼ਰੂਰ ਚੇਤੇ ਰੱਖਿਉ ਤੇ ਜੇ ਉਹਦੇ ਨਾਂਅ ਤੇ ਉਹਦੇ ਪਿੰਡ ਦਾ ਪਤਾ ਲੱਗ ਜਾਏ ਤੇ ਛੇਤੀ ਹਿੰਮਤ ਹੋ ਜਾਊ, ਨਹੀਂ ਤੇ ਖੇਚਲ ਕਰਨੀ ਪੈਂਦੀ ਭਾਲਣ ਦੀ। ਇੰਨੀ ਕੁ ਜ਼ਿੰਮੇਵਾਰੀ ਤਾਂ ਤੁਸੀਂ ਚੁੱਕ ਸਕਦੇ ਉਂ, ਬਾਕੀ ਮੈਂ ਚੁੱਕ ਲਊਂ।

ਕਿੰਨੀ ਵਾਰਾਂ ਅਖ਼ਬਾਰ ਵਿੱਚ ਮੈਂ ਕਹਿ ਚੁੱਕਿਆਂ ਕਿ ਪੰਥ ਦੇ ਨਾਂਅ 'ਤੇ, ਧਰਮ ਦੇ ਨਾਂਅ 'ਤੇ ਤੇ ਸਿੱਖੀ ਸਰੂਪ ਦੇ ਨਾਂਅ 'ਤੇ, ਧੀਆਂ-ਭੈਣਾਂ ਦੀ ਇਜ਼ਤ ਬਚਾਉਣ ਦੇ ਨਾਂਅ 'ਤੇ, ੧੦ ਲੱਖ ਰੁਪਏ ਤੱਕ ਪੰਜਾਬ 'ਚ ਕਿਸੇ ਸਿੱਖ ਦਾ ਨੁਕਸਾਨ ਹੋ ਗਿਆ, ਜਿੰਦੋਂ ਮੋਰਚਾ ਸਫ਼ਲ ਹੋ ਗਿਆ, ਇੱਕ ਮਹੀਨੇ ਦੇ ਵਿੱਚ ਵਿੱਚ ਮੈਥੋਂ ਲੈ ਲਿਉ। ਏਦੋਂ ਵੱਧ ਮੈਂ ਕੀ ਕਰ ਸਕਦਾਂ ? ਜੇ ਅੰਮ੍ਰਿਤ ਛਕਾਉਣਾ, ਬਾਣੀ ਪੜ੍ਹਾਉਣੀ, ਰਹਿਤ ਰਖਾਉਣੀ, ਇਹ ਕੰਮ ਕਾਂਗਰਸੀਆਂ ਦਾ ਤੇ ਤੁਸੀਂ ਅਕਾਲੀ ਦੱਸ ਦਿਉ (ਤੁਹਾਡਾ ਕੰਮ) ਕੀ ? (ਸੰਗਤ ਵਿੱਚੋਂ ਆਈ ਕਿਸੇ ਅਵਾਜ਼ ਨੂੰ ਸੁਣ ਕੇ ਕਹਿੰਦੇ ਹਨ- ਹਾਂ ਜੀ) ਸਰਕਾਰ ਨੇ ਅੱਤਵਾਦੀ.....।

ਆਹ ਜਿਹਨਾਂ ਦੀਆਂ ਦਾਹੜੀਆਂ ਕੱਟੀਆਂ, ਇਹਨਾਂ ਨੂੰ ਖ਼ਲ੍ਹਾਰ ਲਉ ਮਿੰਟ ਕੁ, ਭੱਜ ਚੱਲੇ ਆ ਹੁਣ, ਆਹ ਜਿਹਨਾਂ ਦੀਆਂ ਦਾਹੜੀਆਂ ਕੱਟੀਆਂ ਖਲੋ ਜਾਉ ਇੱਕ ਮਿੰਟ, ਫਿਰ ਜਾਂਦੇ ਰਿਹੋ। ਬਹਿ ਜਾਉ, ਬਹਿ ਜਾਉ, ਵੇਖੋ ਹਦਵਾਣੇ ਵਰਗੇ ਸਿਰ ਕੱਢੇ ਆ ਤੇ ਭੱਜੇ ਜਾਂਦੇ ਆ। ਪਹਿਲਾਂ ਇਹ ਦੱਸੋ ਜਿਹੜਾ ਮੁੰਡਾ ਪਿਉ ਨਾਲ ਨਹੀਂ ਰਲਦਾ, ਉਹਨੂੰ ਕੀ ਕਹੀਦਾ ? ਆਹ ਦੱਸ, ਭਾਈ ਜੈਕਾਰੇ ਛੱਡਦਾਂ ਸੈਂ। ਸੰਗਤ ਵਿੱਚੋਂ ਅਵਾਜ਼ - 'ਹਰਾਮ ਦਾ ਕਹਿੰਦੇ ਨੇ'। 'ਹਰਾਮ ਦਾ ਕਹਿੰਦੇ ਆ ਨਾ' ਤੇ ਦਸਵੇਂ ਪਾਤਿਸ਼ਾਹ ਨੂੰ ਮੰਨਦੇ ਜੇ ਕਿ ਨਹੀਂ। ਉਹ ਭਾਈ ਜਿਹਨਾਂ ਦਾਹੜੀਆਂ ਕਟਾਈਆਂ ਬੋਲਦੇ ਨਹੀਂ, ਮੰਨਦੇ ਓ ਕਿ ਨਹੀਂ। ਮੰਨਦੇ ਆਂ ਨਾ ਤੇ ਰਲ਼ਦੇ ਓ ਉਹਦੇ ਨਾਲ, ਫਿਰ ਲੋਕ ਕੀ ਕਹਿਣਗੇ ਆਪਾਂ ਨੂੰ ? (ਹੱਸਦੇ ਹੋਏ) ਕੇਸ ਦਾਹੜਾ ਰੱਖ ਲਉ ਤੇ ਨਸ਼ੇ ਛੱਡ ਦਿਉ ਤੇ ਭਰਾ ਬਣ ਜਾਉ ਮੇਰੇ ਤੇ ਭਰਾ ਵੀ ਤਾਂ ਬਣਿਉ ਜੇ ਮੈਨੂੰ ਚੰਗਾ ਸਮਝੇ ਓ ਤੇ ਲੁੱਚਾ ਸਮਝਦੇ ਓਂ ਫਿਰ ਭਰਾ ਨਹੀਂ ਮੇਰੇ ਬਣਨਾ। ਚੰਗਾ ਕਹੋਗੇ, ਕੇਸ ਦਾਹੜਾ ਰੱਖਣਾ ਪਊ, ਨਸ਼ਾ ਛੱਡਣਾ ਪਊ। ਲੁੱਚਾ ਕਹਿ ਦਿਉਗੇ (ਤਾਂ) ਤੁਹਾਡਾ ਖਹਿੜਾ ਛੁੱਟ ਜਾਊ, ਜਿਵੇਂ ਮਰਜ਼ੀ ਫੈਸਲਾ ਕਰ ਲਉ। ਹਾਂ ਕੇਸ ਦਾਹੜਾ ਰਖਾ ਕੇ, ਸ਼ਰਾਬ ਛਡਾ ਕੇ, ਜੇ ਤੁਹਾਨੂੰ ਕਿਹਾ ਭਈ ਮੈਨੂੰ ਸੰਤ ਮੰਨੋ, ਮੱਥਾ ਟੇਕੋ ਤਾਂ ਆਪ ਦੀ ਰਗੜ ਕੇ ਮੁੰਨ ਲਿਉ। ਜੇ ਤੁਹਾਨੂੰ ਚੇਲੇ ਬਣਾਇਆ ਤੇ ਤਾਂ ਵੀ ਮੁੰਨ ਲਿਉ। ਭਰਾ ਬਣਾਉਣਾ, ਚਿਤ ਕਰਦਾ ਬਣ ਜਾਉ, ਨਹੀਂ ਚਿੱਤ ਕਰਦਾ ਤੇ ਜਾ ਕੇ ਅਰਾਮ ਕਰੋ। ਦੱਸ ਹੁਣ, ਤੂੰ ਤੇ ਬਣ ਜਾਹ, ਬਾਕੀ ਦਿਆਂ ਨੂੰ ਪੁੱਛ ਲੈਂਦੇ ਆਂ, ਸਾਥੀਆਂ ਨੂੰ। (ਸੰਗਤ ਵਿੱਚੋਂ ਕੋਈ ਅਵਾਜ਼ ਆਉਂਦੀ ਹੈ, ਜਿਸ ਦੇ ਜਵਾਬ ਵਿੱਚ ਸੰਤ ਕਹਿੰਦੇ ਹਨ) ਵੱਖਰਾ-ਵੱਖਰਾ ਨਹੀਂ ਕਿਹਾ ਜਾਣਾ, ਸਾਰਿਆਂ ਨੂੰ

ਸੁਣੀ ਜਾ ਰਿਹਾ। ਕੰਨਾਂ 'ਚ ਮੇਰੇ ਖਿਆਲ 'ਚ ਰੂੰ ਤੇ ਕਿਸੇ ਦੇ ਵੀ ਨਹੀਂ ਦਿੱਤੀ ਹੁਣੀ।

ਪੁਲੀਸ ਨੇ ਅੱਤਵਾਦੀ ਕਹਿਣਾ ਸ਼ੁਰੂ ਕੀਤਾ, ਆਪਾਂ ਨੂੰ ਸਿੱਖਾਂ ਨੂੰ ਤੇ ਸਾਰਿਆਂ ਤੋਂ ਵੱਡਾ ਅੱਤਵਾਦੀ ਮੈਨੂੰ ਗਿਣਦੇ ਤੇ ਮੈਂ ਹਾਂ ਵੀ ਪੱਕਾ ਅੱਤਵਾਦੀ ਤੇ ਤੁਹਾਨੂੰ ਬਣਾਉਣਾ ਬਾਹਾਂ ਖੜ੍ਹੀਆਂ ਕਰਾ ਕੇ। ਕਰਿਉ ਤਾਂ ਜੇ ਬਣਨਾ, ਨਹੀਂ ਤੇ ਨਾ ਕਰਿਉ। ਗੌਰਮਿੰਟ ਅੱਤਵਾਦੀ ਉਹਨਾਂ ਨੂੰ ਕਹਿੰਦੀ, ਜਿਹਨਾਂ ਦਾ ਆਪ ਦਾ ਅੰਮ੍ਰਿਤ ਛਕਿਆ ਤੇ ਦੂਜੇ ਨੂੰ ਛਕਾਵੇ। ਆਪ ਬਾਣੀ ਪੜ੍ਹੇ ਤੇ ਦੂਜਿਆਂ ਨੂੰ ਪੜ੍ਹਾਵੇ। ਆਪ ਨਸ਼ਿਆਂ ਤੋਂ ਬਚੇ, ਦੂਜਿਆਂ ਨੂੰ ਨਸ਼ੇ ਛੁਡਾਵੇ। ਧੀਆਂ ਭੈਣਾਂ ਦੀ ਜਿਹਨਾਂ (ਨੇ) ਇੱਜ਼ਤ ਲੁੱਟੀ, ਸਰੂਪ ਦੀ ਬੇਅਦਬੀ ਕੀਤੀ, ਗੁਰਦੁਆਰੇ ਦੀ ਪਵਿੱਤਰਤਾ ਭੰਗ ਕੀਤੀ ਆ, ਮਸੂਮਾਂ ਦਾ ਖ਼ੂਨ ਪੀਤਾ, ਉਹਨਾਂ ਤੋਂ ਹੱਕ ਲੈਣ ਦਾ ਇਛੁਕ ਹੋਵੇ ਤੇ ਹੱਕ ਲੈਣ ਦੀ ਪ੍ਰੇਰਨਾ ਕਰੇ। ਉਹਦਾ ਨਾਮ ਗੌਰਮਿੰਟ ਦੀ ਨਿਗ੍ਹਾ ਵਿੱਚ ਅੱਤਵਾਦੀ ਆ। ਮੈਂ ਤੇ ਇਹੋ ਜਿਹਾ ਹਾਂ, ਜੇ ਤਾਂ ਤੁਸੀਂ ਵੀ ਇਹੋ ਜਿਹੇ ਹੋਂ, ਤਾਂ ਜਦੋਂ ਮੈਂ ਜੈਕਾਰਾ ਛੱਡਾਂ, ਉਦੋਂ ਬਾਂਹ ਖੜ੍ਹੀ ਕਰਿਉ। ਕਰਿਉ ਤਾਂ, ਜੇ ਗੁਰੂ ਦੇ ਸਿੱਖ ਆਂ ਤੇ ਜਿਹੜਾ ਆਪਣੇ ਵਿੱਚੋਂ ਕੋਈ ਇੰਦਰਾ ਦਾ ਸਿੱਖ ਆ ਜਾਂ ਜੰਡ ਨੂੰ ਸੰਧੂਰ ਭੁਕਣ ਦਾ ਸਿੱਖ ਆ ਜਾਂ ਪਿੱਪਲ ਨੂੰ ਪਾਣੀ ਪਾਉਣ ਦਾ ਸਿੱਖ ਆ, ਰਾਧਾ ਸੁਆਮੀਆਂ, ਨਰਕਧਾਰੀਆਂ ਤੇ ਲਾਲ ਕੁੜਤੀ ਵਾਲਿਆਂ ਦਾ ਸਿੱਖ ਆ, ਸੰਗਤ ਵਿੱਚ ਬੈਠੇ ਆਂ, ਗੁਰੂ ਕਾ ਲੰਗਰ ਆ ਵੇਖ ਲਿਉ। ਜਿਹਨੇ ਉਧਰ ਜਾਣਾ ਉਹ (ਬਾਹਾਂ ਖੜ੍ਹੀਆਂ) ਕਰਿਉ ਨਾ ਤੇ ਜਿਹੜਾ ਗੁਰੂ ਗਰੰਥ ਸਾਹਿਬ ਦਾ ਸਿੱਖ ਆ ਤੇ ਮੈਨੂੰ ਆਪਣਾ ਭਰਾ ਸਮਝਦਾ ਤੇ ਮੋਟਰ ਸਾਈਕਲ ਤੇ ਚੜ੍ਹ ਕੇ ਸ਼ਹੀਦਾਂ ਦਾ ਹੱਕ ਲੈਣ ਦਾ ਇਛੁਕ ਆ, ਉਹ ਬਾਂਹ ਖੜ੍ਹੀ ਕਰੇ, ਜਿਹਨੇ ਅਨੰਦਪੁਰ ਦਾ ਮਤਾ ਲੈਣਾ।

ਸੰਤ - ਬੋਲੇ ਸੋ ਨਿਹਾਲ ॥

ਸੰਗਤ - ਸਤਿ ਸ੍ਰੀ ਅਕਾਲ ॥

ਸਾਰਿਆਂ ਦਾ ਬਹੁਤ ਧਨਵਾਦ। ਇਹ ਮੈਂ ਬਾਹਵਾਂ ਕੱਲ ਪਰਸੋਂ ਦੀਆਂ ਤਾਂ ਖੜ੍ਹੀਆਂ ਕਰਾਉਣ ਲੱਗਾਂ, ਖੁਸ਼ਵੰਤ ਸਿੰਘ ਇੰਦਰਾ ਦਾ ਇੱਕ ਸਿੱਖ ਆ ਚੰਡੀਗੜ੍ਹ ਤੋਂ , ਕੇਸ ਦਾਹੜਾ ਤੇ ਉਹਦਾ ਸਾਬਤ ਈ ਆ ਪਰ ਹੈ ਇੰਦਰਾ ਦਾ ਸਿੱਖ ਉਹ। ਅਖ਼ਬਾਰ ਵਾਲਾ, ਹਿੰਦੁਸਤਾਨ ਟਾਈਮ ਦਾ ਬੜਾ ਵੱਡਾ (ਪੱਤਰਕਾਰ) ਤੇ ਉਹਨੇ ਅਖ਼ਬਾਰ ਵਿੱਚ ਇੱਕ ਦਿਨ ਖ਼ਬਰ ਦਿੱਤੀ ਆ। ਅਖੇ ਜੀ ਅੱਤਵਾਦੀ ਤਿੰਨ ਕੁ ਸੌ ਆ, ਇਹਨਾਂ ਨੂੰ ਹੰਭਲਾ ਮਾਰ ਕੇ ਰਗੜ ਦਿਉ। ਉਹ ਜਿਹੜਾ ਮੇਰੇ ਨਾਲ ੩੦੦ ਹੈਗਾ, ਉਹਦੀ ਤਾਂ ਗੱਲ ਵੱਖਰੀ ਆ ਤੇ ਆਹ ਹੁਣ ਤੁਸੀਂ ਸਾਰੇ ਹੀ ਅੱਤਵਾਦੀ ਬਣ ਗਏ ਆਂ। ਜੇ ਤੁਹਾਡੀ ਗਿਣਤੀ ਕਰੀਏ ਤਾਂ ਕਿੰਨੀ ਆਂ ? ਇਹ ਸਾਰੀ ਦਿਹਾੜੀ ਬਣੀ ਜਾਣੇ ਆਂ ਅੱਜ ਸ਼ਾਮ ਤੱਕ ਤੇ ਜਿਹੜੇ ਪਿੰਡਾਂ ਵਿੱਚ ਰਹਿੰਦੇ ਆ, ਉਹ ਵੀ ਅੱਤਵਾਦੀ ਆ, ਬਣ ਕੇ ਗਏ ਆ ਇਥੋਂ। ਉਹ ਉਥੇ ਬੈਠਾ ਈ ਇੰਦਰਾ ਦੇ ਖੰਭਾਂ ਥੱਲੇ ਕਹੀ ਜਾਂਦਾ, ਤਿੰਨ ਕੁ ਸੌ ਹੀ ਆ, ਰਗੜਾ ਮਾਰ ਦੇਹ ਇਹਨਾਂ ਨੂੰ। ਉਹ ਉਥੇ ਬੈਠਾ ਤੇ ਕਹੀ ਜਾਂਦਾ ਤੇ ਆਊ ਕੌਣ ?

(ਸਿੰਘੋ) ਤੁਹਾਨੂੰ ਇਹ ਵੀ ਬੇਨਤੀ ਆ, ਪੁਲੀਸ ਤਿਆਰੀ ਕਰਦੀ ਫਿਰਦੀ ਆ ਇਥੇ ਆਉਣ ਦੀ ਤੇ ਜੇ ਕਿਤੇ ਤੁਹਾਨੂੰ ਸੁਨੇਹਾ ਮਿਲ ਜਾਵੇ ਤੇ ਸੁੱਤੇ ਨਾ ਰਿਹੋ ਪਿੰਡਾਂ 'ਚ। ਪਹਿਲਾਂ ਕਿਸੇ ਨੂੰ ਕੁਝ ਕਹਿਣਾ ਨਹੀਂ ਤੇ ਭਾਜੀ ਸਿਰ ਕਿਸੇ ਦੀ ਰੱਖਣੀ ਨਹੀਂ। ਜੇ ਉਥੇ ਪੁਲੀਸ ਦਾ ਪਤਾ ਲੱਗ ਜਾਵੇ ਕਿ ਅੰਦਰ (ਦਰਬਾਰ ਸਾਹਿਬ ਦੇ ਅੰਦਰ) ਆ ਗਈ ਆ ਤੇ ਬਾਹਰ ਆਪੋ ਆਪਣੇ ਥਾਂਵਾਂ

'ਤੇ ਜ਼ਿੰਮੇਵਾਰੀ ਸੰਭਾਲ ਲਿਉ, ੨੦-੨੦ ਆਉਂਦੇ ਤੁਹਾਨੂੰ ਇੱਕ ਨੂੰ, ਛੱਲੀ ਰਾਮ ਹੁਰੀਂ। ਸੋ ਚੜ੍ਹਦੀ ਕਲਾ 'ਚ ਰਹਿਣਾ।

ਕਈ ਇਹ ਵੀ ਕਹਿੰਦੇ, ਤੈਨੂੰ ਅਖੇ ਚੁੱਕ ਕੇ ਲੈ ਜਾਣਾ ਇਥੋਂ, ਰੱਬ ਕਿਰਪਾ ਕਰੇ, ਹੱਥ ਪਊ ਤਾਂ ਪਤਾ ਲੱਗੂ। ਇੱਕ ਲੱਖ ਨੂੰ ਤੇ ਪਹਿਲੇ ਹੱਲੇ ਚੜ੍ਹਾ ਦਿਆਂਗੇ ਲੱਗਦੇ ਹੱਥ ਈ, ਉਦੋਂ ਨੂੰ ਤੁਸੀਂ ਜਾਗ ਹੀ ਪਉਗੇ। ਇਹ ਨਹੀਂ ਕਿ ਲੱਖ ਨੂੰ ਚੜ੍ਹਾ ਕੇ ਸੌਂ ਜਾਵਾਂਗੇ, ਇਹ ਤਾਂ ਮੈਂ ਪਹਿਲੀ ਗਿਣਤੀ ਦੱਸੀ ਤੁਹਾਨੂੰ (ਸੰਗਤ ਵਿੱਚੋਂ ਕੋਈ ਕੁਝ ਕਹਿਣਾ ਚਾਹੁੰਦਾ ਹੈ ਪਰ ਉਸ ਦੀ ਅਵਾਜ਼ ਸੁਣਾਈ ਨਹੀਂ ਦਿੰਦੀ ਪਰ ਸੰਤ ਉਸ ਦੀ ਗੱਲ ਸਮਝਦੇ ਹੋਏ ਅਵਾਜ਼ ਦਿੰਦੇ ਹਨ) (ਪਰ ਉਸ) ਵੇਲੇ ਇਸ ਤਰ੍ਹਾਂ ਨਹੀਂ ਕਰਨਾ ਕਿ ਇਥੇ ਹੋਵੇ ਕੁਝ ਨਾ ਤੇ ਬਾਹਰ ਐਵੇਂ ਕੋਈ ਭੰਬੂਕਾ ਛੱਡ ਦੇਵੇ ਤੇ ਤੁਸੀਂ ਲੱਗ ਪਉ, ਇਸ ਤਰ੍ਹਾਂ ਨਹੀਂ ਕਰਨਾ। ਹਾਂ ਇੱਕ ਗੱਲ (ਦਾ) ਚੇਤਾ ਰੱਖਣਾ, ਲੜਾਈ ਕਿੰਨੀ ਵੀ ਹੋ ਜਾਵੇ, ਧੀ ਭੈਣ ਕਿਸੇ ਦੀ ਆਪ.: ਘਰੇ ਆ ਜਾਵੇ, ਉਹਦੀ ਇਜ਼ਤ ਨਹੀਂ ਲੁੱਟਣੀ, ਉਹਨੂੰ ਭੈਣ ਬਣਾ ਕੇ ਰੱਖਿਉ। ਆਪਣੀ ਭੈਣ ਬਣਾ ਕੇ ਰੱਖਣਾ, ਕਿਸੇ ਦੀ ਧੀ ਭੈਣ ਆਪਣੇ ਘਰੇ ਆ ਜਾਵੇ, ਉਸ ਦੀ ਇਜ਼ਤ ਨਾ ਲੁੱਟਿਉ। (ਸੰਗਤ ਵਿੱਚੋਂ ਕੋਈ ਗ਼ਲਤ ਗੱਲ ਬੋਲਣ ਲੱਗਦਾ ਹੈ, ਉਸ ਨੂੰ ਡਾਂਟ ਕੇ ਕਹਿੰਦੇ ਨੇ) ਗੱਲ ਸੁਣ ਉਏ, ਬੈਠਾ ਰਹੋ, ਟਿਕ ਕਰਕੇ, ਬੈਠਾ ਰਹੋ, ਮੈਨੂੰ ਪਤਾ ਜਿੰਨੇ ਕੁ ਪਾਣੀ 'ਚ ਹਾਂ ਸਾਰੇ। ਬੋਲੀ ਦਾ ਨਹੀਂ ਸੰਗਤ ਵਿੱਚ। ਇਹ ਚੇਤਾ ਰੱਖਣਾ ਤੇ ਜੇ ਧੀਆਂ ਭੈਣਾਂ ਦੀ ਇਜ਼ਤ ਆਪਾਂ ਲੁੱਟਣ ਲੱਗ ਪਏ ਤੇ ਕਲਗੀਧਰ ਪਿਤਾ ਨੇ ਰਾਖੀ ਨਹੀਂ ਕਰਨੀ ਆਪਣੀ ਤੇ ਜੇ ਇਜ਼ਤ ਬਚਾਵਾਂਗੇ ਤੇ ਫਿਰ ਅੱਗ ਵਿੱਚੋਂ ਵੀ ਕੱਢ ਲਊ। ਫਿਰ ਨਹੀਂ ਸੜਨ ਦਿੰਦਾ। ਮੇਰੀ ਤਾਂ ਬੇਨਤੀ ਤੁਹਾਨੂੰ ਇੰਨੀ ਕੁ ਸੀ, ਤੁਹਾਡੀ ਕੋਈ ਹੋਰ ਹੈ ਤਾਂ ਦੱਸ ਦਿਉ।

ਬਾਕੀ ਆਹ ਮੈਂ ਜਿਹੜੀ ਦਾਹੜੀਆਂ ਵਾਲਿਆਂ ਨੂੰ ਬੇਨਤੀ ਕੀਤੀ ਆ, ਕੇਸਾਂ ਵਾਲਿਆਂ ਨੂੰ ਜਿਹਨਾਂ ਨੇ ਮੁੰਨੇ ਆਂ। ਜੇ ਰੱਖ ਲੈਣ ਤੇ ਚੰਗਾ ਤੇ ਜੇ ਨਹੀਂ ਰੱਖਣੇ, ਆਖੇ ਨਹੀਂ ਲੱਗਣਾ, ਗਰਮੀ ਆਉਂਦੀ ਆ ਤੇ ਫੇਰ ਦਰਬਾਰ ਸਾਹਿਬ ਜਾ ਕੇ ਅਰਦਾਸ ਕਰੋ ਕਿ ਸੱਚੇ ਪਾਤਿਸ਼ਾਹ ਤੁਸਾਂ ਸਾਨੂੰ ਮਰਦਪੁਣਾ ਦਿੱਤਾ, (ਸਾਨੂੰ) ਇਹ ਚੰਗਾ ਨਹੀਂ ਲੱਗਦਾ। ਕਿਰਪਾ ਕਰਕੇ ਸਾਨੂੰ ਮਾਰ ਕੇ ਜਨਾਨੀਆਂ ਬਣਾ ਦੇਹ, ਜਨਾਨੀਆਂ ਨੂੰ ਮਰਦ ਬਣਾ ਦੇਹ। ਵਟਾਂਦਰਾ ਕਰ ਲਉ। ਨਾ ਦਾਹੜੀ ਆਵੇ, ਨਾ ਛਿੱਤਰ ਤੇ ਪੱਛਣਾ ਘਸਾ ਕੇ ਨਾਈ ਨੂੰ ਮਲਣਾ ਪਵੇ। ਨਾ ਮੈਨੂੰ ਪ੍ਰਚਾਰ ਕਰਨਾ ਪਵੇ, ਨਾ ਤੁਹਾਨੂੰ ਗੁੱਸਾ ਆਵੇ। ਉਹ ਦੱਸੋ ਭਈ, ਬੀਬੀਆਂ ਰਹਿਣਾ ਕਿ ਮਰਦ ਬਣਨਾ। (ਹੱਸਦੇ ਹੋਏ) ਓ ਬੋਲਦੇ ਨਹੀਂ। ਕੇਸ ਦਾਹੜਾ ਸਾਬਤ ਰੱਖੋ, ਅੰਮ੍ਰਿਤ ਛਕੋ, ਪੰਥ ਦੀ ਡਟ ਕੇ ਹਮਾਇਤ ਕਰੋ, ਸ਼ਸ਼ਤਰਧਾਰੀ ਹੋ ਕੇ ਆਪਣਾ ਹੱਕ ਲਵੋ। ਬੋਲਦਿਆਂ ਗ਼ਲਤੀ ਹੋਈ ਹੋਵੇ ਤਾਂ ਅਨਪੜ੍ਹ ਤੇ ਅਨਜਾਣ ਸਮਝ ਕੇ ਮੁਆਫ਼ ਕਰਿਉ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੪੦.

(ਗੁਰੂ ਰਾਮ ਦਾਸ ਲੰਗਰ, ਅੰਮ੍ਰਿਤਸਰ, ੧੩-੦੪-੧੯੮੪)

ਸਤਿਗੁਰੂ ਸੱਚੇ ਪਾਤਿਸ਼ਾਹ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਇਕੱਤਰ ਹੋਏ ਗੁਰੂ ਰੂਪ ਗੁਰੂ ਖ਼ਾਲਸਾ ਸਾਧ ਸੰਗਤ ਜੀਉ, ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਗੁਰੂ ਪਿਆਰੇ ਖ਼ਾਲਸਾ ਜੀਉ, ਵਿਸਾਖੀ ਦੇ ਪਵਿੱਤਰ ਦਿਹਾੜੇ 'ਤੇ ਆਪ ਸਭ ਨੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਰਸ਼ਨ ਦੀਦਾਰੇ ਅਤੇ ਪਵਿੱਤਰ ਸਰੋਵਰ ਦੇ ਇਸ਼ਨਾਨ ਕੀਤੇ ਹਨ, ਵਡਭਾਗੀ ਬਣੇ ਹੋ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਸੱਚੇ ਪਾਤਿਸ਼ਾਹ ਜੀ ਨੇ ਅੱਜ ਦੇ ਦਿਨ ਪੰਜਾਂ ਸਿੱਖਾਂ ਦੇ ਸਿਰਾਂ ਦੀ ਭੇਟਾ ਲੈ ਕੇ, ਪਵਿੱਤਰ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਖ਼ਾਲਸੇ ਦੀ ਸਾਜਨਾ ਕੀਤੀ ਅਤੇ ਪਰਿਵਾਰ ਵਾਰਨ ਦਾ ਬਚਨ ਦੇ ਕੇ ਪੰਜਾਂ ਪਿਆਰਿਆਂ ਤੋਂ ਆਪ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਤੇ ਗੁਰੂ ਖ਼ਾਲਸੇ ਵਿੱਚ ਅਤੇ ਖ਼ਾਲਸਾ ਗੁਰੂ ਵਿੱਚ ਲੀਨ ਹੋ ਗਏ। ਖ਼ਾਲਸੇ ਨੂੰ ਸ਼ਸ਼ਤਰਧਾਰੀ ਬਣਾਇਆ। ਆਪ ਸਭ ਨੂੰ ਖ਼ਾਲਸੇ ਦੇ ਜਨਮ ਦਿਨ ਦੀ ਲੱਖ-ਲੱਖ ਵਧਾਈ ਹੋਵੇ।

ਸ਼ਸ਼ਤਰਧਾਰੀ ਹੋ ਕੇ ਤਿਆਰ ਬਰ ਤਿਆਰ ਰਹਿਣ ਦੀ ਅਪੀਲ

ਮੇਰੀ ਤਾਂ ਬੇਨਤੀ ਆ ਅੱਜ ਵਿਸਾਖੀ 'ਤੇ ਆਉਣ ਦੀ ਤੁਹਾਨੂੰ ਸਾਰਿਆਂ ਨੂੰ। ਇੱਕ ਤਾਂ ਮੋਟਰ ਸਾਈਕਲ ਇੱਕ ਪਿੰਡ ਵਿੱਚ ਜ਼ਰੂਰ ਇੱਕ ਕਾਇਮ ਕਰੋ ਤੇ ੩ ਰਿਵਾਲਵਰ ਵਧੀਆ। ਜੇ ਤਾਂ ਇਕੱਲੇ ਇਕੱਲੇ ਗਾਤਰੇ ਪਾ ਲਉ ਤਾਂ ਬਹੁਤ ਚੰਗਾ। ਮੈਂ ਤਾਂ ਇਹ ਬੇਨਤੀ ਕਰੂੰਗਾ (ਕਿ) ਟੈਂਕ, ਤੋਪ, ਗਰਨੇਡ, ਬੰਬ, ਸਟੇਨ ਜੋ ਰੱਖ ਸਕਦੇ ਓ ਰੱਖੋ, ਕੋਈ ਰੁਕਾਵਟ ਨਹੀਂ ਗੀ। ਜੇ ਛੱਲੀ ਰਾਮ ੨੩੦ ਗਰਨੇਡ ਰੱਖ ਸਕਦਾ, ਸਾਨੂੰ ਕਲਗੀਧਰ ਦੇ ਪੁੱਤਾਂ ਨੂੰ ਪਾਬੰਧੀ ਕਿਉਂ ਆਂ ? ਜੇ ਦੇਸ਼ ਇੱਕੋ ਆ ਤੇ ਆਜ਼ਾਦੀ ਵੀ ਇੱਕੋ ਆ।

ਦਰਬਾਰ ਸਾਹਿਬ 'ਤੇ ਹਮਲਾ ਹੋਣ ਸਮੇਂ ਜਵਾਬ ਦੇਣ ਦੀ ਅਪੀਲ

ਬਾਕੀ ਇਹ ਵੀ ਬੇਨਤੀ ਆ ਸਾਰੀ ਸੰਗਤ ਨੂੰ, ਪੁਲੀਸ ਫਿਰਦੀ ਆ ਤਿਆਰੀਆਂ ਕਰਦੀ ਤੇ ਇਹਦਾ ਭੈ-ਭੂ ਜਿਹਾ ਮਨ 'ਚ ਲਿਆਇਉ ਨਾ। ਬੇਨਤੀ ਪ੍ਰਵਾਨ ਕਰ ਲਿਉ ਤੇ ਪਿੰਡ ਪਿੰਡ 'ਚ ਦੇ ਦਿਉ ਸੁਨੇਹਾ ਜਾ ਕੇ, ਕਿ ਪੁਲੀਸ ਕਿਤੇ ਇਥੇ ਚਾਰ ਦੁਆਰੀ ਦੇ ਅੰਦਰ ਆ ਗਈ ਤੇ

ਉਦੋਂ ਚਿੱਠੀ ਨਾ ਉਡੀਕਦੇ ਰਿਹੋ ਤੇ ਅਖ਼ਬਾਰ ਦੀ ਖ਼ਬਰ ਨਾ ਉਡੀਕਦੇ ਰਿਹੋ। ਉਦੋਂ ਪੰਜਾਬ ਦੀ ਧਰਤੀ 'ਤੇ ਛੱਲੀ ਰਾਮ ਨਹੀਂ ਦਿਸਣਾ ਚਾਹੀਦਾ ਕਿਤੇ ਵੀ। ਫਿਰ ਸਿੱਖਾਂ ਨੂੰ (ਖ਼ਤਰਾ) ਕੋਈ ਨਹੀਂ ਬਾਹਰਲਿਆਂ ਨੂੰ ਤੇ ਜੇ ਇਥੇ ਹਰਿਮੰਦਰ ਸਾਹਿਬ 'ਚ ਆਈ ਪੁਲੀਸ ਤੋਂ ਆਪਾਂ ਚੁੱਪ ਕਰਕੇ ਲਕੀਰ ਦੇ ਫ਼ਕੀਰ ਬਣ ਕੇ ਬੈਠੇ ਰਹੇ ਤੇ ਬਾਹਰ ਵਾਲੇ ਸਿੱਖਾਂ ਦਾ ਬੁਰਾ ਹਾਲ ਹੋਊਗਾ। ਪਹਿਲਾਂ ਵਾਰ ਨਹੀਂ ਕਰਨਾ। ਚਾਹੇ ਹਿੰਦੂ ਆ, ਚਾਹੇ ਮੁਸਲਮਾਨ ਆ, ਚਾਹੇ ਕਿਸੇ ਸ਼ੈਣੀ ਦਾ, ਪਹਿਲਾਂ ਕਿਸੇ 'ਤੇ ਵਾਰ ਨਾ ਕਰਿਉ। ਜੇ ਹਰਿਮੰਦਰ ਸਾਹਿਬ 'ਚ ਪੁਲਸ ਆਵੇ ਤੇ ਫਿਰ ਢਿੱਲ ਨਾ ਕਰਿਉ ਤੇ ਇੱਕ ਹਦਾਇਤ ਵੀ ਆ ਨਾਲ, ਜੇ ਹਰਿਮੰਦਰ ਸਾਹਿਬ 'ਚ ਪੁਲਸ ਆ ਜਾਵੇ ਤੇ ਇਹ ਕੰਮ ਚੱਲ ਪਵੇ ਤੇ ਕਿਸੇ ਦੀ ਧੀ ਭੈਣ ਆਪਣੇ ਘਰੇ ਆ ਜਾਵੇ ਤੇ ਉਹਦੀ ਇੱਜ਼ਤ ਨਾ ਲੁੱਟਿਉ, ਉਹਨੂੰ ਆਪਣੀ ਭੈਣ ਬਣਾ ਕੇ ਆਪਣੇ ਘਰੇ ਰੱਖਿਉ। ਇਹ ਹਦਾਇਤ ਜ਼ਰੂਰੀ ਹੈ ਤੇ ਬਾਕੀ ਇਹ ਨਾ ਫਿਕਰ ਕਰੋ ਕਿ ਸੰਤ ਜੀ ਜੇ ਇਥੇ ਆ ਗਏ ਤੇ ਤੁਸੀਂ ਕੀ ਕਰੋਗੇ ? ਕਈ ਪੁੱਛਦੇ ਆ ਅਖ਼ਬਾਰਾਂ ਵਾਲੇ ਕਿ ਤੁਸੀਂ ਜਵਾਬ ਕੀ ਦਿਉਗੇ ? ਮੈਂ ਕਿਹਾ ਆ ਕੇ ਵੇਖ ਲਿਉ। ਹੁਣ ਮੈਂ ਤੁਹਾਨੂੰ ਪਹਿਲਾਂ ਕੀ ਦੱਸਾਂ, ਉਹ ਆਉਣ ਹੀ ਨਾ ਤੇ ਮੈਂ ਐਵੇਂ ਲੰਗੋਟਾ ਖਿੱਚੀ ਫਿਰਾਂ। ਹਾਂ ਇਹ ਨਿਸਚੇ ਨਾਲ ਤੁਹਾਨੂੰ ਜ਼ਰੂਰ ਕਹਿਨਾਂ, ਭਈ ਜੇ ਕਿਤੇ ਇਕੱਠੇ ਆ ਗਏ, ਇੱਕ ਵੇਰਾਂ ਪਾਪ ਦੀ ਬੇੜੀ 'ਚ ਚੜ੍ਹ ਬੈਠੇ ਤੇ ਮਹਾਰਾਜ ਨੇ ਇਹਨਾਂ ਦੀ ਮੱਤ ਦਿੱਤੀ ਮਾਰ। ਇੱਕ ਲੱਖ ਦੀ ਢੇਰੀ ਪਹਿਲੇ ਪੂਰ 'ਚ ਜ਼ਰੂਰ ਲੱਗੂਗੀ ਹਰ ਹਾਲਤ। ਉਦੋਂ ਨੂੰ ਤੁਸੀਂ ਉੱਠ ਖੜੋਗੇ ਪਿੰਡਾਂ 'ਚ, ਤੁਸੀਂ ਸੁੱਤੇ ਤੇ ਨਹੀਂ ਰਹੋਗੇ।

ਖੁਸ਼ਵੰਤ ਸਿੰਘ ਦੀ ਸਲਾਹ

ਇੱਕ ਉਹ ਖੁਸ਼ਵੰਤ ਸਿੰਘ[੮੫] ਆ, ਮੈਂ ਤੇ ਇੱਕ ਵਾਰੀ ਮਾੜਾ ਜਿਹਾ ਵੇਖਿਆ ਉਹਨੂੰ। ਉਹ ਦਿੱਲੀ ਦਾ, ਬਹੁਤਾ ਇੰਦਰਾ ਦਾ ਬਣਿਆ ਪਿਆ। ਉਹਨੇ ਇੱਕ ਦਿਨ ਖ਼ਬਰ ਦੇ ਦਿੱਤੀ, ਅਖੇ ਜੀ ਅੱਤਵਾਦੀ ਤਿੰਨ ਕੁ ਸੌ ਈ ਆ, ਇਹਨਾਂ ਨੂੰ ਹੱਲਾ ਮਾਰ ਕੇ ਰਗੜ ਦੇਣਾ ਚਾਹੀਦਾ। ਖੁਸ਼ਵੰਤ ਸਿੰਹੁ ਦਿੱਲੀ ਤੋਂ ਆਂ ਕੋਈ। ਹੁਣ ਮੈਂ ਪਹਿਲਾਂ ਤੁਹਾਨੂੰ ਅੱਤਵਾਦੀ ਬਣਾ ਲਵਾਂ, ਫਿਰ ਹੋਰ ਥੋੜਾ ਜਿਹਾ ਅਗਾਂਹ ਤੁਰ ਪਵਾਂਗਾ ਤੇ ਨਾਲੇ ਆਹ ਜਿਹੜੇ ਸੀ.ਆਈ.ਡੀ. ਵਾਲੇ ਆਏ ਆ, ਸੁੱਕੇ ਨਹੀਂ ਜਾਣਗੇ, ਬਾਹਾਂ ਤੇ ਇਹਨਾਂ ਨੂੰ ਖੜ੍ਹੀਆਂ ਕਰਨੀਆਂ ਈ ਪੈਣੀਆਂ।

ਗੌਰਮੈਂਟ ਨੇ ਅੱਤਵਾਦੀ ਉਹਨਾਂ ਨੂੰ ਕਹਿਣਾ ਸ਼ੁਰੂ ਕੀਤਾ, ਜਿਹੜਾ ਆਪ ਅੰਮ੍ਰਿਤਧਾਰੀ ਹੋਵੇ ਤੇ ਦੂਜੇ ਨੂੰ ਅੰਮ੍ਰਿਤ ਛਕਾਵੇ। ਆਪ ਬਾਣੀ ਪੜ੍ਹਦਾ ਤੇ ਦੂਜੇ ਨੂੰ ਪੜ੍ਹਾਵੇ। ਜਿਹੜਾ ਕਹਿੰਦਾ ਕਿ ਹਿੰਦੂ ਪੱਕਾ ਹਿੰਦੂ ਬਣੇ, ਮੁਸਲਮਾਨ ਪੱਕਾ ਮੁਸਲਮਾਨ ਬਣੇ, ਸਿੱਖ ਪੱਕਾ ਆਪਣੇ ਧਰਮ 'ਚ ਰਹੇ। ਜਿਹਨਾਂ ਗੁਰਦੁਆਰਿਆਂ ਨੂੰ ਅੱਗਾਂ ਲਾਈਆਂ, ਸਰੂਪ ਸਾੜੇ, ਧੀਆਂ ਭੈਣਾਂ ਦੀ ਇੱਜ਼ਤ ਲੁੱਟੀ ਆ, ਉਹਨਾਂ ਨੂੰ ਗੱਡੀ ਚੜ੍ਹਾਉਣ ਦਾ ਆਪ ਇੱਛੁਕ ਹੋਵੇ ਤੇ ਦੂਜਿਆਂ ਨੂੰ ਚੜ੍ਹਾਉਣ ਲਈ ਪ੍ਰੇਰਨਾ ਕਰਨ ਦਾ ਵੀ ਹਾਮੀ ਹੋਵੇ। ਹੱਕ ਲੈਣ ਦਾ, ਮਾਰਨ ਦਾ ਨਹੀਂ। ਸਿੱਖ ਕਾਤਲ ਨਹੀਂ, ਸਿੱਖ ਹੱਕ ਲੈਂਦਾ। ਕਾਤਲ ਅਸੀਂ ਉਹਨੂੰ ਕਹਿਨੇ ਆ, ਜਿਹੜਾ ਪਹਿਲਾਂ ਵਾਰ ਕਰਦਾ। ਜਿਹੜਾ ਪਿੱਛੋਂ ਵਾਰ ਕਰਕੇ ਹੱਕ ਲੈਣਾ, ਕਾਤਲ ਨਹੀਂ ਉਹ ਕਿਹਾ ਜਾ ਸਕਦਾ ਕਦੇ ਵੀ ਤੇ ਮੈਂ ਤੇ ਇਹੋ ਜਿਹਾ ਹਾਂ। ਅੰਮ੍ਰਿਤ ਵੀ ਛਕਾਉਣਾ ਤੇ ਬਾਣੀ ਜਿੰਨੀ ਕੁ ਆਉਂਦੀ ਆ ਮਾੜੀ ਮੋਟੀ ਉਨੀ ਮੈਂ ਪੜ੍ਹਦਾਂ ਤੇ ਜਿਹਨਾਂ ਧੀਆਂ ਭੈਣਾਂ ਦੀ ਇਜ਼ਤ ਲੁੱਟੀ, ਉਹਨਾਂ ਦਾ

ਹੱਕ ਵੀ ਲੈਣਾ, ਪੰਥ ਦੀ ਹਮਾਇਤ ਵੀ ਕਰਨੀ ਆਂ। ਗੁਰੂ ਦੇ ਲੜ ਲਾਉਣਾ ਤੇ ਕੇਸਰੀ ਨਿਸ਼ਾਨ ਸਾਹਿਬ ਦੇ ਥੱਲੇ ਰਹਿਣਾ। ਜੇ ਤਾਂ ਤੁਸੀਂ ਸਾਰੇ ਇਹੋ ਜਿਹੇ ਅੱਤਵਾਦੀ ਹੋਂ ਤੇ ਜਦੋਂ ਮੈਂ ਜੈਕਾਰਾ ਛੱਡਾਂ ਤੇ ਬਾਹਾਂ ਖੜ੍ਹੀਆਂ ਕਰਕੇ ਸਬੂਤ ਦੇ ਦਿਉ, ਪਰ ਗੱਲ ਇਹ ਆ ਭਈ ਐਵੇਂ ਵਿਖਾਵੇ ਮਾਤਰ ਬਾਂਹ ਨਾ ਖੜ੍ਹੀ ਕਰਿਉ ਮੇਰੇ ਕੋਲ। ਮੈਂ ਲੀਡਰ ਨਹੀਂ ਗਾ ਤੇ ਨਾ ਇਹ ਪੋਲੀਟੀਕਲ ਸਟੇਜ ਆ। ਗੁਰੂ ਕੇ ਲੰਗਰ 'ਚ ਬੈਠੇ ਓ, ਬਾਂਹ ਤਾਂ ਖੜ੍ਹੀ ਕਰਿਉ ਜੇ ਪੱਕੇ ਅੱਤਵਾਦੀ ਬਣ ਕੇ ਸ਼ਹੀਦਾਂ ਦਾ ਹੱਕ ਲੈਣਾ ਤੇ ਗਲ਼ੋਂ ਗ਼ੁਲਾਮੀ ਲਾਹੁਣੀ ਆਂ। ਜੇ ਤਾਂ ਗੁਰੂ ਦੇ ਸਿੱਖ ਆਂ, ਸਿੱਖਾਂ ਦੇ ਪੁੱਤਰ ਆਂ ਤੇ ਮੈਨੂੰ ਆਪਣਾ ਭਰਾ ਸਮਝਦੇ ਆਂ ਤੇ ਧੀਆਂ ਭੈਣਾਂ ਦੀ ਇਜ਼ਤ ਨਾਲ ਪਿਆਰ ਆ, ਫਿਰ ਤਾਂ ਕਰਿਉ ਬਾਂਹ ਖੜ੍ਹੀ ਤੇ ਜੇ ਤੁਹਾਡੇ ਚੋਂ ਕੋਈ ਇੰਦਰਾ ਦਾ ਸਿੱਖ ਆ ਜਾਂ ਜੰਡ ਨੂੰ ਸੰਧੂਰ ਭੁੱਕਣ ਦਾ ਸਿੱਖ ਆ ਤੇ ਪਿੱਪਲ ਨੂੰ ਪਾਣੀ ਪਾਉਣ ਦਾ ਸਿੱਖ ਆ। ਚਰਖੇ ਤੇ ਬੱਕਰੀ ਦਾ ਸਿੱਖ ਆ, ਰਾਧਾ ਸੁਆਮੀ ਤੇ ਨਰਕਧਾਰੀਆਂ ਦਾ ਸਿੱਖ ਆ ਤੇ ਲਾਲ ਕੁੜਤੀ ਦਾ ਸਿੱਖ ਆ, ਉਹ ਬਾਂਹ ਨਾ ਜੇ ਖੜ੍ਹੀ ਕਰਿਉ। ਇਹ ਆਪ ਦਾ ਵਿਚਾਰ ਲਿਉ ਮਨਾਂ 'ਚ। ਗੁਰੂ ਦੇ ਸਿੱਖ ਓ, ਸਿੱਖਾਂ ਦੇ ਪੁੱਤਰ ਓ, ਸਿੱਖੀ ਨਾਲ ਪਿਆਰ ਆ, ਮੋਟਰ ਸਾਈਕਲ 'ਤੇ ਚੜ੍ਹਨ ਦੀ ਇੱਛਾ ਤੇ ਸ਼ਹੀਦਾਂ ਦਾ ਹੱਕ ਲੈਣਾ ਤੇ ਜਿਹਨਾਂ ਨੇ ਗੁਰੂ ਗਰੰਥ ਸਾਹਿਬ ਦੇ ਸਰੂਪ ਨੂੰ ਅੱਗਾਂ ਲਾਈਆਂ, ਉਹ ਭਜਨ ਲਾਲ ਵਰਗਿਆਂ ਨੂੰ ਗੱਡੀ ਚੜ੍ਹਾਉਣਾ ਤੇ ਫਿਰ ਬਾਂਹ ਖੜ੍ਹੀ ਕਰਿਉ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸੋ ਤੁਹਾਡਾ ਸਾਰਿਆਂ ਦਾ ਬਹੁਤ ਬਹੁਤ ਧਨਵਾਦ ਆ, ਪਰ ਇਹ ਹੁਣ ਪ੍ਰੈੱਸ ਵਾਲਿਉ ਤੁਸੀਂ ਵੇਖ ਲਿਉ, ਖੁਸ਼ਵੰਤ ਸਿੰਘ ਕਹਿੰਦਾ ੩੦੦ ਅੱਤਵਾਦੀ ਆ। (ਇੱਕ ਸਿੰਘ ਵੱਲ ਇਸ਼ਾਰਾ ਕਰਕੇ ਕਹਿੰਦੇ ਹਨ) ਆਹ ਗਿਣਤੀ ਕਰ ਖਾਂ ਕਿੰਨੇ ਆਂ ? ਇਹ ਸਾਰੇ ਅੱਤਵਾਦੀ ਆ ਤੇ ਨਾਲੇ ਜਿਹੜੇ ਥੱਲੇ, ਜਿਹਨਾਂ ਨੂੰ ਸਪੀਕਰ ਸੁਣਦਾ ਬਾਹਵਾਂ ਉਹਨਾਂ ਦੀਆਂ ਵੀ ਖੜ੍ਹੀਆਂ ਹੋਈਆਂ। ਆਹ ਥੋੜ੍ਹੇ ਦਿਨ ਹੋ ਗਏ ਇੱਕ ਅਖ਼ਬਾਰ ਵਾਲਾ ਆ ਗਿਆ, ਇੰਗਲੈਂਡ ਦਾ ਸੀ ਖੋਨੀ ਕਿ ਕਿੱਥੋਂ ਦਾ ਸੀ, ਬਾਹਰ ਦਾ ਹੀ ਸੀ। ਦੇਸ਼ ਤਾਂ ਮੈਨੂੰ ਯਾਦ ਨਹੀਂ ਰਿਹਾ। ਉਹ ਆਣ ਕੇ ਪੁੱਛਦਾ, 'ਬਿੰਡਰਾਂਵਾਲੇ ਬਾਬਾ ਜੀ ਆਹ ਗੌਰਮੈਂਟ ਤੇਰੇ ਪਿੱਛੇ ਇੰਨੀ ਕਿਉਂ ਲੱਗੀ ਆ ਅਖੇ ?' ਮੈਂ ਉਹਨੂੰ ਥੋੜਾ ਜਿਹਾ ਜਵਾਬ ਤਾਂ ਹਾਸਰਸ ਨਾਲ ਦਿੱਤਾ ਸੀ ਤੇ ਸ਼ਰਮਿੰਦਾ ਜਿਹਾ ਹੋ ਗਿਆ। ਮੈਂ ਆਖਿਆ ਗੁਰਮਤਿ ਦੀ ਮਰਿਯਾਦਾ, ਜਦੋਂ ਅਨੰਦ ਕਾਰਜ ਹੋਵੇ ਬੰਦਾ ਅੱਗੇ ਅੱਗੇ ਤੇ ਬੀਬੀ ਪਿੱਛੇ ਹੁੰਦੀ ਆ (ਹੱਸਦੇ ਹੋਏ) ਇਸ ਵਾਸਤੇ ਉਹ ਪਿੱਛੇ ਲੱਗੀ ਆ। ਮੈਨੂੰ ਕਹਿੰਦਾ ਤੁਸੀਂ ਮਖੌਲ ਕੀਤਾ ? ਮੈਂ ਕਿਹਾ ਤੇਰਾ ਜਿਹੜਾ ਪ੍ਰਸ਼ਨ ਸੀ ਉਹਦਾ ਉੱਤਰ ਦਿੱਤਾ ਜਾਂ ਤੇ ਤੂੰ ਪੁੱਛ ਭਈ ਤੇਰੇ ਮਗਰ ਗੌਰਮੈਂਟ 'ਪਈ' ਕਿਉਂ ਆਂ, 'ਲੱਗੀ' ਦਾ ਅਰਥ ਤਾਂ ਇਹੀ ਬਣਨਾ।

ਸੋ ਇਸ ਵਾਸਤੇ ਬੇਨਤੀ ਆ ਤੁਹਾਨੂੰ ਸਾਰਿਆਂ ਨੂੰ, ਸਿੱਖੀ ਵਾਲੇ ਪਾਸੇ ਧਿਆਨ ਦਿਉ ਤੇ ਪੱਕੇ ਅੱਤਵਾਦੀ ਬਣੋ। ਇੱਕ ਆਪਸ ਵਿੱਚ ਨਾ ਲੜ ਪਿਆ ਕਰੋ। ਆਹ ਮੈਨੂੰ ਕਈ ਕਹਿੰਦੇ ਜੀ ਤੁਸੀਂ ਵੀ ਲੜੇ ਆਂ। ਸਬਤੂ ਹੈ ਤੁਹਾਡੇ ਕੋਲ ਸਾਡੇ ਲੜਨ ਦਾ ਕੋਈ। ਇੱਕੋ ਇੱਕ ਸਬੂਤ ਆ ਨਾ ਕਿ ਬੋਲੇ ਨਹੀਂ, ਪਰ ਇੱਕੀਆਂ ਮਹੀਨਿਆਂ 'ਚ ਮੇਰੇ ਵੱਲੋਂ ਦੱਸੋ ਭਈ ਕੀ ਵਾਧਾ ? ਤੇ ਕਈ ਭਰਾ ਕਹਿੰਦੇ ਏਕਤਾ ਕਰ ਲਉ ਤੇ ਏਕਤਾ ਹੋਈ ਹੋਈ ਆ। ਉਹ ਗਾਲ਼ਾਂ ਕੱਢਦੇ (ਨੇ)

ਮੈਂ ਸੁਣੀ ਜਾਨਾਂ। (ਉਹ) ਗਾਲ਼ਾਂ ਕੱਢਣੋਂ ਹਟ ਜਾਣ ਗੱਲ ਮੁੱਕੀ। ਮੇਰੇ ਵੱਲੋਂ ਤਾਂ ਪਹਿਲਾਂ ਹੀ ਹੈਨ੍ਹੀ ਕੁਝ। ਚੌਕੀਦਾਰਾ ਤੁਹਾਡਾ ਕਰਨਾ, ਜਿਹੜਾ ਕਰਾਉਣਾ ਦੱਬ ਕੇ ਕਰਵਾ ਲਉ ਤੇ ਬਾਕੀ ਆਹ ਸ਼ੰਕਾ ਨਾ ਰੱਖਿਉ ਮਨ 'ਚ।

ਸਰਕਾਰ ਅਤੇ ਅਕਾਲੀ ਦਲ ਵਿੱਚ ਸਮਝੌਤੇ ਦੀ ਚਰਚਾ

ਕਈ ਵੀਰ ਕਹਿੰਦੇ ਭਿੰਡਰਾਂਵਾਲਿਆ ਐਤਕੀਂ ਜੂਸ ਤਾਂ ਨਹੀਂ ਮੂੰਹ ਨੂੰ ਲੱਗੂ ? ਐਤਕੀਂ ਜੂਸ ਨਹੀਂ ਲੱਗਦਾ, ਟਾਂਡਿਆਂ ਵਾਲੀ ਰਹੂ ਜਾਂ ਭਾਂਡਿਆਂ ਵਾਲੀ, ਅਧਵਾਟੇ ਜਿਹੇ ਕੰਮ ਨਹੀਂ ਖੜੋਂਦਾ ਪਰ ਜੇ ਤੁਸੀਂ ਕਾਇਮ ਰਹੋਂਗੇ ਤੇ ਜੇ ਤੁਸੀਂ ਵੀ ਲਕੀਰ ਦਾ ਫ਼ਕੀਰ ਬਣ ਕੇ, ਉਹ ਦੋ ਕੁ ਘੁੱਟਾਂ ਪਾਣੀ ਹੋਰ ਮਿਲ ਗਿਆ ਤੇ ਚੰਡੀਗੜ੍ਹ ਮਿਲ ਗਿਆ, ਚਾਰ ਕੁ ਪਿੰਡ ਲੈ ਕੇ ਤੁਰਦੇ ਹੋਵੋਂ ਤੇ ਇਹਦੇ ਨਾਲ ਸਿੱਖੀ ਨਹੀਂ ਬਚਣੀ। ਇਸ ਪਾਸੇ ਧਿਆਨ ਆਪਾਂ ਨੂੰ ਸਾਰਿਆਂ ਨੂੰ ਦੇਣਾ ਪੈਣਾ ਤੇ ਕਈ ਇਹ ਵੀ ਕਹਿੰਦੇ ਨੇ ਲਾਇਸੈਂਸ ਬਣਦੇ ਨਹੀਂ ਕਰੀਏ ਕੀ ? ਮੈਂ ਤੇ ਵੈਸੇ ਇਸ ਹੱਕ ਵਿੱਚ ਹਾਂ ਜੇ ਨਹੀਂ ਬਣੇ ਤਾਂ ਚੰਗਾ। ਲਾਇਸੈਂਸ ਕਰਨੇ ਕੀ ਆ ? ਤੁਸੀਂ ਜਿੰਨੇ ਬੈਠੇ ਓ, ਤੁਹਾਡੇ ਸਾਰਿਆਂ ਦੀ ਗਿਣਤੀ ਕਰ ਲਉਂ, ਮਸਾਂ ਪ ਬੰਦੇ ਨਿਕਲੋਗੇ ਜਿਹੜੇ ਬਿਜਲੀ ਦਾ ਬਿੱਲ ਭਰ ਸਕਦੇ ਹੋਵੋਗੇ, ਮਸਾਂ ਪ। ਬਾਕੀ ਤੋਂ ਨਾ ਤਾਂ ਬਿਜਲੀ ਦਾ ਬਿੱਲ ਦਿੱਤਾ ਜਾਂਦਾ, ਨਾ ਮਾਮਲਾ ਦਿੱਤਾ ਜਾਂਦਾ। ਰਾਈਫਲਾਂ ਕਿੱਥੋਂ ਲਵੋਗੇ ? ਇਹਨਾਂ ਨੂੰ ਖਰੀਦਣ ਦਿਉ। ਛਿੱਲ ਤੁਹਾਡੀ ਲਾਹ ਜਾਂਦੇ, ਟੈਕਸ ਲਾ ਲਾ ਕੇ ਪੂਰੀ। ਬਾਕੀ ਤੱਕੜੀ ਨੇ ਲਾਹ ਲਈ ਆ ਤੇ ਇਹ ਸਾਰੇ ਜਦੋਂ ਖਰੀਦ ਲੈਣਗੇ ਤੇ ਫੜ ਕੇ ਮਾਰ ਕੇ ਹੱਲਾ ਖੋਹ ਲਿਉ ਇਹਨਾਂ ਤੋਂ, ਪਰ ਪਹਿਲਾਂ ਨਹੀਂ ਕੁਝ ਕਹਿਣਾ।

ਹਿੰਦੂ

ਆਹ ਕੱਲ ਇੱਕ ਆਇਆ ਸੀ, ਅੱਜ ਵੀ ਸ਼ਾਇਦ ਉਥੇ ਬੈਠੇ ਹੋਣ ਕੁਝ। ਆਹ ਬੈਠੇ ਆ, ਕੱਲ ਪੁੱਛਦੇ ਸੀ ਮੈਨੂੰ, ਅਖੇ ਜੀ ਹਿੰਦੂਆਂ ਬਾਰੇ ਕੀ ਖ਼ਿਆਲ ਆ ? ਇਹ ਕਦੇ ਵੀ ਆ ਕੇ ਕਿਸੇ ਪੁੱਛਿਆ, ਤੁਹਾਡਾ ਸਿੱਖਾਂ ਦਾ ਕੀ ਹਾਲ ਆ ? ਇੱਕੀਆਂ ਮਹੀਨਿਆਂ ਵਿੱਚ ਕਿੰਨੇ ਪ੍ਰੈੱਸ ਰਿਪੋਰਟਰ ਆਏ ਨੇ। ਇਹ ਆਣ ਕੇ ਇਹੀ ਪੁੱਛਦੇ ਆ, ਸੰਤ ਜੀ, ਹਿੰਦੂਆਂ ਬਾਰੇ ਤੁਹਾਡਾ ਕੀ ਖ਼ਿਆਲ ਆ ? ਜਦ ਹਿੰਦੂ ਹੈ ਹੀ ਨਹੀਂ, ਫਿਰ ਖ਼ਿਆਲ ਕੀ ਹੋਣਾ ਹਿੰਦੂਆਂ ਬਾਰੇ। ਹਿੰਦੂ ਤਾਂ ਜੰਮਦਾ ਈ ਨਹੀਂ। ਆਹ ਪੜ੍ਹਿਉ ਲਿਖਿਉ ਖਾਸ਼ ਕਰਕੇ ਤੁਹਾਡੇ ਦਿਮਾਗਾਂ 'ਚ, ਜਿਹੜੀ ਚੀਜ਼ ਕੁੱਟ ਕੇ ਬੈਠਾਈ (ਆ), ਉਹਨੂੰ ਕੱਢੋ ਅੰਦਰੋਂ। ਅਖੇ ਜੀ ਹਿੰਦੂ ਸਾਡੇ ਵੱਡੇ ਭਾਈ ਤੇ ਸਿੱਖ ਅਸੀਂ ਛੋਟੇ ਭਾਈ ਤੇ ਜੇ ਮੈਂ ਪੁੱਛਾਂ ਭਈ ਹਿੰਦੂ ਹੈ ਹੀ ਕੋਈ ਨਹੀਂ ਤੇ ਭਾਈ ਵੱਡਾ ਕਿੱਥੋਂ ਬਣਿਆ ? ਜਿਹੜਾ ਜੰਮਿਆਂ ਈ ਨਹੀਂ, ਉਹ ਬਣ ਕਿੱਥੋਂ ਗਿਆ ? ੩੩ ਕਰੋੜ ਦੇਵਤਾ, ੯ ਕਰੋੜ ਦੇਵੀ ਆ, ਸਵਾ ਲੱਖ ਪੈਗੰਬਰ, ੮੪ ਸਿੱਧ, ੫੨ ਬੀਰ, ੬ ਜਤੀ ਤੇ ੧੦ ਗੁਰੂ ਆ, ਕਿਸੇ ਇੱਕ ਦਾ ਵੀ ਮੂੰਹ ਸਿਰ ਮੁੰਨਿਆਂ। ਕਿਸੇ ਦਾ ਵਿਖਾਉ ਇਤਿਹਾਸ 'ਚ ਲਿਖਿਆ। ਸਾਰੇ ਕੇਸਾਧਾਰੀ ਆ ਤੇ ਸਿੱਖ ਦੀ ਨਿਸ਼ਾਨੀ ਆ ਕੇਸ ਦਾਹੜਾ ਮੁੱਢਲੀ। ਹਿੰਦੂ ਦੀ ਨਿਸ਼ਾਨੀ ਆਂ ਚੋਟੀ, ਧੋਤੀ, ਟੋਪੀ ਤੇ ਜਨੇਊ ਤੇ ਤਿਲਕ। ਮੁਸਲਮਾਨ ਦੀ ਨਿਸ਼ਾਨੀ ਆ ਲਬਾਂ ਕੱਟੀਆਂ, ਸੁਨਤ ਕੀਤੀ, ਪੰਜ ਨਮਾਜ਼ਾਂ ਪੜ੍ਹੇ ਤੇ ਕੁਰਾਨ ਦਾ ਪਾਠੀ

ਹੋਵੇ। ਇਹ ਕਿਹੜਾ ਜਿਹਦੀ ਸੁਨਤ ਕੀਤੀ ਆ ਤੇ ਜੰਮਦਾ ? ਕਿਹੜਾ ਜਿਹੜਾ ਜਨੇਊ ਲੈ ਕੇ ਜੰਮਦਾ ? ਜਿਹੋ ਜਿਹੇ ਜੰਮੇ ਆਂ ਜੇ ਸਾਰੇ ਉਹੋ ਜਿਹੇ ਰਹੀਏ। ਤੁਰੇ ਜਾਂਦੇ ਨੂੰ ਕੋਈ ਬਾਬੂ ਤੇ ਲਾਲਾ ਕਹਿ ਕੇ ਅਵਾਜ਼ ਨਹੀਂ ਮਾਰਦਾ। ਸਾਰੇ ਸਰਦਾਰ ਜੀ ਕਹਿ ਕੇ ਅਵਾਜ਼ ਮਾਰਨਗੇ। ਭਾਵੇਂ ਕਿਸੇ ਜ਼ਾਤੀ ਦਾ, ਕਿਸੇ ਦੇਸ਼ ਦਾ ਤੇ ਹੁਣ ਤੁਸੀਂ ਦੱਸੋ ਭਾਈ ਪਹਿਲਾਂ ਸਿੱਖ ਜੰਮੇ ਕਿ ਹਿੰਦੂ ਜੰਮੇ ਆਂ ? ਕਿਉਂ ਭਈ ਬੋਲਦੇ ਨਹੀਂ ਤੇ ਜੇ ਸਿੱਖ ਜੰਮੇ ਆਂ ਤੇ ਤੁਹਾਨੂੰ ਇਹ ਕਿੰਨੇ ਸਿਖਾਇਆ ਕਿ ਹਿੰਦੂ ਸਾਡੇ ਵੱਡੇ ਭਾਈ ਆ ? ਭਾਈ (ਵੱਡਾ) ਜਿਹੜਾ ਜੇਠਾ ਹੋਵੇ ਉਹ ਹੁੰਦਾ ਕਿ ਜਿਹੜਾ ਸੱਤਾਂ ਅੱਠਾਂ ਪਿੱਛੋਂ ਜੰਮਿਆ ਹੋਵੇ ਉਹ ਹੁੰਦਾ ? ਕੈਂਚੀ ਤੇ ਪਛਣਾ ਦੋਵੇਂ ਫਿਰਕਾਪ੍ਰਸਤੀ ਦੇ ਪ੍ਰਤੀਕ ਆ, ਕ੍ਰਿਪਾਨ ਏਕਤਾ ਦੀ ਪ੍ਰਤੀਕ ਆ। ਕੈਂਚੀ ਪਛਣੇ ਨਾਲ ਮੂੰਹ ਸਿਰ ਮੁੰਨ ਦੇਈਏ ਤੇ ਹਿੰਦੂ ਬਣ ਜਾਂਦਾ। ਲਬਾਂ ਕੱਟ ਕੇ ਸੁਨਤ ਕਰ ਦੇਈਏ ਮੁਸਲਮਾਨ ਬਣ ਜਾਂਦਾ ਤੇ ਕ੍ਰਿਪਾਨ ਨਾਲ ਸਿਰ ਵੱਢ ਦੇਈਏ ਅੱਜ ਦੇ ਦਿਨ (ਵਿਸਾਖੀ 'ਤੇ) ੧੭੫੬ ਬਿਕਰਮੀ ੧੬੯੯ ਈ:, ਅੱਜ ਦੇ ਦਿਨ ਕ੍ਰਿਪਾਨ ਨਾਲ ਸਿਰ ਵੱਢ ਦੇਈਏ ਤੇ ਗੁਰੂ ਕਾ ਰੂਪ ਬਣ ਜਾਂਦਾ। ਪੰਜ ਵਰਗ ਦੇ ਪਛੜੇ ਲੋਕਾਂ ਨੂੰ, ਇਕੱਠਿਆਂ ਕਰਕੇ ਕ੍ਰਿਪਾਨ ਨਾਲ ਵੱਢ ਕੇ, ਅੰਮ੍ਰਿਤ ਦੇ ਬਾਟੇ ਕੋਲ ਲਿਜਾ ਕੇ, ਆਪਣਾ ਰੂਪ ਬਣਾਇਆ, ਪਰ ਸਿੰਘੋ ਅੱਜ ਉਸ ਗੁਰੂ ਦੇ ਪੁੱਤਰ ਹੋ ਕੇ ਆਪਣਾ ਹਾਲ ਕੀ ਆ ? ਪਹਿਲਾਂ ਆਪਣੇ ਮੂੰਹਾਂ ਵੱਲ ਝਾਕੀਏ ਆਪਾਂ। ਕਿੰਨੀ ਨੌਜੁਆਨ ਪੀੜੀ ਆ, ਜਿਹਦੇ ਮੂੰਹ 'ਤੇ ਦਾਹੜਾ ? ਪੁਰਾਤਨ ਸਿੱਖ ਪੜ੍ਹਦੇ ਹੁੰਦੇ ਸਨ ਪਹਿਲਾਂ,

ਮੇਰਾ ਸਿਰ ਜਾਵੇ ਤਾਂ ਜਾਵੇ ॥
ਮੇਰਾ ਸਿਖੀ ਸਿਦਕ ਨਾ ਜਾਵੇ ॥

ਤੇ ਨੌਜੁਆਨ ਪੀੜ੍ਹੀ ਨੇ ਇਹ ਰਸਤਾ ਅਖ਼ਤਿਆਰ ਕਰ ਲਿਆ ਕਿ,

ਧਰਮ ਜਾਵੇ ਤਾਂ ਜਾਵੇ ॥
ਦਾਹੜੀ ਸਾਡੇ ਮੂੰਹ 'ਤੇ ਨਾ ਆਵੇ ॥

ਕਿਹਦੇ ਲਿਆਉਣੀ ਤੁਸੀਂ ਇਹ ? ਪੁੱਤਰਾਂ ਦਾ ਦਾਨੀ ਨਾਹਰਾ ਲਾਉਂਦਾ ਤੇ ਇਹ ਕਹਿ ਰਿਹਾ :

ਪੰਥ ਵਸੇ ਮੈਂ ਉਜੜਾਂ, ਮਨ ਚਾਉ ਘਨੇਰਾ ॥

.....

ਸੁਖੀ ਬਸੈ ਮੋਰੋ ਪਰਿਵਾਰਾ ॥
ਸੇਵਕ ਸਿਖ ਸਭੈ ਕਰਤਾਰਾ ॥ (ਚੌਪਈ, ਪਾ: ੧੦)

ਕਲਗੀਧਰ ਇਹ ਬਚਨ ਕਹਿਣ ਤੇ ਅੱਜ ਕਲਗੀਧਰ ਨੂੰ ਮੰਨਣ ਵਾਲਾ ਨੌਜੁਆਨ ਸਿੱਖ ਜਾ ਕੇ ਨਾਈ ਅੱਗੇ ਬੈਠ ਜਾਵੇ, ਇਦੋਂ ਵੱਡੀ ਸ਼ਰਮ ਵਾਲੀ ਸਿੱਖ ਵਾਸਤੇ ਕਿਹੜੀ ਗੱਲ ਆ ਹੋਰ ? ਮੈਂ ਬੇਨਤੀ ਕਰਾਂਗਾ ਨੌਜੁਆਨੋਂ, ਜਿੱਥੇ ਜਿੱਥੇ ਬੈਠੇ ਆਂ, ਅੱਜ ਪ੍ਰਣ ਕਰਕੇ ਜਾਉ। ਜੇ ਤਾਂ ਗੁਰੂ ਦੇ ਪੁੱਤਰ ਹੋ ਤੇ ਮੇਰੇ ਭਰਾ ਹੋ ਤੇ ਮੈਨੂੰ ਭਰਾ ਬਣਾਉਣਾ ਚਾਹੁਨੇ ਆਂ। ਫਿਰ ਤੇ ਕੇਸ ਦਾਹੜਾ ਰੱਖ ਕੇ, ਸ਼ਰਾਬ ਜਾਉ ਛੱਡ ਕੇ ਤੇ ਜੇ ਪਿਉ ਦੇ ਨਹੀਂ ਬਣਨਾ ਤੇ ਫਿਰ ਮਰਜੀ ਤੁਹਾਡੀ। ਕਲਗੀਧਰ ਨੇ ਸਾਰਾ ਸਰਬੰਸ ਕੁਰਬਾਨ ਕੀਤਾ ਆਪਣੇ ਤੋਂ ਤੇ ਆਪਾਂ ਕੇਸ ਦਾਹੜਾ ਵੀ ਨਹੀਂ ਰੱਖ ਸਕਦੇ ਤੇ ਆਪਾਂ ਕਿਲਾ ਕਿਹੜਾ ਢਾਹ ਦਿਆਂਗੇ। ਇੰਨਾ ਦੱਸੋ ਜਿਹੜਾ ਮੁੰਡਾ ਪਿਉ ਵਰਗਾ ਨਹੀਂ ਲੱਗਦਾ ਕੀ ਕਹਿੰਦੇ

ਨੇ ਪਿੰਡਾਂ 'ਚ ? ਆਹ ਜਿਹਨਾਂ ਜਿਹਨਾਂ ਕੋਲ ਬੈਠੇ ਆ ਪੁੱਛ ਲਉ, ਇਦੋਂ ਵੱਧ ਕਹਿਣਾ ਨਹੀਂ। ਦੱਸੋ ਭਾਈ ਆਹ ਗਲਾ ਕਿਉਂ ਬੰਦ ਹੋ ਗਿਆ, ਬੋਲਦੇ ਕਿਉਂ ਨਹੀਂ ? ਇੱਕ ਜਾਣਾ ਤੇ ਬੋਲੋ ਵਿੱਚੋਂ। ਆਹ ਜਿਹੜੀਆਂ ਬਾਹਾਂ ਖੜ੍ਹੀਆਂ ਕੀਤੀਆਂ, ਨਾਲ ਆਪਣੇ ਸੀ.ਆਈ.ਡੀ. ਵਾਲਿਆਂ ਵੀ ਕਰ ਦਿੱਤੀਆਂ। ਵੇਖ ਲਉ ਜੇ ਤਾਂ ਦਸਵੇਂ ਪਾਤਿਸ਼ਾਹ ਦੇ ਸਿੱਖ ਹਾਂ, ਫਿਰ ਤਾਂ ਧਾਰਨ ਕਰ ਲਈਏ ਤੇ ਜੇ ਕਿਸੇ ਹੋਰ ਦੇ ਆਂ ਤੇ ਫਿਰ ਤੁਹਾਡੀ ਮਰਜੀ। ਮੈਂ ਤਾਂ ਜੋ ਬੇਨਤੀ ਕਰਨੀ ਫਰਜ਼ ਸਮਝਿਆ, ਉਹ ਕਰ ਦਿੱਤੀ ਆ, ਅੱਗੋਂ ਤੁਹਾਡੀ ਮਰਜੀ। ਵੱਧ-ਘੱਟ ਬੋਲਿਆ ਗਿਆ ਹੋਵੇ ਤਾਂ ਸੰਗਤ ਮੁਆਫ਼ ਕਰਿਉ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ - ੪੧.

(ਗੁਰੂ ਰਾਮਦਾਸ ਲੰਗਰ, ਅੰਮ੍ਰਿਤਸਰ, ੧੯-੦੪-੧੯੮੪)

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਪਿਆਰੇ ਖ਼ਾਲਸਾ ਜੀ, ਸਭ ਤੋਂ ਪਹਿਲਾਂ ਤਾਂ ਮੈਂ ਤੁਹਾਡੇ ਕੋਲੋਂ ਖਿਮਾਂ ਮੰਗਦਾਂ ਕਿ ਤੁਹਾਨੂੰ ਬਹੁਤਾ ਚਿਰ ਹੋ ਗਿਆ ਬੈਠਿਆਂ ਨੂੰ ਤੇ ਉੱਪਰ ਕੋਈ ਵਿਚਾਰ ਚੱਲਦੀ ਕਰਕੇ ਮੈਂ ਆ ਨਹੀਂ ਸਕਿਆਂ ਛੇਤੀ, ਇਸ ਗੱਲ ਦੀ ਖਿਮਾਂ ਬਖ਼ਸ਼ਿਉ, ਕਿ ਇੱਕ ਮਨੁੱਖ ਦੀ ਉਡੀਕ ਵਿੱਚ ਇੰਨੀ ਸੰਗਤ ਦਾ ਬਹਿਣਾ, ਇਹ ਬਹੁਤ ਸੋਭਦਾ ਨਹੀਂ। ਸਤਿਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਉਡੀਕ ਵਿੱਚ ਬੈਠੀਏ ਤਾਂ ਫਿਰ ਠੀਕ ਆ। ਇਹ ਬੇਨਤੀ ਆ ਸਾਰੀ ਸੰਗਤ ਦੇ ਚਰਨਾਂ ਵਿੱਚ।

ਭਾਈ ਸੁਰਿੰਦਰ ਸਿੰਘ ਸੋਢੀ ਦੇ ਕਤਲ ਕਾਰਨ ਪੈਦਾ ਹੋਈ ਸਥਿਤੀ

ਇਹ ਭਾਈਆਂ ਨੇ ਹੁਕਮ ਕੀਤਾ ਸੀ। ਆਹ ਜਿਹੜਾ ਕੱਲ ਪਰਸੋਂ ਦੇ ਕਾਂਡ ਦਾ ਕੰਮ ਚੱਲਿਆ ਸੀ, ਇਹਦੇ ਬਾਰੇ ਸ਼ਾਂਤੀ ਹੋਣੀ ਚਾਹੀਦੀ ਆ। ਇਹ ਸਾਰੇ ਮੁਖੀ ਸੱਜਣ ਈ ਆਂ ਕਮੇਟੀ ਵਾਲੇ ਤੇ ਇੱਕ ਗ਼ਲਤੀ ਮੈਥੋਂ ਹੋ ਗਈ ਥੋੜੀ ਜਿਹੀ, ਮੈਂ ਖ਼ਿਆਲ ਨਹੀਂ ਦਿੱਤਾ ਉਸ ਪਾਸੇ। ਮਲਕ ਸਿੰਘ ਭਾਟੀਆ ਸ਼ਹਿਰ ਦਾ ਜਥੇਦਾਰ ਹੈ, ਇਥੋਂ ਅਕਾਲੀ ਦਲ ਦਾ, ਤਲਵੰਡੀ ਧੜੇ ਦਾ। ਉਹ ਹੁਣੇ ਉੱਪਰ ਆਇਆ ਸੀ। ਜਿਹੜਾ ਪਰਸੋਂ ਸਾਡੇ ਜਥੇ ਦਾ ਸਿੰਘ ਬਹੁਤ ਨਿ-ਡਰ ਤੇ ਸ਼ੇਰ-ਦਿਲ ਸੀ, ਉਹਨੂੰ ਮਰਵਾਉਣ ਵਿੱਚ ਉਸਦਾ ਕਾਫੀ ਰੋਲ ਅਦਾ (ਹੋਇਆ), ਇਹਨਾ ਦੇ ਸਾਹਮਣੇ ਪ੍ਰਗਟ ਕੀਤਾ। ਮੇਜਰ ਸਿੰਘ, ਜੋਸ਼ ਸਾਹਿਬ, ਭਾਨ ਸਿੰਘ, ਬਰਗੇਡੀਅਰ ਸਾਹਿਬ, ਮੂੰਗਾ ਸਾਹਿਬ, ਅਬਨਾਸ਼ੀ ਸਿੰਘ ਤੇ ਹੋਰ ਵੀ ਸਿੰਘ ਸਾਰੇ ਸੱਜਣ ਕੋਲ ਸੀ ਗੇ। ਜਥੇ ਦੇ (ਵੀ) ਕਾਫੀ ਮੈਂਬਰ ਸੀ। ਇਹਨਾਂ ਦੇ ਬੈਠਿਆਂ ਮੂੰਹ 'ਤੇ ਪੁਛਾਇਆ। ਇੱਕ ਤਾਂ ਉਹ ਜਿਹੜਾ ਸੁਰਿੰਦਰ ਸਿੰਘ ਸੋਢੀ ਆ ਨਾ ਆਪਣੇ ਜਥੇ ਦਾ ਸਿੰਘ, ਜਿਹੜਾ ਮਾਰਿਆ ਇਹਨਾਂ ਨੇ। ਇੱਕ ਸੁਰਿੰਦਰ ਸਿੰਘ ਛਿੰਦਾ, ਜਿਹਨੇ ਮਾਰਿਆ ਸੀ। ਜਿਹੜਾ ਰਾਤ ਗੱਡੀ ਚੜ੍ਹਾਇਆ ਗੁਰੂ ਕੇ ਸਿੱਖਾਂ ਨੇ ਤੇ ਬਦਲਾ ਲਿਆ। ਜਿਹਨੇ ਸੋਢੀ ਨੂੰ ਮਾਰਿਆ ਸੀ, ਉਹ ਵੀ ਰਾਤ ਸੁੱਟਤਾ ਸੜਕ 'ਤੇ। ਉਹਦੇ ਵਿੱਚ ਬਹੁਤ ਵੱਡਾ ਹੱਥ ਇਹਦਾ ਭਾਟੀਏ ਦਾ ਨਿਕਲਿਆ, ਤੁਹਾਡੇ ਸ਼ਹਿਰ ਵਾਲੇ ਦਾ, ਅੰਮ੍ਰਿਤਸਰ ਵਾਲੇ ਦਾ। ਇੱਕ ਤਾਂ ਇਹਨੇ ਟੈਕਸੀ ਕਰ ਕੇ ਦਿੱਤੀ ਉਹਨੂੰ ਇਥੋਂ ਨਿਕਲਣ ਨੂੰ, ਇੱਕ ਜਿਹਦੇ ਨਾਲ ਗੋਲੀਆਂ ਮਾਰੀਆ ਤੇ ਉਹਨੇ ਆਪ ਤਾ ਨਹੀਂ ਚਲਾਈ ਪਰ ਜ਼ਖ਼ਮੀ ਉਹਨੇ ਜ਼ਰੂਰ ਅੰਦਰੋਂ ਕੱਢੇ ਹਨ। ਜੇ ਇਹਦਾ ਹੱਥ ਨਹੀਂ ਸੀ

ਤੇ ਛਿੰਦੇ ਨੂੰ ਉਥੇ ਫੜ ਵੀ ਸਕਦਾ ਸੀ। ਫਿਰ ਜਦੋਂ ਉਹ ਸਿੰਘ ਦਾ ਪਸਤੌਲ ਲਾਹ ਕੇ ਭੱਜਿਆ, ਉਦੋਂ ਇਹਨੇ ਅੱਖੀਂ ਵੇਖਿਆ। (ਬਹਿ ਜਾਉ ਸਿੰਘੋ, ਇੱਕ ਮਿੰਟ ਗੁਰਮੁਖੋ, ਬਹਿ ਜਾਉ, ਫਿਰ ਕਰ ਲਿਉ, ਫਤਹਿ ਫਿਰ ਬੁਲਾ ਲਿਉ, ਇਥੇ ਬਹਿ ਜਾਉ ਭਾਵੇਂ, ਐਵੇਂ ਰਸਤਾ ਰੁਕ ਜਾਊ - ਦੀਵਾਨ ਵਿੱਚ ਆ ਰਹੇ ਸਿੰਘਾਂ ਨੂੰ ਕਹਿੰਦੇ ਹਨ) ਸੋ ਉਸ ਵੇਲੇ ਉਹਨੇ ਪਸਤੌਲ ਛਿੰਦੇ ਦੇ ਕੋਲ ਆਪ ਦੇਖਿਆ। ਕਿਉਂ ਜੀ ਇਹ ਗੱਲਾਂ ਤੁਹਾਡੇ ਕੋਲ ਮੰਨਿਆ ਨਾ। ਬੋਲਦੇ ਨਹੀਂ।

ਭਾਨ ਸਿੰਘ - ਮੰਨਿਆ ਜੀ।

ਇਹਨਾਂ ਦੇ ਸਾਹਮਣੇ ਮੰਨਿਆ, ਤੁਹਾਨੂੰ ਉੱਠ ਕੇ ਦੱਸ ਦੇਣਗੇ। ਮੈਂ ਕੋਲੋਂ ਮਨਘੜਤ ਕਦੇ ਕੋਈ ਨਾ ਕਹੀ, ਨਾ ਕਹਿਨਾ, ਨਾ ਅਗਾਂਹ ਕਹਿਣਾ। ਇਹਨਾਂ ਦੇ ਸਾਹਮਣੇ ਮੰਨਿਆ, ਭਈ ਇਹ ਗੱਲਾਂ ਮੈਂ ਕੀਤੀਆਂ। ਇਹ ਹੁਣ ਤੁਸੀਂ ਸੋਚ ਲਉ, ਭਈ ਟੈਕਸੀ 'ਚ ਉਹਨੂੰ ਬਾਹਰ ਕੱਢੇ ਤੇ ਨਾਲ ਹੋ ਕੇ ਟੈਕਸੀ ਲਿਆਂਦੀ। ਜਿਹੜੀ ਉਹਦੀ ਆਪ ਦੀ ਕਾਰ ਆ, ਉਹ ਕਾਹਦੇ ਵਾਸਤੇ ਸੀ ? ਇੱਕ ਉਹ ਜਿਹੜੀ ਨਾਲ ਜਨਾਨੀ ਸੀ ਤੇ ਇੱਕ ਉਹ ਬੰਦਾ। ਇਹਨਾਂ ਦੋਹਾਂ ਨੂੰ ਕੱਢਣ ਵਾਸਤੇ ਬਾਹਰ।

ਬਹਾਨਾ ਕੀ ਬਣਾਇਆ ? ਅਖੇ ਜੀ ਸੋਢੀ ਨੂੰ ਤਾਂ ਮਾਰਿਆ, (ਉਹ) ਕੁੜੀ ਨੂੰ ਛੇੜਦਾ ਸੀ। ਉਹ ਅਸੀਂ ਬਿਆਨ ਟੇਪ ਰਿਕਾਰਡ ਕਰਾਏ ਆ ਕੁੜੀ ਦੇ। ਉਹਨੇ ਬਿਆਨ ਦਿੱਤੇ ਆ ਆਪ ਖੁਦ, ਕਿ ਮੈਨੂੰ ਛਿੰਦੇ ਨੇ ਕਿਹਾ ਸੀ ਕਿ ਜਦੋਂ ਮੈਂ ਸੋਢੀ ਨੂੰ ਮਾਰ ਦੇਵਾਂ ਤੇ ਉਦੋਂ ਤੂੰ ਸੰਤਾਂ ਕੋਲੇ ਜਾ ਕੇ ਸੋਢੀ ਦਾ ਨਾਂਅ ਲਾ ਦੇਵੀਂ ਤੇ ਫਿਰ ਸਿੰਘਾਂ ਨੇ ਪੁੱਛਿਆ ਭਈ ਤੂੰ ਦੱਸ, ਤੈਨੂੰ ਉਸ ਨੇ ਕੁਝ ਕਿਹਾ ? ਕਹਿੰਦੀ ਮੈਨੂੰ ਸੋਢੀ ਨੇ ਕੁਝ ਨਹੀਂ ਕਿਹਾ। ਅਖੇ ਫਿਰ ਤੂੰ ਨਾਂਅ ਕਿਉਂ ਲਿਆ ? ਨਾਂਅ ਅਖੇ ਮੈਂ ਤਾਂ ਲਿਆ ਸੀ, ਛਿੰਦਾ ਕਹਿੰਦਾ ਸੀ ਮੇਰੀ ਜਾਨ ਬਚ ਜਾਊ। ਇਹ ਟੇਪ ਰਿਕਾਰਡ ਆ। ਟੈਲੀਫ਼ੋਨ ਨੰਬਰ ਇਹਦਾ ਭਾਟੀਏ ਦਾ, ਉਸ ਜਨਾਨੀ ਨੇ ਦਿੱਤਾ। ਇੱਕ ਮਹੀਨੇ ਤੋਂ ਸਕੀਮ ਬਣੀ ਆਂ। ਸਕੀਮ ਤਾਂ ਇਹਨਾਂ ਦੀ ਹੋਰ ਸੀ, ਉਹਦੇ 'ਚ ਸਫਲ ਨਹੀਂ ਹੋਏ। ਇੱਕ ਤਾਂ ਮੈਨੂੰ ਮਾਰਨ ਦੀ ਸੀ, ਇੱਕ ਇਹ ਸੋਢੀ ਨੂੰ। ਇੱਕ ਮੇਰੇ ਟਰੱਕ ਦੇ ਡਰਾਇਵਰ ਨੂੰ ਤੇ ਇੱਕ ਦਾਸ ਦਾ ਭਤੀਜਾ। ਇਹਨਾਂ ਚੌਹਾਂ ਨੂੰ ਮੁੱਖ ਰੱਖਿਆ ਸੀ। ਬਾਕੀ ਦੂਜੇ ਜਥੇ ਦੇ ਸਿੰਘਾਂ ਨਾਲ ਵੱਟਾਂ ਤਾਂ ਸਾਂਝੀਆਂ ਨਹੀਂ ਸੀ ਇਹਨਾਂ ਦੀਆਂ। ਇਹ ਸਕੀਮ ਇਹਨਾਂ ਬਣਾਈ ਸੀ ਤੇ ਸਿੰਘ ਸਾਡਾ ਕਿੰਨਾ ਲੈ ਲਿਆ ਸ਼ੇਰ ਵਰਗਾ, ਪਰ ਮੈਂ ਤੁਹਾਨੂੰ ਸੰਗਤ ਨੂੰ ਹੱਥ ਜੋੜ ਕੇ ਜ਼ਰੂਰ ਬੇਨਤੀ ਕਰੂੰਗਾ ਕਿ ਸਿੰਘ ਦੇ ਮਾਰੇ ਜਾਣ ਤੋਂ ਰੋਸ ਕਰਕੇ, ਆਪਾਂ ਪੰਥ ਦੀ ਪੱਗ ਨਹੀਂ ਲੁਹਾਉਣੀ, ਪਰ ਇਹਨਾਂ ਨੂੰ ਅੱਜ ਮੈਂ ਜ਼ਰੂਰ ਬੇਨਤੀ ਕਰ ਦਿੱਤੀ ਆ ਕਿ ਹੁਣ ਸਬਰ ਕਰੋ, ਸਾਡੇ 'ਤੇ ਹੱਥ ਚੁੱਕਣਾ ਬੰਦ ਕਰ ਦਿਉ ਹੁਣ।

ਇਹਨਾਂ ਨੂੰ ਮੈਂ ਇਹ ਵੀ ਪੁੱਛਿਆ, ਉਥੇ ਵੰਗਾਰ ਕੇ ਤੇ ਤੁਹਾਨੂੰ ਵੀ ਪੁੱਛਨਾਂ ? ੨੧ ਮਹੀਨੇ ਹੋ ਗਏ ਆ ਮੋਰਚਾ ਲੱਗੇ ਨੂੰ, ਇੱਕੀਆਂ ਮਹੀਨਿਆਂ ਵਿੱਚ ਇੱਕ ਵੀ ਸ਼ਿਕਾਇਤ ਮੇਰੇ ਵੱਲੋਂ ਕੋਈ ਅਕਾਲੀ ਦਲ ਦੇ ਵਿਰੁੱਧ ਛਪੀ ਸਿੱਧ ਕਰ ਦਿਉ। ਮੈਂ ਤੁਹਾਡਾ ਗੁਰੂ ਕੀ ਸੰਗਤ ਦਾ ਦੇਣਦਾਰ ਹੋਉਂ ਅਤੇ ਸਜ਼ਾ ਭੁਗਤੂੰ ਗਾ। ਕੋਈ ਬੰਦਾ ਦੱਸ ਦਿਉ ਤੇ ਜੇ ਮੇਰੇ ਵੱਲੋਂ ਸਾਰੀ ਕੌਮ ਵਿੱਚੋਂ ਇੱਕ ਵੀ ਖ਼ਬਰ ਕੋਈ ਸਿੱਧ ਨਹੀਂ ਕਰ ਸਕਦਾ ਪੰਥ ਦੇ ਵਿਰੁੱਧ ਤੇ ਜਿਹੜੇ ਸਾਡੇ ਭਰਾ ਨਿੱਤ ਮੈਨੂੰ ਪਿੱਟੀ

ਜਾਂਦੇ ਆ, ਕਾਂਗਰਸੀ ਆ, ਕਾਂਗਰਸੀ ਆ, ਫਿਰ ਇਹਦਾ ਹੁਣ ਸਬੂਤ ਕੌਣ ਦਿਊ ? ਇਹਦਾ ਪ੍ਰੋਗਰਾਮ ਜਿਹੜਾ, ਸਬੂਤ ਕੌਣ ਦਿਉਗਾ ?

ਲੌਂਗੋਵਾਲ ਦਾ ਸੰਤ ਜਰਨੈਲ ਸਿੰਘ 'ਤੇ ਝੂਠਾ ਦੋਸ਼

ਮੇਰਾ ਤਾਂ ਗਲ਼ ਦੁਖਣ ਲੱਗ ਗਿਆ। ਵਿਸਾਖੀ ਵਾਲੇ ਦਿਨ ਇਥੇ ਬੋਲਦਿਆਂ ਪੰਥ ਦੇ ਹੱਕ 'ਚ ਤੇ ਪ੍ਰਧਾਨ ਸਾਹਿਬ ਨੇ ਬਿਆਨ ਦੇ ਦਿੱਤਾ, ਡਿਕਟੇਟਰ ਨੇ, ਅਖੇ ਭਿੰਡਰਾਂਵਾਲਾ ਸ਼ਹੀਦਾਂ ਦੇ ਨਾਂਅ 'ਤੇ ਜਿਹੜਾ ਪੈਸਾ ਇਕੱਠਾ ਕੀਤਾ, ਉਹ ਨਜਾਇਜ਼ ਵਰਤਦਾ, ਸਰਕਾਰ ਦੀ ਬੋਲੀ ਬੋਲਦਾ। ਪੰਥ ਦੇ ਹੱਕ 'ਚ ਨਹੀਂ ਬੋਲਦਾ ਪਰ ਉਹ ਮੇਰੀਆਂ ਟੇਪਾਂ ਸੁਣੋ, ਉਥੇ ਜਿਹੜੀ ਸੰਗਤ ਵਿਸਾਖੀ ਵਾਲੇ ਦਿਨ ਆਈ ਸੀ। ਉਹ ਦੱਸੇ, ਭਈ ਮੈਂ ਉਦੋਂ ਪੰਥ ਦੇ ਹੱਕ 'ਚ ਬੋਲ ਕੇ ਗਿਆਂ ਕਿ ਗੌਰਮੈਂਟ ਦੇ (ਹੱਕ) 'ਚ। ਇੰਨਾਂ ਕੁਝ ਹੋਣ ਦੇ ਬਾਵਜੂਦ ਵੀ ਮੀਟਿੰਗ ਦਾ ਬਾਈਕਾਟ ਮੇਰੀ ਦਾ ਕੀਤਾ, ਡਿਕਟੇਟਰ ਦਾ ਬਿਆਨ ਆ। ਮੇਰੇ ਵੱਲੋਂ, ਡਿਕਟੇਟਰ ਵੱਲੋਂ ਰੱਖੀ ਮੀਟਿੰਗ ਦਾ ਕੋਈ ਬਾਈਕਾਟ ਕੌਮ ਦੇ ਨਾਂਅ ਹੋਵੇ, ਮੈਂ ਦੇਣਦਾਰ ਹੋਊਂਗਾ।

ਗੁਰਚਰਨ ਸਿੰਹੁ ਸਕੱਤਰ ਸ਼੍ਰੋਮਣੀ ਅਕਾਲੀ ਦਲ 'ਤੇ ਗੋਲੀ ਚੱਲਣ ਦਾ ਝੂਠਾ ਪ੍ਰਚਾਰ

ਗੁਰਚਰਨ 'ਤੇ ਅੱਜ ਤੋਂ ੫-੬ ਮਹੀਨੇ ਪਹਿਲਾਂ ਬਣਾਉਟੀ ਜਿਹੀ ਗੋਲੀ ਚੱਲੀ ਤੇ ੫ ਦਿਨ ਮੇਰੀ ਉਹ ਮਿੱਟੀ ਪਲੀਤ ਇਹਨਾਂ ਨੇ ਕੀਤੀ ਅਖ਼ਬਾਰਾਂ 'ਚ। ਹਰ ਰੋਜ਼ ਈ, ਅਖੇ ਜੀ ਗੁਰੂ ਨਾਨਕ ਨਿਵਾਸ ਵਿੱਚੋਂ ਭਿੰਡਰਾਂਵਾਲੇ ਦੇ ਸਿੰਘਾਂ ਨੇ ਗੋਲੀ ਚਲਾਈ। ਮੈਂ ਇਹਨਾਂ ਜਰਨੈਲਾਂ ਨੂੰ ਨਾਲ ਲੈ ਕੇ ਗਿਆ, ਭਈ ਚੱਲੋ ਗੱਲ ਸਪਸ਼ਟ ਹੋਣੀ ਚਾਹੀਦੀ ਆ। ਜਦ ਮੈਂ ਜਾ ਕੇ ਸੰਤਾਂ ਨੂੰ ਕਿਹਾ, ਮੈਂ ਕਿਹਾ ਕਿ ਗੋਲੀ ਸਾਡੇ 'ਚੋਂ ਕਿਸੇ ਸਿੰਘ ਨੇ ਨਹੀਂ ਚਲਾਈ, ਮੈਂ ਇਥੇ ਆਂ। ਕਹਿੰਦੇ ਸਾਡਾ ਪਹਿਰੇਦਾਰ ਕਹਿੰਦਾ, ਜਿਹੜਾ ਬਾਹਰ ਚੌਂਕੀਦਾਰ ਡਾਂਗ ਵਾਲਾ ਖੜ੍ਹਾ ਹੁੰਦਾ ਤੇ ਜੇ ਮੈਂ ਉਹਨੂੰ ਪੁੱਛਿਆ ਕਿ ਉਹ ਗੋਲੀ ਦਾ ਕਿਤੇ ਸੜਕ 'ਤੇ ਕੋਈ ਦਾਗ ਲੱਗਿਆ ਹੋਵੇ ? ਕਹਿੰਦੇ ਉਹ ਵੀ ਕੋਈ ਨਹੀਂ। ਮੈਂ ਕਿਹਾ ਕੰਧ 'ਚ ਵੱਜੀ ਆ ? ਕਹਿੰਦੇ ਉਹ ਵੀ ਕਿਤੇ ਨਹੀਂ। ਮੈਂ ਕਿਹਾ ਗੁਰਚਰਨ ਸਿੰਘ ਦੇ ਕਿਤੇ ਵੱਜੀ ਹੋਵੇ ਸਕੱਤਰ ਦੇ ? ਕਹਿੰਦੇ ਉਹਦੇ ਵੀ ਕਿਤੇ ਨਹੀਂ। ਫਿਰ ਗੋਲੀਆਂ ਗਈਆਂ ਕਿਧਰ ? ਪਹਿਲੇ ਦਿਨ ਕਹਿੰਦੇ ਇੱਕ ਚੱਲੀ, ਦੂਜੇ ਦਿਨ ਦੋ ਤੇ ਪੰਜਵੇਂ ਦਿਨ ਕਹਿੰਦੇ ਬਛਾੜ ਪਾ ਦਿੱਤੀ ਗੋਲੀਆਂ ਦੀ। ਜੇ ਬਛਾੜ ਪਾਈ ਹੁੰਦੀ ਤਾਂ ਕਿਤੇ ਵਜਦੀਆਂ ਨਾ ? ਉਹਦਾ ਕੋਈ ਯਕੀਨ ਨਹੀਂ ਕੀਤਾ।

ਸੰਤਾਂ ਨੂੰ ਮੰਜੀ ਸਾਹਿਬ ਵਿਖੇ ਬੋਲਣ ਤੋਂ ਰੋਕਣ ਲਈ ਲੌਂਗੋਵਾਲ ਦੀ ਸ਼੍ਰੋਮਣੀ ਕਮੇਟੀ ਨੂੰ ਅਪੀਲ

ਫਿਰ ਇਹ ਕਿਹਾ ਗਿਆ ਕਿ ਅਸੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਪੀਲ ਕਰਦੇ ਆਂ ਕਿ ਭਿੰਡਰਾਂਵਾਲਾ ਗਰਮ ਬੋਲਦਾ, ਇਹਨੂੰ ਦੀਵਾਨ ਹਾਲ ਮੰਜੀ ਸਾਹਿਬ ਵਿਖੇ ਨਾ ਬੋਲਣ ਦਿੱਤਾ ਜਾਵੇ। ਇਹ ਬਿਆਨ ਡਿਕਟੇਟਰ ਦਾ ਜਾਂ ਡਿਕਟੇਟਰ ਦੱਸ ਸਕਦਾ ਦਿੱਤਾ ਕਿ ਨਹੀਂ ਤੇ ਜਾਂ ਅਖ਼ਬਾਰਾਂ

ਵਾਲੇ ਦੱਸ ਸਕਦੇ ਆ ਤੇ ਤਰਦੀਦ ਕੀਤੀ ਆ ਇਹਦੀ ਭਾਈ ਭਾਨ ਸਿੰਘ ਨੇ। ਇਹਨੂੰ ਪਹਿਲਾਂ ਕੀ ਅਧਿਕਾਰ ਸੀ ਡਿਕਟੇਟਰ ਦੇ ਬਿਆਨ ਦੀ ਤਰਦੀਦ ਕਰਨ ਦਾ।

ਲੌਂਗੋਵਾਲ ਵੱਲੋਂ ਸੰਤ ਜਰਨੈਲ ਸਿੰਘ 'ਤੇ ਝੂਠਾ ਦੋਸ਼

ਫਿਰ ਖ਼ਬਰ ਆਈ ਕਿ ਮੋਟਰ ਸਾਈਕਲ ਤੇ ਪਸਤੌਲ ਖਰੀਦਣ ਵਾਸਤੇ ਭਿੰਡਰਾਂਵਾਲੇ ਨੇ ਮੈਨੂੰ ਰਾਇ ਦਿੱਤੀ ਆ ਤੇ ਇੱਕ ਫਿਰਕੇ ਦੇ ਲੋਕਾਂ ਨੂੰ ਮਾਰਨ ਵਾਸਤੇ ਮੈਨੂੰ ਸਲਾਹ ਦਿੱਤੀ ਆ। ਜਿਹੜੀ ਸਲਾਹ ਮੈਂ ਦਿੱਤੀ ਸੀ, ਉਹਦੀ (ਤਾਂ) ਤਰਦੀਦ ਕਰ ਦਿੱਤੀ ਆ ਤੇ ਜਿਹੜੀ ਦਿੱਤੀ ਨਹੀਂ, ਉਹ ਮੇਰੇ 'ਤੇ ਗਵਾਹੀ ਠੋਕ ਦਿੱਤੀ ਆ। ਮੈਂ ਮੋਟਰ ਸਾਈਕਲ ਤੇ ਰਿਵਾਲਵਰ ਲੈਣ ਵਾਸਤੇ ਕਿਹਾ ਸੀ। ਉਹਦੇ ਤੋਂ ਮੈਂ ਨਹੀਂ ਮੁਕਰਦਾ ਹੈਗਾ। (ਇੱਕ ਸਿੰਘ ਲੌਂਗੋਵਾਲ ਵਿਰੁੱਧ ਕੁਝ ਬੋਲਣ ਲੱਗਦਾ ਹੈ, ਸੰਤ ਉਸਨੂੰ ਰੋਕਦੇ ਹੋਏ ਕਹਿੰਦੇ ਹਨ) "ਉਏ ਗੱਲ ਸੁਣ ਮੇਰੇ ਕੋਲ ਬੋਲਣਾ..... ਖ਼ਬਰਦਾਰ ! ਮੇਰੇ ਅੱਗੇ ਚੂੰ ਚਾਂ ਕੀਤੀ ਤਾਂ ਮੈਂ ਫੜਕਾਊਂਗਾ ਵੀ।" ਕੋਈ ਬੰਦਾ ਦੱਸੋ, ਮੈਂ ਸੰਤਾਂ ਦੇ ਵਿਰੁੱਧ ਕੋਈ ਗੱਲ ਕਹੀ ਆ ਤੇ ਪਿਸਤੌਲ ਤੇ ਮੋਟਰ ਸਾਈਕਲ ਖਰੀਦਣ ਵਾਸਤੇ ਮੈਂ ਤੁਹਾਨੂੰ ਨਿੱਤ ਕਹਿਨਾਂ, ਆਈ ਸੰਗਤ ਨੂੰ। ਹਰ ਰੋਜ਼, ਪਿੰਡਾਂ ਵਿੱਚ, ਸ਼ਹਿਰਾਂ ਵਿੱਚ, ਕਸਬਿਆਂ ਵਿੱਚ, ਇੱਕ ਇੱਕ ਮੋਟਰ ਸਾਈਕਲ ਤੇ ੩-੩ ਰਿਵਾਲਵਰ ਤੇ ੩-੩ ਨੌਜੁਆਨ ਮੁੰਡੇ ਕਾਇਮ ਹੋਵੇ। ਜਿਹੜੀ ਮੈਂ ਰਾਇ ਦਿੱਤੀ ਆ, ਉਹਦੀ ਤਰਦੀਦ ਕਰ ਦਿੱਤੀ ਆ, ਅਖੇ ਜੀ ਮੈਨੂੰ ਨਹੀਂ ਕਿਹਾ ਤੇ ਜਿਹੜੀ ਮਹਾਤਮਾ ਗਾਂਧੀ ਵਾਲੀ ਠੋਕ ਕੇ ਮੇਰੇ 'ਤੇ ਗਵਾਹੀ ਦੇ ਦਿੱਤੀ ਆ, ਉਹਦਾ ਜ਼ਿੰਮੇਵਾਰ ਕੌਣ ਆਂ ? ਇਹਦੀ ਤਰਦੀਦ ਕਿਸੇ ਅਖ਼ਬਾਰ 'ਚ ਵਿਖਾਉ ਕਿ ਜਿਹਦੇ ਵਿੱਚ ਕਿਹਾ ਹੋਵੇ ਕਿ ਭਿੰਡਰਾਂਵਾਲੇ ਨੇ ਇੱਕ ਫਿਰਕੇ ਦੇ ਲੋਕਾਂ ਨੂੰ ਮਾਰਨ ਵਾਸਤੇ, ਮੈਨੂੰ ਸਲਾਹ ਨਹੀਂ ਦਿੱਤੀ ? ਇਹ ਕਿਹੜੇ ਅਖ਼ਬਾਰਾਂ 'ਚ ਤਰਦੀਦ ਆ ? ਕੀ ਇਹ ਗਵਾਹੀ ਨਹੀਂ ਮੇਰੇ 'ਤੇ ? ਚੱਲੋ ਅੱਜ ਤਾਂ ਮੈਂ ਤੁਹਾਡੇ 'ਚ ਬੈਠਾਂ ਤੇ ਪਤਾ ਨਹੀਂ ਸਮਾਂ ਕਰਵਟ ਲੈ ਜਾਵੇ, ਮੈਂ ਕਿਤੇ ਪੁਲਸ ਦੇ ਹੱਥ 'ਚ ਆ ਜਾਵਾਂ। ਤੁਸੀਂ ਮੈਨੂੰ ਦੱਸੋ ਕਿ ਪੁਲੀਸ ਨੂੰ ਤੁਹਾਡੀ ਗਵਾਹੀ ਲੈਣ ਦੀ ਕੀ ਲੋੜ ਆ, ਜਦ ਤੁਹਾਡੇ ਡਿਕਟੇਟਰ ਦੀ ਮੇਰੇ 'ਤੇ ਗਵਾਹੀ ਹੈਗੀ ? ਇਹਦੀ ਤਰਦੀਦ ਕੌਣ ਕਰੂ।

ਸੰਧੂ, ਛੋਟੇਪੁਰ, ਜ਼ੀਰਾ, ਐਡਵੋਕੇਟ ਦਾ ਸੰਤ ਜਰਨੈਲ ਸਿੰਘ 'ਤੇ ਦੋਸ਼

ਤਾਲਬ ਸਿੰਘ ਸੰਧੂ ਲੁਧਿਆਣੇ ਜਿਲ੍ਹੇ ਦਾ ਅਕਾਲੀ ਦਲ ਦਾ ਪ੍ਰਧਾਨ, ਸੁੱਚਾ ਸਿੰਘ ਛੋਟੇਪੁਰ, ਹਰੀ ਸਿੰਘ ਜ਼ੀਰਾ, ਜਸਵਿੰਦਰ ਸਿੰਘ ਐਡਵੋਕੇਟ ਬਠਿੰਡਾ ੬ ਸਤੰਬਰ ਦੀ 'ਅਜੀਤ' ਵਿੱਚ ਇਹਨਾਂ ਖ਼ਬਰ ਦਿੱਤੀ ਆ ਕਿ ਜਗਦੇਵ ਸਿੰਘ ਤਲਵੰਡੀ ਤੇ ਭਿੰਡਰਾਂਵਾਲਾ ਕਾਂਗਰਸ ਦੇ ਏਜੰਟ ਤੇ ਪੰਥ ਦੇ ਗ਼ਦਾਰ ਆ। ਇਹਦੀ ਤਰਦੀਦ ਵਿਖਾਉ ? ਇਹ ਭਾਈ ਭਾਨ ਸਿੰਘ ਹੁਰੀਂ ਲਿਆਏ ਸੀ ਮੇਰੇ ਕੋਲ ਇੱਕ ਚਿੱਟ ਜਿਹੀ। ਮੈਂ ਇਹਨਾਂ ਨੂੰ ਪੁੱਛਿਆ ਦੱਸ ਕਿੱਥੇ ਲਿਖਿਆ ਕਿ ਅਸੀਂ ਭਿੰਡਰਾਂਵਾਲੇ ਨੂੰ ਨਹੀਂ ਕਿਹਾ ਤੇ ਕਿੱਥੇ ਇਹਦੇ 'ਚ ਲਿਖਿਆ ਤਲਵੰਡੀ ਨੂੰ ਨਹੀਂ ਕਿਹਾ ? ਉਹ ਤਰਦੀਦ ਕੀ ਸੀ ? ਅਖੇ ਅਖ਼ਬਾਰਾਂ ਵਿੱਚ ਕੁਝ ਅਜਿਹੀਆਂ ਖ਼ਬਰਾਂ ਛਪੀਆਂ, ਜਿਹਨਾਂ ਦਾ ਕੋਈ ਆਧਾਰ ਨਹੀਂ। ਹੁਣ ਇਹ ਕੀ ਪਤਾ ਕਿਹਨੂੰ ਕਹਿ ਰਹੇ, ਕਿਹਨੂੰ ਨਹੀਂ ਕਿਹਾ ? ਕਿਹੜੀ ਖ਼ਬਰ ਸੀ ਇਹ ?

ਤੁਸੀਂ ਲਿਆਏ ਸੀ ਨਾ ਉਦੋਂ ਮੇਰੇ ਕੋਲੇ, ਉਹਦੇ 'ਚ ਸੀ ਕਿਤੇ.....? (ਭਾਨ ਸਿੰਘ ਨੂੰ ਪੁੱਛਦੇ ਹਨ)। ਤੇ ਤਰਦੀਦ ਕਿਹੜੀ ਦੀ ਸੀ ? ਇਥੋਂ ਤੱਕ ਮੈਂ ਤਾਂ ਇਥੇ ਬੋਲਦਾ ਰਿਹਾਂ ੧੧ ਘੰਟੇ ਤੇ ਉਦੋਂ ਸਾਰੀ ਦਿਹਾੜੀ ਲੱਗਾ ਰਿਹਾਂ ਅਤੇ ਸ. ਬਹਾਦਰ (ਲੌਂਗੋਵਾਲ) ਨੇ ਚੁੱਕ ਕੇ ਪ੍ਰੈੱਸ ਨੋਟ ਦੇ ਦਿੱਤਾ, ਅਖੇ ਭਿੰਡਰਾਂਵਾਲਾ ਸ਼ਹੀਦਾਂ ਦੇ ਨਾਂਅ 'ਤੇ ਇਕੱਤਰ ਕੀਤੀ ਮਾਇਆ, ਉਹ ਅਖੇ ਗ਼ਲਤ ਵਰਤਦਾ ਆ। ਸਰਕਾਰ ਦੀ ਬੋਲੀ ਬੋਲਦਾ, ਪੰਥ ਦੇ ਹੱਕ 'ਚ ਨਹੀਂ ਬੋਲਦਾ। ਉਹ ਅੱਖਰ ਨਹੀਂ ਮੇਰਾ, ਉਹਦੇ 'ਚ ਜਰਨੈਲ ਸਿੰਘ ਸਿੱਧਾ ਨਹੀਂ ਲਿਖਿਆ ਕਿਤੇ ਤੇ ਇਹ ਸਾਰਾ ਬਾਕੀ ਚਿੱਕੜ ਮੇਰੇ 'ਤੇ ਸੁੱਟਿਆ, ਪੜ੍ਹ ਕੇ ਵੇਖ ਲਿਉ ਭਈ ਕਿਹਨੂੰ ਲਿਖਿਆ ਉਹ ਤੇ ਉਦੋਂ ਪਿੱਛੋਂ ਠੋਕ ਦਿੱਤਾ ਸੋਢੀ ਨੂੰ। ਮੈਂ ਉੱਪਰ ਬੈਠਾਂ, ਫਰੀਦਕੋਟ ਜਿਲ੍ਹੇ ਦਾ ਤੋਤਾ ਸਿੰਘ ਜਥੇਦਾਰ ਸ਼੍ਰੋਮਣੀ ਅਕਾਲੀ ਦਲ ਦਾ ਤੇ ਨਿਹਾਲਾਂਵਾਲੇ ਸਰਕਲ ਦਾ ਸਕੱਤਰ ਮਲਕੀਅਤ ਸਿੰਘ ਰਣੀਏਵਾਲਾ, ਉਹ ਮੇਰੇ ਕੋਲੇ ਬੈਠੇ ਆ ਤੇ ਭੇਜਿਆ ਗੁਰਚਰਨ ਨੇ, ਅਖੇ ਜੀ ਮੈਥੋਂ ਖ਼ਬਰ ਆ ਕੋਈ, ਕੁਝ ਤਾਂ ਅਖ਼ਬਾਰਾਂ ਵਾਲਿਆਂ ਆਪ ਛਾਪੀ ਤੇ ਕੁਝ ਮੈਨੂੰ ਮਜ਼ਬੂਰੀ ਵਿੱਚ ਹੋ ਕੇ ਛਾਪਣੀਆਂ ਪਈਆਂ, ਛਪਵਾਈਆਂ ਗਈਆਂ ਮੈਥੋਂ। ਸੰਤਾਂ ਦੇ ਵਿਰੁੱਧ (ਮੇਰੇ ਵਿਰੁੱਧ) ਤੇ ਮੈਂ ਸੰਤਾਂ ਤੋਂ ਮੁਆਫ਼ੀ ਮੰਗ ਲੈਨਾਂ। ਮੈਂ ਉਹਨੂੰ ਉੱਤਰ ਦਿੱਤਾ ਸੀ ਕਿ ਗੁਰਮੁਖਾ ਮੈਂ ਤੇ ਅੱਗੇ ਵੀ ਨਹੀਂ ਕੋਈ ਖ਼ਬਰ ਦਿੱਤੀ ਤੇ ਤੁਸੀਂ ਉਹਨਾਂ ਨੂੰ ਕਹਿ ਦਿਉ ਭਈ ਇਹ ਹੀ ਮੁਆਫ਼ੀ ਆ, ਅਗਾਂਹ ਸਾਨੂੰ ਗਾਲ਼ਾਂ ਨਾ ਕੱਢਿਉ, ਮੈਂ ਤੇ ਕੱਢਦਾ ਨਹੀਂ ਪਹਿਲਾਂ ਹੀ।

ਸੁਰਿੰਦਰ ਸਿੰਘ ਸੋਢੀ ਦਾ ਕਤਲ

ਉਹ ਅਸੀਂ ਅਜੇ ਗੱਲ ਕਰੀ ਜਾਨੇ ਆਂ ਤੇ ਉਧਰੋਂ ਸੁਨੇਹਾ ਆ ਗਿਆ, ਕਹਿੰਦੇ ਸੁਰਿੰਦਰ ਸਿੰਘ ਸੋਢੀ ਮਾਰ ਦਿੱਤਾ ਤੇ ਮਾਰਿਆ ਕਿਹਨੇ ਆ ? ਛਿੰਦੇ ਨੇ। ਉਹ ਸੁਰਿੰਦਰ ਸਿੰਘ, ਉਹਦਾ ਨਾਂਅ ਵੀ ਸੁਰਿੰਦਰ ਸਿੰਘ ਸੀ। ਉਹਨੂੰ ਛਿੰਦਾ ਕਹਿੰਦੇ ਸੀ ਤੇ ਉਹਨੂੰ ਸੋਢੀ ਕਹਿੰਦੇ ਸੀ। ਉਹਨੇ ਗੋਲੀਆਂ ਮਾਰ ਕੇ ਮਾਰ ਦਿੱਤਾ ਤੇ ਭਾਟੀਏ ਨੇ ਉਹਦੀ ਮਦਦ ਕੀਤੀ। ਗੁਰਚਰਨ ਸਿੰਘ ਸਕੱਤਰ ਨੇ ੪ ਹਜ਼ਾਰ ਰੁਪਇਆ, ੧੦੨ ਨੰਬਰ ਕਮਰੇ ਸਰਾਂ (ਦੇ) 'ਚ, ਗੁਰੂ ਰਾਮਦਾਸ ਸਾਹਿਬ (ਸਰਾਂ ਦੇ) 'ਚ ਦੇ ਦਿੱਤਾ। ੨ ਹਜ਼ਾਰ ਰੁਪਇਆ ਜਨਾਨੀ ਨੂੰ, ੪੦ ਹਜ਼ਾਰ ਉਹਨੂੰ ਛਿੰਦੇ ਨੂੰ, ੨ ਹਜ਼ਾਰ ਤੋਚੀ ਨੂੰ, ਮੁੰਡਾ ਉਹਦਾ ਨਾਂਅ, ਤੋਚੀ ਤੋਚੀ ਉਹਨੂੰ ਕਹਿੰਦੇ ਸੀ ਤੇ ੨ ਹਜ਼ਾਰ ਉਹਨੂੰ ਜਨਾਨੀ ਨੂੰ। ਇਹ ਪੈਸੇ ਨਕਦ ਦਿੱਤੇ ਆ ਤੇ ਫਸਤਾ ਵੱਢ ਦੇਹ ਕਹਿੰਦੇ ਇਹਨਾ ਚੋਹਾਂ ਦਾ।

ਇਸ਼ਤਿਹਾਰ ਰਾਹੀਂ ਪੁੱਛੇ ਸਵਾਲਾਂ ਬਾਰੇ ਸੰਤ ਜਰਨੈਲ ਸਿੰਘ ਦਾ ਪ੍ਰਤੀਕਰਮ

ਇੰਨਾ ਕੁਝ ਹੋਣ ਦੇ ਬਾਵਜੂਦ ਤੁਹਾਨੂੰ ਕਿਸੇ ਸਿੰਘ ਨੂੰ ਕਿਹਾ ਹੋਵੇ ਜਥੇ 'ਚ ਨਾ ਜਾਇਉ, ਦੱਸੋ ਮੈਨੂੰ ਉੱਠ ਕੇ ? ਇੰਨਾ ਤਸ਼ੱਦਦ ਹੋਣ ਦੇ ਬਾਵਜੂਦ ਤੁਹਾਨੂੰ ਕਿਸੇ ਸਿੰਘ ਨੂੰ ਲੌਂਗੋਵਾਲ ਨਾਲ ਮਿਲਣ ਤੋਂ ਰੋਕਿਆ ਹੋਵੇ ਜਾਂ ਲੌਂਗੋਵਾਲ ਦੇ ਗਲ਼ ਪੈਣ ਵਾਸਤੇ ਕਿਸੇ ਨੂੰ ਕਿਹਾ ਹੋਵੇ, ਓ ਦੱਸੋ ਮੈਨੂੰ ? ਜਾਂ ਮੈਂ ਕਿਸੇ ਨੂੰ ਕਿਹਾ ਹੋਵੇ ਤੁਸੀਂ ਮੰਜੀ ਸਾਹਿਬ ਨਾ ਜਾਉ, ਤਾਂ ਦੱਸੋ ? ਤੇ ਉਠ ਕੇ ਇਹਨਾਂ ਭਾਈਆਂ ਨੇ ਇਸ਼ਤਿਹਾਰ ਛਪਾ ਦਿੱਤੇ। ਆਹ ਪਰਿਕਰਮਾਂ ਵਿੱਚ ਵੰਡੇ ਆ, ਵਿਸਾਖੀ ਵਾਲੇ ਦਿਨ, ਸਾਰੀ ਦਿਹਾੜੀ ਪਰਿਕਰਮਾ 'ਚ। ਜਲੂਸ ਕੱਢਿਆ ਉਹਦੇ 'ਚ ਵੰਡੇ ਤੇ ਜਵਾਬ ਮੈਥੋਂ ਕੀ ਮੰਗਦੇ ਆਂ ? ਤੂੰ ਜੀ ਫਲਾਣੇ ਥਾਂ ਤੋਂ ਭੱਜ ਕੇ ਆ ਗਿਆ ਸੀ। ਤੂੰ ਹਰਿਮੰਦਰ ਸਿੰਘ ਸੰਧੂ, ਫੈਡਰੇਸ਼ਨ

ਦਾ ਜਿਹੜਾ ਸਕੱਤਰ ਆ, ਉਹਦੀ ਮੰਗਣੀ ਦੀ ਅਰਦਾਸ ਉਥੇ ਕਿਉਂ ਕਰ ਦਿੱਤੀ ਆ, ਅਕਾਲ ਤਖ਼ਤ ਸਾਹਿਬ 'ਤੇ ? ਮਰਿਯਾਦਾ ਭੰਗ ਹੋ ਗਈ ਆ । ਹੱਦ ਹੋ ਗਈ ਆ, ਹੁਣ ਤੁਸੀਂ ਮੈਨੂੰ ਦੱਸੋ, ਸੰਗਤ ਬੈਠੀ ਆ, ਸਿੱਖਾਂ ਦੀ ਮੰਗਣੀ ਦੀ ਅਰਦਾਸ ਸਿਨਮੇ ਤੇ ਵੇਸ਼ਵਾ ਦੇ ਅਖਾੜੇ 'ਤੇ ਕਰਨੀ ਕਿ ਗੁਰਦੁਆਰਿਆਂ 'ਚ, ਓ ਬੋਲਦੇ ਨਹੀਂ ?

ਸੰਗਤ - ਗੁਰਦੁਆਰਿਆਂ ਵਿੱਚ ।

ਜੇ ਗੁਰਦੁਆਰਿਆਂ 'ਚ ਤੇ ਮੈਂ ਉਥੇ ਅੰਮ੍ਰਿਤਧਾਰੀ ਸਿੰਘ ਦੀ ਅਰਦਾਸ ਕਰ ਦਿੱਤੀ ਤੇ ਮਰਿਯਾਦਾ ਕਿਹੜੀ ਭੰਗ ਹੋ ਗਈ ਮੇਰੇ ਵੱਲੋਂ ? ਇਹ ਅਖ਼ਬਾਰਾਂ 'ਚ ਛਪਿਆ, ਤੁਸੀਂ ਪੁੱਛਿਆ ਕਿਉਂ ਨਹੀਂ ਇਹਨਾਂ ਲੋਕਾਂ ਨੂੰ ? ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਗਿ. ਕ੍ਰਿਪਾਲ ਸਿੰਘ, ਬਾਦਲ ਦੀ ਲੜਕੀ ਦਾ ਅਨੰਦ ਕਾਰਜ ਕਰਵਾ ਕੇ ਆਇਆ, ਉਹਨੂੰ ਪੁੱਛੋ ਭਈ ਉਸ ਸਿੰਘ ਦਾ ਤੇ ਬੀਬੀ ਦਾ ਅੰਮ੍ਰਿਤ ਛਕਿਆ ਸੀ ? ਹਰਿਮੰਦਰ ਸਾਹਿਬ ਦਾ ਹੈੱਡ ਗਰੰਥੀ ਸਾਹਿਬ ਭਾਈ ਸਾਹਿਬ ਸਿੰਘ, ਉਹ ਜਸਵਿੰਦਰ ਸਿੰਘ ਬਰਾੜ ਦੇ ਮੁੰਡੇ ਦੇ ਵਿਆਹ 'ਤੇ ਜਾ ਕੇ ਲਾਵਾਂ ਆਪ ਪੜ੍ਹ ਕੇ ਆਇਆ । ਕੀ ਮੁੰਡੇ ਦਾ ਮੂੰਹ ਸਿਰ ਮੁੰਨਿਆ ਨਹੀਂ ਸੀ ਉਹਦਾ ? ਅੰਮ੍ਰਿਤ ਛਕਿਆ ਸੀ ? ਹੈੱਡ ਗਰੰਥੀ ਮੋਨਿਆਂ ਘੋਨਿਆਂ, ਸ਼ਰਾਬੀਆਂ ਕਬਾਬੀਆਂ ਦੀਆਂ ਲਾਵਾਂ ਪੜ੍ਹਾ ਦੇਣ ਤਾਂ ਮਰਿਯਾਦਾ ਕਾਇਮ ਆ ਤੇ ਜੇ ਮੈਂ ਇੱਕ ਅੰਮ੍ਰਿਤਧਾਰੀ ਦੀ ਮੰਗਣੀ ਦੀ ਅਰਦਾਸ, ਕਿਸੇ ਸਿੰਘ ਨੂੰ ਕਹਿ ਕੇ ਕਰਵਾ ਦਿਆਂ ਤਾਂ ਮਰਿਯਾਦਾ ਭੰਗ ਹੋ ਜਾਂਦੀ ਆ ਤੇ ਜਿੱਥੇ ਇਹਨਾਂ ਵੀਹਾਂ ਸਾਲਾਂ ਵਿੱਚ, ਤੀਹਾਂ ਸਾਲਾਂ ਵਿੱਚ, ਕਦੇ ੩੦੦ ਤੋਂ ਵੱਧ ਬੰਦਾ ਅੰਮ੍ਰਿਤ ਛਕਣ ਨੂੰ ਤਿਆਰ ਨਹੀਂ ਹੋਇਆ ਕਦੇ, ਇਥੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਜੀਆਂ ਸਾਲਾਂ 'ਚ ਤੇ ਹੁਣ ਹਰ ਬੁੱਧਵਾਰ ਤੇ ਹਰ ਐਤਵਾਰ ੪੦੦-੪੦੦, ਸਾਢੇ ੪੦੦-੪੦੦, ੫੦੦-੫੦੦ ਬੰਦਾ, ਇਥੇ ਅੰਮ੍ਰਿਤ ਛਕਦਾ । ਉਹ ਕਿਹਦੇ ਕਰਕੇ ਛਕਦਾ ? ਚੇਤਰ-ਚੇਤਰ ਦੇ ਮਹੀਨੇ 'ਚ ਆਹ ਤੁਹਾਡੇ ਜਥੇ ਨੇ ੪੫ ਹਜ਼ਾਰ ਨੂੰ ਅੰਮ੍ਰਿਤ ਛਕਾਇਆ, ਲਿਸਟ ਸਾਡੇ ਕੋਲ ਆ । ਇੱਕੇ ਮਹੀਨੇ 'ਚ ਤੇ ਤਾਂ ਵੀ ਕਹਿੰਦੇ ਕਾਂਗਰਸੀ ।

ਮੇਰੇ ਲਾਇਸੈਂਸ ਸਾਰੇ ਰੱਦ, ਮੈਂ ਕਾਂਗਰਸੀ ਆਂ ਤੇ ਗੁਰਚਰਨ ਸਿੰਹੁ ਸਕੱਤਰ ਇਹਨਾਂ ਦਾ ਜਿਹਦਾ ਪੂਰਾ ਹਿੱਸਾ ਸੋਢੀ ਨੂੰ ਮਰਵਾਉਣ 'ਚ ਤੇ ਉਹਦਾ ਲਾਇਸੈਂਸ ਬਣਿਆ ਤੇ ਉਹ ਅਕਾਲੀ ਆ । ਮੇਰੇ ਲਾਇਸੈਂਸ ਕੈਂਸਲ ਤੇ ਮੈਂ ਕਾਂਗਰਸੀ ਆਂ ਤੇ ਉਮਰਾਨੰਗਲ ਦੀ ਕਾਰਬਾਈਨ ਦਾ ਲਾਇਸੈਂਸ ਬਣਿਆਂ ਤੇ ਉਹ ਅਕਾਲੀ ਆ ।

ਮੈਂ ਅੱਠਾਂ ਸਾਲਾਂ 'ਚ ਇੱਕ ਦਿਨ ਰੋਟੀ ਨਹੀਂ ਘਰੋਂ ਖਾਧੀ ਕਿਸੇ ਕਾਂਗਰਸੀ ਐਮ.ਐਲ.ਏ. ਤੇ ਅਕਾਲੀ ਐਮ.ਐਲ.ਏ. ਦਿਉਂ, ਕਾਂਗਰਸ ਤੇ ਸੋਸ਼ਲਿਸਟ ਤੇ ਜਨਸੰਘੀ ਐਮ.ਐਲ.ਏ. ਦਿਉਂ । ਆਮ ਜਨਤਾ ਦੇ ਘਰੋਂ ਮੈਂ ਜ਼ਰੂਰ ਖਾਂਦਾ ਰਿਹਾ ਤੇ ਅਗਾਂਹ ਵੀ ਖਾਣੀ ਆਂ ਤੇ ਹੁਣ ਵੀ ਖਾਨਾ ਤੇ ਇਹਨਾਂ ਦੇ ੩੬ ਦੇ ੩੬ ਐਮ.ਐਲ.ਏਜ਼. ਦੇ ਵਿੱਚੋਂ, ਇਹਨਾਂ ਦੀ ਗਿਣਤੀ ਕਰ ਕੇ ਪੁੱਛੋ, ਤੁਹਾਡੇ ਵਿੱਚੋਂ ਕਿੰਨੇ ਆ ਜਿਹੜੇ ਬਚੇ, ਜਿਹਨਾਂ ਨੇ ਗੁਰੂ ਗਰੰਥ ਸਾਹਿਬ ਦੇ ਕਾਤਲ ਦੇ ਘਰੋਂ ਰੋਟੀ ਨਹੀਂ ਖਾਧੀ ? ਮੈਂ ਨਹੀਂ ਕਹਿੰਦਾ ਕਿ ਸਾਰਿਆਂ ਖਾਧੀ ਆ ਜਾਂ ਅੱਧਿਆਂ ਖਾਧੀ ਆ । ਇਹ ਦੱਸਣ ਗਿਣਤੀ ਕਰਕੇ ਕਿੰਨਿਆਂ ਨਹੀਂ ਖਾਧੀ ? ਤੂੰ ਕਾਤਲ ਕੌਣ ਆਂ ? ਪੰਜਾਬ ਦਾ ਰਹਿ ਚੁੱਕਿਆ ਮੁੱਖ ਮੰਤਰੀ, ਜ਼ਕਰੀਏ ਦੇ ਰੂਪ ਵਾਲਾ ਦਰਬਾਰਾ , ਉਹਦੇ ਘਰੋਂ ਰੋਟੀ ਖਾਧੀ । (ਖਾਧੀ) ਕਦੋਂ, ਜਦੋਂ ਦੋਵੇਂ ਬੱਸਾਂ ਸੰਗਤ ਦੀਆਂ ਦਿੱਤੀਆਂ ਹੋਈਆਂ ਜਥੇ ਨੂੰ, ਅੱਗ ਲਾ ਕੇ ਸਾੜ ਦਿੱਤੀਆਂ ਗੌਰਮਿੰਟ ਨੇ, ਪੋਥੀਆਂ

ਸਾੜ ਦਿੱਤੀਆਂ, ਸਿੰਘਾਂ ਦੇ ਕੇਸ ਪੁੱਟੇ ਤੇ ੧੮ ਸਿੰਘ ਮਹਿਤੇ ਮਾਰ ਦਿੱਤੇ ਤੇ ਮੈਂ ੨੫ ਦਿਨ ਜੇਲ੍ਹ ਕੱਟ ਆਇਆਂ। ਉਸ ਤੋਂ ਪਿੱਛੋਂ ਦਰਬਾਰੇ ਦੇ ਘਰੇ ਸਾਡੇ ਭਾਈਆਂ ਸਾਰਿਆਂ ਨੇ ਰੋਟੀ ਖਾਧੀ ਆ, ਐਮ.ਐਲ.ਏਜ਼. ਨੇ। ਖਾਧੀ ਕਦੋਂ ਆਂ, ਜਦੋਂ ਗਿ. ਜੈਲ ਸਿੰਘ ਨੂੰ ਰਾਸ਼ਟਰਪਤੀ ਦੀਆਂ ਵੋਟਾ ਪਾਈਆਂ। ਉਦੋਂ ਖਾ ਕੇ ਆਏ ਆ। ਚੱਲੋ ਵੋਟਾਂ ਤੇ ਨੀਤੀ ਤੌਰ 'ਤੇ ਪਾ ਦਿੱਤੀਆਂ, ਸਿੱਖੀ ਦਾ ਰੂਪ ਜਾਣ ਕੇ ਤੇ ਰੋਟੀ ਵੇਲੇ ਜਾਨ ਨਿਕਲਦੀ ਸੀ, ਕਿਉਂ ਨਾ ਉਥੋਂ ਵਾਪਸ ਮੁੜੇ ?

ਬਾਦਲ ਦੀ ਲੜਕੀ ਦਾ ਕੈਰੋਂ ਪਰਿਵਾਰ ਨਾਲ ਵਿਆਹ

ਹੁਣ ਤਾਂ ਸ਼ੱਕ ਨਹੀਂ ਰਹਿ ਗਈ। ਹੁਣ ਤਾਂ ਸਾਰੇ ਸ਼੍ਰੋਮਣੀ ਅਕਾਲੀ ਦਲ 'ਚੋਂ ਸੀਨੀਅਰ ਲੀਡਰ, ਤੁਹਾਡਾ ਸਭ ਤੋਂ ਵੱਡਾ ਬਾਦਲ, ਉਹਦੀ ਲੜਕੀ ਦਾ ਰਿਸ਼ਤਾ ਕਿੱਥੇ ਹੋਇਆ ਭਲਾ ? ਕੈਰੋਂ ਪਰਿਵਾਰ ਨੂੰ ਵਿਆਹੀ ਨਹੀਂ ? ਇਹ ਨਹੀਂ ਮੈਂ ਕਹਿੰਦਾ ਕਿ ਕਾਂਗਰਸੀ ਦੇ ਘਰੇ ਕੋਈ ਸਿੱਖ ਵਿਆਵੇ ਨਾ, ਪਰ ਮੇਰਾ ਕਹਿਣ ਦਾ ਮਤਲਬ, ਵਿਆਹੀ ਕਿਹੜੇ ਕਾਂਗਰਸੀ ਦੇ ਆ ? ਜਿਹੜੇ ਕਾਂਗਰਸੀ ਪਰਿਵਾਰ ਨੇ ਸ਼੍ਰੋਮਣੀ ਅਕਾਲੀ ਦਲ ਦੇ ਰਹਿ ਚੁੱਕੇ ਪ੍ਰਧਾਨ, ਸੱਚਖੰਡ ਵਾਸੀ ਜਥੇਦਾਰ ਮੋਹਣ ਸਿੰਘ ਜੀ ਤੁੜ ਨੂੰ, ਕੇਵਲ ਇਕੱਲਾ ਕਛਹਿਰਾ ਤੇਤ ਬਾਕੀ ਸਾਰੇ ਕੱਪੜੇ ਲੁਹਾ ਕੇ ਬਰਫ਼ 'ਤੇ ਨੰਗਿਆਂ ਪਾਇਆ ਹੋਵੇ ? ਜਿਹੜੇ ਪਰਿਵਾਰ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਜਾਇਦਾਦ ਕੁਰਕ ਕੀਤੀ ਹੋਵੇ ? ਜਿਹੜੇ ਮਨੁੱਖ ਨੇ ੧੨ ਸਾਲ ਦਾ ਮੁੰਡਾ ਕਾਕਾ ਇੰਦਰਜੀਤ ਸਿੰਘ, ਉਹਨੂੰ ਵੱਢ ਕੇ ਬਠਿੰਡੇ ਖੂਹ ਦੇ ਵਿੱਚ ਸੁਟਵਾਇਆ ਹੋਵੇ ਜੇਲ੍ਹ 'ਚ ? ਜਿਹੜੇ ਪਰਿਵਾਰ ਨੇ ਪੱਗਾਂ ਵਾਲੇ (ਸਿੰਘ) ਅਤੇ ਚੁੰਨੀਆਂ ਵਾਲੀਆਂ ਬੀਬੀਆਂ, ਸਿੱਖਾਂ ਦੀਆਂ ਲੜਕੀਆਂ ਨੂੰ ੫੭ ਹਜ਼ਾਰ ਨੂੰ ਜੇਲ੍ਹ 'ਚ ਬੰਦ ਕੀਤਾ ਹੋਵੇ। (ਇਹ) ਉਹਦੇ ਪਰਿਵਾਰ ਨੂੰ ਕੁੜੀ ਦੇ ਕੇ ਵੀ ਅਕਾਲੀ ਤੇ ਮੈਂ ਕਾਂਗਰਸੀ ਆ। ਮੈਨੂੰ ਮਜ਼ਬੂਰ ਕਰ ਦਿੱਤਾ ਇਹਨਾਂ ਨੇ ਸੋਚਣ 'ਤੇ.....। ਤੇ ਮੈਂ ਹੁਣ ਕਾਂਗਰਸ ਦੇ ਮਗਰ ਤਾਂ ਜਾਣਾ ਹੀ ਨਹੀਂ । ਇਹ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।

ਮੈਨੂੰ ਹੁਣ ਮਜ਼ਬੂਰ ਹੋ ਕੇ ਸੋਚਣਾ ਪਵੇਗਾ ਕਿ ਮੈਂ ਅਕਾਲੀ ਦਲ ਨਾਲ ਤੁਰਨਾ ਜਾਂ ਕਿ ਮੈਂ ਆਜ਼ਾਦ ਹੋ ਕੇ ਗੁਰੂ ਗੋਬਿੰਦ ਸਿੰਘ ਦੇ ਆਸ਼ੂਰੇ ਨਾਲ ਸਿੱਧਾ ਚੱਲਣਾ। ਇਹ ਕੋਲ ਬੈਠੇ ਆ, ਕਿਸੇ ਗੱਲ ਦਾ ਜਵਾਬ ਦੇਣ, ਤਿੰਨੇ ਹੀ ਸਕੱਤਰ ਆ। ਇਹਨਾਂ ਦੀ ਸ਼ਾਨ ਦੇ ਵਿਰੁੱਧ ਕੋਈ ਅੱਖਰ ਵਰਤਿਆ ? ਡਿਕਟੇਟਰ ਦੀ ਸ਼ਾਨ ਦੇ ਵਿਰੁੱਧ ਕੋਈ ਅੱਖਰ ਵਰਤਿਆ ? ਸ਼੍ਰੋਮਣੀ ਅਕਾਲੀ ਦਲ ਦੀ ਕੋਈ ਨਿਖੇਧੀ ਕੀਤੀ ਆ ? ਤੇ ਤੁਹਾਡੇ ਸਾਹਮਣੇ ਬੈਠੇ ਆ, ਇਹਨਾਂ ਨੂੰ ਕਹੁ ਕਿ ਤੁਹਾਡੇ ਸਾਹਮਣੇ ਉੱਤਰ ਦੇਣ ਜਾਂ ਮੈਥੋਂ ਉੱਤਰ ਲੈਣ। ਇੱਕੀਆਂ ਮਹੀਨਿਆਂ 'ਚ, ਇਹ ਨਹੀਂ ਭਈ ਹੁਣ ਦੀ ਗੱਲ੍ਹ ਆ ਘੰਟੇ ਦੀ ਤੇ ਹੁਣ ਕਹਿੰਦੇ ਆ ਅਖੇ ਜੀ ਸ਼ਾਂਤੀ ਰੱਖੋ। ਸ਼ਾਂਤੀ ਹੁਣ ਕੀ ਰੱਖਣੀ ਆ ? ਸ਼ੇਰ ਵਰਗਾ ਮਾਰ ਦਿੱਤਾ, ਉਹਨੂੰ ਝੋਲ਼ੀ 'ਚ ਪਵਾ ਕੇ ਤੇ ਉਹਦਾ ਸਸਕਾਰ ਕਰ ਦਿੱਤਾ, ਸੋਢੀ ਦਾ। ਬਹਿ ਗਏ ਆਂ ਚੁੱਪ ਕਰਕੇ, ਸਿੰਘਾ ਨੂੰ ਕਹਿ ਦਿੱਤਾ, ਨਾ ਕਿਸੇ ਨੂੰ ਕੁਝ ਕਿਹੋ। ਹਾਂ ਜਿਹਨੇ ਗੋਲੀਆਂ ਮਾਰੀਆਂ ਸੀ, ਉਹਦੇ ਤੋਂ ਬਦਲਾ ਵੰਗਾਰ ਕੇ ਲਿਆ ਚੌਵੀਆਂ ਘੰਟਿਆਂ ਦੇ ਵਿੱਚ ਵਿੱਚ। ਛਿੰਦੇ ਨੇ ਉਹਨੂੰ ਸ਼ਹੀਦ ਕੀਤਾ ਸੀ। (ਉਹ) ਗੁਰੂ ਕੇ ਲਾਲਾਂ ਦੇ ਅੜਿੱਕੇ ਚੜ੍ਹ ਗਿਆ ਉਹਨਾਂ ਵੱਢ ਕੇ ਸੜਕ 'ਤੇ ਸੁੱਟ ਦਿੱਤਾ। ਉਹਦੇ ਤੋਂ ਜ਼ਰੂਰ ਬਦਲਾ ਲਿਆ, ਬਾਕੀ ਇਹ ਹੁਣ ਥੋੜਾ ਤ੍ਰਬਕਦੇ ਆ। ਅਖੇ ਜੀ ਇਥੇ ਨਾ ਕੋਈ ਗੜਬੜ ਹੋਵੇ, ਕੋਈ ਸਕੱਤਰ ਦੀ ਨੂੰ.....। ਭਾਈ ਮੈਂ ਤੇ ਇਹਨਾਂ ਨੂੰ ਇਹ

ਭਰੋਸਾ ਦਿਵਾਇਆ ਆਪਣੇ ਵੱਲੋਂ। ਇਹ ਮਤਾ ਖ਼ਿਆਲ ਕਰਿਉ ਸਾਡੀ ਮੱਤ ਵੀ ਤੁਹਾਡੇ ਵਰਗੀ ਆ। ਜੇ ਅਸੀਂ ਪੰਥਕ ਮੋਰਚੇ 'ਤੇ ਅਤੇ ਤੁਹਾਡੇ 'ਤੇ ਵਾਰ ਕਰਾਂਗੇ.....। ਤੁਸੀਂ ਹੋਰ ਜਿਹਨਾਂ 'ਤੇ ਕਰਨਾ ਉਹ ਦੱਸ ਜਾਇਉ। ਮੈਂ ਉਨੇ ਕੁ ਚੁਣ ਕੇ ਤੁਹਾਡੇ ਕੋਲ ਭੇਜ ਦਿਆਂ, ਮਾਰ ਦਿਉ ਉਹਨਾਂ ਨੂੰ। ਪ ਬੰਦਿਆਂ ਤੱਕ, ਸਿੰਘਾਂ ਤੱਕ ਦਾ ਮੈਂ ਦਮ ਰੱਖੂੰਗਾ ਤੇ ਪੰਜਾਂ ਤੋਂ ਅਗਾਂਹ ਵੀ ਮੈਂ ਇਹ ਨਹੀਂ ਕਹਿੰਦਾ ਇਹਨਾਂ 'ਤੇ ਵਾਰ ਕਰੋ, ਪੰਜਾਂ ਤੋਂ ਅਗਾਂਹ ਬੈਠ ਕੇ ਮੈਂ ਸੋਚੂੰਗਾ ਥੋੜਾ ਜਿਹਾ ਕਿ ਹੋਰ ਥੋੜੇ ਜਿਹੇ ਮਰਵਾ ਕੇ ਵੇਖੀਏ, ਜੇ ਇਹਨਾਂ ਨੂੰ ਸ਼ਾਂਤੀ ਆ ਜਾਵੇ ਤੇ। ਸਪੀਕਰ ਦੀ ਸ਼ਾਂਤੀ ਚੱਟਣੀ ਇਕੱਲੀ, ਜੇ ਤੁਹਾਡੇ ਹਿਰਦੇ ਵਿੱਚ ਸ਼ਾਂਤੀ ਨਹੀਂ ਤੇ। ਇਹ ਤਿੰਨੇ ਬੈਠੇ ਨੇ, ਇਹਨਾਂ ਨੂੰ ਪੁੱਛੋ, ਕੋਈ ਜਵਾਬ ਦੇਣ ਤੁਹਾਨੂੰ ਜਾਂ ਮੈਂ ਇਹਨਾਂ ਦਾ ਕੋਈ ਵਿਰੋਧ ਕੀਤਾ ਤਾਂ ਜਵਾਬ ਦੇਣ ਜਾਂ ਇਹ ਸ਼ਹੀਦਾਂ ਦੇ ਪਰਿਵਾਰਾਂ ਦਾ ਕੋਈ ਅਪਮਾਨ ਕੀਤਾ ਤਾਂ ਜਵਾਬ ਦੇਣ ਤੇ ਜੇ ਗੁਨਾਹ ਮੇਰਾ ਇੱਕੋ ਇੱਕ ਇੰਨਾ ਹੀ ਆ ਨਾ, ਭਈ ਛਿੱਤਰ ਖਾ ਕੇ, ਕੁੱਟ ਖਾ ਕੇ, ਗਾਲਾਂ ਲੈ ਕੇ, ਆਪਣੇ ਜਥੇ ਦੇ ਸਿੰਘ ਮਰਵਾ ਕੇ ਤੇ ਮੈਂ ਚੁੱਪ ਕੀਤਾਂ ਭਈ ਚੱਲੋ ਪੰਥ ਦੀ ਪੱਗ ਬਚ ਜਾਵੇ।

ਕਈ ਇਹ ਵੀ ਕਹਿੰਦੇ ਆ, ਮੇਰੇ ਕੰਨ ਕੱਲ ਅਵਾਜ਼ ਵੀ ਪਈ ਆ ਪਰ ਉਸ ਅਵਾਜ਼ ਦਾ ਗਿਲ਼ਾ ਨਹੀਂ ਕਰਨਾ। ਮੈਨੂੰ ਕਈਆਂ ਨੇ ਕਿਹਾ, ਅਖੇ ਜੀ ਉਥੇ ਪਤਾ ਨਹੀਂ....., ਸੱਚ ਝੂਠ ਇਹ ਤਾਂ ਗੁਰੂ ਜਾਣਦਾ, ਕਿਉਂਕਿ ਉਹਦਾ ਸਬੂਤ ਕੋਈ ਨਹੀਂ ਸੀ। ਚੱਲਦੀ ਚੱਲਦੀ ਗੱਲ ਮਿਲੀ ਆ। ਅਖੇ ਜੀ ਕੈਂਪ ਵਿੱਚ ਗੱਲ ਚੱਲਦੀ ਆ ਉਧਰ ਕਿ ਸੋਢੀ ਨੂੰ ਮਰਵਾ ਕੇ ਤੇ ਭਿੰਡਰਾਂਵਾਲਾ ਤਾਂ ਚੁੱਪ ਕਰ ਗਿਆ, ਕੁਝ ਕਰਨ ਜੋਗਾ ਨਹੀਂ, ਪਰ ਜੇ ਕੀਤੀ ਵੀ ਕਿਸੇ ਨੇ, ਮੈਂ ਉਹਦਾ ਵੀ ਧਨਵਾਦ ਹੀ ਕਰਦਾਂ, ਕਿਉਂਕਿ ਮੈਂ ਤੁਹਾਡੇ ਉੱਤੇ ਇਸ ਮੋਰਚੇ ਵਿੱਚ ਕੁਝ ਕਰਨ ਜੋਗਾ ਹਾਂ ਵੀ ਨਹੀਂ। ਕਿਉਂਕਿ ਤੁਸੀਂ ਜਿੰਨੇ ਬੈਠੇ ਆਂ, ਸਾਰਾ ਸ਼੍ਰੋਮਣੀ ਅਕਾਲੀ ਦਲ ਤੇ ਸਾਰੀ ਸ਼੍ਰੋਮਣੀ ਕਮੇਟੀ। ਹਰਿਮੰਦਰ ਸਾਹਿਬ ਦੀ ਬਾਬਤ ਦੱਸੋ ਮੈਨੂੰ ਕੀ ਕੀਤਾ ? ਉਂਗਲ ਖੜ੍ਹੀ ਕਰਕੇ ਦੱਸੋ ? ਤੇ ਮੈਂ ਤੁਹਾਡੇ 'ਤੇ ਵਾਰ ਨਹੀਂ ਕਰ ਸਕਦਾ। ਇਸ ਦਰਬਾਰ ਸਾਹਿਬ ਦੀ ਬਾਬਤ ਅਸੀਂ ਆਪਣੇ ਪਹਿਲੇ ਮੁਖੀਆਂ ਦੇ ਸਮੇਂ ਆਪਣਾ ਸਿਰ ਲਾਹ ਕੇ ਰੱਖਿਆ, ਬਾਬਾ ਦੀਪ ਸਿੰਘ ਸਾਡੇ ਜਥੇਦਾਰ ਨੇ। ਬਾਬਾ ਦੀਪ ਸਿੰਘ ਜੀ ਸਾਥੋਂ ਸਾਰਿਆਂ ਤੋਂ ਪਹਿਲੇ ਜਥੇਦਾਰ ਸੀ। ਦਾਸ ਚੌਦਵੇਂ ਥਾਂ 'ਤੇ ਆ ਉਹਨਾਂ ਦੇ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨਾਂ ਵਿੱਚੋਂ ਸੰਤ ਜੀ ਚੌਦਵੇਂ ਥਾਂ 'ਤੇ ਆ ਉਹਨਾਂ ਦੇ, ਪਰ ਇੱਕ ਦੱਸੋ ਜੇ ਇਥੇ ਕਿਸੇ ਨੇ ਕੁਝ ਕੀਤਾ। ਮੈਂ ਕੇਵਲ ਇੱਕ, ਦੋ, ਚਾਰ ਮਨੁੱਖਾਂ ਦੇ ਝਗੜੇ 'ਚ ਪੈ ਕੇ ਤੁਹਾਡੀਆਂ ਪੱਗਾਂ ਨਹੀਂ ਲਹਾਉਣੀਆਂ। ਕੁਝ ਵੀ ਕਰਦੇ ਆਂ ਸਬਰ ਰੱਖੂੰਗਾ, ਪਰ ਇਹਨਾਂ ਅੱਗੇ ਹੱਥ ਜੋੜੇ ਆ, ਡਰਦੇ ਨੇ ਨਹੀਂ, ਹੱਥ ਇਸ ਵਾਸਤੇ ਜੋੜੇ ਆ ਕੇ ਹੁਣ ਬੱਸ ਕਰੋ ਸਾਡੇ 'ਤੇ। ਬਥੇਰੀਆਂ ਤੋਹਮਤਾਂ ਕੁੜੀਆਂ ਮੁੰਡਿਆ ਦੀਆਂ ਵੀ ਲਾ ਲਈਆਂ, ਬਲੈਕਾਂ ਦੀਆਂ ਵੀ ਲਾ ਦਿੱਤੀਆਂ, ਸ਼ਰਾਬੀਆਂ ਦੀਆਂ ਵੀ ਲਾ ਦਿੱਤੀਆਂ, ਮੁੰਡਾ ਵੀ ਸਾਡਾ, ਭਰਾ ਸਾਡਾ ਮਾਰ ਦਿੱਤਾ ਤੇ ਵੱਢੀ ਵੀ ਮੇਰੀ ਸੱਜੀ ਬਾਂਹ ਆ ਉਹ। ਤੁਹਾਨੂੰ ਕਿਸੇ ਨੂੰ ਸੋਢੀ ਬਾਰੇ ਪਤਾ ਨਹੀਂ, ਮੈਨੂੰ ਈ ਪਤਾ, ਜਿੰਨਾਂ ਉਸ ਮਾਂ ਦੇ ਲਾਲ ਨੇ ਤੇ ਸ਼ੇਰ ਨੇ ਸ਼ਹੀਦਾਂ ਦਾ ਹੱਕ ਲੈਣ ਵਾਸਤੇ ਰੋਲ ਅਦਾ ਕੀਤਾ, ਮੈਨੂੰ ਪਤਾ ਜਿਹਦੇ ਹੱਥੀਂ ਹੋਇਆ। ਇਹਨਾਂ ਨੂੰ ਕੀ ਪਤਾ। ਸੋ ਮੈਂ ਤਾਂ ਇਹਨਾਂ ਨੂੰ ਵੀ ਅੱਜ ਇਹੋ ਹੀ ਭਰੋਸਾ ਦਿਵਾਇਆ, ਭਈ ਜੇ ਤੇ ਇੱਕੀਆਂ ਮਹੀਨਿਆਂ 'ਚ ਮੈਂ ਅੱਗੇ ਤੁਹਾਡੇ 'ਤੇ ਕੋਈ ਵਾਰ ਕੀਤਾ ਤੇ ਫਿਰ ਤਾਂ ਅਗਾਂਹ ਨੂੰ ਵੀ ਸਮਝ ਲਿਉ ਤੇ ਜੇ ਮੈਂ ਅੱਗੇ ਕੋਈ ਨਹੀਂ ਕੀਤਾ ਤੇ ਤੁਸੀਂ ਹੁਣ ਸਬਰ

ਕਰੋ। ਮਾਰ ਕੇ ਤੇ ਸਬਰ ਕਰ ਲਉ, ਚੱਲੋ ਪਹਿਲਾਂ ਤਾਂ ਤੁਹਾਨੂੰ ਸਬਰ ਸੰਤੋਖ ਨਹੀਂ ਆਇਆ ਤੇ ਤੁਹਾਨੂੰ ਵੀ, ਮੈਂ ਸੰਗਤ ਨੂੰ ਇਹੀ ਬੇਨਤੀ ਕਰਦਾਂ ਕਿ ਜਦੋਂ ਤੱਕ ਇਹ ਮੋਰਚਾ ਚੱਲਦਾ, ਤਦੋਂ ਤੱਕ ਇਹ ਮੋਰਚੇ ਨੂੰ ਆਪਾਂ ਜਿੱਤੀਏ। ਕਿਸੇ ਵੀ ਗੜਬੜ ਤੋਂ ਘਬਰਾਹਟ ਵਿੱਚ ਨਾ ਆਵੋ, ਪਰ ਇਹ ਮੈਂ ਜ਼ਰੂਰ ਹੀ ਇਹਨਾਂ ਨੂੰ ਅੱਜ ਕਹਿ ਦਿੱਤਾ ਭਈ ਜਦੋਂ ਤੱਕ ਤੁਸੀਂ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਗੁਰਚਰਨ ਨੂੰ ਇਥੋਂ ਕੱਢਦੇ ਨਹੀਂ, ਅਸੀਂ ਤਾਂ ਕਹਿੰਦੇ ਕੁਝ ਨਹੀਂ, ਪਰ ਇਹਨੇ ਸਿਆਪਾ ਫਿਰ ਕਦੇ ਨਾ ਕਦੇ ਕੋਈ ਪਾ ਦੇਣਾ। ਮੈਂ ਤਾਂ ਜ਼ਰ ਲਿਆ, ਕਿਸੇ ਹੋਰ ਨਾਲ ਤੁਹਾਡਾ ਪੈ ਗਿਆ ਤੇ ਮੁੜਕੇ ਪੁਆੜਾ ਮੁੱਕਣਾ ਨਹੀਂ ਗਾ ਤੇ ਨਾ ਤੁਹਾਡੇ ਤੋਂ ਰੁਕਣਾ। ਇਹ ਮੈਂ ਜ਼ਰੂਰੀ ਇਹਨਾਂ ਨੂੰ ਕਿਹਾ। ਇਹ ਹੀ ਕਿਹਾ ਨਾ, ਬੋਲਦੇ ਨਹੀਂ ਸਿਰ ਹਿਲਾ ਦਿੰਦੇ ਆ। ਇਹ ਹੁਣ ਤੁਸੀਂ ਦੱਸੋ ਮੇਰਾ ਗੁਨਾਹ ਕੀ ਆ ? ਬਾਕੀ ਤੁਸੀਂ ਗੁਰੂ ਕੀ ਸੰਗਤ ਓ.....।

ਲੌਂਗੋਵਾਲ ਵੱਲੋਂ ਸੰਤ ਜਰਨੈਲ ਸਿੰਘ 'ਤੇ ਸਰਕਾਰੀ ਬੋਲੀ ਬੋਲਣ ਦਾ ਦੋਸ਼

ਡਿਕਟੇਟਰ ਨੇ ਤੇ ਫੈਸਲਾ ਕਰ ਦਿੱਤਾ, ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਡਿਕਟੇਟਰ ਨੇ। ਉਹਨੇ ਤਾਂ ਫੈਸਲਾ ਕਰ ਦਿੱਤਾ ਕਿ ਭਿੰਡਰਾਂਵਾਲਾ ਸਰਕਾਰ ਨਾਲ (ਰਲਿਆ), ਸਰਕਾਰ ਦੀ ਬੋਲੀ ਬੋਲਦਾ ਤੇ ਕਾਂਗਰਸ ਦੀ ਗੱਲ ਕਰਦਾ। ਤੁਸੀਂ ਗੁਰੂ ਕੀ ਸੰਗਤ ਫੈਸਲਾ ਕਰੋ, ਜੇ ਤਾਂ ਮੈਂ ਹਾਂ ਸਰਕਾਰੀ ਤੇ ਕਾਂਗਰਸੀਆ ਤੇ ਮੈਂ ਤੁਹਾਡੇ ਕੋਲੋਂ ਹੀ ਪੁੱਛਦਾਂ ਕਿ ਮੈਨੂੰ ਇਥੇ ਕਾਹਦੇ ਵਾਸਤੇ ਖੜ੍ਹਾ ਕੀਤਾ ? ਕਿਉਂ ਨਹੀਂ ਕੰਨੋ ਫੜ੍ਹ ਕੇ ਮੈਨੂੰ ਬਾਹਰ ਕੱਢਦੇ ? ਇਹਦਾ ਫੈਸਲਾ ਤੁਸੀਂ ਕਰੋ। ਜੇ ਤਾਂ ਮੈਂ ਹਾਂ ਤੁਹਾਡਾ ਚੌਕੀਦਾਰ, ਇੱਕ ਗੱਲ ਮੈਂ ਤੁਹਾਨੂੰ ਕਹਿ ਵੀ ਲਵਾਂ, ਨਾ ਮੈਂ ਤੁਹਾਡਾ ਸੰਤ ਤੇ ਨਾ ਮੈਂ ਤੁਹਾਡਾ ਖ਼ਾਲਸਾ ਜੀ ਲੀਡਰ ਆਂ। ਮੈਂ ਤਾਂ ਤੁਹਾਡਾ ਨੌਕਰ ਆਂ, ਚੌਕੀਦਾਰ ਆਂ ਗੁਰੂ ਕੀ ਸੰਗਤ ਦਾ। ਜੋੜੇ ਜਿਹੜੇ ਮੈਥੋਂ ਝੜ੍ਹਾਉਣੇ ਉਹ ਝੜ੍ਹਾ ਲਵੋ। ਜਿਹੜਾ ਚੌਕੀਦਾਰਾ, ਗੋਲੀਪੁਣਾ ਮੈਥੋਂ ਕਰਾਉਣਾ ਉਹ ਕਰਵਾ ਲਵੋ ਤੇ ਜੇ ਤੁਹਾਡੀ ਨਿਗ੍ਹਾ ਵਿੱਚ, ਤੁਹਾਡੀ ਬੋਲੀ 'ਚ ਮੈਨੂੰ ਪ੍ਰਤੀਤ ਹੁੰਦਾ ਕਿ ਮੈਂ ਕਾਂਗਰਸੀ ਆਂ ਤੇ ਜਾਂ ਮੈਂ ਸਰਕਾਰੀਆਂ ਤੇ ਤੁਸੀਂ ਗੁਰੂ ਕੀ ਸੰਗਤ ਫੈਸਲਾ ਹੁਣੇ ਕਰ ਦਿਉ, ਨਾਲੇ ਅਕਾਲੀ ਭਾਈ ਖੁਸ਼ ਹੋ ਜਾਣਗੇ ਤੇ ਮੈਂ ਚੁੱਪ ਕਰਕੇ ਇਥੋਂ ਨਿਕਲ ਜਾਊਂਗਾ ਬਾਹਰ ਤੇ ਮੈਂ ਰਹਾਂ ਚਾਹੇ ਮਰਾਂ। ਕਿਉਂਕਿ ਭਾਈ ਦੱਸੋ ਮੈਂ ਅਕਾਲੀ ਆਂ ਕਿ ਕਾਂਗਰਸੀ ਆਂ ?
ਸੰਗਤ - ਅਕਾਲੀ।
ਤੇ ਜੇ ਮੈਂ ਅਕਾਲੀ ਆਂ ਤੇ ਜਿਹੜੇ ਭਾਈ.....।

'ਅਕਾਲੀ' ਤੇ 'ਕਾਲੀ' ਦਾ ਫਰਕ

ਮੈਂ 'ਕਾਲੀ' ਨਹੀਂ ਗਾ, ਮੈਂ ਤੁਹਾਨੂੰ ਦੱਸ ਦੇਨਾਂ। 'ਕਾਲੀ' ਨਹੀਂ ਮੈਂ, ਮੈਂ ਅਕਾਲੀ ਜ਼ਰੂਰ ਆਂ। 'ਕਾਲੀ' ਤੇ ਅਕਾਲੀ ਦਾ ਫ਼ਰਕ ਆ। 'ਕਾਲੀ' ਉਹ ਹੁੰਦਾ, ਜਿਹੜਾ ਸਿੱਖੀ ਸਰੂਪ ਵਿੱਚ ਵੀ ਹੋਵੇ, ਇਹਨਾਂ ਸਰਦਾਰਾਂ ਵਿੱਚ ਚੌਧਰੀ ਵੀ ਹੋਵੇ ਤੇ ਜਾ ਕੇ ਵੈਸ਼ਨੋ ਦੇਵੀ ਮੱਥਾ ਟੇਕ ਕੇ ਕਹੇ ਮਾਸੀ ਰੱਖ ਲਈ ਤੂੰ। ਮੈਂ ਉਹਨਾਂ ਲੋਕਾਂ ਨੂੰ 'ਕਾਲੀ' ਕਹਿਨਾਂ, ਭਾਵੇਂ ਕਿੰਡੀ ਪਦਵੀ ਵਾਲਾ ਕੋਈ ਹੋਵੇ ਤੇ ਅਕਾਲੀ ਮੈਂ ਉਹਨੂੰ ਕਹਿਨਾ, ਜਿਹੜਾ ਅਕਾਲ ਪੁਰਖ, ਸ੍ਰੀ ਗੁਰੂ ਗਰੰਥ ਸਾਹਿਬ 'ਤੇ ਅਤੁੱਟ ਨਿਸਚਾ ਰੱਖੇ, ਮੇਰਾ ਵਿਚਾਰ ਇਹ ਆ ਤੇ ਜਿਹੜੇ

ਭਾਈ ਬੈਠੇ ਆ, (ਸੰਗਤ ਵਿੱਚ ਬੈਠੇ ਅਕਾਲੀ ਲੀਡਰਾਂ ਵੱਲ ਸੰਕੇਤ ਕਰਦੇ ਹਨ) ਇਹਨਾਂ ਵਿੱਚੋਂ ਇੱਕ ਤੇ ਫਸ ਜਾਣਾ, ਦੂਜੇ ਭਾਵੇਂ ਦੋ ਨਿਕਲ ਜਾਣ। ਕਿਹੜਾ ਜਿਹਨੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਬਚਨ ਕਮਾਇਆ। ਮਹਾਰਾਜ ਕਹਿੰਦੇ :

'ਗੋਰ ਮੜੀ ਮਟ ਭੂਲ ਨ ਮਾਨੈ ॥'

ਅਕਾਲੀ ਲੀਡਰਾਂ ਨੇ ਗਾਂਧੀ ਦੀ ਸਮਾਧੀ 'ਤੇ ਸਹੁੰ ਚੁੱਕਣੀ

ਇੱਕ ਵੀ ਐਸ ਵੇਲੇ ਆਪਣਾ ਭਰਾ[ਟ੍ਰ] ਹੈ.....? ਕਾਂਗਰਸੀਆਂ ਨੂੰ ਤਾਂ ਆਪਾਂ ਛੱਡ ਦੇਈਏ। ਆਪਣਾ ਇੱਕ ਵੀ ਭਰਾ ਹੈ, ਜਿਹਨੇ ਗਾਂਧੀ ਦੀ ਸਮਾਧ 'ਤੇ ਜਾ ਕੇ ਮੱਥਾ ਨਹੀਂ ਟੇਕਿਆ ? ਜਦ ਰਾਜ ਭਵਨ ਵਿੱਚ ਸਹੁੰ ਚੁੱਕਦੇ, ਕਿੱਥੇ ਚੁੱਕਦੇ ਹੁੰਦੇ ਉਦੋਂ ? ਇੱਕ ਬੰਦੇ ਨੇ ਮੈਨੂੰ ਕਿਹਾ ਕਿ ਸੰਤ ਜੀ ਸ਼ੁਕਰ ਕਰ ਅਜੇ। ਮੈਂ ਕਿਹਾ ਕਾਹਦਾ ? ਆਂਦਾ ਤੁਹਾਨੂੰ ਮੈਂ ਦੱਸਦਾਂ। ਮੈਂ ਕਿਹਾ ਕੀ ਗੱਲ ? ਆਂਦਾ ਜੇ ਕਿਤੇ ਗਾਂਧੀ ਦੀ ਸਮਾਧ 'ਤੇ ਸੁਰੰਗ ਬਣੀ ਹੁੰਦੀ ਨਾ ਸੁਰੰਗ, ਇਹਨਾਂ ਸਾਰਿਆਂ ਨੇ ਵਿੱਚ ਵੜ ਜਾਣਾ ਸੀ, ਭਾਵੇਂ ਬਾਹਰੋਂ ਆਪਾਂ ਦਰਵਾਜਾ ਬੰਦ ਕਰਕੇ ਵਿੱਚੇ ਬੈਠਾਈ ਰੱਖਦੇ।

ਰਹਿਤ ਵਿੱਚ ਪਰਪੱਕ ਹੋਣ ਦੀ ਅਪੀਲ

ਸੋ ਮੈਂ ਤਾਂ ਇੱਕ ਬੇਨਤੀ ਸਮਾਪਤੀ 'ਤੇ ਤੁਹਾਡੇ ਅੱਗੇ ਕਰਨੀ ਆਂ, ਜਿਹਨਾਂ ਕੇਸ ਦਾਹੜਾ ਕਟਾਇਆ, ਸਿੰਘ ਨਾਂਅ ਵਾਲਿਆਂ ਨੇ। ਉਹਨਾਂ ਨੂੰ ਹੱਥ ਜੋੜ ਕੇ ਬੇਨਤੀ ਆ, ਮੇਰੇ ਭਰਾ ਬਣ ਜਾਉ ਤੇ ਭਰਾ ਵੀ ਮੇਰੇ ਤਾਂ ਬਣਿਉਂ, ਜੇ ਮੈਨੂੰ ਚੰਗਾ ਸਮਝਦੇ ਓ। ਜੇ ਲੁੱਚਾ ਸਮਝਦੇ ਆਂ ਤੇ ਬਿਲਕੁਲ ਮੇਰੇ ਭਰਾ ਨਹੀਂ ਬਣਨਾ। ਚੰਗਾ ਕਹੋਂਗੇ, ਕੇਸ ਦਾਹੜਾ ਰੱਖਣਾ ਪਊ, ਸ਼ਰਾਬ ਛੱਡਣੀ ਪਊ ਤੇ ਜੇ ਲੁੱਚਾ ਕਹਿ ਦਿਉਗੇ, ਮੈਂ ਚੁੱਪ ਕਰਕੇ ਬਹਿ ਜਾਊ, ਤੁਹਾਡਾ ਖਹਿੜਾ ਛੁੱਟ ਜਾਊਗਾ। ਆਹ ਦੱਸੋ ਭਾਈ ਜਿਹਨਾਂ ਦਾਹੜੀ ਕਟਾਈ, ਮੈਂ ਲੁੱਚਾ ਕਿ ਚੰਗਾ। ਇਹ ਬੋਲੇ ਬਿਨਾ ਨਹੀਂ ਸਰਨਾ। ਉੱਚੀ ਕਹੋ। ਨਹੀਂ, ਜਿਹਨੇ ਦਾਹੜੀ ਕੱਟੀ ਆ ਉਹ। ਜੇ ਮੈਂ ਚੰਗਾ ਤੇ ਫਿਰ ਤੁਸੀਂ ਆਖੇ ਕਿਉਂ ਨਹੀਂ ਲੱਗਦੇ ? ਹਾਂ ਕੇਸ ਦਾਹੜਾ ਰਖਵਾ ਕੇ, ਜੇ ਮੈਂ ਤੁਹਾਨੂੰ ਕਹੂੰ ਕਿ ਮੈਨੂੰ ਸੰਤ ਮੰਨੋ, ਮੱਥਾ ਟੇਕੋ ਤੇ ਆਪ ਦੀ ਰਗੜ ਕੇ ਮੁੰਨ ਲਿਉ ਜੇ ਤੁਹਾਨੂੰ ਕਹਾਂ ਮੇਰੇ ਚੇਲੇ ਬਣੋ ਤੇ ਤਾਂ ਵੀ ਮੁੰਨ ਲਿਉ ਤੇ ਜੇ ਤੁਹਾਨੂੰ ਕਹਾਂ ਪੰਥ ਦੀ ਵਿਰੋਧਤਾ ਕਰੋ ਤੇ ਤਾਂ ਵੀ ਮੁੰਨ ਲਿਉ, ਫਿਰ ਵੀ ਮੁੰਨ ਲਿਉ। ਪੁਰਾਣੇ ਸਿੱਖ ਨਾਹਰਾ ਲਾਉਂਦੇ ਹੁੰਦੇ ਸੀ :

ਸਿਰ ਜਾਵੇ ਤਾਂ ਜਾਵੇ, ਮੇਰਾ ਸਿਖੀ ਸਿਦਕ ਨਾ ਜਾਵੇ ॥

ਤੇ ਤੁਸੀਂ ਹੁਣ ਕਹਿੰਦੇ ਓ, ਦੋ ਨਾਹਰੇ ਆ, ਇੱਕ ਤੇ ਇਹਨਾਂ ਕੋਲੇ ਆ, ਇਹਨਾਂ ਕੋਲ ਤਾਂ ਨਾਹਰਾ ਹੈ :

ਧਰਮ ਜਾਵੇ ਤਾਂ ਜਾਵੇ, ਸਾਡੀ ਕੁਰਸੀ ਕਿਤੇ ਨਾ ਜਾਵੇ ॥

ਤੇ ਤੁਹਾਡੇ ਕੋਲ ਨਾਹਰਾ ਇਹ ਰਹਿ ਗਿਆ ਨੌਜੁਆਨ ਪੀੜ੍ਹੀ ਕੋਲੇ, ਜਿਹੜੇ ਮੂੰਹ ਕੱਟੇ ਵਾਲੇ ਆ, ਦਾਹੜੀ ਮੁੰਨੀ ਵਾਲੇ, ਇਹ ਕਹਿੰਦੇ :

ਧਰਮ ਜਾਵੇ ਤਾਂ ਜਾਵੇ, ਦਾਹੜੀ ਸਾਡੇ ਮੂੰਹ 'ਤੇ ਨਾ ਆਵੇ ॥

ਇਹ ਕਿਹਦੇ ਲਿਆਉਣੀ ਆਂ ਭਾਈ ਜਾਂ ਤਾਂ ਬੇਨਤੀ ਪ੍ਰਵਾਨ ਕਰਕੇ....., ਪਹਿਲਾਂ ਇਹ ਦੱਸੋ ਬੈਠੇ

ਵੀ ਵਾਹਵਾ । ਜਿਹੜਾ ਮੁੰਡਾ ਪਿਉ ਵਰਗਾ ਨਾ ਹੋਵੇ ਉਹਨੂੰ ਕੀ ਕਹਿੰਦੇ ਤੁਸੀਂ ਭਲਾ ? ਨਹੀਂ ਜਿਹਦੀ ਦਾਹੜੀ ਕੱਟੀ ਉਹ ਦੱਸੋ ਤੇ ਆਪਾਂ ਦਸਵੇਂ ਪਾਤਿਸ਼ਾਹ ਨੂੰ ਮੰਨਦੇ ਆਂ ਨਾ, ਜਿਹਨੇ ਬੈਠੇ ਆਂ, ਕਿਉਂ ਭਈ ਦਸਵੇਂ ਪਾਤਿਸ਼ਾਹ ਨੂੰ ਤੇ ਮੰਨਦੇ ਕਿ ਨਹੀਂ ?

ਸੰਗਤ – ਮੰਨਦੇ ਆਂ ।

ਜੇ ਦਸਵੇਂ ਪਾਤਿਸ਼ਾਹ ਨੂੰ ਮੰਨਦੇ ਆਂ ਤਾਂ ਕੀ ਆਪਾਂ ਰਲਦੇ ਆਂ ਉਹਨਾਂ ਨਾਲ । ਦਸਵੇਂ ਪਾਤਿਸ਼ਾਹ ਦੇ ਤੇੜ ਕਛਹਿਰਾ, ਗਾਤਰੇ ਕ੍ਰਿਪਾਨ, ਸੋਹਣੀ ਦਸਤਾਰ ਤੇ ਸੋਹਣਾ ਸ੍ਰੀ ਸਾਹਿਬ ਤੇ ਸਰਬਲੋਹ ਦਾ ਕੜਾ ਹੋਵੇ ਤੇ ਆਪਣੇ ਗਲ ਧਾਗਾ ਜਿਹਾ ਪਾਇਆ ਹੋਵੇ । ਕੀ ਆਂਦੇ ਉਹਨੂੰ ਰੱਖੜੀ ਰੁਖੜੀ, ਖੋਰੇ ਕੀ ਹੁੰਦੀ ਆ ਖੱਬੜੀ ਜਿਹੀ ਤੇ ਤੇੜ ਕੱਛੀ ਪਾਈ ਹੋਵੇ, ਉਹ ਦੂਜੀ ਬਾਂਦਰ ਕੱਛੀ ਜਿਹੀ ਤੇ ਸਿਰ 'ਤੇ ਦਸਤਾਰ ਤੇ ਕੇਸ ਤੇ ਮੂੰਹ 'ਤੇ ਦਾਹੜਾ ਹੋਵੇ ਈ ਨਾ ਤੇ ਗੁਰੂ ਦੇ ਸਿੱਖ ਕਿਵੇਂ ਕਹਾਵਾਂਗੇ ? ਆਪਾਂ ਨੂੰ ਲੋਕੀਂ, ਇਸ ਤਰ੍ਹਾਂ ਪਿਉ ਦਾ ਕਹਿਣਗੇ ? ਜੇ ਤੇ ਪਿਉ ਦਾ ਬਣਨਾ ਤੇ ਮੇਰੇ ਭਰਾ ਬਣਨਾ, ਫਿਰ ਤੇ ਜਿਹਨਾਂ ਮੂੰਹ ਸਿਰ, (ਉਹ) ਮੁੰਨੇ ਅੱਜ ਰੱਖ ਜਾਉ ਤੇ ਜੇ ਪਿਉ ਦੇ ਨਹੀਂ ਬਣਨਾ ਤਾਂ ਮਰਜੀ ਤੁਹਾਡੀ ਜਾਂ ਮਰਦ ਰਹੋ ਤੇ ਜਾਂ ਬੀਬੀਆਂ ਬਣੋ । ਮਰਦ ਰਹਿਣਾ ਤੇ ਸਾਬਤ ਰੱਖੋ ਤੇ ਜੇ ਨਹੀਂ ਮਰਦ ਰਹਿਣਾ, ਫਿਰ ਦਰਬਾਰ ਸਾਹਿਬ ਜਾ ਕੇ ਅਰਦਾਸ ਕਰੋ, ਹੇ ਸੱਚੇ ਪਾਤਿਸ਼ਾਹ ! ਸਾਨੂੰ ਮਾਰਕੇ ਜਨਾਨੀਆਂ ਬਣਾ ਦੇਹ, ਜਨਾਨੀਆਂ ਨੂੰ ਮਰਦ ਬਣਾ ਦੇਹ । ਇਹ ਵਟਾਂਦਰਾ ਕਰ ਲਉ. ਨਾ ਦਾਹੜੀ ਮੂੰਹ 'ਤੇ ਆਵੇ, ਨਾ ਸੁੱਕੇ ਛਿੱਤਰ 'ਤੇ ਪਛਣਾ ਘਸਾ ਕੇ ਨਾਈ ਨੂੰ ਤੁਹਾਡੇ ਮੂੰਹ 'ਤੇ ਮਲਣਾ ਪਵੇ । ਨਾ ਮੈਨੂੰ ਸਿਰ ਖਪਾਈ ਕਰਨੀ ਪਵੇ, ਨਾ ਤੁਹਾਨੂੰ ਗੁੱਸਾ ਆਵੇ । ਉਏ ਦੱਸੋ ਹੁਣ ਬਣਨਾ ਪਿਉ ਦੇ ਕਿ ਨਹੀਂ ? ਭਈ ਬੋਲਦੇ ਕਿਉਂ ਨਹੀਂ ? ਜਿਹਨਾਂ ਦੀਆਂ (ਦਾਹੜੀਆਂ) ਕੱਟੀਆਂ, ਨੀਵੀਂ ਕਿਉਂ ਪਾਉਂਦੇ ਆ ? ਤੇ ਸਰਨਾ ਨਹੀਂ ਬੇਲੇ ਬਿਨਾ, ਪਿੱਛੇ ਵਾਹਵਾ ਖੜ੍ਹਾ ਗੁਲਗਲਾ ਜਿਹਾ । (ਮੈਂ) ਇਹੋ ਜਿਹਾ ਅੱਤਵਾਦੀ ਆਂ ਤੇ ਇਹੋ ਜਿਹਾ ਕਾਂਗਰਸੀ ਆਂ । ਇਹੋ ਜਿਹਾ ਮੈਂ ਪੰਥ ਘਾਤਕ ਤੇ ਪੰਥ ਵਿਰੋਧੀ ਆਂ । ਇਹ ਤੇ ਫੈਸਲਾ ਹੁਣ ਤੁਸੀਂ ਜਾਣੋ, ਗੁਰੂ ਕੀ ਸੰਗਤ ।

ਸੋਢੀ ਕਤਲ ਕਾਂਡ ਵਿੱਚ ਭਾਟੀਏ ਦਾ ਹੱਥ

ਬਾਕੀ ਮੈਂ ਸ਼ਹਿਰ ਨਿਵਾਸੀਆਂ ਨੂੰ ਤੇ ਸਾਰੇ ਇਲਾਕੇ ਦੀ ਸੰਗਤ ਨੂੰ ਇਹ ਜ਼ਰੂਰ ਕਹਾਂਗਾ । ਥੋੜੀ ਜਿਹੀ ਮੈਥੋਂ ਇੱਕ ਗ਼ਲਤੀ ਇੰਨੀ ਕ੍ਰੂ ਹੋ ਗਈ ਕਿ ਮੈਂ ਖ਼ਿਆਲ ਨਹੀਂ ਕੀਤਾ ਤੇ ਇਥੇ ਖੋਨੀ ਕਹਿੰਦੇ ਆ ਈ ਗਿਆ, ਕਿੱਥੇ ਭਾਟੀਆ ? ਇਹਨੂੰ ਲਿਆਉ ਉਰੇ, ਸਾਰੀ ਸੰਗਤ ਦਰਸ਼ਨ ਕਰ ਲਊਗੀ । ਆਹ ਬੰਦਾ, ਜਿੰਨੇ ਸਿੰਘਾਂ ਦਾ, ਭਿੰਡਰਾਂਵਾਲਿਆਂ ਦਾ ਖ਼ੂਨ ਪੀਤਾ । ਆਹ ਬੰਦਾ ਜਿਹੜਾ ਇਥੇ ਸ਼ਹਿਰ ਦਾ ਜਥੇਦਾਰ ਉਹਨਾਂ ਦਾ ਪਰ ਤੁਹਾਨੂੰ ਇੱਕ ਬੇਨਤੀ ਕਰੂੰਗਾ ਭਈ, ਮੈਂ ਇਹਨੂੰ ਅੱਜ ਆਪਣੇ ਵੱਲੋਂ ਕਹਿ ਦਿੱਤਾ ਕਿ ਅਜੇ ਮੈਂ ਤੈਨੂੰ ਕੁਝ ਨਹੀਂ ਕਹਿੰਦਾ । ਮੋਰਚਾ ਲੱਗਾ ਤੂੰ ਜਾਹ ਜਾ ਕੇ ਆਪਣਾ ਕੰਮ ਕਰ ਤੇ ਬੰਦੇ ਦਾ ਪੁੱਤ ਬਣ ਕੇ ਰਹੀਂ । ਇੱਕ ਤਾਂ ਬਾਂਹ ਤੂੰ ਸੱਜੀ ਲੈ ਲਈ ਆ ਤੇ ਸ਼ੇਰ ਤੂੰ ਸਾਡਾ ਦਿੱਤਾ ਮਾਰ, ਪਰ ਤੁਸੀਂ ਦੱਸੋ ਭਈ ਭਰਾ ਸਾਡਾ ਮਾਰਿਆ ਹੋਵੇ ਤੇ ਬਾਂਹ ਸਾਡੀ ਸੱਜੀ ਵੱਢੀ ਹੋਵੇ ਤੇ ਜਿਹਨਾਂ ਵੱਢੀ ਆ, ਉਹਨਾਂ ਵਾਸਤੇ ਕਾਰਾਂ ਲਿਆ ਕੇ ਦੇਵੇ, ਟੈਕਸੀਆਂ ਲਿਆ ਕੇ ਦੇਵੇ ਤੇ ਨਾਲ ਹੋਵੇ ਤੇ ਜ਼ਖ਼ਮੀ ਬੰਦੇ ਅੰਦਰੋਂ ਕੱਢੇ ਤੇ ਮੁੜਕੇ ਕਹੇ ਜੀ ਮੇਰਾ ਤੇ ਇਹਦੇ ਵਿੱਚ ਹੱਥ ਨਹੀਂ ਤੇ ਤੁਹਾਡੇ ਸੰਗਤ ਦੇ ਮੰਨਣ 'ਚ ਆਉਂਦਾ ? ਜ਼ਖ਼ਮੀ ਅੰਦਰੋਂ ਕੱਢੇ ਹੋਣ, ਪਸਤੌਲ

ਲੈ ਕੇ ਬੰਦਾ ਕੋਲੋਂ ਦੀ ਭੱਜਿਆ ਹੋਵੇ, ਅੱਖੀਂ ਇਹਨੇ ਵੇਖਿਆ ਹੋਵੇ। ਉਹ ਬੰਦਾ ੧੦੦ ਕਹਿ ਗਿਆ ਹੋਵੇ ਕਿ ਮੈਂ ਸੋਢੀ ਨੂੰ ਮਾਰ ਕੇ ਚੱਲਿਆਂ ਤੇ ਮੁੜਕੇ (ਇਹ) ਕਹੇ ਜੀ, ਅਖੇ ਜੀ ਮੈਨੂੰ ਤੇ ਪਤਾ ਨਹੀਂ। ਲਿਆ ਕੇ ਬਾਹਰੋਂ ਟੈਕਸੀ ਦੇਵੇ, ਟੈਕਸੀ ਕਰਨੈਲ ਸਿੰਘ ਮਰੜੀ ਦੇ ਮੁੰਡੇ ਦੀ ਹੋਵੇ। ਉਹਦਾ ਗੁਨਾਹ ਨਹੀਂ ਵਿਚਾਰੇ ਦਾ ਕਿਉਂਕਿ ਉਹਨੇ ਤੇ ਕਿਰਾਇਆ ਲੈਣਾ, ਉਹਨੂੰ ਕੀ ਪਤਾ ਬੰਦਾ ਕੌਣ ਆਂ ? ਉਹ ਰਾਤ ਨੂੰ ਜਾਵੇ ਨਾ ਤੇ ਇਹ ਉਹਨੂੰ ਕਹੇ ਮੈਂ ਇਸ ਬੰਦੇ ਨੂੰ ਚੰਗੀ ਤਰ੍ਹਾਂ ਜਾਣਦਾਂ, ਤੂੰ ਉਹਨੂੰ ਲੈ ਜਾਹ ਤੇ ਤੁਹਾਨੂੰ....., ਇਹ ਹੁਣ ਤੁਸੀਂ ਸੋਚ ਲਵੋ। ਏਡਾ ਵੱਢਾ ਯੋਧਾ ਸਾਡਾ ਸਿੰਘ ਮਾਰਿਆ ਤੇ ਇਹ ਸਾਡੇ ਹੱਥ 'ਚ ਖੜਾ। ਇਹਦੀ ਜ਼ੁਰਅਤ ਨਹੀਂ ਕਿ ਇਹ ਨਿਕਲ ਜਾਵੇ ਪਰ ਇਹਨੂੰ ਅਜੇ ਕਹਿਣਾ ਕੁਝ ਨਹੀਂ ਗਾ। ਪੱਗ ਕੌਮ ਦੀ ਬਚਾ ਲਈਏ ਪਹਿਲਾਂ, ਫਿਰ ਇਹਦੇ ਨਾਲ ਵੇਖ ਲਵਾਂਗੇ। ਮੈਂ ਤਾਂ ਆਪਣੇ ਵੱਲੋਂ ਕੁਝ ਨਹੀਂ ਕਹਿੰਦਾ ਤੇ ਤੁਹਾਨੂੰ ਵੀ ਇਹੋ ਕਹੂੰ ਹੁਣ ਨਾ ਇਹਨੂੰ ਕੁਝ ਕਿਹੋ। ਫਿਰ ਜਿਹੜਾ ਸਮਾਂ ਆਈ ਜਾਊਗਾ, ਉਹ ਗੁਰੂ ਕੀ ਸੰਗਤ ਜਾਣੇ ਤੇ ਇਹ ਜਾਣੇ। ਮੈਂ ਤੇ ਕੁਝ ਕਹਿਣਾ ਨਹੀਂ। ਮੈਂ ਤਾਂ ਆਪਣੇ ਵੱਲੋਂ ਚੁੱਪ ਆਂ ਤੇ ਚੁੱਪ ਆਂ ਕੇਵਲ ਕੌਮ ਦੀ ਪੱਗ ਬਚਾਉਣ ਵਾਸਤੇ.....। ਇਹਨਾਂ ਲੋਕਾਂ ਵਾਸਤੇ ਅੱਜ ਮੈਂ ਚੁੱਪ ਨਹੀਂ ਗਾ। ਜਾਹ ਚਲੇ ਜਾਹ ਤੇ ਸੰਗਤ ਨੂੰ ਬੇਨਤੀ ਆ ਖ਼ਾਲਸਾ ਜੀ, ਇਹਨੂੰ ਹੁਣ ਕੋਈ ਐਵੇਂ ਨਾ ਫੜ੍ਹ ਕੇ ਬੁੜਕਾ ਸੁੱਟਿਉ। ਇਹਨੂੰ ਕਹਿਣਾ ਨਹੀਂ ਕੁਝ ਅਜੇ।

ਭਾਨ ਸਿੰਘ ਕਮੇਟੀ ਨੂੰ ਅਪੀਲ

ਬੇਨਤੀ ਆ ਤੁਹਾਨੂੰ ਸਾਰਿਆਂ ਨੂੰ, ਇਹ ਗੱਲ ਮੈਂ ਤੁਹਾਡੇ ਸਾਹਮਣੇ ਇੰਨੀ ਕੁ ਪ੍ਰਗਟ ਤਾਂ ਕੀਤੀ ਆ ਕਿ ਕੱਲ ਨੂੰ ਕੋਈ ਐਸੀ ਗੱਲ ਹੋਵੇ ਤੇ ਮੁੜਕੇ ਸਾਨੂੰ ਝੂਠ ਦੀ ਟ੍ਰੇਨਿੰਗ ਤਾਂ ਕੋਈ ਨਹੀਂ, ਸਾਨੂੰ ਗੁੜਤੀ ਆ ਸੱਚ ਬੋਲਣ ਦੀ। ਇਹਨਾਂ ਭਾਈਆਂ ਮੁੜਕੇ ਬੰਨਣਾ ਗੁੱਡਾ, ਭਈ ਭਿੰਡਰਾਂਵਾਲੇ ਨੇ ਆਹ ਕਿਹਾ, ਲੌਂਗੋਵਾਲ ਨੇ ਆਹ ਕਿਹਾ, ਫਲਾਣੇ ਨੇ (ਆਹ ਕਿਹਾ)। ਹੁਣ ਮੈਂ ਇਹਨਾਂ ਦੇ ਬੈਠਿਆਂ ਤੁਹਾਨੂੰ ਲੀਡਰਾਂ ਬਾਰੇ ਕਿਹਾ, ਇਹਨਾਂ ਦੇ ਬੈਠਿਆਂ ਇਹਨਾਂ ਬਾਰੇ ਤੇ ਇਹਨਾਂ ਦੇ ਬੈਠਿਆਂ ਮੈਂ ਆਪਣੇ ਬਾਰੇ ਦੱਸਿਆ ਤੇ ਇਹਨਾਂ ਨੂੰ ਮੈਂ ਬੇਨਤੀ ਵੀ ਕਰੂੰਗਾ ਕਿ ਮੇਰੇ ਤੋਂ ਨਾ ਡਰਨ ਦੀ ਲੋੜ ਆ, ਨਾ ਸੰਕੋਚਣ ਦੀ ਲੋੜ ਆ। ਜੇ ਤੁਹਾਨੂੰ ਮੇਰੇ ਬੋਲ ਵਿੱਚੋਂ ਅਕਾਲੀ ਦਲ ਦੇ ਵਿਰੁੱਧ ਕੋਈ ਅਵਾਜ਼ ਦਿੱਸੀ ਆ ਤਾਂ ਉੱਠ ਕੇ ਸਪੀਕਰ 'ਤੇ ਸੰਗਤ ਨੂੰ ਹੁਣ ਕਹਿ ਕੇ ਜਾਉ। ਕੱਲ ਨੂੰ ਨਾ ਉਥੇ ਅਖ਼ਬਾਰਾਂ 'ਚ ਮੁੜ ਕੇ ਪਿੱਟੋ ਜਾ ਕੇ, ਅਸੀਂ ਉਸ ਵੇਲੇ ਤਾਂ ਨਹੀਂ ਸੀ ਕੁਝ ਕਿਹਾ ਕਿ ਰੌਲਾ ਪਊਗਾ, ਇਥੇ ਰੌਲਾ ਕੋਈ ਨਹੀਂ ਪਊਗਾ, ਜ਼ਿੰਮੇਵਾਰੀ ਮੇਰੀ ਆ ਜੇ ਸੰਗਤ ਬੋਲੇ ਤੇ। ਉੱਠ ਕੇ ਬੇਸ਼ਕ ਦੀ ਕਹਿ ਦਿਉ, ਜੇ ਤੁਹਾਨੂੰ ਵਿਰੋਧਤਾ ਮੇਰੇ ਵੱਲੋਂ ਪੰਥ ਦੀ ਦਿੱਸੀ ਆ ਤੇ। ਕਿਉਂ ਭਈ ਕਹੋ ਮੇਜਰ ਸਿੰਹਾਂ ਤੇ ਜੇ ਨਹੀਂ ਤੇ ਫਿਰ ਆਪਦਿਆਂ ਨੂੰ ਹੁਣ.....। ਸਾਡੇ 'ਤੇ ਵਾਧਾ ਬਹੁਤ ਹੋ ਚੁੱਕਿਆ, ਸਬਰ ਅਸੀਂ ਬਹੁਤ ਕਰ ਲਿਆ। ਤੁਹਾਨੂੰ ਵੀ ਭਾਈ ਭਾਨ ਸਿੰਹਾਂ, ਹੁਣ ਜਾ ਕੇ ਆਪਦੇ ਘਰ ਕੰਟਰੋਲ ਕਰੋ। ਉਹਨਾਂ ਨੂੰ ਸਾਂਭੋ, ਮੇਰੇ ਵੱਲੋਂ ਵਾਧਾ ਨਾ ਸੀ, ਨਾ ਹੈ ਅਤੇ ਨਾ ਅਜੇ ਹੋਵੇ।

(ਸੰਗਤ ਵਿੱਚੋਂ ਇੱਕ ਸਿੰਘ ਕਹਿੰਦਾ ਹੈ, "ਬਾਕੀ ਪਿੰਡਾਂ 'ਚ ਅੱਗ ਬੜੀ ਬਲੀ ਓ, ਸ. ਮੇਜਰ ਸਿੰਘ ਜੀ, ਤੁਸੀਂ ਸਗੋਂ ਸਭ ਜਾਣਦੇ ਓ ਪਿੰਡਾਂ ਨੂੰ, ਪਿੰਡਾਂ 'ਚ ਜੋ ਅੱਜ.....।")

ਸੰਤ – ਇੱਕ ਮਿੰਟ ਥੋੜਾ ਜਿਹਾ। ਸੋਢੀ ਨੂੰ ਤੁਸੀਂ ਘੱਟ ਜਾਣਦੇ ਕਮੇਟੀ ਵਾਲੇ। ਜਿਹੜੀ ਮੇਰੀ ਮਿਲਾਪੜੀ ਸੰਗਤ ਆ ਨਾ, ਉਹ ਬਹੁਤ ਜ਼ਿਆਦਾ ਜਾਣਦੀ ਆ ਉਹਨੂੰ।
(ਸੰਗਤ ਵਿੱਚੋਂ ਫਿਰ ਉਹੋ ਸਿੰਘ ਬੋਲਦਾ, "ਜੇ ਵੇਖਣਾ ਤਾਂ ਪਿੰਡਾਂ ਵਿੱਚ ਕਾਰਾਂ ਖੜ੍ਹਕੇ ਵੇਖੋ, ਤੁਹਾਨੂੰ ਦੱਸਣ ਲੋਕ ਭਈ ਕੀ ਆਂਦੇ ਆ.....।")
ਭਈ ਇੱਕ ਮਿੰਟ, ਇੱਕ ਮਿੰਟ ਠਹਿਰ, ਗੱਲ ਸੁਣੋ, ਇਹ ਗੱਲਾਂ ਜਿਹੜੀਆਂ ਨਾ, ਮੈਂ ਤੁਹਾਨੂੰ ਦੱਸੀਆਂ ਤਾਂ, ਸੰਗਤ ਵਿੱਚ ਬੈਠਾ ਕੇ ਇਹਨਾਂ ਨੂੰ ਤਾਂ ਦੱਸਿਆ।
(ਉਹ ਸਿੰਘ ਫਿਰ ਬੋਲਦਾ ਹੈ, "ਤੁਹਾਡੀਆਂ ਜੇ ਪੱਗਾਂ ਨਾ ਲੱਥੀਆਂ.....।")
ਇੱਕ ਮਿੰਟ ਠਹਿਰ, ਉਏ ਇੱਕ ਮਿੰਟ ਠਹਿਰ, ਇਧਰ ਝਾਕ ਮੇਰੇ ਵੱਲ.....।
(ਉਹ ਸਿੰਘ ਫਿਰ ਬੋਲਣ ਲੱਗਦਾ ਸੰਤ ਉਸ ਨੂੰ ਰੋਕਦੇ ਹੋਏ ਕਹਿੰਦੇ ਹਨ, ਪਰ ਉਹ ਸਿੰਘ ਫਿਰ ਵੀ ਕਹਿ ਹੀ ਦਿੰਦਾ, "ਤੁਹਾਡੀਆਂ ਜੇ ਪੱਗਾਂ ਨਾ ਲੱਥੀਆਂ")
ਉਏ ਠਹਿਰ, ਇਧਰ ਝਾਕ, ਇਧਰੇ ਮੇਰੇ ਵੱਲ ਨੂੰ, ਉਏ ਇਧਰ, ਅੱਖ ਉਤਾਂਹ ਨੂੰ ਕਰ ਇਧਰ ਮੇਰੇ ਵੱਲ ਨੂੰ। ਇਹ ਗੱਲ ਜੇ ਮੇਰੇ ਕੋਲ ਮੁੜਕੇ ਕੀਤੀ ਨਾ ਤੇ ਫਿਰ ਇਹ ਜਿਹੜਾ ਤੀਰ ਆ ਨਾ, ਟੁੱਟ ਜਾਊ ਉੱਤੇ ਈ। ਮੈਂ ਤੈਨੂੰ ਅੱਗੇ ਵੀ ਕਿਹਾ, ਇਹ ਪ੍ਰੋਗਰਾਮ ਆਪਣਾ ਅਕਾਲੀ ਦਲ ਵਾਲਾ ਨਹੀਂ ਗਾ। ਆਪਾਂ ਨਾ (ਤਾਂ) ਇਕੱਲੇ ਅਕਾਲੀ ਦਲ ਦੇ ਨਾਂਅ 'ਤੇ ਲੜ ਰਹੇ ਹਾਂ, ਆਪਾਂ ਲੜ ਰਹੇ ਆ ਪੰਥ ਦੇ ਨਾਂਅ 'ਤੇ। ਆਪਾਂ ਲੜ ਰਹੇ ਹਾਂ ਕੌਮ ਦੇ ਨਾਂਅ 'ਤੇ ਤੇ ਜੇ ਪੱਗ ਇਹਨਾਂ ਦੀ ਹੁਣ ਲਾਹੁਣੀ ਆਂ ਜਾਂ ਆਪਣੀ ਲਹਾਉਣੀ ਆਂ ਤੇ ਇਹਨਾਂ ਪਰਸੋਂ ਲਾਹ ਹੀ ਦਿੱਤੀ ਸੀ, ਉਦੋਂ ਲਾਹ ਲੈਂਦੇ ਜਿੰਨੀਆਂ ਲਾਹੁਣੀਆਂ ਸੀ ਆਪਾਂ ਤੇ ਮੈਂ ਲਾਹੁਣੀਆਂ ਨਹੀਂ। ਇਹ ਪੱਗ ਮੇਰੀ ਨਹੀਂ, ਨਾ ਤੁਹਾਡੀ ਆ ਤੇ ਨਾ ਹੀ ਮੇਜਰ ਸਿੰਘ ਦੀ ਆ। ਇਹ ਤਾਂ ਬੁੱਲੇ ਸ਼ਾਹ ਨੇ ਫੈਸਲਾ ਕੀਤਾ,

'ਨਾ ਕਹੂੰ ਜਬ ਕੀ ਨਾ ਕਹੂੰ ਤਬ ਕੀ, ਬਾਤ ਕਹੂੰ ਮੈਂ ਅਬ ਕੀ॥
ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ, ਤੋ ਸੁਨਤ ਹੋਤੀ ਸਭ ਕੀ॥'

ਇਹ ਦਸਵੇਂ ਪਾਤਿਸ਼ਾਹ ਦੀ ਦਸਤਾਰ ਆ। ਦਸਤਾਰ ਲਾਹੁਣ ਵਾਸਤੇ ਗੱਲ ਨਾ ਕਰਿਆ ਕਰੋ, ਟਿਕਾਉਣ ਵਾਸਤੇ ਕੋਈ ਕਰ ਲਿਆ ਕਰੋ। ਚੰਗਾ ਭਈ ਕਰੋ ਆਰਾਮ ਤੁਸੀਂ ਵੀ। ਇਹ ਫੈਸਲਾ ਹੁਣ ਤੁਸੀਂ ਆਪਦਾ.....। ਮੈਂ ਵੇਖੂੰ ਸੰਗਤ ਵਿੱਚ ਹੱਥ ਜੋੜ ਕੇ। (ਸੰਗਤ ਵਿੱਚੋਂ ਕੋਈ ਬੋਲਣ ਦੀ ਕੋਸ਼ਿਸ਼ ਕਰਦਾ ਪਰ ਸੰਤ ਉਸ ਨੂੰ ਸਖ਼ਤੀ ਨਾਲ ਰੋਕਦੇ ਹੋਏ ਕਹਿੰਦੇ ਹਨ, "ਉਏ ਠਹਿਰ ਗੱਲ ਸੁਣ ਉਏ।") ਦੁਬਾਰਾ ਮੈਂ ਤਾਂ ਕਹਿਣ ਲੱਗਾਂ, ਮੇਰੇ ਵੱਲੋਂ ਸਬਰ, ਮੈਂ ਅਜੇ ਨਹੀਂ ਕਹਿੰਦਾ ਹੱਦ ਹੋ ਗਈ, ਹੱਦ ਤਾਂ ਚਰਖੜੀ 'ਤੇ ਚੜ੍ਹ ਕੇ ਹੁੰਦੀ ਆ, ਪਰ ਮੈਂ ਆਪਣੇ ਵੱਲੋਂ ਕੋਸ਼ਿਸ਼ ਕੀਤੀ ਆ ਸਬਰ ਰੱਖਣ ਦੀ ਤੇ ਮੇਰਾ ਸਬਰ ਹੋਰ ਹੁਣ ਪਰਖਿਉ ਨਾ। ਚੰਗੀ ਗੱਲ ਨਹੀਂ ਹੋਵੇਗੀ ਜੇ ਆਪਸ ਵਿੱਚ ਪਰਖੋਗੇ ਤੇ ਬਸ ਇੰਨਾਂ ਹੀ ਆ ਤੁਹਾਨੂੰ, ਬਾਕੀ ਤੁਹਾਡਾ ਧਨਵਾਦ ਆ, ਤੁਹਾਡੇ ਡਿਕਟੇਟਰ ਦਾ ਵੀ ਧਨਵਾਦ ਆ, ਜਿਹਨੇ ਮੈਨੂੰ ਲਿਖਤੀ ਰੂਪ ਵਿੱਚ ਕਾਂਗਰਸ ਦਾ ਏਜੰਟ ਗਰਦਾਨਿਆ, ਉਹਦਾ ਵੀ ਧਨਵਾਦ ਆ, ਵਧਾਈ ਉਹਨੂੰ ਮੇਰੇ ਵੱਲੋਂ ਦੇ ਦਿਉ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

* * *

ਵਿਆਖਿਆਨ - ੪੨.

(ਗੁਰੂ ਰਾਮ ਦਾਸ ਲੰਗਰ, ਅੰਮ੍ਰਿਤਸਰ, ੧੩-੦੫-੧੯੮੪)

ਸਤਿਗੁਰੂ ਸੱਚੇ ਪਾਤਿਸ਼ਾਹ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਇਕੱਤਰ ਹੋਏ ਗੁਰੂ ਰੂਪ ਗੁਰੂ ਖ਼ਾਲਸਾ ਸਾਧ ਸੰਗਤ ਜੀਉ, ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਗੁਰੂ ਰਾਮਦਾਸ ਲੰਗਰ ਦੀ ਕੰਧ 'ਤੇ ਗੋਲੀ ਵੱਜਣੀ

ਖ਼ਾਲਸਾ ਜੀ, ਇਹ ਕੰਧ 'ਤੇ ਆ ਕੇ ਗੋਲੀ ਵੱਜੀ ਆ, ਸੀ.ਆਰ.ਪੀ. ਇਥੇ ਬੈਠੀ ਨਾਲ, ਉਹਨੇ ਚਲਾਈ ਗੋਲੀ ਤੇ ਜਥੇ ਦਾ ਇੱਕ ਸਿੰਘ ਹੈ ਸੇਵਾਦਾਰ, ਉਹਦੀ ਆਹ ਪੱਗ ਦੇ ਵਿੱਚ ਦੀ ਲੰਘ ਕੇ.....। ਆਹ ਪੱਗ ਦੇ ਪੇਚ 'ਚ ਛੇਕ ਦਿਸਦੇ, ਇੱਕ ਪਾਸਿਉਂ ਗੋਲੀ ਲੰਘੀ ਹੋਈ ਆ। ਉਹਦੀ ਪੱਗ ਵਿੱਚ ਦੀ ਲੰਘ ਕੇ ਇਥੇ ਆ ਕੇ ਕੰਧ ਦੇ ਵਿੱਚ ਵੱਜੀ ਆ। ਆਹ ਜਿਹੜੀਆਂ ਢੇਰੀਆਂ ਲੱਗੀ ਜਾਂਦੀਆਂ ਪਰਸੋਂ ਚੋਥੇ ਦੀਆਂ। ਅਖ਼ਬਾਰਾਂ ਵਿੱਚ ਇਹੋ ਹੀ ਆਇਆ, ਕਿ ਇਹ ਜਿਹੜੀ ਲੰਗਰ ਦੀ ਇੱਟ 'ਤੇ ਗੋਲੀ ਵੱਜੀ ਆ, ਇਹ ਉਹਦਾ ਇਵਜ਼ਾਨਾ ਤੇ ਅਜੇ ਸ਼ੁਰੂ ਹੋਇਆ, ਮੁੱਕਿਆ ਨਹੀਂ ਕੌਮ ਤੇ ਸੀ.ਆਈ.ਡੀ. ਵਾਲਿਆਂ ਨੂੰ ਵੀ ਸੋਚ ਲੈਣਾ ਚਾਹੀਦਾ ਤੇ ਪੁਲੀਸ ਨੂੰ ਵੀ। ਜੇ ਲੰਗਰ ਦੀ ਇਮਾਰਤ ਦੀ ਇੱਟ ਵਿੱਚ ਵੱਜੀ ਹੋਈ ਗੋਲੀ ਦਾ ਐਨਾ ਦਰਦ ਆ ਕੌਮ ਨੂੰ ਤੇ ਜਦੋਂ ਇਸ ਇਮਾਰਤ ਵਿੱਚ ਬੈਠੀ ਹੋਈ ਸੰਗਤ 'ਤੇ ਗੋਲੀ ਚੱਲੀ ਤੇ ਉਹਦਾ ਫਿਰ ਆਪ ਅੰਦਾਜ਼ਾ ਲਾ ਲਿਉ, ਭਈ ਕੀ ਭਾਅ ਪਊਗਾ।

ਦਰਬਾਰ ਸਾਹਿਬ 'ਤੇ ਹਮਲੇ ਦਾ ਜਵਾਬ ਦੇਣ ਦੀ ਅਪੀਲ

ਮੈਂ ਬੇਨਤੀ ਵੀ ਕਰੂੰਗਾ ਸੰਗਤ ਸਾਰੀ ਨੂੰ, ਕਿ ਜਿੱਦੋਂ ਪਤਾ ਲੱਗ ਜਾਏ ਇਥੇ.....। ਅੱਜ ਇੰਦਰਾ ਦਾ ਇੱਕ ਬਿਆਨ ਵੀ ਆਇਆ। ਅਖੇ ਸਖ਼ਤੀ ਨਾਲ ਨਿਪਟਾਂਗੇ। ਮੈਂ ਕਿਹਾ ਚੱਲੋ ਉਹ ਤੇ ਚੰਗਾ ਹੋ ਗਿਆ। ਜੇ ਕਿਤੇ ਇਥੇ ਪਤਾ ਲੱਗ ਜਾਏ ਨਾ ਤੁਹਾਨੂੰ ਕਿ ਪੁਲੀਸ ਅੰਦਰ ਵੜੀ ਆ। ਉਦੋਂ ਪੰਜਾਬ ਵਿੱਚ ਛੱਲੀ ਰਾਮ ਤੇ ਗੁੱਲੀ ਰਾਮ 'ਤੇ ਪੂਰੀ ਪੂਰੀ ਨਿਗ੍ਹਾ ਰੱਖਣੀ ਚਾਹੀਦੀ ਆ। ਉਦੋਂ ਢਿੱਲ ਨਾ ਕਰਿਉ ਬਜ਼ਾਰਾਂ 'ਚ। ਪਹਿਲਾਂ ਕਿਸੇ ਨੂੰ ਕੁਝ ਕਹਿਣਾ ਨਹੀਂ, ਜ਼ਾਤੀ ਤੌਰ 'ਤੇ ਆਪਣਾ ਹਿੰਦੂ ਨਾਲ ਉਸ ਤਰ੍ਹਾਂ ਕੋਈ ਵੈਰ ਨਹੀਂ ਪਰ ਜੇ ਹਿੰਦੂ ਸਾਮਰਾਜ ਦੀ ਗੌਰਮਿੰਟ ਨੇ ਇਹ ਨਿਸ਼ਾਨਾ

ਬਣਾ ਲਿਆ ਕਿ ਸਿੱਖਾਂ ਦਾ ਧਾਰਮਿਕ ਮੰਦਰ ਢਾਹੁਣਾ ਤੇ ਸਿੱਖਾਂ ਨੂੰ ਖ਼ਤਮ ਕਰਨਾ ਤੇ ਫਿਰ ਕੋਈ ਲੋੜ ਨਹੀਂ ਏਕਤਾ-ਊਕਤਾ ਦੀ, ਉਸ ਦਿਨ ਖੰਡਾ ਖੜਕਾ ਦਿਉ ਪੂਰਾ।

ਬੋਲੇ ਸੋ ਨਿਹਾਲ॥ ਸਤਿ ਸ੍ਰੀ ਅਕਾਲ॥

ਗੰਗਾ ਨਗਰ ਵਿੱਚ ਸਿੱਖਾਂ ਦੀ ਤਲਾਸ਼ੀ

ਆਹ ਗੰਗਾ ਨਗਰ ਤੋਂ ਸਿੰਘ ਆਇਆ ਮੇਰੇ ਕੋਲ, ਉਥੋਂ ਨਿਕਲ ਕੇ ਆਇਆ ਤੇ ਉਸ ਨੇ ਮੈਨੂੰ ਦੱਸਿਆ ਕਿ ਗੰਗਾ ਨਗਰ ਦੇ ਵਿੱਚ ਸਿਰਫ਼ ਸਿੱਖ ਦੀ ਤਲਾਸ਼ੀ ਲਈ ਜਾਂਦੀ ਆ, ਬਾਕੀ ਹੋਰ ਕਿਸੇ ਦੀ ਨਹੀਂ। ਇਹਨਾਂ ਗੱਲਾਂ ਵੱਲ ਪੂਰਾ ਪੂਰਾ ਧਿਆਨ ਦਿਉ।

ਹੁਕਮਨਾਮੇ ਦੀ ਉਲੰਘਣਾ ਕਰਨ ਵਾਲਿਆਂ ਤੋਂ ਬਚ ਕੇ ਰਹਿਣ ਦੀ ਅਪੀਲ

ਬਾਕੀ ਆਹ ਜਿਹੜਾ ਪ੍ਰੋਗਰਾਮ ਆਪਣਾ ਚੱਲਿਆ। ਇਹਨੂੰ ਸੁਣ ਕੇ ਕਿਤੇ ਇਹ ਨਾ ਖ਼ਿਆਲ ਕਰ ਲਿਉ ਭਈ ਪੰਥ ਤੋਂ ਵੱਖਰੇ ਹੋ ਕੇ ਤੁਰਨਾ। ਤੁਰਨਾ ਪੰਥ ਦੇ ਨਾਲ ਆ, ਕੇਸਰੀ ਨਿਸ਼ਾਨ ਸਾਹਿਬ ਦੇ ਥੱਲੇ ਰਹਿਣਾ। ਗੁਰੂ ਗਰੰਥ ਸਾਹਿਬ ਨੂੰ ਗੁਰੂ ਮੰਨਣਾ, ਪਰ ਇੱਕ ਗੱਲ ਇਹ ਪੱਕੀ ਨੋਟ ਕਰਨੀ ਆਂ। ਪੰਥ ਦੇ ਨਾਅ ਦੀ ਡੁਗ-ਡੁਗੀ ਖੜਕਾ ਕੇ, ਨਿਸ਼ਾਨ ਸਾਹਿਬ ਦਾ ਨਾਅ ਲੈ ਕੇ, ਸ੍ਰੀ ਗੁਰੂ ਗਰੰਥ ਸਾਹਿਬ ਦਾ ਵਾਸਤਾ ਪਾ ਕੇ, ਹੁਕਮਨਾਮੇ ਦੀ ਉਲੰਘਣਾ ਕਰਕੇ, ਸ਼ਹੀਦਾਂ ਦਾ ਖ਼ੂਨ ਪੀ ਕੇ, ਨਰਕਧਾਰੀਆਂ ਨੂੰ ਬਾਪੂ ਕਹਿ ਕੇ, ਉਹਨਾਂ ਤੋਂ ਵੋਟਾਂ ਲੈ ਕੇ, ਕੁਰਸੀ ਨੂੰ ਕਾਇਮ ਰੱਖਣ ਦਾ ਕੋਈ ਮਨੁੱਖ ਇੱਛੁਕ ਆ ਜਾਂ ਜਿਹਨਾਂ ਨੇ (ਪਹਿਲਾਂ ਇੰਝ ਕਾਇਮ) ਰੱਖੀਆਂ, ਉਹਨਾਂ ਤੋਂ ਬਚ ਕੇ ਰਹਿਣਾ। ਜੇ ਤਾਂ ਮੈਂ ਨਰਕਧਾਰੀਆਂ ਦੇ ਘਰੇ ਗਿਆਂ ਤੇ ਦੁਬਾਰਾ ਤੁਹਾਡੇ ਵਿੱਚੋਂ ਮੇਰੇ ਕੋਲ ਕੋਈ ਨਾ ਆਇਉ ਤੇ ਜੇ ਕੋਈ ਹੋਰ ਪ੍ਰੇਮੀ (ਅਕਾਲੀ ਲੀਡਰ) ਗਿਆ ਤੇ ਉਹਦੇ ਬਾਰੇ ਤੁਸੀਂ ਤਬਦੀਸ਼ ਕਰਿਉ, ਭਈ ਕਿਹੜੇ ਕਿਹੜੇ ਗਏ ਤੇ ਕਿਵੇਂ ਉਹਨਾਂ ਤੋਂ ਬਚਣਾ ? ਮੇਰਾ ਫੈਸਲਾ ਤਾਂ ਇਹ ਆ।

ਬਾਕੀ ਆਹ ਜਿਹੜਾ ਜਥੇ ਵਾਲਾ, ਉਹ ਸਿੰਘਾਂ ਨੇ ਦੱਸ ਈ ਦਿੱਤਾ। ਉਹ ਤੁਸੀਂ ਆਪ ਦਾ ਬੈਠ ਕੇ (ਫੈਸਲਾ) ਕਰ ਲਿਉ। ਜੇ ਤਾਂ ਮੇਰੇ ਵਿੱਚ ਗੁਨਾਹ ਹੈ (ਤਾਂ) ਥੱਲੇ ਜਾ ਕੇ ਚਰਤ ਚਰਤ ਕਰਿਉ ਨਾ। ਇਥੇ ਉੱਠ ਕੇ ਮੇਰੇ ਮੂੰਹ 'ਤੇ ਸਵਾਲ ਪੁੱਛਿਉ।

ਤਾਲਬ ਸਿੰਘ ਸੰਧੂ, ਹਰੀ ਸਿੰਘ ਜੀਰਾ, ਸੁੱਚਾ ਸਿੰਘ ਛੋਟੇਪੁਰ ਅਤੇ ਜਸਵੰਤ ਸਿੰਘ ਐਡਵੋਕੇਟ ਦਾ ਬਿਆਨ

ਇੱਕ ਪ੍ਰੇਮੀ ਇਥੇ ਬੈਠਾ, ਉਹਨੇ ਕਿਹਾ ਕਿ ਅਸੀਂ ਤਾਲਬ ਸਿੰਘ ਸੰਧੂ ਨੂੰ, ਲੁਧਿਆਣੇ ਜਿਲ੍ਹੇ ਵਾਲੇ ਪ੍ਰਧਾਨ ਨੂੰ, ਅਕਾਲੀ ਦਲ ਦੇ ਨੂੰ ਪੁੱਛਿਆ ਕਿ ਤੁਸੀਂ ਭਿੰਡਰਾਂਵਾਲੇ ਨੂੰ ਪੰਥ ਦੇ ਗ਼ਦਾਰ ਕਿਵੇਂ ਕਿਹਾ ? ਤੇ ਉਹ ਅੱਗੋਂ ਇਹਨਾਂ ਨੂੰ ਕਹਿੰਦਾ ਕਿ ਮੈਂ ਤਾਂ ਭਿੰਡਰਾਂਵਾਲੇ ਨਾਲ ਪੂਰਾਂ, ਅਖੇ ਵਿਖਾਉ (ਸਬੂਤ) ਕਿੱਥੇ ਆ ? ਤੇ ਮੈਂ ਇੱਕ ਸਿੰਘ ਨੂੰ ਕਿਹਾ ਕਿ ਮੈਂ ਤੈਨੂੰ ਸਬੂਤ ਵੀ ਦੇ ਦਿਉਂ। ਬਾਕੀ ਜ਼ਿਆਦਾ ਸਬੂਤ ਲੈਣੇ ਤੇ ਤੁਸੀਂ ਸ਼ਹਿਰਾਂ 'ਚੋਂ ਲੈ ਲਿਉ। ਲਾਇਬ੍ਰੇਰੀਆਂ 'ਚੋਂ ਕੱਢ ਲਿਉ। ੬ ਸਤੰਬਰ

ਦੀ ਅਜੀਤ, ੬ ਸਤੰਬਰ ਜਿਹੜਾ ਪਿਛਲੇ ਸਾਲ ਲੰਘ ਗਿਆ ਨਾ, ੬ ਸਤੰਬਰ ਦੀ ਅਜੀਤ ਵਿੱਚ ਤਾਲਬ ਸਿੰਘ ਸੰਧੂ, ਹਰੀ ਸਿੰਘ ਜ਼ੀਰਾ, ਸੁੱਚਾ ਸਿੰਘ ਛੋਟੇਪੁਰ, ਜਸਵੰਤ ਸਿੰਘ ਐਡਵੋਕੇਟ ਬਠਿੰਡਾ, ਇਹਨਾਂ ਚਾਰ ਬੰਦਿਆਂ ਦੀ ਖ਼ਬਰ ਆ। ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਭਿੰਡਰਾਂਵਾਲਾ ਕਾਂਗਰਸ ਦੇ ਏਜੰਟ ਤੇ ਪੰਥ ਦੇ ਗ਼ਦਾਰ ਹਨ। ਇਹ ੬ ਸਤੰਬਰ ਦੀ ਅਜੀਤ 'ਚ ਪੜ੍ਹ ਲਉ, ਜੇ ਕਿਸੇ ਨੂੰ ਸ਼ੱਕ ਆ ਤੇ। ਉਹਦੇ ਵਿੱਚ ਆ। ਇੱਕ ਸਿੰਘ ਨੇ ਮੈਥੋਂ ਕਟਿੰਗ ਮੰਗੀ ਆ। ਉਹ ਮੈਂ ਉਹਨੂੰ ਕਹਿ ਦਿੱਤਾ, ਮੈਂ ਤੈਨੂੰ ਲਾਇਬਰੇਰੀ 'ਚੋਂ ਕਢਾ ਕੇ ਦੇ ਦੇਨਾ।

ਸਿੰਘ - ਉਹਨੇ ਜੀ ਇਹ ਵੀ ਦੱਸਿਆ ਸੀ ਕਿ ਸ਼ਿਵ ਸਿੰਘ ਖੁਸ਼ੀਪੁਰ ਨੇ ਕਿਹਾ, ਮੈਂ ਨਹੀਂ ਕਿਹਾ।

ਸੰਤ - ਮੈਂ ਸੰਧੂ ਦਾ ਨਾਂਅ, ਮੈਂ ਅਖ਼ਬਾਰ 'ਚੋਂ ਦਿਉਂ, ਖੁਸ਼ੀਪੁਰ ਦਾ ਨਾਂਅ ਕਿਉਂ ਲੈਂਦਾ ? ਇਹਨਾਂ (ਦਾ) ਤੁਹਾਨੂੰ ਭੇਦ ਨਹੀਂ, ਇਹ ਮੁੰਡੇ ਨਵੇਂ ਆਂ ਤੇ ਮੈਨੂੰ ਮਿਲੇ ਨਹੀਂ ਕਿਤੇ.....। ਖੁਸ਼ੀਪੁਰ ਦਾ ਨਾਂਅ ਪਤਾ ਕਿਉਂ ਲੈਂਦਾ। ਖੁਸ਼ੀਪੁਰ ਆ ਤਲਵੰਡੀ ਧੜੇ ਦਾ ਤੇ ਖੁਸ਼ੀਪੁਰ ਉਦੋਂ ਵਾਕ ਆਊਟ ਕਰਕੇ ਨਿਕਲ ਗਿਆ ਕਮਰੇ 'ਚੋਂ, ਜਦੋਂ ਇਹਨਾਂ ਗੱਲ ਕੀਤੀ ਆ। ਉਸ ਵਾਕ ਆਊਟ ਨੂੰ ਛਪਾਉਣ ਵਾਸਤੇ ਤੇ ਉਲਟਾ ਨਾਂਅ ਖੁਸ਼ੀਪੁਰ ਦਾ ਲਾ ਦਿੱਤਾ।

ਭਾਨ ਸਿੰਘ ਕਮੇਟੀ ਦੁਆਰਾ ਗੁਰਚਰਨ ਸਿੰਹੁ ਸਕੱਤਰ, ਸੋਢੀ ਕਤਲ ਕਾਂਡ ਵਿੱਚੋਂ ਬਰੀ

ਹੁਣ ਆਹ ਜਿੱਦੇਂ ਸੋਢੀ ਦਾ ਕਤਲ ਹੋਇਆ ਤੇ ਸੋਢੀ ਦੇ ਕਤਲ ਪਿੱਛੋਂ ਵਿਚਾਰਾਂ ਹੋਈਆਂ, ਚਰਚਾ ਚੱਲ ਪਈ। ਮੈਂ ਵੰਗਾਰ ਕੇ ਹੁਣ ਵੀ ਕਹਿਨਾਂ, ਉਦੋਂ ਵੀ ਕਿਹਾ ਸੀ, ਜਦ ਤਬਦੀਸ਼ ਕੀਤੀ ਸੀ ਪਿੱਛੋਂ, ਕਿ ਸਾਡਾ ਕਾਤਲ ਗੁਰਚਰਨ ਸਿੰਘ ਸਕੱਤਰ ਆ। ਸ਼੍ਰੋਮਣੀ ਅਕਾਲੀ ਦਲ ਲੌਂਗੋਵਾਲ ਧੜੇ ਦਾ। ਉਹ ਕਾਤਲ ਆ ਸਾਡਾ ਤੇ ਮਲਕ ਸਿੰਘ ਭਾਟੀਏ ਦਾ ਨਾਂਅ ਵਿੱਚ ਆ ਗਿਆ, ਉਹ ਮੂੰਹ 'ਤੇ ਇਕਬਾਲ ਹੋ ਗਿਆ। ਪੰਜ ਮੈਂਬਰੀ ਕਮੇਟੀ ਆਈ। ਪੰਜ ਮੈਂਬਰੀ ਕਮੇਟੀ ਕੋਲ ਸਾਰੀ ਚੀਜ਼ ਮੈਂ ਵਿਸਥਾਰ ਨਾਲ ਦੱਸੀ ਤੇ ਮੇਰੇ ਕੋਲ ਅਕਾਲ ਤਖ਼ਤ ਸਾਹਿਬ 'ਤੇ ਕਹਿ ਕੇ ਆਏ। ਅਖੇ ਜੀ ਗੁਰਚਰਨ ਝੂਠਾ ਤੇ ਮੈਂ ਕਿਹਾ ਫਿਰ ਫੈਸਲਾ ਕਰੋ। ਉਥੇ ਇਹ ਕਹਿ ਕੇ ਆਏ ਤੇ ਲੌਂਗੋਵਾਲ ਕੋਲ ਜਾ ਕੇ ਫੈਸਲਾ ਦਿੱਤਾ ਕਿ ਗੁਰਚਰਨ ਸਿੰਘ ਬਰੀ ਤੇ ਮਲਕ ਸਿੰਘ ਭਾਟੀਆ ਦਾ ਨਾਂਅ ਬਰੈਕਟ ਵਿੱਚ ਲਿਖਿਆ, ਅਖੇ ਤਲਵੰਡੀ ਗਰੁੱਪ। ਉਹ ਰਛਪਾਲ ਸਿੰਘ ਮੇਰੇ ਪੀ.ਏ. ਨੇ ਪੁੱਛ ਲਿਆ, ਭਈ ਆਹ ਤਲਵੰਡੀ ਗਰੁੱਪ ਤਾਂ ਬਰੈਕਟ ਵਿੱਚ ਲਿਖ ਦਿੱਤਾ ਤੇ ਗੁਰਚਰਨ ਦਾ ? ਅਖੇ ਜੀ ਇਹ ਤਲਵੰਡੀ ਗਰੁੱਪ ਵਾਲੇ ਭਾਟੀਏ ਬਾਰੇ ਤੁਸਾਂ ਕਿਹਾ ਸੀ। ਉਹ ਕਹਿੰਦਾ ਇਹ ਤਾਂ ਅਸੀਂ ਕਿਹਾ ਤੇ ਗੁਰਚਰਨ ਸਕੱਤਰ ਬਾਰੇ ਸੰਤ ਆਪ ਕਹਿੰਦੇ ਆ ਤੇ ਪੰਜਾਂ ਨੇ ਨੀਵੀਂ ਪਾ ਲਈ।

ਉਸ ਦਿਨ ਖੁਸ਼ੀਪੁਰ ਇਕੱਲਾ ਬੰਦਾ ਸੀ। ਇੱਕ ਕੁਲਦੀਪ ਸਿੰਘ ਵਡਾਲਾ ਵੀ ਸੀ ਉਦੋਂ, ਉਸ ਮੀਟਿੰਗ ਵਿੱਚ, ਪ ਸਤੰਬਰ ਦੀ ਮੀਟਿੰਗ ਵਿੱਚ। ਇਹਨਾਂ ਨੂੰ ਕੁਲਦੀਪ ਸਿੰਘ ਵਡਾਲੇ ਨੇ ਰੋਕਿਆ, ਉਹ ਰੁਕੇ ਨਹੀਂ ਤੇ ਖੁਸ਼ੀਪੁਰ ਨੇ ਵਾਕ ਆਊਟ ਕੀਤਾ ਤੇ ਜਿਹਨੇ ਵਾਕ ਆਊਟ ਕੀਤਾ ਉਹਨੂੰ ਕਹਿੰਦੇ ਖੁਸ਼ੀਪੁਰ ਇਹ ਗੱਲ ਕਹਿੰਦਾ। ਇਹ ਸਰਾਸਰ ਝੂਠ ਬੋਲਦੇ ਨੇ। ਲੱਕ ਬੱਧਾ ਝੂਠ ਬੋਲਣ 'ਤੇ ਇਹਨਾਂ ਨੇ। ਖੁਸ਼ੀਪੁਰ ਦੀ ਖ਼ਬਰ ਦਿਖਾਉ, ਕਿੱਥੇ ਅਖ਼ਬਾਰ 'ਚ ? ਇਹਨਾਂ ਦੀ ਖ਼ਬਰ ਮੈ ਦਿਉਂਗਾ ਤੁਹਾਨੂੰ ਤੇ ਟੇਪ ਰਿਕਾਰਡ ਦਿਉਂਗਾ ਤੁਹਾਨੂੰ ਲੌਂਗੋਵਾਲ ਦੀ, ਉਹ ਮੇਰੀ ਦੇਵੇ ਕੋਈ।

ਅੱਗੇ ਤੇ ਮੈਂ ਇਹ ਰਸਤਾ ਅਖ਼ਤਿਆਰ ਨਹੀਂ ਸੀ ਕੀਤਾ, ਹੁਣ ਕਰੂੰਗਾ। ਟੇਪ ਰਿਕਾਰਡ ਲੌਂਗੋਵਾਲ ਦੀ ਆ ਮੇਰੇ ਕੋਲੇ, ਨਾਂਅ ਮੇਰਾ ਉਹਦੇ ਵਿੱਚ (ਨਹੀਂ), ਅੱਖਰ ਨਹੀਂ ਮੇਰੇ ਨਾਂਅ ਦੇ।

ਇਕਬਾਲ ਸਿੰਘ ਫਾਜਲੇ 'ਤੇ ਏਜੰਟ ਹੋਣ ਦਾ ਦੋਸ਼

੨੨ ਤਰੀਖ ਸੀ, ਯੂਥ ਵਿੰਗ ਦੀ ਕਾਨਫਰੰਸ 'ਚ ਇਥੇ ਇਕੱਠ ਸੀ। ਉਸ ਇਕੱਠ ਵਿੱਚ ਇਕਬਾਲ ਸਿੰਘ ਫਾਜਲੇ ਪਿੰਡ ਦਾ, ਲੁਧਿਆਣੇ ਜਿਲ੍ਹੇ ਵਿੱਚੋਂ ਤਾਲਬ ਸਿੰਘ ਸੰਧੂ ਦੀ ਸੱਜੀ ਬਾਂਹ ਉਹੋ। ਐਡਵੋਕੇਟ ਆ, ਵਕੀਲ ਆ ਮੁੰਡਾ ਉਹ। ਉਹ ਸੱਤਾਂ ਪਿੰਡਾਂ ਦੀ ਸੰਗਤ ਲੈ ਕੇ ਆਇਆ, ਯੂਥ ਵਿੰਗ ਵਿੱਚ ਇਥੇ ਤੇ ਉਹਨਾਂ ਕੋਲੇ ਇੱਕ ਚਿੱਟ ਸੀ, ਪੰਜਾਂ-ਛਿਆਂ ਪੁਇੰਟਾਂ ਦੀ। ਮੈਂ ਨਹੀਂ ਸੀ ਉਹ ਪੜ੍ਹੀ। ਉਹਨਾਂ ਨੇ ਜਾ ਕੇ ਲੌਂਗੋਵਾਲ ਨੂੰ ਸਟੇਜ 'ਤੇ ਇਹ ਚਿੱਟ ਦਿੱਤੀ ਤੇ ਉਸ ਚਿੱਟ ਦੇ ਵਿੱਚ ਕੁਝ ਪੁਇੰਟ ਲਿਖੇ ਹੋਏ ਸੀ। ਉਹਨਾਂ ਮੰਗਿਆ ਜਵਾਬ ਤੇ ਲੌਂਗੋਵਾਲ ਦੀ ਟੇਪ ਰਿਕਾਰਡ ਵਿੱਚ ਆਪ ਦਾ ਭਰਿਆ ਹੋਇਆ ਕਿ ਸਰਕਾਰ ਦੇ ਏਜੰਟਾਂ ਦਾ ਪਤਾ ਲੱਗ ਗਿਆ। ਇਹ ਸਰਕਾਰ ਦੇ ਭੇਜੇ ਹੋਏ ਬੰਦੇ ਆ। ਉਹਨੂੰ ਇਹ ਪਤਾ ਨਹੀਂ ਸੀ ਕਿ ਯੂਥ ਵਿੰਗ ਦੇ ਆ। ਉਹ ਮੁੰਡੇ ਫੜ ਲਏ, ਫੜ ਕੇ ਉਹਨਾਂ ਨੂੰ ਬੱਬਰ ਕੁੱਟਣ ਲੱਗੇ ਤੇ ਤਾਲਬ ਸਿੰਘ ਸੰਧੂ ਨੇ ਸਮੁੰਦਰੀ ਹਾਲ ਦੇ ਦਰਵਾਜੇ ਅੱਗੇ ਜਾ ਕੇ ਛਡਾਏ ਕਿ ਇਹ ਤਾਂ ਬੰਦੇ ਮੇਰੇ ਆ। ਫਿਰ ਉਹਨਾਂ ਮੁੰਡਿਆਂ ਨੇ ਕਿਹਾ ਭਿੰਡਰਾਂਵਾਲੇ ਨੂੰ ਇਥੇ ਕਿਉਂ ਨਹੀਂ ਬਲਾਉਂਦੇ, ਕੀ ਕਾਰਨ ਆਂ ? ਤੇ ਲੌਂਗੋਵਾਲ ਨੇ ਇਹ ਜਵਾਬ ਦਿੱਤਾ ਕਿ ਇਹ ਸਟੇਜ ਸ਼੍ਰੋਮਣੀ ਅਕਾਲੀ ਦਲ ਦੀ ਆ। ਇਥੇ ਸਰਕਾਰ ਦੇ ਬੰਦਿਆਂ ਨੂੰ ਨਹੀਂ ਬੋਲਣ ਦਿੱਤਾ ਜਾਵੇਗਾ। ਹੁਣ ਇਹਦੇ ਵਿੱਚ ਦੋ ਸਵਾਲ ਆ, ਦੋ ਨੁਕਤੇ ਆ। ਜੇ ਤਾਂ ਉਹ ਯੂਥ ਵਿੰਗ ਦੇ ਮੁੰਡੇ ਸਰਕਾਰ ਦੇ ਏਜੰਟ ਆ ਤੇ ਲੌਂਗੋਵਾਲ ਜਵਾਬ ਦੇਵੇ (ਕਿ) ਯੂਥ ਵਿੰਗ ਨੂੰ ਜਨਮ ਕਿਹਨੇ ਦਿੱਤਾ ? ਤੇ ਜੇ ਉਹ ਕਹਿੰਦੇ ਆ ਭਈ....., ਜਿਹਨੂੰ ਬੁਲਾਉਣ ਵਾਸਤੇ ਉਹ ਕਹਿ ਰਹੇ ਆ, ਉਹ ਏਜੰਟ ਆ, (ਤਾਂ) ਉਹ ਮੈਂ ਆ। ਫਿਰ ਮੇਰਾ ਨਾਂਅ ਲਵੇ, ਘੁੰਡ ਕਿਉਂ ਕੱਢਦਾ। ਫਿਰ ਸਬੂਤ ਦੇਵੇ। ਇਹ ਟੇਪ ਰਿਕਾਰਡ ਆ ਮੇਰੇ ਕੋਲੇ। ਟੌਹੜਾ ਸਾਹਿਬ ਨੂੰ ਵੀ ਸੁਣਾਈ ਆ ਤੇ ਬਲਵੰਤ ਸਿੰਘ ਲੱਡੂ ਨੂੰ ਵੀ ਸੁਣਾਈ ਆ। ਵਿੱਤ ਮੰਤਰੀ ਜਿਹੜਾ ਆਪਣਾ, ਉਹਨੂੰ ਲੱਡੂ ਕਹਿ ਦੇਈਦਾ, ਗੁੱਸਾ ਮੇਰਾ ਘੱਟ ਕਰਦਾ ਉਹ। ਇਹਨਾਂ ਦੋ ਬੰਦਿਆਂ ਨੂੰ ਸੁਣਾਈ ਆ, ਟੇਪ ਮੇਰੇ ਕੋਲ ਆ ਤੇ ਜਾਂ ਕੋਈ ਮਾਈ ਦਾ ਲਾਲ ਤੁਹਾਡੇ ਵਿੱਚੋਂ ਮੇਰੀ ਟੇਪ ਦੇਵੇ, ਜਿਹੜਾ ਮੈਂ ਉਹਨਾਂ ਦੇ ਵਿਰੁੱਧ ਕੋਈ ਪ੍ਰਚਾਰ ਕੀਤਾ। ਝੂਠ ਬੋਲਣ 'ਤੇ ਲੱਕ ਬੱਧਾ ਦਿਨੇ ਰਾਤ।

ਸਿੰਘ ਸਾਹਿਬਾਨ ਦੀ ਕਮੇਟੀ ਵੱਲੋਂ ਸੱਚ ਕਹਿਣ ਤੋਂ ਨਾਂਹ

ਪੰਜ ਮੈਂਬਰੀ ਕਮੇਟੀ ਬਣੀ ਆਂ ਅਕਾਲ ਤਖ਼ਤ ਸਾਹਿਬ 'ਤੇ, ਮੇਰੇ ਕੋਲ ਮੰਨ ਕੇ ਆਈ ਆ ਕਿ ਤੇਰਾ ਕੋਈ ਗੁਨਾਹ ਨਹੀਂ, ਉਥੇ ਜਾ ਕੇ ਕਹਿੰਦੇ ਗੁਰਚਰਨ ਦਾ ਕੋਈ ਗੁਨਾਹ ਨਹੀਂ। ਜਥੇਦਾਰਾਂ ਦੀ ਪੰਜ ਮੈਂਬਰੀ ਕਮੇਟੀ ਬਣੀ। ਤਿੰਨ ਜਥੇਦਾਰ, ਦੋਵੇਂ ਸਿੰਘ ਸਾਹਿਬਾਨ ਤੇ ਪੰਜਾਂ ਨੇ ਦਰਬਾਰ ਸਾਹਿਬ ਵਾਲੀ ਦਿਉੜੀ 'ਚ ਮੈਨੂੰ ਕਿਹਾ ਸੱਦ ਕੇ, ਤਿੰਨ ਘੰਟੇ ਮੀਟਿੰਗ ਇੱਕ ਦਿਨ ਹੋਈ ਆ ਤੇ ਢਾਈ ਘੰਟੇ ਇੱਕ ਦਿਨ, ਸਾਢੇ ਪੰਜ ਘੰਟੇ ਮੇਰੀ ਮੀਟਿੰਗ ਉਹਨਾਂ ਨਾਲ ਹੋਈ ਆ ਤੇ ਸਾਢੇ ਪੰਜਾਂ ਘੰਟਿਆਂ ਦੀ ਮੀਟਿੰਗ ਪਿੱਛੋਂ ਗੱਲਾਂ ਸੁਣ ਕੇ ਕਹਿੰਦੇ ਭਈ ਤੇਰਾ

ਗੁਨਾਹ ਕੋਈ ਨਹੀਂ। ਮੈਂ ਕਿਹਾ ਜੀ, ਜੇ ਮੇਰਾ ਗੁਨਾਹ ਕੋਈ ਨਹੀਂ ਤੇ ਮੰਜੀ ਸਾਹਿਬ 'ਤੇ ਕਹੋ, ਚੱਲੋ। ਕਹਿੰਦੇ, ਮੰਜੀ ਸਾਹਿਬ 'ਤੇ ਤਾਂ ਨਹੀਂ ਕਿਹਾ ਜਾਣਾ। ਜੇ ਤਖ਼ਤਾਂ ਦੇ ਜਥੇਦਾਰ ਇਹ ਕਹਿੰਦੇ....., ਭਈ ਉਥੇ ਤਾਂ ਕਹਿੰਦੇ ਤੂੰ ਸੱਚਾਂ ਪਰ ਮੰਜੀ ਸਾਹਿਬ 'ਤੇ ਨਹੀਂ ਤੇਰੇ ਵਾਸਤੇ ਕਿਹਾ ਜਾਣਾ ਭਈ ਤੂੰ ਸੱਚਾਂ। ਫਿਰ ਮੁਕਦਮਾਂ ਤੁਹਾਡੇ ਕੋਲੇ, ਹੁਣ ਫਿਰ ਤੁਸੀਂ ਦੱਸੋ, ਤੁਸੀਂ ਗੁਰੂ ਕੀ ਸੰਗਤ ਹੋ, ਤੁਹਾਨੂੰ ਮੈਂ ਵਿਚੋਲੇ ਮੰਨਦਾ, ਸਾਲਸੀ ਮੰਨਦਾ ? ਤੁਸੀਂ ਆਪਣਾ ਫੈਸਲਾ ਦੇ ਜਾਉ ਅੱਜ, ਜੇ ਤਾਂ ਮੈਂ ਕਾਂਗਰਸੀ ਆਂ ਤੇ ਮੈਨੂੰ ਦੱਸੋ, ਇਥੇ ਬੈਠਾਇਆ ਕਿਉਂ ਆਂ ? ਤੁਸੀਂ ਉੱਠ ਕੇ ਕਹਿ ਦਿਉ, ਤੂੰ ਕਾਂਗਰਸ ਨਾਲ ਰਲਿਆਂ ਤੇ ਮੈਂ ਹੁਣੇ ਇਧਰ ਨਿਕਲ ਜਾਨਾ ਬਾਹਰ, ਭਾਵੇਂ ਜਾਂਦਾ ਸ਼ਹੀਦ ਹੋ ਜਾਵਾਂ। ੪੫ ਹਜ਼ਾਰ ਨੂੰ ਇੱਕ ਮਹੀਨੇ 'ਚ ਅੰਮ੍ਰਿਤ ਛਕਾਇਆ। ਚੇਤਰ ਦੇ 'ਚ, ੪੫ ਹਜ਼ਾਰ ਸਿੰਘਾਂ ਨੂੰ, ਮਾਈਆਂ ਭਾਈਆਂ ਨੂੰ। ੧੨ ਹਜ਼ਾਰ ਨੂੰ ਇੱਕੋ ਦਿਨ ਛਕਾਇਆ, ਵਿਸਾਖੀ ਵਾਲੇ ਦਿਨ ਤੇ ਅੰਮ੍ਰਿਤ ਛਕਾਉਣਾ, ਦਾਹੜੀਆਂ ਰਖਾਉਣੀਆਂ, ਨਸ਼ੇ ਛੁਡਾਉਣੇ, ਇਹ ਕੰਮ ਕਾਂਗਰਸੀਆਂ ਦਾ, ਫਿਰ ਤੁਹਾਡੇ ਅਕਾਲੀਆਂ ਦਾ ਕੀ ਕੰਮ ਆਂ, ਮੈਨੂੰ ਜਵਾਬ ਦਿਉ ? ਓ ਦੱਸੋ ਭਾਈ ਹੁਣ ਮੈਂ ਅਕਾਲੀ ਆਂ ਕਿ ਕਾਂਗਰਸੀ ਆਂ ? ਆਹ ਬੋਲਦੇ ਨਹੀਂ, ਚੁੱਪ ਕਿਉਂ ਬੈਠੇ ਆਂ ? (ਸੰਗਤਾਂ ਦੀ ਅਵਾਜ਼ - ਅਕਾਲੀ ਆਂ, ਅਕਾਲੀ ਆਂ) ਜੇ ਫਿਰ ਅਕਾਲੀ ਆਂ ਤੇ ਜਿਹੜੇ (ਮੈਨੂੰ) ਕਾਂਗਰਸੀ ਕਹਿੰਦੇ, ਉਹਨਾਂ ਨੂੰ ਪੁੱਛਦੇ ਨਹੀਂ ? (ਉਹ ਆਪ ਨੇ ਜੀ..... ਸੰਗਤਾਂ ਦੀ ਅਵਾਜ਼) ਸੰਤ ਜੀ - ਨਹੀਂ ਮੇਰੇ ਇਹ ਕਹਿਣ ਦਾ (ਇਹ) ਮਤਲਬ ਨਹੀਂਗਾ। ਮੇਰਾ ਸੁਆਲ ਇੱਕ ਆ ਕਿ ਜੇ ਮੈਂ ਕੁਝ ਨਹੀਂ ਕਿਸੇ ਨੂੰ ਕਹਿੰਦਾ, ਫਿਰ ਮੇਰੇ ਬਾਰੇ ਕਿਉਂ ਇਥੇ ਅਕਾਲੀ ਦਲ 'ਚ ਪ੍ਰਾਪੇਗੰਡਾ ਹੋ ਰਿਹਾ। ਮੇਰਾ ਤਾਂ ਸੁਆਲ ਕੇਵਲ ਇੰਨਾ, ਹਾਂ ਜੀ।

ਸੰਗਤ - ਤੁਸੀਂ ਉਹਨਾਂ ਕੋਲੋਂ ਪੁੱਛਿਆ ਤੇ ਉਹਨਾਂ ਜਵਾਬ ਦਿੱਤਾ ਜੀ, ਮਤਲਬ ਇਹ ਜਵਾਬ ਤਾਂ ਉਹਨਾਂ ਨੇ ਨਹੀਂ ਦਿੱਤਾ ਜੀ।

ਸੰਤ - ਹਾਂ ਜੀ।

ਸੰਗਤ - ਤੁਸੀਂ ਬੰਦਾ ਭੇਜ ਕੇ ਪੁੱਛਿਆ, ਉਹਨਾਂ ਕੋਈ ਜਵਾਬ ਨਹੀਂ ਦਿੱਤਾ ?

ਸੰਤ - ਨਹੀਂ ਬੰਦਾ ਨਹੀਂ ਭੇਜ ਕੇ ਪੁੱਛਿਆ, ਮੈਂ ਖੁਦ ਪੁੱਛਿਆ।

ਸੰਗਤ - ਅੱਛਾ ਜੀ.....।

ਸੰਤ - ਹਾਂ, ਉਹ ਰੋਂਦੀ ਰਹੀ, ਰੋਂਦੀ ਰਹੀ ਤੇ ਮਰਿਆ ਕੋਈ ਵੀ ਨਹੀਂ। ਮੈਂ ਦੋਬਾਰਾ ਵੀ ਦੱਸ ਦੇਨਾਂ, ਬਹਿ ਜਾਉ।

ਸਿੰਘ ਸਾਹਿਬਾਨ ਅਤੇ ਭਾਨ ਸਿੰਘ ਕਮੇਟੀ ਨੂੰ ਸਵਾਲ

ਇਹ ਗੁਰਮੁਖ ਕਹਿੰਦਾ, ਭਈ ਤੁਸੀਂ ਪੁੱਛਿਆ ਕਿ ਨਹੀਂ। ਮੈਂ ੧੧ ਸੁਆਲ ਲਿਖ ਕੇ ਦਿੱਤੇ ਆ, ੫ ਮੈਂਬਰੀ ਕਮੇਟੀ ਪਹਿਲੀ ਨੂੰ ਤੇ ੨੧ ਸੁਆਲ ਦੂਜੀ ਮੈਂਬਰੀ ਕਮੇਟੀ ਨੂੰ। ਮੂੰਹ 'ਤੇ ਬੈਠ ਕੇ ਗੱਲਾਂ ਹੋਈਆਂ, ਢਾਈ ਤਿੰਨ ਤਿੰਨ ਘੰਟੇ। ਦੋ ਵੇਰਾਂ ਮੀਟਿੰਗ ਹੋਈ ਆ। ਤਿੰਨ ਵੇਰਾਂ ਹੋਈ ਆ ਪਹਿਲੀ ਪੰਜ ਮੈਂਬਰੀ (ਕਮੇਟੀ) ਨਾਲ ਤੇ ਦੋ ਵੇਰਾਂ ਮੀਟਿੰਗ ਹੋਈ ਆ ਜਥੇਦਾਰਾਂ ਵਾਲੀ ਪੰਜ ਮੈਂਬਰੀ ਕਮੇਟੀ ਨਾਲ। ਉਹਨਾਂ ਨੂੰ ਲਿਖ ਕੇ ਦਿੱਤਾ (ਕਿ) ਮੇਰੇ ਇਹਨਾਂ ਸੁਆਲਾਂ ਦੇ ਉੱਤਰ ਦਿਉ।

ਉਹਨਾਂ ਉੱਤਰ ਦਿੱਤੇ ਆ ਉਹਨਾਂ ਸੁਆਲਾਂ ਦੇ, (ਪਰ) ਇੱਕ ਸੁਆਲ ਦਾ ਜਵਾਬ ਨਹੀਂ ਪੂਰਾ ਦਿੱਤਾ। ਮੈਂ ਪੁੱਛਿਆ ਉਹਨਾਂ ਨੂੰ ਦੋਬਾਰਾ, ਮੈਂ ਆਖਿਆ ਆਉ, ਤੁਸੀਂ ਉੱਤਰ ਆਹ ਲਿਆਏ ਲਿਖ ਕੇ ਤੇ ਖ਼ਬਰ ਆਹ ਇਹਦੇ ਨਾਲ ਮਿਲਾਉ ਇਹਨੂੰ। ਤੇ ਮੈਨੂੰ ਜਵਾਬ ਕੀ ਮਿਲਿਆ ਉਥੋਂ, ਤੂੰ ਖਹਿੜਾ ਛੱਡ ਦੇ।

ਅੱਜ ਫਿਰ ਰਜਿੰਦਰ ਕੌਰ ਨੇ ਲਿਖ ਦਿੱਤਾ ਰਿਸਾਲੇ 'ਚ। ਆਹ ਪਿਆ ਰਿਸਾਲਾ ਇਥੇ। ਇਹਦੇ 'ਚ ਉਹਨੇ ਲਿਖਿਆ, ਕੀ ਭਿੰਡਰਾਂਵਾਲਾ ਪੰਥ ਵਾਸਤੇ, ਇੱਕ ਬੰਦੇ ਨੂੰ ਬਖ਼ਸ਼ ਨਹੀਂ ਸਕਦਾ ? ਤੇ ਮੈਂ ਪੁੱਛਨਾ ਕੀ ਪੰਥ, ਕੌਮ ਵਾਸਤੇ ਤੇ ਘਰ ਵਾਸਤੇ ਇੱਕ ਬੰਦੇ ਨੂੰ ਕੱਢ ਨਹੀਂ ਸਕਦਾ। ਇਥੋਂ ਮੈਂ ਨਹੀਂ ਇਕੱਲਾ ਕਹਿੰਦਾ, ਟੇਪਾਂ ਲੈ ਆਉ, ਦੋਬਾਰਾ ਲਾ ਕੇ ਭਰ ਦੇਨਾਂ, ੭੦ ਸੁਆਲ ਆ ਮੇਰੇ ੭੦। ਹੈ ਤਾਂ ਉਹਨਾਂ ਵਿੱਚੋਂ ਬਹੁਤੇ ਗੌਰਮੈਂਟ ਦੇ ਪਰਥਾਏ ਆ। ਕੁਝ ਸੁਆਲ ਮੇਰੇ ਅਕਾਲੀ ਦਲ ਦੇ ਪਰਥਾਏ ਆ। ਉਹਨਾਂ ਵਿੱਚੋਂ ਇੱਕ ਸੁਆਲ ਵੀ ਝੂਠਾ ਕਰ ਦਿਉ, ਆਪਣਾ ਸਿਰ ਕ੍ਰਿਪਨ ਨਾਲ ਵੱਢ ਕੇ ਤੁਹਾਡੀ ਭੇਟਾ ਕਰ ਦਊਂ।

ਪਹਿਲਾ ਸੁਆਲ ਤਾਂ ਇਹ ਆ। ਅੱਜ ਤਕ ਮੈਂ ਸ਼੍ਰੋਮਣੀ ਅਕਾਲੀ ਦਲ ਦੇ ਵਿਰੁੱਧ ਕਿਸੇ ਅਖ਼ਬਾਰ ਵਿੱਚ ਕੋਈ ਖ਼ਬਰ ਦਿੱਤੀ ਤੇ ਮੈਨੂੰ ਕਟਿੰਗ ਦਿਉ, ਮੈਂ ਸਜ਼ਾ ਭੁਗਤੂੰ।

ਦੂਜਾ ਅਕਾਲੀ ਦਲ ਦੀ ਕਿਸੇ ਇੱਕ ਵੀ ਮੀਟਿੰਗ ਦਾ, ਮੈਂ ਅਖ਼ਬਾਰ ਵਿੱਚ ਕੋਈ ਵਿਰੋਧ ਕੀਤਾ ਤੇ ਮੈਨੂੰ ਦੱਸੋ, ਜਿਹਦੇ 'ਚ ਮੈਂ ਸੰਗਤ ਨੂੰ ਰੋਕਿਆ ਹੋਵੇ ?

ਅੱਜ ਤੱਕ ਜਥੇ 'ਚ ਜਾਣ ਤੋਂ ਸੰਗਤ ਨੂੰ ਕਿਸੇ ਨੂੰ ਰੋਕਿਆ ਹੋਵੇ। ਅੱਜ ਵੀ, ਹੁਣ ਤੁਸੀਂ ਕਹਿੰਦੇ ਹੋ ਅਸੀਂ ਨਹੀਂ ਜਾਣਾ, ਮੈਂ ਨਹੀਂ ਤੁਹਾਨੂੰ ਕਿਹਾ ਭਈ ਜਾਣਾ ਕਿ ਨਹੀਂ। ਮੈਂ ਇਹੋ ਗੱਲ ਕਹੀ ਆ, ਭਈ ਸੱਚ ਤੇ ਝੂਠ ਦਾ ਪਹਿਲਾਂ ਨਿਤਾਰਾ ਕਰੋ, ਫਿਰ ਤੁਸੀਂ ਜਿਹੜਾ ਸੋਚਣਾ ਸੋਚੋ।

ਸ਼੍ਰੋਮਣੀ ਅਕਾਲੀ ਦਲ ਦੇ ਡਿਕਟੇਟਰ ਨੇ, ਪ੍ਰਧਾਨ ਨੇ, ਇਹ ਗੱਲ ਕਹੀ ਆ ਅਖ਼ਬਾਰੀ ਕਿ ਭਿੰਡਰਾਂਵਾਲੇ ਦੀ ਮੀਟਿੰਗ ਨਾਲ ਸ਼੍ਰੋਮਣੀ ਅਕਾਲੀ ਦਲ ਦਾ ਕੋਈ ਸੰਬੰਧ ਨਹੀਂ। ਮੈਂ ਕਦੇ ਕਿਹਾ ਅਕਾਲੀ ਦਲ ਨੂੰ, ਮੇਰਾ ਕੋਈ ਸੰਬੰਧ ਨਹੀਂ। ਜੇ ਮੇਰੇ ਨਾਲ ਸੰਬੰਧ ਨਹੀਂ ਤੇ ਮੈਨੂੰ ਦੱਸਣ ਭਈ (ਸੰਬੰਧ) ਕਿਉਂ ਤੋੜਿਆ ?

ਦੂਜਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦਾ ਬਿਆਨ ਆਂ ਕਿ ਮੈਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਪੀਲ ਕਰਦਾਂ ਕਿ ਭਿੰਡਰਾਂਵਾਲੇ ਨੂੰ ਦਿਵਾਨ ਹਾਲ ਮੰਜੀ ਸਾਹਿਬ ਵਿਖੇ ਨਾ ਬੋਲਣ ਦਿੱਤਾ ਜਾਵੇ। ਲੌਂਗੋਵਾਲ ਦਾ ਬਿਆਨ ਆਂ ਇਹ, ਤੁਸੀਂ ਕਿਸੇ ਸਿੱਖ ਨੇ ਪੁੱਛਿਆ ਆਣ ਕੇ ਭਈ ਕਿਉਂ ?

੮ ਮਹੀਨੇ ਹੋ ਗਏ ਮੈਨੂੰ ਮੰਜੀ ਸਾਹਿਬ ਤੋਂ ਬੋਲੇ ਨੂੰ, ਕਿਸੇ ਨੇ ਪੁੱਛਿਆ ਭਈ ਤੂੰ ਕਿਉਂ ਨਹੀਂ ਬੋਲਦਾ ? ਇਹਦਾ ਜਵਾਬ ਦਿਉ ਕੋਈ ?

ਫਿਰ ਲੌਂਗੋਵਾਲ ਦਾ ਆਪਣਾ ਬਿਆਨ ਆ ਕਿ ਨਿਰਲੇਪ ਕੌਰ ਨੂੰ ੬ ਸਾਲ ਵਾਸਤੇ ਮੈਂ ਸ਼੍ਰੋਮਣੀ ਅਕਾਲੀ ਦਲ ਵਿੱਚੋਂ ਕੱਢਦਾਂ। ਦਿਵਾਨ ਹਾਲ ਮੰਜੀ ਸਾਹਿਬ 'ਤੇ ਸੰਗਤ ਵਿੱਚ ਪ੍ਰਣ ਕੀਤਾ ਤੇ ਦੂਜੇ ਦਿਨ ਬਿਆਨ ਆ ਗਿਆ ਕਿ ਮੇਰੇ ਮੱਤਭੇਦ ਹਨ। ਕਦੇ ਮੈਂ ਕਿਹਾ ਕਿ ਮੇਰੇ ਮੱਤਭੇਦ ਹਨ। ਭਾਵੇਂ ਹੋਣ ਜਾਂ ਨਾ ਹੋਣ, ਇਹ ਗੱਲ ਵੱਖਰੀ ਆ। ਮੇਰੀ ਜ਼ਬਾਨ 'ਚੋਂ ਕਦੇ ਸੁਣਿਆਂ। ਡਿਕਟੇਟਰ ਨੇ ਕਿਹਾ ਕਿ ਮੇਰੇ ਮੱਤਭਦੇ ਆ।

ਫਿਰ ਡਿਕਟੇਟਰ ਨੇ ਇਹ ਕਿਹਾ ਕਿ ਭਿੰਡਰਾਂਵਾਲੇ ਨੇ ਮੋਟਰ ਸਾਈਕਲ ਤੇ ਪਸਤੌਲ ਖਰੀਦਣ ਵਾਸਤੇ ਮੈਨੂੰ ਸਲਾਹ ਪੁੱਛੀ, ਮੇਰੇ ਨਾਲ ਕੀਤੀ ਤੇ ਨਾਲ ਇਹ ਖ਼ਬਰ ਵੀ ਦਿੱਤੀ ਆ ਕਿ ਇੱਕ ਫਿਰਕੇ ਦੇ ਲੋਕਾਂ ਨੂੰ ਮਾਰਨ ਵਾਸਤੇ ਮੈਨੂੰ ਕਿਹਾ। ਦੂਜੇ ਦਿਨ ਖ਼ਬਰ ਆ ਗਈ ਕਿ ਮੋਟਰ ਸਾਈਕਲ ਤੇ ਪਸਤੌਲ ਖਰੀਦਣ ਵਾਸਤੇ ਮੇਰੇ ਨਾਲ ਸਲਾਹ ਨਹੀਂ ਕੀਤੀ। ਜਦੋਂ ਕਿ ਮੈਂ ਮੰਨਦਾ ਭਈ ਕੀਤੀ ਆ। ਮੈਂ ਨਿੱਤ ਕਹਿੰਦਾ ਖਰੀਦੋ, ਜਿਹੜੀ ਗੱਲ ਮੈਂ ਕਹਿਨਾਂ, ਉਹਦੇ ਤੋਂ ਡਿਕਟੇਟਰ ਮੁਕਰਿਆ ਤੇ ਜਿਹੜੀ ਗੱਲ ਮੈਂ ਅੱਜ ਤੱਕ ਸੁਪਨੇ ਵਿੱਚ ਵੀ ਨਹੀਂ ਕਹੀ ਕਿ ਇੱਕ ਫਿਰਕੇ ਦੇ ਲੋਕਾਂ ਨੂੰ ਆਪਾਂ ਮਾਰਨਾ, ਉਹਦੀ ਤਰਦੀਦ ਨਹੀਂ ਕੀਤੀ ਡਿਕਟੇਟਰ ਨੇ। ਕੀ ਇਹ ਡਿਕਟੇਟਰ ਦੀ ਮੇਰੇ 'ਤੇ ਗਵਾਹੀ ਨਹੀਂ, ਭਗਤ ਸਿੰਘ ਵਾਲੀ ਜਿਹੜੀ ਗਾਂਧੀ ਨੇ ਦਿੱਤੀ ਸੀ। ਜੇ ਮੈਂ ਉਹਨੂੰ ਕਿਹਾ ਨਹੀਂ ਤੇ ਉਹਨੇ ਖ਼ਬਰ ਦਿੱਤੀ ਕਿਉਂ ? ਤੇ ਜੇ ਦਿੱਤੀ ਤੇ ਤਰਦੀਦ ਕਿਉਂ ਨਹੀਂ ਕੀਤੀ ? ਤੇ ਜੇ ਤਰਦੀਦ ਨਹੀਂ ਕੀਤੀ ਤੇ ਫਿਰ ਮੇਰੇ 'ਤੇ ਗਵਾਹੀ ਦੇਵੇ ਚੱਲ ਕੇ ਅਦਾਲਤ 'ਚ ਕਿ ਭਿੰਡਰਾਂਵਾਲੇ ਨੇ ਮੈਨੂੰ ਆਹ ਸਲਾਹ ਦਿੱਤੀ ਆ। ਕਦੇ ਮੈਂ ਕੋਈ ਖ਼ਬਰ ਦਿੱਤੀ ਇਹੋ ਜਿਹੀ ? ਤੀਜੇ ਦਿਨ ਫਿਰ ਖ਼ਬਰ ਆ ਗਈ ਕਿ ਜਿਹੜੀ ਮੈਂ ਪਹਿਲੇ ਦਿਨ ਖ਼ਬਰ ਦਿੱਤੀ ਸੀ, ਉਹ ਠੀਕ ਆ, ਜਿਹੜੀ ਤਰਦੀਦ ਕੀਤੀ ਸੀ ਉਹ ਅਖ਼ਬਾਰਾਂ ਨੇ ਆਪ ਕਰ ਦਿੱਤੀ। ਇਹ ੩ ਖ਼ਬਰਾਂ ਲਗਾਤਾਰ ਆ ਡਿਕਟੇਟਰ ਦੀਆਂ। ਕਿਤੇ ਇੱਕ ਸਟੈਂਡ 'ਤੇ ਖੜੋ।

ਮੇਰਾ ਚੈਲੰਿਜ ਆ ਤੁਹਾਨੂੰ, ਬਾਹੀਆਂ ਮਹੀਨਿਆਂ 'ਚ ਮੇਰੀ ਇੱਕ ਖ਼ਬਰ ਦੀ ਤਰਦੀਦ ਵਿਖਾ ਦਿਉ, ਲਿਆਉ। ਇੱਕ ਦੀ ਕੀਤੀ ਆ, ਕਿਹੜੀ ਦੀ, ਜਿਹੜੀ ਖ਼ਬਰ ਮੈਂ ਆਪ ਨਹੀਂ ਦਿੱਤੀ, ਅਖ਼ਬਾਰਾਂ ਨੇ ਆਪਣੇ ਕੋਲੋਂ ਬਣਾ ਕੇ ਮੇਰੇ ਨਾਂਅ 'ਤੇ ਲਾ ਦਿੱਤੀ ਆ। ਉਹ ਇੱਕ ਖ਼ਬਰ ਦੀ ਮੈਂ ਤਰਦੀਦ ਕੀਤੀ ਆ ਕਿ ਖ਼ਾਲਸਾ ਜੀ ਇਹ ਖ਼ਬਰ ਮੇਰੀ ਨਹੀਂ, ਬੱਸ ਇੰਨਾ ਹੀ ਕਿਹਾ। ਨਹੀਂ 'ਤੇ ਬਾਹੀਆਂ ਮਹੀਨਿਆਂ 'ਚ ਜਿਹੜੀ ਗੱਲ ਮੂੰਹ 'ਚੋਂ ਨਿਕਲ ਗਈ ਆ, ਉਹ ਵਾਪਸ ਨਹੀਂ ਕਦੇ ਲਈ।

ਆਹ ਹੁਣ ਇੱਕ ਖ਼ਬਰ ਦਿੱਤੀ ਆ ਮੈਂ। ਸ਼ਾਇਦ ਤੁਸੀਂ ਕਿਤੇ ਪੜ੍ਹੀ ਵੀ ਹੋਵੇ। ਕਾਫੀ ਦਿਨ ਹੋ ਗਏ ਆ। ਭਈ ਭਜਨ ਲਾਲ ਨੂੰ ਗੱਡੀ ਚੜ੍ਹਾਉਣਾ, ਮੁੱਖ ਮੰਤਰੀ ਹਰਿਆਣੇ ਵਾਲੇ ਨੂੰ। (ਸੰਗਤ ਵਿੱਚੋਂ ਕੋਈ ਜੈਕਾਰਾ ਛੱਡਣ ਲੱਗਦਾ ਹੈ- ਬੋਲੇ ਸੋ.....) ਸੰਤ - ਸਿੰਘੋ ਅਜੇ ਜੈਕਾਰਾ ਨਾ ਛੱਡਿਉ। ਅਜੇ ਨਹੀਂ, ਅਜੇ ਖੁਸਰੇ ਆਂ ਆਪਾਂ। ਜਿੱਦੇਂ ਉਹਨੂੰ ਗੱਡੀ ਚੜ੍ਹਾ ਦਿੱਤਾ ਉਦੇਂ ਜੈਕਾਰਾ ਛੱਡਿਉ। ਭੈਣਾਂ ਆਪਣੀਆਂ ਨੂੰ ਨੰਗੀਆਂ ਕਰਕੇ ਇਜ਼ਤ ਲੁੱਟ ਲਈ ਹਰਿਆਣੇ 'ਚ, ਅਜੇ ਜੈਕਾਰਾ ਕਾਹਤੇ ਛੱਡਦੇ ਓ। ਮੈਂ ਇਹ ਖ਼ਬਰ ਦਿੱਤੀ ਆ, ਉਹਦੇ ਤੋਂ ਮੁਨੱਕਰ ਨਹੀਂ ਹੁੰਦਾ ਤੇ ਕਈਆਂ ਨੇ ਮੈਨੂੰ ਇਹ ਵੀ ਕਿਹਾ ਜੇ ਉਹਨੂੰ ਗੱਡੀ ਚੜਾਤਾ, ਤੇਰੇ 'ਤੇ ਤਸ਼ੱਦਦ ਹੋਊ। ਤੁਸੀਂ ਗੱਡੀ ਚੜ੍ਹਾ ਆਉ, ਜੇ ਤਸ਼ੱਦਦ ਹੋਊਗਾ ਮੈਂ ਝੱਲ ਲਊਂ। ਮੈਂ ਤਰਦੀਦ ਨਹੀਂ ਕਦੇ ਆਪਣੇ ਬਿਆਨ ਦੀ (ਕੀਤੀ)।

ਪ ਹਜ਼ਾਰ ਹਿੰਦੂਆਂ ਬਾਰੇ ਮੈਂ ਕਿਹਾ ਸੀ ਉਦੋਂ। ਮੈਨੂੰ ਕਈਆਂ ਲੀਡਰਾਂ ਨੇ ਕਿਹਾ ਤੂੰ ਇਹਦੀ ਤਰਦੀਦ ਕਰਦੇ। ਮੈਂ ਕਿਹਾ ਮੈਂ ਬਿਲਕੁਲ ਨਹੀਂ ਕਰਨੀ। ਕਹਿੰਦੇ ਕਿਉਂ ? ਮੈਂ ਕਿਹਾ ਮੈਂ ਉੱਤਰ ਦਿੱਤਾ। ਮੈਂ ਪਹਿਲਾਂ ਵਾਰ ਨਹੀਂ ਕਦੇ ਕੀਤਾ। ਕਦੇ ਵੀ ਨਹੀਂ ਕੀਤਾ ਨਾ ਕਰਦਾਂ, ਨਾ ਕਰਨਾ ਤੇ ਪਿੱਛੋਂ ਹੁਦਾਰ ਮੈਂ ਭਾਜੀ ਕਦੇ ਰੱਖੀ ਨਹੀਂ, ਮੋੜਨਾਂ ਜ਼ਰੂਰ ਆਂ। ਕਈ ਵਾਰੀ ਸਮਾਂ ਲੱਗ ਜਾਂਦਾ, ਕਈ ਵਾਰੀ ਤਾਜੀ-ਤਾਜੀ ਮੋੜ ਦਈ ਦੀ ਆ, ਜਿਵੇਂ ਆਹ ਛਿੰਦੇ ਵਾਲੀ ਮੋੜੀ। ਛਿੰਦੇ ਨੇ ਸੋਢੀ

ਨੂੰ ਮਾਰਿਆ ਸੀ। ਤੇਈਆਂ ਘੰਟਿਆਂ ਦੇ ਵਿੱਚ ਵਿੱਚ ਵੱਢ ਕੇ ਸਿਰ ਤੇ ਉਹਦੀਆਂ ਲੱਤਾਂ 'ਚ ਰੱਖਿਆ, ਮਾਨਾ ਵਾਲੇ ਚੌਂਕ 'ਚ। ਉਹ ਅਸੀਂ ਰੱਖਿਆ, ਮਤਾ ਕੋਈ ਖ਼ਿਆਲ ਕਰੇ ਕਿਸੇ ਹੋਰ ਕੀਤਾ। ਉਹ ਲਿਆ ਬਦਲਾ ਅਸੀਂ ਭਰਾ ਆਪਦੇ ਦਾ। ਇੱਕ ਖ਼ਬਰ ਮੇਰੀ ਤਰਦੀਦ ਹੋਈ ਵਿਖਾਉ ਤੇ ਫਿਰ ਵੀ ਕਹੋ ਜੀ ਸਬੂਤ, ਸਬੂਤ ਇਹਦੋਂ ਵੱਧ ਹੋਰ ਕੀ ਦੇਵਾਂ। ਇਹ ਡਿਕਟੇਟਰ ਦਾ ਬਿਆਨ ਆਂ, ਬਾਕੀ ਤੇ ਛੱਡ ਦਿਉ, ਜਿਹੜੇ ਛੋਟਿਆਂ-ਮੋਟਿਆਂ ਦੇ ਆਂ ਤੇ ਮੇਰੇ ਵੱਲੋਂ ਡਿਕਟੇਟਰ ਦੇ ਵਿਰੁੱਧ ਇੱਕ (ਬਿਆਨ) ਵਿਖਾ ਦਿਉ, ਮੈਂ ਸਜ਼ਾ ਭੁਗਤੂੰ। ਫਿਰ ਇਹ ਕੰਨਾਂ 'ਚ ਰੂੰ ਕਿਉਂ ਦਿੱਤੀ ਆ ਆਪਾਂ ਸਾਰਿਆ ਨੇ ?

ਪਹਿਲਾਂ ਹਥਿਆਰਾਂ 'ਤੇ ਪਾਬੰਧੀ ਲਾ ਦਿੱਤੀ, ਮੁੜਕੇ ਕਹਿੰਦੇ ਅਸੀਂ ਲਾਈ ਨਹੀਂ, ਮੈਂ ਕਿਹਾ ਚੱਲ ਚੰਗਾ ਠੀਕ ਆ, ਜੇ ਨਹੀਂ ਲਾਈ ਤੇ। ਇੰਨੇ ਸਬੂਤ ਤੁਹਾਨੂੰ ਦਿੱਤੇ ਆ, ਏਦੋਂ ਵੱਧ ਹੋਰ ਕੀ ਕਰਾਂ।

ਨਿਰਲੇਪ ਕੌਰ ਦੇ ਤੁਸੀਂ ਬਿਆਨ ਕਿੰਨੀ ਵਾਰਾਂ ਪੜ੍ਹ ਚੁੱਕੇ ਓ, ਹੁਣ ਤੇ ਹੱਟ ਗਈ ਆ ਥੋੜ੍ਹੀ ਜਿਹੀ, ਪਤਾ ਨਹੀਂ ਕੀ ਗੱਲ ਆ। ਆਹ ਜਦੋਂ ਦਾ ਮਨਚੰਦਾ ਗੱਡੀ ਚੜ੍ਹਿਆ ਉਦੋਂ ਪਿੱਛੋਂ ਨਹੀਂ ਬਿਆਨ ਕੋਈ ਆਇਆ। ਤੁਸੀਂ ਇਹ ਦੱਸੋ ਜਿਹੜੇ ਬਿਆਨ ਆਏ ਆ, ਆਹ ਉਮਰਾਨੰਗਲ ਵਰਗੇ ਰੌਲਾ ਪਾਈ ਜਾਂਦੇ ਆ। ਅਖੇ ਜੀ ਭਿੰਡਰਾਂਵਾਲੇ ਨੂੰ, ਅਖੇ ਇਥੋਂ ਪਾਸੇ ਕਰਨਾ ਚਾਹੀਦਾ, ਪਵਿੱਤਰਤਾ ਭੰਗ ਹੁੰਦੀ ਆ। ਇਹਨੂੰ ਨਿਰਲੇਪ ਕੌਰ ਨੂੰ ਪੁੱਛੋ, ਜਦੋਂ ਤੇਰਾ ਪਿਉ ਇਥੇ ਹੁੰਦਾ ਸੀ ਰਾਜ਼ੇਵਾਲਾ, ਉਦੋਂ ਪਵਿੱਤਰਤਾ ਭੰਗ ਨਾ ਹੋਈ। ਜਦੋਂ ਜਥੇਦਾਰ ਮੋਹਣ ਸਿੰਘ ਤੁੜ ਇਸੇ ਕਮਰੇ ਵਿੱਚ ਹੀ ਰਿਹਾ, ਜਿਹਦੇ ਵਿੱਚ ਮੈਂ ਰਹਿਨਾਂ, ਉਦੋਂ ਪਵਿੱਤਰਤਾ ਭੰਗ ਨਾ ਹੋਈ। ਸੰਤ ਫਤਹਿ ਸਿੰਘ ਦਾ ਮੰਜਾ ਰਿਹਾ ਇਸ ਕਮਰੇ ਵਿੱਚ, ਮੈਂ ਤੇ ਥੱਲੇ ਹੁਨਾਂ, ਉਦੋਂ ਪਵਿੱਤਰਤਾ ਭੰਗ ਨਾ ਹੋਈ ? ਜਦੋਂ ਜਸਬੀਰ ਸਿੰਘ ਦਰਬਾਰ ਸਾਹਿਬ ਦਾ ਗਰੰਥੀ, ਇਹਨਾਂ ਕਮਰਿਆਂ ਵਿੱਚ ਸਮੇਤ ਪਰਿਵਾਰ ਦੇ ਰਹਿੰਦਾ ਰਿਹਾ, ਉਦੋਂ ਪਵਿੱਤਰਤਾ ਭੰਗ ਨਾ ਹੋਈ ? ਜੇ ਭਿੰਡਰਾਂਵਾਲਾ ਇਥੇ ਆ ਗਿਆ (ਤਾਂ ਪਵਿੱਤਰਤਾ ਭੰਗ ਹੋ ਗਈ)।

੨੦ ਸਾਲ ਦੇ ਪੁਰਾਣੇ ਸੇਵਾਦਾਰ ਜਿਹੜੇ ਇਥੋਂ ਦੇ, ਉਹਨਾਂ ਨੇ ਮੈਨੂੰ ਦੱਸਿਆ ਕਿ ਵੀਹਾਂ ਸਾਲਾਂ ਵਿੱਚ ਵਿਸਾਖੀ 'ਤੇ ਦੀਪ ਮਾਲਾ ਤੋਂ ਬਿਨਾਂ, ਕਦੇ ੪੦੦ ਬੰਦੇ ਨੇ ਇਕੱਠਿਆਂ ਇਥੇ ਅੰਮ੍ਰਿਤ ਨਹੀਂ ਛਕਿਆ। ਹੁਣ ਹਰ ਐਤਵਾਰ ਤੇ ਬੁੱਧਵਾਰ ੪੦੦ ਹੋ ਜਾਂਦਾ ਤੇ ਪਵਿੱਤਰਤਾ ਭੰਗ ਹੋ ਗਈ ਇਥੇ। ਕਦੇ ਪੁੱਛਿਆ ਇਹਨਾਂ ਜਨਾਨੀਆਂ (ਅਕਾਲੀ ਆਗੂਆਂ) ਨੂੰ, ਦੱਸੋ ਜੇ ਪੁੱਛਿਆ ਕਿਸੇ ਨੇ ਤੇ ਜਵਾਬ ਦਿਉ ?

ਗੁਰਬਚਨਾ ਨਰਕਧਾਰੀਆ, ਉਮਰਾਨੰਗਲ ਦੇ ਬਿਆਨਾਂ ਨਾਲ ਬਰੀ ਹੋਇਆ, ਜਿਹਦਾ ਮੈਂ ਸਬੂਤ ਦੇਨਾ ਤੁਹਾਨੂੰ। ਜਾਉ ਸਮੁੰਦਰੀ ਹਾਲ 'ਚ ਵੜ ਜਾਉ, ਦੋ ਮੁੰਡੇ ਪੜ੍ਹੇ ਲਿਖੇ। ਤੇਜਾ ਸਿੰਘ ਸਮੁੰਦਰੀ ਹਾਲ ਦੇ ਦਫ਼ਤਰ ਵਿੱਚ, ਕਰਨਾਲ ਵਾਲੇ ਗੁਪਤੇ ਜੱਜ ਦੀ ਅਦਾਲਤ ਦਾ ਫੈਸਲਾ, ਉਹ ਰਜਿਸਟਰ ਕੱਢ ਕੇ ਪੜ੍ਹੋ ਜੇ ਉਹਦੇ ਵਿੱਚ ਉਮਰਾਨੰਗਲ ਦੀ ਗਵਾਹੀ ਨਾ ਹੋਵੇ, ਉਹਨੇ ਮੈਨੂੰ ਝੂਠਾ ਕਿਹਾ ਤੇ ਗੁਰਬਚਨੇ ਨੂੰ ਸੱਚਾ ਕਿਹਾ ਤੇ ਤਾਂ ਗੁਰਬਚਨਾ ਬਰੀ ਹੋਇਆ। ਜੇ ਇਹਨਾਂ ਬਿਆਨਾਂ ਦੇ ਅਧਾਰ 'ਤੇ ਗੁਰਬਚਨਾ ਬਰੀ ਨਾ ਹੋਇਆ ਹੋਵੇ, ਮੈਂ ਆਪਣਾ ਸਿਰ ਦਿਉਂਗਾ ਸੰਗਤ 'ਚ, ਪ੍ਰਣ ਕਰਨਾ।

ਨਰਕਧਾਰੀਆਂ ਦੇ ਘਰੇ ਬਾਪੂ ਕਹਿ ਕੇ ਵੋਟਾਂ ਮੰਗਦੇ ਰਹੇ ਹੋਣ ੮੦ 'ਚ। ਚੰਨਣ ਕੇ ਪਿੰਡ ਵਿੱਚ ਇੱਕ ਨਰਕਧਾਰੀਆਂ ਦੇ ਪਰਿਵਾਰ ਨੂੰ ਸਿਰੋਪਾ ਦੇ ਕੇ ਆਏ ਆ, ਉਸ ਬੰਦੇ 'ਤੇ ਅੱਜ ਤੱਕ ਅਕਾਲੀ ਦਲ ਨੇ ਐਕਸ਼ਨ ਲਿਆ ? ਹੁਣ ਕਹਿੰਦਾ ਅਖੇ ਜੀ ਮੈਨੂੰ ਮਰਨ ਵਾਸਤੇ ਆਗਿਆ ਦੇ ਦਿਉ, ਸੜਨ ਵਾਸਤੇ। ਇੱਕ ਪ੍ਰੇਮੀ ਨੇ ਕਿਹਾ ਵੀ ਆ। ਅਖੇ ਜੀ ਜੇ ਮੈਨੂੰ ਸੜਨ ਦੀ ਆਗਿਆ ਮਿਲੇ ਤਾਂ ਅਖੇ ਮੈਂ ਸੜ ਕੇ ਮਰ ਜਾਊਂ। ਮੈਂ ਆਖਿਆ ਕੁਝ ਤਾਂ ਜ਼ਰੂਰ ਹੋਣਾ ਜਾਂ ਸੜ ਕੇ ਮਰ ਜਾਉ ਜਾਂ ਮਰ ਕੇ ਸੜ ਜਾਉ, ਹੈ ਤਾਂ ਸੜਨਾ ਈ ਸਿੱਖਾਂ ਨੇ। ਇਹਨਾਂ ਨੂੰ ਪੁੱਛੋ, ਭਈ ਸ਼ਰਮ ਆਉਣੀ ਚਾਹੀਦੀ ਆ। ਭਈ ਬੁੱਢਾ ਹੋ ਗਿਆਂ, ਤੁਹਾਡਾ ਸਿਵਿਆਂ ਵਾਲਾ ਥਾਂ ਤੇ ਸਾਨੂੰ ਢਾਹ ਕੇ ਕਮਰੇ ਪਾਉਣੇ ਪਏ ਅਕਾਲ ਤਖਤ ਸਾਹਿਬ 'ਤੇ। ਜਿਹੜੇ ਕੁੰਢ ਬਣੇ ਆ, ਉਹ ਹੁਣ ਢਾਹੇ ਆ, ਆਣ ਕੇ ਅਸੀਂ ਇਥੋਂ। ਸੜਿਆ ਕੋਈ ਇਹਨਾਂ 'ਚੋਂ ਪ੍ਰਣ ਕਰਕੇ ? ਲੰਮੇ ਚੋਲੇ ਪਾ ਕੇ, ਕਾਲੇ, ਬਾਲਟੀਆਂ ਭਰ ਕੇ ਦਹੀ ਦੀਆਂ ਰੱਖ ਛੱਡੀਆਂ (ਕਿ) ਇਸ਼ਨਾਨ ਕਰਕੇ ਸੜਨਾ, ਦੱਸੋ ਕੌਣ ਮਰਿਆ ਇਹਨਾਂ 'ਚੋਂ ਪ੍ਰਣ ਕਰਕੇ ? ਗੱਲਾਂ ਕਹਿਣੀਆਂ ਸੌਖੀਆਂ, ਜਵਾਬ ਦਏ ਕੋਈ ਦੇ ਸਕਦਾ ਤੇ ?

ਮੈਨੂੰ ਨਿੱਤ ਪਿੱਟਦੇ ਕਾਂਗਰਸੀ ਆ ਇਹ। ਇਹ ਹੁਣ ਤੁਸੀਂ ਦੱਸੋ ਭਈ ਕੌਣ ਆ ? ਰਿਸ਼ਤਾ ਕਿਹਨੇ ਪਾਇਆ ਕਾਂਗਰਸੀਆਂ ਨਾਲ, ਮੈਂ ਪਾਇਆ ? ਫਿਰ ਪਾਇਆ ਕਿਹੜੇ ਪਰਿਵਾਰ ਨਾਲ ਆ ? ਇਹ ਕੈਰੋਂ ਪਰਿਵਾਰ ਉਹੋ ਆ, ਜਿਹੜੇ ਪਰਿਵਾਰ ਨੇ ਜਥੇਦਾਰ ਮੋਹਣ ਸਿੰਘ ਤੁੜ ਨੂੰ ਬਰਫ਼ 'ਤੇ ਪਾਇਆ ਸੀ। ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਹੁੰਦਾ ਸੀ ਉਦੋਂ ਉਹ। ਜਥੇਦਾਰ ਮੋਹਣ ਸਿੰਘ ਤੁੜ ਦੇ ਘਰ ਦੀ ਕੁਰਕੀ ਕੀਤੀ। ਟਪਰੀਵਾਸਾਂ ਦੀ ਤਰ੍ਹਾਂ ਉਸ ਪਰਿਵਾਰ ਨੇ ਦਿਨ ਕੱਟੇ। ਇੰਦਰਜੀਤ ਸਿੰਘ ਕਾਕੇ ਨੂੰ ਵੱਢ ਕੇ ਖੂਹ ਵਿੱਚ ਸੁਟਵਾਇਆ ਸੀ ਕਰਨਾਲ 'ਚ, ਹਰਿਆਣੇ 'ਚ। ਚੈਂਚਲ ਸਿੰਘ ਦੀਆਂ ਹੱਡੀਆਂ (ਫੁੱਲ) ਨਹੀ ਦਿੱਤੀਆਂ, ਅੰਮ੍ਰਿਤਸਰ ਵਾਲੇ ਦੀਆਂ। ਬਠਿੰਡੇ ਜੇਲ੍ਹ ਵਿੱਚ ਮਰੇ ਸੀ। ਸ਼ਹੀਦੀਆਂ ਉਥੇ ਉਹਨਾਂ ਪਾਈਆਂ ਤੇ ੫੭ ਹਜ਼ਾਰ ਪੱਗਾਂ ਵਾਲੇ ਅੰਦਰ ਗਏ ਆ। ਇਹ ਸਾਰੀ ਬਖ਼ਸ਼ਸ਼ ਤੁਹਾਡੇ 'ਤੇ ਕੈਰੋਂ ਪਰਿਵਾਰ ਦੀ ਸੀ। ਅੱਜ ਉਹਦੇ ਨਾਲ ਤੁਹਾਡੇ ਸੀਨੀਅਰ (ਬਾਦਲ) ਦਾ ਨਾਤਾ ਨਹੀਂ ਜੁੜਿਆ ? ਕੀ ੩੭ ਦੇ ੩੭ ਐਮ.ਐਲ.ਏ. ਦਰਬਾਰੇ ਮੁੱਖ ਮੰਤਰੀ ਜਿਹੜਾ ਰਹਿ ਚੁੱਕਿਆ, ਜ਼ਕਰੀਏ ਦੇ ਰੂਪ ਵਿੱਚ, ਉਹਦੇ ਘਰੇ ਰੋਟੀ ਨਹੀਂ ਖਾਧੀ, ੩੭ ਦੇ ੩੭ ਐਮ.ਐਲ.ਏਜ਼. ਨੇ ?

ਬਦਕਿਸਮਤੀ ਆ ਕਿ ਅਖ਼ਬਾਰਾਂ 'ਚ ਖ਼ਬਰਾਂ ਮੇਰੀਆਂ ਆਉਂਦੀਆਂ ਨਹੀਂ। ਇਹਨਾਂ ਗੱਲਾਂ ਦਾ ਕੋਈ ਜਵਾਬ ਹੈ ਤਾਂ ਦੇ ਦਿਉ ਤੇ ਜੇ ਮੇਰੇ ਬਾਰੇ ਉਹਨਾਂ ਕੋਲੇ ਹੈ ਤੇ ਜਾਉ, ਉਹਨਾਂ ਕੋਲੋਂ ਪ੍ਰਸ਼ਨ ਲੈ ਆਉ ਤੇ ਉੱਤਰ ਮੈਂ ਦੇ ਦਿਉਂ। ਭਾਵੇ ੧੦ ਲੱਖ ਦੇ ਇਕੱਠ 'ਚ ਪੁੱਛ ਲਿਉ।

ਇਹ ਲੀਡਰੀ ਆ, ਸਰਦਾਰੀ ਆ, ਚਉਧਰ-ਪੁਣਾ ਕਿ ਕੋਈ ਉੱਠ ਕੇ ਮੁੰਡਾ ਜਾਂ ਸੰਗਤ ਵਿੱਚੋਂ ਕੋਈ ਨੌਜੁਆਨ ਜਾਂ ਕੋਈ ਬਜ਼ੁਰਗ ਮਾਈ ਭਾਈ, ਕੋਈ ਪ੍ਰਸ਼ਨ ਪੁੱਛੇ ਤੇ ਲੀਡਰ ਗਲ਼ ਹੀ ਪੈ ਜਾਏ ਤੂੰ ਪੁੱਛਦਾ ਕਿਉਂ ਐਂ, ਕਾਹਦੀ ਲੀਡਰੀ ਆ ਉਹ ? ਮੇਰਾ ਚੈਲੰਜ ਆ ਤੁਹਾਨੂੰ, ਜੋ ਮਰਜੀ ਪੁੱਛੋ, ਤੁਹਾਡੇ ਇੱਕ ਵੀ ਪ੍ਰਸ਼ਨ ਦਾ ਜਵਾਬ ਜੇ ਮੈਂ ਨਾ ਦੇ ਸਕਿਆਂ, ਤਾਂ ਵੀ ਸਿਰ ਵਢਵਾ ਲਊਂ ਆਪਣਾ। ਆਉ ਪੁੱਛੋ, ਜਿਹਨੇ ਪੁੱਛਣਾ। ਇੱਕ ਬੰਦਾ ਮਰਨ ਵਾਸਤੇ ਤੁਰਿਆ ਫਿਰਦਾ, ਬੱਸਾਂ ਸਾਡੀਆਂ ਸਾੜ ਦਿੱਤੀਆਂ। ਬੰਦੇ ਮੇਰੇ ਨਾਲ ਦੇ ਮਾਰ ਦਿੱਤੇ, ਘਰ ਸਿੰਘਾਂ ਦੇ ਉਜਾੜ ਦਿੱਤੇ। ਅੱਗ ਲਾ ਕੇ

ਘਰ ਸਾੜ ਦਿੱਤੇ ਆ। ੩-੩ ਸਾਲ ਤੋਂ ਸਿੰਘ ਘਰਾਂ 'ਚ ਨਹੀਂ ਵੜ ਸਕੇ। ਉਲਟਾ ਕਹੀ ਜਾਂਦੇ, ਕਾਂਗਰਸ ਨਾਲ ਰਲ਼ਿਆ ਅਖੇ। ਅੱਜ ਤੱਕ...., ਮਾਤਾ ਬਹਿ ਜਾਹ ਤੂੰ ਇੱਕ ਮਿੰਟ, ਬਹਿ ਜਾਹ (ਕਿਸੇ ਮਾਤਾ ਨੂੰ ਕਹਿ ਰਹੇ ਹਨ) ਅੱਜ ਤੱਕ ਕੋਈ ਬੰਦਾ ਦੱਸੋ, ਤੁਹਾਨੂੰ ਕਿਸੇ ਨੂੰ ਮੈਂ ਜਥੇ 'ਚ ਜਾਣ ਤੋਂ ਰੋਕਿਆ ਹੋਵੇ ? ਅਖ਼ਬਾਰਾਂ 'ਚ ਲਿਖ ਲਿਖ ਕੇ ਜਵਾਬ ਮੰਗਦੇ ਆ।

ਮੈਂ ਜਥੇਦਾਰ ਨੂੰ ਪੁੱਛਿਆ ਸੀ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨੂੰ। ਮੈਂ ਕਿਹਾ ਜਥੇਦਾਰ ਜੀ ਮੇਰਾ ਜਵਾਬ ਦਿਉ, ਕਹਿੰਦੇ ਕੀ ? ਮੈਂ ਕਿਹਾ ਤੁਹਾਡੇ ਕੋਲ ਚਿੱਠੀਆਂ ਆਈਆਂ, ਪਰਿਕਰਮਾਂ 'ਚ ਵੰਡੀਆਂ ਗਈਆਂ, ਇਸ਼ਤਿਹਾਰ ਦੇ ਰੂਪ ਵਿੱਚ। ਇਸ ਪਾਰਕ ਵਿੱਚ ਵੰਡੀਆਂ ਗਈਆਂ, ਜਲੂਸ 'ਚ ਵੰਡਿਆ ਗਿਆ ਇਸ਼ਤਿਹਾਰ, ਜਿਹਦੇ ਵਿੱਚੋਂ ਮੈਥੋਂ ਜਵਾਬ ਮੰਗੇ ਸੀ ੯-੧੦ ਸੁਆਲਾਂ ਦੇ ਤੇ ਮੈਂ ਜਥੇਦਾਰ ਨੂੰ ਕਿਹਾ, ਤੂੰ ਮੇਰੇ ਇੱਕ ਸੁਆਲ ਦਾ ਹੀ ਉੱਤਰ ਦੇ ਦੇਹ। ਕਹਿੰਦਾ ਕੀ ? ਮੈਂ ਕਿਹਾ ਤੁਸੀਂ ਜਥੇਦਾਰ ਓ ਤਖ਼ਤ ਦੇ ? ਕਹਿੰਦਾ ਹਾਂ ਜੀ। ਮੈਂ ਕਿਹਾ ਤੂੰ ਪਤਿਤ ਮੁੰਡੇ ਕੁੜੀ ਦਾ ਅਨੰਦ ਕਾਰਜ ਕਰਾ ਕੇ ਨਹੀਂ ਆਇਆਂ ? ਕਹਿੰਦਾ ਕਰਵਾਇਆ। ਮੈਂ ਕਿਹਾ ਤੂੰ ਮਰਿਯਾਦਾ ਪੁਰਸ਼ੋਤਮ ਕਿੱਥੋਂ ਦਾ ? ਬਾਦਲ ਦੀ ਲੜਕੀ ਦਾ ਤੇ ਕੈਰੋਂ ਦੇ ਮੁੰਡੇ ਦਾ ਅੰਮ੍ਰਿਤ ਛਕਿਆ ? ਜਥੇਦਾਰ ਨੂੰ ਕੀ ਅਧਿਕਾਰ ਹੈ ਬੇ-ਅੰਮ੍ਰਿਤੀਏ ਮੁੰਡੇ ਕੁੜੀ ਦਾ ਅਨੰਦ ਕਾਰਜ ਕਰਾਉਣ ਦਾ ? ਕੀ ਇਸ ਕਰਕੇ ਕਿ ਦੋਵੇਂ ਪਰਿਵਾਰ ਧਨੀ ਸੀ ? ਮੈਂ ਉਹਨੂੰ ਇਹ ਵੀ ਪੁੱਛਿਆ ਸੀ ਕਿ ੧੧੦ ਪਾਠ ਮੁੰਡਾ ਕੁੜੀ ਕਰਦੇ ਹੋਣ ਜਪੁਜੀ ਸਾਹਿਬ ਦੇ, ਗਰੀਬਾਂ ਦੇ ਘਰੇ ਜੰਮੇ ਹੋਣ, ਅੰਮ੍ਰਿਤ ਛਕਿਆ ਹੋਵੇ। ਮੈਂ ਕਿਹਾ ਤੂੰ ਬਜ਼ੁਰਗ ਹੋ ਗਿਆਂ, ਦੱਸ ਆਪਣੀ ਉਮਰ 'ਚ, ਕਦੇ ਕਿਸੇ ਗਰੀਬ ਮੁੰਡੇ ਕੁੜੀ ਦਾ ਅਨੰਦ ਕਾਰਜ ਕਰਾਇਆ ? ਕਹਿੰਦਾ ਨਹੀਂ। ਮੈਂ ਆਖਿਆ ਧਨੀਆਂ ਦੇ ਘਰ ਕਿਉਂ ਜਾਂਦੇ, ਬੇ-ਅੰਮ੍ਰਿਤੀਆਂ ਦੇ ਅਨੰਦ ਕਾਰਜ ਕਰਾਉਣ ? ਉਹ ਭਾਵੇਂ ਲੱਖ ਵਾਰ ਜਾਂਦਾ ਹੋਵੇ, ਕੋਈ ਬੰਦਸ਼ ਨਹੀਂ। ਤਖ਼ਤ ਦਾ ਜਥੇਦਾਰ ਪਤਿਤ ਮੁੰਡੇ ਕੁੜੀ ਦਾ ਅਨੰਦ ਕਾਰਜ ਕਰਾਉਂਦਾ, ਦੂਜਿਆਂ ਦੀ ਕੀ ਹਾਲਤ ਹੋਊ ? ਜੇ ਮੈਂ ਕਰਾਇਆ ਹੋਵੇ ਤਾਂ ਮੈਂ ਸਜ਼ਾ ਭੁਗਤ ਲਊਂ।

ਪੰਜਾਂ ਸਿੰਘ ਸਾਹਿਬਾਨਾਂ ਨੂੰ ਲਿਆਉ, ਇਥੇ ਇਕੱਠ ਕਰੋ, ਮੇਰੇ ਵਿੱਚ ਬੈਠਾਉ ਤੇ ਮੈਂ ਵੀ ਨਾਲ ਬਹਿਨਾਂ। ਜੇ ਪੰਜਾਂ ਦੇ ਮੂੰਹੋਂ ਬੁਲਾ ਲਿਆ ਕਿ ਅਸੀਂ ਝੂਠ ਬੋਲਿਆ ਤੇ ਫੇਰ...., ਮੇਰੇ ਬਾਰੇ ਬੋਲਿਆ।

ਸਤਵਾਂ ਪੁਇੰਟ ਸੀ ਉਸ ਪਰਚੇ ਵਿੱਚ ਤੇ ਉਹਦੇ 'ਤੇ ਮੈਂ ਸਹਿਮਤੀ ਪ੍ਰਗਟ ਨਹੀਂ ਕੀਤੀ। ਮੈਂ ਜਵਾਬ ਮੰਗਿਆ ਸੀ। ਇਹਨਾਂ ਨੇ ਲਿਖਿਆ ਸੀ ਕਿ ਆਪਣੇ ਮਤਭੇਦ ਭੁਲਾ ਕੇ ਪੰਥਕ ਏਕਤਾ ਵਾਸਤੇ ਕੰਮ ਕਰੋ ਤੇ ਮੈਂ ਉਥੇ ਸੁਆਲ ਕੀਤਾ ਸੀ ਉਹਨਾਂ 'ਤੇ। ਮੈਂ ਕਿਹਾ ਪਹਿਲਾਂ ਤੇ ਤੁਸੀਂ ਪੰਜੇ ਜਥੇਦਾਰ ਦੱਸੋ ਕਿ ਸਾਡੇ ਮਤਭੇਦ ਹਨ ਕਿ ਨਹੀਂ ? ਜੇ ਹਨ ਤੇ ਫਿਰ ਇਹਦੀ ਪੜਤਾਲ ਕਰੋ, ਭਈ ਕਿਹਦੇ ਵੱਲੋਂ ਪੈਦਾ ਹੋਏ ਆ ? ਤੇ ਜਿਹਦੇ ਵੱਲੋਂ ਪੈਦਾ ਹੋਏ ਆ, ਉਹਨੂੰ ਸਜ਼ਾ ਦਿਉ। ਮੇਰੇ ਵੱਲੋਂ ਪੈਦਾ ਹੋਏ ਆ, ਮੈਨੂੰ ਸਜ਼ਾ ਦਿਉ। ਲੌਂਗੋਵਾਲ ਵੱਲੋਂ ਹੋਏ ਆ, ਉਹਨੂੰ ਸਜ਼ਾ ਦਿਉ। ਤਲਵੰਡੀ ਵੱਲੋਂ ਹੋਏ ਆ, ਉਹਨੂੰ ਦਿਉ। ਜਿਹਦੇ ਵੱਲੋਂ ਮਤਭੇਦ ਪੈਦਾ ਹੋਏ, ਉਹਨੂੰ ਸਜ਼ਾ ਦਿਉ। ਦੱਸੋ ? ਕਹਿੰਦੇ ਤੂੰ ਸੱਚਾਂ। ਮੈਂ ਕਿਹਾ ਸੱਚਾਂ ਤੇ ਮੰਜੀ ਸਾਹਿਬ 'ਤੇ ਕਹੋ। ਕਹਿੰਦੇ ਮੰਜੀ ਸਾਹਿਬ ਤੇ ਕਿਹਾ ਨਹੀਂ ਜਾਂਦਾ। ਫੈਸਲਾ ਕਿਹਦੇ ਕੋਲੋਂ ਕਰਾਵਾਂ ? ਮੈਂ ਉਹਦੇ 'ਤੇ (ਸਤਵੇਂ ਪੁਇੰਟ 'ਤੇ) ਅਸਹਿਮਤੀ

ਪ੍ਰਗਟ ਕਰਕੇ ਆਇਆਂ ਭਈ ਮੈਂ ਸਹਿਮਤ ਨਹੀਂ ਤੇ ਦੂਜੇ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ (ਲੈਟਰ) ਪੈਡ 'ਤੇ ਲਿਖ ਕੇ ਅਖ਼ਬਾਰਾਂ ਨੂੰ ਦੇ ਦਿੱਤਾ, ਅਖੇ ਭਿੰਡਰਾਂਵਾਲਾ ਇਸ ਗੱਲ ਨਾਲ ਸਹਿਮਤ ਆ।

ਦੂਜੇ ਦਿਨ ਫਿਰ ਮੇਰੀ ਮੀਟਿੰਗ ਹੋਈ ਉਹਨਾਂ ਨਾਲ। ਮੈਂ ਪੰਜਾਂ ਨੂੰ ਪੁੱਛਿਆ, ਮੈਂ ਕਿਹਾ ਸਿੰਘ ਸਾਹਿਬ ਜੀ ਇਸ ਮਤੇ 'ਤੇ ਮੈਂ ਤੁਹਾਨੂੰ ਕਦੋਂ ਹਾਂ ਕਹਿ ਕੇ ਗਿਆਂ। ਕਹਿੰਦੇ ਤੂੰ ਤਾਂ ਨਹੀਂ ਕਹੀ, ਮੈਂ ਕਿਹਾ ਫਿਰ ਮੇਰੇ ਨਾਂਅ 'ਤੇ ਛਾਪੀ ਕਿਉਂ ? ਮੈਂ ਕਿਹਾ ਇਹ ਝੂਠ ਨਹੀਂ ? ਕਹਿੰਦੇ ਹੈ ਤਾਂ ਝੂਠ। ਮੈਂ ਕਿਹਾ ਫਿਰ ਇਹਦਾ ਦੇਣਦਾਰ ਕੌਣ ਆ ? ਚੁੱਪ ਹੋ ਗਏ ਸਾਰੇ ਈ। ਜੇ ਇਹ ਗੱਲ ਨਾ ਹੋਈ ਹੋਵੇ ਤੇ ਸਜ਼ਾ ਭੁਗਤੂੰਗਾ ਜੋ ਤੁਸੀਂ ਮੈਨੂੰ ਦੇ ਦਿਉਗੇ ਤੇ ਜੇ ਤਖ਼ਤਾਂ ਦੇ ਜਥੇਦਾਰ ਤੇ ਇਥੋਂ ਦੇ ਸਾਰੇ ਸਿੰਘ ਸਾਹਿਬ, ਮੈਂ ਕਹਿਨਾਂ ਕਿ ਮੈਂ ਸਹਿਮਤ ਨਹੀਂ ਤੇ ਮੇਰੇ ਨਾਂਅ 'ਤੇ ਪੰਜੇ ਦਸਤਖ਼ਤ ਕਰ ਦੇਣ ਕਿ ਭਿੰਡਰਾਂਵਾਲਾ ਸਹਿਮਤ ਆ। ਦੱਸੋ ਨਿਆਂ ਕਿੱਥੋਂ ਲਉਗੇ ? ਬੋਲਦੇ ਨਹੀਂ, ਹੈ ਜੇ ਕਿਸੇ ਕੋਲ ਜਵਾਬ ਤੇ ਦਿਉ ਕੋਈ ਮਾਈ ਦਾ ਲਾਲ ?

ਫਿਰ ਕਿਸੇ ਅਖ਼ਬਾਰ 'ਚ ਮੇਰੇ ਨਾਂਅ 'ਤੇ ਕਿਸੇ ਸਿੱਖ ਨੇ ਪੜ੍ਹਿਆ ਕਿ ਭਿੰਡਰਾਂਵਾਲੇ ਨੇ ਸ਼ਹੀਦੀ ਫੰਡ ਖੋਲ੍ਹਿਆ। ਦੱਸੋ ਜੇ ਪੜ੍ਹਿਆ ਤੇ ਉੱਠ ਕੇ ਕੋਈ ? ਅਕਾਲੀ ਦਲ ਦੇ ਨਾਂਅ 'ਤੇ ਸ਼ਹੀਦੀ ਫੰਡ ਖੁੱਲਿਆ। ਸ਼੍ਰੋਮਣੀ ਕਮੇਟੀ ਦੇ ਨਾਂਅ 'ਤੇ ਸ਼ਹੀਦੀ ਫੰਡ ਖੁੱਲਿਆ। ਕੁਝ ਹੋਰ ਪ੍ਰੇਮੀਆਂ ਦੇ ਨਾਂਵਾਂ 'ਤੇ ਵੀ ਖੁੱਲਿਆ ਹੋਵੇਗਾ, ਮੇਰੇ ਨਾਂਅ 'ਤੇ ਕਿਸੇ ਨੇ ਖੁੱਲਿਆ ਦੇਖਿਆ ਤੇ ਦੱਸੋ ?

੪੦੦ ਕੇਸਾਂ ਵਿੱਚੋਂ, ੪੦੦ ਸਿੰਘਾਂ ਦੇ ਕੇਸਾਂ ਦੇ ਵਿੱਚੋਂ, ਮੁਕੱਦਮਿਆਂ ਵਿੱਚੋਂ ੩੭੫ ਇਕੱਲਾ ਲੜਦਾਂ। ਪੈਸਾ ਤੁਹਾਡੇ ਕੋਲੋਂ ਦੁਆਨੀ ਕਦੇ ਮੰਗੀ ਨਹੀਂ। ਸਾਰੀ ੪ ਕਿਲੇ ਪੈਲੀ ਆ ਮਹਿਤੇ ਤੇ ੨ ਮਹੀਨਿਆਂ ਵਿੱਚ ਇੰਨੇ ਗੰਢੇ ਲੱਗ ਜਾਂਦੇ ਆ ਉਥੇ ਇੰਨੇ ਥਾਂ ਦੇ, ਇੰਨੀ ਸੰਗਤ ਆਉਂਦੀ ਜਾਂਦੀ ਆ। ਬਾਕੀ ਖ਼ਰਚ ਮੈਂ ਨਹੀਂ ਕਹਿੰਦਾ ਘਰੋਂ ਲਿਆਉਨਾ, ਲੈਂਦਾ ਤੁਹਾਡੇ ਕੋਲੋਂ ਈ ਆਂ, ਪਰ ਮੰਗ ਕੇ ਕਦੇ ਨਹੀਂ ਲਿਆ। ਜਿਹੜਾ ਆਈ ਜਾਂਦਾ ਉਹ ਖ਼ਰਚੀ ਜਾਨਾ।

ਮੇਰੀ ਜ਼ਿੰਦਗੀ 'ਚ, ਮੇਰੇ ਪਰਿਵਾਰ ਵਿੱਚ ਇੱਕ ਨਵੇਂ ਪੰਜ ਪੈਸੇ ਲੱਗੇ ਸੰਗਤ ਦੇ ਪੈਸਿਆਂ 'ਚੋਂ ਕੋਈ ਸਿੱਧ ਕਰ ਦੇਵੇ, ਮੂੰਹ ਕਾਲਾ ਕਰਾ ਕੇ, ਛਿੱਤਰਾਂ ਦਾ ਹਾਰ ਪਾ ਕੇ, ਮੁਆਫ਼ੀ ਮੰਗੂ ਕੌਮ ਤੋਂ। ਇਥੇ ਕੀ ਆ ? ਤੁਹਾਨੂੰ ਮੀਤ ਪ੍ਰਧਾਨਾਂ ਦੀਆਂ, ਸ਼੍ਰੋਮਣੀ ਕਮੇਟੀ ਦੇ ਮੀਤ ਪ੍ਰਧਾਨਾਂ ਦੀਆਂ, ਫੋਟੋ ਵਿਖਾਉਨਾ, ਤਨਖ਼ਾਹ ਦਰਬਾਰ ਸਾਹਿਬ ਮੁਕਤਸਰ ਤੋਂ ਮਿਲਦੀ ਆ ਤੇ ਪੱਠੇ ਜਾ ਕੇ, ਛਟਾਲਾ ਵੱਢਦੇ ਸੀਬੀਏ ਦਾ। ਤਨਖ਼ਾਹ ਦਰਬਾਰ ਸਾਹਿਬ 'ਚੋਂ ਮਿਲਦੀ ਆ ਤੇ ਪਲਸਤਰ ਕਰਦੇ ਜਾ ਕੇ ਕੋਠੀ ਦਾ। ਮੈਂ ਨਹੀਂ ਕਹਿੰਦਾ, ਤੁਹਾਨੂੰ ਫੋਟੋ ਕਹਿਣਗੀਆਂ।

ਆਹ ਜਿਸ ਪਿੰਡ 'ਚ ਮੈਂ ਜੰਮਿਆਂ ਪਲਿਆਂ, ਉਥੋਂ ਦੇ ਸਿੰਘਾਂ 'ਚੋਂ ਕੁਝ ਆਏ ਵੀ ਆ, ਜਿਹੜੇ ਜੰਮਪਲ ਤੋਂ ਜਾਣਦੇ ਆ। ਉਹਨਾਂ ਨੂੰ ਪੁੱਛ ਲਉ ਜਾਂ ਜਾ ਕੇ ਘਰ ਵੇਖ ਆਇਉ ਪਿੰਡ। ਅਮਰੀਕਾ ਦੇ ਆਏ ਸੀਗੇ ਪ੍ਰੈੱਸ ਵਾਲੇ ਤੇ ਘਰ ਵੇਖ ਕੇ ਇਥੇ ਆ ਕੇ ਰੋਂਦੇ ਸੀ। ਮੈਂ ਕਿਹਾ ਗੱਲ ਕੀ ਆ ? ਕਹਿੰਦੇ ਪ੍ਰਭੂਤਾ ਤੇਰੀ ਇੰਨੀ, ਸੰਗਤ ਤੇਰੇ ਨਾਲ ਹੈਗੀ, ਪੈਸਾ ਇੰਨਾ ਆਉਂਦਾ, ਘਰ ਦੀ ਹਾਲਤ ਇੰਨੀ ਖ਼ਸਤਾ ਕਿਉਂ ਆਂ ? ਚਾਰ ਦੁਆਰੀ ਕਿਤੇ ਨਹੀਂ, ਕਿੱਕਰ ਦੀ ਲੁੰਗ ਪੈਂਦੀ ਰੋਟੀ ਖਾਂਦਿਆਂ 'ਤੇ ਤੇ ਉਹਨਾਂ ਨੇ ਪੁੱਛਿਆ ਕੀ ਕਾਰਨ ਆਂ ? ਮੈਂ ਕਿਹਾ ਇਹ ਈ ਕਾਰਨ ਆਂ, ਤਾਂ ਹੀ ਇੰਨੀ ਸੰਗਤ ਨਾਲ ਆ। ਕਹਿੰਦੇ ਕਿਉਂ ? ਮੈਂ

ਕਿਹਾ ਜ਼ੁਲਮ ਰਾਜ ਦੀਆਂ ਜਦੋਂ ਵੀ ਜੜ੍ਹਾਂ ਪੁੱਟੀਆਂ, ਕੁੱਲੀ ਵਾਲੇ ਨੇ ਪੁੱਟੀਆਂ, ਕੋਠੀ ਵਾਲੇ ਨੇ ਕਦੇ ਜ਼ੁਲਮ ਰਾਜ ਦੀ ਜੜ੍ਹ ਨਹੀਂ ਪੁੱਟੀ ਅੱਜ ਤੱਕ। ਜੇ ਪੁੱਟੀ ਆ ਤੇ ਦੱਸੋ ਉੱਠ ਕੇ। ਕੋਠੀ ਵਾਲੇ ਨੂੰ ਕੋਠੀ ਦਾ ਫਿਕਰ ਹੋਣਾ, ਫਰਿਜ਼ ਦਾ ਫਿਕਰ ਹੋਣਾ, ਗਵਾਚ ਨਾ ਜਾਵੇ ਤੇ ਕੁੱਲੀ ਵਾਲੇ ਦਾ ਕੀ ਆ, ਚੁੱਕਿਆ ਕਛਹਿਰਾ ਦੂਜੇ ਘਰੇ ਹੋ ਜਾਊਗਾ।

ਚਾਹੇ ਕੁੱਲੀ 'ਚ ਰਹਿੰਦਾ ਪਲਿਆਂ, ਚਾਹੇ ਕੱਖਾਂ 'ਚ ਪਲਿਆਂ, ਚਾਹੇ ਕੋਠੀਆਂ ਵਿੱਚ ਪਲਿਆਂ, ਮੈਨੂੰ ਮੇਰੀ ਜ਼ਿੰਦਗੀ 'ਚ ਗੌਰਮੈਂਟ ਅੱਗੇ ਨਿਉਂਦਾ ਵਿਖਾ ਦਿਉ ਕਿਤੇ। ਉਹਦੀ ਜਿੰਨੀ ਸਜ਼ਾ ਦੇਣੀ ਗੁਰੂ ਦੀ ਸੰਗਤ ਨੇ ਦੇ ਲਿਉ। ਸਿਰ ਤਾਂ ਕੱਟਿਆ ਜਾਏਗਾ, ਪਰ ਗੌਰਮੈਂਟ ਅੱਗੇ ਨਿਉਂਦਾ ਨਹੀਂ। ਸੰਗਤ ਅੱਗੇ ਤਾਂ ਹਮੇਸ਼ਾਂ ਹੀ ਨਿਉਇਆਂ। ਸੰਗਤ ਅੱਗੇ ਆਕੜਦਾ ਨਹੀਂ ਤੇ ਗੌਰਮੈਂਟ ਅੱਗੇ ਨਿਉਂਦਾ ਨਹੀਂ। ਜੇ ਤੇ ਨਿਉਂ ਕੇ ਕੋਈ ਚੀਜ਼ ਮੰਗਾਂ (ਤਾਂ) ਗੱਲ ਕਰਿਉ।

ਅਨੰਦਪੁਰ ਦਾ ਮਤਾ ਲੈਣਾ, ਪੂਰਾ ਲੈਣਾ ਤੇ ਇੱਕ ਘੜੀ ਪਰਖ ਦੀ ਆਉਣੀ ਆਂ ਆਪਣੇ ਸਾਰਿਆਂ 'ਤੇ ਤੁਹਾਡੇ 'ਤੇ ਵੀ ਆਉਣੀ ਆਂ ਮੇਰੇ 'ਤੇ ਵੀ ਆਉਣੀ ਆਂ। ਜਿੱਦੋਂ ਫੈਸਲਾ ਹੋਣ ਲੱਗਾ, ਜਿਹੜੀਆਂ ਅਨੰਦਪੁਰ ਸਾਹਿਬ ਦੇ ਮਤੇ 'ਚ ਗੱਲਾਂ ਲਿਖੀਆਂ ਜੇ ਤਾਂ ਉਹ ਪੂਰੀਆਂ ਮਨਜ਼ੂਰ ਹੋ ਗਈਆਂ ਤੇ ਮੈਨੂੰ ਯਕੀਨ ਹੋ ਗਿਆ ਤੇ ਤੁਹਾਨੂੰ ਕਹਿ ਦਿਉਂਗਾ ਸਿੰਘੋ ਠੀਕ ਆ ਤੇ ਜੇ ਉਹਦੇ 'ਚ ਮਿਲਾਵਟ ਤੇ ਸਭ ਕੁਝ ਕਰਨ ਲੱਗੇ, ਉਦੋਂ ਇੱਕ ਜ਼ਿੰਮੇਵਾਰੀ ਮੇਰੀ ਆ, ਉਹ ਕੀ ਆ ? ਤੁਹਾਨੂੰ ਸੱਚ ਦੱਸਣਾ। ਰਤੀ ਮਾਤਰ ਭੈ ਕਿਸੇ ਲੀਡਰ ਦਾ ਮੰਨਦਾ ਨਹੀਂ ਤੇ ਨਾ ਆਪਣੇ ਵੱਲੋਂ ਦੇਨਾ, ਸੱਚ ਕਹਿਣ ਤੋਂ ਝਕੂੰਗਾ ਨਹੀਂ ਤੇ ਜੇ ਮਿਲਾਵਟ ਹੋਈ, ਚੀਜ਼ਾਂ ਛੱਡੀਆਂ ਹੋਈਆਂ ਤੇ ਤੁਹਾਡੇ ਸਾਹਮਣੇ ਕਾਪੀ ਕਰਕੇ ਦੱਸ ਦਊਂ, ਸਿੰਘੋਂ ਆਹ ਚੀਜ਼ਾਂ ਛੱਡ ਦਿੱਤੀਆਂ, ਹੁਣ ਤੁਸੀਂ ਦੱਸੋ ਗੁਰੂ ਕੀ ਕੌਮ ਨੇ ਕੀ ਕਰਨਾ ? ਉਦੋਂ ਤੁਹਾਡੀ ਜ਼ਿੰਮੇਵਾਰੀ ਹੋਣੀ ਆਂ, ਜੇ ਤਾਂ ਲਕੀਰ ਦੇ ਫ਼ਕੀਰ ਬਣ ਕੇ, ਮਗਰ ਜੈਕਾਰੇ ਛੱਡ ਕੇ, ਫਿਰ ਛਿੱਤਰ ਖਾਣੇ ਹੋਏ, ਫਿਰ ਤਾਂ ਜੈਕਾਰੇ ਛੱਡ ਲਿਉ ਤੇ ਜੇ ਸੱਚ 'ਤੇ ਤੁਰਨਾ, ਫਿਰ ਕਹਿ ਦਿਉ, ਅਸੀਂ ਤਾਂ ਪੂਰਾ ਲੈਣਾ, ਆਪੇ ਗੱਲ ਬਣ ਜਾਊ।

ਪਹਿਲਾਂ ਤੁਸੀਂ ਦੱਸੋ, ਵਿੱਚ ਜਥੇਦਾਰ ਵੀ ਬੈਠੇ ਕੁਝ। ਜਦੋਂ ਦਾ ਇਹ ਮੋਰਚਾ ਲੱਗਾ, ਕਦੇ ਗੰਗਾ ਨਗਰ ਦਾ ਅਖ਼ਬਾਰਾਂ ਵਿੱਚ ਨਾਂਅ ਪੜ੍ਹਿਆ ? ਕਿਉਂ ਭਈ ਕਿਸੇ ਲੀਡਰ ਦਾ ਬਿਆਨ ਪੜ੍ਹਿਆ, ਗੰਗਾ ਨਗਰ ਦੀਆਂ ੬ ਤਹਿਸੀਲਾਂ ਅਸੀਂ ਲੈ ਕੇ ਰਹਾਂਗੇ ? ਦੱਸੋ ਜੇ ਪੜ੍ਹਿਆ ਤੇ ? ਕਦੇ ਛੇਵੇਂ ਪਹਿਰੇ ਦੀ ਗੱਲ ਤੁਹਾਡੇ ਕੋਲੇ ਕੀਤੀ ਕਿਸੇ ਨੇ ? ਛੇਵੇਂ ਪਹਿਰੇ 'ਚ ਅਨੰਦਪੁਰ ਦੇ ਮਤੇ ਦੀ ਕਾਪੀ 'ਚ ਲਿਖਿਆ .੧੨ ਬੋਰ ਤੋਂ ਲੈ ਕੇ ਕਾਰਬਾਈਨ ਤੱਕ, ਕਿਸੇ ਚੀਜ਼ ਦਾ ਕੋਈ ਲਾਇਸੈਂਸ ਬਣਾਉਣ ਦੀ ਲੋੜ ਨਹੀਂ। ਤੁਹਾਨੂੰ ਦੱਸਿਆ ਕਦੇ ਕਿਸੇ ਲੀਡਰ ਨੇ ਤੇ ਦੱਸੋ ਉੱਠ ਕੇ, ਲਿਆਉ (ਐਸੇ ਬਿਆਨ ਦੀ ਕਾਪੀ) ਤੇ ਫਿਰ ਝੂਠ ਨਹੀਂ ਬੋਲਦੇ ਅਸੀਂ ? ਮੈਂ ਤਾਂ ਨਿੱਤ ਕਹਿਨਾਂ ਤੋਪ, ਬੰਬ, ਗਰਨੇਡ, ਸਟੇਨ, ਬਰੇਨ ਜੋ ਰੱਖ ਸਕਦੇ ਰੱਖੋ, ਪਰ ਕਦੇ (ਕਿਸੇ) ਲੀਡਰ ਨੇ ਤੁਹਾਡੇ ਨੇ ਕਿਹਾ ਕਿ ਰੱਖਿਆ ਕਰੋ। ਜਦੋਂ ਅਨੰਦਪੁਰ ਦੇ ਮਤੇ 'ਚ ਲਿਖਿਆ, ਕਿਉਂ ਨਹੀਂ ਕਹਿੰਦੇ ਤੁਹਾਨੂੰ ? ਕਿਉਂ ਭਈ ਬੋਲਦੇ ਨਹੀਂ ? ਇਹ ਮੈਂ ਨਹੀਂ ਕਹਿਣਾ ਭਈ ਕਿੱਥੋਂ ? ਮੈਂ ਪੁੱਛਦਾਂ ਭਈ ਸੱਚ ਕਿਉਂ ਨਹੀਂ ਕਹਿੰਦੇ ? ਆਪ ਦਾ (ਇਹਨਾਂ ਨੇ ਖੁਦ ਆਪ) ਅਨੰਦਪੁਰ ਦਾ ਮਤਾ ਬਣਾਇਆ। ਉਹਦੇ 'ਤੇ ਦਸਤਖ਼ਤ ਪਤਾ ਕਿਹਦੇ ਕਿਹਦੇ ਆ, ਟੌਹੜੇ ਦੇ ਆ, ਬਰਨਾਲੇ ਦੇ ਆ, ਜਸਵਿੰਦਰ ਸਿੰਘ ਬਰਾੜ ਦੇ ਆ, ਅਮਰ ਸਿੰਘ ਅੰਬਾਲੀਏ ਐਡਵੋਕੇਟ ਦੇ ਆ। ਇੱਕ ਭਾਗ ਸਿੰਘ ਐਮ.ਐਲ.ਏ. ਆ, ਰਾੜੇ ਵਾਲਾ, ਗੁਰਮੀਤ

ਸਿੰਹੁ ਆਂ, ਬਲਵੰਤ ਸਿੰਹੁ ਆਂ, ਇਹਨਾਂ ਸਾਰਿਆਂ ਦੇ ਦਸਤਖ਼ਤ ਆ ਉਹਦੇ ਤੇ। ਇਹਨਾਂ ਸਾਰਿਆਂ ਨੇ ਮਤਾ ਪਾਸ ਕੀਤਾ। ਇੱਕ ਉਹ ਆਪਣਾ ਆਈ.ਸੀ.ਐਸ. ਉਹਦਾ ਨਾਂਅ ਸਿਰਦਾਰ ਕਪੂਰ ਸਿੰਘ ਤੇ ਇਹਨਾਂ ਮਤਾ ਬਣਾਇਆ।

ਇੱਕ ਅਨੰਦਪੁਰ ਦੇ ਮਤੇ ਦੀ ਕਾਪੀ ਰੱਖਿਆ ਕਰੋ, ਇੱਕ ਕਾਰਬਾਈਨ ਰੱਖਿਆ ਕਰੋ, ੩੦ ਕੁ (ਗੋਲੀਆਂ) ਪੈ ਜਾਂਦੀਆਂ ਉਹਦੇ 'ਚ। ਜੇ ਕੋਈ ਪੁਲਸ ਵਾਲਾ ਆਖੇ ਲਾਇਸੈਂਸ ? ਕਹੋ ਜੀ ਆਹ ਅਨੰਦਪੁਰ ਦਾ ਮਤਾ ਤੇ ਜੇ ਆਖੇ ਮੈਂ ਤੇ ਜਾਣਦਾ ਨਹੀਂ, ਕਿਹੜਾ ਅਨੰਦਪੁਰ ਦਾ ਮਤਾ ? ਵੱਖੀ ਵਿੱਚ ਦੀ ੩ ਕੱਢ ਦਿੱਤੀਆਂ, ਕਿਹਾ ਇਥੇ ਪਿਆ ਰਹੋ, ਅਨੰਦਪੁਰ ਦਾ ਮਤਾ ਫਿਰ ਮਨਵਾ ਲਾਂ ਗੇ।

ਕਈ ਨੌਜੁਆਨ ਪੁੱਛਦੇ ਵੀ ਆ, ਸੰਤ ਜੀ ਹਥਿਆਰ ਕਿੱਥੋਂ ਲਈਏ, ਫੈਕਟਰੀ ਕਿੱਥੇ ਲੱਗੀ ਆ ? ਆਹ ਜਿੱਥੇ ੪-੪, ੫-੫ ਸੀ.ਆਰ.ਪੀ. ਵਾਲੇ ਖੜ੍ਹੇ ਆ, ਸਭ ਫੈਕਟਰੀਆਂ ਈ ਆਂ। ਇਹ ਖੋਹ ਲਿਆ ਕਰੋ, ਇਹਨਾਂ ਕੋਲੋਂ (ਸੰਗਤ ਹੱਸਦੀ ਹੈ) ਕੁੱਟ ਖਾ ਕੇ ਇਥੇ ਮੇਰੇ ਕੋਲ ਆ ਜਾਂਦੇ..... ਕਿੰਨੀ ਵਾਰ ਕਿਹਾ ਕੁੱਟ ਕੇ ਆਇਆ ਕਰੋ ਜੇ ਆਉਣਾ ਹੁੰਦਾ। ਕੁੱਟ ਖਾ ਕੇ ਆਣ ਕੇ ਹੋਲੀ ਜਿਹੀ ਕਹਿੰਦੇ, ਸੰਤ ਜੀ, ਸਾਨੂੰ ਕੁੱਟਿਆ ਤੇ ਜੇ ਪੁਛੀਏ, ਸੀ ਕਿੰਨੇ ਜਾਣੇ ? ਜੀ ਉਹ ਤਾਂ ੨ ਹੀ ਸੀ, ਅਸੀਂ ੫-੬ ਸੀ। ਸ਼ਰਮ ਨਹੀਂ ਆਉਂਦੀ, ਪਿਤਾ ਆਪਣਾ ਕਹੇ,

ਸਵਾ ਲਾਖ ਸੇ ਏਕ ਲੜਾਊਂ,
ਚਿੜੀਓਂ ਸੇ ਮੈਂ ਬਾਜ ਤੁੜਾਊਂ,
ਤਬੈ ਗੋਬਿੰਦ ਸਿੰਘ ਨਾਮ ਕਹਾਊਂ॥

ਬਾਪੂ ਕਹੇ ਸਵਾ ਲੱਖ ਨਾਲ ਇੱਕ ਨੂੰ ਲੜਾਊਂਗਾ ਤੇ ਤੁਸੀਂ ਉਥੇ ੫-੫, ੬-੬ ਜਾਣੇ ੨ ਸੀ.ਆਰ.ਪੀ. ਵਾਲਿਆਂ ਕੋਲੋਂ ਕੁੱਟ ਖਾ ਕੇ ਆ ਜਾਂਦੇ ਤੇ ਫਿਰ ਸ਼ਰਮ ਲੱਥੀ (ਹੀ) ਆ ਨਾ ਆਪਣੀ।

ਇਥੇ, ਆਹ ਥੋੜ੍ਹੇ ਦਿਨ ਹੋਏ ਆ, ੧੫ ਸੌ ਸਿੱਖ ਤੇ ੨੫ ਸੀ.ਆਰ.ਪੀ. ਦੇ ਤੇ ੨ ਘੰਟੇ ਬੀਬੀਆਂ ਤੇ ਸਿੰਘ ਖਲ੍ਹਾਰ ਛੱਡੇ ਧੁੱਪੇ, ਸੜਕ 'ਤੇ ਤੇ ਬੀਬੀਆਂ ਦੇ ਬੱਟ ਮਾਰੇ ਸੀ.ਆਰ.ਪੀ. ਵਾਲਿਆਂ ਨੇ। ਇਥੇ ਮੇਰੇ ਕੋਲੇ ਆਏ, ਮੈਂ ਕਿਹਾ ਸਲਵਾਰਾਂ ਪਾ ਲਉ ਜਾ ਕੇ। ਮਸਾਂ ਤੁਹਾਡਾ ਕੰਮ ਸੂਤ ਆਇਆ ਸੀ, ੨੫ ਬੰਦੇ ਸੀ.ਆਰ.ਪੀ. ਦੇ, ਐਸ.ਐਲ.ਆਰਾਂ. ਉਹਨਾਂ ਕੋਲ ਸੀ, ਉਹ ਖੋਹ ਲੈਂਦੇ, ਨਾਲੇ ਹਥਿਆਰ ਬਣਦੇ ਤੇ ਨਾਲੇ ਉਹਨਾਂ ਨੂੰ ਪਤਾ ਲੱਗਦਾ ਕਿ ਸਿੰਘਾਂ ਨੂੰ ਨਹੀਂ ਘੇਰੀਦਾ ਤੇ ਕੁੱਟ ਖਾ ਕੇ ਮੇਰੇ ਕੋਲੇ ਕੀ ਲੈਣ ਆਉਂਦੇ ਹੁੰਨੇ ਆਂ ? ਹਾਂ ਠੀਕ ਆ, ਇਕੱਲਾ ਸਿੰਘ ਕਿਤੇ ਘੇਰੇ ਆ ਗਿਆ, ੨ ਸਿੰਘ ਘੇਰੇ ਗਏ, ਇਹ ਤਾਂ ਬੇਬੱਸੀ ਵਾਲੀ ਗੱਲ ਆ, ਸ਼ੇਰ ਵੀ ਫੜੇ ਜਾਂਦੇ ਆ।

ਪਠਾਨਕੋਟ ਤੋਂ ਲੈ ਕੇ ਰਾਜਿਸਥਾਨ ਤੱਕ ਸਿੱਖਾਂ ਦੇ ਘਰਾਂ ਦੀ ਤਲਾਸ਼ੀ ਦੀ ਸਕੀਮ

ਅੱਜ ਤਰੀਕ ਕਿੰਨੀ ੨੪ ਭਾਈ ਜਾਂ ੨੫ ? ਅੱਜ ੨੪ ਤਰੀਕ ਆ, ਕੱਲ ਤੋਂ ਪਠਾਨਕੋਟ ਤੋਂ ਲੈ ਕੇ ਤੇ ਰਾਜਿਸਥਾਨ ਤੱਕ, ਸਾਰਾ ਬਾਰਡਰ ਇਹਨਾਂ ਨੇ ਸੀਲ ਕਰਨਾ, ਹਿੰਦੁਸਤਾਨ ਵਾਲਿਆਂ ਨੇ ਤੇ ਬੀ.ਐਸ.ਐਫ. ਨੇ ਦੇ ਦਿੱਤਾ ਜਵਾਬ ਬਾਰਡਰ ਤੋਂ। ਉਥੇ ਲਾ ਰਹੇ ਆ ਫ਼ੌਜ ਨੂੰ ਤੇ ਬੀ.ਐਸ.ਐਫ. ਦੀ ਡਿਊਟੀ ਲਾ ਦਿੱਤੀ ਆ ਕਿ ਪਠਾਨਕੋਟ ਤੋਂ ਲੈ ਕੇ ਰਾਜਿਸਥਾਨ ਤੱਕ ਜਿੰਨੇ ਪਿੰਡ ਆ, ਸਾਰੇ

ਪਿੰਡਾਂ ਦੀ ਤਲਾਸ਼ੀ ਲਉ। ਕਿਉਂਕਿ ਸਿੱਖ ਬਹੁਤੇ ਇਥੇ ਈ ਆ ਤੇ ਮੈਂ ਬੇਨਤੀ ਕਰੂੰਗਾ ਕਿ ਜਿੰਨੇ ਵੀ ਇਥੇ ਆਏ ਆ, ਸੁਨੇਹਾ ਦੇ ਦਿਉ ਮੇਰਾ ਜਿੱਥੇ ਜਿੱਥੇ ਬੈਠੇ ਆਂ। ਪਠਾਨਕੋਟ ਤੋਂ ਲੈ ਕੇ ਰਾਜਿਸਥਾਨ ਤੱਕ ਜਿੰਨੇ ਸਿੱਖਾਂ ਦੇ ਪਿੰਡ ਆ, ਇਹ ਸਾਰਿਆਂ ਨੂੰ ਮੇਰੀ ਅਪੀਲ ਆ ਤੇ ਬੇਨਤੀ ਆ, ਕਿ ੪-੪, ੫-੫ ਪਿੰਡ ਲਾਗਵੇਂ ਵਾਲੇ ਵੀ ਇਕੱਠੇ ਹੋ ਜਾਉ ਤੇ ਜਿਹੜੇ ਪਿੰਡ 'ਚ ਇਹ ਆਉਣ, ਉਥੇ ਖੋਹ ਲਿਆ ਕਰੋ ਸਾਰਿਆਂ ਤੋਂ। ਕਿੰਨੀ ਕੁ ਸੰਗਤ ਨੂੰ ਮਾਰ ਦੇਣਗੇ। ਜੇ ਸੰਗਤ ਪਿੰਡਾਂ ਦੀ ਸਾਰੀ ਉੱਠ ਖਲੋਊ ਬੀ.ਐਸ.ਐਫ. ਦੀ ਜੁਰਅਤ ਨਹੀਂ ਤੁਹਾਨੂੰ ਮਾਰ ਸਕੇ ਤੇ ਜੇ ਤਰੀਕਾ ਮਾਫਕ ਨਾ ਆਇਆ ਤੇ ਫਿਰ ਜਿਹਨਾਂ ਕੋਲੋ ਜਿਹੜੀ ਚੀਜ਼ ਵੀ ਹੋਈ ਸੋਨਾ, ਚਾਂਦੀ, ਪੈਸੇ, ਦਾਣੇ ਉਹ ਇਹਨਾਂ ਨੇ ਖੋਹ ਲੈਣੇ ਸਾਰੇ ਤੇ ਜੇ ਛਿੱਤਰ ਭੁੱਖੇ ਰਹਿ ਕੇ ਖਾਣੇ ਤਾਂ ਵੇਖ ਲਿਉ। ਪਰਸੋਂ ਮੇਰੇ ਕੋਲ ਆਏ ਸੀ ਮੁਕਤਸਰ ਤੋਂ ਪ੍ਰੇਮੀ ਇੱਕ। ੨ ਸਿੱਖਾਂ ਦੇ, ਸੀ.ਆਰ.ਪੀ. ਵਾਲੇ ਦਾਣੇ ਲੈ ਗਏ ਚੁੱਕ ਕੇ ਘਰੋਂ। ਹਿੰਦੂ ਨੂੰ ਕਹਿੰਦੇ ਕੁਝ ਨਹੀਂ, ਸਿੱਖ ਨੂੰ ਛੱਡਦੇ ਨਹੀਂ ਤੇ ਜੇ ਪੰਜਾਬ ਵਿੱਚ ਵੀ ਕੁੱਟ ਖਾਣੀ (ਆਂ) ਤੇ ਬਾਹਰਲੇ ਸਿੱਖਾਂ ਦੀ ਕੀ ਹਾਲਤ ਹੋਊ ? ਤੇ ਮੇਰੀ ਤਾਂ ਅਪੀਲ ਵੀ ਆ, ਸੁਨੇਹਾ ਵੀ ਆ, ਇਹਨੂੰ ਜਿਹੜਾ ਰੂਪ ਦੇਣਾ ਦੇ ਲਿਉ। ੨੬ ਨੂੰ ਮੈਨੂੰ ਪਤਾ ਲੱਗਾ, ੨੫ ਦੀ ਰਾਤ ਨੂੰ ਤੇ ੨੬ ਦਾ ਦਿਨ, ਇਹ ਦੋ ਦਿਨ ਇਹਨਾਂ ਨੇ ਤਲਾਸ਼ੀ ਲੈਣੀ ਆਂ ਪਿੰਡਾਂ ਦੀ। ਜਿਹੜੀ ਮੇਰੇ ਕੋਲ ਰਿਪੋਰਟ ਆ, ਉਹਦੇ ਮੁਤਾਬਕ ਮੈਂ ਕਹਿ ਰਿਹਾ ਤੇ ਜੇ ਇਹੋ ਜਿਹਾ ਕੰਮ ਕਰਨ 'ਤੇ ਫਿਰ ਨੌਜੁਆਨੋਂ ਇਹੋ ਜਿਹੀ ਕਾਇਰਤਾ ਦੀ ਜ਼ਿੰਦਗੀ ਨਾਲੋਂ ਫਿਰ ਮੌਤ ਚੰਗੀ ਆ। ਮਰ ਜਾਣਾ ਚੰਗਾ ਇਦੋਂ। ਸੁੱਕੇ ਨਹੀਂ ਜਾਣੇ ਚਾਹੀਦੇ ਇਹ ਪਿੰਡਾਂ 'ਚੋਂ।

ਅਕਾਲੀ ਦਲ ਵੱਲੋਂ ਨਾ-ਮਿਲਵਰਤਣ ਪ੍ਰੋਗਰਾਮ ਦਾ ਐਲਾਨ

ਆਹ ਜਿਹਨਾਂ ਅੱਜ ਅਖ਼ਬਾਰ ਪੜ੍ਹਿਆ। ਇੱਕ ਖ਼ਬਰ ਇਹਦੇ ਵਿੱਚ ਆਈ ਆ, ਮੈਨੂੰ ਕਈ ਸਿੰਘ ਕਹਿੰਦੇ ਵਧਾਈ ਦੇ ਦੇਹ। ਮੈਂ ਆਖਿਆ ਅੱਜ ਦੀ ਦਿਹਾੜੀ ਵੇਖ ਕੇ ਸਵੇਰੇ ਦਿਉਂਗਾ। ਜੇ ਤਾਂ ਸਵੇਰ ਤੱਕ ਤਰਦੀਦ ਨਾ ਹੋਈ ਇਸ ਬਿਆਨ ਦੀ, ਫਿਰ ਤਾਂ ਅੱਜ ਵਾਲਾ ਬਿਆਨ ਕੁਝ ਸ਼ਲਾਘਾਯੋਗ ਹੈਗਾ ਤੇ ਜੇ ਤਰਦੀਦ ਹੋ ਗਈ ਤੇ ਫਿਰ ਅਜੇ ਮੈਂ ਕੁਝ ਕਹਿੰਦਾ ਨਹੀਂ। ਅੱਜ ਆਇਆ, ਨਾ-ਮਿਲਵਰਤਣ ਕਰਨੀ ਆਂ, ਜੇ ਇਹ ਸਟੈਂਡ 'ਤੇ ਰਹਿਣ ਤਾਂ ਹੈ ਤੇ ਚੰਗਾ। ਕਿਉਂਕਿ ਭਾਵੇਂ ਕੋਈ ਦੁਸ਼ਮਣ ਵੀ ਆ, ਜੇ ਗੱਲ ਕੋਈ ਚੰਗੀ ਕਰਦਾ ਤਾਂ ਉਹਨੂੰ ਚੰਗਾ ਹੀ ਕਹਿ ਦੇਣਾ ਚੰਗਾ ਹੁੰਦਾ। (ਇੱਕ ਸਿੰਘ ਕੁਝ ਦੱਸਣ ਲੱਗਦਾ) ਆਹ ਦੱਸ ਭਈ ਗੁਰਮੁਖਾ, ਦੱਸ ਦੇਹ।

ਸਿੰਘ - ਪਠਾਨਕੋਟ ਦੇ ਰਹਿਣ ਵਾਲਾ.....।
ਸੰਤ - ਹਾਂ ਜੀ, ਹਾਂ ਜੀ।
ਸਿੰਘ - ਬਾਰਡਰ ਸਾਰਾ ਸੀਲ ਕਰਨਾ ?
ਸੰਤ - ਹਾਂ ਜੀ.....।
ਸਿੰਘ - ਤਲਾਸ਼ੀ ਹੋਣੀ ਆਂ ?
ਸੰਤ - ਹਾਂ ਜੀ.....।
ਸਿੰਘ - ਮੈਂ ਉਥੇ ਦਾ ਰਹਿਣਾ ਵਾਲਾ।
ਸੰਤ - ਹਾਂ ਜੀ

ਸਿੰਘ – ਮੈਂ ਫ਼ੌਜੀ ਆਂ, ਮੈਂ ਦਰਸ਼ਨ ਕਰਨ ਆਇਆਂ।

ਸੰਤ – ਜੀ ਆਇਆ ਨੂੰ।

ਸਿੰਘ – ਪਠਾਨਕੋਟ ਤੋਂ ਲੈ ਕੇ ਮੁਕੇਰੀਆਂ ਤੱਕ.....?

ਸੰਤ – ਹਾਂ ਜੀ.....

ਸਿੰਘ – ਜੇ ਤਾਂ ਮਹਾਰਾਜ ਨੇ ਕਿਰਪਾ ਕੀਤੀ ਤਾਂ ਮੈਂ ਠੱਕਾ ਬੋਲ ਦਿਆਂਗਾ, ਜੋ ਸਰੇਗਾ ਬਣੇਗਾ ਕਰਾਂਗਾ।

ਸੰਤ – ਠੀਕ ਆ, ਜੇ ਸਾਰੇ ਸਿੰਘਾਂ ਦੀ ਇਹ ਸਲਾਹ ਬਣ ਗਈ ਫਿਰ ਕਰਦੇ ਵੀ ਨਹੀਂ, ਫਿਰ ਹਟ ਜਾਣਗੇ। ਜੇ ਸਿੱਖ ਜਾਗ ਪਏ ਨਾ, ਅੱਖਾਂ ਖੁੱਲ੍ਹ ਗਈਆਂ ਸਿੱਖਾਂ ਦੀਆਂ।

ਸਿੰਘ – ੩੦ ਕਿਲੋਮੀਟਰ ਦੇ ਇਲਾਕੇ 'ਚ ਸਾਡਾ ਸਿੱਖਾਂ ਦਾ ਸਿਰਫ਼ ਇੱਕੋ ਘਰ ਹੈਗਾ।

ਸੰਤ – ਉਹ ੩੦ ਕਿਲੋਮੀਟਰ ਆ ਤੇ ਕਿੰਨਾ ਲੰਮਾ ਇਹ। ਬਾਕੀ ਦਾ ਸਿੱਖ ਬੈਠਾ। ਇਹ ਭਾਰਤ ਮਾਂ ਨੂੰ ਡੋਬ ਦੇਣਗੇ ਥੋੜੇ ਘਣੇ। ਰਾਜ ਆ ਅਸਾਮ ਤੱਕ, ਲੱਖਾਂ ਏਕੜ ਬਣ ਜਾਂਦਾ।

ਸਿੰਘ – ਇੱਕ ਹੋਰ ਬੇਨਤੀ ਆ।

ਸੰਤ – ਹਾਂ, ਦੱਸੋ ?

ਸਿੰਘ – ਇੱਕ ਦਿਨ, ਮੈਂ ੬ ਕੁ ਮਹੀਨੇ ਪਹਿਲਾਂ ਤੁਹਾਡੀ ਫੋਟੋ ਦੇਖੀ ਸੀ, ਤੁਹਾਡੀ ਤੇ ਲੌਂਗੋਵਾਲ ਦੀ, ਉਹਦੇ 'ਚ ਥੱਲੇ ਲਿਖਿਆ ਸੀ ਕੌਣ ਕਹਿੰਦੇ ਅਸੀਂ ਜੁਦਾ ਹੈਗੇ ਆਂ, ਤੁਹਾਡੇ ਹੱਥ 'ਚ ਬਾਟਾ ਸੀ ਇੱਕ ਲੋਹੇ ਦਾ। ਉਹਦੇ 'ਚ ਲਿਖਿਆ ਸੀ ਕੌਣ ਕਹਿੰਦੇ ਅਸੀਂ ਸਿੱਖ, ਜੁਦਾ ਹੈਗੇ ਆਂ, ਪਰ ਹੁਣ ਜਿਹੜਾ ਵਿਤਕਰਾ, ਹੁਣ ਕਦੇ ਉਹਦੇ ਖਿਲਾਫ਼ ਬਿਆਨ, ਕਦੇ ਉਹਦੇ ਖਿਲਾਫ਼ ਬਿਆਨ, ਖਾਸ਼ ਕਰਕੇ ਤੁਹਾਡੇ ਖਿਲਾਫ਼ ਬਿਆਨ ਜ਼ਿਆਦਾ ਪੜ੍ਹੇ ਅਖ਼ਬਾਰਾਂ 'ਚ।

ਸੰਤ – ਨਹੀਂ, ਮੇਰੇ ਵੱਲੋਂ ਉਹਨਾਂ ਦੇ ਖਿਲਾਫ਼ ਵਿਖਾ ?

ਸਿੰਘ – ਨਹੀ, ਤੁਹਾਡਾ ਨਹੀਂ..... ।

ਸੰਤ – ਇਹ ਨਹੀਂ ਨਾ ਫਿਰ ਸੰਗਤ 'ਚ ਕਹੋ, ਕਦੇ ਉਹਦੇ ਖਿਲਾਫ਼ ਕਦੇ ਉਹਦੇ।

ਸਿੰਘ – ਨਹੀਂ, ਨਹੀਂ।

ਸੰਤ – ਮੇਰੇ ਵੱਲੋਂ ਜੇ ਕੋਈ ਹੈ ਤਾਂ ਦਿਖਾ।

ਸਿੰਘ – ਨਹੀਂ, ਉਹਨਾਂ ਦੇ ਹੈਗੇ, ਤੁਹਾਡੇ ਨਹੀਂ ਪੜ੍ਹੇ ਅੱਜ ਤੱਕ ਅਖ਼ਬਾਰ 'ਚ।

ਸੰਤ – ਉਹਨਾਂ ਦੇ ਫਿਰ ਉਹਨਾਂ ਨੂੰ ਪੁੱਛੋ।

ਸਿੰਘ – ਇਹ ਚੱਕਰ ਕੀ ਆ ? ਉਹਨਾਂ ਨਾਲ ਗੱਲ-ਬਾਤ ਕਰਨੀ ਸੀ ?

ਸੰਤ – ਉਹਨਾਂ ਨਾਲ ਕਰ ਲਿਉ। ਮੇਰੇ ਕੋਲ ਜੋ ਪੁੱਛਣਾ ਪੁੱਛ ?

ਸਿੰਘ – ਪੁੱਛਣਾ ਇਹੋ ਸੀ.....।

ਸੰਤ – ਨਹੀਂ ਉਹ ਕਿੰਨੇ ਲਿਖਿਆ ? ਜਰਨੈਲ ਸਿੰਘ ਨੇ, ਲੌਂਗੋਵਾਲ ਨੇ ਜਾਂ ਅਖ਼ਬਾਰ ਨੇ ਲਿਖਿਆ ?

ਸਿੰਘ – 'ਕੌਮੀ ਰਾਜਨੀਤੀ'(ਪੰਜਾਬੀ ਰਸਾਲੇ) ਨੇ।

ਸੰਤ – ਉਹਨੇ, ਬੰਦੇ ਨੇ ਲਿਖਿਆ ਨਾ, ਉਹ ਕਹਿੰਦਾ ਨਾ ਕਿ ਕੌਣ ਕਹਿੰਦੇ ਅਸੀਂ ਜੁਦਾ, ਮੈਂ ਤੇ ਨਹੀਂ ਕਿਹਾ ? ਉਹ ਕਹਿੰਦਾ, ਹੁਣ ਤੁਸੀਂ ਮੈਨੂੰ ਮਿਲ ਕੇ ਚੱਲੇ ਆਂ। ਮੈਂ ਪ੍ਰਚਾਰ ਤਾਂ ਕੀਤਾ ਅੰਮ੍ਰਿਤ ਛਕਣ ਦਾ, ਰਹਿਤ ਰੱਖਣ ਦਾ ਤੇ ਬਾਹਰ ਜਾ ਕੇ ਤੂੰ ਕਹੇਂ ਕਿ ਭਿੰਡਰਾਂਵਾਲਾ ਕਹਿੰਦਾ ਵੇਸਵਾ ਲਈ ਫਿਰਿਆ ਕਰੋ ਤੇ ਇਹਦਾ ਇਲਾਜ਼ ਕੀ ਆ ?

ਸਿੰਘ – ਨਹੀਂ, ਮੈਂ ਨਹੀਂ ਕਹਿੰਦਾ।

ਸੰਤ – ਨਹੀਂ, ਮੈਂ ਤੈਨੂੰ ਜਵਾਬ ਦਿੱਤਾ ਰਸਾਲੇ ਦਾ। ਤੁਸੀਂ ਮੈਨੂੰ ਮਿਲੇ ਆਂ ਤੇ ਮੈਂ ਕਹਿਨਾਂ ਅੰਮ੍ਰਿਤ ਛਕ ਕੇ ਰਹਿਤ ਰੱਖੋ, ਸ਼ਸਤਰਧਾਰੀ ਹੋ ਕੇ ਹੱਕ ਲਉ ਤੇ ਤੁਸੀਂ ਬਾਹਰ ਜਾ ਕੇ ਲਿਖ ਦਿਉ, ਭਿੰਡਰਾਂਵਾਲਾ ਕਹਿੰਦਾ ਵੇਸਵਾ ਰੱਖਿਆ ਕਰੋ, ਇਹਦਾ ਇਲਾਜ਼ ਕੀ ਆ ? ਉਹ ਮਨੁੱਖ....., ਉਹਨਾਂ ਨੇ ਲਿਖਿਆ ਕਿ ਮੈਂ ਲਿਖਿਆ ਤੇ ਜੇ ਉਹਦੇ 'ਚ ਲਿਖਿਆ ਕਿ ਕੌਣ ਕਹਿੰਦਾ ਜੁਦਾ, ਉਹਦੇ 'ਚ ਇਹ ਹੀ ਲਿਖਿਆ ਨਾ। ਮੇਰੇ ਮੂੰਹੋਂ ਸੁਣਿਆ ਭਈ ਜੁਦਾ, ਮੇਰੀ ਖ਼ਬਰ ਪੜ੍ਹੀ ਆ ਤੇ ਫਿਰ ਜਿਹਨੇ ਕਿਹਾ ਅਸੀਂ ਜੁਦਾ, ਉਹਨੂੰ ਫੋਟੋ ਵਿਖਾ ਕੇ ਪੁੱਛੋ ਭਈ ਆਹ ਕੀ ਲਿਖਿਆ ?

ਸਿੰਘ – ਉਹ ਮਿਲਿਆ ਹੀ ਨਹੀਂ।

ਸੰਤ – ਜਾ ਕੇ ਮਿਲ ਲਈਂ, ਇਹ ਤੇ ਮੇਰੇ ਵੱਸ ਦਾ ਰੋਗ ਨਹੀਂ। ਫੋਟੋ ਤਾਂ ਆਹ ਵੀ। ਆਹ ਤੈਨੂੰ ਇੱਕ ਫੋਟੋ ਹੋਰ ਵਿਖਾਵਾਂ, ਉਰੇ ਆ। ਫੋਟੋ ਤਾਂ ਆਹ ਵੀ ਦਿੱਤੀਆਂ। ਇਹਨਾਂ ਨੂੰ ਕੀ ਕਰਾਂਗੇ ?

ਸਿੰਘ – ਇਹ ਤਾਂ।

ਸੰਤ – ਆਹ ਇਕੱਠੀ ਆ, ਵੱਖਰੀ ਆ। ਉਹ ਬੈਠੈ ਵੀ ਆ, ਬੈਠੇ ਵੀ ਆ, ਜਲ-ਪਾਣੀ ਛਕਿਆ। ਨਾਨਕ ਨਿਵਾਸ ਦੀ ਆ। ਮੁਕਰਦਾ ਨਹੀਂ ਮੈਂ, ਜਿੱਥੇ ਬੈਠੇ ਆਂ। ਆ ਬੋਲ ਪਾਂਧੀ। ਉਸ ਦਿਨ ਦੀ ਸ਼ਾਇਦ ਹੋ ਸਕਦਾ ਟੇਪ ਵੀ ਹੋਈ ਹੋਵੇ ਤੇ ਡਿਕਟੇਟਰ ਨੇ ਉੱਠ ਕੇ ਬਿਆਨ ਦੇ ਦਿੱਤਾ, ਮੇਰੇ ਬੈਠਿਆਂ ਈ। ਅਖੇ ਜੀ ਇੱਕ ਵਿਅਕਤੀ ਦਾ ਪ੍ਰੋਗਰਾਮ ਹੋ ਸਕਦਾ, ਸਾਡਾ ਪੰਥਕ ਪ੍ਰੋਗਰਾਮ ਤੇ ਸ਼ਾਂਤਮਈ ਆ। ਹੁਣ ਉਹ ਟੱਕਰ ਤਾਂ ਮੇਰੀ ਤੁਹਾਡੇ ਨਾਲ ਨਹੀਂ ਸੀ ? ਉਹ ਟੱਕਰ ਤਾਂ ਮੇਰੀ ਗੌਰਮੈਂਟ ਨਾਲ ਸੀ ਜਾਂ ਜਿਹੜੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਗਾਲਾਂ ਕੱਢਦੇ ਉਹਨਾਂ ਨਾਲ ਸੀ। ਤੁਹਾਡੇ ਨਾਲ ਕਿਹੜੀ ਟੱਕਰ ਸੀ ਮੇਰੀ, ਜ਼ਰਾ ਸਮਝਾਉ ਮੈਨੂੰ ?

ਮੰਜੀ ਸਾਹਿਬ ਦੀਵਾਨ ਹਾਲ ਵਿਖੇ ਬੋਲਣ 'ਤੇ ਪਾਬੰਦੀ

ਫਿਰ ਦਿਵਾਨ ਹਾਲ ਮੰਜੀ ਸਾਹਿਬ ਵਿਖੇ ਕਹਿੰਦੇ, ਇਹਨੂੰ ਬੋਲਣ ਨਹੀਂ ਦਿੱਤਾ ਜਾਵੇਗਾ। ਇਹ ਡਿਕਟੇਟਰ[111] ਦਾ ਬਿਆਨ ਆਂ ਤੇ ਮੈਂ ਇਹਨਾਂ ਦੇ ਭਾਈ ਨੂੰ ਪੁੱਛਿਆ, ਮੇਜਰ ਸਿੰਘ ਨੂੰ, ਮੈਂ ਕਿਹਾ ਭਾਈ ਇਸ ਬਿਆਨ ਦਾ ਕੋਈ ਜਵਾਬ ? ਕਹਿੰਦਾ ਜੀ, ਅਖੇ ਅਸੀਂ ਪੁੱਛਿਆ ਸੀ। ਸਾਨੂੰ ਕਹਿੰਦਾ ਅਸੀਂ ਤੇ ਰੋਕਿਆ ਨਹੀਂ, ਜਦੋਂ ਮਰਜ਼ੀ ਬੋਲ ਲਵੇ। ਇਹ ਤੁਹਾਨੂੰ ਚੋਹਾਂ ਨੂੰ ਅੰਦਰ ਵੜ ਕੇ ਕਹਿ ਦਿੱਤਾ ਤੇ ਅਖ਼ਬਾਰ ਵਿੱਚ ਕਿਉਂ ਛਪਾਇਆ ? ਤੁਹਾਨੂੰ ਚੋਹਾਂ ਨੂੰ ਕਿਹਾ, ਅਖ਼ਬਾਰ ਵਿੱਚ ਕਰੋੜਾਂ ਬੰਦਿਆਂ ਨੇ ਪੜ੍ਹਿਆ। ਇਹਦਾ ਕਾਰਨ ਕੀ ਆ, ਕੌਣ ਜਵਾਬ ਦਿਊ ?

ਭਾਨ ਸਿੰਘ ਦਾ ਝੂਠ

ਇੱਕ ਗੱਲ ਦਾ ਮੈਨੂੰ ਚੌਥੇ (ਚਾਰ ਦਿਨ ਪਹਿਲਾਂ) ਪਤਾ ਲੱਗਾ, ਅੱਜ ਤੱਕ ਮੇਰੇ ਨੋਟਿਸ ਵਿੱਚ ਨਹੀਂ ਸੀ। ਉਹ ਮੈਂ ਦੱਸ ਵੀ ਦੇਨਾਂ। ਹਰਚਰਨ ਸਿੰਘ ਦਿੱਲੀ ਵਾਲਾ ਜੇਲ੍ਹ ਵਿੱਚ ਸੀ ਬਾਦਲ ਹੁਰਾਂ ਦੇ ਨਾਲ ਉਥੇ.....ਤੇ ਭਾਨ ਸਿੰਘ[112] ਗਿਆ। ਮੈਨੂੰ ਮਿਲਿਆ ਨਹੀਂ ਪਿੱਛੋਂ ਕਦੇ, ਜੇ ਮਿਲਿਆ ਤਾਂ ਪੁੱਛਣਾ ਉਹਨੂੰ ਵੀ ਸੰਗਤ ਵਿੱਚ ਹੀ ਆ। ਭਾਨ ਸਿੰਘ ਉਥੇ ਗਿਆ, ਬੂਟਾ ਸਿੰਘ ਨੂੰ ਮਿਲਿਆ ਤੇ ਬੂਟਾ ਸਿੰਘ ਨੂੰ ਕਹਿਣ ਲੱਗਾ, ਅਖੇ ੨ ਪੀਪੇ ਘਿਉ ਦੇ ਤੇ ੨੦ ਕਿਲੋ ਬਦਾਮਾਂ ਦੀਆਂ ਗਿਰੀਆਂ ਭਿੰਡਰਾਂਵਾਲੇ ਨੂੰ ਨਿੱਤ ਦੇਨੇ ਆਂ, ਸ਼੍ਰੋਮਣੀ ਕਮੇਟੀ ਵੱਲੋਂ। ਉਹ ਜਦੋ ਬੂਟਾ[113] ਸਿੰਘ ਕੋਲੇ ਗੱਲ ਚਲੀ ਗਈ, ਉਹਦੇ ਕੋਲੋਂ ਕਿਸੇ ਬੰਦੇ ਦੇ ਰਾਹੀਂ ਦਿੱਲੀ ਜੇਲ੍ਹ ਵਿੱਚ ਗੱਲ ਚਲੇ ਗਈ, ਇਹਨਾਂ ਹਰਚਰਨ ਸਿੰਘ ਹੁਰਾਂ ਦੇ ਕੋਲੇ। ਜਦੋਂ ਇਹਨਾਂ ਕੋਲੇ ਗੱਲ ਗਈ ਤੇ ਭਾਨ ਸਿੰਘ ਗਿਆ ਮੁਲਾਕਾਤ ਕਰਨ। ਉਥੇ ਇਹਨਾਂ ਸਾਰਿਆਂ ਨੇ ਪੁੱਛਿਆ ਭਾਨ ਸਿੰਹਾਂ ਤੂੰ ਆਹ ਗੱਲ ਬੂਟਾ ਸਿੰਘ ਕੋਲੇ ਕੀਤੀ ਆ, ਕਹਿੰਦਾ ਹਾਂ ਜੀ, ਕੀਤੀ ਆ। ਹੁਣ ਇਹ ਆ ਜਰਨਲ ਸਕੱਤਰ, ਭਾਈ ਮੇਜਰ ਸਿੰਘ ਬੈਠਾ ਕੋਲ, ਪਹਿਲਾਂ ਤੁਸੀਂ ਦੱਸੋ ੨ ਪੀਪੇ ਘਿਉ ਦੇ ਤੇ ੨੦ ਕਿਲੋ ਬਦਾਮਾਂ ਦੀਆਂ ਗਿਰੀਆਂ ਮੈਂ ਖਾਂਦਾ ਹੋਵਾਂ ਤੇ ਇਹੋ ਜਿਹਾ ਹੋਵਾਂ ? ਕਿਉਂ ਭਈ ਦੱਸੋ ? ਇਹ ਕਹਿੰਦੇ ਮੈਨੂੰ ਆਂ ਕਿ ਤੂੰ ਰਲਿਆਂ ਤੇ ਸ਼੍ਰੋਮਣੀ ਕਮੇਟੀ ਦਾ ਸਕੱਤਰ ਹੋਵੇ ਤੇ ਜਾ ਕੇ ਕਾਂਗਰਸ ਦੇ ਵਜ਼ੀਰ ਨੂੰ ਕਹੇ ਕਿ ਭਿੰਡਰਾਂਵਾਲੇ ਨੂੰ ਅਸੀਂ ਆਹ ਚੀਜ਼ਾਂ ਦੇਨੇ ਆਂ, (ਫਿਰ ਦੱਸੋ) ਕੌਣ ਰਲਿਆ ? ਤੇ ਜੇ ਇਹ ਗੱਲ ਝੂਠੀ ਆ ਤੇ ਫਿਰ ਉਹਨੂੰ ਹਰਚਰਨ ਸਿੰਘ ਨੂੰ ਪੁੱਛੋ ਦਿੱਲੀ ਵਾਲੇ ਨੂੰ, ਮੈਨੂੰ ਤੇ ਉਹਨਾਂ ਦੱਸਿਆ, ਨਾਲੇ ਤੁਹਾਡਾ ਪ੍ਰਧਾਨ ਆਂ ਦਿੱਲੀ ਦਾ, ਸ਼੍ਰੋਮਣੀ ਅਕਾਲੀ ਦਲ ਦਾ ਉਹ ਤੇ ਜੇ ਮੇਰੇ ਮੂੰਹੋ ਕਦੇ ਸੁਣਿਆ ਤੇ ਕੋਈ ਬੰਦਾ ਲਿਆ ਕੇ ਮੇਰੇ ਸਾਹਮਣੇ ਭੁਗਤਾਉ ਤੇ ਮੈਂ ਸਜ਼ਾ ਭੁਗਤਦਾਂ।

ਪੰਜ ਸਿੰਘ ਸਾਹਿਬਾਨ ਨੇ ਅਪੀਲ ਕੀਤੀ ਹੋਵੇ ਤੇ ਅਪੀਲ ਦੀ ਉਲੰਘਣਾ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੀ ਸਟੇਜ 'ਤੇ ਹੋਈ ਹੋਵੇ ਤੇ ਇਹਨਾਂ ਨੂੰ ਕੋਈ ਸਜ਼ਾ ਨਹੀਂ ਤੇ ਜੇ ਮੇਰੇ ਵਰਗੇ ਕੋਲੇ ਕਿਤੇ ਅੱਖਰ....., ਅੱਬਲ ਤੇ ਨਿਕਲਿਆ ਹੀ ਨਹੀਂ ਹੁਣ ਤੱਕ, ਜੇ ਕਿਤੇ ਅਚਾਨਕ ਅੱਖਰ ਇਹੋ ਜਿਹਾ ਨਿਕਲ ਗਿਆ ਤੇ ਸਾਰੇ ਸਿਆਪਾ ਕਰਨਗੇ ਇਥੇ ਬੈਠ ਕੇ, ਭਿੰਡਰਾਂਵਾਲਾ ਆਹ ਬੋਲ ਗਿਆ ਤੇ ਮੈਂ ਸੰਗਤ ਨੂੰ ਪੁੱਛਨਾ, ਤੁਸੀਂ ਇਹਨਾਂ ਨੂੰ ਕਿਉਂ ਨਹੀਂ ਪੁੱਛਦੇ ਭਾਈ ? ਕਿਉਂ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੀ ਸਟੇਜ 'ਤੇ ਇਹ ਮੇਰੇ ਵਿਰੁੱਧ ਪ੍ਰਾਪੇਗੰਡਾ (ਸ਼ੁਰੂ) ਕੀਤਾ ਹੋਇਆ।

ਸੁੱਖਾ ਸਿੰਘ ਨੂੰ ਮਾਰਨ ਦੀ ਸਾਜ਼ਿਸ਼ ਬਣਾਉਣ ਦਾ ਦੋਸ਼

ਇਹ ਮੇਜਰ ਸਿੰਘ ਨੂੰ ਬਲਾਉਣਾ ੨ ਮਿੰਟ, ਪਿੱਛੋਂ ਬੋਲੂਗਾ। ਇਹਨੂੰ ਪੁੱਛੋ ਮੇਜਰ ਸਿੰਘ ਨੂੰ, ਸੁੱਖਾ ਸਿੰਘ ਦੇ ਸੰਬੰਧ ਵਿੱਚ ਸਟੇਜ 'ਤੇ ਟੇਪਾਂ ਬਲਾਈਆਂ ਗਈਆਂ। ਸੁੱਖਾ ਸਿੰਘ ਦੇ ਸੰਬੰਧ ਵਿੱਚ ਮੇਰੇ ਵਿਰੁੱਧ ਬੰਦੇ ਬੁਲਾਏ ਗਏ ਤੇ ਮੈਂ ਇਹਨੂੰ ਹੁਣ ਤੱਕ ਕਹਿੰਦਾ ਰਿਹਾਂ ਕਿ ਸੁੱਖਾ ਸਿੰਘ ਦੇ ਘਰ ਦੀ ਜਿਹੜੀ ਪੈਲੀ ਆ ਜਾ ਕੇ ਵਾਹੋ ਤੁਸੀਂ। ਉਹ ਘਾਹ ਹੁੰਦਾ ਜਾਂਦਾ, ਟਰੈਕਟਰ ਲੈ ਕੇ ਉਹਦੀ ਸੇਵਾ ਕਰੋ। ਮੈਂ ਇਹ ਕਹਿੰਦਾ ਰਿਹਾਂ ਤੇ ਪ੍ਰੋਗਰਾਮ ਉਥੇ ਦਿੱਤਾ ਗਿਆ ਭਿੰਡਰਾਂਵਾਲਾ ਸੁੱਖਾ ਸਿੰਘ

ਨੂੰ ਮਾਰਨ ਦੀ ਸਾਜ਼ਿਸ਼ ਬਣਾਉਂਦਾ ਫਿਰਦਾ। ਇਹਦੋਂ ਵੱਧ ਝੂਠਾ ਤੇ ਪਖੰਡੀ ਤੇ ਫਰੇਬੀ ਪ੍ਰਾਪੇਗੰਡਾ ਹੋਰ ਕੀ ਹੋ ਸਕਦਾ ? ਕੀ ਮੇਰੇ ਹੋਰ ਵਿਰੁੱਧ ਕਰਨਗੇ ?

ਇੱਕ ਸਵਾਲ ਮੇਰਾ ਤੁਹਾਡੇ 'ਤੇ ਵੀ ਆ ਤੇ ਇਹਨਾਂ 'ਤੇ ਵੀ ਆ, ਜਿਹਦੇ 'ਚ ਇਹਨਾਂ ਝੂਠ ਬੋਲਿਆ। ਮੇਰਾ ਇੱਕ ਸਵਾਲ ਆ ਖ਼ਾਲਸਾ ਜੀ ਤੁਹਾਡੇ 'ਤੇ ਪਹਿਲਾਂ ਤੁਸੀਂ ਇਹ ਦੱਸੋ ਭਈ ਅਕਾਲੀ ਦਲ ਨੂੰ ਪੁੱਛੋ ਕਿ ਸਾਡਾ ਸੋਢੀ ਮਾਰਿਆ ਕਿਉਂ ਆਂ ? ਸੋਢੀ ਕੀ ਪਾਪ ਕਰਦਾ ਸੀ ? ਕਿਹੜਾ ਉਹਨੇ ਇਥੇ ਕੁਕਰਮ ਕੀਤਾ ? ਸੋਢੀ ਨੇ ਕੋਈ ਗੋਲਕ ਭੰਨੀ, ਪ੍ਰਸ਼ਾਦ ਚੋਰੀ ਕੀਤਾ ? ਕਿਸੇ ਅਕਾਲੀ ਦਲ ਤੇ ਕਮੇਟੀ ਦੇ ਕਿਸੇ ਮੈਂਬਰ ਨੂੰ ਗਾਲ਼ ਕੱਢੀ ਆ ? ਕਿਹੜਾ ਕਮਰਾ ਜਬਰਦਸਤੀ ਖੋਹਿਆ ? ਕਿਹੜਾ ਦੋਸ਼ ਲਾ ਕੇ ਸੋਢੀ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਮਰਵਾਇਆ ?

ਗੁਰਚਰਨ ਸਿੰਹੁ ਸਕੱਤਰ ਦੀ ਸੰਤ ਜਰਨੈਲ ਸਿੰਘ ਨੂੰ ਮਰਵਾਉਣ ਦੀ ਸਾਜ਼ਿਸ਼

ਇਹਨਾਂ ਭਾਈਆਂ ਨੂੰ ਪੁੱਛਿਆ, ਮੇਰੇ ਕੋਲ ਕਹਿੰਦੇ ਤੁਹਾਡੇ ਨਾਲ ਧੱਕਾ ਹੋਇਆ, ਮਾੜੀ ਹੋਈ ਆ। ਉਥੇ ਜਾ ਕੇ ਗੁਰਚਰਨ[੧੭੫] ਨੂੰ ਬਰੀ ਕਰੀ ਜਾਂਦੇ ਆ। ਗੁਰਚਰਨ ਸਾਡਾ ਕਾਤਲ ਆ। ਮੇਰੇ ਮਾਰਨ ਵਾਸਤੇ ਤੇ ਮੇਰੇ ਨਾਲ ਦੇ ਤਿੰਨ ਸਿੰਘਾਂ ਨੂੰ ਹੋਰ ਮਾਰਨ ਵਾਸਤੇ, ੪੦ ਹਜ਼ਾਰ ਰੁਪਇਆ ਗੁਰਚਰਨ ਨੇ ਦਿੱਤਾ ਛਿੰਦੇ[੧੭੬] ਨੂੰ।

ਛਿੰਦੇ ਦੀ ਰਖੇਲ ਵੱਲੋਂ ਸੰਤ ਜਰਨੈਲ ਸਿੰਘ ਨੂੰ ਮਾਰਨ ਦੀ ਕੋਸ਼ਿਸ਼

੨੫ ਮਿੰਟ ਵਿਸਾਖੀ ਵਾਲੇ ਦਿਨ, ਉਹ ਜਨਾਨੀ ਪਸਤੌਲ ਭਰ ਕੇ ਇਹਨਾਂ ਸਿੰਘਾਂ ਵਾਲੇ ਥਾਂ 'ਤੇ ਬੈਠੀ ਰਹੀ ਆ। ਉਦੋਂ ਸਟੇਜ ਇਥੇ ਸੀ। ਉਹਨਾਂ ਸਿੰਘਾਂ ਨੇ ਪੁੱਛ ਪੜਤਾਲ ਵੇਲੇ ਪੁੱਛਿਆ ਕਿ ਤੂੰ ਫਿਰ ਜਿਹੜਾ ਪਸਤੌਲ ਭਰ ਕੇ ਬੈਠੀ, ਚਲਾਇਆ ਕਿਉਂ ਨਾ ? ਕਹਿੰਦੀ ਮੇਰੇ 'ਚ ਜ਼ੁਰਅਤ ਨਹੀਂ ਪਈ ਉੱਠ ਕੇ ਚਲਾਉਣ ਦੀ, ਭੈ ਆਉਂਦਾ ਸੀ।

੧੦੨ ਨੰਬਰ ਕਮਰਾ ਗੁਰਚਰਨ ਸਿੰਹੁ ਸਕੱਤਰ ਦੇ ਨਾਂਅ

ਇਹਨਾਂ ਦੇ ਨੋਟਿਸ ਵਿੱਚ ਮੈਂ ਇਹ ਸਾਰੀਆਂ ਗੱਲਾਂ ਲਿਆਂਦੀਆਂ। ੧੦੨ ਨੰਬਰ ਕਮਰਾ, ਮੈਨੂੰ ਨਹੀਂ ਸੀ ਪਹਿਲਾਂ ਪਤਾ ਕਿ ਰਜਿਸਟਰ ਵਿੱਚ ਵੀ ਦਰਜ ਆ। ਇਹਨਾਂ ਨੂੰ ਮੈਂ ਪਹਿਲਾ ਕਿਹਾ ਜ਼ਰੂਰ ਸੀ ਕਿ ੧੦੨ ਨੰਬਰ ਕਮਰੇ ਵਿੱਚ ਸਾਜ਼ਿਸ਼ ਘੜੀ ਗਈ ਆ। ਜਦੋਂ ਜਾਕੇ ਇਹਨਾਂ ਨੇ ਰਜਿਸਟਰ ਉਥੇ ਵੇਖਿਆ, ਇਹ ਪੰਜ ਮੈਂਬਰੀ ਕਮੇਟੀ ਦੇ ਮੈਂਬਰਾਂ ਨੇ ਮੈਨੂੰ ਦੱਸਿਆ ਕਿ ਕਮਰਾ ਉਹ ਗੁਰਚਰਨ[੧੭੭] ਦੇ ਨਾਂਅ 'ਤੇ ਆ। ਮੈਨੂੰ ਤੇ ਪਤਾ ਨਹੀਂ ਸੀ ਇਹ। ਕਮਰਾ ਵੀ ਉਹਦੇ ਨਾਂਅ 'ਤੇ, ਬੰਦਾ ਵੀ ਸਾਡਾ ਮਾਰਿਆ ਜਾਵੇ ਤੇ ਚੀਜ਼ਾਂ ਵੀ ਬਾਕੀ ਇਕਬਾਲ ਹੋ ਜਾਣ ਤੇ ਫਿਰ ਕਹਿਣ ਜੀ ਭਿੰਡਰਾਂਵਾਲਾ ਪੰਥ ਦੇ ਵਿਰੁੱਧ ਬੋਲਦਾ। ਇਹਦਾ ਇਲਾਜ਼ ਦੱਸੋ ਮੇਰੇ ਕੋਲ ਕੀ ਆ ? (ਆ ਕਿਹੜਾ.....ਚੁੱਪ ਕਰਾਉ, ਕਿਹੜਾ ਇਹ ਪੜ੍ਹੇ) ਖ਼ਾਲਸਾ ਜੀ ਦੱਸੋ, ਸੰਗਤ ਜੀ ਤੁਹਾਨੂੰ ਪੁੱਛ ਰਿਹਾਂ ਮੈਂ ?

ਲੌਂਗੋਵਾਲ ਵੱਲੋਂ ਸੰਤ ਜਰਨੈਲ ਸਿੰਘ 'ਤੇ ਮਾਇਆ ਇਕੱਠੀ ਕਰਨ ਦਾ ਦੋਸ਼

ਹੁਣ ਇੱਕੋ ਗੱਲ ਆ, ਅਖੇ ਸੰਤ ਜੀ ਮੋਰਚਾ ਜਿੱਤ ਲਈਏ, ਫਿਰ ਜਿੱਧਰ ਨੂੰ ਤੁਰਨਾ ਤੁਰ ਪਵਾਂਗੇ ਤੇ ਮੋਰਚਾ ਝੂਠ ਨਾਲ ਕਿਵੇਂ ਜਿੱਤਿਆ ਜਾਊ ? ਜਦੋਂ ਮੈਂ ਕਹਿਨਾਂ ਭਈ ਜੇ ਮੇਰਾ ਗੁਨਾਹ, ਮੈਂ ਕਾਂਗਰਸ ਨਾਲ ਰਲਿਆਂ ਤੁਹਾਡੀ ਨਿਗ੍ਹਾ 'ਚ, ਜੇ ਮੈਂ ਪੰਥ ਦਾ ਕੋਈ ਵਗਾੜਿਆ, ਉੱਠ ਕੇ ਸੰਗਤ ਵਿੱਚ ਕਹੋ ਤੇ ਸਜ਼ਾ ਲਾਉ, ਮੈਂ ਭੁਗਤਦਾਂ। ਜੇ ਮੈਂ ਕਾਂਗਰਸੀ ਤੇ ਇਥੇ ਮੈਨੂੰ ਬੈਠਾਇਆ ਕਿਉਂ ? ਇਥੋਂ ਕੱਢੋ। ਡਿਕਟੇਟਰ[੧੫੭] ਦਾ ਪ੍ਰੈੱਸ ਨੋਟ, ਮੈਂ ਭਾਈ ਮੇਜਰ ਸਿੰਘ ਨੂੰ ਵਿਖਾਇਆ ਉਹ, ਜਿਹਦੇ ਵਿੱਚ ਲਿਖਿਆ ਹੋਇਆ ਕਿ ਸ਼ਹੀਦਾਂ ਦੇ ਪਰਿਵਾਰਾਂ ਦੇ ਨਾਂਅ 'ਤੇ ਮਾਇਆ ਇਕੱਠੀ ਕਰਕੇ, ਸ਼ਹੀਦਾਂ ਦੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਨੂੰ ਖੇਰੋਂ ਖੇਰੋਂ ਕਰਨ ਵਾਸਤੇ ਵਰਤੀ ਜਾ ਰਹੀ ਆ। ਆਹ ਜਿੰਨੇ ਭਾਈ ਤੁਸੀਂ ਬੈਠੇ ਆਂ, ਕੋਈ ਇੱਕ ਬੰਦਾ ਤੁਹਾਡੇ 'ਚੋਂ ਉੱਠ ਕੇ ਕਹਿ ਸਕਦਾ, ਮੈਂ ਤੁਹਾਡੇ ਕੋਲੋਂ ਕਿਸੇ ਤੋਂ ਮੰਗ ਕੇ ਮਾਇਆ ਲਈ ਹੋਵੇ ? ਕੋਈ ਬੰਦਾ ਕਹੋ ? ਕਿਉਂ ਭਈ ਇੱਕ ਬੰਦਾ ਕੋਈ ਮਾਈ ਭਾਈ ਉੱਠ ਕੇ ਕਹੋ ? ਮੈਂ ਤੁਹਾਡੇ ਕੋਲੋਂ ਕਿਸੇ ਕੋਲੋਂ ਕਿਸੇ ਤੋਂ ਮਾਇਆ ਮੰਗੀ ਹੋਵੇ ? ੫੦੦ ਸਿੰਘਾਂ 'ਤੇ ਕੇਸ ਚੱਲਦੇ, ੫੦੦ ਸਿੰਘਾਂ 'ਤੇ। ਇਹ ਆ ਸਕੱਤਰ ਕਮੇਟੀ ਦਾ। ੨੫ ਸਿੰਘਾਂ ਦੇ ਕੇਸ ਲੜਦੇ ਕਮੇਟੀ ਤੇ ਅਕਾਲੀ ਦਲ ਸਿੱਧ ਕਰ ਦੇਵੇ, ੫੦੦ ਸਿੰਘਾਂ 'ਚੋਂ, ਮੈਂ ਇਹ ਥਾਂ ਛੱਡ ਜਾਨਾਂ। ੪੭੫ ਸਿੰਘਾਂ ਦੇ ਮੁਕਦਮੇਂ ਕੌਣ ਲੜਦਾ ? ਕਦੇ ਕਿਸੇ ਅਖ਼ਬਾਰ ਵਿੱਚ ਤੁਸੀਂ ਸੁਣਿਆ ਹੋਵੇ, ਮੇਰੇ ਨਾਂਅ 'ਤੇ ਸ਼ਹੀਦੀ ਫੰਡ ਦੀ ਖ਼ਬਰ ਪੜ੍ਹੀ ਆ ਤੇ ਦੱਸੋ ?

ਕਰੜੇ ਸ਼ਬਦ ਕਹਿ ਕੇ ਤੇ ਫਿਰ ਖ਼ਾਲਸਾ ਜੀ ਤੁਰੇ ਆਂ ਤੇ ਨਾਲ ਮੈਂ ਇਹ ਗੱਲ ਕਹੀ ਸੀ ਕਿ ਜਥਿਆਂ ਵਿੱਚ ਜਾਣਾ, ਜਥੇ ਬੰਦ ਨਹੀਂ ਕਰਨੇ, ਮੋਰਚਾ ਜਿੱਤਣਾ, ਈਰਖਾ ਨਹੀਂ ਕਰਨੀ ਤੇ ਲੰਗਰ ਵਿੱਚ ਰਸਦ ਜਿੰਨੀ ਵੱਧ ਤੋਂ ਵੱਧ ਭੇਜ ਸਕਦੇ ਜੇ, ਭੇਜੋ। ਇਹਦੋਂ ਵੱਧ ਏਕਤਾ ਦਾ ਸਬੂਤ ਕੀ ਦੇਵਾਂ। ਮੇਰਾ ਬਿਆਨ ਇਹ ਛਪਿਆ ਉਥੇ ਅਤੇ ਡਿਕਟੇਟਰ ਸਾਹਿਬ ਦਾ ਬਿਆਨ ਉਸੇ ਦਿਨ ਦਾ ਛਪਿਆ ਅਖ਼ਬਾਰਾਂ 'ਚ ਕਿ ਇੱਕ ਵਿਅਕਤੀ ਦੇ ਉਪਰੋਂ ਪੰਥ ਨੂੰ ਕੁਰਬਾਨ ਨਹੀਂ ਕੀਤਾ ਜਾ ਸਕਦਾ। ਉਹ ਕਿਹੜਾ ਵਿਅਕਤੀ ਆ ? ਨਾਂਅ ਕਿਉਂ ਨਹੀਂ ਦੱਸਦੇ, ਘੁੰਡ ਕਿਉਂ ਕੱਢਦੇ ਆਂ ? ਮੇਰੀ ਖ਼ਬਰ ਆ ਭਈ ਮੋਰਚਾ ਜਿੱਤਣਾਂ ਤੇ ਡਿਕਟੇਟਰ ਦੀ ਖ਼ਬਰ ਆ ਕਿ ਇੱਕ ਵਿਅਕਤੀ ਤੋਂ ਪੰਥ ਨੂੰ ਕੁਰਬਾਨ ਨਹੀਂ ਕੀਤਾ ਜਾ ਸਕਦਾ। ਇਹ ਟਕਸਾਲ ਤੋਂ ਤੇ ਨਹੀਂ ਕੀਤਾ ਜਾ ਸਕਦਾ, ਇੱਕ ਗੁਰਚਰਨ ਤੋਂ ਜ਼ਰੂਰ ਕੀਤਾ ਜਾ ਸਕਦਾ।

ਭਾਈ ਤਲਵਿੰਦਰ ਸਿੰਘ ਦੀ ਗ੍ਰਿਫ਼ਤਾਰੀ

ਆਹ ਤਲਵਿੰਦਰ ਸਿੰਘ[੧੫੮] ਗੁਰਮੁਖ ਇਥੇ ਸੀ, ਪਹਿਲਾਂ ਪੰਜਾਬ ਵਿੱਚ, ਬੱਬਰ ਕਰਕੇ ਮਸ਼ਹੂਰ ਸੀ ਤੇ ਉਸ ਯੋਧੇ ਨੇ ਗੁਰਮਤਿ ਦਾ ਪ੍ਰਚਾਰ ਕੀਤਾ। ਬਹੁਤ ਚੰਗਾ ਪ੍ਰਚਾਰਕ ਸੀ ਉਹ ਤੇ ਖ਼ਾਲਸਾ ਜੀ ਉਹਦੇ ਹੋ ਗਏ ਵਰੰਟ ਜਾਰੀ ਤੇ ਉਹ ਚਲੇ ਗਿਆ ਬਾਹਰ, ਕਨੇਡਾ ਵੱਲ ਤੇ ਉਥੇ ਜਰਮਨ ਦੇ ਵਿੱਚ ਫੜਿਆ ਗਿਆ। ਉਸ ਮਰਦ ਨੇ ਬਹੁਤ ਚੜ੍ਹਦੀ ਕਲਾ ਵਾਲਾ ਪੰਥ ਵਾਸਤੇ ਕੰਮ ਕੀਤਾ। ਪ੍ਰਚਾਰ ਵੀ ਕੀਤਾ ਤੇ ਕੁਰਬਾਨੀ ਵਿੱਚ ਵੀ ਕਿਸੇ ਪੱਖ ਤੋਂ ਕਿਸੇ ਨਾਲੋਂ ਪਿੱਛੇ ਨਹੀਂ ਰਿਹਾ, ਉਥੇ ਨਾਂਅ ਤੇ ਮੈਂ ਨਹੀਂ ਅਜੇ ਲੈਂਦਾ ਪਰ ਮੇਰੇ ਕੋਲ ਜਿਹੜੀ ਰਿਪੋਰਟ ਆ, ਉਹਦੇ ਮੁਤਾਬਕ ਮੈਂ ਇੰਨਾ ਕੁ ਹੀ ਕਹਾਂਗਾ ਕਿ ਉਥੇ ਗ਼ਦਾਰਾਂ ਨੇ ਫੜਾ ਦਿੱਤਾ। ਉਹ ਫੜੇ ਜਾਣ ਤੋਂ ਪਿੱਛੋਂ, ਉਹ ਖ਼ਾਲਸਾ

ਜੀ ਉਥੇ ਮੁਕਦਮਾ ਚਲਿਆ ਤੇ ਮੁਕਦਮੇ ਵਿੱਚ ਜਿੰਨਾਂ-ਜਿੰਨਾਂ ਕਿਸੇ ਵਿੱਚ ਵਿਤ ਸੀ, ਜ਼ੋਰ ਲਾਉਣ ਦੀ ਸਾਰਿਆਂ ਨੇ ਕੋਸ਼ਿਸ਼ ਕੀਤੀ ਆ। ਦਾਸ ਨੂੰ ਵੀ ਜਿਨਾ ਕੁ ਮੌਕਾ ਮਿਲਿਆ, ਉਥੇ ਇੱਕ ਪੱਤ੍ਰਿਕਾ ਛੋਟੀ ਜਿਹੀ ਮੈਂ ਭੇਜੀ ਸੀ। ਕੱਲ ਚਿੱਠੀ ਦਾ ਜਵਾਬ ਆਇਆ ਕਿ ਉਸ ਪੱਤ੍ਰਿਕਾ 'ਤੇ ਉਥੋਂ ਦੀ ਗੌਰਮੈਂਟ ਨੇ ਕੁਝ ਹੀ ਨਹੀਂ (ਸਗੋਂ) ਬਹੁਤ ਅਸਰ ਕੀਤਾ ਤੇ ਉਹਨਾਂ ਨੇ ਹੁਣ ਪੁੱਛਿਆ ਤਲਵਿੰਦਰ ਸਿੰਘ ਬਾਰੇ ਸੰਤਾਂ ਤੋਂ ਕੁਝ ਅਖੇ ਕਹਾ ਦਿਉ। ਭਾਈ ਮੈਂ ਤੇ ਇਹੀ ਕਹਾਂਗਾ ਕਿ ਜੇ ਉਥੋਂ ਦੀ ਗੌਰਮੈਂਟ ਨੇ, ਕਨੇਡਾ ਦੀ ਨੇ, ਜਰਮਨ ਦੀ ਨੇ ਤਲਵਿੰਦਰ ਸਿੰਘ ਨੂੰ ਇਥੇ ਹਿੰਦੁਸਤਾਨ ਵਿੱਚ ਭੇਜਿਆ ਤੇ ਜਿਵੇਂ ਹਿੰਦੁਸਤਾਨ ਦੀ ਗੌਰਮੈਂਟ ਨੇ ਭਾਈ ਅਮਰਜੀਤ ਸਿੰਘ ਦਹੇੜੂ ਵਾਲੇ ਦਾ, ਬਲਜੀਤ ਸਿੰਘ ਦਾ, ਗੁਰਮੀਤ ਸਿੰਘ ਦਾ, ਬਾਕੀ ਹੋਰ ਕੁਲਵੰਤ ਸਿੰਘ ਨਾਗੋਕਿਆਂ ਵਾਲਾ, ਭੋਲਾ ਸਿੰਘ ਤੇ ਕਸ਼ਮੀਰਾ ਸਿੰਘ, ਜਸਦੇਵ ਸਿੰਘ ਤੇ ਸੁਖਦੇਵ ਸਿੰਘ, ਬਾਕੀ ਹੋਰ ਸਾਰੇ ਜਿਤਨੇ ਸ਼ਹੀਦ ਆ, ਉਹਨਾਂ ਦਾ ਖ਼ੂਨ ਜਿਵੇਂ ਗੌਰਮੈਂਟ ਨੇ ਪੀਤਾ ਸੀ, ਇਸੇ ਤਰ੍ਹਾਂ ਹੀ ਖ਼ਾਲਸਾ ਜੀ ਤਲਵਿੰਦਰ ਸਿੰਘ ਦਾ ਖ਼ੂਨ ਪੀਣ ਤੋਂ ਵੀ ਸੰਕੋਚ ਨਹੀਂ ਕਰੇਗੀ, ਪਰ ਇੱਕ ਗੱਲ ਜ਼ਰੂਰ ਹੈ, ਇਹ ਮੈਂ ਗੌਰਮੈਂਟ ਨੂੰ ਵੀ ਕਹਿਣੀ ਚਾਹੁੰਦਾ ਹਾਂ, ਮੈਂ ਹਿੰਦੁਸਤਾਨ ਦੀ ਨੂੰ। ਅੱਗੇ ਕਿਹਾ ਵੀ ਇੱਕ ਦੋ ਵੇਰਾਂ, ਇਹ ਮਤਾ ਖ਼ਿਆਲ ਕਰੇ ਗੌਰਮੈਂਟ ਹਿੰਦੁਸਤਾਨ ਦੀ ਕਿ ਤਲਵਿੰਦਰ ਸਿੰਘ ਨੂੰ ਤੇ ਤਰਸੇਮ[੧੧੯] ਸਿੰਘ ਨੂੰ ਤੇ ਵਧਾਵਾ ਸਿੰਘ[੧੨੦] ਨੂੰ, ਇਹਨਾਂ ਸੱਜਣਾਂ ਨੂੰ ਪਕੜ ਕੇ, ਇਥੇ ਹਿੰਦੁਸਤਾਨ ਵਿੱਚ ਲਿਆ ਕੇ, ਸ਼ਾਇਦ ਅਸੀਂ ਕਨੂੰਨ ਦੀ ਕੜਿੱਕੀ ਵਿੱਚ ਅੜਾ ਕੇ ਤੇ ਉਹਨਾਂ ਨੂੰ ਫਾਂਸੀ ਤੇ ਚੜ੍ਹਾ ਕੇ ਖ਼ੂਨ ਪੀ ਲਵਾਂਗੇ ਜਾਂ ਝੂਠੇ ਪੁਲੀਸ ਮੁਕਾਬਲੇ ਬਣਾ ਕੇ.....। ਇਹ ਚੇਤਾ ਕਰ ਲੈਣਾ ਚਾਹੀਦਾ, ਜਿਹਨਾਂ ਨੇ ਪਹਿਲਾਂ ਸਿੱਖਾਂ ਦਾ ਖ਼ੂਨ ਪੀਤਾ, ਉਹਨਾਂ ਦੀਆਂ ਚਿਖ਼ਾ ਵੱਲ ਵੇਖ ਲਉ ਭਈ ਕਿੱਥੇ ਆ ? ਤੇ ਇਹਨਾਂ ਬਾਰੇ ਵੀ ਐਲਾਨ ਇਹੋ ਈ ਆ, ਜਿਹੜੇ ਪੁਲੀਸ ਅਫ਼ੀਸਰ ਨੇ ਜਾਂ ਜਿਹੜੇ ਫੈਸਲਾਕੁਨ ਨੇ ਇਹਨਾਂ ਨੂੰ ਫਾਂਸੀ ਲਾਉਣ ਦੀ ਕੋਸ਼ਿਸ਼ ਕੀਤੀ ਤੇ ਗੋਲੀਆਂ ਨਾਲ ਮੌਤ ਦੇ ਘਾਟ ਉਤਾਰਨ ਦੀ ਕੋਸ਼ਿਸ਼ ਕੀਤੀ, ਉਹੋ ਕਰ ਲਵੇ, ਜਿਹੜਾ ਮਾਂ ਦੇ ਉਦਰ ਵਿੱਚੋਂ ਦੋ ਸਿਰ ਲੈ ਕੇ ਨਿਕਲਿਆ। ਜਿਹੜਾ ਇੱਕ ਸਿਰ ਲੈ ਕੇ ਨਿਕਲਿਆ, ਪੰਗਾ ਨਾ ਪਾ ਲਵੇ, ਫਾਂਸੀ ਲਾਉਣ ਦਾ ਤੇ ਗੋਲੀ ਮਾਰਨ ਦਾ ਇਹਨਾਂ ਦੇ।

(ਇੱਕ ਸਿੰਘ ਕੁਝ ਕਹਿਣਾ ਚਾਹੁੰਦਾ, ਪਰ ਸੰਤ ਅੱਗੋਂ ਕਹਿੰਦੇ ਹਨ, ".....ਉਏ ਗੱਲ ਸੁਣ, ਠਹਿਰ।") ਇਹ ਕਹਿੰਦਾ ਜੇ ਸਾਡੇ ਨਾਲ ਨੇਕੀ ਕਰਦਾ ਰਿਹਾ ਹੋਵੇ ਤਾਂ ਸਾਨੂੰ ਪੁੱਛੋ। ਜੇ ਤੁਹਾਡੇ ਨਾਲ ਨੇਕੀ ਨਹੀ ਕੀਤੀ ਤਾਂ ਰਿਸ਼ਤੇਦਾਰੀ ਤਾਹੀਂਏ ਪਾ ਲਈ ਅਕਾਲੀ ਦਲ ਨੇ। ਇਹੋ ਹੀ ਤੇ ਰੋਣਾ ਮੈਂ ਰੋਨਾਂ ਆ ਨਾ ਤੁਹਾਡਾ ? ਤਾਹੀਏ ਤਾਂ ਮੈਂ ਇਹ ਗੱਲਾਂ ਕਰ ਰਿਹਾਂ ਤੇ ਕਹਿੰਦੇ ਮੈਨੂੰ ਅਖੇ ਰਲ਼ ਗਿਆ ਕਾਂਗਰਸ ਨਾਲ ਤੇ ਕਹਿੰਦਾ ਕੌਣ ਆ ਡਿਕਟੇਟਰ ? ਮੈਂ ਦੂਜਿਆਂ ਦਾ ਨਹੀਂ ਕਿਸੇ ਦਾ ਸੁਆਲ ਉਠਾਉਂਦਾ ਤੇ ਜੇ ਮੈਂ ਕਿਸੇ ਅਕਾਲੀ ਸਿੱਖ ਬਾਰੇ ਕਿਹਾ ਤੇ ਉਹ ਉੱਠ ਕੇ ਪੁੱਛੇ ਮੈਥੋਂ।

ਸਿੰਘ ਸਾਹਿਬਾਨ ਦਾ ਝੂਠ

ਪੰਜ ਮੈਂਬਰੀ ਕਮੇਟੀ ਬਣੀ ਇਹਨਾਂ ਤੋਂ ਪੁੱਛੋ ਜਥੇਦਾਰਾਂ ਦੀ, ੩ ਜਥੇਦਾਰ ਤਖ਼ਤਾਂ ਦੇ, ੨ ਸਿੰਘ ਸਾਹਿਬਾਨ ਤੇ ਕੱਲ ਇੱਕ ਪੱਤ੍ਰਿਕਾ ਛਪਾ ਦਿੱਤੀ, ਅਖੇ ਜਿਹੜਾ ਤਖ਼ਤਾਂ 'ਤੇ ਕਿੰਤੂ ਕਰੂ ਸਖ਼ਤ ਨੋਟਿਸ ਲਿਆ ਜਾਊ, ਕਾਰਵਾਈ ਕੀਤੀ ਜਾਊ ਤੇ ਮਹਾਲੋ[੧੨੨] ਸਾਹਿਬ ਹੁਰੀਂ ਮੈਨੂੰ ਮਿਲ ਪਏ, ਨਾਲ ਸੀਗੇ ਉਜਾਗਰ ਸਿੰਘ ਸੇਖਵਾਂ[੧੨੩], ਮੈਂ ਆਖਿਆ ਜਥੇਦਾਰ ਜੀ, ਦਸਤਖ਼ਤ ਕੀਤੇ ਤੁਸਾਂ, ਮੇਰੇ ਕੋਲ

ਚਿੱਠੀ ਸੀਗੀ। ਕਹਿੰਦੇ ਮੈਂ ਤੇ ਕੀਤੇ ਨਹੀਂ। ਮੈਂ ਕਿਹਾ ਫਿਰ ਤੁਹਾਨੂੰ ਮੁਰਾਤਬਾ ਮਿਲ ਗਿਆ ਕੂੜ ਬੋਲਣ ਦਾ। ਇਹ ਕੀ ਮਤਲਬ ਆ ਜਥੇਦਾਰ ਤਖ਼ਤ ਦਾ, ਝੂਠ ਬੋਲੇ ਤੇ ਦੂਜਿਆਂ ਨੂੰ ਕਿਹਾ ਜਾਵੇ ਕਿ ਕਿੰਤੂ ਨਹੀਂ ਹੋ ਸਕਦਾ, ਕਿਉਂ ਨਹੀਂ ਹੋ ਸਕਦਾ ? ਮੈਂ ਸਬੂਤ ਦੇਨਾਂ ਕਿ ਤਿੰਨਾਂ ਜਥੇਦਾਰਾਂ ਨੇ ਝੂਠ ਬੋਲਿਆ। ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ[124] ਨੇ ਝੂਠ ਬੋਲਿਆ, ਜਿਹੜਾ ਮੈਨੂੰ ਫਤਵਾ ਦੇਣਾ ਦਿਉ। ਨਾਲੇ ਇਕੱਲੇ ਇਕੱਲੇ ਜਥੇਦਾਰ ਦੇ ਮੂੰਹੋ ਕਹਾ ਦਿਉਂਗਾ ਕਿ ਝੂਠ ਬੋਲਿਆ ਅਸੀਂ। ਤੁਹਾਨੂੰ ਮੁਆਫ਼ ਆ ਅਕਾਲੀ ਦਲ ਨੂੰ ਤੇ ਜਥੇਦਾਰਾਂ ਨੂੰ। ਕਿੱਥੋਂ ਦਾ ਰਾਹ ਅਪਣਾ ਲਿਆ ? ਹੋਲੀ ਕੁ ਦੇਨੀ ਲਿਖ ਦੇਣਾ, ਅਖੇ ਇਹ ਸਤਿਕਾਰ ਕਾਇਮ ਰੱਖਣਾ, ਜਥੇਦਾਰਾਂ ਦਾ ਕੋਈ ਫਰਜ਼ ਨਹੀਂਗਾ, ਤਖ਼ਤ ਦੇ ਸਤਿਕਾਰ ਨੂੰ ਕਾਇਮ ਕਰਨਾ। ਕਿਉਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ[125] ਨੇ ਪਤਿਤ ਕੁੜੀ-ਮੁੰਡੇ[126] ਦਾ ਅਨੰਦ ਕਾਰਜ ਕਰਵਾਇਆ ? ਵੱਡੇ ਮਰਿਯਾਦਾ ਪ੍ਰਸ਼ੋਤਮ, ਦੂਜਿਆਂ ਨੂੰ ਗਾਲ਼ਾਂ ਕੱਢੀ ਜਾਂਦੇ ਆ।

ਅਖੇ ਜੀ ਜ਼ਬਾਨ ਨਹੀਂ ਕੋਈ ਖੋਲ ਸਕਦਾ, ਬੋਲ ਨਹੀਂ ਸਕਦਾ ਤੇ ਤੁਹਾਨੂੰ ਅੱਗੇ ਹੁਣ ਤੱਕ ਕਿਸੇ ਨੇ ਕਿਹਾ ਨਹੀਂ, ਜਿਹੜਾ ਆਇਆ ਕਦੇ ਜੁੱਤੀਆਂ ਝਾੜ ਦਿਉ, ਕਦੇ ਕੌਲੇ (ਭਾਂਡੇ) ਮਾਂਜ ਦਿਉ। ਮੈਨੂੰ ਕਹਿੰਦੇ, ਜੀ ਅਖੇ ਫਤਵਾ ਮਿਲ ਜਾਊ। ਮੈਂ ਵੰਗਾਰ ਕੇ ਕਹਿਨਾ ਦਿਉ ਫਤਵਾ, ਮੈਂ ਝੱਲੂੰਗਾ ਫਤਵਾ ਜਿਹੜਾ ਦਿਉਂਗੇ। ਸੱਚ ਬੋਲਣ ਦੀ ਜ਼ੁਰਅਤ ਈ ਨਿਕਲ ਗਈ ਆ ਹੱਡਾਂ 'ਚੋਂ। ਗੋਡਿਆਂ 'ਚ ਮੂੰਗੀ ਉੱਤਰ ਆਈ ਆ, ਦਿਲ 'ਚ ਖੁਸ਼ਾਮਦ ਵੜ ਗਈ ਆ, ਸੱਚ ਕਹਾਉਂਗੇ ਕਿੱਥੇ ?

ਸੰਤਾਂ ਦੀ ਪੰਜ ਸਿੰਘ ਸਾਹਿਬਾਨ ਨਾਲ ਗੱਲਬਾਤ

ਪੰਜਾਂ ਜਥੇਦਾਰਾਂ ਨੇ ਮੈਨੂੰ ਕਿਹਾ, ਜਿਹੜੇ ਮੈਂਬਰ ਸੀ, ੨ ਸਿੰਘ ਸਾਹਿਬਾਨ, ੩ ਜਥੇਦਾਰ। ੩ ਘੰਟੇ ਇੱਕ ਦਿਨ ਮੀਟਿੰਗ ਹੋਈ, ਢਾਈ ਘੰਟੇ ਇੱਕ ਦਿਨ ਤੇ ਮੈਂ ਪੁੱਛਿਆ ਸਿੰਘ ਸਾਹਿਬ ਜੀ ਮੇਰੀ ਕੋਈ ਗ਼ਲਤੀ ? ਕਹਿੰਦੇ ਤੇਰੀ ਗ਼ਲਤੀ ਤਾਂ ਕੋਈ ਨਹੀਂ। ਮੈਂ ਕਿਹਾ ਫਿਰ ਜੇ ਗ਼ਲਤੀ ਨਹੀਂ, ਜਿਹਦੀ ਹੈਗੀ ਉਹਨੂੰ ਕਹੋ। ਕਹਿੰਦੇ ਤੈਨੂੰ ਪਤਾ ਤੇ ਹੈ, ਜਿਹਦੀ ਹੈਗੀ। ਮੈਂ ਕਿਹਾ ਮੈਨੂੰ ਪਤਾ ਤੇ ਹੈਗਾ, ਜੱਜ ਤੇ ਤੁਸੀਂ ਹੋ ਨਾ। ਕਹਿੰਦੇ ਤੂੰ ਸੱਚਾਂ। ਮੈਂ ਆਖਿਆ ਜੇ ਮੈਂ ਸੱਚਾਂ ਤੇ ਚੱਲੋ ਮੰਜੀ ਸਾਹਿਬ 'ਤੇ ਕਹੋ। ਕਹਿੰਦੇ ਜੀ ਮੰਜੀ ਸਾਹਿਬ 'ਤੇ ਨਹੀਂ ਕਿਹਾ ਜਾਣਾ। ਇਹ ਪੰਜਾਂ ਜਥੇਦਾਰਾਂ ਨੇ ਕਿਹਾ ਤੇ ਕਹਾਉਂ ਕਿਹਦੇ ਕੋਲੋਂ ?

ਸਿੰਘ ਸਾਹਿਬਾਨ ਵੱਲੋਂ ਝੂਠਾ ਬਿਆਨ

ਸਤਵਾਂ ਪੁਇੰਟ, ਸਤਵੇਂ ਪੁਇੰਟ ਵਿੱਚ ਲਿਖਿਆ ਸੀ ਕਿ ਮਤਭੇਦ ਭੁਲਾ ਕੇ ਇੱਕ ਥਾਂ ਚੱਲੋ। ਮੈਂ ਉਸ ਪੁਇੰਟ ਨਾਲ ਸਹਿਮਤ ਨਹੀਂ ਹੋਇਆ। ਕਿਉਂ ਨਹੀਂ ਹੋਇਆ ? ਸਵਾਲ ਉਠਾਇਆ ਸੀ ਪੰਜਾਂ 'ਤੇ। ਮੈਂ ਬੇਨਤੀ ਕੀਤੀ ਸਿੰਘ ਸਾਹਿਬ ਜੀ, ਪਹਿਲਾਂ ਤੇ ਇਹ ਦੱਸੋ ਸਾਡੇ ਮਤਭੇਦ ਹਨ ਕਿ ਨਹੀਂ ? ਤੇ ਜੇ ਹਨ ਨਹੀਂ ਤੇ ਅੱਖਰ ਕਿਉਂ ਲਿਖਿਆ ਤੇ ਜੇ ਮਤਭੇਦ ਹਨ ਤੇ ਫਿਰ ਸਿੱਧ ਕਰੋ ਕਿ ਕਿਹਦੇ ਵੱਲੋਂ ਪੈਦਾ ਹੋਏ ਆ ? ਜਿਹਦੇ ਵੱਲੋਂ ਪੈਦਾ ਹੋਏ ਆ, ਉਹ ਸੰਗਤ ਨੂੰ ਦੱਸੋ ਤੇ ਸਜ਼ਾ ਦਿਉ। ਆਪੇ ਅਗਾਂਹ ਗੱਲ ਠੀਕ ਹੋ ਜਾਊ। ਕਹਿੰਦੇ ਜੀ ਗੱਲ ਤਾਂ ਤੁਹਾਡੀ ਠੀਕ ਆ। ਮੈਂ ਆਖਿਆ, ਫਿਰ ਇਸ ਮਤੇ ਨਾਲ ਮੈਂ ਸਹਿਮਤ ਨਹੀਂ। ਕਹਿੰਦੇ ਸਤਿ ਬਚਨ। ਇੰਨਾ ਕਹਿ

ਕੇ, ਮੈਂ ਉਥੋਂ ਚਲਾ ਗਿਆ ਫ਼ਤਹਿ ਬੁਲਾ ਕੇ। ਸ੍ਰੀ ਅਕਾਲ ਤਖ਼ਤ ਸਾਹਿਬ ਦੇ (ਲੈਟਰ) ਪੈਡ 'ਤੇ ਇਹਨਾਂ ਸੱਤਾਂ ਪੁਇੰਟਾਂ 'ਤੇ ਮੇਰੀ ਵੀ ਸਹਿਮਤੀ ਨਾਲ ਹੀ ਲਿਖ ਦਿੱਤੀ ਤੇ ਦੂਜੇ ਦਿਨ ਸਾਡੀ ਮੀਟਿੰਗ ਫਿਰ ਸੀ। ਮੈਂ ਜਦੋਂ ਜਾ ਕੇ ਬੈਠਾ ਕਹਿੰਦੇ ਦੱਸੋ। ਮੈਂ ਕਿਹਾ ਪਹਿਲਾਂ ਇਹ ਦੱਸੋ ਤੁਸੀਂ ਝੂਠ ਦਾ ਸਰਟੀਫਿਕੇਟ ਕਿੱਥੋਂ ਲਿਆ ਪੰਜਾਂ ਨੇ। ਕਹਿੰਦੇ ਕਿਉਂ ? ਮੈਂ ਆਖਿਆ ਆਹ ਜਿਹੜਾ ਮਤਾ ਸਤਵਾਂ, ਤੁਸੀਂ ਦੱਸੋ ਮੈਂ ਇਹਦੇ ਨਾਲ ਸਹਿਮਤ ਹੋ ਕੇ ਗਿਆਂ ? ਕਹਿੰਦੇ ਨਹੀਂ। ਮੈਂ ਆਖਿਆ ਤੁਸੀਂ ਫਿਰ ਅਕਾਲ ਤਖ਼ਤ ਸਾਹਿਬ ਦੇ (ਲੈਟਰ) ਪੈਡ 'ਤੇ ਕਿਉਂ ਲਿਖਿਆ ਭਿੰਡਰਾਂਵਾਲਾ ਸਹਿਮਤ ਆ ? ਕਹਿੰਦੇ ਜੀ ਗ਼ਲਤੀ ਹੋ ਗਈ। ਮੈਂ ਕਿਹਾ ਗ਼ਲਤੀ ਹੋ ਗਈ ਤੇ ਕਹੋ ਅਖ਼ਬਾਰ 'ਚ। ਆਪਣੇ ਪਾਪ ਨੂੰ ਲਕਾਉਣ ਵਾਸਤੇ ਅਗਾਂਹ ਤੁਰ ਰਹੇ ਆਂ, ਬੋਲਦੇ ਨਹੀਂ ਹੁਣ ?

ਚੇਤੋ ਮਸੰਦ ਨੂੰ ਸਜ਼ਾ ਵਾਲੀ ਸਾਖੀ

ਮੈਂ ਇੱਕ ਇਹ ਵੀ ਬੇਨਤੀ ਕੀਤੀ ਸਿੰਘ ਸਾਹਿਬਾਨ ਨੂੰ, ਮੈਂ ਕਿਹਾ ਸਿੰਘ ਸਾਹਿਬ ਜੀ, ਠੀਕ ਆ ਤਖ਼ਤਾਂ ਦੀ ਤਾਕਤ ਨੂੰ, ਹਰਿਮੰਦਰ ਸਾਹਿਬ ਦੀ ਸ਼ਕਤੀ ਨੂੰ, ਕਲਮ ਦੇ ਜ਼ੋਰ ਨਾਲ ਮੇਰੇ ਵਿਰੁੱਧ ਵਰਤ ਸਕਦੇ ਨੇ। ਮੈਂ ਇਹ ਨਹੀਂ ਕਹਿੰਦਾ ਨਹੀਂ ਵਰਤ ਸਕਦੇ ਪਰ ਇੱਕ ਚੇਤਾ ਰੱਖਿਉ,

'ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥

ਹੋਣਾ। ਚੇਤੋ ਮਸੰਦ ਨੇ ਗਰੀਬ ਸਿੱਖ ਤੋਂ ਚੂੜਾ ਲਿਆਂਦਾ ਗੁਰੂ ਕਿਆਂ ਲਈ ਤੇ ਗੁਰੂ ਕਿਆਂ ਦੇ ਕੋਲੇ ਘਰ 'ਚ ਪਹੁੰਚਿਆ ਨਹੀਂ। ਆਪ ਦੇ ਘਰ ਵਾਲੀ ਨੂੰ ਦੇ ਦਿੱਤਾ ਚੇਤੋ ਨੇ। ਸਿੱਖ ਆਇਆ ਦਰਸ਼ਨ ਕਰਨ, ਸਿੱਖ ਨੂੰ ਮੱਥਾ ਹੀ ਨਾ ਟੇਕਣ ਦਿੱਤਾ। ਉਹ ਸਾਰੀ ਦਿਹਾੜੀ ਰੋਂਦਾ ਰਿਹਾ ਸਿੱਖ। ਜਦੋਂ ਖ਼ਾਲਸਾ ਜੀ ਸ਼ਾਮ ਪਈ, ਦਸਵੇਂ ਪਾਤਿਸ਼ਾਹ ਨੇ ਭਾਈ ਦਇਆ ਸਿੰਘ[੧੨] ਨੂੰ ਭੇਜ ਕੇ, ਉਸ ਸਿੱਖ ਨੂੰ ਬੁਲਾ ਲਿਆ ਆਪਣੇ ਕੋਲ ਤੇ ਬੁਲਾ ਕੇ ਕਹਿਣ ਲੱਗੇ, ਸਿੱਖਾ ਕੀ ਗੱਲ, ਵੈਰਾਗ ਕਰਦਾਂ ? ਉਹ ਕਹਿਣ ਲੱਗਾ ਮਹਾਰਾਜ ਆਪ ਜੀ ਦੇ ਘਰ ਵਿੱਚ ਵੀ ਇੰਨਾ ਅਨਿਆ ਹੋ ਗਿਆ ? ਕਹਿੰਦੇ ਕਿਉਂ ? ਮਹਾਰਾਜ ਕਹਿਣ ਲੱਗੇ ਭਾਈ.....। ਉਸ ਸਿੱਖ ਨੇ ਕਿਹਾ....., ਮਹਾਰਾਜ ਨੇ ਪੁੱਛਿਆ ਕਿਉਂ ? ਉਹ ਕਹਿਣ ਲੱਗਾ ਜੀ ਮੈਂ ਚੂੜਾ ਭੇਜਿਆ ਸੀ ? ਮਹਾਰਾਜ ਕਹਿੰਦੇ ਪ੍ਰੇਮੀਆਂ ਤੇਰਾ ਪਹੁੰਚ ਗਿਆ। ਕਹਿੰਦਾ ਜੀ ਵਿਖਾ ਦਿਉ ? ਮਹਾਰਾਜ ਕਹਿੰਦੇ ਦਿੱਤਾ ਕਿਹਨੂੰ ਸੀ ? ਕਹਿੰਦਾ ਚੇਤੋ ਨੂੰ ਦਿੱਤਾ ਸੀ। ਮਹਾਰਾਜ ਕਹਿੰਦੇ ਚੇਤੋ, ਉਹ ਚੂੜਾ ਸਿੱਖ ਨੇ ਦਿੱਤਾ, ਲਿਆ। ਜ਼ਿੰਮੇਵਾਰ ਸੀ, ਤਖ਼ਤਾਂ ਦੇ ਜਥੇਦਾਰਾਂ ਜਿੰਨੀ ਸ਼ਕਤੀ ਰੱਖਦਾ ਸੀ ਉਹ। ਸਾਰੇ ਪੰਜਾਬ 'ਚੋਂ ਮੰਨਿਆਂ ਮੁਖੀ ਮਸੰਦ ਸੀ ਤੇ ਮਹਾਰਾਜ ਦੇ ਸਾਹਮਣੇ ਕਹਿੰਦਾ ਜੀ ਮੈਨੂੰ ਤੇ ਦਿੱਤਾ ਹੀ ਨਹੀਂ। ਮਹਾਰਾਜ ਨੇ ਫਿਰ ਕਿਹਾ ਭਾਈ ਗਰੀਬ ਸਿੱਖ ਝੂਠ ਨਹੀਂ ਬੋਲਦਾ। ਕਹਿੰਦਾ ਜੀ ਮੈਨੂੰ ਨਹੀਂ ਦਿੱਤਾ। ਮਹਾਰਾਜ ਕਹਿੰਦੇ ਚੰਗਾ ਇਥੇ ਬਹਿ ਜਾ, ਬੈਠਾਅ ਲਿਆ ਸਾਹਮਣੇ। ਦਇਆ ਸਿੰਘ ਨੂੰ ਕਹਿਣ ਲੱਗੇ, ਇਹਦੇ ਘਰ ਦੇ ਦੱਖਣ ਦੀ ਬਾਹੀ ਦੀ ਜਿਹੜੀ ਕੰਧ ਆ, ਉਹਦੇ 'ਚ ਅਲਮਾਰੀ 'ਚ ਡੱਬੇ 'ਚ ਬੰਨ ਕੇ ਰੱਖਿਆ, ਜਾਹ ਚੁੱਕ ਕੇ ਲਿਆ। ਭਾਈ ਦਇਆ ਸਿੰਘ ਗਿਆ, ਘਰੋਂ (ਡੱਬਾ) ਲਿਆਂਦਾ। ਡੱਬੇ ਵਿੱਚੋਂ ਚੂੜਾ ਕੱਢ ਕੇ ਸਾਹਮਣੇ ਰੱਖ ਦਿੱਤਾ। ਮਹਾਰਾਜ ਕਹਿਣ ਲੱਗੇ, ਚੇਤੋ ਅਜੇ ਕੁਝ ਨਹੀਂ ਵਿਗੜਿਆ। ਇੱਕ ਵਾਰੀ ਕਹਿ ਦੇ ਮੈਥੋਂ ਗ਼ਲਤੀ ਹੋ ਗਈ। ਤੂੰ ਲਾਲਚ ਕਰਦਾਂ ਤੇ ਚੂੜਾ ਲੈ ਜਾ ਚੁੱਕ ਕੇ ਤੇ ਮੂੰਗੀ ਦਾ ਐਸਾ ਅਸਰ ਹੋਇਆ

ਸੀ, ਲੰਗਰ ਦੀ ਦਾ। ਸਤਿਗੁਰੂ ਦੇ ਸਾਹਮਣੇ ਕਹਿ ਦਿੱਤਾ ਖੜੇ ਕੇ। ਕਹਿੰਦਾ ਜੀ ਭਾਈ ਦਇਆ ਸਿੰਘ ਝੂਠ ਬੋਲਦਾ, ਮੇਰੇ ਘਰੋਂ ਤੇ ਲਿਆਂਦਾ ਈ ਨਹੀਂ। ਜਦੇ ਇੰਨਾ ਪਾਪ ਤੇ ਤੁਲ ਗਿਆ, ਝੂਠ ਬੋਲਣ ਤੇ ਲਾਲਚ ਵਿੱਚ ਆ ਗਿਆ। ਉਸ ਵੇਲੇ ਮਹਾਰਾਜ ਕਹਿਣ ਲੱਗੇ ਭਾਈ ਦਇਆ ਸਿੰਘ, ਇਹਦੀਆਂ ਲੱਤਾਂ ਬੰਨ ਲਾ ਤੇ ਬਾਹਾਂ ਬੰਨ ਲਾ। ਗੁੜ ਦਾ ਕੜਾਹ ਉਬਾਲ ਕੇ, ਡੋਰ੍ਹੇ ਭਰ ਭਰ ਕੇ ਸਿਰ 'ਤੇ ਪਾ ਕੇ ਸਾੜ ਦਿਉ। ਮੈਂ ਆਖਿਆ ਚੇਤਾ ਰੱਖ ਲਿਉ ਸਿੰਘ ਸਾਹਿਬ ਜੀ, ਠੀਕ ਆ ਤੁਸੀਂ ਖੁਸ਼ਾਮਦ ਕਰ ਰਹੇ ਆਂ। ਠੀਕ ਆ ਰੱਜ ਕੇ ਝੂਠ ਬੋਲ ਰਹੇ ਆਂ। ਝੂਠ ਬੋਲ ਕੇ ਮੈਨੂੰ ਫਤਵਾ ਵੀ ਦੇ ਸਕਦੇ ਆਂ ਤੇ ਫਤਵੇ ਦਾ ੨-੪ ਦਿਨ ਵਾਸਤੇ ਲੋਕਾਂ 'ਤੇ ਅਸਰ ਵੀ ਹੋ ਸਕਦਾ, ਪਰ ਇੰਨਾ ਚੇਤਾ ਰੱਖਿਉ, ਉਬੇ ਚੱਲਣਾ ਆਪਾਂ ਇਕੱਠਿਆ ਨੇ ਆਂ। ਮੁੜ ਕੇ ਨੀਵੀਆਂ ਪਾ ਲਈਆਂ, ਜਿਵੇਂ ਹੁਣੇ ਭਾਈ ਪਾਈ ਬੈਠਾ।

ਜਦੋਂ ਮੈਂ ਵੰਗਾਰ ਵੰਗਾਰ ਕੇ ਕਹੀ ਜਾਨਾ, ਮੇਰੀ ਗ਼ਲਤੀ ਦੱਸੋ ਕੀ ਆ ? ਕਿਉਂ ਇੰਨਾ ਪ੍ਰਾਪੇਗੰਡਾ ਸ਼ੁਰੂ ਕੀਤਾ ? ਕੰਮ ਮੇਰਾ ਦਿਨੇ ਰਾਤ ੧੦-੧੧ ਘੰਟੇ ਸਪੀਕਰ 'ਤੇ ਬੋਲਦਾਂ। ਸਿੰਘੋ ਕੇਸ ਦਾਹੜਾ ਰੱਖੋ, ਸ਼ਰਾਬ ਛੱਡੋ, ਪੰਥ ਦੀ ਹਮਾਇਤ ਕਰੋ, ਡਟ ਕੇ ਮੋਰਚੇ ਵਿੱਚ ਜਿਤਨਾ ਵਧ ਤੋਂ ਵਧ ਹਿੱਸਾ ਪਾ ਸਕਦੇ ਹੋ ਪਾਉ, ਧੀਆਂ ਭੈਣਾਂ ਦੀ ਇੱਜ਼ਤ ਬਚਾਉ ਤੇ ਪੱਗ ਦੇ ਸਤਿਕਾਰ ਨੂੰ ਕਾਇਮ ਰੱਖੋ, ਗੁਰੂ ਗਰੰਥ ਸਾਹਿਬ ਦੇ ਅਦਬ ਨੂੰ ਕਾਇਮ ਰੱਖੋ। ਜਿਹਨਾਂ ਲੋਕਾਂ ਨੇ ਧੀਆਂ ਭੈਣਾਂ ਦੀ ਇਜ਼ਤ ਲੁੱਟੀ ਆ, ਉਹਨਾਂ ਤੋਂ ਹੱਕ ਲਉ ਤੇ ਸਾਰੇ ਰਲ਼ ਕੇ ਚੱਲੋ। ਫਿਰ ਵੀ ਕਹੀ ਜਾਂਦੇ ਕਾਂਗਰਸੀ ਆ। ਇਹਦਾ ਇਲਾਜ਼ ਕੀ ਆ ਮੇਰੇ ਕੋਲੇ ?

ਭਜਨ ਲਾਲ ਬਾਰੇ ਸੰਤ ਜਰਨੈਲ ਸਿੰਘ ਦਾ ਐਲਾਨ

ਆਹ ਭਜਨ ਲਾਲ[੨੮] ਬਾਰੇ ਮੈਨੂੰ ਪੁੱਛਿਆ ਸੀ ਅਖ਼ਬਾਰਾਂ ਵਾਲਿਆਂ ਨੇ। ਕਹਿੰਦੇ ਜੀ ਹਰਿਆਣੇ ਵਾਲੇ ਮੁੱਖ ਮੰਤਰੀ ਬਾਰੇ....., ਹਰਿਆਣੇ ਬਾਰੇ ਦੱਸੋ ? ਅੱਖਰ ਉਹਨਾਂ ਦੇ ਇਹ ਸੀ ਹਰਿਆਣੇ ਬਾਰੇ ਦੱਸੋ ? ਮੈਂ ਕਿਹਾ ਹਰਿਆਣੇ ਬਾਰੇ ਇਹੋ ਈ ਆ ਕਿ ਜਿਹਨਾਂ ਨੇ ਸਰੂਪ ਸਾੜੇ ਆ, ਗੁਰਦੁਆਰੇ ਸਾੜੇ ਆ, ਟਰੱਕ ਸਾੜੇ ਆ, ਸਿੱਖਾਂ ਦੇ ਸਿਰ ਮੁੰਨੇ ਆਂ ਤੇ ਸਾਡੀਆਂ ਭੈਣਾਂ ਦੀ ਬੇਪਤੀ ਕੀਤੀ ਆ, ਜਦੋਂ ਤੱਕ ਉਹਨਾਂ ਨੂੰ ਗੱਡੀ ਨਹੀਂ ਚੜ੍ਹਾ ਲੈਂਦੇ ਤਦੋਂ ਤੱਕ ਹਿਰਦਾ ਸ਼ਾਂਤ ਨਹੀਂ ਤੇ ਸਾਰਿਆਂ ਤੋਂ ਮੁੱਢ ਭਜਨ ਲਾਲ ਆ, ਮੁੱਖ ਮੰਤਰੀ ਹਰਿਆਣੇ ਦਾ ਤੇ ਉਹਨੂੰ ਗੱਡੀ ਚੜ੍ਹਾਉਣਾ ਵੀ ਆ। ਮਨਘੜਤ ਨਹੀਂ, ਹਰ ਹੀਲੇ ਚੜ੍ਹਾਉਣਾ। ਸੁਨੇਹਾ ਵੀ ਪਹੁੰਚ ਗਿਆ, ਟੇਪ ਵੀ ਉਹਦੇ ਕੋਲੋ ਪਹੁੰਚ ਗਈ ਆ। ਪ੍ਰਬੰਧ ਉਹ ਵੀ ਆਪ ਦਾ ਕਰੀ ਫਿਰਦਾ ਤੇ ਉਹਨੂੰ ਕਿਹਾ ਬੱਚੂ ਭਾਵੇਂ ਸਮੁੰਦਰ 'ਚ ਘਰ ਪਾ ਲਈਂ, ਤੈਨੂੰ ਮਿਲਾਂਗੇ ਜ਼ਰੂਰ ਤੇ ਇਹ ਕਹਿੰਦੇ ਆ ਭਿੰਡਰਾਂਵਾਲਾ ਕਾਂਗਰਸ ਨਾਲ ਰਲ਼ਿਆ। ਇਹ ਇਕੱਲੀਆਂ ਗੱਲਾਂ ਨਹੀਂ ਮਿਲ ਕੇ ਵੀ ਦਿਖਾਵਾਂਗੇ, ਜੇ ਗੁਰੂ ਨੇ ਕਿਰਪਾ ਕੀਤੀ। ਉਹਨੂੰ ਇਹ ਵੀ ਕਹਿ ਦਿੱਤਾ ਅੱਬਲ ਤੇ ਜਿਉਂਦਿਆਂ ਜਿਉਂਦਿਆਂ ਮਿਲੂੰ, ਨਹੀਂ ਤੇ ਗੁਰੂ ਦੀ ਕਿਰਪਾ ਨਾਲ ਹੁਣ ਤਿਆਰ ਬਹੁਤ ਹੋ ਗਏ ਨੌਜੁਆਨ, ਤੈਨੂੰ ਕੌਮ ਮਿਲੂ ਗੀ ਜ਼ਰੂਰ। ਮਿਲਣ ਦਾ ਕਾਰਨ ਕੀ ਆ ? ਉਹਨੂੰ ਇਹ ਦੱਸਣਾਂ ਕਿ ਅਸੀਂ ਤੁਹਾਡੀਆਂ ਤੀਹ-ਤੀਹ ਹਜ਼ਾਰ ਛੁਡਾ ਕੇ ਦਿੱਤੀਆਂ ਤੇ ਅੱਜ ਤੁਸੀਂ ਸਾਡੀ ਇਜ਼ਤ ਨੂੰ ਹੱਥ ਪਾਉਂਦੇ ਹੋਂ। ਸਾਡੀ ਅਣਖ਼ ਨੂੰ ਵੰਗਾਰਦਾ। ਗਿੱਦੜਾਂ ਦੇ ਪੁੱਤ ਸ਼ੇਰਾਂ ਨੂੰ ਵੰਗਾਰਨ ਲੱਗ ਪਏ।

ਦਰਬਾਰ ਸਾਹਿਬ 'ਤੇ ਹਮਲਾ ਹੋਣ ਸਮੇਂ ਬਦਲਾ ਲੈਣ ਦੀ ਅਪੀਲ

ਖ਼ਾਲਸਾ ਜੀ ਸਮਾਪਤੀ 'ਤੇ ਬੇਨਤੀ ਆ, ਦ੍ਰਿੜਤਾ ਸਹਿਤ ਚੱਲੋ, ਸ਼ਸ਼ਤਰਧਾਰੀ ਹੋਵੋ, ਅਜਿਹੇ ਪੰਥ ਦੋਖੀਆਂ ਤੋਂ ਆਪਣਾ ਹੱਕ ਲਉ। ਨਸ਼ਿਆ ਦਾ ਤਿਆਗ ਕਰੋ, ਕੇਸ ਦਾਹੜਾ ਸਾਬਤ ਰੱਖੋ, ਅੰਮ੍ਰਿਤ ਛਕੋ, ਗੁਰੂ ਦੇ ਲੜ ਲੱਗੋ ਤੇ ਜਿੱਦੇਂ ਪਤਾ ਲੱਗ ਜਾਏ ਇਸ ਅਸਥਾਨ 'ਤੇ ਪੁਲੀਸ ਤੇ ਫ਼ੌਜ ਦਾਖਲ ਹੋਈ ਆ, ਉਦੋਂ ਨੇੜਲੇ ਕਸਬਿਆਂ ਤੇ ਸ਼ਹਿਰਾਂ ਵਿੱਚ ਛੱਲੀ ਰਾਮ ਤੇ ਗੁੱਲੀ ਰਾਮ ਨਹੀਂ ਕੋਈ ਦਿਸਣਾ ਚਾਹੀਦਾ, ਪਰ ਪੂਰਾ ਪਤਾ ਲੱਗਣ 'ਤੇ.....। ਅਫਵਾਹਾਂ ਸੁਣ ਕੇ ਈ ਨਾ ਕਿਤੇ ਬੁੜਕਾ ਸੁੱਟਿਉ। ਉਂ ਹਿੰਦੂਆਂ ਨਾਲ ਸਾਡਾ ਵੈਰਾ ਕੋਈ ਨਹੀਂ, ਪਰ ਜੇ ਹਿੰਦੂ ਸਾਮਰਾਜ ਦੇ ਨਸ਼ੇ ਵਿੱਚ ਆ ਕੇ ਦਰਬਾਰ ਸਾਹਿਬ 'ਤੇ ਚੜ੍ਹਾਈ ਕਰਨ ਦੀ ਗ਼ਲਤੀ ਕੀਤੀ, ਲੋਹੇ ਦੇ ਚਣੇ ਚਬਾ ਦਿਆਂਗੇ। ਦੁਨੀਆਂ ਯਾਦ ਕਰੂਗੀ। ਮੇਰਾ ਫਿਕਰ ਕਰਿਉ ਨਾ, ਇਕ ਲੱਖ ਦੀ ਢੇਰੀ ਪਹਿਲੇ ਪੂਰ 'ਚ ਲੱਗੂਗੀ। ਇਤਨੇ ਨੂੰ ਤੁਸੀਂ ਪਿੰਡਾਂ ਪਿੰਡਾਂ ਵਿੱਚ ਜਾਗ ਈ ਪਵੋਂਗੇ। ਬੋਲਦਿਆਂ ਗ਼ਲਤੀ ਹੋਈ ਹੋਵੇ ਤਾਂ ਅਨਜਾਣ ਤੇ ਅਨਪੜ੍ਹ ਜਾਣ ਕੇ ਗੁਰੂ ਦੀ ਸੰਗਤ ਮੁਆਫ਼ ਕਰਿਉ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਵਿਆਖਿਆਨ ੪੩.

(ਗੁਰੂ ਰਾਮ ਦਾਸ ਲੰਗਰ, ਅੰਮ੍ਰਿਤਸਰ, ੨੪-੦੫-੧੯੮੪)

ਸਤਿਗੁਰੂ ਸੱਚੇ ਪਾਤਿਸ਼ਾਹ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਇਕੱਤਰ ਹੋਏ ਗੁਰੂ ਰੂਪ ਗੁਰੂ ਖ਼ਾਲਸਾ ਸਾਧ ਸੰਗਤ ਜੀਉ, ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਗੁਰੂ ਪਿਆਰੇ ਖ਼ਾਲਸਾ ਜੀ, ਸਾਹਿਬ ਸ੍ਰੀ ਗੁਰੂ ਰਾਮਦਾਸ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਕਿਰਪਾ ਦਾ ਸਦਕਾ ਇਥੇ ਪਹੁੰਚ ਕੇ ਤੁਸਾਂ, ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਇਸ਼ਨਾਨ ਕੀਤੇ ਹਨ। ਆਪਣੇ ਆਪ ਨੂੰ ਸਫ਼ਲਿਆ ਕੀਤਾ ਹੈ, ਵਡਭਾਗੀ ਬਣੇ ਹੋ। ਜਿਹੜੇ ਜਥੇ ਵਿੱਚ ਜਾਣ ਵਾਲੇ ਸਿੰਘ ਆ। ਮੈਂ ਆਪਣੇ ਵੱਲੋਂ ਉਹਨਾਂ ਸਾਰਿਆਂ ਨੂੰ, ਜੀ ਆਇਆਂ ਆਖਦਾਂ ਅਤੇ ਸਾਰਿਆਂ ਦਾ ਧਨਵਾਦ ਵੀ ਕਰਦਾ ਹਾਂ ਕਿ ਜਿਹਨਾਂ ਨੇ ਆਪਣੇ ਦੁਨਿਆਵੀ ਧੰਦਿਆਂ ਨੂੰ ਸੰਕੋਚ ਕੇ, ਪੰਥਕ ਕਾਰਜ ਵਾਸਤੇ ਕਮਰ ਕੱਸੇ ਕੱਸ ਕੇ, ਤਿਆਰੀ ਕੀਤੀ ਹੈ, ਸਾਰੇ ਵਡਭਾਗੀ ਹੋਂ।

ਬੀਬੀ ਰਜਿੰਦਰ ਕੌਰ ਦਾ ਸੰਤਾਂ ਵਿਰੁੱਧ ਪ੍ਰਚਾਰ

ਅਖ਼ਬਾਰਾਂ ਪੜ੍ਹਨ ਵਾਲੇ, ਹਰ ਰੋਜ਼ ਤੁਸੀਂ ਅਖ਼ਬਾਰਾਂ ਪੜ੍ਹਦੇ ਹੋ ਅਤੇ ਅਖ਼ਬਾਰਾਂ ਵਿੱਚੋਂ ਜੋ ਕੁਝ ਤੁਹਾਨੂੰ ਮਿਲਦਾ ਹੈ, ਉਹਦੇ ਤੋਂ ਤੁਹਾਨੂੰ ਵੀ ਪਤਾ ਹੈ ਕਿ ਕਿੰਨਾ ਕੁ ਹਿਰਦਾ ਤੁਹਾਡਾ ਸ਼ਾਂਤ ਹੁੰਦਾ ਜਾਂ ਭਟਕਣਾ ਵਾਲੇ ਪਾਸੇ ਨੂੰ ਤੁਰਦਾ ਹੈ। ਆਹ ਰਿਸਾਲਾ ਮੇਰੇ ਹੱਥ ਵਿੱਚ ਇੱਕ ਹੈ, ਬੀਬੀ ਰਜਿੰਦਰ ਕੌਰ ਦਾ ਛਪਿਆ ਹੋਇਆ, 'ਸੰਤ ਸਿਪਾਹੀ' ਉਹਦਾ ਨਾਂਅ ਕਹਿੰਦੇ ਆ। ਆਹ ਰਿਸਾਲਾ (ਵਿਖਾਉਂਦੇ ਹੋਏ), ਫੋਟੋ ਛਾਪੀ ਆ ਸਾਡੀ ਦੋਹਾਂ ਦੀ, ਮੇਰੀ ਵੀ ਤੇ ਲੌਂਗੋਵਾਲ ਦੀ ਵੀ। ਇਹਦੇ ਵਿੱਚ ਇਹਨੇ ਕੁਝ ਲਾਈਨਾਂ ਲਿਖੀਆਂ। ਇਹ ਕਹਿੰਦੀ ਆ ਕਿ ਜਥੇਦਾਰ ਸਾਹਿਬਾਨ ਤੇ ਸਿੰਘ ਸਾਹਿਬਾਨ ਜੀ ਨੂੰ ਆਪਣੀ ਸਰਗਰਮੀ ਤਾਂ ਸਿੱਖ ਸਿਧਾਂਤ ਤੇ ਸਿੱਖ ਪਰੰਪਰਾ ਨੂੰ ਠੀਕ ਸੇਧ ਦੇਣ ਤੱਕ ਹੀ ਸੀਮਤ ਰੱਖਣੀ ਚਾਹੀਦੀ ਆ। ਇਹ ਸਮਝੌਤੇ ਵਗੈਰਾ ਕਰਾਉਣੇ ਉਹਨਾਂ ਦੇ ਵੱਸ ਦਾ ਰੋਗ ਨਹੀਂ। ਇਹ ਸਮਝੌਤਾ ਉਹ ਹੀ ਕਰਾ ਸਕਦਾ ਸੀ, ਜਿਹੜਾ ਦੋਹਾਂ ਸੰਤਾਂ ਨੂੰ ਉਹਨਾਂ ਦੇ ਮੂੰਹ 'ਤੇ ਸੱਚੀ ਸੱਚੀ ਗੱਲ ਕਹਿ ਸਕੇ ਤੇ ਉਹਨਾਂ ਦੀਆਂ ਗ਼ਲਤੀਆਂ ਨੂੰ ਸਾਹਮਣੇ ਖੋਲ ਸਕੇ। ਐਸਾ ਕਰਨ ਦੀ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲਿਆਂ ਤੇ ਬਾਬਾ ਖੜਕ ਸਿੰਘ ਜੀ ਕੋਲੋਂ ਆਸ ਸੀ, ਜੋ ਗੱਲ ਖੜਕਾ ਕੇ ਕਰ ਸਕਦੇ ਹਨ ਪਰ ਉਹ ਵੀ ਗੱਲ ਸਿਰੇ ਨਾ ਚੜ੍ਹਦੀ ਵੇਖ ਕੇ ਲਾਂਭੇ ਹੋ

ਕੇ ਬੈਠ ਗਏ ਹੀ ਲੱਗਦੇ ਹਨ, ਪਰ ਉਹਨਾਂ ਨੂੰ ਚੁੱਪ ਨਹੀਂ ਰਹਿਣਾ ਚਾਹੀਦਾ ਤੇ ਸਾਰੀ ਗੱਲਬਾਤ ਸਾਹਮਣੇ ਲਿਆਉਣੀ ਚਾਹੀਦੀ ਹੈ। ਜੋ ਵੀ ਪੰਥ ਦੀ ਖਾਤਰ ਆਪਣੇ ਗੁੱਸੇ ਗਿਲੇ ਭਲਾਉਣ ਲਈ ਤਿਆਰ ਨਹੀਂ, ਉਸਦਾ ਸੰਗਤਾਂ ਨੂੰ ਪਤਾ ਹੋਣਾ ਚਾਹੀਦਾ। ਅਸਲ ਝਗੜਾ ਤਾਂ ਸ. ਸੁਰਿੰਦਰ ਸਿੰਘ ਸੋਢੀ ਦੇ ਕਤਲ ਤੋਂ ਵਧਿਆ ਹੋਇਆ ਹੈ। ਸ਼ਿੰਦਾ ਤੇ ਮਲਕ ਸਿੰਘ ਭਾਟੀਆ ਦੋਵੇਂ ਸੰਤ ਭਿੰਡਰਾਂਵਾਲਿਆਂ ਦੇ ਹੀ ਬੰਦੇ ਸਨ। ਇਹਨੇ ਇਹਦੇ (ਰਿਸਾਲੇ) ਵਿੱਚ ਲਿਖਿਆ ਤੇ ਹੁਣ ਉਹ ਤਾਂ ਦੋਵੇਂ ਇਥੇ ਨਹੀਂ, ਉਹਨਾਂ ਦੇ ਰਿਸ਼ਤੇਦਾਰ ਆਪਣੇ ਕੋਲੇ ਇਥੇ ਬੈਠੇ ਆ। ਇੱਕ ਸਿੰਘ ਦੇ ਤੇ ਦੂਜਿਆਂ ਦੇ ਤਾਂ ਸ਼ਾਇਦ ਪਤਾ ਨਹੀਂ ਇਥੇ ਕੋਈ ਹੈਗਾ ਕਿ ਨਹੀਂ। ਕੋਈ ਇੱਕ ਬੰਦਾ ਵੀ ਦੱਸ ਸਕਦਾ ਕਿ ਮੇਰੇ ਜਥੇ ਵਿੱਚ ਉਹ ਭਰਤੀ ਹੋਇਆ ਹੋਵੇ ਤੇ ਜਾਂ ਮੇਰੇ ਕੋਲੇ ਰਿਹਾ ਹੋਵੇ। ਜਿਸ ਤਰ੍ਹਾਂ ਤੁਸੀਂ ਮੇਰੇ ਕੋਲ ਬੈਠੇ ਹੋ, ਇਸੇ ਤਰ੍ਹਾਂ ਹੀ ਉਹ.....। ਉਹਨਾਂ ਵਿੱਚੋਂ ਮਲਕ ਸਿੰਘ ਭਾਟੀਆ ਇਸੇ ਤਰ੍ਹਾਂ ਆ ਜਾਂਦਾ ਸੀ। ਸ਼ਿੰਦੇ ਨਾਲ ਸਾਡਾ ਕੋਈ ਲੈਣ ਦੇਣ, ਕੋਈ ਆਵਾ-ਜਾਈ ਨਹੀਂ ਸੀ। ਸ਼ਿੰਦਾ ਜੇਲ੍ਹ ਵਿੱਚੋਂ ਆਉਂਦਿਆਂ ਪਹਿਲਾਂ ਆਇਆ ਈ ਗੁਰਚਰਨ ਕੋਲੇ ਆ ਤੇ ਗੁਰਚਰਨ ਕੋਲੇ ਉਹ ਰਹਿੰਦਾ ਰਿਹਾ, ਹਾਂ ਜਿਵੇਂ ਤੁਸੀਂ ਸੰਗਤ ਵਿੱਚ ਹੁਣ ਬੈਠੇ ਆਂ, ਇਸ ਤਰ੍ਹਾਂ ਜ਼ਰੂਰ ਸੰਗਤ ਵਿੱਚ ਕਦੇ ਨਾ ਕਦੇ ਉਹ ਆ ਜਾਂਦਾ ਸੀ। ਇੱਕ ਬੰਦਾ ਕੋਈ ਦੱਸੋ ਕਿ ਮੈਂ ਉਹਨੂੰ ਆਪਣਾ ਬਾਡੀਗਾਰਡ ਬਣਾ ਕੇ ਰੱਖਿਆ ਹੋਵੇ ਜਾਂ ਉਹਨੂੰ ਆਪਣਾ ਹਥਿਆਰ ਦਿੱਤਾ ਹੋਵੇ ਤੇ ਇਹ ਕਹਿੰਦੀ ਆ, ਉਹ ਦੋਵੇਂ ਬੰਦੇ ਭਿੰਡਰਾਂਵਾਲਿਆਂ ਦੇ ਸੀ।

ਅੱਗੇ ਚੱਲ ਕੇ ਹੋਰ ਕੀ ਲਿਖਿਆ (ਰਸਾਲੇ ਵਿੱਚ) ਅਖੇ ਸੰਤ ਭਿੰਡਰਾਂਵਾਲਿਆਂ ਦੇ ਕੈਂਪ ਵਾਲੇ ਸ. ਗੁਰਚਰਨ ਸਿੰਘ ਸਾਬਕਾ ਸਕੱਤਰ ਸ਼੍ਰੋਮਣੀ ਅਕਾਲੀ ਦਲ ਦਾ ਨਾਮ, ਸੋਢੀ ਨੂੰ ਮਾਰਨ ਦੀ ਸਾਜ਼ਿਸ਼ ਵਿੱਚ ਲੈਂਦੇ ਹਨ। ਅੱਗੇ ਲਿਖਦੀ ਆ ਕਿ ਇੱਕ ਮਿੰਟ ਮੰਨ ਵੀ ਲਵੋ ਕਿ ਗੁਰਚਰਨ, ਸੋਢੀ ਦੇ ਕਤਲ ਦੀ ਸਾਜ਼ਿਸ਼ ਵਿੱਚ ਸ਼ਾਮਲ ਸੀ, ਪਰ ਕੀ ਸੰਤ ਭਿੰਡਰਾਂਵਾਲੇ ਪੰਥ ਖ਼ਾਤਰ ਇੱਕ ਬੰਦੇ ਨੂੰ ਬਖ਼ਸ਼ ਨਹੀਂ ਸਕਦੇ। ਕਹਿੰਦੀ ਆ ਕਿ ਇੱਕ ਬੰਦੇ ਨੂੰ ਭਿੰਡਰਾਂਵਾਲੇ ਪੰਥ ਦੀ ਬਾਬਤ, ਅਖੇ ਬਖ਼ਸ਼ ਨਹੀਂ ਸਕਦੇ। ਇਹ ਹੁਣ ਤੁਸੀਂ ਸੋਚ ਲਉ ਕਿ ਮੇਰਾ ਉਹ ਕਾਤਲ ਹੋਵੇ ਤੇ ਮੇਰੇ ਜਥੇ ਦੇ ਮੈਂਬਰਾਂ ਦਾ ਕਾਤਲ ਹੋਵੇ, ਉਹਨੂੰ ਤਾਂ ਬਖ਼ਸ਼ ਦਿਉ ਪਰ ਤੁਸੀਂ ਉਹਨੂੰ ਕੱਛ 'ਚ ਦੇ ਕੇ ਰੱਖ ਲਉ। ਇੱਕ ਪਾਸੇ (ਮੋਰਚਾ) ਡਿਕਟੇਟਰ ਦਾ ਬਿਆਨ ਛਪਿਆ ਉਦੋਂ, ਜਿੰਦੇਂ ਮੈਂ ਬਿਆਨ ਦਿੱਤਾ। ਮੇਰਾ ਬਿਆਨ ਤੇ ਹੈਗਾ ਕਿ ਪੰਥਕ ਏਕਤਾ ਨੂੰ ਮਜ਼ਬੂਤ ਰੱਖੋ। ਮੈਂ ਕੋਈ ਵੱਖਰਾ ਅਕਾਲੀ ਦਲ ਨਹੀਂ ਬਣਾ ਰਿਹਾ, ਲੰਗਰ ਵਾਸਤੇ ਜਿੰਨੀ ਸੇਵਾ ਕਰ ਸਕਦੇ (ਹੋ), ਗੁਰੂ ਰਾਮ ਦਾਸ ਦੇ ਲੰਗਰ ਵਾਸਤੇ ਉਹ ਕਰੋ ਤੇ ਜਥੇ ਲਿਆਉ ਤੇ ਡਿਕਟੇਟਰ ਦਾ ਬਿਆਨ ਉਦੋਂ ਛਪਿਆ....., ਇੱਕੋ ਅਖ਼ਬਾਰ ਵਿੱਚ ਛਪੀਆਂ ਦੋਵੇਂ ਖ਼ਬਰਾਂ ਕਿ ਇੱਕ ਵਿਅਕਤੀ ਉੱਪਰੋਂ ਪੰਥ ਕੁਰਬਾਨ ਨਹੀਂ ਕੀਤਾ ਜਾ ਸਕਦਾ ਤੇ ਰਜਿੰਦਰ ਕੌਰ ਲਿਖਦੀ ਆ ਕਿ ਅਖੇ ਭਿੰਡਰਾਂਵਾਲਾ ਕੀ ਇੱਕ ਬੰਦੇ ਨੂੰ ਪੰਥ ਦੀ ਖ਼ਾਤਰ ਅਖੇ ਬਖ਼ਸ਼ ਨਹੀਂ ਸਕਦਾ। ਉਹ ਲੱਗਦਾ ਕੀ ਆ ? ਤੇ ਪੰਥ ਕਿਹੋ ਜਿਹਾ ? ਕਿਹੋ ਜਿਹਾ ਅਕਾਲੀ ਦਲ ਆ ? ਕੀ ਪੰਥ ਦੀ ਬਾਬਤ ਇੱਕ ਬੰਦਾ, ਜਿਹੜਾ ਸਾਰੀ ਕੌਮ ਨੂੰ ਮਚਦੇ ਭੱਠ 'ਚ ਸੁੱਟ ਰਿਹਾ, ਉਹਨੂੰ ਪੰਥ ਕੱਢ ਨਹੀਂ ਸਕਦਾ ਇਥੋਂ ? ਫਿਰ ਅੱਗੇ ਜਾ ਕੇ ਲਿਖਦੀ ਆ ਕਿ ਘਰੋਂ ਤਾਂ ਅਖੇ ਕਿਸੇ ਕੁੱਤੇ ਨੂੰ ਵੀ ਨਹੀਂ ਕੱਢਿਆ ਜਾ ਸਕਦਾ, ਇਹ ਤਾਂ ਫਿਰ ਸਕੱਤਰ ਰਿਹਾ ਤੇ ਜਿਹੜਾ ਕੁੱਤਾ ਹਲਕ ਜਾਵੇ, ਉਹਨੂੰ ਘਰੇ ਬੰਨਦੇ ਹੁੰਦੇ ਲੋਕ। (.....ਸੰਗਤ ਵਿੱਚੋਂ ਅਵਾਜ਼.....) ਤੇ ਇਹ ਇੱਕ

ਥਾਂ ਲਿਖਦੀ ਆ, ਅਖੇ ਗੁਰਚਰਨ ਸਿੰਘ ਨੂੰ ਜਿਸ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੀ ਸਕੱਤਰੀ ਤੋਂ ਬਰਖ਼ਾਸਤ ਕੀਤਾ ਗਿਆ ਹੈ, ਉਹ ਸ਼੍ਰੋਮਣੀ ਅਕਾਲੀ ਦਲ ਨੂੰ ਸੋਭਦਾ ਨਹੀਂ। ਇੱਕ ਥਾਂ 'ਤੇ ਇਹ ਲਿਖਦੀ ਆ ਤੇ ਅੱਗੇ ਜਾ ਕੇ ਫਿਰ ਲਿਖਿਆ, ਅਖੇ ਸ਼੍ਰੋਮਣੀ ਅਕਾਲੀ ਦਲ ਤਾਂ ਜੋ ਸਜ਼ਾ ਸ. ਗੁਰਚਰਨ ਸਿੰਘ ਨੂੰ ਦੇ ਸਕਦਾ ਸੀ, ਉਹ ਸ਼ੱਕ ਦੀ ਬਿਨਾ ਉੱਤੇ ਉਸ ਨੂੰ ਦਿੱਤੀ ਜਾ ਚੁੱਕੀ ਆ। ਇਸ ਤੋਂ ਵੱਧ ਸ਼੍ਰੋਮਣੀ ਅਕਾਲੀ ਦਲ ਕਰ ਕੀ ਸਕਦਾ ? ਇੱਕ ਪਾਸੇ ਤਾਂ ਕਹਿੰਦੀ ਹੈ ਜੋ ਬਰਖ਼ਾਸਤ ਕੀਤਾ ਉਹ ਸੋਭਦਾ ਨਹੀਂ ਤੇ ਆਪਣੀ ਕਲਮ ਨਾਲ ਹੀ ਦੂਜੇ ਪਹਿਰੇ 'ਚ ਲਿਖਦੀ ਆ ਕਿ ਅਖੇ ਇਦੋਂ ਵੱਧ ਇਹ ਕਰ ਕੀ ਸਕਦੇ ਸੀ। 'ਆਪੇ ਮੱਥਾ ਟੇਕਿਆ ਆਪੇ ਗੁਰ ਭਾਗਣ'। ਬੀਬੀ ਆ ਇਹ, ਇਹਦੇ ਬਾਰੇ ਮੈਨੂੰ ਕੋਈ ਬਹੁਤਾ ਕਹਿਣਾ ਸੋਭਦਾ ਨਹੀਂ ਤੇ ਕੋਈ ਮਰਦ ਹੋਵੇ ਤਾਂ ਇਹੋ ਜਿਹੀ ਗੱਲ ਲਿਖੀ ਕਿਤੇ ਮੈਨੂੰ ਮਿਲ ਜਾਵੇ, ਤਾਂ ਮੈਂ ਉਹਦੇ ਬਾਰੇ 'ਚ ਜੁਆਬ ਦਿੰਦਾ ਚੰਗਾ ਲੱਗਦਾਂ ? ਸਾਰੀ ਕੌਮ ਨੂੰ ਮੱਚਦੇ ਭੱਠ ਵਿੱਚ ਪਾ ਦਿੱਤਾ ਤੇ ਸਿੰਘਾਂ ਦਾ ਕਾਤਲ ਆ ਤੇ ਪੰਥ ਵਿੱਚ ਸਭ ਤੋਂ ਮੋਢੀ ਫੁੱਟ ਦਾ ਬਣ ਕੇ ਬਹਿ ਗਿਆ। ਉਹਨੂੰ ਛਾਤੀ ਨਾਲ ਲਾਈ ਬੈਠੇ ਤੇ ਉਸ ਦਾ ਸੁਨੇਹਾ ਤੇ ਸਿਖਿਆ ਭਿੰਡਰਾਂਵਾਲਿਆਂ ਨੂੰ ਦਿੰਦੇ ਆ। ਫਿਰ ਕਹਿੰਦੇ ਅਖੇ ਕਿ ਭਿੰਡਰਾਂਵਾਲਿਆਂ ਦੇ ਬੰਦੇ ਕਹਿੰਦੇ, ਅਖੇ ਜੀ ਗੁਰਚਰਨ ਨੂੰ ਮਾਰਨਾ। ਉਹ ਮੇਰੇ ਕੋਲੇ ਤੇ....., ਜੇ ਕਿਤੇ ਮੈਨੂੰ ਮਿਲ ਪਈ ਤਾਂ ਮੈ ਪੁੱਛੋਂਗਾ ਕਿ ਦੱਸ ਕਿਹੜੇ ਬੰਦੇ ਨੇ ਕਿਹਾ ? ਇਸੇ ਤਰ੍ਹਾਂ ਹੀ ਪਰਸੋ ਇੱਥੇ ਇੱਕ ਨਾਟਕ ਖੇਡਿਆ ਗਿਆ, ਡਰਾਮਾ ਖੇਡਿਆ ਗਿਆ।

ਇੱਦਾਂ ਭਰਮਾ ਕਿ ਕਿਸੇ ਮਨੁੱਖ ਤੋਂ ਤੇ ਉਥੇ ਅਕਾਲੀ ਦਲ ਦੀ ਸਟੇਜ 'ਤੇ ਬੁਲਾਇਆ ਗਿਆ ਕਿ ਭਿੰਡਰਾਂਵਾਲਾ ਮਾਰਨ ਵਾਸਤੇ ਸਾਜ਼ਿਸ਼ਾਂ ਘੜਦਾ। ਓ ਜੇ ਮੈਂ ਸਾਜ਼ਿਸ਼ ਘੜਨੀ ਹੋਊ ਤੇ (ਪੰਥ ਦੇ ਦੁਸ਼ਮਣ) ਨੂੰ ਮਾਰਨ ਦੀ ਘੜੂੰ, (ਕਿਸੇ ਜੁਝਾਰੂ ਨੂੰ ਮਾਰਨ ਦੀ ਨਹੀਂ) ਅੱਜ ਸਾਜ਼ਿਸ਼ਾਂ ਪ੍ਰਤੀਤ ਹੁੰਦੀਆਂ ਤੇ ਜਿੱਦੋਂ ਵਰੰਟ ਜਾਰੀ ਸੀ। ਅਕਾਲੀ ਦਲ ਮਾਰ ਮਾਰ ਲੱਤਾਂ, ਇਥੋਂ ਸਮੁੰਦਰੀ ਹਾਲ 'ਚੋਂ ਤੇ ਗੁਰੂ ਨਾਨਕ ਨਿਵਾਸ ਵਿੱਚੋਂ ਕੱਢਦਾ ਸੀ ਤੇ ਮੈਂ ਦਿੱਲੀ ਪਰਚਾਰ ਕਰਨ ਗਿਆਂ, ਤੇ ਸਿਰ 'ਤੇ ਕੱਫਨ ਬੰਨ ਕੇ ਮੈਂ ਨਾਲ ਲੈ ਕੇ ਗਿਆਂ ਬੱਸ 'ਤੇ ਇਹਨਾਂ ਨੂੰ ਦਿੱਲੀ। ੧੦ ਦਿਨ ਨਾਲ ਰੱਖੇ ਆ, ਉਥੇ ਇੱਕ ਬੰਦੇ ਨੇ ਮੈਨੂੰ ਪੁੱਛਿਆ ਵੀ। ਅਖੇ ਸੰਤ ਜੀ ਇਹ ਵਰੰਟਡ ਨਹੀਂ ? ਮੈਂ ਕਿਹਾ ਵਰੰਟਡ ਆ ਤੇ ਤੂੰ ਕੀ ਲੈਣਾ ? ਸੀ.ਆਈ.ਡੀ. ਦਾ ਸੀ। ਕਹਿੰਦਾ ਜੀ ਅਖੇ ਤੁਸੀਂ ਨਾਲ ਲਈ ਫਿਰਦੇ, ਗੱਲ ਕੀ ਆ ? ਮੈਂ ਕਿਹਾ ਗੱਲ ਕੀ ਹੋਣੀ ਸੀ ਜਿਹਨੂੰ ਸਰਕਾਰ ਨੇ ਭਗੌੜਾ ਕਰਾਰ ਦਿੱਤਾ ਸਿੱਖਾਂ ਨੂੰ, ਮੈਂ ਤਾਂ ਸਾਂਭਣੇ (ਸੰਭਾਲਣੇ) ਆਂ ਤੇ ਕਹਿੰਦਾ ਜੇ ਇਹਨਾਂ ਨੂੰ ਫੜਨ ਪਏ ਤੇ ਮੈਂ ਕਿਹਾ ਜਦੋਂ ਤੱਕ ਮੇਰਾ ਸਿਰ ਆ, ਮੈਂ ਦੇਣੇ ਨਹੀਂ ਤੇ ਜਦੋਂ ਮੈਂ ਮਰ ਗਿਆ, ਪਿੱਛੋਂ ਕੋਈ ਲੈ ਜਾਊ ਤਾਂ ਮੇਰੀ ਕੋਈ ਜ਼ਿੰਮੇਵਾਰੀ ਨਹੀਂ ਤੇ ਜੇ ਫੜਨੇ ਆਂ ਤੇ ਤਕੜੇ ਹੋ ਕੇ ਆਇਉ। ਦਿੱਲੀ ਦੇ ਵਿੱਚ ਨਾਲ ਲਈ ਫਿਰਦਾ ਰਿਹਾਂ, ਇਹਨਾਂ ਰਿਸਕ ਲੈ ਕੇ ਵੀ ਤੇ ਅੱਜ ਇਥੇ ਪ੍ਰਾਪੇਗੰਡਾ ਕਰਦੇ ਆ ਤੇ ਕਰਦੇ ਆ ਅਕਾਲੀ ਦਲ ਦੀ ਸਟੇਜ 'ਤੇ ਅਤੇ ਉਲਟਾ ਅਕਾਲੀ ਦਲ ਕਹਿੰਦਾ ਕਿ ਅਸੀਂ ਪੰਥਕ ਏਕਤਾ ਦੇ ਹੱਕ 'ਚ ਆਂ। ਇਹ ਤੁਸੀਂ ਦੱਸੋ ਖ਼ਾਲਸਾ ਜੀ, ਜਿੰਨੇ ਗੁਰੂ ਕੇ ਸਿੱਖ ਬੈਠੇ ਆਂ, ਕੀ ਇਹ ਪੰਥਕ ਏਕਤਾ ਜਾਂ ਪੰਥ ਦੇ ਵਿੱਚ ਫੁੱਟ ਪਾਊ ਪ੍ਰੋਗਰਾਮ ਆਂ ? ਕਿਉਂ ਭਈ ਬੋਲਦੇ ਨਹੀਂ ? ਪੜ੍ਹੇ ਲਿਖੇ ਬੈਠੇ ਓਂ, ਦੱਸੋ ? (ਸੰਗਤ ਵਿੱਚੋਂ ਆਵਾਜ਼ਾਂ) ਤੇ ਜੇ ਫੁੱਟ ਪਾਊ ਪ੍ਰੋਗਰਾਮ ਆਂ ਤੇ ਬਾਹਰ ਗਾਲ਼ਾਂ ਕੱਢਦੇ ਆ ਤੇ ਇਥੇ ਤੁਸੀਂ ੨-੨ ਹਜ਼ਾਰ ਦੇ ਜਥੇ ਲੈ ਕੇ ਤੁਰੇ ਆਉਂਦੇ ਓ ਤੇ ਮੁੜ ਕੇ

ਮੈਨੂੰ ਆਣ ਕੇ ਪੁੱਛਦੇ ਹੋ ਸੰਤ ਜੀ ਕੀ ਕਰੀਏ ? ਸੰਤ ਤੁਹਾਨੂੰ ਕੀ ਦੱਸਿਆ ਕਰੇ ? ਤੁਹਾਨੂੰ ਆਪੋਂ ਅਕਲ ਅਸਰ ਕੋਈ ਨਹੀਂ ਕਿਸੇ ਨੂੰ ? ਤੁਹਾਡੀ ਜ਼ਿੰਮੇਵਾਰੀ ਸੰਗਤ ਦੀ ਕੋਈ ਨਹੀਂ ? ਬੋਲਦੇ ਨਹੀਂ.....? ਕੀ ਗੱਲ.....? ਚੁੱਪ ਕਿਉਂ ਹੋ ਜਾਂਦੇ ਆਂ ? ਕਿਉਂ ਭਈ ਤੁਹਾਡੀ ਜ਼ਿੰਮੇਵਾਰੀ ਹੈ ਕਿ ਨਹੀਂ ? ਹੈਗੀ ਆ ਤਾਂ ਕੀ ਨਿਭਾਈ ਆ ?

੧੪ ਅਪਰੈਲ ਦਾ ਮਾਰਿਆ ਸੋਢੀ, ਕਿੰਨਾ ਚਿਰ ਹੋ ਗਿਆ ? ਦੱਸੋ ਜਿੰਨੀ ਸੰਗਤ ਬੈਠੇ ਆਂ, ਕਿਸੇ ਨੇ ਪ੍ਰੋਟੈਸਟ ਕੀਤਾ ਇਥੇ ? ਕਿਸੇ ਬੰਦੇ ਨੇ ਜਾ ਕੇ ਕਿਸੇ ਨੂੰ ਪੁੱਛਿਆ ਕਿ ਇਹ ਸੰਤਾਂ ਦਾ ਕਾਤਿਲ ਆ, ਤੂੰ ਇਹਨੂੰ ਕਿਉਂ ਬੈਠਾਇਆ ? ਦੱਸੋ ਜਿਹਨੇ ਪੁੱਛਿਆ, ਉੱਠ ਕੇ ਕਹੋ ਕੋਈ ? ਮੇਰੇ ਕੋਲ ਆ ਕੇ ਕਹਿੰਦੇ ਸੰਤ ਜੀ ਫਿਕਰ ਨਾ ਕਰ, ਅਸੀਂ ਕੁਤਰਾ ਕੁਤਰਾ ਹੋ ਜਾਵਾਂਗੇ, ਅਸੀਂ ਮਰ ਜਾਵਾਂਗੇ, ਸ਼ਹੀਦੀਆਂ ਪਾ ਜਾਵਾਂਗੇ ਤੇ ਤੁਹਾਨੂੰ ਤਕੜੇ ਰਹਿਣਾ ਚਾਹੀਦਾ। ਪੰਥਕ ਏਕਤਾ ਰਹਿਣੀ ਚਾਹੀਦੀ ਆ। ਮੇਰੇ ਉੱਤੇ ਜ਼ੋਰ ਦਈ ਜਾਨੇ, ਡੰਡਾ ਚਾੜ੍ਹੀ ਜਾਨੇ ਆਂ। ਮੈਨੂੰ ਕੋਈ ਬੰਦਾ ਉੱਠ ਕੇ ਕਹੋ, ਬਾਹੀਆਂ ਮਹੀਨਿਆਂ ਵਿੱਚ ਮੇਰੀ ਖ਼ਬਰ ਅਕਾਲੀ ਦਲ ਦੇ ਵਿਰੁੱਧ ਕਿਸੇ ਨੇ ਪੜ੍ਹੀ ਆ ਤੇ। ਗਾਲ੍ਹਾਂ ਉਹ ਕੱਢੀ ਜਾਂਦੇ ਆ। ਬੋਲਣਾ ਮੰਜੀ ਸਾਹਿਬ ਤੋਂ ਉਹਨਾਂ ਨੇ ਮੇਰਾ ਬੰਦ ਕੀਤਾ। ਲੌਂਗੋਵਾਲ ਦਾ ਆਪਣਾ ਬਿਆਨ ਆਂ ਤੇ ਆਹ ਉੱਠ ਕੇ ਰਜਿੰਦਰ ਕੌਰ ਵਰਗੀਆਂ ਵੀ ਲਿਖਣ ਲੱਗ ਗਈਆਂ ਰਸਾਲਿਆਂ ਵਿੱਚ।

ਫਿਰ ਅੱਗੇ ਜਾ ਕੇ ਅਗਾਂਹ (ਰਿਸਾਲੇ ਵਿੱਚ) ਹੋਰ ਲਿਖਿਆ, ਅਖੇ ਜੀ ਭਿੰਡਰਾਂਵਾਲੇ....., ਉਹਨੇ ਅਖੇ ਪ੍ਰਣ ਕੀਤਾ ਕਿ ਮੈਂ ਲੌਂਗੋਵਾਲ ਨਾਲ ਬੋਲਣਾ ਨਹੀਂ, ਪਰ ਅਖੇ ਇਹ ਸਿੱਖ ਇਤਿਹਾਸ ਦੇ ਉਲਟ ਆ, ਕਿਉਂਕਿ ਪੁਰਾਣੀਆਂ ਪ੍ਰੰਪਰਾਵਾਂ ਜਿਹੜੀਆਂ ਹਨ, ਉਹਨਾਂ ਵਿੱਚ ਅਖੇ ਲਿਖਿਆ ਕਿ ਜਿਹੜਾ ਸਿੰਘ ਪਹਿਲਾਂ ਫ਼ਤਹਿ ਬਲਾਉਂਦਾ, ਉਹਦੇ ਪਾਪ ਵੀ ਨਿਕਲ ਜਾਂਦੇ, ਜਿਹੜਾ ਪਿੱਛੋਂ ਬਲਾਉਂਦਾ ਉਹਦੇ ਵੀ। ਅਖੇ ਪਾਪ ਟਕਰਾ ਕੇ ਖ਼ਤਮ ਹੋ ਜਾਂਦੇ ਆ ਤੇ ਭਿੰਡਰਾਂਵਾਲੇ ਨੇ ਅਖੇ ਪ੍ਰਣ ਕਰ ਲਿਆ ਸਿੱਖ ਪ੍ਰੰਪਰਾਵਾਂ ਦੇ ਉਲਟ। ਭਿੰਡਰਾਂਵਾਲੇ ਦਾ ਪ੍ਰਣ ਤਾਂ ਸਿੱਖ ਪ੍ਰੰਪਰਾਵਾਂ ਦੇ ਉਲਟ ਆ ਤੇ ਇਹਦੇ ਪਿਉ ਦਾ ਸਿੱਖ ਪ੍ਰੰਪਰਾਵਾਂ ਦੇ ਅਨੁਕੂਲ ਸੀ, ਅਨੁਸਾਰ ਸੀ। ਇਹਨੂੰ ਪੁੱਛੋ ਕਿ ਤੇਰੇ ਪਿਤਾ ਨੇ ਮਰਨ ਵਰਤ ਰੱਖਿਆ ਸੀ ? ਸਿੱਖਾਂ 'ਚ ਕਿੱਥੇ ਲਿਖਿਆ ਮਰਨ ਵਰਤ ਰੱਖਣਾ ? ਫਿਰ ਉਹ ਪੂਰਾ ਕੀਤਾ ? ਫਿਰ ਜਿਹਨਾਂ ਦੇ ਬਾਬਤ ਲਿਖ ਰਹੀ ਆ, ਉਹਨਾਂ ਨੇ ਪ੍ਰਣ ਕਰਕੇ ਪੂਰਾ ਕੀਤਾ, ਹੁਣ ਦੇ ਮੌਕੇ ਵਾਲਿਆਂ ਨੇ ਵੀ ? ਕੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ, ਮੇਰਾ, ਬਾਦਲ ਦਾ, ਇਸੇ ਤਰ੍ਹਾਂ ਹੀ ਸੁਖਜਿੰਦਰ ਸਿੰਹੁ ਦਾ, ਬਰਨਾਲੇ ਦਾ, ਬਲਵੰਤ ਸਿੰਹੁ ਦਾ, ਇਹ ਟੈਲੀਵੀਜ਼ਨ ਉੱਤੇ (ਵੀਡੀਉ) ਨਹੀਂ ਭਰਿਆ। ਤਲਵੰਡੀ ਉਦੋਂ ਜੇਲ੍ਹ ਵਿੱਚ ਸੀ, ਜਦੋਂ ਪ੍ਰਣ ਦੀਆਂ ਗੱਲਾਂ ਹੋਈਆਂ। (ਉਹ) ਉਦੋਂ ਪਿੱਛੋਂ ਆਇਆ, ਫਿਰ ਤਲਵੰਡੀ ਨੇ ਵੀ ਇਥੇ ਆਣ ਕੇ, ਜਦੋਂ ਪਹੁੰਚਿਆ ਤੇ ਪ੍ਰਣ ਕੀਤਾ। ਸਾਰਿਆਂ ਨੇ ਪ੍ਰਣ ਕੀਤਾ ਕਿ ਅਸੀਂ ਦਿੱਲੀ ਨਹੀਂ ਜਾਣਾ। ਅਸੀਂ ਸਪਸ਼ਟੀਕਰਨ ਬਹੁਤ ਵੇਰਾਂ ਦੇ ਚੁੱਕੇ ਹਾਂ, ਇਹ ਹੁਣ ਗੌਰਮਿੰਟ ਦੀ ਮਰਜ਼ੀ ਆ ਜਾਂ ਤਾਂ ਐਲਾਨ ਕਰੇ ਤੇ ਜਾਂ ਇਥੇ ਆ ਕੇ ਸਾਨੂੰ ਜਵਾਬ ਦੇਵੇ। ਅਸੀਂ ਦਿੱਲੀ ਨਹੀਂ ਪਹੁੰਚਣਾ। ਇਹ ਖ਼ਾਲਸਾ ਜੀ ਟੈਲੀਵੀਜ਼ਨ (ਵੀਡੀਉ) 'ਤੇ ਭਰਿਆ ਹੋਇਆ। ਜੇ ਕਿਸੇ ਨੂੰ ਸ਼ੱਕ ਆ ਤੇ ਵੇਖ ਲਵੇ, ਮੇਰੇ ਕੋਲ ਟੇਪਾਂ ਵੀ ਭਰੀਆਂ। ਮੈਨੂੰ ਦੱਸੋ ਕਿ ਇਹਨਾਂ 'ਚੋਂ ਲੌਂਗੋਵਾਲ

ਤੇ ਚਲੋ ਡਿਕਟੇਟਰ ਕਰਕੇ ਤੇ ਨਹੀਂ ਗਿਆ ਬਾਹਰ, ਬਾਕੀ ਜਿਹਨਾਂ ਨੇ ਪ੍ਰਣ ਕੀਤਾ ਸੀ (ਉਹਨਾਂ ਵਿੱਚੋਂ), ਕਿਹੜਾ ਜਿਹੜਾ ਦਿੱਲੀ ਜਾ ਕੇ ਮਿਲਿਆ ਨਹੀਂ ਉਹਨੂੰ ? ਇਹ ਦੂਜਿਆਂ ਨੂੰ, ਘਰੋਂ ਫਰਿਜ ਦਾ ਪਾਣੀ ਪੀ ਕੇ ਸਲਾਹ ਦੇਣ ਆ ਗਈ ਆ। ਇੱਕ ਬੰਦਾ ਵੀ ਹੈ ਇਹਨਾਂ 'ਚ, ਜਿਹੜਾ ਨਹੀਂ ਗਿਆ ਦਿੱਲੀ ? ਸਾਰੇ ਕਛਹਿਰੇ ਚੁੱਕ ਕੇ ਸਾੜੀ ਦੇ ਮਗਰ ਤੁਰੇ ਫਿਰਦੇ ਆ, ਦਲੀਲਾਂ ਮੈਨੂੰ ਦਿੰਦੀ ਆ।

ਮੈਂ ਤਾਂ ਸੰਗਤ ਨੂੰ ਇਹੋ ਹੀ ਬੇਨਤੀ ਕਰੋਂਗਾ, ਮੈਂ ਨਾ ਤਾਂ ਤੁਹਾਡਾ ਸੰਤ ਹਾਂ ਅਤੇ ਨਾ ਤੁਹਾਡਾ ਲੀਡਰ ਆਂ। ਗੁਰੂ ਕੀ ਸਾਧ ਸੰਗਤ ਦਾ ਚੌਕੀਦਾਰ ਆਂ, ਨੌਕਰ ਆਂ ਤੁਹਾਡਾ। ਕੰਮ ਜਿਹੜਾ ਕਰਾਉਣਾ ਧਰਮ ਦੇ ਨਾਂਅ ਤੇ ਕਰਾ ਲਵੋ, ਪਰ ਕੁਝ ਜ਼ਿੰਮੇਵਾਰੀ ਤੁਹਾਡੀ ਹੁਣ ਵਿਸ਼ੇਸ਼ ਆ। ਆ ਫਟਕੇ (ਜੇਲ੍ਹ ਵਿੱਚ ਜਾਣ) ਵਾਲਿਆਂ ਨੂੰ ਖਾਸ ਕਰਕੇ ਅੱਜ ਕਹਾਂਗਾ। ਸਿੰਘੋ ਪਹਿਲਾਂ ਤਾਂ ਦੋ ਗੱਲਾਂ ਦਾ ਜਵਾਬ ਲਉ। ਜੇ ਮੇਰੇ ਬਾਰੇ ਕੋਈ ਸ਼ੱਕ ਆ ਤਾਂ ਮੈਥੋਂ ਉੱਠ ਕੇ ਜਵਾਬ ਲਉ। ਜੇ ਤੁਹਾਡੇ ਵਿੱਚੋਂ ਕਿਸੇ ਵੀ ਸਿੱਖ ਨੂੰ ਜਾਂ ਮਾਈ ਭਾਈ ਨੂੰ ਮੇਰੇ 'ਤੇ ਕਿਸੇ ਪ੍ਰਕਾਰ ਦੀ ਕੋਈ ਸ਼ੱਕ ਆ, ਤਾਂ ਉੱਠ ਕੇ ਮੈਨੂੰ ਪੁੱਛੋ ਕਿ ਭਿੰਡਰਾਂਵਾਲਿਆ ਤੈਨੂੰ ਕਾਂਗਰਸੀ ਕਹਿੰਦੇ ਆ, ਸਰਕਾਰ ਦਾ ਏਜੰਟ ਕਹਿੰਦੇ ਆ, ਇਹਦਾ ਜਵਾਬ ਦੇਹ ? ਪੰਥ ਦਾ ਗਦਾਰ ਕਹਿੰਦੇ ਆ। ਉਹ ਮੈਥੋਂ ਪੁੱਛੋ ਤੇ ਮੈਂ ਉੱਤਰ ਦਿਉਂਗਾ। ਨਹੀਂ ਤੇ ਜਿਹੜੀਆਂ ਮੈਂ ਗੱਲਾਂ ਕਹਿਨਾਂ, ਉਹਦਾ ਜਾਂ ਤੁਸੀਂ ਉੱਤਰ ਦਿਉ ਤੇ ਜਾਂ ਆਪਦੇ ਲੀਡਰਾਂ ਤੋਂ ਉੱਤਰ ਲੈ ਕੇ ਦਿਉ ਤੇ ਜੇ ਤੁਸੀਂ ਵੀ ਉੱਤਰ ਨਹੀਂ ਦਿੰਦੇ ਤੇ ਤੁਹਾਡੇ ਲੀਡਰ ਵੀ ਉੱਤਰ ਨਹੀਂ ਦਿੰਦੇ ਤਾਂ ਫਿਰ ਤੁਸੀਂ ਸੋਚ ਲਉ, ਕਿਹਦੇ ਦੇਣਦਾਰ ਹੋਵੋਂਗੇ ?

ਸਭ ਤੋਂ ਪਿਛਲੀਆਂ ਗੱਲਾਂ ਜਿਹੜੀਆਂ ਉਹ ਤਾਂ ਮੈਂ ਤੁਹਾਡੇ ਕੋਲ ਬਹੁਤੀਆਂ ਨਹੀਂ ਕਰਦਾ। ਪਹਿਲਾਂ ਦੋ ਗੱਲਾਂ ਦਾ ਮੈਨੂੰ ਜਵਾਬ ਲੈ ਕੇ ਦਿਉ, ਇਹਨਾਂ ਲੀਡਰਾਂ ਤੋਂ ਤੇ ਜੇ ਜਵਾਬ ਨਹੀਂ ਦਿੰਦੇ ਤੇ ਫਿਰ ਤੁਸੀਂ ਸੋਚੋ ਭਈ ਜਾਣਾ ਜਥੇ 'ਚ ਕਿ ਨਹੀਂ ਜਾਣਾ ? ਮੈਨੂੰ ਕਈ ਕਹਿੰਦੇ, ਅੱਜ ਮਿਲੇ ਸੀ ਪ੍ਰੇਮੀ ਸਿੰਘ, ਇਥੇ ਬੈਠੇ ਵੀ ਆ। ਅਖੇ ਜੀ ਤੂੰ ਕਹੇਂ ਤੇ ਫਿਰ ਨਹੀਂ ਅਸੀਂ ਜਾਂਦੇ। ਮੈਂ ਕਿਉਂ ਕਹਿ ਦਿਆਂ ? ਖੁਰਕ ਹੁੰਦੀ ਮੈਨੂੰ, (ਕਿ) ਮੈਂ ਕਹਾਂ ? ਮੇਰੀ ਜ਼ਿੰਮੇਵਾਰੀ ਆ ਜਦੋਂ ਤੁਹਾਡੇ 'ਤੇ ਸੰਕਟ ਆਉਂਦਾ। ਉਦੋਂ ਮੇਰੀ ਜ਼ਿੰਮੇਵਾਰੀ ਆ, ਮੈਂ ਤੁਹਾਡਾ ਸੰਕਟ ਕਿਵੇਂ ਟਾਲਣਾ ? ਤੁਹਾਡੀ ਸਹਾਇਤਾ ਮੈਂ ਕਿਵੇਂ ਕਰ ਸਕਦਾਂ, ਤੁਹਾਨੂੰ ਬਚਾਉਣਾ ਕਿਵੇਂ ਆਂ ? ਤੇ ਜਦੋਂ ਮੈਨੂੰ ਗਾਲ਼ਾਂ ਕੱਢਦੇ ਆ, ਮੈਂ ਤੁਹਾਨੂੰ ਆਪਣੇ ਬਾਰੇ ਕਿਉਂ ਕਹਾਂ ਭਈ ਆਹ ਕੁਝ ਕਰੋ, ਇਹ ਤੁਸੀਂ ਸੋਚੋ ਕੀ ਕਰਨਾ ? ਕਰਨਾ ਕਰੋ ਜੇ ਨਹੀਂ ਕਰਨਾ ਤੇ ਜਵਾਬ ਦੇ ਦਿਉ। ਪਹਿਲਾਂ ਤਾਂ ਇਹ ਦੱਸੋ, ਇਹਨਾਂ ਨੂੰ ਪੁੱਛੋ, ਅਕਾਲੀ ਦਲ ਲੌਂਗੋਵਾਲ ਨੂੰ, ਭਈ ਸਾਡਾ ਸੋਢੀ ਮਾਰਿਆ ਕਿਉਂ ਆਂ ? ਇਹਦਾ ਜਵਾਬ ਲੈ ਕੇ ਦਿਉ ਤੇ ਦੂਜਾ ਜਿਹੜਾ ਪਰਸੋਂ ਇਥੇ ਡਰਾਮਾ ਖੇਡਿਆ, ਉਹ ਕਿਸ ਆਧਾਰ 'ਤੇ ਖੇਡਿਆ ਗਿਆ, ਸ਼੍ਰੋਮਣੀ ਅਕਾਲੀ ਦਲ ਦੀ ਸਟੇਜ 'ਤੇ, ਜੇ ਸ਼੍ਰੋਮਣੀ ਅਕਾਲੀ ਦਲ ਦਾ ਹੱਥ ਨਹੀਂ ਤੇ ? ਜੇ ਹੱਥ ਆ ਤਾਂ ਇਕਬਾਲ ਹੋਵੇ।

ਟੌਹੜਾ ਸਾਹਿਬ ਮਿਲੇ ਸੀ ਕੱਲ ਮੈਨੂੰ। ਉਹਨਾਂ ਨੂੰ ਮੈਂ ਪੁੱਛਿਆ ਪ੍ਰਧਾਨ ਜੀ, ਉਥੇ ਤੁਹਾਡੇ ਸਾਹਮਣੇ ਮਾਰਚ ਹੋਇਆ, ਤੁਹਾਡੀ ਸਟੇਜ 'ਤੇ , ਇਸ ਗੱਲ ਦਾ ਉੱਤਰ ਦਿਉ ਕਿ

ਕਿਉਂ ਕੀਤਾ ਗਿਆ ? ਤੇ ਜੇ ਕੀਤਾ ਤੇ ਉਹਦੀ ਤਬਦੀਸ਼ ਕਰੋ ਤੇ ਮੈਥੋਂ ਪੜਤਾਲ ਕਰਕੇ ਪੁੱਛੋ। ਜੇ ਉਹਦੇ ਵਿੱਚ ਤੁਸੀਂ ਮੈਨੂੰ ਦੋਸ਼ੀ ਠਹਿਰਾ ਦਿਉ ਤੇ ਮੈਂ ਇਸ ਥਾਂ 'ਚ ਨਹੀਂ ਰਹੂੰਗਾ ਤੇ ਜਿਹੜੀ ਤੁਸੀਂ ਸਜ਼ਾ ਦਿਉਂਗੇ ਸਜ਼ਾ ਭੁਗਤੂੰ, ਨਹੀਂ ਤੇ ਛੱਡ ਕੇ ਬਾਹਰ ਚਲੇ ਜਾਉਂ। ਕਹਿੰਦੇ ਤੇਰਾ ਗੁਨਾਹ ਕੋਈ ਨਹੀਂ। ਮੈਂ ਕਿਹਾ ਜੇ ਗੁਨਾਹ ਕੋਈ ਨਹੀਂ ਤਾਂ ਜਿਹੜੀ ਪੰਜ ਸਿੰਘ ਸਾਹਿਬਾਨ ਨੇ ਅਪੀਲ ਕੀਤੀ ਆ। ਇਹ ਤੁਹਾਡੀ ਸ਼ਰਮ ਹੀ ਲੱਥ ਗਈ ਸਾਰਿਆਂ ਦੀ। ਹੁਕਮਨਾਮਾ ਜਾਰੀ ਹੋਵੇ, ਕੌਮ ਹੁਕਮਨਾਮਾ ਮੰਨੇ (ਕਿ) ਨਰਕਧਾਰੀਆਂ ਨਾਲ ਵਰਤਣਾ ਨਹੀਂ ਤੇ ਅਕਾਲੀ ਦਲ ਦੇ ਲੀਡਰ ਜਾ ਕੇ ਨਰਕਧਾਰੀਆਂ ਨੂੰ ਥਾਪੂ ਕਹਿ ਕੇ ਵੋਟਾਂ ਮੰਗਣ, ਉਹਨਾਂ ਨੂੰ ਕੋਈ ਫਤਵਾ ਨਹੀਂ। ਪੰਜ ਸਿੰਘ ਸਾਹਿਬਾਨਾਂ ਦੀ ਅਪੀਲ ਹੋਵੇ, ਵੈਸੇ ਮੈਂ ਅਪੀਲ ਦੇ ਵਿਰੁੱਧ ਆਂ। ਤਖ਼ਤਾਂ ਤੋਂ ਕਦੇ ਅਪੀਲਾਂ ਨਹੀਂ ਹੋਈਆਂ, ਤਖ਼ਤਾਂ ਤੋਂ ਹਮੇਸ਼ਾਂ ਹੁਕਮ ਹੋਇਆ ਕਰਦੇ ਆ ਪਰ ਇਥੇ ਦਿਲ 'ਚ ਖੁਸ਼ਾਮਦ ਤੇ ਗੋਡਿਆਂ 'ਚ ਮੂੰਗੀ ਦੀ ਦਾਲ ਉੱਤਰੀ ਆ, ਤਾਂ ਅਪੀਲਾਂ ਹੋਣੀਆਂ ਸ਼ੁਰੂ ਹੋ ਗਈਆਂ ਤਖ਼ਤਾਂ ਤੋਂ, ਪਰ ਉਹ ਅਪੀਲ ਸ਼ੁਰੂ ਹੋਈ ਤੇ ਅਪੀਲ ਦੀ ਉਲੰਘਣਾ ਭਿੰਡਰਾਂਵਾਲੇ ਨੇ ਕੀਤੀ ਆ ਕਿ ਡਿਕਟੇਟਰ ਨੇ ਕੀਤੀ ਆ ? ਇਹਦਾ ਜਵਾਬ ਦਿਉ ? ਇਹ ਕੀ ਕਾਰਨ ਆਂ, ਤਖ਼ਤ ਤੋਂ ਅਪੀਲ ਹੋਵੇ, ਤੁਸੀਂ ਉਲੰਘਣਾ ਕਰੋ, ਤੁਹਾਨੂੰ ਕੋਈ ਸਜ਼ਾ ਨਹੀਂ। ਹੁਕਮਨਾਮਾ ਇਥੋਂ ਜਾਰੀ ਹੋਵੇ ਤੇ ਤੁਸੀਂ ਉਹਦੀ ਉਲੰਘਣਾ ਕਰੋ, ਤੁਹਾਨੂੰ ਕੋਈ ਸਜ਼ਾ ਨਹੀਂ ਤੇ ਤਲਵੰਡੀ ਮੀਟਿੰਗ ਸੱਦ ਲਵੇ ਤੇ ਉਹਨੂੰ ਵੀ ਇਥੇ ਤਲਬ ਲਵੋ। ਜੇ ਭਿੰਡਰਾਂਵਾਲਾ ਮੀਟਿੰਗ ਸੱਦ ਲਵੇ ਤਾਂ ਉਹਦਾ ਵੀ ਬਾਈਕਾਟ ਕਰ ਦਿਉ ਤੇ ਹੋਰ ਕੋਈ ਸਿੱਖ ਸੱਚ ਦੀ ਗੱਲ ਕਰਨ ਦੀ ਜੁਰਅਤ ਕਰੇ, ਉਹਨੂੰ ਵੀ ਇਥੇ ਬੁਲਾ (ਤਲਬ) ਲਵੋ ਤੇ ਤੁਸੀਂ ਮੁਆਫ਼ੀਨਾਮੇ ਦਾ ਪਟਾ ਲਿਖਾ ਕੇ ਆਏ ਦਰਗਾਹ 'ਚੋਂ।

ਖ਼ਾਲਸਾ ਜੀ ਦੱਸੋ ਕੌਣ ਪੁੱਛ ਕੇ ਦੱਸੂਗਾ ਤੁਹਾਡੇ 'ਚੋਂ ? ਕੌਣ ਉੱਤਰ ਦਿਉਗਾ ਇਹਨਾਂ ਗੱਲਾਂ ਦਾ ? ਤੇ ਜੇ ਇਹਨਾਂ ਗੱਲਾਂ ਦਾ ਉੱਤਰ ਨਹੀਂ ਦਿੰਦੇ ਤੇ ਮੇਰਾ ਗੁੱਸਾ ਨਾ ਕਰਿਉ, ਮੈਂ ਤੁਹਾਡੇ ਤੋਂ ਛੋਟਾਂ ਬਹੁਤਾ ਪਰ ਮੈਥੋਂ ਰਿਹਾ ਨਹੀਂ ਜਾਣਾ,ਫਿਰ ਖੁਸਰੇ ਉਂ ਸਾਰੇ, ਮਰਦ ਨਹੀਂ ਫਿਰ ਤੁਹਾਡੇ 'ਚੋਂ ਕੋਈ। ਖੁਸਰੇ ਉਂ ਫਿਰ ਜਿੰਨੇ ਬੈਠੇ ਆਂ, ਭਾਵੇਂ ਮੇਰਾ ਗਿਲ਼ਾ ਕਰਦੇ ਉਂ। ਮਰਦ ਕੋਈ ਨਹੀਂ ਫਿਰ ਤੁਹਾਡੇ 'ਚੋਂ ਤੇ ਜਾਂ ਉੱਠ ਕੇ ਮੇਰਾ ਚੈਲੰਿਜ ਪਰਵਾਨ ਕਰੋ।

ਕੋਈ ਮਾਈ ਦਾ ਲਾਲ। ਬਾਹੀਆਂ ਮਹੀਨਿਆਂ 'ਚ ਮੇਰੀ ਇੱਕ ਖ਼ਬਰ ਅਕਾਲੀ ਦਲ ਦੇ ਵਿਰੁੱਧ ਕੱਢੋ। (ਇੱਕ ਸਿੰਘ ਕੁਝ ਕਹਿੰਦਾ ਹੈ ਉਹਨੂੰ ਕਹਿੰਦੇ ਹਨ) 'ਬਹਿ ਜਾਹ, ਚੰਗਾ ਪੁੱਛ ਕੇ ਮੈਨੂੰ ਦੱਸ ਦਈਂ, ਬਹਿ ਜਾਹ।' ਕਿਉਂ ਭਈ ਦੱਸੋ ਸਿੰਘੋ ? ਬਾਹੀਆ ਮਹੀਨਿਆਂ ਵਿੱਚ ਮੇਰੀ ਇੱਕ ਵੀ ਖ਼ਬਰ ਅਕਾਲੀ ਦਲ ਦੇ ਵਿਰੁੱਧ ਕੋਈ ਸਿੱਧ ਕਰੋ, ਮੈਂ ਸਜ਼ਾ ਭੁਗਤੂੰਗਾ ? ਇਹ ਕੀ ਕਾਰਨ ਆਂ, ਇੱਕ ਪਾਸੇ ਛਿੱਤਰ ਖੜਕੀ ਜਾਂਦੇ ਆ, ਦੂਜਾ ਕੁੱਟ ਖਾਈ ਜਾਂਦਾ ਤੇ ਕੁਟ ਖਾਣ ਵਾਲੇ ਨੂੰ ਫਿਰ ਤੁਸੀਂ ਕਹੀ ਜਾਂਦੇ ਜੀ, ਤੂੰ ਠੰਡਾ ਰਹੋ। ਕਿਉਂ ਭਈ ਜਵਾਬ ਨਹੀਂ ਦਿੰਦੇ, ਸਾਰੇ ਸੌਂ ਗਏ, ਕੀ ਗੱਲ ਹੋ ਗਈ, ਇੱਕ ਦੂਜੇ ਦੇ ਮੂੰਹ ਵੱਲ ਝਾਕੀ ਜਾਂਦੇ ਆਂ ? ਜੇ ਮੇਰੀਆਂ ਗੱਲਾਂ ਗ਼ਲਤ ਆ ਤੇ ਅਰਾਮ ਕਰੋ ਜਾ ਕੇ ਤੇ ਜੇ ਗੱਲਾਂ ਠੀਕ ਆ ਤੇ ਫਿਰ ਉਹਨਾਂ ਤੋਂ ਜਵਾਬ ਲੈ ਕੇ ਦਿਉ। ਜਦੋਂ ਮੈਂ ਕਿਸੇ ਮਾਈ ਭਾਈ ਦੇ ਉਲਟ ਨਹੀਂ ਬੋਲ ਰਿਹਾ। ਕਿਸੇ ਸਿੱਖ ਲੀਡਰ ਦੇ ਉਲਟ ਨਹੀਂ ਬੋਲ ਰਿਹਾ। ਕਿਸੇ ਵਰਕਰ ਦੇ ਬਾਰੇ

ਕੁਝ ਨਹੀਂ ਕਹਿ ਰਿਹਾ। ਇਹ ਨਿੱਤ ਈ ਛੇਛੇ ਛੱਡਣੇ, ਇਹਨਾਂ ਨੇ ਸ਼ੁਰੂ ਕਰ ਦਿੱਤੇ ਸਟੇਜਾਂ ਤੋਂ। ਮੇਰੇ ਕੋਲ ਆਣ ਕੇ ਤੁਸੀਂ ਰੋਨੇ ਓ, ਸੰਤ ਜੀ ਕੌਮ ਬਚਾ ਲਈਂ, (ਮਸਾਂ) ਪੁਲਸ ਤੰਗ ਕਰਨੋਂ ਹਟੀ ਆ।

ਅੱਜ ਇੱਕ ਸੁਨੇਹਾ ਆਇਆ, ਉਹ ਵੀ ਹਟ ਜਾਊ। ਉਹ ਵੀ ਹਟਾ ਲਾਂਗੇ, ਗੰਗਾ ਨਗਰ ਵਾਲਿਆਂ ਦਾ ਆਇਆ ਸੁਨੇਹਾ ਅੱਜ।

੪੦੦ ਸਿੰਘਾਂ 'ਤੇ ਕੇਸ ਚੱਲਦਾ, ੪੦੦ ਸਿੰਘਾਂ 'ਤੇ ਤੇ ੩੭੫ ਦਾ ਇਕੱਲਾ ਲੜਦਾਂ। ੨੫ ਕੇਸ ਸਾਰਾ ਅਕਾਲੀ ਦਲ ਤੇ ਕਮੇਟੀ ਨਹੀਂ ਲੜਦੀ ਤੇ ਫਿਰ ਵੀ ਕਹੀ ਜਾਂਦੇ ਆ, ਕਾਂਗਰਸੀ ਆ। ਮੈਂ ਕੱਲ ਪੁੱਛਿਆ ਸੀ ਪ੍ਰਧਾਨ ਨੂੰ। ਮੈਂ (ਕਿਹਾ) ਪ੍ਰਧਾਨ ਜੀ ਤੂੰ ਵੀ ਅਕਾਲੀ, ਟੌਹੜਾ ਸਾਹਿਬ ਨੂੰ ਪੁੱਛਿਆ ਸੀ, (ਕਿ) ਬਾਦਲ ਵੀ ਅਕਾਲੀ, ਦੋਵੇਂ ਬਲਵੰਤ ਸਿੰਹੁ ਵੀ ਅਕਾਲੀ, ਬਰਨਾਲਾ ਵੀ ਅਕਾਲੀ, ਚੀਮਾ ਵੀ ਅਕਾਲੀ ਤੇ ਯੂਥ ਵਿੰਗ ਵੀ ਅਕਾਲੀ ਤੇ ਤੁਸੀਂ ਵਿਧਾਨ ਪਾੜ ਕੇ ਵੀ ਬਾਹਰ ਆ ਗਏ ਤੇ ਭਿੰਡਰਾਂਵਾਲਾ ਵੀ ਕਾਂਗਰਸੀ, ਫੈਡਰੇਸ਼ਨ ਵੀ ਕਾਂਗਰਸੀ, ਤਲਵੰਡੀ ਵੀ ਕਾਂਗਰਸੀ, ਸੁਖਜਿੰਦਰ ਸਿੰਘ ਵੀ ਕਾਂਗਰਸੀ, ਇਹ ਸਾਰੇ ਜੇਲ੍ਹਾਂ 'ਚ,...ਕਾਰਨ ਕੀ ਆ ? ਅਕਾਲੀ ਬਾਹਰ ਤੇ ਕਾਂਗਰਸ ਦੇ ਰਾਜ ਵਿੱਚ ਕਾਂਗਰਸੀ ਅੰਦਰ, ਭਲਾ ਤੁਸੀਂ ਸੋਚੋ ਭਈ ਇਹ ਗੱਲ ਕਿੱਧਰ ਨੂੰ ਜਾਂਦੀ ਆ ?

ਫਿਰ ਮੈਂ ਦੋ ਗੱਲਾਂ ਹੋਰ ਪੁੱਛੀਆਂ ਸੀ ਉਹਨੂੰ। ਉਹ ਸੀ ਕਿ ਪਹਿਲਾਂ ਤੇ ਇਹ ਦੱਸੋ ਪ੍ਰਧਾਨ ਜੀ (ਕਿ) ਸੈਂਤੀਆਂ ਸਾਲਾਂ ਵਿੱਚ ਕਿਸੇ ਇੱਕ ਸ਼ਹੀਦ ਦਾ ਬਦਲਾ ਸ਼੍ਰੋਮਣੀ ਅਕਾਲੀ ਦਲ ਦੇ ਕਿਸੇ ਵਰਕਰ ਨੇ ਲਿਆ ਤੇ ਕਹੋ ਉੱਠ ਕੇ। ਤੁਹਾਡੇ 'ਚੋਂ ਕੋਈ ਕਹਿ ਦਏ, ਨਾਲੇ ਅਕਾਲੀ ਦਲ ਦੇ ਵਰਕਰ ਓ ਸਾਰੇ। ਕਿਉਂ ਭਈ ਕੋਈ ਬੰਦਾ ਕਹੋ ਉੱਠ ਕੇ, ਸੈਂਤੀਆਂ ਸਾਲਾਂ ਵਿੱਚ ਕਿਸੇ ਇੱਕ ਸ਼ਹੀਦ ਦਾ, ਨਨਕਾਣੇ ਸਾਹਿਬ ਵਾਲੇ ਦਾ, ਕਿਸੇ ਨੇ ਬਦਲਾ ਲਿਆ ਤੇ ਕਿਹੜੇ ਸ਼ਹੀਦਾਂ ਦੀ ਜਥੇਬੰਦੀ ਤੁਹਾਡੀ ? ੧੪ ਪ੍ਰਧਾਨ ਹੋ ਗਏ ਅਕਾਲੀ ਦਲ ਦੇ ਹੁਣ ਤੱਕ ਤੇ ੧੪ 'ਚੋਂ ਪੰਥ ਵਾਸਤੇ ਇੱਕ ਸ਼ਹੀਦ ਨਹੀਂ ਹੋਇਆ। ਪ੍ਰਣ ਕਰਕੇ ਕਿਸੇ ਨੇ ਪੂਰਾ ਨਹੀਂ ਕੀਤਾ। ਦੱਸੋ ਜੇ ਮਰਿਆ ੧੪ ਪ੍ਰਧਾਨਾਂ 'ਚੋਂ ਕੋਈ, ਸ਼ਹੀਦ ਹੋਇਆ ਤੇ ? ਦੋ ਗੱਲਾਂ ਦਾ ਕੋਈ ਉੱਤਰ ਕਿਸੇ ਕੋਲ ਹੈਗਾ ਤੇ ਦਿਉ।

ਗਾਲ੍ਹਾਂ ਨਿੱਤ ਕੱਢੀ ਜਾਨੇ ਆਂ, ਇਹ ਜੀ ਭਿੰਡਰਾਂਵਾਲਾ ਕਾਂਗਰਸ ਨਾਲ ਰਲ਼ ਗਿਆ। ਉਹ ਕਾਂਗਰਸ ਨਾਲ ਮੈਂ ਰਲ਼ ਗਿਆਂ ? ਰਿਸ਼ਤੇਦਾਰੀ ਤੁਹਾਡੀ ਪੈ ਗਈ, ਕਾਂਗਰਸ ਨਾਲ। ਹੁਣ ਤੇ ਕੁੜਮ ਕੁੜਮਾਈ ਆਇਆ, ਬਲਰਾਮ ਜੀਉ ਹੋ ਗਿਆ। ਹੁਣ ਕੀ ਕਹੋਗੇ ਲੋਕਾਂ ਨੂੰ ? ਹੁਣ ਜੇ ਤਾਂ ਕਾਂਗਰਸ ਹਰਦੀ ਆ ਤੇ ਜਵਾਈ ਹਰ ਗਿਆ ਤੇ ਜੇ ਬਾਦਲ ਹਰਦਾ ਤਾਂ ਸਹੁਰਾ ਹਰ ਗਿਆ। ਕੀ ਜਵਾਬ ਦਿਉਗੇ ਤੁਸੀਂ ? ਮੁੜਕੇ ਕਹਿੰਦੇ ਨੇ ਭਿੰਡਰਾਂਵਾਲਾ ਗੁੱਸੇ 'ਚ ਗੱਲਾਂ ਕਰਦਾ। ੨੨ ਮਹੀਨੇ ਹੋ ਗਏ ਕੁੱਟ ਖਾਂਦਿਆਂ ਨੂੰ ਤੇ ਪੰਥਕ ਏਕਤਾ ਵਾਸਤੇ ਤੁਰਿਆ ਫਿਰਦਾਂ ਤੇ ਫਿਰ ਵੀ ਉੱਠ ਕੇ ਦੁੱਕੀ ਦੁੱਕੀ ਦੇ ਬੰਦੇ ਉਥੇ ਗਾਲ੍ਹਾਂ ਕੱਢਣ ਤੇ ਤੁਸੀਂ ਕੰਨਾਂ 'ਚ ਰੂੰ ਦੇ ਕੇ ਬੈਠੇ ਰਹੋ ਤੇ ਫਿਰ ਸੋਚ ਲਉ ਕੀ ਕਰਨਾ ਤੇ ਪੱਟੀਆਂ ਵਾਲਿਉ, ਤੁਹਾਡੀ ਜ਼ਿੰਮੇਵਾਰੀ ਅੱਜ ਜ਼ਿਆਦਾ। (ਸੰਗਤ ਅੱਗੋਂ ਕੋਈ ਗੱਲ ਕਰਦੀ ਹੈ) ਸੰਤ ਜੀ - ਗੱਲ ਸੁਣੋ....., (ਸੰਗਤ ਕੋਈ ਗੱਲ ਕਰਦੀ ਹੈ)

ਸੰਤ - ਹਾਂ ਜੀ, ਸੰਗਤ ਜਥੇ ਵਿੱਚ ਨਾ ਜਾਣ ਲਈ ਅਕਾਲੀ ਦਲ ਨੂੰ ਜਵਾਬ ਦੇ ਕੇ ਆਉਣ ਦੀ ਗੱਲ ਕਰਦੀ ਹੈ)
ਸੰਤ - ਇੱਕ ਮਿੰਟ ਠਹਿਰ ਜਾਉ, ਇਹ ਮੈਂ ਨਹੀਂ ਕਿਸੇ ਨੂੰ ਕਹਿੰਦਾ, ਪੱਟੀ ਲਾਹੋ। ਤੁਹਾਡੀ ਜ਼ਿੰਮੇਵਾਰੀ ਆ, ਮੇਰੀ ਨਹੀਂ। ਮੇਰੀ ਜ਼ਿੰਮੇਵਾਰੀ ਉਦੋਂ ਆਂ, ਜਦ ਤੁਹਾਡੇ 'ਤੇ ਤਸ਼ੱਦਦ ਹੋਊ। ਆਹ ਗੰਗਾ ਨਗਰ ਵਾਲੇ ਨੇ ਆਣ ਕੇ ਕਿਹਾ। ਇਹਨਾਂ ਦੀ ਜ਼ਿੰਮੇਵਾਰੀ ਮੈਂ ਸੰਭਾਲੂ। (ਇੱਕ ਮਾਤਾ ਕੋਈ ਗੱਲ ਕਰਦੀ ਹੈ ਤੇ ਸੰਤ ਕਹਿੰਦੇ ਹਨ) ਬੈਠੋ ਮਾਤਾ। (ਸੰਗਤ ਦੀਆਂ ਗੱਲਾਂ ਦਾ ਰੌਲਾ ਜਿਹਾ ਪੈਂਦਾ ਹੈ)।
ਸੰਤ - ਆਹ ਗੱਲ ਸੁਣੋ। ਇਹੀ ਤਾਂ ਮੈਂ ਪੁੱਛਦਾਂ, ਉਹ ਤੁਸੀਂ ਪੁੱਛੋ ਨਾ, ਉਹ ਤੁਸੀਂ ਪੁੱਛੋ (ਸੰਗਤ ਵਿੱਚੋਂ ਅਵਾਜ਼ਾਂ) ਉਹ ਸਿੰਘੋ ਗੱਲ ਸੁਣੋ, ਆਹ ਮਾਤਾ ਇੱਕ ਮਿੰਟ। ਆਹ ਠਹਿਰ ਇੱਕ ਮਿੰਟ, ਬੈਠ। ਆਹ ਸਿੰਘੋ ਕੀ ਕਰਨ ਲੱਗੇ ਆਂ। ਆਹ ਮਾਤਾ ਇੱਕ ਮਿੰਟ ਠਹਿਰ ਗੱਲ ਸੁਣ। ਆਹ ਸਿੰਘੋ ਤੁਹਾਨੂੰ ਹੋ ਕੀ ਗਿਆ ? ਆਹ ਗੱਲ ਸੁਣੋ। ਇਹ ਜਿਹੜੀ ਮੈਂ ਗੱਲ ਕਹਿ ਰਿਹਾਂ, ਇਹਨੂੰ ਧਿਆਨ ਨਾਲ ਸੁਣ ਲਉ। ਮਾਤਾ ਇੱਕ ਮਿੰਟ ਠਹਿਰੀਂ। ਉਹ ਬੀਬੀ ਗੱਲ ਕਰਦੀ ਆ, ਤੁਸੀਂ ਹੱਸਣ ਲੱਗ ਪਏ, ਗੱਲ ਕੀ ਆ ਇਹ ? ਉਹਨੇ ਅਵਾਜ਼ ਤਾਂ ਦਿੱਤੀ ਭਈ ਜਿਹੜੇ ਜਥੇਦਾਰ ਆ। ਜਥੇਦਾਰ ਸਾਰੇ ਤੇ ਹੈ ਨਹੀਂ। ਜਿਹੜੇ ਇੱਕ, ੨ ਜਾਂ ੩ ਜਥੇਦਾਰ ਆਏ ਆ, ਉਹ ਉੱਠ ਕੇ ਕਹਿਣ ਜਾਂ ਨਾ ਕਹਿਣ ਤੇ ਤੁਸੀਂ ਰੌਲਾ ਪਾਉਣ ਲੱਗੇ ਓਂ, ਵੇਸਵਾ ਦਾ ਮੇਲਾ ਇਹੇ ? ਗੁਰੂ ਕੇ ਸਿੱਖ ਆਂ, ਇੱਕ ਥਾਂ ਬੈਠੇ ਆਂ, ਗੁਰੂ ਕੇ ਲੰਗਰ ਵਿੱਚ ਬੈਠੇ ਆਂ, ਰੌਲਾ ਕਿਹੜੀ ਗੱਲੋਂ ਪਾਉਣ ਲੱਗ ਪਏ ਤੁਸੀਂ। ਜਿਹੜੀ ਮਾਈ ਗੱਲ ਕਹਿੰਦੀ, ਉਹਦਾ ਉੱਤਰ ਦਿਉ। (ਬੀਬੀਆਂ ਗੱਲਾਂ ਕਰਦੀਆਂ) ਆਪਾਂ ਬੈਠੇ ਈ ਆਂ, ਕਿਹੜੇ ਜਥੇ 'ਚ ਚੱਲੇ ਆਂ। (ਕੁਝ ਬੀਬੀਆਂ ਲੌਂਗੋਵਾਲ ਬਾਰੇ ਕੋਈ ਗੱਲ ਕਰਦੀਆਂ ਹਨ)
ਸੰਤ - ਇੱਕ ਮਿੰਟ ਬੀਬੀ। ਮੈਂ ਹੋਰ ਵੀ ਬੇਨਤੀ ਕਰ ਲਵਾਂ। ਗੋਡਿਆਂ ਗਾਡਿਆਂ ਦੀ ਗੱਲ ਮੇਰੇ ਨਾਲ ਕੋਈ ਨਹੀਂ.....। ਸਵਾਲ ਆ ਪੰਥਕ ਮਸਲੇ ਦਾ। ਭਈ ਪੰਥ ਵਾਸਤੇ ਕੌਣ ਕੀ ਕਰਦਾ ? ਇਹਦਾ ਉੱਤਰ ਦਿਉ। (ਬੀਬੀਆਂ ਗੱਲਾਂ ਕਰੀ ਜਾਂਦੀਆਂ, ਬੀਬੀਆਂ ਨੂੰ ਸੰਬੋਧਨ ਹੁੰਦਿਆਂ)
ਸੰਤ - ਹਾਂ ਜੀ। ਓ ਮਾਤਾ ਤੁਸੀਂ ਬੈਠੋ ਇੱਕ ਮਿੰਟ, ਬਹਿ ਜਾਉ ਤੁਸੀਂ। ਆਹ ਭਈ ਸਿੰਘ ਪੁੱਛਦੇ ਆ, ਭਈ ਜਿਹੜੇ ਸਾਡੇ ਜਥੇਦਾਰ ਆ, ਉਹ ਕਿਉਂ ਨਹੀਂ ਉੱਠਦੇ। ਮੈਨੂੰ ਤੇ ਇਹ ਵੀ ਪਤਾ ਨਹੀਂ ਤੁਹਾਡਾ ਜਥੇਦਾਰ ਹੈ ਕਿਹੜਾ ?
ਇੱਕ ਸਿੰਘ ਜਥੇਦਾਰ ਦੇ ਨਾਂਅ ਦੱਸਦਾ ਹੈ - ਫਕੀਰ ਸਿੰਘ, ਮੋਹਣ ਸਿੰਘ,
(ਸੰਗਤਾਂ ਦੀਆਂ ਆਵਾਜ਼ਾਂ)
ਸੰਤ - ਤੁਸੀਂ ਪੁੱਛੋ ਨਾ, ਮੈਂ ਤੇ ਜਾਣਦਾ ਨਹੀਂ, ਕਿਹੜੇ ਥਾਂ ਦਾ ਜਥਾ ਆਇਆ ?
(ਸੰਗਤਾਂ ਦੀਆਂ ਆਵਾਜ਼ਾਂ)
ਸੰਤ - ਉਹ ਪੁੱਛੋ ਨਾ, ਜਥੇਦਾਰਾਂ ਨੂੰ ਪੁੱਛੋ।
(ਇੱਕ ਮਾਤਾ ਜਥੇਦਾਰ ਬਾਰੇ ਕੋਈ ਗੱਲ ਕਰਦੀ ਹੈ)
ਸੰਤ - ਉਹ ਮਾਤਾ ਇਹੋ ਤਾਂ ਮੈਂ ਰੋਣਾ ਰੋਈ ਜਾਨਾਂ, ਤੁਸੀਂ ਉਹਨਾਂ ਨੂੰ ਪੁੱਛੋ।
(ਮਾਤਾ ਕੋਈ ਗੱਲ ਕਰੀ ਜਾਂਦੀ ਹੈ)

ਸੰਤ - ਮਾਤਾ ਗੱਲ ਸੁਣ ਮੇਰੀ ਇੱਕ। ਇਹੋ ਈ ਤਾਂ। (ਗੱਲਾਂ ਕਰਦੇ ਸਿੰਘਾਂ ਨੂੰ ਸੰਬੋਧਨ ਹੋ ਕੇ) ਉਹ ਠਹਿਰੋ ਗੱਲ ਸੁਣੋ, ਸਿੰਘੋ ਵਿੱਚ ਨਾ ਬੋਲੋ। ਬੱਚਿਆਂ ਵਾਲੀ ਗੱਲ ਕਰੀ ਜਾਨੇ ਆਂ। ਮਾਤਾ ਇਹ ਜਿਹੜਾ ਰੋਣਾ ਤੂੰ ਰੋਨੀ ਆਂ, ਉਹੋ ਈ ਤੇ ਮੈਂ ਰੋਈ ਜਾਨਾਂ। ਮੈਂ ਤਾਹੀਉਂ ਤਾਂ ਕਹਿਨਾਂ, ਉਹਨਾਂ ਨੂੰ ਪੁੱਛੋ, ਮੈਨੂੰ ਕਿਉਂ ਪੁੱਛਦੇ ਹੋ ? ਜੇ ਮੈਂ ਸਾਥ ਨਹੀਂ ਦਿੰਦਾ ਤਾਂ ਮੈਨੂੰ ਪੁੱਛੋ।

(ਬੀਬੀਆਂ ਕੁਝ ਬੋਲੀ ਜਾਂਦੀਆਂ ਹਨ, ਪਰ ਸਮਝ ਨਹੀਂ ਆਉਂਦਾ)

ਸੰਤ - ਹਾਂ ਜੀ

(ਬੀਬੀਆਂ ਗੱਲਾਂ ਕਰੀ ਜਾਂਦੀਆਂ ਹਨ ਪਰ ਸਮਝ ਨਹੀਂ ਆਉਂਦੀ)

ਸੰਤ - ਜੈਕਾਰਾ ਨਹੀਂ ਬਲਾਉਣਾ, ਬੈਠ ਜਾਉ।

(ਇੱਕ ਸਿੰਘ ਸੰਤਾਂ ਦੇ ਨੇੜੇ ਆਂ ਕੇ ਦੱਸ ਰਿਹਾ ਹੈ ਕਿ ਮੈਂ ਅਕਾਲੀਆਂ ਨੂੰ ਪੁੱਛਿਆ, ਪਰ ਉਹਦੀ ਗੱਲ ਦੀ ਵੀ ਸਮਝ ਨਹੀਂ ਆਉਂਦੀ)

* * *

ਵਿਆਖਿਆਨ ੪੪.

(ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ, ੧੫-੦੮-੧੯੮੩)

ਸਟੇਜ ਸੈਕਟਰੀ – ਹੁਣ ਆਪ ਜੀ ਦੇ ਸਾਹਮਣੇ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਆਪਣੇ ਵਿਚਾਰ ਰੱਖਣਗੇ, ਉਹਨਾਂ ਦੇ ਵਿਚਾਰ ਸਰਵਣ ਕਰੋ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਸਤਿਗੁਰੂ ਗਰੀਬ ਨਿਵਾਜ਼ ਸੱਚੇ ਪਾਤਿਸ਼ਾਹ ਜੀ ਦੀ ਪਵਿੱਤਰ ਗੋਦ ਵਿੱਚ ਸਜੀ ਹੋਈ ਗੁਰੂ ਰੂਪ ਗੁਰੂ ਖ਼ਾਲਸਾ ਸਾਧ ਸੰਗਤ ਜੀਉ, ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਭਾਈ ਅਮਰੀਕ ਸਿੰਘ ਦੀ ਰਿਹਾਈ ਸਮੇਂ ਮੋਰਚਾ ਜਾਰੀ ਰੱਖਣ ਦਾ ਐਲਾਨ

ਗੁਰੂ ਪਿਆਰੇ ਖ਼ਾਲਸਾ ਜੀ, ਅੱਜ ਆਪਾਂ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਕਿਰਪਾ ਦਾ ਸਦਕਾ, ਸਤਿਗੁਰੂ ਜੀ ਦੇ ਸਾਜੇ ਹੋਏ ਪਵਿੱਤਰ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਜ ਕੇ, ਗੁਰੂ ਸਾਹਿਬ ਜੀ ਦੀ ਗੋਦ ਦਾ ਨਿੱਘ ਮਾਣ ਰਹੇ ਹਾਂ, ਸਾਰੇ ਵਡਭਾਗੀ ਹਾਂ। ਜੋ ਗੁਰੂ ਸਾਹਿਬ ਦੇ ਚਰਨਾਂ ਵਿੱਚ ਅਰਦਾਸ ਕਰਕੇ ਕੰਮ ਅਰੰਭ ਕੀਤਾ ਸੀ, ਉਸ ਵਿੱਚੋਂ ਕੁਝ ਹਿੱਸਾ ਗੁਰੂ ਸਾਹਿਬ ਜੀ ਨੇ ਆਪਾਂ ਨੂੰ ਸਫ਼ਲਤਾ ਦੇ ਰੂਪ ਵਿੱਚ ਬਖਸ਼ਸ ਕੀਤਾ ਹੈ। ਬਾਕੀ ਜੋ, ਹੋਰ ਬੇਅੰਤ ਸਿੰਘ ਅਜੇ ਜੇਲ੍ਹਾਂ ਵਿੱਚ ਤਸੀਹੇ ਝੱਲ ਰਹੇ ਹਨ, ਉਹਨਾਂ ਸੰਬੰਧੀ ਭਾਵੇਂ ਕੁਝ ਲੋਕਾਂ ਦੇ ਖਿਆਲ ਹੋਣਗੇ ਕਿ ਸ਼ਾਇਦ ਇਹ ਜਿਹੜਾ ਮੋਰਚਾ ਹੈ ਜਾਂ ਜੋ ਭਿੰਡਰਾਂਵਾਲੇ ਨਾਲ ਨਾਲ ਚੱਲ ਰਹੇ ਸਨ, (ਉਹ) ਭਾਈ ਅਮਰੀਕ ਸਿੰਘ ਤੇ ਭਾਈ ਠਾਰਾ ਸਿੰਘ ਦੀ ਰਿਹਾਈ ਤੋਂ ਪਿੱਛੋਂ ਸ਼ਾਇਦ ਹੁਣ ਟਿਕ ਕੇ ਬੈਠ ਜਾਣਗੇ, ਸੌਂ ਜਾਣਗੇ ਤੇ ਸਾਥ ਨਹੀਂ ਦੇਣਗੇ। ਇਹ ਭੁਲੇਖਾ ਸੰਗਤਾਂ ਨੂੰ ਮਨ ਵਿੱਚ ਨਹੀਂ ਰੱਖਣਾ ਚਾਹੀਦਾ।

ਮੈਂ ਆਪਣੇ ਵੱਲੋਂ ਸ੍ਰੀ ਗੁਰੂ ਗਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦਾ, ਸਵਾਸ ਸਵਾਸ ਕਰਕੇ ਰਿਣੀ ਹਾਂ, ਧੰਨਵਾਦੀ ਹਾਂ, ਜੋ ਸੱਚੇ ਪਾਤਿਸ਼ਾਹ ਜੀ ਨੇ ਅਰਦਾਸ ਬੇਨਤੀ ਸੰਗਤ ਦੀ ਪ੍ਰਵਾਨ ਕੀਤੀ ਤੇ ਸੰਗਤਾਂ ਨੂੰ ਖੁਸ਼ੀਆਂ ਬਖਸ਼ਸ਼ ਕੀਤੀਆਂ ਹਨ। ਸਮੁੱਚੇ ਤੌਰ 'ਤੇ ਸਿੱਖ ਜਗਤ, ਸ਼੍ਰੋਮਣੀ ਅਕਾਲੀ ਦਲ, ਸਮੂਹ ਸੰਪਰਦਾਵਾਂ..... ਅਤੇ ਸ਼ਹੀਦਾਂ ਦਾ ਜੋ ਖ਼ੂਨ ਡੁੱਲਿਆ ਹੈ, ਉਸ ਦੀ ਕ੍ਰਿਪਾ ਦਾ ਸਦਕਾ। ਜਹਾਜ਼ ਅਗਵਾਹ ਕਰਨ ਵਾਲਿਆਂ ਤੇ ਮੋਟਰ ਸਾਈਕਲ ਵਾਲਿਆਂ ਨੂੰ ਲੱਖ ਲੱਖ ਵਧਾਈ ਦਿੰਦਾ

ਹਾਂ। ਜਿਹਨਾਂ ਦੇ ਉਦਮ ਦਾ ਸਦਕਾ, ਜਿਹਨਾਂ ਤੋਂ ਭੈ ਖਾ ਕੇ ਗੌਰਮੈਂਟ ਨੂੰ, ਖ਼ਾਲਸਾ ਜੀ, ਆਪਣੇ ਵੱਲ ਸੋਚਣਾ ਪੈ ਗਿਆ ਹੈ ਕਿ ਅਸੀਂ ਕਿਸ ਤਰੀਕੇ ਨਾਲ ਰਹਿਣਾ ? ਪਰ ਉਹ ਤਾਂ ਗੌਰਮੈਂਟ ਦੇ ਉਹ ਕਰਮਚਾਰੀ ਸੋਚ ਰਹੇ ਆ, ਜਿਹਨਾਂ ਨੇ ਪਾਪ ਕੀਤਾ।

ਅੰਮ੍ਰਿਤ ਇੱਕ ਹੀ ਹੈ

ਆਪਾਂ ਇਸ ਸੋਚਣੀ 'ਤੇ ਮਜ਼ਬੂਰ ਹੋ ਗਏ ਹਾਂ ਕਿ ਅਸੀਂ ਕੇਸ ਤੇ ਦਾਹੜੇ ਨੂੰ ਸਾਬਤ ਰੱਖ ਕੇ ਦੁਨੀਆਂ ਵਿੱਚ ਕਿਸ ਤਰੀਕੇ ਨਾਲ ਵਿਚਰਨਾ ਹੈ ? ਇਸ ਨੂੰ ਸਾਬਤ ਰੱਖ ਕੇ ਵਿਚਰਨ ਵਾਸਤੇ ਇੱਕੋ ਇੱਕ ਰਾਹ ਹੈ ਕਿ ਜਿਸ ਅਸਥਾਨ 'ਤੇ ਅੱਜ ਆਪਾਂ ਪਹੁੰਚੇ ਹਾਂ, ਇਥੇ ਸਾਰੇ ਹੀ ਮਾਈ ਭਾਈ, ਜਿਹਨਾਂ ਨੇ ਅਜੇ ਨਿਗੁਰੇਪਣ ਦੀ ਜੂਠ ਨਹੀਂ ਲਾਹੀ। ਅੰਮ੍ਰਿਤ ਨਹੀਂ ਛਕਿਆ, ਗੁਰੂ ਕੇ ਜਹਾਜ਼ 'ਤੇ ਨਹੀਂ ਚੜ੍ਹੇ, ਉਹ ਅੱਜ ਪ੍ਰਣ ਕਰਕੇ ਜਾਉ.....। ਮੈਂ ਸਮਝਾਂਗਾ ਕਿ ਤਾਂ ਹੀ ਆਪਣੀ ਦਿੱਤੀ ਹੋਈ ਵਧਾਈ, ਇਹ ਪੂਰੀ ਸਫ਼ਲਤਾ ਸਹਿਤ ਹੋਵੇਗੀ। ਜਿਹਨਾਂ ਨੇ ਅੰਮ੍ਰਿਤ ਨਹੀਂ ਛਕਿਆ ਖੰਡੇ ਬਾਟੇ ਦਾ, ਉਹ ਅੰਮ੍ਰਿਤ ਛਕਣ ਵਾਸਤੇ ਪ੍ਰਣ ਕਰੋ। ਐਤਵਾਰ ਅਤੇ ਬੁੱਧਵਾਰ ਵਾਲੇ ਦਿਨ ਇਥੇ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਹੁੰਦਾ, ਸਤਿਗੁਰੂ ਦੇ ਅਸਥਾਨ 'ਤੇ। ਸੰਗਰਾਂਦ ਵਾਲੇ ਦਿਨ ਮਹਿਤੇ ਤਿਆਰ ਹੁੰਦਾ। ਜਿੱਥੇ ਸੰਗਤ ਦਾ ਦਿਲ ਹੈ, ਇੱਛਾ ਹੈ ਉਥੇ ਛਕੋ, ਪਰ ਕਿੰਤੂ ਪ੍ਰੰਤੂ ਨਹੀਂ ਕਰਨਾ, ਅੰਮ੍ਰਿਤ ਦੋਹਾਂ ਥਾਵਾਂ 'ਤੇ ਇੱਕੋ ਹੀ ਗੁਰਬਾਣੀ ਦਾ ਪੜ੍ਹ ਕੇ ਬਣਾਇਆ ਜਾਂਦਾ, ਤਿਆਰ ਕੀਤਾ ਜਾਂਦਾ ਹੈ। ਮੈਂ ਆਪਣੇ ਆਪ ਵਿੱਚ ਇਹ ਮਹਿਸੂਸ ਕਰਦਾ ਹਾਂ ਕਿ ਜੇ ਆਪਾਂ ਗੁਰੂ ਸਾਹਿਬ ਦੀ ਹੋਰ ਵੀ ਬਹੁਤੀ ਖੁਸ਼ੀ ਪ੍ਰਾਪਤ ਕਰਨੀ ਤੇ ਸੁੱਖ ਹਾਸਲ ਕਰਨਾ (ਹੈ ਤਾਂ) ਇਸ ਪਾਸੇ ਚੱਲਾਂਗੇ ਤੇ ਬਹੁਤੀ ਛੇਤੀ ਆਪਾਂ ਨੂੰ ਸਫ਼ਲਤਾ ਪ੍ਰਾਪਤ ਹੋਵੇਗੀ।

ਸ਼ਹੀਦਾਂ ਅਤੇ ਜੇਲ੍ਹਾਂ 'ਚੋਂ ਆਏ ਸਿੰਘਾਂ ਦਾ ਧਨਵਾਦ

ਬਾਕੀ ਜੋ ਜੋ ਸਿੰਘਾਂ ਨੇ ਸ਼ਹੀਦੀਆਂ ਦਿੱਤੀਆਂ ਹਨ, ਉਹਨਾਂ ਦੀ ਤਾਂ ਕੌਮ ਸਦਾ ਹੀ....., ਆਪਾਂ ਸਾਰੇ ਹੀ ਕਰਜ਼ਾਈ ਹਾਂ, ਪਰ ਜਿਹੜੇ ਸਿੰਘ ਕੁਰਬਾਨੀਆਂ ਕਰਕੇ, ਜੇਲ੍ਹ ਦੇ ਤਸੀਹੇ ਝੱਲ ਕੇ ਆਏ ਆ....., ਕਿਉਂਕਿ ਗਰਮੀ ਬੜੀ (ਹੈ), ਬਹੁਤਾ ਮੈਂ ਇਸ ਪਾਸੇ ਵਧਣਾ ਨਹੀਂ ਚਾਹੁੰਦਾ। ਜੋ ਜੋ ਤਸੀਹੇ ਇਹਨਾਂ ਨੂੰ ਦਿੱਤੇ ਆ, ਉਹਨਾਂ ਸਾਰਿਆਂ ਦੀ ਜਾਣਕਾਰੀ ਦਾਸ ਨੂੰ ਮਿਲ ਗਈ ਆ। ਉਹਨਾਂ ਸਾਰਿਆਂ ਬਾਰੇ ਸੰਗਤ ਵਿੱਚ ਵਿਸਥਾਰ ਸਹਿਤ ਦੱਸਿਆ ਜਾਵੇ ਤਾਂ ਟਾਈਮ ਬੜਾ ਲੱਗੇਗਾ ਤੇ ਕਈਆਂ ਪ੍ਰੇਮੀਆਂ ਦਾ ਮਨ ਵੀ ਬੜਾ ਦੁਖੇਗਾ, ਪਰ ਸਤਿਗੁਰੂ ਅੱਗੇ ਹੁਣ ਇਹ ਵੀ ਅਰਦਾਸ ਕਰਨੀ ਚਾਹੀਦੀ ਹੈ,

ਜਬੈ ਬਾਣ ਲਾਗਯੋ ॥ ਤਬੈ ਰੋਸ ਜਾਗਯੋ ॥
ਕਿਰਪਾ ਕਾਲ ਕੇਰੀ ॥ ਭਈ ਜੀਤ ਮੇਰੀ ॥
ਰਣੰ ਜੀਤਿ ਆਏ ॥ ਜਯੰ ਗੀਤ ਗਾਏ ॥

ਦੇ ਮੁਤਾਬਕ ਚੱਲ ਕੇ, ਆਪਾਂ ਨੂੰ ਹੱਕ ਲੈਣ ਵਾਸਤੇ ਤਤਪਰ ਰਹਿਣਾ ਚਾਹੀਦਾ ਹੈ। ਸਤਿਗੁਰੂ ਕਿਰਪਾ ਕਰਨ ਸਾਨੂੰ ਸਾਰਿਆਂ ਨੂੰ ਸਮਰਥਾ ਬਖਸ਼ਣ। ਮੈਂ ਆਪਣੇ ਵੱਲੋਂ ਜੇਲ੍ਹ ਵਿੱਚੋਂ ਆਏ ਹੋਏ....., ਨਾਂਅ ਇਸ ਕਰਕੇ ਨਹੀਂ ਲੈਂਦਾ, ਉਹਦੇ ਨਾਲ ਟਾਈਮ ਬਹੁਤ ਲੱਗਦਾ, ਅੱਗੇ ਬੇਅੰਤ ਸਿੰਘਾਂ ਨੇ ਨਾਂਅ

ਲਾਏ ਆ। ਸਾਰੇ ਹੀ ਆਉਣ ਵਾਲੇ ਵੀਰਾਂ ਦਾ ਬਹੁਤ....., ਸੁਆਸ ਸੁਆਸ ਕਰਕੇ, ਰੋਮ ਰੋਮ ਕਰਕੇ ਧੰਨਵਾਦ ਕਰਦਾ ਹਾਂ, ਜਿਹਨਾਂ ਨੇ ਸਤਿਗੁਰੂ ਦਾ ਆਸਰਾ ਲੈ ਕੇ ਸਿੱਖੀ ਸ਼ਾਨ ਨੂੰ ਉੱਚਿਆਂ ਰੱਖਦਿਆਂ ਹੋਇਆਂ, ਬੇਅੰਤ ਸਰੀਰਕ ਤਸੀਹੇ ਝੱਲੇ ਹਨ, ਪਰ ਸਰਕਾਰ ਅੱਗੇ ਨਿਉਂਏ ਨਹੀਂ, ਕਿਸੇ ਪ੍ਰਕਾਰ ਦੀ ਕਾਣ ਨਹੀਂ ਮੰਨੀ। ਸਤਿਗੁਰੂ ਨੇ ਕਿਰਪਾ ਕੀਤੀ ਹੈ, ਕੌਮ ਨੇ ਸਾਥ ਦਿੱਤਾ ਹੈ। ਮੈਂ ਆਪਣੇ ਵੱਲੋਂ ਵਿਸ਼ੇਸ਼ ਤੌਰ 'ਤੇ ਸਮੁੱਚੇ ਸਿੱਖ ਜਗਤ ਦਾ ਰੋਮ ਰੋਮ ਕਰਕੇ ਰਿਣੀ ਹਾਂ, ਕਰਜ਼ਾਈ ਹਾਂ ਤੇ ਧੰਨਵਾਦੀ ਵੀ ਹਾਂ। ਸਤਿਗੁਰੂ ਕਿਰਪਾ ਕਰਨ, ਸਾਨੂੰ ਸਾਰਿਆਂ ਨੂੰ ਏਕਤਾ ਬਖਸ਼ਣ।

ਵਧੀਆ ਕਵਿਤਾ ਸੁਣਾਉਣ ਵਾਲੇ ਦੇ ਸਨਮਾਨ ਦਾ ਐਲਾਨ

ਸਮਾਪਤੀ ਵਿੱਚ ਬੇਨਤੀ ਹੈ ਕਿ ਜਿਵੇਂ ਤੁਸੀਂ ਹੁਣੇ ਹੀ ਬਿਆਨ ਕਰਨ ਵਾਲੇ ਢਾਡੀ ਸਿੰਘਾਂ ਪਾਸੋਂ ਸਰਵਣ ਕੀਤਾ ਹੈ, ਇਸ ਸੰਬੰਧ ਵਿੱਚ ਇੱਕ ਬੇਨਤੀ ਕਰਨੀ ਜ਼ਰੂਰੀ ਯੋਗ ਸਮਝਦਾ ਹਾਂ। ਸੱਚਖੰਡ ਵਾਸੀ ਮਹਾਂਪੁਰਖ, ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂ ਮਹਿਤੇ ਵਾਲੇ...., ਉਹਨਾਂ ਮਹਾਂਪੁਰਖਾਂ ਦੀ ਬਰਸੀ ੧੬-੧੭ ਅਤੇ ੧੮ ਤਰੀਕ ਨੂੰ...., ੧੬ ਨੂੰ ਰੈਣ ਸਬਾਈ ਕੀਰਤਨ ਹੋਵੇਗਾ, ੧੭ ਤਰੀਕ ਸੰਗਰਾਂਦ ਵਾਲੇ ਦਿਨ, ਦੀਵਾਨ ਹਾਲ ਮੰਜੀ ਸਾਹਿਬ ਵਿਖੇ, ਬਹੁਤ ਵੱਡਾ ਇਕੱਠ ਹੋਵੇਗਾ ਤੇ ਉਸ ਅਸਥਾਨ ਤੇ ਬੋਲਣ ਵਾਲੇ ਜੋ ਢਾਡੀ ਹਨ, ਉਹਨਾਂ ਵੀਰਾਂ ਨੂੰ ਮੈਂ ਬੇਨਤੀ ਕਰਾਂਗਾ (ਕਿ) ਉਸ ਦਿਨ, ਸਿੱਖ ਮਰਯਾਦਾ ਮੁਤਾਬਕ, ਗੁਰੂ ਸਾਹਿਬ ਦੇ ਆਸ਼ੇ ਅਨੁਸਾਰ, ਸਿੱਖੀ ਸਿਧਾਂਤਾਂ 'ਤੇ ਚਲਦਿਆਂ ਹੋਇਆਂ, ਧਰਮ ਯੁੱਧ ਮੋਰਚੇ ਦੇ ਸੰਬੰਧ ਵਿੱਚ ਗੁਰਮਤਿ ਦੇ ਅਨੁਸਾਰ ਜਿਹੜਾ ਕੋਈ ਚੰਗੀ ਕਵਿਤਾ ਸੁਣਾਵੇਗਾ, ਉਹਦਾ ਸਤਿਕਾਰ ਕੀਤਾ ਜਾਵੇਗਾ ਬਹੁਤ, ਸਤਿਗੁਰੂ ਦੀ ਕਿਰਪਾ ਦੇ ਨਾਲ, ਪਰ ਉਸ ਵਾਸਤੇ ਇੱਕ ਬੇਨਤੀ ਜ਼ਰੂਰੀ ਹੈ ਕਿ ਕਵਿਤਾ ਭਾਵੇਂ ਕਿੰਨੀ ਚੰਗੀ ਹੋਵੇ, ਪਰ ਸਤਿਕਾਰ ਵਿਸ਼ੇਸ਼ ਉਸ ਵਿਅਕਤੀ ਦਾ ਕੀਤਾ ਜਾਵੇਗਾ, ਜਿਹੜਾ ਘੱਟ ਤੋਂ ਘੱਟ ਢਾਡੀਆਂ ਵਿੱਚੋਂ ਪੰਜ ਬਾਣੀਆਂ ਸੁਣਾਵੇ ਤੇ ਸਟੇਜ 'ਤੇ ਖੜੋ ਕੇ ਸ਼ਰਾਬ ਛੱਡਣ ਦਾ ਪ੍ਰਣ ਕਰੇ, ਜਿਹੜੇ ਪੀਂਦੇ ਆ। ਜਿਹੜੇ ਨਹੀਂ ਪੀਂਦੇ, ਉਹ ਤਾਂ ਠੀਕ ਈ ਆ ਤੇ (ਉਹ) ਅੰਮ੍ਰਿਤ ਛਕਣ, ਜਿਹਨਾਂ ਨਹੀਂ ਛਕਿਆ। ਕੇਵਲ ਕ੍ਰਿਪਾਨਾਂ ਪਾਈਆਂ ਵਿਖਾਵੇ ਮਾਤਰ ਤੇ ਅੰਮ੍ਰਿਤ ਨਹੀਂ ਛਕਿਆ। ਉਹਨਾਂ ਨੂੰ ਬੇਨਤੀ ਕਰਾਂਗਾ ਕਿ ਉਹ ਅੰਮ੍ਰਿਤ ਛਕਣ। ਜਿਹੜੇ ਅੰਮ੍ਰਿਤ ਛਕ ਕੇ ਚਲਿਆਈ ਦੇ ਤਹਿਤ ਹੋਏ ਆ, ਉਹ ਆਪਣੀ ਕੁਤਾਹੀ ਦੀ ਮੁਆਫ਼ੀ ਅਕਾਲ ਤਖਤ ਸਾਹਿਬ 'ਤੇ ਪੰਜਾਂ ਪਿਆਰਿਆਂ ਦੇ ਪੇਸ਼ ਹੋ ਕੇ ਮੰਗਣ ਤੇ ਪੰਜ ਬਾਣੀਆਂ ਜਿਹੜਾ ਪੜੇਗਾ ਤੇ ਕਵਿਤਾ ਵੀ ਚੰਗੀ ਸੁਣਾਏਗਾ, ਉਹਦਾ ਸਿਰੋਪਾਉ ਦੇ ਰੂਪ ਵਿੱਚ ਵੀ ਸਤਿਕਾਰ ਹੋਵੇਗਾ। ਗੁਰੂ ਸਾਹਿਬ ਨੂੰ ਭਾਇਆ ਤਾਂ ਸ਼ਾਇਦ ਨਕਦ ਸਤਿਕਾਰ ਵੀ ਉਹਦਾ ਵਾਹਵਾ ਹੋ ਜਾਵੇ, ਸੰਗਤ ਵਿੱਚੋਂ।

ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥

ਨਹੀਂ ਤਾਂ ਇਹ ਆ ਕਿ ਜ਼ਰੂਰ ਕਹਿ ਦਿਉ, ਮੈਂ ਤਾਂ ਜ਼ਰੂਰ ਕਹਿ ਦੇਨਾਂ ਆਂ ਕਿ ਇਹ ਵੀ ਸਹਾਇਤਾ ਹੋਵੇਗੀ।

ਇਸ ਪਾਸੇ ਅੱਜ ਧਿਆਨ ਦੇਣ ਵਾਸਤੇ, ਤਾਂ ਮਨ ਵਿੱਚ ਰੁਚੀ ਆਈ ਆ। ਮਹਾਂਪੁਰਖਾਂ ਨਾਲ ਇੱਕ ਵੇਰਾਂ ਵਿਚਾਰ ਹੋਈ ਸੀ (ਕਿ) ਵਕੀਲ, ਪ੍ਰੋਫੈਸਰ, ਪ੍ਰਿੰਸੀਪਲ, ਗਰੰਥੀ, ਸੰਤ ਮਹਾਤਮਾ, ਰਾਗੀ ਕੀਰਤਨ ਵਾਲੇ, ਪ੍ਰਚਾਰਕ, ਜੇ ਇੰਨੇ ਕੁ ਥਾਂ ਪੂਰੇ ਪੂਰੇ ਸੁਧਰ ਜਾਣ, ਨਸ਼ੇ ਤੋਂ ਬਚਣ, ਕ੍ਰਿਪਾਨ

ਲਾਹੁਣ ਤੋਂ ਸੰਕੋਚ ਕਰਨ, ਪ੍ਰਪੱਕਤਾ ਸਹਿਤ ਰਹਿਣ ਤੇ ਬਾਣੀ ਬਹੁਤੀ ਪੜ੍ਹਨ ਤੇ ਜਾਪ ਕਰਨ। (ਜੇ) ਇੰਨਾ ਕੁ ਥਾਂ ਸੁਧਰ ਜਾਵੇ ਤੇ ਤਖਤ 'ਤੇ ਖੜੇ ਹੋ ਕੇ, ਮੈਂ ਨਿਸ਼ਚੇ ਨਾਲ ਕਹਿ ਸਕਦਾ ਹਾਂ। (ਕਿ) ਜੋ ਗੁਰੂ ਕੀ ਪਿਆਰੀ ਸੰਗਤ ਬੈਠੀ ਆ, ਇਹਨਾਂ ਦੀ ਇਹ ਜ਼ੁਰਅਤ ਨਹੀਂ ਹੋਵੇਗੀ ਕਿ ਕੀਤੀ ਹੋਈ ਸਪੀਚ ਤੋਂ ਪਿੱਛੋਂ ਅੰਮ੍ਰਿਤ ਨਾ ਛਕਣ। ਇਹਦਾ ਮੁੱਖ ਕਾਰਨ ਇਹ ਆ (ਕਿ) ਅਸੀਂ ਗਜ ਵੀ ਘਸਾਉਂਦੇ ਹਾਂ, ਪ੍ਰਚਾਰ ਵੀ ਦੱਬ ਕੇ ਕਰੜਾ ਕਰਦੇ ਹਾਂ, ਪਰ ਸ਼ਾਮ ਨੂੰ ਜਦੋਂ ਸੌਣਾ ਹੁੰਦਾ, ਉਦੋਂ ਕਹਿੰਦੇ ਗਲ਼ਾ ਖਰਾਬ ਹੋ ਗਿਆ, ਪੀਤੀ ਬਿਨਾਂ ਸਾਫ ਨਹੀਂ ਹੁੰਦਾ, ਉਹ ਫਿਰ ਜਿਹੜੇ ਸੁਣਨ ਵਾਲੇ ਹੁੰਦੇ ਆ, (ਉਹ) ਕਹਿੰਦੇ ਸਾਡਾ ਵੀ ਗੁਜਾਰਾ ਨਹੀਂ ਹੁੰਦਾ। ਇਸ ਵਾਸਤੇ ਢਾਡੀ ਸਿੰਘ ਤੇ ਕਵੀਸ਼ਰ ਸਿੰਘ ਜਿਹੜੇ ਆ, ਉਹਨਾਂ ਨੂੰ ਮੈਂ ਬੇਨਤੀ ਕਰਦਾ ਹਾਂ, ਉਹ ਸਿੰਘ ਵੱਧ ਤੋਂ ਵੱਧ ਗੁਰਮਤਿ ਮੁਤਾਬਕ, ਜਿਸ ਵਿੱਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਮਹਾਨ ਮਹਿਮਾ ਬਾਰੇ ਵਿਚਾਰ ਹੋਵੇ, ਕਵਿਤਾ ਦੇ ਰੂਪ ਵਿੱਚ (ਅਤੇ) ਸਿੱਖੀ ਸਿਧਾਂਤਾਂ ਦੇ ਮੁਤਾਬਕ ਹੋਵੇ ਤੇ ਧਰਮ ਯੁੱਧ ਮੋਰਚੇ ਦੇ ਵਿੱਚ, ਜੋ ਸਿੱਖਾਂ ਦੇ ਉੱਪਰ ਤਸ਼ੱਦਦ ਹੋਇਆ, ਉਹਦੇ ਸੰਬੰਧ ਵਿੱਚ, ਜਿਹੜੇ ਰਾਗੀ ਢਾਡੀ, ਸੁਚੱਜੇ ਢੰਗ ਨਾਲ ਆਪਣੀਆਂ ਕਵਿਤਾਵਾਂ ਪੇਸ਼ ਕਰਨਗੇ, ਉਹਨਾਂ ਦਾ ਸਤਿਕਾਰ ਵੀ ਕੀਤਾ ਜਾਵੇਗਾ। ਮੈਂ ਆਪਣੇ ਵੱਲੋਂ ਸਮੇਂ ਨੂੰ ਮੁੱਖ ਰੱਖਦਿਆਂ ਹੋਇਆ ਜੇ ਵੱਧ ਕੋਈ ਮਿੰਟ ਲੱਗ ਗਿਆ ਹੋਵੇ ਤਾਂ ਸੈਕਟਰੀ ਸਾਹਿਬ ਖਿਮਾਂ ਬਖਸ਼ਣ।

ਸਾਬਤ ਸੂਰਤ ਰਹਿਣ ਅਤੇ ਨਸ਼ੇ ਛੱਡਣ ਦੀ ਅਪੀਲ

ਸੋ ਮੈਂ ਅੰਤ ਵਿੱਚ ਸਾਰੀ ਸੰਗਤ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਤੇ ਜਿਹੜੇ ਸਿੰਘਾਂ ਨੇ ਦਾਹੜੀਆਂ ਕਟਾਈਆਂ, ਉਹ ਪ੍ਰਣ ਕਰਕੇ ਜਾਉ, ਅੱਜ ਤੋਂ ਦਾਹੜੀਆਂ ਨਹੀਂ ਕਟਾਵਾਂਗੇ। ਜਿਹੜੇ ਸ਼ਰਾਬ ਪੀਂਦੇ ਆ ਅੱਜ ਪ੍ਰਣ ਕਰਕੇ ਜਾਣ, ਮੁੜ ਕੇ ਸ਼ਰਾਬ ਨਹੀਂ ਪੀਵਾਂਗੇ। ਜਿਹੜਾ ੧੦੦ ਸਿੰਘ, ਇਥੋਂ ਮੇਰੇ ਕੋਲ ਜਾ ਕੇ ਆਸਣ 'ਤੇ (ਕੇਸ) ਰੱਖ ਕੇ ਆਇਆ ਹੈ, ਉਹਨਾਂ 'ਚੋਂ ਕੁਝ ਕੁ ਇਥੇ ਬੈਠੇ ਵੀ ਦਿਸਦੇ ਆ। ਉਹਨਾਂ ਨੂੰ ਵੀ ਬੇਨਤੀ ਕਰਾਂਗਾ, ਉਹ ਆਪਣੇ ਬਚਨ 'ਤੇ ਪੱਕਿਆਂ ਰਿਹੋ ਤੇ ਜੇ ਦਾਹੜੀ ਭਾਰੀ ਲੱਗਦੀ ਆ ਤੇ ਉਸ ਅਸਥਾਨ 'ਤੇ ਬੈਠੇ ਆਂ, ਭਾਈ ਸਾਹਿਬ ਨੇ ਤੇ ਕਿਹਾ ਸੀ ਇੱਕ ਸਿਰ....., ਮਹਾਂਪੁਰਖ ਸੱਚਖੰਡ ਵਾਸੀਆਂ ਦਾ ਨਿਸ਼ਚਾ ਸੀ ਕਿ ਜਿਹੜੀ ਇੱਕ ਫੁੱਟ ਦੀ ਇੱਟ, ਸੇਵਾ ਲੱਗੀ ਆ (ਉਸ) ਇੱਕ ਇੱਕ ਇੱਟ ਦੇ ਥੱਲੇ, ੧੦੦ ਸ਼ਹੀਦ ਸਿੰਘਾਂ ਦਾ ਸਿਰ ਲੱਗਾ। ਇੰਨੀ ਕੁਰਬਾਨੀ ਇਥੇ ਇਸ ਪਵਿੱਤਰ ਅਸਥਾਨ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਵਾਸਤੇ ਹੋਈ ਆ ਤੇ ਉਹ ਇਥੇ ਅਰਦਾਸ ਕਰੋ, ਜਿਹਨਾਂ ਨੂੰ ਦਾਹੜੀਆਂ ਭਾਰੀਆਂ ਲੱਗਦੀਆਂ, ਮਰਦਪੁਣਾ ਚੰਗਾ ਨਹੀਂ ਲੱਗਦਾ ਕਿ ਸੱਚੇ ਪਾਤਿਸ਼ਾਹ ਸਾਡੇ ਤੇ ਕਿਰਪਾ ਕਰ, ਭਾਵੇਂ ਤੁਸਾਂ ਮਰਦਪੁਣਾ ਸਾਨੂੰ ਦਿੱਤਾ, ਪਰ ਇਹ ਸਾਥੋਂ ਸਾਂਭਿਆ ਨਹੀਂ ਜਾਂਦਾ। ਸਾਨੂੰ ਮਾਰ ਕੇ ਤੁਮਿਤਾਂ ਬਣਾ ਦੇਹ ਤੇ ਬੀਬੀਆਂ ਨੂੰ ਮਰਦ ਬਣਾ ਦੇਹ, ਵਟਾਂਦਰੇ ਦੀ ਅਰਦਾਸ ਕਰ ਦਿਉ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

* * *

ਸ. ਸੁਰਿੰਦਰਜੀਤ ਸਿੰਘ ਬੈਂਸ ਵੈਨਕੋਵਰ ਨਾਲ ਸੰਤ ਜਰਨੈਲ ਸਿੰਘ ਦੀ ਇੰਟਰਵਿਊ (ਨਾਨਕ ਨਿਵਾਸ, ਅੰਮ੍ਰਿਤਸਰ ਜਨਵਰੀ ੧੯੮੩)

? ਸੰਤ ਜੀ ਮੈਂ ਆਪ ਜੀ ਨੂੰ ਵਿਦੇਸ਼ਾਂ ਵਿੱਚ ਰਹਿੰਦੇ ਸਿੱਖਾਂ ਦੀਆਂ ਸ਼ੁਭ ਕਾਮਨਾਵਾਂ ਭੇਟ ਕਰਦਾ ਹਾਂ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

? ਸੰਤ ਜੀ ਕੀ ਤੁਸੀਂ ਮੈਨੂੰ ਦੱਸ ਸਕਦੇ ਹੋ ਕਿ ਆਪ ਨਾਨਕ ਨਿਵਾਸ ਵਿੱਚ ਕਿੰਨੇ ਚਿਰ ਤੋਂ ਅਤੇ ਕਿਉਂ ਰਹਿ ਰਹੇ ਹੋ ?

- ਮੈਂ ੧੯ ਜੁਲਾਈ ੧੯੮੨ ਤੋਂ ਇਥੇ ਰਹਿ ਰਿਹਾ ਹਾਂ। ਮੈਂ ਸਿੰਘਾਂ ਉੱਤੇ ਹੋ ਰਹੇ ਜ਼ੁਲਮਾਂ ਨੂੰ ਸ਼ਾਂਤਮਈ ਢੰਗ ਨਾਲ ਰੋਕਣ ਲਈ ਇਥੇ ਟਿਕਿਆ ਹੋਇਆਂ ਹਾਂ ਤੇ ਇਸ ਤੋਂ ਇਲਾਵਾ ਮੇਰਾ ਹੋਰ ਕੋਈ ਮੰਤਵ ਨਹੀਂ। ਇਹ ਸੰਘਰਸ਼ ਪੰਥ ਵੱਲੋਂ ਚਲਿਆ ਆ ਰਿਹਾ ਹੈ, ਜਿਹੜਾ ਕਿ ਸਰਬੱਤ ਦੇ ਭਲੇ ਲਈ ਹੈ। ਜਦ ਭਾਈ ਅਮਰੀਕ ਸਿੰਘ ਨੂੰ ੧੯ ਜੁਲਾਈ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਉਸ ਤੋਂ ਪਹਿਲਾਂ ੧੭ ਜੁਲਾਈ ਨੂੰ ਜਥੇ ਦੇ ਤਿੰਨਾਂ ਸਿੰਘਾਂ ਨੂੰ, ਜੋ ਬਾਬਾ ਉਤਮ ਸਿੰਘ ਜੀ ਨੂੰ ਖਡੂਰ ਸਾਹਿਬ ਛੱਡ ਕੇ ਵਾਪਸ ਆ ਰਹੇ ਸਨ ਤੇ ਮੇਰੇ ਲਈ ਦਵਾਈ ਲੈਣ ਗਏ ਸਨ। ਮੈਂ ਉਸ ਸਮੇਂ ਬਿਸਤਰੇ 'ਤੇ ਸਾਂ। ਮੈਂ ਬਿਮਾਰ ਹੋ ਗਿਆ ਸਾਂ ੧੨-੧੩ (ਤਰੀਕ) ਨੂੰ।

? ਉਦੋਂ ਤੁਸੀਂ ਆਪਣੇ ਪਿੰਡ ਸੋ ?

- (ਮੈਂ) ਮਹਿਤੇ ਸਾਂ। ਮੈਨੂੰ ਗੁਲੋਕੋਜ਼ ਲੱਗਾ ਹੋਇਆ ਸੀ। ਡਾਕਟਰ ਨੇ ਮੈਨੂੰ ਬਿਸਤਰੇ 'ਤੇ ਰਹਿਣ ਲਈ ਕਿਹਾ ਹੋਇਆ ਸੀ। ਬਾਬਾ ਉਤਮ ਸਿੰਘ ਜੀ ਖਡੂਰ ਸਾਹਿਬ ਤੋਂ ਮੇਰੀ ਖ਼ਬਰ ਲੈਣ ਆਏ ਸਨ। ਇਹ ਸਿੰਘ ਉਹਨਾਂ ਨੂੰ ਖਡੂਰ ਸਾਹਿਬ ਛੱਡਣ ਗਏ ਸਨ। ਵਾਪਸੀ 'ਤੇ ਪੁਲੀਸ ਨੇ ਉਹਨਾਂ ਨੂੰ ਰਸਤੇ 'ਚ ਰੋਕਿਆ ਅਤੇ ਪੁੱਛਿਆ ਕਿ ਤੁਸੀਂ ਕੌਣ ਹੋ ਅਤੇ ਕਿੱਥੇ ਜਾ ਰਹੇ ਹੋ ? ਉਹਨਾਂ ਜਵਾਬ ਦਿੱਤਾ ਕਿ ਉਹ ਮਹਿਤੇ ਤੋਂ ਆਏ ਸਨ ਅਤੇ ਵਾਪਸ ਉਥੇ ਜਾ ਰਹੇ ਹਨ। ਪੁਲੀਸ ਵਾਲਿਆਂ ਨੇ ਕਿਹਾ ਕਿ ਸਾਡਾ ਵੱਡਾ ਅਫ਼ਸਰ ਬਲਾਉਂਦਾ ਹੈ, ਤੁਸੀਂ ਉਹਨੂੰ, ਉਹਦੇ ਕੋਲ ਜਾ ਕੇ ਮਿਲੋ। ਉਹ (ਉਹਦੇ) ਕੋਲ ਗਏ ਤੇ ਪੁਲੀਸ ਨੇ ਉਹਨਾਂ ਨੂੰ ਫੜ ਲਿਆ ਅਤੇ ਕੁੱਟਣਾ ਸ਼ੁਰੂ ਕਰ ਦਿੱਤਾ। ਉਹਨਾਂ ਕੋਲ .੪੫ਪ ਬੋਰ ਦਾ ਪਿਸਟਲ ਸੀ, ਜਿਹੜਾ ਲਾਇਸੈਂਸੀ ਸੀ। ਉਹਨਾਂ ਕੋਲ ੧੬ ਹਜ਼ਾਰ ਰੁਪਇਆ ਵੀ ਸੀ।

ਪੁਲੀਸ ਨੇ ਉਹ ਵੀ ਖੋਹ ਲਿਆ ਅਤੇ ਕੁੱਟਿਆ। ਅਗਲੇ ਦਿਨ ਮੈਂ ਭਾਈ ਅਮਰੀਕ ਸਿੰਘ ਨੂੰ ਪੈਰਵਾਈ ਕਰਨ ਲਈ ਭੇਜਿਆ। ਉਹਨੂੰ ੧੯ ਜੁਲਾਈ ਨੂੰ ਗ੍ਰਿਫ਼ਤਾਰ ਕਰ ਲਿਆ। ਫਿਰ ਮੈਂ ਬਾਬਾ ਠਾਰਾ ਸਿੰਘ ਨੂੰ ਭੇਜਿਆ, ਉਹਨੂੰ ਵੀ ਗ੍ਰਿਫ਼ਤਾਰ ਕਰ ਲਿਆ। ਲੋਕ ਕਹਿੰਦੇ ਨੇ ਕਿ ਪਹਿਲਾਂ ਵੀ ਬਹੁਤ ਸਾਰੇ ਸਿੰਘ ਮਾਰੇ (ਸ਼ਹੀਦ ਹੋ) ਗਏ ਅਤੇ ਕਈਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਤੇ ਮੈਂ ਉਦੋਂ ਕਿਉਂ ਨਾ ਕੁਝ ਕੀਤਾ। ਉਦੋਂ ਮੋਰਚਾ ਨਾ ਲਾਉਣ ਦਾ ਕਾਰਨ ਇਹ ਸੀ ਕਿ ਉਦੋਂ ਤੱਕ ਅਕਾਲੀ ਦਲ ਵੱਲੋਂ ਅਰੰਭੇ ਹਰ ਮੋਰਚੇ ਲਈ ਅਤੇ ਜਿਹੜੀਆਂ ਸ਼ਹੀਦੀਆਂ ਹੋਈਆਂ, ਉਹਨਾਂ ਦੀ ਅਦਾਲਤਾਂ ਵਿੱਚ ਪੈਰਵਾਈ ਕਰਨ ਲਈ ਮੌਕਾ ਹੁੰਦਾ ਸੀ। ਇਹ ਕਾਰਨ ਸੀ ਕਿ ਉਦੋਂ ਕੋਈ ਮੋਰਚਾ ਨਹੀਂ ਲਾਇਆ ਗਿਆ। ਅਸੀਂ ਇਹ ਸਮਝਦੇ ਸਾਂ ਕਿ ਚੱਲੋ ਕਨੂੰਨੀ ਰਸਤਾ ਤਾਂ ਹੈ, ਇਹਨੂੰ ਵੇਖ ਲਈਏ, ਫਿਰ ਅੱਗੋਂ ਸੋਚਾਂਗੇ। ਹੁਣ ਇਹ ਤਰੀਕਾ ਵੀ ਨਾ ਰਿਹਾ। ਉਹ (ਪੁਲੀਸ) ਉਹਨੂੰ ਹੀ ਫੜ ਲੈਂਦੇ ਸਨ, ਜਿਹੜਾ ਛੁਡਾਉਣ ਜਾਂਦਾ ਸੀ। ਫਿਰ ਜਿਹੜਾ ਹੋਰ ਛੁਡਾਉਣ ਜਾਂਦਾ ਸੀ, ਉਹਨੂੰ ਵੀ ਫੜ ਲਿਆ ਜਾਂਦਾ ਸੀ। ਇਸ ਤਰ੍ਹਾਂ ਸਾਡੇ ਲਈ ਦੋ ਰਾਹ ਹੀ ਰਹਿ ਗਏ ਸੀ ਕਿ ਜਾਂ ਸ਼ਾਂਤਮਈ ਢੰਗ ਨਾਲ ਲੜੀਏ ਜਾਂ ਗੋਲੀ ਨਾਲ। ਗੋਲੀ ਦਾ ਰਾਹ ਅਪਨਾਉਣ ਤੋਂ ਪਹਿਲਾਂ ਅਸੀਂ ਸ਼ਾਂਤਮਈ ਰਸਤਾ ਚੁਣਿਆ। ਇਹ ਕਾਰਨ ਸੀ ਕਿ ਅਸੀਂ ੧੯ ਜੁਲਾਈ ਨੂੰ ਮੋਰਚਾ ਅਰੰਭ ਕੀਤਾ। ੨੫ ਜੁਲਾਈ ਨੂੰ ਅਸੀਂ ਵੱਡਾ ਇਕੱਠ ਬੁਲਾਇਆ। ੨੬ ਜੁਲਾਈ ਨੂੰ ਮੀਟਿੰਗ ਜਾਂ ਵਿਚਾਰ ਹੋਈ, ਜਿਹਨੂੰ ਤੁਸੀਂ ਜੋ ਮਰਜੀ ਸਮਝ ਲਉ। ਸ਼੍ਰੋਮਣੀ ਅਕਾਲੀ ਦਲ ਵੱਲੋਂ, ਜਿਸ ਵਿੱਚ ਇਹ ਫੈਸਲਾ ਹੋਇਆ ਕਿ ੪ ਅਗਸਤ ਤੱਕ ਜਥੇ ਜਾਂਦੇ ਰਹਿਣ ਅਤੇ ੪ ਅਗਸਤ ਤੱਕ (ਇਕੱਲਾ) ਜਥਾ (ਦਮਦਮੀ ਟਕਸਾਲ) ਮੋਰਚਾ ਚਲਾਈ ਜਾਵੇ। ੪ ਅਗਸਤ ਨੂੰ ਮੋਰਚਾ, ਪੰਥ ਆਪਣੇ ਹੱਥ ਲੈ ਲਵੇਗਾ। ੪ ਅਗਸਤ ਨੂੰ ਪੰਥ ਵੱਲੋਂ ਜਥਾ ਤੋਰਿਆ ਗਿਆ। ਅਰੰਭ 'ਚ ਸਾਡੀਆਂ ਮੰਗਾਂ ਸਨ, ਸਿੰਘਾਂ ਦੀ ਰਿਹਾਈ ਅਤੇ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦਿੱਤਾ ਜਾਵੇ। ਇਦੋਂ ਵੱਧ (ਮੰਗਾਂ) ਨਹੀਂ ਸਨ। ਇਹ ਸਾਡੀਆਂ ਅਰੰਭ 'ਚ ਮੰਗਾਂ ਸਨ। ਅਨੰਦਪੁਰ ਸਾਹਿਬ ਦੇ ਮਤੇ ਬਾਰੇ ਕਾਫੀ ਸਮੇਂ ਤੋਂ ਪਹਿਲਾਂ ਹੀ ਸੰਘਰਸ਼ ਚੱਲ ਰਿਹਾ ਸੀ। ੪ ਅਗਸਤ ਨੂੰ ਸਾਰੇ ਇਕੱਠੇ ਹੋ ਗਏ। ਫਿਰ ਇਹ ਅਕਾਲੀ ਦਲ ਦੀ ਤਰਫੋਂ ਪੰਥਕ ਸੰਘਰਸ਼ ਸੀ। ਇਹਦਾ ਆਰੰਭ ੧੯ ਜੁਲਾਈ ਦੀਆਂ ਗ੍ਰਿਫ਼ਤਾਰੀਆਂ ਤੋਂ ਆਂ। ਇਹ ਸੰਘਰਸ਼ ਤਾਂ ਭਾਵੇਂ ਕਾਫੀ ਚਿਰ ਤੋਂ ਚੱਲ ਰਿਹਾ ਸੀ, ਪਰ ਗ੍ਰਿਫ਼ਤਾਰੀਆਂ ਨਹੀਂ ਸੀ ਦਿੱਤੀਆਂ ਜਾਂਦੀਆਂ। ਤਲਵੰਡੀ ਇਥੇ ਕੁ ਬੈਠਾ ਸੀ। ਉਹ ਕਈ ਵਾਰ ਗ੍ਰਿਫ਼ਤਾਰ ਵੀ ਹੋਇਆ ਸੀ। ਉਦੋਂ, ਕਦੀ ਬੱਸ ਕਰਾਏ ਲਈ, ਕਦੀ (ਜਿਣਸਾਂ ਦੇ) ਭਾਅ ਲਈ, ਕਦੀ ਦੁੱਧ ਦੇ (ਭਾਅ) ਲਈ ਅਤੇ ਕਦੀ ਕਪੂਰੀ, ਜਿਸ ਨੂੰ ਕਪੂਰੀ ਮੋਰਚਾ ਕਿਹਾ ਜਾਂਦਾ ਸੀ। ਕਪੂਰੀ ਮੋਰਚਾ ਨਹਿਰੀ ਪਾਣੀ ਲਈ ਸੀ। ਇਹਨਾਂ ਮੋਰਚਿਆਂ ਵਿੱਚ ਮੁਜ਼ਾਹਰੇ ਹੁੰਦੇ ਸਨ, ਪਰ ਗ੍ਰਿਫ਼ਤਾਰੀਆਂ ਨਹੀਂ ਸਨ। ਗ੍ਰਿਫ਼ਤਾਰੀਆਂ ੧੯ ਜੁਲਾਈ ਨੂੰ ਹੀ ਆਰੰਭ ਹੋਈਆਂ ਮੁੱਖ ਕਾਰਨ ਇਹ ਸੀ, ਜਿਹੜਾ ਮੈਂ ਦੱਸਿਆ। ਉਦੋਂ ਬਾਅਦ ਉਹਨਾਂ ਇਹ ਬੰਦੇ ਨਹੀਂ ਛੱਡੇ ਤੇ ਮੈਂ (ਨਾਨਕ ਨਿਵਾਸ ਵਿੱਚੋਂ) ਵਾਪਸ ਨਹੀਂ ਗਿਆ।

? ੧੯ ਜੁਲਾਈ ਨੂੰ ਕਿੰਨੇ ਬੰਦਿਆਂ ਨੇ ਗ੍ਰਿਫ਼ਤਾਰੀ ਦਿੱਤੀ।
- ਇਕਵੰਜਾ।
? ਉਹ ਸਿੰਘ ਤੁਹਾਡੇ ਜਥੇ ਦੇ ਸਨ ?
- ਉਹ ਇਕੱਠ ਵਿੱਚੋਂ ਸਨ, ਜਨਤਾ ਦੇ ਨਾਲ।
? ਉਹਨਾਂ ਕਿੱਥੇ ਗ੍ਰਿਫ਼ਤਾਰੀ ਦਿੱਤੀ ?
- ਡੀ.ਸੀ. (ਕੋਲ)।
? ਹੁਣ ਜਿਹੜਾ ਮੋਰਚਾ ਚੱਲ ਰਿਹਾ, ਇਸਦੀ ਅਗਵਾਈ ਤੁਸੀਂ ਅਤੇ ਲੌਂਗੋਵਾਲ ਕਰ ਰਹੇ ਹੋ ?
- ਲੌਂਗੋਵਾਲ ਪ੍ਰਧਾਨ ਆਂ, ਮੈਂ ਸੰਗਤ ਦਾ ਨਿਮਾਣਾ ਜਿਹਾ ਸੇਵਾਦਾਰ ਆਂ। ਅਗਵਾਈ ਅਕਾਲੀ ਦਲ ਦੀ ਆ।
? ਜਦੋਂ ਦਾ ਮੋਰਚਾ ਸ਼ੁਰੂ ਹੋਇਆ ਕੋਈ ਗੱਲਬਾਤ ਹੋਈ ਆ ?
- ਸੰਤਾਂ ਨਾਲ ਕੁਝ ਹੋਈਆਂ। ਮੇਰੇ ਨਾਲ ਕੋਈ ਨਹੀਂ ਹੋਈ। ਸੰਤ ਜੀ ਨੂੰ ਹੀ ਪਤਾ ਹੋਵੇਗਾ, ਜਿਹੜੀਆਂ ਉਹਨਾਂ ਨਾਲ ਗੱਲਾਂ ਹੋਈਆਂ। ਮੇਰੇ ਨਾਲ ਤਾਂ ਇੱਕੋ ਬੰਦੇ ਨੇ ਹੀ ਗੱਲ ਕੀਤੀ ਆ। ਉਹ ਸਵਰਨ ਸਿੰਘ ਆ। ਉਹ ਇਥੇ ਆਇਆ ਸੀ। ਪਹਿਲਾਂ ਸੰਤ ਜੀ ਨੂੰ ਮਿਲਿਆ, ਫਿਰ ਮੈਨੂੰ ਮਿਲਣ ਆਇਆ।
? ਕੀ ਤੁਸੀਂ ਗੱਲਬਾਤ ਬਾਰੇ ਸਾਨੂੰ ਕੁਝ ਦੱਸ ਸਕਦੇ ਹੋ ?
- ਮੈਂ ਤੁਹਾਨੂੰ ਬਹੁਤ ਕੁਝ ਦੱਸ ਸਕਦਾਂ। ਜਦ ਉਹ ਆਇਆ, ਮੈਂ ਇਥੇ ਬੱਲੇ ਹੀ ਬੈਠਾ ਹੋਇਆ ਸੀ। ਉਹਨੇ ਫਤਹਿ ਬੁਲਾਈ ਅਤੇ ਮੈਂ (ਫਤਹਿ ਦਾ) ਜਵਾਬ ਦਿੱਤਾ। ਫਿਰ ਉਸਨੇ ਕਿਹਾ ਸੰਤ ਜੀ ਮੈਂ ਤੁਹਾਡੇ ਇਸ ਕੰਮ ਦੀ ਸਰਾਹਨਾ ਕਰਦਾ ਆਂ, ਜਿਹੜੀ ਤੁਸੀਂ ਸਿੱਖਾਂ ਵਿੱਚ ਜਾਗ੍ਰਤੀ ਲਿਆਂਦੀ ਆ, ਤੁਸੀਂ ਅੰਮ੍ਰਿਤ ਪ੍ਰਚਾਰ ਕੀਤਾ। ਤੁਸੀਂ ਲੋਕਾਂ ਨੂੰ ਸਿੱਧੇ ਰਾਹੇ ਪਾਇਆ। ਮੈਂ ਕਿਹਾ ਇਹਦਾ ਅਸਲ ਕਾਰਨ ਤਾਂ ਤੁਹਾਡੀ ਗੌਰਮੈਂਟ ਦੀ ਹੀ ਮਿਹਰਬਾਨੀ ਆਂ ਕਿ ਮੈਂ ਇਥੇ ਬੈਠਾਂ ਹਾਂ। ਉਹਨੇ ਮੈਨੂੰ ਉਹ ਸਵਾਲ ਹੀ ਕੀਤਾ, ਜਿਹੜਾ ਮੇਰੇ ਮਨ ਵਿੱਚ ਸੀ। ਮੈਂ ਉਹਨੂੰ ਕਿਹਾ ਕਿ ਗੌਰਮੈਂਟ ਨੇ ਇਹ ਪਾਲਸੀ ਬਣਾਈ ਹੋਈ ਆ ਕਿ ਜਿਹੜਾ ਵੀ ਅੰਮ੍ਰਿਤ ਛਕਾਵੇ, ਉਹਨੂੰ ਬਾਹਰ ਹੀ ਨਾ ਜਾਣ ਦਿਉ। ਉਹਨੇ ਕਿਹਾ ਕਿ ਹੋ ਸਕਦਾ ਇਹ ਠੀਕ ਹੋਵੇ। ਕਿਉਂਕਿ ਉਹ ਖੁਦ ਵੀ ਸਿੱਖ ਹੈ। ਇਸ ਗੱਲਬਾਤ ਤੋਂ ਬਾਅਦ ਅਸੀਂ ਚੁੱਪ ਕਰ ਗਏ। ਫਿਰ ਮੈਂ ਉਹਨੂੰ ਪੁੱਛਿਆ ਕਿ ਉਹ ਕਿਵੇਂ ਆਇਆ। ਵਿਚੋਲਾ ਬਣ ਕੇ ਜਾਂ ਸਿੱਖ ਦੇ ਤੌਰ 'ਤੇ। ਉਹਨੇ ਕਿਹਾ ਮੈਂ ਬਤੌਰ ਸਿੱਖ ਆਇਆਂ। ਮੈਂ ਉਹਨੂੰ ਪੁੱਛਿਆ ਕਿ ਤੂੰ ਚਾਹੁੰਦਾ ਕੀ ਆਂ ? ਉਹਨੇ ਕਿਹਾ ਕਿ ਮੈਂ ਤੁਹਾਡੀ ਅਸ਼ੀਰਵਾਦ ਲੈਣ ਆਇਆਂ। ਮੈਂ ਕਿਹਾ ਕਿ ਅਸ਼ੀਰਵਾਦ ਤਾਂ ਇਥੋਂ ਦਰਬਾਰ ਸਾਹਿਬ ਤੋਂ ਮਿਲਦੀ ਆ, ਗੁਰੂ ਗਰੰਥ ਸਾਹਿਬ ਤੋਂ। ਸਾਧ ਸੰਤ ਵੀ ਅਸ਼ੀਰਵਾਦਾਂ ਦਿੰਦੇ ਨੇ। ਮੈਂ ਉਹਨੂੰ ਪੁੱਛਿਆ ਕਿ ਕੀ ਤੁਹਾਡੀ ਗੌਰਮੈਂਟ ਮੈਨੂੰ ਸੰਤ ਮੰਨਦੀ ਆ ? ਤੁਹਾਡੀ ਗੌਰਮੈਂਟ ਤਾਂ ਮੈਨੂੰ ਡਾਕੂ ਕਹਿੰਦੀ ਆ। ਤੂੰ ਗੌਰਮੈਂਟ ਦਾ ਬੰਦਾ ਹੋ ਕੇ ਮੈਨੂੰ ਸੰਤ ਕਹਿੰਨਾਂ। ਉਹਨੇ ਕਿਹਾ ਕਿ ਮੈਂ (ਖੁਦ) ਸਿੱਖ ਹੋਣ ਕਰਕੇ, ਤੁਹਾਨੂੰ ਸੰਤ ਕਹਿੰਨਾਂ ਆਂ। ਮੈਂ ਉਹਨੂੰ ਆਖਿਆ ਕਿ ਅਜੇ ਤੂੰ ਹੁਣੇ ਹੀ ਮੈਨੂੰ ਕਿਹਾ ਕਿ ਮੈਂ ਤੇਰੇ ਨਾਲ ਮੋਰਚੇ ਬਾਰੇ ਗੱਲ ਕਰਨੀ ਚਾਹੁੰਦਾ ਆਂ। ਜੇ ਤੂੰ ਮੇਰੇ ਨਾਲ

ਮੋਰਚੇ ਬਾਰੇ ਗੱਲ ਕਰਨੀ ਆਂ ਅਤੇ ਤੂੰ ਮੇਰੇ ਕੋਲ ਬਤੌਰ ਸਿੱਖ ਆਇਆ ਐਂ ਤੇ ਵਿਚੋਲਾ ਬਣ ਕੇ ਨਹੀਂ ਆਇਆ ਤਾਂ ਫਿਰ ਤੇਰੀ ਸਮੱਸਿਆ ਕੀ ਆ ? ਤਾਂ ਉਸਨੇ ਕਿਹਾ ਕਿ ਮੈਂ ਬਤੌਰ ਵਿਚੋਲਾ ਵੀ ਹਾਂ। ਮੈਂ ਜਵਾਬ ਦਿੱਤਾ ਕਿ ਤਾਂ ਫਿਰ ਅਸੀਂ ਗੱਲ ਕਰ ਸਕਦੇ ਆਂ। ਉਹਨੇ ਮੈਨੂੰ ਇਹ ਕਹਿ ਕੇ ਗੱਲ ਸ਼ੁਰੂ ਕੀਤੀ ਕਿ ਮੋਰਚੇ ਬਾਰੇ ਕੁਝ ਦੱਸੋ ? ਮੈਂ ਕਿਹਾ ਕਿ ਮੈਂ ਸੁਣਿਆਂ ਹੋਇਆ ਸੀ ਕਿ ਉਹ ਇੱਕ ਸੈਂਟਰ ਦੇ ਮਨਿਸਟਰ ਰਹੇ ਨੇ ਅਤੇ ਵਕੀਲ ਵੀ ਨੇ ਤੇ ਬੜੀ ਚੁਸਤੀ ਨਾਲ ਟਾਲ ਮਟੋਲ ਵਾਲੀ ਗੱਲ ਕਰ ਸਕਦੇ ਨੇ, ਪਰ ਮੈਂ ਇਹ ਤਾਂ ਮੰਨਾਂਗਾ, ਜੇ ਸਾਧ ਦੇ ਪ੍ਰਸ਼ਨਾਂ ਦੇ ਜਵਾਬ ਦਏਂਗਾ, ਨਹੀਂ ਤੇ ਮੇਰੀ ਨਜ਼ਰ ਵਿੱਚ ਉਹ ਅਨਪੜ੍ਹ ਆ। ਉਹਨੇ ਕਿਹਾ ਪੁੱਛੋ ? ਮੈਂ ਕਿਹਾ, ਮੈਨੂੰ ਮੇਰੇ ਪਹਿਲੇ ਸਵਾਲ ਦਾ ਜਵਾਬ ਦੇਹ ਕਿ ਤੂੰ ਸਤਿਗੁਰੂ ਗੁਰੂ ਗਰੰਥ ਸਾਹਿਬ ਦੇ ਕਾਤਲਾਂ ਬਾਰੇ ਕੀ ਕੀਤਾ। ਗੁਰੂ ਗਰੰਥ ਸਾਹਿਬ ਦੀਆਂ ਪੋਥੀਆਂ ਨੂੰ ਚੰਦੋ ਕਲਾਂ ਵਿੱਚ ਜਿਹੜੀ ਅੱਗ ਲਾਈ ਗਈ ਸੀ, ਉਹਦਾ ਕੀ ਕੀਤਾ ? ਜੇ ਤੂੰ ਉਹਨਾਂ ਬਾਰੇ ਅਜੇ ਤੱਕ ਕੁਝ ਨਹੀਂ ਕੀਤਾ ਤਾਂ ਕਿਉਂ ਨਹੀਂ ਕੀਤਾ ਤੇ ਜੇ ਕੁਝ ਕੀਤਾ ਤਾਂ ਫਿਰ ਕੀ ਕੀਤਾ ? ਉਹਨੇ ਕਿਹਾ ਮੇਰੇ ਕੋਲ ਕੋਈ ਜਵਾਬ ਨਹੀਂ। ਮੈਂ ਆਖਿਆ ਜੇ ਤੇਰੇ ਕੋਲ ਕੋਈ ਜਵਾਬ ਨਹੀਂ ਤਾਂ ਫਿਰ ਜਾਹ, ਮੇਰੇ ਕੋਲੋਂ ਕੀ ਲੈਣਾ ? ਜੇ ਕੋਈ ਉੱਤਰ ਹੈ ਤਾਂ ਉਹ ਦੱਸ ? ਫਿਰ ਮੈਂ ਉਹਨੂੰ ਪੁੱਛਿਆ ਕਿ ਕੀ ਤੂੰ ਗੁਰੂ ਦਾ ਸਿੱਖ ਆਂ ਕਿ ਇੰਦਰਾ ਦਾ ? ਉਹਨੇ ਕਿਹਾ ਸੰਤ ਜੀ, ਮੈਂ ਸੁਣਿਆ ਸੀ ਕਿ ਤੂੰ ਬੜਾ ਗਰਮ ਆਂ ਤੇ ਅੱਜ ਮੈਂ ਖੁਦ ਵੇਖ ਲਿਆ। ਮੈਂ ਕਿਹਾ ਕਿ ਜੇ ਸੱਚਾ ਹੋਣਾ (ਹੀ) ਗਰਮ ਹੋਣਾ ਹੈ ਤਾਂ ਮੈਂ ਗਰਮ ਆਂ ਤੇ ਜੇ ਝੂਠ ਕਹਿਣਾ ਗਰਮ ਹੋਣਾ ਆ ਤਾਂ ਮੈਂ ਠੰਡਾ (ਮਿੱਠਾ) ਮੈਨੂੰ ਦੱਸ ਕਿ ਕੀ ਮੈਂ ਝੂਠਾ ਹਾਂ ਤੇ ਮੈਨੂੰ ਸੱਚਾ ਹੋਣਾ ਚਾਹੀਦਾ। ਗੁਰੂ ਗਰੰਥ ਸਾਹਿਬ ਤਾਂ ਸਭ ਸੱਚ ਹੈ। ਜੇ ਗੁਰੂ ਗਰੰਥ ਸਾਹਿਬ ਹੀ ਗਰਮ ਨੇ, ਤਾਂ ਕਿਉਂਕਿ ਮੈਂ ਬਾਣੀ ਪੜ੍ਹਦਾਂ ਤੇ ਮੈਂ ਗਰਮ ਹੋਣਾ ਈ ਹੋਇਆ। ਮੈਂ ਕਿਸੇ ਦਾ ਨਿਰਾਦਰ ਕਰਨਾਂ (ਤੇ) ਤਾਂ ਮੈਨੂੰ ਦੱਸ ? ਮੇਰੇ ੨੯ ਪੁਇੰਟ ਨੇ, ਜਿਹੜੇ ਮੈਂ ਤੈਨੂੰ ਲਿਖਤੀ ਰੂਪ 'ਚ ਦੇ ਸਕਦਾਂ। ਇੰਦਰਾ ਨੂੰ ਕਹਿ ਕਿ ਉਹ ਮੇਰੇ ਇਹਨਾਂ ਅਠਾਈਆਂ ਪ੍ਰਸ਼ਨਾਂ ਦਾ ਜਵਾਬ ਦੇਵੇ। ਉਹ ਮੈਨੂੰ ਖੁੱਲ੍ਹੇ ਰੂਪ 'ਚ ਝੂਠਾ ਸਾਬਤ ਕਰੇ ਤਾਂ ਮੈਂ ਆਪਣਾ ਸਿਰ ਵੱਢ ਕੇ ਸਿੱਖਾਂ ਨੂੰ ਦੇ ਦੇਵਾਂਗਾ। ਨਾ ਤੇਰੇ ਕੋਲ ਤੇ ਨਾ ਇੰਦਰਾ ਕੋਲ ਅਠਾਈਆਂ ਪ੍ਰਸ਼ਨਾਂ ਦਾ ਉੱਤਰ ਆ ਤੇ ਤੂੰ ਫਿਰ ਵੀ ਮੈਨੂੰ ਕਹਿ ਰਿਹਾਂ ਕਿ ਮੈਂ ਸਖ਼ਤ ਆਂ। ਉਹਨੇ ਮੈਨੂੰ ਕਿਹਾ, ਮੈਂ ਤਾਂ ਗੁਰੂ ਦਾ ਸਿੱਖ ਆਂ। ਮੈਂ ਕਿਹਾ, ਮੈਂ ਨਹੀਂ ਮੰਨਦਾ। ਤੂੰ (ਸਿੱਖ) ਨਹੀਂ। ਉਹਨੇ ਕਿਹਾ ਕਿਉਂ ? ਮੈਂ ਕਿਹਾ ਲਾਲਾ ਜਗਤ ਨਰਾਇਣ ਮਰ ਗਿਆ ? ਉਹਨੇ ਕਿਹਾ ਹਾਂ, ਕਿਸੇ ਨੇ ਮਾਰਤਾ। ਮੈਂ ਆਖਿਆ ਤੂੰ (ਉਹਦੀ) ਨਿਖੇਧੀ ਕੀਤੀ ? ਕਹਿੰਦਾ ਹਾਂ, ਮੈਂ ਕੀਤੀ। ਮੈਂ ਆਖਿਆ ਹੋਰ ਮਨਿਸਟਰਾਂ ਨੇ ਵੀ ਕੀਤੀ ? ਉਹਨੇ ਕਿਹਾ, ਹਾਂ। ਮੈਂ ਆਖਿਆ, ਗੁਰੂ ਗਰੰਥ ਸਾਹਿਬ ਦੇ ਸਰੂਪਾਂ ਨੂੰ ਅੱਗ ਲਾਈ ਗਈ, ਤੂੰ ਨਿਖੇਧੀ ਕੀਤੀ ? ਕਹਿੰਦਾ ਨਹੀਂ। ਮੈਂ ਆਖਿਆ ਕਿਉਂ ? ਗੁਰੂ ਗਰੰਥ ਸਾਹਿਬ ਤਾਂ ਸਾਡੇ ਪਿਤਾ ਨੇ, ਸਾਡੇ ਸਤਿਕਾਰ ਯੋਗ ਨੇ। ਤੂੰ ਲਾਲੇ ਦੀ ਮੌਤ 'ਤੇ ਤਾਂ ਇੰਨਾ ਦੁਖੀ ਹੋਇਆ, ਪਰ ਗੁਰੂ ਗਰੰਥ ਸਾਹਿਬ ਨੂੰ ਅੱਗ ਲੱਗਣ 'ਤੇ ਤੈਨੂੰ ਕੋਈ ਦੁੱਖ ਨਹੀਂ ਹੋਇਆ। ਤੂੰ ਨਿਖੇਧੀ ਕਿਉਂ ਨਾ ਕੀਤੀ ? ਜੇ ਤੂੰ ਸਿੱਖ ਸੈਂ, ਗੁਰੂ ਦਾ ਸਿੱਖ ਸੈਂ। ਉਹਨੇ ਕਿਹਾ ਇਹ ਗ਼ਲਤੀ

ਨਹੀਂ, ਅਣਗਹਿਲੀ ਆ। ਮੈਂ ਦਿਲ 'ਚ ਸੋਚਿਆ, ਇਹ ਬੜਾ ਚਲਾਕ ਆ, ਚਲੋ ਫਿਰ ਇਹਦੇ ਰਾਹ 'ਤੇ ਹੀ ਚੱਲੋ। ਮੈਂ ਆਖਿਆ, ਜੇ ਤੂੰ ਇਹ ਅਣਗਹਿਲੀ ਸਮਝਨਾਂ, ਚੱਲ ਫਿਰ ਹੁਣ ਈ ਬਿਆਨ ਦੇਹ। ਪੱਤਰਕਾਰ ਆਹ ਕੋਲ ਬੈਠੇ ਨੇ। ਉਹਨੇ ਕਿਹਾ, ਇਹ ਮੇਰੀ ਮਜ਼ਬੂਰੀ ਆ। ਮੈਂ ਆਖਿਆ, ਫਿਰ ਮੰਨ ਮੈਂ ਇੰਦਰਾ ਦਾ ਸਿੱਖ ਆਂ। ਜੇ ਕਿਸੇ ਦੇ ਪਿਉ ਨੂੰ ਅੱਗ ਲਾ ਦਿੱਤੀ ਜਾਵੇ, ਜੇ ਕਿਸੇ ਦੇ ਪਿਉ ਦੀ ਦਾਹੜੀ ਪੁੱਟੀ ਜਾਵੇ। ਜੇ ਕਿਸੇ ਦੇ ਪਿਉ ਦੀ ਪੱਗ ਲਾਹੀ ਜਾਵੇ ਤੇ ਪੁੱਤ ਆਪਣੇ ਪਿਉ ਬਾਰੇ ਕੁਝ ਕਹਿਣ ਤੋਂ ਹੀ ਝਿਜਕੇ, ਕੀ ਉਹ ਆਪਣੇ ਪਿਉ ਦਾ ਅਸਲੀ ਪੁੱਤ ਹੋ ਸਕਦਾ ? ਉਹਦੇ ਕੋਲ ਕੋਈ ਜਵਾਬ ਨਹੀਂ ਸੀ।

ਖੈਰ, ਫਿਰ ਅਸੀਂ ਆਪਣੇ ਪ੍ਰਸ਼ਨਾਂ ਬਾਰੇ ਅੱਗੋਂ ਗੱਲ ਆਰੰਭ ਕੀਤੀ। ਉਹਨੇ ਆਖਿਆ ਇਹ (ਪ੍ਰਸ਼ਨ) ਮੈਨੂੰ ਲਿਖਾ ਦਿਉ। ਮੈਂ ਉਹਨੂੰ ਆਖਿਆ ਆਹ ਲਿਖ, ਸਾਡੇ ਸਿੱਖ ਭਰਾ ਜਿਹੜੇ ਵਿਦੇਸ਼ਾਂ 'ਚ ਰਹਿੰਦੇ ਨੇ, ਉਹ ਵੀ ਸ਼ੱਕ ਕਰਦੇ ਨੇ ਕਿ ਅਸੀਂ ਭਿੰਡਰਾਂਵਾਲੇ ਜਥੇ ਦੇ ਸਿੰਘ ਗ਼ੁਲਾਮ ਆਂ। ਇਹ ਗ਼ੁਲਾਮੀ ਦੀ ਨਿਸ਼ਾਨੀ ਆਂ। ਕੀ ਤੁਸੀਂ ਵੱਖ ਵੱਖ ਪਲੇਟਫਾਰਮਾਂ 'ਤੇ ਜਾ ਕੇ ਇਹ ਕਹਿ ਸਕਦੇ ਹੋ ਕਿ ਭਿੰਡਰਾਂਵਾਲਾ ਇੰਦਰਾ ਤੋਂ ਇਹਨਾਂ ਪ੍ਰਸ਼ਨਾਂ ਦੇ ਜਵਾਬ ਮੰਗਦਾ ? ਜੇ ਉਹ ਜਵਾਬ ਨਹੀਂ ਦਿੰਦੀ ਤਾਂ ਫਿਰ ਇਹ (ਦੱਸਣਾ) ਤੁਹਾਡਾ ਕੰਮ ਆਂ ਕਿ ਕੀ ਅਸੀਂ ਗ਼ੁਲਾਮ ਹਾਂ ਕਿ ਨਹੀਂ ?

ਪਹਿਲਾ ਪ੍ਰਸ਼ਨ ਇਹ ਆ, ਜਿਹਦਾ ਇੰਦਰਾ ਤੋਂ ਉੱਤਰ ਮੰਗਦਾਂ ਕਿ ਉਹ ਦੱਸੇ ਕਿ ਹਿੰਦੁਸਤਾਨ ਵਿੱਚ ਸਾਰਿਆਂ ਲਈ ਕਨੂੰਨ ਇੱਕ ਹੈ ਜਾਂ ਦੋ ? ਜੇ ਇੰਦਰਾ ਨੇ ਇਥੇ ਦੋ ਕਨੂੰਨ ਬਣਾਏ ਹੋਏ ਨੇ, ਇੱਕ ਸਿੱਖਾਂ ਲਈ ਅਤੇ ਇੱਕ ਦੂਜਿਆਂ ਲਈ। ਫਿਰ ਇੰਦਰਾ ਨੂੰ ਇਹਦਾ ਐਲਾਨ ਕਰਨਾ ਚਾਹੀਦਾ ਅਤੇ ਸਿੱਖਾਂ ਨੂੰ ਇਹ ਖੁੱਲ੍ਹ ਹੋਣੀ ਚਾਹੀਦੀ ਆ ਕਿ ਉਹ ਬੈਠ ਕੇ ਸੋਚਣ ਕਿ ਉਹਨਾਂ ਨੂੰ ਕਿਹੜਾ ਠੀਕ ਰਹੇਗਾ, ਪਰ ਜੇ ਇੱਕੋ ਕਨੂੰਨ ਆਂ ਫਿਰ ਇੰਦਰਾ ਨੂੰ ਇਹ ਜ਼ਰੂਰ ਦੱਸਣਾ ਚਾਹੀਦਾ ਕਿ ਸਿੱਖਾਂ ਨਾਲ ਵਿਤਕਰਾ ਕਿਉਂ ? ਅਸੀਂ ਦੋ ਕਨੂੰਨ ਨਹੀਂ ਚਾਹੁੰਦੇ ਪਰ ਜੇ ਉਸ ਨੇ ਦੋ ਬਣਾਏ ਨੇ ਤਾਂ ਉਹ ਐਲਾਨ ਕਰੇ। ਜੇ ਉਹਨੇ ਦੋ ਨਹੀਂ ਬਣਾਏ ਫਿਰ ਉਹਨੂੰ ਜਵਾਬ ਦੇਣਾ ਚਾਹੀਦਾ।

ਸਵਾਲ ਇਹ ਆ ਕਿ ਜਦ ੮੦ ਸਾਲ ਦੀ ਉਮਰ ਦਾ ਲਾਲਾ ਜਗਤ ਨਰਾਇਣ ਮਰ ਗਿਆ, ਉਹਦੀ ਮੌਤ ਦੀ ਇਨਕੁਆਰੀ ਤਿੰਨ ਦਿਨਾਂ ਵਿਚ ਪੂਰੀ ਕੀਤੀ ਗਈ, (ਪਰ) ਅੱਧੀ ਦਰਜਨ ਸਿੱਖ ੨੦ ਸਤੰਬਰ ੧੯੮੧ ਨੂੰ ਮਾਰੇ ਗਏ ਸਨ, ਉਹਨਾਂ ਦੀ ਇਨਕੁਆਰੀ ਅੱਜ ਤੱਕ ਵੀ ਪੂਰੀ ਕਿਉਂ ਨਹੀਂ ਕੀਤੀ ਗਈ। ਹੁਣ ੧੯੮੩ ਆ। ਕੀ ਕਾਰਨ ਆ ਕਿ ੮੦ ਸਾਲ ਦੀ ਉਮਰ ਦੇ ਆਦਮੀ, ਜਿਹੜਾ ਕਿ ੬੮ ਕਰੋੜ ਦੀ ਬਹੁਗਿਣਤੀ ਵਿਚੋਂ ਸੀ, ਦੀ ਇਨਕੁਆਰੀ ੩ ਦਿਨਾਂ ਵਿੱਚ ਪੂਰੀ ਹੋ ਜਾਂਦੀ ਆ ਅਤੇ ਘੱਟ ਗਿਣਤੀ ਵਾਲਿਆਂ ਦੀ ਗਿਣਤੀ ੧੮ ਸੀ ਜਿਹੜੇ ਸ਼ਹੀਦ ਹੋ ਗਏ, ਉਹਨਾਂ ਦੀ ਇਨਕੁਆਰੀ ਡੇਢ ਸਾਲ ਵਿੱਚ ਵੀ ਨਹੀਂ ਹੋਈ ? ਕੀ ਇਹ ਵਿਤਕਰਾ ਨਹੀਂ ?

ਦੂਜਾ ਪੁਇੰਟ ਕਿ ੮੦ ਸਾਲ ਦੀ ਉਮਰ ਦਾ, ਬਹੁਗਿਣਤੀ ਦਾ ਆਦਮੀ ਲਾਲਾ ਜਗਤ ਨਰਾਇਣ ਮਾਰਿਆ ਤਾਂ ਉਸ ਦੀ ਲਾਸ਼ ਦਾ ਪੋਸਟ ਮਾਰਟਮ ਕਰਕੇ ਉਹਦੇ ਪੁੱਤ ਰਮੇਸ਼ ਨੂੰ ਦਿੱਤੀ ਗਈ, ਪਰ ਸਿੱਖ ਜਿਹੜੇ ੧੮ ਤੋਂ ੨੧ ਸਾਲ ਦੀ ਉਮਰ ਦੇ ਮਾਰੇ ਗਏ, ਉਹਨਾਂ ਵਿੱਚੋਂ ਕਿਸੇ ਇੱਕ ਦੀ ਲਾਸ਼ ਵੀ ਵਾਰਸਾਂ ਨੂੰ ਨਹੀਂ ਦਿੱਤੀ ਗਈ, ਜੇ ਸਾਰਿਆਂ ਲਈ ਕਨੂੰਨ ਇੱਕ ਆ ਤਾਂ ਕੀ ਇਹ ਵਿਤਕਰਾ ਨਹੀਂ ?

ਕੀ ਵਰੰਟ ਮੇਰੇ ਸਨ ਜਾਂ ਬੱਸਾਂ ਦੇ। ਜੇ ਵਰੰਟ ਮੇਰੀ ਗ੍ਰਿਫ਼ਤਾਰੀ ਲਈ ਸਨ ਤਾਂ ਬੱਸਾਂ ਨੂੰ ਅੱਗ ਕਿਉਂ ਲਾਈ ਗਈ ?

ਕੀ ਵਰੰਟ ਮੇਰੇ ਸਨ ਜਾਂ ਗੁਰੂ ਗਰੰਥ ਸਾਹਿਬ ਜੀ ਦੇ। ਜੇ ਵਰੰਟ ਮੇਰੀ ਗ੍ਰਿਫ਼ਤਾਰੀ ਲਈ ਸਨ ਤਾਂ ਫਿਰ ਗੁਰੂ ਗਰੰਥ ਸਾਹਿਬ ਜੀ ਨੂੰ ਅੱਗ ਕਿਉਂ ਲਾਈ ਗਈ ?

ਕੀ ਉਹ ਮੈਨੂੰ ਫੜਨ ਲਈ ਗਏ ਸਨ ਕਿ ਚੰਦੋ ਕਲਾਂ ਪਿੰਡ ਨੂੰ ? ਜੇ ਉਹ ਮੈਨੂੰ ਗ੍ਰਿਫ਼ਤਾਰ ਕਰਨ ਗਏ ਸਨ ਤਾਂ ਫਿਰ ਕਿਹੜੇ ਕਨੂੰਨ ਤਹਿਤ, ਉਹਨਾਂ ੩ ਲੱਖ ਦੀ ਜਾਇਦਾਦ ਲੁੱਟੀ, ਜਿਸ ਵਿਚ ਸੋਨਾ, ਚਾਂਦੀ, ਨਕਦੀ ਅਤੇ ਪਿੰਡ ਵਾਲਿਆਂ ਦੇ ਕੱਪੜੇ ਵੀ ਸਨ।

ਕੀ ਸਰਕਾਰਾਂ ਦੇਸ਼ ਦੀ ਰਾਖੀ ਕਰਨ ਲਈ ਹਨ ਜਾਂ ਦੇਸ਼ ਦੀ ਬਰਬਾਦੀ ਲਈ ? ਜੇ ਸਰਕਾਰ ਰਾਖੀ ਲਈ ਹੈ ਤਾਂ ਫਿਰ ਪਿੰਡ ਦੇ ਲੋਕਾਂ ਦੀ ਇੰਨੀ ਜਾਇਦਾਦ ਕਿਉਂ ਲੁੱਟੀ ?

ਕਨੂੰਨ ਅਨੁਸਾਰ ਜੇ ਕਿਸੇ ਬੰਦੇ 'ਤੇ ਸ਼ੱਕ ਹੈ ਤਾਂ ਉਹਦੀ ਗ੍ਰਿਫ਼ਤਾਰੀ ਲਈ ਵਰੰਟ ਜਾਰੀ ਹੋਣਾ ਚਾਹੀਦਾ। ਉਹਨੂੰ ਦੱਸਣਾ ਚਾਹੀਦਾ ਕਿ ਉਹਦੇ ਵਿਰੁੱਧ ਇਹ ਜ਼ੁਰਮ ਆਂ। ਜੇ ਉਹ ਪੇਸ਼ ਨਾ ਹੋਵੇ ਫਿਰ ਉਸਦੀ ਜਾਇਦਾਦ ਦੀ ਕੁਰਕੀ ਦਾ ਵਰੰਟ ਜਾਰੀ ਹੋਣਾ ਚਾਹੀਦਾ। ਜੇ ਉਹ ਫਿਰ ਵੀ ਪੇਸ਼ ਨਾ ਹੋਵੇ, ਉਸਨੂੰ ਇਸ਼ਤਿਹਾਰੀ ਮੁਜ਼ਰਮ ਕਰਾਰ ਦਿੱਤਾ ਜਾਂਦਾ ਅਤੇ ਗੋਲੀ ਨਾਲ ਮਾਰਿਆ ਵੀ ਜਾ ਸਕਦਾ, ਪਰ ਇਸ ਕੇਸ ਵਿੱਚ ਲਾਲਾ ੯ ਤਰੀਕ ਨੂੰ ਮਾਰਿਆ ਅਤੇ ੧੨ ਨੂੰ ਮੇਰੀ ਗ੍ਰਿਫ਼ਤਾਰੀ ਦੇ ਵਰੰਟ ਅਦਾਲਤ ਵਿੱਚੋਂ ਜਾਰੀ ਹੋਏ ਅਤੇ ੧੪ ਤਰੀਕ ਨੂੰ, ਉਹਨਾਂ ਨੇ ਦੋਵੇਂ ਬੱਸਾਂ ਸਾੜ ਦਿੱਤੀਆਂ ਅਤੇ ਸਤਿਗੁਰਾਂ ਦੀ ਬੇਹੁਰਮਤੀ ਕੀਤੀ ਅਤੇ ਪਿੰਡ ਨੂੰ ਤਬਾਹ ਕੀਤਾ। ਮੈਨੂੰ ਮਹਿਤੇ ੪:੦੦ ਵਜੇ ਸ਼ਾਮ ਨੂੰ, ੧੬ ਤਰੀਕ ਨੂੰ ਵਰੰਟ ਵਿਖਾਏ ਗਏ। ਮੈਨੂੰ ਇਹ ਵਰੰਟ ਵਿਖਾਉਣ ਤੋਂ ਪਹਿਲਾਂ ਹੀ ਇੰਨਾ ਨੁਕਸਾਨ ਕਿਉਂ ਕੀਤਾ ਗਿਆ ? ਕਿਹੜੇ ਕਨੂੰਨ ਨਾਲ ਕੀਤਾ ਗਿਆ ? ਇਥੇ ਮੈਂ ਐਲਾਨ ਕੀਤਾ ਕਿ ਜੇ ਸਰਕਾਰ ਨੂੰ ਮੇਰੇ ਬਾਰੇ ਕੋਈ ਸ਼ੱਕ ਸੀ ਤਾਂ ਇਸਨੂੰ ਚਾਹੀਦਾ ਸੀ ਕਿ ਮੇਰੀ ਗ੍ਰਿਫ਼ਤਾਰੀ ਦੇ ਵਰੰਟ ਜਾਰੀ ਕਰਦੀ ਤੇ ਮੈਂ ਆਪਣੇ ਆਪ ਜਿੱਥੇ ਉਹ ਚਾਹੁੰਦੇ ਪੇਸ਼ ਹੋ ਜਾਂਦਾ। ਉਹ ਆਪਣੀ ਸਾਰੀ ਤਾਕਤ ਵਰਤ ਸਕਦੀ ਸੀ, ਜੋ ਇਹਦੇ ਕੋਲ ਸੀ। ੨੦ ਤਰੀਕ ਨੂੰ ਜਦੋਂ ਮੈਂ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕੀਤਾ। ਚੱਲਣ ਤੋਂ ਪਹਿਲਾਂ ਮੈਂ ਇਹ ਗੱਲ ਸਟੇਜ 'ਤੇ ਕਹੀ ਸੀ। ਉਹ ਕਰੀਬ ੫ ਲੱਖ ਦਾ ਬਹੁਤ ਵੱਡਾ ਇਕੱਠ ਸੀ। ਸਿੰਘਾਂ ਨੇ ਮੈਨੂੰ ਕਿਹਾ, ਕਿ ਤੁਸੀਂ ਕੇਸਰੀ ਦਸਤਾਰ ਕਿਉਂ ਸਜਾਈ ਆ ਅਤੇ ਇਸੇ ਰੰਗ ਦਾ ਹਜ਼ੂਰੀਆ ਕਿਉਂ ਪਾਇਆ ਹੋਇਆ ਹੈ। ਮੈਂ ਇਕੱਠ ਨੂੰ ਇਹ ਜਵਾਬ ਦਿੱਤਾ, ਭਾਰਤ 'ਚ ਸਾਡੇ ਸਿੱਖਾਂ ਦਾ ਇਹ ਰਿਵਾਜ ਹੈ ਕਿ ਜਦੋਂ ਮੁੰਡੇ ਨੂੰ ਵਿਆਹੁਣ ਲਈ ਜਾਂਦੇ ਨੇ ਤਾਂ ਉਹ ਕੇਸਰੀ ਰੰਗ ਦੀਆਂ ਪੱਗਾਂ ਬੰਨਦੇ ਅਤੇ ਕੇਸਰੀ ਰੰਗ ਦਾ ਹਜ਼ੂਰੀਆ ਪਾਉਂਦੇ ਨੇ। ਮੈਂ ਮੌਤ ਨੂੰ ਵਿਆਹੁਣ ਜਾਂ ਰਿਹਾਂ। ਜੇ ਕਰ ਜ਼ਕਰੀਏ ਪੰਜਾਬ ਦੇ ਮੁੱਖ ਮੰਤਰੀ ਕੋਲ ਕੋਈ ਗ੍ਰੰਥੀ ਹੈ ਅਤੇ ਜਾਂ ਇੰਦਰਾ ਕੋਲ ਕੋਈ ਲਾਂਵਾਂ ਪੜ੍ਹਾਉਣ ਵਾਲਾ ਗ੍ਰੰਥੀ ਹੈ ਤਾਂ ਉਹਨਾਂ ਨੂੰ ਜੇਲ੍ਹ ਵਿਚ ਭੇਜਣਾ ਚਾਹੀਦਾ। ਮੈਂ ਇਕੱਠ ਨੂੰ ਇਹ ਅਪੀਲ ਵੀ ਕੀਤੀ ਕਿ ਉਹ ਪੁਰਅਮਨ ਰਹਿਣ ਤੇ ਸ਼ਾਂਤੀ ਰੱਖਣ ਅਤੇ ਕਿਹਾ ਕਿ ਜਦ ਤਕ ਮੈਂ ਮੌਤ ਲਾੜੀ ਨੂੰ ਵਿਆਹ ਨਹੀਂ ਲੈਂਦਾ, ਕੋਈ ਵੀ ਬੰਦਾ ਕਿਸੇ ਪੁਲਸ ਅਫ਼ਸਰ 'ਤੇ ਇੱਟ-ਵੱਟਾ ਸੁੱਟੇਗਾ ਜਾਂ ਕਿਸੇ 'ਤੇ ਗੋਲੀ ਚਲਾਏਗਾ, ਉਹ ਮੇਰਾ ਸਭ ਤੋਂ ਵੱਡਾ ਦੁਸ਼ਮਣ ਹੋਏਗਾ। ਮੈਂ ਉਹਨਾਂ ਨੂੰ ਕਿਹਾ ਕਿ ਮੇਰੀ ਵਾਪਸੀ ਤੱਕ ਵਾਹਿਗੁਰੂ ਦਾ ਨਾਮ ਜਪਣ। ਸ਼ਾਂਤੀ ਵਾਸਤੇ ਮੈਂ ਇਸ ਤੋਂ ਜ਼ਿਆਦਾ ਇਕੱਠ ਨੂੰ ਹੋਰ ਕੀ ਕਹਿ ਸਕਦਾ ਸਾਂ। ਉਹ ਮੈਨੂੰ ਗ੍ਰਿਫ਼ਤਾਰ

ਕਰਨ ਲਈ ਆਏ ਸਨ। ਫਿਰ ਮੇਰੇ ਜਾਣ ਤੋਂ ਬਾਅਦ ਉਹਨਾਂ ਨੇ ਗੋਲੀ ਕਿਉਂ ਚਲਾਈ ? ਇੰਦਰਾ ਨੂੰ ਇਹ ਜਵਾਬ ਦੇਣਾ ਚਾਹੀਦਾ।

ਕਿਉਂ ਸਿੱਖਾਂ ਦੇ ਪੁੱਤਰਾਂ ਨੂੰ ਇਕੱਲੇ ਸਿੰਘ ਨਾਂਅ ਵਾਲਿਆਂ ਨੂੰ ਹੀ ਪੰਜਾਬ 'ਚ ਨੌਕਰੀਆਂ ਤੋਂ ਕੱਢਿਆ ਗਿਆ ਹੈ। ਪੁਲੀਸ ਵਿੱਚੋਂ ੩੨ (ਡਿਸਚਾਰਜ ਕੀਤੇ ਗਏ ਨੇ), ਕਿਸੇ ਹਿੰਦੂ ਨੂੰ ਕਿਉਂ ਨਹੀਂ ਹਟਾਇਆ ਗਿਆ।

ਪੁਲੀਸ ਨੇ ਕੇਵਲ ਸਿੱਖਾਂ ਦੇ ਘਰਾਂ ਨੂੰ ਹੀ ਕਿਉਂ ਸਾੜਿਆ ? ਕਿਸੇ ਵੀ ਹਿੰਦੂ ਦੇ ਘਰ ਜਾਂ ਫੈਕਟਰੀ ਨੂੰ ਕਿਉਂ ਨਹੀਂ ਸਾੜਿਆ ? ਇਹ ਨਹੀਂ ਕਿ ਅਸੀਂ ਕਿਸੇ ਦੀ ਜਾਇਦਾਦ ਨੂੰ ਸਾੜਨ ਦੇ ਹੱਕ ਵਿੱਚ ਹਾਂ। ਪ੍ਰਸ਼ਨ ਤਾਂ ਇਹ ਆ ਕਿ ਕੇਵਲ ਸਿੱਖਾਂ ਦੇ ਘਰ ਹੀ ਸਾੜੇ ਗਏ, ਹਿੰਦੂਆਂ ਦੇ ਨਹੀਂ ?

ਦੋਹਾਂ ਪਾਸਿਆਂ ਤੋਂ ਰੋਸ ਮੁਜ਼ਾਹਰੇ ਹੁੰਦੇ ਰਹੇ (ਪਰ) ਕੇਵਲ ਸਿੱਖਾਂ ਦੀਆਂ ਲੜਕੀਆਂ ਨੂੰ ਹੀ ਜੇਲ੍ਹ ਵਿੱਚ ਭੇਜਿਆ ਗਿਆ ਅਤੇ ਉਹਨਾਂ ਦੀ ਬੇਇਜ਼ਤੀ ਕੀਤੀ ਗਈ ਤੇ ਉਹਨਾਂ ਦੇ ਵਿਰੁੱਧ ੩੦੨ ਤੇ ੩੦੭ ਦੇ ਕੇਸ ਦਰਜ ਹੋਏ। ਇਹ ਕੁਝ ਹਿੰਦੂਆਂ ਦੀਆਂ ਬੀਬੀਆਂ ਨਾਲ ਕਿਉਂ ਨਹੀਂ ਹੋਇਆ ? ਸਿੱਖਾਂ ਦੇ ਬੰਦੇ ਤਾਂ ਉਹਨਾਂ ਨਾਲ ਲੜੇ (ਪਰ) ਕਿਸ ਕਨੂੰਨ ਦੇ ਤਹਿਤ ਬੀਬੀਆਂ ਦੇ ਵਿਰੁੱਧ ਪਰਚੇ ਦਰਜ ਕੀਤੇ ਗਏ ? ਬੀਬੀ ਨਛੱਤਰ ਕੌਰ ਸ਼ਹੀਦ ਅਮਰਜੀਤ ਸਿੰਘ ਦਹੇਡੂ ਦੀ ਪਤਨੀ ਆਂ, ਕਿਸ ਕਨੂੰਨ ਤਹਿਤ ਉਸ ਦੇ ਵਿਰੁੱਧ ਕੇਸ ਚੱਲ ਰਿਹਾ ਆ, ਕਿਉਂਕਿ (ਉਹ ਸਿੱਖਾਂ ਦੀ) ਬੀਬੀ ਆ।

ਸਿੰਘ ਨਾਂਅ ਵਾਲੇ ਗਰੀਬ ਪਰਿਵਾਰ ਦੀ ਲੜਕੀ ਨੰਗੀ ਕਰਕੇ ਉਸਦੇ ਪਿਤਾ ਨੂੰ ਲੋਕਾਂ ਦੇ ਸਾਹਮਣੇ ਉਸ 'ਤੇ ਪਾਇਆ ਗਿਆ। ਕਿਸ ਕਨੂੰਨ ਤਹਿਤ ਇਹ ਕੁਝ ਕੀਤਾ ਗਿਆ ? ਇਹ ਕੁਝ ਕਿਸੇ ਹਿੰਦੂ ਨਾਲ ਕਿਉਂ ਨਹੀਂ ਵਾਪਰਿਆ ?

ਘੱਲ ਖੁਰਦ ਪੁਲੀਸ ਥਾਨੇ ਵਿੱਚ ਇਕ ਗਰੀਬ ਸਿੱਖ ਪਰਿਵਾਰ ਦੀ ਲੜਕੀ, ਜਿਹਨਾਂ ਨੂੰ ਝਿਊਰ ਕਹਿੰਦੇ ਹਾਂ, ਦਾਉਕੇ ਪਿੰਡ ਜੋ ਅੰਮ੍ਰਿਤਸਰ ਜਿਲ੍ਹੇ 'ਚ ਬਾਰਡਰ 'ਤੇ ਸਥਿਤ ਆ, ਨੂੰ ਨੰਗੀ ਕਰਕੇ ਸਵਰਨ ਸਿੰਘ ਡੀ.ਐਸ.ਪੀ. ਨੇ ਅਸਥਨਾਂ ਤੋਂ ਫੜ੍ਹ ਕੇ ਪਿੰਡ ਵਿੱਚ ਫੇਰਿਆ। ਇੱਕ ਕਮਿਸ਼ਨ ਬਣਾਇਆ ਗਿਆ, ਇਸ ਮਾਮਲੇ ਦੀ ਇਨਕੁਆਰੀ ਲਈ। ਕਮਿਸ਼ਨ ਨੇ ਆਪਣੀ ਰਿਪੋਰਟ 'ਚ ਕਿਹਾ ਕਿ ਉਹ ਦੋਸ਼ੀ ਆ। ਉਸ ਵੇਲੇ ਦੇ ਐਸ.ਐਸ.ਪੀ. ਅਵਤਾਰ ਸਿੰਘ ਅਟਵਾਲ ਨੇ ਕਿਹਾ ਕਿ ਇਹ ਉਸ ਦੇ ਹੁਕਮ ਨਾਲ ਕੀਤਾ ਗਿਆ ਹੈ। ਚੱਲੋ ਮਨ ਲਉ ਕਿ ਉਹਨੂੰ (ਸਵਰਨ ਸਿੰਘ) ਨੂੰ ਛੱਡ ਦਿੱਤਾ ਗਿਆ। ਅਟਵਾਲ ਨੂੰ ਕਿਉਂ ਨਾ ਪੁੱਛਿਆ ਗਿਆ। ਅਟਵਾਲ ਨੂੰ ਉਸ ਗਰੀਬ ਸਿੱਖ ਲੜਕੀ ਨੂੰ ਨੰਗਿਆ ਕਰਨ ਦੀ ਸਜ਼ਾ ਇਹ ਮਿਲੀ ਕਿ ਉਹ ਐਸ.ਐਸ.ਪੀ. ਤੋਂ ਜਲੰਧਰ ਰੇਂਜ ਦਾ ਡੀ.ਆਈ.ਜੀ. ਬਣਾ ਦਿੱਤਾ ਗਿਆ। ਇਸ ਦਾ ਕਾਰਨ ਕੀ ਆ ? ਕੀ ਇਹ ਵਿਤਕਰਾ ਨਹੀਂ ? ਕੀ ਕਿਸੇ ਹਿੰਦੂ ਦੀ ਲੜਕੀ ਵੀ ਨੰਗੀ ਕੀਤੀ ਗਈ ? ਇੰਦਰਾ ਨੂੰ ਇਹਦਾ ਜਵਾਬ ਦੇਣਾ ਚਾਹੀਦਾ। ਉਹ ਕਹਿੰਦੀ ਆ ਕਿ ਸਿੱਖ ਅਮਨ-ਚੈਨ ਵਿੱਚ ਰਹਿ ਰਹੇ ਨੇ ਅਤੇ ਖੁਸ਼ਹਾਲ ਨੇ ਤੇ ਉਹ ਉਹਨਾਂ ਦੇ ਨਾਲ ਕੋਈ ਵਿਤਕਰਾ ਨਹੀਂ ਕਰਦੀ। ਆਹ ਕੁਝ ਆ ਜੋ ਸਾਡੇ ਨਾਲ ਹੋ ਰਿਹਾ। ਸਾਡੇ ਕੋਲ ਇਹਨਾਂ ਗੱਲਾਂ ਦੇ ਸਬੂਤ ਨੇ।

ਵੈਰਾਗੀ ਨਾਲ ਸੰਬੰਧਤ ਇੱਕ ਹਿੰਦੂ ਆਦਮੀ ਨੇ ਪਰਿਕਰਮਾ ਵਿੱਚ ਤੰਬਾਕੂ ਲਿਆ ਕੇ ਸੁੱਟਿਆ ਤੇ ਸਿੱਖਾਂ ਨੇ ਉਹਨੂੰ ਫੜ ਲਿਆ ਅਤੇ ਪੁਲੀਸ ਦੇ ਹਵਾਲੇ ਕੀਤਾ, ਉਹਨੇ ਮੰਨਿਆ ਕਿ ਉਹਨੂੰ ਰਮੇਸ਼ ਨੇ ਭੇਜਿਆ ਸੀ ਅਤੇ ਉਹ ਚਾਰ ਜਣੇ ਆਏ ਸਨ। ਸਿੱਖਾਂ ਦੇ ਧਾਰਮਿਕ ਅਸਥਾਨ ਨੂੰ ਅਪਵਿੱਤਰ ਕਰਨ ਲਈ ਜਿਸ ਨੇ ਤੰਬਾਕੂ ਸੁੱਟਿਆ, ਪੁਲੀਸ ਨੇ ਉਹਨੂੰ ਥਾਨੇ ਤੋਂ ਬਾਹਰ ਸੜਕ 'ਤੇ ਹੀ ਛੱਡ ਦਿੱਤਾ। ਦੂਜੇ ਪਾਸੇ ਕਿਸੇ ਨੇ ਮੋਈ ਗਾਂ ਦਾ ਸਿਰ ਬੁੱਚੜਖਾਨੇ ਤੋਂ ਲਿਆਂਦਾ ਅਤੇ ਹਿੰਦੂ ਧਾਰਮਿਕ ਅਸਥਾਨ 'ਤੇ ਸੁੱਟਿਆ। ਨਾ ਕਿਸੇ ਹਿੰਦੂ ਨੇ ਤੇ ਨਾ ਕਿਸੇ ਸਿੱਖ ਨੇ, ਕਿਸੇ ਸਿੱਖ ਦੇ ਪੁੱਤਰ ਨੂੰ ਸੁੱਟਦਿਆਂ ਵੇਖਿਆ। ਸਿਰਫ਼ ਸ਼ੱਕ ਦੀ ਬਿਨਾਂ 'ਤੇ ਹੀ ੫੦ ਹਜ਼ਾਰ ਰੁਪਏ ਦਾ ਇਨਾਮ ਜਸਵੰਤ ਸਿੰਘ ਠੇਕੇਦਾਰ ਗੁਰਦਾਸਪੁਰ ਦੇ ਸਿਰ ਦਾ ਰੱਖ ਦਿੱਤਾ ਗਿਆ। ੨੦ ਹਜ਼ਾਰ ਰਜਿੰਦਰ ਸਿੰਘ ਮਹਿਤੇ ਦੇ ਸਿਰ ਦਾ ਰੱਖਿਆ। ਮਹਿਤਾ ਜਿੱਥੇ ਕਿ ਸਾਡਾ ਮੁੱਖ ਸਥਾਨ ਆਂ ਅਤੇ ਜਿੱਥੇ ਗੁਰਦੁਆਰਾ ਵੀ ਆ। ਉਹਦੇ ਸਿਰ ਦਾ ਇਹ ਇਨਾਮ ਤਾਂ ਰੱਖਿਆ ਗਿਆ, ਕਿਉਂਕਿ ਉਹ ਉਸ ਪਿੰਡ ਵਿੱਚ ਜੰਮਿਆ ਪਲਿਆ ਸੀ, ਜਿੱਥੇ ਭਿੰਡਰਾਂਵਾਲਾ ਰਹਿੰਦਾ ਆ ਤੇ ਇਸ ਕਰਕੇ ਕਿ ਉਹ ਫੈਡਰੇਸ਼ਨ ਦਾ ਵਿਦਿਆਰਥੀ ਸੀ, ਕਿਉਂਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਲਾਜ਼ਮ ਸੀ ਅਤੇ ਸਾਬਤ ਸੂਰਤ ਸੀ। ਉਹਦਾ ਇਨਾਮ ੨੫ ਹਜ਼ਾਰ ਸੀ। ਅਸੀਂ ਇਸ ਗੱਲ ਦੇ ਹੱਕ 'ਚ ਨਹੀਂ ਕਿ ਇਹੋ ਜਿਹੀਆਂ ਚੀਜਾਂ ਸੁੱਟੀਆਂ ਜਾਣ, ਪਰ ਮੈਂ ਇਹ ਗੱਲਾਂ ਤਾਂ ਕਰਨਾਂ ਕਿਉਂਕਿ ਇਹ ਸਾਰਾ ਵਿਤਕਰਾ ਆ। ਕਾਰਨ ਕੀ ਆ, ਕਿ ਇੱਕ ਮੌਕੇ 'ਤੇ ਫੜਿਆ ਗਿਆ ਅਤੇ ਪੁਲੀਸ ਦੇ ਹਵਾਲੇ ਵੀ ਕਰ ਦਿੱਤਾ ਗਿਆ, ਪਰ ਨਾ ਹੀ ਉਸ ਦੇ ਸਿਰ 'ਤੇ ਕੋਈ ਇਨਾਮ ਤੇ ਨਾ ਹੀ ਉਸ ਨੂੰ ਟਾਰਚਰ ਕੀਤਾ ਗਿਆ ਤੇ ਨਾ ਹੀ ਮੁਕੱਦਮਾ ਦਰਜ ਕੀਤਾ ਗਿਆ, ਪਰ ਇੱਕ ਜਿਹੜਾ ਨਾ ਤਾਂ ਫੜਿਆ ਗਿਆ ਤੇ ਨਾ ਕੁਝ ਕਰਦਾ ਦੇਖਿਆ ਹੀ ਗਿਆ, ਉਸ ਦੇ ਸਿਰ ਦਾ ਇਨਾਮ ਰੱਖਿਆ ਜਾਏ। ਇਹ ਕਿਸ ਲਾਇਸੈਂਸ ਤਹਿਤ। ਇਹ ਕੇਵਲ ਇਸ ਕਰਕੇ ਹੋਇਆ ਕਿ ਉਹ ਸਿੰਘ ਸੀ। ਕੀ ਇਹ ਵਿਤਕਰਾ ਨਹੀਂ ?

ਜੇਕਰ ਸਿੱਖ ਆਪਣੇ ਪਵਿੱਤਰ ਅਸਥਾਨ ਦੇ ਨਾਂਅ 'ਤੇ ਗੱਡੀ ਦਾ ਨਾਂਅ ਰੱਖਣ ਦੀ ਮੰਗ ਕਰਦੇ ਨੇ ਅਤੇ ਪੰਜਾਬੀ ਬੋਲੀ ਬੋਲਣ ਦੀ ਮੰਗ ਕਰਦੇ ਨੇ ਅਤੇ ਜੇਕਰ ਅਸੀਂ ਪੰਜਾਬੀ ਸੂਬੇ ਦੀਆਂ ਹੱਦਾਂ ਦੀ ਦੋਬਾਰਾ ਹੱਦਬੰਦੀ ਕਰਨ ਦੀ ਮੰਗ ਕਰਦੇ ਹਾਂ। ਜੇਕਰ ਅਸੀਂ ਸ਼ਹਿਰ ਨੂੰ ਪਵਿੱਤਰ ਦਰਜਾ ਦੇਣ ਦੀ ਮੰਗ ਕਰਦੇ ਹਾਂ ਤੇ ਉਹਦੇ ਲਈ ੬੭-੬੮ ਹਜ਼ਾਰ ਬੰਦੇ ਨੂੰ ਜੇਲ੍ਹ ਜਾਣਾ ਪਿਆ। ਕੀ ਕਿਸੇ ਹਿੰਦੂ ਨੂੰ ਹਿੰਦੀ ਬੋਲੀ ਬੋਲਣ ਲਈ ਜਾਂ ਹਿੰਦੂ ਸੂਬਾ ਮੰਗਣ ਲਈ ਜਾਂ ਗੱਡੀ ਦਾ ਨਾਂਅ ਹਿੰਦੂ ਪਵਿੱਤਰ ਅਸਥਾਨ ਦੇ ਨਾਂਅ 'ਤੇ ਰੱਖਣ ਲਈ ਜਾਂ ਟਰਾਂਸਮੀਟਰ ਲਾਉਣ ਲਈ ਇੱਕ ਦਿਨ ਦੀ ਜੇਲ੍ਹ ਵੀ ਕੱਟਣੀ ਪਈ ਆ। ਤੁਸੀਂ ਇਹ ਰਿਪੋਰਟ ਪੜ੍ਹੀ ਆ ਜਿਹੜੀ ਅਖ਼ਬਾਰਾਂ ਵਿੱਚ ਕੁਝ ਚਿਰ ਪਹਿਲਾਂ ਛਪੀ ਆ ਕਿ ਬੰਬੇ 'ਤੇ ਕਲਕੱਤੇ ਤੋਂ ਵੇਦਾਂ ਦਾ ਪ੍ਰਸਾਰਨ ਕੀਤਾ ਜਾਇਆ ਕਰੇਗਾ।

ਦਰਿਆ ਤੇ ਹੱਕ ਜਿਤਾਉਣ ਲਈ ਦੂਜਿਆਂ ਸੂਬਿਆਂ ਨੂੰ ਤਾਂ, ਜਿਹੜੇ ਦਰਿਆ ਉਹਨਾਂ ਦੇ ਸੂਬੇ ਵਿੱਚੋਂ ਵਗਦੇ ਨੇ, ਉਹਨਾਂ 'ਤੇ ਹੱਕ ਆ, ਪਰ ਪੰਜਾਬੀ ਆਪਣੇ ਦਰਿਆਵਾਂ 'ਤੇ ਕੰਟਰੋਲ ਲਈ ਹੱਕ ਮੰਗਦੇ ਨੇ ਤਾਂ ਉਹਨਾਂ ਨੂੰ ਇਹ ਕਿਹਾ ਜਾਂਦਾ ਕਿ ਤੁਹਾਡੀ ਇਸ ਹੱਕੀ ਮੰਗ ਲਈ ਕਮਿਸ਼ਨ ਬੈਠਾਇਆ ਜਾਵੇਗਾ ਤੇ ਇਹ ਮਾਮਲਾ ਸੁਪਰੀਮ ਕੋਰਟ ਨੂੰ ਦਿੱਤਾ ਜਾਵੇਗਾ, ਜਿਹੜਾ ਕਿ ਅਜੇ ਤਕ ਲਮਕਿਆ ਆ ਰਿਹਾ। ਇਹ ਕਦੋਂ ਹੋਵੇਗਾ ? ੬੭ ਹਜ਼ਾਰ ਤਾਂ ਜੇਲ੍ਹ 'ਚ ਚਲੇ ਗਏ ਪਰ ਮਾਮਲਾ ਅਜੇ ਵੀ ਫੈਸਲੇ ਦੇ ਨੇੜੇ ਨਹੀਂ ਪਹੁੰਚਿਆ। ਇਹ ਕਿਉਂ ਹੈ ਕਿ ੬੭ ਹਜ਼ਾਰ ਬੰਦੇ ਜੇਲ੍ਹ 'ਚ ਜਾਣ

ਦੇ ਬਾਵਜੂਦ ਵੀ ਕੋਈ ਫੈਸਲਾ ਨਹੀਂ। ਇਹ ਕਿਉਂ ਹੈ ਕਿ ਕੇਵਲ ਇਸ ਮਾਮਲੇ ਨੂੰ ਚਲਾਉਣ ਲਈ ੬੭ ਹਜ਼ਾਰ ਨੂੰ ਜੇਲ੍ਹ ਜਾਣਾ ਪਿਆ। ਇਹ ਸਭ ਕੁਝ ਇਸ ਲਈ ਕਿ ਇਹ ਮੰਗ ਸਿੱਖਾਂ ਦੀ ਆ। ਕਿਉਂਕਿ ਸਿੱਖਾਂ ਨੇ ਇਹ ਅਵਾਜ਼ ਉਠਾਈ ਆ। ਇਹ ਕਿਉਂ ਇਸ ਤਰ੍ਹਾਂ ਹੋ ਰਿਹਾ ? ਕੀ ਇਹ ਵਿਤਕਰਾ ਨਹੀਂ ?

ਜੇ ਸਿੱਖ ਦਾ ਪੁੱਤਰ ਜਗਜੀਤ ਸਿੰਘ ਅਰੋੜਾ ੯੦ ਹਜ਼ਾਰ ਪਾਕਿਸਤਾਨੀਆਂ ਤੋਂ ਹਥਿਆਰ ਸੁਟਾਉਂਦਾ ਆ ਤੇ ਬੰਗਲਾ ਦੇਸ਼ ਨੂੰ ਆਜ਼ਾਦ ਕਰਾ ਕੇ ਭਾਰਤ ਦਾ ਸਨਮਾਨ ਵਧਾਉਂਦਾ ਆ (ਤਾਂ) ਉਹਨੂੰ ੬ ਮਹੀਨੇ ਵਿੱਚ ਹੀ ਜ਼ਬਰੀ ਰਿਟਾਇਰ ਕੀਤਾ ਜਾਂਦਾ ਆ, ਪਰ ਟੋਪੀ ਵਾਲੇ ਮਾਣਕ ਸ਼ਾਹ ਨੂੰ ਟੈਲੀਫੋਨ ਕਰਦੇ ਨੂੰ ਹੀ ਤਰੱਕੀ ਦਿੱਤੀ ਜਾਂਦੀ ਆ। ਜਨਰਲ ਸ਼ੁਬੇਗ ਸਿੰਘ ਜਿਹੜਾ ਜਗਜੀਤ ਸਿੰਘ ਅਰੋੜਾ ਦਾ ਸਾਥੀ ਸੀ, ਨੇ ਮੁਸਲਮਾਨਾਂ ਤੋਂ ਹਥਿਆਰ ਸੁਟਾਏ ਤੇ ਉਹਨੂੰ ੭੩ ਤੋਂ ਲੈ ਕੇ ੮੩ ਤੱਕ ਪੈਨਸ਼ਨ ਵੀ ਨਹੀਂ ਦਿੱਤੀ ਗਈ ? ਇਹ ਕਿਉਂ ਹੋਇਆ, ਕਿਉਂਕਿ ਉਹ ਸਿੱਖ ਆ। ਕੀ ਇਹ ਵਿਤਕਰਾ ਨਹੀਂ ?

ਹਿੰਦੁਸਤਾਨ ਵਿੱਚ ਪੰਡਿਤਾਂ ਦੇ ਘਰ ਜੰਮੀ ਕੁੜੀ ਇੰਦਰਾ ਗਾਂਧੀ ਜਨਤਾ ਦੀਆਂ ਵੋਟਾਂ ਲੈ ਕੇ ਪ੍ਰਧਾਨ ਮੰਤਰੀ ਬਣੀ। ੧੯੭੭ ਵਿੱਚ ਉਹਦੇ ਕੀਤੇ ਕਰਮਾਂ ਅਨੁਸਾਰ ਸੁਪਰੀਮ ਕੋਰਟ ਦੇ ਜੱਜ ਨੇ ਉਹਨੂੰ ਕੁਝ ਦਿਨ ਜੇਲ੍ਹ ਦੀ ਸਜ਼ਾ ਦੇ ਦਿੱਤੀ। ਜੇ ਉਹਦੇ ਸਮਰਥਕ ਉਹਦੇ ਨਾਲ ਸੰਬੰਧਤ ਬੰਦਿਆਂ ਨੇ, ਜੋ ਹਿੰਦੂ ਬਰਾਦਰੀ ਨਾਲ ਸੰਬੰਧ ਰੱਖਦੇ ਸਨ। ਪਾਂਡੇ ਅਤੇ ਦੂਜੇ ਜਨੇਊ ਪਹਿਨਣ ਵਾਲੇ ਜਾਂ ਮੰਨਣ ਵਾਲੇ, ਭਾਵੇਂ (ਉਹ ਜੰਝੂ) ਨਾ ਵੀ ਪਹਿਨਦੇ ਹੋਣ, ਹਵਾਈ ਜਹਾਜ ਅਗਵਾਹ ਕਰਦੇ ਨੇ ਤਾਂ ਉਹਨਾਂ ਨੂੰ ਐਮ.ਐਲ.ਏ. ਬਣਨ ਵਾਸਤੇ ਟਿਕਟਾਂ ਦਿੱਤੀਆਂ ਗਈਆਂ ਪਰ ਦੂਜੇ ਪਾਸੇ ਜੇਕਰ ਸਿੱਖਾਂ ਦੇ ਇਸਟ ਨੂੰ ਅੱਗ ਲਾਈ ਗਈ ਅਤੇ ਸਿੱਖਾਂ ਦੀਆਂ ਲੜਕੀਆਂ ਅਤੇ ਭੈਣਾਂ ਨੂੰ ਨੰਗਿਆਂ ਕੀਤਾ ਗਿਆ ਤੇ ਸਿੱਖਾਂ ਨੂੰ ਤਸੀਹੇ ਦਿੱਤੇ ਗਏ, ਇਸਦਾ ਪ੍ਰੋਟੈਸਟ ਕਰਨ ਲਈ ਪਾਂਡੇ ਭਰਾਵਾਂ ਦੇ ਅਪਣਾਏ ਰਾਹ 'ਤੇ ਚੱਲਦਿਆਂ, ਸਿੱਖਾਂ ਨੇ ਜਹਾਜ ਅਗਵਾਹ ਕੀਤਾ ਤਾਂ ਉਹਨਾਂ ਨੂੰ ਦੇਸ਼ ਨਿਕਾਲਾ। ਉਹ ਪਾਕਿਸਤਾਨ ਵਿੱਚ ਬੈਠੇ ਨੇ। ਕੀ ਇਹ ਵਿਤਕਰਾ ਨਹੀਂ ?

ਦੱਸੋ ਇਹ ਰੀਤ ਪਹਿਲਾਂ ਚਲਾਈ ਕਿਨ ? ਕੀ ਪਹਿਲਾਂ ਜਹਾਜ ਅਗਵਾਹ ਜਨੇਊ ਵਾਲੇ ਨੇ ਕੀਤਾ ਕਿ ਕ੍ਰਿਪਾਨ ਵਾਲੇ ਨੇ ? ਜੇ ਜਨੇਊ ਵਾਲੇ ਨੇ ਇਹ ਪਹਿਲ ਕੀਤੀ ਤਾਂ ਫਿਰ ਪਹਿਲਾਂ ਉਹਨੂੰ ਫਾਂਸੀ ਮਿਲਣੀ ਚਾਹੀਦੀ ਸੀ ਕਿ ਜਾਂ ਉਹਨੂੰ ਜਿਸਨੇ ਉਹਦਾ ਰਾਹ ਅਪਣਾਇਆ। ਇੰਦਰਾ ਇਹਦਾ ਜਵਾਬ ਦੇਵੇ।

ਜੇਕਰ ਟੋਪੀ ਵਾਲਾ ਜਹਾਜ ਅਗਵਾਹ ਕਰੇ ਤਾਂ ਉਹਨੂੰ ਐਮ.ਐਲ.ਏ. ਫਲੈਟ ਦਿੱਤਾ ਜਾਂਦਾ, ਪਰ ਜੇ ਕ੍ਰਿਪਾਨ ਤੇ ਪੱਗ ਵਾਲੇ ਗੁਰਬਖਸ਼ ਸਿੰਘ ਨੇ ਜਹਾਜ ਅਗਵਾਹ ਕੀਤਾ ਤਾਂ ਉਹਨੂੰ ਸਜ਼ਾ ਦਿੱਤੀ ਗਈ। ਉਹਦੀ ਲੱਤ 'ਚ ਟੀਕਾ ਲਾ ਕੇ ਉਹਦੀ ਲੱਤ ਗਾਲ਼ੀ ਗਈ। ਜੇ ਹਿੰਦੂ ਜਹਾਜ ਅਗਵਾਹ ਕਰੇ ਤਾਂ ਉਹ ਦੇਸ਼ ਭਗਤ ਤੇ ਜੇ ਸਿੱਖ, ਮਨਜੀਤ ਸਿੰਘ ਉਰਫ ਮਸੀਬਤ ਸਿੰਘ ਅਗਵਾਹ ਕਰੇ ਤਾਂ ਉਹਨੂੰ ਗੋਲੀ ਮਾਰ ਕੇ ਮਾਰ ਦਿੱਤਾ ਜਾਂਦਾ। ਕੀ ਇਹ ਵਿਤਕਰਾ ਨਹੀਂ ? ਕੀ ਵਿਦੇਸ਼ਾਂ 'ਚ ਰਹਿੰਦੇ ਸਿੱਖ ਜਾਗਦੇ ਨਹੀਂ ? ਕਿਉਂ ਨਹੀਂ ਉਹ ਉੱਠਦੇ ਅਤੇ ਕਹਿੰਦੇ ਕਿ ਇਹ ਸਿੱਖਾਂ ਨਾਲ ਵਿਤਕਰਾ ਹੈ ਅਤੇ ਇੰਦਰਾ ਜਵਾਬ ਦੇਵੇ। ਹਾਂ, ਜੇਕਰ ਕੋਈ ਸਿੱਖ ਜਹਾਜ ਨੂੰ ਅੱਗ ਲਾ ਦੇਵੇ। ਜਹਾਜ ਨੂੰ ਤਬਾਹ ਕਰ ਦੇਵੇ, ਕਿਸੇ ਮੁਸਾਫਰ ਨੂੰ ਸੱਟ ਲਾਏ ਮਾਰ ਦੇਵੇ, ਉਹ ਤਾਂ ਦੋਸ਼ੀ ਆ, ਪਰ ਜੇ ਸਿੱਖ

ਕੇਵਲ ਰੋਸ ਦਾ ਪ੍ਰਗਟਾਵਾ ਹੀ ਕਰਦੇ ਨੇ.....। ਹਿੰਦੂਆਂ (ਪਾਂਡੇ ਭਰਾਵਾਂ) ਨੇ ਵੀ ਤਾਂ ਰੋਸ ਹੀ ਪ੍ਰਗਟ ਕੀਤਾ ਸੀ। ਹਿੰਦੂ ਨੂੰ ਤਾਂ ਅਹੁਦਾ ਮਿਲਦਾ ਤੇ ਸਿੱਖ ਨੂੰ ਗੋਲੀ। ਉਂਝ ਕਹਿੰਦੇ ਨੇ ਦੇਸ਼ ਆਜ਼ਾਦ ਆ ਤੇ ਇਥੇ ਕੋਈ ਵਿਤਕਰਾ ਨਹੀਂ।

ਮੋਗਾ ਤਹਿਸੀਲ ਦੇ ਪਿੰਡ ਮਚਾਕੀ ਦੇ ਰਹਿਣ ਵਾਲੇ ਇੱਕ ਸਿੱਖ ਨੌਜੁਵਾਨ ਨੂੰ ਜ਼ਬਰਦਸਤੀ ਲੰਮਾ ਪਾਇਆ ਗਿਆ ਅਤੇ ਇੱਕ ਹਿੰਦੂ ਉਹਦੀ ਛਾਤੀ 'ਤੇ ਬੈਠਾ ਤੇ ਉਹਦੇ ਮੂੰਹ 'ਚ ਤੰਬਾਕੂ ਪਾਇਆ ਤੇ ਥੁੱਕਿਆ। ਉਹ ਗੁਰਦੁਆਰੇ ਦਾ ਗ੍ਰੰਥੀ ਸੀ। ਤੰਬਾਕੂ ਮੂੰਹ 'ਚ ਪਾਇਆ। ਕੀ ਕਿਸੇ ਹਿੰਦੂ ਨਾਲ ਵੀ ਇਸ ਤਰ੍ਹਾਂ ਕੀਤਾ ਗਿਆ ?

ਜਗੀਰ ਸਿੰਘ ਪੁੱਤਰ ਤਾਰਾ ਸਿੰਘ ਪਿੰਡ ਇੱਟਾਂ ਵਾਲੀ, ਜਿਹੜਾ ਮੋਗੇ ਖੱਡੀ ਦਾ ਕੰਮ ਕਰਦਾ ਆ, ਪੁਲੀਸ ਨੇ ਉਹਨੂੰ ਫੜ ਕੇ ਅਤੇ ਉਹਦਾ ਪੱਟ ਚੀਰ ਕੇ ਮਾਸ ਕੱਢਿਆ ਅਤੇ ਲੂਣ ਭਰਿਆ। ਕੀ ਇਹ ਵਿਤਕਰਾ ਨਹੀਂ ?

ਪੁਲੀਸ ਨੇ ਕੁਲਵੰਤ ਸਿੰਘ ਨਾਗੋਕੇ ਨੂੰ ਫੜਿਆ ਅਤੇ ਪੁੱਠਾ ਲਟਕਾਇਆ, ਉਹਦੇ ਪੇਟ ਵਿੱਚ ਗਰਮ ਸੀਖ ਲੰਘਾਈ। ਉਹਦਾ ਬੰਦ ਬੰਦ ਤੋੜਿਆ। ਉਹਦੀ ਸੱਜੀ ਲੱਤ ਤੋੜੀ, ਫਿਰ ਉਹਨੂੰ ਗੋਲੀ ਮਾਰੀ ਤੇ ਕਹਿੰਦੇ ਨੇ ਕਿ ਇਹ ਪੁਲੀਸ ਮੁਕਾਬਲਾ ਸੀ। ਕੀ ਇਹ ਵਿਤਕਰਾ ਨਹੀਂ ?

ਪੁਲੀਸ ਨੇ ਈਸਾਪੁਰ ਦੇ ਸੁਖਦੇਵ ਸਿੰਘ ਅਤੇ ਜਸਬੀਰ ਸਿੰਘ ਦੋਹਾਂ ਦੇ ਗੁਪਤ ਅੰਗ ਬੰਨੇ, ਉਹਨਾਂ ਦੇ ਸਰੀਰ ਫੁਲ ਗਏ। ਪੁਲੀਸ ਨੇ ਜੰਮੂਰਾਂ ਨਾਲ ਉਹਦਾ ਮਾਸ ਤੋੜਿਆ। ਡੌਲਿਆਂ 'ਚੋਂ ਮਾਸ ਕੱਢਿਆ। ਅੱਖਾਂ ਕੱਢ ਲਈਆਂ ਤੇ ਫਿਰ ਗੋਲੀਆਂ ਮਾਰ ਦਿੱਤੀਆਂ। ਕਦੀ ਕਿਸੇ ਹਿੰਦੂ ਨਾਲ ਵੀ ਅਜਿਹਾ ਸਲੂਕ ਹੋਇਆ। ਕੀ ਇਹ ਵਿਤਕਰਾ ਨਹੀਂ ?

ਪਿੰਡ ਧੂਲਕੋਟ ਦੇ ਗੁਰਮੀਤ ਸਿੰਘ ਦੇ ਹੱਥਾਂ ਤੇ ਪੈਰਾਂ ਦੇ ਦਸੇ ਦੇ ਦਸੇ ਨਹੁੰ ਜੰਮੂਰਾਂ ਨਾਲ ਪੁੱਟੇ ਅਤੇ ਜ਼ਖਮਾਂ 'ਤੇ ਲੂਣ ਪਾਇਆ। ਹੱਥਾਂ ਦੀਆਂ ਤਲੀਆਂ ਥੱਲੇ ਮੋਮਬੱਤੀਆਂ ਬਾਲੀਆਂ ਗਈਆਂ ਤੇ ਸਾੜਿਆ ਤੇ ਫਿਰ ਗੋਲੀ ਮਾਰੀ ਗਈ। ਕੀ ਇਹ ਵਿਤਕਰਾ ਨਹੀਂ ? ਮੈਨੂੰ ਦੱਸੋ ਕਿ ਕਿਸੇ ਹਿੰਦੂ ਨਾਲ ਵੀ ਇਸ ਤਰ੍ਹਾਂ ਹੋਇਆ ? ਉਹਨਾਂ ਨੂੰ (ਸਰਕਾਰ ਨੂੰ) ਇਹਦਾ ਜਵਾਬ ਦੇਣਾ ਚਾਹੀਦਾ।

ਜਦੋਂ ਵਿਨੋਭਾ ਭਾਵੇ ਮਰਿਆ, ਸਰਕਾਰੀ ਦਫ਼ਤਰ ਦੋ ਦਿਨਾਂ ਵਾਸਤੇ ਬੰਦ ਕੀਤੇ ਗਏ। ਸਤਿਗੁਰੂ ਤੇਗ ਬਹਾਦਰ ਜੀ ਨੇ ਟੋਪੀਆਂ ਵਾਲਿਆਂ (ਹਿੰਦੂਆਂ) ਲਈ ਸ਼ਹਾਦਤ ਦਿੱਤੀ, ਪਰ ਉਹਨਾਂ ਵਾਸਤੇ ਕੇਵਲ ਅੱਧਾ ਦਿਨ ਛੁੱਟੀ ਹੈ। ਕੀ ਇਹ ਵਿਤਕਰਾ ਨਹੀਂ ? ਇਹਦਾ ਕੀ ਕਾਰਨ ਆਂ ?

ਜੇਕਰ ਕੋਈ ਸਿੱਖ ਆ, ਭਾਵੇਂ ਉਹਦੇ ਕੋਲੋਂ ਗੋਲੀ ਦਾ ਖਾਲੀ ਖੋਖਾ ਵੀ ਨਾ ਮਿਲੇ, (ਪਰ) ਉਹਦੇ ਵਿਰੁੱਧ ਸ਼ੱਕ ਦੀ ਬਿਨਾ 'ਤੇ ਹੀ ਕੇਸ ਦਰਜ ਹੋ ਜਾਂਦਾ ਅਤੇ ਉਹਨੂੰ ਪੁੱਠਾ ਲਟਕਾਇਆ ਜਾਂਦਾ ਤੇ ਤਸੀਹੇ ਦਿੱਤੇ ਜਾਂਦੇ ਨੇ, ਪਰ ਇੱਕ ਹਿੰਦੂ ਪਵਨ ਕੁਮਾਰ ਕੋਲੋਂ ੨੩੦ ਗਰਨੇਡ ਤੇ ਬੰਬ ਮਿਲਦੇ ਨੇ, ਜਿਹੜਾ ਹਿੰਦੂ ਸੁਰੱਖਸ਼ਾ ਸੰਮਤੀ ਪਟਿਆਲੇ ਦਾ ਪ੍ਰਧਾਨ ਆਂ। ਉਹਦੇ ਵਿਰੁੱਧ ਕੋਈ ਕੇਸ ਦਰਜ ਨਹੀਂ ਹੋਇਆ। ਇਸ ਤਰ੍ਹਾਂ ਕਿਉਂ ਆਂ ? ਇੰਦਰਾ ਜਵਾਬ ਦੇਵੇ।

ਇੱਕ ਵਾਰੀ ਉਹਨੇ (ਇੰਦਰਾ ਨੇ) ਕਿਹਾ ਕਿ ਮੈਂ ਜਗਜੀਤ ਸਿੰਘ ਚੌਹਾਨ ਨੂੰ ਖ਼ਾਲਿਸਤਾਨ ਬਾਰੇ ਚਿੱਠੀ ਕਿਉਂ ਲਿਖੀ ਆ। ਮੈਂ ਗੌਰਮੈਂਟ ਤੋਂ ਇਹਦਾ ਜਵਾਬ ਮੰਗਦਾਂ ਅਤੇ ਵਿਦੇਸ਼ਾਂ ਵਿਚਲੇ ਸਿੱਖ ਵੀ ਉਹਦੇ ਤੋਂ ਪੁੱਛਣ ਕਿ ਕਿਸ ਕਨੂੰਨ 'ਚ ਲਿਖਿਆ ਕਿ ਸਿੱਖ, ਸਿੱਖ ਨੂੰ ਚਿੱਠੀ ਨਹੀਂ ਲਿਖ ਸਕਦਾ। ਜੇ ਇੱਕ ਜਨਸੰਘੀ ਨੂੰ, ਦੂਜੇ ਜਨਸੰਘੀ ਨੂੰ ਚਿੱਠੀ ਲਿਖਣ ਦਾ ਅਧਿਕਾਰ ਆ,

ਇੱਕ ਆਰੀਆ ਸਮਾਜੀ, ਆਰੀਆ ਸਮਾਜੀ ਨੂੰ ਲਿਖ ਸਕਦਾ। ਜੇ ਇੰਦਰਾ ਪਾਕਿਸਤਾਨ ਤੇ ਅਮਰੀਕਾ ਨੂੰ ਲਿਖ ਸਕਦੀ ਆ, ਫਿਰ ਸਿੱਖ ਲਈ ਹੀ ਇਹ ਪਾਬੰਦੀ ਕਿਉਂ ? ਇਹ ਕਿਹੜੇ ਕਾਨੂੰਨ ਵਿੱਚ ਲਿਖਿਆ ਕਿ ਸਿੱਖ, ਸਿੱਖ ਨੂੰ ਚਿੱਠੀ ਨਹੀਂ ਲਿਖ ਸਕਦਾ ? ਮੈਨੂੰ ਜਵਾਬ ਦੇਣ। ਫਿਰ ਮੈਂ ਉਹਨਾਂ ਨੂੰ ਦੱਸਾਂ ਕਿ ਮੈਂ ਉਹਨੂੰ ਚਿੱਠੀ ਲਿਖੀ ਸੀ ਕਿ ਨਹੀਂ। ਇਹ ਸਭ ਕੁਝ ਕਿਉਂ ?

ਇੱਕ ਪਾਸੇ ਆਂਹਦੇ ਨੇ ਕਿ ਸਿੱਖ ਹਿੰਦੂਆ ਦਾ ਹੀ ਅੰਗ ਨੇ। ਜੇ ਸਿੱਖ ਹਿੰਦੂਆਂ ਦਾ ਅੰਗ ਨੇ ਤਾਂ ਫਿਰ ਉਹਨੂੰ ਕਹਿਣਾ ਚਾਹੀਦਾ ਕਿ ਸਿੱਖ ਇੱਕ ਵੱਖਰੀ ਕੌਮ ਨੇ ? ਉਹ ਸਿੱਖਾਂ ਨੂੰ ਅੰਗ ਆਂਹਦੇ ਨੇ, ਕਿਉਂਕਿ ਅਸੀਂ ਉਹਨਾਂ ਤੋਂ ਸ਼ਕਲ-ਸੂਰਤ ਤੋਂ ਵੱਖਰੇ ਹਾਂ। ਕੀ ਇੰਝ ਨਹੀਂ ? ਜੇ ਉਹ ਵੱਖਰੇ ਨਹੀਂ ਤਾਂ ਉਹਨਾਂ ਨੂੰ ਇਹ ਕਹਿਣ ਦੀ ਲੋੜ ਈ ਕੀ ਆ ਕਿ ਅਸੀਂ ਸਾਰੇ ਹਿੰਦੂ ਆਂ। ਫਿਰ ਇਹ ਸਾਨੂੰ ਇਸ ਤਰ੍ਹਾਂ ਕਿਉਂ ਆਂਹਦੇ ਨੇ। ਫਿਰ ਉਹ ਕਹਿੰਦੇ ਨੇ ਸਿੱਖ ਅੱਤਵਾਦੀ ਨੇ ਅਤੇ ਹਿੰਦੂ (ਅੱਤਵਾਦੀ) ਨਹੀਂ ਤਾਂ ਫਿਰ ਉਹਨਾਂ ਨੂੰ ਮੰਨ ਲੈਣਾ ਚਾਹੀਦਾ ਕਿ ਸਿੱਖ ਇੱਕ ਵੱਖਰੀ ਕੌਮ ਆਂ। ਜੇ ਉਹ ਨਹੀਂ ਆਂਦੇ ਤੇ ਫਿਰ ਉਹਨਾਂ ਨੂੰ ਕਹਿਣਾ ਚਾਹੀਦਾ ਕਿ ਹਿੰਦੂ ਅੱਤਵਾਦੀ ਨੇ। ਕਿਉਂਕਿ (ਉਹਨਾਂ ਦੀ ਨਿਗ੍ਹਾ ਵਿੱਚ) ਸਿੱਖ ਹੈ ਈ ਨਹੀਂ, ਉਹ ਕਿਸੇ ਨੂੰ ਸਿੱਖ ਮੰਨਦੇ ਈ ਨਹੀਂ। ਇੱਕ ਪਾਸੇ ਸਿੱਖ ਅੱਤਵਾਦੀ ਨੇ ਅਤੇ ਹਿੰਦੂ ਸਤਿਵਾਦੀ ਨੇ। ਦੂਜੇ ਪਾਸੇ ਜੇ ਸਿੱਖ ਵੱਖਰੀ ਕੌਮ ਨਹੀਂ ਤਾਂ ਫਿਰ ਸਿੱਖ ਅੱਤਵਾਦੀ ਕਿਵੇਂ ਹੋਏ ? ਉਹਨਾਂ ਨੂੰ ਇਹ ਜਵਾਬ ਦੇਣਾ ਚਾਹੀਦਾ। ਇਹ ਟੇਪ ਰਿਕਾਰਡ ਹੋ ਰਿਹਾ। ਮੈਂ ਆਪਣਾ ਸਿਰ ਵਡਵਾ ਕੇ ਸਿੱਖਾਂ ਨੂੰ ਦੇ ਦਿਆਂਗਾ ਜੇ ਉਹ (ਇੰਦਰਾ) ਸਾਬਤ ਕਰ ਦੇਵੇ ਕਿ ਮੇਰਾ ਕੋਈ ਵੀ ਬਿਆਨ ਗ਼ਲਤ ਆ। ਉਹ ਦੱਸੇ ਕਿ ਭਿੰਡਰਾਂਵਾਲੇ ਨੇ ਕਿੱਥੇ ਝੂਠ ਮਾਰਿਆ।

? ਵਿਦੇਸ਼ੀ ਸਿੱਖਾਂ ਲਈ ਕੋਈ ਸੁਨੇਹਾ ?

- ਵਿਦੇਸ਼ੀ ਸਿੱਖਾਂ ਲਈ ਇਹ ਸੁਨੇਹਾ ਹੈ ਕਿ ਉਹ ਅੰਮ੍ਰਿਤ ਛਕਣ, ਰਹਿਤ ਦੇ ਧਾਰਨੀ ਹੋਣ, ਕੇਸਰੀ ਨਿਸ਼ਾਨ ਸਾਹਿਬ ਹੇਠ ਇਕੱਠੇ ਹੋਣ ਅਤੇ ਪੰਥ ਦੀ ਭਟ ਕੇ ਹਮਾਇਤ ਕਰਨ। ਸਵਾਸ ਸਵਾਸ ਨਾਮ ਜਪਣ, ਨੇਕ ਕਮਾਈ ਕਰਨ ਅਤੇ ਉਹਦਾ ਫਲ ਖਾਣ। ਆਪਸ ਵਿੱਚ ਏਕਤਾ ਨਾਲ ਰਹਿਣ। ਇੱਕ ਦੂਜੇ ਨਾਲ ਨਾ ਲੜਨ। ਕਿਸੇ ਵੀ ਉਸ ਨੂੰ ਨਾ ਬਖਸ਼ਣ, ਜਿਹੜਾ ਗੁਰੂ ਗਰੰਥ ਸਾਹਿਬ ਅਤੇ ਸ਼ਸ਼ਤਰਧਾਰੀ ਹੋਣ ਦੀ ਅਲੋਚਨਾ ਕਰਦਾ।

ਅਸੀਂ ਕਹਿੰਦੇ ਹਾਂ ਕਿ ਹਿੰਦੂ ਪੱਕਾ ਹਿੰਦੂ ਬਣੇ, ਪੱਕੇ ਹਿੰਦੂ ਦੀ ਨਿਸ਼ਾਨੀ, ਹਿੰਦੂ ਧਰਮ ਅਨੁਸਾਰ ਇਹ ਹੈ ਕਿ ਉਹ ਆਪਣੇ ਮੱਥੇ, ਨੱਕ, ਠੋਡੀ, ਛਾਤੀ, ਗੱਲ੍ਹਾਂ, ਕੰਨ, ਡੌਲਿਆਂ, ਗਰਦਨ ਅਤੇ ਸਿਰ 'ਤੇ, ਬਾਰਾਂ ਥਾਂਵਾਂ 'ਤੇ ਤਿਲਕ ਲਾਵੇ ਅਤੇ ਨੌਂ ਧਾਗੇ ਦੇ ਜਨੇਊ ਪਾਵੇ। ਬਾਰਡਰ ਵਾਲੀ ਧੋਤੀ ਬੰਨੇ, ਜਿਹਨੂੰ ਅਸੀਂ ਕ-ਖਣੀ ਧੋਤੀ ਆਨ੍ਹੇ ਆਂ। ਸਿਰ 'ਤੇ ਟੋਪ ਰੱਖੇ ਅਤੇ ਗੀਤਾ ਪੜ੍ਹੇ, ਸ਼ਿਵਲਿੰਗ ਦਾ ਚ੍ਰਿਨਾਮਤ ਲਏ। ਮੈਂ ਇਦੋਂ ਵੱਧ ਨਹੀਂ ਦੱਸਦਾ, ਕਿਉਂਕਿ ਉਹ (ਹਿੰਦੂ) ਲੜ ਪੈਂਦੇ ਨੇ। ਮੈਂ ਤਾਂ ਤੁਹਾਨੂੰ ਥੋੜਾ ਜਿਹਾ (ਨਮੂਨਾ ਦੱਸਿਆ) ਬਾਕੀ ਤੁਸੀਂ ਉਹਨਾਂ ਤੋਂ ਪੁੱਛ ਸਕਦੇ ਓ। ਉਹ ਆਂਦੇ ਨੇ ਕਿ ਸ਼ਿਵ ਜੀ ਕੋਈ ਗ਼ਲਤ ਕੰਮ ਕਰਨ ਲੱਗਾ ਸੀ। ਵਿਸ਼ਨੂੰ ਨੇ ਆਪਣਾ ਸੁਦਰਸ਼ਨ ਚੱਕਰ ਚਲਾਇਆ ਅਤੇ ਸ਼ਿਵ ਜੀ ਦਾ ਲਿੰਗ ੧੨ ਹਿੱਸਿਆਂ 'ਚ ਵੱਢ ਦਿੱਤਾ। ਉਹਦੇ (ਸ਼ਿਵ ਜੀ) ਦੇ ਗੁਪਤ ਅੰਗ ਨੂੰ ਸ਼ਿਵਲਿੰਗ ਕਹਿੰਦੇ ਨੇ, ਕਿਉਂਕਿ ਇਹ ਸ਼ਿਵ ਜੀ ਦਾ ਨਿਸ਼ਾਨ ਆਂ। ਉਹਨਾਂ ਨੂੰ ਪੁੱਛੋ ਕਿ ਇਸ ਇਸ਼ਟ (ਸ਼ਿਵ ਲਿੰਗ) ਦੀ ਸ਼ੁਰੂਆਤ ਕੀ ਆ ? ਉਹ ਤੁਹਾਨੂੰ ਨਹੀਂ ਦੱਸਣਗੇ, ਕਿਉਂਕਿ

ਉਹ ਦੱਸਣ ਵਿੱਚ ਸ਼ਰਮ ਮਹਿਸੂਸ ਕਰਦੇ ਨੇ। ਮੈਂ ਇਹ ਸਟੇਜ ਤੋਂ ਨਹੀਂ ਦੱਸਾਂਗਾ, ਕਿਉਂਕਿ ਉਹ (ਹਿੰਦੂ) ਕਹਿਣਗੇ ਕਿ ਮੈਂ ਜਾਣ-ਬੁਝ ਕੇ ਉਹਨਾਂ ਨੂੰ ਤਾਹਨਾ ਮਾਰਨ ਲਈ ਕਹਿ ਰਿਹਾਂ। ਉਹਨਾਂ ਨੂੰ ਪੁੱਛੋ ਕਿ ਇਹ ਉਹਨਾਂ ਨੇ ਆਪਣੇ ਗ੍ਰੰਥਾਂ ਵਿੱਚ ਕਿਉਂ ਲਿਖਿਆ ਕਿ ਉਹ ਸ਼ਿਵ ਲਿੰਗ ਦਾ ਚ੍ਰਿਨਾਮਤ ਲੈਂਦੇ ਨੇ। ਅਸੀਂ ਵੀ ਅੰਮ੍ਰਿਤ ਤਿਆਰ ਕਰਦੇ ਆਂ। ਜੇ ਉਹ ਇਹਨਾਂ ਗੱਲਾਂ (ਵਿਸ਼ਵਾਸਾਂ) ਨੂੰ ਮੰਨਦੇ ਨੇ ਤੇ ਇਹ ਉਹਨਾਂ ਦਾ ਕੰਮ ਆਂ। ਉਹ ਚ੍ਰਿਨਾਮਤ ਲੈ ਸਕਦੇ ਨੇ ਤੇ ਉਹਨੂੰ ਇਹ ਘੋਲ ਸਕਦੇ ਨੇ ਤੇ ਪੀ ਸਕਦੇ ਨੇ। ਜੇ ਇਹੋ ਜਿਹਾ ਹਿੰਦੂ ਸਾਡੇ ਕੋਲ ਆਵੇ ਤਾਂ ਅਸੀਂ ਉਹਦਾ ਆਪਣੀ ਸਟੇਜ 'ਤੇ ਸੁਆਗਤ ਕਰਾਂਗੇ, (ਪਰ) ਜੇ ਉਹ ਤਮਾਕੂ ਨਹੀਂ ਪੀਂਦਾ। ਜੇ ਇਸ ਤਰ੍ਹਾਂ ਦਾ (ਹਿੰਦੂ) ਸਾਨੂੰ ਬੁਲਾਏ, ਅਸੀਂ ਉਹਦੇ ਘਰ ਵੀ ਜਾਵਾਂਗੇ। ਉਹ ਕਿਵੇਂ ਕਹਿ ਸਕਦੇ ਨੇ ਕਿ ਮੈਂ ਹਿੰਦੂਆਂ ਦੇ ਵਿਰੁੱਧ ਆਂ ? ਜੇਕਰ ਕੋਈ ਮੁਸਲਮਾਨ ਵੀ ਸੁੰਨਤ ਵਾਲਾ ਆ। ਪੰਜ ਵਕਤ ਦਾ ਨਿਮਾਜ਼ੀ ਆ, ਕੁਰਾਨ ਪੜ੍ਹਦਾ, ਅੱਲ੍ਹਾ ਨੂੰ ਯਾਦ ਕਰਦਾ ਤੇ ਮੁਹੰਮਦ ਸਾਹਿਬ ਵਿੱਚ ਯਕੀਨ ਰੱਖਦਾ ਅਤੇ ਤੰਮਾਕੂ ਨਹੀਂ ਵਰਤਦਾ ਤੇ ਅਜਿਹੇ ਮੁਸਲਮਾਨ ਨਾਲ ਅਸੀਂ ਪੂਰਾ ਪਿਆਰ ਰੱਖਾਂਗੇ। ਜੇ ਉਹ ਸਾਨੂੰ ਬੁਲਾਵੇ ਤੇ ਅਸੀਂ ਉਹਦੇ ਕੋਲ ਜਾਵਾਂਗੇ। ਅਸੀਂ ਉਹਨੂੰ ਸੱਦਾਂਗੇ ਅਤੇ ਉਹ ਸਾਡੇ ਕੋਲ ਆਵੇਗਾ।

ਸਿੱਖ ਵੀ,

ਸਾਬਤ ਸੂਰਤ ਦਸਤਾਰ ਸਿਰਾ ॥ *(ਮਾਰੂ ਮਹਲਾ ੫, ੧੦੮੪)*

ਉਹਦੇ ਤੇੜ ਕਛਹਿਰਾ, ਹੱਥੀ ਕੜਾ, ਗਾਤਰੇ ਕ੍ਰਿਪਾਨ,

ਕ੍ਰਿਪਾਨ ਪਾਨ ਧਾਰੀਯੰ ॥
ਕਰੋਰ ਪਾਪ ਟਾਰੀਯੰ ॥

.....

ਕਾਠ ਕਾ ਕੰਘਾ ਕੇਸੀ ਚਾੜ੍ਹਾ ॥

ਉਹ ਅੰਮ੍ਰਿਤ ਵੇਲੇ ਜਾਗੇ, ਬਾਣੀ ਪੜ੍ਹੇ, ਸ਼ਰਾਬ ਨਾ ਪੀਵੇ। ਜੇ ਕੋਈ ਐਸਾ ਸਿੱਖ ਹੋਵੇ ਤਾਂ ਉਸ ਨਾਲ ਅਸੀਂ ਪਿਆਰ ਕਰਦੇ ਹਾਂ। ਮੈਂ ਐਲਾਨ ਕੀਤਾ ਹੋਇਆ ਕਿ ਜੇ ਕੋਈ ਐਸਾ ਕ੍ਰਿਪਾਨਧਾਰੀ ਸ਼ਰਾਬ ਪੀਏ ਅਤੇ ਉਹਨੂੰ ਤੁਸੀਂ ਪੀਤੀ ਨੂੰ ਫੜ੍ਹ ਲਉ। ਜਿਹੜੀ ਸਜ਼ਾ ਮੈਂ ਐਲਾਨੀ ਆਂ, ਉਹ ਇਹ ਆ ਕਿ ਉਸ 'ਤੇ ਮਿੱਟੀ ਦਾ ਤੇਲ ਪਾਉ ਅਤੇ ਸਾੜ ਦਿਉ। ਮੈਂ ਤੁਹਾਡਾ ਕੇਸ ਅਦਾਲਤ ਵਿੱਚ ਲੜਾਂਗਾ। ਉਹ ਭਾਵੇਂ ਕਿਸੇ ਵੀ ਪਾਰਟੀ ਨਾਲ ਸੰਬੰਧਤ ਹੋਵੇ, ਜਿਹੜਾ ਇਹ ਕੰਮ ਕਰੇਗਾ, ਮੈਂ ਉਹਦੀ ਮਦਦ ਕਰਾਂਗਾ। ਮੇਰੀ ਸਾਰਿਆਂ ਨੂੰ ਇਹੋ ਅਪੀਲ ਆ ਕਿ ਕਿਸੇ ਨੂੰ ਵੀ ਸ਼ਰਾਬ ਨਹੀਂ ਪੀਣੀ ਚਾਹੀਦੀ, ਪਰ ਤੇਲ ਨਾਲ ਸਾੜਨ ਵਾਲੀ ਸਜ਼ਾ ਦੂਸਰਿਆਂ 'ਤੇ ਲਾਗੂ ਨਹੀਂ ਹੁੰਦੀ। ਇਹ ਕ੍ਰਿਪਾਨ ਪਹਿਨਣ ਵਾਲਿਆਂ 'ਤੇ ਹੀ ਲਾਗੂ ਹੈ। ਜੇ ਤੁਹਾਡੀਆਂ ਲੱਤਾਂ ਕਮਜ਼ੋਰ ਨੇ ਤੇ ਭਾਰ ਨਹੀਂ ਝੱਲਦੀਆਂ, ਤੁਹਾਨੂੰ ਘੱਟ ਤੋਂ ਘੱਟ ਇੰਨਾ ਜ਼ਰੂਰ ਕਰਨਾ ਚਾਹੀਦਾ ਕਿ ਜੇ ਕੋਈ ਰਾਗੀ, ਸੰਤ, ਮਹਾਤਮਾਂ, ਗ੍ਰੰਥੀ ਭਾਵੇਂ ਉਹ ਭਿੰਡਰਾਂਵਾਲੇ ਜਥੇ ਦਾ ਈ ਹੋਵੇ ਤੇ ਕ੍ਰਿਪਾਨਧਾਰੀ ਹੋਵੇ ਤੇ ਉਹ ਇਹ ਕੰਮ ਕਰਦਾ। ਜਿੱਥੇ ਵੀ ਉਹ ਜਾਵੇ, ਉਹਦਾ ਮੂੰਹ ਕਾਲਾ ਕਰੋ ਅਤੇ ਗਲ 'ਚ ਛਿੱਤਰਾਂ ਦਾ ਹਾਰ ਪਾਉ, ਖੋਤੇ 'ਤੇ ਬੈਠਾਉ ਤੇ ਸਾਰੇ ਪਿੰਡ 'ਚ ਫੇਰੋ ਜਾਂ ਜਿਲ੍ਹੇ 'ਚ ਫੇਰੋ। ਜਿਸ ਪਿੰਡ 'ਚ ਉਹ ਰਹਿੰਦਾ, ਉਹਨਾਂ ਲੋਕਾਂ ਨੂੰ ਲਿਖੋ ਕਿ ਭਰਾਉ ਅਸੀਂ ਹੁਣ ਸੁਚੇਤ ਹੋ ਗਏ ਆਂ। ਜੇਕਰ ਅਸੀਂ ਕੋਈ ਐਸਾ ਬੰਦਾ ਫੜ੍ਹ ਲਿਆ, ਜਿਸ ਦੇ ਗਾਤਰੇ ਕ੍ਰਿਪਾਨ ਹੋਵੇ ਤੇ ਫਿਰ ਵੀ ਸ਼ਰਾਬ ਪੀਵੇ ਤਾਂ ਉਸ ਨੂੰ ਦੁਗਣੀ ਸਜ਼ਾ

ਦਿੱਤੀ ਜਾਵੇਗੀ। ਫਿਰ ਮੈਨੂੰ ਦੱਸੋ ਕਿ ਅਜੇ ਵੀ ਕੋਈ ਪੀਂਦਾ। ਉਹ ਸਾਨੂੰ ਕਿੱਦਾਂ ਕਹਿ ਸਕਦੇ ਨੇ ਕਿ ਇਸ ਪਾਸੇ ਸਾਡਾ ਕੋਈ ਧਿਆਨ ਨਹੀਂ।

ਮੈਂ ਨਿਮਰਤਾ ਸਹਿਤ ਹੱਥ ਜੋੜ ਕੇ ਵਿਦੇਸ਼ਾਂ 'ਚ ਰਹਿੰਦੇ ਸਿੱਖਾਂ ਨੂੰ ਅਪੀਲ ਕਰਦਾ ਹਾਂ ਕਿ ਆਪਸ ਵਿੱਚ ਦੀ ਪਿਆਰ ਨਾਲ ਰਹੋ ਅਤੇ ਗੁਰੂ ਦੀ ਨਿਰਾਦਰੀ ਕਰਨ ਵਾਲੇ ਨਾਲ ਨਰਮੀ ਨਾ ਕਰੋ। ਹੋਰ ਕੁਝ ਵੀ ਪੁੱਛਣਾ ?

ਬੈਂਸ - ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਸੰਤ - ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

? ਸੰਤ ਜੀ ਇਹ ਦੱਸੋਗੇ ਕਿ ਸਿੱਖਾਂ ਨੂੰ ਅੱਤਵਾਦੀ ਕਿਉਂ ਕਹਿੰਦੇ ਨੇ ?

- ਸਰਕਾਰ ਨੇ ਅੱਤਵਾਦੀ ਉਹਨਾਂ ਸਿੱਖਾਂ ਨੂੰ ਕਹਿਣਾ ਸ਼ੁਰੂ ਕੀਤਾ ਹੋਇਆ ਜਿਹੜੇ ਆਪ ਅੰਮ੍ਰਿਤਧਾਰੀ ਨੇ ਤੇ ਦੂਜਿਆਂ ਨੂੰ ਅੰਮ੍ਰਿਤ ਛਕਾਉਂਦੇ ਨੇ। ਜਿਹੜੇ ਆਪ ਬਾਣੀ ਪੜ੍ਹਦੇ ਤੇ ਦੂਜਿਆਂ ਨੂੰ ਪੜ੍ਹਾਉਂਦੇ ਨੇ। ਜਿਹੜੇ ਆਪ ਏਕਤਾ ਦੇ ਹੱਕ 'ਚ ਨੇ ਤੇ ਏਕਤਾ ਦਾ ਪ੍ਰਚਾਰ ਕਰਦੇ ਨੇ ਅਤੇ ਲੋਕਾਂ ਨੂੰ ਏਕਤਾ ਕਰਨ ਦੀ ਪ੍ਰੇਰਨਾ ਦਿੰਦੇ ਨੇ। ਇਹੋ ਜਿਹੇ ਬੰਦਿਆਂ ਨੂੰ ਇਹ ਅੱਤਵਾਦੀ ਆਂਦੇ ਨੇ। ਇਸੇ ਕਾਰਨ ਉਹ ਮੈਨੂੰ, ਤੁਹਾਡੇ ਸੇਵਾਦਾਰ ਨੂੰ ਵੀ ਅੱਤਵਾਦੀ ਕਹਿੰਦੇ ਨੇ। ਇਹਦਾ ਕਾਰਨ ਇਹ ਆ ਕਿ ਮੇਰਾ ਕੰਮ ਬਾਣੀ ਦੀ ਕਥਾ ਕਰਨੀ, ਜਿਹੜੇ ਮੇਰੇ ਨਾਲ ਰਹਿੰਦੇ ਨੇ ਉਹਨਾਂ ਨੂੰ ਬਾਣੀ ਪੜ੍ਹਾਉਣੀ, ਪੰਜਾਂ ਪਿਆਰਿਆਂ ਦਾ ਅੰਮ੍ਰਿਤ ਛਕਾਉਣਾ। ਇਸ ਕਰਕੇ ਮੈਨੂੰ ਅੱਤਵਾਦੀ ਆਖਿਆ ਜਾਂਦਾ। ਮੈਂ ਵਿਦੇਸ਼ਾਂ 'ਚ ਰਹਿੰਦੇ ਸਿੱਖਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਸਾਰੇ ਸਿੱਖ ਜਿਹੜੇ ਦੂਜੇ ਦੇਸ਼ਾਂ 'ਚ ਰਹਿ ਰਹੇ ਨੇ, ਉਹਨਾਂ ਨੂੰ ਵੀ (ਮੇਰੇ ਵਰਗਾ) ਅੱਤਵਾਦੀ ਬਣ ਜਾਣਾ ਚਾਹੀਦਾ। ਕਿਸ ਤਰ੍ਹਾਂ ਦੇ ਅੱਤਵਾਦੀ ? ਉਸ ਤਰ੍ਹਾਂ ਦੇ ਜਿਸ ਤਰ੍ਹਾਂ ਦੇ ਕੰਮ ਕਰਨ ਵਾਲਿਆਂ ਨੂੰ ਗੌਰਮੈਂਟ ਅੱਤਵਾਦੀ ਕਹਿੰਦੀ ਆ। ਗੌਰਮੈਂਟ ਨੇ ਉਹਨਾਂ ਲੋਕਾਂ ਨੂੰ ਅੱਤਵਾਦੀ ਕਹਿਣਾ ਸ਼ੁਰੂ ਕਰ ਦਿੱਤਾ, ਜਿਹੜੇ ਅੰਮ੍ਰਿਤ ਛਕਾਉਂਦੇ, ਜਿਹੜੇ ਬਾਣੀ ਪੜ੍ਹਦੇ ਤੇ ਪੜ੍ਹਾਉਂਦੇ ਨੇ। ਜਿਹੜੇ ਆਪਣੀਆਂ ਭੈਣਾਂ ਦੀ ਲੁੱਟੀ ਇੱਜ਼ਤ ਦਾ ਇਨਸਾਫ਼ ਲੈਣ ਨੂੰ, ਆਪਣੇ ਇਸ਼ਟ (ਗੁਰੂ ਗਰੰਥ ਸਾਹਿਬ) ਦੀ ਹੋਈ ਬੇ-ਹੁਰਮਤੀ ਦਾ ਬਦਲਾ ਲੈਣ ਨੂੰ, ਆਪਣੇ ਧਾਰਮਿਕ ਅਸਥਾਨਾਂ ਦੀ ਹੋਈ ਬੇ-ਅਦਬੀ ਅਤੇ ਮਸੂਮਾਂ ਦੇ ਪੀਤੇ ਖ਼ੂਨ ਦਾ ਹੱਕ ਲੈਣ ਲਈ ਤਿਆਰ ਨੇ। ਮੈਂ ਅੱਤਵਾਦੀ ਹਾਂ। ਮੈਂ ਖਾੜਕੂ ਵੀ ਹਾਂ, ਮੈਂ ਫਿਰਕਾਪ੍ਰਸਤ ਵੀ ਹਾਂ ਅਤੇ ਵੱਖਵਾਦੀ ਵੀ ਹਾਂ, ਪਰ ਇਸ ਕਿਸਮ ਦਾ, ਜਿਸ ਤਰ੍ਹਾਂ ਦਾ ਮੈਂ ਦੱਸਿਆ। ਆਪਣੀਆਂ ਭੈਣਾਂ ਦੀ ਇੱਜ਼ਤ ਦੀ ਰੱਖਿਆ, ਨਿਸ਼ਾਨ ਸਾਹਿਬ ਦੀ ਸ਼ਾਨ ਨੂੰ ਕਾਇਮ ਰੱਖਣਾ, ਆਪਣੇ ਇਸਟ ਦੇ ਸਤਿਕਾਰ ਨੂੰ ਕਾਇਮ ਰੱਖਣਾ, ਮਸੂਮਾਂ ਦੇ ਡੁੱਲ੍ਹੇ ਲਹੂ ਦਾ ਹੱਕ ਲੈਣਾ। ਜਿਹੜਾ ਡੋਲ੍ਹਿਆ ਗਿਆ ਅਤੇ ਭਵਿੱਖ ਵਿੱਚ, ਖ਼ੂਨ ਡੁੱਲ੍ਹਣ ਤੋਂ ਰੋਕਣ ਵਾਲਾ। ਮੈਂ ਇਸ ਕਿਸਮ ਦਾ ਅੱਤਵਾਦੀ ਹਾਂ। ਜਿਹੜੇ ਮੇਰੇ ਨਾਲ ਸਹਿਮਤ ਨੇ, ਉਹਨਾਂ ਨੂੰ ਵੀ ਅੱਤਵਾਦੀ ਬਣ ਜਾਣਾ ਚਾਹੀਦਾ। ਜਿਹੜੇ ਰਾਧਾ ਸੁਆਮੀ ਆਂ ਤੇ ਰਾਧਾ ਸੁਆਮੀਆਂ ਦੇ ਪੈਰੋਕਾਰ ਨੇ। ਜਿਹੜੇ ਬੱਕਰੀ ਤੇ ਚਰਖੇ ਦੇ ਸਿੱਖ ਨੇ। ਜਿਹੜੇ ਪਿੱਪਲ ਨੂੰ ਪਾਣੀ ਪਾਉਣ ਅਤੇ ਜੰਡ ਨੂੰ ਸੰਦੂਰ ਭੁੱਕਣ ਵਾਲੇ ਸਿੱਖ ਨੇ, ਉਹ ਹੱਥ ਖੜੇ ਨਾ ਕਰਨ, ਦੂਸਰੇ ਕਰਨ। ਇਸ ਤਰੀਕੇ ਨਾਲ ਨਾ ਕੇਵਲ ਇੱਕ ਵਾਰੀ, ਸਗੋਂ ਕਈ ਸਟੇਜਾਂ ਤੋਂ ਸਿੱਖਾਂ ਦੇ ਇਕੱਠਾਂ ਤੋਂ ਮੈਂ ਇਹ ਪ੍ਰਣ ਕਰਵਾਏ ਨੇ ਅਤੇ ਇਸ ਤਰ੍ਹਾਂ ਉਹਨਾਂ ਇਕੱਠਾਂ ਨੇ ਹੱਥ ਖੜੇ ਕਰਕੇ ਇਹ ਪ੍ਰਣ ਕੀਤੇ ਨੇ। ਮੈਂ ਤੁਹਾਨੂੰ

ਪੁੱਛਦਾ ਹਾਂ ਅਤੇ ਤੁਹਾਨੂੰ ਇਹ ਜਵਾਬ ਇੱਕ ਵਾਰੀ ਬੋਲ ਕੇ ਦੇਣਾ ਚਾਹੀਦਾ। ਮੈਨੂੰ ਦੱਸੋ ਕਿ ਕੀ ਤੁਸੀਂ ਮੇਰੇ ਨਾਲ ਭੈਣਾਂ ਦੀ ਇੱਜ਼ਤ ਬਚਾਉਣ ਅਤੇ ਆਪਣੇ ਇਸਟ ਦਾ ਸਤਿਕਾਰ ਕਾਇਮ ਰੱਖਣ ਲਈ, ਨਿਸ਼ਾਨ ਸਾਹਿਬ ਦੀ ਸ਼ਾਨ ਕਾਇਮ ਰੱਖਣ ਲਈ, ਏਕਤਾ ਅਤੇ ਮਿਲਵਰਤਣ ਲਈ, ਲੋਕਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ, ਹਿੰਦੂਆਂ ਨੂੰ ਪੱਕੇ ਹਿੰਦੂ ਅਤੇ ਮੁਸਲਮਾਨਾਂ ਨੂੰ ਪੱਕੇ ਮੁਸਲਮਾਨ ਬਣਨ ਲਈ ਸਹਿਮਤੀ ਰੱਖਦੇ ਹੋ ?

ਬੈਂਸ - ਹਾਂ

ਸੰਤ - ਮੈਨੂੰ ਇਹ ਦੱਸੋ ਕਿ ਤੁਸੀਂ ਮੇਰੇ ਨਾਲ ਸਹਿਮਤ ਹੋ ਜਾਂ ਨਹੀਂ ?

ਬੈਂਸ - ਹਾਂ, ਅਸੀਂ ਹਾਂ।

ਸੰਤ - ਕੀ ਫਿਰ ਤੁਸੀਂ ਅੱਤਵਾਦੀ ਨਹੀਂ ?

ਬੈਂਸ - ਹਾਂ।

ਸੰਤ - ਮੈਨੂੰ ਇਹ ਦੱਸੋ ਕਿ ਤੁਸੀਂ ਅੱਤਵਾਦੀ ਹੋ ਕਿ ਨਹੀਂ ?

ਬੈਂਸ - ਹਾਂ।

ਸੰਤ - ਬਸ ਇਹ ਈ ਗੱਲ ਆ। ਮੈਂ ਇਸ ਤਰ੍ਹਾਂ ਦਾ ਅੱਤਵਾਦੀ ਹਾਂ ਤੇ ਇਸ ਕਿਸਮ ਦਾ ਤੁਹਾਨੂੰ ਅੱਤਵਾਦੀ ਬਣਨਾ ਚਾਹੀਦਾ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਮੁਲਾਕਾਤ-੨

(ਗੁਰੂ ਨਾਨਕ ਨਿਵਾਸ, ਅੰਮ੍ਰਿਤਸਰ, ਮਈ ੧੯੮੩)

ਸ. ਰਜਿੰਦਰ ਸਿੰਘ ਐਡੀਟਰ ਕੌਮੀ ਰਾਜਨੀਤੀ ਨੇ ਮਈ ੧੯੮੩ ਵਿੱਚ ਸੰਤ ਜਰਨੈਲ ਸਿੰਘ ਜੀ ਨਾਲ ਕੀਤੀ ਮੁਲਾਕਾਤ ਦੌਰਾਨ ਜਿਹੜੇ ਸੁਆਲਾਂ ਦੇ ਜੁਆਬ ਲਏ, ਉਹ ਇੰਟਰਵਿਊ ਜੂਨ ੧੯੮੩ ਦੇ ਕੌਮੀ ਰਾਜਨੀਤੀ ਦੇ ਅੰਕ ਵਿੱਚ ਛਪੀ :

? ਸੰਤ ਜੀ ਪਹਿਲਾਂ ਇਹ ਦੱਸੋ ਕਿ ਦਮਦਮੀ ਟਕਸਾਲ ਦੇ ਮੁੱਖ ਉਦੇਸ਼ ਕੀ ਹਨ ?

- ਕਥਾ ਕਰਨਾ, ਅੰਮ੍ਰਿਤ ਛਕਾਉਣਾ, ਪੂਰਨ ਗੁਰ ਮਰਿਯਾਦਾ 'ਚ ਰਹਿਣਾ।

? ਦਮਦਮੀ ਟਕਸਾਲ ਦੇ ਮੁਖੀ ਹੋਣ ਦੇ ਨਾਤੇ ਭਾਰਤ ਵਿੱਚ ਤੁਸੀਂ ਕਿੱਥੇ-ਕਿੱਥੇ ਪ੍ਰਚਾਰ ਕਰਨ ਜਾਂਦੇ ਹੋ ?

- ਜਿੱਥੇ-ਜਿੱਥੇ ਸੰਗਤ ਸੱਦੇ।

? ਤੁਹਾਡਾ ਧਰਮ ਪ੍ਰਚਾਰ ਸ਼੍ਰੋਮਣੀ ਕਮੇਟੀ ਦੇ ਧਰਮ ਪ੍ਰਚਾਰ ਨਾਲੋਂ ਕਿੰਨਾ ਕੁ ਵੱਖਰਾ ਹੈ ?

- ਦਮਦਮੀ ਟਕਸਾਲ ਨਿਰੋਲ ਧਰਮ ਪ੍ਰਚਾਰ ਕਰਦੀ ਹੈ। ਜਦ ਕਿ ਸ਼੍ਰੋਮਣੀ ਕਮੇਟੀ ਧਰਮ ਪ੍ਰਚਾਰ ਦੇ ਨਾਲ ਸਿੱਖ ਰਾਜਨੀਤੀ ਦਾ ਪ੍ਰਚਾਰ ਵੀ ਕਰਦੀ ਹੈ।

? ਸਾਰੇ ਭਾਰਤ ਵਿੱਚ ਆਪ ਜੀ ਦੇ ਕਿੰਨੇ ਸ਼ਰਧਾਲੂ ਹਨ ?

- ਕਦੇ ਗਿਣੇ ਨਹੀਂ।

? ਕੀ ਤੁਹਾਡਾ ਕੋਈ ਵੱਖਰਾ ਰਹਿਤਨਾਮਾ ਹੈ ?

- ਨਹੀਂ, ਸਾਡਾ ਕੋਈ ਵੱਖਰਾ ਰਹਿਤਨਾਮਾ ਨਹੀਂ। ਰਹਿਤਨਾਮਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਖ਼ਸ਼ਿਸ਼ ਕੀਤਾ ਰਹਿਤਨਾਮਾ ਹੀ ਹੈ। ਹਰ ਥਾਂ ਉਹੀ ਰਹਿਤਨਾਮਾ ਲਾਗੂ ਹੈ।

? ਧਾਰਮਿਕ ਨੇਤਾ ਹੁੰਦਿਆਂ ਤੁਸੀਂ ਰਾਜਸੀ ਮੋਰਚੇ ਵਿੱਚ ਕਿਵੇਂ ਸ਼ਾਮਲ ਹੋਏ ?

- ਸਭ ਤੋਂ ਪਹਿਲਾਂ ਤਾਂ ਮੋਰਚਾ ਧਾਰਮਿਕ ਪੱਖ ਤੋਂ ਹੀ ਸ਼ੁਰੂ ਕੀਤਾ ਗਿਆ ਸੀ। ਮਗਰੋਂ ਅਕਾਲੀ ਦਲ ਨੇ ਇਹਨਾਂ ਮੰਗਾਂ ਨਾਲ ਆਪਣੀਆਂ ਰਾਜਨੀਤਕ ਮੰਗਾਂ ਵੀ ਜੋੜ ਲਈਆਂ।

? ਸਿੱਖੀ ਵਿੱਚ ਧਰਮ ਤੇ ਸਿਆਸਤ ਦਾ ਆਪਸੀ ਕੀ ਰਿਸ਼ਤਾ ਹੈ ?

- ਸਿੱਖ ਧਰਮ ਵਿੱਚ, ਧਰਮ ਤੇ ਸਿਆਸਤ ਕੋਈ ਵੱਖੋ-ਵੱਖ ਨਹੀਂ, ਸਗੋਂ ਇਕੱਠੇ ਚਲਦੇ ਹਨ।

ਸਿੱਖੀ ਵਿੱਚ ਧਰਮ ਨੂੰ ਸਿਆਸਤ ਨਾਲੋਂ ਵੱਖਰਾ ਨਹੀਂ ਕੀਤਾ ਜਾ ਸਕਦਾ। ਧਰਮ ਤੇ ਸਿਆਸਤ ਇੱਕ ਹੈ। ਇਹ ਮੀਰੀ-ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਿੱਖ ਪੰਥ ਨੂੰ ਇੱਕ ਅਦੁੱਤੀ ਦੇਣ ਹੈ।

? ਪਿੱਛੇ ਜਿਹੇ ਐਲਾਨ ਹੋਇਆ ਸੀ ਕਿ ਕੇਂਦਰ ਸਰਕਾਰ ਨੇ ਸਿੱਖਾਂ ਦੀਆਂ ਧਾਰਮਿਕ ਮੰਗਾਂ ਮੰਨ ਲਈਆਂ ਹਨ, ਜਦ ਕਿ ਸਿਆਸੀ ਮੰਗਾਂ 'ਤੇ ਗੱਲਬਾਤ ਅੜੀ ਹੋਈ ਹੈ?

– ਧਾਰਮਿਕ ਮੰਗਾਂ ਮੰਨ ਲੈਣ ਦਾ ਐਲਾਨ ਨਿਰਾ ਫਰਾਡ ਹੈ। ਜੇਕਰ ਮੰਨ ਲਈਆਂ ਹਨ ਤਾਂ ਉਹਨਾਂ 'ਤੇ ਅਮਲ ਕਿਉਂ ਨਹੀਂ ਹੁੰਦਾ। ਇਹ ਐਲਾਨ ਕੇਵਲ ਫਰਜ਼ੀ ਐਲਾਨ ਹੈ। ਨਾ ਸਾਨੂੰ ਲਿਖਤੀ ਰੂਪ ਵਿੱਚ ਕੁਝ ਦਿੱਤਾ ਗਿਆ ਅਤੇ ਨਾ ਐਲਾਨੀਆਂ ਹੋਈਆਂ ਗੱਲਾਂ 'ਤੇ ਕੋਈ ਅਸਰ ਹੋਇਆ।

? ਧਰਮ ਯੁੱਧ ਮੋਰਚੇ ਕਾਰਨ ਹਿੰਦੂ ਸਿੱਖ ਏਕਤਾ ਨੂੰ ਭਾਰੀ ਸੱਟ ਵੱਜੀ ਹੈ। ਆਪ ਦੀ ਰਾਏ ਵਿੱਚ ਹਿੰਦੂ ਸਿੱਖ ਏਕਤਾ ਨੂੰ ਕਿਵੇਂ ਬਰਕਰਾਰ ਰੱਖਿਆ ਜਾ ਸਕਦਾ ਹੈ?

– ਜੇ ਹਿੰਦੂ ਸਿੱਖ ਏਕਤਾ ਨੂੰ ਭਾਰੀ ਸੱਟ ਵੱਜੀ ਹੈ ਤਾਂ ਇਸ ਸੱਟ ਲਈ ਅਸੀਂ ਨਹੀਂ, ਸਰਕਾਰ ਜ਼ਿੰਮੇਵਾਰ ਹੈ। ਏਕਤਾ ਰੱਖੀ ਜਾ ਸਕਦੀ ਹੈ, ਸਿੱਖਾਂ ਨੂੰ ਹਿੰਦੂਆਂ ਦੇ ਬਰਾਬਰ ਸ਼ਹਿਰੀ ਮੰਨ ਕੇ। ਜਿੰਨਾ ਚਿਰ ਸਰਕਾਰ ਹਿੰਦੂ-ਸਿੱਖਾਂ ਵਿਚਾਲੇ ਵਿਤਕਰਾ ਰੱਖੇਗੀ, ਏਕਤਾ ਨੂੰ ਸੱਟ ਵੱਜਦੀ ਰਹੇਗੀ। ਸਿੱਖਾਂ ਨੂੰ ਬਰਾਬਰ ਦੇ ਸ਼ਹਿਰੀ ਮੰਨ ਕੇ ਹੀ ਏਕਤਾ ਮਜ਼ਬੂਤ ਰੱਖੀ ਜਾ ਸਕਦੀ ਹੈ।

? ਅੱਛਾ ਸੰਤ ਜੀ ਧਾਰਮਿਕ ਮੰਗਾਂ ਬਾਰੇ ਜ਼ਰਾ ਵਿਸਥਾਰ ਨਾਲ ਦੱਸੋਗੇ, ਜਿਵੇਂ ਸਿੱਖਾਂ ਨੂੰ ਕ੍ਰਿਪਾਨ ਲੈ ਕੇ ਹਵਾਈ ਜਹਾਜ਼ ਦਾ ਸਫ਼ਰ ਆਦਿ ਕਰਨ ਦੀ ਮੰਗ ਮੰਨ ਲਈ ਗਈ ਹੈ?

– ਮੈਂ ਤੁਹਾਨੂੰ ਪਹਿਲਾਂ ਦੀ ਦੱਸ ਚੁੱਕਾ ਹਾਂ ਕਿ ਧਾਰਮਿਕ ਮੰਗਾਂ ਮੰਨੇ ਜਾਣ ਦਾ ਐਲਾਨ ਨਿਰਾ ਫਰਾਡ ਹੈ। ਹਵਾਈ ਜਹਾਜ਼ ਦਾ ਸਫ਼ਰ ਕਰਨ ਵਾਲਿਆਂ ਦੀ ਕ੍ਰਿਪਾਨ ਦਾ ਸਾਈਜ਼ ਮਿਥਣਾ ਸਿੱਖਾਂ ਨਾਲ ਇਨਸਾਫ਼ ਨਹੀਂ। ਸੰਵਿਧਾਨ ਵਿੱਚ ਕਿਸੇ ਵੀ ਧਾਰਮਿਕ ਚਿੰਨ੍ਹ ਦੀ ਕੋਈ ਗਿਣਤੀ-ਮਿਣਤੀ ਨਹੀਂ। ਕ੍ਰਿਪਾਨ ਸਿੱਖਾਂ ਦਾ ਧਾਰਮਿਕ ਚਿੰਨ੍ਹ ਹੈ। ਉਸ ਨੂੰ ਕਿਸੇ ਵੀ ਫੁੱਟੇ (ਪੈਮਾਨੇ) ਨਾਲ ਨਾਪਣਾ, ਸਿੱਖਾਂ ਦੇ ਧਾਰਮਿਕ ਜਜ਼ਬਾਤਾਂ ਨਾਲ ਖੇਡਣਾ ਹੈ। ਸਰਕਾਰ ਨੇ ਹਵਾਈ ਜਹਾਜ਼ ਦੇ ਸਫ਼ਰ ਲਈ ਸਿੱਖਾਂ ਲਈ ੯ ਇੰਚ ਸਾਈਜ਼ ਦੀ ਕ੍ਰਿਪਾਨ ਪਹਿਨਣ ਦੀ ਆਗਿਆ ਦਿੱਤੀ ਹੈ, ਜੋ ਸਿੱਖਾਂ ਨਾਲ ਮਜ਼ਾਕ ਕਰਨ ਦੇ ਬਰਾਬਰ ਹੈ। ਕਦੀ ਹਵਾਈ ਜਹਾਜ਼ 'ਤੇ ਸਵਾਰ ਹੋਣ ਲੱਗਿਆਂ, ਕਿਸੇ ਹਿੰਦੂ ਦੇ ਜੰਞੂ ਜਾਂ ਬੋਦੀ ਦੀ ਲੰਬਾਈ ਨੂੰ ਮਾਪਿਆ ਗਿਆ ਹੈ? ਕੀ ਇਹ ਦੱਸਿਆ ਗਿਆ ਹੈ ਕਿ ਹਿੰਦੂ ਆਪਣੇ ਮੱਥੇ 'ਤੇ ਤਿਲਕ ਕਿੰਨੇ ਇੰਚ ਦੀ ਲੰਬਾਈ ਵਾਲਾ ਲਾ ਸਕਦਾ ਹੈ? ਉਸ ਤੋਂ ਵੱਧ ਲੰਬਾਈ ਵਾਲੇ ਤਿਲਕਧਾਰੀ ਹਿੰਦੂ ਨੂੰ ਹਵਾਈ ਜਹਾਜ਼ ਵਿੱਚ ਸਫ਼ਰ ਨਹੀਂ ਕਰਨ ਦਿੱਤਾ ਜਾਵੇਗਾ। ਦੂਜਾ ਐਲਾਨ ਇਹ ਕੀਤਾ ਗਿਆ ਹੈ ਕਿ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਕਰਾਰ ਦੇ ਦਿੱਤਾ ਹੈ। ਕੀ ਉਸ 'ਤੇ ਕੋਈ ਅਮਲ ਹੋਇਆ? ਕੀ ਰੇਡੀਓ ਤੋਂ ਗੁਰਬਾਣੀ ਦਾ ਰੀਲੇਅ ਸ਼ੁਰੂ ਹੋਇਆ?

? ਗੁਰਬਾਣੀ ਰਿਲੇਅ ਬਾਰੇ ਆਕਾਸ਼ਵਾਣੀ ਵਾਲੇ ਆਖਦੇ ਹਨ ਕਿ ਅਕਾਲੀ ਦਲ ਵਾਲੇ ਬਹੁਤਾ ਸਮਾਂ ਮੰਗਦੇ ਹਨ, ਇਸ ਲਈ ਅਕਾਲੀ ਦਲ ਵਾਲੇ ਅੜਿੱਕਾ ਪਾਉਂਦੇ ਹਨ?

- ਅੜਿੱਕੇ ਦੀ ਗੱਲ ਸਰਕਾਰ ਹੀ ਕਹਿੰਦੀ ਹੈ ਨਾ, ਅਸੀਂ ਕਹਿੰਦੇ ਹਾਂ ਸਰਕਾਰ ਅੜਿੱਕਾ ਪਾਉਂਦੀ ਹੈ। ਗੱਲ ਇਹ ਹੈ ਕਿ ਦਰਬਾਰ ਸਾਹਿਬ ਤੋਂ ਗੁਰਬਾਣੀ ਸ਼ਬਦ ਕੀਰਤਨ ਦੀ ਮੰਗ ਵਿਦੇਸ਼ਾਂ ਵਿੱਚ ਵੱਸਦੇ ਸਿੱਖਾਂ ਲਈ ਕੀਤੀ ਗਈ ਸੀ ਤਾਂ ਜੋ ਵਿਦੇਸ਼ ਵਿੱਚ ਬੈਠੇ ਉਹ ਆਪਣੇ ਧਾਰਮਿਕ ਅਸਥਾਨ ਵਿੱਚ ਹੁੰਦੇ ਕੀਰਤਨ ਨੂੰ ਸੁਣ ਕੇ ਆਪਣੇ ਇਸ਼ਟ ਨਾਲ ਜੁੜ ਸਕਣ, ਪਰ ਆਲ ਇੰਡੀਆ ਰੇਡੀਓ ਵਾਲੇ ਜਲੰਧਰ ਦੇ ਟਰਾਂਸਮੀਟਰ ਤੋਂ ਗੁਰਬਾਣੀ ਕੀਰਤਨ ਰਿਲੇਅ ਕਰਨ ਤਾਂ ਉਹ ਘੱਗਰ ਦਰਿਆ ਤੋਂ ਪਾਰ ਰੇਡੀਓ ਤੋਂ ਸੁਣਾਈ ਨਹੀਂ ਦੇਣਾ। ਅਜਿਹੇ ਗੁਰਬਾਣੀ ਕੀਰਤਨ ਪ੍ਰਸਾਰਨ ਦਾ ਵਿਦੇਸ਼ ਬੈਠੇ ਸਿੱਖਾਂ ਨੂੰ ਕੀ ਲਾਭ ਹੋਵੇਗਾ ?

? ਪਰ ਸ਼ਕਤੀਸ਼ਾਲੀ ਟਰਾਂਸਮੀਟਰ ਸਥਾਪਤ ਕਰਨ ਵਿੱਚ ਸਮਾਂ ਤਾਂ ਚਾਹੀਦਾ ਹੈ ?

- ਇਹ ਚਲਾਕੀ ਹੈ, ਚੁਸਤੀ ਹੈ। ਉਹ ਦੱਸਣ ਕਿ ਕਿੰਨਾ ਸਮਾਂ ਚਾਹੀਦਾ ਹੈ। ਗੱਲੀਂ-ਬਾਤੀਂ ਸਾਰੀ ਜਾਂਦੇ ਹਨ, ਲਿਖਤੀ ਰੂਪ ਵਿੱਚ ਕੁਝ ਨਹੀਂ ਕਰਦੇ। ਜੇ ਵੇਦਾਂ ਦੇ ਪ੍ਰਸਾਰਨ ਵਾਸਤੇ, ਬੰਬਈ, ਕਲਕੱਤਾ ਤੇ ਹੋਰ ਸ਼ਹਿਰਾਂ ਤੋਂ ਸ਼ਕਤੀਸ਼ਾਲੀ ਟਰਾਂਸਮੀਟਰ ਲਗਾ ਸਕਦੇ ਹਨ ਤਾਂ ਜਲੰਧਰ ਤੋਂ ਗੁਰਬਾਣੀ ਕੀਰਤਨ ਰਿਲੇਅ ਕਰਨ ਲਈ ਸ਼ਕਤੀਸ਼ਾਲੀ ਟਰਾਂਸਮੀਟਰ ਕਿਉਂ ਨਹੀਂ ਲਗਾਇਆ ਜਾ ਸਕਦਾ ?

? ਕੀ ਸ੍ਰੀ ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਰੱਖਣ ਲਈ ਸਰਕਾਰ ਦੀ ਆਗਿਆ ਲੈਣੀ ਜ਼ਰੂਰੀ ਹੈ ?

- ਜ਼ਰੂਰੀ ਕਿਉਂ ਨਹੀਂ, ਜੇਕਰ ਮਥਰਾ ਸ਼ਹਿਰ ਨੂੰ ਪਵਿੱਤਰ ਸ਼ਹਿਰ ਕਰਾਰ ਦੇਣ ਦਾ ਐਲਾਨ ਸਰਕਾਰ ਕਰ ਸਕਦੀ ਹੈ ਤਾਂ ਅੰਮ੍ਰਿਤਸਰ ਸ਼ਹਿਰ ਬਾਰੇ ਐਲਾਨ ਕਿਉਂ ਨਹੀਂ ਕਰਦੀ ?

? ਪਰ ਇਹ ਵੀ ਤਾਂ ਹੋ ਸਕਦਾ ਕਿ ਮਥਰਾ ਵਾਲੇ ਆਪ ਆਪਣੇ ਸ਼ਹਿਰ ਨੂੰ ਪਵਿੱਤਰ ਰੱਖਣ ਦੀ ਸਮਰੱਥਾ ਨਾ ਰੱਖਦੇ ਹੋਣ ਤੇ ਉਹਨਾਂ ਨੇ ਸਰਕਾਰ ਦਾ ਸਹਾਰਾ ਲਿਆ ਹੋਵੇ ?

- ਇਹ ਗੱਲ ਨਹੀਂ। ਸਰਕਾਰ ਵੱਲੋਂ ਕਿਸੇ ਵੀ ਸ਼ਹਿਰ ਨੂੰ ਪਵਿੱਤਰ ਰੱਖਣ ਦਾ ਐਲਾਨ ਜ਼ਰੂਰੀ ਹੈ। ਜੇਕਰ ਸਰਕਾਰ ਐਲਾਨ ਕਰਦੀ ਹੈ ਤਾਂ ਪਾਨ ਤੰਬਾਕੂ ਵਾਲੇ ਇਸ ਨੂੰ ਸਰਕਾਰੀ ਹੁਕਮ ਸਮਝ ਕੇ ਪਾਲਣਾ ਕਰਨਗੇ। ਜੇਕਰ ਅਸੀਂ ਉਹਨਾਂ ਨੂੰ ਮਨ੍ਹਾਂ ਕਰਦੇ ਹਾਂ ਤਾਂ ਪਾਨ-ਤੰਬਾਕੂ ਵੇਚਣ ਵਾਲੇ ਆਖਦੇ ਹਨ ਕਿ ਸਿੱਖ ਸਾਨੂੰ ਮਾਰਦੇ ਹਨ। ਇਸ ਲਈ ਸਰਕਾਰੀ ਐਲਾਨ ਹੋਣਾ ਬੜਾ ਜ਼ਰੂਰੀ ਹੈ।

? ਆਖਿਆ ਜਾਂਦਾ ਹੈ ਕਿ ਹਿੰਦੂ-ਸਿੱਖਾਂ ਦਾ ਨਹੁੰ-ਮਾਸ ਦਾ ਰਿਸ਼ਤਾ ਹੈ। ਹਿੰਦੂ-ਸਿੱਖਾਂ ਦੀਆਂ ਸਾਂਝੀਆਂ ਰਵਾਇਤਾਂ ਵੀ ਹਨ ?

- ਆਖਿਆ ਤਾਂ ਇਹੀ ਜਾਂਦਾ ਹੈ ਕਿ ਹਿੰਦੂ-ਸਿੱਖਾਂ ਦਾ ਆਪਸੀ ਨਹੁੰ-ਮਾਸ ਦਾ ਰਿਸ਼ਤਾ ਹੈ, ਪਰ ਤੁਸੀਂ ਦੱਸੋ ਕਿ ਧਰਮ ਯੁੱਧ ਮੋਰਚੇ ਦੀਆਂ ਮੰਗਾਂ ਕੇਵਲ ਸਿੱਖਾਂ ਲਈ ਹਨ ਕਿ ਪੰਜਾਬੀਆਂ ਲਈ ?

? ਸਮੁੱਚੇ ਪੰਜਾਬੀਆਂ ਲਈ ਹਨ।

- ਫਿਰ ਦੱਸੋ ਨਹੁੰ-ਮਾਸ ਦਾ ਰਿਸ਼ਤਾ ਰੱਖਣ ਵਾਲੇ ਹਿੰਦੂਆਂ ਨੇ ਇਹਨਾਂ ਮੰਗਾਂ ਦੀ ਹਮਾਇਤ ਲਈ ਸਿੱਖਾਂ ਦਾ ਸਾਥ ਦਿੱਤਾ ?

? ਪਹਿਲਾਂ ਤਾਂ ਹਮਾਇਤ ਨਹੀਂ ਕੀਤੀ, ਪਰ ਹੁਣ ਸਵਾਮੀਨਾਥਨ ਅਤੇ ਸ੍ਰੀ ਅਟਲ ਬਿਹਾਰੀ ਵਾਜਪਾਈ ਨੇ ਵੀ ਅਕਾਲੀ ਮੋਰਚੇ ਦੀ ਹਮਾਇਤ ਕੀਤੀ ਹੈ।

– ਗੁਰਮੁਖਾ, ਤੂੰ ਤਾਂ ਸਿਆਣਾ ਲਗਦਾਂ, ਪਰ ਲਗਦਾ ਤੇਰੀ ਸਿਆਣਪ 'ਚ ਫ਼ਰਕ ਹੈ। ਸਿਆਣਾ ਏਂ, ਸਿੱਖੀ ਸਰੂਪ ਹੈ। ਤੁਸੀਂ ਅਖ਼ਬਾਰ ਵਿੱਚ ਲਿਖ ਦਿੰਦੇ ਹੋ ਕਿ ਫਲਾਣੇ ਦੀਆਂ ਮੰਗਾਂ ਜਾਇਜ਼ ਨੇ, ਫਲਾਣੇ ਨਾਲ ਧੱਕਾ ਹੋਇਆ। ਅਖ਼ਬਾਰ ਵਿੱਚ ਲਿਖ ਦੇਣਾ ਕਿ ਮੈਂ ਇਸ ਗੱਲ ਨਾਲ ਸਹਿਮਤ ਹਾਂ। ਉਸ ਦਾ ਧੱਕਾ ਹੋਣ ਵਾਲੇ ਨੂੰ ਕੀ ਲਾਭ? ਕਿਸੇ ਸੱਜਣ ਨੂੰ ਲੱਗੀ ਹੋਵੇ ਫਾਂਸੀ। ਨਾ ਤੁਸੀਂ ਅਪੀਲ ਕਰੋ, ਨਾ ਵਕੀਲ ਕਰੋ, ਨਾ ਪੈਸਾ ਲਾਉ, ਫੋਕੀ ਹਮਾਇਤ ਕਰੀ ਜਾਉ, ਤਾਂ ਕੀ ਉਹ ਫਾਂਸੀ ਤੋਂ ਲੱਥ ਜਾਊ? ਇਹ ਦੱਸੋ ਕਿ ਕਦੇ ਪੰਜਾਬ ਦੀਆਂ ਮੰਗਾਂ ਲਈ ਵੈਸ਼ਨੋ ਦੇਵੀ ਤੋਂ ਕੋਈ ਐਜੀਟੇਸ਼ਨ ਚੱਲੀ ਏ? ਕੀ ਕਦੇ ਹਿੰਦੂ ਵੀਰਾਂ ਨੇ ਪੰਜਾਬ ਨਾਲ ਹੁੰਦੇ ਧੱਕਿਆਂ ਜਾਂ ਵਿਤਕਰਿਆਂ ਲਈ ਹਿੰਦੂਆਂ ਦੇ ਜਥੇ ਗ੍ਰਿਫ਼ਤਾਰੀ ਲਈ ਭੇਜੇ ਨੇ? ਜਦੋਂ ਵੀ ਪੰਜਾਬ ਦੇ ਹਿੱਤਾਂ ਲਈ ਮੋਰਚਾ ਲਾਇਆ (ਤਾਂ) ਸਿੱਖਾਂ ਨੇ ਲਾਇਆ। ਹੁਣ ਤੱਕ ਕਈ ਮੋਰਚੇ ਪੰਜਾਬ ਦੇ ਹਿੱਤਾਂ ਲਈ ਲੱਗ ਚੁੱਕੇ ਹਨ। ਕੀ ਕਦੇ ਕਿਸੇ ਹਿੰਦੂ ਵੀਰ ਨੇ ਮੋਰਚਿਆਂ ਜਾਂ ਕੁਰਬਾਨੀ ਕਰਨ ਵਿੱਚ ਕੋਈ ਹਿੱਸਾ ਪਾਇਆ? ਕੇਵਲ ਅਖ਼ਬਾਰੀ ਬਿਆਨਾਂ ਰਾਹੀਂ ਫੋਕੀ ਹਮਾਇਤ ਨੂੰ ਅਸੀਂ ਕੀ ਕਰੀਏ? ਜੇਕਰ ਉਹ ਨਹੁੰ ਮਾਸ ਦਾ ਰਿਸ਼ਤਾ ਰੱਖਦੇ ਹਨ ਤਾਂ ਸਾਡੇ ਮੋਢੇ ਨਾਲ ਮੋਢਾ ਡਾਹ ਕੇ ਕੇਂਦਰ ਵਿਰੁੱਧ ਲੜਨ, ਤਾਂ ਤੇ ਹੋਈ ਸਾਡੀ ਹਮਾਇਤ। ਅਸੀਂ ਅਖ਼ਬਾਰਾਂ ਵਿੱਚ ਬਿਆਨਬਾਜ਼ੀ 'ਚ ਯਕੀਨ ਨਹੀਂ ਰੱਖਦੇ। ਕਥਨੀ ਨਾਲੋਂ ਕੁਝ ਕਰਨਾ ਜ਼ਰੂਰੀ ਹੈ। ਜੇਕਰ ਉਹ ਹਮਾਇਤ ਕਰਦੇ ਹਨ ਤਾਂ ਉਹ ਵੀ ਸਾਡੇ ਮੋਰਚੇ ਵਿੱਚ ਸ਼ਾਮਿਲ ਹੋ ਕੇ ਗ੍ਰਿਫ਼ਤਾਰੀਆਂ ਦੇਣ।

? ਕੀ ਅਨੰਦਪੁਰ ਦਾ ਮਤਾ ਖ਼ਾਲਿਸਤਾਨ ਦੀ ਮੰਗ ਕਰਦਾ ਹੈ?

– ਨਹੀਂ, ਅਨੰਦਪੁਰ ਸਾਹਿਬ ਦੇ ਮਤੇ ਵਿੱਚ ਖ਼ਾਲਿਸਤਾਨ ਦੀ ਕੋਈ ਮੰਗ ਨਹੀਂ।

? ਕੀ ਤੁਸੀਂ ਖ਼ਾਲਿਸਤਾਨ ਦੀ ਹਮਾਇਤ ਕਰਦੇ ਹੋ?

– ਨਾ ਮੈਂ ਹਮਾਇਤ ਕਰਦਾ ਹਾਂ ਨਾ ਵਿਰੋਧ। ਅਸੀਂ ਹਿੰਦੁਸਤਾਨ ਨਾਲ ਰਹਿਣਾ ਚਾਹੁੰਦੇ ਹਾਂ। ਸਾਨੂੰ ਕੇਂਦਰ ਸਰਕਾਰ ਦੱਸੇ ਕਿ ਉਸ ਨੇ ਸਾਨੂੰ ਨਾਲ ਰੱਖਣਾ ਹੈ ਜਾਂ ਨਹੀਂ, ਪਰ ਅਸੀਂ ਗ਼ੁਲਾਮ ਬਣ ਕੇ ਨਹੀਂ ਰਹਿਣਾ, ਸਗੋਂ ਬਰਾਬਰ ਦੇ ਸ਼ਹਿਰੀ ਬਣ ਕੇ ਰਹਿਣਾ ਚਾਹੁੰਦੇ ਹਾਂ, ਕਿਉਂਕਿ ਅਸੀਂ ਹਿੰਦੁਸਤਾਨ ਦੀ ਆਜ਼ਾਦੀ ਵਾਸਤੇ ੯੩ ਫੀਸਦੀ ਸਿਰ ਦਿੱਤੇ ਹਨ। ੯੩ ਫੀਸਦੀ ਸਿਰ ਦੇ ਕੇ, ਗ਼ੁਲਾਮ ਰਹਿਣਾ ਸਾਨੂੰ ਮਨਜ਼ੂਰ ਨਹੀਂ। ਇਹ ਕੇਂਦਰ ਸਰਕਾਰ ਦੱਸੇ ਕਿ ਉਸ ਨੇ ਸਾਨੂੰ ਗ਼ੁਲਾਮ ਸ਼ਹਿਰੀ ਬਣਾ ਕੇ ਰੱਖਣਾ ਹੈ ਜਾਂ ਬਰਾਬਰ ਦੇ ਸ਼ਹਿਰੀ ਬਣਾ ਕੇ। ਖ਼ਾਲਿਸਤਾਨ ਅਸੀਂ ਮੰਗਦੇ ਨਹੀਂ ਤੇ ਜੇ ਕੇਂਦਰ ਨੇ ਸਾਨੂੰ ਵੱਖਰਾ ਖ਼ਾਲਿਸਤਾਨ ਦੇਣਾ ਹੀ ਹੈ ਤਾਂ ਸਿਰ ਮੱਥੇ, ਨਾਂਹ ਕੋਈ ਨਹੀਂ।

? ਸਿੱਖ ਲੀਡਰਾਂ ਨੂੰ ਇਹ ਭਾਰੀ ਸ਼ਿਕਾਇਤ ਹੈ ਕਿ ਸਿੱਖਾਂ ਨਾਲ ਆਜ਼ਾਦ ਭਾਰਤ ਵਿੱਚ ਭਾਰੀ ਵਿਤਕਰਾ ਕੀਤਾ ਜਾਂਦਾ ਹੈ। ਜਦ ਕਿ ਸਰਕਾਰ ਕਹਿੰਦੀ ਹੈ ਕਿ ਆਜ਼ਾਦ ਭਾਰਤ ਵਿੱਚ ਸਿੱਖਾਂ ਨੂੰ ਬਰਾਬਰ ਦੇ ਮੌਕੇ ਦਿੱਤੇ ਜਾ ਰਹੇ ਹਨ ਅਤੇ ਬਿਨਾਂ ਕਿਸੇ ਵਿਤਕਰੇ ਦੇ ਗਿਆਨੀ ਜੈਲ ਸਿੰਘ, ਸ. ਦਰਬਾਰਾ ਸਿੰਘ ਅਤੇ ਸ. ਰਣਜੀਤ ਸਿੰਘ ਸਰਕਾਰੀਆ ਆਦਿ ਸਿੱਖ, ਵੱਡੇ-ਵੱਡੇ ਅਹੁਦਿਆਂ 'ਤੇ ਕੰਮ ਕਰ ਰਹੇ ਹਨ?

- ਤੁਸੀਂ ਇਤਿਹਾਸ ਪੜ੍ਹਿਆ ਹੈ ਕਿ ਨਹੀਂ ? ਮੁਗ਼ਲਾਂ ਵੇਲੇ ਕਈ ਹਿੰਦੂ ਰਾਜੇ ਮੁਗ਼ਲਾਂ ਨੂੰ ਡੋਲੇ ਦੇ ਕੇ, ਉਹਨਾਂ ਤੋਂ ਸਿਆਸੀ ਲਾਭ ਪ੍ਰਾਪਤ ਕਰਦੇ ਰਹੇ। ਰਾਜਾ ਮਾਨ ਸਿੰਘ ਕਿਹਨਾਂ ਵਿੱਚੋਂ ਸੀ ?

? ਹਿੰਦੂ ਰਾਜਪੂਤਾਂ ਵਿੱਚੋਂ।

- ਉਸ ਨੇ ਅਕਬਰ ਨੂੰ ਡੋਲੇ ਦੇ ਕੇ ਰਾਜ ਕੀਤਾ। ਚੰਦੂ ਕਿਹਨਾਂ ਵਿੱਚੋਂ ਸੀ ?

? ਹਿੰਦੂਆਂ ਵਿੱਚੋਂ।

- ਜਹਾਂਗੀਰ ਨੂੰ ਖੁਸ਼ ਕਰਨ ਲਈ ਉਸ ਨੇ ਆਪਣੇ ਦੇਸ਼ ਨੂੰ ਕਿੰਨਾ ਨੁਕਸਾਨ ਪਹੁੰਚਾਇਆ। ਇੱਕ ਸਿੱਖ ਨੂੰ ਕੁਰਸੀ ਦੇ ਕੇ, ਉੱਚ ਅਹੁਦਾ ਦੇ ਕੇ, ਬਾਕੀ ਸਿੱਖਾਂ ਦਾ ਖ਼ੂਨ ਪੀ ਲੈਣਾ, ਕਿਧਰ ਦੀ ਈਮਾਨਦਾਰੀ ਹੈ ?

? ਪੰਜਾਬ ਦੀ ਮੌਜੂਦਾ ਸਥਿਤੀ ਲਈ ਕੌਣ ਜ਼ਿੰਮੇਵਾਰ ਹੈ ?

- ਸਰਕਾਰ।

? ਜੇਕਰ ਪੰਜਾਬ ਵਿੱਚ ਹਿੰਸਾ ਭੜਕ ਉੱਠਦੀ ਹੈ ਤਾਂ ਸੰਤ ਹੋਣ ਦੇ ਨਾਤੇ ਸ਼ਾਂਤੀ ਸਥਾਪਤ ਕਰਨਾ ਤੁਹਾਡੀ ਜ਼ਿੰਮੇਵਾਰੀ ਬਣਦੀ ਹੈ ?

- ਸਾਡੀ ਜ਼ਿੰਮੇਵਾਰੀ ਨਹੀਂ ਬਣਦੀ। ਜਿਹਨਾਂ ਅੱਗ ਲਾਈ ਹੈ, ਜ਼ਿੰਮੇਵਾਰੀ ਉਹਨਾਂ ਦੀ ਬਣਦੀ ਹੈ। ਜਿਹੜੇ ਲੋਕ ਸ਼ਾਂਤੀ ਭੰਗ ਕਰਦੇ ਹਨ, ਉਹਨਾਂ ਦੀ ਹੀ ਜ਼ਿੰਮੇਵਾਰੀ ਬਣਦੀ ਹੈ ਕਿ ਹਿੰਸਾ ਦੀ ਅੱਗ ਨੂੰ ਸ਼ਾਂਤ ਕਰਨ।

? ਪਰ ਉਸ ਮੌਕੇ ਤੁਸੀਂ ਕੀ ਕਰੋਗੇ ?

- ਇਹ ਮੌਕੇ 'ਤੇ ਦੱਸਾਂਗੇ।

? ਫਰਜ਼ ਕਰੋ ਸ਼ਾਂਤਮਈ ਰਹਿੰਦਿਆਂ ਅਨੰਦਪੁਰ ਮਤੇ 'ਚ ਦਰਜ ਸਾਰੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਉਸ ਸਮੇਂ ਕੀ ਕਰੋਗੇ ?

- ਉਦੋਂ ਸਰਕਾਰ ਜਵਾਬਦੇਹ ਹੋਵੇਗੀ।

? ਪੰਜਾਬ ਸਰਹੱਦੀ ਸੂਬਾ ਹੋਣ ਕਰਕੇ ਲੋਕ ਇਹ ਮਹਿਸੂਸ ਕਰਦੇ ਹਨ ਕਿ ਜੇਕਰ ਸਥਿਤੀ 'ਤੇ ਕਾਬੂ ਨਾ ਪਾਇਆ ਗਿਆ ਤਾਂ ਦੇਸ਼ ਦੀ ਅਖੰਡਤਾ ਨੂੰ ਖ਼ਤਰਾ ਪੈਦਾ ਹੋ ਸਕਦਾ ਹੈ। ਤੁਹਾਡੇ ਕੀ ਵਿਚਾਰ ਹਨ ?

- ਲੋਕਾਂ ਦਾ ਇਹ ਖਦਸ਼ਾ ਬਿਲਕੁਲ ਠੀਕ ਹੈ।

? ਪੰਜਾਬ ਦੀ ਵਿਸਫੋਟਕ ਸਥਿਤੀ 'ਤੇ ਕਿਵੇਂ ਕਾਬੂ ਪਾਇਆ ਜਾ ਸਕਦਾ ਹੈ ?

- ਸਿੱਖਾਂ ਨੂੰ ਸੰਤੁਸ਼ਟ ਕਰਕੇ ਅਤੇ ਉਹਨਾਂ ਨੂੰ ਬਰਾਬਰ ਦੇ ਸ਼ਹਿਰੀ ਮੰਨ ਕੇ।

? ਹਿੰਦੂ, ਸਿੱਖ ਅਤੇ ਮੁਸਲਿਮ ਧਰਮਾਂ 'ਚੋਂ ਕਿਹੜਾ ਸਰਵ-ਸ੍ਰੇਸ਼ਟ ਹੈ ?

- ਸਿੱਖ ਧਰਮ।

? ਕਿਵੇਂ ?

- ਇੱਕ, ਸੰਗਤ ਸਿੱਖੀ ਵਿੱਚ ਹੈ, ਹੋਰ ਕਿਸੇ ਧਾਰਮਿਕ ਅਸਥਾਨ 'ਤੇ ਸੰਗਤ ਨਹੀਂ ਲੱਗਦੀ, ਕਿਸੇ ਹੋਰ ਗਰੰਥ ਵਿੱਚ ਕਿਸੇ ਦੂਜੇ ਵਿਅਕਤੀ ਦੇ ਉਧਾਰ ਦਾ ਸਾਧਨ ਕੋਈ ਨਹੀਂ। ਕੁਰਾਨ ਵਿੱਚ ਕਿਸੇ ਹਿੰਦੂ ਦੇਵੀ-ਦੇਵਤੇ ਦਾ ਜ਼ਿਕਰ ਨਹੀਂ। ਹਿੰਦੂ ਗਰੰਥਾਂ ਵਿੱਚ ਕਿਸੇ

ਮੁਸਲਿਮ ਪੀਰ-ਫਕੀਰ ਦੀ ਸੋਭਾ ਨਹੀਂ। ਗੀਤਾ ਦੇ ੧੮ ਅਧਿਆਇ ਹਨ, ਉਹਨਾਂ ਵਿੱਚ ਕਿਸੇ ਮੁਸਲਮਾਨ ਬਾਰੇ, ਨਹੀਂ ਲਿਖਿਆ ਮਿਲਦਾ। ਸਤਿਗੁਰੂ ਸੱਚੇ ਪਾਤਿਸ਼ਾਹ ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਜੁਲਾਹਾ ਕਬੀਰ ਜੀ ਬੈਠੇ ਆ, ਚਮਾਰ ਰਵੀਦਾਸ ਜੀ ਬੈਠੇ ਆ, ਛੀਂਬਾ ਨਾਮਦੇਵ ਜੀ ਵੀ ਬੈਠੇ ਹਨ। ਔਗੁਣਾਂ ਦਾ ਤਿਆਗ ਜੇ ਕੀਤਾ ਹੈ ਤਾਂ ਇਥੇ ਗਨਿਕਾ ਵੀ ਬੈਠੀ ਹੈ। ਜੇ ਪਾਪਾਂ ਦਾ ਪਸ਼ਚਾਤਾਪ ਕਰਕੇ ਗੁਰਮਤਿ ਵੱਲ ਲੱਗਾ ਹੈ ਤਾਂ ਅਜਾਮਲ ਵੀ ਬੈਠਾ ਹੈ। ਸਧਨਾ ਕਸਾਈ ਵੀ ਇਥੇ ਬੈਠਾ ਹੈ। ਇਸ ਵਾਸਤੇ ਸਾਰਿਆਂ ਦਾ ਸਾਂਝਾ ਇਸ਼ਟ ਗੁਰੂ ਗਰੰਥ ਸਾਹਿਬ ਜੀ ਹਨ।

ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥
ਨਉ ਨਿਧਿ ਤੇਰੈ ਅਖੁਟ ਭੰਡਾਰਾ ॥ (ਰਾਗੁ ਮਾਝ ਮਹਲਾ ੫, ੯੭)

ਇੱਕੋ ਇੱਕ ਸਿੱਖਾਂ ਦਾ ਗੁਰਦੁਆਰਾ ਹੀ ਹੈ, ਜਿੱਥੇ ਕੋਈ ਵੀ ਵਿਅਕਤੀ, ਬਿਨਾ ਕਿਸੇ ਮਜ਼ਬੀ ਵਿਤਕਰੇ ਤੇ ਜਾਤ-ਪਾਤ ਦੇ, ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰ ਸਕਦਾ ਹੈ। ਬਾਕੀ ਕਿਸੇ ਮਜ਼ਹਬ ਵਿੱਚ ਇਸ ਤਰ੍ਹਾਂ ਨਹੀਂ। 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ' ਦਾ ਸੂਚਕ ਹੈ ਤਾਂ ਕੇਵਲ ਸਿੱਖ ਧਰਮ ਹੈ। ਇਸ ਕਰਕੇ ਸਿੱਖ ਧਰਮ ਸਭ ਤੋਂ ਸ੍ਰੇਸ਼ਟ ਮੰਨਿਆ ਜਾਂਦਾ ਹੈ।

? ਸੰਤਾਂ ਦਾ ਕਿਸੇ ਨਾਲ ਕੋਈ ਵੈਰ-ਵਿਰੋਧ ਨਹੀਂ ਹੁੰਦਾ। ਉਹਨਾਂ ਨੂੰ ਹਥਿਆਰ ਲੈ ਕੇ ਚੱਲਣ ਦੀ ਲੋੜ ਨਹੀਂ ਹੁੰਦੀ। ਤੁਸੀਂ ਆਪਣੇ ਪਾਸ ਇੰਨੇ ਹਥਿਆਰ ਕਿਉਂ ਰੱਖੇ ਹਨ ?

– ਹਥਿਆਰਾਂ ਬਾਰੇ ਮੇਰਾ ਕਹਿਣਾ ਹੈ ਕਿ ਜਿਹੜਾ ਪੁੱਤਰ ਆਪਣੇ ਪਿਉ ਨਾਲ ਰਲਦਾ ਨਹੀਂ, ਉਸ ਨੂੰ ਕੀ ਆਖਦੇ ਹਨ ?

? ਹਰਾਮ ਦਾ, ਹੋਰ ਕੀ ਆਖਿਆ ਜਾ ਸਕਦਾ ?

– ਤੇ ਮੈਂ ਹਰਾਮ ਦਾ ਬਣਨਾ ਨਹੀਂ ਚਾਹੁੰਦਾ, ਕਿਉਂਕਿ ਮੇਰਾ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਹੈ, ਜਿਸ ਨੂੰ ਕਕਾਰਾਂ ਅਤੇ ਹਥਿਆਰਾਂ ਨਾਲ ਅੰਤਾਂ ਦਾ ਮੋਹ ਸੀ। ਪਹਿਲਾਂ ਇਹ ਦੱਸੋ ਕਿ ਹਥਿਆਰ ਮਰਦ ਰੱਖਦੇ ਹਨ ਜਾਂ ਖੁਸਰੇ ?

? ਮਰਦ।

– *ਵਹਿ ਪ੍ਰਗਟਿਓ ਮਰਦ ਅੰਗਮੜਾ, ਵਰਿਆਮ ਅਕੇਲਾ ॥*
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ ॥

ਮੈਂ ਉਹਦਾ ਪੁੱਤਰ ਹਾਂ। ਉਹਦੀ ਚਲਾਈ ਹੋਈ ਟਕਸਾਲ ਹੈ ਤੇ ਮੈਂ ਉਸ ਦਾ ਸੇਵਾਦਾਰ ਹਾਂ, ਚੌਦਵੀਂ ਥਾਂ 'ਤੇ। ਗੁਰੂ ਸਾਹਿਬ ਨੇ ਫੁਰਮਾਇਆ ਹੈ :

"ਅਸਿ ਕ੍ਰਿਪਾਨ ਖੰਡੋ ਖੜਗ ਤੁਪੁਕ ਤਬਰ ਅਰ ਤੀਰ ॥
ਸੈਫ ਸਿਰੋਹੀ ਸੈਹਥੀ ਯਹੈ ਹਮਾਰੇ ਪੀਰ ॥"

ਸਿੱਖ ਵਾਸਤੇ ਹਥਿਆਰ ਰੱਖਣੇ ਬਹੁਤ ਜ਼ਰੂਰੀ ਹਨ। ਜਿਹੜਾ ਸਿੱਖ ਦਾ ਪੁੱਤਰ ਹਥਿਆਰ ਨਹੀਂ ਰੱਖਦਾ, ਉਹ ਭੇਡ ਵਰਗਾ ਲੱਗਦਾ, ਕਿਹਾ ਗੁਰੂ ਜੀ ਨੇ :

"ਬਿਨਾ ਸ਼ਸ਼ਤ੍ਰ ਕੇਸੰ ਨਰੰ ਭੇਡ ਜਾਨੋ ॥
ਗਹੇ ਕਾਨ ਤਾਂ ਕੋ ਕਿਤੈ ਲੈ ਸਿਧਾਨੋ ॥

ਇਹ ਮੋਰ ਆਗਯਾ ਸੁਨੋ ਹੇ ਪਿਆਰੇ ॥
ਬਿਨਾ ਤੇਗ ਕੋਸੰ ਦਿਵੋ ਨ ਦਿਦਾਰੇ ॥"

ਇਸ ਵਾਸਤੇ ਸ਼ਸ਼ਤਰ ਰੱਖਦੇ ਹਾਂ। ਸ਼ਸ਼ਤਰ ਰੱਖ ਕੇ ਕਿਸੇ ਨਾਲ ਧੋਖਾ ਕਰਨਾ ਬਹੁਤ ਵੱਡਾ ਪਾਪ ਹੈ ਕਿਸੇ ਸਿੱਖ ਵਾਸਤੇ ਤੇ ਸ਼ਸ਼ਤਰ ਰੱਖ ਕੇ ਆਪਣਾ ਹੱਕ ਨਾ ਲੈਣਾ ਵੀ ਬੜਾ ਵੱਡਾ ਪਾਪ ਹੈ। ਅਸੀਂ ਨਾ ਤਾਂ ਕਿਸੇ ਦਾ ਘਿਰਾਉ ਕਰਦੇ ਹਾਂ, ਨਾ ਕੋਈ ਬੰਦਾ ਮਾਰਦੇ ਹਾਂ ਅਤੇ ਨਾ ਕਿਸੇ ਨੂੰ ਬਿਨਾਂ ਕਾਰਨ ਦਬਾਉਂਦੇ ਹਾਂ। ਸ਼ਸ਼ਤਰ ਰੱਖੇ ਹਨ ਤਾਂ ਆਪਣੀ ਰੱਖਿਆ ਵਾਸਤੇ ਰੱਖੇ ਹਨ, ਕਿਉਂਕਿ ਸੰਨ ੧੯੭੯ ਦੀ ਵਿਸਾਖੀ ਦੇ ਦਿਨ ੧੩ ਸਿੰਘ ਸ਼ਹੀਦ ਹੋਏ ਤੇ ੭੯ ਜ਼ਖ਼ਮੀ ਹੋ ਗਏ, ੮ ਕਾਨਪੁਰ 'ਚ ਸ਼ਹੀਦ ਹੋ ਗਏ, ੩ ਦਿੱਲੀ ਵਿੱਚ ਸ਼ਹੀਦ ਹੋ ਗਏ, ਡੇਢ ਦਰਜਨ ਚੌਂਕ ਮਹਿਤਾ ਵਿਖੇ ਸ਼ਹੀਦ ਹੋ ਗਏ, ੨ ਮਧੁਬਨ ਵਿਖੇ ਸ਼ਹੀਦ ਹੋ ਗਏ। ਇਸ ਵਾਸਤੇ ਇਹ ਹਥਿਆਰ ਰੱਖੇ ਹਨ। ਜੇ ਆਪਣੀ ਰੱਖਿਆ ਕਰਨੀ ਮਾੜੀ ਹੈ ਤਾਂ ਮੈਂ ਪਾਪ ਕਰਦਾ ਹਾਂ। ਜੇਕਰ ਗਰੀਬਾਂ, ਮਜ਼ਲੂਮਾਂ ਤੇ ਸਵੈ-ਰੱਖਿਆ ਲਈ ਹਥਿਆਰ ਰੱਖਣੇ ਪੁੰਨ ਹੈ ਤੇ ਮੈਂ ਹਥਿਆਰ ਰੱਖ ਕੇ ਪੁੰਨ ਕਰਦਾ ਹਾਂ।

? ਕੀ ਮਜ਼ਲੂਮਾਂ ਦੀ ਰੱਖਿਆ ਕਰਨ ਲਈ ਤੁਹਾਨੂੰ ਕਦੇ ਹਥਿਆਰਾਂ ਦੀ ਲੋੜ ਪਈ ਹੈ ?

– ਹਾਂ ਪਈ ਹੈ। ਫਾਜ਼ਿਲਕਾ ਜਿਲ੍ਹੇ ਦੇ ਪਿੰਡ ਜਲਾਲਾਬਾਦ ਪਈ ਸੀ। ਉਥੇ ਇੱਕ ਹਿੰਦੂ ਦੀ ਲੜਕੀ ਕਿਸੇ ਨੇ ਜ਼ਬਰਦਸਤੀ ਆਪਣੇ ਘਰ ਪਾ ਲਈ ਸੀ। ਉਹ ਛੁਡਾ ਕੇ ਦਿੱਤੀ। ਲਾਲ ਚੰਦ ਨਾਂਅ ਸੀ ਉਸ ਦਾ। ਮਾਰਿਆ ਨਹੀਂ ਸੀ, ਉਸੇ ਤਰ੍ਹਾਂ ਹੀ ਛੁਡਾ ਲਿਆਏ ਸੀ।

? ਕੀ ਅਗਨ ਸ਼ਸ਼ਤਰ ਲੈ ਕੇ ਸ੍ਰੀ ਦਰਬਾਰ ਸਾਹਿਬ ਜਾਇਆ ਜਾ ਸਕਦਾ ਹੈ, ਇਸ ਦੀ ਮਰਿਯਾਦਾ ਕੀ ਹੈ ?

– ਮਰਿਯਾਦਾ ਹੈ ਕਿ ਸ਼ਸ਼ਤਰ ਲੈ ਕੇ ਸ੍ਰੀ ਦਰਬਾਰ ਸਾਹਿਬ ਜਾਇਆ ਜਾ ਸਕਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਾਲੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਸਿੱਖਾਂ ਨੂੰ ਸ਼ਸ਼ਤਰ ਅਤੇ ਘੋੜੇ ਲਿਆਉਣ ਦਾ ਹੁਕਮ ਦਿੱਤਾ ਸੀ। ਅੱਜ ਵੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸ਼ਸ਼ਤਰ, ਜਿਹਨਾਂ ਵਿੱਚ ਉਹਨਾਂ ਦੇ ਦੋ-ਚਾਰ ਪਿਸਤੋਲ ਵੀ ਹਨ, ਸਸ਼ੋਭਿਤ ਹਨ ਅਤੇ ਸਿੱਖ ਸੰਗਤਾਂ ਨੂੰ ਉਹਨਾਂ ਦੇ ਦਰਸ਼ਨ ਕਰਾਏ ਜਾਂਦੇ ਹਨ।

? ਜੇਕਰ ਤੁਸੀਂ ਹਥਿਆਰ ਲੈ ਕੇ ਦਰਬਾਰ ਸਾਹਿਬ ਕੰਪਲੈਕਸ 'ਚ ਰਹਿ ਸਕਦੇ ਹੋ ਤਾਂ ਇਹ ਦੱਸੋ ਕਿ ਪੁਲਿਸ ਹਥਿਆਰ ਲੈ ਕੇ ਦਰਬਾਰ ਸਾਹਿਬ ਦਾਖ਼ਲ ਕਿਉਂ ਨਹੀਂ ਹੋ ਸਕਦੀ ?

– ਪੁਲਸ ਹੱਦਾਂ 'ਤੇ ਬੈਠੀ ਹੈ। ਲੋਕ ਆਖਦੇ ਹਨ ਕਿ ਹਥਿਆਰਾਂ ਨਾਲ ਸ਼ਾਂਤੀ ਭੰਗ ਹੁੰਦੀ ਹੈ। ਹੱਦਾਂ 'ਤੇ ਤੋਪਾਂ ਬੀੜੀਆਂ, ਬੰਬ ਰੱਖੇ ਹਨ। ਰਾਈਫਲਾਂ, ਸਟੇਨਗੰਨਾਂ, ਮਸ਼ੀਨਗੰਨਾਂ ਰੱਖਣ ਨਾਲ ਜੇ ਸ਼ਾਂਤੀ ਭੰਗ ਹੁੰਦੀ ਆ ਤਾਂ ਸਾਰੇ ਹਥਿਆਰ ਸਮੁੰਦਰ ਵਿੱਚ ਰੋੜ੍ਹ ਦੇਣੇ ਚਾਹੀਦੇ ਹਨ। ਸ਼ਸ਼ਤਰ ਰਾਖੀ ਵਾਸਤੇ ਰੱਖਣੇ ਪੈਂਦੇ ਹਨ ਤਾਂ ਕਿ ਕੋਈ ਬਾਹਰੋਂ ਆ ਕੇ ਦੇਸ਼ ਦੀ ਸ਼ਾਂਤੀ ਭੰਗ ਨਾ ਕਰੇ। ਇਸੇ ਤਰ੍ਹਾਂ ਰਸਮੀ ਹਥਿਆਰ ਇਸ ਲਈ ਦਰਬਾਰ ਸਾਹਿਬ ਦੀ ਹਦੂਦ ਵਿੱਚ ਰੱਖੇ ਹਨ ਕਿ ਕੋਈ ਦਰਬਾਰ ਸਾਹਿਬ ਦੀ ਪਵਿੱਤਰਤਾ ਜਾਂ ਸ਼ਾਂਤੀ ਨੂੰ ਭੰਗ ਨਾ ਕਰੇ।

? ਪਰ ਜੇ ਕੋਈ ਪੁਲਿਸ ਕਰਮਚਾਰੀ ਹਥਿਆਰ ਸਮੇਤ ਦਰਸ਼ਨਾਂ ਨੂੰ ਆਉਂਦਾ ਹੈ ਤਾਂ ਕੀ ਸ਼ਾਂਤੀ ਭੰਗ ਹੁੰਦੀ ਹੈ ?

- ਜੇਕਰ ਕੋਈ ਪੁਲਿਸ ਕਰਮਚਾਰੀ ਬਿਨਾਂ ਵਰਦੀ ਦੇ ਹਥਿਆਰ ਲੈ ਕੇ ਦਰਬਾਰ ਸਾਹਿਬ ਆਉਂਦਾ ਹੈ ਤਾਂ ਉਸ ਨੂੰ ਕਦੇ ਕਿਸੇ ਨੇ ਨਹੀਂ ਰੋਕਿਆ, ਪਰ ਜੇਕਰ ਉਹ ਗੁਰਦੁਆਰੇ ਦੀ ਬੇ-ਅਦਬੀ ਕਰਨ ਜਾਂ ਗੁਰਦੁਆਰੇ ਦੀ ਸ਼ਾਂਤੀ ਭੰਗ ਕਰਨ ਆਉਂਦਾ ਹੈ ਤਾਂ ਉਸ ਨੂੰ ਆਗਿਆ ਨਹੀਂ ਦਿੱਤੀ ਜਾ ਸਕਦੀ। ਸ਼ਰਧਾਲੂ ਪੁਲਿਸ ਕਰਮਚਾਰੀਆਂ ਨੂੰ ਦਰਬਾਰ ਸਾਹਿਬ ਆਉਣ ਦੀ ਖੁੱਲ੍ਹ ਹੈ, ਪਰ ਪੁਲਿਸ ਕਾਰਵਾਈ ਲਈ ਦਰਬਾਰ ਸਾਹਿਬ ਦੀ ਹਦੂਦ ਵਿੱਚ ਆਉਣਾ ਮਨ੍ਹਾਂ ਹੈ।

? ਤੁਸੀਂ ਚੌਂਕ ਮਹਿਤਾ ਤੋਂ ਆਪਣੀਆਂ ਸਰਗਰਮੀਆਂ ਗੁਰੂ ਨਾਨਕ ਨਿਵਾਸ ਕਿਉਂ ਤਬਦੀਲ ਕੀਤੀਆਂ ?

- ਪਹਿਲਾਂ, 'ਸਰਗਰਮੀਆਂ' ਅੱਖਰ ਹੀ ਤੁਹਾਡਾ ਗ਼ਲਤ ਹੈ। ਪਹਿਲਾਂ ਆਪਣਾ ਪ੍ਰਸ਼ਨ ਸਹੀ ਕਰੋ।

? ਮੇਰਾ ਮਤਲਬ ਹੈ ਆਪਣੀਆਂ ਸੇਵਾਵਾਂ ਨਾਨਕ ਨਿਵਾਸ ਕਿਉਂ ਤਬਦੀਲ ਕੀਤੀਆਂ ?

- ਚੌਂਕ ਮਹਿਤਾ ਤੋਂ ਅਸੀਂ ਗੁਰੂ ਨਾਨਕ ਨਿਵਾਸ ਆਏ ਸੀ, ਸਿੰਘਾਂ ਦੀ ਰਿਹਾਈ ਵਾਸਤੇ। ਮੈਂ ਬਹੁਤ ਬੀਮਾਰ ਸੀ। ਪੁਲਿਸ ਨੇ ਪਹਿਲਾਂ ਸਾਡੀ ਜੀਪ ਫੜੀ। ਜੀਪ ਵਿੱਚ ਫੜੇ ਸਿੰਘਾਂ ਦੀ ਰਿਹਾਈ ਲਈ ਪੈਰਵਾਈ ਕਰਨ ਲਈ ਜਦੋਂ ਭਾਈ ਅਮਰੀਕ ਸਿੰਘ ਤੇ ਬਾਬਾ ਥਾਰਾ ਸਿੰਘ ਨੂੰ ਭੇਜਿਆ ਤਾਂ ਪੁਲਿਸ ਨੇ ਉਹਨਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ। ਦੋ ਰਸਤੇ ਹਨ ਇੱਕ ਸ਼ਾਂਤੀ ਦਾ ਜਾਂ ਫਿਰ ਗਰਮੀ ਦਾ। ਅਸੀਂ ਸ਼ਾਂਤੀ ਦਾ ਰਾਹ ਅਪਨਾਉਣਾ ਵਧੇਰੇ ਚੰਗਾ ਸਮਝਿਆ। ਇਸ ਲਈ ਅਸੀਂ ਮੋਰਚਾ ਲਗਾਉਣ ਲਈ ਇਥੇ ਆ ਗਏ।

? ਤੁਸੀਂ ਹੋਰ ਕਿੰਨਾ ਚਿਰ ਇਥੇ ਠਹਿਰੋਗੇ ?

- ਜਿੰਨਾ ਚਿਰ ਮੋਰਚਾ ਚੱਲਦਾ ਹੈ।

? ਕੀ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਗੁਰੂ ਨਾਨਕ ਨਿਵਾਸ ਨਾਲੋਂ ਵਧੇਰੇ ਸੁਰੱਖਿਅਤ ਨਹੀਂ ?

- ਸੁਰੱਖਿਆ ਤਾਂ ਜਿੱਥੇ ਵੀ ਗੁਰੂ ਅਸਥਾਨ ਹੈ, ਉਹ ਠੀਕ ਹੈ ਪਰ ਹਰਿਮੰਦਰ ਸਾਹਿਬ ਇਸ ਹਾਲਤ ਵਿੱਚ ਸਭ ਤੋਂ ਮਹਾਨ ਹੈ ?

? ਕੀ ਤੁਸੀਂ ਗੁਰੂ ਨਾਨਕ ਨਿਵਾਸ ਤੋਂ ਬਾਹਰ ਕੋਈ ਖ਼ਤਰਾ ਮਹਿਸੂਸ ਕਰਦੇ ਹੋ ?

- ਨਹੀਂ, ਜਿਹੜਾ ਖ਼ਤਰਾ ਮਹਿਸੂਸ ਕਰਦਾ, ਉਹ ਸਿੱਖ ਹੀ ਨਹੀਂ। ਸਿੱਖ ਕੀ ਤੇ ਡਰ ਕੀ।

? ਕੀ ਅਜਿਹਾ ਕੋਈ ਖਦਸ਼ਾ ਹੈ ਕਿ ਸਰਕਾਰ ਤੁਹਾਨੂੰ ਕੋਈ ਨੁਕਸਾਨ ਪਹੁੰਚਾਉਣਾ ਚਾਹੁੰਦੀ ਹੈ ਜਾਂ ਮਰਵਾਉਣਾ ਚਾਹੁੰਦੀ ਹੈ ?

- ਨੁਕਸਾਨ ਪਹੁੰਚਾਉਣ ਬਾਰੇ ਕੀ ਤੁਹਾਨੂੰ ਕੋਈ ਸ਼ੱਕ ਹੈ ?

? ਇਸ ਦਾ ਸਰਕਾਰ ਨੂੰ ਕੀ ਲਾਭ ਹੈ ?

- ਇਹ ਗੱਲ ਸਰਕਾਰ ਨੂੰ ਪੁੱਛੋ, ਮੈਥੋਂ ਕਿਉਂ ਪੁੱਛਦੇ ਹੋ ? ੭ ਹਜ਼ਾਰ ਦਾ ਘੇਰਾ ਚੌਦੋਂ ਕਲਾਂ ਪਾਉਣਾ, ੧੫ ਹਜ਼ਾਰ ਪੁਲਿਸ ਕਰਮਚਾਰੀਆਂ ਦਾ ਘੇਰਾ ਚੌਂਕ ਮਹਿਤੇ ਪਾਉਣਾ। ੩੦ ਹਜ਼ਾਰ ਪੁਲਸੀਆਂ ਦਾ ਘੇਰਾ ਬੰਬਈ 'ਚ ਪਾਉਣਾ, ਉਹ ਕਿਸ ਵਾਸਤੇ ਪਾਇਆ ਸੀ ? ਕੀ ਉਹਨਾਂ ਫੜ੍ਹ ਕੇ ਮੇਰਾ ਅਨੰਦ ਕਾਰਜ ਕਰਨਾ ਸੀ ?

? ਵਿਰੋਧੀਆਂ ਦਾ ਕਹਿਣਾ ਹੈ ਕਿ ਧਰਮ ਯੁੱਧ ਮੋਰਚਾ ਅਕਾਲੀਆਂ ਨੇ ਆਪਣੀ ਕੁਰਸੀ ਲਈ ਲਾਇਆ ਹੈ, ਸਿੱਖਾਂ ਲਈ ਨਹੀਂ। ਕੀ ਇਹ ਸੱਚ ਹੈ ?

- ਅਕਾਲੀ ਦਲ ਹੀ ਇੱਕੋ-ਇੱਕ ਸਿੱਖਾਂ ਦੀ ਨੁਮਾਇੰਦਾ ਰਾਜਨੀਤਕ ਜਥੇਬੰਦੀ ਹੈ। ਮੈਂ ਪੁੱਛਦਾ ਹਾਂ ਅਕਾਲੀਆਂ ਵੱਲੋਂ ਜੋ ਮੰਗਾਂ ਕੀਤੀਆਂ ਗਈਆਂ ਹਨ, ਉਹ ਅਕਾਲੀਆਂ ਲਈ ਹਨ ਜਾਂ ਕੇਵਲ ਸਿੱਖਾਂ ਲਈ ਹਨ ਜਾਂ ਸਮੁੱਚੇ ਪੰਜਾਬੀਆਂ ਲਈ ? ਜੇ ਸਮੁੱਚੇ ਪੰਜਾਬੀਆਂ ਲਈ ਮੰਗਾਂ ਹਨ ਤਾਂ ਇਹ ਪ੍ਰਸ਼ਨ ਹੀ ਗ਼ਲਤ ਹੈ।
? ਸਰਕਾਰ ਦਾ ਇਹ ਦੋਸ਼ ਹੈ ਕਿ ਸੰਤ ਭਿੰਡਰਾਂਵਾਲਾ ਕਨੂੰਨ ਨੂੰ ਆਪਣੇ ਹੱਥ ਵਿੱਚ ਲੈਂਦਾ ਹੈ। ਜਦ ਕਿ ਬਾਕੀ ਲੀਡਰਸ਼ਿਪ 'ਤੇ ਇਹ ਦੋਸ਼ ਨਹੀਂ ਲੱਗਦਾ ?
- ਸਰਕਾਰ ਕੋਈ ਠੋਸ ਸਬੂਤ ਦੇਵੇ, ਜਿਸ ਵਿੱਚ ਮੈਂ ਕਨੂੰਨ ਨੂੰ ਆਪਣੇ ਹੱਥ ਲਿਆ ਹੋਵੇ। ਜੇਕਰ ਮੈਨੂੰ ਬਦਨਾਮ ਕਰਨ ਲਈ ਦੋਸ਼ ਲਗਾਉਂਦੀ ਹੈ ਤਾਂ ਮੈਂ ਕੀ ਕਰ ਸਕਦਾ ਹਾਂ ?
? ਕੀ ਤੁਸੀਂ ਅਦਾਲਤੀ ਨਿਆਂ ਵਿੱਚ ਵਿਸ਼ਵਾਸ ਰੱਖਦੇ ਹੋ ?
- ਅਦਾਲਤੀ ਨਿਆਂ ਵਿੱਚ ਵਿਸ਼ਵਾਸ ਰੱਖਦੇ ਹਾਂ, ਜੇਕਰ ਅਦਾਲਤ ਹੋਵੇ। ਇਥੇ ਅਦਾਲਤ ਹੈ ਹੀ ਨਹੀਂ। ਭਾਰਤੀ ਨਿਆਂ ਸਿੱਖਾਂ ਲਈ ਨਹੀਂ।
? ਸਰਕਾਰ ਦਾ ਇਹ ਦੋਸ਼ ਹੈ ਕਿ ਤੁਸੀਂ ਪੰਜਾਬ ਅਤੇ ਪੰਜਾਬ ਤੋਂ ਬਾਹਰ ਕੁਝ ਕਤਲਾਂ ਲਈ ਜ਼ਿੰਮੇਵਾਰ ਹੋ ਜਾਂ ਇੰਝ ਕਹਿ ਲਵੋ ਕਿ ਉਹਨਾਂ 'ਚ ਤੁਹਾਡਾ ਹੱਥ ਹੈ। ਕੀ ਇਹ ਸੱਚ ਹੈ ?
- ਮੈਂ ਪਹਿਲਾਂ ਕਹਿ ਚੁੱਕਿਆ ਹਾਂ ਕਿ ਇਹ ਦੋਸ਼ ਸਰਕਾਰ ਹੀ ਲਾਉਂਦੀ ਹੈ ਨਾ, ਹੋਰ ਤਾਂ ਕੋਈ ਨਹੀਂ ਲਾਉਂਦਾ। ਸਰਕਾਰ ਸਿੱਧ ਕਰੇ। ਜੇ ਕਤਲ ਲਈ ਮੈਂ ਜ਼ਿੰਮੇਵਾਰ ਸੀ ਤਾਂ ਮੈਨੂੰ ਲਾਲਾ ਜਗਤ-ਨਾਰਾਇਣ ਕਤਲ ਕੇਸ 'ਚੋਂ ਬਰੀ ਕਿਉਂ ਕੀਤਾ ? ਮੈਨੂੰ ਛੱਡਿਆ ਕਿਉਂ ? ਜੇ ਮੈਂ ਮੁਜ਼ਰਮ ਸੀ, ਦੋਸ਼ੀ ਸੀ ਤਾਂ ਮੈਨੂੰ ਫਾਂਸੀ ਲਾਉਣ। ਮੈਂ ਤਾਂ ਕਹਿ ਕੇ ਗਿਆ ਸੀ ਕਿ ਮੈਨੂੰ ਵਿਆਹ ਦਿਉ।
? ਪੰਜਾਬ ਦੀ ਸਿਆਸਤ ਵਿੱਚ ਤੁਸੀਂ ਇਸ ਸਮੇਂ ਬਹੁਤ ਚਰਚਿਤ ਵਿਅਕਤੀ ਹੋ। ਕੋਈ ਤੁਹਾਨੂੰ ਅੱਤਵਾਦੀ ਆਖਦਾ ਹੈ ਤੇ ਕੋਈ ਵੱਖਵਾਦੀ, ਅਸਲ ਵਿੱਚ ਤੁਸੀਂ ਕੀ ਹੋ ?
- ਮੈਂ ਤਾਂ ਕੇਵਲ ਗੁਰੂ ਦਾ ਸਿੱਖ ਹਾਂ। ਇਹ ਅਖ਼ਬਾਰ ਨਵੀਸਾਂ ਦੀਆਂ ਕਲਮਾਂ ਦੀ ਮਿਹਰਬਾਨੀ ਹੈ ਕਿ ਉਹ ਮੈਨੂੰ ਤਰ੍ਹਾਂ-ਤਰ੍ਹਾਂ ਦੀਆਂ ਉਪਾਧੀਆਂ ਨਾਲ ਨਿਵਾਜ਼ਦੇ ਹਨ। ਮੇਰਾ ਕੰਮ ਹੈ ਅੰਮ੍ਰਿਤ ਛਕਾਉਣਾ, ਮੇਰਾ ਕੰਮ ਹੈ ਕਥਾ ਕਰਨੀ ਤੇ ਕੀਰਤਨ ਸੁਣਨਾ। ਮੇਰਾ ਕੰਮ ਹੈ ਨਿਗੁਰਿਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾਉਣਾ। ਸਮੂਹ ਨਸ਼ਿਆਂ ਦਾ ਤਿਆਗ ਕਰਾਉਣਾ। ਸਿੱਖ ਨੂੰ (ਸਿੰਘ ਨਾਂਅ ਵਾਲੇ ਨੂੰ) ਕੇਸਰੀ ਨਿਸ਼ਾਨ ਥੱਲੇ ਇਕੱਠੇ ਕਰਨਾ। ਪੰਥ ਦੀ ਡਟ ਕੇ ਹਮਾਇਤ ਕਰਨੀ। ਸਤਿਗੁਰੂ ਗਰੰਥ ਸਾਹਿਬ ਦੇ ਲੜ ਲਾਉਣਾ। ਅਕਾਲ ਤਖ਼ਤ ਸਾਹਿਬ 'ਤੇ ਸ੍ਰੀ ਹਰਿਮੰਦਰ ਸਾਹਿਬ ਨਾਲ ਜੋੜਨਾ। ਸਿੱਖ ਨੂੰ ਪੱਕਾ ਸਿੱਖ ਤੇ ਹਿੰਦੂ ਨੂੰ ਪੱਕਾ ਹਿੰਦੂ ਅਤੇ ਮੁਸਲਮਾਨ ਨੂੰ ਪੱਕਾ ਮੁਸਲਮਾਨ ਬਣਨ ਦੀ ਪ੍ਰੇਰਨਾ ਕਰਨੀ, ਮੇਰਾ ਮੁੱਖ ਕੰਮ ਹੈ। ਐਸਾ ਕੰਮ ਕਰਨ ਵਾਲੇ ਨੂੰ ਗੌਰਮਿੰਟ ਜੋ ਵੀ ਖਿਤਾਬ ਦੇਵੇ, ਮੈਂ ਸਵੀਕਾਰ ਕਰਦਾ ਹਾਂ। ਹੁਣ ਤੁਸੀਂ ਦੱਸੋ ਕਿ ਅਜਿਹਾ ਕੰਮ ਕਰਨ ਵਾਲੇ ਨਾਲ ਤੁਸੀਂ ਸਹਿਮਤ ਹੋ ?
? ਹਾਂ ਬਿਲਕੁਲ ਸਹਿਮਤ ਹਾਂ।
- ਫਿਰ ਤੁਸੀਂ ਵੀ ਅੱਤਵਾਦੀ ਹੋਏ ਨਾ ?

? ਇਸ ਹਿਸਾਬ ਨਾਲ ਤਾਂ ਹਰ ਉਹ ਸਿੱਖ, ਹਿੰਦੂ, ਮੁਸਲਿਮ ਅਤੇ ਈਸਾਈ ਅੱਤਵਾਦੀ ਹੈ, ਜੋ ਆਪਣੇ ਧਰਮ ਮਾਰਗ 'ਤੇ ਚਲਦਾ ਹੈ ਤੇ ਜਿਹੜਾ ਉਸ ਦੀ ਹਮਾਇਤ ਕਰਦਾ ਹੈ, ਉਹ ਵੀ ਅੱਤਵਾਦੀ ਹੈ।

- ਫਿਰ ਵੀ ਜੇਕਰ ਸਰਕਾਰ ਮੈਨੂੰ ਅੱਤਵਾਦੀ ਆਖਦੀ ਹੈ। ਕਿਉਂ ?.....ਇਸ ਲਈ ਕਿ ਸਰਕਾਰ ਨੂੰ ਸਿੱਖ ਸਰੂਪ ਚੰਗਾ ਨਹੀਂ ਲੱਗਦਾ। ਇਸ ਦਾ ਸਬੂਤ ਹੈ ਏਸ਼ੀਆਈ ਖੇਡਾਂ। ਸਿੱਖ ਚਾਹੇ ਉਹ ਕਿਸੇ ਵੀ ਪਾਰਟੀ ਨਾਲ ਸਬੰਧ ਰੱਖਦਾ ਸੀ ਜਾਂ ਕੋਈ ਕਾਰੋਬਾਰ ਕਰਦਾ ਸੀ, ਕਿਸੇ ਨੂੰ ਵੀ ਏਸ਼ੀਆਈ ਖੇਡਾਂ ਦੇ ਮੌਕੇ 'ਤੇ ਦਿੱਲੀ ਨਹੀਂ ਜਾਣ ਦਿੱਤਾ ਗਿਆ। ਰੋਕਾਂ ਲਾ ਕੇ ਬੱਸਾਂ ਖੜ੍ਹੀਆਂ ਕੀਤੀਆਂ ਗਈਆਂ ਤੇ ਪੱਗਾਂ ਵਾਲਿਆਂ ਨੂੰ ਚੁਣ-ਚੁਣ ਕੇ ਬੱਸਾਂ ਤੋਂ ਉਤਾਰਿਆ ਤੇ ਉਹਨਾਂ ਦੀ ਬੇ-ਇਜ਼ਤੀ ਕੀਤੀ, ਪਰ ਕਿਸੇ ਟੋਪੀ ਪਹਿਨਣ ਵਾਲੇ ਨੂੰ ਨਹੀਂ ਰੋਕਿਆ ਗਿਆ।

? ਪਰ ਏਸ਼ੀਆਈ ਖੇਡਾਂ ਵਿੱਚ ਤਾਂ ਸਿੱਖਾਂ ਦਾ ਬੋਲਬਾਲਾ ਰਿਹਾ।

- ਕਾਹਦਾ ਬੋਲਬਾਲਾ ਰਿਹਾ ? ਜਿਹਨਾਂ ਸਿੱਖਾਂ ਦੀ ਤੁਸੀਂ ਗੱਲ ਕਰਦੇ ਹੋ, ਉਹ ਚਪਲਾਂ ਝਾੜਨ ਵਾਲੇ ਸਿੱਖ ਹਨ। ਕੀ ਉਹਨਾਂ ਨੂੰ ਨਹੀਂ ਸੀ ਪਤਾ ਕਿ ਏਸ਼ੀਆਈ ਖੇਡਾਂ ਦੇਖਣ ਤੋਂ ਸਿੱਖਾਂ ਨੂੰ ਬੈਰੀਅਰ ਲਾ ਕੇ ਰੋਕਿਆ ਜਾ ਰਿਹਾ ਹੈ। ਕੀ ਉਹਨਾਂ ਸਿੱਖਾਂ ਨੇ ਇਸ ਗੱਲ ਦਾ ਵਿਰੋਧ ਕੀਤਾ ?

? ਨਹੀਂ.....?

- ਨਹੀਂ ਕੀਤਾ ਤਾਂ ਉਹ ਸਿੱਖ ਕਾਹਦੇ ?

? ਇਸ ਸਮੇਂ ਤੁਹਾਡੀ ਲੜਾਈ ਕੇਂਦਰ ਸਰਕਾਰ ਨਾਲ ਹੈ ਜਾਂ ਪੰਜਾਬ ਸਰਕਾਰ ਨਾਲ ?

- ਦੋਹਾਂ ਨਾਲ।

? ਜੇਕਰ ਪੰਜਾਬ ਵਿੱਚ ਹਿੰਦੂ-ਸਿੱਖ ਫਸਾਦ ਹੋ ਜਾਣ ਤਾਂ ਪੰਜਾਬ ਤੋਂ ਬਾਹਰ ਰਹਿੰਦੇ ਸਿੱਖਾਂ ਦੀ ਸਥਿਤੀ ਕੀ ਹੋਵੇਗੀ ?

- ਉਹ ਮੌਕੇ 'ਤੇ ਦੱਸਾਂਗੇ।

? ਕੀ ਬਾਹਰਲੇ ਸੂਬਿਆਂ ਦੇ ਘੱਟ ਗਿਣਤੀ ਸਿੱਖਾਂ ਨੂੰ ਨੁਕਸਾਨ ਨਹੀਂ ਪੁੱਜੇਗਾ ?

- ਸ਼ੇਰਾਂ ਨੂੰ ਨੁਕਸਾਨ ਘੱਟ ਹੀ ਹੁੰਦਾ ਹੈ। ਨੁਕਸਾਨ ਭੇਡਾਂ-ਬੱਕਰੀਆਂ ਦਾ ਹੁੰਦਾ ਹੈ, ਜੋ ਮਹਿਸੂਸ ਕਰਦੀਆਂ ਹਨ।

? ਉਸ ਸਥਿਤੀ 'ਚ ਲੋਕ ਕੀ ਕਰਨਗੇ ?

- ਇਹ ਮੌਕਾ ਆਏਗਾ ਤਾਂ ਦੱਸਾਂਗੇ ਕਿ ਉਹਨਾਂ ਨੇ ਕੀ ਕਰਨਾ ਹੈ।

? ਜਿੱਥੇ ਕਿਧਰੇ ਵੀ ਬੰਬ ਧਮਾਕਾ ਜਾਂ ਅਣ-ਚੱਲਿਆ ਬੰਬ ਬਰਾਮਦ ਹੁੰਦਾ ਹੈ, ਉਸ ਨੂੰ ਸੰਤ ਭਿੰਡਰਾਂਵਾਲੇ ਜਾਂ ਚੌਕ ਮਹਿਤਾ ਨਾਲ ਜੋੜ ਦਿੱਤਾ ਜਾਂਦਾ ਹੈ, ਇਸ ਦਾ ਕੀ ਕਾਰਨ ਹੈ ?

- ਕੇਵਲ ਮੈਨੂੰ ਬਦਨਾਮ ਕਰਨ ਲਈ।

? ਪਰ ਸਰਕਾਰ ਤੁਹਾਨੂੰ ਹੀ ਕਿਉਂ ਬਦਨਾਮ ਕਰਦੀ ਹੈ, ਹੋਰ ਕਿਸੇ ਨੂੰ ਕਿਉਂ ਨਹੀਂ ?

- ਹੋਰ ਇੰਨਾ ਅੰਮ੍ਰਿਤ ਨਹੀਂ ਕੋਈ ਛਕਾਉਂਦਾ, ਸਿੱਖਾਂ ਨੂੰ ਗੁਰੂ ਵਾਲੇ ਨਹੀਂ ਬਣਾਉਂਦਾ। ਜਿਹੜਾ ਵਿਅਕਤੀ ਸਿੱਖੀ ਪ੍ਰਚਾਰ ਕਰਦਾ ਤੇ ਅੰਮ੍ਰਿਤ ਛਕਾਉਂਦਾ ਹੈ, ਸਰਕਾਰ ਉਸ 'ਤੇ ਤਰ੍ਹਾਂ-ਤਰ੍ਹਾਂ ਦੇ ਦੋਸ਼ ਲਗਾ ਕੇ, ਉਸ ਨੂੰ ਬਦਨਾਮ ਕਰਦੀ ਹੈ। ਸਿੱਖੀ ਪ੍ਰਚਾਰ ਹੀ ਮੇਰਾ ਸਭ ਤੋਂ ਵੱਡਾ ਗੁਨਾਹ ਹੈ, ਸਰਕਾਰ ਦੀਆਂ ਨਜ਼ਰਾਂ 'ਚ।

? ਕੀ ਤੁਸੀਂ ਖਿਆਲ ਕਰਦੇ ਹੋ ਕਿ ਪੁਲਿਸ ਕਦੇ ਵੀ ਦਰਬਾਰ ਸਾਹਿਬ ਵਿੱਚ ਦਾਖ਼ਲ ਹੋ ਸਕਦੀ ਹੈ ? ਜੇਕਰ ਹੁੰਦੀ ਹੈ ਤਾਂ ਤੁਸੀਂ ਕੀ ਕਰੋਗੇ ?

– ਜਦੋਂ ਦਾਖ਼ਲ ਹੋਵੇਗੀ ਤਾਂ ਵੇਖਾਂਗੇ ਕੀ ਕਰਨਾ ਹੈ ?

? ਮਾਨਾਂਵਾਲਾ ਕਾਂਡ ਬਾਰੇ ਤੁਹਾਡਾ ਕੀ ਵਿਚਾਰ ਹੈ ?

– ਉਹ ਸੋਚੀ ਸਮਝੀ ਸਾਜ਼ਿਸ਼ ਅਧੀਨ ਕੀਤਾ ਗਿਆ। ਅਖ਼ਬਾਰਾਂ ਵਿੱਚ ਆਏ ਬਿਆਨ ਤੁਸੀਂ ਪੜੇ ਹੀ ਹੋਣਗੇ। ਪੁਲਿਸ ਅਫ਼ਸਰ ਕੁਝ ਕਹਿੰਦੇ ਹਨ ਤੇ ਦਰਬਾਰਾ ਸਿੰਘ ਕੁਝ ਆਖਦਾ ਹੈ। ਗੱਡੀ ਵਿੱਚੋਂ ਨਾ ਕੋਈ ਬੰਦਾ ਫੜਿਆ, ਨਾ ਕੋਈ ਹਥਿਆਰ ਤੇ ਨਾ ਗੱਡੀ ਦਾ ਪਿੱਛਾ ਕੀਤਾ...ਫਿਰ ਕਲੇਰਾਂ ਵਾਲੇ ਸੰਤਾਂ ਦੀ ਗੱਡੀ 'ਤੇ ਬਿਨਾਂ ਕਿਸੇ ਕਾਰਨ ਗੋਲੀ ਚਲਾ ਦਿੱਤੀ। ਅਸਲ 'ਚ ਸਾਰੀ ਖੇਡ ਮੈਨੂੰ ਤੇ ਦਰਬਾਰ ਸਾਹਿਬ ਨੂੰ ਬਦਨਾਮ ਕਰਨ ਲਈ ਖੇਡੀ ਗਈ।

? ਮਰਜੀਵੜਿਆਂ ਦੀ ਭਰਤੀ ਜ਼ੋਰ-ਸ਼ੋਰ ਨਾਲ ਕੀਤੀ ਜਾ ਰਹੀ ਹੈ। ਇਹਨਾਂ ਪਾਸੋਂ ਕੀ ਸੇਵਾ ਲਵੋਗੇ ?

– ਇਹ ਗੱਲ ਮੈਂ ਨਹੀਂ, ਸਮਾਂ ਹੀ ਦੱਸੇਗਾ ਕਿ ਇਹਨਾਂ ਤੋਂ ਕਿਹੜੀ ਸੇਵਾ ਲੈਣੀ ਹੈ।

? ਕੀ ਤੁਹਾਡੀ ਆਪਣੀ ਵੱਖਰੀ ਭਰਤੀ ਵੀ ਕੀਤੀ ਜਾ ਰਹੀ ਹੈ ?

– ਵੱਖਰੀ ਨਹੀਂ, ਸਾਂਝੀ ਕਹੀ ਜਾ ਸਕਦੀ ਹੈ। ਜਿਹੜੇ ਉਥੇ ਨਾਮ ਨਹੀਂ ਲਿਖਾਉਂਦੇ, ਉਹ ਮੇਰੇ ਪਾਸ ਨਾਮ ਲਿਖਾ ਜਾਂਦੇ ਹਨ। ਇਸ ਨੂੰ ਵੱਖ-ਵੱਖ ਭਰਤੀ ਨਹੀਂ ਕਿਹਾ ਜਾ ਸਕਦਾ।

? ਸੰਤ ਲੌਂਗੋਵਾਲ ਦਾ ਕਹਿਣਾ ਹੈ ਕਿ ਆਪਾ-ਵਾਰੂ (ਮਰਜੀਵੜੇ) ਦਲ ਸ਼ਾਂਤਮਈ ਰਹਿੰਦਿਆਂ ਮੋਰਚੇ 'ਚ ਹਿੱਸਾ ਲਵੇਗਾ। ਮਰਜੀਵੜੇ ਤੇ ਸ਼ਾਂਤਮਈ ਦੋਵੇਂ ਗੱਲਾਂ ਆਪਾ ਵਿਰੋਧੀ ਹਨ। ਤੁਹਾਡਾ ਕੀ ਵਿਚਾਰ ਹੈ ?

– ਇਹ ਗੱਲ ਤੁਸੀਂ ਲੌਂਗੋਵਾਲ ਨੂੰ ਪੁੱਛੋ ਕਿ ਮਰਜੀਵੜੇ ਸ਼ਾਂਤਮਈ ਕਿਵੇਂ ਰਹਿਣਗੇ ? ਮੈਂ ਤਾਂ ਉਹਨਾਂ ਬਾਰੇ ਕੁਝ ਨਹੀਂ ਕਿਹਾ।

? ਹੁਣ ਤਕ ਮੋਰਚੇ ਤੋਂ ਕੀ ਪ੍ਰਾਪਤੀ ਹੋਈ ਹੈ ? ਜੇ ਕੁਝ ਪ੍ਰਾਪਤੀ ਹੋਈ ਹੈ ਤਾਂ ਕੀ ਤੁਸੀਂ ਉਸ ਤੋਂ ਸੰਤੁਸ਼ਟ ਹੋ ?

– ਹਾਂ, ਬੜੀ ਠੋਸ ਪ੍ਰਾਪਤੀ ਹੋਈ ਹੈ। ਇੱਕ ਤਾਂ ਸਮੁੱਚੀ ਸਿੱਖ ਕੌਮ ਇੱਕ ਝੰਡੇ ਥੱਲੇ ਮਜ਼ਬੂਤੀ ਨਾਲ ਇਕੱਤਰ ਹੋਈ ਹੈ। ਸਮੂਹ ਸਿੱਖਾਂ ਵਿੱਚ ਇਸ ਦੀ ਜਾਗ੍ਰਤੀ ਆਈ ਹੈ ਕਿ ਆਜ਼ਾਦ ਭਾਰਤ ਵਿੱਚ ਅਸੀਂ ਗ਼ੁਲਾਮ ਹਾਂ। ਇਹ ਪ੍ਰਾਪਤੀ, ਬੜੀ ਵੱਡੀ ਪ੍ਰਾਪਤੀ ਆਖੀ ਜਾ ਸਕਦੀ ਹੈ। ਕਿਸੇ ਕੌਮ ਦਾ ਕੌਮੀ ਅਹਿਸਾਸ ਜਾਗਣਾ ਛੋਟੀ ਜਿਹੀ ਗੱਲ ਨਹੀਂ।

? ੪ ਅਪ੍ਰੈਲ ਨੂੰ ਰਸਤਾ ਰੋਕੂ ਅੰਦੋਲਨ ਦਾ ਸਿੱਖਾਂ ਨੂੰ ਕੀ ਲਾਭ ਹੋਇਆ ?

– ਸਿੱਖ ਕੌਮ ਨੇ ਏਕਤਾ ਦਾ ਸਬੂਤ ਦਿੰਦਿਆਂ, ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਿਆ। ਸਰਕਾਰ ਨੂੰ ਆਪਣੀ ਮਸ਼ੀਨਰੀ ਤੇ ਸਿੱਖ ਕੌਮ ਨੂੰ ਆਪਣੀ ਏਕਤਾ ਦੇ ਬਲ ਦਾ ਅੰਦਾਜ਼ਾ ਹੋਇਆ। ਇਸ ਸਫ਼ਲ ਅੰਦੋਲਨ ਨੇ ਕੇਂਦਰ ਨੂੰ ਪੰਜਾਬ ਸਮੱਸਿਆ ਬਾਰੇ ਗੰਭੀਰਤਾ ਨਾਲ ਸੋਚ ਵਿਚਾਰ ਕਰਨ ਲਈ ਮਜ਼ਬੂਰ ਕੀਤਾ।

? ਅਖ਼ਬਾਰਾਂ ਵਿੱਚ ਲਿਖਿਆ ਹੈ ਕਿ ਪ੍ਰਣ ਪੱਤਰ ਭਰਵਾ ਕੇ, ਸੰਤ ਲੌਂਗੋਵਾਲ ਨੇ ਤੁਹਾਨੂੰ ਆਪਣੀ ਪਕੜ ਵਿੱਚ ਲੈ ਲਿਆ ?

- ਅਖ਼ਬਾਰਾਂ ਵਿੱਚ ਹੀ ਹੈ। ਮੈਨੂੰ ਪਕੜ ਗੁਰੂ ਗਰੰਥ ਸਾਹਿਬ ਦੀ ਹੀ ਹੈ, ਹੋਰ ਕਿਸੇ ਦੀ ਪਕੜ ਨਹੀਂ। ਪ੍ਰਣ ਪੱਤਰ ਵਿੱਚ ਲਿਖਿਆ ਹੈ ਕਿ ਮੈਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੇ ਹੁਕਮ ਅਨੁਸਾਰ ਪੰਥ ਦੀ ਚੜ੍ਹਦੀ ਕਲਾ ਲਈ ਹਰ ਕੁਰਬਾਨੀ ਕਰਾਂਗਾ। ਜਿਹੜੇ ਅਖ਼ਬਾਰ ਕਹਿੰਦੇ ਹਨ ਕਿ ਪਕੜ ਵਿੱਚ ਲੈ ਲਿਆ, ਮੈਂ ਅਖ਼ਬਾਰਾਂ ਨੂੰ ਕਹਿਨਾਂ ਕਿ ਮੈਂ ਪ੍ਰਣ ਪੱਤਰ ਪੜ੍ਹਨ ਲੱਗਿਆਂ ਤਾਂ ਲੌਂਗੋਵਾਲ ਨੂੰ ਆਪਣਾ ਪ੍ਰਧਾਨ ਮੰਨਿਆ, ਪਰ ਉਹੀ ਪ੍ਰਣ ਪੱਤਰ ਲੌਂਗੋਵਾਲ ਨੇ ਮੇਰੇ ਖੱਬੇ ਪਾਸੇ ਖੜ੍ਹ ਕੇ ਪੜ੍ਹਿਆ, ਫਿਰ ਲੌਂਗੋਵਾਲ ਨੇ ਕਿਸ ਨੂੰ ਆਪਣਾ ਪ੍ਰਧਾਨ ਮੰਨਿਆ ?

? ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਆਪਣੇ ਇਸ਼ਟ ਨੂੰ।

- ਕੀ ਮੈਂ ਆਪਣੇ ਇਸ਼ਟ ਤੋਂ ਬੇਮੁੱਖ ਹਾਂ ? ਇਸ਼ਟ ਕੇਵਲ ਅਕਾਲੀ ਦਲ ਦਾ ਹੀ ਨਹੀਂ, ਸਮੁੱਚੇ ਸਿੱਖ ਜਗਤ ਦਾ ਪ੍ਰਧਾਨ ਹੈ। ਇਸ ਲਈ ਮੈਂ ਤਾਂ ਸੰਤ ਲੌਂਗੋਵਾਲ ਨੂੰ ਆਪਣਾ ਪ੍ਰਧਾਨ ਮੰਨਿਆ, ਸੰਤ ਲੌਂਗੋਵਾਲ ਨੇ ਆਪਣਾ ਪ੍ਰਧਾਨ ਕਿਸ ਨੂੰ ਮੰਨਿਆ ? ਬਸ ਇਹੀ ਤਾਂ ਸਮਝਣ ਦੀ ਗੱਲ ਹੈ।

? ਕੁਝ ਲੋਕ ਸਮਝਦੇ ਹਨ ਕਿ ਸੰਤ ਭਿੰਡਰਾਂਵਾਲਾ ਕੇਂਦਰ ਅਕਾਲੀ ਸਮਝੌਤੇ ਵਿਚਾਲੇ ਵੱਡੀ ਰੁਕਾਵਟ ਹੈ। ਇਹ ਕਿੱਥੋਂ ਤਕ ਸੱਚ ਹੈ ?

- ਜਿਹੜੇ ਸਮਝਦੇ ਨੇ ਇਹ ਉਹਨਾਂ ਦੇ ਦਿਮਾਗ ਦੀ ਕਾਢ ਹੀ ਹੈ। ਮੈਂ ਕੋਈ ਅੜਿੱਕਾ ਨਹੀਂ, ਮੰਗਾਂ ਸਮੁੱਚੇ ਸਿੱਖ ਪੰਥ ਦੀਆਂ ਹਨ। ਮੇਰੀ ਕੋਈ ਵੱਖਰੀ ਮੰਗ ਨਹੀਂ। ਸਮਝੌਤੇ ਲਈ ਤਾਂ ਕੇਂਦਰ ਸਰਕਾਰ ਆਪ ਰੁਕਾਵਟ ਹੈ, ਮੈਂ ਨਹੀਂ।

? ਖ਼ਾਲਿਸਤਾਨ ਦੇ ਮੁੱਦਈ ਡਾਕਟਰ ਜਗਜੀਤ ਸਿੰਘ ਬਾਰੇ ਤੁਹਾਡਾ ਕੀ ਵਿਚਾਰ ਹੈ ?

- ਮੈਂ ਸਮਝਦਾਂ, ਉਹ ਸਿੱਖ ਹੈ ਅਤੇ ਸਿੱਖੀ ਦੀ ਚੜ੍ਹਦੀ ਕਲਾ ਲਈ ਆਪਣੇ ਤੌਰ 'ਤੇ ਉਦਮ ਕਰ ਰਿਹਾ ਹੈ।

? ਕੀ ਤੁਸੀਂ ਉਸ ਨੂੰ ਕੋਈ ਚਿੱਠੀ ਲਿਖੀ ਹੈ ?

- ਜ਼ਰੂਰ ਲਿਖੀ ਸੀ।

? ਉਸ ਚਿੱਠੀ ਦਾ ਅਖ਼ਬਾਰਾਂ ਅਤੇ ਕੇਂਦਰ ਵਿੱਚ ਬੜਾ ਸ਼ੋਰ ਸ਼ਰਾਬਾ ਹੋਇਆ ਸੀ।

- ਹਾਂ, ਮੈਂ ਕੇਂਦਰ ਨੂੰ ਦੋ ਲਾਈਨਾਂ ਦਾ ਜਵਾਬ ਭੇਜਿਆ ਸੀ, ਉਹ ਚੁੱਪ ਕਰ ਗਏ। ਮੈਂ ਲਿਖਿਆ ਸੀ ਕਿ ਦੱਸੋ ਤੁਹਾਡੇ ਵਿਧਾਨ ਵਿੱਚ ਕਿੱਥੇ ਇਹ ਗੱਲ ਲਿਖੀ ਹੈ ਕਿ ਇੱਕ ਸਿੱਖ ਕਿਸੇ ਹੋਰ ਸਿੱਖ ਨੂੰ ਖ਼ਤ ਨਹੀਂ ਲਿਖ ਸਕਦਾ ? ਕੋਈ ਜਵਾਬ ਨਹੀਂ। ਜੇ ਸਿੱਖ, ਸਿੱਖ ਨੂੰ ਚਿੱਠੀ ਨਹੀਂ ਲਿਖ ਸਕਦਾ ਤਾਂ ਸਾਡੀ ਕਾਹਦੀ ਇਜ਼ਤ ਹੈ ? ਜੇ ਹੋਰ ਹਰ ਕੋਈ ਵਿਦੇਸ਼ੀ ਲੀਡਰਾਂ ਨੂੰ ਖ਼ਤ ਲਿਖ ਸਕਦਾ ਹੈ ਤਾਂ ਸਿੱਖ, ਸਿੱਖ ਨੂੰ ਚਿੱਠੀ ਕਿਉਂ ਨਹੀਂ ਲਿਖ ਸਕਦਾ ? ਇੰਦਰਾ ਪਾਸ ਇਸ ਦਾ ਕੋਈ ਉੱਤਰ ਨਹੀਂ।

? ਸਰਕਾਰੀਆ ਕਮਿਸ਼ਨ ਬਾਰੇ ਤੁਹਾਡਾ ਕੀ ਵਿਚਾਰ ਹੈ ?

- ਉਸ ਬਾਰੇ ਮੈਂ ਕੁਝ ਨਹੀਂ ਕਹਿੰਦਾ।

? ਧਰਮ ਯੁੱਧ ਮੋਰਚਾ ਤੁਸੀਂ ਸ਼ੁਰੂ ਕੀਤਾ ਸੀ ਕਿ ਅਕਾਲੀ ਦਲ ਨੇ ?

- ਮੈ ਇਸ ਅੰਦੋਲਨ ਨੂੰ ਧਰਮ ਯੁੱਧ ਦਾ ਨਾਂਅ ਨਹੀਂ ਸੀ ਦਿੱਤਾ। ਮੈਂ ਤਾਂ ਕੇਵਲ ਰੋਸ ਪ੍ਰਗਟ ਕਰਨ ਲਈ ਗ੍ਰਿਫ਼ਤਾਰੀਆਂ ਦੇਣ ਦਾ ਸਿਲਸਿਲਾ ਸ਼ੁਰੂ ਕੀਤਾ ਸੀ, ਜਿਸ ਨੂੰ ਅਕਾਲੀ ਦਲ ਨੇ

ਅਪਣਾ ਕੇ ਧਰਮ ਯੁੱਧ ਮੋਰਚੇ ਦਾ ਨਾਂਅ ਦਿੱਤਾ। ਮੇਰੇ ਤੋਂ ਪਹਿਲਾਂ ਜਥੇਦਾਰ ਤਲਵੰਡੀ ਨੇ ਦਿੱਲੀ ਵਿੱਚ ਅਨੰਦਪੁਰ ਮਤੇ 'ਤੇ ਆਪਣੀ ਗ੍ਰਿਫ਼ਤਾਰੀ ਦੇਣ ਦਾ ਸਿਲਸਿਲਾ ਸ਼ੁਰੂ ਕੀਤਾ ਸੀ। ਹੁਣ ਮੋਰਚਾ ਸਾਂਝਾ ਹੈ।

? ਤੁਸੀਂ ਇਹ ਦੱਸੋ ਕਿ ਤੁਸੀਂ ਚੰਦੋ ਕਲਾਂ ਤੋਂ ਚੌਂਕ ਮਹਿਤੇ ਕਿਵੇਂ ਆਏ ਸੀ ?

- ਅਸੀਂ ਚੰਦੋ ਕਲਾਂ ਤੋਂ ਚੌਂਕ ਮਹਿਤੇ, ਗੁਰੂ ਕ੍ਰਿਪਾ ਰੂਪੀ ਸਵਾਰੀ ਦੀ ਸਵਾਰੀ ਕਰਕੇ ਆਏ, ਰਸਤੇ ਆਏ ਆਂ ਧਰਤੀ ਦੇ, ਸੁੱਕੇ-ਸੁੱਕੇ, ਪਾਣੀ ਵਿੱਚ ਕਿਤੇ ਨਹੀਂ ਗਏ। ਪੁਲਿਸ ਨੇ ਮੈਥੋਂ ਪੁੱਛਿਆ ਸੀ ਕਿ ਤੁਸੀਂ ਕਿਹੜੇ ਟਾਈਮ ਨਾਲ ਚੱਲੇ ਸੀ ? ਉਸ ਦਾ ਉੱਤਰ ਹੈ, ਪਹਿਲੀ ਰਾਤ ਦਾ ਉਸ ਵੇਲੇ ਦਾ ਟਾਈਮ ਸੀ, ਜਿਸ ਵੇਲੇ ਚੱਲਿਆ ਸਾਂ। ਉਹਨਾਂ ਕਿਹਾ ਕਿ ਇਹ ਕੀ ਉੱਤਰ ਹੈ ? ਮੈਂ ਕਿਹਾ ਜਿਵੇਂ ਤੁਹਾਡਾ ਪ੍ਰਸ਼ਨ ਹੈ।

? ਬੰਬਈ ਦੇ ਪੁਲਿਸ ਘੇਰੇ ਵਿੱਚੋਂ ਤੁਸੀਂ ਕਿਵੇਂ ਨਿਕਲੇ ਸੀ ?

- ਗੁਰੂ ਗੋਬਿੰਦ ਸਿੰਘ ਜੀ ਦੀ ਕਿਰਪਾ ਨਾਲ।

? ਲਾਲਾ ਜਗਤ ਨਰਾਇਣ ਕਤਲ ਕੇਸ ਵਿੱਚ ਤੁਹਾਨੂੰ ਕਿੰਨੇ ਦਿਨ ਤੇ ਕਿੰਨੀਆਂ ਰਾਤਾਂ ਪੁੱਛਗਿੱਛ ਕੀਤੀ ਗਈ ਤੇ ਕੀ-ਕੀ ਸਵਾਲ ਪੁੱਛੇ ਗਏ ?

- ਮੈਂ ਗਿਣੇ ਨਹੀਂ ਕਦੇ ਪਰ ਪੁੱਛਗਿੱਛ ੨੫ ਦਿਨ ਤਕ ਹੁੰਦੀ ਰਹੀ ਤੇ ਸਵਾਲ ਕੀਤੇ ਗਏ ਕੋਈ ਚਾਰ ਸੌ। ਇਸ ਬਾਰੇ ਵਿਸਥਾਰ ਨਾਲ ਮੇਰੀ ਜੀਵਣੀ ਪੜ੍ਹ ਲੈਣਾ।

? ਭਾਈ ਅਮਰੀਕ ਸਿੰਘ ਦੇ ਫੜਨ 'ਤੇ ਮੋਰਚਾ ਕਿਉਂ ਲਾਇਆ, ਬਾਕੀਆਂ ਨੂੰ ਫੜਨ 'ਤੇ ਕਿਉਂ ਨਹੀਂ ਲੱਗਾ ?

- ਪਹਿਲਾਂ ਗ੍ਰਿਫ਼ਤਾਰੀਆਂ ਸਮੇਂ ਸਰਕਾਰ ਨੇ ਸਾਨੂੰ ਕੇਸਾਂ ਦੀ ਪੈਰਵਾਈ ਕਰਨ ਤੋਂ ਨਹੀਂ ਸੀ ਰੋਕਿਆ, ਪਰ ਅਮਰੀਕ ਸਿੰਘ ਦੀ ਗ੍ਰਿਫ਼ਤਾਰੀ ਦਾ ਮਤਲਬ ਸਾਨੂੰ ਕੇਸਾਂ ਦੀ ਪੈਰਵਾਈ ਤੋਂ ਰੋਕਣਾ ਸੀ। ਇਸ ਕਰਕੇ ਮੋਰਚਾ ਲਾਉਣਾ ਪਿਆ।

? ਲਾਲਾ ਜਗਤ ਨਾਰਾਇਣ ਕਤਲ ਕੇਸ 'ਚੋਂ ਬਾ-ਇੱਜ਼ਤ ਬਰੀ ਕਰਨ ਦੇ ਬਾਵਜੂਦ ਵੀ ਸਰਕਾਰ ਤੁਹਾਨੂੰ ਸ਼ੱਕ ਦੀ ਨਿਗ੍ਹਾ ਨਾਲ ਕਿਉਂ ਵੇਖਦੀ ਹੈ ?

- ਸਰਕਾਰ ਦੀ ਅੱਖ ਖਰਾਬ ਹੋਈ ਹੋਣੀ ਹੈ। ਸਰਕਾਰ ਨੂੰ ਚਾਹੀਦਾ, ਉਹ ਇਸ ਬਾਰੇ ਸੋਚੇ। ਜੇਕਰ ਉਹ ਨਹੀਂ ਸੋਚਦੀ ਤਾਂ ਮੈਂ ਕੀ ਕਰ ਸਕਦਾ ਹਾਂ ?

? ਹੁਣ ਸਭ ਤੋਂ ਆਖਰੀ ਸਵਾਲ ਕਿ ਡੀ.ਆਈ.ਜੀ. ਸਰਦਾਰ ਅਵਤਾਰ ਸਿੰਘ ਅਟਵਾਲ ਨਾਲ ਤੁਹਾਡੀ ਕੀ ਦੁਸ਼ਮਣੀ ਸੀ ? ਉਸ ਦੀ ਹੱਤਿਆ ਬਾਰੇ ਤੁਸੀਂ ਕੀ ਕਹਿਣਾ ਚਾਹੋਗੇ ?

- ਮੇਰੀ ਅਟਵਾਲ ਨਾਲ ਕੋਈ ਜਾਤੀ ਦੁਸ਼ਮਣੀ ਨਹੀਂ ਸੀ। ਉਹ ਸਰਕਾਰ ਦਾ ਇੱਕ ਚੰਗਾ ਅਫ਼ਸਰ ਸੀ। ਉਸ ਦੀ ਹੱਤਿਆ ਬਾਰੇ ਮੈਂ ਪਹਿਲਾਂ ਅਖ਼ਬਾਰਾਂ ਵਿੱਚ ਦੱਸ ਚੁੱਕਾ ਹਾਂ ਕਿ ਸਿੱਖ ਕਦੇ ਵੀ ਹਿੰਸਾ ਵਿੱਚ ਵਿਸ਼ਵਾਸ ਨਹੀਂ ਰੱਖਦਾ, ਖਾਸ ਕਰਕੇ ਦਰਬਾਰ ਸਾਹਿਬ ਦੀ ਹੱਦ ਵਿੱਚ। ਅਜਿਹੀ ਘਟਨਾ ਦੀ ਜਿੰਨੀ ਵੀ ਨਿਖੇਧੀ ਕੀਤੀ ਜਾਵੇ ਥੋੜ੍ਹੀ ਹੈ। ਇਹ ਘਟਨਾ ਸਰਕਾਰ ਦੀ ਡੂੰਘੀ ਸਾਜ਼ਿਸ਼ ਦਾ ਸਿੱਟਾ ਹੈ ਤੇ ਕੇਵਲ ਸਿੱਖ ਪੰਥ ਤੇ ਦਰਬਾਰ ਸਾਹਿਬ ਦੀ ਮਹਾਨਤਾ ਨੂੰ ਛੁਟਿਆਉਣ ਤੇ ਅਕਾਲੀ ਆਗੂਆਂ ਵੱਲੋਂ ਲਾਏ ਮੋਰਚੇ ਨੂੰ ਬਦਨਾਮ ਕਰਨ ਲਈ ਕੋਝੀ ਹਰਕਤ ਹੈ।

? ਸੰਤ ਜੀ ਇੱਕ ਪ੍ਰਸ਼ਨ ਮੈਂ ਤੁਹਾਡੇ ਨਿੱਜੀ ਜੀਵਨ ਬਾਰੇ ਪੁੱਛਣਾ ਚਾਹਾਂਗਾ। ਉਮੀਦ ਹੈ ਤੁਸੀਂ ਕ੍ਰਿਤਾਰਥ ਕਰੋਗੇ। ਕੀ ਤੁਸੀਂ ਆਪਣੀ ਧਰਮ ਪਤਨੀ ਅਤੇ ਬੱਚਿਆਂ ਬਾਰੇ ਕੁਝ ਚਾਨਣਾ ਪਾਉਣ ਦੀ ਖੇਚਲ ਕਰੋਗੇ ?

- ਸੰਖੇਪ ਵਿੱਚ ਮੈਂ ਇਹ ਹੀ ਦੱਸਣਾ ਚਾਹਾਂਗਾ ਕਿ ਸਿੰਘਣੀ ਤੋਂ ਇਲਾਵਾ ਦੋ ਭੁਝੰਗੀ ਅਤੇ ਭਰਾ ਹਨ, ਉਹ ਕੀ ਕਰਦੇ ਹਨ, ਕਿੱਥੇ ਰਹਿੰਦੇ ਹਨ ਅਤੇ ਕੀ ਖਾਂਦੇ ਹਨ, ਇਹ ਤਾਂ ਸੱਚੇ ਪਾਤਿਸ਼ਾਹ ਨੂੰ ਹੀ ਪਤਾ ਹੈ।

? ਆਖਰ ਵਿੱਚ ਕੀ ਤੁਸੀਂ ਸਮੂਹ ਸਿੱਖ ਜਗਤ ਅਤੇ ਪਾਠਕਾਂ ਨੂੰ ਕੁਝ ਕਹਿਣਾ ਚਾਹੋਗੇ ?

- ਮੇਰੀ ਸਮੂਹ ਸਿੱਖ ਜਗਤ, ਵਿਸ਼ੇਸ਼ ਕਰ ਪੰਜਾਬੀ ਪੱਤਰਕਾਰਾਂ ਅਤੇ ਐਡੀਟਰਾਂ ਨੂੰ ਅਪੀਲ ਹੈ ਕਿ ਉਹ ਅੰਮ੍ਰਿਤ ਛਕ ਕੇ ਸੰਪੂਰਨ ਸਿੰਘ ਸਜ ਜਾਣ ਅਤੇ ਘੋਲ ਲਈ ਤਿਆਰ-ਬਰ-ਤਿਆਰ ਰਹਿਣ। ਵਕਤ ਦੀ ਇਹੋ ਮੰਗ ਹੈ।

* * *

ਮੁਲਾਕਾਤ-੩

(ਗੁਰੂ ਨਾਨਕ ਨਿਵਾਸ, ਅੰਮ੍ਰਿਤਸਰ, ਜੂਨ ੧੯੮੩)

ਕੌਮੀ ਰਾਜਨੀਤੀ ਦੇ ਮੁੱਖ ਸੰਪਾਦਕ ਸ. ਸੁਰਜੀਤ ਸਿੰਘ ਨੰਦਾ ਦੁਆਰਾ ਸੰਤ ਜਰਨੈਲ ਸਿੰਘ ਨਾਲ ਕੀਤੀ ਇੰਟਰਵਿਊ ਦੇ ਪ੍ਰਸ਼ਨ ਉੱਤਰ ਜੋ ਕੌਮੀ ਰਾਜਨੀਤੀ ਦੇ ਜੁਲਾਈ ਅੰਕ ਵਿੱਚ ਛਪੀ :

? ਗਿਆਨੀ ਜ਼ੈਲ ਸਿੰਘ ਭਾਰਤ ਦੇ ਰਾਸ਼ਟਰਪਤੀ ਹਨ ਅਤੇ ਸਿੱਖ ਹਨ। ਉਹਨਾਂ ਨੇ ਸਿੱਖਾਂ ਨੂੰ ਵੱਖਰੀ ਕੌਮ ਮੰਨਣ ਤੋਂ ਇਨਕਾਰ ਕੀਤਾ ਹੈ। ਤੁਸੀਂ ਇਸ ਬਾਰੇ ਕੀ ਕਹਿਣਾ ਚਾਹੋਗੇ ?

– ਜ਼ੈਲ ਸਿੰਘ ਦੇ ਕਹਿਣ ਨਾਲ ਸਿੱਖ, ਹਿੰਦੂ ਕੌਮ ਦਾ ਇੱਕ ਅੰਗ ਨਹੀਂ ਬਣ ਚੱਲੇ। ਰਾਸ਼ਟਰਪਤੀ ਭਵਨ ਵਿੱਚ ਬੈਠ ਕੇ ਉਹ ਗੁਰਬਾਣੀ ਅਤੇ ਸਿੱਖ ਇਤਹਾਸ ਨੂੰ ਭੁੱਲ ਗਿਆ। ਸਿੱਖ, ਸ੍ਰੀ ਗੁਰੂ ਨਾਨਕ ਮਹਾਰਾਜ ਜੀ ਤੋਂ ਹੀ ਵੱਖਰੀ ਕੌਮ ਚਲੀ ਆ ਰਹੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਉਸ ਕੌਮ ਨੂੰ ਪੰਜ ਕਕਾਰ ਬਖ਼ਸ਼ ਕੇ, ਉਸ ਕੌਮ 'ਤੇ ਮੋਹਰ ਹੀ ਲਾ ਦਿੱਤੀ। ਮਹਾਤਮਾ ਗਾਂਧੀ ਨੇ ਵੀ ਲਿਖਤੀ ਤੌਰ 'ਤੇ ਤਿਰੰਗੇ ਝੰਡੇ ਦੇ ਤਿੰਨ ਰੰਗਾਂ ਦੀ ਵਿਆਖਿਆ ਕਰਦਿਆਂ ਤਿੰਨੇ ਰੰਗ ਕੌਮਾਂ ਦੇ ਮੰਨੇ ਹਨ। ਕੇਸਰੀ ਰੰਗ ਸਿੱਖਾਂ ਦੀ ਵੱਖਰੀ ਹੋਂਦ ਦਾ ਪ੍ਰਗਟਾਵਾ ਕਰਦਾ ਹੈ। ਬਾਬਾ ਖੜਕ ਸਿੰਘ ਦੇ ਕਹਿਣ 'ਤੇ ਕੇਸਰੀ ਰੰਗ ਤਿਰੰਗੇ ਝੰਡੇ ਦੇ ਸਭ ਤੋਂ ਉੱਪਰ ਰੱਖਣ ਦਾ ਭਾਵ ਸਿੱਖ ਕੌਮ ਸਭ ਕੌਮਾਂ ਤੋਂ ਮਹਾਨ ਦਰਸਾਣਾ ਸੀ, ਪਰ ਆਜ਼ਾਦੀ ਪ੍ਰਾਪਤੀ ਤੋਂ ਤੁਰੰਤ ਮਗਰੋਂ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਦੇ ਦਿੱਤਾ ਗਿਆ, ਪਰ ਸਿੱਖਾਂ ਦਾ ਕੇਸਰੀ ਨਿਸ਼ਾਨ ਅੱਜ ਵੀ ਤਿਰੰਗੇ ਝੰਡੇ ਦੇ ਸਭ ਤੋਂ ਉੱਪਰ ਝੂਲ ਕੇ, ਸਿੱਖਾਂ ਨੂੰ ਵੱਖਰੀ ਕੌਮ ਹੋਣ ਦਾ ਸੁਨੇਹਾ ਦੇ ਰਿਹਾ ਹੈ।

? ਜਿਉਂ ਜਿਉਂ ਮੋਰਚਾ ਲੰਬਾ ਹੁੰਦਾ ਜਾ ਰਿਹਾ ਹੈ ਕੇਂਦਰ ਸਰਕਾਰ ਦਾ ਵਤੀਰਾ ਕਠੋਰ ਹੁੰਦਾ ਜਾ ਰਿਹਾ ਹੈ। ਕੀ ਸਿੱਖ ਸਮੱਸਿਆ ਦੀ ਗੱਲ ਕਿਸੇ ਕੰਢੇ ਲੱਗੇਗੀ ?

– ਗੱਲ ਸਪੱਸ਼ਟ ਹੈ :

'ਕੋਊ ਕਿਸੀ ਕੋ ਰਾਜ ਨ ਦੇ ਹੈ॥
ਜੋ ਲੈ ਹੈ ਨਿਜ ਬਲ ਸੇ ਲੈ ਹੈ॥'

ਜੇਕਰ ਸਮੁੱਚੀ ਸਿੱਖ ਕੌਮ ਕੇਸਰੀ ਨਿਸ਼ਾਨ ਹੇਠ ਇਕੱਤਰ ਹੋ ਕੇ ਆਪਣਾ ਨਿੱਜ ਬਲ ਪੈਦਾ ਕਰਦੀ ਹੈ ਤਾਂ ਕੌਮ ਜੋ ਵੀ ਚਿਤਵੇਗੀ, ਮਿਲੇਗਾ। ਮੈਂ ਹਮੇਸ਼ਾ ਸਮੁੱਚੇ ਸਿੱਖ ਜਗਤ ਨੂੰ ਇੱਕ ਝੰਡੇ ਥੱਲੇ ਇਕੱਤਰ ਕਰਨ ਦੀ ਗੱਲ ਕੀਤੀ ਹੈ। ਧਰਮ ਯੁੱਧ ਮੋਰਚੇ ਨੇ ਸਿੱਖਾਂ ਵਿੱਚ ਨਵੀਂ ਰੂਹ ਅਤੇ ਨਵਾਂ ਉਤਸ਼ਾਹ ਪੈਦਾ ਕੀਤਾ ਹੈ। ਜੇਕਰ ਇਹ ਇੱਕ ਮੁੱਠ ਹੋ ਕੇ ਹੰਭਲਾ ਮਾਰਨ ਤਾਂ ਕੋਈ ਵੀ ਮੰਗ ਅਸੰਭਵ ਨਹੀਂ। ਅੱਜ ਲੋੜ ਹੈ :

'ਨਿਸਚੈ ਕਰ ਅਪੁਨੀ ਜੀਤ ਕਰੋਂ'

ਦਾ ਨਾਹਰਾ ਲਾ ਕੇ ਧਰਮ ਯੁੱਧ ਵਿੱਚ ਕੁੱਦਣ ਦੀ। ਬਸ, ਜਿੱਤ ਸਿੱਖ ਕੌਮ ਦੀ ਹੀ ਹੋਵੇਗੀ।

? ਕੁਝ ਲੋਕ ਆਖਦੇ ਹਨ ਕਿ ਅਕਾਲੀ ਦਲ ਨੇ ਇਹ ਮੋਰਚਾ ਖ਼ਾਲਿਸਤਾਨ ਦੀ ਸਥਾਪਨਾ ਲਈ ਲਗਾਇਆ ਹੈ। ਇਹ ਧਰਮ ਯੁੱਧ ਨਹੀਂ, ਕੁਰਸੀ ਯੁੱਧ ਹੈ ?

- ਮੈਂ ਨਹੀਂ ਮੰਨਦਾ। ਸ਼੍ਰੋਮਣੀ ਅਕਾਲੀ ਦਲ ਦੀਆਂ ਸਾਰੀਆਂ ਮੰਗਾਂ ਪੰਜਾਬ ਦੇ ਹਿੱਤ ਵਿੱਚ ਹਨ। ਜੇਕਰ ਪੰਜਾਬ ਖੁਸ਼ਹਾਲ ਹੋਵੇਗਾ ਤਾਂ ਪੰਜਾਬ ਦਾ ਹਿੰਦੂ ਵੀ ਉਸ ਖੁਸ਼ਹਾਲੀ ਵਿੱਚ ਭਾਈਵਾਲ ਹੋਵੇਗਾ। ਪੰਜਾਬ ਦੇ ਹਿੰਦੂ ਨੂੰ ਸੋਚਣਾ ਚਾਹੀਦਾ ਹੈ ਕਿ ਉਸ ਦਾ ਵਪਾਰ ਪਿੰਡ ਦੇ ਕਿਸਾਨਾਂ 'ਤੇ ਨਿਰਭਰ ਕਰਦਾ ਹੈ, ਜੇਕਰ ਉਹ ਜਿਨਸ ਨਹੀਂ ਬੀਜੇਗਾ ਤਾਂ ਉਹ ਮੰਡੀਆਂ ਵਿੱਚ ਕੀ ਲਿਆਵੇਗਾ ? ਮੰਡੀਆਂ ਅਤੇ ਅਗਾਂਹ ਦਾ ਸਾਰਾ ਵਪਾਰ ਹਿੰਦੂ ਭਰਾਵਾਂ ਦੇ ਹੱਥ ਹੈ। ਜੇਕਰ ਪੰਜਾਬ ਦਾ ਕਿਰਸਾਨ ਹੀ ਘਸਿਆਰਾ ਬਣ ਗਿਆ ਤਾਂ ਮੰਡੀਆਂ ਵਿੱਚ ਉਹ ਕੀ ਲਿਆਵੇਗਾ ? ਹਿੰਦੂ ਵੀਰਾਂ ਦਾ ਵਪਾਰ ਵੀ ਤਾਂ ਠੱਪ ਹੋਵੇਗਾ। ਸੋ ਪੰਜਾਬ ਦੀ ਖੁਸ਼ਹਾਲੀ, ਜਿੰਮੀਦਾਰ ਦੀ ਖੁਸ਼ਹਾਲੀ 'ਤੇ ਨਿਰਭਰ ਹੈ।

? ਜੇਕਰ ਮੰਗਾਂ ਸਮੁੱਚੇ ਪੰਜਾਬੀਆਂ ਦੀਆਂ ਹਨ ਤਾਂ ਪੰਜਾਬ ਦਾ ਹਿੰਦੂ ਇਹਨਾਂ ਮੰਗਾਂ ਦੀ ਹਮਾਇਤ ਕਿਉਂ ਨਹੀਂ ਕਰਦਾ ?

- ਇਹ ਗੱਲ ਤੁਸੀਂ ਮੈਨੂੰ ਕਿਉਂ ਪੁੱਛਦੇ ਹੋ, ਜਾ ਕੇ ਹਿੰਦੂਆਂ ਨੂੰ ਕਿਉਂ ਨਹੀਂ ਪੁੱਛਦੇ ? ਗੁਰੂ ਸਾਹਿਬਾਨ ਵੱਲੋਂ ਕੀਤੀਆਂ ਕੁਰਬਾਨੀਆਂ ਨੂੰ ਵੀ ਹਿੰਦੂ ਕੌਮ ਭੁੱਲ ਗਈ ਹੈ। ਅਜੇ ਕਲ੍ਹ ਦੀ ਗੱਲ ਹੈ, ਇੰਦਰਾ ਗਾਂਧੀ ਨੇ ਜਦੋਂ ਐਮਰਜੈਂਸੀ ਲਗਾਈ ਤਾਂ ਰਾਤੋ-ਰਾਤ ਆਪੋਜੀਸ਼ਨ ਪਾਰਟੀਆਂ ਦੇ ਨੇਤਾਵਾਂ ਨੂੰ ਫੜ੍ਹ ਕੇ ਜੇਲ੍ਹਾਂ ਵਿੱਚ ਸੁੱਟ ਦਿੱਤਾ। ਉਹਨਾਂ ਦੀ ਗ੍ਰਿਫ਼ਤਾਰੀ ਵਿਰੁੱਧ ਕਿਸੇ ਨੇ ਕੰਨ ਨਹੀਂ ਫੜਕਿਆ। ਐਮਰਜੈਂਸੀ ਵਿੱਚ ਕਿਸੇ ਸਿੱਖ ਲੀਡਰ ਨੂੰ ਗ੍ਰਿਫ਼ਤਾਰ ਨਹੀਂ ਸੀ ਕੀਤਾ ਗਿਆ। ਸਾਰੇ ਹਿੰਦੂ ਲੀਡਰ ਹੀ ਜੇਲ੍ਹਾਂ ਵਿੱਚ ਸਨ, ਪਰ ਐਮਰਜੈਂਸੀ ਵਿਰੁੱਧ ਮੋਰਚਾ ਲਗਾਇਆ ਸਿੱਖਾਂ ਨੇ। ਐਮਰਜੈਂਸੀ ਵਿੱਚ ਸਿੱਖਾਂ ਦੀ ਕਿਹੜੀ ਨਿੱਜੀ ਮੰਗ ਸੀ ? ਸ਼ਹਿਰੀ ਹੱਕਾ ਦੀ ਬਹਾਲੀ ਉਸ ਸਮੇਂ ਸਮੁੱਚੇ ਦੇਸ਼ ਦੀ ਮੰਗ ਸੀ, ਪਰ ਮੋਰਚਾ ਲਗਾਇਆ ਸਿੱਖਾਂ ਨੇ, ਹੋਰ ਕਿਸੇ ਪਾਰਟੀ ਨੇ ਨਹੀਂ ਲਗਾਇਆ। ਸਿੱਖਾਂ ਨੇ ਨਾ ਕੇਵਲ ਸ਼ਹਿਰੀ ਆਜ਼ਾਦੀਆਂ ਹੀ ਬਹਾਲ ਕੀਤੀਆਂ, ਸਗੋਂ ਹਿੰਦੂ ਲੀਡਰਾਂ ਨੂੰ ਦੇਸ਼ ਦਾ ਰਾਜ ਭਾਗ ਵੀ ਲੈ ਕੇ ਦਿੱਤਾ, ਪਰ ਆਪਸੀ ਫੁਟ ਕਾਰਨ ਉਹਨਾਂ ਰਾਜ ਭਾਗ ਗਵਾ ਲਿਆ।

? ਕੀ ਮੰਗਾਂ ਮੰਨੇ ਜਾਣ ਤਕ ਧਰਮ-ਯੁੱਧ ਮੋਰਚਾ ਜਾਰੀ ਰਹੇਗਾ ?

- ਇਹ ਤਾਂ ਸਮਾਂ ਹੀ ਦੱਸੇਗਾ।

? ਬਾਬਾ ਬਕਾਲਾ ਕਾਂਡ ਅਤੇ ਤਰਨ ਤਾਰਨ ਕਾਂਡ ਪਿੱਛੋਂ ਕੀ ਧਰਮ ਯੁੱਧ ਮੋਰਚੇ ਦੀ ਰੂਪ ਰੇਖਾ ਵਿੱਚ ਤਬਦੀਲੀ ਆਏਗੀ ?

- ਇਹ ਗੱਲ ਮੋਰਚੇ ਦੇ ਡਿਕਟੇਟਰ ਪਾਸੋਂ ਪੁੱਛੋ ? ਮੈਂ ਤਾਂ ਆਪਣੇ ਥਾਂ 'ਤੇ ਖੜ੍ਹਾ ਹਾਂ। ਇਹ ਗੱਲ ਸੰਤ ਲੌਂਗੋਵਾਲ ਦੱਸਣ ਕਿ ਉਹਨਾਂ ਮੋਰਚੇ ਦੀ ਰੂਪ-ਰੇਖਾ ਕੀ ਬਣਾਈ ਹੈ ?

? ਸੰਤ ਜੀ ਇਹ ਦੱਸੋ ਕਿ ਮੋਰਚੇ ਦੀਆਂ ਮੰਗਾਂ ਇੰਨੀਆਂ ਅਹਿਮ ਹਨ ? ਜਿਹਨਾਂ ਲਈ ਸੈਂਕੜੇ ਸਿੰਘ ਸ਼ਹੀਦ ਕਰਵਾਏ ਜਾ ਸਕਦੇ ਹਨ ?

- ਸਿੱਖ ਆਜ਼ਾਦ ਭਾਰਤ ਵਿੱਚ ਗ਼ੁਲਾਮਾਂ ਵਾਲਾ ਜੀਵਨ ਬਤੀਤ ਕਰ ਰਹੇ ਹਨ। ਅਸੀਂ ਆਜ਼ਾਦੀ ਨਾਲ ਜਿਊਣਾ ਚਾਹੁੰਦੇ ਹਾਂ। ਆਜ਼ਾਦੀ ਦੀ ਕੀਮਤ ਤਾਂ ਆਜ਼ਾਦ ਕੌਮਾਂ ਹੀ ਦੱਸ ਸਕਦੀਆਂ ਹਨ। ਜੇਕਰ ਸਿੱਖਾਂ ਨੇ ਅਣਖ-ਇੱਜ਼ਤ ਨਾਲ ਜੀਣਾ ਹੈ ਤਾਂ ਕੁਰਬਾਨੀਆ ਦੇਣੀਆਂ ਹੀ ਪੈਣੀਆਂ ਹਨ।

? ਸੰਤ ਜੀ, ਤੁਸੀਂ ਆਖਦੇ ਹੋ ਕਿ ਸਿੱਖ ਕੌਮ ਇਕਮੁੱਠ ਹੋ ਕੇ ਜੂਝ ਰਹੀ ਹੈ, ਪਰ ਖ਼ਾਲਿਸਤਾਨ ਦੀ ਮੰਗ ਬਾਰੇ ਤੁਹਾਡੇ ਅਤੇ ਸੰਤ ਲੌਂਗੋਵਾਲ ਦੇ ਵਿਚਾਰ ਮੇਲ ਨਹੀਂ ਖਾਂਦੇ। ਜਿੱਥੇ ਸੰਤ ਲੌਂਗੋਵਾਲ ਖ਼ਾਲਿਸਤਾਨ ਦੀ ਉੱਕਾ ਹਮਾਇਤ ਨਹੀਂ ਕਰਦੇ, ਉਥੇ ਤੁਸੀਂ ਇਸ ਮੰਗ ਦਾ ਵਿਰੋਧ ਵੀ ਨਹੀਂ ਕਰਦੇ, ਕਿਉਂ ?

- ਬਿਹਤਰ ਇਹ ਹੋਵੇਗਾ ਕਿ ਇਹ ਪ੍ਰਸ਼ਨ ਲੀਡਰਾਂ ਪਾਸੋਂ ਨਾ ਪੁੱਛਿਆ ਜਾਵੇ ਕਿ ਉਹ ਕੀ ਚਾਹੁੰਦੇ ਹਨ ? ਸਗੋਂ ਆਮ ਸਿੱਖਾਂ ਕੋਲੋਂ ਪੁੱਛੋ ਕਿ ਉਹ ਹੁਣ ਕੀ ਚਾਹੁੰਦੇ ਹਨ ? ਇਸ ਪ੍ਰਸ਼ਨ ਦਾ ਸਹੀ ਉੱਤਰ ਤਾਂ ਤੁਹਾਨੂੰ ਆਮ ਸਧਾਰਨ ਸਿੱਖ ਹੀ ਦੇ ਸਕਦੇ ਹਨ। ਅੱਜ ਹਰ ਸਿੱਖ ਆਪਣੇ ਆਪ ਨੂੰ ਦੂਜੇ ਦਰਜੇ ਦਾ ਸ਼ਹਿਰੀ ਸਮਝ ਰਿਹਾ ਹੈ। ਅੰਮ੍ਰਿਤਧਾਰੀ, ਪੂਰਨ ਗੁਰਸਿੱਖ ਨੂੰ ਭਾਰੀ ਨਫ਼ਰਤ ਨਾਲ ਵੇਖਿਆ ਜਾਂਦਾ ਹੈ। ਉਸਦੇ ਸੁੰਦਰ ਸਰੂਪ, ਬਾਣੇ ਅਤੇ ਰਹਿਤ ਮਰਿਯਾਦਾ ਦੀ ਖਿੱਲੀ ਉਡਾਈ ਜਾਂਦੀ ਹੈ। ਸਿੱਖ ਇਹ ਸਭ ਕੁਝ ਕਿਵੇਂ ਬਰਦਾਸ਼ਤ ਕਰ ਲਵੇ ? ਖ਼ਾਲਿਸਤਾਨ ਭਾਵੇਂ ਸਾਡੀ ਮੰਗ ਨਹੀਂ ਹੈ ਪਰ ਜੇਕਰ ਸਿੱਖਾਂ ਵਿਰੁੱਧ ਸਥਿਤੀ ਇਸ ਤਰ੍ਹਾਂ ਦੀ ਬਣੀ ਰਹੀ, ਤਾਂ ਇਸ ਲਈ ਉਸਦੀ ਸੋਚਣੀ ਵਿੱਚ ਖ਼ਾਲਿਸਤਾਨ ਦੀ ਤਸਵੀਰ ਉਭਰਨ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ।

? ਸੰਤ ਜੀ, ਬਹੁਤ ਲੀਡਰ ਤੁਹਾਨੂੰ ਮਿਲਣ ਘੱਟ ਅਤੇ ਗੁਰੂ ਨਾਨਕ ਨਿਵਾਸ ਵਿੱਚ ਤੁਹਾਡੇ ਵੱਲੋਂ ਲਗਾਈ ਕਥਿਤ ਬੰਬ ਫੈਕਟਰੀ ਵੇਖਣ ਆਉਂਦੇ ਹਨ। ਕੀ ਤੁਸੀਂ ਉਹਨਾਂ ਨੂੰ ਬੰਬ ਫੈਕਟਰੀ ਵਿਖਾਈ ਹੈ ?

- ਹਾਂ ਦਿਖਾਈ ਹੈ। ਮੈਂ ਜੋ ਬੰਬ ਬਣਾਉਂਦਾ ਹਾਂ, ਉਹ ਬੰਬ ਤੁਰਦੇ ਫਿਰਦੇ ਅਤੇ ਬੋਲਦੇ ਚਾਲਦੇ ਹਨ। ਜਿਹੜੇ ਸਿੰਘ ਨੂੰ ਅੰਮ੍ਰਿਤ ਛਕਾਉਂਦਾ ਹਾਂ, ਉਹ ਕੇਂਦਰ ਸਰਕਾਰ ਲਈ ਬੰਬ ਬਣ ਜਾਂਦਾ ਹੈ। ਹਰ ਅੰਮ੍ਰਿਤਧਾਰੀ ਸਿੰਘ ਮੇਰੇ ਲਈ ਬੰਬ ਤੋਂ ਵੱਧ ਸ਼ਕਤੀਸ਼ਾਲੀ ਹੈ ਅਤੇ ਅਜਿਹੇ ਬੰਬ ਬਣਾਉਣ ਦੀ ਪਰੰਪਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸਾ ਸਾਜਣ ਦੇ ਸਮੇਂ ਤੋਂ ਚੱਲੀ ਆ ਰਹੀ ਹੈ। ਸਭ ਤੋਂ ਪਹਿਲਾਂ ਉਹਨਾਂ ਵਿਸਾਖੀ ਦੇ ਦਿਹਾੜੇ ਪੰਜ ਬੰਬ ਤਿਆਰ ਕੀਤੇ ਸਨ, ਉਹ ਜਿਹੇ ਹੀ ਬੰਬ ਮੈਂ ਤਿਆਰ ਕਰਦਾ ਹਾਂ।

? ਜਿਹੜਾ ਵਿਅਕਤੀ ਨੇਕ ਹੈ ਅਤੇ ਪਾਕਿ ਜੀਵਨ ਬਤੀਤ ਕਰਦਾ ਹੈ। ਕਿਸੇ ਨੂੰ ਚੰਗਾ ਮਾੜਾ ਨਹੀਂ ਆਖਦਾ। ਕੀ ਉਸ ਲਈ ਗੁਰਬਾਣੀ ਦਾ ਪਾਠ ਵੀ ਜ਼ਰੂਰੀ ਹੈ ?

- ਬਿਲਕੁਲ ਜ਼ਰੂਰੀ ਹੈ। ਤੁਸੀਂ ਵੇਖਿਆ ਹੋਵੇਗਾ ਕਿ ਉਜਲ ਕੱਪੜੇ ਪਹਿਨੇ ਹਨ, ਚੰਗੀ ਮਾੜੀ ਥਾਂ 'ਤੇ ਵੀ ਨਹੀਂ ਜਾਂਦੇ। ਮਿੱਟੀ ਘੱਟੇ ਤੋਂ ਵੀ ਬਚਦੇ ਹੋ। ਕੱਪੜੇ ਉਤਾਰ ਕੇ, ਕਿੱਲੀ 'ਤੇ ਟੰਗਦੇ ਹੋ, ਫਿਰ ਵੀ ਕੱਪੜਾ ਇੱਕ ਦੋ ਦਿਨ ਵਿੱਚ ਮੈਲਾ ਹੋ ਜਾਂਦਾ ਹੈ। ਉਸ ਮੈਲ ਨੂੰ ਧੋਣ ਲਈ ਤੁਹਾਨੂੰ ਤਰੱਦਦ ਕਰਨਾ ਪਵੇਗਾ। ਨਲਕਾ ਗੇੜ ਕੇ ਜਾਂ ਖੂਹ ਤੋਂ ਪਾਣੀ ਲੈਣਾ ਪਵੇਗਾ। ਫਿਰ ਸਾਬਣ ਲਾ ਕੇ ਉਸਨੂੰ ਹੱਥ ਜਾਂ ਥਾਪੜੀ ਨਾਲ ਕੁੱਟਣਾ ਪੈਂਦਾ ਹੈ। ਫਿਰ ਉਜਲ ਪਾਣੀ ਵਿੱਚ ਨਿਤਾਰ ਨਿਚੋੜ ਕੇ ਉਸ ਨੂੰ ਧੁੱਪੇ ਸੁਕਾਣਾ ਪੈਂਦਾ ਹੈ, ਫਿਰ ਕਿਤੇ ਜਾ ਕੇ ਉਹ ਤੁਹਾਡੇ ਪਹਿਨਣ ਲਾਇਕ ਬਣਦਾ ਹੈ। ਤੁਸੀਂ ਵੇਖਿਆ ਕਿ ਕੱਪੜੇ ਵਿੱਚ ਮੈਲ ਆਪਣੇ ਸੁਤੇ ਸਿੱਧ ਹੀ ਪੈ ਜਾਂਦੀ ਹੈ। ਤੁਹਾਨੂੰ ਪਤਾ ਨਹੀਂ ਲੱਗਦਾ ਕੱਪੜਾ ਕਦੋਂ ਅਤੇ ਕਿਵੇਂ ਮੈਲਾ ਹੋ ਗਿਆ ? ਪਰ ਧੋਣ ਲਈ ਤੁਹਾਨੂੰ ਤਰੱਦਦ ਕਰਨਾ ਪਿਆ ਅਤੇ ਮੈਲੇ ਤੋਂ ਉੱਜਲ ਹੋਣ ਦੀ ਸਾਰੀ ਕਿਰਿਆ ਤੁਸੀਂ ਆਪਣੀ ਅੱਖੀਂ ਵੇਖਦੇ ਹੋ। ਇਹ ਹੀ ਮਨ ਦਾ ਹਾਲ ਹੈ। ਮਨ ਨੂੰ ਕਿੰਨਾ ਵੀ ਤੁਸੀਂ ਬਚਾ ਕੇ ਰੱਖੋ ਇਸ 'ਤੇ ਆਸ-ਪਾਸ ਦੇ ਵਿਸ਼ੇ-ਵਿਕਾਰਾਂ ਦਾ ਅਸਰ ਹੋ ਹੀ ਜਾਂਦਾ ਹੈ। ਇਸ ਨੂੰ ਹਮੇਸ਼ਾ ਗਿਆਨ ਰੂਪੀ ਗੁਰਬਾਣੀ ਨਾਲ ਉੱਜਲ ਰੱਖਿਆ ਜਾ ਸਕਦਾ ਹੈ। ਅਜਿਹਾ ਕੋਈ ਕੱਪੜਾ ਨਹੀਂ ਬਣਿਆ ਜਿਸ 'ਤੇ ਬਾਹਰਲੀ ਮੈਲ ਕੋਈ ਅਸਰ ਨਾ ਕਰਦੀ ਹੋਵੇ ਤੇ ਉਸ ਨੂੰ ਧੋਣ ਦੀ ਲੋੜ ਮਹਿਸੂਸ ਨਾ ਹੁੰਦੀ ਹੋਵੇ।

'ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥'

? ਸੰਤ ਜੀ ਪਿਛਲੀ ਮੁਲਾਕਾਤ ਦੌਰਾਨ ਤੁਸੀਂ ਹਿੰਦੂਆ ਦੇ ਜੰਞੂ ਦੀ ਲੰਬਾਈ ਸੰਬੰਧੀ ਕੁਝ ਬਚਨ ਕੀਤੇ ਸਨ ?

- ਹਾਂ ਮੈਨੂੰ ਯਾਦ ਹਨ।

? ਉਹਨਾਂ ਸ਼ਬਦਾਂ ਦੀ ਜ਼ਰਾ ਵਿਆਖਿਆ ਕਰਨ ਦੀ ਖੇਚਲ ਕਰੋਗੇ ?

- ਉਹਨਾਂ ਸ਼ਬਦਾਂ ਤੋਂ ਮੇਰਾ ਭਾਵ ਇਹ ਸੀ ਕਿ ਅਸੂਲਨ ਤੌਰ 'ਤੇ ਸਰਕਾਰ ਨੂੰ ਕਿਸੇ ਵੀ ਧਰਮ ਦੇ ਚਿੰਨ੍ਹ ਜਾਂ ਸਿਧਾਂਤ ਸੰਬੰਧੀ ਰੋਕ ਜਾਂ ਸੀਮਾ ਨਿਸਚਿਤ ਕਰਨ ਦਾ ਕੋਈ ਅਧਿਕਾਰ ਨਹੀਂ ਹੋ ਸਕਦਾ। ਮੇਰਾ ਭਾਵ ਇਹ ਨਹੀਂ ਸੀ ਕਿ ਹਿੰਦੂਆਂ ਦੇ ਜੰਞੂ ਦੀ ਲੰਬਾਈ ਉੱਤੇ ਪਾਬੰਦੀ ਕਿਉਂ ਨਹੀਂ ਲਗਾਈ ਜਾਂਦੀ, ਸਗੋਂ ਮੈਂ ਇਸ ਗੱਲ 'ਤੇ ਜ਼ੋਰ ਦਿੰਦਾ ਹਾਂ ਕਿ ਸਰਕਾਰ ਦਾ ਕਿਸੇ ਵੀ ਧਰਮ ਦੇ ਧਾਰਮਿਕ ਮਾਮਲਿਆਂ ਵਿੱਚ ਦਖ਼ਲ ਦੇਣ ਦਾ ਕੋਈ ਹੱਕ ਨਹੀਂ ਹੈ।

* * *

ਮੁਲਾਕਾਤ-੪

(ਗੁਰੂ ਨਾਨਕ ਨਿਵਾਸ, ਅੰਮ੍ਰਿਤਸਰ, ੦੨-੦੮-੧੯੮੩)

ਗੁਰੂ ਰੂਪ ਖ਼ਾਲਸਾ ਸਾਧ ਸੰਗਤ ਜੀ, ਇਹ ਇੰਟਰਵਿਊ ੭ ਅਗਸਤ ੧੯੮੩ ਈਸਵੀ ਨੂੰ ਗੁਰੂ ਨਾਨਕ ਨਿਵਾਸ ਦੀ ਸਭ ਤੋਂ ਉਪਰਲੀ ਛੱਤ ਉੱਪਰ ਹੋਈ। ਗਿਆਨੀ ਭਜਨ ਸਿੰਘ ਜੀ ਦਿੱਲੀ ਵਾਲੇ, ਜੋ ਇੱਕ ਪੰਜਾਬੀ ਰਸਾਲੇ ਦੇ ਸੰਪਾਦਕ ਹਨ, ਜਿਹੜਾ ਬੰਬਈ ਤੋਂ ਛਪਦਾ ਹੈ ਨੇ ਸੰਤਾਂ ਪਾਸੋਂ ੪੧ ਪ੍ਰਸ਼ਨ ਪੁੱਛੇ, ਜਿਹਨਾਂ ਦਾ ਉੱਤਰ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਵਿਸਥਾਰ ਸਹਿਤ ਦਿੱਤਾ। ਆਲੇ ਦੁਆਲੇ ਬੈਠੀ ਬੇਅੰਤ ਸੰਗਤ ਸੁਣ ਰਹੀ ਹੈ, ਸੋ ਆਪ ਵੀ ਸੁਣੋ ਤੇ ਹੋਰਨਾਂ ਨੂੰ ਵੀ ਸੁਣਾ ਕੇ ਸਮੇਂ ਦੇ ਜਾਣਕਾਰ ਹੋ ਕੇ, ਹੱਕ ਲਉ।

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

? ਕਿੰਨੇ ਵਜੇ ਸਵੇਰ ਦਾ ਕਾਰਜ ਸ਼ੁਰੂ ਕਰਦੇ ਹੋ। ਅੰਮ੍ਰਿਤ ਵੇਲੇ ਕਿੰਨੇ ਵਜੇ ਉੱਠਦੇ ਹੋ ?

- ਨਾ ਸੌਣ ਦਾ ਟਾਈਮ ਆਂ, ਨਾ ਉੱਠਣ ਦਾ ਟਾਈਮ ਆਂ। ਸੰਗਤ ਦੇ ਵੱਸ ਆ। ਜਦੋਂ ਸੌਣ ਦਿੰਦੀ ਸੌਂ ਜਾਈਦਾ, ਉਠਾ ਦਿੰਦੀ ਉੱਠ ਪੈਨਾਂ। ਨਿੱਤ ਦਾ ਕਰਮ ਆ।

? ਇਹ ਤਾਂ ਅੱਜ ਕੱਲ ਡਿਸਟਰਬ ਹੋਏ ਆ ਨਾ ਪ੍ਰਬੰਧ।

- ਨਹੀਂ ਇਹ ਜਦੋਂ ਦੀ ਦਸਤਾਰਬੰਦੀ ਹੋਈ ਆ, ਮੇਰਾ ਕੰਮ ਈ ਉਦੋਂ ਦਾ ਇਸੇ ਤਰ੍ਹਾਂ ਚੱਲਦਾ। ਜਿਹੜਾ ਆ, ਉਹ ਥੋੜਾ ਜਿਹਾ ਵੱਖਰਾ ਸੀ ਇੱਦੋਂ ਵੱਖਰਾ ਸੀ। ਉਹ ਇਹਨੂੰ ਜ਼ਿਆਦਾ ਪਤਾ, ਇਹ ਔਹ ਬੈਠਾ।

? ਤੁਸੀਂ ਗ੍ਰਿਹਸਤੀ ਜੀਵਨ ਦਾ ਤਿਆਗ ਕਰਕੇ ਦਮਦਮੀ ਟਕਸਾਲ ਦੇ ਮੁਖੀ ਬਣਨਾ ਕਿਸ ਲਈ ਸਵੀਕਾਰ ਕੀਤਾ ? ਤੁਹਾਡਾ ਮੁੱਖ ਨਿਸ਼ਾਨਾ ਕੀ ਆ ?

- ਮੈਂ ਆਪਣੇ ਵੱਲੋਂ ਸਵੀਕਾਰ ਕੀਤਾ ਈ ਨਹੀਂ। ਸੰਗਤ ਨੇ ਗਰੱਸ ਕੇ ਇਥੇ ਮੈਨੂੰ ਲਿਆਂਦਾ। ਪੰਜਾਂ ਪਿਆਰਿਆਂ ਦੇ ਰੂਪ ਵਿੱਚ ਮੈਨੂੰ ਹੁਕਮ ਕੀਤਾ। ਉਸ ਹੁਕਮ ਨੂੰ ਮੰਨ ਕੇ ਮੈਂ ਇਥੇ ਆਇਆਂ। ਮੈਂ ਆਪਣੇ ਆਪ ਨੂੰ ਮਹਿਸੂਸ ਕਰਦਾਂ ਕਿ ਇਸ ਜਗ੍ਹਾ 'ਤੇ ਆਉਣ ਦਾ ਮੈਂ ਅਧਿਕਾਰੀ ਨਹੀਂ ਸੀ , ਪਰ ਪ੍ਰਮੇਸ਼ਰ ਨੇ ਗੰਦਗੀ ਦੇ ਭਰੇ ਹੋਏ ਥੈਲੇ ਨੂੰ :

ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥
ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥

(ਮਾਰੂ ਰਵਿਦਾਸ, ੧੧੦੬)

ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ.....॥

(ਗਉੜੀ ਮ: ੪, ੧੬੭)

ਪਹਿਲੀ ਪੰਗਤੀ ਹੈ,

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ
ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥
ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ
ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥

(ਗਉੜੀ ਮ: ੪, ੧੬੭)

ਨਿਰਗੁਣੁ ਰਾਖਿ ਲੀਆ ਸੰਤਨ ਕਾ ਸਦਕਾ ॥
ਸਤਿਗੁਰਿ ਢਾਕਿ ਲੀਆ ਮੋਹਿ ਪਾਪੀ ਪੜਦਾ ॥

(ਤੁਖਾਰੀ ਮ: ੫, ੧੧੧੭)

ਮੋਹਿ ਨਿਰਗੁਨ ਕਉ ਕੋਇ ਨ ਰਾਖੈ
ਸੰਤਾ ਸੰਗਿ ਸਮਾਵਨਾ ॥

(ਮਾਰੂ ਮ: ੫, ੧੦੧੮)

ਇਸ ਤਰੀਕੇ ਨਾਲ ਆਇਆਂ। ਮੇਰੀ ਆਪਣੀ ਨਾ ਕੋਈ ਕਮਾਈ ਆ, ਨਾ ਕੋਈ ਇੱਛਾ ਸੀ ਤੇ ਮੈਂ ਤਾਂ ਹੁਣ ਵੀ ਆਪਣੇ ਆਪ ਨੂੰ ਇਸ ਪਦਵੀ ਦੇ ਲਾਈਕ ਨਹੀਂ ਸਮਝਦਾ ਤੇ ਸੰਗਤ ਦੀ ਅਸ਼ੀਰਵਾਦ, ਗੁਰੂ ਸਾਹਿਬ ਦੀ ਕਿਰਪਾਲਤਾ, ਬਖ਼ਸ਼ਸ਼, ਉਹਦੇ ਸਦਕੇ ਸੰਗਤ ਦੇ ਜੋੜੇ ਝਾੜ ਰਿਹਾਂ।

? ਕੀ ਤੁਹਾਡੇ ਤੋਂ ਪਹਿਲਾਂ ਭਿੰਡਰਾਂਵਾਲੇ ਜਥੇ ਦੇ ਮੁਖੀ, ਇਸੇ ਤਰ੍ਹਾਂ ਸ਼ਸ਼ਤਰਧਾਰੀ ਹੋਣ ਦੀ ਪ੍ਰੇਰਨਾ ਦਿੰਦੇ ਰਹੇ ਆ ਜਾਂ ਤੁਸੀਂ ਨਵੀਂ ਰੀਤ ਤੋਰੀ ?

- ਦਿੰਦੇ ਰਹੇ, ਦਿੰਦੇ ਹੀ ਨਹੀਂ ਰਹੇ, ਬਲਕਿ ਆਪ ਸ਼ਸ਼ਤਰਧਾਰੀ ਸੀ, ਬਲਕਿ ਇਕੱਲੇ ਸ਼ਸ਼ਤਰਧਾਰੀ ਨਹੀਂ ਸੀ, (ਸਗੋਂ) ਇਸ ਟਕਸਾਲ ਦੇ ਪ੍ਰਮੁੱਖ ਜਥੇਦਾਰ ਬ੍ਰਹਮ ਗਿਆਨੀ ਬਾਬਾ ਦੀਪ ਸਿੰਘ ਸਾਹਿਬ ਜੀ ਸ਼ਹੀਦ ਦਾ ਕਮਰਕੱਸਾ ਵਾ ਮਣ ਦਾ ਸੀ। ਜਿਹਨਾਂ ਦੀਆਂ ਯਾਦਾਂ ਇਸ ਵੇਲੇ ਸ਼ਸ਼ਤਰਾਂ ਦੇ ਰੂਪ ਵਿੱਚ ਤਖ਼ਤਾਂ 'ਤੇ ਸੁਭਾਇਮਾਨ ਹਨ।

? ਤੁਸੀਂ ਅੱਤਵਾਦ ਵਿੱਚ ਨਿਸ਼ਚਾ ਰੱਖਦੇ ਓ ਜਾਂ ਹਿੰਸਾਵਾਦ ਵਿੱਚ ਨਿਸਚਾ ਰੱਖਦੇ ਓ ਜਾਂ ਅਹਿੰਸਾਵਾਦ ਵਿੱਚ ? ਇਸ ਝਗੜੇ ਵਿੱਚ ਤੁਹਾਡੀ ਕੀ ਰਾਇ ਆ ?

- ਸਿੱਖ ਹਿੰਸਾ ਵਿੱਚ ਵਿਸ਼ਵਾਸ਼ ਨਹੀਂ ਰੱਖਦਾ, ਸਿੱਖ ਹਮੇਸ਼ਾਂ ਆਪਣਾ ਹੱਕ ਲੈਣ ਵਿੱਚ ਵਿਸ਼ਵਾਸ਼ ਰੱਖਦਾ।

? ਹੱਕ ਲੈਣ ਲਈ ਉਹ, ਜੇ ਅਹਿੰਸਾ ਠੀਕ ਲੱਗੇ ਤੇ ਅਹਿੰਸਾ 'ਤੇ ਚੱਲੇ ਜੇ ਅਹਿੰਸਾ ਨਾ ਰਾਸ ਆਵੇ, ਫਿਰ ਹਿੰਸਾ 'ਤੇ ਚੱਲੇ ?

- ਇਹ ਤਾਂ ਪ੍ਰਸ਼ਨ ਤੁਹਾਡਾ ਨਾ, ਮੇਰੀ ਰਾਇ ਨਹੀਂ ਨਾ। ਮੇਰੀ ਰਾਇ ਇਹ ਆ, ਭਈ ਜਿਹੜਾ ਸਿੱਖ ਆ, ਉਹ ਹਿੰਸਾ ਵਿੱਚ ਵਿਸ਼ਵਾਸ ਨਹੀਂ ਰੱਖਦਾ, ਨਾ ਹੀ ਹਿੰਸਾ ਨੂੰ ਚੰਗੀ ਸਮਝਦਾ।

ਸਿੱਖ ਅਹਿੰਸਾ ਵਿੱਚ ਵਿਸ਼ਵਾਸ ਰੱਖਦਾ ਤੇ ਆਪਣਾ ਹੱਕ ਲੈਣ ਵਿੱਚ ਯਕੀਨ, ਨਿਸ਼ਚਾ ਰੱਖਦਾ। ਜੇ ਹੱਕ ਲੈਣ ਦਾ ਨਾਂਅ ਈ ਕਿਸੇ ਮਨੁੱਖ ਨੇ ਹਿੰਸਾ ਰੱਖ ਲਿਆ, ਫਿਰ ਇਹ ਉਹਦੀ ਮਰਜੀ। ਪਹਿਲਾਂ ਕਿਸੇ ਨੂੰ ਕੁਝ ਕਹਿੰਦਾ ਨਹੀਂ ਤੇ ਹੱਕ ਲੈਣਾ ਸਿੱਖ ਦਾ ਕਰਮ ਆਂ। ਹਿੰਸਾ ਉਸ ਨੂੰ ਕਿਹਾ ਜਾਂਦਾ, ਜਿਹੜਾ ਪਹਿਲਾਂ ਕਿਸੇ 'ਤੇ ਹੱਥ ਚੁੱਕੇ, ਉਹਦਾ ਨਾਂਅ ਹਿੰਸਾ ਹੁੰਦਾ। ਜਿਹੜਾ ਹੱਕ ਲੈਣਾ ਉਹ ਉਦਮ ਆਂ।

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥

(ਗੂਜਰੀ ਵਾਰ ਮ:੫, ੫੨੨)

? ਤੁਹਾਡੇ ਵਿਚਾਰ ਅਨੁਸਾਰ, ਧਰਮ ਅਤੇ ਸਿਆਸਤ ਦਾ ਕੀ ਰਿਸ਼ਤਾ ? ਕੀ ਸਿੱਖਾਂ ਦਾ ਧਰਮ ਅਤੇ ਸਿਆਸਤ ਅੱਡ-ਅੱਡ ਰੱਖੇ ਜਾ ਸਕਦੇ ਹਨ ?

– ਨਹੀਂ, ਇਹ ਇਕੱਠੇ ਈ ਆ। ਰੱਖੇ ਜਾ ਸਕਦੇ ਸੁਆਲ ਤਾਂ ਉਠਾਉਣਾ ਪੈਂਦਾ ਜੇ ਤਾਂ ਗੁਰੂਆਂ ਨੇ ਇਕੱਠੇ ਨਾ ਕੀਤੇ ਹੋਣ, ਕਿਸੇ ਬੰਦੇ ਨੇ ਕੀਤੇ ਹੁੰਦੇ। ਫਿਰ ਇਹ ਰੱਖੇ ਜਾ ਸਕਦੇ ਤੇ ਕਿੰਤੂ ਪ੍ਰੰਤੂ ਹੋ ਸਕਦਾ ਸੀ। ਇਹ ਇਕੱਠੇ ਈ ਗੁਰੂ ਨੇ ਕੀਤੇ ਆ। ਸਿਆਸਤ ਘੋੜੀ ਆ, ਧਰਮ ਅਸਵਾਰ ਆ। ਗਿਆਨ ਦਾ ਡੰਡਾ ਲੈ ਕੇ ਇਹਦੇ ਉੱਤੇ ਚੜ੍ਹਨਾ, ਚੰਗੀ ਤਰ੍ਹਾਂ ਕੁੱਟ ਕੇ ਪੱਧਰੀ ਚਲਾਉਣਾ, ਹੁਣ ਤੇ ਇਹ ਟਪੂਸੀਆਂ ਲਾਉਂਦੀ ਆ ਨਾ, ਇਹਨੂੰ ਸਿੱਧੀ ਕਰਨਾ ਪੈਣਾ। (ਹਾਸਾ.....)

? ਅੱਛਾ, ਤੁਹਾਡਾ ਨਿਸ਼ਾਨਾ ਧਰਮ ਪ੍ਰਚਾਰ ਆ, ਫਿਰ ਤੁਸੀਂ ਸਰਗਰਮ ਸਿਆਸਤ ਵਿੱਚ ਕਿਸ ਤਰ੍ਹਾਂ ਆ ਗਏ। ਇਸ ਤਬਦੀਲੀ 'ਤੇ ਵਿਸਥਾਰ ਨਾਲ ਚਾਨਣਾ ਪਾਉ ?

– ਇਹ, ਮੈਂ ਸਿਆਸਤ ਵਿੱਚ ਆਇਆ ਹੀ ਨਹੀਂ। ਕੋਈ ਬੰਦਾ ਦੱਸੇ ਮੈਂ ਐਮ.ਐਲ.ਏ. ਦੀ ਇਲੈਕਸ਼ਨ, ਐਮ.ਪੀ. ਦੀ ਇਲੈਕਸ਼ਨ ਲੜਿਆਂ। ਧਰਮ ਦਾ ਪ੍ਰਚਾਰ ਕਰਕੇ, ਅੰਮ੍ਰਿਤ ਛਕਾ ਕੇ, ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਲੜ ਲਾਉਣਾ। ਕੇਸਰੀ ਨਿਸ਼ਾਨ ਸਾਹਿਬ ਥੱਲੇ ਇਕੱਠਾ ਕਰਨਾ। ਅਕਾਲ ਤਖ਼ਤ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਜੀ ਨਾਲ ਜੋੜਨਾ। ਜੇ ਇਹ ਕੰਮ ਸਿਆਸਤ ਦਾ, ਮੈਂ ਪੱਕਾ ਸਿਆਸਤਦਾਨ ਆਂ, ਜੇ ਇਹ ਕੰਮ ਧਰਮ ਦਾ ਤੇ ਮੈਂ ਪੱਕਾ ਧਰਮੀ ਆਂ। ਮੇਰਾ ਕੰਮ ਆਂ, ਨਸ਼ੇ ਛਡਾਉਣੇ, ਰਹਿਤ ਰਖਾਉਣੀ, ਅੰਮ੍ਰਿਤ ਛਕਾਉਣਾ, ਬਾਣੀ ਪੜ੍ਹਾਉਣਾ। ਜਦੋਂ ਸਮਾਂ ਲੱਗਿਆ ਆਪ ਪੜ੍ਹਨੀ। ਹਿੰਦੂ ਪੱਕਾ ਹਿੰਦੂ, ਮੁਸਲਮਾਨ ਪੱਕਾ ਮੁਸਲਮਾਨ, ਸਿੱਖ ਪੱਕਾ ਸਿੱਖ ਬਣੇ, ਇਹ ਪ੍ਰੇਰਨਾ ਕਰਨੀ।

? ਵਿਧਾਨ ਅਨੁਸਾਰ ਰਾਜ ਪ੍ਰਬੰਧ ਧਰਮ ਨਿਰਲੇਪ ਆ। ਕੀ ਤੁਸੀਂ ਇਸ ਸੈਕੂਲਰ ਰਾਜ ਪ੍ਰਬੰਧ ਤੋਂ ਸੰਤੁਸ਼ਟ ਓ ?

– ਭਾਰਤ ਵਿੱਚ ਵਿਧਾਨ ਹੈ ਈ ਨਹੀਂ, ਸਿੱਖਾਂ ਵਾਸਤੇ, ਸਿੱਖਾਂ ਦੀ ਰਾਖੀ ਵਾਸਤੇ.....। ਇਹ ਨਹੀਂ ਕਹਿੰਦਾ ਭਈ ਸਿੱਖਾਂ ਵਾਸਤੇ ਨਹੀਂ। ਸਿੱਖਾਂ ਦੀ ਰਾਖੀ ਵਾਸਤੇ ਵਿਧਾਨ ਨਹੀਂ, ਸਿੱਖਾਂ ਦਾ ਗਲ਼ ਘੁੱਟਣ ਵਾਸਤੇ ਵਿਧਾਨ ਆਂ। ਜਿਹੜੀ ਗਲ਼ ਘੁੱਟਣ ਵਾਲੀ ਚੀਜ਼ ਹੋਵੇ.....?

? ਵਰਤਮਾਨ ਅਕਾਲੀ ਮੋਰਚੇ ਦਾ ਤੁਸੀਂ ਭਿੰਡਰਾਂਵਾਲੇ ਜਥੇ ਵੱਲੋਂ ਮੁੱਢ ਬੰਨਿਆਂ, ਤੁਹਾਡੀਆਂ ਉਸ ਵੇਲੇ ਮੁੱਖ ਮੰਗਾਂ ਕੀ ਸਨ ?

- ਅਰੰਭ ਵਿੱਚ ਅਰਦਾਸ ਕਰਨ ਵੇਲੇ, ਸਿੰਘਾਂ ਦੀ, ਨਿਰਦੋਸ਼ੇ ਸਿੰਘਾਂ ਦੀ, ਸਮੂਹ ਸਿੰਘਾਂ ਦੀ ਰਿਹਾਈ, ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਦਰਜਾ ਕਰਾਰ ਦਿਵਾਉਣਾ, ਇਹ ਸੀ। ਅੱਗੇ ੪ ਅਗਸਤ ਨੂੰ ਮੋਰਚਾ ਇਕੱਠਾ ਹੋਇਆ।

? ਉਹ ਤੇ ਬਾਅਦ ਦਾ ਨਾ ਜੀ, ਇਸ ਤੋਂ ਪਹਿਲਾਂ ਚੰਦੋ ਕਲਾਂ ਤੇ ਚੌਂਕ ਮਹਿਤੇ ਵਿੱਚ ਜੋ ਕਾਂਡ ਵਾਪਰ ਚੁੱਕੇ ਸਨ, ਉਹ ਵੀ ਤੁਹਾਡੇ ਇਸ ਮੋਰਚੇ ਦੀ ਮੰਗ ਸੀ, ਕੋਈ ਉਹਨਾਂ ਨਾਲ ਸੰਬੰਧਤ ਸੀ, ਕਿਉਂਕਿ ਜੋ ਚੰਦੋ ਕਲਾਂ ਦਾ ਕਾਂਡ ਪਹਿਲਾਂ ਹੋ ਚੁੱਕਿਆ ਸੀ। ੨੦ ਸਤੰਬਰ ਨੂੰ ਦਿੱਲੀ 'ਚ ਚੱਲ ਕੇ ਉਥੇ ਜੋ ਸ਼ਹੀਦੀਆਂ ਹੋ ਚੁੱਕੀਆਂ ਸਨ ?

- ਉਹਦੀ ਇਨਕੁਆਰੀ ਚੱਲ ਰਹੀ ਸੀ। ਬਾਕੀ ਅਸੀਂ ਜਿਹੜੀ ਰਿੱਟ ਕੀਤੀ, ਉਹਦੇ 'ਚ ਗੌਰਮੈਂਟ ਨੇ ਰੋਕਿਆ ਹੋਇਆ ਸੀ, ਉਹਦੇ ਸੰਬੰਧ 'ਚ ਮੈਂ ਚੁੱਪ ਸੀ। ਠੀਕ ਆ ਨਾ।

? ਹੁਣ ਸ਼੍ਰੋਮਣੀ ਅਕਾਲੀ ਦਲ ਦੇ ਸੰਭਾਲ ਲੈਣ ਨਾਲ ਰਾਜਸੀ ਮੰਗਾਂ ਦਾ ਵਧੇਰੇ ਚਰਚਾ ਹੋਣ ਲੱਗ ਪਿਆ ? ਕੀ ਤੁਹਾਡੀਆਂ ਧਾਰਮਿਕ ਤੇ ਹੋਰ ਮੰਗਾਂ ਦਾ ਚਰਚਾ ਘੱਟ ਨਹੀਂ ਸੀ ਗਿਆ ? ਗੱਲਬਾਤ ਦੇ ਸੰਦਰਭ ਵਿੱਚ ?

- ਗੱਲਬਾਤ ਦੇ ਸੰਦਰਭ ਵਿੱਚ ਜ਼ਰੂਰ ਘਟਿਆ ਹੋਵੇਗਾ। ਹੋਵੇਗਾ ਨਹੀਂ, ਘਟਿਆ। ਗੱਲਬਾਤ ਦੇ ਟਾਈਮ ਵਿੱਚ ਸੰਘਰਸ਼ ਵਿੱਚ, ਇਹ ਬੋਲਬਾਲਾ ਚਰਚਾ ਦਾ ਘਟਿਆ (ਪਰ) ਜਨਤਾ ਦੇ ਮਨਾਂ ਵਿੱਚ ਵਧਿਆ।

? ਨਕਲੀ ਨਿਰੰਕਾਰੀਆਂ ਨਾਲ ਤੁਹਾਡੇ ਜਥੇ ਦਾ ਟਕਰਾਉ, ਤੁਹਾਡੇ ਮੁਖੀ ਬਣਨ ਪਿੱਛੋਂ ਸ਼ੁਰੂ ਹੋਇਆ ਜਾਂ ਪੁਰਾਣਾ ਚੱਲਦਾ ਆ ਰਿਹਾ ਸੀ ?

- ਇਹ ਪੁਰਾਣਾ ਚੱਲਦਾ ਆ ਰਿਹਾ, ਬਲਕਿ ਕਿਸੇ ਵੀ ਮਨੁੱਖ ਨੇ, ਕਿਸੇ ਵੀ ਟਾਈਮ ਵਿੱਚ, ਦੇਹਧਾਰੀ ਬਣ ਕੇ ਆਪਣੀ ਪੂਜਾ ਕਰਾਉਣ ਦਾ ਯਤਨ ਕੀਤਾ ਆ ਤਾਂ ਇਸ ਟਕਸਾਲ ਨੇ (ਆਪਣੀ) ਅਰੰਭਤਾ ਤੋਂ ਲੈ ਕੇ ਇਸ ਦਾ ਵਿਰੋਧ ਕੀਤਾ। ਜੇ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਕਿਸੇ ਭੁਲੇਖੇ ਵਿੱਚ ਪੂਜਾ ਕਰਾਉਣ ਦੀ ਇੱਛਾ ਕੀਤੀ, ਤਾਂ ਬਾਬਾ ਦੀਪ ਸਿੰਘ ਜੀ ਉੱਠ ਕੇ ਆਏ। ਉਹਦੇ ਤੋਂ ਲੈ ਕੇ ਅਰੰਭ ਆ, ਦੇਹਧਾਰੀ ਪੂਜਾ ਦੇ ਵਿਰੁੱਧ, ਪਰ ਵਿਸ਼ੇਸ਼ ਤੌਰ 'ਤੇ ਜੋ ਨਰਕਧਾਰੀਆਂ ਦਾ, ਇਹ ਸੰਤ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਦੇ ਟਾਈਮ ਤੋਂ ਆਰੰਭ ਆ ਪ੍ਰਚਾਰ ਦੇ ਰੂਪ ਵਿੱਚ। ਟਕਰਾਉ ਦੇ ਰੂਪ ਵਿੱਚ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਤੋਂ ਅਰੰਭ ਹੋਇਆ। ਉਦੋਂ ਪਿੱਛੋਂ ਹੁਣ ਤੱਕ ਜਾਰੀ ਆ ਤੇ ਜਦੋਂ ਤੱਕ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮੁਆਫ਼ੀ ਨਹੀਂ ਮੰਗਦੇ ਤੇ ਭਵਨਾਂ 'ਤੇ ਝੰਡੇ ਨਹੀਂ ਝੁਲਦੇ, ਇਹ ਜਾਰੀ ਰਹੂਗਾ।

? ੧੯੭੮ ਦੀ ਵਿਸਾਖੀ ਨੂੰ ਨਕਲੀ ਨਿਰੰਕਾਰੀਆਂ ਵੱਲੋਂ ਸ਼ਾਂਤਮਈ ਪ੍ਰੋਟੈਸਟ ਕਰਨ ਜਾ ਰਹੇ ਸਿੰਘਾਂ 'ਤੇ ਗੋਲੀ ਚਲਾ ਕੇ ੧੩ ਸਿੰਘ ਸ਼ਹੀਦ ਕਰਨ ਨਾਲ, ਤੁਹਾਡਾ ਸ਼ਾਂਤਮਈ ਤੋਂ ਵਿਸ਼ਵਾਸ਼ ਉੱਠ ਨਹੀਂ ਗਿਆ ?

- ਸ਼ਾਂਤਮਈ ਤੋਂ ਵਿਸ਼ਵਾਸ਼ ਨਹੀਂ ਉਠਿਆ, ਹੱਕ ਲੈਣ ਲਈ ਸ਼ਸ਼ਤਰ ਚੁੱਕ ਲਏ। ਅਰੰਭਤਾ ਸਿੱਖ ਵਾਸਤੇ ਹਮੇਸ਼ਾਂ ਹੀ ਸ਼ਾਂਤਮਈ ਤੋਂ ਆਂ। ਜੇ ਸ਼ਾਂਤਮਈ ਨਾਲ ਕੰਮ ਨਾ ਸੂਤ ਆਵੇ ਤਾਂ ਫਿਰ ਬੀਰਤਾ ਆਉਂਦੀ ਆ ਤੇ ਜਿਹਦੀ ਅਰੰਭਤਾ ਸ਼ਾਂਤਮਈ ਆ, ਤਾਂ ਵਿਸ਼ਵਾਸ਼ ਸਿੱਖ ਦਾ ਟੁੱਟਣਾ ਕਿਵੇਂ ? ਜੇ ਸ਼ਾਂਤਮਈ ਨਾਲ ਕੰਮ ਨਾ ਠੀਕ ਆਵੇ, ਇਹ ਨਹੀਂ ਉਹਦੇ ਤੋਂ ਵਿਸ਼ਵਾਸ ਉੱਠ

ਜਾਂਦਾ, ਇਹਦਾ ਤਿਆਗ ਕਰਕੇ ਦੂਜਾ ਰਸਤਾ ਅਖ਼ਤਿਆਰ ਕਰਨਾ ਪੈਂਦਾ। ਜਿਹੜਾ ਸ਼ਾਂਤਮਈ ਨਾਲ ਨਾ ਸਮਝੇ, ਉਹਨੂੰ ਸਮਝਾਉਣ ਵਾਸਤੇ ਫਿਰ ਇਹ ਜੋਖ਼ਮ ਕਰਨਾ ਪੈਂਦਾ। ਵਿਸ਼ਵਾਸ ਉੱਠਣਾ ਹੋਰ ਚੀਜ਼ ਆ।

? ਇਹ ਠੀਕ ਆ ਕੇ ਅੰਮ੍ਰਿਤਸਰ, ਕਾਨਪੁਰ ਤੇ ਦਿੱਲੀ ਵਿੱਚ ਸਿੰਘਾਂ ਦੀ ਸ਼ਹਾਦਤ ਤੇ ਕਿਸੇ ਕਾਤਲ ਨੂੰ ਸਜ਼ਾ ਨਾ ਮਿਲਣ ਕਾਰਣ, ਆਮ ਸਿੱਖਾਂ 'ਤੇ ਖ਼ਾਸ ਤੌਰ 'ਤੇ ਤੁਹਾਡੇ ਜਥੇ ਦਾ ਵਰਤਮਾਨ ਰਾਜ ਪ੍ਰਬੰਧ ਤੋਂ ਇਨਸਾਫ਼ ਦਾ ਨਿਸਚਾ ਉੱਠ ਗਿਆ ?

- ਇਹ ਕੁਦਰਤੀ ਆ ਜਦੋਂ ਕਿਸੇ ਨੂੰ ਇਨਸਾਫ਼ ਨਾ ਮਿਲੇ ਤਾਂ ਉਹਦਾ ਨਿਸਚਾ ਤੇ ਉੱਠਣਾ ਈ ਆਂ।

? ਸਿੱਖ ਜਗਤ ਤੇ ਨਕਲੀ ਨਿਰੰਕਾਰੀਆਂ ਦਾ ਵਰਤਮਾਨ ਟਕਰਾਉ ਕਦ ਤੱਕ ਚੱਲੇਗਾ, ਕੀ ਇਹ ਟਕਰਾਉ ਖ਼ਤਮ ਹੋ ਸਕਦਾ ?

- ਜਦੋਂ ਤੱਕ ਸ੍ਰੀ ਗੁਰੂ ਗਰੰਥ ਸਾਹਿਬ ਦੀ ਨਿੰਦਿਆਂ ਕਰਨ ਤੋਂ ਨਹੀਂ ਹਟਦੇ, ਤਦੋਂ ਤੱਕ ਚੱਲੇਗਾ ਜੇ ਅਕਾਲ ਤਖ਼ਤ ਸਾਹਿਬ 'ਤੇ ਆਣ ਕੇ ਮੁਆਫ਼ੀ ਮੰਗ ਕੇ ਅੰਮ੍ਰਿਤ ਛਕ ਲੈਣ ਤੇ ਅਕਾਲ ਤਖ਼ਤ ਸਾਹਿਬ ਤੋਂ ਉਹਨਾਂ ਨੂੰ ਮੁਆਫ਼ੀ ਮਿਲ ਜਾਵੇ ਫਿਰ ਖ਼ਤਮ ਈ ਆ। ਉਂਝ ਖ਼ਤਮ ਨਹੀਂ ਹੋ ਸਕਦਾ, ਭਾਵੇਂ?

? ਇਹ ਠੀਕ ਆ ਕਿ ਜਥੇਦਾਰ ਸੰਤੋਖ ਸਿੰਘ ਦਿੱਲੀ ਦੇ ਯਤਨਾਂ ਨਾਲ ਅਜਿਹਾ ਫਾਰਮੂਲਾ ਤਿਆਰ ਹੋ ਗਿਆ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਬੇਨਤੀ ਕਰਕੇ ਨਕਲੀ ਨਿਰੰਕਾਰੀਆਂ ਵਿਰੁੱਧ ਐਕਸ਼ਨ ਵਾਪਸ ਲੈਣ ਦਾ ਯਤਨ ਹੋਇਆ ਸੀ ?

- ਨਹੀਂ ਹੋਇਆ।

? ਤੁਹਾਡੀ ਗਿਆਤ ਵਿੱਚ ਨਹੀਂ ?

- ਨਹੀਂ ਹੈਗਾ, ਪਰ ਇਸ ਤਰ੍ਹਾਂ ਨਹੀਂ ਜਿਵੇਂ ਤੁਸੀਂ ਦੱਸਿਆ ? ਜਥੇਦਾਰ ਦੇ ਉਦਮ ਨਾਲ ਨਿਰੰਕਾਰੀਆਂ ਨੇ ਮੁਆਫ਼ੀ ਮੰਗਣ ਦਾ ਯਤਨ ਕੀਤਾ ਸੀ। ਹੁਕਮਨਾਮਾ ਵਾਪਸ ਲੈਣ ਦਾ ਯਤਨ ਨਹੀਂ ਸੀ ਹੋਇਆ। ਜਥੇਦਾਰ 'ਤੇ ਮੈਂ ਤੁਹਮਤ ਕਿਵੇਂ ਲਾ ਦੇਵਾਂ। ਨਾ ਜਥੇਦਾਰ ਹੁਕਮਨਾਮਾ ਵਾਪਸ ਲੈਣ ਦੇ ਹੱਕ ਵਿੱਚ ਸੀ, ਨਾ ਹੁਕਮਨਾਮੇ ਵਾਪਸ ਹੁੰਦੇ (ਨੇ)। ਇਹ ਜਿਹਨਾਂ ਨੇ ਕੀਤੇ ਉਹਨਾਂ ਨੂੰ ਪੁੱਛੋ। ਹੁਕਮ ਤਾਂ ਇੱਕ ਵਾਰੀ ਜ਼ਬਾਨ 'ਚੋਂ ਨਿਕਲਿਆ ਤੇ ਚੱਲੀ ਜਾਣਾ। ਇਹ ਤੇ ਹੁਣ ਵਾਲੇ ਈ ਆ ਜਿਹੜੇ ਵਾਪਸ ਕਰ ਲੈਂਦੇ ਆ ਘੰਟੇ ਕੁ ਪਿੱਛੋਂ। ਜਿਵੇਂ ਹੁਣ ਕੀਤਾ। ਜਥੇਦਾਰ ਦੇ ਉਦਮ ਨਾਲ?

? ਨਿਰੰਕਾਰੀਆਂ ਨੇ ਮੁਆਫ਼ੀ ਮੰਗਣ ਦਾ ਅਕਾਲ ਤਖ਼ਤ ਸਾਹਿਬ ਤੋਂ ਯਤਨ ਕੀਤਾ ਸੀ ?

- ਕੀਤਾ ਸੀ।

? ਹਾਂ, ਪਰ ਉਸ ਵੇਲੇ ਕੋਈ?

- ਜਥੇਦਾਰ ਸੰਤੋਖ ਸਿੰਘ ਅਤੇ ਜਥੇਦਾਰ ਅਜਨੋਹਾ ਸਾਹਿਬ ਦੇ ਸੱਚਖੰਡ ਗਵਨ ਕਾਰਣ ਉਹ ਵਿੱਚੇ ਰਹਿ ਗਿਆ।

? ਸਾਰੇ ਸਿੱਖ ਵਿਰੋਧੀ ਹਲਕੇ ਤੁਹਾਨੂੰ ਸਰਕਾਰ ਨਾਲ ਮਿਲ ਕੇ ਅੱਤਵਾਦੀ ਕਹਿ ਰਹੇ ਨੇ, ਤੁਸੀਂ ਇਸ ਬਾਰੇ ਕੁਝ ਕਹਿਣਾ ਚਾਹੋਗੇ ? ਕੀ ਤੁਸੀਂ ਇਕਬਾਲ ਕਰਦੇ ਹੋ ਕਿ ਤੁਸੀਂ ਅੱਤਵਾਦੀ ਹੋ ?

- ਹਾਂ, ਮੈਂ ਇਕਬਾਲ ਕਰਦਾ ਹਾਂ ਕਿ ਇਹੋ ਜਿਹਾ ਅੱਤਵਾਦੀ ਹਾਂ, ਜਿਹੋ ਜਿਹੇ ਲੋਕਾਂ ਨੂੰ ਗੌਰਮੈਂਟ ਕਹਿ ਰਹੀ ਆ ਕਿ ਇਹੋ ਜਿਹੇ ਆ। ਅੰਮ੍ਰਿਤ ਛਕਾਉਣਾ, ਬਾਣੀ ਪੜ੍ਹਨੀ ਪੜ੍ਹਾਉਣੀ, ਕੇਸਰੀ ਨਿਸ਼ਾਨ ਸਾਹਿਬ ਥੱਲੇ ਇਕੱਠਿਆ ਕਰਨਾ, ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਲੜ ਲਾਉਣਾ, ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਜੋੜਨਾ। ਹਿੰਦੂ ਪੱਕਾ ਹਿੰਦੂ, ਮੁਸਲਮਾਨ ਪੱਕਾ ਮੁਸਲਮਾਨ, ਸਿੱਖ ਪੱਕਾ ਸਿੱਖ ਬਣੇ। ਆਪਣੇ ਧਰਮਾਂ ਵਿੱਚ ਪੱਕੇ ਰਹਿਣ। ਸਮੂਹ ਨਸ਼ਿਆਂ ਦਾ ਤਿਆਗ ਕਰਾਉਣਾ, ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦੇ ਭਲੇ ਦਾ ਪ੍ਰਚਾਰ ਕਰਨਾ। ਧੀਆਂ ਭੈਣਾਂ ਦੀ ਲੁੱਟੀ ਗਈ ਇੱਜ਼ਤ, ਮਸੂਮਾਂ ਦਾ ਪੀਤਾ ਖੂਨ, ਸ੍ਰੀ ਗੁਰੂ ਗਰੰਥ ਸਾਹਿਬ ਦਾ ਕੀਤਾ ਅਪਮਾਨ, ਇਹਨਾਂ ਲੋਕਾਂ ਤੋਂ ਹੱਕ ਲੈਣ ਵਾਸਤੇ ਪ੍ਰੇਰਨਾ ਕਰਨੀ ਅਤੇ ਆਪ ਹੱਕ ਲੈਣ ਦੇ ਹਰ ਵੇਲੇ ਇੱਛੁਕ ਰਹਿਣਾ। ਇਹੋ ਜਿਹਾ ਕੰਮ ਕਰਨ ਵਾਲਿਆਂ ਦਾ ਨਾਂਅ ਗੌਰਮੈਂਟ ਨੇ ਅੱਤਵਾਦੀ ਰੱਖਿਆ ਤੇ ਜੇ ਇਹੋ ਜਿਹੇ ਬੰਦਿਆਂ ਦਾ ਨਾਂਅ ਅੱਤਵਾਦੀ ਆ ਤੇ ਮੈਂ ਪੱਕਾ ਕੱਟੜ ਅੱਤਵਾਦੀ ਆਂ ਤੇ ਜੇ ਇਹੋ ਜਿਹੇ ਬੰਦਿਆਂ ਦਾ ਨਾਂਅ ਸੱਤਵਾਦੀ ਆ, ਤਾਂ ਮੈਂ ਸੱਤਵਾਦੀ ਆਂ। ਇਹੋ ਜਿਹਾ ਕੰਮ ਕਰਨ ਵਾਲੇ ਨੂੰ ਜੋ ਵੀ ਵਿਰੋਧੀ ਤਾਕਤ ਤੇ ਗੌਰਮੈਂਟ ਤਖੱਲਸ ਦੇਵੇਗੀ, ਉਹ ਮੈਂ ਸਵੀਕਾਰ ਕਰੂੰਗਾ।

? ਜਦੋਂ ਦੀ ਤੁਸੀਂ ਡਾ. ਜਗਜੀਤ ਸਿੰਘ ਚੌਹਾਨ ਨੂੰ ਚਿੱਠੀ ਲਿਖੀ ਆ, ਤੁਹਾਨੂੰ ਕਾਂਗਰਸ ਪਾਰਟੀ ਦੇ ਮੁਖੀ ਤੇ ਫਿਰਕਾਪ੍ਰਸਤ ਮਹਾਸ਼ੇ, ਵੱਖਵਾਦੀ ਕਹਿ ਰਹੇ ਆ ? ਇਸ ਇਲਜ਼ਾਮ ਬਾਰੇ ਤੁਸੀਂ ਕੀ ਕਹਿਣਾ ਚਾਹੋਗੇ ?

- ਜਿਹੜੀ ਗੌਰਮੈਂਟ ਦੇ ਕੋਲੇ ਜਵਾਬ ਈ ਕੋਈ ਨਹੀਂ, ਉਹਦਾ ਮੈਂ ਹੁਣ ਤੁਹਾਨੂੰ ਕੀ ਕਹਾਂ ? ਇਸ ਚਿੱਠੀ ਬਾਰੇ ਮੈਨੂੰ ਕਿਹਾ, ਮੈਂ ਅਖ਼ਬਾਰਾਂ 'ਚ ਖ਼ਬਰ ਦਿੱਤੀ ਸੀ, ਇਹ ਤੁਸੀਂ ਵੀ ਛਾਪ ਦਿਉ, ਉਥੇ ਰਹੇ ਹੋ ਨਾ ਦਿੱਲੀ। ਇਹ ਦਾ ਉੱਤਰ ਦਿਵਾ ਦਿਉ, ਇੰਦਰਾ ਨੂੰ ਪੁੱਛ ਕੇ ਦਿਵਾ ਦਿਉ, ਗਿਆਨੀ ਤੋਂ ਦਿਵਾ ਦਿਉ, ਕਿਸੇ ਹੋਰ ਤੋਂ ਦਿਵਾ ਦਿਉ। ੬ ਦਿਨ ਪਾਰਲੀਮੈਂਟ ਵਿੱਚ ਬਹਿਸ ਵੀ ਹੋਈ ਇਹਦੇ 'ਤੇ, ੬ ਦਿਨ, ਖ਼ਬਰਾਂ ਵੀ ਅਖ਼ਬਾਰਾਂ ਵਿੱਚ ਆਈਆਂ ਨੇ ਭਿੰਡਰਾਂਵਾਲੇ ਨਮਿਤ ਭਈ ਆਹ ਕਰੋ। ਉਹਦਾ ਮੈਂ ੨ ਲਾਈਨਾਂ ਵਿੱਚ ਉੱਤਰ ਦਿੱਤਾ ਸੀ :

'ਇੰਦਰਾ ਜਵਾਬ ਦੇਵੇ' - ਭਿੰਡਰਾਂਵਾਲਾ।

ਕਿਸ ਵਿਧਾਨ ਵਿੱਚ ਲਿਖਿਆ ਕਿ ਸਿੱਖ, ਸਿੱਖ ਨੂੰ ਚਿੱਠੀ ਨਹੀਂ ਪਾ ਸਕਦਾ। ਜੇ ਜਨਸੰਘੀ, ਜਨਸੰਘੀ ਨੂੰ ਪਾ ਸਕਦਾ , ਹਿੰਦੂ, ਹਿੰਦੂ ਨੂੰ ਪਾ ਸਕਦਾ, ਆਰੀਆ ਸਮਾਜੀ, ਆਰੀਆ ਸਮਾਜੀਆਂ ਨੂੰ ਪਾ ਸਕਦਾ। ਕਿਹੜੇ ਵਿਧਾਨ ਵਿੱਚ ਲਿਖਿਆ ਕਿ ਸਿੱਖ, ਸਿੱਖ ਨੂੰ ਚਿੱਠੀ ਨਹੀਂ ਪਾ ਸਕਦਾ ? ਪਹਿਲਾਂ ਤਾਂ ਮੈਨੂੰ ਇਹ ਜਵਾਬ ਦੇਣ। ਬਾਕੀ ਵੱਖਵਾਦੀ ਤੇ ਅੱਤਵਾਦੀ ਦਾ ਉੱਤਰ ਮੈਂ ਫਿਰ ਦੇਵਾਂਗਾ। ਨਾ ਉਹਨਾਂ ਨੇ ਕੋਈ ਦਿੱਤਾ ਮੁੜਕੇ ਤੇ ਨਾ ਮੈਂ ਹੀ ਕੋਈ ਜਵਾਬ ਦਿੱਤਾ। ਉਹ ਵੀ ਚੁੱਪ ਕਰਕੇ ਬਹਿ ਗਏ, ਮੈਂ ਤਾਂ ਬੈਠਾ ਹੀ ਆਂ। ਇੰਦਰਾ ਨੂੰ ਕਿਹੜੇ ਪਾਂਧੇ ਨੇ ਸਮਝਾ ਕੇ ਭੇਜਿਆ ਤੇ ਲਿਖ ਕੇ ਦਿੱਤਾ ਕਿ ਤੂੰ ਚਪਲੀਆਂ ਲਾਹ ਕੇ ਤੇ ਅਮਰੀਕਾ ਨੂੰ ਉੱਠ ਜਾਹ ਕਣਕ ਲੈਣ ਤੇ ਇਥੇ ਪੰਜਾਬ ਦੇ ਸਿੱਖਾਂ ਨੂੰ..... ਤੇ ਜਿਹਦੇ ਕੋਲ ਕਣਕ ਹੁੰਦੀ ਨਹੀਂ, ਉਹਨਾਂ ਨੂੰ ਉਂ ਭੁੱਖੇ ਮਾਰਦੇ, ਮਹਿੰਗੀ ਦਿੰਦੇ ਆ। ਜਿਹਨਾਂ ਕੋਲ ਹੁੰਦੀ ਆਂ, ਉਹਨਾਂ ਤੋਂ ਸਸਤੀ ਖਰੀਦਦੇ ਆ, ਉਹਨਾਂ ਦੀ ਕਣਕ ਵਿਕਦੀ ਨਹੀਂ। ਇਹ ਕਿਹਨੇ ਪੜ੍ਹਾਇਆ ਉਹਨੂੰ ਕਿ ਅਮਰੀਕਾ ਨੂੰ ਜਦੋਂ ਮਰਜੀ

ਉਡ ਜਾਇਆ ਕਰੇ। ਜਿਹੜੇ ਵੱਖਵਾਦੀ ਕਹਿੰਦੇ ਆ ਨਾ ਜਾਂ ਅੱਤਵਾਦੀ ਕਹਿੰਦੇ ਆ, ਇਸ ਪੱਖ ਤੋਂ ਚਿੱਠੀ ਪਾਉਣੀ ਪਈ। ਇਹ ਮੈਨੂੰ ਦੱਸਣ ਕਿ ਕਿੱਥੇ ਲਿਖਿਆ ਸਿੱਖ, ਸਿੱਖ ਨੂੰ ਚਿੱਠੀ ਨਹੀਂ ਪਾ ਸਕਦਾ ? ਫਿਰ ਮੈਂ ਬਾਕੀ ਦੀਆਂ ਗੱਲਾਂ ਦੇ ਜਵਾਬ ਦਿਆਂਗੇ ਨਹੀਂ ਤੇ ਨਹੀਂ ਦਿਆਂਗਾ।

? ਉਹਨਾਂ ਦੇ ਕਹਿਣ ਦਾ ਮਤਲਬ ਤਾਂ ਇਹ (ਹੈ ਕਿ) ਖ਼ਾਲਿਸਤਾਨ ਬਾਰੇ ਭਈ ਤੁਸੀਂ ਉਹਦੀ ਹਮਾਇਤ ਕਰਦੇ ਓ।

– ਇਹ ਤੁਸੀਂ ਮੈਥੋਂ ਪੁੱਛੋ ਨਾ, ਸਵਾਲ ਕੋਈ ਬਣਾ ਕੇ ਪੁੱਛੋ। ਤੁਸੀਂ ਐਡੇ ਜਰਨਲਿਸਟ ਆਂ ਪੁਰਾਣੇ ਤੇ ਸਵਾਲ ਨਹੀਂ ਬਣਾਉਣਾ ਆਉਂਦਾ।

? ਇਹ ਵੀ ਭੰਡੀ ਪ੍ਰਚਾਰ ਹੋ ਰਿਹਾ ਕਿ ਤੁਸੀਂ ਕਾਂਗਰਸੀ ਲੀਡਰਾਂ ਨਾਲ ਮਿਲ ਕੇ ਸੰਘਰਸ਼ ਸ਼ੁਰੂ ਕੀਤਾ। ਕਾਂਗਰਸ ਦੇ ਇੱਕ ਧੜੇ ਨੇ ਜਨਤਾ ਰਾਜ ਵੇਲੇ ਤੁਹਾਡੀ ਮਦਦ ਕੀਤੀ ਤੇ ਕਾਂਗਰਸ ਰਾਜ ਆਉਣ 'ਤੇ ਤੁਹਾਨੂੰ ਦੂਜੇ ਤੇ ਸਰਕਾਰ ਤੇ ਕਾਬਜ਼ ਕਾਂਗਰਸੀ ਧੜੇ ਦੇ ਵਿਰੁੱਧ ਵਰਤਿਆ। ਕੀ ਇਸ ਪ੍ਰਚਾਰ ਦਾ ਕੁਝ ਆਧਾਰ ਹੈ ਜਾਂ ਨਿਰਆਧਾਰ ?

– ਇਹ ਫਜ਼ੂਲ ਹੈ, ਸਰਾਸਰ ਝੂਠ ਆ। ਬਾਕੀ ਜਿਹੜੇ ਕਹਿੰਦੇ ਭਈ ਕਾਂਗਰਸ ਦੇ ਬੰਦੇ ਨੇ ਸਾਡੀ ਮਦਦ ਕੀਤੀ ਆ ਜਾਂ ਅਸੀਂ ਕਾਂਗਰਸ ਦੇ ਕਹਿਣ 'ਤੇ ਖੜ੍ਹੇ ਹੋਏ ਆਂ। ਉਹ ਬੰਦੇ ਮੇਰੇ ਸਾਹਮਣੇ ਲਿਆ ਕੇ ਭੁਗਤਾਉ। ਮੈਂ ਆਜ਼ਾਦ ਖੜ੍ਹਾਂ, ਮੇਰੀ ਮਦਦ ਨਾ ਕਾਂਗਰਸ ਨੇ ਕੀਤੀ ਆ, ਨਾ ਅਕਾਲੀਆਂ ਨੇ ਕੀਤੀ ਆ, ਨਾ ਕਿਸੇ ਹੋਰ ਨੇ, ਮੇਰੀ ਮਦਦ ਕੀਤੀ ਆ ਜਨਤਾ ਨੇ। ਜਨਤਾ ਵਿੱਚ ਕਾਂਗਰਸੀ ਵੀ ਆ ਸਕਦਾ, ਅਕਾਲੀ ਵੀ ਆ ਸਕਦਾ, ਹੋਰ ਵੀ ਸਾਰੇ ਆ ਸਕਦੇ ਆ। ਮੇਰੀ ਮਦਦ ਜਨਤਾ ਨੇ ਕੀਤੀ, ਜਨਤਾ ਨੂੰ ਵੋਟਾਂ ਪਾਉਣ ਦਾ ਅਧਿਕਾਰ ਆ। ਮੇਰੇ ਮਗਰ ਕਾਂਗਰਸ ਨੇ ਵੋਟਾਂ ਪਾਈਆਂ ਜਾਂ ਮੈਂ ਕਾਂਗਰਸ ਦੇ ਮਗਰ ਵੋਟਾਂ ਪਾਈਆਂ ? ਮੈਂ ਸਿਆਸੀ ਇਲੈਕਸ਼ਨ ਲੜਿਆ ਸੀ ਕਿ ਧਰਮ ਦੀ, ਗੁਰਦੁਆਰਿਆਂ ਦੀ ਇਲੈਕਸ਼ਨ ਲੜਿਆ ਸੀ ? ਜੋ ਬੇਨਤੀ ਪੱਤਰ ਦੇ ਰੂਪ ਵਿੱਚ ਵਿਧਾਨ ਇਹਨਾਂ ਦਾ ਛਾਪਿਆ, ਉਦੋਂ ਦਾ ਫਾਰਮੂਲਾ ਆ। ਜਿਵੇਂ ਪੱਤਰ ਦੇ ਰੂਪ ਵਿੱਚ ਹੈਡਿੰਗ ਉਹਦਾ ਹੈ। ਜਿਹਦੇ ਵਿੱਚ ਕਾਫੀ ਪੁਇੰਟ ਲਿਖੇ ਸੀ। ਪਹਿਲਾਂ ਪੁਇੰਟ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਟਿਕਟ ਉਸ ਮਨੁੱਖ ਨੂੰ ਦਿੱਤਾ ਜਾਵੇਗਾ, ਜਿਹਦਾ ਸਾਰਾ ਹੀ ਪਰਿਵਾਰ ਅੰਮ੍ਰਿਤਧਾਰੀ ਹੋਵੇਗਾ ਤੇ ਇਹਦੇ ਸੰਬੰਧ ਵਿੱਚ ਜੇ ਕੋਈ ਮੈਨੂੰ ਅਕਾਲੀ, ਕਾਂਗਰਸੀ ਕਹਿੰਦਾ ਜਾਂ ਕੋਈ ਕਾਂਗਰਸੀਏ ਕਾਂਗਰਸੀ ਕਹਿੰਦੇ ਆ, ਮੈਨੂੰ ਉਹ ਦੱਸਣ ਭਈ ਇਸ ਵਿਧਾਨ ਦੀ, ਬਿਨੈ ਪੱਤਰ ਦੀ ਪਾਲਣਾ ਮੈਂ ਕੀਤੀ ਆ ਜਾਂ ਅਕਾਲੀਆਂ ਤੇ ਕਾਂਗਰਸੀਆਂ ਨੇ ਕੀਤੀ ਆ। ਜਿਹੜਿਆਂ ਬੰਦਿਆਂ ਨੂੰ ਮੈਂ ਟਿਕਟਾਂ 'ਤੇ ਖਲ੍ਹਾਰਿਆ, ਆਜ਼ਾਦ ਟਿਕਟਾਂ 'ਤੇ, ਸੀਟਾਂ 'ਤੇ ਉਹਨਾਂ ਵਿੱਚੋਂ ਕਿੰਨੇ ਬੰਦੇ ਸ਼ਰਾਬ ਪੀਂਦੇ ਸੀ ? ਕਿੰਨਿਆਂ ਦੇ ਕ੍ਰਿਪਾਨਾਂ ਨਹੀਂ ਸੀ ? ਤੇ ਜਿੰਨਿਆਂ ਨੂੰ ਇਹਨਾਂ ਨੇ ਖਲ੍ਹਾਰਿਆ ਸੀ, ਉਹਨਾਂ ਵਿੱਚੋਂ ਕਿੰਨੇ ਬੰਦੇ ਸੀ ਜਿਹੜੇ ਨਹੀਂ ਸੀ ਪੀਂਦੇ ? ਇਹ ਮੈਂ ਨਹੀਂ ਕਹਿੰਦਾ ਕਿ ਸਾਰੇ ਪੀਂਦੇ ਸੀ। ਮੈਂ ਤਾਂ ਇਹ ਪੁੱਛਣਾ ਭਈ ਕਿੰਨੇ ਨਹੀਂ ਸੀ ਪੀਂਦੇ ? ਜਿਹੜੇ ਨਹੀਂ ਸੀ ਪੀਂਦੇ, ਉਹਨਾਂ ਦੀ ਗਿਣਤੀ ਕਰਕੇ ਦੱਸ ਦੇਣ। ਜਿਹੜੇ ਪੀਂਦੇ ਸੀ ਉਹ ਵੀ ਦੱਸ ਦੇਣ ਤੇ ਕਿੰਨੇ ਬੰਦੇ ਜਿਹੜੇ ਕੱਛਾਂ ਮਨਾਈ ਫਿਰਦੇ ਸੀ ਤੇ ਕਿੰਨਿਆਂ ਨੇ ਜਦੋਂ ਇਲੈਕਸ਼ਨ ਜਿੱਤਣ ਤੋਂ ਪਿੱਛੋਂ ਕੱਪੜੇ ਲੁਹਾ ਕੇ ਕੱਛਾਂ ਮੁੰਨੀਆਂ ਵਿਖਾਈਆਂ। ਕਾਂਗਰਸੀ ਮੈਂ ਆਂ ਕਿ ਜਾਂ ਉਹ ਲੋਕ, ਜਿਹੜੇ ਮੈਨੂੰ ਕਹਿੰਦੇ ਆ। ਬ੍ਰਹਮ ਗਿਆਨੀ ਦਾ ਪੁੱਤਰ ਹੋਵੇ, ਐਮ.ਏ. ਪੜ੍ਹਿਆ

ਹੋਵੇ, ਪੰਜ ਬਾਣੀਆਂ ਜਿੱਥੇ ਮਰਜੀ ਸੁਣ ਲਉ। ਸੁਖਮਨੀ ਸਾਹਿਬ ਜਿੱਥੇ ਮਰਜੀ ਸੁਣ ਲਉ, ਹੱਥ ਲਿਖਤ ਬੀੜ ਤੋਂ ਜਿੱਥੋਂ ਮਰਜੀ ਹੁਕਮਨਾਮਾ ਸੁਣ ਲਉ, ਉਹ ਕਾਂਗਰਸੀ ਤੇ ਜਿਹਦੇ ਜਪੁਜੀ ਸਾਹਿਬ ਵੀ ਚੇਤੇ ਨਹੀਂ, ਜਾਪ ਸਾਹਿਬ ਤੇ ਹੋਣਾ ਈ ਨਹੀਂ ਤੇ ਬੋਤਲ ਪੀਤੀ ਤੋਂ ਬਿਨਾਂ ਨੀਂਦ ਨਹੀਂ ਆਉਣੀ, ਡੇਢ ਲੀਟਰ ਨਿੱਤ ਪੀਣੀ, ਉਹ ਅਕਾਲੀ ਆ। ਕੀ ਵੈਰਾਗੀ ਨਹੀਂ ਸੀ ਪੀਂਦਾ ? ਹੁਣ ਨਹੀਂ, ਜਦੋਂ ਇਲੈਕਸ਼ਨ ਲੜੀ ਸੀ ? ਕੀ ਈਸਾਪੁਰ ਨਹੀਂ ਸੀ ਪੀਂਦਾ ? ਕਿੰਨੇ ਬੰਦੇ ਹੁਣ ਫੜਾਵਾਂ ਮੈਂਬਰ, ਸ਼ਰਾਬ ਪੀਂਦੇ ਦੱਸੋ ? ਕੀ ਸਜ਼ਾ ਦਿਉਗੇ ? ਆਹ ਇੱਕ ਹੋਰ ਵੀ ਲੈ ਜਾ ਲਕੀਰ ਜਿਹੀ। ਕੀ ਜਿਹੜੇ ਕਹਿੰਦੇ ਸੀ ਕਿ ਇਹ ਕਾਂਗਰਸੀ ਆ, ਅੱਜ ਉਹ ਕਹਿੰਦੇ ਆ ਇਹਦੇ ਵਰਗਾ ਕੱਟੜ ਅਕਾਲੀ ਨਹੀਂ, ਇਹ ਕੀ ਕਾਰਨ ਆਂ ? ਮੋਰਚਾ ਮੈਂ ਅਪਣਾਇਆ ਅਕਾਲੀਆਂ ਦਾ ਕਿ ਅਕਾਲੀਆਂ ਨੇ ਮੇਰਾ ਮੋਰਚਾ ਅਪਣਾਇਆ। ਜੇ ਮੇਰਾ ਮੋਰਚਾ ਅਪਣਾਇਆ ਤੇ ਫਿਰ ਜਾਂ ਤਾਂ ਉਹ ਅਕਾਲੀ ਕਹਿਣ ਤੇ ਜੇ ਕਾਂਗਰਸੀ ਕਹਿਣਗੇ ਫਿਰ ਕਾਂਗਰਸੀਆਂ ਦਾ ਮੋਰਚਾ ਕਿਉਂ ਅਪਣਾਇਆ ਤੇ ਤੁਹਾਨੂੰ ਫਿਰ ਲੈ ਲਿਆ ਇਹਨਾਂ ਨੇ। (ਹਾਸਾ.....) ਜੇ ਨਹੀਂ ਤੇ ਤੁਹਾਡੀ ਬਾਬਤ ਈ ਮੈਨੂੰ ਕਾਂਗਰਸੀ ਕਹਿਣ ਲੱਗੇ ਆ ਨਾ (ਕਿਉਂਕਿ) ਮੈਂ ਸੰਤੋਖ ਸਿੰਘ ਨਾਲ ਯਾਰੀ ਰੱਖਦਾ ਸੀ ਤੇ ਤੁਸੀਂ ਉਹਦੇ ਸੈਕਟਰੀ ਸੀ ਤੇ ਤੁਹਾਨੂੰ ਇਹਨਾਂ ਨੇ ਕਿਵੇਂ ਲੈ ਲਿਆ ਫਿਰ ਹੁਣ।

? ਮੇਰਾ ਸੁਆਲ ਆ ਜੀ ਅਗਲਾ ਕਿ ਇੱਕ ਇਲਜ਼ਾਮ ਲੱਗਦਾ ਕਿ ਜਥੇਦਾਰ ਸੰਤੋਖ ਸਿੰਘ ਤੁਹਾਨੂੰ ਕਾਂਗਰਸ ਦੇ ਨੇੜੇ ਲਿਜਾਣ ਲਈ, ਤੁਹਾਡੇ ਨੇੜੇ ਆਇਆ ਸੀ। ਜਥੇਦਾਰ ਸੰਤੋਖ ਸਿੰਘ ਬਾਰੇ ਤੁਹਾਡੀ ਕੀ ਰਾਇ ਆ ?

- ਜਥੇਦਾਰ ਸੰਤੋਖ ਸਿੰਘ ਬਾਰੇ, ਦੂਜਿਆਂ ਦਾ ਤੇ ਮੈਨੂੰ ਪਤਾ ਨਹੀਂ, ਮੇਰੀ ਰਾਇ ਆ ਕਿ ਉਹ ਸਿੱਖੀ ਖ਼ਿਆਲਾਂ ਦਾ ਸੀ। ਸਿੱਖੀ ਨੂੰ ਵਧਾਉਣ ਵਾਸਤੇ ਨੀਤੀ ਦਾ ਹਰ ਪੱਖ ਉਹ ਅਪਣਾਉਂਦਾ ਸੀ। ਮਜ਼ਲੂਮ ਦੀ ਰੱਖਿਆ ਦਾ ਇੱਛੁਕ ਸੀ। ਖਾਸ਼ ਕਰਕੇ ਨਰਕਧਾਰੀਆਂ ਦੇ ਕਾਂਡ ਵਿੱਚ, ਜਿੰਨਾ ਰੋਲ ਉਸ ਮਨੁੱਖ ਨੇ ਚੜ੍ਹਦੀ ਕਲਾ ਵਾਸਤੇ, ਸਿੱਖ ਪੰਥ ਦੀ ਵਾਸਤੇ, ਅਦਾ ਕੀਤਾ, ਹੋਰਨਾਂ ਨੇ ਵੀ ਕੀਤਾ ਹੋਊ, ਮੈਂ ਕਿਸੇ ਦੀ ਨਿੰਦਿਆਂ ਨਹੀਂ ਕਰਦਾ, ਪਰ ਮੇਰੀ ਨਿਗ੍ਹਾ 'ਚ ਘੱਟ ਹੈਗੇ ਆ। ਜਿੰਨਾ ਉਹਨੇ ਪਿਆਰ ਦਾ.....। ਇੱਕੋ ਇੱਕ ਸੰਤੋਖ ਸਿੰਘ ਸੀ, ਜਿਹਨੇ ਆਪਣੀ ਮੌਜੂਦਗੀ ਵਿੱਚ ਦਿੱਲੀ ਦੇ ਸਾਰੇ ਗੁਰਦੁਆਰਾ ਸਾਹਿਬਾਨਾਂ ਦੇ ਨਾਲ ਜਗ੍ਹਾ ਲੈ ਕੇ ਦਿੱਤੀ ਆ। ਅੱਜ ਦਾ ਕੋਈ ਇੱਕ ਮੀਟਰ ਵੀ ਲੈ ਕੇ ਦਿਖਾਵੇ ਉਥੇ। ਉਹਨੇ ਏਕੜਾਂ ਦੇ ਹਿਸਾਬ ਨਾਲ ਲਈ ਆ। ਬਾਕੀ ਇੱਕੋ ਇੱਕ ਉਹ ਮਨੁੱਖ ਸੀ ਜਿਹਨੇ। ਭਾਵੇਂ ਉਹਨੂੰ ਅੜੀਅਲ ਕਹਿੰਦੇ ਸੀ, ਕੋਈ ਕਾਂਗਰਸ ਦਾ ਏਜੰਟ ਕਹਿੰਦਾ ਸੀ, ਕੋਈ ਇੰਦਰਾ ਦਾ ਪੁੱਤ ਕਹਿੰਦਾ ਸੀ, ਕੋਈ ਕੁਝ ਕਹਿੰਦਾ ਸੀ, ਜੋ ਮਰਜ਼ੀ ਕਹਿਣ, ਪਰ ਮੈਂ ਸਮਝਨਾ ਭਈ ਜਿਹੜਾ ਭਵਨ ਉਹਨੇ ਬੰਦ ਕਰਾਇਆ ਨਰਕਧਾਰੀਆਂ ਦਾ, ਉਹ ਇੱਕ ਉਹਦੀ ਬਦੌਲਤ ਹੀ ਸੀ। ਆਹ ਜਿਹੜੇ ਅੱਖਰ (ਸ਼ਬਦ) ਲਿਖਣ ਲੱਗੇ, ਇੱਕ ਅੱਖਰ ਪਹਿਲਾਂ ਲਿਖ ਲੈਣਾ। ਸ਼ਹੀਦਾਂ ਦੀ ਅਤੇ ਉਹਦੇ ਉੱਦਮ ਦੀ, ਸ਼ਹੀਦਾਂ ਦੇ ਖ਼ੂਨ ਦੀ ਅਤੇ ਉਹਦੇ ਉਦਮ ਦੀ (ਬਦੌਲਤ)। ਬਾਕੀ ਝਗੜੇ ਹੋ ਸਕਦੇ ਆ, ਕਈਆਂ ਗੱਲਾਂ ਦੇ ਪੈ ਸਕਦੇ ਆ। ਵੱਧ ਘੱਟ ਵੀ ਹੋ ਸਕਦੇ ਆ। ਠੀਕ ਆ ਨਾ।

? ਮੇਰੇ ਸਵਾਲ ਦਾ ਦੂਜਾ ਪੋਰਸ਼ਨ ਸੀ ਜੀ, ਕੀ ਕਦੇ ਤੁਹਾਨੂੰ ਜ: ਸੰਤੋਖ ਸਿੰਘ ਨੇ ਕਾਂਗਰਸ ਜਾਂ ਕਾਂਗਰਸ ਸਰਕਾਰ ਦੇ ਨੇੜੇ ਲਿਜਾਣ ਦੀ ਤੁਹਾਡੇ ਨਾਲ ਕਦੇ ਗੱਲ ਕੀਤੀ ?

– ਨਹੀਂ, ਮੇਰੇ ਨਾਲ ਸਰਕਾਰ ਦੇ ਨੇੜੇ ਜਾਣ ਦੀ (ਗੱਲ) ਕਦੇ ਨਹੀਂ ਹੋਈ, ਗੁਰਬਾਣੀ ਪੜ੍ਹ ਕੇ, ਸੰਗਤ ਦੇ ਨੇੜੇ ਲਿਜਾਣ ਦੀਆਂ ਤਾਂ ਵਿਚਾਰਾਂ ਹੁੰਦੀਆਂ ਰਹੀਆਂ। ਰਹਿਤ ਮਰਿਯਾਦਾ ਦੇ ਸੰਬੰਧ ਵਿੱਚ ਵਿਚਾਰਾਂ ਹੁੰਦੀਆਂ ਰਹੀਆ। ਇਸ ਅਸਥਾਨ 'ਤੇ, ਕਮਰੇ ਦਾ ਨੰਬਰ ਤਾਂ, ਥੱਲੇ ਦਫ਼ਤਰ ਦਾ ਮੈਂ ਭੂਲ ਗਿਆਂ, ਜਿੱਥੇ ਮੈਨਜਰ ਬੈਠਾ ਹੁੰਦਾ, ਉਹਦਾ ਕਿੰਨਾ ਨੰਬਰ ਆ ਜਿਹੜਾ ਸਾਹਮਣੇ ਐਸ ਪਾਸੇ ਆ, ਨਾਨਕ ਨਿਵਾਸ ਵਿੱਚ, ਲਿਖ ਲਾ। ਇਥੇ ਜਥੇਦਾਰ ਸੰਤੋਖ ਸਿੰਘ ਤੇ ਉਹਦੇ ਘਰੋਂ ਬੀਬੀ ਜਥੇਦਾਰਨੀ, ਉਹਨਾਂ ਦਾ ਮੇਰੇ ਨਾਲ ਇਥੇ ਮਿਲਾਪ ਹੋਇਆ ਸੀਗਾ, ਜਦੋਂ ਗੁਰਬਚਨਾ ਗੱਡੀ ਚੜ੍ਹਿਆ। ਉਦੋਂ ਮੈਂ ਉਹਨੂੰ ਪੁੱਛਿਆ ਸੀ ਭਈ ਤੂੰ ਕਾਂਗਰਸ ਨਾਲ ਕਿਉਂ ਗਿਆਂ ? ਤੂੰ ਇੰਨੇ ਕੱਟੜ ਸੁਭਾਅ ਦਾਂ, ਇਹ ਤੇਰਾ ਕਾਰਨ ਕੀ ਆ ? ਉਹਨੇ ਮੈਨੂੰ ਕਿਹਾ ਸੀਗਾ, ਭਈ ਮੇਰਾ ਇੱਕੋ ਕਾਰਨ ਆਂ। ਮੈਂ ਅਕਾਲੀ ਲੀਡਰਾਂ ਨੂੰ ਸਾਰਿਆਂ ਨੂੰ, ਲੌਂਗੋਵਾਲ ਜੀ ਨੂੰ, ਬਾਦਲ ਨੂੰ, ਤਲਵੰਡੀ ਨੂੰ, ਟੌਹੜੇ ਨੂੰ, ਬਰਨਾਲੇ ਨੂੰ, ਬਲਵੰਤ ਸਿੰਘ ਨੂੰ, ਇਹਨਾਂ ਸਾਰਿਆਂ ਨੂੰ ਬੇਨਤੀ ਕੀਤੀ ਤੇ ਹੁਣ ਤੁਹਾਡੇ ਕੋਲੇ ਵੀ ਕਰਦਾਂ, ਤੁਸੀਂ ਜਿੰਮੇਵਾਰੀ ਚੁੱਕ ਲਉ ਕਿ ਪੰਜਾਬ ਵਿੱਚ ਇਹ ਇਕੱਲੇ ਇਲੈਕਸ਼ਨ ਲੜਨ ਤੇ ਮੈਂ ਉਥੇ ਸਰਕਾਰ ਨੂੰ ਛੱਡ ਕੇ ਤੇ ਅਕਾਲੀ ਦਲ ਦੇ ਨਾਂਅ 'ਤੇ ਇਕੱਲਾ ਲੜੂੰਗਾ। ਚਾਹੇ ਜਿੱਤਾਂ, ਚਾਹੇ ਹਾਰਾਂ, ਚਾਹੇ ਕੁੱਟ ਪਵੇ, ਚਾਹੇ ਕੁਝ ਹੋਵੇ ਤੇ ਜੇ ਰਲ਼ ਕੇ ਲੜਨੀ ਆਂ ਤੇ ਫਿਰ ਰਲ਼ੋ ਉਹਦੇ ਨਾਲ, ਜਿਹਦੇ ਨਾਲ ਲਾਭ ਆ। ਕਾਂਗਰਸੀ ਚੰਗੇ ਮਾੜੇ, ਕੋਈ ਨਾ ਕੋਈ, ਉਹਨਾਂ ਵਿੱਚ ਅੱਧ-ਪਚੱਧ, ਕੋਈ ਇੱਕ ਅੱਧਾ, ਗੁਰੂ ਨੂੰ ਤੇ ਮੰਨਦਾ ਨਾ ਮਾੜਾ ਮੋਟਾ। ਇਹ ਰਲ਼ਦੇ ਜਨਸੰਘੀ ਤੇ ਕਮਿਊਨਿਸਟਾਂ ਨਾਲ ਜਿਹੜੇ ਗੁਰੂ ਨੂੰ ਸਵੇਰੇ ਉੱਠ ਕੇ ਵੀ ਗਾਲ਼ਾਂ ਕੱਢਦੇ ਤੇ ਸ਼ਾਮ ਨੂੰ ਵੀ। ਮੈਂ ਆਨਾਂ ਜੇ ਰਲ਼ ਕੇ ਇਲੈਕਸ਼ਨ ਲੜਨੀ ਆਂ ਤੇ ਕਾਂਗਰਸ ਨਾਲ ਲੜ ਲਉ ਤੇ ਜੇ ਇਕੱਲੇ ਲੜੋਂਗੇ ਤੇ ਮੈਂ ਵੀ ਉਥੇ ਇਕੱਲਾ ਲੜਦਾਂ। ਹੁਕਮ ਤੁਹਾਡਾ ਮਨੂੰਗਾ ਇਥੋਂ। ਇਹ ਗੱਲ ਮੰਨਣ ਨੂੰ ਇਹ ਨਹੀਂ ਤਿਆਰ, ਇਹ ਆਂਦੇ ਪੰਜਾਬ ਵਿੱਚ ਸਾਡਾ ਜਨਸੰਘੀਆਂ ਤੇ ਕਮਿਊਨਿਸਟਾਂ ਬਿਨਾਂ ਨਹੀਂ ਸਰਦਾ ਤੇ ਮੈਂ ਇਹਨਾਂ ਨੂੰ ਕਹਿੰਨਾ ਦਿੱਲੀ 'ਚ ਮੇਰਾ ਕਾਂਗਰਸ ਬਿਨਾਂ ਨਹੀਂ ਸਰਦਾ। ਰੌਲਾ ਸਾਡਾ ਸਿਰਫ਼ ਇੰਨਾ। ਇਹ ਜਨਸੰਘੀ ਤੇ ਕਮਿਊਨਿਸਟਾਂ ਨੂੰ ਨਹੀਂ ਛੱਡਦੇ ਤੇ ਮੈਂ ਦਿੱਲੀ 'ਚ ਕਾਂਗਰਸ ਨੂੰ ਇਸ ਵਾਸਤੇ ਨਹੀਂ ਛੱਡਦਾ, ਕਿਉਂਕਿ ਇਥੇ ਇਹਨਾਂ ਨੂੰ (ਇਹਨਾਂ ਨਾਲ ਫਾਇਦਾ)। ਇਹ ਉਹਨਾਂ ਲੋਕਾਂ ਨਾਲ ਯਾਰੀ ਪਾ ਕੇ ਤੁਰ ਰਹੇ ਆ, ਜਿਹੜੇ ਲੋਕ ਹਰ ਵੇਲੇ ਗੁਰੂ ਗਰੰਥ ਸਾਹਿਬ ਨੂੰ ਗਾਲ਼ਾਂ ਕੱਢਦੇ, ਸਿੱਖੀ ਦੀ ਧੌਣ 'ਤੇ ਗੋਡਾ ਰੱਖਣਾ ਚਾਹੁੰਦੇ ਆ। ਇਹ ਮੇਰੇ ਕੋਲ ਉਹਨੇ ਕਿਹਾ ਸੀ ਤੇ ਮੈਂ ਲੀਡਰਾਂ ਨੂੰ ਪੁੱਛਿਆ ਸੀ। ਲੀਡਰ ਇਸ ਗੱਲ 'ਤੇ ਮੇਰੇ ਆਖੇ ਨਹੀਂ ਸੀ ਲੱਗੇ ਤਾਂ ਮੈਂ ਸੰਤੋਖ ਸਿੰਘ ਦੇ ਬਹੁਤਾ ਨੇੜੇ ਰਿਹਾਂ। ਮੈਂ ਸੱਚ ਨੂੰ ਅਪਣਾਇਆ।

? ਕੀ ਤੁਸੀਂ ਸ਼੍ਰੋਮਣੀ ਅਕਾਲੀ ਦਲ ਦੀਆਂ ਸਭ ਮੰਗਾਂ ਨਾਲ ਸਹਿਮਤ ਹੋ ? ਸਮਝੌਤੇ ਦੀ ਕਦੇ ਕਦੇ ਚੱਲਦੀ ਗੱਲਬਾਤ ਬਾਰੇ ਤੁਹਾਡਾ ਕੀ ਪ੍ਰਤੀਕਰਮ ਆਂ ?

- ਉਹਦੇ ਬਾਰੇ ਇਹ ਹੈ ਕਿ ਦਿੱਲੀ ਵਿੱਚ ਜਾ ਕੇ ਗੱਲ ਕਰਨ ਵਿੱਚ ਈ ਮੈਂ ਸਹਿਮਤ ਨਹੀਂ। ਮੁੱਢ ਤੋਂ ਹੀ, ਉਥੇ ਜਾ ਕੇ ਗੱਲ ਕਰਨ ਵਿੱਚ ਨਾ ਸਹਿਮਤ ਹੋਣ ਦਾ ਮੁੱਖ ਕਾਰਨ ਇਹ ਆ ਕਿ ਇਸ ਗੱਲਬਾਤ ਤੋਂ ਪਹਿਲੋਂ ਤਿੰਨ ਵੇਰਾਂ ਲੀਡਰ ਉਥੇ ਜਾ ਕੇ ਸਮਝਾ ਆਏ ਆ, ਦੱਸ ਆਏ ਆ ਕਿ ਸਾਡੀਆਂ ਆਹ ਮੰਗਾਂ, ਸਾਡੇ ਆਹ ਹੱਕ ਆ, ਆਹ ਅਸੀਂ ਚਹੁਨੇ ਆਂ, ਪਰ ਉਹਨਾਂ ਨੇ ਇਸਨੂੰ ਫਿਰਕੂ ਰੰਗ ਦੇ ਕੇ, ਫਿਰਕਾ ਪ੍ਰਸਤੀ ਦਾ ਰੰਗ ਦੇ ਕੇ ਤੇ ਲੋਕਾਂ ਵਿੱਚ ਸਿੱਖ ਕੌਮ ਨੂੰ ਬਦਨਾਮ ਕਰਨ ਵਾਸਤੇ ਭਾਰੀ ਸਾਜ਼ਿਸ਼ਾਂ ਰਚੀਆਂ ਤੇ ਤਿੰਨ ਵੇਰਾਂ ਸਪਸ਼ਟੀਕਰਨ ਦੇਣ ਦੇ ਬਾਵਜੂਦ ਵੀ ਜੇ ਉਹਨਾਂ ਨੂੰ ਸਾਡੇ 'ਤੇ ਯਕੀਨ ਨਹੀਂ ਤੇ ਪੁਨਾ ਪੁਨਾ ਉਥੇ ਜਾ ਕੇ ਯਕੀਨ ਦਿਵਾਉਣਾ ਕਿੱਥੋਂ ਦੀ ਸਿਆਣਪ ਆ ? ਅਸੀਂ ਆਪਣਾ ਇੱਕ ਸਪਸ਼ਟੀਕਰਨ ਦੇ ਦਿੱਤਾ, ਤਿੰਨ ਵੇਰਾਂ ਦੇ ਦਿੱਤਾ। ਹੁਣ ਉਹਨਾਂ ਤੋਂ ਪੁੱਛੋ, ਉਹਨਾਂ ਦਾ ਹੱਕ ਬਣਦਾ, ਇਥੇ ਆ ਕੇ ਗੱਲ ਕਰਨੀ ਤਾਂ ਕਰਨ, ਨਹੀਂ ਕਰਨੀ ਤਾਂ ਨਾ ਕਰਨ। ਮੰਗਾਂ ਜਿਹੜੀਆਂ ਉਹਨਾਂ ਨਾਲ ਮੈਂ ਸਹਿਮਤ ਆਂ। ਵੈਸੇ ਮੈਂ ਮੰਗ ਦੇ ਤੇ ਹੱਕ ਵਿੱਚ ਨਹੀਂ, ਹੱਕ ਦੇ ਹੱਕ ਵਿੱਚ ਆਂ। ਨਾ ਮੈਂ ਕਦੇ ਕਿਹਾ ਈ ਆ ਸਟੇਜ ਤੋਂ ਕਿ ਮੈਂ ਮੰਗਾਂ.....।

? ਇੱਕ ਸਾਲ ਦੇ ਮੋਰਚੇ ਦੀਆਂ ਪ੍ਰਾਪਤੀਆਂ ਕੀ ਆ ?

- ਮੈਂ ਤਾਂ ਦੋ ਤਿੰਨ ਮੁੱਖ ਪ੍ਰਾਪਤੀਆਂ ਸਮਝਨਾ। ਸਭ ਤੋਂ ਪਹਿਲੀ ਪ੍ਰਾਪਤੀ ਚਾਹੇ ਕਿਸੇ ਵੀ ਢੰਗ ਨਾਲ ਆ (ਉਹ) ਪੰਥਕ ਏਕਤਾ ਦੀ ਆ। ਇਹ ਮੈਂ ਸਮਝਨਾ, ਚਾਹੇ ਟੁੱਟੀ ਫੁੱਟੀ ਆ, ਚਾਹੇ ਪੂਰੀ ਆ, ਜਨਤਾ ਦੀ ਨਿਗ੍ਹਾ ਵਿੱਚ ਹੈ। ਦੂਜੀ ਇਹਦੇ ਨਾਲੋਂ ਵੀ ਵੱਡੀ ਪ੍ਰਾਪਤੀ ਮੈਂ ਸਮਝਨਾ, ਜਿਹੜਾ ਸਿੱਖ ਕੌਮ ਨੂੰ ਇਹ ਅਹਿਸਾਸ ਹੋ ਗਿਆ ਕਿ ਅਸੀਂ ਗ਼ੁਲਾਮ ਆਂ ਜਾਂ ਫਿਰ ਤਿਆਰੀ ਆਪਣੇ ਹੱਕ ਲੈਣ ਦੀ, ਇਹ ਵੱਡੀ ਪ੍ਰਾਪਤੀ ਮੈਂ ਇੱਕੋ ਸਮਝੀ ਆ।

? ਸਿੱਖਾਂ ਦੇ ਸੰਬੰਧਾਂ ਬਾਰੇ ਬੜੀ ਮਾੜੀ ਚਰਚਾ ਚੱਲ ਪਈ ਆ, ਇਸ ਖਿੱਚੋਤਾਣ ਦੇ, ਤੁਹਾਡੀ ਦ੍ਰਿਸ਼ਟੀ ਵਿੱਚ ਕਾਰਨ ਕੀ ਆ ? ਕਿਸ ਤਰ੍ਹਾਂ ਹਿੰਦੂ ਸਿੱਖ ਏਕਤਾ ਬਚਾਈ ਜਾ ਸਕਦੀ ਆ, ਤੁਸੀਂ ਇਸ ਬਾਰੇ ਕੀ ਸੋਚਦੇ ਓ ?

- ਇਹਦੇ ਕਾਰਨ ਫੁੱਟ ਦੇ....., ਫੁੱਟ ਦਾ ਮੁੱਢ ਕਾਰਨ ਇਹਦਾ ਇਹ ਆ, ਹਿੰਦੂ ਸਿੱਖ ਏਕਤਾ 'ਚ ਪਾੜਾ ਪਾਉਣ ਦਾ। ਹਿੰਦੂ ਸਾਮਰਾਜ ਬਹੁਗਿਣਤੀ ਆ। ਇਹ ਪੱਗ, ਦਸਤਾਰੇ, ਦਾਹੜੇ ਨੂੰ ਵੇਖਣਾ ਨਹੀਂ ਚਾਹੁੰਦਾ, ਖ਼ਤਮ ਕਰਨਾ ਚਾਹੁੰਦੇ ਆ। ਜਿਸ ਦੀਆਂ ਬੇਅੰਤ ਮਿਸਾਲਾਂ ਮੈਂ ਦੇ ਸਕਦਾਂ। ਜੇ ਪੁੱਛਣੀਆਂ ਤੇ ਦੱਸ ਦਿਆਂ ? ਨਹੀਂ ਤੇ ਇੱਕੋ ਨਾਲ ਈ ਸਾਰਨਾ ਤੇ ਸਾਰ ਲਉ। ਏਸ਼ੀਆਈ ਖੇਡਾਂ ਦੇ ਦੌਰਾਨ.....। ਥੋੜਾ ਥੋੜਾ ਲਿਖਾ ਦੇਨਾ ਨਹੀਂ ਤੇ ਬਹੁਤਾ ਟਾਈਮ ਵਧ ਜਾਣਾ ਇਸੇ 'ਤੇ ਈ। ਇਹਦਾ ਬੜਾ ਵਿਸਥਾਰ ਆ, ੨ ਘੰਟੇ ਲੱਗਣਗੇ।
ਏਸ਼ੀਆਈ ਖੇਡਾਂ ਵਿੱਚ ਸਿੱਖਾਂ ਦਾ ਜਾਣਾ ਬੰਦ ਕਰਨਾ। ਅਮਰੀਕਾ ਵਿੱਚੋਂ ਆਉਣਾ ਬੰਦ ਕਰਨਾ ਤੇ ਹਿੰਦੂਆਂ ਨੂੰ ਇਜ਼ਾਜਤ ਦੇਣੀ, ਫਿਰਕਾਪ੍ਰਸਤੀ ਦਾ ਮੁੱਢ ਆ।
ਫ਼ੌਜ ਵਿੱਚੋਂ ਸੀਤਲ ਸਿੰਘ ਨੂੰ, ਪਿਆਰਾ ਸਿੰਘ ਵਾਲੀ ਗੱਲ ਤਾਂ ਤੂੰ ਅੰਦਰੇ ਈ ਬੈਠਾ ਸੈਂ, ਲਿਖੀ ਨਹੀਂ ਬੜੀ ਅਹਿਮ ਗੱਲ ਆ ਉਹ। ਪਿਆਰਾ ਸਿੰਘ ਮੇਰਠ ਤੋਂ, ਦੋ ਬੈਰਲਾਂ ਗਵਾਚ ਗਈਆਂ ਰਾਈਫਲ ਦੀਆਂ। ਉਹਦੇ ਸੰਬੰਧ ਵਿੱਚ, ਉਹਦਾ ਕੀ ਨਾਂਅ (ਕਿਸੇ ਸਿੰਘ ਨੂੰ ਪੁੱਛਦੇ ਹਨ) ਮੇਜਰ ਕੁਮਾਰ। ਮੇਜਰ ਕੁਮਾਰ ਆ ਜਿਹਦੇ..... । ਮੇਜਰ ਕੁਮਾਰ ਹਿੰਦੂ

ਆ। ਉਹਦੀ ਕਸਟੱਡੀ ਦੇ ਵਿੱਚ, ਪਿਆਰਾ ਸਿੰਘ ਫਿਰੋਜਪੁਰ ਜਿਲ੍ਹੇ ਦਾ। ਮਾੜੀ ਮੱਲਾਂ ਪਿੰਡ ਦਾ, ਮੱਲਾਂ ਵਾਲਾ, ਮੱਲਾਂ ਵਾਲੇ ਪਿੰਡ ਦਾ। ਉਹਨੂੰ ਕੁੱਟ ਕੁੱਟ ਕੇ ਇੰਨਾ ਮਾਰਿਆ ਕਿ ਉਹਦੀ ਧੌਣ ਜਿਹੜੀ ਕਿਸੇ ਪਾਸੇ ਖੜੋਦੀ ਨਹੀਂ। ਪੈਰ ਉਹਦੇ ਕਾਲੇ ਹੋਏ ਪਏ, ਕੁੱਟਿਆ ਇੰਨਾ। ਕੁੱਟ ਦੀ ਪੀੜ ਨਾਲ ਮਰਿਆ। ਮਲਕੀਅਤ ਸਿੰਘ ਲੁਧਿਆਣੇ ਜਿਲ੍ਹੇ ਦਾ, ਪਹਿਲਾ ਨੈਬ ਸੀ, ਪਿਆਰਾ ਸਿੰਘ। ਮਲਕੀਅਤ ਸਿੰਘ ਜ਼ਖ਼ਮੀ ਪਿਆ। ਇੱਕ ਗੁਰਦਾਸਪੁਰ ਦਾ ਉਹਦਾ ਨਾਂਅ ਸੁਲੱਖਣ ਸਿੰਘ ਆ, ਗੱਗੋਵਾਲ ਖੌਨੀ ਕਿ ਬੱਧੋਵਾਲ ਪਿੰਡ ਦਾ। ਉਹ ਦੋਵੇਂ ਜ਼ਖ਼ਮੀ ਪਏ ਆ। ਸੀਤਲ ਸਿੰਘ ਨੂੰ....., ਆਹ ਪਿਆਰਾ ਸਿੰਘ ਜਿਹੜਾ ਪਹਿਲਾਂ ਲਿਖਿਆ ਸੀਗਾ। ਪਿਆਰਾ ਸਿੰਘ ਦੇ ਵੀ ਮਿਰਚਾਂ ਪਾਈਆਂ। ਸੀਤਲ ਸਿੰਘ ਦੇ ਪੋਸਟਮਾਰਟਮ ਦੇ ਪਿੱਛੋਂ, ਅੱਧਾ ਕਿਲੋ ਮਿਰਚਾਂ ਉਹਦੇ ਪੇਟ ਵਿੱਚੋਂ ਨਿਕਲੀਆਂ। ਉਹ ਡਾਕਟਰ ਦੇ ਹਸਪਤਾਲ 'ਚ ਪਈਆਂ। ਮੂੰਹ ਵਿੱਚ ਵਿਸ਼ਟਾ ਪਾਇਆ। ਅੱਖਾਂ 'ਚ ਮਿਰਚਾਂ ਪਾਈਆਂ, ਨਹੁੰ ਤੋੜ ਕੇ ਮਿਰਚਾਂ ਪਾਈਆਂ। ਬਾਹਾਂ ਚੀਰ ਕੇ ਮਿਰਚਾਂ ਪਾਈਆਂ ਤੇ ਲੱਤਾਂ ਬੰਨ ਕੇ, ਕਿੱਕਰ ਦੀਆਂ ਸੂਲਾਂ ਵੱਢ ਕੇ ਹਰੀਆਂ.....। ਨਾ, ਇਹ ਜਿਹੜੀ ਮੈਂ ਹੁਣ ਗੱਲ ਕਰ ਰਿਹਾਂ, ਸੀਤਲ ਸਿੰਘ ਆ ਅਟਾਰੀ ਹਲਕੇ 'ਚ। ਇਹ ਸਾਰਾ ਕੁਝ ਉਹਦੇ ਨਾਲ ਹੋਇਆ। ਸੂਲਾਂ ਕਿੱਕਰ ਦੀਆਂ ਵੱਢ ਕੇ, ਉਹਦੇ ਉੱਪਰ ਦੀ ਖਿੱਚਿਆ ਗਿਆ, ਉਹਨੂੰ ਪਹਿਲਾਂ ਉਧਰ ਨੂੰ ਫਿਰ ਇਧਰ ਨੂੰ। ਇੰਨਾ ਦੁੱਖ ਦੇ ਕੇ ਮਾਰਿਆ। ਬੂਤ ਸਿੰਘ ਦੇ ਵੀ ਮਿਰਚਾਂ ਪਾਈਆਂ ਸੀ। ਕੁੱਟਿਆ ਮਾਰਿਆ ਸੀ, ਪਰ ਉਹ ਮਰਨੋਂ ਬਚ ਗਿਆ ਤੇ ਹਾਲਤ ਉਹਦੀ ਬਿਹਬਲਤਾ ਵਾਲੀ ਆ। ਕੀ ਹਿੰਦੁਸਤਾਨ ਵਿੱਚ ਛੱਤੀਆਂ ਸਾਲਾਂ ਵਿੱਚ ਗੌਰਮੈਂਟ ਕਿਤੇ ਸਿੱਧ ਕਰ ਸਕਦੀ ਆ ਕਿ ਇੱਕ ਵੀ ਹਿੰਦੂ ਨੂੰ ਐਸੀ ਹਾਲਤ ਨਾਲ ਮਾਰਿਆ ਗਿਆ ਹੋਵੇ ? ਇਹ ਫਿਰਕਾਪ੍ਰਸਤੀ ਦਾ ਮੁੱਢ ਆ, ਬੀਜ ਬੀਜਿਆ।

ਹਿੰਦੁਸਤਾਨ ਵਿੱਚ, ਇਨਕੁਆਰੀਆਂ ਦੇ ਟਾਈਮਾਂ ਵਿੱਚ, ਰੇਡ ਕਰਨ ਦੇ ਟਾਈਮਾਂ ਵਿੱਚ, ਹਿੰਦੁਸਤਾਨ ਦੀ ਸਾਰੀ ਕੁਲ ਗਿਣਤੀ ਸਿੱਖਾਂ ਵਿੱਚੋਂ, ਇੱਕ ਵੀ ਸਿੱਖ ਦੇ ਘਰੋਂ, ਕੋਈ ਫ਼ੌਜੀ ਹਥਿਆਰ ਪਕੜਿਆ ਗਿਆ ? ਸਾਰੇ ਹਿੰਦੁਸਤਾਨ ਵਿੱਚੋਂ ਦੱਸਣ ? ਤੇ ਪਵਨ ਕੁਮਾਰ ਹਿੰਦੂ ਸੁਰੱਖਸ਼ਾ ਸੰਮਤੀ ਪਟਿਆਲੇ ਵਾਲੇ ਦੇ ਘਰੋਂ ੨੩੦ ਗਰਨੇਡ ਪਕੜੇ ਆ। ਕੀ ਉਹਦੇ ਪਰਿਵਾਰ ਨੂੰ, ਉਹਦੇ ਬੱਚਿਆਂ ਨੂੰ, ਪਿਉ ਨੂੰ, ਕਿਸੇ ਨੇ ਦੁੱਖ ਦਿੱਤਾ ? ਕੀ ਕਿਸੇ ਨੇ ਕੁੱਟਿਆ ਮਾਰਿਆ, ਕੋਈ ਉਹਦੇ 'ਤੇ ਤਸ਼ੱਦਦ ਹੋਇਆ ? ਇਨਟੈਰੋਗੇਸ਼ਨ ਕੀਤਾ ? ਕੋਈ ਸਜ਼ਾ ਹੋਈ ਆ ?

ਅਸ਼ੋਕ ਕੁਮਾਰ ਮਾਰਿਆ ਜਾਂਦਾ, ਪਟਿਆਲੇ। ਦਿੱਲੀ ਸਰਕਾਰ ਸਾਰੀ ਭੱਜੀ ਆਉਂਦੀ ਆ ਤੇ ਸਿੱਖਾਂ ਦੇ ੧੫੦ ਸ਼ਹੀਦ ਹੋ ਗਏ ਆ, ਕੀ ਇਨਕੁਆਰੀਆਂ ਹੋਈਆਂ ? ਉਹਦੀ ਲਾਸ਼ ਦਾ ਸਸਕਾਰ ਕਰਨ ਤੋਂ ਪਹਿਲਾਂ ਹੀ ਜੁਡੀਸ਼ੀਅਲੀ ਜਾਂਚ ਦਾ ਹੁਕਮ ਹੋ ਗਿਆ ਤੇ ਇਥੇ ਮਹੀਨਾ ਮਹੀਨਾ ਸਿਰ ਖਪਾ ਕੇ ਤੇ ਫਿਰ ਮਸਾਂ ਹੁੰਦਾ। ਇਹਦਾ ਕੀ ਕਾਰਨ ਆਂ ? ਫਿਰਕਾ ਪ੍ਰਸਤੀ ਨੂੰ ਜਨਮ ਕੌਣ ਦਿੰਦਾ ?

? ਤੁਹਾਡਾ ਕਹਿਣ ਦਾ ਭਾਵ ਇਹ ਆ ਕਿ ਇਸ ਹਿੰਦੂ ਸਿੱਖ ਖਿੱਚੋਤਾਣ ਜਾਂ ਝਗੜੇ ਦਾ ਮੁੱਢ ਸਰਕਾਰ ਆ ?

- ਸਰਕਾਰ ਆ। ਇੱਕ ਪ੍ਰਸ਼ਨ ਪੁੱਛਿਆ ਸੀ ਕਿ ਇਹ ਮਿਟ ਸਕਦਾ, ਪੁੱਛਿਆ ਸੀ ਨਾ ? ਸਾਰਾ ਵੀ ਚੇਤੇ ਰੱਖ ਲਿਆ ਕਰੋ, ਮੈਨੂੰ ਰੱਖਣਾ ਪੈਂਦਾ। ਇਹ ਪੁੱਛੋ ਨਾ ਜ਼ਰਾ ? ਕੀ ਇਹ ਸਿੱਖ ਨੇ ਠੇਕਾ ਕੀਤਾ ਕਿ ਜਦੋਂ ਦੀ ਸ੍ਰਿਸ਼ਟੀ ਰਚੀ ਆ, ਜਦੋਂ ਤੱਕ ਰਹਿਣੀ ਆਂ, ਸਿੱਖ ਹੀ ਸਪਸ਼ਟੀਕਰਨ ਕਰੀ ਚਲੇ ? ਸਾਨੂੰ ਇਹ ਵੀ ਸਪਸ਼ਟੀਕਰਨ ਕਿਤੇ ਦੇਣ ਕਿ ਇਹਨਾਂ ਨੇ ਸਿੱਖਾਂ ਨਾਲ ਰਹਿਣਾ ਕਿ ਨਹੀਂ ਰਹਿਣਾ ? ਸਿੱਖਾਂ ਨੂੰ ਨਾਲ ਰੱਖਣਾ ਜਾਂ ਨਹੀਂ ਰੱਖਣਾ ?

ਸਿੱਖ ਨੇ ਤੇ ਨਹੁੰ ਮਾਸ ਦਾ ਰਿਸ਼ਤਾ ਵਿਖਾਇਆ। ਐਮਰਜੈਂਸੀ ਲੱਗੀ, ਤੁਸੀਂ ਵੀ ਉਦੋਂ ਜੋਬਨ 'ਤੇ ਸੀ ਤੇ ਐਮਰਜੈਂਸੀ ਵੀ ਜੋਬਨ 'ਤੇ ਸੀ। ਐਮਰਜੈਂਸੀ ਲੱਗੀ, ਹਿੰਦੂ ਰਾਜ ਵਾਲਿਆਂ ਨੇ ਹਿੰਦੂ ਮਜ਼ਲੂਮਾਂ ਨੂੰ ਪਕੜ ਕੇ ਜੇਲ੍ਹ 'ਚ ਪਾ ਦਿੱਤਾ। ਹਿੰਦੂ ਰਾਜ ਵਾਲਿਆਂ ਨੇ, ਪ੍ਰਧਾਨ ਮੰਤਰੀ ਤੇ ਇਹੋ ਹੀ ਸੀ ਨਾ ਹੁਣ ਵਾਲੀ। ਹਿੰਦੂ ਮਜ਼ਲੂਮਾਂ ਨੂੰ ਪਕੜ ਕੇ, ਜੇਲ੍ਹ 'ਚ ਪਾ ਦਿੱਤਾ। ਵੈਸਨੂੰ ਦੇਵੀ ਤੋਂ, ਕੁਮੱਖਿਆ ਦੇਵੀ ਤੋਂ, ਸ਼ਿਵ ਲਿੰਗ ਤੋਂ, ਮਥਰਾ ਤੋਂ, ਬਦਰੀ ਨਰਾਇਣ ਤੋਂ, ਕੇਦਾਰਨਾਥ ਤੋਂ, ਕਿਤੋਂ ਐਜੀਟੇਸ਼ਨ ਸ਼ੁਰੂ ਹੋਈ ਆ ? ਤੇ ਸਿੱਖ ਕਿਸੇ ਨੂੰ ਫੜਿਆ ਸੀ ? ਨਹੀਂ ਸੀ ਫੜਿਆ। ਹੱਥ 'ਚ, ਥਾਲੀ 'ਚ ਪਾ ਕੇ ਦਿੰਦੀ ਸੀ, ਜਿਹੜਾ ਕੁਝ ਲੈਣਾ ਲੈ ਲਉ, ਪਰ ਮੇਰਾ ਖਹਿੜਾ ਛੱਡੋ। ਮੈਨੂੰ ਇਹਨਾਂ (ਜਨਸੰਘੀਆਂ ਆਦਿ) ਨੂੰ ਸੂਤ ਕਰ ਲੈਣ ਦਿਉ। ਅਕਾਲ ਤਖ਼ਤ ਸਾਹਿਬ ਤੋਂ ਮੋਰਚਾ ਲੱਗਾ ਨਾ ? ਕਿਉਂ ਲੱਗਾ ?

ਨਾਨਕ ਨਾਮ ਚੜ੍ਹਦੀ ਕਲਾ ॥
ਤੇਰੇ ਭਾਣੇ ਸਰਬਤ ਦਾ ਭਲਾ ॥

ਸਿੱਖ ਦਾ ਇਹ ਨਿਸ਼ਾਨਾ। ਇਹਨੂੰ ਮੁੱਖ ਰੱਖ ਕੇ ਮਜ਼ਲੂਮ ਹਿੰਦੂ ਨੂੰ, ਜ਼ਾਬਰ ਹਿੰਦੂ ਦੇ ਹੇਠੋਂ ਕੱਢਣ ਵਾਸਤੇ, ਗ਼ੁਲਾਮੀ ਗਲੋਂ ਲਾਹੁਣ ਵਾਸਤੇ, ੪੦ ਹਜ਼ਾਰ ਨੇ ਗ੍ਰਿਫ਼ਤਾਰੀ ਦਿੱਤੀ, ੨ ਕਰੋੜ ਵਿੱਚੋਂ। ੨ ਕਰੋੜ ਦੀ ਵੱਸੋਂ ਵਾਲਿਆਂ ਨੇ ੬੦ ਕਰੋੜ ਨੂੰ ਸੁਤੰਤਰ ਕਰਾਉਣ ਵਾਸਤੇ ੪੦ ਹਜ਼ਾਰ ਨੇ ਗ੍ਰਿਫ਼ਤਾਰੀ ਦਿੱਤੀ ਤੇ ਹੁਣ ਜੇ ਸਮੁੱਚੇ ਤੌਰ 'ਤੇ ਪੰਜਾਬੀਆਂ ਦੀ ਮੰਗ ਆ ਤਾਂ ੬੦ ਕਰੋੜ ਵਾਲਿਆਂ 'ਚੋਂ ੪੦ ਸੌ ਵੀ ਗ੍ਰਿਫ਼ਤਾਰ ਨਹੀਂ ਹੋਇਆ। ਇਦੋਂ ਵੱਧ ਸਬੂਤ ਕੀ ਦੇ ਦੇਈਏ ? ਇਹ ਹਿੰਦੂ ਭਰਾ ਦੱਸਣ ਭਈ ਫਿਰਕਾਪ੍ਰਸਤੀ ਦੂਰ ਕਰਨੀ ਆਂ ਕਿ ਨਹੀਂ ਕਰਨੀ ? ਇਹਨਾਂ ਨੂੰ ਪੁੱਛੋ।

ਇਹਦੇ ਨਾਲ ਈ ਇੱਕ ਸਵਾਲ ਦਾ ਹੋਰ ਚੇਤਾ ਆ, ਫਿਰ ਚੇਤਾ ਭੁੱਲ ਜਾਣਾ। ਇਹ ਲਿਖ ਲਉ, ਸਾਰੇ ਪ੍ਰਸ਼ਨ ਤੇਰੇ ਕੰਮ ਆਉਣਗੇ, ਤੈਨੂੰ ਉਂ ਵੀ , ਘਰੋਗੀ ਵੀ, ਨਿੱਜੀ ਵੀ। ੧੯੪੭ ਤੋਂ ਲੈ ਕੇ ਹੁਣ ਤੱਕ ਕਿਸੇ ਹਿੰਦੂ ਨੇ, ਹਿੰਦੀ ਬੋਲਣ ਵਾਸਤੇ, ਹਿੰਦੀ ਭਾਸ਼ਾ ਦੇ ਅਧਾਰ 'ਤੇ ਸੂਬਾ ਬਣਾਉਣ ਵਾਸਤੇ, ਹਿੰਦੂ ਇੱਕ ਵੱਖਰੀ ਕੌਮ ਕਹਾਉਣ ਵਾਸਤੇ, ਹਿੰਦੂ ਧਾਰਮਿਕ ਚਿੰਨ ਜਨੇਊ ਗਾਤਰੇ ਪਾ ਕੇ ਜਹਾਜ਼ 'ਤੇ ਚੜ੍ਹਨ ਵਾਸਤੇ, ਹਿੰਦੂ ਧਾਰਮਿਕ ਸ਼ਹਿਰ ਨੂੰ ਪਵਿੱਤਰ ਦਰਜਾ ਦਿਵਾਉਣ ਵਾਸਤੇ, ਹਿੰਦੂ ਧਾਰਮਿਕ ਮੰਦਰ ਦੇ ਨਾਂਅ ਉੱਪਰ ਗੱਡੀ ਦਾ ਨਾਂਅ ਰਖਵਾਉਣ ਵਾਸਤੇ, ਹਿੰਦੂ ਧਾਰਮਿਕ ਮੰਦਰਾਂ 'ਚ ਟਰਾਂਸਮੀਟਰ ਲਗਾ ਕੇ ਵੇਦਾਂ ਦਾ ਪ੍ਰਸਾਰਨ ਕਰਨ ਵਾਸਤੇ, ਹਿੰਦੀ ਬੋਲਦੇ ਇਲਾਕਿਆਂ ਵਿੱਚ ਦੀ ਵਗ ਰਹੇ ਦਰਿਆਵਾਂ ਦੇ ਪਾਣੀ ਦੀ ਪ੍ਰਾਪਤੀ ਵਾਸਤੇ, ਹਿੰਦੀ ਬੋਲਦੇ ਇਲਾਕਿਆਂ 'ਚ ਲੱਗੇ ਹੈਡਵਰਕਸਾਂ 'ਤੇ ਕੰਟਰੋਲ ਕਰਨ ਵਾਸਤੇ, ਹਿੰਦੀ ਬੋਲਦੇ ਇਲਾਕਿਆਂ 'ਚ ਥੀਮ ਡੈਮ ਬਣਾਉਣ ਦੀ ਮਨਜ਼ੂਰੀ ਲੈਣ ਵਾਸਤੇ, ਛੱਤੀਆਂ ਸਾਲਾਂ ਵਿੱਚ ਇੱਕ ਘੰਟੇ ਦੀ

ਕੈਦ ਵੀ ਹਿੰਦੁਸਤਾਨ ਦੇ ਕਿਸੇ ਇੱਕ ਹਿੰਦੂ ਨੇ ਕੱਟੀ ਆ ? ਕਿਤੇ ਐਜ਼ੀਟੇਸ਼ਨ ਚੱਲੀ ਆ ? ਪਰ ਇਹਦੇ ਉਲਟ, ਸਿੱਖ ਨੂੰ ਪੰਜਾਬੀ ਬੋਲਣ ਵਾਸਤੇ, ਪੰਜਾਬੀ ਸੂਬਾ ਲੈਣ ਵਾਸਤੇ, ੫੭ ਹਜ਼ਾਰ ਨੂੰ ਜੇਲ੍ਹ 'ਚ ਜਾਣਾ ਪਿਆ । ਹਰਿਆਣਾ ਤੇ ਹਿਮਾਚਲ ਦੀ ਮੰਗ ਕਿਸੇ ਨੇ ਨਹੀਂ ਕੀਤੀ, ਬਿਨਾਂ ਮੰਗ ਤੋਂ ਹੀ (ਬਣਾ ਦਿੱਤਾ) । ਜਿਹੜੇ ਮੰਗਦੇ ਆ, ਉਹ ਜੇਲ੍ਹਾਂ 'ਚ, ਜਿਹਨਾਂ ਨੇ ਮੰਗਿਆ ਨਹੀਂ, ਉਹਨਾਂ ਨੂੰ ਦੇ ਦਿੱਤਾ । ਫਿਰਕਾਪ੍ਰਸਤ ਕੌਣ ਆਂ ? ਅੰਮ੍ਰਿਤਸਰ ਨੂੰ ਪਵਿੱਤਰ ਦਰਜਾ ਦਿਵਾਉਣ ਵਾਸਤੇ, ਦਰਬਾਰ ਸਾਹਿਬ ਦੇ ਨਾਉਂ ਉੱਪਰ ਗੱਡੀ ਦਾ ਨਾਉਂ ਰਖਵਾਉਣ ਵਾਸਤੇ, ਸਿੱਖ ਇੱਕ ਵੱਖਰੀ ਕੌਮ ਕਹਾਉਣ ਵਾਸਤੇ, ਟਰਾਂਸਮੀਟਰ ਲਾ ਕੇ ਕੀਰਤਨ ਸੁਣਾਉਣ ਵਾਸਤੇ, ਸਿੱਖਾਂ ਦਾ ਧਾਰਮਿਕ ਚਿੰਨ੍ਹ ਗਾਤਰੇ ਪਾ ਕੇ ਜਹਾਜ਼ 'ਚ ਚੜ੍ਹਨ ਵਾਸਤੇ, ਪੰਜਾਬੀ ਬੋਲਦੇ ਇਲਾਕਿਆਂ ਵਿੱਚ ਦੀ ਵਗ ਰਹੇ ਦਰਿਆਵਾਂ ਦੇ ਪਾਣੀ ਦੀ ਪ੍ਰਾਪਤੀ ਵਾਸਤੇ, ਹੈਡਵਰਕਸਾਂ 'ਤੇ ਕੰਟਰੋਲ ਕਰਨ ਵਾਸਤੇ, ਥੀਨ ਡੈਮ ਬਣਾਉਣ ਦੀ ਮਨਜ਼ੂਰੀ ਲੈਣ ਵਾਸਤੇ, ੧ ਲੱਖ ੬੨ ਹਜ਼ਾਰ ਦੇ ਲੱਗਭਗ ਜੇਲ੍ਹਾਂ 'ਚ ਚਲੇ ਗਏ ਆਂ ਤੇ ੧੫੦ ਸ਼ਹੀਦੀਆਂ ਹੋ ਗਈਆਂ ਤੇ ਅਜੇ ਵੀ ਸਿੱਖ ਫਿਰਕਾਪ੍ਰਸਤ ਆ ਤੇ ਫਿਰ ਹੈ ਕੌਣ ਫਿਰਕਾਪ੍ਰਸਤ ? ਇਹਦਾ ਜਵਾਬ ਦੇਣ ? ਇਹ ਕੀ ਕਾਰਨ ਆਂ, ਸਿੱਖ ਨੇ ਪਾਣੀ ਦੀ ਘੁੱਟ ਲੈਣੀ ਤੇ ਖ਼ੂਨ ਦਾ ਇੱਕ ਗਲਾਸ ਦੇਵੇ ਤੇ ਇਹਨਾਂ ਨੇ ਜੋ ਕੁਝ ਲੈਣਾ ਬੈਠਿਆਂ ਬੈਠਾਇਆ ਮਿਲ ਜਾਣਾ ਤੇ ੯੩ ਸਿਰ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਵਾਸਤੇ ਦਿੱਤੇ ਸਿੱਖ ਨੇ ਆਂ, ਕੌਣ ਆ ਫਿਰਕਾਪ੍ਰਸਤ ? ਤੇ ਜੇ ਇਹਨਾਂ ਗੱਲਾਂ ਦਾ ਜਵਾਬ ਸੈਂਟਰ ਦੀ ਗੌਰਮੈਂਟ ਦੇ ਦੇਵੇ ਤੇ ਮੈਂ ਆਪਣਾ ਸਿਰ ਵੱਢ ਕੇ ਸਿੱਖਾਂ ਨੂੰ ਆਪਣੀ ਹੱਥੀਂ ਦੇ ਦੇਵੂੰ ।

? ਜੇ ਕਰ ਸਰਕਾਰ ਵਰਤਮਾਨ ਮੋਰਚੇ ਦੀਆਂ ਮੰਗਾਂ ਨਾ ਮੰਨੇ ਤਾਂ ...?

ਸੰਤ - ਇਹ ਤੇਰਾ ਪ੍ਰਸ਼ਨ ਅਜੇ..... ਆਹ ਪੜ੍ਹ ਪਹਿਲਾਂ ।

? ਇਹ ਏਕਤਾ ਬਚਾਈ ਰੱਖਣ ਲਈ ਕੀ ਕੀਤਾ ਜਾ ਸਕਦਾ ।

ਸੰਤ - ਹਾਂ, ਇਹ ਨਹੀਂ ਨਾ ਪੁੱਛਿਆ, ਅਜੇ ਤਾਂ ਤੈਨੂੰ ਫਰਕ ਈ ਦੱਸਿਆ ਨਾ, ਫਰਕ ਦੱਸਿਆ । ਇਹ ਤਾਂ ਤੂੰ ਫਿਰ ਛੱਡ ਦਿੱਤਾ ਵਿੱਚੋਂ, ਇਹ ਕਿਵੇਂ ਹੋ ਸਕਦਾ ? ਜਿਹੜਾ ਪੁੱਛਣਾ ਸੀ, ਫਿਰ ਛੱਡ ਦਿੱਤਾ ।

? ਇਹਦਾ ਤੁਸੀਂ ਆਪੇ ਜਵਾਬ ਦੇ ਦਿੱਤਾ, ਤੁਸੀਂ ਕੀ ਆਂਦੇ ਓ ਕਿ ਆਪਣੀ ਫਿਰਕਾਪ੍ਰਸਤੀ ਛੱਡਣ ।

- ਹੈਂ ।

? ਹੋਰ ਦੱਸੋ ।

- ਨਹੀਂ, ਤੂੰ ਪੁੱਛ ਨਾ, ਤੂੰ ਤੇ ਪੁੱਛ ਨਾ । ਭਈ ਏਕਤਾ ਨਹੀਂ ਦੱਸੀ ।

? ਏਕਤਾ ਕਿਵੇਂ ਹੋ ਸਕਦੀ ਆ ?

- ਏਕਤਾ ਹੋ ਸਕਦੀ ਆ, ਹਜ਼ਾਰ-ਹਜ਼ਾਰ ਦੇ, ਦੋ ਦੋ, ਚਾਰ ਚਾਰ ਹਜ਼ਾਰ ਦੇ ਜਥੇ ਲਿਆਉਣ ਤੇ ਜਿੱਥੋਂ ਦਾ ਪਾਣੀ ਪੀਂਦੇ ਤੇ ਲੂਣ ਖਾਂਦੇ ਆ, ਉਹਦੀ ਵਿਰੋਧਤਾ ਛੱਡਣ, ਫਿਰ ਏਕਤਾ ਹੋ ਜਾਊ । ਲੂਣ ਪੰਜਾਬ ਦਾ ਖਾਣਾ, ਪਾਣੀ ਇਥੋਂ ਦਾ ਪੀਣਾ, ਅੰਨ੍ਹ ਇਥੋਂ ਦਾ ਖਾਣਾ ਤੇ ਸੁੱਖ ਮੰਗਣੀ ਹਰਿਆਣੇ ਦੀ ਤੇ ਦਿੱਲੀ ਦੀ । ਏਕਤਾ ਕਿਵੇਂ ਹੋਵੇ ? ਫਿਰ ਇਹਦਾ ਸਬੂਤ ਮੈਂ ਦੇਨਾ ਤੇ ਨਾਲ ਮੇਰੇ ਚਾਰ ਕੁ ਗੱਲਾਂ ਹੋਰ, ਚੇਤੇ ਆਈਆਂ ਨਿੱਕੀਆਂ-ਨਿੱਕੀਆਂ, ਬਹੁਤੀਆਂ ਵੱਡੀਆਂ ਨਹੀਂ । ਸਭ ਤੋਂ ਫਿਰਕਾਪ੍ਰਸਤ ਇਹ ਮੈਨੂੰ ਗਿਣਦੇ ਨੇ ਨਾ । ੫ ਹਜ਼ਾਰ ਰੁਪਿਆ ਰਮਾਇਣ ਦੇ ਮੁਕਦਮੇਂ

'ਤੇ ਮੈਂ ਲਾਇਆ ਆਪਣੇ ਕੋਲੋਂ। ਸੰਗਤ ਦਾ ਦਿੱਤਾ ਹੋਇਆ ਪੈਸਾ। ਕਪੂਰਥਲੇ ਰਮਾਇਣ ਨੂੰ ਅੱਗ ਲਾ ਦਿੱਤੀ ਸੀ। ਮੈਂ ਰਮਾਇਣ ਨੂੰ ਇਹਨਾਂ ਵੀਰਾਂ ਦਾ ਇੱਕ ਧਾਰਮਿਕ ਗਰੰਥ ਮੰਨਦਾ, ਇਹਨਾਂ ਦਾ ਇਸ਼ਟ ਮੰਨਦਾ, ਪਰ ਮੇਰਾ ਆਪਣਾ ਇਸ਼ਟ ਗੁਰੂ ਗਰੰਥ ਸਾਹਿਬ ਆ। ੫ ਹਜ਼ਾਰ ਰੁਪਇਆ ਖ਼ਰਚਾ ਕੀਤਾ ਉਹਦੇ 'ਤੇ ਤੇ ਹੁਕਮ ਚੰਦ ਹਿੰਦੂ ਦੀ ਲੜਕੀ ਚੁੱਕ ਕੇ ਇੱਕ ਹਿੰਦੂ ਲੈ ਗਿਆ। ਜਦੋਂ ਲਾਲਾ ਜਗਤ ਨਰਾਇਣ ਦੀ ਮੌਤ ਵੇਲੇ ਮੈਨੂੰ ਗ੍ਰਿਫ਼ਤਾਰ ਕੀਤਾ ਤੇ ਮੈਂ ਬਾਹਰ ਆਇਆਂ, ਉਦੋਂ ਦੀ ਗੱਲ ਆ।

ਜ਼ਲਾਲਾਬਾਦ, ਫਾਜ਼ਲਕੇ ਦੇ ਇਲਾਕੇ 'ਚ। ਉਥੇ ਮੈਂ ਐਸ ਵੇਲੇ ਕਥਾ ਕਰ ਰਿਹਾਂ, ਪ੍ਰਚਾਰ ਕਰ ਰਿਹਾਂ, ਹੁਕਮਚੰਦ ਨਾਂਅ ਦਾ ਹਿੰਦੂ, ਉਹਦੀ ਲੜਕੀ ਹਿੰਦੂ ਚੁੱਕ ਕੇ ਲੈ ਗਿਆ। ਉਹ ਸਟੇਜ 'ਤੇ ਰੋਇਆ, ਪੰਜਾਂ ਘੰਟਿਆਂ ਦੇ ਅੰਦਰ ਅੰਦਰ ਉਸ ਹਿੰਦੂ ਤੋਂ ਜਾ ਕੇ ਹਿੰਦੂ ਦੀ ਲੜਕੀ ਲਿਆ ਕੇ ਦਿੱਤੀ ਮੈਂ।

ਕੈਲਾਸ ਚੰਦਰ, ਇਥੇ ਅੱਗ ਲੱਗ ਗਈ, ਸ਼ਾਰਟ ਹੋ ਕੇ ਤਾਰ ਦਾ, ਕਰਿਆਨੇ ਦੀ ਦੁਕਾਨ ਸੀ। ਸਿੱਖ ਦੀ ਦੁਕਾਨ ਹਿੰਦੂ ਕੋਲ ਕਿਰਾਏ 'ਤੇ ਤੇ ਇੱਕ ਸਿੱਖ ਨਾਲ ਦੁਕਾਨ ਵਾਲਾ। ਉਹ ਤਿੰਨੇ ਮੇਰੇ ਕੋਲੇ ਆਏ ਤੇ ਉਹਨਾਂ ਨੇ ਕਿਹਾ ਜੀ ਮੇਰੀ ਦੁਕਾਨ ਸੜ ਗਈ ਆ, ਮੇਰੀ ਕੋਈ ਸਹਾਇਤਾ ਕਰੋ। ਮੈਂ ਕਿਹਾ ਕੀ ਚਹੁੰਨਾ ਪਰ ਗੱਲ ਅਸਲੀਅਤ ਦੱਸ? ਉਹਨੇ ਸਾਰੀ ਦੱਸ ਦਿੱਤੀ। ਉਹਨੂੰ ਪੁੱਛਿਆ ਦੱਸ ਕੀ ਚਹੁੰਨਾ? ਕਹਿਣ ਲੱਗਾ ਜੀ ਜੇ ਤੁਸੀਂ ਕੋਈ ੨੦-੩੦, ੪੦-੫੦ ਜਾਂ ੧੦੦ ਰੁਪਇਆ ਕਰ ਸਕਦੇ ਹੋ, ਇੰਨਾ ਬਹੁਤ ਆ, ਮੇਰੀ ਮਦਦ ਕਰੋ। ੫੦੦ ਰੁਪਇਆ ਉਹਨੂੰ ਦਿੱਤਾ।

ਹਿੰਦੂ ਸ਼ਹੀਦ ਹੋ ਗਏ ੪ ਤਰੀਕ ਨੂੰ ਮਲੇਰ ਕੋਟਲੇ ਤੇ ਇੱਕ ਪਟਿਆਲੇ। ੫-੫ ਹਜ਼ਾਰ ਸਾਰੇ ਹਿੰਦੂਆਂ ਨੂੰ ਜਥੇ ਵੱਲੋਂ, ਮੁਸਲਮਾਨਾਂ ਨੂੰ, ਸਿੱਖਾਂ ਨੂੰ ਜਿਤਨੇ ਵੀ ਸ਼ਹੀਦ ਹੋਏ। ਮਤਲਬ ਜਿੱਥੇ ਜਿੱਥੇ ਵੀ ਹੋਏ ਆ, ੫-੫ ਹਜ਼ਾਰ ਜਥੇ ਵੱਲੋਂ, ੧੦-੧੦ ਹਜ਼ਾਰ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ। ਕੀ ਹਿੰਦੁਸਤਾਨ ਦੇ ਇੱਕ ਵੀ ਹਿੰਦੂ ਨੇ ਸਿੱਖਾਂ ਦੇ ੧੫੦ ਸ਼ਹੀਦ ਸਿੰਘਾਂ ਵਿੱਚੋਂ ਇੱਕ ਨਵਾਂ ਪੈਸਾ ਵੀ ਦਿੱਤਾ?

ਲਾਲਾ ਜਗਤ ਨਰਾਇਣ ਗੱਡੀ ਚੜ੍ਹ ਗਿਆ, ਚੜ੍ਹਾਤਾ ਕਿਸੇ ਨੇ। ਮੋਬੋਂ ਬਿਨਾਂ ਸਾਰੀ ਲੀਡਰਸ਼ਿਪ ਉਹਦੀ ਪ੍ਰਚਾਉਣੀ 'ਤੇ ਗਈ। ਤੁਹਾਡੇ ਆਪਣੇ ਸਿੱਖ ਭਰਾ ੧੫੦ ਮਾਰਿਆ ਗਿਆ, ਕਿਸੇ ਹਿੰਦੂ ਨੇ ਆ ਕੇ ਹਾਅ ਦਾ ਨਾਹਰਾ ਮਾਰਿਆ?

? ਜੇ ਤੁਹਾਡੀਆਂ ਮੰਗਾਂ ਨਾ ਮੰਨੇ ਤਾਂ ਮੋਰਚਾ ਕਦ ਤੱਕ ਚੱਲਦਾ ਰਹੇਗਾ?

- ਜਦੋਂ ਤੱਕ ਸਿੱਖਾਂ ਦੇ ਗਲ਼ੋਂ ਗ਼ੁਲਾਮੀ ਨਹੀਂ ਲਹਿੰਦੀ, ਉਦੋਂ ਤੱਕ ਜਾਰੀ ਰਹੇਗਾ।

? ਤੁਹਾਡੇ ਸਰਗਰਮ ਹੋਣ ਨਾਲ, ਤੁਹਾਡੇ ਧਰਮ ਪ੍ਰਚਾਰ ਦੌਰੇ ਬੰਦ ਹੋ ਜਾਣ ਨਾਲ, ਤੁਹਾਡੇ ਅਸਲ ਤੇ ਮੁੱਖ ਕਾਰਜ ਖੇਤਰ ਵਿੱਚ ਢਲਿਆਈ ਨਹੀਂ ਆਈ?

- ਐਸਾ ਕਰਨ ਵਿੱਚ ਕੁਝ ਫ਼ਰਕ ਪਿਆ। ਜਿਹੜਾ ਪ੍ਰਚਾਰ ਕਰਕੇ, ਸਿੱਖੀ ਦਾ ਪ੍ਰਚਾਰ ਵਧਾਉਣਾ ਸੀ, ਉਹਦੇ ਵਿੱਚ ਪ੍ਰਫੁਲਤਾ ਆਈ ਆ, ਕਿਉਂਕਿ ਅੱਗੇ ਅਸੀਂ ਇੱਕ ਸ਼ਹਿਰ ਜਾਂ ਪਿੰਡ ਵਿੱਚ ਜਾ ਕੇ ਕਥਾ ਕਰਦੇ ਸੀ। ਹੁਣ ਦੁਨੀਆ ਦਾ ਐਸਾ ਕੋਈ ਪੁਰਸ਼ ਨਹੀਂ, ਜਿਹੜਾ ਇਥੇ ਆ ਕੇ ਇੰਟਰਵਿਊ ਲੈ ਕੇ ਨਹੀਂ ਗਿਆ ਤੇ (ਸੰਤੁਸ਼ਟ) ਹੋ ਕੇ ਨਹੀਂ ਗਿਆ ਤੇ ਜਿਹਨੇ ਬਾਹਰ

ਜਾ ਕੇ ਪ੍ਰਚਾਰ ਨਹੀਂ ਕੀਤਾ। ਸਭ ਆਏ ਆ, ਜੇ ਗਿਣਤੀ ਕਰਨੀ ਤੇ ਫਿਰ.....। ਕਰਨੀ ਆਂ। ਗਿਣਤੀ ਕਰਨੀ, ਕਿਹੜੇ ਕਿਹੜੇ ਆਏ ਆ ?

? ਨਹੀਂ, ਇਹ ਛੱਡੋ।

(ਹਾਸਾ ਪੈ ਜਾਂਦਾ ਹੈ ਸੰਤ ਵੀ ਹੱਸਦੇ ਹਨ)

– ਠਹਿਰ ਜਾ ਨਾ। ਇਹ ਵੀ ਪੁੱਛ ਲਾ ਭਈ ਕਿਵੇਂ। ਅੱਗੇ ਕਿਸੇ ਪਿੰਡ ਵਿੱਚ ਜਾਈ ਦਾ ਸੀ, ਕਿਸੇ ਪਿੰਡ ਵਿੱਚ ਨਹੀਂ ਸੀ ਜਾਇਆ ਜਾਂਦਾ, ਮਜ਼ਬੂਰੀ ਸੀ। ਇਥੇ ਹਿੰਦੁਸਤਾਨ ਦਾ ਸਿੱਖ ਤੇ ਦੁਨੀਆ ਦੇ ਲੋਕ ਮਿਲ ਕੇ ਗਏ ਆ ਤੇ ਜਿਹੜਾ ਮਿਲ ਕੇ ਗਿਆ, ਉਹਦੇ 'ਤੇ ਅਸਰ ਹੋਇਆ ਤੇ ਜਿੱਦੇਂ ਦਾ ਮੈਂ ਇਥੇ ਬੈਠਾਂ, ਐਸਾ ਇੱਕ ਵੀ ਦਿਨ ਨਹੀਂ, ਜਿੱਦੇਂ ੧੦੦ ਸਿੱਖਾਂ ਦਾ ਪੁੱਤਰ, ੧੦੦ ਬੰਦਾ, ਸਿੱਖਾਂ ਦਾ ਪੁੱਤਰ, ਕੇਸ ਤੇ ਦਾਹੜਾ ਨਾ ਰੱਖੇ, ਐਸਾ ਦਿਨ ਕੋਈ ਨਹੀਂ। ਜੇ ਇੱਕ ਦਿਨ ਘੱਟ ਆ ਤੇ ਦੂਜੇ ਦਿਨ ਉਦੋਂ ਵੱਧ ਆ। ੧੦੦ ਦੀ ਔਸਤ ਨਿੱਤ ਬਹਿੰਦੀ ਆ। ੬-੭ ਦਿਨ ਹੋਏ ਆ, ਉਦੋਂ ਜਥਾ ਲੈ ਕੇ ਆਏ ਸੀ ਸਿੱਖ ਨੌਜੁਆਨ। ੫੨੫ ਦਾ ਸੀ। ੨੫ ਦੇ ਕੇਸ-ਦਾਹੜੇ ਸੀ ਤੇ ੫੦੦ ਮੋਨੇ ਸੀ ਤੇ ੫੦੦ ਦੇ ੫੦੦ ਨੇ ਕੇਸ ਦਾਹੜਾ ਰੱਖਿਆ, ਸ਼ਰਾਬ ਛੱਡਣ ਦਾ ਪ੍ਰਣ ਕੀਤਾ ਤੇ ਨਾਂਅ ਵੀ ਉਹਨੇ ਆਪਣੇ ਜਥੇ ਦਾ ਦੱਸਿਆ ਕਿ 'ਸਿੱਖ ਨੌਜੁਆਨ ਅਕਾਲੀ ਦਲ ਵਿੰਗ ਕੱਢ'। ਸਹੀ ਗੱਲ ਆ ਸਟੇਜ 'ਤੇ ਬੋਲਿਆ। ਸਿੱਖ ਨੌਜੁਆਨ.....।

? ਯੂਥ ਵਿੰਗ ?

– ਨਹੀਂ, ਨਹੀਂ, ਨਹੀਂ, ਯੂਥ ਵਿੰਗ ਵੱਖਰਾ। ਉਹ ਤੇ ਅਕਾਲੀ ਦਲ ਨਾਲ ਆ ਨਾ (ਹੱਸਦੇ ਹੋਏ) ਇਹ ਮੇਰੇ ਨਾਲ ਆ। (ਹਾਸਾ ਪੈ ਜਾਂਦਾ ਹੈ, ਸਭ ਹੱਸਦੇ ਹਨ)

? ਵਿੰਗ ਕੱਢ ਜਥਾ ?

– 'ਸਿੱਖ ਨੌਜੁਆਨ ਅਕਾਲੀ ਦਲ ਵਿੰਗ ਕੱਢ', ਇਹ ਸਾਰਾ ਕੁਝ ਜਾਣਦਾ, ਬਥੇਰਾ ਪੜ੍ਹਿਆ ਲਿਖਿਆ, ਇਸ ਵਾਸਤੇ ਪ੍ਰਚਾਰ ਵਧਿਆ। ਹਾਂ, ਇੱਕ ਹੈ ਭਈ ਕਥਾ ਦੇ ਸਮੇਂ ਵਿੱਚ ਤਬਦੀਲੀ ਆਈ ਆ, ਇਹ ਨਹੀਂ ਹੋ ਸਕੀ। ਮੁੱਖ ਕੰਮ ਸਾਡਾ ਕਥਾ ਦਾ ਨਾ, ਉਹਦੇ 'ਚ ਰੁਕਾਵਟ ਪਈ ਆ। ਉਹਦੇ ਨਾਲ ਮੈਂ ਇੰਨਾ ਕੁ ਨੁਕਸਾਨ ਸਮਝਨਾ। ਭਈ ਜਿਹੜੇ ਵਿਦਿਆਰਥੀ ਮੇਰੇ ਨਾਲ ਰਹਿੰਦੇ ਆ, ਉਹਨਾਂ ਨੂੰ ਥੋੜਾ ਜਿਹਾ ਫ਼ਰਕ ਪਿਆ ਤੇ ਜਿਹੜੀ ਜਨਤਾ, ਉਹਨੂੰ ਵਾਧਾ ਹੋਇਆ।

? ਕਾਂਗਰਸ ਸਰਕਾਰ ਤੇ ਪੁਲਸ ਪ੍ਰਬੰਧ ਬਾਰੇ ਤੁਹਾਡਾ ਕੀ ਤਜ਼ਰਬਾ ? ਕੀ ਪੰਜਾਬ ਪੁਲਸ ਨੂੰ ਜਨ ਸਧਾਰਨ ਨੂੰ ਇਨਸਾਫ਼ ਮਿਲ ਸਕਦਾ ? ਤੁਹਾਡੇ ਜਥੇ ਦੇ ਸਮਰਥਕਾਂ ਨਾਲ, ਪੁਲਸ ਦੇ ਵਰਤਾਉ ਬਾਰੇ, ਕੀ ਕਹਿਣਾ ਚਾਹੋਗੇ ?

– ਜਿੰਨਾ ਵੀ ਨਿੰਦਿਆ ਜਾਏ, ਉਨਾ ਥੋੜਾ। ਇਨਸਾਫ਼ ਇਹਨਾਂ ਤੋਂ ਨਾ ਮਿਲਦਾ ਤੇ ਨਾ ਮਿਲਣ ਦੀ ਸੰਭਾਵਨਾ ਤੇ ਨਾ ਇਹ ਮੇਰਾ ਨਿਸਚਾ ਭਈ ਇਹਨਾ ਤੋਂ ਆਪਾਂ ਇਨਸਾਫ਼ ਲਈਏ। ਮੇਰਾ ਮਤਲਬ ਆ (ਇਨਸਾਫ) ਦੇਣ ਇਹ। ਮੇਰਾ ਤੇ ਨਿਸਚਾ :

ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥

(ਆਸਾ ਵਾਰ ਮ: ੧, ੪੭੪)

ਮੇਰਾ ਤੇ ਖ਼ਿਆਲ ਇਥੋਂ ਤੱਕ ਆ। ਇਸ ਤਰ੍ਹਾਂ ਮਿਲਣਾ ਆਪਾਂ ਨੂੰ। ਜਿੱਥੇ ਵਿਧਾਨ ਹੈ ਨਹੀਂ, ਜਿੱਥੇ ਸ਼ਰਮ ਹੈ ਨਹੀਂ, ਜਿੱਥੇ ਧਰਮ ਨਾਲ ਪਿਆਰ ਹੈ ਨਹੀਂ। ਉਥੇ ਇਨਸਾਫ਼ ਕਿੱਥੇ ਮਿਲ ਜਾਊ ? ਜਿਹਨਾਂ ਨੇ ਨਿੱਤ ਕੰਜਰੀਆਂ ਦੇ ਨਾਚ ਵੇਖਣੇ ਆਂ, ਭੈੜੇ ਜੀਵਣ ਹੋਣੇ ਆਂ, ਸ਼ਰਾਬ 'ਤੇ ਨਿਸਚਾ ਰੱਖਣਾ, ਕੁਰਸੀ ਨਾਲ ਪਿਆਰ ਆ, ਮਾਇਆ ਇਕੱਤਰ ਕਰਨ ਵਾਸਤੇ ਦਿਨੇ ਰਾਤ ਦੌੜ ਆ, ਬਾਣੀ ਦਾ ਚੇਤਾ ਈ ਕੋਈ ਨਹੀਂ, ਸਤਿਗੁਰੂ 'ਤੇ ਯਕੀਨ ਨਹੀਂ, ਬਚਨ ਕਰਕੇ ਮੁੱਕਰ ਜਾਣਾ, ਉਥੇ ਇਨਸਾਫ਼ ਕਿੱਥੋਂ ? ਇਹ ਇੱਕ ਗੱਲ ਹੁਣ ਯਾਦ ਆਈ ਲਿਖ ਲਾ, ਗੌਰਮੈਂਟ ਦੀ ਲਿਖਣ ਵਾਲੀ ਆ। ਦੁਨੀਆ ਦੀ ਹਿਸਟਰੀ ਵਿੱਚ, ਹਿੰਦੁਸਤਾਨ ਦੀ ਨਹੀਂ। ਸਿੱਖ ਕੌਮ 'ਤੇ ਇਹ ਪਹਿਲਾ ਦਾਗ਼ ਲੱਗਾ। ਇਸ ਪੰਜਾਬ ਦੇ ਮੁੱਖ ਮੰਤਰੀ ਬਹੁਰੂਪੀਏ ਜ਼ਕਰੀਏ ਦੀ ਬਦੌਲਤ ਦੇ ਕਾਰਨ, ਦਰਬਾਰੇ ਦੇ। ਮੁਸਲਮਾਨਾਂ ਨੇ ਤਸ਼ੱਦਦ ਕੀਤਾ, ਅੰਗਰੇਜ਼ਾਂ ਨੇ ਤਸ਼ੱਦਦ ਕੀਤਾ। ਹੋਰਨਾਂ ਨੇ ਵੀ ਕੀਤਾ ਹੋਵੇਗਾ ਪਰ ਕਿਸੇ ਮੁਸਲਮਾਨ ਨੇ, ਅੱਜ ਤੱਕ, ਇਤਿਹਾਸ ਦੁਆਰਾ ਵੀ, ਕਿਤੇ ਵੀ ਲਿਖਤੀ ਰੂਪ ਵਿੱਚ ਨਹੀਂ ਮਿਲਦਾ, ਨਾ ਪ੍ਰਚਾਰ ਰੂਪ ਵਿੱਚ ਕਿ ਸਿੱਖ ਵੱਖਰੀ ਕੌਮ ਨਹੀਂ, ਸਿੱਖਾਂ ਦਾ ਪਰਸਨਲ ਲਾਅ ਵੱਖਰਾ ਨਹੀਂ ਬਣਦਾ। ੧੯੪੭ ਦੀਆਂ ਇਲੈਕਸ਼ਨਾਂ ਦੀ ਇੱਕ ਗੱਲ ਯਾਦ ਆ ਅਖ਼ਬਾਰ 'ਚ ਉਹ ਅੱਖਰ ਥੋੜੇ ਜਿਹੇ ਯਾਦ ਰਹਿ ਗਏ ਪੜ੍ਹਿਆ ਪੜ੍ਹਿਆ ਤੇ ਮੈਂ ਹੈ ਨਹੀਂ ਇੰਨਾ। ਉਹਦੇ 'ਚ ਲਿਖ ਦਿੱਤਾ ਸੀ, ਇੰਜਣ ਤੋ ਬਦਲ ਗਿਆ, ਡੱਬੇ ਤੋ ਵਹੀ ਹੈਂ।

? ਭਾਰਤੀ ਹਵਾਈ ਜਹਾਜ਼ ਅਗਵਾਹ ਕਰਕੇ ਪਾਕਿਸਤਾਨ ਲੈ ਗਏ ਸਿੱਖ ਨੌਜੁਆਨਾਂ ਬਾਰੇ ਤੁਹਾਡੀ ਕੀ ਰਾਇ ਆ ? ਕੀ ਤੁਸੀਂ ਉਹਨਾਂ ਨੂੰ ਭਾਰਤ ਮੰਗਵਾਉਣ ਦੇ ਇੱਛੁਕ ਹੋ ?

– ਇੱਕ ਤੇ ਉਹ ਇਕੱਲੇ ਮਹਿਸੂਸ ਨਾ ਕਰਨ। ਜਦੋਂ ਤੱਕ ਉਹ ਭਾਰਤ ਵਾਪਸ ਨਹੀਂ ਆਉਂਦੇ, ਮੋਰਚਾ ਸਮਾਪਤ ਨਹੀਂ ਹੋਵੇਗਾ ਤੇ ਮੈਂ ਸਵਾਸ ਸਵਾਸ ਕਰਕੇ ਉਹਨਾਂ ਦਾ ਧਨਵਾਦੀ ਆਂ, ਜਿਹਨਾਂ ਨੇ ਗੁਰੂ ਗਰੰਥ ਸਾਹਿਬ ਦੇ ਸਤਿਕਾਰ ਵਾਸਤੇ ਪਰਉਪਕਾਰ ਦਾ ਕੰਮ ਕੀਤਾ ਤੇ ਸ਼ਹੀਦਾਂ ਦੇ ਖ਼ੂਨ ਨਾਲ ਆਪਣਾ ਪਿਆਰ ਬਣਾਇਆ। ਗੌਰਮੈਂਟ ਮਤਾ ਖ਼ਿਆਲ ਕਰੇ ਕਿ ਠਾਰਾ ਸਿੰਘ ਤੇ ਅਮਰੀਕ ਸਿੰਘ ਤੇ ਉਹਦੇ ਨਾਲ ਦੇ ਆ ਗਏ ਆ ਤੇ ਮੋਰਚਾ ਫ਼ਤਹਿ ਹੋ ਜਾਏਗਾ, ਸਮਾਪਤ ਹੋ ਜਾਊ। ਉਹ ਮੰਗਾਉਣੇ ਇਥੇ, ਜੇ ਜਨਾਨੀਆਂ ਪਿੱਛੇ ਜਹਾਜ਼ ਅਗਵਾਹ ਕਰਨ ਵਾਲੇ ਇਥੇ ਟਿਕਟਾਂ ਲੈ ਸਕਦੇ ਤੇ ਇਸ਼ਟ ਵਾਸਤੇ ਕਰਨ ਵਾਲਿਆਂ ਨਾਲ ਪਿਆਰ ਕਿਉਂ ਨਹੀਂ ?

? ਅਕਾਲੀ ਦਲ ਨੇ ਤੇ ਕਹਿ ਦਿੱਤਾ ਕਿ ਉਹ ਖ਼ਾਲਿਸਤਾਨ ਨਹੀਂ ਮੰਗਦੇ ਤੇ ਨਹੀਂ ਚਾਹੁੰਦੇ। ਕੀ ਤੁਸੀਂ ਖ਼ਾਲਿਸਤਾਨ ਦੀ ਮੰਗ ਨੂੰ ਠੀਕ ਸਮਝਦੇ ਹੋ ?

– ਮੈਂ ਨਾ ਤਾਂ ਖ਼ਾਲਿਸਤਾਨ ਦੀ ਹਮਾਇਤ ਕਰਦਾਂ, ਨਾ ਵਿਰੋਧ ਕਰਦਾਂ। ਹਿੰਦੁਸਤਾਨ ਵਿੱਚ ਰਹਿਣਾ ਚਾਹੁੰਨੇ ਆਂ, ਬਰਾਬਰ ਦੇ ਸ਼ਹਿਰੀ ਬਣ ਕੇ, ਗ਼ੁਲਾਮ ਬਣ ਕੇ ਨਹੀਂ ਰਹਿਣਾ, ਦੋ ਨੰਬਰ ਦੇ ਸ਼ਹਿਰੀ ਬਣ ਕੇ ਨਹੀਂ ਰਹਿਣਾ। ਇਹ ਹੁਣ ਸੈਂਟਰ ਸਾਨੂੰ ਦੱਸੇ ਕਿ ਨਾਲ ਰੱਖਣਾ ਜਾਂ ਨਹੀਂ ਰੱਖਣਾ ? ਇਹ ਕੰਮ ਸੈਂਟਰ ਦਾ ਆ। ਮੈਂ ਕੋਈ ਚੌਕੀਦਾਰ ਨਹੀਂ ਕਿ ਉਹਨਾਂ ਦਾ ਕੰਮ ਮੈਂ ਕਰਾਂ। ਅਸੀਂ ਨਾਲ ਰਹਿਣਾ ਚਾਹੁੰਨੇ ਆਂ ਤੇ ਜੇ ਸਾਨੂੰ ਖ਼ਾਲਿਸਤਾਨ ਇਹਨਾਂ ਦੇ ਦਿੱਤਾ ਤੇ ਖਿੜੇ ਮੱਥੇ ਪ੍ਰਵਾਨ ਕਰਾਂਗੇ, ਜਿਹੜਾ ਬੇੜੀਆਂ 'ਚ ਵੱਟੇ ਬਲਦੇਵ ਸਿੰਘ ਨੇ ਪਾਏ ਆ, ਉਹ ਐਤਕਾਂ ਨਹੀਂ ਪੈਣ ਦੇਣੇ। ਇਹ ਦੱਸੋ ਪੜ੍ਹ ਕੇ ਕੀ ਲਿਖਿਆ ?

? ਨਾ ਮੈਂ ਹਮਾਇਤ ਕਰਨਾ ਤੇ ਨਾ ਮੈਂ ਵਿਰੋਧ, ਮੇਰਾ ਦ੍ਰਿਸ਼ਟੀਕੋਣ ਇਹ ਆ ਕਿ ਅਸੀਂ ਹਿੰਦੁਸਤਾਨ ਵਿੱਚ।

- ਦ੍ਰਿਸ਼ਟੀਕੋਣ ਅੱਖਰ ਤੇ ਮੈਂ ਵਰਤਿਆ ਈ ਨਹੀਂ।

? ਹਿੰਦੁਸਤਾਨ ਵਿੱਚ ਰਹਿਣਾ ਚਾਹੁੰਦੇ ਹਾਂ

- ਦ੍ਰਿਸ਼ਟੀਕੋਣ ਤੇ ਮੈਂ ਵਰਤਿਆ ਈ ਨਹੀਂ ਅੱਖਰ। ਇਹਦੇ ਬਾਰੇ ਅੱਖਰ ਮੇਰੇ ਇਨੇ ਲਿਖਦੇ, ਭਾਵੇਂ ਕਾਗਜ਼ ਹੋਰ ਥੋੜਾ ਕਾਲਾ ਕਰ ਲਾ।

? ਨਾ ਮੈਂ ਹਮਾਇਤ ਕਰਦਾ ਹਾਂ ਤੇ ਨਾ ਮੈਂ ਵਿਰੋਧ।

- ਨਾ ਮੈਂ ਹਮਾਇਤ ਕਰਦਾ ਹਾਂ, ਨਾ ਮੈਂ ਵਿਰੋਧ। ਹਿੰਦੁਸਤਾਨ ਵਿੱਚ ਰਹਿਣਾ ਚਾਹੁੰਦੇ ਹਾਂ, ਬਰਾਬਰ ਦੇ ਸ਼ਹਿਰੀ ਬਣ ਕੇ। ਚਾਹੁੰਦਾ ਹਾਂ ਨਹੀਂ ਗਾ, ਚਾਹੁੰਦੇ ਹਾਂ, ਕਿਉਂਕਿ ਇਹ ਸਾਰੇ ਸਿੱਖਾਂ ਦੀ ਗੱਲ ਆ।

? ਬਰਾਬਰ ਦੇ ਸ਼ਹਿਰੀ ਬਣ ਕੇ ?

- ਬਰਾਬਰ ਦੇ ਸ਼ਹਿਰੀ ਬਣ ਕੇ, ਗ਼ੁਲਾਮ ਬਣ ਕੇ ਨਹੀਂ। ਇਹ ਸਾਨੂੰ ਸੈਂਟਰ ਗੌਰਮੈਂਟ ਦੱਸੇ ? ਸਾਨੂੰ ਸਿੱਖਾਂ ਨੂੰ ਨਾਲ ਰੱਖਣਾ ਜਾਂ ਨਹੀਂ ਰੱਖਣਾ ?

? ਅਕਾਲੀ ਦਲ ਨੇ ਕੁਰਬਾਨੀ ਲਈ ਮਰਜੀਵੜਿਆਂ ਦੀ, ਸੂਚੀ ਤਿਆਰ ਕੀਤੀ ਆ, ਪਰ ਤੁਹਾਡੇ ਪਾਸ ਵੱਖਰਾ ਭਰਤੀ ਬਾਰੇ ਰਜਿਸਟਰ ਆ। ਤੁਹਾਡੀ ਤੇ ਅਕਾਲੀ ਦਲ ਦੀ ਭਰਤੀ ਦਾ ਫ਼ਰਕ ਕੀ ਆ ?

- ਇਹ ਅਕਾਲੀ ਦਲ ਨੂੰ ਪੁੱਛੋ, ਜਿਹੜਾ ਮੇਰਾ ਤਰੀਕਾ, ਮੈਂ ਤਰੀਕਾ ਆਪਣਾ ਦੱਸ ਦੇਨਾਂ ਤੇ ਅਕਾਲੀ ਦਲ ਦਾ ਅਕਾਲੀ ਦਲ ਨੂੰ ਪੁੱਛ ਲਉ। ਮੈਂ ਆਪਣੀ ਜ਼ਿੰਮੇਵਾਰੀ ਦੱਸ ਸਕਨਾ। ਅਸੀਂ ਇਹ ਕਹਿ ਕੇ ਭਰਤੀ ਕਰਾਉਨੇ ਆਂ। ਪਹਿਲਾਂ ਤਾਂ ਪੁੱਛੀ ਦਾ, ਤੂੰ ਘਰੇ ਫਤਹਿ ਬੁਲਾ ਆਇਆਂ, ਪੱਪੂ ਤੇ ਮੰਮੀ ਨੂੰ, ਅਖੀਰ ਦੀ ਕਿ ਨਹੀਂ ? ਜੇ ਤੇ ਕਹਿ ਦਏ ਬੁਲਾ ਆਇਆਂ ਤੇ ਫਿਰ ਉਹਨੂੰ ਆਖੀਦਾ ਨਾਂਅ ਲਿਖਵਾ ਦੇਹ ਤੇ ਜਿਹਨੇ ਪੱਪੂ ਤੇ ਮੰਮੀ ਨੂੰ ਜਾ ਕੇ ਫਤਹਿ ਬੁਲਾਉਣੀ ਹੁੰਦੀ ਆ, ਉਹਨੂੰ ਆਖੀਦਾ, ਕੋਈ ਨਹੀਂ, ਥੋੜਾ ਅਟਕ ਕੇ ਆ ਜਾਈਂ। ਫਿਰ ਨਾਲੇ ਕਹੀਦਾ, ਜਿਹਨੇ ਐਮ.ਐਲ.ਏ. ਦੀ ਟਿਕਟ ਲੈਣੀ ਆਂ, ਉਹ ਬੱਲੇ (ਅਕਾਲੀ ਦਲ ਕੋਲ) ਲਿਖਾਵੇ, ਮੇਰੇ ਕੋਲੇ ਟਿਕਟ ਵਾਲੇ ਲਈ ਥਾਂ ਹੈ ਨਹੀਂ ਅਜੇ ਕੋਈ। ਜਿਹਨੇ ਮੁੰਡਾ ਕੁੜੀ ਚੇਅਰਮੈਨ ਲਗਾਉਣਾ ਜਾਂ ਕਿਸੇ ਬੀ.ਏ., ਬੀ. ਐਡ. ਵਿੱਚ ਦਾਖਲਾ ਦਿਵਾਉਣਾ, ਮੇਰੇ ਕੋਲੇ ਕੋਈ ਹੈ ਨਹੀਂ ਗਾ। ਉਹ ਬੱਲੇ....., ਮੇਰੇ ਕੋਲੇ ਤੇ ਇਹ ਆ, ਜਿਹਨੇ ਭੈਣਾਂ ਦੀ ਲੁੱਟੀ ਹੋਈ ਇੱਜ਼ਤ, ਸ਼ਹੀਦਾਂ ਦਾ ਪੀਤਾ ਖ਼ੂਨ ਤੇ ਗੁਰੂ ਦੀ ਕੀਤੀ ਬੇ-ਅਦਬੀ, ਉਹਨਾਂ ਤੋਂ ਹੱਕ ਲੈਣਾ ਤੇ ਸੀਸ ਤਲੀ 'ਤੇ ਰੱਖ ਕੇ ਸੜਕ ਤੇ ਤੁਰਨਾ, ਉਹ ਮੇਰੇ ਕੋਲੇ ਲਿਖਾ ਜਾਇਉ। ਸਾਡੇ ਕੋਲ ਲਾਲਚ ਹੈ ਨਹੀਂ ਕਿ ੭੨-੭੨ ਹੂਰਾਂ ਤੇ ਅੰਗੂਰਾਂ ਦੀ ਸ਼ਰਾਬ ਮਿਲੇਗੀ, ਉਹ ਹੈ ਨਹੀਂ। ਜੇ ੭੨-੭੨ ਹੂਰਾਂ ਮਿਲਣ ਤੇ ਫਿਰ ਕੀ ਬਣੇ ? ਇਹ ਕਹਿ ਕੇ ਲਿਖਵਾਈ ਦਾ। ਜਿਹਦਾ ਚਿਤ ਕਰਦਾ ਲਿਖਵਾ ਜਾਏ, ਜਿਹਦਾ ਨਹੀਂ ਚਿਤ ਮੰਨਦਾ ਅਜੇ, ਮੇਰੇ ਕੋਲ ਤਾਕਤ ਨਹੀਂ ਜਾਂ ਮੈਂ ਕਰ ਨਹੀਂ ਸਕਦਾ ਅਜੇ, ਉਹ ਨਹੀਂ ਵੀ ਲਿਖਾਉਂਦਾ। ਬਾਕੀ ੧੬ ਤੋਂ ਲੈ ਕੇ ੪੦ ਸਾਲ ਦੀ ਉਮਰ ਤੱਕ, ਬਹੁਤਿਆਂ ਦਾ ਨਾਂਅ ਮੈਂ ਲਿਖਿਆ। ਐਲਾਨ ਮੈਂ ਕੀਤਾ ਨਹੀਂ ਗਾ, ਨਾ ਅਜੇ ਮੇਰੇ ਵੱਲੋਂ ਕਰਿਉ, ਅਖ਼ਬਾਰ 'ਚ

ਨਾ (ਕਿਤੇ) ਦੇ ਦਿਉ, ਚੰਗਾ। ਐਲਾਨ ਮੈਂ ਨਹੀਂ ਕੀਤਾ ਪਰ ਫਿਰ ਵੀ ਮਹਾਰਾਜ ਦੀ ਕਿਰਪਾ ਨਾਲ ੩੨ ਹਜ਼ਾਰ ਤੇ ੭ ਸੌ ੩੫-੩੬ ਹੋ ਗਏ ਆ।

? ਲਿਸਟ ਬਣੀ ਆਂ ?

- ਲਿਸਟ ਬਣੀ ਹੁੰਦੀ ਮੇਰੇ ਕੋਲ ਤੇ ਅਕਾਲੀ ਦਲ ਦੇ ਦਫ਼ਤਰ ਵਿੱਚ ਹੀ ਭੇਜ ਦਿੰਦੇ। ਹਾਸਾ..... ਕਿਉਂਕਿ ਦਫ਼ਤਰ ਵਾਲੀ ਲਿਸਟ ਸੰਤ ਜੀ ਕੋਲੋ ਮਗਰੋਂ ਆਉਂਦੀ ਆ, ਦਰਬਾਰੇ ਕੋਲ ਪਹਿਲਾਂ ਜਾਂਦੀ ਆ। ਇਸ ਵਾਸਤੇ ਮੈਂ ਵੱਖਰੀ ਲਿਖੀ ਆ। ਹਾਂ ਲਿਖੀ ਸੰਤਾਂ ਨੂੰ ਪੁੱਛ ਕੇ ਆ। ਲਿਖਣ ਦਾ ਕਾਰਨ ਇਹ ਬਣਿਆ ਕਿ ਜਿਵੇਂ ਹੁਣ ਪੰਡਾਲ ਭਰਿਆ, ਹੁਣ ਤੇ ਬਹੁਤ ਥੋੜੇ, ਇਥੇ ਤਿਲ ਸੁੱਟਣ ਨੂੰ ਥਾਂ ਨਹੀਂ ਸੀ, ਸਾਰੇ ਨਾਨਕ ਨਿਵਾਸ ਵਿੱਚ ਈ। ਲਿਖੇ ਮੈਂ ਤਾਂ, ਸੰਗਤ ਵੇਹਰ ਗਈ ਸੀ, ਅੜ ਗਈ ਸੀ ਕਿ ਅਸੀਂ ਥੱਲੇ ਨਹੀਂ ਲਿਖਾਉਣਾ ਹੈਗਾ। ਲਿਖਾਉਣਾਂ ਤਾਂ ਤੇਰੇ ਕੋਲੋ ਲਿਖਾਉਣਾਂ ਤੇ ਜੇ ਨਹੀਂ ਤਾਂ ਅਸੀਂ ਘਰ ਨੂੰ ਜਾਨੇ ਆਂ। ਫਿਰ ਮੈਂ ਆਖਿਆ ਬੈਠੋ, ਮੈਂ ਸੰਤਾਂ ਕੋਲੋਂ ਜਾ ਕੇ ਦਫ਼ਤਰ 'ਚੋਂ ਪੁੱਛ ਆਉਨਾ ਕਿ ਸੰਗਤ ਆਹ ਸੁਭਾਅ ਬਣਾਈ ਬੈਠੀ ਆ, ਦੱਸੋ ਕੀ ਕਰੀਏ ? ਜੇ ਤਾਂ ਤੁਸੀਂ ਕਹੋ ਤਾਂ ਮੈਂ ਲਿਖ ਲੈਂਨਾਂ ਤੇ ਕੱਲ ਨੂੰ ਕਵੇਂ ਕਿ ਆਪਦਾ ਅਕਾਲੀ ਦਲ ਵੱਖਰਾ ਬਣਾਉਦਾ ਫਿਰਦਾ ਤੇ ਫਿਰ ਤੁਸੀਂ ਆਪ ਈ ਉਹਨਾਂ ਤੋਂ ਲਿਖਵਾ ਲਉ, ਜੇ ਲਿਖਦੇ ਤੇ। ਸੰਤ ਕਹਿੰਦੇ ਲਿਖ ਲਾ ਤੇ ਲਿਖ ਕੇ ਤੇ ਉਹਨਾਂ ਦੇ ਨਾਂਅ ਦਫ਼ਤਰ 'ਚ ਭੇਜ ਦਈਂ। ਮੈਂ ਕਿਹਾ ਜੀ ਮੇਰਾ ਜਵਾਬ ਆ। ਕਹਿੰਦੇ ਕਿਉਂ ? ਮੈਂ ਆਖਿਆ ਤੁਹਾਡੇ ਕੋਲ ਰਿਪੋਰਟ ਪਿੱਛੋਂ ਆਉਣੀ ਆਂ ਉਥੋਂ ਵਾਲਿਆਂ ਦੀ ਤੇ ਉਥੇ (ਪੁਲਿਸ ਪਾਸ) ਪਹਿਲਾਂ ਜਾਣੀ ਆਂ ਤੇ ਜਦੋਂ ਮੇਰੇ ਰਜਿਸਟਰ ਆਲੇ ਤੁਹਾਡੇ ਕੋਲੇ ਆਏ ਤੇ ਉਹ ਦਿਨ ਚੜ੍ਹਦੇ ਨੂੰ ਸਾਰੇ ਜੇਲ੍ਹ 'ਚ ਹੋਣੇ ਆਂ। ਹਾਂ, ਮੈਂ ਇੱਕ ਸ਼ਰਤ 'ਤੇ ਤੁਹਾਨੂੰ ਯਕੀਨ ਦਿਵਾਉਨਾਂ, ਜਿੱਦੇਂ ਤੁਸੀਂ ਮਰਜੀਵੜੇ ਇਕੱਠੇ ਕਰ ਕੇ ਕਿਸੇ ਪਾਸੇ ਤੋਰਨੇ ਆਂ। ੩੨ ਹਜ਼ਾਰ ਤੇ ਕੁਝ ਸੈਂਕੜਿਆਂ ਦੇ ਹਿਸਾਬ ਨਾਲ ਮੇਰੇ ਕੋਲ ਨਾਂਅ ਆਏ ਆ ਤੇ ਤੁਸੀਂ ਜਿਹੜਾ ੧ ਲੱਖ ੧੫ ਹਜ਼ਾਰ ਲਿਖਿਆ, ਉਹ ਇੱਕ ਪਾਸੇ ਤੁਸੀਂ ਖਲ੍ਹਾਰ ਦਿਉ ਤੇ ੩੨ ਹਜ਼ਾਰ ਦੀ ਲਾਈਨ ਲਗਾ ਕੇ ਮੈਂ ਖਲ੍ਹਾਰ ਦਿਉਂਗਾ, ਬੰਦੇ ਗਿਣ ਲਿਉ। ਬੰਦੇ ਮੈਂ ਦੇ ਦਿਆਂਗਾ ਪੂਰੇ, ਲਿਸਟ ਨਹੀਂ ਦੇਣੀ। ਕਿਉਂਕਿ ਇਥੇ ਹੁੰਦਾ, ਭਈ ਜੇ ਤਾਂ ਤੂੰ ਯੂਥ ਵਿੰਗ ਨਾਲ ਆਂ ਤਾਂ ਦੱਸ, ਜੇ ਕਹਿ ਦਏ ਮੈਂ ਯੂਥ ਵਿੰਗ ਨਾਲ ਆਂ ਤੇ ਟੈਲੀਫੋਨ (ਪੁਲਿਸ ਕੋਲ) ਜਾਣਾ, ਛੱਡ ਦਿਉ। ਜੇ ਉਹ ਕਹਿ ਦਏ ਮੈਂ ਫੈਡਰੇਸ਼ਨ ਨਾਲ ਆਂ ਤੇ ਕਹਿੰਦੇ ਕਟਾਪਾ ਚਾੜੋ। ਇਥੋਂ ਟੈਲੀਫ਼ੋਨ ਜਾਂਦਾ। ਲਿਸਟ ਕਿਵੇਂ ਦੇ ਦਿੰਦਾ। ੩੨ ਹਜ਼ਾਰ ਇਹ ਲਿਖੇ, ਅਗਾਂਹ ਬੰਦ ਕਰ ਦਿੱਤੇ ਲਿਖਣੇ। ਨਾ ਤਾਂ ਅਖ਼ਬਾਰ 'ਚ ਕੱਢਿਆ, ਸੰਗਤ ਨੂੰ ਅਜੇ ਕੋਈ ਪਤਾ ਨਹੀਂ ਗਾ।

? ਅੱਗੇ ਹੁਣ ਬੰਦ ਆ ?

- ਨਹੀਂ, ਨਹੀਂ, ਮਤਲਬ ਕਿਹਾ ਨਹੀਂ ਅਸੀਂ। ੧੦ ਹਜ਼ਾਰ ਤੇ ਫ਼ੌਜੀ ਆ, ਫ਼ੌਜੀ ਦਾ ਤੇ ਅਜੇ ਨਾਂਅ ਨਹੀਂ ਅਸੀਂ ਕਿਸੇ ਦਾ ਲਿਖਿਆ। ਹਾਸਾ.....। ਠੀਕ ਆ ੧੦ ਹਜ਼ਾਰ ਫ਼ੌਜੀ ਆ ਪੱਕਾ। ਜਰਨੈਲ, ਮੇਜਰ, ਕਰਨਲ ਅਹੁਦੇ ਸਾਰੇ ਈ। ਇਹਨਾਂ ਦੇ ਨਾਂਅ ਗੁਪਤ ਰੱਖੇ ਆ, ਲਿਖੇ ਨਹੀਂ। ਮੈਂ ਆਖਿਆ ਲਿਖੇ ਤਾਂ ਕੀ ਪਤਾ ਵਿੱਚੋਂ ਹੀ ਕੋਈ ਬੇਈਮਾਨ ਹੋ ਜਾਏ ਚੁੱਕ ਕੇ (ਪੁਲਿਸ ਨੂੰ) ਦੇ ਦੇਵੇ ਲਿਸਟ। ੧੦ ਹਜ਼ਾਰ ਆ ਤੇ ੧੦ ਹਜ਼ਾਰ ਦੇ ੧੦ ਹਜ਼ਾਰ

ਕੋਲੋ ਹਥਿਆਰ ਆ। ਐਲਾਨ ਮੇਰਾ ਇਹ ਕਿ ਬੰਬ, ਤੋਪ, ਗਰਨੇਡ, ਬੰਦੂਕ, ਬਰੇਨਗੰਨ, ਸਟੇਨਾਂ ਜੋ ਰੱਖੀ ਰੱਖੋ।

? ਵਰਤਮਾਨ ਸਮੇਂ ਵਿੱਚ ਨਿਰਾਲਾ ਸਿੱਖ ਸਰੂਪ ਖ਼ਤਰੇ ਵਿੱਚ ਆ। ਕੀ ਬਹੁਗਿਣਤੀ ਦੇ ਫਿਰਕਾਪ੍ਰਸਤ, ਸਿੱਖਾਂ ਨੂੰ ਆਪਣੇ ਵਿੱਚ ਜਜ਼ਬ ਕਰਨ ਦੀਆਂ ਸਾਜ਼ਿਸ਼ਾਂ ਕਰ ਰਹੇ ਹਨ ? ਇਸ ਦੇ ਟਾਕਰੇ 'ਚ ਤੁਸੀਂ ਕਿਸ ਤਰ੍ਹਾਂ ਦੀ ਕਾਰਵਾਈ ਸੋਚਦੇ ਓ ?

– ਇਹ ਅਨੁਭਵ ਕਰ ਲਿਆ। ਜੋ ਤੁਸੀਂ ਪ੍ਰਸ਼ਨ ਕੀਤਾ ਠੀਕ ਹੈ। ਜਿਹੜੀ ਬਹੁਗਿਣਤੀ ਆ, ਉਹ ਘੱਟ ਗਿਣਤੀਆਂ ਨੂੰ ਆਪਣੇ ਵਿੱਚ ਜਜ਼ਬ ਕਰਕੇ ਖ਼ਤਮ ਕਰਨਾ ਚਾਹੁੰਦੀ ਆ। ਉਹਦੇ ਟਾਕਰੇ ਵਾਸਤੇ, ਵਿਸ਼ੇਸ਼ ਤੌਰ 'ਤੇ ਸਿੱਖ ਕੌਮ ਦੀ ਇਕੱਤਰਤਾ, ਸਮੁੱਚੇ ਤੌਰ 'ਤੇ ਮਾਨਵਤਾ ਦਾ ਪਿਆਰ। ਵਿਸ਼ੇਸ਼ ਤੌਰ 'ਤੇ ਸਿੱਖ ਜਗਤ ਦੀ ਇਕੱਤਰਤਾ, ਸਮੁੱਚੇ ਤੌਰ 'ਤੇ ਮਾਨਵਤਾ ਦਾ ਪਿਆਰਾ ਪ੍ਰਾਪਤ ਕਰਨਾ, ਇੱਕ ਤਾਂ ਇਹ ਤੇ ਖ਼ਤਰਾ ਹੈ ਵੀ, ਦੁਨਿਆਵੀ ਪੱਖ ਤੋਂ, ਪਰ ਧਾਰਮਿਕ ਪੱਖ ਤੋਂ ਮੁੱਖ ਰੱਖ ਕੇ ਮੈਂ ਖ਼ਤਰਾ ਬਹੁਤਾ ਪ੍ਰਤੀਤ, ਮਹਿਸੂਸ ਨਹੀਂ ਕਰਦਾ। ਰਾਜਨੀਤਕ ਪੱਖ ਤੋਂ ਹੈ, ਧਾਰਮਿਕ ਪੱਖ ਤੋਂ ਮੈਂ ਬਹੁਤਾ ਮਹਿਸੂਸ ਇਸ ਕਰਕੇ ਨਹੀਂ ਕਰਦਾਂ (ਕਿਉਂਕਿ) ਡਰ ਬੱਕਰੀਆਂ ਤੇ ਭੇਡਾਂ ਨੂੰ ਹੁੰਦਾ, ਸ਼ੇਰਾਂ ਨੂੰ ਨਹੀਂ, ਆਪਾਂ ਕਲਗੀਧਰ ਦੇ ਸਿੱਖ ਹਾਂ, ਕਿਸੇ ਐਰੇ ਗ਼ੈਰੇ ਦੇ ਨਹੀਂ।

? ਕਾਂਗਰਸੀ ਸਿੱਖਾਂ ਬਾਰੇ ਤੁਹਾਡੀ ਕੀ ਰਾਏ ਆ ? ਕੀ ਉਹ ਸ੍ਰੀਮਤੀ ਇੰਦਰਾ ਗਾਂਧੀ ਨੂੰ ਖੁਸ਼ ਕਰਨ ਲਈ, ਅਕਾਲੀ ਲੀਡਰਸ਼ਿਪ ਤੇ ਤੁਹਾਡੇ ਵਿਰੁੱਧ ਬਿਆਨ ਦੇ ਰਹੇ ਆ, ਉਹਨਾਂ ਦੀ ਸੋਚ ਵੱਖਰੀ ਏ ਜਾਂ ਉੱਚ ਸੁਆਰਥੀ ਨੇ ?

– ਕਾਂਗਰਸ ਵਿੱਚ ਜਿਹੜੇ ਤੇ ਸਿੱਖ ਗੁਰੂ ਗਰੰਥ ਸਾਹਿਬ ਜੀ ਨੂੰ ਮੰਨਦੇ ਆ। ਸਚਿਆਈ ਦੇ ਤੌਰ 'ਤੇ, ਮੈਂ ਉਹਨਾਂ ਦਾ ਸਤਿਕਾਰ ਵੀ ਕਰਦਾਂ ਤੇ ਜਿਹੜੇ ਸਿੱਖ, ਇੰਦਰਾ ਦੀਆਂ ਚਪਲੀਆਂ ਝਾੜਨ ਦੇ ਸ਼ਕੀਨ ਆਂ, ਉਹਨਾਂ ਨੂੰ ਮੈਂ ਸਿੱਖ ਨਹੀਂ ਸਮਝਦਾ, ਬਹੁ-ਰੂਪੀਏ ਸਮਝਨਾਂ। ਹਾਂ, ਇੱਕ ਗੱਲ ਨਿਸਚੇ ਨਾਲ ਕਹਿ ਦੇਨਾ, ਕਿ ਮੰਤਰੀ ਮੰਡਲ ਵਿੱਚ ਜੋ ਆ.....। ਜਨਤਾ ਵਿੱਚ ਕਾਂਗਰਸ ਨਹੀਂ, ਜਿਹੜੇ ਮੰਤਰੀ ਮੰਡਲ ਵਿੱਚ ਆ, ਉਹਨਾਂ ਨੂੰ ਮੈਂ ਗੁਰੂ ਗਰੰਥ ਸਾਹਿਬ ਦੇ ਸਿੱਖ ਈ ਨਹੀਂ ਮੰਨਦਾ, ਸਿੱਖ ਉਹਨਾਂ ਨੂੰ ਇੰਦਰਾ ਦੇ ਮੰਨਨਾ।

ਜਿਹੜਾ ਮੈਂ ਸਬੂਤ ਦੇਣਾ ਚਹੁੰਨਾ, ਲਾਲਾ ਜਗਤ ਨਰਾਇਣ ਦੀ ਮੌਤ ਹੋਈ, ਮੈਥੋਂ ਬਿਨਾਂ ਅਕਾਲੀ ਮੰਡਲ ਨੇ ਵੀ, ਕਾਂਗਰਸੀ ਮੰਡਲ ਨੇ ਸਾਰੇ ਨੇ ਅਫ਼ਸੋਸ ਕੀਤਾ। ਸ੍ਰੀ ਗੁਰੂ ਗਰੰਥ ਸਾਹਿਬ ਦੇ ਸਰੂਪ ਨੂੰ ਅੱਗ ਲੱਗ ਗਈ, ਲਾ ਦਿੱਤੀ ਗਈ, ਰਾਜ ਵਾਲਿਆਂ ਵੱਲੋਂ। ਹਿੰਦੁਸਤਾਨ ਦਾ ਇੱਕ ਵੀ ਕਾਂਗਰਸੀ ਬਾਂਹ ਖੜ੍ਹੀ ਕਰਕੇ ਕਹੋ, ਜਿਹਨੇ ਨਖੇਧੀ ਕੀਤੀ ਆ, ਸਾਰੇ ਹਿੰਦੁਸਤਾਨ ਦਾ। ਇਥੋਂ ਸਿੱਧ ਹੁੰਦਾ ਭਈ ਇਹ ਗੁਰੂ ਗਰੰਥ ਸਾਹਿਬ ਦੇ ਸਿੱਖ ਨਹੀਂ, ਇੰਦਰਾ ਦੀਆਂ ਚਪਲੀਆਂ ਦੇ ਸਿੱਖ ਆ।

ਸਵਰਨ ਸਿੰਘ ਨੂੰ ਵੀ ਇਥੇ ਮੈਂ ਇਹੋ ਦੱਸਿਆ ਸੀ। ਮੈਂ ਉਸ ਨੂੰ ਪੁੱਛਿਆ ਸੀ ਕਿ ਤੂੰ ਇੰਦਰਾ ਦਾ ਸਿੱਖ ਆਂ ਕਿ ਗੁਰੂ ਗਰੰਥ ਸਾਹਿਬ ਦਾ ਸਿੱਖ ਆਂ। ਇਉਂ ਬੈਠਾ ਸੀ ਪਹਿਲੋਂ ਤੇ ਫਿਰ ਐਉਂ ਬਹਿ ਗਿਆ (ਇਸ਼ਾਰੇ ਨਾਲ ਦੱਸਦੇ ਹਨ) ਕਹਿੰਦਾ ਅਖੇ ਇਹ ਕੀ ? ਮੈਂ ਆਖਿਆ ਮੈਂ ਪੁੱਛਿਆ ਕਿ ਤੂੰ ਇੰਦਰਾ ਦਾ ਸਿੱਖ ਆਂ ਕਿ ਗੁਰੂ ਗਰੰਥ ਸਾਹਿਬ

ਦਾ ਸਿੱਖ ਆਂ ? ਕਹਿੰਦਾ ਤੈਨੂੰ ਸ਼ੱਕ ਆ ? ਮੈਂ ਕਿਹਾ ਮੈਨੂੰ ਤੇ ਕੋਈ ਸ਼ੱਕ ਨਹੀਂ, ਮੈਨੂੰ ਤੇ ਨਿਸਚਾ ਕਿ ਤੂੰ ਇੰਦਰਾ ਦਾ ਸਿੱਖ ਆਂ, ਤੂੰ ਦੱਸ, ਤੂੰ ਕੀ ਆਂ ? ਉਹ ਪੰਜ ਜਾਣੇ ਸੀ ਸਵਰਨ ਸਿੰਹੁ, ਬਲਵੰਤ ਸਿੰਹੁ ਲੱਛੂ ਸਾਬਕਾ ਖਜਾਨਾ ਮੰਤਰੀ ਤੇ ਹੁੰਦਲ ਤੇ ਭਾਨ ਸਿੰਘ, ਪੰਜੇ ਸੀ ਉਦੋਂ। ਮੈਨੂੰ ਕਹਿਣ ਲੱਗਾ ਕਿ ਮੈਂ ਗੁਰੂ ਕਾ ਸਿੱਖ ਹਾਂ, ਮੈਂ ਕਿਹਾ ਕਿ ਮੈਂ ਤੈਨੂੰ ਕਹੀ ਜਾਨਾ ਇੰਦਰਾ ਦਾ ਸਿੱਖ ਆਂ, ਤੂੰ ਗੁਰੂ ਕਾ ਸਿੱਖ ਕਿਵੇਂ ? ਕਹਿੰਦਾ ਮੈਂ ਅੱਗੇ ਸੁਣਿਆਂ ਸੀ ਤੁਸੀਂ ਕਰੜੇ ਬਹੁਤ ਹੋ, ਅੱਜ ਵੇਖ ਲਿਆ। ਮੈਂ ਆਖਿਆ ਚੱਲ ਚੰਗਾ, ਪਰ ਮੈਂ ਆਖਿਆ ਚੱਲ ਇੰਨਾ ਦੱਸ ਜਾਈਂ ਤੂੰ ਸੱਚ ਨੂੰ ਕਰੜਾ ਮੰਨਦਾ ਕਿ ਝੂਠ ਨੂੰ ? ਜੇ ਸੱਚ ਨੂੰ ਕਰੜਾ ਮੰਨਦਾ, ਤੂੰ ਗੁਰੂ ਕਾ ਸਿੱਖ ਆਂ, ਜੇ ਝੂਠ ਨੂੰ ਮੰਨਦਾ ਤੇ ਝੂਠ ਸਿੱਧ ਕਰ ਕੇ ਮੈਂ ਦੱਸੂੰ, ਮੈਂ ਇਹ ਮਿਸਾਲ ਦਿੱਤੀ ਸੀ.....। ਮੈਂ ਕਿਹਾ ਤੂੰ ਲਾਲੇ ਦੀ ਨਿਖੇਧੀ ਕੀਤੀ ? ਕਹਿੰਦਾ ਕੀਤੀ ਆ। ਮੈਂ ਆਖਿਆ ਗੁਰੂ ਗਰੰਥ ਸਾਹਿਬ ਦੇ ਸਾਡੇ ਜਾਣ ਦੀ ਨਿਖੇਧੀ ਕੀਤੀ ਆ ? ਕਹਿੰਦਾ ਨਹੀਂ। ਮੈਂ ਕਿਹਾ ਫਿਰ ਕਿਉਂ ? ਕਹਿੰਦਾ ਜੀ ਉਹ....., ਉਹਨੇ ਇਥੇ ਇੱਕ ਚਾਤਰਤਾ ਵਰਤੀ। ਆਂਦਾ ਇਹ ਅਣਗਹਿਲੀ ਹੈ। ਪੜ੍ਹਿਆ ਲਿਖਿਆ ਵਾਹਵਾ ਨਾ। ਕਹਿੰਦਾ ਅਣਗਹਿਲੀ ਆ। ਮੈਂ ਆਖਿਆ ਆਪਾਂ ਹੁਣ ਕੱਢ ਲੈਨੇ ਆਂ। ਕਹਿੰਦਾ ਅਣਗਹਿਲੀ ਆ, ਗ਼ਲਤੀ ਨਹੀਂ। ਮੈਂ ਆਖਿਆ ਹੁਣ ਠੀਕ ਕਰ ਲਉ। ਕਹਿੰਦਾ ਦੱਸੋ। ਮੈਂ ਆਖਿਆ ਆ ਬੈਠੇ ਪ੍ਰੈੱਸ ਵਾਲੇ ਬਾਹਰ ਤੇ ਉਹਨਾਂ ਨੂੰ ਸਦ ਲਾ ਇਥੇ ਤੇ ਬਿਆਨ ਦੇ ਦੇਹ ਭਈ ਮੈਥੋਂ ਜੋ ਅਣਗਹਿਲੀ ਹੋ ਗਈ ਆ ਤੇ ਮੈਂ ਆਪਣੇ ਇਸ਼ਟ ਦਾ ਹੱਕ ਲਵਾਂਗਾ। ਕਹਿੰਦਾ ਜੀ ਮਜ਼ਬੂਰੀ ਆ। ਮੈਂ ਆਖਿਆ ਕਹਿ ਇੰਦਰਾ ਦਾ ਸਿੱਖ ਆਂ। ਹਾਸਾ....., ਐਵੇਂ ਨਹੀਂ ਉਹਨੇ ਬਾਹਰ ਜਾ ਕੇ ਸੱਚ ਲਿਖ ਦਿੱਤਾ ਸਾਰਾ ਕੁਝ। ਅਣਗਹਿਲੀ ਨੂੰ ਦੂਰ ਕਰਨ ਤੇ ਕਿਹੜਾ ਜ਼ੋਰ ਲੱਗਣਾ।

? ਅਕਾਲੀ ਦਲ ਹਮੇਸ਼ਾਂ ਮੰਗ ਕਰਦਾ, ਰਾਸ਼ਟਰਪਤੀ ਸਿੱਖ ਬਣਾਉ, ਸਿੱਖਾਂ ਨੂੰ ਵਜ਼ੀਰੀਆਂ ਦਿਉ, ਰਾਜ-ਭਾਗ ਵਿੱਚ ਹਿੱਸਾ ਦਿਉ। ਸਭ ਥਾਂਈ ਅਸੀਂ ਹਿੱਸਾ ਮੰਗਨੇ ਆਂ। ਕੀ ਸਰਕਾਰ ਵਿੱਚ ਕੁਝ, ਸਿੱਖਾਂ ਨੂੰ ਇਹ ਪਦਵੀਆਂ ਦੇਣ ਨਾਲ ਸਿੱਖ ਕੌਮ ਨੂੰ ਪ੍ਰਤੀਨਿਧਤਾ ਮਿਲ ਜਾਂਦੀ ਏ ? ਕੀ ਇਸ ਨਾਲ ਸਿੱਖਾਂ ਦਾ ਕੋਈ ਮਸਲਾ ਹੱਲ ਹੁੰਦਾ ?

- ਨਹੀਂ, ਜੇ ਗੁਰੂ ਗਰੰਥ ਸਾਹਿਬ ਜੀ ਨੂੰ ਮੰਨਣ ਵਾਲਾ ਤੇ ਉਸ ਦੇ ਰਾਹ 'ਤੇ ਚੱਲਣ ਵਾਲਾ ਹੋਵੇ ਤਾਂ ਫਿਰ ਹੋ ਸਕਦਾ। ਜਿਹੜਾ ਗੁਰੂ ਦਾ ਬੋਹਾਨਾ ਬਣਾ ਕੇ ਤੇ ਕੁਰਸੀ ਦਾ ਮਾਲਕ ਬਣ ਕੇ ਤੇ ਮੁੜਕੇ ਜਨਾਨੀ ਦੀਆਂ ਚਪਲਾਂ ਝਾੜਨ ਦਾ ਸ਼ਕੀਨ ਹੋ ਜਾਵੇ, ਉਹਦੇ ਤੋਂ ਕੋਈ ਲਾਭ ਨਹੀਂ ਹੋ ਸਕਦਾ। ਜਿਹਦੀ ਇੱਕ ਇਤਿਹਾਸਕ ਮਿਸਾਲ ਆ। ਜੇ ਜਹਾਂਗੀਰ ਦੇ ਟਾਈਮ ਵਿੱਚ ਗਿ: ਜੈਲ ਸਿੰਘ ਨਾਲੋਂ ੧੦ ਗੁਣਾਂ ਤਾਕਤ ਰੱਖਣ ਵਾਲਾ ਦਿਵਾਨ ਚੰਦੂ (ਕੁਝ ਨਹੀਂ ਕਰ ਸਕਿਆ) ਉਸ ਟਾਈਮ ਤੇ ਕਿੰਨੇ ਕਿੰਨੇ ਹਜ਼ਾਰ ਗਈਆਂ,.....ਬਾਹਮਣੀਆਂ ? (ਉਹਨਾਂ ਨੂੰ) ਛਡਾ ਕੇ (ਤਾਂ) ਪੱਗ ਵਾਲੇ ਈ ਲਿਆਏ ਨਾ। ਫਿਰ ਹਿੰਦੂ ਕਿਉਂ ਪਿੱਟੀ ਜਾਂਦੇ ਆ ਕਿ ਮੁਸਲਮਾਨਾਂ ਨੇ ਸਾਡੀ ਇੱਜ਼ਤ ਲੁੱਟ ਲਈ ? ਗਿ: ਜੈਲ ਸਿੰਘ ਵਾਲੇ ਥਾਂ 'ਤੇ ਸੀ ਉਹ। ਉਹਨੂੰ ਛਡਾ ਲੈਣੀਆਂ ਚਾਹੀਦੀਆਂ ਸੀ। ਕਿਉਂ ਮੁਸਲਮਾਨਾਂ ਨੂੰ ਗਾਲਾਂ ਕੱਢਦੇ ਆ। ਜੇ ਇੱਕ ਬੰਦੇ ਨੂੰ ਦੁਨੀਆ ਵਿੱਚੋਂ ਖਰੀਦ ਕੇ, ਪਦਵੀ ਦੇ ਕੇ, ਬਾਕੀਆਂ ਦੀ ਇੱਜ਼ਤ ਲੁੱਟੀ ਜਾਣੀ ਬਹਾਨਾ ਬਣਾ ਕੇ, ਉਹਦੇ ਨਾਲ ਕੌਮ

ਤੇ ਸੰਤੁਸ਼ਟ ਨਹੀਂ ਹੋ ਸਕਦੀ। ਮਿਸਾਲ ਇੱਕੋ ਦਿੱਤੀ ਆ। ਵੈਸੇ ਤੇ ਹੋਰ ਬਥੇਰੀਆਂ ਹੈਗੀਆਂ।

? ਸਿੱਖ ਇੱਕ ਵੱਖਰੀ ਕੌਮ ਹੈ ? ਤੁਸੀਂ ਇਹਦੇ ਬਾਰੇ ਕੀ ਕਹਿਣਾ ਚਾਹੋਗੇ ?

- ਨਿਸਚੇਵਾਚਕ ਆ, ਲਿਖ ਲਾ ਭੁੱਲ ਨਾ ਜਾਈਂ। ਪਹਿਲਾਂ ਕਿਹੜੇ ਪੱਖ 'ਚ ਦੱਸਾਂ, ਰਾਜਨੀਤਕ ਦੱਸਾਂ ? ਧਾਰਮਿਕ 'ਚ ਫਿਰ ਦੱਸ ਦਿਉਂਗਾ।

? ਸਾਰੇ ਹੀ ਦੱਸ ਦਿਉ।

- ਪਰ ਪਹਿਲਾਂ ਮੈਨੂੰ ਧਾਰਮਿਕ ਦੱਸਣੀ ਚਾਹੀਦੀ ਆ, ਕਿਉਂਕਿ ਮੈਂ ਧਰਮੀ (ਬੰਦਾ) ਆਂ। ਧਾਰਮਿਕ ਪੱਖ ਤੋਂ ਭਾਈ ਗੁਰਦਾਸ ਜੀ ਦੀ ਰਚਨਾ ਦੁਆਰਾ ਸਿੱਖ ਵੱਖਰੀ ਕੌਮ ਆਂ।

ਸ਼ਬਦ ਜਿਤੀ ਸਿਧ ਮੰਡਲੀ ਕੀਤੋਸੁ ਅਪਣਾ ਪੰਥ ਨਿਰਾਲਾ ॥

.....

ਮਾਰਿਆ ਸਿਕਾ ਜਗਤ ਵਿੱਚ ਨਾਨਕ ਨਿਰਮਲ ਪੰਥ ਚਲਾਯਾ ॥

ਦਸਵੇਂ ਪਾਤਿਸ਼ਾਹ ਦੇ ਲਿਖ ਲਉ :

ਜਬ ਲਗ ਖਾਲਸਾ ਰਹੇ ਨਿਆਰਾ ॥
ਤਬ ਲਗ ਤੇਜ ਦੀਉਂ ਮੈ ਸਾਰਾ ॥
ਜਬ ਇਹ ਗਹੈ ਬਿਪਰਨ ਕੀ ਰੀਤ ॥
ਮੈ ਨ ਕਰਹੁੰ ਇਨ ਕੀ ਪ੍ਰਤੀਤ ॥

ਇਸ ਵਾਸਤੇ ਵੀ ਸਿੱਖ ਵੱਖਰੀ ਕੌਮ ਆਂ। ਬਾਕੀ ਸਿੱਖ ਮੁੱਢ ਆ, ਬਾਕੀ ਟਹਿਣੀਆ, ਪੱਤਰੇ ਆਦਿਕ। ੩੩ ਕਰੋੜ ਦੇਵਤਾ, ੯ ਕਰੋੜ ਦੇਵੀ, ਸਵਾ ਲੱਖ ਪੈਗੰਬਰ, ੬੪ ਜੋਗਣੀਆ, ੫੨ ਬੀਰ, ੮੪ ਸਿੱਧ, ੬ ਜਤੀ, ੯ ਨਾਥ, ੧੦ ਗੁਰੂ, ਇੱਕ ਵੀ ਬਿਨਾਂ ਕੇਸਾਂ ਤੋਂ ਨਹੀਂ ਤੇ ਸਿੱਖ ਦੀ ਨਿਸ਼ਾਨੀ ਆਂ ਮੁੱਢਲੀ ਕੇਸ ਤੇ ਦਾਹੜਾ। ਕੇਸ, ਦਾਹੜਾ, ਪੱਗ ਹੋਵੇ ਸਰਦਾਰ ਕਹਿਣਗੇ। ਧੋਤੀ, ਟੋਪੀ, ਜਨੇਊ ਤੇ ਤਿਲਕ ਹੋਵੇ, ਹਿੰਦੂ ਕਹਿਣਗੇ। ਸੁੰਨਤ ਕੀਤੀ ਹੋਵੇ, ਡਾਂਗਾਂ (ਧੱਕੇ) ਦੇ ਨਾਲ ਤੇ ਮੁਸਲਮਾਨ ਕਹਿਣਗੇ। ਦੁਨੀਆ ਵਿੱਚ ਬਿਨਾਂ ਸਿੱਖ ਦੇ ਮੈਨੂੰ ਜਨਮ ਲੈਂਦਾ ਕੋਈ ਵਿਖਾ ਦਿਉ। ਜਨਮ ਸਿੱਖ ਲੈਂਦਾ, ਮੁੜਕੇ ਮੁੰਨ ਕੇ ਬਣਾਈ ਦੇ ਆ। ਕੈਂਚੀ ਨਾਲ ਕੇਸ ਨਾ ਕੱਟੋ, ਬੋਧੀ ਨਾ ਬਣਾਉ ਤੇ ਸਿੱਖ, ਕੈਂਚੀ ਨਾਲ ਸੁੰਨਤ ਨਾ ਕਰੋ ਤੇ ਲਬਾਂ ਨਾ ਕੱਟੋ ਤੇ ਤਾਂ ਵੀ ਸਿੱਖ। ਜਿਹੜੀ ਨਿਰਵੈਰ ਸ਼ਕਤੀ, ਜਿਹਨੂੰ ਅੱਲਾ, ਖੁਦਾ, ਅਕਾਲ, ਵਾਹਿਗੁਰੂ, ਮਿਹਰਬਾਨ, ਕਰੀਮ, ਰਹੀਮ, ਇਹ ਅੱਖਰ ਵਰਤੀਦੇ ਆਂ। ਰਾਮ, ਕ੍ਰਿਸ਼ਨ ਵਰਤੀ ਦਾ। ਇਹ ਨਿਰਵੈਰ ਸ਼ਕਤੀ ਇੱਕ ਆ। ਇੱਕ ਨਿਰਵੈਰ ਸ਼ਕਤੀ ਨੇ ਕੁਲ ਨੂੰ ਸਿੱਖੀ ਸਰੂਪ ਵਿੱਚ ਪ੍ਰਗਟ ਕੀਤਾ ਤੇ ਸਿੱਖ ਵੱਖਰੀ ਕੌਮ ਨਾਂਹ ਦਾ ਤਾਂ, ਸੁਆਲ ਈ ਪੈਦਾ ਨਹੀਂ ਹੁੰਦਾ ਹੈਗਾ। ਇਸ ਵਾਸਤੇ ਸਿੱਖ ਵੱਖਰੀ ਕੌਮ ਆਂ। ਇਹ ਹੁਣ ਤੇ ਕੰਨ ਜਿਹਾ ਥੋੜਾ ਹਿਲਾਉਂਨਾ, ਗੱਲ ਕਿਤੇ ਬੈਠ ਕੇ ਸਭਾ 'ਚ ਕੀਤੀ ਹੋਵੇ ਨਾ, ਫਿਰ ਪਤਾ ਲੱਗਣਾ ਕਿ ਕੀਮਤ ਕੀ ਆ ? ਵੱਡੇ ਤੋਂ ਵੱਡੇ ਫਿਲਾਸਫਰ ਕੋਲੇ ਕਹਿ ਦਈਏ, ਜਿਹੜਾ ਮੁੰਡਾ ਪਿਉ ਨਾਲ ਨਹੀਂ ਰਲਦਾ ਉਹਨੂੰ ਕੀ ਕਹੀਦਾ ? ਕੋਈ ਨਾ ਕੋਈ ਕਿਸੇ ਦੇਵਤੇ, ਗੁਰੂ ਪੀਰ ਦਾ ਤਾਂ ਹੈ ਨਾ। ਚਾਹੇ ਕਿਸੇ ਸੁਭਾਅ ਦਾ। ਕੋਈ ਐਸਾ ਦੇਵਤਾ ਪੀਰ ਨਹੀਂ ਗਾ, ਜਿਹਦੇ ਕੇਸ ਕੱਟੇ ਤੇ ਦਾਹੜੀ ਮੁੰਨੀ ਆਂ। ਜਿਹੜਾ ਆਪ ਨੂੰ ਨਹੀਂ ਮੰਨਦਾ, ਉਹ ਦੂਜਿਆਂ ਦਾ ਕੀ ਸੁਆਰ ਦਿਉ ? ਇਸ ਵਾਸਤੇ ਸਿੱਖ ਵੱਖਰੀ ਕੌਮ ਆਂ।

ਇਸ਼ਟ ਕਰਕੇ ਵੀ ਸਿੱਖ ਵੱਖਰੀ ਕੌਮ ਆਂ। ਇਹ ਲਿਖਣ ਵਾਲੀਆਂ ਗੱਲਾਂ, ਉਵੇਂ ਤੇਰੇ ਯਾਦ ਨਹੀਂ ਰਹਿਣੀਆਂ ਮੁੜ ਕੇ। ਇਸ਼ਟ ਕਰਕੇ.....। ਗੀਤਾ ਦੇ ੧੮ ਅਧਿਆਏ, ਕੁਰਾਨ ਦੇ ੩੦ ਸਪਾਰੇ ਆ। ੩੦ ਸਪਾਰਿਆਂ 'ਚ ਹਿੰਦੂ ਨੂੰ ਕੋਈ ਥਾਂ ਨਹੀਂ ਤੇ ੧੮ ਅਧਿਆਇਆਂ 'ਚ ਮੁਸਲਮਾਨ ਨੂੰ ਕੋਈ ਥਾਂ ਨਹੀਂ। ਸਤਿਗੁਰੂ ਗਰੰਥ ਸਾਹਿਬ ਜੀ ਵਿੱਚ ਮੁਸਲਮਾਨ ਫਰੀਦ ਜੀ ਬੈਠੇ ਆ, ਜੁਲਾਹਾ ਕਬੀਰ ਜੀ ਬੈਠੇ ਆ, ਨਾਮਦੇਵ ਛੀਂਬਾ ਬੈਠੇ ਆ, ਜੈ ਦੇਉ ਬ੍ਰਾਹਮਣ ਬੈਠੇ ਆ, ਸੈਣ ਨਾਈ ਬੈਠੇ ਆ, ਧੰਨਾ ਜੱਟ ਬੈਠਾ, ਪੀਪਾ ਰਾਜਾ ਬੈਠਾ ਤੇ ਵੇਸਵਾ ਦਾ ਪੇਸ਼ਾ ਤਿਆਗ ਕੇ ਗਨਕਾ ਵੀ ਬੈਠੀ ਆ। ਕਸਾਈਪੁਣੇ ਦਾ ਤਿਆਗ ਕਰਕੇ ਸਧਨਾ ਵੀ ਵਿੱਚ ਬੈਠਾ ਹੈ। ਹਾਂ ਜੀ, ਹਰੀਜਨਾਂ ਵਿੱਚੋਂ ਬਾਲਮੀਕ ਵੀ ਵਿੱਚ ਬੈਠਾ। ਇਥੇ ਕਿਹੜਾ ਜਿਹਨੂੰ ਥਾਂ ਨਹੀਂ ਦਿੱਤਾ ? ਇਸੇ ਵਾਸਤੇ ਕਿਹਾ :

ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ ॥
ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ ॥

(ਸਲੋਕ ਕਬੀਰ, ੧੩੭੭)

ਇਸ ਵਾਸਤੇ ਸਿੱਖ ਵੱਖਰੀ ਕੌਮ ਆਂ। ਇਸਟ ਕਰਕੇ ਵੀ। ਬਾਕੀ ਜਿਤਨੀ ਰਚਨਾ (ਵਾਹਿਗੁਰੂ ਨੇ) ਰਚੀ ਆ, ਅਸੀਂ ਸਭ ਦਾ ਸਤਿਕਾਰ ਕਰਦੇ ਆਂ।

ਰਮਾਇਣ ਰਾਮ ਚੰਦਰ ਦੇ ੧੦ ਹਜ਼ਾਰ ਵਰ੍ਹਾ ਅਵਤਾਰ ਧਾਰਨ ਤੋਂ ਪਹਿਲਾਂ ਰਚੀ ਤੇ ਕੁਰਾਨ ਮੁਹੰਮਦ ਸਾਹਿਬ ਦੇ ਪ੍ਰਲੋਕ ਗਵਨ ਤੋਂ ੪੦੦ ਸਾਲ ਪਿੱਛੋਂ ਲਿਖੀ। ਇੱਕ ਚਿੱਠੀ ਤੁਸੀਂ ਲਿਖਾਉਨੇ ਆਂ ਤੇ ਕੋਈ ਸੰਤੋਖ ਸਿੰਘ ਲਿਖਦਾ ਤੇ ਇੱਕ ਤੁਸੀਂ ਬੋਲ ਕੇ ਚਲੇ ਜਾਨੇ ਆਂ ਤੇ ਮੈਂ ਪਿੱਛੋਂ ਲਿਖਦਾਂ ਤੇ ਇੱਕ ਤੁਸੀਂ ਦਿੱਲੀਉਂ ਆਏ, ਤੁਹਾਡੇ ਆਉਣ ਤੋਂ ਪਹਿਲਾਂ ਹੀ ਤੁਹਾਡੇ ਨਾਂਅ 'ਤੇ ਲਿਖੀ ਗਈ ਆ। ਸਹੀ ਚਿੱਠੀ ਕਿਹੜੀ ਹੋਊਗੀ ? ਜਿਹੜੀ ਤੁਸੀਂ ਹੁਣ ਲਿਖਾਈ ਉਹ ਕਿ ਜਿਹੜੀ ਪਿੱਛੋਂ ਜਾਂ ਪਹਿਲਾਂ ਸੀ ਉਹ ? ਇੱਕੋ ਇੱਕ ਗੁਰੂ ਗਰੰਥ ਸਾਹਿਬ ਦੀ ਬਾਣੀ ਆਂ ਦੁਨੀਆਂ ਵਿੱਚ, ਜਿਹੜੀ ਗੁਰੂ ਨੇ ਆਪ ਕੰਠ ਤੋਂ ਉਚਾਰੀ, ਆਪ ਲਿਖਵਾਈ ਤੇ ਫਿਰ ਆਪ ਸੁਣੀ ਕੋਲ ਬੈਠ ਕੇ, ਇਸ ਵਾਸਤੇ ਸਿੱਖ ਵੱਖਰੀ ਕੌਮ ਆਂ।

ਦੁਨੀਆ ਦਾ ਚੱਕਰ ਕੱਟ ਲਉ, ਮਸੀਤ, ਗਿਰਜਾ, ਮੰਦਰ ਕਿਸੇ ਥਾਂ 'ਤੇ ਤੁਹਾਨੂੰ ਲੰਗਰ ਨਹੀਂ ਮਿਲੇਗਾ। ਲੰਗਰ ਮਿਲੇਗਾ ਤੇ ਇੱਕੋ ਇੱਕ ਗੁਰੂ ਦੇ ਦਰ 'ਤੇ ਮਿਲੇਗਾ। ਇਸ ਵਾਸਤੇ ਸਿੱਖ ਵੱਖਰੀ ਕੌਮ ਆਂ।

ਹਿੰਦੂ ਦੇ ਘਰਵਾਲੀ ਜਨੇਊ ਨਹੀਂ ਪਾ ਸਕਦੀ, ਟੋਪੀ ਨਹੀਂ ਰੱਖ ਸਕਦੀ, ਚੋਟੀ ਨਹੀਂ ਰੱਖ ਸਕਦੀ। ਮੁਸਲਮਾਨ ਦੇ ਘਰ ਵਾਲੀ ਮੱਕੇ ਦੀ ਜ਼ਿਆਰਤ ਨਹੀਂ ਕਰ ਸਕਦੀ, ਮਸੀਤ ਵਿੱਚ ਨਿਮਾਜ਼ ਨਹੀਂ ਪੜ੍ਹ ਸਕਦੀ, ਜੇ ਪੜ੍ਹ ਸਕਦੀ ਆ ਤੇ ਸੰਨ੍ਹ ਵਿੱਚ ਪੜ੍ਹਦਾ ਪਾ ਕੇ ਪੜ੍ਹ ਸਕਦੀ ਆ, ਸਾਹਮਣੇ ਨਹੀਂ ਪੜ੍ਹ ਸਕਦੀ ਤੇ ਤੁਹਾਡੇ ਕੋਲ ਦੋ ਬੱਚੇ ਪੜ੍ਹਨ ਆਉਂਦੇ ਆ। ਇੱਕ ਇਥੇ ਬੈਠ ਕੇ ਪੜ੍ਹਦਾ ਤੇ ਇੱਕ ਨੂੰ ਕਹਿਨੇ ਨੀਚੇ ਬੈਠ ਤੇ ਸਾਡੇ ਮੱਥੇ ਨਾ ਲੱਗੀਂ, ਥੱਲੇ ਰਹਿ। ਮੁੰਡਾ ਇਮਤਿਹਾਨ ਵਿੱਚ ਪਾਸ ਫਿਰ ਕਿਹੜਾ ਹੋਵੇਗਾ ? ਜਿਹੜਾ ਤੁਹਾਡੇ ਕੋਲ ਬੈਠ ਕੇ ਪੜ੍ਹਦਾ ਕਿ ਜਿਹਨੂੰ ਤੁਸੀਂ ਮੱਥੇ ਨਹੀਂ ਲਾਇਆ ਉਹ ਹੋਊ ? ਕਿਉਂ ਭਈ ਦੱਸੋ ਕਿਹੜਾ ਪਾਸ ਹੋਊ ? ਜਿਹੜਾ ਕੋਲ ਬੈਠ ਕੇ ਪੜ੍ਹਦਾ ਉਹੋ ਹੀ ਨਾ ਤੇ ਜਿਹੜੇ ਧਰਮ ਵਿੱਚ ਇਹ ਆ (ਕਿ) ਜਨਾਨੀ ਸਾਡੇ ਮੱਥੇ ਈ

ਨਹੀਂ ਲੱਗ ਸਕਦੀ, ਮੇਰੀ ਪੂਜਾ ਨਹੀਂ ਕਰ ਸਕਦੀ। ਉਹਨੂੰ ਬਹਿਸ਼ਤ ਵਿੱਚ ਕੌਣ ਭੇਜੂ, ਮਰਦ ਤੇ ਪੁੱਜ ਗਿਆ। ਇੱਕੋ ਇੱਕ ਗੁਰੂ ਕਾ ਦਰ ਆ ਜਿਹਦੇ 'ਚ ਲਿਖਿਆ :

ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ॥

(ਬਿਲਾਵਲ ਮ: ੩, ੨੯੭)

ਗੁਰਬਾਣੀ ਦੀ ਪੰਗਤੀ ਆ।

..... ਨਰ ਮਨੁਖਾ ਨੋ ਏਕੁ ਨਿਧਾਨਾ ॥

(ਬਿਲਾਵਲ ਮ: ੩, ੨੯੭)

ਸਾਂਝਾ ਖਜ਼ਾਨਾ ਦਿੱਤਾ। ਜੇ ਅੰਮ੍ਰਿਤ ਪੀਣਾ ਤੇ ਜਿੱਥੇ ਅੰਮ੍ਰਿਤ ਪੀਣ ਲੱਗਿਆਂ ਮੈਨੂੰ ਕਹਿਣਾ ਬੋਲ :

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਉਥੇ ਘਰ ਵਾਲੀ ਨੂੰ ਵੀ ਇਹੋ ਕਹਿਣਾ। ਉਥੇ ਇਹ ਨਹੀਂ ਕਹਿਣਾ :

ਬੋਲ ਵਾਹਿਗੁਰੂ ਜੀ ਕੀ ਖਾਲਸੀ ॥ ਵਾਹਿਗੁਰੂ ਜੀ ਕੀ ਫਤੀਹ ॥

ਇਹ ਹੈ ਨਹੀਂ ਇਥੇ। ਇਥੇ ਫਤਹਿ ਹੀ ਆ। ਇਸ ਵਾਸਤੇ ਸਿੱਖ ਵੱਖਰੀ ਕੌਮ ਆਂ। ਇਹ ਤਾਂ ਹੈ ਧਾਰਮਿਕ ਪੱਖ, ਜੋ ਸੂਖਮ ਜਿਹਾ ਤੁਹਾਨੂੰ ਦੱਸਿਆ।

ਰਾਜਨੀਤੀ ਪੱਖ ਤੋਂ ੧੦ ਅਕਤੂਬਰ ੧੯੪੭ ਨੂੰ ਪਟੇਲ ਦੀ ਸਪੀਚ ਆ। ਉਹਨੇ ਕਿਹਾ ਕਿ ਸਿੱਖ ਇੱਕ ਜ਼ਰਾਇਮ ਪੇਸ਼ਾ ਕੌਮ ਆਂ। ਜ਼ਰਾਇਮ ਪੇਸ਼ਾ ਹੁੰਦਾ ਤੇ ਇੱਕ ਨੀਵਾਂ ਅੱਖਰ ਆ, ਪਰ ਜੇ ਸਿੱਖ ਇੱਕ ਜ਼ਰਾਇਮ ਪੇਸ਼ਾ ਕੌਮ ਅੱਗੇ ਲਿਖਿਆ, ਮੰਨੇ ਤਾਂ ਹੈ ਨਾ, ਭਾਵੇਂ ਜ਼ਰਾਇਮ ਪੇਸ਼ਾ ਹੀ ਮੰਨੇ ਆਂ ਤੇ ਜੇ ਸਿੱਖ ਜ਼ਰਾਇਮ ਪੇਸ਼ਾ ਕੌਮ ਆਂ ਤੇ ਮੰਨੇ ਵੱਖਰੀ ਕੌਮ ਆਂ। ਜੇ ਸਿੱਖ ਹਿੰਦੂਆਂ ਦਾ ਇੱਕ ਅੰਗ ਆ ਤੇ ਵੱਖਰੇ ਨਹੀਂ ਤੇ ਲਿਖੋ, ਹਿੰਦੂ ਜ਼ਰਾਇਮ ਪੇਸ਼ਾ ਕੌਮ ਆਂ ਜਾਂ ਤਾਂ ਹਿੰਦੂ ਜ਼ਰਾਇਮ ਪੇਸ਼ਾ ਕੌਮ ਲਿਖੋ, ਜੇ ਹਿੰਦੂਆਂ ਦਾ ਇੱਕ ਅੰਗ ਆ ਸਿੱਖ ਤੇ ਜੇ ਅੰਗ ਨਹੀਂ ਤੇ ਵੱਖਰੇ ਆ, ਸਿੱਖ ਜ਼ਰਾਇਮ ਪੇਸ਼ਾ ਕੌਮ ਆਂ ਤੇ ਲਿਖੋ ਵੱਖਰੇ ਆ। ਹਰ ਅਖ਼ਬਾਰ ਇਸ਼ਤਿਹਾਰ ਵਿੱਚ ਆਉਂਦਾ, ਸਿੱਖ ਅੱਤਵਾਦੀ। ਕਦੇ ਲਿਖਿਆ ਹਿੰਦੂ ਅੱਤਵਾਦੀ ? ਸਾਰੀ ਦੁਨੀਆ ਦੇ ਅਖ਼ਬਾਰ 'ਚ ਵਿਖਾਉ ਤੇ ਜੇ ਸਿੱਖ ਅੱਤਵਾਦੀ ਆ ਤੇ ਲਿਖੋ ਸਿੱਖ ਵੱਖਰੀ ਕੌਮ ਆਂ ਤੇ ਜੇ ਸਿੱਖ ਹਿੰਦੂਆਂ ਦਾ ਇੱਕ ਅੰਗ ਆ ਤੇ ਲਿਖੋ ਹਿੰਦੂ ਅੱਤਵਾਦੀ ਆ।

ਤਾਨਬਲੁਕਰ ਇਹ ਲਿਖਣ ਵਾਲਾ, ਤਾਨਬਲੁਕਰ ਨੇ ੮੦ ਭਾਗਾਂ ਵਿੱਚ ਅੰਗਰੇਜ਼ੀ ਦੀ ਕਿਤਾਬ ਛਾਪੀ ਆ। ਉਹਦੇ ਸਤਵੇਂ ਭਾਗ ਵਿੱਚ ੩੨੪ ਅੰਗ 'ਤੇ ਮਹਾਤਮਾ ਗਾਂਧੀ ਦਾ ਬਿਆਨ ਪੜ੍ਹ ਲਉ। ਜਿਹਨੇ ਲਿਖਿਆ ਕਿ ਹਮ ਹਿੰਦੁਸਤਾਨ ਮੇਂ ਤੀਨ ਕੌਮੋਂ ਕੋ ਮਾਨਤਾ ਦੇਤੇ ਹੈਂ, ਹਿੰਦੂ, ਮੁਸਲਮ ਔਰ ਸਿੱਖ। ਇਹ ਉਹਨੇ ਲਿਖਿਆ ਤੇ ਸਟਰੱਗਲ ਨਾਂਅ ਕਿਤਾਬ ਦਾ, 'ਇੰਡੀਆ ਸਟਰੱਗਲ' ਵੱਜਦੀ ਆ ਉਹ। ਉਹਦੇ ੩੦੯ ਅੰਗ 'ਤੇ....., ਸੁਭਾਸ਼ ਚੰਦਰ ਬੋਸ ਦੀ ਲਿਖੀ ਆ। ਉਹਦੇ 'ਚ ਲਿਖਿਆ ਗਿਆ ਮਹਾਤਮਾ ਗਾਂਧੀ ਬਾਰੇ ਵੀ ਤੇ ਹੋਰਨਾਂ ਲੀਡਰਾਂ ਬਾਰੇ ਵੀ ਕਿ ਸਿੱਖ ਇੱਕ ਕੌਮ ਆਂ ਹਿੰਦੁਸਤਾਨ ਵਿੱਚ। ਇਸ ਵਾਸਤੇ ਸਿੱਖ ਵੱਖਰੀ ਕੌਮ ਆਂ।

ਅੰਗਰੇਜ਼ਾਂ ਦੇ ਟਾਈਮ ਵਿੱਚ ਸਿੱਖ, ਸਿੱਖ ਨੂੰ ਵੋਟ ਪਾਉਂਦਾ ਸੀ, ਹਿੰਦੂ, ਹਿੰਦੂ ਨੂੰ ਪਾਉਂਦਾ ਸੀ ਤੇ ਮੁਸਲਮਾਨ, ਮੁਸਲਮਾਨ ਨੂੰ ਪਾਉਂਦਾ ਸੀ। ਇਸ ਵਾਸਤੇ ਸਿੱਖ ਵੱਖਰੀ ਕੌਮ ਆਂ।

ਤਿਰੰਗਾ ਝੰਡਾ ਤਿੰਨਾਂ ਕੌਮਾਂ ਦੀ ਥਿਊਰੀ 'ਤੇ ਬਣਿਆ ਤੇ ਜਦੋਂ ਝੰਡਾ ਮਾਰਚ ਹੋਣਾ ਸੀ, ਜਿਸ ਵੇਲੇ ਤੇ ਅੱਗੇ ਮਸ਼ੀਨਗੰਨਾਂ ਬੀੜੀਆਂ ਗਈਆਂ ਸੀ, ਤਾਂ ਉਸ ਵੇਲੇ ਪਟੇਲ, ਮੋਤੀ ਲਾਲ

ਤੇ ਮਹਾਤਮਾ ਗਾਂਧੀ, ਇਹਨਾਂ ਨੇ ਕਿਹਾ ਭਈ ਹੁਣ ਅੱਗੇ ਮਸ਼ੀਨਗੰਨਾਂ ਬੀੜੀਆਂ ਤੇ ਹੁਣ ਝੰਡਾ ਮਾਰਚ ਕਰਨਾ ਤੇ ਅੱਗੇ ਕਿਹਨੂੰ ਲਾਈਏ ? ਕਹਿੰਦੇ ਜੀ ਸਿੱਖ ਸਾਰਿਆਂ ਤੋਂ ਬਹਾਦਰ ਆ.....। ਬਾਬਾ ਖੜਕ ਸਿੰਘ ਵੀ ਨਾਲ ਸੀ। ਉਹ ਆਪਣੇ (ਸਿੱਖਾਂ) ਵੱਲੋਂ ਸੀ ਨਾ ਉਸ ਵੇਲੇ ਪ੍ਰਧਾਨ, ਜਥੇਦਾਰ, ਤਾਂ ਉਹਨਾਂ ਨੂੰ ਕਿਹਾ ਭਈ ਤੁਸੀਂ ਅੱਗੇ ਲੱਗੋ.....। ਉਹ (ਅੱਗੋਂ) ਕਹਿੰਦੇ, ਬੈਠੋ ਆਪਾਂ ਇੱਕ ਵੇਰਾਂ ਵਿਚਾਰ ਕਰ ਲਈਏ। ਆਹ ਜਿਹੜਾ ਝੰਡਾ, ਇਸ ਝੰਡੇ ਦੇ ਥੱਲੇ ਰਹਿਣ ਵਾਸਤੇ ਆਪਾਂ ਹਿੰਦੁਸਤਾਨੀਆਂ ਨੇ ਪ੍ਰਣ ਕੀਤਾ। ਉਪਰ ਜਿਹਦਾ ਰੰਗ ਆ, ਅੱਗੇ ਲੱਗ ਜਾਓ, ਜਿਹਦਾ ਵਿਚਾਲੇ ਰੰਗ ਆ ਵਿਚਾਲੇ ਲੱਗ ਜਾਓ, ਜਿਹਦਾ ਥੱਲੇ ਰੰਗ ਆ, ਉਹ ਪਿੱਛੇ ਲੱਗ ਜਾਓ। ਚਿੱਟਾ ਰੰਗ ਉੱਪਰ ਸੀ, ਉਹ (ਹਿੰਦੂ) ਚਿੱਟੇ ਨੂੰ ਬਹੁਤਾ ਪਸੰਦ ਕਰਦੇ ਆ ਨਾ, ਉਹ ਅੱਗੇ ਲੱਗੇ। ਹੈਦਰੀ ਰੰਗ ਵਿਚਾਲੇ ਸੀ, ਉਹ ਮੁਸਲਮਾਨ ਵਿਚਾਲੇ ਲੱਗੇ ਤੇ ਖੱਟਾ ਰੰਗ ਥੱਲੇ ਸੀ। ਉਸ ਵੇਲੇ ਮਹਾਤਮਾ ਗਾਂਧੀ ਤੇ ਮੋਤੀ ਲਾਲ ਨੇ ਕਿਹਾ ਸੀ, ਇਹਦਾ ਕੀ ਆ, ਝੰਡਾ ਤਾਂ ਅਸੀਂ ਉਤਾਂਹ ਨੂੰ ਕਰ ਦਿੰਦੇ ਆਂ। ਹਾਸਾ। ਇਹ ਹੱਸਣ ਵਾਲੀ ਗੱਲ ਨਹੀਂ, ਅਣਖ਼ ਵਾਲੀ ਗੱਲ ਆ ਸਿੰਘੋ। ਹੱਸਣ ਵਾਲੀ ਇਕੱਲੀ ਗੱਲ ਨਹੀਂ ਇਹ। ਬੜੀ ਅਣਖ਼ ਦੀ ਆ ਤੇ ਝੰਡੇ ਦਾ ਰੰਗ ਜਿਹੜਾ ਕੇਸਰੀ ਸੀ, ਉਹ ਉੱਪਰ ਕੀਤਾ ਤੇ ਬਾਬਾ ਖੜਕ ਸਿੰਘ ਜੀ ਨੇ ਧੌਣ 'ਤੇ ਗੋਡਾ ਰੱਖ ਕੇ ਰੰਗ ਉਪਰ ਕਰਾਇਆ ਸੀ ਤੇ ਸਿੱਖ ਵੱਖਰੀ ਕੌਮ ਕਿਵੇਂ ਨਹੀਂ ? ਉਦੋਂ ਫਿਰ ਮੋਤੀ ਲਾਲ ਤੇ ਇਹ ਲੱਗ ਜਾਂਦੇ ਅੱਗੇ। ਇਸ ਵਾਸਤੇ ਵੀ ਸਿੱਖ, ਸਰਦਾਰ ਬਹਾਦਰ ਜੀ, ਵੱਖਰੀ ਕੌਮ ਆਂ।

ਬਾਕੀ ਦੁਨੀਆ ਦੀ ਹਿਸਟਰੀ ਪੜ੍ਹ ਲਉ। ਦੁਨੀਆ ਦੇ ਵਿੱਚ ਐਸਾ ਮਨੁੱਖ ਤੁਹਾਨੂੰ ਕੋਈ ਨਹੀਂ ਮਿਲੇਗਾ। ਜਿਹੜਾ ੮੦ ਸਾਲ ਦੀ ਉਮਰ ਵਿੱਚ ਸਿਰ ਵੱਢੇ ਤੇ ਸੀਸ ਤਲੀ 'ਤੇ ਰੱਖ ਕੇ ਤੁਰਿਆ ਹੋਵੇ ਤੇ (ਇਹ ਤੁਰਿਆ ਤੇ) ਕੇਵਲ ਸਿੱਖ ਤੁਰਿਆ। ਇਸ ਵਾਸਤੇ (ਸਿੱਖ) ਵੱਖਰੀ ਕੌਮ ਆਂ। ੭ ਸਾਲ ਦੀ ਉਮਰ ਵਿੱਚ, ਕੰਧ 'ਚ ਖੜੋ ਕੇ ਕਿਸੇ ਕੌਮ ਦੇ ਕਿਸੇ ਬੱਚੇ ਨੇ ਵੀ ਅੱਜ ਤੱਕ, ਕਿਸੇ ਬਹਾਦਰ ਨੇ ਨਹੀਂ ਕਿਹਾ, ਕਿ ਮੇਰਾ ਸਿਰ ਜਾਂਦਾ ਤੇ ਜਾਣ ਦੇ ਮੇਰਾ ਧਰਮ ਨਹੀਂ ਜਾਣਾ ਚਾਹੀਦਾ।

ਮੇਰਾ ਸਿਰ ਜਾਵੇ ਤਾਂ ਜਾਵੇ ॥
ਮੇਰਾ ਸਿਖੀ ਧਰਮ ਨਾ ਜਾਵੇ ॥

ਇਹ ਕਹਿ ਸਕਦਾ ਤੇ (ਸਿਰਫ਼) ਸਿੱਖ ਕਹਿ ਸਕਦਾ। ਖੋਪਰੀ ਲੁਹਾ ਕੇ ੨੨ ਦਿਨ ਬੈਠ ਕੇ, ਜ਼ਾਲਮ ਨੂੰ ਜੁੱਤੀ ਦੇ ਅੱਗੇ ਲਾ ਕੇ ਤੋਰ ਸਕਦਾ ਤੇ ਸਿੱਖ ਲਾ (ਕੇ ਤੋਰ) ਸਕਦਾ। ਦੁਨੀਆ ਦੀ ਕਿਸੇ ਕੌਮ ਦੇ ਕਿਸੇ ਮਨੁੱਖ ਨੇ ਲਾਇਆ ਤੇ ਦੱਸੋ ? ਇਸ ਵਾਸਤੇ ਸਿੱਖ ਵੱਖਰੀ ਕੌਮ ਆਂ। ਨਿਸਚੇਵਾਚਕ ਸਿੱਖ ਵੱਖਰੀ ਕੌਮ ਆਂ। ਪਹਿਲੀ ਤਾਂ ਗੱਲ ਇਹ ਕਿ ਸਿੱਖ ਦੇ ਬਿਨਾਂ ਜੰਮਦਾ ਈ ਕੋਈ ਨਹੀਂ। ਇਹ ਸਾਰੇ ਗੁੱਲੀ-ਛੱਲੀ ਰਾਮ ਹੁਣੀ ਤੇ ਮੁਹੰਮਦ ਅਲੀ ਹੁਣੀ, ਸਾਰੇ ਕੇਸ ਦਾਹੜਾ ਰੱਖ ਲੈਣ ਤਾਂ ਸਾਡਾ ਤੇ ਰੌਲਾ ਈ ਕੋਈ ਨਹੀਂ ਗਾ।

? ਹਮਲਾ ਹੋਇਆ ਸੀ ?

– ਜੇ ਹੁਣ ਪੁੱਛਨਾ ਤੇ ਇੰਨੀ ਕੁ ਦੱਸੂੰਗਾ, ਭਈ ਗੌਰਮੈਂਟ ਜਿਹੜੀ ਆ, ਇਹ ਜਥੇ ਨੂੰ ਜ਼ਲੀਲ ਕਰਕੇ ਥੱਲੇ ਲਾਉਣਾ ਚਾਹੁੰਦੀ ਆ ਕਿ ਜਿੱਥੇ ਜੀਪ ਕਾਰ ਕੋਈ ਇਹਨਾਂ ਦੀ ਜਾ ਰਹੀ ਆ,

ਉਹਨਾਂ ਨੂੰ ਫੜ੍ਹ ਕੇ ਮਾਰਿਆ ਜਾਵੇ, ਸ਼ਹੀਦ ਕੀਤਾ ਜਾਵੇ, ਜ਼ਖ਼ਮੀ ਕੀਤਾ ਜਾਵੇ ਦਹਿਸ਼ਤ ਬੈਠਾਈ ਜਾਵੇ, ਇਹ ਜਿੰਨੇ ਵੀ (ਹਮਲੇ) ਕਰਨੇ ਆਂ ਕਰਨ.....।

? ਕਿੰਨੇ ਕੁ ਸਿੰਘ ਸ਼ਹੀਦ ਹੋਏ ਨੇ ?

- ਡੇਢ ਕੁ ਸੌ ਦੇ ਲਗਪਗ।

? ਕੀ ਕਿਤੇ ਬਹੁਤ ਸਾਰੇ ਸਿੱਖਾਂ ਨੂੰ ਝੂਠੇ ਪੁਲਸ ਮੁਕਾਬਲੇ ਦੱਸ ਕੇ, ਬਹੁਤ ਸਾਰੇ ਸਿੱਖ ਨੌਜੁਆਨਾਂ ਨੂੰ ਸ਼ਹੀਦ ਕੀਤਾ ਗਿਆ ? ਕੀ ਕਿਸੇ ਨਿਰਪੱਖ ਕਮਿਸ਼ਨ ਅੱਗੇ ਇਹ ਝੂਠੇ ਪੁਲਸ ਮੁਕਾਬਲੇ ਸਾਬਤ ਕਰ ਸਕਦੇ ਓ ?

- ਹਾਂ, ਬੈਠਾਉ ਕਮਿਸ਼ਨ ਕਰਾਂਗੇ।

? ਕਮਿਸ਼ਨ ਨਿਰਪੱਖ ਹੋਵੇ ?

- ਨਿਰਪੱਖ ਹੋਵੇ ਜਾਂ ਪੱਖ ਵਾਲਾ, ਇਹ ਤਾਂ ਉਹਨਾਂ ਨੂੰ ਪਤਾ ਹੋਊਗਾ ਅਸੀਂ ਤੇ ਸਬੂਤ ਦੇਣਾਂ। ਨਿਰਪੱਖ ਕਿਹੜਾ ਮੱਥੇ 'ਤੇ ਲਿਖਿਆ ਜੋ ਥਰਮਾਮੀਟਰ 'ਚ ਆ ਜਾਣਾ। ਇਹ ਤਾਂ ਜ਼ਮੀਰ ਨਾਲ ਈ ਨਿਰਪੱਖਤਾ। ਸੱਚ ਕਹਿਣ ਦੀ ਜ਼ੁਰਅਤ ਹੋਈ ਤਾਂ ਨਿਰਪੱਖ ਹੋਊਗਾ ਤੇ ਜੇ ਗੰਗਾ ਗਏ ਗੰਗਾ ਰਾਮ ਤੇ ਜੇ ਜਮਨਾ ਗਏ ਤਾਂ ਜਮਨਾ ਰਾਮ ਤੇ ਫਿਰ ਉਥੇ ਨਿਰਪੱਖਤਾ ਕਾਹਦੀ ?

? ਪੰਜਾਬ ਵਿੱਚ ਵਾਪਰ ਰਹੀਆਂ ਹਿੰਸਕ ਘਟਨਾਵਾਂ ਤੇ ਹੋ ਰਹੇ ਕਤਲਾਂ ਬਾਰੇ ਤੁਹਾਡਾ ਕੀ ਪ੍ਰਭਾਵ ਆ ? ਕੀ ਇਹ ਜਥੇਬੰਦਕ ਤੇ ਵਿਚਾਰਧਾਰਕ ਗਰੁੱਪ ਦੀ ਕਾਰਵਾਈ ਏ ਜਾਂ ਕੁਝ ਸਮਾਜ ਵਿਰੋਧੀ ਅਨਸਰਾਂ ਦੀ ?

- ਜਥੇਬੰਧਕ, ਫਿਰ ਪੜ੍ਹੀਂ, ਜਥੇਬੰਧਕ.....।

? ਕੀ ਇਹ ਜਥੇਬੰਦਕ ਤੇ ਵਿਚਾਰਧਾਰਕ ਕਿਸੇ ਗਰੁੱਪ ਦੀ ਕਰਾਵਾਈ ਏ ?

- ਕਿਹੜੀ ਵਿਚਾਰਧਾਰਾ ?

? ਵਿਚਾਰਧਾਰਕ ਦਾ ਮਤਲਬ ਇਹ ਹੁੰਦਾ ਭਈ ਮਤਭੇਦ ਦਾ ਵਿਰੋਧ। ਵਿਚਾਰਕ ਵਿਰੋਧ ਕਰਕੇ ਜਾਂ ਇਹਦੇ ਵਿੱਚ ਕੁਝ ਸਮਾਜ ਵਿਰੋਧੀ ਅਨਸਰਾਂ ਤੇ ਨਿੱਜੀ ਦੁਸ਼ਮਣੀਆਂ ਵੀ ਸ਼ਾਮਲ ਨੇ ?

- ਨਿੱਜੀ ਦੁਸ਼ਮਣੀ ਕੋਈ ਸ਼ਾਮਲ ਨਹੀਂ। ਇਹ ਸਰਕਾਰ ਦੀ ਕੁਟਲ ਨੀਤੀ, ਸਿੱਖਾਂ ਨੂੰ ਬਦਨਾਮ ਕਰਨ ਵਾਸਤੇ, ਮੋਰਚੇ ਨੂੰ ਫੇਲ੍ਹ ਕਰਨ ਵਾਸਤੇ ਤੇ ਸਰਕਾਰ ਦੀ।

? ਜਦੋਂ ਮੋਰਚਾ ਖ਼ਤਮ ਹੋ ਗਿਆ ਕੀ ਤੁਸੀਂ ਮੁੜ ਪੁਰਾਣੀ ਪੁੰਪਰਾ ਅਨੁਸਾਰ ਈ ਆਪਣੀ ਪ੍ਰਚਾਰ ਮੁਹਿੰਮ ਤੇ ਗੁਰਮਤਿ ਦੀ ਪੜ੍ਹਾਈ ਵਿੱਚ ਲੱਗ ਜਾਉਗੇ ਜਾਂ ਸਿੱਖ ਕੌਮ ਦੇ ਮੁਖੀ ਦੇ ਰੂਪ ਵਿੱਚ ਸੇਵਾ ਨਿਭਾਉਂਦੇ ਰਹੋਗੇ ?

- ਇਹ ਪ੍ਰਸ਼ਨ ਤਾਂ ਬਣਦਾ, ਜੇ ਪਹਿਲਾਂ ਅਸੀਂ (ਪ੍ਰਚਾਰ) ਬੰਦ ਕਰਕੇ ਬੈਠੇ ਹੋਈਏ। ਸਾਡਾ ਤਾਂ ਹੁਣ ਵੀ ਚੱਲੀ ਜਾਂਦਾ। ਇਹ ਪ੍ਰਸ਼ਨ ਈ ਗ਼ਲਤ ਆ।

? ਬਹੁਤੇ ਲੋਕ ਅਨੁਭਵ ਕਰਦੇ ਨੇ ?

- ਲੋਕਾਂ ਦਾ ਅਨੁਭਵ ਕਰਨਾ ਹੋਰ ਚੀਜ਼ ਆ। ਜਿਹੜਾ ਮੈਥੋਂ ਪੁੱਛਦੇ ਆਂ। ਮੇਰੀ ਰਾਇ ਇਹ ਆ ਭਈ ਸਾਡਾ ਕੰਮ ਹੁਣ ਵੀ ਚੱਲਦਾ। ਅੰਮ੍ਰਿਤ ਸੰਚਾਰ ਹੁੰਦਾ। ਹਰ ਸੰਗਰਾਂਦ 'ਤੇ ਮਹਿਤੇ ਜਾ ਕੇ ਗਿਣਤੀ ਕਰ ਲਿਉ ਭਈ ਕਿੰਨਿਆਂ ਨੇ ਅੰਮ੍ਰਿਤ ਛਕਿਆ। ਬਾਕੀ ਸਾਡਾ ਕੰਮ ਜਦੋਂ ਤੱਕ ਸਵਾਸ ਆ ਨਾ, ਇਹ ਪ੍ਰਚਾਰ ਕਰਨਾ। ਇਹ ਸਾਧ ਆ, ਜਿਹੜੇ

ਆਏ ਆ, ਇਹਨਾਂ ਨੂੰ ਪਤਾ ਹੋਣਾ, ਇਹਨਾਂ ਨੂੰ ਪੁੱਛ ਲਉ। ਤੁਸੀਂ ਦੱਸੋ, ਅੱਜ ਕੁਰਸੀਆਂ 'ਤੇ ਬੈਠਾਏ ਸੀ ਆਉਂਦੇ ਫਿਰ। (ਹਾਸਾ.....) ਆਉਂਦਿਆਂ ਨੂੰ ਕੁਰਸੀ ਕਰਸੀ ਭਾਹੀ ਹੋਏ.....।

? ਜੇ ਸ਼੍ਰੋਮਣੀ ਕਮੇਟੀ ਆਪਣਾ ਧਰਮ ਪ੍ਰਚਾਰ ਦਾ ਕਾਰਜ ਤੁਹਾਡੇ ਜਥੇ ਦੇ ਸਪੁਰਦ ਕਰ ਦੇਵੇ ਤਾਂ ਤੁਸੀਂ ਇਹ ਸਾਰਾ ਕਾਰਜ ਸੰਭਾਲਣ ਨੂੰ ਤਿਆਰ ਓ ?

- ਮੇਰਾ ਕੰਮ ਤੇ ਪ੍ਰਚਾਰ ਕਰਨਾ, ਕਥਾ ਕੀਰਤਨ ਤੇ ਮੇਰਾ ਕੰਮ ਹੋਰ ਕੋਈ ਨਹੀਂ। ਬਾਕੀ ਜੇ ਸੰਭਾਲਣਗੇ, ਜਿਹੋ ਜਿਹਾ ਸਮਾਂ ਆਊਗਾ, ਉਹਦਾ ਉੱਤਰ ਦੇਵਾਂਗਾ, ਪਹਿਲਾਂ ਕੀ ਦੇਵਾਂ।

? ਤੁਹਾਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਚੁਣਨ ਦਾ ਬੜਾ ਚਰਚਾ ਚੱਲਿਆ ? ਜੇ ਤੁਹਾਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਚੁਣਿਆ ਜਾਏ ਜਾਂ ਤੁਹਾਨੂੰ ਪੇਸ਼ਕਸ਼ ਕੀਤੀ ਜਾਏ ਤਾਂ ਕੀ ਤੁਸੀਂ ਇਹ ਸੇਵਾ ਨਿਭਾਉਣ ਨੂੰ ਤਿਆਰ ਓ ?

- ਮੈਂ ਇਸ ਸੇਵਾ ਦੇ ਲਾਈਕ ਨਹੀਂ। ਨਿਭਾਉਣੀ ਜਿਹੜੀ ਆ, ਉਹ ਗੁਰੂ ਦੇ ਵੱਸ ਆ। ਸੇਵਾ ਨਿਭਾਉਣੀ ਗੁਰੂ ਦੇ ਵੱਸ ਆ, ਮੈਂ ਆਪਣੇ ਆਪ ਨੂੰ ਇਸ ਸੇਵਾ ਦੇ ਲਾਈਕ ਨਹੀਂ ਸਮਝਦਾ। ਚੁਣਨਾ ਸੰਗਤ ਦੇ ਵੱਸ ਆ। ਸਵਾਲ ਇੱਕ ਮੈਂ ਵੀ ਪੁੱਛ ਲਵਾਂ ਇਥੇ, ਬੋਲਦੇ ਨਹੀਂ, ਤੁਸੀਂ ਇੰਨੇ ਸਵਾਲ ਪੁੱਛੇ, ਇੱਕ ਨਿੱਕਾ ਜਿਹਾ ਮੈਨੂੰ ਪੁੱਛ ਲੈਣ ਦਿਉ।

? ਮੇਰੇ ਮੁੱਕ ਲੈਣ ਦਿਉ ?

- ਨਹੀਂ ਇਹਦੇ ਵਿੱਚ, ਰਲਦਾ ਨਹੀਂ। ਘਰ ਦੀ ਗੱਲ ਈ ਆ। ਕੀ ਜਿਹੜੀ ਪਹਿਲੀ ਚੋਣ ਜਥੇਦਾਰ ਦੀ ਹੋਈ ਆ, ਉਹ ਸੰਵਿਧਾਨ (ਸਿਧਾਂਤ) ਮੁਤਾਬਕ ਹੋਈ ਆ ?

? ਇਹ ਤਾਂ ਚੋਣ ਕਰਨ ਵਾਲੇ ਦੱਸਣ, ਪੱਤਰਕਾਰ ਕੋਈ ਦੱਸੇਗਾ ਤੇ ਉਹਦਾ ਕੀ ਮੁੱਲ ਹੋਏਗਾ ?

- ਤੈਨੂੰ ਪੱਤਰਕਾਰ ਸਮਝ ਕੇ ਨਹੀਂ ਨਾ ਮੈਂ ਪੁੱਛਿਆ। (ਹਾਸਾ.....) ਹੁਣ ਮੈਂ ਪੱਤਰਕਾਰ ਆਂ। ਹੁਣ ਸੰਵਿਧਾਨ ਇਹ ਆ। ਜਦੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਚੋਣ ਕਰਨੀ ਹੋਵੇ, ਜੋ ਮੈਂ ਸੁਣਿਆ ਹੈ, ਪੜ੍ਹਿਆ ਨਹੀਂ, ਸੁਣਿਆਂ। ਜਥੇਦਾਰ ਦੀ ਚੋਣ ਦਾ ਸਾਧਨ ਇਹ ਆ, ਪੰਜਾਂ ਤਖ਼ਤਾਂ ਦੇ ਜਥੇਦਾਰ, ਭਾਵ ਜਿਹੜਾ ਚੁਣਨਾ ਉਹਨੂੰ ਛੱਡ ਕੇ ਚਾਰ ਰਹਿ ਜਾਂਦੇ ਬਾਕੀ। ਚੌਹਾਂ ਤਖ਼ਤਾਂ ਦੇ ਜਥੇਦਾਰ, ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਦਾ ਪ੍ਰਧਾਨ, ਸਮੂਹ ਸੰਪਰਦਾਵਾਂ, ਨਿਹੰਗ ਸਿੰਘ ਜਥੇਬੰਦੀਆਂ, ਸਭਾ ਸੁਸਾਇਟੀਆਂ, ਸਿੰਘ ਸਭਾਵਾਂ, ਇਹਨਾਂ ਨੂੰ ਚਿੱਠੀ ਪਾ ਕੇ ਸੂਚਿਤ ਕੀਤਾ ਜਾਂਦਾ ਤੇ ਸੰਗਤ ਦੀ ਇਕੱਤਰਤਾ ਕਰਕੇ ਰਾਇ ਲਈ ਜਾਂਦੀ ਆ। ਇਹ ਰਾਇ ਲੈ ਕੇ ਤੇ ਫਿਰ ਉਹ ਵਰਕਿੰਗ ਕਮੇਟੀ ਵਿੱਚ ਮਤਾ ਆਉਂਦਾ, ਫਿਰ ਐਗਜ਼ੈਕਟਿਵ ਦੇ ਵਿੱਚ ਆਉਂਦਾ, ਇਥੋਂ ਪਾਸ ਕਰਕੇ ਤੇ ਫਿਰ ਉਹ ਜੈਕਾਰਾ ਛੱਡਿਆ ਜਾਂਦਾ। ਇਹ ਪਿਛਲੇ ੨੦ ਸਾਲਾਂ ਤੋਂ ਤੇ ਨਹੀਂ, ਨਹੀਂ ਇੱਕ ਮਿੰਟ, ਇਹਨਾਂ ਨੂੰ, ਤਾਂ ਮੈਂ ਕਿਹਾ (ਕਿਉਂਕਿ) ਇਹਨਾਂ ਨੂੰ ਜਾਣਕਾਰੀ ਹੈ। ਸਾਡੇ ਕੋਲ ਬਹੁਤ ਪੁਰਾਣੇ ਬੈਠੇ ਆ। ਇਦੋਂ ਵੀ ਪੁਰਾਣੇ ਹੈਗੇ, ਬਾਬਾ ਖੜਕ ਸਿੰਘ ਦੇ ਵੇਲੇ ਦਾ ਵੀ ਇੱਕ ਬਜ਼ੁਰਗ ਹੈਗਾ। ਉਹਨੇ ਇੱਕ ਪ੍ਰਸ਼ਨ ਵੀ ਕੀਤਾ ਸੀਗਾ, ਉਹਦਾ ਕਿਸੇ ਕੋਲ ਜਵਾਬ ਨਹੀਂ ਗਾ। ਐਵੇਂ ਲੱਤਾਂ ਅੜਾਈ ਜਾਂਦੇ ਆ ਪਰ ਇਹਦਾ ਜਵਾਬ ਕਿਸੇ ਕੋਲ ਨਹੀਂ। ਹੁਣ ਇਹ ਜਿਹੜੀ ਚੋਣ ਹੋਈ ਆ। ਐਗਜ਼ੈਕਟਿਵ ਦੇ ੧੫ ਮੈਂਬਰ ਆ। ੬ ਹਾਜਰ ਸੀ, ੯ ਗ਼ੈਰ ਹਾਜਰ

ਸੀ। ਇਹ ਹੁਣ ਤੂੰ ਜਾ ਕੇ ਜਥੇਦਾਰ ਨੂੰ ਪੁੱਛ ਲਈਂ ਕਿ ਸੰਤ ਆਂਦੇ ਆ ਕਿ ਕੀ ਇਹ ਸੰਵਿਧਾਨ ਮੁਤਾਬਕ ਆ ਜਾਂ ਗ਼ੈਰ ਸੰਵਿਧਾਨਕ ?

? ਤੁਹਾਨੂੰ ਸ੍ਰੀਮਤੀ ਇੰਦਰਾ ਗਾਂਧੀ ਜਾਂ ਭਾਰਤ ਸਰਕਾਰ ਸਮਝੌਤੇ ਦੀ ਗੱਲਬਾਤ ਲਈ ਦਿੱਲੀ ਬੁਲਾਏ ਤਾਂ ਜਾਣ ਨੂੰ ਤਿਆਰ ਹੋ ਸਕਦੇ ਓ ? ਜੇ (ਉਹਦੀ) ਤੁਹਾਡੇ ਨਾਲ ਗੱਲਬਾਤ ਰਾਹੀਂ ਸਿੱਖਾਂ ਦਾ ਮਸਲਾ ਹੱਲ ਹੋ ਸਕਦਾ ਹੋਵੇ, ਤਾਂ ਤੁਸੀਂ ਸਹਿਯੋਗ ਦਿਉਗੇ ?

- ਜੇ ਗੱਲਬਾਤ ਰਾਹੀਂ ਮੇਰੇ ਦੁਆਰਾ ਪੰਥ ਦਾ ਮਸਲਾ ਹੱਲ ਹੋ ਸਕਦਾ ਹੋਵੇ ਤਾਂ ਮੈਂ ਪੂਰਾ ਪੂਰਾ ਸਹਿਯੋਗ ਦਿਊਂਗਾ। ਪਰ ਦਿੱਲੀ ਜਾ ਕੇ ਨਹੀਂ, ਇਥੇ ਨਾਨਕ ਨਿਵਾਸ 'ਚ ਰਹਿ ਕੇ। ਜਿਹਨੇ ਆਉਣਾ ਇਥੇ ਆ ਜਾਵੇ, ਮੈਂ ਤੇ ਜਾਣਾ ਨਹੀਂ। ਕਿਉਂਕਿ ਜੋ ਸਾਡੇ ਲੀਡਰਾਂ ਦੇ ੧੩ ਵੇਰਾਂ ਜਾਣ 'ਤੇ ਵੀ ਉਹਨੂੰ ਯਕੀਨ ਨਹੀਂ ਤੇ ਮੇਰੇ ਜਾਣ 'ਤੇ ਯਕੀਨ ਕਿਵੇਂ ਆ ਜਾਊ ? ਤੇ ਨਾ ਮੈਂ ਜਾਣਾ, ਤੁਹਾਨੂੰ ਯਕੀਨ ਕੀ ਦੇਵਾਂ। ਇਥੇ ਆ ਜਾਵੇ। ਜੇ ਸ਼ੇਖ ਅਬਦੁੱਲੇ ਕੋਲ ਦੋ ਵੇਰਾਂ ਜਾ ਸਕਦੀ ਆ ਤੇ ਇਥੇ ਮਹਿੰਦੀ ਲੱਗੀ ਆ ? ਉਹਦੇ ਬਿਮਾਰ ਦਾ ਪਤਾ ਲੈਣ ਗਈ ਕਿ ਨਹੀਂ ਦੋ ਵੇਰਾਂ ? ਹੁਣ ਜੇ ਤੁਹਾਡੇ ਦਿੱਲੀ ਵਾਲਿਆਂ 'ਚ ਕੋਈ ਅਣਖ ਹੋਵੇ, ਤਾਂ ਭੇਜੋ ਨਾ ਉਹਨੂੰ ਇਥੇ। ਇੱਕ ਸਿੰਘ - ਉਹਨੂੰ ਇਥੇ ਭੇਜ ਕੇ ਤੇ ਆਪ ਫਿਰ ਵੇਂਹਦੇ ਫਿਰਨ ?
(ਹਾਸਾ.....।)

- ਇਥੇ ਉਹਨੂੰ ਮਾਰਨਾ ਨਹੀਂ, ਗੱਲਬਾਤ ਈ ਕਰਨੀ ਆਂ।

? ਸਿੱਖ ਲੀਡਰਸ਼ਿਪ ਤੇ ਵਰਤਮਾਨ ਏਕੇ ਤੋਂ ਸੰਤੁਸ਼ਟ ਹੋ। ਇਸ ਏਕਤਾ ਵਿੱਚ ਹੋਰ ਵਾਧੇ ਲਈ ਤੁਹਾਡੇ ਪਾਸ ਕੀ ਸੁਝਾਅ ਨੇ ?

- ਪ੍ਰਚਾਰ ਈ ਆ, ਜੇ ਨਾ ਆਖੇ ਲੱਗਣ ਤੇ ਸੰਗਤ ਦਾ ਇਕੱਠ ਕਰਕੇ, ਸੰਗਤ ਵਿੱਚ ਸਾਰਿਆਂ ਦੀਆਂ ਗੱਲਾਂ ਦੱਸਣੀਆਂ, ਭਈ ਇਹ ਆਹ ਕਰਦਾ, ਉਹ ਆਹ ਕਰਦਾ ਤੇ ਦ੍ਰਿੜ੍ਹਤਾ ਸਹਿਤ ਗੱਲ ਕਹਿ ਦੇਣੀ।

? ਪਹਿਲਾ ਪ੍ਰਸ਼ਨ ਦਾ ਪੋਰਸ਼ਨ ਇਹ ਹੈ ਕਿ ਕੀ ਤੁਸੀਂ ਇਸ ਏਕਤਾ ਤੋਂ ਸੰਤੁਸ਼ਟ ਹੋ ?

- ਇਹ ਮੋਰਚੇ ਤੱਕ ਤਾਂ ਹਾਂ ਈ। (ਹਾਸਾ।) ਕਿਉਂ ਭਈ, ਜਦੋਂ ਤੱਕ ਹੈਗੀ ਆ, ਉਦੋਂ ਤੱਕ ਤਾਂ ਸੰਤੁਸ਼ਟ ਈ ਆਂ।

? ਹੱਛਾ ਜੀ।

- ਬਸ, ਹੁਣ ਮੈਂ ਇੱਕ ਪ੍ਰਸ਼ਨ ਪੁੱਛਣ ਲੱਗਾਂ। ਕੀ ਤੁਸੀਂ ਸਿੱਖਾਂ ਦੀਆਂ ਮੰਗਾਂ ਪੂਰੀਆਂ ਕਰਾਉਣ ਵਾਸਤੇ ਤੇ ਸਿੱਖ ਦੁਖੀ ਹਿਰਦੇ ਨੂੰ ਸ਼ਾਂਤੀ ਦਿਵਾਉਣ ਵਾਸਤੇ, ਇੰਦਰਾ ਗਾਂਧੀ ਨੂੰ ਪ੍ਰੇਰ ਕੇ ਇਥੇ ਅੰਮ੍ਰਿਤਸਰ ਭੇਜੋਗੇ ?

? ਕੀ ਤੁਸੀਂ ਪਹਿਲਾਂ ਇਹ ਸਮਝਦੇ ਓ ਕਿ ਉਹ ਸਾਡੀ ਪ੍ਰੇਰਨਾ ਮੰਨ ਲਏਗੀ ?

- ਹਾਂ ਮੈਂ ਸਮਝਨਾ, ਅਗਾਂਹ ਚੱਲ। (ਕੋਈ ਵਿੱਚੋਂ ਬੋਲਣ ਲੱਗਦਾ ਸੰਤ ਕਹਿੰਦੇ ਹਨ ਤੂੰ ਠਹਿਰ ਜਾਹ ਇੱਕ ਮਿੰਟ) ਮੈਂ ਸਮਝਨਾ ਤੂੰ ਕਰਵਾਏਗਾ। (ਹਾਸਾ.....) ਨਹੀਂ ਇਸ ਪੱਖ ਤੋਂ ਨਹੀਂ, ਦੂਜੇ ਪੱਖ ਤੋਂ ਕੰਨ ਫੜਾ ਲੈਂਦੇ ਆਂ। ਜੇ ਤੁਹਾਡੀ ਹਿੰਮਤ ਨਹੀਂ ਤੇ ਤੁਸੀਂ ਦਿੱਲੀ ਦੀ ਜਿਤਨੀ ਸਿੱਖ ਸੰਗਤ ਹੋ, ਉਹ ਸਾਰੇ ਇਕੱਠੇ ਹੋ ਕੇ ਉਥੇ ਦਿੱਲੀ ਗ੍ਰਿਫ਼ਤਾਰੀ ਦਿਉਂਗੇ ?

? ਇਹ.....?

- ਉਹਨੂੰ ਤੇ ਨਹੀਂ ਮਨਾ ਸਕਦੇ (ਪਰ) ਤੁਸੀਂ ਆਪਸ ਵਿੱਚ ਤਾਂ ਮੰਨੋ ਨਾ।

? ਨਹੀਂ ਦਿੱਲੀ ਦੇ ਸਾਰੇ ਸਿੱਖਾਂ ਨੂੰ ਇਕੱਠੇ ਕਰ ਸਕਣਾ, ਇਹ ਕੋਈ ਜਥੇਬੰਦੀ ਦਾ ਪ੍ਰਧਾਨ ਹੀ ਕਰ ਸਕਦਾ।

- ਚੱਲੋ ਅਕਾਲੀ ਪਾਰਟੀ ਨਹੀਂ, ਕਾਂਗਰਸੀ ਫੜ ਲਉ।

? ਅਕਾਲੀ ਪਾਰਟੀ ਦੀ ਗੱਲ ਕਰ ਰਿਹਾਂ। ਇਹ ਜਥੇਬੰਦੀ ਦਾ ਕੋਈ ਪ੍ਰਧਾਨ ਕਹਿ ਸਕਦਾ। ਇੱਕ ਸਧਾਰਨ ਵਰਕਰ ਨਹੀਂ ਕਹਿ ਸਕਦਾ।

- ਮੈਂ ਅਖ਼ਬਾਰ ਵਾਲਾ ਬਣ ਕੇ, ਤੈਨੂੰ ਭਿੰਡਰਾਂਵਾਲਾ ਸਮਝ ਕੇ ਪੁੱਛਿਆ ? (ਹਾਸਾ.....)

? ਸਾਡਾ ਵੱਸ ਚੱਲੇ ਤੇ ਇੰਦਰਾ ਗਾਂਧੀ ਹੀ ਨਹੀਂ, ਸਾਰੀ ਭਾਰਤ ਸਰਕਾਰ ਨੂੰ ਅਕਾਲ ਤਖ਼ਤ 'ਤੇ ਲਿਆ ਕੇ ਪੇਸ਼ ਕਰ ਦੇਈਏ।

- ਉਹ ਆ ਗਈ ਤੇ ਭਾਰਤ ਸਰਕਾਰ ਈ ਆ ਜਾਣੀ, ਬਾਕੀ ਤੇ ਪਿੱਛੇ ਪਿੱਛੇ ਤੁਰੇ ਫਿਰਦੇ ਨੇ ਸਾਰੇ।

ਇੱਕ ਸਿੰਘ - ਸਰਕਾਰ ਹੈ ਈ ਉਹ ਇਕੱਲੀ ਆ।

- ਹੂੰ, ਭਾਰਤ ਸਰਕਾਰ।

? ਕੌਮ ਦੀ ਏਕਤਾ ਰਹੀ, ਕੌਮ ਦਾ ਇਹ ਜਜ਼ਬਾ ਕਾਇਮ ਰਿਹਾ, ਨਿਸਚੇਜਨਕ ਸਫ਼ਲਤਾ ਹੋਵੇਗੀ।

- ਜੋ ਪੁੱਛਿਆ ਉਹ ਤੇ ਦੱਸ ਲਾ। ਇੱਕ ਵੀ ਸਟੈਂਡ ਲੈ ਗਿਆ ਨਾ ਤੇ ਕੌਮ ਨੂੰ ਸਭ ਕੁਝ ਮਿਲੂ। ਸ਼ੇਖ ਅਬਦੁੱਲਾ ਇਕੱਲਾ ਸੀ, ਇਕੱਲਾ ਸੀ ਨਾ ਤੇ ਕੌਮ ਨਾਲ ਸੀ। ਬਾਕੀ ਦੇ ਤੇ ਛੱਡ ਛੁੱਡ ਗਏ ਸੀ ਨਾ ਤੇ ਲੈ ਲਿਆ ਨਾ (ਉਹਨੇ ਹੱਕ)।

* * *

ਮੁਲਾਕਾਤ-੫

ਪੱਤਰਕਾਰ ਸੁਭਾਸ਼ ਕਰਪੇਕਰ, ਟਾਈਮਜ਼ ਆਫ ਇੰਡੀਆ, ਅਜੈ ਬੋਸ਼, ਲੰਡਨ ਗਾਰਡੀਅਨ ਅਤੇ ਹਰਬੀਰ ਸਿੰਘ ਭੰਵਰ ਨਾਲ, ਸੰਤ ਜਰਨੈਲ ਸਿੰਘ ਦੀ ਆਖਰੀ ਮੁਲਾਕਾਤ

(ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ, ਮਾਰਚ, ੧੯੮੯)

? ਪੰਜਾਬ ਵਿੱਚ ਫ਼ੌਜ ਭੇਜਣ ਬਾਰੇ ਤੁਹਾਡਾ ਪ੍ਰਤੀਕਰਮ ?

– ਇਹ ਸਿੱਖਾਂ ਨੂੰ ਦਬਾਉਣ ਲਈ ਭੇਜੀ ਗਈ ਹੈ ।

? ਸੀ. ਆਰ. ਪੀ. ਤੇ ਫ਼ੌਜ ਵਿੱਚ ਕੋਈ ਫ਼ਰਕ ?

– ਕੋਈ ਫ਼ਰਕ ਨਹੀਂ, ਸਿਰਫ਼ ਨਾਂਅ ਦਾ ਹੀ ਫ਼ਰਕ ਹੈ, ਸੀ. ਆਰ. ਪੀ. ਵੀ ਸਿੱਖਾਂ ਨੂੰ ਦਬਾ ਰਹੀ ਹੈ, ਇਹ ਵੀ ਦਬਾਉਣਗੇ ।

? ਦਰਬਾਰ ਸਾਹਿਬ 'ਤੇ ਪਹਿਲੀ ਜੂਨ ਨੂੰ ਲੱਗੀਆਂ ਗੋਲੀਆਂ ਦੇ ਨਿਸ਼ਾਨ ਵੇਖੇ ਹਨ, ਕੀ ਹੁਣ ਇਸ ਦੀ ਪ੍ਰਤੀਕਿਰਿਆ ਹੋਏਗੀ ?

– ਸਿੱਖ ਸ੍ਰੀ ਦਰਬਾਰ ਸਾਹਿਬ ਦੀ ਬੇ-ਅਦਬੀ ਬਿਲਕੁਲ ਨਹੀਂ ਸਹਾਰ ਸਕਦੇ, ਇਸ ਦੀ ਪ੍ਰਤੀਕਿਰਿਆ ਜ਼ਰੂਰ ਹੋਏਗੀ ।

? ਕੀ ਹੁਣ ਸਿੱਖ ਭਾਰਤ ਵਿੱਚ ਰਹਿ ਸਕਦੇ ਹਨ ?

– ਬਰਾਬਰ ਦੇ ਸ਼ਹਿਰੀ ਬਣ ਕੇ ਹੀ ਰਹਿ ਸਕਦੇ ਹਨ ।

? ਕੀ ਸਿੱਖ ਭਾਰਤ ਨਾਲ ਰਹਿ ਸਕਦੇ ਹਨ ?

– ਸੱਚੀ ਗੱਲ ਹੈ ਕਿ ਹੁਣ ਰਹਿਣਾ ਔਖਾ ਹੈ ।

? ਕੀ ਤੁਸੀਂ ਅਕਾਲੀ ਲੀਡਰਸ਼ਿਪ ਤੋਂ ਸੰਤੁਸ਼ਟ ਹੋ ?

– ਇਸ ਬਾਰੇ ਕੁਝ ਨਹੀਂ ਕਹਿਣਾ ।

? ਰੱਬ ਨਾ ਕਰੇ, ਜੇ ਤੁਹਾਡੀ ਮੌਤ ਹੋ ਜਾਏ ਤਾਂ ਤੁਹਾਡਾ ਉਤਰਅਧਿਕਾਰੀ ਕੌਣ ਹੋਏਗਾ ?

– ਸਾਡੇ ਵਿੱਚ ਵੋਟਾਂ ਦਾ ਰਿਵਾਜ ਨਹੀਂ ਹੈ । ਜੋ ਵਿਅਕਤੀ ਯੋਗ ਹੋਏਗਾ, ਜਥੇ ਵਾਲੇ ਉਸ ਨੂੰ ਚੁਣ ਲੈਣਗੇ ।

? ਕੀ ਤੁਸੀਂ ਵਿਦੇਸ਼ਾਂ ਤੋਂ ਆਪਣੇ ਮਿਸ਼ਨ ਦੀ ਪੂਰਤੀ ਲਈ ਮਦਦ ਲਓਗੇ ?

– ਸਿੱਖਾਂ ਦੇ ਹੱਕਾਂ ਲਈ ਜੇ ਕੋਈ ਦੇਸ਼ ਮਦਦ ਦੇਵੇਗਾ, ਤਾਂ ਜ਼ਰੂਰ ਲਵਾਂਗੇ ।

? ਕੀ ਪਹਿਲੀ ਜੂਨ ਨੂੰ ਤੁਸੀਂ ਗੋਲੀ ਦਾ ਜਵਾਬ ਦਿੱਤਾ ?

– ਪਹਿਲੀ ਜੂਨ ਨੂੰ ਸਾਡੇ ਕਿਸੇ ਮੈਂਬਰ ਨੇ ਗੋਲੀ ਨਹੀਂ ਚਲਾਈ।

? ਕਿਉਂ ?

ਇਹ ਸਿੰਘ ਸਾਹਿਬਾਨ ਨੂੰ ਪੁੱਛੋ, ਜਿਹਨਾਂ ਨੇ ੩੦ ਅਪ੍ਰੈਲ ਨੂੰ ਇੱਕ ਅਪੀਲ ਰਾਹੀਂ ਕੰਪਲੈਕਸ ਅੰਦਰ ਗੋਲੀ ਚਲਾਉਣ ਦੀ ਮਨਾਹੀਂ ਕੀਤੀ ਸੀ।

? ਕੀ ਤੁਸੀਂ ਸਿੰਘ ਸਾਹਿਬਾਨ ਦੇ ਕੱਲ ਦੇ ਆਦੇਸ਼ ਨਾਲ ਸਹਿਮਤ ਹੋ ਕਿ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ 'ਤੇ ਹੱਲਾ ਬੋਲ ਦਿੱਤਾ ਹੈ, ਦੁਸ਼ਟਾਂ ਦਾ ਨਾਸ਼ ਕਰ ਦਿਓ ?

– ਪੂਰੀ ਤਰ੍ਹਾਂ ਸਹਿਮਤ ਹਾਂ।

? ਹੁਣ ਭਾਰਤ ਵਿੱਚ ਸਿੱਖਾਂ ਦੇ ਰਹਿਣ ਬਾਰੇ ਤੁਹਾਡੇ ਕੀ ਵਿਚਾਰ ਹਨ ?

– ਸਿੱਖ ਭਾਰਤ ਵਿੱਚ ਗ਼ੁਲਾਮ ਹਨ, ਅਸੀਂ ਗ਼ੁਲਾਮੀ ਦੀਆਂ ਜ਼ੰਜੀਰਾਂ ਕੱਟਣੀਆਂ ਹਨ।

ਅੰਤਿਕਾ-੧

ਅਨੰਦਪੁਰ ਸਾਹਿਬ ਦਾ ਮਤਾ

ਜਦੋਂ ਕਿ ਭਾਰਤ ਦੇ ਸਿੱਖ, ਸਤਾਰਵੀਂ ਸਦੀ ਦੇ ਅੰਤਲੇ ਸਾਲਾਂ ਵਿੱਚ, ਖਾਲਸਾ ਪੰਥ ਦੀ ਸਾਜਣਾ ਦੇ ਸਮੇਂ ਤੋਂ ਹੀ, ਇਤਿਹਾਸਕ ਤੌਰ 'ਤੇ ਇੱਕ ਰਾਜਨੀਤਕ ਕੌਮ ਵਜੋਂ ਤਸਲੀਮ ਕੀਤੇ ਗਏ ਹਨ ਅਤੇ ਜਦੋਂ ਕਿ ਸਿੱਖ ਕੌਮ ਦਾ ਇਹ ਰੁਤਬਾ, ਕੌਮਾਂਤਰੀ ਪੱਧਰ 'ਤੇ, ਯੂਰਪ ਅਤੇ ਏਸ਼ੀਆ ਦੀਆਂ ਪ੍ਰਮੁੱਖ ਸ਼ਕਤੀਆਂ, ਜਿਵੇਂ ਕਿ ਫਰਾਂਸ, ਇੰਗਲੈਂਡ, ਇਟਲੀ, ਰੂਸ, ਚੀਨ, ਤਿੱਬਤ, ਪਰਸ਼ੀਆ (ਈਰਾਨ), ਅਫ਼ਗਾਨਿਸਤਾਨ, ਨੇਪਾਲ ਅਤੇ ਕੰਪਨੀ ਬਹਾਦਰ, ਫੋਰਟ ਵਿਲੀਅਮ, ਕਲਕੱਤਾ ਵੱਲੋਂ ਉੱਨਵੀਂ" ਸਦੀ ਦੇ ਅੱਧ ਤੱਕ, ਅਤੇ ਫਿਰ ਮੁਲਕ ਛੱਡ ਕੇ ਜਾਂਦੇ ਫਰੰਗੀ, ਹਿੰਦੂ ਕਾਂਗਰਸ ਅਤੇ ਭਾਰਤੀ ਮੁਸਲਮ ਲੀਗ ਵੱਲੋਂ ਵੀਹਵੀਂ ਸਦੀ ਦੇ ਅੱਧ ਵਿੱਚ ਤਸਲੀਮ ਕੀਤਾ ਅਤੇ ਕਬੂਲਿਆ ਜਾ ਚੁੱਕਾ ਹੈ, ਅਤੇ ਜਦੋਂ ਕਿ ਹਿੰਦੁਸਤਾਨ ਦੀ ਧੱਕੜ ਬਹੁਗਿਣਤੀ ਨੇ ੧੯੫੦ ਵਿੱਚ ਮੁਲਕ 'ਤੇ ਇੱਕ ਅਜਿਹਾ ਸੰਵਿਧਾਨਕ ਇੰਤਜ਼ਾਮ ਠੋਸਿਆ, ਜਿਸ ਨੇ ਕਿ ਸਿੱਖਾਂ ਨੂੰ ਉਹਨਾਂ ਦੀ ਰਾਜਸੀ ਪਛਾਣ ਅਤੇ ਸਭਿਆਚਾਰਕ ਵਿਲੱਖਣਤਾ ਤੋਂ ਸੱਖਣੇ ਕਰ ਦਿੱਤਾ, ਇਸ ਤਰ੍ਹਾਂ ਸਿੱਖਾਂ ਨੂੰ ਰਾਜਸੀ ਤੌਰ 'ਤੇ ਖਤਮ ਕਰਕੇ ਅਤੇ ਉਹਨਾਂ ਨੂੰ ਆਤਮਿਕ ਅਤੇ ਸਭਿਆਚਾਰਕ ਗਿਰਾਵਟ ਦੇ ਕੰਢੇ ਲਿਆ ਕੇ, ਬੇਸਿਰ ਪੈਰੇ ਹਿੰਦੂ ਧਰਮ ਦੇ ਖਾਰੇ ਸਾਗਰ ਵਿੱਚ, ਹਰ ਹੀਲੇ ਡੁੱਬ ਜਾਣ ਅਤੇ ਸਦਾ ਲਈ ਤਬਾਹ ਹੋ ਜਾਣ ਦੀ ਨੌਬਤ ਤੱਕ ਲੈ ਆਂਦਾ ਹੈ, ਅਤੇ

ਜਦੋਂ ਕਿ ਸਿੱਖਾਂ ਨਾਲ ਪਹਿਲੋਂ ਕੀਤੇ ਸੰਜੀਦਾ ਇਕਰਾਰਨਾਮੇ ਅਤੇ ਸ਼ਰੇਆਮ ਕੀਤੇ ਵਾਅਦਿਆਂ ਨੂੰ ਬੇਲਿਹਾਜ਼ੀ ਨਾਲ ਤੋੜ ਕੇ, ਸਿੱਖਾਂ ਨੂੰ ਜਕੜ ਕੇ ਗ਼ੁਲਾਮ ਬਣਾ ਲਿਆ ਗਿਆ ਹੈ, ਜਦ ਕਿ ੧੯੫੦ ਵਿੱਚ, ਵਿਧਾਨ ਘੜਨੀ ਸਭਾ ਵਿੱਚ ਸਿੱਖਾਂ ਦੇ ਨੁਮਾਇੰਦਿਆਂ ਨੇ ਅਜਿਹੇ ਸੰਵਿਧਾਨਕ ਇੰਤਜਾਮ ਨੂੰ ਪ੍ਰਵਾਨ ਕਰਨ ਵਾਲੀ ਧਿਰ ਬਣਨ ਤੋਂ ਨਾਂਹ ਕਰ ਦਿੱਤੀ ਗਈ ਸੀ ਅਤੇ ਸੰਵਿਧਾਨ ਦੀ ਮੂਲ ਦਸਤਾਵੇਜ਼ ਉੱਤੇ ਆਪਣੇ ਦਸਤਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ ਸੀ । ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਤਰਫੋਂ ਅਤੇ ਉਹਨਾਂ ਦੇ ਨਾਂਅ 'ਤੇ ਐਲਾਨ

ਕਰਦਾ ਹੈ ਕਿ ਸਿੱਖ ਆਪਣੇ ਆਪ ਨੂੰ ਹਰ ਵਾਜਬ ਢੰਗ ਨਾਲ ਇਸ ਜ਼ਿੱਲਤ ਭਰੀ ਅਤੇ ਵਿਨਾਸ਼ਕਾਰੀ ਸਥਿਤੀ ਵਿੱਚੋਂ ਬਚਾਉਣ ਅਤੇ ਆਜ਼ਾਦ ਹੋਣ ਲਈ ਦ੍ਰਿੜ ਸੰਕਲਪ ਹਨ, ਤਾਂ ਕਿ ਉਹ ਮਾਣ ਨਾਲ ਜਿਊਣ ਨੂੰ ਪੱਕੇ ਤੌਰ 'ਤੇ ਯਕੀਨੀ ਬਣਾ ਸਕਣ ਅਤੇ ਭਾਰਤ ਵਿੱਚ ਆਪਣੀ ਅਣਖ ਅਤੇ ਸੰਸਾਰ ਦੇ ਇਤਿਹਾਸ ਦੀ ਮੁੱਖ ਧਾਰਾ ਵਿੱਚ ਸਹੀ ਯੋਗਦਾਨ ਪਾ ਸਕਣ ਦੇ ਆਪਣੇ ਜਮਾਂਦਰੂ ਹੱਕ ਨੂੰ ਬਹਾਲ ਕਰ ਸਕਣ।

ਇਸ ਲਈ ਸਿੱਖ ਮੰਗ ਕਰਦੇ ਹਨ ਕਿ ਸਭ ਤੋਂ ਪਹਿਲਾਂ ਬਿਨਾਂ ਦੇਰ ਕੀਤਿਆਂ ਭਾਰਤ ਦੇ ਉੱਤਰ ਵਿੱਚ ਇੱਕ ਖੁਦਮੁਖਤਿਆਰ ਖਿੱਤਾ ਕਾਇਮ ਕੀਤਾ ਜਾਵੇ, ਜਿੱਥੇ ਕਿ ਦੇਸ਼ ਦੀ ਬੁਨਿਆਦੀ ਨੀਤੀ ਵਜੋਂ, ਸਿੱਖ ਹਿੱਤਾਂ ਦੀ ਸੰਵਿਧਾਨਕ ਤੌਰ 'ਤੇ ਪ੍ਰਮੁੱਖ ਅਤੇ ਖ਼ਾਸ ਅਹਿਮੀਅਤ ਤਸਲੀਮ ਕੀਤੀ ਜਾਵੇ।

ਦੂਸਰਾ, ਇਸ ਖੁਦ ਮੁਖਤਿਆਰ ਖਿੱਤੇ ਵਿੱਚ ਮੌਜੂਦਾ ਭਾਰਤੀ, ਪੰਜਾਬ ਅਤੇ ਹਰਿਆਣਾ ਦੇ ਕਰਨਾਲ, ਥਨੇਸਰ ਅਤੇ ਅੰਬਾਲਾ ਜ਼ਿਲ੍ਹੇ, ਚੰਡੀਗੜ੍ਹ, ਹਿਮਾਚਲ ਦੇ ਕਾਂਗੜਾ ਜ਼ਿਲ੍ਹੇ ਦੇ ਸਮੇਤ, ਹਰਿਆਣਾ ਅਤੇ ਹਿਮਾਚਲ ਦੇ ਪਿੰਜੌਰ, ਕਾਲਕਾ, ਡਲਹੌਜ਼ੀ, ਨਾਲਾਗੜ੍ਹ ਦੇਸ਼, ਸਿਰਸਾ, ਗੂਹਲਾ ਅਤੇ ਰਤੀਆ ਇਲਾਕੇ ਅਤੇ ਰਾਜਿਸਥਾਨ ਦਾ ਗੰਗਾਨਗਰ ਜਿਲ੍ਹਾ, ਤਾਂ ਜੋ ਸਿੱਖਾਂ ਦੀਆਂ ਨਾਲੋ ਨਾਲ ਲਗਦੀਆਂ, ਪ੍ਰਮੁੱਖ ਅਬਾਦੀਆਂ ਅਤੇ ਜੱਦੀ ਪੁਸ਼ਤੀ ਸਿੱਖ ਇਲਾਕੇ, ਭਾਰਤ ਦੇ ਅਟੁੱਟ ਹਿੱਸੇ ਵਜੋਂ ਇਸ ਖੁਦ ਮੁਖਤਿਆਰ ਸਿੱਖ ਖਿੱਤੇ ਵਿੱਚ ਸ਼ਾਮਲ ਕੀਤੇ ਜਾਣ ਅਤੇ

ਤੀਸਰਾ ਇਸ ਖ਼ੁਦਮੁਖਤਿਆਰ ਸਿੱਖ ਖਿੱਤੇ ਨੂੰ, ਬਦੇਸ਼ੀ ਮਾਮਲੇ, ਸੁਰੱਖਿਆ, ਕਰੰਸੀ ਅਤੇ ਆਮ ਸੰਚਾਰ ਦੇ ਮਹਿਕਮਿਆਂ ਨੂੰ ਫੈਡਰਲ ਭਾਰਤ ਸਰਕਾਰ ਦੇ ਅਧਿਕਾਰ ਵਿੱਚ ਛੱਡ ਕੇ, ਸੰਪੂਰਨ ਸਤਾ ਨੂੰ ਆਪਣੇ ਹੱਥ ਵਿੱਚ ਰੱਖਣ ਖ਼ਾਤਰ, ਆਪਣਾ ਅੰਦਰੂਨੀ ਸੰਵਿਧਾਨ ਆਪ ਘੜਨ ਦਾ ਅਧਿਕਾਰੀ ਐਲਾਨ ਕੀਤਾ ਜਾਵੇ।

ਸਾਹਿਬ ਦਸਮ ਪਾਤਸ਼ਾਹ ਸਭ ਥਾਈ ਹੋਹੁ ਸਹਾਇ ॥

ਅੰਤਿਕਾ-੨

ੴ ਸਤਿਗੁਰ ਜੀ ਫ਼ਤਹਿ॥

ਸ਼੍ਰੋਮਣੀ ਅਕਾਲੀ ਦਲ ਦੇ ਨਵੇਂ ਪਾਲਿਸੀ-ਪ੍ਰੋਗਰਾਮ ਦਾ ਖਰੜਾ

-ਜੋ-

ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ੧੬, ੧੭ ਅਕਤੂਬਰ ੧੯੭੩ ਨੂੰ ਸ੍ਰੀ ਅਨੰਦਪੁਰ ਸਾਹਿਬ ਦੇ ਪਾਵਨ ਅਸਥਾਨ ਵਿਖੇ ਹੋਈ ਇਕੱਤ੍ਰਤਾ ਵਿੱਚ ਪ੍ਰਵਾਨ ਕੀਤਾ ਤੇ ਜੋ ੨੯-੦੯-੭੭ ਨੂੰ ਹੋ ਰਹੇ ਅਕਾਲੀ ਦਲ ਦੇ ਜਨਰਲ ਇਜਲਾਸ ਵਿੱਚ ਪ੍ਰਵਾਨਗੀ ਲਈ ਪੇਸ਼ ਕੀਤਾ ਜਾ ਰਿਹਾ ਹੈ।

ਸਹੀ
ਗਿਆਨੀ ਅਜਮੇਰ ਸਿੰਘ
ਸਕੱਤਰ, ਸ਼੍ਰੋਮਣੀ ਅਕਾਲੀ ਦਲ

ਮਿਤੀ ੦੧-੦੯-੧੯੭੭

“ਖ਼ਾਲਸਾ ਪੰਥ ਦਾ ਵਿਦਿਅਕ ਨਿਸ਼ਾਨਾ”

“ਸ਼੍ਰੋਮਣੀ ਅਕਾਲ ਦਲ, ਸਿੱਖ ਕੌਮ ਨੂੰ ਇੱਕ ਮਜ਼ਬੂਤ ਪੜ੍ਹੀ ਲਿਖੀ, ਸੁਘੜ, ਆਪਣੇ ਹੱਕਾਂ ਤੋਂ ਜਾਣੂ, ਅੱਛੇ-ਅੱਛ ਹੁਨਰ ਵਿੱਚ ਪ੍ਰਬੀਨ ਅਤੇ ਉਹਨਾਂ ਦੀ ਕਦਰਦਾਨ ਵੇਖਣਾ ਚਾਹੁੰਦਾ ਹੈ।”

“ਅਕਾਲੀ ਦਲ, ਸਿੱਖ ਕੌਮ ਦੇ ਵਿਦਿਅਕ ਮਾਹਿਰਾਂ, ਸਾਇੰਸਦਾਨਾਂ, ਫਿਲਾਸਫਰਾਂ, ਕਵੀਆਂ, ਲਿਖਾਰੀਆਂ ਤੇ ਕਲਾਕਾਰਾਂ ਆਦਿ ਨੂੰ ਕੌਮ ਦੀ ਬਹੁਮੁੱਲੀ ਪੂੰਜੀ ਸਮਝਦਾ ਹੈ।”

“ਅਕਾਲੀ ਦਲ, ਪੇਂਡੂ ਤੇ ਪਛੜੇ ਵਰਗ ਦੇ ਵਿਦਿਆਰਥੀਆਂ ਨੂੰ ਉੱਚ ਵਿਦਿਆ ਪ੍ਰਾਪਤੀ ਲਈ ਉਤਸ਼ਾਹਿਤ ਕਰੇਗਾ।”

ਮੁੱਖ ਬੰਦ

ਸ਼੍ਰੋਮਣੀ ਅਕਾਲੀ ਦਲ, ਨਿਰਸੰਦੇਹ, ਇੱਕ ਅਜਿਹੀ ਮਹਾਨ ਜਥੇਬੰਦੀ ਹੈ, ਜਿਸ ਦਾ ਸਾਰਥਕ ਹੋਣਾ ਗੌਰਵ-ਜਨਕ ਹੈ, ਅਕਾਲੀ ਦਲ ਦਾ ਇਤਿਹਾਸ, ਮੋਰਚਿਆਂ, ਅੰਦੋਲਨਾਂ, ਸੰਗਰਾਮਾਂ, ਜਿੱਤਾਂ ਤੇ ਪ੍ਰਾਪਤੀਆਂ ਦਾ ਸ਼ਾਨਦਾਰ ਇਤਿਹਾਸ ਹੈ, ਜਿਸ ਉੱਤੇ ਜਿੰਨਾ ਵੀ ਮਣ ਕੀਤਾ ਜਾਏ ਥੋੜਾ ਹੈ, ਅਕਾਲੀ ਦਲ ਦਾ ਇਤਿਹਾਸ, ਇਸ ਸਚਾਈ ਦਾ ਸਾਖੀ ਹੈ ਕਿ ਜੋ ਵੀ ਅਕਾਲੀ ਦਲ ਅੱਗੇ ਅੜਦਾ ਰਿਹਾ, ਉਹ ਝੜਦਾ ਰਿਹਾ। ਦੇਸ਼ ਦੀ ਆਜ਼ਾਦੀ ਵਿੱਚ ਜੋ ਮਹਾਨ ਹਿੱਸਾ ਅਕਾਲੀ ਦਲ ਨੇ ਪਾਇਆ ਹੈ, ਉਹ ਸਦਾ ਸੁਨਹਰੇ ਅੱਖਰਾਂ ਵਿੱਚ ਲਿਖਿਆ ਜਾਵੇਗਾ ਤੇ ਸਦਾ ਅਭੁੱਲ ਰਹੇਗਾ।

ਅਕਾਲੀ ਦਲ, ਸਮੇਂ ਦੀ ਨਬਜ਼ ਪਛਾਣ ਕੇ ਸਿੰਘਾਂ ਦੀ ਅਗਵਾਈ ਕਰਦਾ ਰਿਹਾ ਹੈ। ਸਿੱਖ ਹੱਕਾਂ ਦੀ ਰਾਖੀ, ਸਿੱਖਾਂ ਲਈ ਇਸ ਦੇਸ਼ ਵਿੱਚ ਇੱਕ ਸਤਿਕਾਰ-ਭਰਪੂਰ ਅਸਥਾਨ ਦੀ ਪ੍ਰਾਪਤੀ, ਪੰਥ ਦੀ ਚੜ੍ਹਦੀ ਕਲਾ ਤੇ ਬੋਲ-ਬਾਲੇ, ਅਕਾਲੀ ਦਲ ਦਾ ਸਦਾ ਆਦਰਸ਼ ਰਿਹਾ ਹੈ ਤੇ ਇਸ ਆਦਰਸ਼-ਪੂਰਤੀ ਲਈ ਅਕਾਲੀ ਦਲ ਸਦਾ ਵੱਖ-ਵੱਖ ਸਾਧਨ ਵਰਤਦਾ ਰਿਹਾ ਹੈ।

ਭਾਰਤ ਦੀ ਕਾਂਗਰਸ ਸਰਕਾਰ ਦੀ ਪੰਥ ਵਿਰੋਧੀ ਨੀਤੀ ਨੂੰ ਮੁੱਖ ਰੱਖ ਕੇ ਅਤੇ ਦੇਸ਼ ਦੀ ਅੰਗੜਾਈ ਲੈ ਰਹੇ ਨਵੇਂ ਰਾਜਸੀ, ਸਮਾਜਿਕ ਅਤੇ ਆਰਥਿਕ ਹਾਲਾਤ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਨੇ ਫੈਸਲਾ ਕੀਤਾ ਹੈ ਕਿ ਪੰਥਕ ਨਿਸ਼ਾਨੇ ਨਵੇਂ ਸਿਰੇ ਤੋਂ ਮਿਥੇ ਜਾਣ ਤੇ ਨਵੇਂ ਪੰਥਕ ਟੀਚੇ ਤੇ ਅਪੜਨ ਲਈ ਸਿੱਖ ਪੰਥ ਨੂੰ ਨਵੀਨ ਤੇ ਹਲਾਤ ਅਨੁਕੂਲ ਅਗਵਾਈ ਦਿੱਤੀ ਜਾਏ, ਤਾਂ ਕਿ ਅਕਾਲੀ ਦਲ ਪੰਥ ਦੀ, ਪੰਜਾਬ ਦੀ ਤੇ ਦੇਸ਼ ਦੀ ਉਹ ਸੇਵਾ ਕਰ ਸਕੇ, ਜਿਸ ਦੀ ਪੰਥ ਪ੍ਰੇਮੀ ਇਸ ਤੋਂ ਆਸ ਰੱਖਦੇ ਹਨ। ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਆਪਣੀ ਇਕੱਤਰਤਾ ਮਿਤੀ ੧੧-੧੨-੭੨ ਵਿੱਚ ਅਕਾਲੀ ਦਲ ਦੇ 'ਪਾਲਿਸੀ ਪ੍ਰੋਗਰਾਮ' ਨੂੰ ਉਲੀਕਣ ਲਈ ਪੰਥ ਦੇ ਸੂਝਵਾਨ ਅਤੇ ਬੁੱਧੀ-ਜੀਵਾਂ ਦੀ ਇੱਕ ਸਬ-ਕਮੇਟੀ ਬਣਾਈ, ਇਸ ਕਮੇਟੀ ਦੇ ਚੇਅਰਮੈਨ, ਅਕਾਲੀ ਦਲ ਦੇ ਜਨਰਲ ਸਕੱਤਰ ਸ. ਸੁਰਜੀਤ ਸਿੰਘ

ਬਰਨਾਲਾ ਐੱਮ.ਐੱਲ.ਏ., ਸਾਬਕਾ ਵਿਦਿਆ ਮੰਤਰੀ, ਨਿਯੁਕਤ ਕੀਤੇ ਗਏ। ਸਬ ਕਮੇਟੀ ਦੇ ਦੂਜੇ ਮੈਂਬਰ ਸ. ਗੁਰਬਚਨ ਸਿੰਘ ਟੋਹੜਾ, ਐੱਮ.ਪੀ., ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਥੇਦਾਰ ਜੀਵਨ ਸਿੰਘ ਉਮਰਾਨੰਗਲ, ਸ. ਗੁਰਮੀਤ ਸਿੰਘ ਸਾਬਕਾ ਰਾਜਯ ਮੰਤਰੀ, ਡਾਕਟਰ ਭਾਗ ਸਿੰਘ ਸਾਬਕਾ ਮੰਤਰੀ, ਸ. ਬਲਵੰਤ ਸਿੰਘ ਸਾਬਕਾ ਖ਼ਜ਼ਾਨਾ ਮੰਤਰੀ, ਸ. ਗਿਆਨ ਸਿੰਘ ਰਾੜੇਵਾਲਾ, ਸ. ਪ੍ਰੇਮ ਸਿੰਘ ਲਾਲਪੁਰਾ, ਸ. ਜਸਵਿੰਦਰ ਸਿੰਘ ਬਰਾੜ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ, ਸ. ਭਾਗ ਸਿੰਘ ਸਾਬਕਾ ਐੱਮ.ਐੱਲ.ਏ., ਮੇਜਰ ਜਨਰਲ ਗੁਰਬਖਸ਼ ਸਿੰਘ ਬਧਨੀ ਤੇ ਸ. ਅਮਰ ਸਿੰਘ ਅੰਬਾਲਵੀ ਐਡਵੋਕੇਟ ਸਨ।

ਇਸ ਸਬ ਕਮੇਟੀ ਦੀ ਪਹਿਲੀ ਇਕੱਤ੍ਰਤਾ ੨੩-੧੨-੭੨ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਹੋਈ ਤੇ ਕੁਲ ਗਿਆਰਾਂ ਇਕੱਤ੍ਰਤਾਵਾਂ ਹੋਈਆਂ, ਬਹੁਤੀਆਂ ਇਕੱਤ੍ਰਤਾਵਾਂ ਚੰਡੀਗੜ੍ਹ ਦੇ ਸੁਖਾਵੇਂ, ਨਿਵੇਕਲੇ, ਸ਼ਾਂਤੀ-ਭਰਪੂਰ ਤੇ ਨਰੋਏ ਵਾਤਾਵਰਨ ਵਿੱਚ ਹੁੰਦੀਆਂ ਰਹੀਆਂ।

ਸਬ ਕਮੇਟੀ ਦੇ ਸਮੂਹ ਮੈਂਬਰਾਂ ਨੇ ਡੂੰਘੀ ਦਿਲਚਸਪੀ ਦਿਖਾਈ, ਕਈ ਵਾਰ ਇੱਕ ਇੱਕ ਅੱਖਰ ਉੱਤੇ ਸੁਆਦਲੀ ਬਹਿਸ ਹੋਈ। ਅਤਿ ਸੂਝਵਾਨ ਤੇ ਉੱਚ-ਕੋਟੀ ਦੇ ਬੁੱਧੀ ਜੀਵਾਂ ਦੀਆਂ ਇਹਨਾਂ ਇਕੱਤ੍ਰਤਾਵਾਂ ਵਿੱਚ ਸ਼ਾਮਲ ਹੋਣ ਦਾ ਬੜਾ ਸੁਆਦ ਆਇਆ। ਹਰ ਪੱਖ ਚੰਗੀ ਤਰ੍ਹਾਂ ਘੋਖਿਆ, ਸੋਚਿਆ, ਵਿਚਾਰਿਆ ਤੇ ਸਮਝਿਆ ਗਿਆ। ਅਤਿ ਸੂਖਮ ਤੇ ਬਰੀਕ ਨੁਕਤਿਆਂ ਉੱਤੇ ਬੜੀਆਂ ਸੁਆਦਲੀਆਂ ਵਿਚਾਰਾਂ ਹੋਈਆਂ, ਕਈ ਨੁਕਤਿਆਂ ਉੱਤੇ ਮਤ-ਭੇਦ ਹੁੰਦਿਆਂ ਵੀ ਇਹ ਰਿਪੋਰਟ ਸਰਬ ਸੰਮਤੀ ਨਾਲ ਉਲੀਕੀ ਗਈ ਹੈ। ਪੰਥਕ ਦਰਦ ਤੇ ਪੰਥਕ ਹਿਤਾਂ ਦੇ ਪਿਆਰ ਦੀ ਸਾਂਝ ਦਾ ਸਦਕਾ, ਫੌਜੀ ਜਰਨੈਲ, ਹਾਈਕੋਰਟ ਦੇ ਕਨੂੰਨਦਾਨ, ਸਿਆਣੇ ਡਾਕਟਰ, ਅਰਥ-ਸ਼ਾਸਤਰ ਦੇ ਗਿਆਤਾ, ਰਾਜਨੀਤੀ ਵਿੱਚ ਖੁੱਬੇ ਹੋਏ ਤੇ ਪ੍ਰਬਲ ਧਾਰਮਿਕ ਰੁਚੀ ਦੇ ਧਾਰਨੀ, ਸਾਰੇ ਦੇ ਸਾਰੇ ਬੜੀ ਸੰਜੀਦਗੀ ਨਾਲ ਪੰਥ ਦੇ ਭਵਿੱਖ ਨੂੰ ਉੱਜਲ ਬਣਾਉਣ ਲਈ ਆਪਣਾ ਅਨਮੋਲ ਹਿੱਸਾ ਪਾਉਂਦੇ ਰਹੇ। ਵਿਚਾਰਾਂ ਸਮੇਂ ਦੇਸ਼ ਪਿਆਰ ਤੇ ਪੰਥ ਪਿਆਰ ਦੇ ਮਿਲੇ ਜੁਲੇ ਜਜ਼ਬੇ ਪ੍ਰਗਟ ਹੁੰਦੇ ਸਨ। ਦੇਸ਼ ਦੀ ਰਾਖੀ ਤੇ ਪੰਥਕ ਹਿਤਾਂ ਦੀ ਰਾਖੀ ਦੇ ਜਜ਼ਬਿਆਂ ਵਿੱਚ ਸੰਪੂਰਨ ਸੰਤੁਲਨ ਦਾ ਸਦਾ ਪ੍ਰਗਟਾਵਾ ਹੁੰਦਾ ਰਿਹਾ।

'ਸ. ਸੁਰਜੀਤ ਸਿੰਘ ਸਬ ਕਮੇਟੀ' ਦੀ ਅਣਥੱਕ ਮਿਹਨਤ-ਭਰਪੂਰ ਰਿਪੋਰਟ, ਜਦੋਂ ਦਸਮ ਪਿਤਾ ਦੇ ਪਾਵਨ ਤੇ ਮਹਾਨ ਇਤਿਹਾਸਕ ਅਸਥਾਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਵਿੱਚ ਪੇਸ਼

ਹੋਈ ਤਾਂ ਵਰਕਿੰਗ ਕਮੇਟੀ ਨੇ ਦੋ ਦਿਨ ਦੀ ਬੜੀ ਦੀਰਘ ਵਿਚਾਰ ਉਪਰੰਤ ਇਸ ਰਿਪੋਰਟ ਨੂੰ ਪ੍ਰਵਾਨਿਆ ਤੇ ਜਨਰਲ ਅਜਲਾਸ ਵਿੱਚ ਪੇਸ਼ ਕਰਨ ਦੀ ਆਗਿਆ ਕੀਤੀ ਗਈ।

ਇਸ ਲਈ ਇਹ ਖਰੜਾ ਆਪ ਜੀ ਪਾਸ ਭੇਜਿਆ ਜਾ ਰਿਹਾ ਹੈ ਕਿ ਜਨਰਲ ਅਜਲਾਸ ਵਿੱਚ ਪੇਸ਼ ਹੋਣ ਤੋਂ ਪਹਿਲਾਂ ਆਪ ਇਸ ਦਾ ਅਧਿਐਨ ਕਰ ਸਕੋ ਤੇ ਅਕਾਲੀ ਦਲ ਦੇ ਜਨਰਲ ਸਮਾਗਮ ਵਿੱਚ ਆਪਣੀ ਬਹੁਮੁੱਲੀ ਰਾਇ ਦੇ ਸਕੋ।

ਪੰਥਕ ਪਿਆਰ ਤੇ ਸਤਿਕਾਰ ਨਾਲ

ਆਪ ਜੀ ਦਾ ਸਨੇਹੀ ਸੇਵਕ

ਅਮਜੇਰ ਸਿੰਘ

ਸਕੱਤਰ, ਸ਼੍ਰੋਮਣੀ ਅਕਾਲੀ ਦਲ

ਦਫ਼ਤਰ ਸ਼੍ਰੋਮਣੀ ਅਕਾਲੀ ਦਲ,
ਸ੍ਰੀ ਅੰਮ੍ਰਿਤਸਰ
੧-੮-੭੭

ਸ਼੍ਰੋਮਣੀ ਅਕਾਲੀ ਦਲ ਦਾ ਸਿਧਾਂਤ

ਜਿਹਾ ਕਿ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਆਪਣੀ ੧੬-੧੭ ਅਕਤੂਬਰ ਦੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਈ ਇਕੱਤ੍ਰਤਾ ਵਿੱਚ ਪ੍ਰਵਾਨ ਕੀਤਾ :

(ੳ) ਸਿਧਾਂਤ

੧. ਸ਼੍ਰੋਮਣੀ ਅਕਾਲੀ ਦਲ ਸਿੱਖ ਪੰਥ ਦੀ ਸਮੁੱਚੀ ਮਰਜ਼ੀ ਦਾ ਇੱਕੋ-ਇੱਕ ਪ੍ਰਗਟਾਓ ਹੈ ਤੇ ਪੰਥ ਦੀ ਪ੍ਰਤੀਨਿਧਤਾ ਕਰਨ ਲਈ ਪੂਰਾ ਅਧਿਕਾਰ ਰੱਖਦਾ ਹੈ। ਇਸ ਜਥੇਬੰਦੀ ਦੀ ਬੁਨਿਆਦ ਮਨੁੱਖਾਂ ਦੇ ਆਪਸੀ ਸੰਬੰਧ, ਮਨੁੱਖੀ ਗਤੀ ਅਤੇ ਮਨੁੱਖ ਦੇ ਪਰਮ-ਤੱਤ ਨਾਲ ਸੰਬੰਧਾਂ ਉੱਤੇ ਰੱਖੀ ਗਈ ਹੈ।

੨. ਇਹ ਸਿਧਾਂਤ ਗੁਰੂ ਨਾਨਕ ਦੇਵ ਜੀ ਦੇ ਤ੍ਰੈ ਉਪਦੇਸ਼ 'ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ' ਦੀਆਂ ਲੀਹਾਂ ਉੱਤੇ ਅਧਾਰਤ ਹਨ।

(ਅ) ਮਨੋਰਥ

ਸ਼੍ਰੋਮਣੀ ਅਕਾਲੀ ਦਲ ਹੇਠ ਲਿਖੇ ਮੰਤਵਾਂ ਦੀ ਪੂਰਤੀ ਲਈ ਸਦਾ ਤੱਤਪਰ ਰਹੇਗਾ।

੧. ਗੁਰਮਤਿ ਤੇ ਰਹਿਤ ਮਰਯਾਦਾ ਦਾ ਪ੍ਰਚਾਰ ਅਤੇ ਨਾਸਤਿਕਤਾ ਤੇ ਮਨਮੱਤ ਦਾ ਪ੍ਰਹਾਰ।

੨. ਸਿੰਘਾਂ ਵਿੱਚ ਪੰਥਕ ਆਜ਼ਾਦ ਹਸਤੀ ਦਾ ਅਹਿਸਾਸ ਕਾਇਮ ਰੱਖਣਾ ਅਤੇ ਅਜਿਹਾ ਦੇਸ਼-ਕਾਲ ਘੜਨਾ, ਜਿਸ ਵਿੱਚ ਸਿੱਖ ਪੰਥ ਦੇ ਕੌਮੀ ਜਜ਼ਬੇ ਤੇ ਕੌਮੀਅਤ ਦਾ ਪ੍ਰਗਟਾਓ, ਪੂਰਨ ਤੌਰ ਤੇ ਮੂਰਤੀਮਾਨ ਤੇ ਪ੍ਰਜ੍ਵਲਤ ਹੋ ਸਕੇ।

੩. ਕੰਗਾਲੀ, ਭੁੱਖ-ਨੰਗ ਤੇ ਥੁੜ ਨੂੰ ਦੂਰ ਕਰਨਾ, ਨਿਆਂਕਾਰ ਤੇ ਚੰਗੇ ਨਿਜ਼ਾਮ ਨੂੰ ਕਾਇਮ ਕਰਨ ਲਈ ਦੌਲਤ ਤੇ ਉਪਜ ਨੂੰ ਵਧਾਉਣਾ ਤੇ ਮੌਜੂਦਾ ਕਾਣੀ-ਵੰਡ ਤੇ ਲੁੱਟ-ਖਸੁੱਟ (ਐਕਸ-ਪਲਾਇਟੇਸ਼ਨ) ਨੂੰ ਦੂਰ ਕਰਨਾ।

੪. ਗੁਰਮਤਿ ਆਸ਼ੇ ਅਨੁਸਾਰ ਅਨਪੜ੍ਹਤਾ, ਛੂਤ-ਛਾਤ ਤੇ ਜ਼ਾਤ-ਪਾਤ ਦੇ ਵਿਤਕਰੇ ਨੂੰ ਹਟਾਉਣਾ।

੫. ਮੰਦੀ ਸਿਹਤ ਤੇ ਬੀਮਾਰੀ ਨੂੰ ਦੂਰ ਕਰਨ ਦੇ ਉਪਾਓ, ਨਸ਼ਿਆਂ ਦੀ ਨਿਖੇਧੀ ਅਤੇ ਬੰਦਸ਼ ਤੇ ਸਰੀਰਕ ਅਰੋਗਤਾ ਦਾ ਵਾਧਾ, ਜਿਸ ਨਾਲ ਕੌਮ ਵਿੱਚ ਉਤਸ਼ਾਹ ਜਾਗੇ ਤੇ ਉਹ ਕੌਮੀ ਬਚਾਉ ਲਈ ਤਿਆਰ ਹੋ ਸਕੇ।

ਅੰਕ ਪਹਿਲਾ

ਅਕਾਲੀ ਦਲ ਸਿੱਖਾਂ ਵਿੱਚ ਧਰਮ-ਭਾਵ ਪੈਦਾ ਕਰਨਾ ਤੇ ਉਹਨਾਂ ਵਿੱਚ ਸਿੱਖ ਹੋਣ ਉੱਤੇ ਫ਼ਖ਼ਰ ਪੈਦਾ ਕਰਨਾ ਆਪਣਾ ਮੁੱਖ ਮਨੋਰਥ ਸਮਝਦਾ ਹੈ, ਜਿਸਦੀ ਪੂਰਤੀ ਲਈ ਅਕਾਲੀ ਦਲ ਹੇਠ ਲਿਖਿਆ ਪ੍ਰੋਗਰਾਮ ਵਰਤੋਂ ਵਿੱਚ ਲਿਆਏਗਾ :

(ੳ) ਵਾਹਿਗੁਰੂ ਦੀ ਵਾਹਿਦ ਹਸਤੀ ਦਾ ਪ੍ਰਚਾਰ ਕਰਨਾ, ਨਾਮ ਸਿਮਰਨ ਤੇ ਗੁਰਬਾਣੀ ਦਾ ਪ੍ਰਵਾਹ ਚਲਾਣਾ, ਦਸ ਗੁਰੂ ਸਾਹਿਬਾਨ ਤੇ ਸ੍ਰੀ ਗੁਰੂ ਗਰੰਥ ਸਾਹਿਬ ਉੱਤੇ ਦ੍ਰਿੜ ਨਿਸਚਾ ਕਰਾਉਣਾ ਤੇ ਉਹਨਾ ਉਪਦੇਸ਼ਾਂ ਦੀ ਵਾਕਫ਼ੀ ਤੇ ਉਹਨਾਂ ਉੱਤੇ ਅਮਲ ਕਰਾਉਣ ਲਈ ਯਤਨ ਕਰਨਾ।

(ਅ) ਗੁਰਮਤਿ, ਸਿੱਖ ਫ਼ਲਸਫ਼ਾ, ਰਹਿਤ ਮਰਯਾਦਾ ਤੇ ਕੀਰਤਨ ਆਦਿ ਦੇ ਪ੍ਰਚਾਰ ਨੂੰ ਕਾਮਯਾਬੀ ਨਾਲ ਚਲਾਉਣ ਲਈ ਸਿੱਖ ਮਿਸ਼ਨਰੀ ਕਾਲਜ ਵਿੱਚੋਂ ਪ੍ਰਚਾਰਕ ਤੇ ਚੰਗੇ ਰਾਗੀ, ਢਾਡੀ, ਕਵੀਸ਼ਰ ਪੈਦਾ ਕਰਨੇ, ਤਾਂ ਕਿ ਦੇਸ਼ ਤੋਂ ਪ੍ਰਦੇਸ਼ ਵਿੱਚ, ਕਾਲਜਾਂ ਤੇ ਸਕੂਲਾਂ ਵਿੱਚ, ਪਿੰਡਾਂ ਤੇ ਸ਼ਹਿਰਾਂ ਵਿੱਚ, ਗੋਇਆ ਕਿ ਹਰ ਥਾਂ ਲਈ ਪ੍ਰਚਾਰ ਦੀ ਯੋਗਤਾ ਰੱਖਣ ਵਾਲੇ ਸੱਜਣ ਤਿਆਰ ਕੀਤੇ ਜਾ ਸਕਣ।

(ੲ) ਵੱਡੇ ਪੈਮਾਨੇ ਤੇ ਅੰਮ੍ਰਿਤ ਪ੍ਰਚਾਰ ਦਾ ਪ੍ਰਬੰਧ ਕਰਨਾ, ਕਾਲਜਾਂ ਤੇ ਸਕੂਲਾਂ ਵਿਖੇ ਇਸ ਸੰਬੰਧ ਵਿੱਚ ਪੂਰਾ ਤਾਣ ਲਾਉਣਾ ਅਤੇ ਇਸ ਮਨੋਰਥ ਨੂੰ ਸਾਹਮਣੇ ਰੱਖ ਕੇ ਕਾਲਜਾਂ ਦੇ ਵਿਦਿਆਰਥੀਆਂ ਤੇ ਪ੍ਰੋਫੈਸਰਾਂ ਦੇ ਬਾਕਾਇਦਾ ਸਟੱਡੀ-ਸਰਕਲ ਲਾਉਣ ਦਾ ਪ੍ਰਬੰਧ ਕਰਨਾ।

(ਸ) ਸਿੰਘਾਂ ਵਿੱਚ ਦਸਵੰਦ ਦਾ ਰਿਵਾਜ ਮੁੜ ਸੁਰਜੀਤ ਕਰਨਾ।

(ਹ) ਸਿੱਖ ਧਰਮ ਤੇ ਇਤਿਹਾਸ ਦੇ ਵਿਦਵਾਨਾਂ, ਲਿਖਾਰੀਆਂ, ਪ੍ਰਚਾਰਕਾਂ, ਗ੍ਰੰਥੀਆਂ ਆਦਿ ਦਾ ਕੌਮ ਵਲੋਂ ਵੱਧ ਤੋਂ ਵੱਧ ਆਦਰ ਕਰਨ ਲਈ ਪ੍ਰਚਾਰ ਕਰਨਾ ਅਤੇ ਉਹਨਾਂ ਦੇ ਰੁਤਬੇ, ਸਿਖਲਾਈ ਅਤੇ ਰਹਿਣੀ ਦਾ ਮਿਆਰ ਉੱਚਾ ਕਰਨ ਲਈ ਯਤਨ ਕਰਨਾ।

(ਕ) ਗੁਰਦੁਆਰਾ ਪ੍ਰਬੰਧ ਨੂੰ ਵਧੇਰੇ ਸੋਹਣਾ ਬਣਾਉਣ ਲਈ ਯਤਨ ਕਰਨਾ ਤੇ ਗੁਰਦੁਆਰਾ ਕਰਮਚਾਰੀਆਂ ਦੀ ਸਿਖਲਾਈ ਲਈ ਪ੍ਰਬੰਧ ਕਰਨਾ, ਗੁਰਦੁਆਰਿਆਂ ਦੀਆਂ ਇਮਾਰਤਾਂ ਦੀ ਸੰਭਾਲ ਕਰਾਉਣੀ। ਇਸ ਸੰਬੰਧ ਵਿੱਚ ਸਮੇਂ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਕਮੇਟੀਆਂ ਵਿੱਚ ਆਪਣੇ ਪ੍ਰਤੀਨਿਧਾਂ ਨੂੰ ਯੋਗ ਹਦਾਇਤਾਂ ਭੇਜਦੇ ਰਹਿਣਾ।

(ਖ) ਗੁਰਬਾਣੀ ਦੀ ਸ਼ੁੱਧ ਛਪਾਈ, ਪੁਰਾਣੇ ਤੇ ਨਵੀਨ ਸਿੱਖ ਇਤਿਹਾਸ ਦੀ ਖੋਜ ਅਤੇ ਸੰਭਾਲ ਤੇ ਪ੍ਰਕਾਸ਼ਨਾਂ, ਗੁਰਬਾਣੀ ਦਾ ਹੋਰ ਬੋਲੀਆਂ ਵਿੱਚ ਉੱਲਥਾ, ਸਿੱਖ ਸਿਧਾਂਤ ਬਾਰੇ ਵਧੀਆ ਸਾਹਿੱਤ ਤਿਆਰ ਕਰਨ ਲਈ

ਪ੍ਰਬੰਧ ਕਰਨਾ।

(ਗ) ਇੱਕ ਨਵਾਂ ਸਰਬ-ਹਿੰਦ ਗੁਰਦੁਆਰਾ ਕਨੂੰਨ ਬਣਾਉਣ ਦਾ ਬਾਨ੍ਹ ਬੰਨ੍ਹਣਾ, ਜਿਸ ਨਾਲ ਕਿ ਦੇਸ਼ ਭਰ ਦੇ ਗੁਰਦੁਆਰਿਆਂ ਦਾ ਪ੍ਰਬੰਧ ਵਧੇਰੇ ਸੁਚੱਜਾ ਤੇ ਸ਼ੋਭਾ-ਜਨਕ ਹੋ ਸਕੇ ਅਤੇ ਜਿਸ ਨਾਲ ਸਿੱਖ ਪੰਥ ਪ੍ਰਾਚੀਨ ਪ੍ਰਚਾਰ ਕਰਨ ਵਾਲੀਆਂ ਸੰਪ੍ਰਦਾਵਾਂ, ਜਿਹਾ ਕਿ ਉਦਾਸੀ, ਨਿਰਮਲੇ ਆਦਿ ਮੁੜ ਸਮੁੱਚੇ ਸਿੱਖ ਸਮਾਜ ਦਾ ਅਨਿੱਖੜਵਾਂ ਅੰਗ ਬਣ ਜਾਣ, ਪ੍ਰੰਤੂ ਉਹਨਾਂ ਡੇਰਿਆਂ ਦੀਆਂ ਜਾਇਦਾਦਾਂ ਇਹਨਾਂ ਸੰਪ੍ਰਦਾਵਾਂ ਦੇ ਹੱਥਾਂ ਵਿੱਚ ਸੁਰੱਖਿਅਤ ਰਹਿਣ।

(ਘ) ਸਾਰੇ ਸੰਸਾਰ ਦੇ ਸਮੂਹ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਇੱਕ ਲੜੀ ਵਿੱਚ ਪਰੋ ਕੇ ਸਾਰੇ ਖ਼ਾਲਸਾ ਪੰਥ ਦੇ ਧਰਮ ਅਸਥਾਨਾਂ ਦੀ ਰਹੁ-ਰੀਤ ਨੂੰ ਇੱਕ ਸਾਰ ਕਰਨ ਅਤੇ ਪ੍ਰਚਾਰ ਦੇ ਸਾਧਨਾਂ ਨੂੰ ਜੁੜਵਾਂ ਤੇ ਅਸਰ ਭਰਪੂਰ ਬਣਾਉਣ ਦਾ ਪ੍ਰਬੰਧ ਕਰਨਾ।

(ਙ) ਸ੍ਰੀ ਨਨਕਾਣਾ ਸਾਹਿਬ ਅਤੇ ਉਹਨਾਂ ਹੋਰ ਸਮੂਹ ਗੁਰਦੁਆਰਿਆਂ ਤੇ ਗੁਰਧਾਮਾਂ ਜਿਹਨਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਦੇ ਖੁੱਲ੍ਹੇ ਦਰਸ਼ਨ ਦੀਦਾਰ ਅਤੇ ਸੇਵਾ ਸੰਭਾਲ ਦਾ ਪ੍ਰਬੰਧ ਸਮੂਹ ਸਿੱਖਾਂ ਲਈ ਹਾਸਲ ਕਰਨ ਦੇ ਯਤਨ ਕਰਨਾ।

ਰਾਜਸੀ ਨਿਸ਼ਾਨਾ

ਪੰਥਕ ਰਾਜਸੀ ਨਿਸ਼ਾਨਾ ਨਿਸਚੇ ਤੌਰ ਤੇ ਸਾਹਿਬ ਦਸਮ ਪਾਤਿਸ਼ਾਹ ਦੇ ਆਦੇਸ਼ਾਂ, ਸਿੱਖ ਇਤਿਹਾਸ ਦੇ ਪੰਨਿਆਂ ਅਤੇ ਖ਼ਾਲਸਾ ਪੰਥ ਦੇ 'ਮਨ ਮੰਦਰ' ਵਿੱਚ ਉਕਰਿਆ ਚਲਿਆ ਆ ਰਿਹਾ ਹੈ, ਜਿਸ ਦਾ ਮਕਸਦ 'ਖ਼ਾਲਸਾ ਜੀ ਦੇ ਬੋਲ ਬਾਲੇ' ਹੈ।

ਖ਼ਾਲਸਾ ਜੀ ਦੇ ਇਸ ਜਨਮ ਸਿੱਧ ਅਧਿਕਾਰ ਨੂੰ ਦ੍ਰਿਸ਼ਟਾਮਾਨ ਕਰਨ ਲਈ ਲੋੜੀਦੇ ਦੇਸ਼-ਕਾਲ ਤੇ ਰਾਜਸੀ ਵਿਧਾਨ ਦੀ ਸਿਰਜਣਾ ਪ੍ਰਾਪਤੀ, ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਢਾਂਚੇ ਦੀ ਨੀਂਹ ਹੈ।

ਇਸ ਪ੍ਰਯੋਜਨ ਦੀ ਪੂਰਤੀ ਲਈ

੧. ਸ਼੍ਰੋਮਣੀ ਅਕਾਲੀ ਦਲ ਹਰ ਸੰਭਵ ਤਰੀਕੇ ਨਾਲ ਯਤਨ ਤੇ ਜੱਦੋ-ਜਹਿਦ ਕਰੇਗਾ ਕਿ :

(ੳ) ਜਿਹੜੇ ਰਕਬੇ ਤੇ ਇਲਾਕੇ ਪੰਜਾਬ ਨਾਲੋਂ ਤੋੜ ਕੇ ਤੇ ਜਾਣ ਬੁਝ ਕੇ ਪੰਜਾਬੋਂ ਬਾਹਰ ਰੱਖੇ ਗਏ ਹਨ, ਜਿਹਾ ਕਿ ਗੁਰਦਾਸਪੁਰ ਵਿੱਚੋਂ ਡਲਹੌਜ਼ੀ, ਅੰਬਾਲਾ ਦਾ ਚੰਡੀਗੜ੍ਹ, ਪਿੰਜੌਰ, ਕਾਲਕਾ ਅਤੇ ਅੰਬਾਲਾ ਸਦਰ ਆਦਿਕ ਹੁਸ਼ਿਆਰਪੁਰ ਜ਼ਿਲੇ ਦੀ ਸਾਰੀ ਊਨਾ ਤਹਿਸੀਲ

ਨਾਲਾਗੜ੍ਹ ਦਾ 'ਦੇਸ਼' ਨਾਮੀ ਇਲਾਕਾ, ਕਰਨਾਲਾ ਜ਼ਿਲੇ ਦਾ ਸ਼ਾਹਬਾਦ ਬਲਾਕ ਅਕੇ ਗੂਹਲਾ ਬਲਾਕ ਤੇ ਹਿਸਾਰ ਜ਼ਿਲ੍ਹੇ ਦੀ ਟੋਹਾਨਾ ਸਬ-ਤਹਿਸੀਲ, ਰੱਤੀਆਂ ਬਲਾਕ ਤੇ ਸਰਸੇ ਦੀ ਤਹਿਸੀਲ, ਰਾਜਿਸਥਾਨ ਤੇ ਗੰਗਾ ਨਗਰ ਦੇ ਜ਼ਿਲ੍ਹੇ ਦੀਆਂ ਛੇ ਤਹਿਸੀਲਾਂ ਅਤੇ ਇਹਨਾਂ ਦੇ ਨਾਲ ਲਗਦੇ ਪੰਜਾਬੀ ਬੋਲਦੇ ਤੇ ਸਿੱਖ ਵਸੋਂ ਦੇ ਹੋਰ ਸਾਰੇ ਇਲਾਕੇ, ਤੁਰੰਤ ਪੰਜਾਬ ਵਿੱਚ ਆ ਜਾਣ ਅਤੇ ਇੱਕੋ ਇੰਤਜ਼ਾਮੀਆਂ ਇਕਾਈ ਬਣ ਜਾਣ, ਜਿਸ ਵਿੱਚ ਸਿੱਖੀ ਤੇ ਸਿੱਖਾਂ ਦੇ ਹਿੱਤ ਵਿਸ਼ੇਸ਼ ਸੁਰੱਖਿਅਤ ਰਹਿਣ।

(ਅ) ਇਸ ਨਵੇਂ ਪੰਜਾਬ ਤੇ ਦੇਸ਼ ਦੇ ਹੋਰ ਸੂਬਿਆਂ ਵਿੱਚ ਕੇਂਦਰ ਦਾ ਦਖਲ ਕੇਵਲ ਦੇਸ਼ ਦੇ ਡੀਫੈਂਸ, ਪ੍ਰਦੇਸ਼ੀ ਮਾਮਲਿਆਂ, ਤਾਰ, ਡਾਕ ਤੇ ਰੇਲਵੇ ਅਤੇ ਕਰੰਸੀ ਦੇ ਮਹਿਕਮਿਆਂ ਤੀਕ ਸੀਮਤ ਹੋਵੇ ਅਤੇ ਬਾਕੀ ਸਾਰੇ ਮਹਿਕਮੇ ਪੰਜਾਬ ਅਤੇ ਹੋਰ ਸੂਬਿਆਂ ਦੇ ਆਪਣੇ ਅਧਿਕਾਰ ਵਿੱਚ ਹੋਣ, ਇਹਨਾਂ ਦੇ ਪ੍ਰਬੰਧ ਲਈ ਪੰਜਾਬ ਤੇ ਹੋਰ ਸੂਬਿਆਂ ਨੂੰ ਆਪਣਾ ਆਈਨ ਆਪ ਬਣਾਉਣ ਦਾ ਪੂਰਨ ਅਧਿਕਾਰ ਹੋਵੇ। ਇਹਨਾਂ ਕੇਂਦਰੀ ਮਹਿਕਮਿਆਂ ਲਈ ਲੋੜੀਂਦੇ ਫਾਈਨੈਂਸ ਵੀ ਪੰਜਾਬ ਆਪਣਾ ਕੋਟਾ, ਪਾਰਲੀਮੈਂਟ ਵਿੱਚ ਆਪਣੇ ਨੁਮਾਇੰਦਆਂ ਦੀ ਗਿਣਤੀ ਦੇ ਤਨਾਸਬ ਅਨੁਸਾਰ ਖੁਦ ਆਪ ਹੀ ਅਦਾ ਕਰੇ।

(ਏ) ਪੰਜਾਬੋਂ ਬਾਹਰ ਵੱਸਣ ਵਾਲੀ ਸਿੱਖ ਵਸੋਂ ਅਤੇ ਹੋਰ ਧਾਰਮਿਕ ਘੱਟ ਗਿਣਤੀਆਂ ਦੇ ਮੁਅੱਸਰ ਤਹੱਫਜ਼ਾਤ (ਸੁਰੱਖਿਆ) ਦਾ ਪ੍ਰਬੰਧ ਕੀਤਾ ਜਾਵੇ ਤਾਂਕਿ ਉਹ ਕਿਸੇ ਵਿਤਕਰੇ ਦਾ ਸ਼ਿਕਾਰ ਨਾ ਹੋ ਸਕਣ।

੨. ਸ਼੍ਰੋਮਣੀ ਅਕਾਲੀ ਦਲ ਇਹ ਵੀ ਯਤਨ ਕਰੇਗਾ ਕਿ ਹਿੰਦੁਸਤਾਨ ਦਾ ਵਿਧਾਨ ਸਹੀ ਅਰਥਾਂ ਵਿੱਚ ਫੈਡਰਲ ਬਣਾਇਆ ਜਾਵੇ ਤੇ ਇਸ ਦੀਆਂ ਸਾਰੀਆਂ ਰਿਆਸਤਾਂ ਦਾ ਕੇਂਦਰ ਵਿੱਚ ਬਰਾਬਰ ਦਾ ਅਧਿਕਾਰ ਤੇ ਨੁਮਾਇੰਦਗੀ ਹੋਵੇ।

੩. ਸ਼੍ਰੋਮਣੀ ਅਕਾਲੀ ਦਲ ਕਾਂਗਰਸੀ ਸਰਕਾਰ ਦੀ ਉਲੀਕੀ ਹੋਈ ਭਾਰਤ ਦੀ ਮੌਜੂਦਾ ਵਿਦੇਸ਼ੀ ਪਾਲਿਸੀ ਨੂੰ ਸਖ਼ਤ ਨਖਿੱਦ, ਨਿਕੰਮੀ ਅਤੇ ਦੇਸ਼, ਕੌਮ ਤੇ ਇਨਸਾਨੀਅਤ ਲਈ ਹਾਨੀਕਾਰਕ ਸਮਝਦਾ ਹੈ। ਸ਼੍ਰੋਮਣੀ ਅਕਾਲੀ ਦਲ ਭਾਰਤ ਦੀ ਅਜਿਹੀ ਵਿਦੇਸ਼ੀ ਨੀਤੀ ਦੀ ਹਮਾਇਤ ਕਰੇਗਾ ਜੋ ਅਮਨ-ਪਸੰਦੀ ਉੱਤੇ ਆਧਾਰਿਤ ਅਤੇ ਕੌਮੀ ਮੁਫ਼ਾਦ ਦੇ ਅਨੁਕੂਲ ਹੋਵੇ ਅਤੇ ਖਾਸ ਕਰਕੇ ਭਾਰਤ ਦੇ ਸਾਰੇ ਗਵਾਂਢੀ ਦੇਸ਼ਾਂ ਨਾਲ ਤੇ ਸਿੱਖ ਵੱਸੋਂ ਵਾਲੇ ਤੇ ਸਿੱਖ ਗੁਰਧਾਮਾਂ ਵਾਲੇ ਦੇਸ਼ਾਂ ਨਾਲ ਪ੍ਰੇਮ ਤੇ ਸਦ-ਭਾਵਨਾ ਵਾਲੀ ਹੋਵੇ। ਸ਼੍ਰੋਮਣੀ ਅਕਾਲੀ ਦਲ ਦੀ ਇਹ ਨੀਤੀ ਹੈ ਕਿ ਸਾਡੀ ਵਿਦੇਸ਼ ਨੀਤੀ ਕਿਸੇ ਹੋਰ ਦੇਸ਼ ਦੀ ਨੀਤੀ ਨਾਲ ਗੱਲ ਜੋਟੀ ਹੋਈ ਨਾ ਹੋਵੇ।

੪. ਕੇਂਦਰੀ ਤੇ ਸੂਬਕ ਸਰਕਾਰਾਂ ਦੇ ਸਾਰੇ ਸਿੱਖ ਤੇ ਹੋਰ ਮੁਲਾਜ਼ਮਾਂ ਨੂੰ ਹਰ ਇਨਸਾਫ਼ ਦਿਵਾਉਣਾ ਅਤੇ ਉਹਨਾਂ ਵਿੱਚੋਂ ਕਿਸੇ ਨਾਲ ਵੀ ਧੱਕਾ ਜਾਂ ਬੇਇਨਸਾਫ਼ੀ ਹੋਵੇ ਤਾਂ ਉਸ ਵਿਰੁੱਧ ਪੁਰ-ਅਸਰ ਅਵਾਜ਼ ਉਠਾਉਣਾ ਅਤੇ ਜਦੋ-ਜਹਿਦ ਕਰਨਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰੋਗਰਾਮ ਦਾ ਇੱਕ ਖਾਸ ਅੰਗ ਹੈ। ਸ਼੍ਰੋਮਣੀ ਅਕਾਲੀ ਦਲ ਖਾਸ ਕਰਕੇ ਮਹਿਕਮਾ ਡੀਫੈਂਸ ਦੀ ਹਰ ਬਾਹੀ ਵਿੱਚ ਸਿੰਘਾਂ ਦੀਆਂ ਰਿਵਾਇਤੀ ਪੋਜ਼ੀਸ਼ਨਾਂ ਕਾਇਮ ਰੱਖਣ ਲਈ ਯਤਨ ਕਰੇਗਾ ਅਤੇ ਯਤਨ ਕਰੇਗਾ ਕਿ ਫੌਜੀ ਸਿੰਘਾਂ ਦੀਆਂ ਲੋੜਾਂ ਪੰਥ ਦੇ ਵੱਧ ਤੋਂ ਵੱਧ ਧਿਆਨ ਵਿੱਚ ਰਹਿਣ। ਸ਼੍ਰੋਮਣੀ ਅਕਾਲੀ ਦਲ ਇਹ ਵੀ ਯਤਨ ਕਰੇਗਾ ਕਿ 'ਕ੍ਰਿਪਾਨ' ਸਿੱਖ ਫ਼ੌਜੀਆਂ ਦੀ ਵਰਦੀ ਦਾ ਇੱਕ ਹਿੱਸਾ ਬਣ ਜਾਵੇ।

੫. ਮਹਿਕਮਾ ਡੀਫੈਂਸ ਦੇ ਸਾਬਕਾ ਕਰਮਚਾਰੀਆਂ ਨੂੰ ਸਿਵਲ ਜ਼ਿੰਦਗੀ ਵਿੱਚ ਮੁੜ ਸ਼ਾਮਲ ਹੋਣ ਲਈ ਬੇਹਤਰ ਹਲਾਤ ਪੈਦਾ ਕਰਨੇ ਤੇ ਮਾਕੂਲ ਰਿਆਇਤਾਂ ਅਤੇ ਮੁਨਾਸਬ ਤੁਹੱਫ਼ਜ਼ਾਤ ਦਿਵਾਉਣਾ ਅਤੇ ਉਹਨਾਂ ਦੇ ਹੱਕਾਂ, ਸੈ-ਸਤਿਕਾਰ ਅਤੇ ਸੈ-ਅਭਿਮਾਨ ਦੀ ਰਾਖੀ ਲਈ, ਉਹਨਾਂ ਨੂੰ ਜਥੇਬੰਦ ਕਰਨਾ ਅਤੇ ਉਹਨਾਂ ਦੀ ਆਪਣੀ ਅਵਾਜ਼ ਨੂੰ ਪੁਰ-ਅਸਰ ਬਣਾਉਣ ਲਈ ਯਤਨ ਕਰਨਾ, ਸ਼੍ਰੋਮਣੀ ਅਕਾਲੀ ਦਲ ਆਪਣਾ ਪਰਮ ਕਰਤੱਵ ਸਮਝਦਾ ਹੈ।

੬. ਸ਼੍ਰੋਮਣੀ ਅਕਾਲੀ ਦਲ ਦਾ ਵਿਚਾਰ ਹੈ ਕਿ ਹਰ ਇਸਤਰੀ ਪੁਰਸ਼ ਲਈ, ਜਿਸ ਨੂੰ ਕਿਸੇ ਇਖ਼ਲਾਕੀ ਜ਼ੁਰਮ ਵਿੱਚ ਅਦਾਲਤ ਵੱਲੋਂ ਕੋਈ ਸਜ਼ਾ ਨਾ ਦਿੱਤੀ ਗਈ ਹੋਵੇ, ਛੋਟੇ ਸ਼ਸ਼ਤਰ ਰਿਵਾਲਵਰ, ਬੰਦੂਕ ਤਥਾ ਪਿਸਤੌਲ, ਰਾਈਫਲ ਤੇ ਕਾਰਬਾਈਨ ਤੇ (ਸਮਾਲ ਆਰਮਜ਼) ਆਦਿ ਰੱਖਣ ਦੀ ਪੂਰੀ ਖੁੱਲ ਹੋਵੇ ਤੇ ਕੋਈ ਲਾਇਸੈਂਸ ਲੈਣ ਦੀ ਲੋੜ ਨਾ ਹੋਵੇ, ਕੇਵਲ ਰਜਿਸਟਰੇਸ਼ਨ ਕਾਫੀ ਸਮਝੀ ਜਾਵੇ।

੭. ਸ਼੍ਰੋਮਣੀ ਅਕਾਲੀ ਦਲ ਸ਼ਰਾਬ ਤੇ ਹੋਰ ਨਸ਼ਿਆਂ ਦੀ ਮਨਾਹੀਂ ਚਾਹੁੰਦਾ ਹੈ ਅਤੇ ਪਬਲਿਕ ਥਾਵਾਂ 'ਤੇ ਨਸ਼ਿਆਂ ਦੀ ਵਰਤੋਂ ਤੇ ਤੰਬਾਕੂ ਪੀਣ ਦੀ ਮਨਾਹੀ ਦਾ ਮੁਦੱਈ ਹੈ ਅਤੇ ਇਸ 'ਤੇ ਪਾਬੰਦੀ ਲਈ ਯਤਨ ਕਰੇਗਾ।

ਸ਼੍ਰੋਮਣੀ ਅਕਾਲੀ ਦਲ ਦੀ 'ਆਰਥਿਕ' ਪਾਲਿਸੀ ਅਤੇ ਪ੍ਰੋਗਰਾਮ

ਜੋ ਵਰਕਿੰਗ ਕਮੇਟੀ ਨੇ ੧੭ ਅਕਤੂਬਰ ੧੯੭੩ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਈ ਆਪਣੀ ਮੀਟਿੰਗ ਵਿੱਚ ਪਾਸ ਕੀਤਾ :

ਭਾਵੇਂ ਭਾਰਤੀ ਆਰਥਿਕਤਾ ਮੁੱਖ ਤੌਰ ਤੇ ਖੇਤੀਬਾੜੀ ਉੱਤੇ ਆਧਾਰਿਤ ਹੈ ਅਤੇ ਕੋਈ ਵੀ ਰਾਜਨੀਤਿਕ ਸ਼ਕਤੀ ਜੋ ਨਿਆਂ ਦੇ ਅਧਾਰ 'ਤੇ ਸਮਾਜ ਬਨਾਣ ਦਾ ਦਾਅਵਾ ਕਰਦੀ ਹੈ, ਇਸ ਨੂੰ ਅੱਖੋਂ ਉਹਲੇ ਨਹੀਂ ਕਰ ਸਕਦੀ, ਪਰ ਸਾਰੀ ਸਮੱਸਿਆ ਦੀ ਘੁੰਡੀ ਇਹ ਹੈ ਕਿ ਇਸ ਆਰਥਿਕ ਪ੍ਰਬੰਧ ਦਾ ਮੁੱਖ ਲੀਵਰ ਵੱਡੇ ਵੱਡੇ ਵਪਾਰੀਆਂ, ਸ਼ਾਹੂਕਾਰਾਂ ਅਤੇ ਅਜਾਰੇਦਾਰਾਂ ਦੀ ਸ਼੍ਰੇਣੀ ਦੇ ਹੱਥ ਵਿੱਚ ਹੈ। ਸਹੀ ਲਫ਼ਜ਼ਾਂ ਵਿੱਚ ਇਹੀ ਸ਼੍ਰੇਣੀ ਆਜ਼ਾਦੀ ਦੇ ਇਹਨਾਂ ੨੬ ਵਰ੍ਹਿਆਂ ਵਿੱਚ ਅਮੀਰ ਹੋਈ ਹੈ, ਭਾਵੇਂ ਆਰਿਥਕ ਉੱਨਤੀ ਦੇ ਲਾਭਾਂ ਨੂੰ ਬਾਕੀ ਸ਼੍ਰੇਣੀ ਨੇ ਵੀ ਮਾਣਿਆ ਹੈ। ਅਸਲ ਵਿੱਚ ਇਹੀ ਸ਼੍ਰੇਣੀ ਰਾਜਨੀਤਿਕ ਤਾਕਤ ਦੀ ਮਾਲਕ ਹੈ ਅਤੇ ਇਹੀ ਇਸ ਨੂੰ ਵਰਤਦੀ ਵੀ ਹੈ। ਇਸ ਲਈ ਸ਼ਾਂਤਮਈ ਤਰੀਕਿਆਂ ਰਾਹੀਂ ਇੱਕ ਨਵੇਂ ਸਮਾਜ ਨੂੰ ਬਣਾਉਣ ਦਾ ਹਰ ਯਤਨ ਆਬਾਦੀ ਦੇ ਇਸ ਜੁੱਟ ਦੇ ਆਰਥਿਕ-ਪ੍ਰਬੰਧ ਅਤੇ ਰਾਜਨੀਤਿਕ ਕਿਲਿਆਂ ਨੂੰ ਤੋੜਨ ਲਈ ਹੋਣਾ ਚਾਹੀਦਾ ਹੈ।

ਅਕਾਲੀ ਦਲ ਚਾਹੁੰਦਾ ਹੈ ਕਿ ਪੇਂਡੂ ਅਤੇ ਸ਼ਹਿਰੀ ਦੋਵਾਂ ਖੇਤਰਾਂ ਵਿੱਚ ਅਮੀਰ ਅਤੇ ਗ਼ਰੀਬ ਵਿੱਚ ਅੰਤਰ ਖ਼ਤਮ ਕੀਤਾ ਜਾਵੇ, ਪਰ ਇਸ ਦੀ ਇੱਛਾ ਹੈ ਕਿ ਧਨ ਦੇ ਸੰਗ੍ਰਹਿ ਤੇ ਪਹਿਲਾਂ ਹੱਲਾ ਉਹਨਾਂ ਲੋਕਾਂ ਉੱਪਰ ਕੀਤਾ ਜਾਵੇ, ਜੋ ਅਸਲ ਵਿੱਚ ਆਰਥਿਕ ਪ੍ਰਬੰਧ ਨੂੰ ਕੰਟਰੋਲ ਕਰਦੇ ਹਨ। ਪੇਂਡੂ ਇਲਾਕਿਆਂ ਵਿੱਚ ਵੀ ਅਕਾਲੀ ਦਲ ਅਬਾਦੀ ਦੇ ਇਹਨਾਂ ਕਮਜ਼ੋਰ ਵਰਗਾਂ ਅਨਸੂਚਿਤ ਜ਼ਾਤੀਆਂ, ਪੱਛੜੇ ਹੋਏ ਵਰਗਾਂ, ਬੇ-ਜ਼ਮੀਨ ਮੁਜ਼ਾਰਿਆਂ, ਮਜ਼ਦੂਰਾਂ, ਗਰੀਬ ਕਿਸਾਨਾਂ ਅਤੇ ਮੱਧ-ਸ਼੍ਰੇਣੀ ਦੇ ਕਿਸਾਨਾਂ ਦੀ ਹਮਾਇਤ ਕਰਦਾ ਹੈ। ਇਸ ਲਈ ਇਹ ਇੱਕ ਅਜਿਹੇ ਤਰੀਕੇ ਨਾਲ ਭੂੰਮੀ-ਸੁਧਾਰਾਂ ਦੀ ਹਮਾਇਤ ਕਰਦਾ ਹੈ, ਜਿਹਨਾਂ ਅਨੁਸਾਰ ੩੦ ਸਟੈਂਡਰਡ ਏਕੜ ਤੋਂ ਜ਼ਿਆਦਾ ਸਾਰੀ ਭੋਂ ਜ਼ਿਮੀਂਦਾਰਾਂ ਕੋਲੋਂ ਲੈ ਕੇ ਪੇਂਡੂ ਗਰੀਬਾਂ ਵਿੱਚ ਵੰਡ ਦਿੱਤੀ ਜਾਵੇ।

The Motto of Shiromani Akali Dal is to provide employment for all, requisite food and clothing for all, a house to live in, suitable transport and to create means to fulfil all those necessities of a civilized life without which life appears incomplete.

ਇਸ ਲਈ ਅਕਾਲੀ ਦਲ ਦੀ ਆਰਥਿਕ ਪਾਲਿਸੀ ਮੁੱਖ ਤੌਰ ਤੇ ਇਹਨਾਂ ਨਿਸ਼ਾਨਿਆਂ ਨੂੰ ਪ੍ਰਾਪਤ ਕਰਨਾ ਹੋਵੇਗੀ।

ਖੇਤੀ-ਬਾੜੀ ਖੇਤਰ

ਸਾਡੇ ਦੇਸ਼ ਵਿੱਚ ਖੇਤੀਬਾੜੀ ਦੇ ਖੇਤਰ ਵਿੱਚ ਇੱਕ ਪਾਸੇ ਤਾਂ ਬਹੁਤ ਸਾਰੇ ਭੌਂ-ਸੁਧਾਰ ਹੋਂਦ ਵਿੱਚ ਆਏ ਹਨ ਅਤੇ ਦੂਜੇ ਪਾਸੇ ਹਰੀ-ਕ੍ਰਾਂਤੀ ਦਾ ਇੱਕ ਨਵਾਂ ਦੌਰ। ਇੱਕ ਹੱਥ ਅਕਾਲੀ ਦਲ ਹਰੀ-ਕ੍ਰਾਂਤੀ ਵਿੱਚ ਵਾਧੇ ਦੀ ਪ੍ਰਤਿਗਿਆ ਕਰਦਾ ਹੈ ਅਤੇ ਦੂਸਰੇ ਹੱਥ ਵਿੱਚ ਪ੍ਰਣ ਕਰਦਾ ਹੈ ਕਿ ਖੇਤੀਬਾੜੀ ਦੀ ਉਪਜ ਵਿੱਚ ਵਾਧਾ ਹੋਵੇ। ਪੇਂਡੂ ਅਬਾਦੀ ਦੇ ਸਾਰੇ ਵਰਗਾਂ, ਖਾਸ ਤੌਰ ਤੇ ਮੱਧ-ਸ਼੍ਰੇਣੀ ਦੇ ਕਿਸਾਨਾਂ ਅਤੇ ਗਰੀਬਾਂ ਤੇ ਭੌਂ ਰਹਿਤ ਮੁਜ਼ਾਰਿਆਂ ਦੀ ਰਹਿਣੀ ਦੇ ਮਿਆਰ ਵਿੱਚ ਸੁਧਾਰ ਯਕੀਨੀ ਲਿਆਵੇ। ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਅਕਾਲੀ ਦਲ ਨਿਮਨ ਲਿਖਤ ਤਜਵੀਜ਼ਾਂ ਨੂੰ ਅਪਨਾਉਣ ਦਾ ਸੰਕਲਪ ਰੱਖਦਾ ਹੈ :

(ੳ) ਗਰੀਬ ਅਤੇ ਅਮੀਰ ਵਿਚਲੇ ਫ਼ਰਕ ਨੂੰ ਖ਼ਤਮ ਕਰਨ ਲਈ ਅਤੇ ਖੇਤੀਬਾੜੀ ਦੀ ਉਪਜ ਵਧਾਉਣ ਲਈ ਭੌਂ-ਸੁਧਾਰਾਂ ਨੂੰ ਸ਼ੁਰੂ ਕਰਨਾ। ਭੌਂ-ਹੱਦਬੰਦੀ ਬਾਰੇ ਅਜੋਕੀ ਵਿਧਾਨਕਾਰੀ (ਸ਼ਗੀਰਦਸਤਖਰਥਠ) 'ਤੇ ਪੁਨਰ ਵਿਚਾਰ ਕੀਤਾ ਜਾਵੇਗਾ ਅਤੇ ਹੱਦਬੰਦੀ ਨੂੰ ੩੦ ਸਟੈਂਡਰਡ ਏਕੜ ਫੀ ਪਰਿਵਾਰ ਦੇ ਲਿਹਾਜ਼ ਨਾਲ ਪੱਕਾ ਨੀਯਤ ਕੀਤਾ ਜਾਵੇਗਾ। ਉੱਪਰ ਬਾਕੀ ਸਾਰੀਆਂ ਸਾਲਸੀਆਂ ਨੂੰ ਖ਼ਤਮ ਕਰਨ ਦਿੱਤਾ ਜਾਵੇਗਾ ਅਤੇ ਅਸਲ ਵਾਹਿਕਾਂ (ਢਰਸਸਗਵਦ) ਨੂੰ ਭੌਂ-ਦਾਰੀ ਦੀ ਪਰਪੱਕਤਾ ਦਿੱਤੀ ਜਾਵੇਗੀ। ਭੌਂ-ਰਹਿਤ ਮੁਜ਼ਾਰਿਆਂ ਅਤੇ ਗ਼ਰੀਬ ਕਿਸਾਨਾਂ ਨੂੰ ਵਾਧੂ ਭੌਂ ਤੇ ਵਸਾਇਆ ਜਾਵੇਗਾ ਅਤੇ ਵਿਹਲੀ, ਸਰਕਾਰੀ ਤੇ ਵਾਹੀ ਯੋਗ ਭੌਂ ਨੂੰ ਭੌਂ-ਰਹਿਤ ਲੋਕਾਂ ਵਿੱਚ ਖਾਸ ਤੌਰ ਤੇ ਅਣਸੂਚਿਤ ਜਾਤੀਆਂ ਅਤੇ ਅਣਸੂਚਿਤ ਕਬੀਲਿਆਂ ਦੇ ਲੋਕਾਂ ਵਿੱਚ ਵੰਡ ਦਿੱਤੀ ਜਾਵੇਗੀ। ਇਹਨਾਂ ਜ਼ਮੀਨਾਂ ਨੂੰ ਵੰਡਣ ਦੀ ਯੋਜਨਾ, ਇਸ ਤਰੀਕੇ ਨਾਲ ਬਣਾਈ ਜਾਵੇਗੀ ਕਿ ਹਰੀਜਨ ਅਤੇ ਭੌਂ-ਰਹਿਤ ਲੋਕਾਂ ਨੂੰ ਇਸ ਤੋਂ ਲਾਭ ਪਹੁੰਚੇ। ਇਸ ਦੇ ਨਾਲ-ਨਾਲ, ਅਕਾਲੀ ਦਲ ਇਹ ਵੀ ਵਿਚਾਰੇਗਾ ਕਿ ਮੁਜ਼ਾਰਿਆ ਨੂੰ ਕਿਵੇਂ ਕਰਜ਼ਾ ਲੈਣ ਲਈ, ਉਹਨਾਂ ਨੂੰ ਭੌਂ ਗਹਿਣੇ ਰੱਖਣ ਦਾ ਹੱਕ ਦਿੱਤਾ ਜਾਵੇ। ਸਰਕਾਰ ਰਾਹੀਂ ਅਣਸੂਚਿਤ ਜਾਤੀਆਂ, ਅਣਸੂਚਿਤ ਕਬੀਲਿਆਂ ਅਤੇ ਪਛੜੀਆਂ ਜ਼ਾਤੀਆਂ ਨੂੰ ਮਿਲੀ ਭੌਂ ਦੀ ਵੇਚ (ਬੈ) ਉੱਪਰ ਪਾਬੰਦੀਆਂ ਨੂੰ ਕਿਵੇਂ ਲਾਇਆ ਜਾ ਸਕਦਾ ਹੈ।

(ਅ) ਅਕਾਲੀ ਦਲ ਖੇਤੀਬਾੜੀ ਦੇ ਆਧੁਨਿਕ-ਕਰਣ ਦੀ ਭਰਪੂਰ ਕੋਸ਼ਿਸ਼ ਕਰੇਗਾ ਅਤੇ ਇਹ ਵੀ ਵਿਚਾਰੇਗਾ ਕਿ ਮੱਧ-ਸ਼੍ਰੇਣੀ, ਛੋਟੇ ਅਤੇ ਗਰੀਬ ਕਿਸਾਨ ਵੀ ਏਜੰਸੀਆਂ ਰਾਹੀਂ ਮਿਲ ਰਹੇ ਕਰਜ਼ਿਆਂ ਅਤੇ ਸਾਧਨਾਂ (ਰਠਜਖਦ) ਦਾ ਕਿਵੇਂ ਲਾਭ ਉਠਾ ਸਕਦੇ ਹਨ।

(ਏ) ਅਕਾਲੀ ਦਲ ਭਰਪੂਰ ਕੋਸ਼ਿਸ਼ ਕਰੇਗਾ ਕਿ ਖੇਤੀਬਾੜੀ ਦੀ ਉਪਜ ਦੀਆਂ ਕੀਮਤਾਂ, ਮਧ-ਦਰਜੇ ਦੇ ਕਿਸਾਨਾਂ ਦੀ ਪੈਦਾਵਾਰ ਤੇ ਖਰਚੇ ਦੀ

ਬੁਨਿਆਦ 'ਤੇ ਨੀਯਤ ਹੋ ਜਾਣ। ਕੀਮਤਾਂ ਨੂੰ ਬਿਜਾਈ ਤੋਂ ਕਾਫ਼ੀ ਪਹਿਲਾਂ ਹੀ ਸੂਚਿਤ ਕਰ ਦਿੱਤਾ ਜਾਣਾ ਚਾਹੀਦਾ ਹੈ। ਕੀਮਤਾਂ ਨੀਯਤ ਕਰਨ ਦਾ ਅਧਿਕਾਰ ਲਾਜ਼ਮੀ ਤੌਰ 'ਤੇ ਰਾਜ ਸਰਕਾਰ ਕੋਲ ਹੋਣ ਚਾਹੀਦਾ ਹੈ।

(ਸ) ਅਕਾਲੀ ਦਲ ਅੰਨ ਵਪਾਰ ਦੇ ਸੰਪੂਰਨ ਕੌਮੀਕਰਨ ਦੀ ਹਮਾਇਤ ਕਰਦਾ ਹੈ ਅਤੇ ਰਾਜ ਸਰਕਾਰ ਤੇ ਸਰਕਾਰੀ ਏਜੰਸੀਆਂ ਰਾਹੀਂ ਅੰਨ ਅਤੇ ਦੂਜੀਆਂ ਹੋਰ ਫਸਲਾਂ ਦੇ ਥੋਕ ਦੇ ਵਪਾਰ ਦਾ ਪੂਰਨ ਤੌਰ 'ਤੇ ਸਰਕਾਰੀ-ਕਰਨ, ਕਰਨ ਲਈ ਹਰ ਕਦਮ ਉਠਾਏਗਾ।

(ਹ) ਅਕਾਲੀ ਦਲ ਹਰੇਕ ਤਰ੍ਹਾਂ ਦੇ ਫੂਡ ਜ਼ੋਨਾਂ ਦੇ ਅਤੇ ਦੇਸ਼ ਵਿੱਚ ਅੰਨ ਦੀ ਆਵਾਜਾਈ 'ਤੇ ਲਾਈਆਂ ਪਾਬੰਦੀਆਂ ਦੇ ਵਿਰੁੱਧ ਹੈ। ਸਮੁੱਚੇ ਦੇਸ਼ ਨੂੰ ਇੱਕ ਫੂਡ ਜ਼ੋਨ ਮੰਨਿਆ ਜਾਵੇ।

ਥੀਨ ਡੈਮ, ਬਠਿੰਡਾ ਥਰਮਲ ਪਲਾਂਟ ਨੂੰ ਸਿਰੇ ਚਾੜ੍ਹਨ ਲਈ ਖਾਸ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ, ਤਾਂ ਕਿ ਰਾਜ ਵਿੱਚ ਸੰਚਾਈ ਦੀਆਂ ਸੁਵਿਧਾਵਾਂ ਅਤੇ ਬਿਜਲੀ ਦਾ ਬਹੁਤਾਤ ਹੋ ਜਾਵੇ ਅਤੇ ਸਿੱਟੇ ਵਜੋਂ ਇਹ ਹੋਰ ਸਸਤੀਆਂ ਹੋਣ। ਰਾਜ ਵਿੱਚ ਐਟਮੀ ਬਿਜਲੀ ਦਾ ਪਲਾਂਟ ਲਾਉਣ ਲਈ ਇੱਕ ਨਿਰਣੈ-ਮਈ ਕੋਸ਼ਿਸ਼ ਕੀਤੀ ਜਾਵੇਗੀ।

(ਕ) ਪੇਂਡੂ ਇਲਾਕਿਆਂ ਵਿੱਚ ਸਹਿਕਾਰੀ ਸੇਵਾਵਾਂ ਕਾਇਮ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਜਿੱਥੇ ਨਹਿਰੀ ਸੰਚਾਈ ਦੀ ਘਾਟ ਹੈ, ਉਹਨਾਂ ਇਲਾਕਿਆਂ ਵਿੱਚ ਛੋਟੇ-ਸੰਚਾਈ ਪ੍ਰਾਜੈਕਟਾਂ ਲਈ ਖਾਸ ਧਿਆਨ ਦੇਣਾ ਚਾਹੀਦਾ ਹੈ।

ਉਦਯੋਗ

ਅਕਾਲੀ ਦਲ ਮੰਗ ਕਰਦਾ ਹੈ ਕਿ ਸਾਡੇ ਬੁਨਿਆਦੀ ਉਦਯੋਗ, ਪਬਲਿਕ ਸੈਕਟ (ਜਨਤਾ ਦੇ ਮੈਦਾਨ) ਵਿੱਚ ਲਿਆਂਦੇ ਜਾਣ। ਅਕਾਲੀ ਦਲ ਚਾਹੁੰਦਾ ਹੈ ਕਿ ਉਹ ਸਾਰੇ ਖਪਤਕਾਰੀ ਉਦਯੋਗ ਜੋ ਜ਼ਰੂਰੀ ਵਸਤੂਆਂ ਨਾਲ ਸੰਬੰਧਤ ਹਨ, ਕੌਮੀ ਕਰ ਲਏ ਜਾਣ ਤਾਂ ਕਿ ਕੀਮਤਾਂ ਨੂੰ ਕਾਬੂ ਹੇਠ ਰੱਖਿਆ ਜਾ ਸਕੇ ਅਤੇ ਗਰੀਬ ਖਪਤਕਾਰ ਦੀ ਉਦਯੋਗਕਾਰੀਆਂ ਅਤੇ ਦਲਾਲਾਂ ਰਾਹੀਂ ਲੁੱਟ-ਖਸੁੱਟ ਨੂੰ ਖ਼ਤਮ ਕੀਤਾ ਜਾ ਸਕੇ।

ਪਬਲਿਕ ਸੈਕਟਰ ਦੇ ਉਦਯੋਗਾਂ ਨੂੰ ਇਸ ਤਰੀਕੇ ਨਾਲ ਸਥਾਪਤ ਕੀਤਾ ਜਾਵੇ ਕਿ ਉਹ ਪ੍ਰਾਦੇਸ਼ਿਕ ਅਸੰਤੁਲਨ ਖ਼ਤਮ ਹੋ ਸਕੇ, ਜਿਹੜਾ ਕੇਂਦਰੀ ਸਰਕਾਰ ਦੀਆਂ ਭੇਦ-ਭਾਵ ਵਾਲੀਆਂ ਨੀਤੀਆਂ ਸਦਕਾ ਹੋਂਦ ਵਿੱਚ ਆ ਚੁੱਕਾ ਹੈ।

ਪੇਂਡੂ ਇਲਾਕਿਆਂ ਵਿੱਚ ਖੇਤੀਬਾੜੀ 'ਤੇ ਨਿਰਭਰ ਉਦਯੋਗਾਂ ਨੂੰ ਸਥਾਪਤ

ਕਰਨ ਦੀ ਇੱਕ ਯੋਜਨਾ-ਬੱਧ ਕੋਸ਼ਿਸ਼ ਕਰਨੀ ਚਾਹੀਦੀ ਹੈ, ਤਾਂ ਕਿ ਸ਼ਹਿਰਾਂ ਵਿੱਚ ਅਬਾਦੀ ਦਾ ਜ਼ੋਰ ਘੱਟ ਜਾਵੇ। ਉਦਯੋਗਾਂ ਦੇ ਪ੍ਰਬੰਧ ਨੂੰ ਇਸ ਤਰ੍ਹਾਂ ਲੋਕਤੰਤ੍ਰੀ ਕੀਤਾ ਜਾਵੇ ਕਿ ਪ੍ਰਬੰਧਕਾਂ ਵਿੱਚ ਕਾਮੇ ਹੋਣ ਅਤੇ ਇੱਕ ਅਜਿਹੀ ਸਕੀਮ ਬਣਾਈ ਜਾਵੇ, ਜਿਸ ਨਾਲ ਕਾਮਿਆਂ ਅਤੇ ਉਦਯੋਗਪਤੀਆਂ (ਕਾਰਖਾਨੇਦਾਰਾਂ) ਵਿੱਚ ਲਾਭ ਵੰਡਿਆ ਜਾ ਸਕੇ। ਕਰਜ਼ਾ ਦੇਣ ਵਾਲੀਆਂ ਸੰਸਥਾਵਾਂ ਅਤੇ ਖ਼ਾਸ ਕਰਕੇ ਕੌਮੀ-ਕਰਣ ਬੈਂਕਾਂ ਦੀ ਇੱਕ ਨਿਸਚਿਤ ਪ੍ਰਤੀਸ਼ਤ ਰਕਮ, ਪੇਂਡੂ ਉਦਯੋਗਾਂ ਵਿੱਚ ਲਾਣ ਲਈ ਨੀਯਤ ਕੀਤੀ ਜਾਵੇ। ਇੱਕ ਕਰੋੜ ਤੋਂ ਵੱਧ ਲਾਗਤ ਵਾਲੇ ਸਾਰੇ ਉਦਯੋਗਿਕ ਪ੍ਰਾਜੈਕਟ, ਪਬਲਿਕ ਸੈਕਟਰ ਵਿੱਚ ਲਿਆਣੇ ਚਾਹੀਦੇ ਹਨ। ਅਕਾਲੀ ਦਲ ਪਰਿਵਾਹਿਨ (ਢਵਤਠਦੁਥਵਖ) ਦੇ ਅਗਾਂਹ-ਵਧੂ ਕੌਮੀਕਰਨ ਦੀ ਪ੍ਰਤਿੱਗਿਆ ਕਰ ਚੁੱਕਾ ਹੈ।

ਪਬਲਿਕ ਸੈਕਟਰ ਦੇ ਪ੍ਰਾਜੈਕਟਾਂ ਨੂੰ ਵਧੇਰੇ ਖੁਦ-ਮੁਖਤਾਰੀ ਦੇਣੀ ਚਾਹੀਦੀ ਹੈ। ਉਹਨਾਂ ਦੇ ਚਾਲਕ ਯੋਗ ਨੌਜੁਆਨ ਹੋਣੇ ਚਾਹੀਦੇ ਹਨ ਜੋ ਪ੍ਰਾਜੈਕਟਾਂ ਵਿੱਚ ਲਗਨ ਦੇ ਪੱਕੇ ਹੋਣ ਅਤੇ ਪਬਲਿਕ ਸੈਕਟਰ ਪ੍ਰਾਜੈਕਟ ਦੀ ਇੱਕ ਸ਼੍ਰੇਣੀ (ਕੇਂਦਰ) ਬਨਾਣ ਲਈ ਇੱਕ ਖਾਸ ਕੋਸ਼ਿਸ਼ ਕਰਨੀ ਚਾਹੀਦੀ ਹੈ।

ਆਰਥਿਕ ਨੀਤੀ

ਅਕਾਲੀ ਦਲ ਦੀ ਮੰਗ ਹੈ ਕਿ ਟੈਕਸ ਦੇ ਸਮੁੱਚੇ ਢਾਂਚੇ ਨੂੰ, ਕੁਝ ਇਸ ਤਰ੍ਹਾਂ ਮੁੜ ਵਿਚਾਰਿਆ ਜਾਵੇ ਕਿ ਟੈਕਸ ਦੀ ਚੋਰੀ ਅਤੇ ਕਾਲੇ ਧਨ ਦੇ ਸਾਰੇ ਲਾਲਚ ਪੂਰੀ ਤਰ੍ਹਾਂ ਜੜ੍ਹੋਂ ਪੁੱਟੇ ਜਾਣ। ਅਕਾਲੀ ਦਲ ਇੱਕ ਅਜਿਹੇ ਟੈਕਸ ਸਿਸਟਮ ਦੀ ਹਮਾਇਤ ਕਰਦਾ ਹੈ, ਜਿਸ ਨਾਲ ਟੈਕਸ ਦੀ ਕਾਟ ਸੁਖਾਲੀ ਅਤੇ ਆਮ ਲੋਕਾਂ ਨੂੰ ਚੱਕਰਾਂ ਵਿੱਚ ਪਾਣ ਵਾਲੀ ਨਾ ਹੋਵੇ। ਅਜੋਕੀ ਟੈਕਸ-ਪ੍ਰਣਾਲੀ, ਸਜ਼ਾ ਸਿਰਫ਼ ਗਰੀਬਾਂ ਨੂੰ ਦਿੰਦੀ ਹੈ ਅਤੇ ਅਮੀਰਾਂ ਲਈ ਵੱਡੇ-ਵੱਡੇ ਬਚਾਉ ਦੇ ਰਾਹ ਰਹਿਣ ਦਿੰਦੀ ਹੈ। ਅਕਾਲੀ ਦਲ ਅਮਲੀ-ਕਰਨ ਦੇ ਹੱਕ ਵਿੱਚ ਹੈ ਤਾਂ ਕਿ ਦੇਸ਼ ਵਿੱਚ ਮੁਕਾਬਲੇ 'ਤੇ ਚੱਲ ਰਹੇ ਕਾਲੇ ਧਨ ਦੇ ਆਰਥਿਕ ਪ੍ਰਬੰਧਾਂ ਦਾ ਵਿਕਾਸ ਕੀਤਾ ਜਾ ਸਕੇ।

ਕਾਮੇ ਮਧ-ਸ਼੍ਰੇਣੀ ਦੇ ਨੌਕਰੀ ਪੇਸ਼ਾ ਲੋਕ ਅਤੇ ਖੇਤੀ-ਬਾੜੀ ਦੇ ਕਾਮੇ :

ਅਕਾਲੀ ਦਲ ਨਿਮਨ-ਲਿਖਿਤ ਗੱਲਾਂ ਲਈ ਭਰਪੂਰ ਕੋਸ਼ਿਸ਼ ਕਰੇਗਾ :

(ੳ) ਉਦਯੋਗਿਕ ਕਾਮਿਆਂ ਲਈ ਲੋੜ ਦੇ ਆਧਾਰ ਤੇ ਘੱਟੋ-ਘੱਟ ਵੇਤਨ।

(ਅ) ਸਰਕਾਰੀ ਕਰਮਚਾਰੀਆਂ ਦੀ ਰਹਿਣੀ-ਬਹਿਣੀ ਦੇ ਮਿਆਰ ਵਿੱਚ ਲਗਾਤਾਰ ਸੁਧਾਰ।

(ਏ) ਖੇਤੀ-ਬਾੜੀ ਦੇ ਕਾਮਿਆਂ ਲਈ ਘੱਟੋ-ਘੱਟ ਤਨਖ਼ਾਹ ਬਾਰੇ ਪੁਨਰ-ਵਿਚਾਰ

ਅਤੇ ਜੇ ਲੋੜ ਮਹਿਸੂਸ ਹੋਵੇ ਤਾਂ ਵੇਤਨ ਵਿੱਚ ਵਾਧਾ।

(ਸ) ਮੌਜੂਦਾ ਲੇਬਰ ਅਧਿਕਾਰੀਆਂ ਦੀਆਂ ਤਰੁੱਟੀਆਂ ਦੂਰ ਕਰਨਾ ਤਾਂ ਕਿ ਕਾਮਿਆਂ ਤੇ ਮਜ਼ਦੂਰਾਂ ਦੀ ਰਹਿਣੀ-ਬਹਿਣੀ ਯਕੀਨਨ ਚੰਗੀ ਹੋਵੇ।

(ਹ) ਪੇਂਡੂ ਅਤੇ ਸ਼ਹਿਰੀ ਇਲਾਕਿਆਂ ਵਿੱਚ ਸਮਾਜ ਦੇ ਸਭ ਤੋਂ ਗ਼ਰੀਬ ਲੋਕਾਂ ਵਾਸਤੇ ਘਰ ਬਨਾਉਣ ਲਈ ਲੋੜੀਂਦੇ ਜ਼ਰੂਰੀ ਕਦਮ ਉਠਾਣੇ।

ਬੇਰੁਜ਼ਗਾਰੀ :

ਅਕਾਲੀ ਦਲ ਦਾ ਸੰਕਲਪ ਹੈ ਕਿ ਦੇਸ਼ ਵਿੱਚ ਸੰਪੂਰਨ ਰੋਜ਼ਗਾਰੀ ਹੋਵੇ। ਆਰੰਭ ਕਰਨ ਲਈ ਅਕਾਲੀ ਦਲ ਇਹ ਮਹਿਸੂਸ ਕਰਦਾ ਹੈ ਕਿ ਇਹ ਸਰਕਾਰ ਦਾ ਫ਼ਰਜ਼ ਹੈ ਕਿ ਘੱਟੋ-ਘੱਟ ਪੜ੍ਹੇ-ਲਿਖੇ ਅਤੇ ਨਿਪੁੰਨ ਲੋਕਾਂ ਨੂੰ ਇੱਕ-ਦਮ ਨੌਕਰੀਆਂ ਦੇਵੇ, ਜਦੋਂ ਤੱਕ ਨੌਕਰੀਆਂ ਨਹੀਂ ਮਿਲਦੀਆਂ, ਇਹਨਾਂ ਲੋਕਾਂ ਨੂੰ ਬੇਰੁਜ਼ਗਾਰੀ ਭੱਤਾ ਮਿਲਣਾ ਚਾਹੀਦਾ ਹੈ, ਜਿਸ ਦਾ ਖਰਚ ਕੇਂਦਰੀ ਅਤੇ ਰਾਜ ਸਰਕਾਰ ਅੱਧੋ-ਅੱਧ ਬਰਦਾਸ਼ਤ ਕਰਨ। ਇਹ ਭੱਤਾ ਨਿਮਨ-ਲਿਖਤ ਦਰਾਂ ਤੇ ਹੋਵੇ :

ਮੈਟਰੀਕੁਲੇਟ ਅਤੇ ਨਿਪੁੰਨ ਕਾਰੀਗਰ	ਰੁਪਏ ੫੦/- ਫੀ ਮਹੀਨਾ
ਬੀ.ਏ.	ਰੁਪਏ ੭੫/- ਫੀ ਮਹੀਨਾ
ਐੱਮ.ਏ.	ਰੁਪਏ ੧੦੦/- ਫੀ ਮਹੀਨਾ
ਇੰਜੀਨੀਅਰ ਅਤੇ ਡਾਕਟਰ	ਰੁਪਏ ੧੫੦/- ਫੀ ਮਹੀਨਾ
ਹੋਰ ਨਿਪੁੰਨ ਕਾਰੀਗਰ	ਰੁਪਏ ੫੦/- ਫੀ ਮਹੀਨਾ

ਏਪ ਸਾਲ ਦੀ ਉਮਰ ਤੋਂ ਵੱਧ ਲੋੜਵੰਦ ਬਜ਼ੁਰਗਾਂ ਨੂੰ ਬੁਢੇਪੇ ਦੀ ਪੈਨਸ਼ਨ ਮਿਲਣੀ ਚਾਹੀਦੀ ਹੈ।

ਅਣਸੂਚਿਤ ਜਾਤੀਆਂ ਅਤੇ ਸਮਾਜ ਦੇ ਕਮਜ਼ੋਰ ਵਰਗ :

ਅਕਾਲੀ ਦਲ ਅਣਸੂਚਿਤ ਜਾਤੀਆਂ ਅਤੇ ਸਮਾਜ ਦੇ ਦੂਸਰੇ ਕਮਜ਼ੋਰ ਵਰਗਾਂ ਦਾ ਆਰਥਿਕ ਮਿਆਰ, ਉਹਨਾਂ ਨੂੰ ਵਿਦਿਅਕ ਸਹੂਲਤਾਂ, ਨੌਕਰੀ ਅਤੇ ਦੂਸਰੀਆਂ ਕਈ ਹੋਰ ਰਿਆਇਤਾਂ ਦੇ ਕੇ ਉੱਚਾ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਕਿ ਉਹ ਵੀ ਸਮਾਜ ਦੇ ਦੂਸਰੇ ਵਰਗਾਂ ਦੇ ਬਰਾਬਰ ਆ ਜਾਣ। ਇਹਨਾਂ ਸ਼੍ਰੇਣੀਆਂ ਨੂੰ ਅੰਨ ਸਸਤੇ ਦਰਾਂ ਤੇ ਦਿੱਤਾ ਜਾਵੇਗਾ।

ਵਿਦਿਅਕ ਤੇ ਸਭਿਆਚਾਰਕ

ਸ਼੍ਰੋਮਣੀ ਅਕਾਲੀ ਦਲ ਸਿੱਖ ਕੌਮ ਨੂੰ ਇੱਕ ਮਜ਼ਬੂਤ, ਪੜ੍ਹੀ ਲਿਖੀ, ਸੁਘੜ, ਆਪਣੇ ਹੱਕਾਂ ਤੋਂ ਜਾਣੂ, ਅੱਡੋ-ਅੱਡ ਹੁਨਰਾਂ ਵਿੱਚ ਪ੍ਰਬੀਨ ਤੇ ਉਹਨਾਂ ਦੀ ਕਦਰਦਾਨ ਵੇਖਣਾ ਚਾਹੁੰਦਾ ਹੈ। ਇਸ ਮਨੋਰਥ ਦੀ ਪੂਰਤੀ ਲਈ :

੧. ਸ਼੍ਰੋਮਣੀ ਅਕਾਲੀ ਦਲ ਸਿੱਖ ਕੌਮ ਦੇ ਵਿਦਿਅਕ ਮਾਹਿਰਾਂ, ਸਾਇੰਸਦਾਨਾਂ, ਫਿਲਾਸਫਰਾਂ, ਕਵੀਆਂ, ਲਿਖਾਰੀਆਂ ਤੇ ਕਲਾਕਾਰਾਂ ਨੂੰ ਕੌਮ ਦੀ ਬਹੁ-ਮੁੱਲੀ ਪੂੰਜੀ ਸਮਝਦਾ ਹੈ।

੨. ਸ਼੍ਰੋਮਣੀ ਅਕਾਲੀ ਦਲ ਦੇਸ਼ ਵਿੱਚ ਸਮੂਹਕ ਵਿਦਿਆ, ਦਸਵੀਂ ਸ਼੍ਰੇਣੀ ਤੱਕ ਜ਼ਰੂਰੀ ਅਤੇ ਮੁਫ਼ਤ ਵਿਦਿਆ ਦੇਣ ਦੀ ਨੀਤੀ ਰੱਖਦਾ ਹੈ।

੩. ਅਕਾਲੀ ਦਲ ਬੇਕਾਰੀ ਅਤੇ ਬੇ-ਰੁਜ਼ਗਾਰੀ ਵਧਣੋਂ ਰੋਕਣ ਲਈ ਵਿਦਿਆ ਦਾ ਢਾਂਚਾ ਬਦਲ ਕੇ ਇਸ ਕਿਸਮ ਦੀ ਵਿਦਿਆ ਦਾ ਪ੍ਰਸਾਰ ਕਰਨ ਲਈ ਉਦਮ ਕਰੇਗਾ, ਜਿਸ ਨਾਲ ਵਿਦਿਆ ਪ੍ਰਾਪਤੀ ਤੋਂ ਬਾਅਦ ਵਿਅਕਤੀ ਜਲਦੀ ਹੀ ਕਿਸੇ ਕਿੱਤੇ ਤੇ ਲੱਗ ਸਕੇ।

੪. ਅਕਾਲੀ ਦਲ ਪੇਂਡੂ ਵਿਦਿਆਰਥੀਆਂ ਨੂੰ ਅਤੇ ਪਛੜੇ ਵਰਗਾਂ ਦੇ ਵਿਦਿਆਰਥੀਆਂ ਨੂੰ, ਜਿਹਨਾਂ ਨੂੰ ਕਿ ਵਿਦਿਆ ਹਾਸਲ ਕਰਨ ਦੇ ਚੰਗੇ ਸਾਧਨ ਪ੍ਰਾਪਤ ਤੇ ਉਪਲਬਧ ਨਹੀਂ, ਉਹਨਾਂ ਨੂੰ ਇਹ ਸਾਧਨ ਮੁਹੱਈਆ ਕੀਤੇ ਜਾਣਗੇ ਅਤੇ ਅਜਿਹੇ ਹੋਣਹਾਰ ਵਿਦਿਆਰਥੀਆਂ ਦੀ ਸਿੱਖਿਆ ਦਾ ਉਚੇਚਾ ਪ੍ਰਬੰਧ ਕੀਤਾ ਜਾਵੇਗਾ ਤੇ ਉਹਨਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ।

੫. ਪੰਜਾਬ ਵਿੱਚ ਸਾਰੇ ਸਕੂਲਾਂ ਵਿੱਚ ਦਸਵੀਂ ਸ਼੍ਰੇਣੀ ਤੱਕ ਪੰਜਾਬੀ ਦੀ ਪੜ੍ਹਾਈ ਲਾਜ਼ਮੀ ਹੋਵੇਗੀ।

੬. ਵਿਗਿਆਨਕ ਤੇ ਟੈਕਨੀਕਲ ਵਿਦਿਆ ਵੱਲ ਉਚੇਚਾ ਧਿਆਨ ਦੇਣਾ ਅਤੇ ਪੰਜਾਬ ਦੀਆਂ ਯੂਨੀਵਰਸਿਟੀਆਂ ਵਿੱਚ ਨਿਊਕਲਰ, ਫਿਜ਼ਿਕਸ ਤੇ ਸਪੇਸ਼ ਸਾਇੰਸ ਨੂੰ ਵਿਸ਼ੇਸ਼ਤਾ ਦੇਣਾ, ਅਕਾਲੀ ਦਲ ਦਾ ਪ੍ਰੋਗਰਾਮ ਹੈ।

੭. ਖੇਡਾਂ ਨੂੰ ਉੱਚੀ ਪੱਧਰ 'ਤੇ ਲਿਜਾਣ ਲਈ ਉੱਦਮ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਖਿਲਾੜੀ ਤਿਆਰ ਕਰਨ ਲਈ ਅਕਾਲੀ ਦਲ ਦਾ ਵਿਸ਼ੇਸ਼ ਕਰਤੱਵਯ ਹੋਵੇਗਾ।

(ਸਹੀ)
(ਗਿਆਨੀ ਅਜਮੇਰ ਸਿੰਘ)
ਸਕੱਤਰ ਸ਼੍ਰੋਮਣੀ ਅਕਾਲੀ ਦਲ,
ਸ੍ਰੀ ਅੰਮ੍ਰਿਤਸਰ

ਮਿਤੀ ੦੧-੦੮-੧੯੯੮

੧੯ਵੀਂ ਆਲ ਇੰਡੀਆ ਅਕਾਲੀ ਕਾਨਫ਼ਰੰਸ ਲੁਧਿਆਣਾ (੨੯-੩੯ ਅਕਤੂਬਰ ੧੯੨੯) ਦੇ ਖੁੱਲ੍ਹੇ ਸਮਾਗਮ ਵਿੱਚ, ਜਥੇਦਾਰ ਜਗਦੇਵ ਸਿੰਘ ਤਲਵੰਡੀ ਦੀ ਪ੍ਰਧਾਨਗੀ ਹੇਠ, ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਦੀ ਰੌਸ਼ਨੀ ਵਿੱਚ ਪ੍ਰਵਾਨਤ ਕੀਤੇ ਗਏ ਮਤੇ ਹੇਠ ਲਿਖੇ ਅਨੁਸਾਰ ਹਨ :

ਮਤਾ ਨੰਬਰ ੧

ਸ. ਗੁਰਬਚਨ ਸਿੰਘ ਟੌਹੜਾ, ਐੱਮ.ਪੀ., ਪ੍ਰਧਾਨ ਸ਼੍ਰੋ.ਗੁ.ਪ੍ਰ. ਕਮੇਟੀ ਨੇ ਪੇਸ਼ ਕੀਤਾ।

ਤਾਈਦ - ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ, ਪੰਜਾਬ

ਸ਼੍ਰੋਮਣੀ ਅਕਾਲੀ ਦਲ ਦਾ ਇਹ ਜਨਰਲ ਸਮਾਗਮ ਅਨੁਭਵ ਕਰਦਾ ਹੈ ਕਿ ਭਾਰਤ ਵਰਸ਼, ਵੱਖੋ ਵੱਖ ਧਰਮਾਂ, ਭਾਸ਼ਾਵਾਂ ਤੇ ਕਲਚਰਾਂ ਦਾ ਇੱਕ ਸਮੂਹਕ ਸੰਗਠਨ ਤੇ ਗਣਰਾਜ ਹੈ। ਧਾਰਮਿਕ ਤੇ ਭਾਸ਼ਾਈ ਘੱਟ ਗਿਣਤੀਆਂ ਦੇ ਹੱਕਾਂ ਨੂੰ ਮਹਿਫ਼ੂਜ਼ ਕਰਨ, ਲੋਕ-ਰਾਜੀ ਨਜ਼ਾਮ ਦੇ ਤਕਾਜ਼ਿਆਂ ਨੂੰ ਪੂਰਾ ਕਰਨ ਤੇ ਦੇਸ਼ ਦੀ ਆਰਥਿਕ ਤਰੱਕੀ ਦੇ ਮਾਰਗ ਨੂੰ ਸਾਵਾਂ-ਪੱਧਰਾਂ ਬਣਾਉਣ ਲਈ, ਇਹ ਅਤਿਅੰਤ ਜ਼ਰੂਰੀ ਹੋ ਗਿਆ ਹੈ ਕਿ ਭਾਰਤੀ ਸੰਵਿਧਾਨ ਨੂੰ ਅਸਲੀ ਫੈਡਰਲ ਰੂਪ-ਰੇਖਾ ਦਿੱਤੀ ਜਾਏ, ਜਿਸ ਵਿੱਚ ਕੇਂਦਰ ਤੇ ਰਾਜਾਂ ਦੇ ਆਪਸੀ ਸਬੰਧਾਂ ਅਤੇ ਅਧਿਕਾਰਾਂ ਨੂੰ ਉਪਰੋਕਤ ਅਸੂਲਾਂ ਤੇ ਆਦਰਸ਼ਾਂ ਅਨੁਸਾਰ ਨਵੇਂ ਸਿਰਿਓਂ ਢਾਲਿਆ ਜਾਵੇ।

ਲੋਕ-ਨਾਇਕ ਸ੍ਰੀ ਜੈ ਪ੍ਰਕਾਸ਼ ਨਰਾਇਣ ਨੇ ਵੀ ਦੇਸ਼ ਨੂੰ ਖ਼ਬਰਦਾਰ ਕਰਦਿਆਂ ਜੋ ਅਗਵਾਈ ਦਿੱਤੀ ਹੈ, ਉਹਨਾਂ ਨੇ ਵੀ ਸਮੇਂ-ਸਮੇਂ ਅਧਿਕਾਰਾਂ ਦੇ ਵਿਕੇਂਦਰੀਕਰਨ ਨੂੰ ਹੀ ਸੰਪੂਰਨ ਕਰਾਂਤੀ ਦਾ ਨਾਮ ਦਿੱਤਾ ਹੈ। ਕਾਂਗਰਸ ਰਾਜ ਸਮੇਂ, ਜਿਵੇਂ ਵਿਧਾਨਕ ਤਰਮੀਮਾਂ ਰਾਹੀਂ ਸੂਬਿਆਂ ਦੇ ਅਧਿਕਾਰਾਂ ਨੂੰ ਕੇਂਦਰਤ ਕੀਤਾ ਗਿਆ, ਉਸਦਾ ਆਖਰੀ ਸਿੱਟਾ ਐਮਰਜੈਂਸੀ ਦੇ ਰੂਪ ਵਿੱਚ ਦੇਸ਼ ਦੇ ਸਾਹਮਣੇ ਆਇਆ, ਜਦ ਹਰ ਭਾਰਤੀ ਦੇ ਸਾਰੇ ਮੌਲਿਕ ਅਧਿਕਾਰਾਂ ਨੂੰ ਸਮਾਪਤ ਕਰਕੇ ਰੱਖ ਦਿੱਤਾ ਗਿਆ। ਸ਼੍ਰੋਮਣੀ ਅਕਾਲੀ ਦਲ, ਜੋ ਅਰੰਭ ਤੋਂ ਹੀ ਦੇਸ਼ ਦੇ ਵਿਧਾਨ ਨੂੰ ਸਹੀ ਫੈਡਰਲ ਰੂਪ-ਰੇਖਾ ਦੇ ਢਾਂਚੇ ਵਿੱਚ ਢਾਲਣ ਵਾਸਤੇ ਸੰਗਰਾਮ ਕਰ ਰਿਹਾ, ਉਸ ਨੂੰ ਦੇਸ਼ ਦੀਆਂ ਹੋਰ ਅਗਾਂਹ-ਵਧੂ ਪਾਰਟੀਆਂ ਨੇ ਵੀ ਆਪਣੇ ਪ੍ਰੋਗਰਾਮ ਦਾ ਜ਼ਰੂਰੀ ਹਿੱਸਾ ਬਣਾ ਲਿਆ, ਜਿਵੇਂ ਜਨਤਾ ਪਾਰਟੀ, ਸੀ.ਪੀ.ਆਈ. (ਐੱਮ), ਅੰਨਾ ਡੀ.ਐੱਮ.ਕੇ. ਆਦਿ ਰਾਜਸੀ ਪਾਰਟੀਆਂ ਨੇ ਇਹ ਤੱਥ ਸਾਫ਼ ਤੌਰ ਤੇ ਮੰਨਿਆ ਤੇ ਸਭ ਨੇ ਕੇਂਦਰੀ ਅਧਿਕਾਰਾਂ ਦੇ ਵਿਕੇਂਦਰੀਕਰਨ ਦਾ ਮਹਾਨ ਅਸੂਲ ਪ੍ਰਵਾਨ ਕੀਤਾ ਸੀ।

ਸ਼੍ਰੋਮਣੀ ਅਕਾਲੀ ਦਲ ਪਿਛਲੇ ਲੰਬੇ ਸਮੇਂ ਤੋਂ ਇਸ ਅਸੂਲ ਉੱਤੇ ਪੂਰੀ

ਤਰ੍ਹਾਂ ਦ੍ਰਿੜ ਤੁਰਿਆ ਆ ਰਿਹਾ ਹੈ, ਇਸੇ ਲਈ ਬਹੁਤ ਦੀਰਘ ਵਿਚਾਰ ਉਪਰੰਤ ਪਹਿਲਾਂ ਸਰਬ-ਹਿੰਦ ਅਕਾਲੀ ਕਾਨਫਰੰਸ ਬਟਾਲਾ ਤੇ ਉਪਰੰਤ ਸ੍ਰੀ ਅਨੰਦਪੁਰ ਸਾਹਿਬ ਦਾ ਇਤਿਹਾਸਕ ਮਤਾ ਸਰਬ-ਸੰਮਤੀ ਨਾਲ ਪ੍ਰਵਾਨ ਕੀਤਾ ਗਿਆ ਸੀ, ਜਿਸ ਵਿੱਚ ਸਟੇਟ ਅਟਾਨੋਮੀ, ਫੈਡਰਲ ਢਾਂਚੇ ਅਨੁਸਾਰ ਪ੍ਰਵਾਨ ਕੀਤੀ ਗਈ ਹੈ।

ਇਸ ਲਈ ਸ਼੍ਰੋਮਣੀ ਅਕਾਲੀ ਦਲ ਜਨਤਾ ਸਰਕਾਰ ਤੋਂ ਪੁਰਜ਼ੋਰ ਮੰਗ ਕਰਦਾ ਹੈ ਕਿ ਦੇਸ਼ ਵਿੱਚ ਵੱਸਣ ਵਾਲੇ ਵੱਖੋ-ਵੱਖ ਭਾਸ਼ਾਈ ਤੇ ਸਭਿਆਚਾਰਕ ਖਿਤਿਆਂ ਅਤੇ ਧਾਰਮਿਕ ਘੱਟ ਗਿਣਤੀਆਂ ਅਤੇ ਕਰੋੜਾਂ ਲੋਕਾਂ ਵੱਲੋਂ ਉੱਠ ਰਹੀ ਅਵਾਜ਼ ਨੂੰ ਮੁੱਖ ਰੱਖ ਕੇ, ਕੇਂਦਰ ਤੇ ਰਾਜਾਂ ਦੇ ਅਧਿਕਾਰਾਂ ਦਾ ਫੈਸਲਾ ਕਰਨ ਲਈ, ਸੰਵਿਧਾਨ ਨੂੰ ਸੋਧ ਕੇ ਫੈਡਰਲ ਰੂਪ ਦੇਵੇ, ਤਾਂ ਕਿ ਕੌਮੀ ਏਕਤਾ ਤੇ ਦੇਸ਼ ਦੀ ਅਖੰਡਤਾ ਨੂੰ ਕਿਸੇ ਸਮੇਂ ਵੀ ਕੌਮੀ ਖ਼ਤਰਾ ਉਤਪੰਨ ਨਾ ਹੋ ਸਕੇ ਅਤੇ ਸੂਬੇ ਆਪਣੇ ਸਹੀ ਅਧਿਕਾਰਾਂ ਦੀ ਵਰਤੋਂ ਨਾਲ ਭਾਰਤੀ ਗਰੀਬ ਜਨਤਾ ਦੀ ਆਪਣੇ-ਆਪਣੇ ਰਾਜਾਂ ਵਿੱਚ ਉੱਨਤੀ ਤੇ ਖੁਸ਼ਹਾਲੀ ਲਿਆਉਣ ਵਿੱਚ ਸਫਲਤਾ ਸਹਿਤ ਭੂਮਿਕਾ ਨਿਭਾ ਸਕਣ।

ਮਤਾ ਨੰਬਰ ੨

ਸ਼੍ਰੋਮਣੀ ਅਕਾਲੀ ਦਲ ਦਾ ਇਹ ਮਹਾਨ ਸਮਾਗਮ ਭਾਰਤ ਸਰਕਾਰ ਤੋਂ ਪੁਰਜ਼ੋਰ ਮੰਗ ਕਰਦਾ ਹੈ ਕਿ ਪਿਛਲੀ ਕਾਂਗਰਸ ਸਰਕਾਰ ਦੇ ਲੰਬੇ ਸਮੇਂ ਵਿੱਚ ਕੀਤੇ ਗਏ ਧੱਕੇ ਅਤੇ ਬੇ-ਇਨਸਾਫ਼ੀਆਂ ਅਤੇ ਗ਼ੈਰ-ਕਨੂੰਨੀ, ਜ਼ਿਆਦਤੀਆਂ ਅਤੇ ਐਮਰਜੈਂਸੀ ਦੇ ਦੌਰਾਨ ਕੀਤੇ ਗਏ ਅਯੋਗ ਧੱਕਿਆਂ ਵਿਰੁੱਧ ਗੰਭੀਰਤਾ ਪੂਰਵਕ ਵਿਚਾਰ ਕਰੇ ਅਤੇ ਹੇਠ ਲਿਖੇ ਸਾਰੇ ਮਸਲਿਆਂ ਨੂੰ ਤੁਰੰਤ ਨਜਿੱਠਿਆ ਜਾਵੇ :

(ੳ) ਚੰਡੀਗੜ੍ਹ, ਜੋ ਪੰਜਾਬ ਦੀ ਰਾਜਧਾਨੀ ਦੇ ਰੂਪ ਵਿੱਚ ਉਸਾਰਿਆ ਗਿਆ ਹੈ, ਪੰਜਾਬ ਦੇ ਹਵਾਲੇ ਕੀਤਾ ਜਾਵੇ।

(ਅ) ਪੰਜਾਬੀ ਬੋਲਦੇ ਇਲਾਕੇ ਜਿਹਨਾਂ ਦੀ ਮੰਗ ਸ਼੍ਰੋਮਣੀ ਅਕਾਲੀ ਦਲ ਬਹੁਤ ਲੰਬੇ ਸਮੇਂ ਤੋਂ ਕਰਦਾ ਆ ਰਿਹਾ ਹੈ, ਭਾਸ਼ਾਈ ਮਾਹਿਰਾਂ ਦੇ ਕਮਿਸ਼ਨ ਵਲੋਂ ਪਿੰਡ ਨੂੰ ਇਕਾਈ ਮੰਨ ਕੇ ਪੰਜਾਬ ਵਿੱਚ ਸ਼ਾਮਲ ਕੀਤੇ ਜਾਣ।

(ੲ) ਪੰਜਾਬ ਦੇ ਹੈੱਡ-ਵਰਕਸ ਦਾ ਪ੍ਰਬੰਧ ਜਿਉਂ ਕਾ ਤਿਉਂ, ਪੰਜਾਬ ਪਾਸ ਹੀ ਰੱਖਿਆ ਜਾਵੇ ਅਤੇ ਇਸ ਸੰਬੰਧ ਵਿੱਚ ਪੰਜਾਬ ਵਿੱਚ ਪੁਨਰ-ਗਠਨ ਐਕਟ ਵਿੱਚ ਲੋੜੀਂਦੀ ਸੋਧ ਕੀਤੀ ਜਾਵੇ।

(ਸ) ਐਮਰਜੈਂਸੀ ਦੇ ਦੌਰਾਨ ਸ੍ਰੀਮਤੀ ਇੰਦਰਾ ਗਾਂਧੀ ਵੱਲੋਂ ਰਾਵੀ ਬਿਆਸ ਦੇ ਪਾਣੀ ਦੀ ਕੀਤੀ ਗਈ ਸਰਾਸਰ ਨਜਾਇਜ਼ ਵੰਡ ਦੀ ਜ਼ਿਆਦਤੀ ਨੂੰ

ਸੰਸਾਰ ਦੇ ਮੰਨੇ ਪ੍ਰਮੰਨੇ ਅਸੂਲਾਂ ਦੇ ਆਧਾਰ ਉੱਤੇ ਮੁੜ ਵਿਚਾਰਿਆ ਜਾਵੇ ਅਤੇ ਪੰਜਾਬ ਨਾਲ ਇਨਸਾਫ਼ ਕੀਤਾ ਜਾਵੇ।

(ਹ) ਫੌਜੀ ਭਰਤੀ ਵਿੱਚ ਸਿੱਖਾਂ ਦੀ ਵਿਸ਼ੇਸ਼, ਫੌਜੀ ਯੋਗਤਾ ਨੂੰ ਮੁੱਖ ਰੱਖ ਕੇ ਪਹਿਲਾਂ ਵਾਂਗ ਹੀ ਭਰਤੀ ਦਾ ਤਨਾਸਬ ਕਾਇਮ ਰੱਖਿਆ ਜਾਵੇ।

(ਕ) ਉੱਤਰ ਪ੍ਰਦੇਸ਼ ਦੇ ਤਰਾਈ ਦੇ ਇਲਾਕੇ ਵਿੱਚ ਭੂਮੀ ਸੁਧਾਰ ਕਨੂੰਨ ਦੀ ਆੜ ਹੇਠ ਨਵੇਂ ਅਬਾਦਕਾਰਾਂ ਨਾਲ ਜੋ ਧੱਕੇ ਕੀਤੇ ਗਏ ਹਨ, ਉਹਨਾਂ ਨੂੰ ਸੈਂਟਰਲ ਗਾਈਡ ਲਾਈਨ ਅਨੁਸਾਰ ਸੀਲਿੰਗ ਐਕਟ ਵਿੱਚ ਸੋਧ ਕਰਕੇ, ਨਵੇਂ ਕਾਸ਼ਤਕਾਰਾਂ ਨਾਲ ਇਨਸਾਫ਼ ਕੀਤਾ ਜਾਵੇ।

ਮਤਾ ਨੰਬਰ ੩

(ਆਰਥਿਕ ਪਾਲਿਸੀ ਬਾਰੇ ਰੈਜ਼ੋਲਿਊਸ਼ਨ)

ਸ਼੍ਰੋਮਣੀ ਅਕਾਲੀ ਦਲ ਦੀ ਆਰਥਿਕ ਸੋਧ ਅਤੇ ਪ੍ਰੋਗਰਾਮਾਂ ਦਾ ਸੋਮਾ ਸ੍ਰੀ ਗੁਰੂ ਨਾਨਕ ਦੇਵ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੈਕੂਲਰ, ਲੋਕ-ਰਾਜੀ ਅਤੇ ਸਮਾਜਵਾਦੀ ਸਮਾਜ ਦੀ ਸਥਾਪਤੀ ਦੇ ਸਿਧਾਂਤ ਹਨ। ਇਸ ਆਰਥਿਕ ਪ੍ਰੋਗਰਾਮ ਦੇ ਤਿੰਨ ਮੁੱਖ ਅਸੂਲ ਇਹ ਹਨ :

(੧) ਕਿਰਤ ਦਾ ਸਤਿਕਾਰ।

(੨) ਅਜਿਹੇ ਆਰਥਿਕ ਅਤੇ ਸਮਾਜਿਕ ਨਿਆਂ ਦਾ ਪ੍ਰਬੰਧ, ਜਿਸ ਵਿੱਚ ਸਮਾਜ ਦੇ ਦੱਬੇ ਕੁਚਲੇ ਲੋਕਾਂ ਨੂੰ ਉਤਾਂਹਾ ਚੁੱਕਣ ਦਾ ਪ੍ਰਬੰਧ ਹੋਵੇ, ਅਤੇ

(੩) ਸਰਮਾਏਦਾਰ ਲੋਕਾਂ ਪਾਸ ਆਰਥਿਕ ਅਤੇ ਰਾਜਸੀ ਤਾਕਤ ਦੇ ਇਕੱਠੇ ਹੋਣ ਦੇ ਵਿਰੁੱਧ ਲਗਾਤਾਰ ਘੋਲ।

ਸ਼੍ਰੋਮਣੀ ਅਕਾਲੀ ਦਲ ਦੀ ਆਰਥਿਕ ਨੀਤੀ ਅਤੇ ਪ੍ਰੋਗਰਾਮ ਉਲੀਕਣ ਲੱਗਿਆਂ, ਵਰਕਿੰਗ ਕਮੇਟੀ ਨੇ ਆਪਣੇ ਇਤਿਹਾਸਕ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਵਿੱਚ ਇਸ ਗੱਲ ਤੇ ਜ਼ੋਰ ਦਿੱਤਾ ਸੀ ਕਿ ਭਾਰਤੀ ਆਰਥਿਕਤਾ ਉੱਤੇ ਸਰਮਾਏਦਾਰ ਸ਼੍ਰੇਣੀ ਦੀ ਜਕੜ, ਜਿਹੜੀ ਕਿ ਕਾਂਗਰਸ ਸਰਕਾਰ ਨੇ ਆਪਣੇ ੩੦ ਸਾਲਾਂ ਦੇ ਰਾਜ ਵਿੱਚ ਠੋਸੀ ਸੀ, ਉਸ ਨੂੰ ਤੋੜਿਆ ਜਾਵੇ। ਇਸ ਜਕੜਬੰਦ ਕਾਰਨ ਦੇਸ਼ ਦੀ ਸਾਰੀ ਆਰਥਿਕ ਤਾਕਤ ਮੁਗ਼ਲ ਤਾਨਾਸ਼ਾਹੀ ਦੇ ਢੰਗ ਨਾਲ ਕੇਂਦਰੀ ਸਰਕਾਰ ਵਿੱਚ ਚਲੀ ਗਈ ਸੀ। ਇਸ ਕਾਰਨ ਨਾ ਸਿਰਫ਼ ਰਾਜਾਂ ਦੀ ਆਰਥਿਕ ਉੱਨਤੀ ਦੇ ਰਾਹ ਵਿੱਚ ਰੁਕਾਵਟਾਂ ਪੈਦਾ ਹੋਈਆਂ, ਸਗੋਂ ਭਾਰਤੀ ਜਨਤਾ ਦੇ ਆਰਥਿਕ ਤੇ ਸਮਾਜਿਕ ਆਜ਼ਾਦੀ ਦੇ ਘੋਲ ਉੱਤੇ ਭਾਰੀ ਸੱਟ ਲੱਗੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਹਾਂਵਾਕ 'ਘਾਲ ਖਾਏ ਕਿਛੁ ਹਥਹੁ ਦੇਇ, ਨਾਨਕ ਰਾਹ ਪਛਾਣੇ ਸੇਇ॥' ਦੀ ਪੂਰਤੀ ਲਈ ਸ਼੍ਰੋਮਣੀ ਅਕਾਲੀ ਦਲ ਸਿੱਖ ਜੀਵਨ-ਜਾਚ ਨੂੰ ਇੱਕ ਵਾਰ ਫਿਰ ਦੁਹਰਾਂਦਾ ਹੈ। ਇਸ ਜੀਵਨ-ਜਾਂਚ ਦੇ ਤਿੰਨ ਅੰਗ ਹਨ :

੧. ਕਿਰਤ ਕਰਨੀ

੨. ਵੰਡ ਕੇ ਛਕਣਾ, ਅਤੇ

੩. ਨਾਮ ਜਪਣਾ

ਸ਼੍ਰੋਮਣੀ ਅਕਾਲੀ ਦਲ ਕੇਂਦਰੀ ਸਰਕਾਰ ਅਤੇ ਪੰਜਾਬ ਸਰਕਾਰ ਪਾਸੋਂ ਮੰਗ ਕਰਦਾ ਹੈ ਕਿ ਅਗਲੇ ਦਸਾਂ ਸਾਲਾਂ ਵਿੱਚ ਬੇਰੁਜ਼ਗਾਰੀ ਨੂੰ ਪੂਰੀ ਤਰ੍ਹਾਂ ਖ਼ਤਮ ਕੀਤਾ ਜਾਵੇ। ਬੇਰੁਜ਼ਗਾਰੀ ਦੂਰ ਕਰਨ ਦੇ ਇਸ ਪ੍ਰੋਗਰਾਮ ਵਿੱਚ ਕਮਜ਼ੋਰ ਵਰਗਾਂ, ਪੱਟੀ ਦਰਜ ਜਾਤੀਆਂ, ਪਛੜੇ ਵਰਗਾਂ, ਮਜ਼ਦੂਰਾਂ, ਬੇਜ਼ਮੀਨੇ ਲੋਕਾਂ, ਗਰੀਬ ਕਿਸਾਨਾਂ ਅਤੇ ਸ਼ਹਿਰੀ ਵੱਸੋਂ ਦੇ ਗਰੀਬ ਤੇ ਹੇਠਲੇ ਵਰਗਾਂ ਦੇ ਲੋਕਾਂ ਲਈ ਰੋਜ਼ਗਾਰ ਦੇ ਪ੍ਰੋਗਰਾਮਾਂ ਉੱਤੇ ਵਧੇਰੇ ਜ਼ੋਰ ਦਿੱਤਾ ਜਾਵੇ ਅਤੇ ਉਹਨਾਂ ਲਈ ਘੱਟ ਤੋਂ ਘੱਟ ਮਜ਼ਦੂਰੀ ਮੁਕਰਰ ਕੀਤੀ ਜਾਵੇ।

ਸ਼੍ਰੋਮਣੀ ਅਕਾਲੀ ਦਲ ਪੰਜਾਬੀ ਸਰਕਾਰ ਨੂੰ ਪ੍ਰੇਰਨਾ ਦਿੰਦਾ ਹੈ ਕਿ ਪੰਜਾਬ ਰਾਜ ਨੂੰ ਇੱਕ ਨਮੂਨੇ ਦਾ ਰਾਜ ਬਣਾਉਣ ਲਈ ਵਿਉਂਤ ਬਣਾਵੇ, ਜਿਸ ਦਾ ਟੀਚਾ ਦਸਾਂ ਸਾਲਾਂ ਵਿੱਚ ਪ੍ਰਤੀ ਜੀਅ ਸਾਲਾਨਾ ਆਮਦਨੀ ੩,੦੦੦/- ਰੁਪੈ ਕਰਨਾ ਹੋਵੇ ਅਤੇ ਸਾਰੇ ਭਾਰਤ ਲਈ ੪% ਆਰਥਿਕ ਵਿਕਾਸ ਦਰ ਦੇ ਮੁਕਾਬਲੇ ਤੇ ਪੰਜਾਬ ਦੀ ਆਰਥਿਕ ਉੱਨਤੀ ਦਾ ਦਰ ੭% ਸਾਲਾਨਾ ਪ੍ਰਾਪਤ ਕਰਨਾ ਹੋਵੇ।

ਸ਼੍ਰੋਮਣੀ ਅਕਾਲੀ ਦਲ ਟੈਕਸ ਢਾਂਚੇ ਦੀ ਬਣਤਰ ਵਿੱਚ ਮੁਕੰਮਲ ਸੁਧਾਈ ਨੂੰ ਪਹਿਲ ਦਿੰਦਾ ਹੈ ਤਾਂ ਜੋ ਟੈਕਸਾਂ ਦਾ ਬੋਝ ਕਮਜ਼ੋਰ ਤੇ ਗਰੀਬ ਤਬਕਿਆਂ ਤੋਂ ਹਟ ਕੇ ਅਮੀਰ ਤੇ ਰੱਜੇ-ਪੁੱਜੇ ਤਬਕਿਆਂ ਵੱਲ ਜਾਵੇ ਅਤੇ ਰਾਸ਼ਟਰੀ ਦੌਲਤ ਨੂੰ ਸਮਾਜਵਾਦੀ ਲੀਹਾਂ ਉੱਤੇ ਵੰਡਿਆ ਜਾਵੇ।

ਸ਼੍ਰੋਮਣੀ ਅਕਾਲੀ ਦਲ ਦੇ ਆਰਥਿਕ ਪ੍ਰੋਗਰਾਮ ਦਾ ਨਿਸ਼ਾਨਾ ਇਹ ਹੈ ਕਿ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੇ ਲੋਕਾਂ ਨੂੰ ਵੀ ਦੇਸ਼ ਦੀ ਖੁਸ਼ਹਾਲੀ ਦਾ ਭਾਈਵਾਲ ਬਣਾਇਆ ਜਾਵੇ।

ਸ਼੍ਰੋਮਣੀ ਅਕਾਲੀ ਦਲ ਕੇਂਦਰੀ ਸਰਕਾਰ ਪਾਸੋਂ ਮੰਗ ਕਰਦਾ ਹੈ ਕਿ ਅੰਮ੍ਰਿਤਸਰ ਨੂੰ ਤੁਰੰਤ ਅੰਤਰ-ਰਾਸ਼ਟਰੀ ਹਵਾਈ ਅੱਡਾ ਬਣਾਇਆ ਜਾਵੇ। ਅੰਮ੍ਰਿਤਸਰ ਵਿੱਚ ਖੁਸ਼ਕ ਬੰਦਰਗਾਹ ਦੀਆਂ ਸਹੂਲਤਾਂ ਦਿੱਤੀਆਂ ਜਾਣ ਅਤੇ ਲੁਧਿਆਣੇ ਵਿੱਚ ਇੱਕ ਸਟਾਕ ਐਕਸਚੇਂਜ ਮਾਰਕੀਟ ਖੋਲ੍ਹੀ ਜਾਵੇ ਤਾਂ ਜੋ ਪੰਜਾਬ ਦੇ ਸਨਅਤੀਕਰਨ ਅਤੇ ਆਰਥਿਕ ਉੱਨਤੀ ਵਿੱਚ ਤੇਜ਼ੀ ਆਵੇ। ਸ਼੍ਰੋਮਣੀ ਅਕਾਲੀ ਦਲ ਇਹ ਮੰਗ ਕਰਦਾ ਹੈ ਕਿ ਵਿਦੇਸ਼ੀ ਮੁਦਰਾ ਕਨੂੰਨਾਂ ਵਿੱਚ ਲੋੜੀਂਦੀਆਂ ਤਬਦੀਲੀਆਂ ਕੀਤੀਆਂ ਜਾਣ ਤਾਂ ਜੋ ਵਿਦੇਸ਼ਾਂ ਵਿੱਚ ਧਨ ਦੀ ਤਬਦੀਲੀ ਖੁੱਲ੍ਹੀ-ਡੁੱਲ੍ਹੀ ਕੀਤੀ ਜਾ ਸਕੇ। ਇਸ ਸਿਲਸਿਲੇ ਵਿੱਚ ਲੋਕਾਂ ਨੂੰ ਪੇਸ਼ ਆਉਂਦੀਆਂ ਹਰ ਪ੍ਰਕਾਰ ਦੀਆਂ ਪ੍ਰੇਸ਼ਾਨੀਆਂ ਜਿਹਨਾਂ ਦਾ ਕਾਰਨ ਫਾਰਨ ਐਕਸਚੇਂਜ ਦੇ ਕਨੂੰਨ ਹਨ, ਨੂੰ ਦੂਰ ਕੀਤਾ ਜਾਵੇ।

ਸ਼੍ਰੋਮਣੀ ਅਕਾਲੀ ਦਲ ਹਿੰਦ ਸਰਕਾਰ ਤੇ ਜ਼ੋਰ ਦਿੰਦਾ ਹੈ ਕਿ ਖੇਤੀ ਬਾੜੀ ਦੀਆਂ ਸਮਾਨ ਕੀਮਤਾਂ ਤੇ ਅਸੂਲ ਨੂੰ ਸਾਰੇ ਸਨਅਤੀ ਕੱਚੇ ਮਾਲ ਉੱਤੇ ਵੀ ਲਾਗੂ ਕੀਤਾ ਜਾਵੇ, ਤਾਂ ਜੋ ਸਨਅਤੀ ਕੱਚੇ ਮਾਲ ਦੀ ਘਾਟ ਵਾਲੇ ਰਾਜਾਂ ਵਿਰੁੱਧ ਵਿਤਕਰਾ ਖ਼ਤਮ ਕੀਤਾ ਜਾ ਸਕੇ।

ਸ਼੍ਰੋਮਣੀ ਅਕਾਲੀ ਦਲ ਮੰਗ ਕਰਦਾ ਹੈ ਕਿ ਤਿਜ਼ਾਰਤੀ ਫਸਲਾਂ ਜਿਵੇਂ ਕਿ ਕਪਾਹ, ਗੰਨਾ, ਤੇਲ, ਬੀਜਾਂ ਦੇ ਉਤਪਾਦਕ ਦੀ ਬਿਉਪਾਰੀਆਂ ਹੱਥੋਂ ਲੁੱਟ-ਖਸੁੱਟ ਨੂੰ ਰੋਕਿਆ ਜਾਵੇ ਅਤੇ ਇਸ ਮਨੋਰਥ ਲਈ ਇਹਨਾਂ ਫਸਲਾਂ ਦੀਆਂ ਘੱਟੋ ਘੱਟ ਅਤੇ ਲਾਹੇਵੰਦ ਕੀਮਤਾਂ ਮੁਕੱਰਰ ਕੀਤੀਆਂ ਜਾਣ ਅਤੇ ਇਹਨਾਂ ਵਸਤਾਂ ਦੀ ਸਰਕਾਰੀ ਖ਼ਰੀਦ ਦੇ ਵੀ ਪ੍ਰਬੰਧ ਕੀਤੇ ਜਾਣ। ਇਸ ਦੇ ਨਾਲ ਹੀ ਕੇਂਦਰ ਸਰਕਾਰ ਕਾਟਨ ਕਾਰਪੋਰੇਸ਼ਨ ਰਾਹੀਂ ਕਪਾਸ ਦੀ ਸਰਕਾਰੀ ਖਰੀਦ ਲਈ ਅਸਰਦਾਇੱਕ ਪ੍ਰਬੰਧ ਕਰੇ।

ਸ਼੍ਰੋਮਣੀ ਅਕਾਲੀ ਦਲ ਮਹਿਸੂਸ ਕਰਦਾ ਹੈ ਕਿ ਨੰਬਰ ਇੱਕ ਰਾਸ਼ਟਰੀ ਆਰਥਿਕ ਸਮੱਸਿਆ ਸ਼ਡੂਲਡ ਕਾਸਟ ਜਾਤੀਆਂ ਦੇ ਕਰੋੜਾ ਦੱਬੇ-ਕੁਚਲੇ ਲੋਕਾਂ ਦਾ ਆਰਥਿਕ ਕਲਿਆਣ ਕਰਨਾ ਹੈ। ਸ਼੍ਰੋਮਣੀ ਅਕਾਲੀ ਦਲ ਕੇਂਦਰੀ ਅਤੇ ਰਾਜ ਸਰਕਾਰਾਂ ਪਾਸੋਂ ਮੰਗ ਕਰਦਾ ਹੈ ਕਿ ਇਹਨਾਂ ਵਰਗਾਂ ਦੀ ਆਰਥਿਕਤਾ ਨੂੰ ਮੁੜ ਸੁਰਜੀਤ ਕਰਨ ਲਈ ਵਿਸ਼ੇਸ਼ ਫੰਡ ਰਾਖਵੇਂ ਕੀਤੇ ਜਾਣ। ਇਸ ਦੇ ਨਾਲ ਹੀ ਰਾਜ ਸਰਕਾਰਾਂ ਪਾਸੋਂ ਮੰਗ ਕੀਤੀ ਜਾਂਦੀ ਹੈ ਕਿ ਆਪਣੇ ਬਜਟਾਂ ਵਿੱਚ ਪੇਂਡੂ ਅਤੇ ਸ਼ਹਿਰੀ ਸ਼ਡਿਊਲਡ ਕਾਸਟ ਲੋਕਾਂ ਨੂੰ ਮੁਫਤ ਰਿਹਾਇਸ਼ ਪਲਾਟ ਦੇਣ ਲਈ ਵਿਸ਼ੇਸ਼ ਫੰਡ ਦਾ ਪ੍ਰਬੰਧ ਕੀਤਾ ਜਾਵੇ।

ਸ਼੍ਰੋਮਣੀ ਅਕਾਲੀ ਦਲ ਦੀ ਮੰਗ ਹੈ ਕਿ ਖੇਤੀਬਾੜੀ ਨੂੰ ਤੇਜ਼ੀ ਨਾਲ 'ਡਾਇਵਰਸੀਫਾਈ' ਅਥਵਾ ਬਹੁ-ਪੱਖੀ ਕੀਤਾ ਜਾਵੇ। ਭੂਮੀ ਸੁਧਾਰਾਂ ਦੇ ਕਨੂੰਨਾਂ ਦੇ ਨੁਕਸ ਦੂਰ ਕੀਤੇ ਜਾਣੇ, ਰਾਜ ਦਾ ਤੇਜ਼ੀ ਨਾਲ ਸਨਅਤੀਕਰਨ ਕੀਤਾ ਜਾਵੇ, ਛੋਟੇ ਅਤੇ ਵਿਚਕਾਰਲੇ ਦਰਜੇ ਦੇ ਕਾਰਖਾਨੇਦਾਰਾਂ ਲਈ ਕਰਜ਼ਿਆਂ ਦੀਆਂ ਸਹੂਲਤਾਂ ਵਧਾਈਆਂ ਜਾਣ ਅਤੇ ਪੜ੍ਹੇ-ਲਿਖੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਭੱਤਾ ਦਿੱਤਾ ਜਾਵੇ। ਖੇਤੀ ਦੀ ਮਸ਼ੀਨਰੀ ਅਤੇ ਇਸ ਵਿੱਚ ਹੋਰ ਕੰਮ ਆਉਣ ਵਾਲੀਆਂ ਵਸਤਾਂ, ਜਿਵੇਂ ਕਿ ਟਰੈਕਟਰ, ਟਿਊਬਵੈਲਾਂ ਅਤੇ ਖਾਦਾਂ ਦੀਆਂ ਕੀਮਤਾਂ ਨੂੰ ਘਟਾਇਆ ਜਾਵੇ, ਤਾਂ ਜੋ ਖੇਤੀ ਦਾ ਧੰਦਾ ਲਾਹੇਵੰਦ ਹੋ ਸਕੇ।

ਮਤਾ ਨੰਬਰ ੪

ਸ਼੍ਰੋਮਣੀ ਅਕਾਲੀ ਦਲ ਦੀ ਛਤਰ ਛਾਇਆ ਹੇਠ ਸਜਿਆ ਇਹ ਮਹਾਨ ਸਮਾਗਮ ਖੇਦ ਪ੍ਰਗਟ ਕਰਦਾ ਹੈ ਕਿ ਪੰਜਾਬ ਦੇ ਗੁਆਂਢੀ ਰਾਜਾਂ ਹਿਮਾਚਲ, ਹਰਿਆਣਾ, ਦਿੱਲੀ ਅਤੇ ਜੰਮੂ ਕਸ਼ਮੀਰ ਆਦਿ ਵਿੱਚ ਪੰਜਾਬੀ ਬੋਲੀ ਨਾਲ

ਬੜਾ ਧੱਕਾ ਕੀਤਾ ਜਾ ਰਿਹਾ ਹੈ, ਇਸ ਲਈ ਇਹ ਸਮਾਗਮ ਮੰਗ ਕਰਦਾ ਹੈ ਕਿ ਪੰਜਾਬ ਦੇ ਗੁਆਂਢੀ ਰਾਜਾਂ ਵਿੱਚ ਨਹਿਰੂ ਭਾਸ਼ਾਈ ਫਾਰਮੂਲੇ ਅਨੁਸਾਰ ਪੰਜਾਬੀ ਬੋਲੀ ਨੂੰ ਸੈਕਿੰਡ ਲੈਂਗੂਏਜ਼ ਦਾ ਅਸਥਾਨ ਦਿੱਤਾ ਜਾਵੇ, ਕਿਉਂਕਿ ਇਹਨਾਂ ਸੂਬਿਆਂ ਵਿੱਚ ਬਹੁਤ ਭਾਰੀ ਗਿਣਤੀ ਵਿੱਚ ਪੰਜਾਬੀ ਬੋਲਣ ਵਾਲਿਆਂ ਦੀ ਵਸੋਂ ਹੈ।

ਮਤਾ ਨੰਬਰ ੫

ਇਹ ਸਮਾਗਮ ਖੇਦ ਪ੍ਰਗਟ ਕਰਦਾ ਹੈ ਕਿ ਦੇਸ਼ ਦੇ ਬਟਵਾਰੇ ਦੇ ਫਲ ਸਰੂਪ, ਜੰਮੂ-ਕਸ਼ਮੀਰ ਵਿੱਚ ਆ ਕੇ ਅਬਾਦ ਹੋਏ ਸ਼ਰਨਾਰਥੀਆਂ ਨੂੰ ਇੰਨੇ ਲੰਬੇ ਸਮੇਂ ਵਿੱਚ ਵੀ ਉਹਨਾਂ ਦੀ ਪਾਕਿਸਤਾਨ ਵਿੱਚ ਰਹਿ ਗਈ ਜ਼ਮੀਨ ਅਥਵਾ ਜਾਇਦਾਦ ਦੇ ਕਲੇਮ ਨਹੀਂ ਦਿੱਤੇ ਗਏ ਅਤੇ ਇਹ ਅਭਾਗੇ ਸ਼ਰਨਾਰਥੀ ਹੁਣ ਤੱਕ ਕੈਂਪਾਂ ਵਿੱਚ ਰੁਲ ਰਹੇ ਹਨ।

ਇਸ ਲਈ ਇਹ ਸਮਾਗਮ ਮੰਗ ਕਰਦਾ ਹੈ ਕਿ ਉਹਨਾਂ ਦੇ ਕਲੇਮ ਤੁਰੰਤ ਦਿੱਤੇ ਜਾਣ ਅਤੇ ਉਹਨਾਂ ਦੇ ਪੁਨਰਵਾਸ ਦਾ ਤੁਰੰਤ ਪ੍ਰਬੰਧ ਕੀਤਾ ਜਾਵੇ ਅਤੇ ਵਿਧਾਨ ਦੀ ਧਾਰਾ ੩੭੦ ਅਧੀਨ, ਇਸ ਸਬੰਧੀ ਜੋ ਰੋਕ ਹੈ, ਉਹ ਦੂਰ ਕੀਤੀ ਜਾਵੇ।

ਮਤਾ ਨੰਬਰ ੬

੧੯ਵੀਂ ਸਰਬ-ਹਿੰਦ ਅਕਾਲੀ ਕਾਨਫਰੰਸ ਦਾ ਇਹ ਸਮਾਗਮ ਖੇਦ ਪ੍ਰਗਟ ਕਰਦਾ ਹੈ ਕਿ ਪੰਜਾਬ ਤੋਂ ਬਾਹਰਲੇ ਸੂਬਿਆਂ ਵਿੱਚ ਘੱਟ-ਗਿਣਤੀ ਨਾਲ ਇਨਸਾਫ ਨਹੀਂ ਹੋ ਰਿਹਾ ਅਤੇ ਉਹ ਹਰ ਖੇਤਰ ਵਿੱਚ ਨਜ਼ਰੋਂ ਉਹਲੇ ਕੀਤੇ ਗਏ ਹਨ।

ਇਹ ਸਮਾਗਮ ਮੰਗ ਕਰਦਾ ਹੈ ਕਿ ਪੰਜਾਬ ਤੋਂ ਬਾਹਰ ਵੱਸਦੇ ਸਿੱਖਾਂ ਨਾਲ ਇਨਸਾਫ ਕੀਤਾ ਜਾਵੇ ਅਤੇ ਉਹਨਾਂ ਨੂੰ ਸਰਕਾਰੀ ਨੌਕਰੀਆਂ, ਲੋਕਲ ਬਾਡੀਜ਼, ਰਾਜ ਸਭਾ ਅਥਵਾ ਵਿਧਾਨ ਪ੍ਰੀਸ਼ਦਾਂ ਆਦਿ ਵਿੱਚ ਨਾਮਜ਼ਦਗੀ ਰਾਹੀਂ ਪ੍ਰਤੀਨਿਧਤਾ ਦਿੱਤੀ ਜਾਵੇ।

ਮਤਾ ਨੰਬਰ ੭

੧੯ਵੀਂ ਸਰਬ-ਹਿੰਦ ਅਕਾਲੀ ਕਾਨਫਰੰਸ ਦਾ ਇਹ ਸਮਾਗਮ ਸੰਤੋਸ਼ ਪ੍ਰਗਟ ਕਰਦਾ ਹੈ ਕਿ ਜਦ ਤੋਂ ਦੇਸ਼ ਵਿੱਚ ਖੇਤੀ ਬਾੜੀ ਦੇ ਖੇਤਰ ਵਿੱਚ ਮਸ਼ੀਨੀਕਰਨ ਦਾ ਤਰੀਕਾ ਅਪਨਾਇਆ ਗਿਆ ਹੈ, ਦੇਸ਼ ਦੀ ਉਪਜ ਵਧੀ ਹੈ ਅਤੇ ਦੇਸ਼ ਤੇਜ਼ੀ ਨਾਲ ਆਤਮ-ਨਿਰਭਰਤਾ ਵੱਲ ਵਧ ਰਿਹਾ ਹੈ।

ਇਹ ਸਮਾਗਮ ਅਨੁਭਵ ਕਰਦਾ ਹੈ ਕਿ ਦੇਸ਼ ਦਾ ਸਧਾਰਨ ਕਿਸਾਨ ਮਸ਼ੀਨੀਕਰਨ ਦੇ ਸਾਧਨ ਨੂੰ ਅਪਨਾਉਣ ਤੋਂ ਇਸ ਲਈ ਅਸਮਰਥ ਹੈ ਕਿ ਇਹ ਸਾਧਨ ਮਹਿੰਗਾ ਅਤੇ ਸਾਧਾਰਨ ਕਿਸਾਨ ਦੀ ਪਹੁੰਚ ਤੋਂ ਬਾਹਰ ਹੈ।

ਇਸ ਲਈ ਸ਼੍ਰੋਮਣੀ ਅਕਾਲੀ ਦਲ ਹਿੰਦ ਸਰਕਾਰ ਤੋਂ ਪੁਰਜ਼ੋਰ ਮੰਗ ਕਰਦਾ ਹੈ ਕਿ ਟਰੈਕਟਰ ਉੱਤੇ ਐਕਸਾਈਜ਼ ਡਿਊਟੀ ਖ਼ਤਮ ਕੀਤੀ ਜਾਵੇ ਅਤੇ ਟਰੈਕਟਰ ਦੇ ਭਾਅ ਘਟਾਏ ਜਾਣ, ਤਾਂ ਕਿ ਸਾਧਾਰਨ ਕਿਸਾਨ ਖੇਤੀਬਾੜੀ ਨੂੰ ਮਸ਼ੀਨੀਕਰਨ ਨਾਲ ਉਨਤ ਕਰ ਸਕੇ ਅਤੇ ਦੇਸ਼ ਦੀ ਉਪਜ ਵਿੱਚ ਹੋਰ ਵਾਧਾ ਹੋ ਸਕੇ।

ਮਤਾ ਨੰਬਰ ੮

ਸ਼੍ਰੋਮਣੀ ਅਕਾਲੀ ਦਾ ਇਹ ਸਮਾਗਮ ਦੇਸ਼ ਦੇ ਨਿਰਬਲ ਅਤੇ ਮਜ਼ਦੂਰ ਵਰਗ ਵੱਲ ਭਾਰਤ ਅਤੇ ਪੰਜਾਬ ਸਰਕਾਰ ਨੂੰ ਉਚੇਚਾ ਧਿਆਨ ਦੇਣ ਲਈ ਅਪੀਲ ਕਰਦਾ ਹੈ ਅਤੇ ਮੰਗ ਕਰਦਾ ਹੈ ਕਿ ਮਜ਼ਦੂਰ ਦੀ ਘੱਟ ਤੋਂ ਘੱਟ ਤਨਖਾਹ ਦੇ ਐਕਟ ਵਿੱਚ ਸੋਧ ਕੀਤੀ ਜਾਵੇ ਅਤੇ ਹੋਰ ਅਜਿਹੇ ਲੇਬਰ ਕਾਨੂੰਨ ਬਣਾਏ ਜਾਣ ਜਿਹਨਾਂ ਨਾਲ ਮਜ਼ਦੂਰ ਦੀ ਆਰਥਿਕ ਹਾਲਤ ਵਿੱਚ ਸੁਧਾਰ ਹੋ ਸਕੇ ਅਤੇ ਉਹ ਵੀ ਸਵੈ-ਮਾਨ ਨਾਲ ਆਪਣਾ ਜੀਵਨ ਬਤੀਤ ਕਰ ਸਕੇ ਅਤੇ ਦੇਸ਼ ਦੀ ਸਨਅਤ ਵਿੱਚ ਵਾਧਾ ਕਰਨ ਲਈ ਆਪਣਾ ਪੂਰਾ ਯੋਗਦਾਨ ਪਾ ਸਕੇ।

ਮਤਾ ਨੰਬਰ ੯

ਇਹ ਸਮਾਗਮ ਭਾਰਤ ਸਰਕਾਰ ਤੋਂ ਮੰਗ ਕਰਦਾ ਹੈ ਕਿ ਦੇਸ਼ ਤੋਂ ਬਾਹਰ ਰਹਿੰਦੇ ਗੁਰੂ ਨਾਨਕ ਨਾਮ ਲੇਵਾ ਭਾਰਤੀਆਂ ਦੀ ਮੰਗ ਅਨੁਸਾਰ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਇੱਕ ਬਰਾਡਕਾਸਟਿੰਗ ਸਟੇਸ਼ਨ ਸਥਾਪਤ ਕਰਨ ਦੀ ਆਗਿਆ ਦਿੱਤੀ ਜਾਵੇ, ਜਿਸ ਰਾਹੀਂ ਨਿਰੋਲ ਗੁਰਬਾਣੀ ਦਾ ਕੀਰਤਨ ਸਾਰੇ ਸੰਸਾਰ ਵਿੱਚ ਵੱਖੋ-ਵੱਖ ਬੈਠੇ ਗੁਰਬਾਣੀ ਦੇ ਸ਼ਰਧਾਲੂ ਸੁਣ ਕੇ ਆਤਮਿਕ ਅਨੰਦ ਪ੍ਰਾਪਤ ਕਰ ਸਕਣ।

ਇਹ ਸਮਾਗਮ ਸਪਸ਼ਟ ਕਰ ਦੇਣਾ ਚਾਹੁੰਦਾ ਹੈ ਕਿ ਪ੍ਰਸਤਾਵਤ ਬਰਾਡਕਾਸਟਿੰਗ ਪ੍ਰੋਜੈਕਟ ਦਾ ਸਾਰਾ ਖਰਚਾ ਖ਼ਾਲਸਾ ਪੰਥ ਕਰੇਗਾ ਅਤੇ ਇਸ ਉੱਤੇ ਭਾਰਤ ਸਰਕਾਰ ਦਾ ਪੂਰਾ ਕੰਟਰੋਲ ਹੋਵੇਗਾ। ਇਸ ਸਮਾਗਮ ਨੂੰ ਆਸ ਹੈ ਕਿ ਭਾਰਤ ਸਰਕਾਰ ਇਸ ਨਿਰੋਲ ਧਾਰਮਿਕ ਮੰਗ ਨੂੰ ਪੂਰਨ ਗੰਭੀਰਤਾ ਨਾਲ ਵਿਚਾਰ ਕੇ ਪ੍ਰਵਾਨ ਕਰੇਗੀ।

ਮਤਾ ਨੰਬਰ ੧੦

ਸ਼੍ਰੋਮਣੀ ਅਕਾਲੀ ਦਲ ਦਾ ਇਹ ਮਹਾਨ ਸਮਾਗਮ ਭਾਰਤ ਸਰਕਾਰ ਤੋਂ

ਪੁਰਜ਼ੋਰ ਮੰਗ ਕਰਦਾ ਹੈ ਕਿ ਕਿਸਾਨ ਵਰਗ ਵੱਲੋਂ ਦੇਸ਼ ਵਾਸਤੇ ਘਾਲੀਆਂ ਘਾਲਨਾਵਾਂ ਨੂੰ ਮੁੱਖ ਰੱਖ ਕੇ ਕਿਸਾਨ ਦੇ ਹਿੱਤਾਂ ਦਾ ਧਿਆਨ ਰੱਖਦਿਆਂ ਹੇਠ ਲਿਖੇ ਕਨੂੰਨਾਂ ਵਿੱਚ ਲੋੜੀਂਦੀਆਂ ਸੋਧਾਂ ਕੀਤੀਆਂ ਜਾਣ :

੧. ਹਿੰਦੂ ਵਿਰਾਸਤ ਐਕਟ ਦੀ ਜਾਇਦਾਦ ਦੇ ਹੱਕ ਦੀ ਧਾਰਾ ਵਿੱਚ ਸੋਧ ਕਰਕੇ ਲੜਕੀਆਂ ਨੂੰ ਪਿਤਾ ਦੀ ਜਾਇਦਾਦ ਦੀ ਬਜਾਏ, ਸੌਹਰੇ ਦੀ ਜਾਇਦਾਦ ਵਿੱਚ ਹੱਕ ਦਿੱਤਾ ਜਾਵੇ।

੨. ਕਿਸਾਨਾਂ ਦੀ ਖੇਤੀ ਹੇਠ ਆਈ ਜ਼ਮੀਨ ਨੂੰ ਵੈਲਥ ਟੈਕਸ ਅਤੇ ਮੌਤ ਟੈਕਸ ਤੋਂ ਪੂਰੀ ਤਰ੍ਹਾਂ ਛੋਟ ਦਿੱਤੀ ਜਾਵੇ।

ਮਤਾ ਨੰਬਰ ੧੧

ਸ਼੍ਰੋਮਣੀ ਅਕਾਲੀ ਦਲ ਦਾ ਇਹ ਮਹਾਨ ਸਮਾਗਮ ਭਾਰਤ ਸਰਕਾਰ ਤੋਂ ਪੁਰਜ਼ੋਰ ਮੰਗ ਕਰਦਾ ਹੈ ਕਿ ਸੂਚਿਤ ਅਤੇ ਅਨੁਸੂਚਿਤ ਜਾਤੀਆਂ ਦੇ ਪਛੜੇ-ਪਨ ਨੂੰ ਮੁੱਖ ਰੱਖ ਕੇ ਸਮਾਜ ਵਿੱਚ ਉਹਨਾਂ ਦੇ ਹੱਕਾਂ ਦੀ ਰਾਖੀ ਲਈ ਅਤੇ ਅਮਲੀ ਵੈਲਫੇਅਰਨ ਲਈ, ਕੇਂਦਰੀ ਬਜਟ ਦਾ ਹਿੱਸਾ ਇਹਨਾਂ ਦੀ ਅਬਾਦੀ ਅਨੁਸਾਰ ਰਾਖਵਾਂ ਰੱਖ ਕੇ ਖਰਚ ਕੀਤਾ ਜਾਵੇ ਅਤੇ ਇਹਨਾਂ ਦੀ ਰੀਜ਼ਰਵੇਸ਼ਨ ਨੂੰ ਅਮਲੀ ਰੂਪ ਦੇਣ ਲਈ ਕੇਂਦਰ ਵਿੱਚ ਵੱਖਰੀ ਵਜ਼ਾਰਤ ਕਾਇਮ ਕੀਤੀ ਜਾਵੇ, ਤਾਂ ਕਿ ਇਹਨਾਂ ਨਾਲ ਪੂਰਾ ਇਨਸਾਫ਼ ਹੋ ਸਕੇ।

ਇਹ ਸਮਾਗਮ ਇਹ ਵੀ ਮੰਗ ਕਰਦਾ ਹੈ ਕਿ ਸਰਕਾਰ ਵੱਲੋਂ ਹੋ ਚੁੱਕੇ ਫੈਸਲੇ ਅਨੁਸਾਰ ਹਿੰਦੂ ਤੇ ਸਿੱਖ ਹਰੀਜਨਾਂ ਵਿੱਚ ਆਰਥਿਕ ਵਿਤਕਰਾ ਭਾਰਤ ਦੇ ਕਿਸੇ ਵੀ ਰਾਜ ਵਿੱਚ ਨਾ ਕੀਤਾ ਜਾਵੇ।

ਮਤਾ ਨੰਬਰ ੧੨

ਕੇਂਦਰ ਸਰਕਾਰ ਤੋਂ ਮੰਗ ਕੀਤੀ ਜਾਂਦੀ ਹੈ ਕਿ ਕਾਂਰਸਗ ਸਰਕਾਰ ਵੱਲੋਂ ਰਾਵੀ-ਬਿਆਸ ਦੇ ਪਾਣੀ ਦੀ ਵੰਡ ਵਿੱਚ ਪੰਜਾਬ ਨਾਲ ਕੀਤਾ ਵਿਤਕਰਾ ਦੂਰ ਕੀਤਾ ਜਾਵੇ। ਕੇਂਦਰ ਸਰਕਾਰ ਤੋਂ ਇਹ ਵੀ ਮੰਗ ਕੀਤੀ ਜਾਂਦੀ ਹੈ ਕਿ ਪੰਜਾਬ ਨੂੰ ਤੁਰੰਤ ਛੇ (੬) ਖੰਡ ਮਿੱਲਾਂ ਅਤੇ ਚਾਰ (੪) ਕੱਪੜਾ ਮਿੱਲਾਂ ਦੀ ਪ੍ਰਵਾਨਗੀ ਦਿੱਤੀ ਜਾਵੇ, ਤਾਂ ਕਿ ਪੰਜਾਬ ਆਪਣੀ ਐਗਰੋ ਇੰਡਸਟਰੀਅਲ ਪਾਲਿਸੀ ਨੂੰ ਲਾਗੂ ਕਰ ਸਕੇ।

ਸਮਾਪਤ

ਦੇਗ਼ ਤੇਗ਼ ਫਤਹਿ॥ ਪੰਥ ਕੀ ਜੀਤ॥

ਅਕਾਲੀ ਦਲ ਦਾ ਆਰਥਿਕ ਨਿਸ਼ਾਨਾ

"ਅਕਾਲੀ ਦਲ ਦਾ ਨਿਸ਼ਾਨਾ ਹੈ ਕਿ ਹਰ ਵੇਹਲੇ ਨੂੰ ਰੁਜ਼ਗਾਰ ਤੇ ਲਾਉਣਾ, ਹਰ ਮੂੰਹ ਲਈ ਰੋਟੀ, ਹਰ ਤਨ ਲਈ ਕੱਪੜਾ, ਰਹਿਣ ਲਈ ਮਕਾਨ, ਚੜ੍ਹਨ ਲਈ ਸਵਾਰੀ ਅਤੇ ਉਹਨਾਂ ਸਾਰੀਆਂ ਸਭਿਆਚਾਰਕ ਲੋੜਾਂ ਦੀ ਪੂਰਤੀ ਲਈ ਵਸੀਲੇ ਪੈਦਾ ਕਰਨੇ, ਜਿਹਨਾਂ ਬਗ਼ੈਰ ਜੀਵਨ ਅਧੂਰਾ ਜਾਪਦਾ ਹੈ।"

ੴ ਵਾਹਿਗੁਰੂ ਜੀ ਕੀ ਫਤਹਿ॥

ਸਿੱਖ ਪੰਥ ਦਾ ਰਾਜਸੀ ਨਿਸ਼ਾਨਾ

"ਸ਼੍ਰੋਮਣੀ ਅਕਾਲੀ ਦਲ ਦਾ ਰਾਜਸੀ ਨਿਸ਼ਾਨਾ ਨਿਸਚੇ ਤੌਰ 'ਤੇ ਸਾਹਿਬ ਦਸਮ ਪਾਤਸ਼ਾਹ ਦੇ ਆਦੇਸ਼ਾਂ ਸਿੱਖ ਇਤਿਹਾਸ ਦੇ ਪੰਨਿਆਂ ਅਤੇ ਖ਼ਾਲਸਾ ਪੰਥ ਦੇ 'ਮਨ-ਮੰਦਰ' ਵਿੱਚ ਉਕਰਿਆ ਚਲਿਆ ਆ ਰਿਹਾ ਹੈ, ਜਿਸ ਦਾ ਮਨੋਰਥ 'ਖ਼ਾਲਸਾ ਜੀ ਦੇ ਬੋਲ ਬਾਲੇ' ਹੈ।"

"ਖ਼ਾਲਸਾ ਜੀ ਦੇ ਇਸ ਜਨਮ-ਸਿੱਧ ਅਧਿਕਾਰ ਨੂੰ ਦ੍ਰਿਸ਼ਟਮਾਨ ਕਰਨ ਲਈ ਲੋੜੀਂਦੇ ਦੇਸ਼-ਕਾਲ ਅਤੇ ਰਾਜਸੀ ਵਿਧਾਨ ਦੀ ਸਿਰਜਨਾ ਪ੍ਰਾਪਤੀ, ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਢਾਂਚੇ ਦੀ ਨੀਂਹ ਹੈ।"

ਅੰਤਿਕਾ-੩

ਸੰਸਾਰ ਸਿੱਖ ਧਰਮ ਕਨਵੈਨਸ਼ਨ ਵਿਚ ਪੇਸ਼ ਕੀਤਾ ਸਿੱਖਾਂ ਨਾਲ ਵਧੀਕੀਆਂ ਦਾ ਚਾਰਟਰ

(ਦੀਵਾਨ ਹਾਲ, ਮੰਜੀ ਸਾਹਿਬ, ਅੰਮ੍ਰਿਤਸਰ ੨੬-੦੨-੧੯੮੧)

੧. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ੧੯੪੭ ਤੋਂ ੧੯੫੫ ਤੱਕ ਕਾਂਗਰਸ ਸਰਕਾਰ ਨੇ ਆਰਥਿਕ ਤੇ ਰਾਜਸੀ ਸ਼ਕਤੀ ਰਾਹੀਂ ਆਪਣੇ ਏਜੰਟਾਂ ਦਾ ਕਬਜ਼ਾ ਕਰਵਾਉਣਾ।

੨. ਪਾਕਿਸਤਾਨ ਵਿੱਚ ਰਹਿ ਗਏ ਗੁਰਧਾਮਾਂ ਦੀ ਸੇਵਾ ਸੰਭਾਲ ਸਿੱਖਾਂ ਦੇ ਹੱਥਾਂ ਵਿੱਚ ਦਿਵਾਉਣ ਲਈ ਕੋਈ ਯਤਨ ਨਾ ਕਰਨਾ।

੩. ਪ੍ਰਦੇਸਾਂ ਅਤੇ ਵਿਦੇਸਾਂ ਵਿੱਚ ਵੱਸਦੇ ਸਿੱਖਾਂ ਦੇ ਜਾਨ ਮਾਲ ਤੇ ਧਰਮ ਦੀ ਸੁਰੱਖਿਆ ਵੱਲੋਂ ਅਵੇਸਲੇ ਰਹਿਣਾ।

੪. ੧੯੭੧ ਵਿੱਚ ਦਿੱਲੀ ਦੇ ਗੁਰਦੁਆਰਿਆਂ 'ਤੇ ਜ਼ਬਰਨ ਕਬਜ਼ਾ ਕਰਨਾ ਤੇ ੧੫ ਹਜ਼ਾਰ ਸਿੰਘਾਂ ਦੀਆਂ ਗ੍ਰਿਫ਼ਤਾਰੀਆਂ ਤੋਂ ਬਾਅਦ ਦਿੱਲੀ ਗੁਰਦੁਆਰਾ ਐਕਟ ਬਣਾਉਣਾ ਪਰ ਚੋਣਾਂ ਨਾ ਕਰਵਾਉਣੀਆਂ।

੫. ਹਰਿਆਣੇ ਦੇ ਗੁਰਦੁਆਰਿਆਂ ਵਿੱਚ ਲੈਂਡ ਸੀਲਿੰਗ ਐਕਟ ਲਾਗੂ ਕਰਨਾ।

੬. ਪੰਦਰਾਂ ਵੱਖ ਵੱਖ ਤੀਰਥ ਅਸਥਾਨਾਂ ਦੇ ਨਾਂਅ 'ਤੇ ਰੇਲ ਗੱਡੀਆਂ ਦੇ ਨਾਂਅ ਰੱਖਣੇ ਪਰ ਹਰਿਮੰਦਰ ਸਾਹਿਬ ਐਕਸਪ੍ਰੈਸ ਨਾਂਅ ਰੱਖਣ ਤੋਂ ਇਨਕਾਰ ਕਰਨਾ।

੭. ਹਰਿਦੁਆਰ, ਕਾਸ਼ੀ ਤੇ ਕੁਰਕਸ਼ੇਤਰ ਸ਼ਹਿਰਾਂ ਨੂੰ ਧਾਰਮਿਕ ਸ਼ਹਿਰਾਂ ਦਾ ਦਰਜਾ ਦੇਣਾ ਪਰ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਧਾਰਮਿਕ ਸ਼ਹਿਰ ਦਾ ਦਰਜਾ ਦੇਣ ਤੋਂ ਵਾਵੇਲਾ ਕਰਨਾ।

੮. ਦਰਬਾਰ ਸਾਹਿਬ ਵਿੱਚ ਟ੍ਰਾਂਸਮੀਟਰ ਲਾਉਣ ਦੀ ਆਗਿਆ ਨਾ ਦੇਣਾ।

੯. ਆਲ ਇੰਡੀਆ ਗੁਰਦੁਆਰਾ ਐਕਟ ਨਾ ਬਣਾਉਣਾ।

੧੦. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿੱਖਾਂ ਦੀ ਇੱਕੋ ਇੱਕ ਪ੍ਰਤੀਨਿਧ ਸੰਸਥਾ ਮੰਨਣ ਤੋਂ ਇਨਕਾਰੀ ਹੋਣਾ।

੧੧. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਾਕਿਸਤਾਨ ਤੀਰਥ ਯਾਤਰੂ ਭੇਜਣ ਦੇ ਹੱਕ 'ਤੇ ਛਾਪਾ ਮਾਰਨਾਂ।

੧੨. ਸਿੱਖਾਂ ਦੀਆਂ ਧਾਰਮਿਕ ਰਹੁ-ਰੀਤਾਂ ਵਿੱਚ ਦਖ਼ਲ ਦੇਣਾ ਤੇ ਸਿੱਖ ਪਰੰਪਰਾਵਾਂ ਤੇ ਰਵਾਇਤਾਂ ਦੀ ਪਵਿੱਤਰਤਾ ਨੂੰ ਭੰਗ ਕਰਨਾਂ।

੧੩. ਸੈਕੂਲਰ ਦੀ ਢੰਡੋਰਚੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਗ਼ੈਰ-ਵਿਧਾਨਿਕ ਪੂਰਨ ਤੇ ਪੁਲਿਸ ਸ਼ਕਤੀ ਦੀ ਸ਼ਰਮਨਾਕ ਵਰਤੋਂ ਕਰ ਕੇ ਦਿਲੀ ਦੇ ਗੁਰਧਾਮਾਂ 'ਤੇ ਕਬਜ਼ਾ ਕਰਨਾ।

੧੪. ਕਾਂਗਰਸ ਨੇ ਸਿੱਖ ਕੌਮ ਨੂੰ ਰਾਜਸੀ ਵਚਨ ਦਿੱਤਾ ਸੀ ਕਿ ਉੱਤਰੀ ਭਾਰਤ ਵਿੱਚ ਇੱਕ ਅਜਿਹੇ ਖਿੱਤੇ ਦਾ ਪ੍ਰਬੰਧ ਕੀਤਾ ਜਾਵੇਗਾ, ਜਿਸ ਵਿੱਚ ਸਿੱਖ ਆਜ਼ਾਦੀ ਦਾ ਪੂਰਨ ਆਨੰਦ ਮਾਣ ਸਕਣਗੇ, ਪਰ ਭਾਰਤ ਦੀ ਹੋਮ ਮਨਿਸਟਰੀ ਨੇ ੧੯੪੭ ਵਿੱਚ ਹੀ ਸਿੱਖਾਂ ਨੂੰ ਜਰਾਇਮ ਪੇਸ਼ਾ ਕਰਾਰ ਦੇ ਦਿੱਤਾ।

੧੫. ਭਾਰਤੀ ਵਿਧਾਨ ਅਸਲੀ ਫੈਡਰਲ ਰੂਪ ਵਿੱਚ ਢਾਲ ਕੇ ਪ੍ਰਦੇਸਾਂ ਨੂੰ ਅੰਦਰੂਨੀ ਖ਼ੁਦ-ਮੁਖ਼ਤਾਰੀ ਨਾ ਦੇਣਾ, ਸਗੋਂ ਰਾਜਸੀ ਸ਼ਕਤੀ ਦਾ ਕੇਂਦਰੀ-ਕਰਨ ਕਰਨਾ।

੧੬. ਭਾਰਤ ਵਿੱਚ ਬੋਲੀ ਦੇ ਆਧਾਰ 'ਤੇ ਸੂਬੇ ਸਥਾਪਤ ਕਰਨਾ ਪਰ ਪੰਜਾਬੀ ਸੂਬੇ ਦੇ ਨਾਹਰੇ 'ਤੇ ਪਾਬੰਦੀ ਲਾਉਣੀ। ਸਿੱਖ ਕੌਮ ਨੇ ੧੯ ਸਾਲ ਜੱਦੋ-ਜਹਿਦ ਕਰ ਕੇ, ਜਾਇਦਾਦਾਂ ਕੁਰਕ ਕਰਾ ਕੇ, ੭੫ ਹਜ਼ਾਰ ਸਿੰਘ ਜੇਲ੍ਹਾਂ ਵਿੱਚ ਜਾ ਕੇ, ਜੇਲ੍ਹਾਂ ਵਿੱਚ ਗੋਲੀਆਂ ਖਾ ਕੇ, ਬੱਚੇ ਖੂਹਾਂ ਵਿੱਚ ਸੁਟਵਾ ਕੇ, ਲਾਠੀ ਗੋਲੀ ਦੀ ਕਾਂਗਰਸ ਸਰਕਾਰ ਨੂੰ ਪੰਜਾਬੀ ਸੂਬਾ ਬਣਾਉਣ ਲਈ ਮਜਬੂਰ ਕੀਤਾ।

੧੭. ਪੰਜਾਬ ਤੋਂ ਪੰਜਾਬੀ ਬੋਲਦੇ ਇਲਾਕੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਪੰਜਾਬ ਦੇ ਹੈੱਡ ਵਰਕਸਾਂ ਦਾ ਪ੍ਰਬੰਧ ਤੇ ਦਰਿਆਵਾਂ ਦੇ ਪਾਣੀ ਤੇ ਬਿਜਲੀ ਨੂੰ ਖੋਹਣਾ।

੧੮. ਨਹਿਰੂ ਭਾਸ਼ਾਈ ਫ਼ਾਰਮੂਲੇ ਅਨੁਸਾਰ ਪੰਜਾਬ ਦੇ ਗੁਆਂਢੀ ਰਾਜਾਂ ਵਿੱਚ ਪੰਜਾਬੀ ਨੂੰ ਦੂਸਰੀ ਭਾਸ਼ਾ ਦਾ ਦਰਜਾ ਨਾ ਦੇਣਾ।

੧੯. ਸਿੱਖਾਂ ਦੀ ਫ਼ੌਜ ਵਿੱਚ ਭਰਤੀ ੨੦ ਪ੍ਰਤੀਸ਼ਤ ਤੋਂ ਘਟਾ ਕੇ ਡੇਢ ਪ੍ਰਤੀਸ਼ਤ ਕਰ ਦੇਣੀ।

੨੦. ਸਿੱਖਾਂ ਦੇ ਇੱਕੋ ਇੱਕ ਪੰਜਾਬ ਐਂਡ ਸਿੰਧ ਬੈਂਕ ਦਾ ਕੌਮੀਕਰਨ ਕਰਨਾ।

੨੧. ਸਿੱਖਾਂ ਦਾ ਪਰਸਨਲ ਲਾਅ ਨਾ ਮੰਨਣਾ।

੨੨. ਸਿੱਖ ਸਭਿਆਚਾਰ ਦੀ ਪ੍ਰਫੁਲਤਾ ਲਈ ਰੇਡੀਓ ਅਤੇ ਟੀ.ਵੀ. ਰਾਹੀਂ ਕੋਈ ਉਦਮ ਨਾ ਕਰਨਾ, ਸਗੋਂ ਫ਼ਿਲਮਾਂ ਅਤੇ ਟੀ.ਵੀ. ਤੇ ਸਿੱਖ ਕਰੈਕਟਰ ਨੂੰ ਘਟੀਆ ਬਣਾ ਕੇ ਪੇਸ਼ ਕਰਨਾਂ।

੨੩. ਸਿੱਖ ਪੰਥ ਨੂੰ ਵਿਧਾਨ ਰਾਹੀਂ ਮਿਲੇ ਕ੍ਰਿਪਾਨ ਦੇ ਅਧਿਕਾਰ ਨੂੰ ਇੰਡੀਅਨ ਏਅਰਵੇਜ਼ ਦੇ ਜਹਾਜ਼ ਵਿੱਚ ਵਰਤਣ ਤੋਂ ਰੋਕਣਾ।

੨੪. ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਡਰਾਈਪੋਰਟ ਨਾ ਬਣਾਉਣਾ।

੨੫. ਪੰਜਾਬ ਨੂੰ ਸੈਂਟਰਲ ਏਡ ਵਿੱਚੋਂ ਸਭ ਤੋਂ ਘੱਟ ਰਕਮ ਦੇਣੀ।

੨੬. ਅਕਾਲੀ ਸਰਕਾਰਾਂ ਨੂੰ ਪੰਜ ਸਾਲ ਦਾ ਪੂਰਾ ਸਮਾਂ ਨਾ ਕਰਣ ਦੇਣਾ ਤੇ ਗ਼ੈਰ-ਵਿਧਾਨਕ ਤੇ ਭ੍ਰਿਸ਼ਟਾਚਾਰ ਰਾਹੀਂ ਦਲ-ਬਦਲੀ ਕਰਵਾ ਕੇ ਅਕਾਲੀ ਸਰਕਾਰਾਂ ਨੂੰ ਤੋੜਨਾਂ।

੨੭. ਪੰਜਾਬੀਆਂ ਉੱਪਰ ਬੇ-ਵਿਸ਼ਵਾਸੀ ਪ੍ਰਗਟ ਕਰਦਿਆਂ ਨਿੱਜੀ ਸੁਰੱਖਿਆ ਲਈ ਦਿੱਤੇ ਲਾਇਸੈਂਸੀ ਹਥਿਆਰਾਂ ਨੂੰ ਖੋਹ ਕੇ ਉਹਨਾਂ ਨੂੰ ਨਿਹੱਥੇ ਬਣਾਉਣਾ।

੨੮. ਆਰਥਿਕ ਸ਼ਕਤੀ ਪ ਪ੍ਰਤੀਸ਼ਤ ਅਮੀਰ ਲੋਕਾਂ ਦੇ ਹੱਥਾਂ ਵਿੱਚ ਇਕੱਠੀ ਕਰ ਕੇ ਅਮੀਰੀ ਤੇ ਗ਼ਰੀਬੀ ਦੇ ਪਾੜੇ ਨੂੰ ਵਧਾਉਣਾ।

੨੯. ਕਾਂਗਰਸ ਨੇ ੩੪ ਸਾਲਾਂ ਦੇ ਰਾਜ ਕਾਲ ਵਿੱਚ ੩੪ ਕਰੋੜ ਲੋਕਾਂ ਨੂੰ ਅਤੀ ਗ਼ਰੀਬ ਬਣਾ ਕੇ ਰੱਖ ਦੇਣਾ।

੩੦. ਪੰਜਾਬ ਨੂੰ ਤਜ਼ਾਰਤੀ ਮੰਡੀ ਬਣਾ ਕੇ ਇਸ ਦੀ ਲੁੱਟ ਖਸੁੱਟ ਕਰਨਾਂ।

੩੧. ਕਾਂਗਰਸ ਨੇ ਜਮ੍ਹਾਂ-ਖੋਰੀ, ਮੁਨਾਫ਼ਾ-ਖ਼ੋਰੀ ਤੇ ਚੋਰ-ਬਾਜ਼ਾਰੀ ਨੂੰ ਬੜਾਵਾ ਦੇ ਕੇ ਜਨਤਾ ਨੂੰ ਮਹਿੰਗਾਈ ਦੀ ਚੱਕੀ ਵਿੱਚ ਪੀਸਣਾ।

੩੨. ਪੰਜਾਬੀ ਕਿਸਾਨਾਂ ਨੂੰ ਯੂ.ਪੀ. ਤੇ ਹਰਿਆਣੇ ਵਿੱਚੋਂ ਉਜਾੜਨ ਦੀਆਂ ਕੋਝੀਆਂ ਹਰਕਤਾਂ ਕਰਨੀਆਂ।

੩੩. ਪੰਜਾਬ ਨੂੰ ਆਰਥਿਕ ਪੱਖੋਂ ਪੱਛੜਿਆ ਰੱਖਣ ਲਈ ਪੰਜਾਬ ਵਿੱਚ ਵੱਡੇ ਕਾਰਖ਼ਾਨੇ ਨਾ ਲਾਉਣਾ।

੩੪. ਕਿਸਾਨਣ ਦੀ ਜ਼ਮੀਨ ਦੀ ਹੱਦ ਸਾਢੇ ੭ ਹੈਕਟੇਅਰ ਨਿਸਚਿਤ ਕਰਨਾ ਪਰ ਸ਼ਹਿਰੀ ਜਾਇਦਾਦ ਤੇ ਆਮਦਨ ਨੂੰ ਸੀਮਤ ਨਾ ਕਰਨਾ।

੩੫. ਕਿਸਾਨਾਂ ਨੂੰ ਫਸਲ ਦੇ ਬੀਮੇ ਦੀਆਂ ਸਹੂਲਤਾਂ ਨਾ ਦੇਣਾ।

੩੬. ਕਿਸਾਨਾਂ ਨੂੰ ਸਨਅਤੀ ਦਰਾਂ ਦੇ ਆਧਾਰ 'ਤੇ ਕਰਜ਼ਾ ਨਾ ਦੇਣਾ।

੩੭. ਕਿਸਾਨਾਂ ਦੀ ਜਿਨਸ ਦੇ ਭਾਅ ਨੂੰ ਪੈਦਾਵਾਰੀ ਸਾਧਨਾਂ ਦੇ ਭਾਅ ਨਾਲ

ਜੋੜ ਕੇ ਉਸ ਦੀ ਪੈਦਾਵਾਰ ਨੂੰ ਯੋਗ ਮੁੱਲ ਨਾ ਦੇਣਾ।

੩੮. ਕਿਸਾਨ ਦੀ ਜਿਨਸ ਨੂੰ ਸਸਤੇ ਭਾਅ ਲੁੱਟਣਾ ਤੇ ਖਪਤਕਾਰਾਂ ਨੂੰ ਮਹਿੰਗੇ ਭਾਅ ਵੇਚਣਾ।

੩੯. ਹਰੀਜਨਾਂ, ਕਮਜ਼ੋਰ ਵਰਗਾਂ, ਮਜ਼ਦੂਰਾਂ ਤੇ ਮੁਲਾਜ਼ਮਾਂ ਦੇ ਹੱਕਾਂ ਦੀ ਰਾਖੀ ਲਈ ਯੋਗ ਕਦਮ ਨਾ ਪੁੱਟਣਾ।

੪੦. ਦੇਸ਼ ਵਿੱਚ ਵਾਪਰੇ ਹਰ ਕੁਦਰਤੀ ਤੇ ਗ਼ੈਰ-ਕੁਦਰਤੀ ਕਹਿਰ ਲਈ ਮਾਲੀ ਸਹਾਇਤਾ ਦੇਣਾ, ਪਰ ਪੰਜਾਬ ਵਿੱਚ ਜੰਗਾਂ ਦੀ ਵਾਪਰੀ ਭਿਆਨਕ ਤਬਾਹੀ ਦਾ ਕੋਈ ਮੁਆਵਜ਼ਾ ਨਾ ਦੇਣਾ।

੪੧. ਬੇਰੁਜ਼ਗਾਰਾਂ ਨੂੰ ਬੇਰੁਜ਼ਗਾਰੀ ਭੱਤਾ ਨਾ ਦੇਣਾ।

੪੨. ਪੈਦਾਵਾਰ ਦੀ ਕੀਮਤ ਪੱਕੇ ਮਾਲ ਦੀ ਕੀਮਤ ਤੇ ਤਨਖ਼ਾਹ ਦਾ ਇਨਸਾਫ਼ ਦੇ ਆਧਾਰ 'ਤੇ ਸੁਮੇਲ ਨਾ ਕਰਨਾ।

੪੩. ਇੰਪਲਾਈਜ਼ ਇਨਸ਼ੋਰੈਂਸ ਸਕੀਮ ਤਹਿਤ ਜੋ ਮੈਡੀਕਲ ਸਹੂਲਤਾਂ ਫੈਕਟਰੀ ਕਾਮਿਆਂ ਨੂੰ ਦਿੱਤੀਆਂ ਜਾਂਦੀਆਂ ਹਨ, ਉਹ ਕਿਰਤੀਆਂ ਤੇ ਕਿਸਾਨਾਂ ਨੂੰ ਨਾ ਦੇਣਾ।

੪੪. ਕਿਸਾਨਾਂ ਦੀ ਸ਼ਹਿਰੀ ਜ਼ਮੀਨ ਨੂੰ ਕੌਡੀਆਂ ਦੇ ਭਾਅ ਜ਼ਬਰੀ ਖ਼ਰੀਦਣਾ ਤੇ ਅੱਗੋਂ ਸੋਨੇ ਦੇ ਭਾਅ ਵੇਚਣਾ।

੪੫. ਕਾਰਪੋਰੇਸ਼ਨ ਦੀ ਹੱਦ ਤੋਂ ਪੰਜ ਕਿਲੋਮੀਟਰ ਤੱਕ ਆਉਂਦੇ ਪਿੰਡਾਂ ਤੱਕ ਜ਼ਮੀਨ ਵੇਚਣ 'ਤੇ ਪਾਬੰਦੀ ਲਾਉਣੀ।

੪੬. ਪੰਥ ਦੀ ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਸ ਕੀਤੇ ਅਨੰਦਪੁਰ ਸਾਹਿਬ ਦੇ ਮਤੇ ਵਿਚਲੀਆਂ ਮੰਗਾਂ ਨੂੰ ਪ੍ਰਵਾਨ ਨਾ ਕਰਨਾ, ਸਗੋਂ 'ਪਾੜੋ ਤੇ ਰਾਜ ਕਰੋ' ਦੀ ਨੀਤੀ 'ਤੇ ਅਮਲ ਕਰਦਿਆਂ ਹਿੰਦੂ ਸਿੱਖਾਂ ਵਿੱਚ ਫੁੱਟ ਪਾਉਣ ਦੀਆਂ ਅਤੇ ਫਿਰਕੂ ਦੰਗੇ ਕਰਾਉਣ ਦੀਆਂ ਕੋਝੀਆਂ ਸਾਜ਼ਿਸ਼ਾਂ ਕਰਨੀਆਂ।

ਅੰਤਿਕਾ-੪

(ਦੀਵਾਨ ਹਾਲ ਮੰਜੀ ਸਾਹਿਬ ਅੰਮ੍ਰਿਤਸਰ ੨੨-੦੪-੧੯੭੯)

ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਪਵਿੱਤਰ ਹਜ਼ੂਰੀ ਵਿੱਚ, ਸ਼ਹੀਦਾਂ ਦੀ ਪਵਿੱਤਰ ਯਾਦ ਵਿੱਚ ਜੁੜ ਬੈਠੇ, ਗੁਰੂ ਰੂਪ, ਗੁਰੂ ਖ਼ਾਲਸਾ ਸਾਧ ਸੰਗਤ ਜੀਉ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਸ੍ਰੀ ਗੁਰੂ ਗਰੰਥ ਸਾਹਿਬ ਦਾ ਸਤਿਕਾਰ ਬਹਾਲ ਕਰਾਉਣ ਲਈ ੧੩ ਸਿੰਘਾਂ ਨੇ ਸ਼ਹੀਦੀਆਂ ਦਿੱਤੀਆਂ ਹਨ। ਪੰਜਾਬ ਸਰਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਇਸ ਬਾਰੇ ਜੋ ਪ੍ਰੋਗਰਾਮ ਉਲੀਕਣਗੇ, ਅਸੀਂ ਉਹਨਾਂ ਨੂੰ ਦੇਖਾਂਗੇ, ਘੋਖਾਂਗੇ ਤੇ ਕੋਈ ਵੀ ਕਦਮ ਕਾਹਲੀ ਵਿੱਚ ਨਹੀਂ ਚੁੱਕਾਂਗੇ।

ਨਕਲੀ ਨਿਰੰਕਾਰੀ ਆਗੂ ਨੇ ਵਿਸਾਖੀ ਵਾਲੇ ਦਿਨ ਸੱਤ ਸਿਤਾਰੇ ਸਾਜਣ ਦਾ ਐਲਾਨ ਕੀਤਾ ਸੀ। ਇਹ 'ਸ਼ਹੀਦ', ਨਿਰੰਕਾਰੀਆਂ ਨੂੰ ਸਮਝਾਉਣ ਵਾਸਤੇ ਗਏ ਸਨ, ਉਹਨਾਂ ਨਾਲ ਲੜਨ ਵਾਸਤੇ ਨਹੀਂ। ਉਹਨਾਂ ਦੀ ਕੋਈ ਵੀ ਗੋਲੀ ਉਸ ਸਮੇਂ ਹੋਏ ਇਕੱਠ ਦੇ ਕਿਸੇ ਵਿਅਕਤੀ ਨੂੰ ਨਹੀਂ ਲੱਗੀ। ਜਥੇ ਵਿੱਚ ਕੇਵਲ ੧੫੦ ਸਿੰਘ ਸਨ। ਉਹਨਾਂ ਕੋਲ ਕੋਈ ਹਥਿਆਰ ਨਹੀਂ ਸਨ।

ਸਾਡੀ ਇਹ ਪ੍ਰਤਿੱਗਿਆ ਹੈ ਕਿ ਅਸੀਂ ਸ਼ਹੀਦਾਂ ਦਾ ਖ਼ੂਨ ਅਜਾਈਂ ਨਹੀਂ ਜਾਣ ਦਿਆਂਗੇ ਤੇ ਸ੍ਰੀ ਗੁਰੂ ਗਰੰਥ ਸਾਹਿਬ ਦਾ ਅਪਮਾਨ ਹਰਗਿਜ਼ ਨਹੀਂ ਸਹਾਰਾਂਗੇ।

ਅਸੀਂ ਸਰਦਾਰ ਬਾਦਲ ਅਤੇ ਸਰਦਾਰ ਟੌਹੜਾ ਆਦਿ ਅਕਾਲੀ ਲੀਡਰਾਂ ਨਾਲ ਵਿਚਾਰਾਂ ਕੀਤੀਆਂ ਹਨ। ਅਸੀਂ ਉਹਨਾਂ ਨੂੰ ਭਰੋਸਾ ਦਿਵਾਇਆ ਹੈ ਕਿ ਕਾਹਲੀ ਵਿੱਚ ਕੋਈ ਕਦਮ ਨਹੀਂ ਚੁੱਕਾਂਗੇ, ਪਰ ਇਸ ਦੇ ਨਾਲ ਹੀ ਅਸੀਂ ਉਹਨਾਂ ਨੂੰ ਇਹ ਵੀ ਕਹਿ ਦਿੱਤਾ ਹੈ ਕਿ ਸਮਾਂ ਐਵੇਂ ਨਾ ਲੰਘ ਜਾਏ।

ਅਸੀਂ ਮੰਗ ਕਰਦੇ ਹਾਂ ਕਿ ਪਖੰਡੀ ਨਿਰੰਕਾਰੀ ਮਿਸ਼ਨ ਤੇ ਪਾਬੰਦੀ ਲਾਈ ਜਾਏ, ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ ਤੇ ਉਹਨਾਂ ਦਾ ਸਾਥ ਦੇਣ ਵਾਲੇ ਵਿਅਕਤੀਆਂ ਨੂੰ ਵੀ ਮੁਆਫ ਨਾ ਕੀਤਾ ਜਾਏ।

ਮੈਨੂੰ ਆਸ ਹੈ ਕਿ ਸੰਗਤਾਂ ਪੰਜਾਬ ਸਰਕਾਰ ਵੱਲੋਂ ਦਿਵਾਏ ਗਏ ਭਰੋਸੇ 'ਤੇ ਯਕੀਨ ਕਰਨਗੀਆਂ। ਫਿਰ ਵੀ ਮੈਂ ਚਿਤਾਵਨੀ ਦਿੰਦਾ ਹਾਂ ਕਿ ਜੇ ਸਰਕਾਰ ਨੇ ਸਮਾਂ ਲੈ ਕੇ ਵੀ ਕੁਝ ਨਾ ਕੀਤਾ ਤਾਂ ਅਸੀਂ ਸੰਗਤਾਂ 'ਤੇ ਕਾਬੂ ਨਹੀਂ ਪਾ ਸਕਾਂਗੇ।

ਗੁਰੂ ਪਿਆਰੀ ਸਾਧ ਸੰਗਤ ਜੀ, ਜਿਸ ਦਿਨ ਤੋਂ ਇਹ ਸਾਕਾ ਹੋਇਆ ਹੈ, ਮੈਂ ਆਪਣੇ ਆਪ ਨੂੰ ਮਰਿਆ ਸਮਝਦਾ ਹਾਂ, ਜੀਊਂਦਾ ਨਹੀਂ।

ਸਿੱਖ ਨਿਰੰਕਾਰੀ ਮਸਲੇ ਬਾਰੇ ਸਾਰੀਆਂ ਸੰਗਤਾਂ ਤੇ ਸਿੱਖ ਸੰਪਰਦਾਵਾਂ ਇਕੱਠੀਆਂ ਹਨ। ਸਾਨੂੰ ਆਸ ਹੈ ਕਿ ਸਰਕਾਰ ਤੇ ਅਕਾਲੀ ਦਲ ਸਾਨੂੰ ਨਿਆਂ ਦਿਵਾਉਣਗੇ, ਪਰ ਜੇਕਰ ਇਨਸਾਫ ਨਾ ਮਿਲਿਆ ਤਾਂ ਅਸੀਂ ਕੁਫ਼ਰ ਵਿਰੁੱਧ ਯੁੱਧ ਸ਼ੁਰੂ ਕਰ ਦਿਆਂਗੇ ਤੇ ਪਹਿਲੀ ਸ਼ਹੀਦੀ ਮੈਂ ਦਿਆਂਗਾ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ੴ ਵਾਹਿਗੁਰੂ ਜੀ ਕੀ ਫ਼ਤਹਿ ॥

ਸ੍ਰੀ ਅਕਾਲ ਜੀ ਸਹਾਇ ॥

ਹੁਕਮਨਾਮਾ

ਸ੍ਰੀ ਅਕਾਲ ਤਖ਼ਤ ਸਾਹਿਬ

ਦੇਗ ਤੇਗ ਫ਼ਤਹ ਨੁਸਰਤ ਬੇ ਦਰੰਗ ॥
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ ॥

ਸਰਬੱਤ ਖ਼ਾਲਸਾ ਸੰਸਾਰ ਭਰ ਦੇ ਮਾਈ ਭਾਈ ਦਾ ਕਲਿਆਣ, ਸ੍ਰੀ ਗੁਰੂ ਅਕਾਲ ਪੁਰਖ ਦੇ ਹੁਕਮ ਨੂੰ ਸਵੀਕਾਰ ਕਰਨ ਵਿੱਚ ਹੈ । ਅਕਾਲ ਪੁਰਖ ਸਰਬ ਸ਼ਕਤੀਮਾਨ ਅਤੇ ਦਯਾ-ਨਿਧਿ ਹੈ, ਅਤੇ ਉਸ ਦੀ ਰਜ਼ਾ ਵਿੱਚ ਸਰਬ ਸੁਖ ਦਾਤਾ, ਜਗਤ ਭਰ ਦੇ ਮਨੁੱਖ ਮਾਤਰ ਲਈ ਕਲਿਆਣਕਾਰੀ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੁਆਰਾ ਸਿੱਖ ਮੱਤ ਦਾ ਪਰਕਾਸ਼ ਹੋਇਆ ਹੈ ਅਤੇ ਖ਼ਾਲਸੇ ਦਾ ਬਿਰਦ ਹੈ :

ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥

ਕੁਝ ਸਮੇਂ ਤੋਂ ਸਾਡੇ ਦੇਸ਼ ਵਿੱਚ ਅਖੌਤੀ 'ਨਿਰੰਕਾਰੀ ਦਿੱਲੀ' ਦੀ ਸੰਗਿਆ ਹੇਠ ਚਲ ਰਹੀ ਲਹਿਰ, ਜਿਸ ਦਾ ਮੁਖੀ ਗੁਰਬਚਨ ਸਿੰਘ ਹੈ, ਉਸ ਦਾ ਨਿਸ਼ਾਨਾ ਧਰਮ ਤੇ ਸਦਾਚਾਰ ਨੂੰ ਵਿਨਾਸ਼ ਕਰਨਾ ਤਾਂ ਹੈ ਹੀ, ਪਰ ਉਹ ਸਿੱਖੀ ਤੇ ਖ਼ਾਲਸੇ ਦੇ ਸਿਧਾਂਤਾਂ, ਰਹੁਰੀਤਾਂ ਤੇ ਗੌਰਵ ਉੱਤੇ ਵਿਸ਼ੇਸ਼ ਕਰਕੇ ਪਰਚੰਡ ਹਮਲੇ ਕਰ ਰਿਹਾ ਹੈ । ਜਿਸ ਦੇ ਪ੍ਰਣਾਮ ਕਾਰਨ ਦੇਸ਼ ਵਿੱਚ ਕਈ ਥਾਂਵਾਂ ਉੱਤੇ ਗੰਭੀਰ ਫਸਾਦ ਹੋ ਚੁੱਕੇ ਹਨ ਅਤੇ ਪਿਛਲੀ ਵਿਸਾਖੀ ੧੩ ਅਪ੍ਰੈਲ ਸੰਨ ੧੯੭੯ ਨੂੰ ਇਸੇ ਕਾਰਨ ਸ੍ਰੀ ਅੰਮ੍ਰਿਤਸਰ ਵਿੱਚ ਅਨੇਕ ਸਿੰਘ ਧਰਮ ਹੇਤ ਜ਼ਖਮੀ ਤੇ ਸ਼ਹੀਦ ਹੋਏ ।

ਧਰਮ ਤੇ ਸਿੱਖੀ ਦੇ ਇਹ ਸ਼ਤਰੂ ਆਪਣੇ ਆਪ ਨੂੰ 'ਸੰਤ ਨਿਰੰਕਾਰੀ' ਕਹਾਉਂਦੇ ਹਨ ਅਤੇ ਇਹਨਾਂ ਦਾ ਆਗੂ ਗੁਰਬਚਨ ਸਿੰਘ, ਈਸ਼ਵਰ ਦਾ ਅਵਤਾਰ ਹੋਣ ਦਾ ਦਾਅਵਾ ਕਰਦਾ ਹੈ । ਇਹ ਸਰੀਰਕ ਤ੍ਰਿਪਤੀਆਂ ਤੇ ਸੁੱਖਾਂ ਨੂੰ ਹੀ ਮਨੁੱਖਾ ਜਨਮ ਦਾ ਮੁੱਖ ਮੰਤਵ ਸਮਝਦੇ ਹਨ । ਇਹ ਧਰਮ ਦੇ ਉੱਚਤਮ ਸਿਧਾਂਤ ਸ਼ਬਦ ਗੁਰੂ ਤੋਂ ਮੁਨਕਰ ਹੋ ਕੇ ਦੇਹਧਾਰੀ ਮਨੁੱਖਾਂ ਦੀ ਪੂਜਾ ਦਾ ਪਰਚਾਰ ਕਰਦੇ ਹਨ ਅਤੇ ਸਦਾਚਾਰ ਦਾ ਵਿਰੋਧ, ਇਹ ਕਹਿ ਕੇ ਕਰਦੇ ਹਨ ਕਿ ਪਾਪ ਤੇ ਪੁੰਨ ਐਵੇਂ ਮਨੋਕਲਪਤ ਹਨ । ਇਹਨਾਂ ਦਾ ਇਹ ਪਰਚਾਰ ਸੰਸਾਰ ਭਰ ਦੇ ਧਰਮਾਂ ਅਤੇ ਸਦਾਚਾਰਕ ਵਿਧਾਨਾਂ ਵਾਸਤੇ ਇੱਕ ਮਾਰੂ

ਹਮਲਾ ਹੈ। ਸਿੱਖ ਪੰਥ ਵਿੱਚ ਚੈਲੰਜ ਨੂੰ ਚਨੌਤੀ ਦਿੱਤੇ ਬਿਨਾਂ ਬਚ ਨਹੀਂ ਸਕਦਾ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੋਹਰ ਅਧਿਕਾਰ ਹੇਠਾਂ ਇਹ ਹੁਕਮ ਹਰ ਸਿੱਖ ਮਾਈ ਭਾਈ ਅਤੇ ਹਰ ਇੱਕ ਪ੍ਰਾਣੀ ਮਾਤਰ ਲਈ ਹੈ ਕਿ ਇਸ ਧਰਮ-ਸ਼ਤਰੂ ਅਤੇ ਮਨੁੱਖ ਮਾਤਰ ਲਈ ਹਾਨੀਕਾਰਕ ਟੋਲੇ ਦਾ ਹਰ ਯੋਗ ਤਰੀਕੇ ਨਾਲ ਵਿਰੋਧ ਕੀਤਾ ਜਾਵੇ ਅਤੇ ਇਸ ਨੂੰ ਸਮਾਜ ਅਤੇ ਸੰਸਾਰ ਵਿੱਚ ਵਧਣ ਫੈਲਣ ਨਾ ਦਿੱਤਾ ਜਾਵੇ। ਜੋ ਸਿੱਖ ਇਸ ਦੰਭੀ ਤੇ ਪਖੰਡੀ ਅਖੌਤੀ ਨਿਰੰਕਾਰੀ ਸੰਸਥਾ ਦਾ, ਅੰਗ ਬਣ ਚੁੱਕੇ ਹਨ, ਉਹਨਾਂ ਅਤੇ ਉਹਨਾਂ ਦੇ ਆਗੂ, ਗੁਰਬਚਨ ਸਿੰਘ ਨਾਲ 'ਖ਼ਾਲਸਾ ਪੰਥ' ਹਰ ਤਰ੍ਹਾਂ ਦਾ ਮੇਲ ਜੋਲ ਤੇ ਸੰਸਾਰਕ ਸੰਬੰਧ ਅਤੇ ਰੋਟੀ ਬੇਟੀ ਦੀ ਸਾਂਝ ਬੰਦ ਕਰੇ।

ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮਨਾਮਾ ਹੈ,
ਜੋ ਮੰਨੇਗਾ ਉਸ ਦਾ ਲੋਕ ਪ੍ਰਲੋਕ ਦੋਹੀਂ ਥਾਈਂ ਭਲਾ ਹੋਵੇਗਾ।

ਗੁਰੂ ਕੀ ਆਗਿਆ ਹੈ :
ਪੂਜਾ ਅਕਾਲ ਕੀ ॥
ਪਰਚਾ ਸ਼ਬਦ ਕਾ ॥
ਦਰਸ਼ਨ ਖ਼ਾਲਸੇ ਕਾ ॥

ਮੋਹਰ
ਸ੍ਰੀ ਅਕਾਲ ਤਖ਼ਤ ਸਾਹਿਬ

ਮਿਤੀ ੨੮ ਜੇਠ, ਸੰ. ਨਾਨਕਸ਼ਾਹੀ ੫੦੯
੧੦ ਜੂਨ, ੧੯੭੮

ਦਸਤਖ਼ਤ
ਸਾਧੂ ਸਿੰਘ
ਜਥੇਦਾਰ
ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ

ਅੰਤਿਕਾ-੬

ਸੀ. ਬੀ. ਆਈ. ਅਧਿਕਾਰੀਆਂ ਦੇ ਸਵਾਲਾਂ ਦੇ ਜਵਾਬ

(ਦਫ਼ਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ੦੫-੦੫-੧੯੮੦)

ਕੇਂਦਰੀ ਜਾਂਚ ਬਿਊਰੋ ਦੇ ਡੀ.ਆਈ.ਜੀ. ਸ਼ੇਖਰ ਤੇ ਇੱਕ ਹੋਰ ਸੀਨੀਅਰ ਅਧਿਕਾਰੀ ਵੱਲੋਂ, ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿੱਚ, ੫ ਮਈ ੧੯੮੦ ਨੂੰ ਨਿਰੰਕਾਰੀ ਕਤਲ ਕਾਂਡ ਦੇ ਸੰਬੰਧ ਵਿੱਚ ਕੀਤੀ ਗਈ ਪੁੱਛਗਿੱਛ ਦੌਰਾਨ ਕੀਤੇ ਸਵਾਲਾਂ ਦੇ ਜਵਾਬ :

? ਤੁਹਾਡਾ ਮਿਲਾਪ ਕਿਸ ਕਿਸ ਨਾਲ ਹੈ ?

- ਸੰਤ ਉੱਤਮ ਸਿੰਘ ਜੀ ਖੜ੍ਹਕ ਸਾਹਿਬ, ਸੰਤ ਬਾਬਾ ਖੜਕ ਸਿੰਘ ਜੀ ਕਾਰ ਸੇਵਾ ਵਾਲੇ, ਸੰਤ ਕ੍ਰਿਪਾਲ ਸਿੰਘ ਜੀ ਰੋਡੇ, ਸੰਤ ਬੀਰ ਬਿਕਰਮਾਜੀਤ ਸਿੰਘ ਜੀ, ਸੰਤ ਦੀਵਾਨ ਸਿੰਘ, ਸੰਤ ਤਾਰਾ ਸਿੰਘ ਜੀ, ਬਾਬਾ ਬਿਸ਼ਨ ਸਿੰਘ ਜੀ ਆਦਿ (ਸੰਤਾਂ ਨੇ ੩੨ ਸਖ਼ਸ਼ੀਅਤਾਂ ਦੇ ਨਾਮ ਲਏ)।

? ਇਹ ਤਾਂ ਸਭ ਮਹਾਤਮਾ ਹਨ ?

- ਹੋਰ ਬਲੈਕ ਤਾਂ ਮੈਂ ਕਰਦਾ ਨਹੀਂ ਜੋ ਕਿਸੇ ਬਲੈਕੀਏ, ਚੋਰ ਜਾਂ ਸਮਗਲਰ ਦਾ ਨਾਂਅ ਲਵਾਂ।

? ਤੁਹਾਡੇ ਕੋਲ ਹਥਿਆਰ ਹਨ ? ਕਾਰਬਾਈਨਾਂ ਹਨ ?

- ਹਾਂ, ਪਰ ਮੇਰੇ ਨਾਂਅ ਕੋਈ ਨਹੀਂ।

? ਕਿੰਨੀਆਂ ਕਾਰਬਾਈਨਾਂ ਹਨ ?

- ਜਿੰਨੀਆਂ ਦੇ ਤੁਸੀਂ ਲਾਇਸੈਂਸ ਬਣਾਏ ਹਨ, ਸਾਰੀਆਂ ਸਾਡੀਆਂ ਹਨ। ਅਸੀਂ ਜਿਸ ਤੋਂ ਮੰਗ ਲਈਏ, ਕੋਈ ਨਾਂਹ ਨਹੀਂ ਕਰਦਾ।

? ਰਣਜੀਤ ਸਿੰਘ ਨੂੰ ਜਾਣਦੇ ਹੋ ?

- ਸਾਹਮਣੇ ਆਉਣ 'ਤੇ ਦੱਸ ਸਕਦਾ ਹਾਂ, ਕਿਉਂਕਿ ਇਸ ਨਾਂਅ ਦਾ ਇੱਕੋ ਤਾਂ ਰਣਜੀਤ ਸਿੰਘ ਨਹੀਂ।

? ਤੁਹਾਡੇ ਪੈਰੋਕਾਰ ਕਿੰਨੇ ਹਨ ?

- ਮੇਰਾ ਕੋਈ ਪੈਰੋਕਾਰ ਨਹੀਂ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪੈਰੋਕਾਰ ਹਨ।

ਅੰਤਿਕਾ-੭

ਪੁਲੀਸ ਅਧਿਕਾਰੀਆਂ ਦੇ ਸੁਆਲਾਂ ਦੇ ਜੁਆਬ

(ਫਿਰੋਜਪੁਰ, ਸਤੰਬਰ ੧੯੮੧)

ਲਾਲਾ ਜਗਤ ਨਰਾਇਣ ਦੇ ਕਤਲ ਕੇਸ ਵਿੱਚ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨੂੰ ੨੦ ਸਤੰਬਰ ੧੯੮੧ ਨੂੰ ਗ੍ਰਿਫ਼ਤਾਰ ਕੀਤਾ ਗਿਆ। ਉਸ ਮੌਕੇ 'ਤੇ ਸਰਕਾਰੀ ਅਫ਼ਸਰਾਂ ਵੱਲੋਂ ਕੀਤੇ ਗਏ ਸਵਾਲਾਂ ਦੇ ਸੰਤਾਂ ਦੁਆਰਾ ਦਿੱਤੇ ਜਵਾਬ :

? ਇਸ ਮੱਤ (ਭਿੰਡਰਾਂ ਜਥਾ) ਨੂੰ ਮੰਨਣ ਵਾਲਿਆਂ ਦੀ ਤਦਾਦ ਕਿਤਨੀ ਹੈ ? ਜਿਸ ਨੂੰ ਸ਼ਾਮਲ ਕਰਦੇ ਹੋ ਕੀ ਸ਼ਰਤਾਂ ਹੁੰਦੀਆਂ ਹਨ ?

- ਗਿਣਤੀ ਦਾ ਪਤਾ ਨਹੀਂ, ਸਤਿਗੁਰੂ ਜਾਣਦੇ ਹਨ। ਮੇਰੀ ਸੰਸਥਾ ਵਿੱਚ ਪੂਰਨ ਗੁਰਸਿੱਖ, ਰਹਿਤ ਵਿੱਚ ਰਹਿਣ ਵਾਲੇ ਸਿੱਖ ਰਹਿ ਸਕਦੇ ਹਨ।

? ਕੌਣ-ਕੌਣ ਉੱਘੇ ਪੈਰੋਕਾਰ ਹਨ ?

- ਕੋਈ ਪੈਰੋਕਾਰ ਨਹੀਂ ਤੇ ਨਾ ਹੀ ਕੋਈ ਉੱਘਾ ਹੈ।

? ਸੰਸਥਾ ਦੀ ਮਾਲੀ ਪੁਜ਼ੀਸ਼ਨ, ਬੈਂਕ ਆਦਿ ਅਕਾਊਂਟ ਕੀ ਹਨ ?

- ਬੈਂਕ ਵਿੱਚ ਕੋਈ ਰੁਪਿਆ ਜਮਾਂ ਨਹੀਂ ਹੈ, ਗੁਰੂ ਕੀ ਸੰਗਤ ਹੀ ਬੈਂਕ ਤੇ ਧੰਨ ਹੈ।

? ਸੰਸਥਾ ਦੀ ਪ੍ਰਾਪਰਟੀ (ਜਾਇਦਾਦ) ਕਿੱਥੇ-ਕਿੱਥੇ ਹੈ ?

- ਮਹਿਤਾ ਚੌਂਕ ਤੋਂ ਇਲਾਵਾ ਹੋਰ ਕਿਤੇ ਨਹੀਂ। ਦੋ ਢਾਈ ਕਿੱਲੇ ਜ਼ਮੀਨ ਹੈ, ਗੁਰਦੁਆਰਾ ਸਾਹਿਬ ਦੇ ਨਾਉਂ।

? ਹੋਰ ਕੀ ਸਾਧਨ ਹਨ ?

- ਸੰਗਤ ਸੇਵਾ ਕਰਦੀ ਹੈ, ਹੋਰ ਕੋਈ ਸਾਧਨ ਨਹੀਂ।

? ਸੰਸਥਾ ਵਿੱਚ ਪੱਕੇ ਤੌਰ 'ਤੇ ਕਿੰਨੇ ਬੰਦੇ ਆਉਂਦੇ ਹਨ ?

- ਗਿਣਤੀ ਕੋਈ ਨਹੀਂ, ਸ਼ਰਧਾਲੂ ਜਿਤਨੀ ਦੇਰ ਮਰਜ਼ੀ ਰਹਿ ਸਕਦੇ ਹਨ।

? ਉਹਨਾਂ ਸੇਵਾਦਾਰਾਂ ਦੇ ਕੀ-ਕੀ ਨਾਂਅ ਹਨ ਤੇ ਕਿੱਥੋਂ ਦੇ ਰਹਿਣ ਵਾਲੇ ਹਨ ?

- ਪੱਕਾ ਕੋਈ ਸੇਵਾਦਾਰ ਨਹੀਂ ਹੈ।

? ਸੰਸਥਾ ਕੋਲ ਕਿੰਨੀਆਂ ਗੱਡੀਆਂ ਹਨ ?

- ਤਿੰਨ ਗੱਡੀਆਂ ਸਨ, ਦੋ ਸਰਕਾਰ ਨੇ ਚੰਦੋ ਕਲਾਂ ਵਿੱਚ ਸਾੜ ਦਿੱਤੀਆਂ ਹਨ, ਇੱਕ ਮੇਰੇ ਪਾਸ ਹੈ।

? ਇਹ ਗੱਡੀਆਂ ਕਿੱਥੋਂ ਖਰੀਦੀਆਂ ਗਈਆਂ ?

- ਗੁਰੂ ਕੀ ਸੰਗਤ ਨੇ ਸੇਵਾ ਕੀਤੀਆਂ।

? ਸੰਸਥਾ ਕਿੱਥੋਂ ਪਾਈ ?

- ਬਖ਼ਸ਼ਿਸ਼ ਗੁਰੂ ਕੀ ਸੰਗਤ ਨੇ ਕੀਤੀ।

? ਤੁਹਾਡੇ ਨਾਲ ਪੱਕੇ ਤੌਰ 'ਤੇ ਕਿੰਨੇ ਬਾਡੀਗਾਰਡ ਰਹਿੰਦੇ ਹਨ ?

- ਕੋਈ ਪੱਕਾ ਬਾਡੀਗਾਰਡ ਨਹੀਂ ਹੈ।

? ਉਹਨਾਂ ਕੋਲ ਕੀ ਕੀ ਅਸਲਾ ਹੈ ?

- ਮੇਰੇ ਪਾਸ ਪੱਕੇ ਤੌਰ 'ਤੇ ਕੋਈ ਸੇਵਾਦਾਰ ਨਹੀਂ। ਸੰਗਤਾਂ ਵਿੱਚੋਂ ਜੇ ਕੋਈ ਅਸਲਾ ਲੈ ਆਵੇ ਤਾਂ ਉਹ ਡਿਊਟੀ ਦਿੰਦਾ ਹੈ।

? ਅਸਲਾ ਕਦੋਂ ਤੇ ਕਿੱਥੋਂ ਆਉਂਦਾ ਹੈ ?

- ਮੇਰੇ ਨਾਂਅ 'ਤੇ ਕੋਈ ਲਾਇਸੈਂਸੀ ਅਸਲਾ ਨਹੀਂ ਹੈ। ਸ਼ਰਧਾਲੂਆਂ ਨੇ ਸੰਸਥਾ ਦੇ ਨਾਂਅ ਦਾ ਐਡਰੇਸ ਦਿੱਤਾ ਹੋਵੇ ਤਾਂ ਪਤਾ ਨਹੀਂ।

? ਲਾਇਸੈਂਸ ਕਿਸ ਵਸੀਲੇ ਰਾਹੀਂ ਪ੍ਰਾਪਤ ਕੀਤੇ ?

- ਲਾਇਸੈਂਸਦਾਰ ਹੀ ਵਸੀਲਾ ਦੱਸ ਸਕਦੇ ਹਨ, ਮੈਨੂੰ ਪਤਾ ਨਹੀਂ।

? ਤੁਹਾਡੇ ਪਰਿਵਾਰ ਦੇ ਬੰਦਿਆਂ ਕੋਲ ਵੀ ਲਾਇਸੈਂਸ ਹਨ ?

- ਮੈਨੂੰ ਪਤਾ ਨਹੀਂ।

? ਤੁਹਾਡੇ ਵੱਲੋਂ ਸਪਸ਼ਟੀਕਰਨ, ਪ੍ਰੈੱਸ ਬਿਆਨ ਕੌਣ ਜਾਰੀ ਕਰਦਾ ਹੈ ?

- ਕੋਈ ਸਿੰਘ ਜੋ ਪੜ੍ਹਿਆ ਲਿਖਿਆ ਮੌਕੇ 'ਤੇ ਹੋਵੇ, ਪ੍ਰੈੱਸ ਨੂੰ ਬਿਆਨ ਤੇ ਖ਼ਬਰ ਦੇ ਸਕਦਾ ਹੈ।

? ਪੰਜਾਬ ਸਰਕਾਰ ਵੱਲੋਂ ਲਾਈ ਅਸਲੇ 'ਤੇ ਪਾਬੰਦੀ ਨੂੰ ਮੁੱਖ ਰੱਖ ਕੇ ਕਿਤਨੇ ਹਥਿਆਰ ਦਾਖ਼ਲ ਕਰਵਾਏ ?

- ਮੇਰੇ ਪਾਸ ਕੋਈ ਅਸਲਾ ਹੈ ਹੀ ਨਹੀਂ, ਇਸ ਲਈ ਦਾਖ਼ਲ ਕਰਾਉਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।

? ਕਿਉਂ ਨਹੀਂ ਕਰਾਏ ?

- ਕੋਈ ਅਸਲਾ ਹੀ ਨਹੀਂ।

? ਇਸ ਵੇਲੇ ਜਥੇ ਦੇ ਕਿੰਨੇ ਮੈਂਬਰ ਕੇਸਾਂ ਵਿੱਚ ਸ਼ਾਮਲ ਹਨ ?

- ਕੋਈ ਗਿਣਤੀ ਨਹੀਂ।

? ਕਿਸ-ਕਿਸ ਵਿਅਕਤੀ ਕੋਲ ਕੀ-ਕੀ ਅਸਲਾ ਹੈ ? ਕਿੰਨੇ ਰੌਂਦ ਹਨ ? ਜਥੇ ਦੇ ਨਾਂਅ 'ਤੇ ਕਿਹੜੇ ਕਿਹੜੇ (ਹਥਿਆਰ) ਹਨ ?

- ਮੈਨੂੰ ਕੋਈ ਪਤਾ ਨਹੀਂ।
? ਅਸਲਾ ਖਰੀਦਣ ਲਈ ਰਕਮ ਕਿੱਥੋਂ ਆਈ ?
- ਮੇਰੇ ਪਾਸ ਕੋਈ ਅਸਲਾ ਨਹੀਂ, ਇਸ ਲਈ ਰਕਮ ਹਾਸਲ ਕਰਨ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।
? ਤੁਹਾਡਾ ਭਾਈ ਜਗੀਰ ਸਿੰਘ ਤੇ ਉਸਦਾ ਪੁੱਤਰ ਸਵਰਨ ਸਿੰਘ ਕਿੱਥੇ ਰਹਿੰਦਾ ਹੈ ਅਤੇ ਉਸਦੀ ਲਾਇਸੈਂਸੀ ਕਾਰਬਾਈਨ ਕਿੱਥੇ ਹੈ ?
- ਮੈਨੂੰ ਪਤਾ ਨਹੀਂ ਕਿ ਮੇਰਾ ਭਾਈ ਇਸ ਵੇਲੇ ਕਿੱਥੇ ਰਹਿੰਦਾ ਹੈ। ਸਵਰਨ ਸਿੰਘ ਅਤੇ ਕਾਰਬਾਈਨ ਬਾਰੇ ਵੀ ਉਸ ਨੂੰ ਹੀ ਪਤਾ ਹੋ ਸਕਦਾ ਹੈ।
? ਵੀਰ ਸਿੰਘ ਦੀ ਲਾਇਸੈਂਸੀ ਕਾਰਬਾਈਨ ਕਿੱਥੇ ਹੈ ? ਭਾਈ ਅਮਰੀਕ ਸਿੰਘ ਦੀ ਲਾਇਸੈਂਸੀ ਕਾਰਬਾਈਨ ਕਿੱਥੇ ਹੈ ?
- ਇਹ ਵੀ ਉਹਨਾਂ ਨੂੰ ਹੀ ਪਤਾ ਹੈ।
? ਨਿਰੰਕਾਰੀ ਕੇਸ ਵਿੱਚ ਤੁਹਾਡੇ ਜਥੇ ਦੇ ਕਿਹੜੇ ਕਿਹੜੇ ਮੈਂਬਰਾਂ ਦੇ ਵਾਰੰਟ ਹਨ ?
- ਵਾਰੰਟ ਜਾਰੀ ਕਰਨ ਵਾਲਿਆਂ ਨੂੰ ਹੀ ਪਤਾ ਹੋਵੇਗਾ।
? ਨਾਮ-ਵਾਰ ਉਹ ਕਿੱਥੇ ਕਿੱਥੇ ਹਨ ? ਦਲਬੀਰ ਸਿੰਘ ਕਿੱਥੇ ਹੈ ?
- ਮੈਨੂੰ ਕੋਈ ਪਤਾ ਨਹੀਂ ਕਿੱਥੇ ਹਨ, ਦਲਬੀਰ ਸਿੰਘ ਬਾਰੇ ਦੇਖ ਕੇ ਹੀ ਦੱਸ ਸਕਦਾ ਹਾਂ।
? ਤੁਸੀਂ ਉਹਨਾਂ ਨੂੰ ਪੇਸ਼ ਕਿਉਂ ਨਹੀਂ ਕਰਾਉਂਦੇ ?
- ਮੇਰੇ ਕੋਲ ਹੋਣ ਤਾਂ ਪੇਸ਼ ਕਰਾਂ।
? ਤੁਸੀਂ ਆਪਣੇ ਭਾਸ਼ਣਾਂ ਵਿੱਚ ਉਹਨਾਂ ਪ੍ਰਤੀ ਕੀ ਰਾਏ ਪ੍ਰਗਟ ਕਰਦੇ ਹੋ ?
- ਮੇਰੀ ਕੋਈ ਰਾਇ ਨਹੀਂ ਹੈ।
? ਮਿਤੀ ੦੨-੦੯-੮੧ ਨੂੰ ਭਿੰਡੀਵਿੰਡ ਇਕੱਠ ਵਿੱਚ ਤੁਸੀਂ ਲਲਕਾਰ ਕੇ ਕਿਹਾ ਕਿ ਗੁਰਮੁਖ ਸਿੰਘ ਮੇਰੇ ਕੋਲ ਬੈਠਾ ਹੈ, ਗੌਰਮਿੰਟ ਹੱਥ ਲਾ ਕੇ ਦੇਖੇ ?
- ਇਹ ਸਰਾਸਰ ਝੂਠ ਹੈ।
? ਤੁਸੀਂ ਸੰਤ ਕਰਤਾਰ ਸਿੰਘ ਦੀ ਬਰਸੀ 'ਤੇ ਰਣਜੀਤ ਸਿੰਘ ਦੀ ਮਾਂ-ਭੈਣ, ਕਾਬਲ ਸਿੰਘ ਦੇ ਮਾਂ-ਬਾਪ ਅਤੇ ਭੈਣ ਨੂੰ ਸਿਰੋਪੇ ਦੇ ਕੇ ਸਨਮਾਨਿਆ। ਇਸ ਦਾ ਕੀ ਕਾਰਨ ਸੀ ?
- ਮੈਂ ਅਖ਼ਬਾਰਾਂ ਰਾਹੀਂ ਪੜ੍ਹਿਆ ਸੀ ਕਿ ਰਣਜੀਤ ਸਿੰਘ ਦੇ ਪਰਿਵਾਰ ਨਾਲ ਸਰਕਾਰ ਬਤੌਰ ਸਿੱਖ ਦੇ ਧੱਕਾ ਕਰਦੀ ਹੈ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਹਿਲਾਂ ਉਹਨਾਂ ਦੇ ਪਰਿਵਾਰ ਦਾ ਸਨਮਾਨ ਕੀਤਾ ਸੀ। ਮੈਂ ਵੀ ਆਪਣਾ ਫਰਜ਼ ਸਮਝ ਕੇ ਉਹਨਾਂ ਦੇ ਪਰਿਵਾਰ ਦਾ ਸਿੱਖ ਹੋਣ ਦੇ ਨਾਤੇ ਸਨਮਾਨ ਕੀਤਾ ਸੀ।
? ਤੁਸੀਂ ਭਾਸ਼ਣ ਦਿੱਤਾ ਸੀ ਕਿ ਜੇ ਹਲਾਤਾਂ ਨੇ ਇਜ਼ਾਜ਼ਤ ਦਿੱਤੀ ਤਾਂ ਸਮਾਂ ਆਉਣ 'ਤੇ ਇਹਨਾਂ ਨੂੰ ਸੋਨੇ-ਚਾਂਦੀ ਨਾਲ ਤੋਲਾਂਗਾ, ਇਹ ਕਿਸ ਬਹਾਦਰੀ ਦੇ ਇਵਜ਼ ਵਿੱਚ ਸੀ ?
- ਮੈਂ ਅਖ਼ਬਾਰਾਂ ਵਿੱਚ ਪੜ੍ਹਿਆ ਸੀ ਕਿ ਭਿੰਡਰਾਂਵਾਲੇ ਨੇ ਕਿਹਾ ਹੈ ਕਿ ਜੇ ਰਣਜੀਤ ਸਿੰਘ ਮੇਰੇ ਕੋਲ ਆ ਜਾਵੇ ਤਾਂ ਮੈਂ ਉਸ ਨੂੰ ਗੌਰਮਿੰਟ ਦੇ ਹਵਾਲੇ ਕਰ ਦਿਆਂਗਾ। ਉਸ ਖ਼ਬਰ ਦੇ ਸੰਬੰਧ

ਵਿੱਚ ਉੱਤਰ ਦਿੰਦਿਆਂ ਮੈਂ ਆਖਿਆ ਸੀ ਕਿ ਜੇ ਮੇਰੇ ਪਾਸ ਰਣਜੀਤ ਸਿੰਘ ਆ ਗਿਆ ਤਾਂ ਸ਼ਹੀਦਾਂ ਦੇ ਸੰਬੰਧ ਨੂੰ ਮੁੱਖ ਰੱਖ ਕੇ ਉਸ ਨੂੰ ਸੋਨੇ ਨਾਲ ਤੋਲਾਂਗਾ।

? ਨਿਰੰਕਾਰੀ ਬਾਬਾ ਗੁਰਬਚਨ ਸਿੰਘ ਦੇ ਕਤਲ ਬਾਰੇ ਕੀ ਪਤਾ ਹੈ ?

- ਕੋਈ ਵੀ ਪਤਾ ਨਹੀਂ।

? ਤੁਹਾਡੇ ਬੰਦਿਆਂ ਦਾ ਨਾਂਅ ਕਿਉਂ ਆਇਆ ਫਿਰ ?

- ੧੯੭੯ ਈਸਵੀ ਦੇ ਸਾਕੇ ਹੋਣ ਕਾਰਨ।

? ਜੇ ਤੁਸੀਂ ਸੱਚੇ ਹੋ ਤਾਂ ਉਹਨਾਂ ਬੰਦਿਆਂ ਨੂੰ ਪੇਸ਼ ਕਿਉਂ ਨਹੀਂ ਕਰਦੇ ?

- ਜੇ ਮੇਰੇ ਕੋਲ ਹੋਣ ਤਾਂ ਪੇਸ਼ ਕਰਾਂ।

? ਤੁਹਾਡੇ ਪਿੰਡ ਦੇ ਕਿੰਨੇ ਬੰਦੇ ਪੱਕੇ ਤੌਰ 'ਤੇ ਜਥੇ ਨਾਲ ਹਨ ? ਪਰਸਾ ਸਿੰਘ ਬਾਰੇ ਤੁਸੀਂ ਕੀ ਜਾਣਦੇ ਹੋ ?

- ਪੱਕੇ ਤੌਰ 'ਤੇ ਕੋਈ ਵੀ ਨਹੀਂ। ਸੰਗਤਾਂ ਦੇ ਰੂਪ ਵਿੱਚ ਕੋਈ ਆਵੇ ਕੋਈ ਜਾਵੇ, ਪਰਸਾ ਸਿੰਘ ਬਾਰੇ ਮੈਂ ਉਸ ਦੇ ਸਾਹਮਣੇ ਆਉਣ 'ਤੇ ਹੀ ਦੱਸ ਸਕਦਾ ਹਾਂ।

? ਤੁਹਾਡੇ ਪਰਿਵਾਰ ਦੇ ਬੰਦਿਆਂ ਕੋਲ ਵੀ ਲਾਇਸੈਂਸੀ ਕਾਰਬਾਈਨਾਂ ਹਨ ?

- ਮੈਨੂੰ ਪਤਾ ਨਹੀਂ ਕਿ ਮੇਰੇ ਪਰਿਵਾਰ ਦੇ ਕਿਸੇ ਮੈਂਬਰ ਪਾਸ ਅਸਲਾ ਹੋਵੇ। ਇਹ ਉਹ ਖੁਦ ਹੀ ਦੱਸ ਸਕਦੇ ਹਨ।

? ਪਰਿਵਾਰ ਦੇ ਕਿਹੜੇ-ਕਿਹੜੇ ਮੈਂਬਰ ਜਥੇ ਨਾਲ ਰਲੇ ਹਨ ?

- ਮੇਰਾ ਕੋਈ ਵੀ ਰਿਸ਼ਤੇਦਾਰ ਪੱਕੇ ਤੌਰ 'ਤੇ ਜਥੇ ਵਿੱਚ ਨਹੀਂ ਰਹਿੰਦਾ।

? ਤੁਹਾਡੇ ਮੱਤ ਦਾ ਕੀ ਮਿਸ਼ਨ ਹੈ ?

- ਮੇਰਾ ਨਿੱਜੀ ਕੋਈ ਮੱਤ ਨਹੀਂ ਹੈ। ਗੁਰੂ ਗੋਬਿੰਦ ਸਿੰਘ ਦੇ ਮਿਸ਼ਨ ਨੂੰ ਸਿੰਘਾਂ ਵਿੱਚ ਫੈਲਾਉਣਾ, ਸਿੰਘਾਂ ਨੂੰ ਅੰਮ੍ਰਿਤ ਛਕਾਉਣਾ, ਗੁਰੂ ਗਰੰਥ ਸਾਹਿਬ ਦੇ ਲੜ ਲਾਉਣਾ, ਸਾਰੇ ਨਸ਼ਿਆਂ, ਇਥੋਂ ਤਕ ਕਿ ਚਾਹ ਆਦਿ ਦਾ ਵੀ ਤਿਆਗ ਕਰਵਾਉਣਾ।

? ਤੁਸੀਂ ਕੀ ਪ੍ਰਚਾਰ ਕਰਦੇ ਹੋ ?

- ਗੁਰਬਾਣੀ ਪੜ੍ਹਨੀ ਤੇ ਪੜ੍ਹਾਉਣੀ, ਅਰਥ ਕਰਕੇ ਸਮਝਾਉਣੇ, ਕਥਾ ਕਰਵਾਉਣੀ ਅਤੇ ਧਰਮ ਦੀ ਰਾਖੀ ਕਰਨੀ।

? ਪ੍ਰਚਾਰ ਦੇ ਸੰਬੰਧ ਵਿੱਚ ਪੰਜਾਬ ਵਿੱਚ ਕਿੱਥੇ-ਕਿੱਥੇ ਜਾਂਦੇ ਹੋ ?

- ਹਰ ਇੱਕ ਪਿੰਡ ਵਿੱਚ ਜਿੱਥੇ ਸੰਗਤਾਂ ਬੁਲਾ ਲੈਣ, ਜਾਂਦਾ ਹਾਂ।

? ਪੰਜਾਬ ਤੋਂ ਬਾਹਰ ਕਿੱਥੇ-ਕਿੱਥੇ ਜਾਂਦੇ ਹੋ ?

- ਸਾਰੇ ਭਾਰਤ ਵਿੱਚ ਜਾਂਦਾ ਹਾਂ, ਜਿੱਥੇ ਸੰਗਤ ਯਾਦ ਕਰਦੀ ਹੈ।

? ਖਰਚ ਪਾਣੀ ਕੌਣ ਕਰਦਾ ਹੈ ?

- ਗੁਰੂ ਕੀ ਸੰਗਤ ?

? ਅਕਾਲੀ ਪਾਰਟੀ ਨਾਲ ਕੀ ਸੰਬੰਧ ਹੈ ?

- ਗੁਰੂ ਗਰੰਥ ਸਾਹਿਬ ਨੂੰ ਮੰਨਣ ਵਾਲੇ ਹਰ ਵਿਅਕਤੀ ਨਾਲ ਜੋ ਸੰਬੰਧ ਹੈ, ਉਹੀ ਸੰਬੰਧ ਅਕਾਲੀ ਪਾਰਟੀ ਨਾਲ ਹੈ।

? ਹੋਰਨਾ ਪਾਰਟੀਆਂ ਨਾਲ ਕੀ ਸੰਬੰਧ ਹੈ ?
- ਗੁਰਮਤਿ ਨਾਲ ਹੀ ਸੰਬੰਧ ਹੈ, ਕਿਸੇ ਪਾਰਟੀ ਨਾਲ ਸੰਬੰਧ ਨਹੀਂ ਹੈ।
? ਨਿਰੰਕਾਰੀ ਮੱਤ ਨਾਲ ਕੀ ਮਤਭੇਦ ਹਨ ?
- ਸ੍ਰੀ ਗੁਰੂ ਗਰੰਥ ਸਾਹਿਬ ਦੀ ਨਿੰਦਿਆ ਕਾਰਨ, ਜਿਸ ਦਾ ਸਬੂਤ 'ਯੁੱਗ ਪੁਰਸ਼' ਅਤੇ 'ਅਵਤਾਰ ਬਾਣੀ' ਦੋ ਕਿਤਾਬਾਂ ਹਨ।
? ਇਸ ਮੱਤ ਭੇਦ ਕਾਰਨ ਝੜਪ ਕਦੋਂ ਸ਼ੁਰੂ ਹੋਈ ?
- ਜਦੋਂ ਤੋਂ ਗੁਰੂ-ਨਿੰਦਿਆ ਕਰਨ ਲੱਗੇ ਹਨ। ਮੇਰੇ ਤੋਂ ਪਹਿਲਾਂ ਕਰ ਰਹੇ ਹਨ ਅਤੇ ਸੰਤ ਗੁਰਬਚਨ ਸਿੰਘ ਜੀ ਖ਼ਾਲਸਾ ਦੇ ਸਮੇਂ ਤੋਂ ਚੱਲੇ ਆਉਂਦੇ ਹਨ।
? ਕਿੱਥੇ-ਕਿੱਥੇ ਕੀ-ਕੀ ਘਟਨਾ ਵਾਪਰੀ ?
- ਮੇਰੇ ਨਾਲ ੧੯੭੯ ਵਿੱਚ ਵਿਸਾਖੀ ਵਾਲੇ ਦਿਨ ਘਟਨਾ ਵਾਪਰੀ, ਜਦੋਂ ਸੰਗਤਾਂ ਗਈਆਂ ਕਿ ਗੁਰੂ ਗਰੰਥ ਸਾਹਿਬ ਦੀ ਨਿੰਦਿਆ ਨਾ ਕੀਤੀ ਜਾਵੇ, ਜਿਸ ਦੇ ਰੋਕਣ ਤੋਂ ਨਰਕਧਾਰੀਆਂ ਵੱਲੋਂ ਗੋਲੀਆਂ ਚਲਾਈਆਂ ਗਈਆਂ। ਉਸ ਵੇਲੇ ਮੈਂ ਮੌਕੇ 'ਤੇ ਹਾਜ਼ਰ ਨਹੀਂ ਸੀ, ਪ੍ਰੰਤੂ ਮੇਰੇ ਨਾਂਅ ਨਾਲ ਇਹ ਗਲਤ ਤੌਰ 'ਤੇ ਜੋੜਿਆ ਜਾ ਰਿਹਾ ਹੈ ਕਿ ਮੈਂ ਉਸ ਮੌਕੇ 'ਤੇ ਹਾਜ਼ਰ ਸੀ।
? ਅੰਮ੍ਰਿਤਸਰ ਦੀ ਘਟਨਾ ਦੀ ਅਸਲ ਕਹਾਣੀ ਕੀ ਹੈ ?
- ਜੋ ਦੱਸ ਦਿੱਤੀ ਹੈ ?
? ਮੁਕਦਮੇ ਦੇ ਮੁਲਜ਼ਮਾਂ ਦੇ ਬਰੀ ਹੋਣ ਦੇ ਕੀ ਕਾਰਨ ਸਮਝਦੇ ਹੋ ? ਬਦਲਾ ਲੈਣ ਲਈ ਕੀ ਸੋਚਿਆ ?
- ਬਰੀ ਹੋਣ ਬਾਰੇ ਅਦਾਲਤ ਹੀ ਦੱਸ ਸਕਦੀ ਹੈ। ਬਦਲਾ ਲੈਣ ਲਈ ਸਿੱਖ ਧਰਮ ਦਾ ਪ੍ਰਚਾਰ ਤੇਜ਼ ਕਰਨ ਦੀ ਸੋਚੀ ਹੈ।
? ਇਹਨਾਂ ਘਟਨਾਵਾਂ ਵਿੱਚ ਅਖ਼ਬਾਰਾਂ ਦਾ ਕੀ ਰੋਲ (ਭੂਮਿਕਾ) ਸੀ ?
- ਇਹ ਅਖ਼ਬਾਰ ਨਵੀਸ ਹੀ ਦੱਸ ਸਕਦੇ ਹਨ।
? ਤੁਹਾਡੇ ਖਿਆਲ ਵਿੱਚ ਕਿਹੜੀ ਕਿਹੜੀ ਅਖ਼ਬਾਰ ਵਾਲੇ ਤੁਹਾਡੇ ਵਿਚਾਰਾਂ ਦੀ ਸਹੀ ਪੁਸ਼ਟੀ ਕਰਦੇ ਸੀ ?
- ਮੈਂ ਅਖ਼ਬਾਰ ਕਦੇ-ਕਦੇ ਪੜ੍ਹਦਾ ਹਾਂ, ਪਰ ਲਿਖਤੀ ਟਿੱਪਣੀ ਕਦੇ ਨਹੀਂ ਕੀਤੀ। ਮੈਂ ਸਿਰਫ਼ ਪੰਜਾਬੀ ਹੀ ਪੜ੍ਹ ਸਕਦਾ ਹਾਂ।
? ਉਹਨਾਂ ਅਖ਼ਬਾਰਾਂ ਨੂੰ ਬਿਆਨਬਾਜ਼ੀ ਤੋਂ ਰੋਕਣ ਲਈ ਤੁਸੀਂ ਕੀ ਸਾਧਨ ਅਪਣਾਉਂਦੇ ਹੋ ?
- ਇਹ ਅਖ਼ਬਾਰਾਂ ਵਾਲੇ ਹੀ ਦੱਸ ਸਕਦੇ ਹਨ। ਮੈਂ ਆਪਣੇ ਵੱਲੋਂ ਕੋਈ ਸਾਧਨ ਨਹੀਂ ਵਰਤਿਆ।
? ਤੁਸੀਂ ਆਪਣੇ ਵਿਚਾਰ ਕਿਸ ਤਰ੍ਹਾਂ ਅਖ਼ਬਾਰਾਂ ਵਿੱਚ ਛਪਾਉਂਦੇ ਸੀ ?
- ਮੇਰੇ ਸਟੇਜ 'ਤੇ ਪ੍ਰਚਾਰ ਕਰਨ ਸਮੇਂ ਅਖ਼ਬਾਰਾਂ ਵਾਲੇ ਨੋਟ ਕਰ ਲੈਂਦੇ ਹੋਣਗੇ।
? ਨਛੱਤਰ ਸਿੰਘ ਕਦੋਂ ਰਲਿਆ ਹੈ ?
- ਮੇਰੇ ਨਾਲ ਕੋਈ ਨਹੀਂ ਰਲਿਆ। ਨਛੱਤਰ ਸਿੰਘ ਸਾਡੇ ਪਿੰਡ ਕਈ ਹਨ, ਸਾਹਮਣੇ ਆਉਣ 'ਤੇ ਹੀ ਦੱਸ ਸਕਦਾ ਹਾਂ।
? ਨਛੱਤਰ ਸਿੰਘ ਦਾ ਪਿਛੋਕੜ ਕੀ ਹੈ ?
- ਮੈਨੂੰ ਪਤਾ ਨਹੀਂ।

? ਸਵਰਨ ਸਿੰਘ ਜਥੇ ਨਾਲ ਪੱਕਾ ਰਹਿੰਦਾ ਹੈ ?

- ਪੱਕਾ ਨਹੀਂ ਰਹਿੰਦਾ, ਆਮ ਸੰਗਤਾਂ ਜਿਵੇਂ ਜਥੇ ਬਣਾ ਕੇ ਆ ਜਾਂਦੀਆਂ ਹਨ, ਆ ਜਾਂਦਾ ਹੈ।

? ਸਵਰਨ ਸਿੰਘ ਅੱਜ-ਕੱਲ੍ਹ ਕਿੱਥੇ ਹੈ ?

- ਪਤਾ ਨਹੀਂ, ਅੱਜ ਕੱਲ੍ਹ ਕਿੱਥੇ ਹੈ।

? ਦਲਬੀਰ ਸਿੰਘ ਵਾਸੀ ਨਥਾਵਾਂ ਕਿੱਥੇ ਹੈ ? ਉਸ ਦੀ ਵੋਟ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੇ ਨਾਉਂ ਦੀ ਹੈ ?

- ਇਹ ਦਲਬੀਰ ਸਿੰਘ ਹੀ ਦੱਸ ਸਕਦਾ ਹੈ। ਮੈਨੂੰ ਪਤਾ ਨਹੀਂ ਕਿ ਗੁਰਦੁਆਰਾ ਚੋਣਾਂ ਵਿੱਚ ਦਲਬੀਰ ਸਿੰਘ ਦੀ ਵੋਟ, ਗੁਰਦੁਆਰੇ ਦੇ ਨਾਉਂ 'ਤੇ ਬਣੀ ਹੈ ਕਿ ਨਹੀਂ।

? ਉੱਜਲ ਸਿੰਘ ਮਲਸੀਹਾਂ ਨਾਲ ਕੀ ਸੰਬੰਧ ਹੈ ? ਉਸ ਕੋਲ ਸਵਾਰੀ ਦੇ ਕੀ-ਕੀ ਸਾਧਨ ਹਨ ?

- ਜਿਸ ਤਰ੍ਹਾਂ ਆਮ ਸੰਗਤ ਨਾਲ ਹੈ। ਸਵਾਰੀ ਦੇ ਸਾਧਨਾਂ ਬਾਰੇ ਉਸ ਨੂੰ ਹੀ ਪਤਾ ਹੈ।

? ਉੱਜਲ ਸਿੰਘ ਤੋਂ ਮੋਟਰ ਸਾਈਕਲ ਨਛੱਤਰ ਸਿੰਘ ਨੂੰ ਕਿਸ ਮੰਤਵ ਲਈ ਦੁਆਇਆ ?

- ਮੈਂ ਕਦੇ ਮੋਟਰ ਸਾਈਕਲ ਉੱਜਲ ਸਿੰਘ ਤੋਂ ਨਛੱਤਰ ਸਿੰਘ ਨੂੰ ਨਹੀਂ ਦੁਆਇਆ ਅਤੇ ਨਾ ਹੀ ਕਿਸੇ ਹੋਰ ਨੂੰ।

? ਉੱਜਲ ਸਿੰਘ ਹੁਰਾਂ ਨੇ ਅੰਮ੍ਰਿਤਸਰ ਘਟਨਾ ਉਪਰੰਤ ਸ਼ਹੀਦਾਂ ਦੇ ਵਾਰਸਾਂ ਨੂੰ ਕਿੰਨੀ ਮਾਲੀ ਸਹਾਇਤਾ ਦਿੱਤੀ ?

- ਇਹ ਉਹਨਾਂ ਨੂੰ ਹੀ ਪਤਾ ਹੈ।

? ਪਿਛਲੇ ਤਿੰਨ-ਚਾਰ ਮਹੀਨਿਆਂ ਤੋਂ ਜਥਾ ਕਿੱਥੇ ਕਿੱਥੇ ਰਿਹਾ ?

- ਤਰੀਕ ਯਾਦ ਨਹੀਂ। ਜਿੱਥੇ ਕਿਤੇ ਸੰਗਤਾਂ ਨੇ ਸੱਦਿਆ, ਗਿਆ ਹਾਂ।

? ਉਥੇ ਕੌਣ-ਕੌਣ ਸੇਵਾ ਕਰਦਾ ਰਿਹਾ ?

- ਗੁਰੂ ਕੀ ਸੰਗਤ।

? ਚੰਦੋ ਕਲਾਂ ਕਿਹੜੀ ਤਾਰੀਖ ਨੂੰ ਗਏ ?

- ਤਾਰੀਖ ਯਾਦ ਨਹੀਂ, ਗਿਆ ਜ਼ਰੂਰ ਸੀ।

? ਨਾਲ ਕੌਣ-ਕੌਣ ਗਿਆ ?

- ਸੰਗਤ ਜਥੇ ਦੇ ਰੂਪ ਵਿੱਚ ਗਈ ਸੀ। ਉਹਨਾਂ ਵਿੱਚ ਬਾਬਾ ਠਾਕੁਰ ਸਿੰਘ, ਸਾਧੂ ਸਿੰਘ, ਮਹਾਂ ਸਿੰਘ, ਪ੍ਰੇਮ ਸਿੰਘ, ਜਰਨੈਲ ਸਿੰਘ, ਸੁਰਜੀਤ ਸਿੰਘ ਆਦਿ ਕਾਫ਼ੀ ਸੰਗਤ ਗਈ ਸੀ।

? ਕੀ-ਕੀ ਗੱਡੀਆਂ 'ਤੇ ਕੀ-ਕੀ ਅਸਲਾ ਸੀ ?

- ਦੋ ਬੱਸਾਂ, ਇੱਕ ਟਰੱਕ ਸੀ। ਅਸਲੇ ਬਾਰੇ ਅਸਲੇ ਵਾਲੇ ਹੀ ਦੱਸ ਸਕਦੇ ਹਨ, ਮੇਰੇ ਪਾਸ ਧਾਰਮਿਕ ਪੋਥੀਆਂ ਸਨ।

? ਲਾਲਾ ਜਗਤ ਨਰਾਇਣ ਦੇ ਕਤਲ ਦੀ ਖ਼ਬਰ ਕਦੋਂ ਮਿਲੀ ?

- ਤਾਰੀਖ ਯਾਦ ਨਹੀਂ, ਸੰਗਤਾਂ ਨੇ ਦੱਸਿਆ ਸੀ।

? ਫ਼ਾਇਰ ਕਿਸ ਖੁਸ਼ੀ ਵਿੱਚ ਕੀਤੇ ?

- ਕੋਈ ਫ਼ਾਇਰ ਨਹੀਂ ਕੀਤਾ।

? ਸਵਰਨ ਸਿੰਘ ਤੇ ਦਲਬੀਰ ਸਿੰਘ ਕਦੋਂ ਪੁੱਜੇ ?
- ਮੇਰੇ ਪਾਸ ਕੋਈ ਨਹੀਂ ਪੁੱਜਿਆ।
? ਕੀ-ਕੀ ਗੱਲ ਹੋਈ ?
- ਜਦੋਂ ਪੁੱਜੇ ਹੀ ਨਹੀਂ, ਤਾਂ ਗੱਲ ਕੀ ਹੋਣੀ ਸੀ।
? ਅਗਲੀ ਰਾਤ ਤੁਹਾਡੇ ਬੰਦੇ ਟਰੱਕ ਤੇ ਪੰਜਾਬ ਨੂੰ ਕਿਉਂ ਗਏ ?
- ਮੈਂ ਆਪ ਗੁਰਦੁਆਰਾ ਮਹਿਤਾ ਸਾਹਿਬ ਆਇਆ ਸਾਂ। ਮੇਰਾ ਆਪਣਾ ਅਸਥਾਨ ਹੈ।
? ਕੁਲਵੰਤ ਸਿੰਘ ਤੇ ਰਾਮ ਸਿੰਘ ਦੇ ਅਸਲੇ ਧਨੌਲਾ ਪੁਲਿਸ ਨੇ ਪਕੜੇ ?
- ਉਹਨਾਂ ਨੂੰ ਪਤਾ ਹੋਵੇਗਾ। ਇਹ ਦੋਵੇਂ ਧਨੌਲੇ ਥਾਣੇ ਵਿੱਚੋਂ ਹੋ ਕੇ ਗਏ ਸੀ, ਮੈਨੂੰ ਪਤਾ ਦੱਸਣ ਅਤੇ ਮੈਂ ਟਰੱਕ ਵਿੱਚ ਗਿਆ ਸੀ, ਥਾਣੇ ਵਿੱਚ ਮੈਂ ਨਹੀਂ ਗਿਆ। ਸਿੰਘ ਜਾ ਕੇ ਅਸਲਾ ਲੈ ਆਏ ਸਨ।
? ਤੁਹਾਨੂੰ ਕਿਸ ਤਰ੍ਹਾਂ ਇਤਲਾਹ ਮਿਲੀ ?
- ਮੈਨੂੰ ਭਾਈ ਦਾਰਾ ਸਿੰਘ ਨੇ ਦੱਸਿਆ ਸੀ, ਪਰ ਉਹਦੇ ਪਿੰਡ ਦਾ ਪਤਾ ਨਹੀਂ। ਚੰਦੇ ਕਲਾਂ ਵਿੱਚ ਇਤਲਾਹ ਮਿਲੀ ਸੀ।
? ਕਦੋਂ ਫ਼ੜਾ ਕੇ ਲਿਆਏ ?
- ਤਾਰੀਖ ਯਾਦ ਨਹੀਂ।
? ਅਗਲੀ ਰਾਤ ਨੂੰ ਫਿਰ ਪੰਜਾਬ ਆਏ, ਮਹਿਤੇ ਗਏ, ਉੱਜਲ ਸਿੰਘ ਦੇ ਘਰ ਰੋਟੀ ਖਾਧੀ ?
- ਉਸੇ ਰਾਤ ਮਹਿਤੇ ਆਇਆ ਅਤੇ ਵਾਪਸੀ ਸਮੇਂ ਉੱਜਲ ਸਿੰਘ ਦੇ ਘਰ ਮਲਸੀਹਾਂ ਰੋਟੀ ਖਾਧੀ ਸੀ।
? ਵਾਰੰਟਾਂ ਦੀ ਖ਼ਬਰ ਕਦੋਂ ਮਿਲੀ ?
- ਮੈਨੂੰ ੧੬-੦੯-੮੧ ਨੂੰ ਵਾਰੰਟ ਦਿਖਾਣ 'ਤੇ ਖ਼ਬਰ ਮਿਲੀ ਸੀ।
? ਅੰਮ੍ਰਿਤਸਰ ਕਿਉਂ ਗਏ ?
- ਇਸ਼ਨਾਨ ਕਰਨ ਗਿਆ ਸੀ।
? ਮਹਿਤਾ ਕਿਹੜੇ ਰਾਹ ਪੁੱਜੇ ?
- ਜਿਸ ਰਸਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲੈ ਆਏ।
? ਆਤਮ ਸਮਰਪਨ ਵਿੱਚ ਦੇਰੀ ਕਿਉਂ ਲਾਈ ?
- ਡੇਰੇ ਦਾ ਸਾਰਾ ਪ੍ਰਬੰਧ, ਆਈ ਸੰਗਤ ਦੀ ਦੇਖ ਭਾਲ ਦੀ ਜ਼ਿੰਮੇਵਾਰੀ ਸੌਂਪਣੀ ਸੀ। ਬਾਬਾ ਠਾਰਾ ਸਿੰਘ ਨੂੰ ਜ਼ਿੰਮੇਵਾਰੀ ਸੰਭਾਲ ਕੇ ਪੇਸ਼ ਹੋ ਗਿਆ ਹਾਂ।
? ਕਿਸ-ਕਿਸ ਲੀਡਰ ਨਾਲ ਕੀ ਕੀ ਸਲਾਹ ਹੋਈ ?
- ਇਸ ਬਾਰੇ ਕੁਝ ਨਹੀਂ ਦੱਸਣਾ। ਇਹ ਮੇਰਾ ਨਿੱਜੀ ਮਾਮਲਾ ਹੈ।
? ਇਸ ਵੇਲੇ ਗੁਰਦੁਆਰੇ ਵਿੱਚ ਕੌਣ ਕੌਣ ਵਿਅਕਤੀ ਹੈ ?
- ਗੁਰਦੁਆਰਾ ਸਾਹਿਬ ਵਿੱਚ ਕੋਈ ਭਗੌੜਾ ਨਹੀਂ, ਜੇ ਹੈ ਤਾਂ ਪੁਲਿਸ ਫੜ੍ਹ ਲਵੇ।
? ਉਹਨਾਂ ਕੋਲ ਕੀ ਕੀ ਅਸਲੇ ਹਨ ?
- ਜਦੋਂ ਗੁਰਦੁਆਰੇ ਵਿੱਚ ਹੈ ਹੀ ਨਹੀਂ, ਤਾਂ ਅਸਲੇ ਬਾਰੇ ਕੀ ਦੱਸ ਸਕਦਾ ਹਾਂ।

? ਅਸਲੇ ਦੀ ਗਿਣਤੀ ਕਿਸ ਤਰ੍ਹਾਂ ਕਰਦੇ ਹੋ ?

– ਅਸਲਾ ਜਿਸ ਸਿੰਘ ਦਾ ਹੁੰਦਾ ਹੈ, ਆਪਣੇ ਪਾਸ ਰੱਖਦਾ ਹੈ ਅਤੇ ਸੰਭਾਲ ਕਰਦਾ ਹੈ।

? ਅਸਲਾ ਤਕਸੀਮ ਕਿਸ ਤਰ੍ਹਾਂ ਕਰਦੇ ਹੋ ?

– ਜਦ ਆਪਣਾ ਹੈ ਹੀ ਨਹੀਂ ਤਾਂ ਤਕਸੀਮ ਕਰਨ ਦਾ ਕੀ ਸੁਆਲ ?

? ਤੁਹਾਡੀ ਗ਼ੈਰ ਹਾਜ਼ਰੀ ਵਿੱਚ ਅਸਲਾ ਇੰਚਾਰਜ਼ ਕੌਣ ਹੁੰਦਾ ਹੈ ?

– ਕੋਈ ਨਹੀਂ।

? ਨਛੱਤਰ ਸਿੰਘ ਦੇ .੧੨ ਬੋਰ ਪਿਸਤੌਲ ਅਤੇ .੩੦੩ ਬੋਰ ਪਿਸਤੌਲ ਕਿੱਥੇ ਹਨ ?

– ਨਛੱਤਰ ਸਿੰਘ ਨੂੰ ਪਤਾ ਹੋਵੇਗਾ। ਮੈਨੂੰ ਉਸ ਨੇ ਕਦੇ ਕੋਈ ਅਸਲਾ ਨਹੀਂ ਦਿੱਤਾ।

? ਸਵਰਨ ਸਿੰਘ ਤੇ ਦਲਬੀਰ ਸਿੰਘ ਨੂੰ .੩੨ ਬੋਰ ਰਿਵਾਲਵਰ ਤੇ .੪੫੫ ਬੋਰ ਰਿਵਾਲਵਰ ਕਿਸ ਨੇ ਦਿੱਤੇ ?

– ਇਹ ਉਹਨਾਂ ਨੂੰ ਹੀ ਪਤਾ ਹੋਵੇਗਾ, ਮੈਨੂੰ ਕੋਈ ਪਤਾ ਨਹੀਂ।

? ਇਹ ਕਿਸ ਦੇ ਲਾਇਸੈਂਸੀ ਅਸਲੇ ਹਨ ?

– ਮੈਨੂੰ ਕੋਈ ਪਤਾ ਨਹੀਂ।

? ਅਸਲ ਵਿੱਚ ਲਾਲਾ ਜੀ ਦਾ ਕਤਲ ਤੁਸੀਂ ਆਪਣੇ ਬੰਦਿਆਂ ਕੋਲੋਂ ਕਰਵਾਇਆ ਹੈ ?

– ਮੈਂ ਲਾਲਾ ਜਗਤ ਨਾਰਾਇਣ ਦਾ ਕਤਲ ਨਹੀਂ ਕਰਵਾਇਆ। ਮੇਰਾ ਕੋਈ ਬੰਦਾ ਨਹੀਂ, ਮੈਂ ਤਾਂ ਖ਼ੁਦ ਗੁਰੂ ਦਾ ਬੰਦਾ ਬਣਨਾ ਚਾਹੁੰਦਾ ਹਾਂ।

? ਅਸਲ ਵਿੱਚ ਨਿਰੰਕਾਰੀ ਬਾਬੇ ਦਾ ਕਤਲ ਵੀ ਤੁਸੀਂ ਆਪਣਿਆਂ ਸਿੰਘਾਂ ਰਾਹੀਂ ਕਰਵਾਇਆ ਹੈ। ਇਹ ਗੱਲ ਠੀਕ ਹੈ ?

– ਇਹ ਗੱਲ ਗ਼ਲਤ ਹੈ ਕਿ ਨਿਰੰਕਾਰੀ ਗੁਰਬਚਨ ਸਿੰਘ ਦਾ ਕਤਲ ਮੈਂ ਆਪਣੇ ਸਿੰਘਾਂ ਤੋਂ ਕਰਵਾਇਆ ਹੈ। ਮੇਰਾ ਕੋਈ ਸਿੰਘ ਨਹੀਂ, ਸਾਰੇ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘ ਹਨ।

* * *

ਅੰਤਿਕਾ-੯

ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੂੰ ਲਿਖੀ ਗਈ ਚਿੱਠੀ

ਸ੍ਰੀ ਮਾਨ ਸਤਿਕਾਰ ਯੋਗ ਸੰਤ ਜਰਨੈਲ ਸਿੰਘ ਜੀ,

ਮੈਂ ਪੰਜਾਬ ਦੇ ਉਲਝੇ ਮਸਲੇ ਨੂੰ ਹੱਲ ਕਰਨ ਲਈ ਤੁਹਾਨੂੰ ਮਿਲਣਾ ਚਾਹੁੰਦੀ ਆਂ। ਅਸੀਂ ਵਿਚਾਰ ਵਟਾਂਦਰੇ ਨਾਲ ਪੰਜਾਬ ਦੀਆਂ ਮੰਗਾਂ ਦਾ ਹੱਲ ਕੱਢ ਲਵਾਂਗੇ। ਮੇਰਾ ਖ਼ਿਆਲ ਹੈ, ਵਿਧਾਨ ਨੂੰ ਹਿਲਾਏ ਬਿਨਾਂ ਤੁਹਾਡੀਆਂ ਸਾਰੀਆਂ ਮੰਗਾਂ ਦਾ ਨਿਪਟਾਰਾ ਕਰ ਲਵਾਂਗੇ। ਮੇਰੀ ਸੀਕਿਉਰਟੀ ਨੂੰ ਮੁੱਖ ਰੱਖ ਕੇ ਤੁਸੀਂ ਮਿਲਣ ਦਾ ਸਮਾਂ ਕੱਢੋ। ਭਾਰਤ ਦੀ ਸ਼ਕਤੀ ਨੂੰ ਮੋਰਚਿਆਂ ਵਿੱਚ ਪਾ ਕੇ ਐਵੇਂ ਜ਼ਾਇਆ ਨਾ ਕਰੀਏ। ਕੋਈ ਵੀ ਝਗੜਾ ਮਿਲ ਬੈਠ ਕੇ ਹੱਲ ਕੀਤਾ ਜਾ ਸਕਦਾ ਏ। ਤੁਸੀਂ ਦੇਸ਼ ਭਗਤ, ਬਹਾਦਰ ਤੇ ਮਿਹਨਤੀ ਪੰਜਾਬੀ ਹੋ, ਮੈਨੂੰ ਆਸ ਹੈ, ਤੁਸੀਂ ਭਾਰਤ ਦੀ ਉਸਾਰੀ ਤੇ ਖੁਸ਼ਹਾਲੀ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਉਂਦੇ ਰਹੋਗੇ।

ਧੰਨਵਾਦ ਨਾਲ,

ਇੰਦਰਾ ਗਾਂਧੀ

ਪ੍ਰਧਾਨ ਮੰਤਰੀ ਭਾਰਤ ਸਰਕਾਰ

* * *

ਪੰਥ ਦੇ ਸਾਹਿਤਕ ਮੁਕਾਬਲੇ ॥

ਸਭਾ ਵਿਖਾਨ ਮੈਂਡੇ ਮਰਤਬਾ ਤੁਹਾਰ ਹਥਨ ਸਭ ਕੀਓ ॥
ਸੋਏ ਸਕੋਰੀ ਸੋਜਸੀ ਜਯੋ ਹਮਾਰੇ ਮੀਓ ॥

ਰਹਤਨੀਸੀ ਪੰਥ ਦੇ ਹਿਤੂਜਸਾਨ ਦੇ ਮੁਖੀ ਸੱਜਣਦਾਸ ਚੀਚੀ ਛਿਦਕ ਜੀ,

ਤੁਹਾਡੇ ਚੋਜ ਵੱਲ ਤੱਕ ਸਿੱਖ ਲਾਹ ਦੇ ਲਏ. ਇਤਫਕਿਆਂ ਤੇ ਸਿੱਖ ਦੁੱਖੀ
ਨਿਕੁੰਮਾਂ ਦੀ ਅਵਸਥਾ ਸੁਧੀਚਕਿਤ ਹਾਲਤੇ ਪਿੱਤੀ ਦੁਆਲਾ ਮੈਂ ਸਮਝਦਾ ਦੇਖਕ ਮੁਨਾਫ਼ ਕਰਕੇ
~~ਤੇ ਤਾਂ ਮੈਂ ਕੋਈ ਚੰਗੇ ਚੰਗੇ ਦਾ ਵੇਖਣ ਅੱਜਕਲ ਨਾਲ ਕੇ ਹੁਣਾਂ ਕੁਝ ਮਜ਼ਾਕਰਾ ਹੋਣਾ ਕਿ~~
ਕਿਵੇ ਜਿਹੀ ਭਾਸ਼ਾ ਵਰਤੀ ਹੈ। ਮਨ ਮੈਂ ਬੇਚੈਨਤਾ ਦੀ ਸਿਮਤ ਵਾਲੇ ਕੁਝ ਦੀਵਾਨ ਦਰਜ਼ ਕਰਨੇ
ਸਮਝਦਾ ਹਾਂ ਕਿਸਮਤ ਕਾਰ ਪੜ੍ਹ ਚੱਕਾ।

ਪਿਛੇ ਬਹਾਦਰੀ ਕਰ ਸਮੇਖਾਂਪਣ ਵਾਲੇ ਸਭਾ ਜਲਸ ਤਮਾਸ਼ਾ ਹੀ ਸੋਚ
~~ਦੀ ਇਕਰੂਪਤਾ ਪੈਦਾ ਕਿਆ ਵਿਚ ਹੋ ਜਾਵੇ ਤੇ, ਇਕਰੂਪਤਾ ਵਿਚ ਵਿਯੁਕਤੀ ਦਾ ਹਾਲੇ~~
~~ਹਾਂ ਸਿੱਖ ਨੂੰ ਇਸਦੇ ਦੀ ਸਮੇ ਸਿੱਖ ਦੀ ਤੱਕ~~
ਇਕਰੂਪਤਾ ਦੀ ਸਰਕਾਰੀ ਚੈਂਦ ਕਰਦਾ ਹੱਥ ਦੀ ਛੁੱਟ ਮਸ਼ੀਨ ਦੀ ਇਕਰੂਪਤਾ
ਸਾਫ਼ਦਾਰ ਬੁਨਾਰਾ ਪਿੱਛੇ ਕਰਕੇ ਇਕਰੂਪਤਾ ਚੈਂਦ ਕਰਦਾ ਹੱਥੀ ਵਿਚਾਰੀ ਹੁੰਦੇ ਦੀ
ਇਕਰੂਪਤਾ ਸਿੱਖ ਸੱਜ ਦੇ ਹੱਥਾਂਦਾ ਤੇ ਸਕਦੇ ਮੈਂ ਮੇਰਾ ਕੰਮ ਵਿਚ ਵਿਚ ਸਿੱਖ ਮੱਜ ਧਨ ਕਰਨਾਂਦਾ
ਤਿਆਰ, ਇਹ ਸੁਖੇਮਤ ਦੀ ਸਮਾਲ ਸਿਮਤ ਤੋਂ ਇਹਨਾਂ ਸਿੱਖ ਦੇ ਕੀ ਵਿਚਾਰ
ਦੇ ਇਕਰੂਪਤਾ ਸਿੱਖ ਮੱਜ ਧਨ ਪਿੱਛੇ ?

ਚਲ ਪਿਛਲੇ ਤੁਖੇਸਾਂ ਇਹ ਲਾਭ ਸਕਦਾ ਸਕਦਾ ਹੈ ਸਭ ਦੀ ਸਿੱਖ ਦੀ ਸਾਰੇ
ਮੋਜ-ਸਮਾਰਮ ਵਰਗੇ ਕਰਕ ਸਮਾਰ ਨੂੰ ਪਿਛੇ ਜਾਂਦੀ ਸਾ ਸਕਦੇ ਸਕਦਾ ਹੈ ਸਕਦਾ ਹੈ
ਇਕਰੂਪਤਾ ਵੱਲ ਦਰਜ਼ਾ ਸਮਾਰ ਨੂੰ ਪਿਛੇ ਜਾਂਦੀ ਸਾ ਸਕਦੇ ਸਕਦਾ ਹੈ ਸਕਦਾ ਹੈ

ਪਿਛੇ ਚ ਪਿਛੇ ਦੇ ਪਿਛੇ ਚੰਗਰੂ ਪਾਸਾਂ ਪਿਛੇ ਦਾ ਸਕਦਾ ਸਕਦਾ ਹੈ,
ਪਿਛੇ ਧਾਰਮਿਕ ਸੰਦਰ ਪਿਛੇ ਸਾਰੇ ਸਕਦਾ ਸਕਦਾ ਹੈ ਸਕਦਾ ਹੈ ਸਕਦਾ ਹੈ
ਸਮੇਂ ਦਰਜ਼ਾ ਪਿਛੇ ਸਕਦਾ ਹੈ ਸਕਦਾ ਹੈ ਸਕਦਾ ਹੈ ਸਕਦਾ ਹੈ ਸਕਦਾ ਹੈ,
ਪਿਛੇ ਧਾਰਮਿਕ ਸੰਦਰ ਪਿਛੇ ਸਾਰੇ ਸਕਦਾ ਸਕਦਾ ਹੈ ਸਕਦਾ ਹੈ ਸਕਦਾ ਹੈ

ਮਰਿਆਦ ਪੁਰਖ ਪਿਛਲਾ ਦੀ ਪਹਿਲਾਂ ਸਕਦਾ ਸਕਦਾ ਹੈ ਸਕਦਾ ਹੈ ਸਕਦਾ ਹੈ,
ਪਾਸ, ਸੂੰ ਹਰਿਮੰਦਰ ਸਾਹਿਬ ਪਿਛੇ ਟਰਾਂਜ਼ਸਟੋਰ ਹਾਲਿਤ ਸਕਦਾ ਹੈ ਸਕਦਾ ਹੈ ਸਕਦਾ ਹੈ
ਪਾਸਦੀ ਕੈਂਪ ਧਰਮਿਕ ਸਕਦਾ ਹੈ ਸਕਦਾ ਹੈ, ਪਰਮਾਤਮਾ ਦੇ ਪਿਛੇ ਸਕਦਾ ਹੈ ਸਕਦਾ ਹੈ ਸਕਦਾ ਹੈ
ਪਾਸਦੀ ਕੈਂਪ ਧਰਮਿਕ ਸਕਦਾ ਹੈ ਸਕਦਾ ਹੈ, ਪਰਮਾਤਮਾ ਦੇ ਪਿਛੇ ਸਕਦਾ ਹੈ ਸਕਦਾ ਹੈ ਸਕਦਾ ਹੈ

ਸਕਦਾ ਹੈ ਸਕਦਾ ਹੈ ਸਕਦਾ ਹੈ ਸਕਦਾ ਹੈ ਸਕਦਾ ਹੈ ਸਕਦਾ ਹੈ ਸਕਦਾ ਹੈ ?

ਅੰਤਿਕਾ-੯

ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਸ੍ਰੀਮਤੀ ਇੰਦਰਾ ਗਾਂਧੀ ਨੂੰ ਲਿਖੀ ਗਈ ਚਿੱਠੀ

ੴ ਸਤਿਗੁਰ ਪ੍ਰਸਾਦਿ ॥

ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ ॥
ਸੈਫ਼ ਸਰੋਹੀ ਸੈਥੀ ਯਹੈ ਹਮਾਰੈ ਪੀਰ ॥੩॥

ਰਾਜਨੀਤੀ ਪੱਖ ਤੋਂ ਹਿੰਦੁਸਤਾਨ ਦੇ ਪ੍ਰਮੁੱਖ ਸੇਵਾਦਾਰ ਬੀਬੀ ਇੰਦਰਾ ਜੀ,

ਤੁਹਾਡੇ ਬੋਲੇ ਕੰਨਾਂ ਤਕ ਸਿੱਖਾਂ ਨਾਲ ਹੋ ਰਹੇ ਵਿਤਕਰਿਆਂ ਤੋਂ, ਸਿੱਖ ਦੁਖੀ ਹਿਰਦਿਆਂ ਦੀ ਅਵਾਜ਼ ਪਹੁੰਚਾਉਣ ਵਾਸਤੇ ਚਿੱਠੀ ਦੁਆਰਾ ਮੈਂ ਆਪਣਾ ਵਿਚਾਰ ਪ੍ਰਗਟ ਕਰ ਰਿਹਾ ਹਾਂ। ਭਾਵੇਂ ਕਿ 'ਬੋਲੇ ਕੰਨਾਂ' ਦਾ ਅੱਖਰ ਸੁਣ ਕੇ ਤੁਹਾਨੂੰ ਕੁਝ ਮਹਿਸੂਸ ਹੋਵੇਗਾ ਕਿ ਕਿਹੋ ਜਿਹੀ ਭਾਸ਼ਾ ਵਰਤੀ ਹੈ, ਪਰ ਮੈਂ ਬੋਲੇਪਨ ਦੀ ਸਿੱਧਤਾ ਵਾਸਤੇ ਕੁਝ ਵਿਚਾਰ ਦੱਸਣੇ ਜ਼ਰੂਰੀ ਸਮਝਦਾ ਹਾਂ, ਧਿਆਨ ਨਾਲ ਪੜ੍ਹ ਲੈਣਾ।

ਹਿੰਦੂ ਬਰਾਦਰੀ ਨਾਲ ਸੰਬੰਧ ਰੱਖਣ ਵਾਲੇ ਲਾਲਾ ਜਗਤ ਨਰਾਇਣ ਦੀ ਮੌਤ ਦੀ ਇਨਕੁਆਰੀ ਤਿੰਨਾਂ ਦਿਨਾਂ ਵਿੱਚ ਹੋ ਜਾਂਦੀ ਹੈ, ਇਨਕੁਆਰੀ ਦਾ ਸਬੂਤ ਮੇਰੀ ਗ੍ਰਿਫ਼ਤਾਰੀ ਦਾ ਵਾਰੰਟ, ਪਰ ਸਿੱਖਾਂ ਦੇ ਇਸ਼ਟ ਨੂੰ ਅਤੇ ਸਿੱਖ ਕੌਮ ਦੀ ਬੱਸਾਂ ਦੇ ਰੂਪ ਵਿੱਚ ਇਕੱਤਰ ਕੀਤੀ ਹੋਈ ਸਮੱਗਰੀ ਦੀ ਬਰਬਾਦੀ ਅਤੇ ਚੰਦੋ ਕਲਾਂ ਦੀ ਤਿੰਨ ਲੱਖ ਦੀ ਲੁੱਟ-ਖਸੁੱਟ ਦੀ ਇਨਕੁਆਰੀ, ਸਰਕਾਰੀ ਅਫ਼ਸਰ ਦੁਆਰਾ ਰਿੱਟ ਕਰਵਾ ਕੇ ਬੰਦ ਕਰਵਾ ਦੇਣੀ, ਕਿਉਂਕਿ ਉਥੋਂ ਦੀ ਇਨਕੁਆਰੀ ਸਿੱਖ ਜੱਜ ਦੇ ਹੱਥ ਵਿੱਚ ਹੈ, ਜਦੋਂ ਕਿ ਮੇਰਾ ਕੇਸ ਇੱਕ ਹਿੰਦੂ ਜੱਜ ਪਾਸ ਲਗਵਾਇਆ ਗਿਆ, ਇਹ ਬੋਲੇਪਨ ਦੀ ਜਾਗਦੀ ਮਿਸਾਲ ਹੈ, ਕਿਉਂਕਿ ਕਿਸੇ ਸਿੱਖ ਨੇ ਕੋਈ ਇਤਰਾਜ਼ ਨਹੀਂ ਕੀਤਾ ਕਿ ਸਿੱਖ ਦੀ ਇਨਕੁਆਰੀ ਹਿੰਦੂ ਜੱਜ ਪਾਸ ਕਿਉਂ ?

ਬਹੁ-ਗਿਣਤੀ ਦੇ ਲੋਕਾਂ ਵਿੱਚੋਂ ਲਾਲਾ ਜਗਤ ਨਰਾਇਣ ਦੀ ਲਾਸ਼ ਦਾ ਪੋਸਟ ਮਾਰਟਮ ਕਰ ਕੇ ਲਾਸ਼ ਰਮੇਸ਼ ਨੂੰ ਦਿੱਤੀ ਗਈ ਪਰ ੨੦ ਸਤੰਬਰ ਨੂੰ ਮਹਿਤਾ ਚੌਕ ਵਿਖੇ ਡੇਢ ਦਰਜਨ ਸ਼ਹੀਦ ਸਿੰਘਾਂ ਦੀਆਂ ਲਾਸ਼ਾ ਦਾ ਪੋਸਟ ਮਾਰਟਮ ਕਰ ਕੇ ਇੱਕ ਵੀ ਸਰੀਰ ਵਾਰਸਾਂ ਨੂੰ ਵਾਪਸ ਨਹੀਂ ਕੀਤਾ, ਵਿਤਕਰੇ ਦੀ ਸਪੱਸ਼ਟ ਨਿਸ਼ਾਨੀ ਹੈ।

ਕਿਸੇ ਵੀ ਹਿੰਦੂ ਨੇ ਹਿੰਦੀ ਬੋਲਣ ਵਾਸਤੇ, ਹਿੰਦੀ ਸੂਬਾ ਬਣਾਉਣ ਵਾਸਤੇ, ਹਿੰਦੂ ਧਾਰਮਿਕ ਮੰਦਰ ਉੱਪਰ ਗੱਡੀ ਦਾ ਨਾਮ ਰਖਵਾਉਣ ਵਾਸਤੇ, ਹਿੰਦੂ ਧਾਰਮਿਕ ਸ਼ਹਿਰ ਨੂੰ ਪਵਿੱਤਰ ਦਰਜਾ ਦਿਵਾਉਣ ਵਾਸਤੇ ਜਾਂ ਆਪਣੇ ਧਾਰਮਿਕ ਚਿੰਨ੍ਹ ਨੂੰ ਅਪਨਾਉਣ ਵਾਸਤੇ, ਹਿੰਦੁਸਤਾਨ ਵਿੱਚ ਆਜ਼ਾਦੀ ਤੋਂ ਪਿੱਛੋਂ, ਦੱਸੋ ਕੋਈ ਇੱਕ ਵੀ ਹਿੰਦੂ ਨੇ ਜੇਲ੍ਹ ਕੱਟੀ ਹੈ ? ਪਰ ਇਸ ਦੇ ਉਲਟ ਸਿੱਖਾਂ ਨੂੰ ਪੰਜਾਬੀ ਬੋਲਣ ਵਾਸਤੇ, ਪੰਜਾਬੀ ਸੂਬਾ ਲੈਣ ਵਾਸਤੇ, ਸ੍ਰੀ ਹਰਿਮੰਦਰ ਸਾਹਿਬ ਵਿਖੇ ਟਰਾਂਸਮੀਟਰ ਲਾਉਣ ਵਾਸਤੇ, ਸਿੱਖ ਇੱਕ ਵੱਖਰੀ ਕੌਮ ਕਹਾਉਣ ਵਾਸਤੇ, ਧਾਰਮਿਕ ਅਸਥਾਨ ਨੂੰ ਪਵਿੱਤਰ ਦਰਜਾ ਦਿਵਾਉਣ ਵਾਸਤੇ ਅਤੇ ਆਪਣੇ ਧਾਰਮਿਕ ਚਿੰਨ ਨੂੰ ਪਰਪੱਕਤਾ ਸਹਿਤ ਧਾਰਨ ਕਰਨ ਵਾਸਤੇ, ਆਜ਼ਾਦੀ ਤੋਂ ਪਿੱਛੋਂ ਦੋ ਲੱਖ ਤੋਂ ਵੱਧ ਕੈਦ ਅਤੇ ਭਾਰੀ ਗਿਣਤੀ ਵਿੱਚ ਸ਼ਹੀਦੀਆਂ ਪਾ ਕੇ ਵੀ ਤੁਹਾਡੇ ਬੋਲੇ ਕੰਨਾਂ ਤਕ ਅਵਾਜ਼ ਨਹੀਂ ਪੁੱਜੀ।

ਸਿੱਖ ਹਮੇਸ਼ਾ ਹੀ ਜਬਰ ਦਾ ਮੁਕਾਬਲਾ ਸਬਰ ਨਾਲ ਕਰਦਾ ਹੈ ਅਤੇ ਸਬਰ ਨਾਲ ਕਰਾਂਗੇ, ਪਰ ਇਹ ਤੁਹਾਨੂੰ ਯਾਦ ਹੋਣਾ ਚਾਹੀਦਾ ਹੈ ਕਿ ਜਦੋਂ ਸਬਰ ਦਾ ਪਿਆਲਾ ਭਰ ਜਾਵੇ, ਤਦੋਂ ਸਿੱਖ ਨੂੰ ਮਜ਼ਬੂਰ ਹੋ ਕੇ ਆਪਣਾ ਹੱਕ ਲੈਣ ਵਾਸਤੇ, ਆਪਣੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਮੰਨ ਕੇ :

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤ ਬੁਰਦਨ ਬ ਸ਼ਮਸੀਰ ਦਸਤ ॥

ਦੇ ਅਨੁਸਾਰ ਚੱਲਣਾ ਪੈਂਦਾ ਹੈ, ਪਰ ਇਸ 'ਤੇ ਚੱਲਣ ਵਾਸਤੇ ਅਜੇ ਸਾਡਾ ਕੋਈ ਇਰਾਦਾ ਨਹੀਂ, ਪਰ ਜੇ ਕੁਰਸੀ ਦੇ ਨਸ਼ੇ ਵਿੱਚ ਇਸੇ ਤਰ੍ਹਾਂ ਹੀ ਸਿੱਖਾਂ ਨਾਲ ਅੱਤਿਆਚਾਰ ਹੁੰਦਾ ਰਿਹਾ ਤਾਂ ਇਸ ਨੂੰ ਹੁਣ ਬਹੁਤ ਸਾਲ ਜਾਂ ਮਹੀਨੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ, ਕਿਉਂਕਿ ਸ਼ਾਂਤੀ ਪੂਰਵਕ ਚੱਲਦਿਆਂ ਹੋਇਆਂ ਅਤੇ ਜ਼ੁਲਮ ਸਹਾਰਦਿਆਂ ਹੋਇਆਂ ਸਬਰ ਦਾ ਪਿਆਲਾ ਭਰ ਚੁੱਕਾ ਹੈ। ਜਦੋਂ ਕਿ ਸਾਡਾ ਪ੍ਰਚਾਰ ਹਿੰਦੂ ਨੂੰ ਪੱਕਿਆਂ ਹਿੰਦੂ ਬਣਾਉਣ ਵਾਸਤੇ ਪ੍ਰੇਰਨਾ ਕਰਨੀ। ਸਹੀ ਹਿੰਦੂ ਦੇ ਲੱਖਣ ਚੋਟੀ, ਸੋਟੀ, ਟੋਪੀ, ਧੋਤੀ (ਨੰਦੀਦਾਰ), ਜਨੇਊ, ੧੨ ਤਿਲਕ (ਮੱਥਾ, ਨੱਕ, ਠੋਡੀ, ਮੋਢੇ, ਛਾਤੀ, ਗੱਲ੍ਹਾਂ, ਕੰਨ, ਗਿੱਚੀ ਅਤੇ ਲਾਲੂ ਆਦਿ ਵਿੱਚ) ਗੀਤਾ ਦਾ ਪਾਠੀ, ਸ਼ਿਵਲਿੰਗ ਦੀ ਚਰਨਾਮਤ ਅਤੇ ਸ਼ਿਵ ਦੁਆਲੇ ਟੱਲੀਆਂ ਖੜਕਾਵੇ ਅਤੇ ਜਗਤ ਜੂਠ (ਤਮਾਕੂ) ਨਾ ਵਰਤੇ, ਉਸ ਹਿੰਦੂ ਨੂੰ ਅਸੀਂ ਆਪਣਾ ਭਰਾ ਸਮਝਦੇ ਹਾਂ, ਮੁਸਲਮਾਨ ਪੱਕਾ ਮੁਸਲਮਾਨ ਬਣੇ, ਸਿਖ ਆਪਣੇ ਧਰਮ ਵਿੱਚ ਪੱਕਾ ਹੋਵੇ, ਇਹ ਸਾਡਾ ਪ੍ਰਚਾਰ ਹੈ ਪਰ ਐਸਾ ਪ੍ਰਚਾਰ ਕਰਨ ਵਾਲੇ ਨੂੰ ਅੱਤਵਾਦੀ ਕਹਿਣਾ ਕਿੱਥੋਂ ਕੁ ਤਕ ਸਚਾਈ ਹੈ ?

ਹਕੂਮਤ ਦੇ ਨਸ਼ੇ ਵਿੱਚ ਸਿੱਖਾਂ ਨੂੰ ਮੁਕਾਉਣ ਦਾ ਯਤਨ ਕਰਦੇ ਹੋਏ, ਬਹੁਤ ਹੋ ਗੁਜ਼ਰੇ ਹਨ ਅਤੇ ਹਕੂਮਤ ਵਾਲੇ ਲੋਕਾਂ ਦਾ ਨਾਮੋ-ਨਿਸ਼ਾਨ ਨਹੀਂ ਰਿਹਾ, ਜੇ ਉਸੇ ਤਰ੍ਹਾਂ ਹੀ ਜ਼ੁਲਮ ਤੇ ਅੱਤਿਆਚਾਰ ਜਾਰੀ ਰੱਖਿਆ ਤਾਂ ਤੁਹਾਡਾ ਵੀ ਕਦੇ ਉਹੀ ਹਸ਼ਰ* ਨਾ ਹੋਵੇ, ਕਿਉਂਕਿ ਕੁਰਸੀ ਅਤੇ ਮਾਇਆ ਇਸਥਿਤ ਨਹੀਂ ਹੈ। ਗੁਰਬਾਣੀ ਦਾ ਫ਼ੁਰਮਾਨ ਹੈ:

*ਸੰਤ ਜਰਨੈਲ ਸਿੰਘ ਦੀ ਇਹ ਭਵਿੱਖ ਬਾਣੀ ਸੱਚ ਸਾਬਤ ਹੋਈ। ਪਾਠਕ ਭਲੀ ਭਾਂਤ ਜਾਣਦੇ ਹਨ ਕਿ ਇੰਦਰਾ ਗਾਂਧੀ ਦਾ ੩੧ ਅਕਤੂਬਰ ੧੯੮੪ ਨੂੰ ਕਤਲ ਹੋ ਗਿਆ।

ਇਹ ਮਾਇਆ ਕੀ ਸੋਭਾ॥

ਕੋਊ ਹਰਿ ਸਮਾਨਿ ਨਹੀ ਰਾਜਾ॥

ਨਾਂਗੇ ਪਾਵਹੁ ਤੇ ਗਏ.....॥

ਰਾਵਣ ਹੂੰ ਤੇ ਅਧਿਕ ਛਤ੍ਰਪਤਿ.....॥

ਸਿੱਖ ਲੜਕੀਆਂ ਨੂੰ ਨੰਗਿਆਂ ਕਰਕੇ ਉਸ ਦੇ ਪਿਤਾ ਨੂੰ ਉੱਪਰ ਪਾਉਣਾ, ਸਿੱਖ ਦੇ ਮੂੰਹ ਵਿੱਚ ਤਮਾਕੂ ਪਾਉਣਾ ਅਤੇ ਮੂੰਹ ਵਿੱਚ ਥੁਕਣਾ, ਪੱਟ ਚੀਰ ਕੇ ਲੂਣ ਪਾਉਣਾ, ਸਿੱਖਾਂ ਦੇ ਘਰਾਂ ਨੂੰ ਅੱਗ ਲਾਉਣੀ, ਸਿੱਖ ਲੜਕੀਆਂ 'ਤੇ ਕੇਸ ਚਲਾਉਣੇ, ਸਿੱਖ ਵਿਦਿਆਰਥੀਆਂ ਨੂੰ ਨਜ਼ਰਬੰਦ ਕਰਨਾ, ਝੂਠੇ ਪੁਲੀਸ ਮੁਕਾਬਲਿਆਂ ਵਿੱਚ ਮਾਰਨਾ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਕਾਤਲ, ਮੁੱਖ ਮੰਤਰੀ ਪੰਜਾਬ, ਐਸ.ਪੀ. ਡੀ.ਆਰ. ਭੱਟੀ ਲੁਧਿਆਣਾ, ਡੀ.ਆਈ.ਜੀ. ਮਾਂਗਟ ਪਟਿਆਲਾ ਅਤੇ ਇਹਨਾਂ ਦੇ ਸਾਥੀਆਂ ਨੂੰ, ਡੀ.ਸੀ. ਹੁਕਮ ਰੂਪੀ ਖੰਭਾਂ ਹੇਠ ਲੁਕਾਉਣਾ, ਬੋਲੇ ਤੇ ਗੂੰਗੇਪਨ ਦੀ ਪ੍ਰਤੱਖ ਮਿਸਾਲ ਹੈ। ਇਹ ਸੰਖੇਪ ਰੂਪ 'ਚ ਦੱਸਿਆ ਹੈ।

ਸਮਾਂ ਆਉਣ 'ਤੇ ਵਿਸਥਾਰ ਸਹਿਤ ਸਿੱਖਾਂ ਨਾਲ ਹੋ ਰਹੇ ਵਿਤਕਰਿਆਂ ਬਾਰੇ ਦੱਸਾਂਗਾ।

ਜਰਨੈਲ ਸਿੰਘ ਖ਼ਾਲਸਾ

੧੯-੦੨-੯੩

* * *

ਅੰਤਿਕਾ-੧੦

ਰਾਜੀਵ ਲੌਂਗੋਵਾਲ ਸਮਝੌਤਾ
(ਨਵੀਂ ਦਿੱਲੀ, ੨੪-੦੭-੧੯੮੫)

੧. ਨਿਰਦੋਸ਼ ਮਾਰੇ ਗਏ ਵਿਅਕਤੀਆਂ ਦਾ ਮੁਆਵਜ਼ਾ

ਅੰਦੋਲਨ ਦੌਰਾਨ ਜਾਂ ੦੧.੦੮.੧੯੮੨ ਮਗਰੋਂ ਕਿਸੇ ਕਾਰਵਾਈ ਦੌਰਾਨ ਮਰਨ ਵਾਲੇ ਨਿਰਦੋਸ਼ ਵਿਅਕਤੀਆਂ ਦੇ ਮੁਆਵਜ਼ੇ ਵਜੋਂ ਐਕਸ-ਗਰੇਸ਼ੀਆ ਦੇ ਨਾਲ ਨਾਲ ਜਾਇਦਾਦ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਵੀ ਦਿੱਤਾ ਜਾਏਗਾ।

੨. ਫੌਜ ਵਿਚ ਭਰਤੀ

ਦੇਸ਼ ਦੇ ਹਰ ਨਾਗਰਿਕ ਨੂੰ ਫੌਜ ਵਿੱਚ ਭਰਤੀ ਹੋਣ ਦਾ ਹੱਕ ਹਾਸਲ ਹੈ ਅਤੇ ਯੋਗਤਾ ਹੀ ਚੋਣ ਦਾ ਅਧਾਰ ਰਹੇਗੀ।

੩. ਨਵੰਬਰ ਦੀਆਂ ਘਟਨਾਵਾਂ ਦੀ ਪੜਤਾਲ

ਦਿੱਲੀ ਵਿੱਚ ਹੋਏ ਨਵੰਬਰ ਦੇ ਫਸਾਦਾਂ ਦੀ ਜਾਂਚ ਕਰ ਰਹੇ ਸ੍ਰੀ ਜਸਟਿਸ ਰੰਗਾਨਾਥਨ ਮਿਸ਼ਰਾ ਕਮਿਸ਼ਨ ਦਾ ਕਾਰਜ ਖੇਤਰ ਵਧਾ ਦਿੱਤਾ ਜਾਵੇਗਾ ਅਤੇ ਉਹ ਬੋਕਾਰੋ ਅਤੇ ਕਾਨ੍ਹਪੁਰ ਦੀ ਗੜਬੜ ਦੀ ਜਾਂਚ ਵੀ ਕਰ ਸਕਣਗੇ।

੪. ਨੌਕਰੀਓਂ ਕੱਢੇ ਫੌਜੀਆਂ ਦਾ ਮੁੜ ਵਸੇਬਾ

ਫੌਜ ਵਿੱਚੋਂ ਕੱਢੇ ਗਏ ਤਮਾਮ ਫੌਜੀਆਂ ਦੇ ਮੁੜ ਵਸੇਬੇ ਲਈ ਅਤੇ ਉਹਨਾਂ ਨੂੰ ਲਾਹੇਵੰਦ ਨੌਕਰੀ ਦਿਵਾਉਣ ਲਈ ਯਤਨ ਕੀਤੇ ਜਾਣਗੇ।

੫. ਆਲ ਇੰਡੀਆ ਗੁਰਦਵਾਰਾ ਐਕਟ

ਭਾਰਤ ਸਰਕਾਰ ਆਲ-ਇੰਡੀਆ ਗੁਰਦਵਾਰਾ ਐਕਟ ਬਣਾਉਣ ਸੰਬੰਧੀ ਵਿਚਾਰ ਕਰਨ ਲਈ ਸਹਿਮਤ ਹੈ। ਇਸ ਮਕਸਦ ਹਿੱਤ ਸ਼ਰੋਮਣੀ ਅਕਾਲੀ ਦਲ ਅਤੇ ਹੋਰ ਸੰਬੰਧਤ ਧਿਰਾਂ ਨਾਲ ਸਲਾਹ ਮਸ਼ਵਰਾ ਕਰਨ ਉਪਰੰਤ ਅਤੇ ਜ਼ਰੂਰੀ ਸੰਵਿਧਾਨਕ ਲੋੜਾਂ ਪੂਰੀਆਂ ਕਰਨ ਉਪਰੰਤ ਬਿੱਲ ਪੇਸ਼ ਕੀਤਾ ਜਾਵੇਗਾ।

੬. ਕੇਸਾਂ ਦਾ ਨਿਪਟਾਰਾ

੬.੧ ਪੰਜਾਬ ਵਿਚ ਆਰਮਡ ਫੋਰਸਿਜ਼ ਸਪੈਸ਼ਲ ਪਾਵਰਜ਼ ਐਕਟ ਲਾਗੂ ਕਰਨ ਬਾਰੇ ਨੋਟੀਫਿਕੇਸ਼ਨ ਵਾਪਸ ਲੈ ਲਿਆ ਜਾਵੇਗਾ। ਸਥਾਪਤ ਵਿਸ਼ੇਸ਼ ਅਦਾਲਤਾਂ ਕੇਵਲ ਹੇਠਲੀ ਕਿਸਮ ਦੇ ਜੁਰਮਾਂ ਦਾ ਨਿਪਟਾਰਾ ਕਰਨਗੀਆਂ।

(ੳ) ਜੰਗ ਛੇੜਨ ਬਾਰੇ (ਅ) ਹਵਾਈ ਜਹਾਜ਼ ਅਗਵਾ ਕਰਨ ਬਾਰੇ

੬.੨ ਹੋਰ ਸਾਰੇ ਕੇਸ ਆਮ ਅਦਾਲਤਾਂ ਵਿੱਚ ਤਬਦੀਲ ਕਰ ਦਿੱਤੇ ਜਾਣਗੇ ਅਤੇ ਇਸ ਮੰਤਵ ਲਈ ਜੇ ਕੋਈ ਕਨੂੰਨ ਬਣਾਉਣ ਦੀ ਲੋੜ ਪਈ ਤਾਂ ਪਾਰਲੀਮੈਂਟ ਦੇ ਇਸੇ ਸੈਸ਼ਨ ਵਿਚ ਬਣਾ ਦਿੱਤਾ ਜਾਵੇਗਾ।

੭. ਇਲਾਕਾਈ ਹੱਦਾਂ ਬਾਰੇ

੭.੧ ਚੰਡੀਗੜ੍ਹ ਦਾ ਕੈਪੀਟਲ ਪ੍ਰਾਜੈਕਟ ਏਰੀਆ ਪੰਜਾਬ ਨੂੰ ਮਿਲੇਗਾ। ਕੁਝ ਨਾਲ ਲੱਗਦੇ ਇਲਾਕੇ ਜੋ ਪਹਿਲਾਂ ਹਿੰਦੀ ਖੇਤਰ ਜਾਂ ਪੰਜਾਬੀ ਖੇਤਰ ਵਿੱਚ ਸਨ, ਕੇਂਦਰੀ ਸ਼ਾਸ਼ਤ ਇਲਾਕੇ ਵਿੱਚ ਸ਼ਾਮਲ ਕਰ ਦਿੱਤੇ ਗਏ ਸਨ। ਕੈਪੀਟਲ ਰੀਜਨ ਪੰਜਾਬ ਵਿੱਚ ਜਾਣ ਕਰਕੇ, ਜਿਹੜੇ ਇਲਾਕੇ ਪੁਰਾਣੇ ਪੰਜਾਬ ਦੇ ਪੰਜਾਬੀ ਖੇਤਰ ਵਿੱਚੋਂ ਲੈ ਕੇ ਕੇਂਦਰੀ ਇਲਾਕੇ ਨਾਲ ਜੋੜੇ ਗਏ ਸਨ, ਉਹ ਪੰਜਾਬ ਨੂੰ ਮਿਲ ਜਾਣਗੇ ਅਤੇ ਹਿੰਦੀ ਖੇਤਰ ਦੇ ਇਲਾਕੇ ਹਰਿਆਣੇ ਨੂੰ। ਸਾਰੀ ਸੁਖਨਾ ਝੀਲ ਚੰਡੀਗੜ੍ਹ ਦਾ ਹਿੱਸਾ ਬਣੀ ਰਹੇਗੀ ਤੇ ਇਵੇਂ ਇਹ ਪੰਜਾਬ ਨੂੰ ਮਿਲੇਗੀ।

੭.੨ ਸ੍ਰੀਮਤੀ ਇੰਦਰਾ ਗਾਂਧੀ ਦਾ ਸਦਾ ਇਹ ਵਿਚਾਰ ਰਿਹਾ ਹੈ ਕਿ ਜਦੋਂ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਵੇਗਾ ਤਾਂ ਪੰਜਾਬ ਵਿਚਲੇ ਕੁਝ ਹਿੰਦੀ ਬੋਲਦੇ ਇਲਾਕੇ ਹਰਿਆਣੇ ਨੂੰ ਦਿੱਤੇ ਜਾਣਗੇ। ਚੰਡੀਗੜ੍ਹ ਬਦਲੇ ਹਰਿਆਣੇ ਨੂੰ ਦਿੱਤੇ ਜਾਣ ਵਾਲੇ ਵਿਸ਼ੇਸ਼ ਹਿੰਦੀ ਬੋਲਦੇ ਇਲਾਕਿਆਂ ਦਾ ਪਤਾ ਲਾਉਣ ਲਈ ਕਮਿਸ਼ਨ ਬਣਾਇਆ ਜਾਵੇਗਾ।

ਭੂਗੋਲਕ ਨਿਕਟਤਾ ਅਤੇ ਪਿੰਡ ਨੂੰ ਇਕਾਈ ਮੰਨ ਕੇ ਭਾਸ਼ਾਈ ਸਾਂਝ ਦੇ ਅਧਾਰ 'ਤੇ ਹੀ ਇਸ ਦਾ ਨਿਰਣਾ ਕੀਤਾ ਜਾਵੇਗਾ। ਕਮਿਸ਼ਨ ਆਪਣਾ ਨਿਰਣਾ ੩੧ ਦਸੰਬਰ ੧੯੮੫ ਤੱਕ ਦੇ ਦੇਵੇਗਾ ਅਤੇ ਦੋਵੇਂ ਧਿਰਾਂ ਇਸ ਨੂੰ ਮੰਨਣ ਲਈ ਪਾਬੰਦ ਹੋਣਗੀਆਂ। ਕਮਿਸ਼ਨ ਦਾ ਕਾਰਜ ਖੇਤਰ ਕੇਵਲ ਇਥੋਂ ਤੱਕ ਹੀ ਸੀਮਤ ਹੋਵੇਗਾ ਅਤੇ ਇਹ ਆਮ ਭੂਗੋਲਕ ਹੱਦਾਂ ਸੰਬੰਧੀ ਦਾਅਵਿਆਂ ਤੋਂ ਵੱਖ ਰਹੇਗਾ, ਜਿਹਨਾਂ ਦਾ ਫੈਸਲਾ ਕਿ ਦੂਸਰਾ ਕਮਿਸ਼ਨ ਕਰੇਗਾ, ਜਿਸ ਦਾ ਜ਼ਿਕਰ ਪੈਰ੍ਹਾ ੭.੪ ਵਿੱਚ ਕੀਤਾ ਗਿਆ ਹੈ।

੭.੩ ਚੰਡੀਗੜ੍ਹ ਨੂੰ ਅਮਲੀ ਤੌਰ 'ਤੇ ਪੰਜਾਬ ਹਵਾਲੇ ਅਤੇ ਇਸ ਦੇ ਇਵਜ਼ ਵਿੱਚ ਹਰਿਆਣੇ ਨੂੰ ਦਿੱਤੇ ਜਾਣ ਵਾਲੇ ਇਲਾਕਿਆਂ ਦਾ ਵਟਾਂਦਰਾ ੨੬ ਜਨਵਰੀ, ੧੯੮੬ ਨੂੰ ਇਕੱਠਿਆਂ ਹੀ ਕਰ ਦਿੱਤਾ ਜਾਵੇਗਾ।

੭.੪ ਮੌਜੂਦਾ ਪੰਜਾਬ ਹਰਿਆਣਾ ਦੀਆਂ ਸਰਹੱਦਾਂ ਵਿੱਚ ਤਬਦੀਲੀ ਕਰਨ ਬਾਰੇ ਹੋਰ ਦਾਅਵੇ ਅਤੇ ਪ੍ਰਤੀ ਦਾਅਵੇ ਵੀ ਹਨ। ਸਰਕਾਰ ਇਹਨਾਂ ਮਾਮਲਿਆਂ 'ਤੇ ਵਿਚਾਰ ਕਰਨ ਲਈ ਕਿ ਹੋਰ ਕਮਿਸ਼ਨ ਗਠਿਤ ਕਰੇਗੀ ਜੋ ਇਹਨਾਂ ਬਾਰੇ ਨਿਰਣਾ ਦੇਵੇਗਾ। ਦੋਵੇਂ ਧਿਰਾਂ ਇਸ ਨਿਰਣੇ ਨੂੰ ਮੰਨਣ ਲਈ ਪਾਬੰਦ ਹੋਣਗੀਆਂ। ਪਿੰਡ ਨੂੰ ਇਕਾਈ ਮੰਨਣਾ, ਭਾਸ਼ਾਈ ਸਾਂਝ ਅਤੇ ਭੂਗੋਲਕ ਨੇੜਤਾ ਹੀ ਪੜਤਾਲ ਦਾ ਅਸੂਲੀ ਅਧਾਰ ਹੋਣਗੇ।

੮. ਕੇਂਦਰ-ਰਾਜ ਸੰਬੰਧ

੮.੧ ਸ਼੍ਰੋਮਣੀ ਅਕਾਲੀ ਦਲ ਦਾ ਮੱਤ ਹੈ ਕਿ ਅਨੰਦਪੁਰ ਦਾ ਮਤਾ ਪੂਰੀ ਤਰ੍ਹਾਂ ਭਾਰਤੀ ਸੰਵਿਧਾਨ ਦੇ ਦਾਇਰੇ 'ਚ ਆਉਂਦਾ ਹੈ ਅਤੇ ਇਹ ਕੇਂਦਰ ਰਾਜ ਸੰਬੰਧਾਂ ਦੀ ਇਸ ਤਰ੍ਹਾਂ ਵਿਆਖਿਆ ਕਰਦਾ ਹੈ, ਜਿਸ ਨਾਲ ਸਾਡੇ ਏਕਾਤਮਕ ਸੰਵਿਧਾਨ ਨੂੰ ਸਹੀ ਅਰਥਾਂ ਵਿੱਚ ਸੰਘੀ ਢਾਂਚਾ ਪ੍ਰਦਾਨ ਕੀਤਾ ਜਾ ਸਕੇ ਅਤੇ ਮਤੇ ਦਾ ਅਸਲ ਮਨੋਰਥ ਰਾਜਾਂ ਨੂੰ ਵਧੇਰੇ ਖੁਦਮੁਖਤਾਰੀ ਦੇ ਕੇ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਮਜ਼ਬੂਤ ਕਰਨਾ ਹੈ, ਕਿਉਂਕਿ ਸਾਡੀ ਕੌਮੀ ਏਕਤਾ ਦਾ ਅਧਾਰ ਅਨੇਕਤਾ ਵਿੱਚ ਏਕਤਾ ਹੈ।

੮.੨ ਉਪਰੋਹਕਤ ਦੇ ਮੱਦੇਨਜ਼ਰ ਅਨੰਦਪੁਰ ਮਤਾ, ਜਿੱਥੋਂ ਤੱਕ ਕਿ ਇਹ ਕੇਂਦਰ ਰਾਜ ਸਬੰਧਾਂ ਦੀ ਗੱਲ ਕਰਦਾ ਹੈ, ਸਰਕਾਰੀਆ ਕਮਿਸ਼ਨ ਨੂੰ ਸੌਂਪਿਆ ਜਾਂਦਾ ਹੈ ।

੯. ਦਰਿਆਈ ਪਾਣੀਆਂ ਦੀ ਵੰਡ

੯.੧ ਪੰਜਾਬ, ਹਰਿਆਣਾ ਅਤੇ ਰਾਜਿਸਥਾਨ ਦੇ ਕਿਸਾਨ ਜਿੰਨਾ ਪਾਣੀ ੦੧.੦੭.੧੯੮੫ ਨੂੰ ਰਾਵੀ ਬਿਆਸ ਤੋਂ ਵਰਤ ਰਹੇ ਸਨ, ਓਨਾ ਪਾਣੀ ਉਹਨਾਂ ਨੂੰ ਮਿਲਦਾ ਰਹੇਗਾ । ਖਪਤ ਲਈ ਵਰਤਿਆ ਜਾਂਦਾ ਪਾਣੀ ਵੀ ਜਿਉਂ ਦਾ ਤਿਉਂ ਮਿਲਦਾ ਰਹੇਗਾ । ਵਰਤੋਂ ਦੀ ਮਿਕਦਾਰ ਬਾਰੇ ਕੀਤੇ ਦਾਅਵੇ ਦੀ ਪੜਤਾਲ ਹੇਠਾਂ ਪੈਰ੍ਹਾ ੯.੨ ਵਿੱਚ ਦੱਸੇ ਟ੍ਰਿਬਿਊਨਲ ਵੱਲੋਂ ਕੀਤੀ ਜਾਵੇਗੀ ।

੯.੨ ਬਾਕੀ ਦੇ ਪਾਣੀ ਬਾਰੇ ਹਰਿਆਣੇ ਅਤੇ ਪੰਜਾਬ ਦੇ ਦਾਅਵਿਆਂ ਨੂੰ ਸੁਪਰੀਮ ਕੋਰਟ ਦੇ ਜੱਜ ਦੀ ਅਗਵਾਹੀ ਵਾਲੇ ਟ੍ਰਿਬਿਊਨਲ ਕੋਲ ਅੰਤਮ ਨਿਰਣੇ ਲਈ ਸੌਂਪਿਆ ਜਾਵੇਗਾ ।

ਇਹ ਟ੍ਰਿਬਿਊਨਲ ੬ ਮਹੀਨਿਆਂ ਦੇ ਅੰਦਰ ਅੰਦਰ ਫੈਸਲਾ ਦੇ ਦੇਵੇਗਾ ਜੋ ਦੋਹਾਂ ਧਿਰਾਂ ਲਈ ਮੰਨਣਾ ਲਾਜ਼ਮੀ ਹੋਵੇਗਾ । ਇਸ ਸੰਬੰਧੀ ਲੋੜੀਂਦੇ ਕਨੂੰਨੀ ਅਤੇ ਸੰਵਿਧਾਨਕ ਕਦਮ ਛੇਤੀ ਤੋਂ ਛੇਤੀ ਚੁੱਕੇ ਜਾਣਗੇ ।

੯.੩ ਸਤਲੁਜ ਜਮਨਾ ਲਿੰਕ ਨਹਿਰ ਦੀ ਉਸਾਰੀ ਜਾਰੀ ਰਹੇਗੀ । ਨਹਿਰ ੧੫ ਅਗਸਤ, ੧੯੮੬ ਤੱਕ ਮੁਕੰਮਲ ਕਰ ਦਿੱਤੀ ਜਾਵੇਗੀ ।

੧੦. ਘੱਟ ਗਿਣਤੀਆਂ ਦੇ ਹਿੱਤ

ਘੱਟ ਗਿਣਤੀਆਂ ਦੇ ਹਿੱਤਾਂ ਦੀ ਰਾਖੀ ਲਈ ਪਹਿਲਾਂ ਤੋਂ ਮੌਜੂਦ ਹਦਾਇਤਾਂ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਭੇਜੀਆਂ ਜਾਣਗੀਆਂ (ਪ੍ਰਧਾਨ-ਮੰਤਰੀ ਸਾਰੇ ਮੁੱਖ ਮੰਤਰੀਆਂ ਨੂੰ ਲਿਖਣਗੇ ।)

੧੧. ਪੰਜਾਬੀ ਭਾਸ਼ਾ ਦੇ ਵਿਕਾਸ ਸੰਬੰਧੀ

ਕੇਂਦਰ ਸਰਕਾਰ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕੁਝ ਕਦਮ ਚੁੱਕ ਸਕਦੀ ਹੈ ।

ਇਸ ਸਮਝੌਤੇ ਦੇ ਨਾਲ ਹੀ ਟਕਰਾਅ ਦਾ ਦੌਰ ਖਤਮ ਹੁੰਦਾ ਹੈ ਅਤੇ ਦੋਸਤੀ, ਖ਼ੈਰ ਸਗਾਲੀ ਅਤੇ ਸਹਿਯੋਗ ਦਾ ਦੌਰ ਸ਼ੁਰੂ ਹੁੰਦਾ ਹੈ, ਜਿਸ ਨਾਲ ਭਾਰਤ ਦੀ ਏਕਤਾ ਤੇ ਅਖੰਡਤਾ ਹੋਰ ਮਜ਼ਬੂਤ ਹੋਵੇਗੀ ।

(ਦਸਤਖਤ)
ਰਾਜੀਵ ਗਾਂਧੀ
ਪ੍ਰਧਾਨ ਮੰਤਰੀ,
ਭਾਰਤ ।

(ਦਸਤਖਤ)
ਸੰਤ ਹਰਚੰਦ ਸਿੰਘ ਲੌਂਗੋਵਾਲ,
ਪ੍ਰਧਾਨ,
ਸ਼੍ਰੋਮਣੀ ਅਕਾਲੀ ਦਲ ।

ਟਿੱਪਣੀਆਂ

੧. ਚੋਣਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਪ੍ਰੈਲ ੧੯੭੯
੨. ਨਿਰੰਕਾਰੀ ਮੁਖੀ ਗੁਰਬਚਨ ਸਿੰਘ
੩. ਹਰਿਆਣਾ ਅਤੇ ਹਿਮਾਚਲ ਪ੍ਰਦੇਸ਼
੪. ਹਿੰਦੂ ਮੰਦਰਾਂ 'ਤੇ ਗੱਡੀਆਂ ਦੇ ਨਾਂਅ
੫. ਔਰੰਗਜ਼ੇਬ
੬. ਔਰੰਗਜ਼ੇਬ
੭. ਅੰਤਿਕਾ
੮. ਰੈਜ਼ੋਲੇਸ਼ਨ ਬਰਿਟਸ਼ ਪਾਰਲੀਮੈਂਟ
੯. ਔਰੰਗਜ਼ੇਬ
੧੦. ਮੁੱਖ ਮੰਤਰੀ ਪੰਜਾਬ ਦਰਬਾਰਾ ਸਿੰਘ
੧੧. ਮਹਾਸ਼ਾ ਪ੍ਰੈਸ, ਹਿੰਦ ਸਮਾਚਾਰ ਜੱਗਬਾਣੀ ਸਮੂਹ
੧੨. ਕੇਵਲ ਕ੍ਰਿਸ਼ਨ
੧੩. ਹਿੰਦ ਸਮਾਚਾਰ, ਜੱਗਬਾਣੀ ਸਮੂਹ
੧੪. ਬਿੱਛੂ ਰਾਮ ਥਾਨੇਦਾਰ ਦਾ ਥੋੜੇ ਦਿਨ ਬਾਅਦ ਕਤਲ ਹੋ ਗਿਆ
੧੫. ਸ੍ਰੀ ਗੁਰੂ ਗਰੰਥ ਸਾਹਿਬ
੧੬. ਬਿੱਛੂ ਰਾਮ ਥਾਨੇਦਾਰ ਦਾ ਥੋੜੇ ਦਿਨ ਬਾਅਦ ਕਤਲ ਹੋ ਗਿਆ
੧੭. ਹਿੰਦ ਸਮਾਚਾਰ, ਜੱਗਬਾਣੀ ਸਮੂਹ
੧੮. ਜੂਨ ੧੯੭੫ ਵਿੱਚ ਇੰਦਰਾ ਗਾਂਧੀ ਵੱਲੋਂ ਲਗਾਈ ਐਮਰਜੈਂਸੀ ਵਿਰੁੱਧ ਅਕਾਲੀ ਦਲ ਵੱਲੋਂ ਲਗਾਏ ਮੋਰਚੇ ਵਿੱਚ ਕਰੀਬ ੫੭ ਹਜ਼ਾਰ ਸਿੱਖ ਜੇਲ੍ਹ ਗਿਆ ਸੀ।
੧੯. ਦਿੱਲੀ ਵਿਖੇ ੧੯੮੨ ਵਿੱਚ ਹੋਈਆਂ ਏਸ਼ੀਆਈ ਖੇਡਾਂ ਵੇਖਣ ਜਾ ਰਹੇ ਸਿੱਖਾਂ ਨੂੰ ਰਸਤੇ ਵਿੱਚ ਹੀ ਜ਼ਬਰਦਸਤੀ ਰੋਕ ਲਿਆ ਜਾਂਦਾ ਸੀ।
੨੦. ਸੰਤ ਹਰਚੰਦ ਸਿੰਘ ਲੌਂਗੋਵਾਲ ਕੌਮ ਨਾਲ ਕੀਤੇ ਵਾਅਦੇ ਨੂੰ ਤੋੜ ਕੇ ਦਿੱਲੀ ਗਿਆ ਅਤੇ ਰਾਜੀਵ ਗਾਂਧੀ ਨਾਲ ਸਮਝੌਤਾ ਕਰ ਲਿਆ। ਇਸ ਕਾਰਨ ੧੯੮੫ ਵਿੱਚ ਉਸ ਦਾ ਕਤਲ ਹੋ ਗਿਆ।
੨੧. ਹਿੰਦ ਸਮਾਚਾਰ, ਜੱਗਬਾਣੀ ਸਮੂਹ

੨੨. ਔਰੰਗਜ਼ੇਬ
੨੩. ਸੰਤ ਜਰਨੈਲ ਸਿੰਘ ਦੀ ਇਹ ਭਵਿੱਖ ਬਾਣੀ ਸੱਚ ਸਾਬਤ ਹੋਈ ਅਤੇ ਸਿੱਖ ਕੌਮ ਨੂੰ ਜੂਨ ੧੯੮੪ ਤੋਂ ਲੈ ਕੇ ਕਈ ਘੱਲੂਘਾਰੇ ਸਹਿਣੇ ਪਏ ਤੇ ਕਰੀਬ ੧੫ ਹਜ਼ਾਰ ਸਿੱਖਾਂ ਨੂੰ ਜਾਨਾਂ ਦੇਣੀਆਂ ਪਈਆਂ।
੨੪. ਸੰਤ ਜਰਨੈਲ ਸਿੰਘ ਦੀ ਇਹ ਚਿਤਾਵਨੀ ਸੱਚ ਸਾਬਤ ਹੋਈ ਅਤੇ ਉਹਨਾਂ ਨੂੰ ਫੜਨ ਆਈ ਭਾਰਤੀ ਫ਼ੌਜ ਨੂੰ ਬਹੁਤ ਵੱਡਾ ਜਾਨੀ ਨੁਕਸਾਨ ਝੱਲਣਾ ਪਿਆ।
੨੫. ਸੰਤ ਜਰਨੈਲ ਸਿੰਘ ਦੀ ਇਹ ਭਵਿੱਖ ਬਾਣੀ ਸੱਚ ਸਾਬਤ ਹੋਈ ਅਤੇ ਸਿੱਖ ਕੌਮ ਨੇ ਹਕੂਮਤ ਵਿਰੁੱਧ ਹਥਿਆਰ ਚੁੱਕ ਲਏ।
੨੬. ਸ੍ਰੀ ਗੁਰੂ ਗਰੰਥ ਸਾਹਿਬ
੨੭. ਸੰਤ ਜਰਨੈਲ ਸਿੰਘ ਖ਼ਾਲਸਾ ਦੀ ਇਹ ਭਵਿੱਖ ਬਾਣੀ ਸੱਚ ਸਾਬਤ ਹੋਈ ਅਤੇ ਸਿੱਖ ਫ਼ੌਜੀਆਂ ਨੇ ਵੱਡੀ ਪੱਧਰ 'ਤੇ ਬਗ਼ਾਵਤ ਕਰ ਦਿੱਤੀ।
੨੮. ਨਿਰੰਕਾਰੀ ਮੁਖੀ ਗੁਰਬਚਨ ਸਿੰਘ
੨੯. ਹਿੰਦ ਸਮਾਚਾਰ, ਜੱਗਬਾਣੀ ਸਮੂਹ
੩੦. ਸ੍ਰੀ ਗੁਰੂ ਗਰੰਥ ਸਾਹਿਬ
੩੧. ਵੇਦ ਸ਼ਾਸਤਰ
੩੨. ਸ੍ਰੀ ਗੁਰੂ ਗਰੰਥ ਸਾਹਿਬ
੩੩. ਜੇਲ੍ਹ ਅਧਿਕਾਰੀ
੩੪. ਰਮੇਸ਼ ਦਾ ੧੯੮੩ ਵਿੱਚ ਕਤਲ ਹੋ ਗਿਆ
੩੫. ਸੰਤ ਜਰਨੈਲ ਸਿੰਘ ਦੇ ਇਹ ਵਾਕ ਜੂਨ ੧੯੮੪ ਵਿੱਚ ਦਰਬਾਰ ਸਾਹਿਬ 'ਤੇ ਹਮਲਾ ਕਰਨ ਆਈ ਫ਼ੌਜ ਦੀਆਂ ਲਾਸ਼ਾ ਦੇ ਲੱਗੇ ਢੇਰਾਂ ਨਾਲ ਸੱਚੇ ਹੋ ਗਏ।
੩੬. ਅਕਾਲੀ ਪੱਤ੍ਰਕਾ, ਜੁਲਾਈ ੧੯੮੩
੩੭. ਡੀ.ਐੱਸ.ਪੀ. ਗਿ: ਗੁਰਬਚਨ ਸਿੰਘ ਦਾ ਅਪਰੈਲ ੧੯੮੪ ਵਿੱਚ ਕਤਲ ਹੋ ਗਿਆ।
੩੮. ਸੰਤ ਜਰਨੈਲ ਸਿੰਘ ਵੱਲੋਂ ਕੌਮ ਵਿੱਚ ਫੁੱਟ ਪੈਣ ਨੂੰ ਰੋਕਣ ਲਈ ਕੀਤੇ ਯਤਨਾਂ ਦੇ ਬਾਵਜੂਦ, ਸੰਤ ਲੌਂਗੋਵਾਲ ਨੇ ਕੌਮ ਵਿੱਚ ਫੁੱਟ ਪਾ ਦਿੱਤੀ।
੩੯. ਜ਼ਾਲਮ ਪੁਲਸ ਅਫ਼ਸਰ ਗੁਰਚਰਨ ਸਿੰਹੁ ਸਾਂਸੀ ਜਿਸ ਦਾ ਕਤਲ ਹੋ ਗਿਆ।
੪੦. ਹਿੰਦ ਸਮਾਚਾਰ ਜੱਗਬਾਣੀ ਸਮੂਹ
੪੧. ਹਿੰਦ ਸਮਾਚਾਰ ਜੱਗਬਾਣੀ ਸਮੂਹ
੪੨. ਪ੍ਰਧਾਨ ਮੰਤਰੀ ਇੰਦਰਾ ਗਾਂਧੀ
੪੩. ਹਿੰਦ ਸਮਾਚਾਰ ਜੱਗਬਾਣੀ ਸਮੂਹ
੪੪. ਸੰਤ ਜਰਨੈਲ ਸਿੰਘ ਨੇ ਪੰਥਕ ਏਕਤਾ ਬਣਾਈ ਰੱਖਣ ਦਾ ਹਰ ਯਤਨ

ਕੀਤਾ ਪਰ ਲੌਂਗੋਵਾਲ ਨੇ ਵਿਸ਼ਵਾਸਘਾਤ ਕੀਤਾ।

੪੫. ਔਰੰਗਜ਼ੇਬ

੪੬. ਮਾਲ ਮੰਤਰੀ ਪੰਜਾਬ ਜੀਵਨ ਸਿੰਘ ਉਮਰਾਨੰਗਲ

੪੭. ਨਿਰੰਕਾਰੀ ਮੁਖੀ ਗੁਰਬਚਨ ਸਿੰਹੁ

੪੮. ਨਿਰੰਕਾਰੀ ਮੁਖੀ ਗੁਰਬਚਨ ਸਿੰਹੁ

੪੯. ਸ੍ਰੀ ਗੁਰੂ ਗਰੰਥ ਸਾਹਿਬ

੫੦. ਸ੍ਰੀ ਗੁਰੂ ਗਰੰਥ ਸਾਹਿਬ

੫੧. ਗੁਟਕਾ ਗੁਰਬਾਣੀ ਨਿੱਤਨੇਮ

੫੨. ਸ੍ਰੀ ਗੁਰੂ ਗਰੰਥ ਸਾਹਿਬ

੫੩. ਸ੍ਰੀ ਦਰਬਾਰ ਸਾਹਿਬ

੫੪. ਸ੍ਰੀ ਗੁਰੂ ਗਰੰਥ ਸਾਹਿਬ

੫੫. ਨਿਰੰਕਾਰੀ ਮੁਖੀ ਗੁਰਬਚਨ ਸਿੰਘ

੫੬. ਸ੍ਰੀ ਗੁਰੂ ਗਰੰਥ ਸਾਹਿਬ

੫੭. ਐਸ.ਐਸ.ਪੀ. ਜਲੰਧਰ

੫੮. ਮੁੱਖ ਸੰਪਾਦਕ ਹਿੰਦ ਸਮਾਚਾਰ, ਜੱਗਬਾਣੀ ਸਮੂਹ

੫੯. ਲਾਲਾ ਜਗਤ ਨਰਾਇਣ

੬੦. ਸੰਤ ਕਰਤਾਰ ਸਿੰਘ

੬੧. ਸ੍ਰੀ ਗੁਰੂ ਗਰੰਥ ਸਾਹਿਬ

੬੨. ਪੰਚ 'ਦਲ ਖ਼ਾਲਸਾ' ਜਿਸ ਦਾ ਮੰਦਰਾਂ ਵਿੱਚੋਂ ਗਊਆਂ ਦੇ ਸਿਰ ਸੁੱਟਣ ਦੇ ਕੇਸ ਵਿੱਚ ੨੫ ਹਜ਼ਾਰ ਇਨਾਮ ਰੱਖਿਆ ਗਿਆ ਸੀ ਅਤੇ ਗ੍ਰਿਫ਼ਤਾਰੀ ਤੋਂ ਬਚਣ ਲਈ ਯੂ.ਕੇ. ਚਲਾ ਗਿਆ ਸੀ।

੬੩. ਸੰਤ ਲੌਂਗੋਵਾਲ ਨੇ ੧੯੯੫ ਵਿੱਚ ਅਨੰਦਪੁਰ ਸਾਹਿਬ ਦੇ ਮਤੇ ਤੋਂ ਪਿੱਛੇ ਹਟ ਕੇ ਸਮਝੌਤਾ ਕਰ ਲਿਆ ਅਤੇ ਕੌਮ ਨਾਲ ਗਦਾਰੀ ਕੀਤੀ।

੬੪. ਜਗਤ ਨਰਾਇਣ ਮੁੱਖ ਸੰਪਾਦਕ ਹਿੰਦ ਸਮਾਚਾਰ ਜੱਗਬਾਣੀ ਸਮੂਹ

੬੫. ਗੁਰੂ ਵਾਲੇ ਬਣ ਜਾਉ

੬੬. ਨਿਰੰਕਾਰੀ ਮੁਖੀ ਗੁਰਬਚਨ ਸਿੰਹੁ

੬੭. ਦਰਬਾਰਾ ਸਿੰਹੁ

੬੮. ਮੁੱਖ ਮੰਤਰੀ

੬੯. ਢਿਲਵਾਂ ਬੱਸ ਕਾਂਡ ਵਿੱਚ ਅੱਠ ਹਿੰਦੂਆਂ ਦੇ ਮਾਰੇ ਜਾਣ ਕਾਰਨ ਦਰਬਾਰਾ ਸਿੰਹੁ ਸਰਕਾਰ ਤੋੜ ਦਿੱਤੀ ਗਈ।

੭੦. ਸ੍ਰੀ ਗੁਰੂ ਗਰੰਥ ਸਾਹਿਬ


੭੧. ਮਹਿਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ

੭੨. ਸੰਤ ਲੌਂਗੋਵਾਲ ਕੌਮ ਨਾਲ ਕੀਤੇ ਇਸ ਵਾਅਦੇ ਤੋਂ ਮੁਕਰ ਗਿਆ ਅਤੇ ਰਜੀਵ ਨਾਲ ਸਮਝੌਤਾ ਕਰ ਕੇ ਧਰਮ ਯੁੱਧ ਮੋਰਚੇ ਦਾ ਸਦਾ ਲਈ ਭੋਗ ਪਾ ਦਿੱਤਾ।
੭੩. ਔਰੰਗਜ਼ੇਬ
੭੪. ਔਰੰਗਜ਼ੇਬ
੭੫. ਔਰੰਗਜ਼ੇਬ
੭੬. ਅਜੀਤ, ੬ ਸਤੰਬਰ ੧੯੮੩
੭੭. ਸ੍ਰੀ ਗੁਰੂ ਗਰੰਥ ਸਾਹਿਬ
੭੮. ਔਰੰਗਜ਼ੇਬ
੭੯. ਨਿਰੰਕਾਰੀ ਮੁਖੀ ਗੁਰਬਚਨ ਸਿੰਹੁ
੮੦. ਨਿਰੰਕਾਰੀ ਸਥਾਨ
੮੧. ਔਰੰਗਜ਼ੇਬ
੮੨. ਸ੍ਰੀ ਗੁਰੂ ਗਰੰਥ ਸਾਹਿਬ
੮੩. ਅਜੀਤ ੬ ਸਤੰਬਰ ੧੯੮੩
੮੪. ਦਰਬਾਰ ਸਾਹਿਬ 'ਤੇ ਜੂਨ ੧੯੮੪ ਵਿੱਚ ਹੋਏ ਫ਼ੌਜੀ ਹਮਲੇ ਦੌਰਾਨ ਹਿੰਦ ਫ਼ੌਜ ਦੇ ਆਹੂ ਲਹਿ ਗਏ।
੮੫. ਜਰਨਲਿਸਟ ਅਤੇ ਰਾਜ ਸਭਾ ਮੈਂਬਰ
੮੬. ਸੰਤ ਜਰਨੈਲ ਸਿੰਘ ਦੀ ਇਹ ਭਵਿੱਖ ਬਾਣੀ ਸੱਚ ਸਾਬਤ ਹੋਈ ਅਤੇ ਰਾਜੀਵ-ਲੌਂਗੋਵਾਲ ਸਮਝੌਤੇ ਨਾਲ ਸਿੱਖ ਕੌਮ ਨੂੰ ਵੱਡੀ ਢਾਹ ਲੱਗੀ।
੮੭. ਮਲਕ ਸਿੰਘ ਭਾਟੀਆ ਦਾ ੧੭ ਅਪਰੈਲ ੧੯੮੪ ਨੂੰ ਗੁਰੂ ਰਾਮਦਾਸ ਸਰਾਂ ਵਿੱਚ ਕਤਲ ਹੋ ਗਿਆ।
੮੮. ਅਜੀਤ ੬ ਸਤੰਬਰ ੧੯੮੩
੮੯. ਸਕੱਤਰ ਸ਼੍ਰੋਮਣੀ ਅਕਾਲੀ ਦਲ
੯੦. ਮੁੱਖ ਮੰਤਰੀ ਪੰਜਾਬ ਦਰਬਾਰਾ ਸਿੰਘ
੯੧. ਮੁੱਖ ਮੰਤਰੀ ਪੰਜਾਬ
੯੨. ਭਾਨ ਸਿੰਘ, ਅਬਿਨਾਸ਼ੀ ਸਿੰਘ, ਮੇਜਰ ਸਿੰਘ
੯੩. ਸੁਰਿੰਦਰ ਸਿੰਘ ਸੋਢੀ
੯੪. ਸੋਢੀ ਕਤਲ ਕਾਂਡ ਦਾ ਮੁੱਖ ਦੋਸ਼ੀ ਗੁਰਚਰਨ ਸਿੰਹੁ ਸਕੱਤਰ ਸ਼੍ਰੋਮਣੀ ਅਕਾਲੀ ਦਲ
੯੫. ਭਾਨ ਸਿੰਘ, ਅਬਿਨਾਸ਼ੀ ਸਿੰਘ, ਮੇਜਰ ਸਿੰਘ
੯੬. ਸੁਰਿੰਦਰ ਸਿੰਘ ਸੋਢੀ
੯੭. ਅਕਾਲੀ ਐਮ.ਪੀ.
੯੮. ਸੋਢੀ ਕਤਲ ਸਾਜ਼ਿਸ਼ ਵਿੱਚ ਸ਼ਾਮਲ ਮਲਕ ਸਿੰਹੁ ਭਾਟੀਆ


੯੯. ਸੁਰਿੰਦਰ ਸਿੰਘ ਸੋਢੀ
੧੦੦. ਕਾਤਲ ਸੁਰਿੰਦਰ ਸਿੰਘ ਛਿੰਦਾ
੧੦੧. ਸਕੱਤਰ ਸ਼੍ਰੋਮਣੀ ਅਕਾਲੀ ਦਲ
੧੦੨. ਹਿੰਦੂ ਸਿੱਖ ਏਕਤਾ
੧੦੩. ਅਜੀਤ ੬ ਸਤੰਬਰ ੧੯੮੩
੧੦੪. ਸਕੱਤਰ ਸ਼੍ਰੋਮਣੀ ਅਕਾਲੀ ਦਲ
੧੦੫. ਭਾਨ ਸਿੰਘ ਕਮੇਟੀ
੧੦੬. ਸਿੰਘ ਸਾਹਿਬਾਨ ਦੀ ਕਮੇਟੀ
੧੦੭. ਸੁਰਿੰਦਰ ਸਿੰਹੁ ਛਿੰਦਾ ਕਾਤਲ, ਸੁਰਿੰਦਰ ਸਿੰਘ ਸੋਢੀ
੧੦੮. ਸੁਰਿੰਦਰ ਸਿੰਘ ਸੋਢੀ
੧੦੯. ਮਨਚੰਦਾ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ
੧੧੦. ਸੰਤ ਫਤਹਿ ਸਿੰਘ ਦੇ ਮਰਨ ਵਰਤ ਸਮੇਂ ਅਕਾਲ ਤਖ਼ਤ ਸਾਹਿਬ 'ਤੇ ਉਮਰਾਨੰਗਲ ਆਦਿ ਦੇ ਸਜ਼ਨ ਲਈ ਬਣਾਏ ਗਏ ਅਗਨ ਕੁੰਡ
੧੧੧. ਸੰਤ ਹਰਚੰਦ ਸਿੰਘ ਲੌਂਗੋਵਾਲ
੧੧੨. ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
੧੧੩. ਕੇਂਦਰੀ ਮੰਤਰੀ
੧੧੪. ਸਕੱਤਰ ਸ਼੍ਰੋਮਣੀ ਅਕਾਲੀ ਦਲ
੧੧੫. ਸੁਰਿੰਦਰ ਸਿੰਹੁ ਛਿੰਦਾ ਕਾਤਲ ਸੁਰਿੰਦਰ ਸਿੰਘ ਸੋਢੀ
੧੧੬. ਸਕੱਤਰ ਸ਼੍ਰੋਮਣੀ ਅਕਾਲੀ ਦਲ
੧੧੭. ਸੰਤ ਹਰਚੰਦ ਸਿੰਘ ਲੌਂਗੋਵਾਲ
੧੧੮. ਤਲਵਿੰਦਰ ਸਿੰਘ ਬੱਬਰ ੧੯੯੩ ਵਿੱਚ ਸ਼ਹੀਦ ਹੋ ਗਿਆ
੧੧੯. ਜੁਝਾਰੂ ਸਿੰਘ ਜਿਸ ਨੇ ਨਿਰੰਕਾਰੀਆਂ ਨੂੰ ਸੋਧਿਆ ਤੇ ਅੱਜ ਕੱਲ੍ਹ ਵਿਦੇਸ਼ਾਂ ਵਿੱਚ ਹੈ
੧੨੦. ਮੁਖੀ ਬੱਬਰ ਖ਼ਾਲਸਾ
੧੨੧. ਸੰਤ ਹਰਚੰਦ ਸਿੰਘ ਲੌਂਗੋਵਾਲ
੧੨੨. ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ
੧੨੩. ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ
੧੨੪. ਗਿਆਨੀ ਸਾਹਿਬ ਸਿੰਘ
੧੨੫. ਗਿਆਨੀ ਕ੍ਰਿਪਾਲ ਸਿੰਘ
੧੨੬. ਪ੍ਰਤਾਪ ਸਿੰਘ ਕੈਰੋਂ ਦਾ ਪੋਤਰਾ ਆਦੇਸ਼ ਪ੍ਰਤਾਪ ਸਿੰਘ ਤੇ ਬਾਦਲ ਦੀ ਲੜਕੀ
੧੨੭. ੧੬੯੯ ਦੀ ਵਿਸਾਖੀ ਨੂੰ ਖ਼ਾਲਸੇ ਦੀ ਸਾਜਨਾ ਸਮੇਂ ਸੀਸ ਭੇਟ ਕਰਨ ਵਾਲਾ ਪੰਜਾਂ ਪਿਆਰਿਆਂ 'ਚੋਂ ਪਹਿਲਾ ਮੁਖੀ ਸਿੱਖ
੧੨੮. ਮੁੱਖ ਮੰਤਰੀ ਹਰਿਆਣਾ




ਦਸਤਾਰ ਬੰਦੀ ਦੀ ਰਸਮ ਮੌਕੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ




ਵੈਸਾਖੀ 1978 ਸਾਕੇ ਦੇ ਮਹਾਨ ਸ਼ਹੀਦ ਭਾਈ ਫੌਜਾ ਸਿੰਘ































ਪੁਲਿਸ ਦੇ ਅਕਹਿ ਤੇ ਅਸਹਿ ਤਸੀਹੇ ਸਹਿ ਕੇ ਸ਼ਹੀਦੀ ਪਾਉਣ ਵਾਲੇ ਸੰਘਰਸ਼ ਦੇ ਪਹਿਲੇ ਸ਼ਹੀਦ ਭਾਈ ਕੁਲਵੰਤ ਸਿੰਘ ਨਾਗੋਕੇ




ਸ਼ਹੀਦ ਭਾਈ ਅਮਰਜੀਤ ਸਿੰਘ ਦਹੇਰੂ



ਭਾਈ ਗਜਿੰਦਰ ਹਾਈਜੈਕਰ ਮੁੱਖੀ ਦਲ ਖ਼ਾਲਸਾ



ਸ਼ਹੀਦ ਭਾਈ ਮਨਜੀਤ ਸਿੰਘ ਉਰਫ ਭਾਈ ਮੁਸੀਬਤ ਸਿੰਘ ਹਾਈਜੈਕਰ




ਦੇਹ ਧਾਰੀ ਦੰਭ ਦਾ ਭਾਂਡਾ ਫੋੜਨ ਵਾਲੇ ਸਿੰਘ ਸਾਹਿਬ ਭਾਈ ਰਣਜੀਤ ਸਿੰਘ



ਦੇਹ ਧਾਰੀ ਦੰਭ ਦਾ ਭਾਂਡਾ ਫੋੜਨ ਵਾਲੇ ਸ਼ਹੀਦ ਭਾਈ ਕਾਬੁਲ ਸਿੰਘ ਸਾਕਾ ਅੰਮ੍ਰਿਤਸਰ



ਪੰਥ ਦੋਖੀ ਦਾ ਸਿਰ ਭੰਨਣ ਵਾਲੇ ਸ਼ਹੀਦ ਭਾਈ ਸਵਰਨ ਸਿੰਘ ਸਾਕਾ ਅੰਮ੍ਰਿਤਸਰ



ਪੰਥ ਦੋਖੀ ਦਾ ਸਿਰ ਭੰਨਣ ਵਾਲੇ ਭਾਈ ਦਲਬੀਰ ਸਿੰਘ ਅਭਿਆਸੀ



ਸ਼ਹੀਦ ਭਾਈ ਅਮਰੀਕ ਸਿੰਘ ਤੇ ਬਾਬਾ ਥਾਰਾ ਸਿੰਘ ਰਿਹਾਈ ਉਪਰੰਤ



ਸੰਤ ਜਰਨੈਲ ਸਿੰਘ ਖ਼ਾਲਸਾ, ਜੇਠਮਲਾਨੀ ਤੇ ਸਵਾਮੀ ਸੁਬਰਾਮਨੀਅਮ ਨਾਲ ਗੱਲ ਬਾਤ ਸਮੇਂ



ਸ਼ਾਸ਼ਤਰ ਅਤੇ ਸ਼ਸ਼ਤਰ ਦਾ ਸੰਮੇਲ ਸਿਰਦਾਰ ਕਪੂਰ ਸਿੰਘ ਤੇ ਸੰਤ ਜਰਨੈਲ ਸਿੰਘ ਖ਼ਾਲਸਾ




ਨਾ ਡਰ ਕਿਸੇ ਨੂੰ ਦੇਣਾ ਹੈ ਨਾ ਈਨ ਕਿਸੇ ਦੀ ਮੰਨਣੀ ਹੈ

(ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ)



ਵੀਹਵੀਂ ਸਦੀ ਦਾ ਜਰਨੈਲ ਨਲਵਾ ਸਹੀਦ ਭਾਈ ਸੁਰਿੰਦਰ ਸਿੰਘ ਸੋਢੀ




ਸਾਕਾ ਜੂਨ 1984 ਦੇ ਮਹਾਨ ਸ਼ਹੀਦ ਬਾਬਾ ਥਾਰਾ ਸਿੰਘ



ਅੰਮ੍ਰਿਤਸਰ ਸਾਕੇ ਦੇ ਲਾਸਾਨੀ ਸ਼ਹੀਦ ਭਾਈ ਅਮਰੀਕ ਸਿੰਘ ਪ੍ਰਧਾਨ ਸਿੱਖ ਸਟੂਡੈਂਟਸ ਫੈਡਰੇਸ਼ਨ




ਦਰਬਾਰ ਸਾਹਿਬ ਦੀ ਪਵਿੱਤਰਤਾ ਲਈ ਭਾਰਤੀ ਫ਼ੌਜ ਦੇ ਸ਼ੱਕੇ ਛੁਡਾਉਂਦਿਆਂ ਸੀਸ ਵਾਰਨ ਵਾਲੇ ਸ਼ਹੀਦ ਜਨਰਲ ਸੁਬੇਗ ਸਿੰਘ



ਸ਼ਹੀਦ ਜਥੇਦਾਰ ਰਾਮ ਸਿੰਘ ਸਾਕਾ ਅੰਮ੍ਰਿਤਸਰ



ਜੁਝਾਰੂ ਜਰਨੈਲ ਸ਼ਹੀਦ ਭਾਈ ਤਲਵਿੰਦਰ ਸਿੰਘ ਬੱਬਰ



ਭਾਈ ਵਧਾਵਾ ਸਿੰਘ ਮੁੱਖੀ ਬੱਬਰ ਖ਼ਾਲਸਾ

ਮੈਂ ਸਰੀਰ ਦੇ ਮਰਨ ਨੂੰ ਮੌਤ ਨਹੀਂ ਗਿਣਦਾ, ਜ਼ਮੀਰ ਦੇ ਮਰਨ ਨੂੰ ਮੌਤ ਗਿਣਦਾ ਹਾਂ...

ਹਥਿਆਰ ਰੱਖ ਕੇ ਨਿਹੱਥੇ ਨੂੰ ਮਾਰਨਾ, ਗਰੀਬ ਨੂੰ ਲੁੱਟਣਾ ਤੇ ਧੀ - ਭੈਣ ਦੀ ਇਜ਼ਤ ਤੱਕਣੀ, ਸਿੱਖ ਲਈ ਵੱਡਾ ਪਾਪ ਹੈ ਪਰ ਹਥਿਆਰ ਰੱਖ ਕੇ ਆਪਣਾ ਹੱਕ ਨਾ ਲੈਣਾ ਵੀ ਪਾਪ ਹੈ...

ਸਿੰਘੋ ਸੋਚੋ, ਗ਼ੁਲਾਮ ਰਹਿ ਕੇ ਆਪਣੀ ਜ਼ਿੰਦਗੀ ਦੇ ਦਿਨ ਬਤੀਤ ਕਰਨੇ ਹਨ ਜਾਂ ਗ਼ੁਲਾਮੀ ਗਲੋਂ ਲਾਹ ਕੇ ਆਜ਼ਾਦ ਹੋ ਕੇ ਜਿਊਣਾ ਹੈ ...

ਜਦੋਂ ਤਕ ਮਰਨਾ ਨਹੀਂ ਮੰਡਦੇ, ਤਦੋਂ ਤਕ ਗ਼ੁਲਾਮੀ ਗਲੋਂ ਨਹੀਂ ਲਹਿਣੀ ਤੇ ਜਦੋਂ ਤਕ ਕੌਮ ਦੇ ਗਲੋਂ ਗ਼ੁਲਾਮੀ ਨਹੀਂ ਲਹਿੰਦੀ, ਉਦੋਂ ਤਕ ਸ਼ੰਘਰਸ਼ ਜਾਰੀ ਰਹੇਗਾ...

ਹਲੀਮੀ ਰਾਜ ਨੂੰ ਕਾਇਮ ਕਰਨ ਦਾ ਨਿਸ਼ਾਨਾ ਤਾਂ ਹੀ ਪ੍ਰਾਪਤ ਹੋਵੇਗਾ, ਜੇ ਕੇਸਰੀ ਨਿਸ਼ਾਨ ਸਾਹਿਬ ਥੱਲੇ ਇਕੱਠੇ ਰਹਾਂਗੇ...

ਗੁਰਮਤਿ ਪੁਸਤਕ ਭੰਡਾਰ
ਦੁਕਾਨ ਨੰ: 31, ਚੌਂਕ ਘੰਟਾ ਘਰ ਮਾਰਕੀਟ
ਅੰਮ੍ਰਿਤਸਰ। ਫ਼ੋਨ: 0183-5101231